# ਤਵਾਰੀਖ਼ ਸੰਤ ਖ਼ਾਲਸਾ

## ਗੁਰ-ਇਤਿਹਾਸ

(ਭਾਗ ਪਹਿਲਾ - 1906 ਤੱਕ)

ਕਿਰਪਾਲ ਸਿੰਘ ਕਸੇਲ



Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਤਵਾਰੀਖ਼ ਸੰਤ ਖ਼ਾਲਸਾ

[ਗੁਰ-ਇਤਿਹਾਸ ]

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਤਵਾਰੀਖ਼ ਸੰਤ ਖ਼ਾਲਸਾ

## ( ਗੁਰ-ਇਤਿਹਾਸ )

ਭਾਗ ਪਹਿਲਾ - 1906 ਤੱਕ

ਕਿਰਪਾਲ ਸਿੰਘ ਕਸੇਲ

ਆਰਸੀ ਪਬਲਿਸ਼ਰਜ਼

Sri Satguru Jagjit Singh Ji Elibrary NamdhariElibrary@gmail.com

**Tavarikh Sant Khalsa Part-I** (Sikh Gurus' History)
*by*
**Kirpal Singh Kasel**

ARSEE PUBLISHERS, CHANDNI CHOWK, DELHI-110 006

ISBN : 81-8299-086-6

© ਸਭ ਹੱਕ ਰਾਖਵੇਂ ਹਨ।

ਸੰਸਕਰਨ : 2006

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼ ਚਾਂਦਨੀ ਚੌਕ, ਦਿੱਲੀ-6

ਛਾਪਕ : ਆਰਸੀ ਪ੍ਰਿੰਟਿੰਗ ਏਜੰਸੀ
ਚਾਂਦਨੀ ਚੌਕ, ਦਿੱਲੀ-6
[ਸੈਟਿੰਗ] ਹਰਸਿਮਰਨ ਗ੍ਰੈਫਿਕਸ ਦਿੱਲੀ-51

ਮੁੱਲ : 750/- ਰੁਪਏ

Sri Satguru Jagjit Singh Ji Elibrary NamdhariElibrary@gmail.com

*"ਨਾਮ ਹੀਰੇ ਦੀ ਕਣੀ ਹੈ।"*

*(ਸ੍ਰੀ ਸਤਿਗੁਰੂ ਜਗਜੀਤ ਸਿੰਘ)*

ਸਮਰਪਣ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

## ਨੂੰ

ਜਿਨ੍ਹਾਂ ਦੀ ਪ੍ਰੇਰਨਾ, ਅਗਵਾਈ ਅਤੇ ਮਿਹਰ ਸਦਕਾ
ਇਹ ਰਚਨਾ ਹੋਂਦ ਵਿਚ ਆਈ ਹੈ।

Sri Satguru Jagjit Singh Ji Elibrary NamdhariElibrary@gmail.com

Sri Satguru Jagjit SIngh Ji Elibrary NamdhariElibrary@gmail.com



ਸਤਿਗੁਰੂ ਨਾਨਕ ਦੇਵ ਜੀ, ਭਾਈ ਲਹਿਣਾ ਨੂੰ
ਪੰਜ ਪੈਸੇ ਤੇ ਨਾਰੀਅਲ ਰੱਖ ਕੇ ਗੁਰਗਦੀ ਬਖ਼ਸ਼ਦੇ ਹੋਏ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਖਾਲਸਾ ਪੰਥ ਦੀ ਸਿਰਜਣਾ ਸਮੇਂ, ਇੱਕ ਸਿੱਖ ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਭੇਟ ਕਰਨ ਲਈ ਹਾਜ਼ਰ।



ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਚੱਕਰ ਤੇ ਤੀਰ ਅਤੇ ਸਿੱਕੇ।

Sri Satguru Jagjit Singh Ji Elibrary NamdhariElibrary@gmail.com




Sri Satguru Jagjit Singh Ji Elibrary

Sri Satguru Jagjit Singh Ji Elibrary NamdhariElibrary@gmail.com




ਸ੍ਰੀ ਸਤਿਗੁਰੂ ਹਰਿ ਸਿੰਘ ਜੀ ਮਹਾਰਾਜ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## ਤਤਕਰਾ


| ਨੰ. | ਵੇਰਵਾ | ਪੰਨਾ ਨੰ. |
|---|---|---|
| | ਆਦਿ-ਕਥਨ – ਸਵਰਨ ਸਿੰਘ ਵਿਰਕ | (ix) |
| | ਲੇਖਕ | (xv) |
| 1. | ਇਤਿਹਾਸ ਦਾ ਨਾਮਕਰਨ-ਸੀਮਾਵਾਂ ਤੇ ਕਾਲਵੰਡ | 1 |
| 2. | ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦਾ ਭਗਤੀ ਮਾਰਗ | 19 |
| 3. | ਗੁਰਮਤਿ ਦਾ ਪ੍ਰਕਾਸ਼ | 37 |
| 4. | ਗੁਰੂ ਅੰਗਦ ਦੇਵ ਜੀ 1504-1552 | 55 |
| 5. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ | 83 |
| 6. | ਸ੍ਰੀ ਗੁਰੂ ਗੋਬਿੰਦ ਸਿੰਘ ਜੀ | 106 |
| 7. | 18ਵੀਂ ਸਦੀ ਸੰਕਟਾਂ, ਸੰਗਰਾਮਾਂ ਤੇ ਜਿੱਤਾਂ ਦਾ ਕਾਲ | 158 |
| 8. | ਸਿੱਖਾਂ ਨੂੰ ਖਤਮ ਕਰਨ ਦੇ ਮਨਸੂਬੇ | 179 |
| 9. | ਮੁਗਲ ਸਾਮਰਾਜ ਦਾ ਪਤਨ | 190 |
| 10. | ਸਿੰਘਾਂ ਵਲੋਂ ਸੁਤੰਤਰਤਾ ਸੰਗਰਾਮ ਦਾ ਨਵਾਂ ਯੁੱਗ | 209 |
| 11. | ਦਲ ਖਾਲਸਾ | 225 |
| 12. | ਗੁਰੂ ਸਿੰਘ ਕੌਣ ਸਨ? | 285 |
| 13. | ਮਹਾਰਾਜਾ ਰਣਜੀਤ ਸਿੰਘ ਦਾ ਆਰੰਭਿਕ ਜੀਵਨ | 290 |
| 14. | ਪੰਜਾਬ ਵਿਚ ਨਵੇਂ ਸਾਮਰਾਜ ਦੀ ਸਥਾਪਨਾ ਤੇ ਨਾਮ ਦੀ ਜੋਤ ਦਾ ਜਗਣਾ | 309 |
| 15. | ਪੰਜਾਬ ਵਿਚ ਇਕ ਪੁਰਖੀ ਰਾਜਤੰਤਰ ਕਿ ਪੰਜਾਬੀਆਂ ਦਾ ਧਰਮ ਨਿਰਪੇਖ ਸਾਂਝਾ ਰਾਜ | 321 |
| 16. | ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ | 373 |
| 17. | ਪੰਜਾਬ ਦੇ ਇਤਿਹਾਸ ਦੇ ਅਤਿ ਕਾਲੇ ਦਸ ਸਾਲ | 392 |
| 18. | ਜੰਗ ਹਿੰਦ ਪੰਜਾਬ | 426 |
| 19. | ਪੰਜਾਬ ਰਾਜ ਦੀ ਸੁਤੰਤਰਤਾ ਦਾ ਅੰਤ ਅਤੇ ਅੰਗਰੇਜ ਸਾਮਰਾਜ ਦਾ ਆਰੰਭ | 475 |


Sri Satguru Jagjit Singh Ji Elibrary NamdhariElibrary@gmail.com

| | | |
|---|---|---|
| 20. | ਸਤਿਗੁਰੂ ਰਾਮ ਸਿੰਘ ਦੇ ਆਤਮ ਚਿੰਤਨ ਦਾ ਦੌਰ | 500 |
| 21. | ਭੈਣੀ ਸਤਿਗੁਰੂ ਪ੍ਰਗਟਿਆ | 516 |
| 22. | ਸਤਿਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ | 539 |
| 23. | ਕੂਕਾ ਲਹਿਰ ਨਵੇਂ ਦੌਰ ਵਿਚ | 582 |
| 24. | ਕੂਕਾ ਮਤ ਤੇ ਗਊ ਰੱਖਿਆ ਅੰਦੋਲਨ | 631 |
| 25. | ਮਲੌਦ ਅਤੇ ਮਲੇਰਕੋਟਲੇ ਦੇ ਇਤਿਹਾਸਕ ਸਾਕੇ | 663 |
| 26. | ਸਤਿਗੁਰੂ ਹਰੀ ਸਿੰਘ ਜੀ | 705 |
| 27. | ਸ਼ਾਹੀ ਕੈਦੀ ਸਤਿਗੁਰੂ ਰਾਮ ਸਿੰਘ | 767 |
| 28. | ਸਤਿਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੇ ਮੁਖੀ ਥਾਪੇ ਗਏ | 821 |
| 29. | ਘਰ ਦੇ ਮਾਲਕ ਦਾ ਜਨਮ | 869 |
| 30. | ਹਵਾਲਾ ਪੁਸਤਕਾਂ ਦੀ ਸੂਚੀ | 901 |


Sri Satguru Jagjit Singh Ji Elibrary NamdhariElibrary@gmail.com

ਆਦਿ ਕਥਨ

# ਪੰਜਾਬ ਜਿਊਂਦਾ ਗੁਰਾਂ ਦੇ ਨਾਂ ਤੇ

ਪੰਜਾਬ ਦਾ ਇਤਿਹਾਸ ਭਾਵੇਂ ਪੂਰਵ ਸਿੰਧ ਘਾਟੀ, ਸਿੰਧ ਘਾਟੀ ਅਤੇ ਵੈਦਿਕ ਸੰਸਕ੍ਰਿਤੀਆਂ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ, ਪਰ ਇਸ ਦਾ ਆਧੁਨਿਕ ਚਿਹਰਾ ਮੋਹਰਾ ਨਿਖਾਰਨ ਅਤੇ ਨੁੱਕ ਬੰਨ੍ਹਣ ਦਾ ਕੰਮ ਸਿੱਖ ਸੰਸਕ੍ਰਿਤੀ ਜਾਂ ਗੁਰੂ ਕਾਲ ਵਿੱਚ ਹੀ ਹੋਇਆ ਹੈ। ਭਾਵੇਂ ਸਾਡਾ ਭਾਈ ਗੁਰਦਾਸ ਹੈ ਜਾਂ ਪ੍ਰੋਫੈਸਰ ਪੂਰਨ ਸਿੰਘ ਅਤੇ ਭਾਵੇਂ ਓਧਰਲੇ ਪੰਜਾਬ ਦਾ ਸਾਡਾ ਚਿੰਤਕ ਸਿਬਤੁਲ ਹਸਨ ਜ਼ੈਗਮ, ਸੌ ਸਿਆਣਿਆਂ ਦੀ ਇੱਕੋ ਮੱਤ ਵਾਂਗੂ, ਸਾਰੇ ਸਹਿਮਤ ਹਨ ਕਿ ਸਾਂਝੀ ਪੰਜਾਬੀਅਤ ਦੇ ਨਕਸ਼ ਉਘਾੜਣ, ਤਰਾਸ਼ਣ ਦਾ ਕੰਮ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਰੂਹਾਨੀ ਵਾਰਿਸਾਂ ਦੇ ਹੱਥੋਂ ਨੇਪਰੇ ਚੜ੍ਹਿਆ। ਇਹ ਵੀ ਪੰਜਾਬੀ ਸੁਭਾਅ ਦੀ ਵਿਲੱਖਣਤਾ ਗਿਣੀ ਜਾਏਗੀ ਕਿ ਉਸਨੇ ਕੁਝ ਅਪਵਾਦਾਂ ਨੂੰ ਛੱਡ ਕੇ ਇੱਕ ਪੁਰਖੀ ਰਾਜ ਤੰਤਰ ਨੂੰ ਮਨੋਂ ਨਹੀਂ ਚਾਹਿਆ। ਮੁੱਢਲੇ ਸਮੇਂ ਵਿਚ ਇੱਥੇ ਪੰਚਾਇਤ ਪ੍ਰਣਾਲੀ ਤੇ ਆਧਾਰਿਤ ਜਨਪਦਾਂ ਦੀ ਸਰਦਾਰੀ ਸੀ। ਵਿਅਕਤੀਗਤ ਰਾਜ ਸੱਤਾ ਤੋਂ ਨਾਬਰ ਰਹਿਣ ਵਾਲਾ ਪੰਜਾਬੀ ਕਿਰਦਾਰ, ਆਪਣੇ ਸੰਤਾਂ, ਭਗਤਾਂ, ਸੂਫੀਆਂ ਤੋਂ ਵਾਰਨੇ ਜਾਂਦਾ ਹੈ ਅਤੇ ਆਪਣੇ ਗੁਰੂ ਦੀ ਸੰਗਤ ਵਿਚ ਜਾ ਕੇ ਉਸੇ ਜੋਗਾ ਹੋ ਜਾਂਦਾ ਹੈ। ਉਹ ਆਪਣੇ ਸਿਰ ਨੂੰ ਗੁਰੂ ਦੀ ਅਮਾਨਤ ਸਮਝਦਾ ਹੈ, ਇਸੇ ਲਈ ਪ੍ਰੀਖਿਆ ਦੀ ਕਿਸੇ ਵੀ ਘੜੀ ਵਿਚ, ਇਸਦਾ ਬਹੁਤਾ ਮੋਹ ਨਹੀਂ ਕਰਦਾ। ਇਸ ਆਪਾਵਾਰ ਭਾਵਨਾ ਨੇ ਹੀ ਇਤਿਹਾਸ ਦਾ ਰੁਖ ਬਦਲ ਕੇ ਰੱਖ ਦਿੱਤਾ ਜਿਸ ਲਈ ਗੁਰੂ ਅਤੇ ਉਸ ਦਾ ਸਾਜਿਆ ਖਾਲਸਾ ਜ਼ਿੰਮੇਵਾਰ ਸਨ।

ਗੁਰੂ ਨਾਨਕ ਨੇ ਮਜ਼੍ਹਬਾਂ ਫਿਰਕਿਆਂ ਅਤੇ ਮੱਤਾਂ ਮਤਾਂਤਰਾਂ ਨੂੰ ਘੋਖਣ ਤੋਂ ਬਾਦ, ਆਪਣੀ ਸੋਚ ਵਿਚੋਂ ਜੋ ਵੀ ਵੇਲਾ ਵਿਹਾ ਚੁੱਕਿਆ ਸੀ ਅਤੇ ਸਮਾਜ ਦੀ ਅਗਰਗਾਮੀ ਤੋਰ ਲਈ, ਪੈਰਾਂ ਦੀਆਂ ਬੇੜੀਆਂ ਬਣਿਆ ਸੀ, ਉਸ ਨੂੰ ਪੁਰਾਣੇ ਉੱਛਾੜ ਵਾਂਗੂ ਵਗਾਹ ਮਾਰਿਆ। ਨਵੀਂ ਨਿਆਰੀ ਜ਼ਿੰਦਗੀ ਦੀ ਉਸਾਰੀ ਵਿਚ ਹਿੱਸਾ ਪਾਉਣ ਵਾਲੇ ਸ਼ੁਭ ਗੁਣਾਂ ਤੇ ਆਪਣੀ ਪਰਵਾਨਗੀ ਦੀ ਮੋਹਰ ਲਾ ਦਿੱਤੀ। ਸਦੀਆਂ ਤੋਂ ਜਾਬਰਾਂ ਤੇ ਧਾੜਵੀਆਂ ਦੇ ਘੋੜਿਆਂ ਦੇ ਖੁਰਾਂ ਹੇਠ ਲਿਤਾੜੇ ਇਸ ਭੂ ਭਾਗ ਨੇ ਹੁਣ ਤਕ ਅੱਗ ਅਤੇ ਤਲਵਾਰ ਦੀ ਖੇਡ ਹੀ ਵੇਖੀ ਸੀ। ਹੁਣ ਮਰਦਾਨੇ ਦੀ ਰਬਾਬ ਨਾਲ ਸੁਰ ਹੋਈ ਬਾਬੇ ਦੀ ਇਲਾਹੀ ਬਾਣੀ ਨੇ ਜੀਵਨ ਨੂੰ ਫਿਰ ਮਉਲਣ ਲਾ ਦਿੱਤਾ। ਮਨ ਮਸਤਕ ਦੇ ਹਨੇਰੇ ਕੋਨਿਆਂ ਵਿਚ ਲਟਕਣ ਵਾਲੇ ਭਰਮ ਭੁਲੇਖੇ,



Sri Satguru Jagjit Singh Ji Elibrary NamdhariElibrary@gmail.com

ਅੰਧ ਵਿਸ਼ਵਾਸ ਅਤੇ ਕਰਮਕਾਂਡਾਂ ਦੇ ਜਾਲੇ ਲਹਿਣੇ ਸ਼ੁਰੂ ਹੋ ਗਏ। ਜ਼ਿੰਦਗੀ ਆਪਣੀ ਸਾਵੀਂ ਪੱਧਰੀ ਤੌਰ ਤੇ ਅੱਗੇ ਵੱਧਣ ਲੱਗੀ। ਦੂਜਿਆਂ ਦੀ ਕਿਰਤ ਕਮਾਈ ਤੇ ਪਲਣ ਵਾਲੇ ਮਲਕ ਭਾਗੋਆਂ ਦੀ ਥਾਂ, ਦਸਾਂ ਨਹੁੰਆਂ ਦੀ ਸੁੱਚੀ ਕਾਰ ਕਰਨ ਵਾਲੇ ਭਾਈ ਲਾਲੋਆਂ ਨੂੰ ਆਦਰ ਮਾਣ ਬਖਸ਼ਿਆ ਗਿਆ। ਮਾਇਆ ਦੀ ਸਰਦਾਰੀ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਗਿਆ ਅਤੇ ਨਾਮ ਦੀ ਤਰਜ਼ੇ ਜ਼ਿੰਦਗੀ ਨੂੰ ਵਡਿਆਇਆ ਗਿਆ। ਸਮੂਹਿਕ ਮਿਹਨਤ ਨਾਲ ਪੈਦਾ ਹੋਏ ਪਦਾਰਥ ਨੂੰ ਵੰਡ ਛਕਣ ਦੀ ਜਾਂਚ ਸਿਖਾਈ ਅਤੇ ਸਾਰਿਆਂ ਦੇ ਸੁਖਾਲੇ ਵੱਸਣ ਲਈ ਇਕ 'ਹਲੇਮੀ ਰਾਜ' ਦੀ ਕਾਮਨਾ ਕੀਤੀ।

ਕਿਸੇ ਕੌਮ ਦੀ ਘਾੜਤ ਵਿਚ ਆਪਣੀ ਭਾਸ਼ਾ ਦੇ ਮਹੱਤਵ ਨੂੰ ਸਮਝਦਿਆਂ, ਪੰਜਾਬੀ ਬੋਲੀ ਅਤੇ ਇਸ ਦੀ ਵਿਗਿਆਨਿਕ ਲਿੱਪੀ, ਗੁਰਮੁਖੀ ਨੂੰ ਹੋਰ ਵਿਕਸਿਤ ਕੀਤਾ ਗਿਆ। ਆਪਣੀ ਸੰਗਤ ਦੇ ਮਨਾਂ ਵਿਚੋਂ ਕਿਸੇ ਤਰ੍ਹਾਂ ਦੀ ਵੀ ਹੀਣ ਭਾਵਨਾ ਨੂੰ ਮੁੱਢੋਂ ਉਖਾੜਨ ਲਈ ਹੀ, ਉਹਨਾਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਿਆ ਗਿਆ। ਬਾਣੀ ਆਤਮਕ ਮਾਰਗ ਦੀ ਨਿਸ਼ਾਨਦੇਹੀ ਕਰਦੀ ਅਤੇ ਬਾਣਾ ਗੁਰ ਸੰਗਤ ਦੀ ਵੱਖਰੀ ਪਛਾਣ ਨੂੰ ਸਥਾਪਿਤ ਕਰਦਾ। ਧਰਮ ਦੀ ਕਿਰਤ-ਵਿਰਤ ਕਰਕੇ, ਇਲਾਹੀ ਨਦਰਾਂ ਨਾਲ ਨਿਹਾਲ ਹੋਣ ਵਾਲੇ ਇਸ ਪੰਥ ਨੂੰ ਪੰਜਾਬੀ ਜਨ-ਜੀਵਨ ਨੇ ਆਪਣੇ ਭਾਵਾ, ਅਨੁਕੂਲ ਜਾਣਿਆ। ਇਸੇ ਲਈ ਕਿਰਸਾਣੀ ਕਰਨ ਵਾਲੇ, ਵਣਜ ਵਿਉਪਾਰ ਕਰਨ ਵਾਲੇ, ਦਸਤਕਾਰੀਆਂ ਨਾਲ ਸਬੰਧਿਤ ਲੋਕ, ਧੜਾਧੜ ਬਾਬੇ ਦੇ ਘਰ ਨਾਲ ਜੁੜਨੇ ਸ਼ੁਰੂ ਹੋ ਗਏ।

ਇਤਿਹਾਸਕਾਰਾਂ ਦਾ ਮੱਤ ਹੈ ਕਿ ਹਿੰਦੂ ਧਰਮ ਦਾ ਹਾਜ਼ਮਾ ਬੜਾ ਵਿਸ਼ਾਲ ਹੈ। ਬੁੱਧ ਵਰਗੇ ਵਿਸ਼ਵ ਪੱਧਰ ਤੇ ਫੈਲੇ ਮੱਤ ਨੂੰ ਇਸ ਨੇ ਆਪਣੇ ਵਿਚ ਜਜ਼ਬ ਕਰ ਲਿਆ ਤਾਂ ਫਿਰ ਸਿੱਖ ਧਰਮ ਕਿਵੇਂ ਬਚਿਆ ਰਿਹਾ ? ਇਸ ਦਾ ਸਿਹਰਾ ਵੀ 'ਗੁਰ-ਪ੍ਰਣਾਲੀ' ਸਿਰ ਬੱਝਦਾ ਹੈ ਜੋ ਆਪਣੀ ਵੱਖਰੀ ਹੋਂਦ ਰੱਖਣ ਵਿਚ ਸਫਲ ਸੀ। ਆਦਿ ਗੁਰੂ ਦੇਵ ਜੀ ਨੇ ਆਪਣੇ ਜਿਉਂਦੇ ਜੀ ਭਾਈ ਲਹਿਣਾ ਜੀ ਨੂੰ ਅੰਗ ਲਾ ਕੇ, ਗੁਰੂ ਅੰਗਦ ਸਾਹਿਬ ਹੋਣ ਦਾ ਮਾਣ ਬਖਸ਼ਿਆ। ਉਹਨਾਂ ਨੇ ਰੂਹਾਨੀ ਵਿੱਦਿਆ ਅਤੇ ਸਰੀਰਕ ਵਿੱਦਿਆ ਹਾਸਲ ਕਰਨ ਤੇ ਇਕੋ ਜਿਹਾ ਜ਼ੋਰ ਦਿੱਤਾ ਤਾਂ ਕਿ ਗੁਰੂ ਦਾ ਸਿੱਖ ਕਿਸੇ ਵੀ ਹੈਂਕੜਬਾਜ਼ ਅੱਗੇ ਐਵੇਂ ਅਦਨਾ ਜਿਹਾ ਨਜ਼ਰ ਨਾ ਆਵੇ। ਗੁਰੂ ਅਮਰਦਾਸ ਜੀ ਨੇ ਬਿਰਧ ਅਵਸਥਾ ਵਿਚ ਜਿੱਥੇ ਸੇਵਾ ਦੇ ਉੱਚੇ ਮਿਆਰ ਕਾਇਮ ਕਰਕੇ ਆਪਣੇ ਸਤਿਗੁਰੂ ਨੂੰ ਰੀਝਾਇਆ ਸੀ, ਉੱਥੇ ਸਦਾ ਅਨੰਦ ਦੀ ਅਵਸਥਾ ਵਿਚ ਰਹਿਣ ਵਾਲੀ ਸੰਗਤ ਲਈ ਅਤੇ ਹੋਰ ਅਭਿਆਗਤਾਂ ਲਈ ਗੁਰੂ ਕੇ ਲੰਗਰ ਦੀ ਪਰੰਪਰਾ ਨੂੰ ਹੋਰ ਵਿਕਸਿਤ ਕੀਤਾ – ਜਿੱਥੇ ਬਾਦਸ਼ਾਹ ਅਤੇ ਫਕੀਰ ਇੱਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਅਚਵਦੇ ਸਨ। ਨਿੱਤ ਨਵੇਂ ਸੂਰਜ,



Sri Satguru Jagjit Singh Ji Elibrary NamdhariElibrary@gmail.com

ਨਵੇਂ ਦਿਸਹੱਦੇ ਗ੍ਰਹਿਣ ਕਰਨ ਵਾਲੀ, ਸਿੱਖ ਸੰਗਤ ਦੇ ਕੇਂਦਰੀ ਤੀਰਥ ਸਥਲ ਦੀ ਲੋੜ ਮਹਿਸੂਸਦਿਆਂ, ਗੁਰੂ ਰਾਮਦਾਸ ਜੀ ਨੇ ਗੁਰੂ ਕੇ ਚੱਕ ਦੇ ਤੌਰ ਤੇ ਸ੍ਰੀ ਅੰਮ੍ਰਿਤਸਰ ਦੀ ਮੋਹੜੀ ਕੀ ਗੱਡੀ, ਇੱਥੇ ਵਣਜ ਅਤੇ ਉਦਯੋਗ ਵੀ ਵਿਕਸਿਤ ਹੋਣ ਲੱਗ ਪਏ। ਸਿੱਖ ਸਤਿਗੁਰੂ ਸਾਹਿਬਾਨ ਅਤੇ ਹੋਰ ਭਗਤ ਸੰਤ-ਜਨਾਂ ਸੂਫੀਆਂ ਦੀ ਬਾਣੀ ਦੀ ਪ੍ਰਮਾਣਿਕਤਾ ਬਣਾਈ ਰੱਖਣ ਲਈ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਦਾ ਸੰਕਲਨ ਕੀਤਾ। ਬੇਅਦਬ ਬਾਦਸ਼ਾਹੀ ਸੱਤਾ ਅੱਗੇ ਝੁੱਕਣ ਦੀ ਥਾਂ ਸ਼ਹੀਦੀ ਵਰ੍ਹਨ ਦੀ ਪਰੰਪਰਾ ਦਾ ਮੁੱਢ ਬੰਨ੍ਹਿਆ। ਗੁਰੂ ਹਰਗੋਬਿੰਦ ਸਾਹਿਬ ਨੇ ਵੀ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ, ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਨੂੰ ਸੁਸ਼ੋਭਿਤ ਕਰਕੇ ਦਰਗਾਹੀ ਅਤੇ ਦੁਨਿਆਵੀ ਸੱਤਾ ਨੂੰ ਇਕਸੁਰ ਹੋ ਕੇ ਚੱਲਣ ਲਈ ਕਿਹਾ, ਤਾਂ ਕਿ ਨਿਰਬਲਾਂ, ਨਿਤਾਣਿਆਂ ਤੇ ਵਿਰਵਿਆਂ ਨੂੰ ਵੀ ਸਮਾਜਿਕ ਨਿਆਂ ਮਿਲ ਸਕੇ। ਗੁਰੂ ਹਰ ਰਾਇ ਸਾਹਿਬ ਨੇ ਬਾਗ ਬੂਟੇ ਲੁਆਕੇ, ਖੂਹ ਬਉਲੀਆਂ ਉਸਾਰ ਕੇ ਅਤੇ ਸ਼ਫਾਖਾਨੇ ਖੋਲ੍ਹ ਕੇ, ਪ੍ਰਕਿਰਤੀ ਨਾਲ ਮਨੁੱਖ ਦੇ ਸੰਤੁਲਨ ਨੂੰ ਬਣਾਈ ਰੱਖਣ ਦਾ ਆਹਰ ਵੀ ਕੀਤਾ ਅਤੇ ਜ਼ਰੂਰਤ ਮੰਦਾਂ ਲਈ ਗੁਰੂ ਘਰੋਂ ਮੁਫਤ ਇਲਾਜ ਦੀ ਸੁਵਿਧਾ ਵੀ ਪ੍ਰਦਾਨ ਕਰਵਾਈ। ਗੁਰੂ ਹਰ ਕ੍ਰਿਸ਼ਨ ਸਾਹਿਬ ਨੇ ਅਲਪ ਆਯੂ ਅਤੇ ਗੁਰਤਾ ਕਾਲ ਦੇ ਥੋੜ੍ਹੇ ਸਮੇਂ ਵਿਚ ਵਿੱਦਿਆ ਅਤੇ ਜਾਤ ਦੇ ਅਭਿਮਾਨੀਆਂ ਦੇ ਸਾਂਹਵੇਂ ਕਿਰਤੀ ਸ਼੍ਰੇਣੀ ਵਿਚੋਂ ਆਏ ਸਧਾਰਨ ਗੁਰਸਿੱਖਾਂ ਦਾ ਵਿੱਦਿਆ ਅਤੇ ਜ਼ਾਤ ਦੇ ਅਭਿਮਾਨੀਆਂ ਦੇ ਸਾਂਹਵੇਂ ਕਿਰਤੀ ਸ਼੍ਰੇਣੀ ਵਿਚੋਂ ਆਏ ਸਾਧਾਰਨ ਗੁਰਸਿੱਖਾਂ ਦਾ ਰੁਤਬਾ ਬੁਲੰਦ ਕੀਤਾ। ਗੁਰੂ ਤੇਗ਼ ਬਹਾਦਰ ਨੇ ਵਿਚਾਰਧਾਰਾ ਦੀ ਆਜ਼ਾਦੀ ਲਈ ਆਪਣਾ ਠੀਕਰਾ ਦਿੱਲੀ ਦਰਬਾਰ ਦੇ ਸਿਰ ਭੰਨ ਕੇ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਲਈ ਅਨੂਠਾ ਬਲੀਦਾਨ ਦਿੱਤਾ। ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਅਤੇ ਪੁਰਖਿਆਂ ਦੁਆਰਾ ਵਿੱਢੀ ਲੜਾਈ ਵਿਚ ਨਾ ਸਿਰਫ ਸਰਬੰਸ ਕੁਰਬਾਨ ਕੀਤਾ ਸਗੋਂ ਧਰਤੀ ਦੇ ਅਸਲੀ ਪੁੱਤਰਾਂ ਨੂੰ ਹੀ ਇਸ ਦੀ ਰਾਜਸੀ ਸੱਤਾ ਦੇ ਹੱਕਦਾਰ ਐਲਾਨ ਦਿੱਤਾ। ਭਾਰੀ ਕੁਰਬਾਨੀਆਂ ਦੇ ਕੇ ਹਾਸਲ ਕੀਤੀ ਸਿੱਖ ਸੱਤਾ ਜਦੋਂ ਸਿੱਖੀ ਤੋਂ ਬੇਮੁੱਖ ਹੋ ਰਹੀ ਸੀ ਤਾਂ ਪੋਠੋਹਾਰ ਦੀ ਇਕ ਗੁੱਠ ਵਿਚ ਬੈਠੇ ਗੁਰੂ ਬਾਲਕ ਸਿੰਘ ਨੇ ਸਿੱਖੀ ਰੂਪੀ ਦੀਵੇ ਦੀ ਲੋਅ ਨੂੰ ਕਾਇਮ ਰੱਖਣ ਲਈ ਇਸ ਨੂੰ ਸੰਗਤ ਰੂਪੀ ਘੜੇ ਵਿਚ ਟਿਕਾਈ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਭਗਤ ਮਲੇਛ ਖਾਲਸੇ ਦੇ ਮੁਕਾਬਲੇ ਬਦੇਸ਼ੀ ਸਰਕਾਰ ਦਾ ਬਿਸਤਰਾ ਗੋਲ ਕਰਨ ਲਈ ਕੂਕਾ ਜਾਂ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕਰਕੇ ਭਾਰਤ ਵਿਚ ਸਭ ਤੋਂ ਪਹਿਲਾ ਅਸਹਿਯੋਗ ਅੰਦੋਲਨ ਦਾ ਨਾਦ ਫੂਕ ਦਿੱਤਾ। ਗੁਰੂ ਹਰੀ ਸਿੰਘ ਜੀ ਨੇ ਅਤਿ ਕਠਨ ਦੌਰ ਵਿਚ ਸਿੱਖੀ



Sri Satguru Jagjit Singh Ji Elibrary NamdhariElibrary@gmail.com

ਦਾ ਬੂਟਾ ਹਰਾ ਹੀ ਨਹੀਂ ਰੱਖਿਆ, ਸਗੋਂ ਰੂਸ, ਅਫਗਾਨਿਸਤਾਨ ਆਦਿ ਗੁਆਂਢੀ ਮੁਲਕਾਂ ਨਾਲ ਸੰਪਰਕ ਕਾਇਮ ਕਰਕੇ, ਬਸਤੀਵਾਦੀ ਹਕੂਮਤ ਨੂੰ ਭਾਜੜਾਂ ਵੀ ਪਾਈ ਰੱਖੀਆਂ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਰੰਗਾਂ ਦੇ ਆਜ਼ਾਦੀ ਸੰਗਰਾਮੀਆਂ ਨੂੰ ਬਲ ਬਖਸ਼ਣ ਦੇ ਨਾਲ ਨਾਲ, ਨਾਨਕ ਨਾਮਲੇਵਾ ਸੰਗਤਾਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਦਿੱਤਾ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਖੇਤੀ, ਬਾਗਬਾਨੀ, ਸੰਗੀਤ, ਸਾਹਿਤ, ਸਿੱਖਿਆ, ਖੇਡਾਂ, ਪੰਥਕ ਨਿਰਮਾਣ ਕਾਰਜਾਂ ਤੋਂ ਇਲਾਵਾ ਵਿਸ਼ਵ ਸ਼ਾਂਤੀ ਲਈ ਲਗਾਤਾਰ ਸਰਗਰਮ ਰਹਿਕੇ ਨਾਮਧਾਰੀ ਭਾਈਚਾਰੇ ਨੂੰ ਕੌਮਾਂਤਰੀ ਪਹਿਚਾਣ ਪ੍ਰਦਾਨ ਕੀਤੀ ਹੈ।

ਇਸ ਗੱਲ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਜੇ ਮੈਂ ਇਹ ਕਹਿ ਦਿਆਂ ਕਿ ਪੰਜਾਬ ਦਾ ਇਤਿਹਾਸ ਤਾਂ ਸਿੱਖ ਇਤਿਹਾਸ ਹੀ ਹੈ ਕਿਉਂ ਜੁ ਬਿਨਾ ਸਿੱਖ ਇਤਿਹਾਸ ਦੇ ਜ਼ਿਕਰ ਦੇ ਪੰਜਾਬ ਦੇ ਇਤਿਹਾਸ ਵਿਚ ਜ਼ਿਕਰਯੋਗ ਬਹੁਤ ਘੱਟ ਬਚਦਾ ਹੈ ਅਤੇ ਇਸ ਸਿੱਖ ਇਤਿਹਾਸ ਨੂੰ ਨਾਮਧਾਰੀ ਇਤਿਹਾਸ ਤੋਂ ਬਿਨਾਂ ਕਿਵੇਂ ਵੀ ਸੰਪੂਰਨ ਨਹੀਂ ਸਮਝਿਆ ਜਾ ਸਕਦਾ ਅਤੇ ਜਿੱਥੋਂ ਤਕ ਨਾਮਧਾਰੀ ਇਤਿਹਾਸ ਦਾ ਸੁਆਲ ਹੈ ਬਿਗਾਨਿਆਂ ਅਤੇ ਆਪਣਿਆਂ ਵਲੋਂ ਵੀ ਇਸਨੂੰ ਠੀਕ ਚੌਖਟੇ ਵਿਚ ਰੱਖ ਕੇ ਪੇਸ਼ ਕਰਨ ਤੋਂ ਸੰਕੋਚ ਕੀਤਾ ਜਾਂਦਾ ਰਿਹਾ ਹੈ। ਬਦੇਸ਼ੀ ਹਾਕਮਾਂ ਨੇ ਫਿਰ ਵੀ ਭਾਵੇਂ ਵਿਰੋਧ ਸਾਡੇ ਨਾਲ ਚੋਖਾ ਕੁੱਟਿਆ ਪਰ ਸਾਡੇ ਇਤਿਹਾਸ ਲਈ ਉਹਨਾਂ ਦੀ ਦੇਣ ਮਹੱਤਵਪੂਰਨ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਕਥਨ ਹੈ ਕਿ ਕੁਝ ਕੌਮਾਂ ਸਿਰਫ ਇਤਿਹਾਸ ਬਨਾਉਣ ਦਾ ਕਾਰਜ ਕਰਦੀਆਂ ਹਨ। ਇਸ ਨੂੰ ਲਿਖਣ ਦਾ ਕੰਮ ਉਹਨਾਂ ਸੰਘਰਸ਼ ਭਰੇ ਸਮਿਆਂ ਵਿਚ ਸੰਭਵ ਹੀ ਨਹੀਂ ਹੁੰਦਾ। ਪਰ ਹੁਣ ਵਕਤ ਆ ਗਿਆ ਹੈ, ਸਿੱਖ ਇਤਿਹਾਸ ਜਾਂ ਪੰਜਾਬ ਦੇ ਇਤਿਹਾਸ ਵਿਚ ਇਸ ਸ਼ਾਨਾਂ ਮੱਤੇ ਨਾਮਧਾਰੀ ਇਤਿਹਾਸ ਦੇ ਬਾਬ ਨੂੰ ਇਸ ਦਾ ਢੁੱਕਵਾਂ ਸਥਾਨ ਦਿਵਾਉਣ ਦਾ। ਇਹ ਵੱਡੇ ਸੰਤੋਖ ਅਤੇ ਤਸੱਲੀ ਦੀ ਗੱਲ ਹੈ ਕਿ ਆਦਿ ਗੁਰੂ ਨਾਨਕ ਜੀ ਤੋਂ ਲੈ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੱਕ ਦੇ, ਇਸ ਚਹੁੰਆਂ ਸਦੀਆਂ ਦੇ ਇਤਿਹਾਸ ਦਾ ਪਹਿਲਾ ਭਾਗ ਕਸੇਲ ਜੀ ਦੁਆਰਾ ਲਿਖਤ ਛਾਪੇ ਦਾ ਜਾਮਾ ਪਹਿਨ ਚੁੱਕਾ ਹੈ।

ਅੱਜ ਦੇ ਪੰਜਾਬੀ ਦੇ ਸਾਹਿਤਕ ਜਗਤ ਵਿਚ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਨਾਮ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਹ ਸ਼ਹੀਦਾਂ ਦੀ ਰੱਤ ਨਾਲ ਸਿੰਜੀ ਅਤੇ ਗੁਰੂਆਂ ਦੀ ਚਰਨਛੋਹ ਨਾਲ ਵਰੋਸਾਈ ਮਾਝੇ ਦੀ ਮਿਟੀ ਵਿਚੋਂ ਉਗਮੇ ਹਨ। ਟੁੱਟੀ ਗੰਢਾਉਣ ਲਈ ਪ੍ਰੇਰਨਾ ਸਰੋਤ ਮਾਈ ਭਾਗੋ ਅਤੇ ਬਿਦੇਸ਼ਾਂ ਵਿਚ ਗਦਰ



Sri Satguru Jagjit Singh Ji Elibrary NamdhariElibrary@gmail.com

ਪਾਰਟੀ ਬਣਾ ਕੇ ਦੇਸ਼ ਆਜ਼ਾਦੀ ਅਤੇ ਫਿਰ ਸੋਸ਼ਣ ਰਹਿਤ ਸਮਾਜ ਦੀ ਉਸਾਰੀ ਲਈ ਜੂਝਣ ਵਾਲੇ ਗ਼ਦਰੀ ਬਾਬਿਆਂ ਦਾ ਥਾਪੜਾ ਉਹਨਾਂ ਦੀ ਕੰਡ ਤੇ ਹੈ। ਤੰਗੀਆਂ ਤੁਰਸ਼ੀਆਂ ਵਿਚ ਬਚਪਨ ਬਤੀਤ ਕਰਕੇ ਆਪਣੀ ਮਹਾਨ ਮਾਤਾ ਮਹਿੰਦਰ ਕੌਰ ਦੇ ਸਿਰੜੀ ਸਹਿਯੋਗ ਸਦਕਾ ਅਤੇ ਆਪਣੇ ਬਜ਼ੁਰਗ ਗਦਰੀ ਦੇਸ਼ ਭਗਤ ਬਾਬਾ ਹਰਨਾਮ ਸਿੰਘ ਕਸੇਲ ਤੋਂ ਅਗਾਂਹ ਵਧੂ ਤੇ ਲੋਕ ਹਿਤਕਾਰੀ ਚੇਤਨਾ ਤੇ ਸੁਤੰਤਰ ਸੋਚ ਦਾ ਨਿਰਮਾਣ ਕਰਕੇ ਉੱਚ ਵਿੱਦਿਆ ਹਾਸਲ ਕਰਨ ਵਾਲੇ ਪ੍ਰੋ. ਕਸੇਲ ਨੇ ਭਾਵੇਂ ਉਨਤੀ ਦੀ ਚੋਟੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ, ਪਰ ਉਹਨਾਂ ਦੇ ਪੈਰ ਹਮੇਸ਼ਾ ਧਰਤੀ ਤੇ ਰਹੇ ਹਨ। ਮਿਹਨਤ, ਸੰਜਮ, ਪ੍ਰੇਮ, ਪਾਰਦਰਸ਼ਤਾ ਵਰਗੇ ਦੈਵੀ ਗੁਣਾਂ ਨਾਲ ਭਰਪੂਰ ਇਸ ਸਾਊ ਸ਼ਖਸੀਅਤ ਦੇ ਸਿਰ ਤੇ ਸਤਿਗੁਰੂ ਜਗਜੀਤ ਸਿੰਘ ਦਾ ਵਰਦ-ਹਸਤ ਹਮੇਸ਼ਾਂ ਰਹਿੰਦਾ ਹੈ। ਅੱਧੇ ਸੈਂਕੜੇ ਤੋਂ ਵੱਧ ਪੁਸਤਕਾਂ ਦੇ ਲੇਖਕ ਇਸ ਆਧੁਨਿਕ ਰਿਸ਼ੀ ਨੂੰ ਅਸੀਂ ਵਿਗਿਆਨਕ ਯਥਾਰਥਵਾਦ ਦੇ ਯੁੱਗ ਬੋਧ ਨਾਲ ਲੈਸ ਦ੍ਰਿਸ਼ਟੀ ਦੇ ਸੁਆਮੀ ਦੇ ਤੌਰ ਤੇ ਜਾਣਦੇ ਹਾਂ। ਉਹ ਆਪਣੇ ਸਤਿਗੁਰੂ ਜੀ ਦੇ ਦਰਸਾਏ ਮਨੁੱਖੀ ਹਮਦਰਦੀ, ਸਮਾਜਿਕ-ਆਰਥਿਕ ਮਾਨਤਾ ਦੇ ਮਾਰਗ ਤੇ ਹਮੇਸ਼ਾ ਤੁਰਦੇ ਦਿਖਾਈ ਦਿੰਦੇ ਹਨ।

ਮੈਨੂੰ ਕੁਝ ਹੋਰ ਸੱਜਣਾਂ ਦੇ ਨਾਲ ਕਸੇਲ ਜੀ ਰਚਿਤ ਆਪਣੇ ਇਤਿਹਾਸ ਦੀ ਇਸ ਪਹਿਲੀ ਪੋਥੀ ਵਾਚਣ ਦਾ ਸੁਭਾਗ ਹਾਸਲ ਹੋਇਆ ਹੈ। ਕਸੇਲ ਜੀ ਕਲਮ ਦੇ ਧਨੀ ਤਾਂ ਹਨ ਹੀ -ਕਵਿਤਾ, ਨਾਵਲ, ਆਲੋਚਨਾ ਦੇ ਖੇਤਰ ਦੇ ਇਸ ਸ਼ਾਹ ਸੁਆਰ ਦੀ ਪੰਜਾਬੀ ਵਾਰਤਕ ਇਕ ਨਿਵੇਕਲੀ ਸ਼ੈਲੀ ਪ੍ਰਸਤੁਤ ਕਰਦੀ ਹੈ। ਰੌਚਿਕ, ਸਪਸ਼ਟ, ਸਰਲ, ਛੋਟੇ ਵਾਕ, ਕੇਂਦਰੀ ਪੰਜਾਬੀ ਦੇ ਠੇਠ ਸ਼ਬਦਾਂ ਦੀ ਵਰਤੋਂ। ਸਰਕਾਰੀ ਲਿਖਤਾਂ ਦੀ ਅੰਗਰੇਜ਼ੀ ਦਾ ਪੰਜਾਬੀ ਅਨੁਵਾਦ, ਮੌਲਿਕਤਾ ਦਾ ਗੁਣ ਰੱਖਣ ਵਾਲਾ ਹੈ। ਇਤਿਹਾਸ ਦੀ ਵਿਆਖਿਆ ਲਈ ਉਹ ਵਿਗਿਆਨਿਕ ਨਜ਼ਰੀਏ ਨੂੰ ਆਪਣਾ ਅਧਾਰ ਬਣਾਉਂਦੇ ਹਨ। ਜਿੱਥੇ ਵਿਸਤਾਰ ਦੀ ਲੋੜ ਹੈ ਉੱਥੇ ਨੁਕਤੇ ਸਪਸ਼ਟ ਕੀਤੇ ਹਨ। ਗੁਰਬਾਣੀ ਦੀਆਂ ਤੁਕਾਂ ਅਤੇ ਕਵਿਤਾਵਾਂ ਦੇ ਹਵਾਲਿਆਂ ਨਾਲ ਆਪਣੀ ਵਾਰਤਕ ਵਿਚ ਵਧੀਆ ਮੀਨਾਕਾਰੀ ਕੀਤੀ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦਾ ਸ਼ਾਗਿਰਦੇ-ਆਜ਼ਮ, ਆਪਣੇ ਸਾਹਿਤਕ ਜੀਵਨ ਵਿਚ ਵੀ, ਪੰਜਾਬ ਦੀ ਇਸ ਲੋਕ ਲਹਿਰ ਨੂੰ ਚਿਤਰ ਕੇ ਇਕ ਵੱਡਾ ਮਾਅਰਕਾ ਮਾਰ ਗਿਆ ਹੈ। ਇਹ ਰਚਨਾ ਨਾਮਧਾਰੀ-ਸਿੱਖ-ਸਾਹਿਤ ਜਾਂ ਸਮੁੱਚੇ ਪੰਜਾਬੀ ਸਾਹਿਤ ਵਿਚ ਇਕ ਜ਼ਿਕਰਯੋਗ ਹੀ ਨਹੀਂ, ਵੱਡਮੁੱਲੀ ਰਚਨਾ ਦੇ ਤੌਰ ਤੇ ਸਾਹਮਣੇ ਆਈ ਹੈ। ਸਬੰਧਿਤ ਧਿਰਾਂ ਇਸ ਤੋਂ ਪੂਰਾ ਲਾਭ ਉਠਾਉਣਗੀਆਂ।

ਕਸੇਲ ਜੀ ਦੇ ਲੰਮੇ ਸਿਹਤਮੰਦ ਜੀਵਨ ਦੀ ਕਾਮਨਾ ਕਰਦੇ ਹੋਇਆਂ ਆਸ



Sri Satguru Jagjit Singh Ji Elibrary NamdhariElibrary@gmail.com

ਕਰਦਾ ਹਾਂ ਕਿ ਸ਼੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਉਹ ਇਸ ਮਹੱਤਵਪੂਰਨ ਗਰੰਥ ਦਾ ਦੂਜਾ ਭਾਗ ਵੀ ਛੇਤੀ ਹੀ ਪਾਠਕਾਂ ਦੇ ਹਵਾਲੇ ਕਰ ਦੇਣਗੇ। ਅਜਿਹੇ ਸੁੰਦਰ ਰਚਨਾ ਦੇ ਪ੍ਰਕਾਸ਼ਨ ਲਈ ਆਰਸੀ ਪਬਲਿਸ਼ਰਜ਼ ਵੀ ਸਮੂਹ ਸਾਹਿਤ ਪ੍ਰੇਮੀਆਂ ਦੇ ਧੰਨਵਾਦ ਦਾ ਪਾਤਰ ਹੈ।

ਸਵਰਨ ਸਿੰਘ ਵਿਰਕ

ਕਰੀਵਾਲਾ (ਸਿਰਸਾ)
ਮਿਤੀ : 21.09.2005



Sri Satguru Jagjit Singh Ji Elibrary NamdhariElibrary@gmail.com

# ਲੇਖਕ ਵਲੋਂ ਦੋ ਸ਼ਬਦ

ਜਿਨ ਮਸਤਕਿ ਧੁਰ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ।
ਅਗਿਆਨ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ।

(ਆਸਾ ਮ: ੪, ਛੰਤ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੰਤਰਦ੍ਰਿਸ਼ਟੀ, ਦੂਰਦਰਸ਼ਤਾ ਅਤੇ ਨਦਰ ਕਰਮ ਨੇ ਤਵਾਰੀਖ਼ ਸੰਤ ਖਾਲਸਾ (ਨਾਮਧਾਰੀ ਗੁਰ ਇਤਿਹਾਸ) ਨੂੰ ਲਿਖਣ ਦੀ ਸੇਵਾ ਆਪਣੇ ਇਸ ਚਰਨ ਸੇਵਕ ਨੂੰ ਬਖਸ਼ੀ। ਪਤਾ ਨਹੀਂ ਕਿ ਇਸ ਵਿਚ ਕੀ ਰਹੱਸ ਸੀ! ਕਿ ਆਪ ਜੀ ਨੇ ਆਪਣੇ ਇਕ ਨੇਤਰਹੀਣ ਸੇਵਕ ਨੂੰ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਨ ਦੀ ਸੇਵਾ ਸੌਂਪ ਦਿੱਤੀ।

1959 ਤੋਂ ਹੀ ਜਦੋਂ ਤੋਂ ਆਪ ਜੀ ਨੇ ਗੁਰਤਵ ਦੇ ਕਰਤੱਵ ਨੂੰ ਸੰਭਾਲਿਆ ਹੈ, ਉਸ ਸਮੇਂ ਤੋਂ ਹੀ ਆਪ ਜੀ ਨੇ ਪ੍ਰਾਪਤ ਨਾਮਧਾਰੀ ਸਾਹਿਤ ਅਤੇ ਨਾਮਧਾਰੀ ਇਤਿਹਾਸ ਦੇ ਅਧਿਐਨ, ਖੋਜ ਅਤੇ ਲਿਖਣ ਲਿਖਵਾਉਣ ਵੱਲ ਉਚੇਚਾ ਧਿਆਨ ਦਿੱਤਾ ਹੈ। ਇਸ ਸੰਬੰਧ ਵਿਚ ਕਈ ਯੋਜਨਾਵਾਂ ਸਿਰੇ ਚਾੜ੍ਹੀਆਂ ਹਨ। ਸੰਪੂਰਨ ਨਾਮਧਾਰੀ ਗੁਰ ਇਤਿਹਾਸ ਨੂੰ ਮੁਕੰਮਲ ਕਰਨ ਵਿਚ ਆਪ ਜੀ ਨੇ ਸਦਾ ਹੀ ਡੂੰਘੀ ਦਿਲਚਸਪੀ ਦਿਖਾਈ ਹੈ। ਆਪ ਜੀ ਦੀ ਸਰਪ੍ਰਸਤੀ ਵਿਚ ਸਰਦਾਰ ਨਾਹਰ ਸਿੰਘ, ਸੰਤ ਇੰਦਰ ਸਿੰਘ ਚੱਕਰਵਰਤੀ ਸੰਤ ਨਿਧਾਨ ਸਿੰਘ ਆਲਮ, ਸ਼੍ਰੀ ਪ੍ਰੀਤਮ ਸਿੰਘ ਕਵੀ, ਸਰਦਾਰ ਤਾਰਾ ਸਿੰਘ ਅਨਜਾਣ, ਸਰਦਾਰ ਜਸਵਿੰਦਰ ਸਿੰਘ, ਮਾਸਟਰ ਨਿਹਾਲ ਸਿੰਘ, ਸੰਤ ਦਲੀਪ ਸਿੰਘ, ਤਰਨ ਸਿੰਘ ਵਹਿਮੀ, ਬਿਸ਼ਨ ਸਿੰਘ, ਹਰਪਾਲ ਸਿੰਘ ਸੇਵਕ, ਡਾ. ਕਰਮ ਸਿੰਘ ਕਪੂਰ, ਬੀਬੀ ਬੇਅੰਤ ਕੌਰ ਅਤੇ ਸੁਰਿੰਦਰ ਕੌਰ ਖਰਲ ਆਦਿ ਪ੍ਰਸਿੱਧ ਨਾਮਧਾਰੀ ਲੇਖਕਾਂ ਨੇ ਇਸ ਬੰਨੇ ਉਚੇਚਾ ਧਿਆਨ ਦਿੱਤਾ ਹੈ ਅਤੇ ਕਈ ਮਹੱਤਵਪੂਰਨ ਪੁਸਤਕਾਂ ਇਸ ਵਿਸ਼ੇ ਨਾਲ ਸੰਬੰਧਿਤ ਰਚੀਆਂ ਗਈਆਂ ਹਨ। ਇਹਨਾਂ ਪੁਸਤਕਾਂ ਨਾਲ ਨਾਮਧਾਰੀ ਇਤਿਹਾਸ ਦੇ ਕਈ ਅਣਗੌਲੇ ਪੱਖ ਸਾਹਮਣੇ ਆਏ ਹਨ। ਪਰ ਫਿਰ ਵੀ ਹੁਣ ਤਕ ਸੰਪੂਰਨ ਨਾਮਧਾਰੀ ਇਤਿਹਾਸ ਲਿਖਿਆ ਨਹੀਂ ਸੀ ਜਾ ਸਕਿਆ। ਸ਼੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਅਤੇ ਆਸ਼ੀਰਵਾਦ ਸਦਕਾ ਇਹ ਕਾਰਜ ਹੁਣ ਇਹਨਾਂ ਸਤਰਾਂ ਦੇ ਲੇਖਕ ਕੋਲੋਂ ਕਰਵਾਇਆ ਜਾ ਰਿਹਾ ਹੈ।



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਗੁਰ ਇਤਿਹਾਸ ਦੀ ਖੋਜ ਦਾ ਕਾਰਜ ਅਟਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰੂ ਕਾਲ ਵਿਚ ਆਰੰਭ ਹੋਇਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਵੀਰ, ਮਹਾਰਾਜ ਗੁਰਦਿਆਲ ਸਿੰਘ ਜੀ ਨੇ ਸਭ ਤੋਂ ਪਹਿਲਾਂ ਇਸ ਕਾਰਜ ਨੂੰ ਆਰੰਭ ਕੀਤਾ। ਉਹਨਾਂ ਦੀ ਪ੍ਰੇਰਨਾ ਸਦਕਾ ਹੀ ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਸੰਤ ਨਿਧਾਨ ਸਿੰਘ ਆਲਮ ਵਰਗੇ ਉੱਘੇ ਨਾਮਧਾਰੀ ਲੇਖਕਾਂ ਨੇ ਇਸ ਥੰਨੇ ਵਿਸ਼ੇਸ਼ ਯਤਨ ਕੀਤੇ ਅਤੇ 'ਜੁਗ ਪਲਟਾਊ ਸਤਿਗੁਰੂ', 'ਨਾਮਧਾਰੀ ਇਤਿਹਾਸ' ਭਾਗ ਪਹਿਲਾਂ ਵਰਗੀਆਂ ਮਹੱਤਵਪੂਰਨ ਪੁਸਤਕਾਂ ਹੋਂਦ ਵਿਚ ਆਈਆਂ। ਉਂਜ ਤਾਂ ਇਹ ਕਾਰਜ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਸੰਤ ਨਿਹਾਲ ਸਿੰਘ, ਬਾਬਾ ਚੰਦਾ ਸਿੰਘ ਅਤੇ ਬਾਬਾ ਕਾਲਾ ਸਿੰਘ ਜੀ ਦੇ 'ਬਾਰਾਂਮਾਂਹ' ਅਤੇ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ' ਇਸ ਸੰਬੰਧ ਵਿਚ ਵੱਡਮੁੱਲੀ ਜਾਣਕਾਰੀ ਦੇਣ ਵਾਲੀਆਂ ਤਤਕਾਲਕ ਦਸਤਾਵੇਜ਼ਾਂ ਹਨ। ਸੰਤ ਧਿਆਨ ਸਿੰਘ ਕਾਦਰਾਬਾਦੀ ਦਾ 'ਸਤਿਗੁਰੂ ਬਿਲਾਸ-ਪਾਤਸ਼ਾਹੀ ਬਾਰ੍ਹਵੀਂ', 19ਵੀਂ ਸਦੀ ਦੇ ਦੂਜੇ ਅੱਧ ਵਿਚ ਹੀ ਰਚਿਆ ਗਿਆ ਸੀ, ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ 1881 ਤੋਂ 1911 ਤੱਕ, ਸ੍ਰੀ ਭੈਣੀ ਸਾਹਿਬ ਵਿਚ ਨਿਵਾਸ ਰੱਖ ਕੇ, ਸੰਤ ਸੰਤੋਖ ਸਿੰਘ ਬਾਹੋਵਾਲ ਨੇ ਵੱਡਆਕਾਰੀ 'ਸਤਿਗੁਰੂ ਬਿਲਾਸ' ਦੀ ਰਚਨਾ ਕੀਤੀ, ਜੋ ਨਾਮਧਾਰੀ ਗੁਰ ਇਤਿਹਾਸ ਦਾ ਬਹੁਮੁੱਲਾ ਖਜ਼ਾਨਾ ਅਤੇ ਪ੍ਰਮੁੱਖ ਸਰੋਤ ਗ੍ਰੰਥ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿੱਥੇ ਨਾਮਧਾਰੀ ਪੰਥ ਨੂੰ ਪੱਕਿਆਂ ਪੈਰਾਂ ਤੇ ਖੜ੍ਹਾ ਕਰਨ ਲਈ ਕਈ ਮਹੱਤਵਪੂਰਨ ਕਾਰਜ ਨੇਪਰੇ ਚਾੜ੍ਹੇ, ਉੱਥੇ ਨਾਮਧਾਰੀ ਗੁਰ ਇਤਿਹਾਸ ਦੀ ਖੋਜ ਅਤੇ ਪ੍ਰਕਾਸ਼ਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਸੰਤ ਹਰਨਾਮ ਸਿੰਘ ਬਗਲੀਵਾਲਾ ਨੇ ਕਵਿਤਾ ਵਿਚ ਨਾਮਧਾਰੀ ਇਤਿਹਾਸ ਰਚਿਆ, ਪਰ ਸਤਿਗੁਰੂ ਜੀ ਨੇ ਉਚੇਚਾ ਧਿਆਨ ਦੇ ਕੇ, ਸਰਦਾਰ ਨਾਹਰ ਸਿੰਘ ਤੋਂ 'ਨਾਮਧਾਰੀ ਇਤਿਹਾਸ-ਭਾਗ ਪਹਿਲਾ ਲਿਖਵਾਇਆ। ਸੰਤ ਇੰਦਰ ਸਿੰਘ ਚੱਕਰਵਰਤੀ ਦਾ ਮਹਾਂਕਾਵਿ 'ਮਾਲਵਿੰਦਰ' ਅਤੇ 'ਨਾਮਧਾਰੀ ਇਤਿਹਾਸ'-ਭਾਗ ਪਹਿਲਾ, ਜੋ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਹੈ ਅਤੇ ਸੰਤ ਨਿਧਾਨ ਸਿੰਘ ਆਲਮ ਦੀ ਪੁਸਤਕ 'ਜੁਗ ਪਲਟਾਊ ਸਤਿਗੁਰੂ' ਇਸ ਸੰਬੰਧ ਵਿਚ ਮਹੱਤਵਪੂਰਨ ਕਿਰਤਾਂ ਹਨ।

1921 ਤੋਂ ਹੀ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਵਿਚ ਸਮਕਾਲੀ ਨਾਮਧਾਰੀ ਇਤਿਹਾਸ ਦੇ ਵਿਸ਼ਾਲ ਭੰਡਾਰ ਪ੍ਰਾਪਤ ਹੋ ਜਾਂਦੇ ਰਹੇ ਹਨ। ਇਸ ਸੰਬੰਧ ਵਿਚ ਤਰਨ ਸਿੰਘ ਵਹਿਮੀ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਬਣਦਾ ਹੈ, ਜਿਹਨਾਂ ਨੇ 'ਜੱਸ ਜੀਵਨ' ਛੇ ਭਾਗ, ਰਚ ਕੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ



Sri Satguru Jagjit Singh Ji Elibrary NamdhariElibrary@gmail.com

ਦਾ ਅਜਿਹਾ ਪ੍ਰਮਾਣਿਕ ਬਿਉਰਾ ਦਿੱਤਾ ਹੈ, ਜਿਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਵਾਨਗੀ ਪ੍ਰਾਪਤ ਹੈ। ਮਾਸਟਰ ਨਿਹਾਲ ਸਿੰਘ ਜੀ, ਬਿਸ਼ਨ ਸਿੰਘ ਜੀ ਇਤਿਹਾਸਕਾਰ, ਪ੍ਰੀਤਮ ਸਿੰਘ ਕਵੀ ਅਤੇ ਅਮਰ ਭਾਰਤੀ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੇਰਨਾ ਅਤੇ ਬਖਸ਼ਿਸ਼ ਦੁਆਰਾ ਇਸ ਖੇਤਰ ਵਿਚ ਆਏ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਉਤਸ਼ਾਹ ਭਰਪੂਰ ਜਤਨ ਅਤੇ ਪਰਾਕਰਮ ਇਸ ਸੰਬੰਧ ਵਿਚ ਵੱਡਮੁੱਲਾ ਵਾਧਾ ਕਰਨ ਵਿਚ ਸਹਾਈ ਹੋ ਰਹੇ ਹਨ। ਆਪ ਜੀ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੀਆਂ ਚੇਅਰਸ ਸਥਾਪਿਤ ਕਰਕੇ, ਇਸ ਸੰਬੰਧ ਵਿਚ, ਨਾਮਧਾਰੀ ਇਤਿਹਾਸ ਦੀ ਪ੍ਰਮਾਣਿਕ ਖੋਜ ਲਈ ਰਾਹ ਪੱਧਰਾ ਕੀਤਾ ਹੈ।

ਇਸ ਤੋਂ ਬਿਨਾਂ ਆਪ ਜੀ ਦੀ ਛਤਰ ਛਾਇਆ ਹੇਠ ਕਈ ਲੇਖਕ ਜਿਵੇਂ – ਤਾਰਾ ਸਿੰਘ ਅਨਜਾਣ, ਸਰਦਾਰ ਜਸਵਿੰਦਰ ਸਿੰਘ ਇਤਿਹਾਸਕਾਰ, ਸ਼੍ਰੀ ਅਮਰ ਭਾਰਤੀ, ਬੀਬੀ ਬੇਅੰਤ ਕੌਰ ਅਤੇ ਬੀਬੀ ਸੁਰਿੰਦਰ ਕੌਰ ਖਰਲ, ਮਾਸਟਰ ਨਿਹਾਲ ਸਿੰਘ, ਸੰਤ ਦਲੀਪ ਸਿੰਘ, ਪ੍ਰਿ: ਅਜੀਤ ਸਿੰਘ ਚੀਮਾ, ਹਰਪਾਲ ਸਿੰਘ ਸੇਵਕ ਨੇ ਵੀ ਇਸ ਬੰਨੇ ਯਥਾਸ਼ਕਤ ਕਾਰਜ ਕੀਤਾ ਹੈ। ਸਰਦਾਰ ਪ੍ਰੀਤਮ ਸਿੰਘ ਕਵੀ ਨੇ ਤਾਂ 'ਬੀਤੇ ਦੀਆਂ ਪੈੜਾਂ' ਕਈ ਜਿਲਦਾਂ ਲਿਖ ਕੇ, ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰਣਨਯੋਗ ਸਮਕਾਲੀ ਸਮਾਚਾਰਾਂ ਦੇ ਵੇਰਵੇ ਸੁੰਦਰ ਵਾਰਤਕ ਵਿਚ ਦਿੱਤੇ ਹਨ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਕਾਲ ਵਿਚ ਹੀ, ਸਰਦਾਰ ਨਾਹਰ ਸਿੰਘ ਜੀ ਵਲੋਂ ਸਰਕਾਰੀ ਦਸਤਾਵੇਜ਼ਾਂ ਤੇ ਆਧਾਰਿਤ 'ਕੂਕਾ ਡੌਕੂਮੈਂਟਸ-ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ' ਪ੍ਰਕਾਸ਼ਿਤ ਹੋਇਆ। ਡਾ. ਫੌਜਾ ਸਿੰਘ ਬਾਜਵਾ ਦੀ ਪੁਸਤਕ 'ਕੂਕਾ ਮੂਵਮੈਂਟ' ਅਤੇ ਐਮ. ਐਮ. ਆਹਲੂਵਾਲੀਆ ਦੀ ਪੁਸਤਕ 'ਕੂਕਾਜ਼-ਦ-ਫਰੀਡਮ ਫਾਈਟਰਜ਼ ਆਫ਼ ਪੰਜਾਬ' ਅੰਗਰੇਜ਼ੀ ਵਿਚ ਲਿਖੀਆਂ ਗਈਆਂ ਉੱਚ ਕੋਟੀ ਦੀਆਂ ਰਚਨਾਵਾਂ ਹਨ। ਵਰਤਮਾਨ ਸਮੇਂ ਵੀ ਸਰਦਾਰ ਜਸਵਿੰਦਰ ਸਿੰਘ ਨੇ 'ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ' ਸੰਪਾਦਿਤ ਕਰ ਕੇ ਛਪਵਾਏ ਹਨ, ਜਿਹਨਾਂ ਤੋਂ ਤਤਕਾਲਕ ਇਤਿਹਾਸ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਚਿੰਤਨਧਾਰਾ ਦਾ ਸਪਸ਼ਟ ਬੋਧ ਹੋ ਜਾਂਦਾ ਹੈ। ਤਾਰਾ ਸਿੰਘ ਅਨਜਾਣ ਦੀਆਂ ਪੁਸਤਕਾਂ 'ਸਭਹਣ ਕੇ ਸਿਰਮੌਰ' ਅਤੇ 'ਸਾਹਿਬੁ ਗੁਣੀ ਗਹੇਰਾ' ਅਤੇ ਜਸਵੰਤ ਸਿੰਘ ਜਸ ਦੀ ਪੁਸਤਕ 'ਬਾਬਾ ਰਾਮ ਸਿੰਘ' ਭਾਵੇਂ ਨਾਮਧਾਰੀ ਸਤਿਗੁਰੂ ਸਾਹਿਬਾਨ ਦੀਆਂ ਵਿਸ਼ੇਸ਼ ਜੀਵਨੀਆਂ ਹਨ, ਪਰ ਇਹਨਾਂ ਵਿਚੋਂ ਵੀ ਵੱਡਮੁੱਲੀ ਇਤਿਹਾਸਕ ਸਮੱਗਰੀ ਮਿਲ ਜਾਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਸੁਰਿੰਦਰ ਕੌਰ ਖਰਲ ਦੀ ਪੁਸਤਕ 'ਪ੍ਰਕਾਸ਼ ਪੁੰਜ' ਵੀ ਵਰਣਨਯੋਗ ਰਚਨਾ ਹੈ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਦਾ ਇਕ ਹੋਰ ਵੱਡਾ ਉਪਕਾਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਹਨਾਂ ਭਾਸ਼ਨਾਂ ਨੂੰ 'ਲਾਲ ਏਹਿ ਰਤਨ' ਦੀਆਂ ਪੰਜ ਜਿਲਦਾਂ ਵਿਚ ਸੰਕਲਿਤ ਕਰਵਾਉਣਾ ਹੈ, ਜਿਨ੍ਹਾਂ ਨੂੰ ਸਵਰਗਵਾਸੀ ਬੀਬੀ ਬੇਅੰਤ ਕੌਰ ਨੇ ਬੜੀ ਮਿਹਨਤ ਨਾਲ ਸਿਰੇ ਚਾੜ੍ਹਿਆ ਹੈ। 'ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ-ਨਾਮਿਆਂ' ਸਮਾਨ 'ਲਾਲ ਏਹਿ ਰਤਨ' ਸਤਿਗੁਰੂ ਪਰਤਾਪ ਸਿੰਘ ਜੀ ਦੇ ਅਧਿਆਤਮਕ, ਸਮਾਜਕ ਅਤੇ ਪਰਮਾਰਥਕ ਵਿਚਾਰਧਾਰਾ ਦੇ ਦਿੱਗ ਦਰਸ਼ਨ ਕਰਵਾਉਣ ਵਾਲੀਆਂ ਉੱਚਤਮ ਰਚਨਾਵਾਂ ਹਨ।

ਜਗਦੀਸ਼ ਸਿੰਘ ਵਰਿਆਮ ਵਲੋਂ ਸੰਪਾਦਿਤ ਕੀਤਾ ਜਾ ਰਿਹਾ ਮਾਸਿਕ ਪੱਤਰ 'ਵਰਿਆਮ' ਪਿਛਲੇ 30 ਸਾਲਾਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਅਤੇ ਨਾਮਧਾਰੀ ਮੱਤ ਦਾ ਪ੍ਰਵਕਤਾ ਬਣਿਆ ਆ ਰਿਹਾ ਹੈ। ਇਸ ਮਾਸਿਕ ਪੱਤਰ ਦੇ ਸਧਾਰਨ ਤੇ ਵਿਸ਼ੇਸ਼ ਬਸੰਤ ਅੰਕ ਮਹੱਤਵ ਪੂਰਨ ਨਾਮਧਾਰੀ ਇਤਿਹਾਸ ਦੇ ਅਨੇਕ ਪੱਖਾਂ ਨੂੰ ਵੀ ਪ੍ਰਸਤੁਤ ਕਰ ਰਹੇ ਹਨ। ਉਪਰੋਕਤ ਸਭ ਯਤਨਾਂ ਦੇ ਬਾਵਜੂਦ ਹਾਲੀਂ ਸੰਪੂਰਨ ਨਾਮਧਾਰੀ ਇਤਿਹਾਸ ਦੀ ਰਚਨਾ ਸਾਹਮਣੇ ਨਹੀਂ ਆ ਸਕੀ। ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਗੁਰ ਇਤਿਹਾਸ ਦਾ ਪਹਿਲਾ ਭਾਗ ਜੋ 1906 ਤੱਕ ਦਾ ਹੈ, ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੈ। ਭਾਰਤ ਦੀ ਅਧਿਆਤਮਕ ਵਿਚਾਰਧਾਰਾ ਆਪਣੇ ਵਿਚ ਸਦੀਆਂ ਦਾ ਇਤਿਹਾਸ ਸਮੋਈ ਬੈਠੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਰਿਗਵੇਦ ਤੋਂ ਲੈ ਕੇ ਮਤਾਂ ਮਤਾਂਤਰਾਂ ਅਤੇ ਗੁਰੂ ਨਾਨਕ ਦੇਵ ਜੀ ਤੋਂ ਪੂਰਬਲੇ ਭਗਤੀ ਮਾਰਗ ਦਾ ਵੀ ਸੰਖੇਪ ਬਿਰਤਾਂਤ ਦਿੱਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਸਤਿਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ ਦਾ ਨਾਮਧਾਰੀ ਗੁਰ ਇਤਿਹਾਸ ਪਾਠਕਾਂ ਅਤੇ ਖੋਜੀਆਂ ਨੂੰ ਪੜ੍ਹਨ ਲਈ ਮਿਲੇਗਾ।

ਨਾਮਧਾਰੀ ਗੁਰ ਇਤਿਹਾਸ ਦੇ ਇਸ ਪਹਿਲੇ ਭਾਗ ਨੂੰ ਵਿਸ਼ੇਸ਼ ਨਾਮਧਾਰੀ ਇਤਿਹਾਸ ਦੇ ਜਾਣਕਾਰਾਂ ਅਤੇ ਵਿਸ਼ੇਸ਼ੱਗਾਂ ਸਰਵ ਸ਼੍ਰੀ ਤਾਰਾ ਸਿੰਘ ਅਨਜਾਣ, ਜਸਵਿੰਦਰ ਸਿੰਘ ਇਤਿਹਾਸਕਾਰ, ਸਵਰਨ ਸਿੰਘ ਵਿਰਕ, ਸੰਤ ਹਰਪਾਲ ਸਿੰਘ-ਨਿੱਜੀ ਸੇਵਕ ਸ੍ਰੀ ਸਤਿਗੁਰੂ ਜੀ, ਨਾਲ ਵਿਸ਼ੇਸ਼ ਬੈਠਕਾਂ ਵਿਚ ਪੜ੍ਹਿਆ ਅਤੇ ਵਾਚਿਆ ਗਿਆ ਹੈ।

ਇਸ ਪੁਸਤਕ ਦੇ ਖਰੜੇ ਨੂੰ ਲਿਖਣ ਵਿਚ ਮੈਨੂੰ ਪ੍ਰੋ. ਜਸਵੀਰ ਸਿੰਘ ਘੁੰਮਣ, ਸ਼੍ਰੀ ਵਿਕਾਸ ਸ਼ਰਮਾ ਅਤੇ ਸ਼੍ਰੀ ਵਿਨੋਦ ਸਿੰਗਲਾ ਦਾ ਸਹਿਯੋਗ ਸਹਾਇਕਾਂ ਵੱਜੋਂ ਪ੍ਰਾਪਤ ਹੁੰਦਾ ਰਿਹਾ ਹੈ। ਪਰ ਇਸ ਦੇ ਸਭ ਤੋਂ ਪ੍ਰਮੁੱਖ ਮੇਰੇ ਪ੍ਰੇਰਨਾ ਸਰੋਤ ਸੰਤ ਹਰਪਾਲ ਸਿੰਘ ਜੀ - ਨਿੱਜੀ ਸੇਵਕ ਸ਼੍ਰੀ ਸਤਿਗੁਰੂ ਜੀ ਹਨ, ਜਿਹਨਾਂ ਨੇ ਸ਼ੁਰੂ ਤੋਂ ਲੈ ਕੇ ਹੁਣ ਤਕ ਇਸ ਨਾਮਧਾਰੀ ਗੁਰ ਇਤਿਹਾਸ ਨੂੰ ਮੁਕੰਮਲ ਕਰਨ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਸ੍ਰੀ ਅਜੀਤ ਸਿੰਘ ਰੰਧਾਵਾ, ਜੋ ਸਤਿਗੁਰੂ ਜੀ ਵਲੋਂ



Sri Satguru Jagjit Singh Ji Elibrary NamdhariElibrary@gmail.com

ਮੇਰੇ ਨਿੱਜੀ ਸਹਾਇਕ ਹਨ, ਦਾ ਵੀ ਇਸ ਪੁਸਤਕ ਨੂੰ ਸਿਰੇ ਚਾੜ੍ਹਨ ਵਿਚ ਵੱਡਾ ਯੋਗਦਾਨ ਹੈ। ਇਸ ਪੁਸਤਕ ਦੇ ਪਰੂਫ਼ ਪੜ੍ਹਨ ਵਿੱਚ ਕੁਮਾਰੀ ਅਲਕਾ ਸ਼ਰਮਾ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਸਾਰੇ ਸੱਜਣ ਮੇਰੇ ਧੰਨਵਾਦ ਦੇ ਪਾਤਰ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਲੇਖਕਾਂ ਅਤੇ ਪ੍ਰਸਿੱਧ ਇਤਿਹਾਸਕਾਰਾਂ, ਜਿਹਨਾਂ ਦੀਆਂ ਰਚਨਾਵਾਂ ਦੇ ਥਾਂ-ਥਾਂ ਤੇ ਹਵਾਲੇ ਦਿੱਤੇ ਗਏ ਹਨ, ਦਾ ਵੀ ਮੈਂ ਹਾਰਦਿਕ ਤੌਰ ਤੇ ਰਿਣੀ ਹਾਂ।

ਇਸ ਰਚਨਾ ਦੇ ਗੁਣ ਸ਼੍ਰੀ ਸਤਿਗੁਰੂ ਜੀ ਦੇ ਬਖਸ਼ੇ ਹੋਏ ਹਨ ਅਤੇ ਦੋਸ਼ ਮੇਰੇ ਨਿਜੀ ਹਨ। ਇਸ ਪੁਸਤਕ ਲਈ ਵੱਖ-ਵੱਖ ਸੁਝਾਵਾਂ ਅਤੇ ਰਾਵਾਂ ਦਾ ਖੁੱਲ੍ਹੇ ਦਿਲੋਂ ਸੁਆਗਤ ਕੀਤਾ ਜਾਵੇਗਾ।

ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਚਰਨਾਂ ਵਿਚ ਇਹ ਪੁਸਤਕ ਭੇਟ ਕਰਕੇ ਮੈਨੂੰ ਵਿਸ਼ੇਸ਼ ਪ੍ਰਸੰਨਤਾ ਅਨੁਭਵ ਹੋ ਰਹੀ ਹੈ। ਮੈਂ ਆਪਣੇ ਆਪ ਨੂੰ ਇਕ ਤਰ੍ਹਾਂ ਸੁਰਖਰੂ ਮਹਿਸੂਸ ਕਰ ਰਿਹਾ ਹਾਂ।

ਸ਼੍ਰੀ ਸਤਿਗੁਰੂ ਜੀ ਦੀ ਕਿਰਪਾ ਦੁਆਰਾ ਤਵਾਰੀਖ਼ ਸੰਤ ਖ਼ਾਲਸਾ ਦਾ ਦੂਜਾ ਭਾਗ ਵੀ ਪਾਠਕਾਂ ਦੇ ਸਨਮੁੱਖ ਸ਼ੀਘਰ ਹੀ ਪੇਸ਼ ਕਰ ਦਿੱਤਾ ਜਾਵੇਗਾ, ਜੋ ਤਿਆਰੀ ਅਧੀਨ ਹੈ।

ਪਟਿਆਲਾ — ਕਿਰਪਾਲ ਸਿੰਘ ਕਸੇਲ

28.09.2005



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# 1

# ਇਤਿਹਾਸ ਦਾ ਨਾਮਕਰਨ – ਸੀਮਾਵਾਂ ਤੇ ਕਾਲਵੰਡ

## 1. ਆਰੰਭਿਕ ਵਿਚਾਰ

ਸੰਸਾਰ ਭਰ ਵਿਚ ਭਾਰਤ ਨੂੰ ਗੌਰਵ ਭਰਪੂਰ ਇਤਿਹਾਸਕ ਵਿਰਸੇ, ਸਭਿਆਚਾਰ ਅਤੇ ਵਿਲੱਖਣ ਸੰਸਕ੍ਰਿਤੀ ਦੇ ਸੁਆਮੀ ਹੋਣ ਕਰਕੇ ਜਾਣਿਆ ਜਾਂਦਾ ਹੈ। ਭੂਗੋਲਿਕ ਤੌਰ ਤੇ ਇਸ ਦੀ ਵਿਸ਼ਾਲਤਾ ਉੱਚੀਆਂ ਬਰਫਾਂ ਢੱਕੀਆਂ ਪਰਬਤ ਮਾਲਾਵਾਂ, ਘਣੇ ਜੰਗਲਾਂ, ਕਲ ਕਲ ਵਹਿੰਦੀਆਂ ਅਨੇਕ ਨਦੀਆਂ, ਵਿਸ਼ਾਲ ਹਰੇ ਭਰੇ ਮੈਦਾਨਾਂ, ਦੱਖਣੀ ਪਠਾਰਾਂ, ਡੂੰਘੇ ਸਾਗਰਾਂ ਨਾਲ ਘਿਰੇ ਘਾਟਾਂ ਅਤੇ ਉਪਜਾਊ ਖੇਤਾਂ ਅਤੇ ਹੁਣ ਉਦਯੋਗਿਕ ਸਮੂਹਾਂ ਦੇ ਕਾਰਨ ਪ੍ਰਾਚੀਨ ਤੇ ਆਧੁਨਿਕ ਸਭਿਆਚਾਰਾਂ ਤੇ ਸੰਸਕ੍ਰਿਤੀਆਂ ਦੇ ਸੁੰਦਰ ਸੁਮੇਲ ਕਰਕੇ ਜਾਣਿਆ ਜਾਂਦਾ ਹੈ। ਵਾਸਤਵ ਵਿਚ ਇਹ ਇਕ ਦੇਸ਼ ਨਹੀਂ ਸਗੋਂ ਇਸ ਦੀ ਪਛਾਣ ਵਿਲੱਖਣ ਉਪ-ਮਹਾਂਦੀਪ ਦੇ ਰੂਪ ਵਿਚ ਕੀਤੀ ਜਾਂਦੀ ਹੈ। ਭਾਵੇਂ ਪ੍ਰਾਚੀਨ ਕਾਲ ਵਿਚ ਵੀ ਇਹ ਇਕ ਰਾਸ਼ਟਰ ਦੇ ਰੂਪ ਵਿਚ ਆਪਣੇ ਇਤਿਹਾਸਕ ਗੌਰਵ ਨੂੰ ਸਥਾਪਿਤ ਕਰ ਚੁੱਕਾ ਸੀ ਅਤੇ ਮੱਧਕਾਲ ਵਿਚ ਵੀ ਅਨੇਕ ਉਤਰਾਵਾਂ-ਚੜ੍ਹਾਵਾਂ, ਵਿਦੇਸ਼ੀ ਹੱਲਿਆ ਅਤੇ ਅੰਦਰੂਨੀ ਵਖਰੇਵਿਆਂ ਤੇ ਲੋਕਾਂ ਦੀਆਂ ਭਿੰਨ ਭਿੰਨ ਜਾਤੀਆਂ ਦੇ ਅੰਤਰ ਵਿਰੋਧਾਂ ਕਾਰਨ ਕਈ ਯੁੱਗ ਗਰਦੀਆਂ ਤੇ ਇਤਿਹਾਸਕ ਪਰਿਵਰਤਨਾਂ ਵਿਚੋਂ ਵੀ ਲੰਘਦਾ ਹੋਇਆ ਵਿਦੇਸ਼ੀ ਗੁਲਾਮੀ ਦੇ ਕਈ ਦੌਰਾਂ ਨੂੰ ਆਪਣੇ ਪਿੰਡੇ ਤੇ ਹੰਢਾ ਕੇ ਵਰਤਮਾਨ ਵਿਚ ਇਕ ਆਧੁਨਿਕ ਰਾਸ਼ਟਰ ਵਜੋਂ ਉਭਰ ਰਿਹਾ ਹੈ। ਫਿਰ ਵੀ ਕਈ ਹਜ਼ਾਰਾਂ ਸਾਲਾਂ ਦੇ ਸਮਿਆਂ ਤੋਂ ਇਸ ਮਹਾਨ ਦੇਸ਼ ਦੀ ਆਪਣੀ ਵੱਖਰੀ ਪਛਾਣ ਸਦਾ ਕਾਇਮ ਰਹੀ ਹੈ। ਇਹ ਇਸ ਦੀਆਂ ਭੂਗੋਲਿਕ ਪਰਸਥਿਤੀਆਂ ਦਾ ਕਮਾਲ ਸੀ ਜਾਂ ਇਸ ਵਿਚ ਵੱਸੀਆਂ ਭਿੰਨ ਭਿੰਨ ਮਾਨਵ ਜਾਤੀਆਂ ਦੀ ਅਦੁੱਤੀ ਘਾਲ, ਜਿਸ ਨੇ ਇਸ ਦੇਸ਼ ਨੂੰ ਇਕ ਰਾਸ਼ਟਰ ਦੇ ਤੌਰ ਤੇ ਉਜਾਗਰ ਕੀਤਾ ਅਤੇ ਇਸ ਦੀ ਸ਼ਾਨਦਾਰ ਵਿਰਾਸਤ ਨੂੰ ਆਪਣੀ ਅਧਿਆਤਮਕ ਪ੍ਰਾਪਤੀ ਕਾਰਨ ਇਕ ਬਿਰਧ ਰਿੱਸ਼ੀ ਦੇ ਸਰੂਪ ਵਜੋਂ ਇਸ ਦੇ



Sri Satguru Jagjit Singh Ji Elibrary NamdhariElibrary@gmail.com

ਚਰਿੱਤਰ ਦੀ ਵਿਕਾਸਮਈ ਗਾਥਾਂ ਨੂੰ ਪ੍ਰਮਾਣਿਕਤਾ ਪ੍ਰਦਾਨ ਕੀਤੀ। ਭਾਰਤ ਦਾ ਇਹ ਕਰਮਸ਼ੀਲ ਅਧਿਆਤਮਿਕ ਚਰਿੱਤਰ ਜੋ ਵੈਦਿਕ ਕਾਲ ਤੋਂ ਲੈ ਕੇ ਵਰਤਮਾਨ ਕਾਲ ਤੱਕ ਸਦਾ ਸਥਿਰ ਤੇ ਵਿਕਾਸ ਮੁਖੀ ਪ੍ਰਵਾਹ ਵਿਚ ਨਿਰੰਤਰ ਚਲਦਾ ਆ ਰਿਹਾ ਹੈ। ਸਮੇਂ ਸਮੇਂ ਸਿਰ ਇਸ ਦੀ ਅਧਿਆਤਮਿਕ ਪਰੰਪਰਾ ਨੇ ਭਾਵੇਂ ਅਨੇਕ ਰੰਗ ਵਟਾਏ, ਕਈ ਪ੍ਰਭਾਵ ਗ੍ਰਹਿਣ ਕੀਤੇ ਪਰ ਆਪਣੀ ਸੁਤੰਤਰ ਆਭਾ ਤੇ ਹੋਂਦ ਨੂੰ ਕਾਇਮ ਰੱਖਿਆ। ਇਹੋ ਹੀ ਇਸ ਰਾਸ਼ਟਰ ਦੀ ਮਹਾਨਤਾ ਦਾ ਇਕ ਮਾਤਰ ਚਿੰਨ੍ਹ ਹੈ ਕਿ ਇਸ ਦੇਸ਼ ਦੀ ਪ੍ਰਾਚੀਨਤਮ ਵਿਸ਼ਵ-ਵਿਆਪੀ ਦੇਣ ਨੂੰ ਸੰਸਾਰ ਭਰ ਦਾ ਇਤਿਹਾਸ ਵਰਤਮਾਨ ਕਾਲ ਵਿਚ ਵੀ ਪ੍ਰਵਾਨ ਕਰਦਾ ਹੈ ਅਤੇ ਇਕ ਰਾਸ਼ਟਰ ਅਤੇ ਇਕ ਦੇਸ਼ ਵਜੋਂ ਇਸ ਦਾ ਸਤਿਕਾਰ ਇਸ ਦੇ ਵਿਸ਼ੇਸ਼ ਸੁਭਾ ਤੇ ਚਰਿੱਤਰ ਕਾਰਨ ਅੱਜ ਵੀ ਸਥਾਈ ਤੇ ਸਥਿਰ ਹੈ। ਪੂਰਵ ਦੇ ਦੇਸ਼ਾਂ ਅਰਥਾਤ ਏਸ਼ੀਆ ਮਹਾਂਦੀਪ ਦੇ ਪੂਰਬੀ ਇਤਿਹਾਸਕ ਸੋਮਿਆਂ ਵਿਸ਼ੇਸ਼ ਕਰਕੇ ਇਸ ਦੇ ਸੋਨ ਸੁਨਹਿਰੀ ਅਧਿਆਤਮਕ ਪ੍ਰਕਾਸ਼ ਦੀ ਮਹਿਮਾ ਨੂੰ ਵਿਸ਼ਵ ਭਰ ਵਿਚ ਸਤਿਕਾਰ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਹੈ।

ਵਿਸ਼ਵ ਦੇ ਸਮੁੱਚੇ ਇਤਿਹਾਸ ਵਿਚ ਭਾਰਤ ਵਰਸ਼ ਨੂੰ ਪ੍ਰਾਚੀਨਤਮ ਦੇਸ਼ ਵਜੋਂ ਵੀ ਜਾਣਿਆ ਜਾਂਦਾ ਹੈ, ਜਿੱਥੇ ਮਨੁੱਖੀ ਸਭਿਅਤਾ ਨੇ ਮਨੁੱਖੀ ਇਤਿਹਾਸ ਦੇ ਆਰੰਭਿਕ ਕਾਲਾਂ ਵਿਚ ਹੀ ਆਪਣੇ ਆਪ ਨੂੰ ਪ੍ਰਕਾਸ਼ਮਾਨ ਕਰ ਦਿੱਤਾ ਸੀ ਅਤੇ ਇਕ ਵਿਸ਼ੇਸ਼ ਸਭਿਆਚਾਰ ਤੇ ਸੰਸਕ੍ਰਿਤੀ ਸੰਸਾਰ ਨੂੰ ਦਿੱਤੀ ਸੀ।

ਰਿਗਵੇਦ ਨੂੰ ਸੰਸਾਰ ਦੇ ਪ੍ਰਾਚੀਨਤਮ ਗ੍ਰੰਥਾਂ ਵਜੋਂ ਮਾਨਤਾ ਪ੍ਰਾਪਤ ਹੈ ਅਤੇ ਜਿਸ ਦੇ ਫਲਸਰੂਪ ਭਾਰਤ ਦੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਪ੍ਰਾਚੀਨਤਮ ਸਭਿਅਤਾਵਾਂ ਜਿਵੇਂ ਮਿਸਰ, ਯੂਨਾਨ, ਰੋਮ, ਚੀਨ ਅਤੇ ਹੈਬਰਿਓ ਨਾਲ ਹੀ ਅੰਕਿਤ ਕੀਤਾ ਜਾਂਦਾ ਹੈ।

ਯੂਨਾਨ, ਮਿਸਰ, ਰੋਮਾ ਸਭ ਮਿੱਟ ਚੁੱਕੇ ਜਹਾਂ ਸੇ,
ਬਾਕੀ ਰਹਾ ਹੈ ਅਬ ਤਕ ਨਾਮੋ ਨਿਸ਼ਾਨ ਹਮਾਰਾ।

(ਡਾ. ਮੁਹੰਮਦ ਇਕਬਾਲ)

ਆਰੀਆ ਜਾਤੀ ਦੇ ਆਗਮਨ ਨਾਲ ਇਸ ਦੇਸ਼ ਦਾ ਨਾਮ ਆਰੀਆ ਵਰਤ ਜਾਂ ਬ੍ਰਹਮ ਵਰਤ ਦੇ ਨਾਮ ਨਾਲ ਪ੍ਰਸਿੱਧ ਹੋਇਆ ਪਰ ਭਾਰਤ ਵਿਚ ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਸਪਤ ਸਿੰਧੂ ਜਾਂ ਸਿੰਧ ਘਾਟੀ ਦੀ ਸਭਿਅਤਾ ਤੇ ਸੰਸਕ੍ਰਿਤੀ, ਜਿਸ ਨੂੰ ਦ੍ਰਾਵਿੜ ਸਭਿਅਤਾ ਕਰਕੇ ਜਾਣਿਆ ਜਾਂਦਾ ਹੈ, ਵਧੇਰੇ ਵਿਕਸਤ ਮੰਨੀ ਜਾਂਦੀ ਹੈ।

ਇਸ ਸਭਿਅਤਾ ਦੇ ਖੰਡਰਾਂ ਵਿਚੋਂ ਅੱਜ ਵੀ ਨਾਗਰਿਕ ਜਾਂ ਸ਼ਹਿਰੀ ਸਭਿਅਤਾ ਦੇ ਪ੍ਰਮਾਣ ਮਿਲ ਜਾਂਦੇ ਹਨ। ਇਸ ਪੂਰਵ-ਆਰੀਆ ਸਭਿਅਤਾ ਦੇ



Sri Satguru Jagjit Singh Ji Elibrary NamdhariElibrary@gmail.com

ਚਿੰਨ ਵਧੇਰੇ ਕਰਕੇ ਭਾਰਤ ਦੇ ਉਸ ਭੂ-ਖੰਡ ਵਿਚ ਮਿਲਦੇ ਹਨ ਜਿਨ੍ਹਾਂ ਨੂੰ ਸਿੰਧ ਘਾਟੀ ਦੇ ਖੁੱਲ੍ਹੇ ਤੇ ਹਰੇ ਭਰੇ ਸਰਸਬਜ਼ ਮੈਦਾਨਾਂ ਕਰਕੇ ਜਾਣਿਆ ਜਾਂਦਾ ਹੈ। ਇਥੋਂ ਹੀ ਸਪਤ ਸਿੰਧੂ ਅਰਥਾਤ ਸੱਤਾਂ ਦਰਿਆਵਾਂ ਦੀ ਉਹ ਧਰਤੀ ਸੀ ਜੋ ਪਿਛੋਂ ਪੰਜ-ਨਦ ਅਰਥਾਤ ਪੰਜਾਂ ਦਰਿਆਵਾਂ ਦੇ ਪੰਜਾਬ ਦੇ ਰੂਪ ਵਿਚ ਪ੍ਰਗਟ ਹੋਈ ਮਹਿੰਜੋਦੜੋ ਹੜੱਪਾ, ਰੋਪੜ, ਸੰਗੋਲ ਦੀਆਂ ਪ੍ਰਾਤੱਤਵ ਖੋਜਾਂ ਦੀਆਂ ਲੱਭਤਾਂ ਇਸ ਦਾ ਸਾਖਿਅਤ ਪ੍ਰਮਾਣ ਹਨ। ਸਪਤ ਸਿੰਧੂ ਜਾਂ ਸਿੰਧ ਘਾਟੀ ਦੇ ਮੈਦਾਨਾਂ ਤੋਂ ਪੂਰਵ ਵੱਲ ਭਾਰਤ ਦੇ ਮੱਧ ਭਾਗ ਵਿਚ ਗੰਗਾ ਜਮਨਾ ਦਾ ਵਿਸ਼ਾਲ ਭੂ-ਖੰਡ ਹੈ, ਜਿਸ ਨੇ ਭਾਰਤ ਦੇ ਇਤਿਹਾਸ ਨੂੰ ਕਈ ਸਵਰਨ ਯੁੱਗ ਦਿੱਤੇ ਹਨ। ਦੱਖਣ ਦੇ ਪਠਾਰ ਖੰਡ ਜੋ ਪਿਛੋਂ ਜਾ ਕੇ ਇਤਿਹਾਸ ਦੇ ਗੇੜਾਂ ਤੇ ਕਾਲ ਚੱਕਰਾਂ ਵਿਚ ਦ੍ਰਾਵਿੜ ਸਭਿਅਤਾ ਦਾ ਕੇਂਦਰ ਬਣ ਗਏ ਵਿਚ ਭਾਰਤ ਵਰਸ਼ ਦੀ ਸਭਿਅਤਾ ਨੇ ਕਈ ਸ਼ਾਨਦਾਰ ਇਤਿਹਾਸਕ ਕਾਲ ਖੰਡ ਤੱਕੇ ਹਨ। ਜਿਨ੍ਹਾਂ ਦੀ ਨਿਵੇਕਲੀ ਹੀ ਸ਼ਾਨ ਤੇ ਆਭਾ ਹੈ ਪਰ ਜਿਵੇਂ ਆਪਣੀ ਭੂਗੋਲਿਕ ਪ੍ਰਕ੍ਰਿਤੀ ਕਾਰਨ ਸਮੁੱਚਾ ਭਾਰਤ ਵਰਸ਼ ਇਕ ਅਖੰਡ ਦੇਸ਼ ਹੈ। ਇਸੇ ਤਰ੍ਹਾਂ ਇਸ ਦੇਸ਼ ਦੀ ਸਭਿਆਚਾਰਕ ਤੇ ਇਤਿਹਾਸਕ ਵਿਰਾਸਤ ਵਿਚ ਵੀ ਬੜੀ ਬਲਵਾਨ ਤੇ ਪੀਡੀ ਸਾਂਝ ਮੌਜੂਦ ਹੈ। ਅਨੇਕਤਾ ਵਿਚ ਏਕਤਾ ਭਾਰਤ ਭੂਮੀ ਦਾ ਵਿਸ਼ੇਸ਼ ਗੌਰਵ ਹੈ, ਇਸ ਨੂੰ ਸਾਰੇ ਇਤਿਹਾਸਕਾਰ ਤੇ ਵਿਸ਼ਵ ਭਰ ਦੇ ਚਿੰਤਕ ਸ੍ਵੀਕਾਰ ਕਰਦੇ ਹਨ।

ਭਾਰਤ ਵਰਸ਼ ਨੇ ਆਪਣੀਆਂ ਭੂਗੋਲਿਕ ਸੀਮਾਵਾਂ ਵਿਚ ਰਹਿ ਕੇ ਭਿੰਨ ਭਿੰਨ ਪ੍ਰਕਾਰ ਦੀਆਂ ਜਾਤੀਆਂ, ਨਸਲਾਂ ਦੇ ਲੋਕ ਸਮੂਹਾਂ ਤੇ ਉਨ੍ਹਾਂ ਦੀਆਂ ਵੱਖਰੀਆਂ ਵੱਖਰੀਆਂ ਮਾਨਤਾਵਾਂ ਦੇ ਅਦੁੱਤੀ ਸੁਮੇਲ ਜਾਂ ਤਾਲਮੇਲ ਨੂੰ ਵੇਖਿਆ ਹੈ। ਆਰੀਆ ਜਾਤੀ ਤੋਂ ਬਿਨਾਂ ਯੂਨਾਨ ਹੁਨ, ਕੁਸ਼ਾਣ ਸ਼ਕ ਤੁਰਕ, ਮੰਗੋਲ ਅਤੇ ਅਰਬ ਆਦਿ। ਕਈ ਜਾਤੀਆਂ ਦੇ ਲੋਕ ਸਮੂਹਾਂ ਦਾ ਪ੍ਰਵੇਸ਼ ਸਮੇਂ ਸਮੇਂ ਸਿਰ ਇਸ ਦੇਸ਼ ਵਿਚ ਕਦੀ ਹਮਲਾਵਰਾਂ, ਕਦੀ ਤਾਜਰਾਂ ਤੇ ਸੌਦਾਗਰਾਂ ਤੇ ਕਦੀ ਧਰਮ ਪ੍ਰਚਾਰਕਾਂ ਤੇ ਸੈਲਾਨੀਆਂ ਦੇ ਰੂਪ ਵਿਚ ਹੁੰਦਾ ਰਿਹਾ ਹੈ।

ਭਾਰਤ ਦੀ ਇਸ ਰਿਸ਼ੀ ਭੂਮੀ ਨੇ ਸਭ ਨੂੰ ਆਪਣੇ ਵਿਚ ਸਮੋ ਲਿਆ ਅਤੇ ਵੱਖ ਵੱਖ ਸਭਿਅਤਾਵਾਂ, ਜਾਤੀਆਂ, ਨਸਲਾਂ ਤੇ ਧਰਮਾਂ ਦਾ ਇੱਥੇ ਸੰਗਮ ਬਣ ਗਿਆ। ਜਿਵੇਂ ਸਾਗਰ ਵਿਚ ਆ ਕੇ ਕਈ ਨਦੀਆਂ ਸਮਾ ਜਾਂਦੀਆਂ ਹਨ, ਤਿਵੇਂ ਹੀ ਵੱਖ ਵੱਖ ਇਤਿਹਾਸਕ ਕਾਲਾਂ ਵਿਚ ਵਿਦੇਸ਼ਾਂ ਤੋਂ ਜੋ ਜਨ ਸਮੂਹ ਇੱਥੇ ਉੱਤਰ ਪੱਛਮੀ ਦਿਸ਼ਾ ਵਲੋਂ ਜਾਂ ਸਮੁੰਦਰੀ ਮਾਰਗਾਂ ਰਾਹੀਂ ਆਏ ਉਨ੍ਹਾਂ ਸਭ ਨੂੰ ਇਸ ਦੇਸ਼ ਦੇ ਵਿਸ਼ਾਲ ਹਿਰਦੇ ਨੇ ਆਪਣੇ ਵਿਚ ਸਮੋ ਲਿਆ। ਇਤਿਹਾਸਕ ਤੇ ਰਾਜਨੀਤਿਕ ਕਾਰਨਾਂ ਸਦਕਾ ਭਾਰਤ ਦੇ ਇਤਿਹਾਸ ਵਿਚ ਕਈ ਯੁੱਗ ਗਰਦੀਆਂ ਵਾਪਰੀਆਂ ਤੇ ਕਈ ਉਤਰਾ-ਚੜ੍ਹਾਅ ਆਏ ਤੇ ਕਈ ਰਾਜਵੰਸ਼ਾਂ



Sri Satguru Jagjit Singh Ji Elibrary NamdhariElibrary@gmail.com

ਬਦਲੀਆਂ ਅਤੇ ਇੱਥੋਂ ਦੇ ਲੋਕਾਂ ਨੂੰ ਜ਼ਾਬਰਾਂ ਦੇ ਜ਼ੁਲਮ ਵੀ ਸਹਿਣੇ ਪਏ ਪਰ ਜੇ ਇਸ ਉਪਰਲੀ ਸਤਾ ਦੇ ਉਛਾੜ ਨੂੰ ਲਾਹ ਕੇ ਦੇਖੀਏ ਤਾਂ ਹੇਠੋਂ ਇਸ ਦੇਸ਼ ਦੇ ਵਾਸਤਵਿਕ ਸਰੂਪ ਦੇ ਦਿਗ ਦਰਸ਼ਨ ਵੀ ਜ਼ਰੂਰ ਹੋ ਜਾਂਦੇ ਹਨ। ਇਹੋ ਕਾਰਨ ਹੈ ਕਿ ਇਸ ਬਹੁ-ਜਾਤੀ-ਬਹੁ ਨਸਲੀ, ਬਹੁ ਭਾਸ਼ਾਈ, ਬਹੁ-ਕੌਮੀ, ਬਹੁ-ਧਰਮੀ, ਬਹੁ ਰਾਸ਼ਟਰੀਅਤਾ ਦੇ ਹੁੰਦਿਆਂ ਹੋਇਆਂ ਵੀ ਇਸ ਮਹਾਨ ਦੇਸ਼ ਦੇ ਅਖੰਡ ਵਿਅਕਤੀਤਵ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਜਿਸ ਕਿਸੇ ਨੇ ਵੀ ਭਾਰਤ ਦੇ ਇਤਿਹਾਸਕ ਗੌਰਵ ਨੂੰ ਜਾਣਨ ਦਾ ਜਤਨ ਕਰਨਾ ਹੈ, ਉਸ ਨੂੰ ਅਸਲੀ ਭਾਰਤ ਦੇ ਇਸ ਅਖੰਡ ਸਰੂਪ ਵਿਚੋਂ ਹੀ ਇਸ ਦੇ ਇਤਿਹਾਸਕ ਗੌਰਵ ਦਾ ਥਹੁ ਪਤਾ ਲੱਗ ਸਕੇਗਾ।

ਭਾਰਤ ਦੇ ਇਤਿਹਾਸ ਨੂੰ ਭਾਵੇਂ ਇਤਿਹਾਸਕਾਰਾਂ ਨੇ ਇਸ਼ ਦੀ ਵੰਡ ਤਿੰਨ ਕਾਲਾਂ ਪ੍ਰਾਚੀਨ ਕਾਲ, ਮੱਧਕਾਲ ਤੇ ਆਧੁਨਿਕ ਕਾਲ ਦੇ ਰੂਪ ਵਿਚ ਕੀਤੀ ਹੈ ਪਰ ਜੇ ਕਿਸੇ ਨੇ ਇਸ ਦੇ ਵਾਸਤਵਿਕ ਇਤਿਹਾਸ ਨੂੰ ਜਾਣਨਾ ਹੈ ਤਾਂ ਇਨ੍ਹਾਂ ਤਿੰਨ੍ਹਾਂ ਵਿਸ਼ੇਸ਼ ਕਾਲ ਖੰਡਾਂ ਵਿਚ ਇਕ ਵਿਸ਼ਸ਼ਟ ਮਾਨਵੀ ਚਿੰਤਨ, ਕਲਾ ਤੇ ਸੰਸਕ੍ਰਿਤੀ ਦਾ ਨਿਰੰਤਰ ਪ੍ਰਵਾਹ ਵੇਖਿਆ ਜਾ ਸਕਦਾ ਹੈ। ਇਹ ਗੌਰਵ ਇਸ ਦੇ ਧਾਰਮਿਕ ਪਿਛੋਕੜ ਤੇ ਅਧਿਆਤਮਕ ਸੰਸਕ੍ਰਿਤੀ ਦੇ ਮਾਨਵੀ ਮਾਪ ਦੰਡਾਂ ਨੂੰ ਪ੍ਰਾਪਤ ਹੈ ਕਿ ਇਸ ਰਿਸ਼ੀ ਵਰ ਦੀ ਸਹਿਜ ਸ਼ਾਂਤੀ ਤੇ ਕਰਮਸ਼ੀਲਤਾ ਵਿਚ ਵੱਡੀਆਂ ਵੱਡੀਆਂ ਇਤਿਹਾਸਕ ਯੁੱਗ ਗਰਦੀਆਂ ਤੇ ਦਿੱਲ ਹਿਲਾ ਦੇਣ ਵਾਲੀਆਂ ਕ੍ਰਾਂਤੀਆਂ ਨੇ ਵੀ ਕਦੀ ਭੁੰਗ ਨਹੀਂ ਪੈਣ ਦਿੱਤਾ। ਇਸ ਮਾਨਵੀ, ਧਰਮ ਪਰਾਇਣ ਸੰਸਕ੍ਰਿਤੀ ਦੀ ਵੱਡੀ ਵਿਸ਼ੇਸ਼ਤਾ ਵਸੂ ਦੇਵ ਕੁਟੰਭਤਮ ਦੀ ਸੀ, ਜਿਸ ਦਾ ਭਾਵ ਇਹ ਸੀ-ਇਸ ਵਿਸ਼ਵ ਵਿਚ ਜੋ ਵੀ ਮਨੁੱਖ ਮਾਤਰ ਜੀਵ-ਜੰਤ ਅਤੇ ਸਗਲ ਬਨਸਪਤੀ ਆਦਿ ਦ੍ਰਿਸ਼ਟਮਾਨ ਹੈ। ਉਹ ਸਭ ਇਕੋ ਰੱਬੀ ਪਰਿਵਾਰ ਜਾਂ ਅਕਾਲ ਪੁਰਖ ਦੀ ਜੋਤ ਦਾ ਅੰਗ ਹੈ। ਅੱਜ ਦਾ ਵਿਸ਼ਵ ਵੀ ਇਸੇ ਵਸੂਦੇਵ ਕੁਟੰਭਤਮ ਦੇ ਲਕਸ਼ਾਂ ਨੂੰ ਅਪਨਾ ਰਿਹਾ ਹੈ, ਭਾਵੇਂ ਇਸ ਵਿਚ ਕਈ ਰੋਕਾਂ ਹਨ ਪਰ ਵਿਸ਼ਵ ਭਰ ਦੀ ਮਨੁੱਖਤਾ ਦੇ ਵਿਕਾਸ ਦਾ ਇਹੋ ਹੀ ਇਕੋ ਇਕ ਮਾਰਗ ਹੈ।

ਇਸ ਵਿਸ਼ਾਲ ਭਾਰਤ-ਉਪ ਮਹਾਂਦੀਪ ਦੇ ਇਤਿਹਾਸ ਦਾ ਗੌਰਵਮਈ ਵਿਰਸਾ ਦੂਰ ਅਤੀਤ ਤੋਂ ਲੈ ਕੇ ਅੱਜ ਦੇ ਵਰਤਮਾਨ ਤੱਕ ਅਨੇਕ ਇਤਿਹਾਸਕ ਕਾਲ ਖੰਡਾਂ ਤੇ ਭੌਤਿਕ ਸਭਿਅਤਾਵਾਂ ਦੀਆਂ ਪਰਤਾਂ ਥਲੇ ਦਬਿਆ ਹੋਇਆ ਹੈ, ਜਿਸ ਬਾਰੇ ਸੰਸਾਰ ਭਰ ਦੇ ਪ੍ਰਮੁੱਖ ਵਿਦੇਸ਼ੀ ਤੇ ਸੁਦੇਸ਼ੀ ਚਿੰਤਕਾਂ, ਇਤਿਹਾਸ ਖੋਜੀਆਂ, ਸਮਾਜ ਸ਼ਾਸਤਰੀਆਂ ਅਤੇ ਰਾਜਨੀਤਿਕ ਪੰਡਤਾਂ ਨੇ ਵਿਭਿੰਨ ਦ੍ਰਿਸ਼ਟੀਕੋਨਾਂ ਤੋਂ ਬਹੁ-ਭਾਂਤੀ ਟਿੱਪਣੀਆਂ ਕੀਤੀਆਂ ਹਨ। ਇਤਿਹਾਸ ਦੇ ਹਜ਼ਾਰਾਂ ਸਾਲਾਂ ਦੇ ਕਾਲ ਚੱਕਰਾਂ ਵਿਚ ਕਈ ਸੁਨਹਿਰੀ ਯੁੱਗ ਤੇ ਕਈ ਹਨੇਰੇ ਯੁੱਗ



Sri Satguru Jagjit Singh Ji Elibrary NamdhariElibrary@gmail.com

ਆਏ, ਕਈ ਅਮਨ ਦੇ ਯੁੱਗ ਵੀ ਤੇ ਕਈ ਯੁੱਗ ਗਰਦੀਆਂ ਦੇ ਤੂਫਾਨਾ ਦੇ ਵੀ-ਪਰ ਜਿਹੜਾ ਮਾਨਵੀ ਪ੍ਰਕਾਸ਼ ਤੇ ਸਰਵੋਤਮ ਮਾਨਵਤਾਵਾਦੀ ਧਰਮਾਚਾਰ ਇਸ ਦੇਸ਼ ਦੀ ਰਾਸ ਪੂੰਜੀ ਜਾਂ ਮੁੜ੍ਹੀ ਹੈ, ਉਸ ਦਾ ਸਰੂਪ ਸਦਾ ਸਜਿੰਦ ਹਰਿਆ ਭਰਿਆ ਅਤੇ ਸਮਾਜ ਵਿਗਿਆਨਕ ਅਰਥਾਂ ਵਿਚ ਗਤੀਸ਼ੀਲ ਸੁਭਾ ਵਾਲਾ ਹੈ। ਇਹ ਨਿਰੰਤਰ ਰੂਪ ਦੀ ਸਾਮਾਜਿਕ ਵਿਕਾਸ ਦੀ ਕਰਮਸ਼ੀਲਤਾ ਹੀ ਇਸ ਦੇਸ਼ ਦੇ ਬਿਰਧ ਜਾਂ ਸੰਬਿਰਧ ਹੋਣ ਦਾ ਇਕ ਮਾਤਰ ਉਹ ਚਿੰਨ ਜਾਂ ਪ੍ਰਤੀਕ ਹੈ ਜਿਸ ਵਿਚੋਂ ਭਾਰਤ ਦੇ ਰਾਸ਼ਟਰੀ ਸਰੂਪ ਦੇ ਚਿਹਨ ਚੱਕਰ ਪ੍ਰਤੱਖ ਰੂਪ ਵਿਚ ਝੱਲਕਦੇ ਹੋਏ ਢੂੰਡੇ ਜਾਂ ਵੇਖੇ ਜਾ ਸਕਦੇ ਹਨ।

ਭਾਰਤ ਵਰਸ਼ ਦਾ ਇਤਿਹਾਸ ਕਈ ਸਹੰਸਰਾਂ ਦੀ ਕਾਲ ਗਾਥਾ ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਪ੍ਰਾਚੀਨ ਕਬੀਲਾਦਾਰੀ ਯੁੱਗ ਤੋਂ ਲੈ ਕੇ ਵਣ ਸਭਿਅਤਾ, ਪੱਥਰ ਯੁੱਗ, ਧਾਤ ਯੁੱਗ, ਕ੍ਰਿਸ਼ੀ ਯੁੱਗ ਅਤੇ ਵਰਤਮਾਨ ਉਦਯੋਗਿਕ ਯੁੱਗ ਦੀਆਂ ਇਤਿਹਾਸਕ ਪਦਾਰਥਵਾਦੀ ਸਰੋਤ ਸਮੱਗਰੀਆਂ ਨੂੰ ਆਪਣੀ ਬੁੱਕਲ ਵਿਚ ਸਮੋਈ ਬੈਠਾ ਹੈ। ਇਹ ਰਿਸ਼ੀਵਰ ਸਾਧ ਧੌਲਾ ਧਾਰ ਦੀਆਂ ਸਫੇਦ ਬਰਫਾਂ ਨੂੰ ਆਪਣੇ ਕੇਸ਼ਾਂ ਵਿਚ ਸਮਾਈ, ਹਰੇ ਭਰੇ ਮੈਦਾਨਾਂ ਦੇ ਰੰਗ ਬਰੰਗੇ ਬਸਤਰ ਪਹਿਣ ਅਨੇਕ ਚਾਂਦੀ ਰੰਗੀਆਂ ਨਦੀਆਂ ਦੇ ਪ੍ਰਵਾਹ ਨੂੰ ਆਪਣੇ ਪਿੰਡੇ ਦੀਆਂ ਨਾੜਾਂ ਸਮਾਣ ਸਾਂਭੀ ਦੱਖਣ ਦੇ ਡੂੰਘੇ ਹਿੰਦ ਸਾਗਰ ਤਕ ਆਪਣੀਆਂ ਲੱਤਾਂ ਤੇ ਬਾਹਾਂ ਪਸਾਰੀ ਬੈਠਾ ਹੈ। ਪੰਜਾਬ ਦੇ ਇਕ ਮਹਾਂਰਿਸ਼ੀ ਸੁਆਮੀ ਰਾਮ ਤੀਰਥ ਜੀ ਨੇ ਸੱਚ ਹੀ ਕਿਹਾ ਸੀ ਕਿ ਮੇਰਾ ਸਰੀਰ ਤਾਂ ਸਾਰਾ ਹਿੰਦੁਸਤਾਨ ਹੈ, ਹਿਮਾਲਾ ਪਰਬਤ ਦੀਆਂ ਚੋਟੀਆਂ ਨੂੰ ਸਰਾਣਾ ਬਣਾਈ ਮੈਂ ਦੱਖਣੀ ਹਿੰਦ ਮਹਾਂਸਾਗਰ ਤਕ ਫੈਲਿਆ ਹੋਇਆ ਹਾਂ, ਇਹ ਸਾਰਾ ਮੇਰਾ ਹੀ ਸਰੀਰ ਹੈ।

ਇਸ ਮਹਾਨ ਦੇਸ਼ ਦੇ 28 ਪ੍ਰਦੇਸ਼ਾਂ ਤੇ ਕੇਂਦਰ ਅਧੀਨ ਭੂ-ਖੰਡਾਂ ਦੇ ਉੱਤਰ ਪੱਛਮੀ ਭਾਗ ਅਰਥਾਤ ਪੰਜਾਬ ਪ੍ਰਦੇਸ਼ ਦੀ ਇਤਿਹਾਸਕ ਗਾਥਾ ਦਾ ਅਧਿਐਨ ਵੀ ਇਤਿਹਾਸ ਦਾ ਅਤਿ ਰੌਚਕ ਵਿਸ਼ਾ ਹੈ। ਭਾਵੇਂ ਪੰਜਾਬ ਵਿਚ ਪੂਰਬ ਆਰੀਆ ਸਭਿਅਤਾ ਤੋਂ ਲੈ ਕੇ ਆਰੀਆ ਜਾਤੀ ਦੀ ਸਭਿਅਤਾ ਅਤੇ ਇਸ ਤੋਂ ਪਿਛੋਂ ਦੇ ਇਤਿਹਾਸਕ ਕਾਲਾਂ ਦੇ ਉਤਰਾਵਾਂ ਚੜ੍ਹਾਵਾਂ ਵਿਚ ਕਈ ਵਿਸ਼ੇਸ਼ ਇਤਿਹਾਸਕ ਯੁੱਗਾਂ ਦਾ ਬੋਧ ਹੁੰਦਾ ਹੈ ਅਤੇ ਪ੍ਰਾਚੀਨ ਮੱਧ ਕਾਲੀਨ ਪੰਜਾਬ ਦੇ ਇਤਿਹਾਸਕ ਪੱਤਰੇ ਕਈ ਚਮਕਦੇ ਬਿੰਦੂਆਂ ਤੇ ਖੂਨੀ ਧਭਿਆਂ ਨਾਲ ਅੱਟੇ ਪਏ ਹਨ ਪਰ ਵਰਤਮਾਨ ਪੰਜਾਬ ਦਾ ਅਸਲੀ ਚਿਹਰਾ ਮੋਹਰਾ ਸਿੱਖ ਗੁਰੂ ਸਾਹਿਬਾਨ ਨੇ ਹੀ ਨਿਖਾਰਿਆ ਸੰਵਾਰਿਆ ਤੇ ਇਸ ਨੂੰ ਸ਼ਕਤੀਸ਼ਾਲੀ ਅਕਾਰ ਤੇ ਕਿਰਦਾਰ ਪ੍ਰਦਾਨ ਕੀਤਾ ਹੈ। 20ਵੀਂ ਸਦੀ ਦੇ ਮਹਾਨ ਪੂਰਬੀ ਸਿੱਖ ਚਿੰਤਕ ਪ੍ਰੋ. ਪੂਰਨ ਸਿੰਘ ਜੋ ਬੰਗਾਲ ਦੇ ਰਬਿੰਦਰ ਨਾਥ ਟੈਗੋਰ ਅਤੇ ਪੰਜਾਬ ਦੇ ਮਹਾਨ ਪੂਰਬੀ ਕਵੀ ਤੇ



Sri Satguru Jagjit Singh Ji Elibrary NamdhariElibrary@gmail.com

ਚਿੰਤਕ ਡਾ. ਮੁਹੰਮਦ ਇਕਬਾਲ ਦਾ ਸਮਕਾਲੀ ਸੀ, ਨੇ ਸੱਚ ਹੀ ਕਿਹਾ ਹੈ :

[1]*ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਜਿਉਂਦਾ ਗੁਰੂ ਦੇ ਨਾਮ 'ਤੇ
ਤੇ ਪੰਜਾਬ ਦੇ ਨੌਜਵਾਨਾਂ ਬਾਰੇ ਉਹ ਕਹਿੰਦਾ ਹੈ :
ਇਹ ਬੇਪ੍ਰਵਾਹ ਜਵਾਨ ਪੰਜਾਬ ਦੇ
ਮੌਤ ਨੂੰ ਮਖੌਲਾਂ ਕਰਨ
ਪਿਆਰ ਨਾਲ ਇਹ ਕਰਨ ਗੁਲਾਮੀ
ਪਰ ਟੈਂ ਨਾ ਮੰਨਣ ਕਿਸੇ ਦੀ

ਇਸੇ ਮਹਾਂਕਵੀ ਦੇ ਕਥਨ ਅਨੁਸਾਰ ਪੰਜਾਬ ਵਿਚ ਗੁਰੂ ਸਾਹਿਬਾਨ ਦੀ ਮਿਹਰ ਦੀ ਨਿਗ਼ਾ ਰਾਹੀਂ ਸੁਤੰਤਰਤਾ ਦਾ ਪ੍ਰਵਾਹ ਚਲ ਪਿਆ। ਸ੍ਰੀ ਗੁਰੂ ਨਾਨਕ ਦੇਵ ਜੀ ਜੋ ਵਰਤਮਾਨ ਪੰਜਾਬ ਦੇ ਅਸਲੀ ਅਰਥਾਂ ਵਿਚ ਬਾਨੀ ਹਨ, ਦੇ 'ਜਪੁ' ਜੀ ਸਾਹਿਬ ਦੇ ਮੂਲ ਮੰਤਰ ਵਿਚ ਅੰਕਿਤ 'ਪਦ' 'ਨਿਰਭਉ' ਤੇ 'ਨਿਰਵੈਰ' ਪੰਜਾਬ ਦੀ ਕੌਮੀ ਆਭਾ ਨੂੰ ਸੱਚੇ ਅਰਥਾਂ ਵਿਚ ਮੂਰਤੀਮਾਨ ਕਰਨ ਵਾਲੇ ਮਹਾਨ ਚਮਕਦੇ ਦੋ ਅਮੋਲਕ ਰਤਨ ਹਨ। ਇਹ ਨਿਰਭਉ ਤੇ ਨਿਰਵੈਰ ਰਹਿਣ ਦੀ ਅਧਿਆਤਮਕ ਪਰੰਪਰਾ ਨੂੰ ਹੀ ਪੰਜਾਬ ਦੇ ਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾਇਆ ਅਤੇ 'ਨਾ ਕੋਈ ਵੈਰੀ ਨਾਹਿ ਬਗਾਨਾ, ਸਗਲ ਸੰਗ ਹਮ ਕੋ ਬਨਆਈ' ਦਾ ਮਹਾਨ ਸੰਦੇਸ਼ ਸਾਰੀ ਮਨੁੱਖ ਜਾਤੀ ਨੂੰ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ 'ਭੈ ਕਾਹੂ ਕੋ ਦੇਤ ਨੈ, ਨੈ ਭੈ ਮਾਨਤ ਆਨ' ਵਿਚ ਸਾਰੀ ਮਨੁੱਖਤਾ ਦੀ ਸੁਤੰਤਰਤਾ ਦਾ ਸੂਤਰਪਾਤ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਪੰਜਾਬ ਦੇ ਜੰਮਪਲ ਤੇ ਪਾਕਪਟਨ ਵਿਚ ਵਿਚਰੇ ਮਹਾਨ ਸੂਫ਼ੀ ਦਰਵੇਸ਼ ਬਾਬਾ ਫ਼ਰੀਦ ਸ਼ਕਰਗੰਜ ਨੇ ਆਪਣੇ ਇਕ ਸਲੋਕ

[2]*ਫਰੀਦਾ ਬਾਰਿ ਪਰਾਏ ਬੈਸਣਾ, ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈਂ ਰਖਸੀ, ਜੀਉ ਸਰੀਰਹੁ ਲੇਹਿ॥

ਦੁਆਰਾ ਮਨੁੱਖੀ ਸੁਤੰਤਰਤਾ ਦੇ ਪਾਠ ਨੂੰ ਹੀ ਪੜ੍ਹਾਇਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅਨੇਕ ਹੈਂ ਫਿਰ ਏਕ ਹੈਂ' ਦੇ ਗੁਰੂ ਵਾਕ ਦੁਆਰਾ ਜਿੱਥੇ ਬ੍ਰਹਿਮੰਡੀ ਏਕਤਾ ਵੱਲ ਸੰਕੇਤ ਕੀਤਾ ਅਤੇ ਪਸਰੀ ਬਹੁਰੰਗੀ ਖੇਡ ਨੂੰ ਇਕੋ ਅਕਾਲ ਪੁਰਖੀ ਮਾਲਾ ਦੇ ਮਣਕੇ ਦੱਸਿਆ ਉਥੇ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਵੋ ਰਾਹੀ ਵਿਸ਼ਵ ਵਿਆਪੀ ਮਾਨਵੀ ਭਾਈਚਾਰੇ ਦੇ ਭਵਿੱਖਆਰਥੀ ਮਾਰਗ ਨੂੰ ਸਦਾ ਸਦਾ ਲਈ ਨਿਰਧਾਰਤ ਕਰ ਦਿੱਤਾ।

---

[1]* ਪ੍ਰੋ. ਪੂਰਨ ਸਿੰਘ, ਖੁੱਲ੍ਹੇ ਮੈਦਾਨ।

[2]* ਸਲੋਕ ਬਾਬਾ ਫਰੀਦ ਜੀ ਦੇ, ਆਦਿ ਗ੍ਰੰਥ, ਪੰਨਾ 1380



Sri Satguru Jagjit Singh Ji Elibrary NamdhariElibrary@gmail.com

ਗੁਰੂ ਸਾਹਿਬਾਨ ਵੱਲੋਂ ਦੱਸੇ ਗਏ ਗੁਰਮਤਿ ਮਾਰਗ ਵਿਚ ਇਸੇ ਮਾਨਵਵਾਦੀ ਅਧਿਆਤਮਕ ਸੰਦੇਸ਼ ਨੂੰ ਵਿਅਕਤੀਗਤ ਅਮਲੀ ਜੀਵਨ, ਇਤਿਹਾਸਕ ਘਟਨਾਵਾਂ ਤੇ ਸੇਵਾ ਤੇ ਉਪਕਾਰ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਸ਼ਹੀਦਾਂ ਮੁਰੀਦਾਂ ਦੇ ਆਚੰਭਿਤ ਕਰ ਦੇਣ ਵਾਲੇ ਲਾਜਵਾਬ ਕੌਤਕਾਂ ਰਾਹੀਂ ਮਨੁੱਖਤਾ ਦੇ ਵਿਸ਼ਵ ਭਾਈਚਾਰੇ ਲਈ ਸਦਾ ਸਥਿਰ ਜੀਵਨ ਪੰਧ ਨੂੰ ਉਜਿਆਰ ਦਿੱਤਾ। ਗੁਰੂ ਨਾਨਕ ਦਾ ਮਾਰਗ ਕੇਵਲ ਮੱਧਕਾਲ ਦੀਆਂ ਸੀਮਾਵਾਂ ਤਕ ਸੀਮਤ ਰਹਿਣ ਵਾਲੀ ਜੀਵਨ ਜੁਕਤ ਨਹੀਂ ਸਗੋਂ ਇਹ ਤਾਂ ਸਦੀਆਂ ਤਕ ਕਾਇਮ ਦਾਇਮ ਰਹਿਣ ਵਾਲੀ ਉਹ ਸੁਤੰਤਰ ਪਾਤਸ਼ਾਹੀ ਹੈ ਜਿਸ ਵਿਚ ਨਾ ਕੋਈ ਊਚ-ਨੀਚ ਦਾ ਬੰਧਨ ਹੈ, ਨਾ ਵਰਨ ਜਾਤ ਦਾ ਭੇਦ-ਭਾਵ ਅਤੇ ਨਾ ਹੀ ਕੋਈ ਹੋਰ ਆਪੋ ਸਹੇੜੇ ਸਾਮਾਜਿਕ ਘੇਰੇ ਦੀ ਸੌੜੀ ਵਲਗਣ ਹੈ। ਇਹ ਤਾਂ ਸਰਵ ਕਾਲਾਂ ਤਕ ਚੱਲਣ ਵਾਲਾ ਚਿਰੰਜੀਵਤਾ ਵਾਲੀ ਜੀਵਨ ਜੁਕਤ ਹੈ ਜੋ ਨਾ ਕੇਵਲ ਸਾਰੀ ਮਨੁੱਖਤਾ ਨੂੰ ਹੀ ਸਗੋਂ ਸਾਰੀ ਗਤ ਮਿਤ ਨੂੰ ਹੀ ਮੂਲ ਮੰਤਰ ਦੇ ਅੰਕ (੧) ਨਾਲ ਜੋੜ ਦਿੰਦੀ ਹੈ। ਗੁਰੂ ਸਾਹਿਬਾਨ ਦੇ ਇਸ ਏਕਤਾਵਾਦੀ ਚਿੰਤਨ ਦੇ ਅਧਾਰ ਉੱਤੇ ਹੀ ਸਿੱਖ ਇਤਿਹਾਸ ਦੀ ਉਚਿਤ ਪਛਾਣ ਕੀਤੀ ਜਾ ਸਕਦੀ ਹੈ। ਇਸ ਪੁਸਤਕ ਵਿਚ ਵਰਣਨ ਕੀਤਾ ਜਾ ਰਿਹਾ ਗੁਰ ਇਤਿਹਾਸ ਮੂਲ ਰੂਪ ਵਿਚ ਗੁਰੂ ਸਾਹਿਬਾਨ ਦੇ ਇਨ੍ਹਾਂ ਮੂਲ ਸਿਧਾਂਤਾਂ ਜੋ ਗੁਰਮਤਿ ਦਾ ਧੁਰਾ ਹਨ ਦੀ ਵਿਆਖਿਆ ਕਰਦਾ ਦ੍ਰਿਸ਼ਟੀਗੋਚਰ ਹੋਵੇਗਾ। ਗੁਰੂ ਨਾਨਕ ਸਾਹਿਬ ਦੇ ਮੂਲ ਮੰਤਰ ਦੇ ਅੰਤਿਮ 'ਪਦ' ਗੁਰੂ ਪ੍ਰਸਾਦਿ ਗੁਰੂ ਨਾਨਕ ਦਰਸ਼ਨ ਦਾ ਮੁੱਖ ਸੰਕਲਪ ਹਨ, ਜਿਸ ਦਾ ਸਿੱਧੇ ਸਾਦੇ ਅਤੇ ਸਪਸ਼ਟ ਰੂਪ ਵਿਚ ਭਾਵ ਇਹ ਹੀ ਹੈ ਕਿ ਜੋ ਕੁਝ ਵੀ ਕਿਸੇ ਵਿਅਕਤੀ, ਸਮਾਜ ਜਾਂ ਸੰਸਥਾ ਨੇ ਪ੍ਰਾਪਤ ਕਰਨਾ ਹੈ ਉਹ ਸਭ ਪਰਮੇਸ਼ਵਰ ਦੇ ਨਦਰ ਕਰਮ ਜਾਂ ਉਸ ਦੇ ਸਰਗੁਣ ਸਰੂਪ ਗੁਰੂ ਦੀ ਕਿਰਪਾ ਰਾਹੀਂ ਹੀ ਪ੍ਰਾਪਤ ਹੋਣਾ ਹੈ। ਇਸੇ ਲਈ ਇਸ ਇਤਿਹਾਸਕ ਰਚਨਾ ਦੇ ਦੋਵੇਂ ਪੱਖ ਇਕ ਦੂਜੇ ਦੇ ਪੂਰਕ ਹਨ ਅਰਥਾਤ ਨਾਮਧਾਰੀ ਗੁਰ ਇਤਿਹਾਸ ਅਤੇ ਤਵਾਰੀਖ ਸੰਤ ਖਾਲਸਾ ਜੀ ਕੀ ਇਤਿਹਾਸ ਦੀ ਦ੍ਰਿਸ਼ਟੀ ਤੋਂ ਇਕ ਦੂਜੇ ਦੇ ਪੂਰਕ ਹਨ। ਗੁਰੂ ਵਿਅਕਤੀ ਇਸ ਦੇ ਕੇਂਦਰ ਬਿੰਦੂ ਹਨ ਅਤੇ ਉਨ੍ਹਾਂ ਦੇ ਪੈਰੋਕਾਰ ਸਿੱਖ, ਭਗਤ, ਸਾਧੰ, ਸੰਤ, ਬ੍ਰਹਮ ਗਿਆਨੀ, ਖਾਲਸਾ ਜਾਂ ਨਾਮਧਾਰੀ, ਕੂਕੇ ਸਭ ਇਸ ਕੇਂਦਰੀ ਸਰੋਤ ਅਰਥਾਤ ਗੁਰੂ ਜੀ ਦੀ ਪਾਵਨ ਸ਼ਖਸੀਅਤ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ-ਕਰਤੱਵ ਨਿਭਾਉਂਦੇ ਹਨ ਭਾਵੇਂ ਨਿੱਜੀ ਜੀਵਨ ਹੋਵੇ, ਭਾਵੇਂ ਪਰਵਾਰਿਕ ਤੇ ਭਾਈਚਾਰਕ ਜੀਵਨ ਦਾ ਕੋਈ ਪੱਖ ਜਾਂ ਕੋਈ ਇਤਿਹਾਸਕ ਸੰਘਰਸ਼ ਜਾਂ ਕੌਮੀ ਲਹਿਰ ਗੁਰੂ ਦਾ ਸਿੱਖ ਸਦਾ ਗੁਰੂ ਤੋਂ ਹੀ ਅਗਵਾਈ ਪ੍ਰਾਪਤ ਕਰਦਾ ਹੈ। ਇਸ ਲਈ ਗੁਰੂ ਦਾ ਸ਼ਬਦ ਜਾਂ ਸੰਦੇਸ਼ ਜਿਸ ਦਾ ਸਿੱਖ ਧਰਮ ਕੋਲ ਬਹੁਮੁੱਲਾ



Sri Satguru Jagjit Singh Ji Elibrary NamdhariElibrary@gmail.com

ਭੰਡਾਰ ਹੈ ਅਤੇ ਗੁਰੂ ਸਾਹਿਬਾਨ ਨੇ ਇਸ ਭੰਡਾਰ ਦੀਆਂ ਬਹੁਮੁੱਲੀਆਂ ਵਸਤਾਂ ਨੂੰ ਉਦਾਰਤਾ ਪੂਰਵਕ ਆਪਣੇ ਹਿਰਦੇ ਦੇ ਮਾਨਵੀ ਪ੍ਰੇਮ ਦੁਆਰਾ ਖੁੱਲ੍ਹ ਦਿਲੀ ਨਾਲ ਵੰਡਿਆ ਹੈ। ਇਹੋ ਹੀ ਗੁਰ ਇਤਿਹਾਸ ਜਾਂ ਖਾਲਸੇ ਦੇ ਇਤਿਹਾਸ ਦੀ ਪ੍ਰੇਰਨਾ ਸ਼ਕਤੀ ਸਿੱਧ ਹੋਈ ਹੈ। ਇਸੇ ਦੀ ਨਿਸ਼ਾਨ ਦੇਹੀ ਤੇ ਮੂਲ ਪਛਾਣ ਕਰਨੀ ਹੀ ਇਸ ਇਤਿਹਾਸਕ ਰਚਨਾ ਦਾ ਮੁੱਖ ਲਕਸ਼ ਹੈ।

### ਇਤਿਹਾਸ ਦਾ ਨਾਮਕਰਨ

ਇਤਿਹਾਸ ਦੀ ਇਸ ਪੁਸਤਕ ਦਾ ਨਾਮ ਤਵਾਰੀਖ਼ ਸੰਤ ਖ਼ਾਲਸਾ ਰੱਖਿਆ ਗਿਆ ਹੈ। ਇਸ ਨਾਮਕਰਨ ਬਾਰੇ ਕੁਝ ਕਹਿਣਾ ਉਚਿਤ ਪ੍ਰਤੀਤ ਹੁੰਦਾ ਹੈ, ਭਾਵੇਂ ਨਾਮਧਾਰੀ ਮਤ ਦੇ ਇਤਿਹਾਸ ਸਬੰਧੀ ਕੁਝ ਪੁਸਤਕਾਂ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਲਿਖੀਆਂ ਗਈਆਂ ਹਨ ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਤਵਾਰੀਖ਼ ਸੰਤ ਖ਼ਾਲਸਾ ਦੇ ਸੰਪੂਰਨ ਬਿਰਤਾਂਤ ਨੂੰ ਬਿਆਨ ਕਰਨ ਦਾ ਗੌਰਵ ਪ੍ਰਾਪਤ ਨਹੀਂ ਹੋ ਸਕਿਆ। ਸ. ਨਾਹਰ ਸਿੰਘ ਰਚਿਤ 'ਨਾਮਧਾਰੀ ਇਤਿਹਾਸ ਹਿੱਸਾ ਪਹਿਲਾ' ਇਸ ਸੰਬੰਧ ਵਿਚ ਕੀਤਾ ਗਿਆ ਪਹਿਲਾ ਸਫਲ ਯਤਨ ਸੀ। ਇਸ ਤੋਂ ਪਹਿਲਾਂ ਡਾ. ਗੰਡਾ ਸਿੰਘ ਜੀ ਦੀ ਪੁਸਤਕ 'ਕੂਕਿਆਂ ਦੀ ਵਿਥਿਆ' ਲਿਖੀ ਗਈ ਪਰ ਉਸ ਦੇ ਉਲਾਰ ਬਿਰਤਾਂਤ ਤੇ ਸੰਕੀਰਨਤਾ ਵਾਲਾ ਦ੍ਰਿਸ਼ਟੀਕੋਨ ਇਸ ਰਚਨਾ ਦੇ ਅਨੇਕ ਪੰਨਿਆਂ ਤੋਂ ਝਲਕਦਾ ਦਿਖਾਈ ਦਿੰਦਾ ਹੈ। ਸੰਤ ਇੰਦਰ ਸਿੰਘ ਚੱਕਰਵਰਤੀ ਰਚਿਤ 'ਨਾਮਧਾਰੀ ਇਤਿਹਾਸ ਹਿੱਸਾ ਪਹਿਲਾ' ਕੇਵਲ ਗੁਰੂ ਬਾਲਕ ਸਿੰਘ ਜੀ ਦੇ ਜੀਵਨ ਦੇ ਬਿਰਤਾਂਤ ਤਕ ਹੀ ਸੀਮਤ ਹੈ। ਸੰਤ ਨਿਧਾਨ ਸਿੰਘ ਆਲਮ ਜੀ ਦੀ ਪੁਸਤਕ 'ਜੁਗ ਪਲਟਾਊ ਸਤਿਗੁਰੂ' ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਹੀ ਸੰਬੰਧਿਤ ਸੀ। ਜੋ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਵੀ ਹੈ ਅਤੇ ਇਤਿਹਾਸਕ ਗਾਥਾ ਵੀ। ਇਨ੍ਹਾਂ ਤੋਂ ਪਿਛੋਂ ਵਰਤਮਾਨ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਕੁਝ ਨਾਮਧਾਰੀ ਇਤਿਹਾਸ ਜ਼ਰੂਰ ਲਿਖੇ ਗਏ ਹਨ। ਪੰਜਾਬੀ ਵਿਚ ਕਰਮ ਸਿੰਘ ਪਟਵਾਰੀ ਦੀ ਪੁਸਤਕ 'ਗੁਰ ਇਤਿਹਾਸ ਜਾਣਕਾਰੀ' ਪਹਿਲਾ ਸਫਲ ਯਤਨ ਹੈ, ਜਿਸ ਵਿਚ ਸੰਪੂਰਨ ਨਾਮਧਾਰੀ ਗੁਰ ਇਤਿਹਾਸ ਦਾ ਆਰੰਭ ਤੋਂ ਲੈ ਕੇ ਵਰਤਮਾਨ ਕਾਲ ਤਕ ਬਿਓਰੇ ਵਾਰ ਸੰਕੇਤਕ ਵਰਣਨ ਕੀਤਾ ਗਿਆ ਹੈ।

1959 ਤੋਂ ਪਿਛੋਂ ਅਰਥਾਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਕਾਲ ਵਿਚ ਡਾ. ਫੌਜਾ ਸਿੰਘ ਜੀ ਦੀ ਅੰਗਰੇਜ਼ੀ ਪੁਸਤਕ Kuka Movement ਅਤੇ ਐੱਮ. ਐੱਮ. ਆਹਲੂਵਾਲੀਆ ਦੀ ਪੁਸਤਕ 'Kukas' The freedom fighter of the Punjab ਵਰਣਨ ਯੋਗ ਰਚਨਾਵਾਂ ਹਨ ਪਰ ਇਹ ਦੋਵੇਂ ਪੁਸਤਕਾਂ ਕੇਵਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਇਤਿਹਾਸ ਉੱਤੇ ਹੀ ਪ੍ਰਕਾਸ਼ ਪਾਉਂਦੀਆਂ



Sri Satguru Jagjit Singh Ji Elibrary NamdhariElibrary@gmail.com

ਹਨ। ਅੰਗਰੇਜ਼ੀ ਵਿਚ ਇਕ ਹੋਰ ਛੋਟੀ ਪੁਸਤਕ The Namdharis ਪ੍ਰਿੰ. ਬੇਅੰਤ ਕੌਰ ਵੱਲੋਂ ਵੀ ਲਿਖੀ ਗਈ ਹੈ। ਜਿਸ ਵਿਚ ਨਾਮਧਾਰੀ ਇਤਿਹਾਸ ਦੀ ਰੂਪ ਰੇਖਾ ਨੂੰ ਉਲੀਕਿਆ ਗਿਆ ਹੈ।

ਪਿਛਲੇ 50 ਕੁ ਸਾਲਾਂ ਵਿਚ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਕਈ ਜੀਵਨੀਆਂ ਦੇ ਰੂਪ ਵਿਚ ਰਚਨਾਵਾਂ ਦ੍ਰਿਸ਼ਟੀਗੋਚਰ ਹੋਈਆਂ ਹਨ। ਇਨ੍ਹਾਂ ਵਿਚੋਂ ਕੁਝ ਆਪਣੇ ਹੀ ਢੰਗ ਨਾਲ ਵਿਸਥਾਰ ਪੂਰਵਕ ਵੇਰਵੇ ਵੀ ਦੇ ਜਾਂਦੀਆਂ ਹਨ, ਜਿਵੇਂ ਸੰਤ ਤਰਨ ਸਿੰਘ ਵਹਿਮੀ ਦਾ 'ਜਸ ਜੀਵਨ' ਜੋ ਛੇ ਭਾਗਾਂ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਸ. ਤਾਰਾ ਸਿੰਘ ਅਨਜਾਣ ਦੇ ਦੋ ਜੀਵਨ ਬਿਰਤਾਂਤ 'ਸਭਹਨ ਕੇ ਸਿਰਮੌਰ' ਜੋ ਸਤਿਗੁਰੂ ਰਾਮ ਸਿੰਘ ਜੀ ਬਾਰੇ ਹੈ ਅਤੇ 'ਸਾਹਿਬੁ ਗੁਣੀ ਗਹੇਰਾ' (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ), ਡਾ. ਕਰਮ ਸਿੰਘ ਕਪੂਰ ਦੀ 'ਸਤਿਗੁਰੂ ਪ੍ਰਤਾਪ ਸਿੰਘ ਇਕ ਮਹਾਨ ਸਤਿਗੁਰੂ' ਤੇ ਡਾ. ਜਸਵੰਤ ਸਿੰਘ ਜੱਸ ਦੀ 'ਬਾਬਾ ਰਾਮ ਸਿੰਘ ਨਾਮਧਾਰੀ' ਸੂਬਾ ਸੁਰਿੰਦਰ ਕੌਰ ਖਰਲ ਦੀ 'ਪ੍ਰਕਾਸ਼ ਪੁੰਜ' ਸੰਤ ਇੰਦਰ ਸਿੰਘ ਚੱਕਰਵਰਤੀ ਦੀ 'ਅਟੱਲ ਪ੍ਰਤਾਪੀ' ਤੇ ਪ੍ਰੀਤਮ ਸਿੰਘ ਕਵੀ ਦੀ ਪੁਸਤਕ 'ਬੀਤੇ ਦੀਆਂ ਪੈੜਾਂ' 12 (ਭਾਗ) ਆਦਿ ਸਭ ਨਾਮਧਾਰੀ ਇਤਿਹਾਸ ਦੇ ਅਨੇਕ ਪੱਖਾਂ ਉਤੇ ਪ੍ਰਕਾਸ਼ ਪਾਉਂਦੀਆਂ ਹਨ।

ਮਾਸਟਰ ਨਿਹਾਲ ਸਿੰਘ ਜੀ ਦੀਆਂ ਪੁਸਤਕਾਂ 'ਸੀਤਲਤਾ ਦਾ ਸ੍ਰੋਤ' 'ਚੋਜੀ ਪ੍ਰੀਤਮ' ਤੇ 'ਬੇਅੰਤ ਲੀਲਾ' ਆਦਿ ਵਿਚ ਸਾਖੀ ਰੂਪ ਵਿਚ ਨਾਮਧਾਰੀ ਇਤਿਹਾਸ ਬਾਰੇ ਕਾਫੀ ਉਪਯੋਗੀ ਸਮੱਗਰੀ ਪ੍ਰਾਪਤ ਹੋ ਜਾਂਦੀ ਹੈ। ਸਰਵ ਸ੍ਰੀ ਅਮਰ ਭਾਰਤੀ, ਬਿਸ਼ਨ ਸਿੰਘ ਇਤਿਹਾਸਕਾਰ ਅਤੇ ਕਈ ਹੋਰ ਸਮਕਾਲੀ ਲੇਖਕਾਂ ਦੀਆਂ ਰਚਨਾਵਾਂ ਤੋਂ ਇਸ ਸੰਬੰਧ ਵਿਚ ਅਧਾਰ ਭੂਤ ਜਾਂ ਕੱਚੀ ਸਮੱਗਰੀ ਤਾਂ ਮਿਲ ਜਾਂਦੀ ਹੈ ਪਰ ਇਨ੍ਹਾਂ ਨੂੰ ਸੂਤਰ-ਬਧ ਕਰਨ ਦੀ ਲੋੜ ਹੈ।

ਪਿਛਲੇ ਤਿੰਨ ਦਹਾਕਿਆਂ ਵਿਚ ਸੰਤ ਧਿਆਨ ਸਿੰਘ ਕਾਦਰਾਬਾਦੀ ਰਚਿਤ ਸ੍ਰੀ ਸਤਿਗੁਰੂ ਬਿਲਾਸ (ਬ੍ਰਜ ਭਾਸ਼ਾ-ਕਵਿਤਾ) ਤੇ ਸੰਤ ਸੰਤੋਖ ਸਿੰਘ ਬਾਹੋਵਾਲ ਦੀ ਮਹਾਨ ਵਾਰਤਕ ਰਚਨਾ 'ਸਤਿਗੁਰੂ ਬਿਲਾਸ' ਅਜਿਹੀਆਂ ਅਧਾਰ ਭੂਤ ਤੇ ਸਮਕਾਲੀ ਸਰੋਤ ਸਮੱਗਰੀ ਨਾਲ ਭਰਪੂਰ ਪੁਸਤਕਾਂ ਹਨ, ਜਿਨ੍ਹਾਂ ਵਿਚੋਂ ਨਾਮਧਾਰੀ ਇਤਿਹਾਸ ਦੇ ਕਈ ਗੌਣ ਪੱਖ ਜੋ ਹੁਣ ਤਕ ਉਜਾਗਰ ਨਹੀਂ ਹੋ ਸਕੇ, ਸਾਹਮਣੇ ਆਏ ਹਨ। ਇਨ੍ਹਾਂ ਤੋਂ ਬਿਨਾਂ ਪਿਛਲੇ ਡੇਢ ਸੌ ਸਾਲਾਂ ਵਿਚ ਨਾਮਧਾਰੀ ਇਤਿਹਾਸ ਦੀਆਂ ਮੁੱਖ ਘਟਨਾਵਾਂ ਤੇ ਆਦਰਸ਼ਾਂ ਨੂੰ ਚਿਤਰਦੀਆਂ ਹੋਈਆਂ ਅਨੇਕ ਸਾਹਿਤਕ ਰਚਨਾਵਾਂ ਵੀ ਪ੍ਰਕਾਸ਼ਿਤ ਹੋਈਆਂ ਹਨ, ਜਿਨ੍ਹਾਂ ਨੂੰ ਸਮਕਾਲੀ ਸਰੋਤਾਂ ਵਜੋਂ ਘੋਖਣ ਪੜਤਾਲਣ ਦੀ ਲੋੜ ਹੈ। ਇਨ੍ਹਾਂ ਸਭ ਰਚਨਾਵਾਂ ਤੇ ਗਹਿਰ ਗੰਭੀਰ



Sri Satguru Jagjit Singh Ji Elibrary NamdhariElibrary@gmail.com

ਅਧਿਐਨ ਤੇ ਪੁਣ-ਛਾਣ ਪਿਛੋਂ ਹੀ 'ਨਾਮਧਾਰੀ ਗੁਰ ਇਤਿਹਾਸ ਜਾਂ ਤਵਾਰੀਖ ਸੰਤ ਖਾਲਸਾ' ਦਾ ਸੂਤਰ ਬਧ ਸੰਪੂਰਨ ਇਤਿਹਾਸ ਲਿਖਿਆ ਜਾ ਸਕਦਾ ਹੈ।

ਕਈ ਕਾਰਨਾਂ ਸਦਕਾ ਉਪਰੋਕਤ ਇਤਿਹਾਸਕਾਰਾਂ ਨੇ ਵਿਸ਼ੇਸ਼ ਸੀਮਾਵਾਂ ਵਿਚ ਹੀ ਰਹਿ ਕੇ ਇਸ ਕਾਰਜ ਨੂੰ ਕਰਨ ਦਾ ਉਪਯੋਗੀ ਯਤਨ ਕੀਤਾ ਹੈ। ਸ. ਨਾਹਰ ਸਿੰਘ ਤੋਂ ਪਿਛੋਂ ਸ. ਜਸਵਿੰਦਰ ਸਿੰਘ ਇਤਿਹਾਸਕਾਰ ਨੇ ਇਸ ਸੰਬੰਧ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ ਤੇ ਹੁਣ ਕੂਕਾ ਦਸਤਾਵੇਜ਼ਾਂ ਦੇ ਪ੍ਰਕਾਸ਼ਿਤ ਹੋਣ ਨਾਲ ਇਹ ਕਾਰਜ ਹੋਰ ਸੌਖਾ ਵੀ ਹੋ ਗਿਆ ਹੈ ਤੇ ਕਠਨ ਵੀ। ਸਰਕਾਰੀ ਦਸਤਾਵੇਜਾਂ ਵਿਚ ਸਰਕਾਰ ਦੇ ਤੱਤਕਾਲਕ ਦ੍ਰਿਸ਼ਟੀਕੋਨ ਤੋਂ ਪਤਾ ਲਗਦਾ ਹੈ ਕਿ ਉਹ ਕੂਕਾ ਲਹਿਰ ਜਿਸ ਨੂੰ ਉਨ੍ਹਾਂ ਨੇ ਕੂਕਾ ਬਗਾਵਤ ਦੀ ਸੰਗਿਆ ਵੀ ਦਿੱਤੀ ਹੈ, ਨੂੰ ਕਿੰਨਾ ਖ਼ਤਰਨਾਕ ਆਜ਼ਾਦੀ ਦਾ ਸੰਗਰਾਮ ਸਮਝਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਜਿਸ ਨੂੰ ਹੁਣ ਸ. ਜਸਵਿੰਦਰ ਸਿੰਘ ਇਤਿਹਾਸਕਾਰ ਨੇ ਸੰਪਾਦਿਤ ਕਰਕੇ ਛਾਪ ਦਿੱਤਾ ਹੈ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰਧਾਰਕ ਤੇ ਅਧਿਆਤਮਕ ਲਕਸ਼ਾਂ ਦਾ ਵੀ ਬੋਧ ਹੋ ਜਾਂਦਾ ਹੈ।

ਲਗਭਗ ਡੇਢ ਸੌ ਸਾਲਾਂ ਦੇ ਇਸ ਤਵਾਰੀਖ਼ ਸੰਤ ਖ਼ਾਲਸਾ ਨੂੰ ਪੁਨਰ ਵਾਚਣ ਅਤੇ ਪੁਨਰ-ਮੁਲਾਂਕਣ ਦੀ ਲੋੜ ਹੈ ਤਾਂ ਜੋ ਤਵਾਰੀਖ਼ ਸੰਤ ਖ਼ਾਲਸਾ ਦਾ ਵਿਗਿਆਨਕ ਤੱਥਆਤਮਕ, ਨਿਰਪੱਖ ਤੇ ਵਿਆਪਕ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਕਰਨ ਵਿਚ ਇਸ ਦੀ ਸਹੀ ਤਸਵੀਰ ਨੂੰ ਪੇਸ਼ ਕੀਤਾ ਜਾ ਸਕੇ। ਇਸ ਤੋਂ ਪਿੱਛੋਂ ਹੀ ਤਵਾਰੀਖ਼ ਸੰਤ ਖ਼ਾਲਸਾ ਦੀ ਵਿਸ਼ਵ ਇਤਿਹਾਸ ਭਾਰਤ ਅਤੇ ਪੰਜਾਬ ਦੇ ਇਤਿਹਾਸਕ ਪਰਿਪੇਖ ਵਿਚ ਅਦੁੱਤੀ ਯੋਗਦਾਨ ਨੂੰ ਭਲੀਭਾਂਤ ਸਮਝਿਆ ਜਾ ਸਕੇਗਾ।

ਤਵਾਰੀਖ਼ ਸੰਤ ਖ਼ਾਲਸਾ ਦੇ ਠੀਕ ਠੀਕ ਚਿੱਤਰ ਤੇ ਚਰਿੱਤਰ ਨੂੰ ਰੂਪਮਾਨ ਕਰਨ ਲਈ ਇਸ ਦੀਆਂ ਇਤਿਹਾਸਕ ਸੀਮਾਵਾਂ ਨੂੰ ਨਿਸ਼ਚਿਤ ਕਰ ਲੈਣਾ ਅਤੇ ਇਸ ਸੰਬੰਧ ਵਿਚ ਕਿਸੇ ਵਿਸ਼ੇਸ਼ ਕੇਂਦਰ ਬਿੰਦੂ ਨੂੰ ਮਿਥ ਲੈਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਭਾਵੇਂ ਨਾਮਧਾਰੀ ਗੁਰੂ ਪਰੰਪਰਾ ਦਾ ਆਦਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜਗਤ ਆਗਮਨ (1469) ਨਾਲ ਹੀ ਆਰੰਭ ਹੋ ਜਾਂਦਾ ਹੈ ਪਰ ਨਾਮਧਾਰੀ ਮੱਤ ਨੂੰ ਸਥਾਪਿਤ ਕਰਨ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਯੋਗਦਾਨ ਵਧੇਰੇ ਮਹੱਤਤਾ ਰੱਖਦਾ ਹੈ। ਵਾਸਤਵ ਵਿਚ ਸਤਿਗੁਰੂ ਰਾਮ ਸਿੰਘ ਹੀ ਨਾਮਧਾਰੀ ਮੱਤ ਦੇ ਸੰਸਥਾਪਕ ਤੇ ਬਾਨੀ ਹਨ, ਭਾਵੇਂ ਉਨ੍ਹਾਂ ਨੇ ਗੁਰੂ ਮਰਿਆਦਾ ਤੇ ਗੁਰੂਤਵ ਨੂੰ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੁਆਰਾ ਗ੍ਰਹਿਣ ਕੀਤਾ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਨੇ 1857 ਈਸਵੀ ਦੀ ਵਿਸਾਖੀ ਵਾਲੇ ਦਿਨ ਜਿਸ ਪ੍ਰਕਾਰ



Sri Satguru Jagjit Singh Ji Elibrary NamdhariElibrary@gmail.com

ਸੰਤ-ਖਾਲਸੇ ਦੀ ਨੀਂਹ ਰੱਖੀ ਉਹ ਸਿੱਖ ਗੁਰੂ-ਇਤਿਹਾਸ ਦਾ ਇਕ ਨਵਾਂ ਅਧਿਆਏ ਹੀ ਸੀ।

ਸੰਤ ਖਾਲਸੇ ਦੇ ਰੂਪ ਵਿਚ ਆਪ ਨੇ ਜੋ ਨਾਮਧਾਰੀ ਰਹਿਤ ਮਰਿਆਦਾ ਪ੍ਰਚਲਿਤ ਕੀਤੀ, ਉਸ ਨਾਲ ਗੁਰਮਤਿ ਦਾ ਨਵਾਂ ਸਰੂਪ ਵੀ ਪ੍ਰਗਟ ਹੋਇਆ ਗੁਰੂ ਰਾਮ ਸਿੰਘ ਦੁਆਰਾ ਸਥਾਪਿਤ ਨਾਮਧਾਰੀ ਪੰਥ ਨੇ ਜੋ ਸਿੱਖ ਇਤਿਹਾਸ ਤੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਜੋ ਭੂਮਿਕਾ ਨਿਭਾਈ ਉਹ ਨਿਰਸੰਦੇਹ ਇਤਨੀ ਵਿਸ਼ੇਸ਼ ਹੈ ਕਿ ਉਸ ਨੂੰ ਇਕ ਨਵਾਂ ਇਤਿਹਾਸਕ ਯੁੱਗ ਹੀ ਸਮਝਣਾ ਚਾਹੀਦਾ ਹੈ। 1849 ਵਿਚ ਸਾਂਝੇ ਪੰਜਾਬ ਰਾਜ ਅਰਥਾਤ ਸਰਕਾਰ ਖਾਲਸਾ ਦੇ ਮੁਕੰਮਲ ਤੌਰ ਤੇ ਈਸਟ ਇੰਡੀਆ ਕੰਪਨੀ ਦੇ ਸਾਮਰਾਜਵਾਦੀ ਅਧਿਕਾਰ ਵਿਚ ਆ ਜਾਣ ਨਾਲ ਜੋ ਵਿਦੇਸ਼ੀ ਗੁਲਾਮੀ ਦਾ ਅੰਧਕਾਰਮਈ ਯੁੱਗ ਸ਼ੁਰੂ ਹੋਇਆ ਉਸ ਵਿਚ ਪਹਿਲੀ ਪ੍ਰਕਾਸ਼ ਦੀ ਕਿਰਨ ਗੁਰੂ ਰਾਮ ਸਿੰਘ ਦੀ ਜਗਾਈ ਹੋਈ ਜੋਤ ਤੋਂ ਹੀ ਪ੍ਰਗਟ ਹੋਈ ਸੀ। ਇਹੋ ਕਾਰਨ ਹੈ ਕਿ ਨਾਮਧਾਰੀ ਗੁਰ ਇਤਿਹਾਸ ਦਾ ਵਾਸਤਵਿਕ ਆਦਿ ਬਿੰਦੂ 1857 ਦੇ ਵਿਸਾਖੀ ਦੇ ਪੁਰਬ ਵਾਲਾ ਸ਼ੁਭ ਦਿਹਾੜਾ ਹੀ ਬਣਦਾ ਹੈ, ਜਿਸ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਨੂੰ ਪ੍ਰਗਟ ਕੀਤਾ ਸੀ।

ਭਾਵੇਂ ਸਿੱਖ ਮਤ ਦਾ ਗੁਰੂ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਸਮੇਂ ਤੋਂ ਹੀ ਆਰੰਭ ਹੁੰਦਾ ਹੈ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਅਤੇ ਸੰਤ ਖਾਲਸੇ ਦੇ ਹੋਂਦ ਵਿਚ ਆਉਣ ਨਾਲ ਸਿੱਖ ਧਰਮ ਵਿਚ ਨਵੀਂ ਸ਼ਕਤੀ ਦਾ ਸੰਚਾਲਨ ਹੋਇਆ।

ਗੁਰੂ ਨਾਨਕ ਦੇਵ ਜੀ ਤੋਂ ਪੂਰਵਕਾਲ ਵਿਚ ਭਾਰਤ ਦੇ ਇਤਿਹਾਸ ਵਿਚ ਮੱਧਕਾਲੀਨ ਭਗਤੀ ਅੰਦੋਲਨ ਦੀ ਬਹੁਤ ਵੱਡੀ ਦੇਣ ਹੈ। ਭਗਤ ਜਨਾਂ ਨੇ ਨਾਮ ਦੀ ਸੰਸਕ੍ਰਿਤੀ ਨੂੰ ਉਜਾਗਰ ਕੀਤਾ ਅਤੇ ਕਲੂਕਾਲ ਵਿਚ ਪ੍ਰਭੂ ਦੇ ਨਾਮ ਸਿਮਰਨ ਨੂੰ ਹੀ ਤੇ ਨਿਜੀ ਮੁਕਤੀ ਤੇ ਜਨਕਲਿਆਣ ਦਾ ਮੁੱਖ ਸਾਧਨ ਦੱਸਿਆ। ਗਿਆਨ, ਧਿਆਨ ਤੇ ਕਰਮ ਮਾਰਗ ਦੀ ਤੁਲਨਾ ਵਿਚ ਭਗਤਾਂ ਦਾ ਮਾਰਗ ਜਿਸ ਨੂੰ ਬਹੁਤ ਸਾਰੇ ਇਤਿਹਾਸਕਾਰਾਂ ਨੇ ਸੰਤ ਮਾਰਗ ਵੀ ਕਿਹਾ ਹੈ, ਪ੍ਰਭੂ ਨਾਮ ਦੇ ਸਿਮਰਨ ਨੂੰ ਹੀ ਵਿਸ਼ੇਸ਼ਤਾ ਪ੍ਰਦਾਨ ਕਰਦਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਨਾਮ ਨੂੰ ਮਨੁੱਖ ਮਾਤਰ ਦੇ ਆਤਮਕ ਉਥਾਨ ਦਾ ਵੱਡਾ ਸਾਧਨ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦੀ ਮਹਿਮਾ ਦਾ ਹੀ ਸਭ ਤੋਂ ਵਧੇਰੇ ਬਖਾਣ ਹੈ। ਮੱਧਕਾਲ ਦੇ ਭਗਤ ਤੇ ਸੰਤ ਨਾਮ ਨੂੰ ਹੀ ਆਪਣੀ ਮੁੱਖ ਟੇਕ ਜਾਂ ਅਧਾਰ ਮੰਨਦੇ ਸਨ। ਪ੍ਰਭੂ ਮਿਲਾਪ ਦਾ ਇਹ ਸਭ ਤੋਂ ਵੱਡਾ ਸਾਧਨ ਜਾਂ ਜੁਗਤ ਸੀ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਸੀ। ਗੁਰੂ



Sri Satguru Jagjit Singh Ji Elibrary NamdhariElibrary@gmail.com

ਨਾਨਕ ਦੇ ਸਿੱਖ ਮਾਰਗ ਦੇ ਇਤਿਹਾਸਕ ਪਿਛੋਕੜ ਨੂੰ ਉਨ੍ਹਾਂ ਤੋਂ ਪਹਿਲਾਂ ਭਗਤੀ ਮਾਰਗ ਤੋਂ ਨਿਖੇੜਕੇ ਪੂਰਨ ਭਾਂਤ ਨਹੀਂ ਸਮਝਿਆ ਜਾ ਸਕਦਾ। ਗੁਰੂ ਸਾਹਿਬਾਨ ਨੇ ਸੰਤ ਮਾਰਗ ਜਾਂ ਭਗਤਾਂ ਦੇ ਮਾਰਗ ਨੂੰ ਹੀ ਵਧੇਰੇ ਸੁਸੰਗਠਿਤ ਰੂਪ ਵਿਚ ਸੂਤਰਬਧ ਕਰ ਦਿੱਤਾ। ਜਿੱਥੇ ਭਗਤ ਅੱਡ ਅੱਡ ਜਾਤੀਆਂ ਨਾਲ ਸੰਬੰਧਿਤ ਕੀਤੇ ਜਾਂਦੇ ਸਨ, ਉੱਥੇ ਗੁਰੂ ਨਾਨਕ ਦੇਵ ਦੇ ਸਿੱਖ ਮਾਰਗ ਨੇ ਭਿੰਨ ਭਿੰਨ ਜਾਤੀਆਂ ਵਰਣਾਂ ਨੂੰ ਇਕੋ ਗੁਰ ਸੰਗਤ ਵਿਚ ਲੈ ਆਂਦਾ। ਪੰਗਤ ਅਰਥਾਤ ਲੰਗਰ ਦੀ ਪਰੰਪਰਾ ਨੇ ਇਸ ਭਾਈਚਾਰਕ ਸਾਂਝ ਨੂੰ ਸਾਮਾਜਿਕ ਰੂਪ ਵਿਚ ਹੋਰ ਪੱਕਾ ਕਰ ਦਿੱਤਾ।

ਜਦੋਂ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸ਼ਟ ਕੀਤੀ ਅਤੇ ਆਪਣੀ ਬਾਣੀ ਸਿੱਧ ਗੋਸ਼ਟਿ ਰਚ ਕੇ ਸਿੱਧ ਮਤ ਅਤੇ ਗੁਰਮਤਿ ਦਾ ਅੰਤਰ ਨਿਖੇੜ ਕੀਤਾ ਤਾਂ ਆਪ ਜੀ ਨੇ ਆਪਣੇ ਮਤ ਨੂੰ ਸੰਤ ਮੱਤ ਨਾਲ ਜੋੜਿਆ

"ਸਿਧ ਸਭਾ ਕਰ ਆਸਣ ਬੈਠੇ ਸੰਤ ਸਭਾ ਜੈ ਕਾਰੋ"

ਅਰਥਾਤ ਸਿੱਧ ਗੋਸ਼ਟਿ ਦੇ ਦਾਰਸ਼ਨਿਕ ਸੰਵਾਦ ਵਿਚ ਵਿਚਾਰਧਾਰਾ ਦੀਆਂ ਦੋ ਧਿਰਾਂ ਸਿੱਧ ਸਭਾ ਤੇ ਸੰਤ ਸਭਾ ਹੀ ਸਨ। ਗੁਰੂ ਨਾਨਕ ਦੇਵ ਜੀ ਸੰਤ ਸਭਾ ਦੇ ਪ੍ਰਵਕਤਾ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਪਿਤ ਸੰਤ ਖਾਲਸਾ ਦੇ ਰੂਪ ਵਿਚ ਸੰਤ ਉਸ ਪਰੰਪਰਾ ਦਾ ਪ੍ਰਤੀਕ ਹੈ ਜਿਸ ਦੇ ਮੁੱਖ ਆਚਾਰੀਆ ਗੁਰੂ ਨਾਨਕ ਦੇਵ ਜੀ ਆਪ ਸਨ।

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਅਤੇ ਵਿਸ਼ੇਸ਼ ਕਰਕੇ 1699 ਤਕ ਗੁਰਮਤਿ ਵਿਚ ਕਈ ਪਰਿਵਰਤਨ ਆਏ। ਜਦੋਂ ਦਾਰਸ਼ਨਿਕ ਰੂਪ ਵਿਚ ਗੁਰਬਾਣੀ ਦੇ ਗੁਰੂ ਵਾਕਾਂ ਨੂੰ ਅਧਾਰ ਬਣਾ ਕੇ ਚਰਚਾ ਕੀਤੀ ਜਾਂਦੀ ਹੈ ਤਾਂ ਇਸ ਨੂੰ ਗੁਰਮਤਿ ਦੀ ਸੰਗਿਆ ਦਿੱਤੀ ਜਾਂਦੀ ਹੈ। ਪਰ ਜਦੋਂ ਵਿਵਹਾਰਕ ਰੂਪ ਵਿਚ ਗੁਰੂ ਆਸ਼ਿਆਂ ਦਾ ਚਲਨ ਗੁਰੂ ਸਿੱਖਾਂ ਦੀ ਰਹਿਣੀ ਦੁਆਰਾ ਜਾਨਣ ਦਾ ਯਤਨ ਕੀਤਾ ਜਾਂਦਾ ਹੈ, ਤਾਂ ਇਸ ਨੂੰ ਸਿੱਖ ਮਤ ਦੀ ਸੰਗਿਆ ਦਿੱਤੀ ਜਾਂਦੀ ਹੈ। ਵਾਸਤਵ ਵਿਚ ਦੋਹਾਂ ਵਿਚ ਕੋਈ ਅੰਤਰ ਨਹੀਂ ਹੈ ਦੋਵੇਂ ਹੀ ਇਕੋ ਗੁਰਮਰਿਆਦਾ ਦੇ ਚਲਾਏ ਸਿੱਕੇ ਦੇ ਦੋ ਪਾਸੇ ਹੀ ਹਨ। ਪਹਿਲੇ ਦਸ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਸੰਗਤ ਨੂੰ ਗੁਰੂ ਸੰਗਤ ਦੇ ਨਾਮ ਨਾਲ਼ ਸੰਬੋਧਿਤ ਕੀਤਾ ਗਿਆ ਪਰ ਜਦੋਂ 1699 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ ਅਤੇ ਅੰਮ੍ਰਿਤ ਛਕਾਇਆ ਤ ਗੁਰੂ ਸੰਗਤ ਨੇ ਖਾਲਸੇ ਦਾ ਰੂਪ ਧਾਰਨ ਕਰ ਲਿਆ। ਭਾਈ ਗੁਰਦਾਸ ਜੀ ਦ ਸ਼ਬਦਾਂ ਵਿਚ "ਗੁਰ ਸੰਗਤ ਕੀਨੀ ਖਾਲਸਾ" ਖੰਡੇ ਕੀ ਬੇਲਾ।"।

ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਸੰਗਤ ਨੂੰ ਖਾਲਸੇ ਦ



Sri Satguru Jagjit Singh Ji Elibrary NamdhariElibrary@gmail.com

ਸੰਗਿਆ ਪ੍ਰਦਾਨ ਕੀਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸੇ ਵਿਚ ਸੰਤ ਪਦ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਬਖਸਿਆ ਹੋਇਆ ਖਾਲਸਾ ਪਦ ਦੋਵੇਂ ਹੀ ਸੰਯੁਕਤ ਹਨ, ਜਿਸ ਤੋਂ ਭਾਵ ਇਹ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਸੰਤ ਖਾਲਸਾ ਦੇ ਸਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਸੰਤ (ਨਾਮ-ਮਰਿਆਦਾ) ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾ (ਸਿੰਘ ਮਰਿਆਦਾ) ਦੋਵੇਂ ਹੀ ਸੰਮਿਲਤ ਹਨ। ਨਾਮਧਾਰੀ ਪਰੰਪਰਾ ਵਿਚ ਸੰਤ ਖਾਲਸਾ ਦਾ ਪੱਦ ਬੜਾ ਮਹੱਤਵਪੂਰਨ ਹੈ। ਨਾਮਧਾਰੀ ਅਰਦਾਸ ਵਿਚ ਇਹ ਵਾਕ (ਸੰਤ ਖਾਲਸੇ ਦਾ ਪ੍ਰਕਾਸ਼ ਕਰੋ, ਮਹਾਂ ਮਲੇਛ ਦਾ ਨਾਸ ਕਰੋ। ਗਊ ਗਰੀਬ ਦੀ ਰੱਖਿਆ ਕਰੋ, ਕੁਲ ਸ੍ਰਿਸ਼ਟੀ ਤੇਰਾ ਨਾਮ ਜਪੇ, ਕੋਈ ਦੁਖੀਆ ਨਾ ਰਹੇ। ਇਸ ਤੱਥ ਦਾ ਪ੍ਰਤੱਖ ਪ੍ਰਮਾਣ ਹੈ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਗਿਆ ਹੋਵੇਗਾ ਕਿ ਇਸ ਨਾਮਧਾਰੀ ਇਤਿਹਾਸ ਦੇ ਨਾਮਕਰਨ ਵਿਚ ਨਾਮਧਾਰੀ ਗੁਰ ਇਤਿਹਾਸ ਅਤੇ ਤਵਾਰੀਖ ਸੰਤ ਖਾਲਸਾ ਦਾ ਨਾਮਕਰਨ ਕਿੰਨ੍ਹਾਂ ਅਧਾਰਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਇਸ ਸਬੰਧ ਵਿਚ ਥੋੜੀ ਹੋਰ ਵਿਆਖਿਆ ਕਰਨ ਦੀ ਲੋੜ ਪ੍ਰਤੀਤ ਹੁੰਦੀ ਹੈ। ਨਾਮਧਾਰੀ ਗੁਰੂ ਪਰੰਪਰਾ ਦੇ ਆਗਮਨ ਤੇ ਸਥਾਪਿਤ ਹੋਣ ਨਾਲ ਗੁਰਮਤਿ ਵਿਚ ਗੁਣਆਤਮਕ ਪਰਿਵਰਤਨ ਆਇਆ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮਤਿ ਦੀ ਪੁਨਰ ਸੁਰਜੀਤੀ ਕੀਤੀ ਅਤੇ ਇਸ ਸਿੱਖ ਪੰਥ ਵਿਚ ਜੋ ਉਸ ਸਮੇਂ ਕਮਜ਼ੋਰੀਆਂ ਤੇ ਨਿਘਾਰ ਆ ਰਿਹਾ ਸੀ, ਉਸ ਨੂੰ ਇਕ ਨਵੀਂ ਦਸ਼ਾ ਤੇ ਦਿਸ਼ਾ ਪ੍ਰਦਾਨ ਕੀਤੀ। ਮਲੇਛ ਸ਼ਬਦ ਉਸ ਕਾਲ ਦੇ ਸਿੱਖ ਆਚਰਨ ਜੋ ਬਹੁ ਸੰਮਤੀ ਵਿਚ ਅਤੇ ਖਾਸ ਕਰਕੇ ਸਿੱਖ ਸਰਦਾਰਾਂ ਵਿਚ ਵਿਆਪ ਰਿਹਾ ਸੀ, ਲਈ ਹੀ ਵਰਤਿਆ ਗਿਆ ਹੈ। ਅੰਗਰੇਜ਼ ਹਾਕਮ ਜਿਨ੍ਹਾਂ ਨੇ ਆਪਣੇ ਰਾਜਕਾਲ ਵਿਚ ਗਊ-ਬਧ ਕਰਨ ਦੀ ਖੁੱਲ੍ਹ ਦਿੱਤੀ ਨੂੰ ਮਹਾਂ ਮਲੇਛ ਕਰਕੇ ਤ੍ਰਿਸਕਾਰਿਆ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਵਿਚ ਜੋ ਨਵੀਂ ਸ਼ਕਤੀ ਭਰੀ ਅਤੇ ਜੋ ਨਵੀਂ ਰੂਹ ਫੂੱਕੀ ਉਹ ਆਪਣੇ ਆਪ ਵਿਚ ਗੁਰੂ ਸਿੱਖਾਂ ਦੇ ਨਿਵੇਕਲੇ ਆਚਰਨ ਦੀ ਜ਼ਾਮਣ ਸੀ। ਇਹ ਗੁਰ ਸਿੱਖਾਂ ਦੀ ਨਵੀਂ ਉਸੇ ਤਰ੍ਹਾਂ ਦੀ ਕ੍ਰਾਂਤੀਕਾਰੀ ਪਛਾਣ ਸੀ। ਜੋ ਆਪਣੇ ਸਮੇਂ ਗੁਰੂ ਹਰਗੋਬਿੰਦ ਸਾਹਿਬ ਅਤੇ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰੂਪ ਵਿਚ ਗੁਰੂ ਦੇ ਸਿੱਖਾਂ ਨੂੰ ਨਵਾਂ ਸਰੂਪ ਤੇ ਕਿਰਦਾਰ ਪ੍ਰਦਾਨ ਕਰਕੇ ਕਰਵਾਈ ਸੀ। ਗੁਰੂ ਰਾਮ ਸਿੰਘ ਜੀ ਨੂੰ ਅਜਿਹਾ ਕ੍ਰਾਂਤੀਕਾਰੀ ਕਾਰਜ ਕਿਉਂ ਕਰਨਾ ਪਿਆ। ਇਸ ਦਾ ਉੱਤਰ ਨਾਮਧਾਰੀ ਗੁਰ ਇਤਿਹਾਸ ਵਿਚੋਂ ਸਹਿਜੇ ਹੀ ਲੱਭਿਆ ਜਾ ਸਕਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਰੂਪ ਵਿਚ ਜੋ ਸਿੱਖ



Sri Satguru Jagjit Singh Ji Elibrary NamdhariElibrary@gmail.com

ਧਰਮ ਦੀ ਪੁਨਰ ਸਿਰਜਣਾ ਕੀਤੀ, ਉਸ ਦੇ ਵਿਸ਼ੇਸ਼ ਸਰੂਪ ਤੇ ਕਿਰਦਾਰ ਨੂੰ ਵੇਖ ਕੇ ਨਾਮਧਾਰੀ ਮੱਤ ਦੇ ਕਈ ਨਾਮ ਪ੍ਰਚਲਿਤ ਹੋ ਗਏ। ਇਨ੍ਹਾਂ ਵਿਚੋਂ ਮੁੱਖ ਸਨ- ਸੰਤ ਖਾਲਸਾ, ਨਾਮਧਾਰੀ, ਕੂਕੇ, ਨਵਾਂ ਪੰਥ ਜਾਂ ਨਵਾਂ ਫ਼ਿਰਕਾ ਆਦਿ ਇਨ੍ਹਾਂ ਨਾਵਾਂ ਬਾਰੇ ਪ੍ਰਮੁੱਖ ਨਾਮਧਾਰੀ ਲੇਖਕਾਂ ਜੋ ਨਾਮਧਾਰੀ ਗੁਰੂ ਸਾਹਿਬਾਨ ਨਾਲ ਨਿਕਟਵਰਤੀ ਰੂਪ ਵਿਚ ਵਿਚਰਦੇ ਰਹੇ, ਦੀਆਂ ਰਚਨਾਵਾਂ ਵਿਚੋਂ ਕੁਝ ਹਵਾਲੇ ਦਿੱਤੇ ਜਾਂਦੇ ਹਨ ਤਾਂ ਜੋ ਨਾਮਧਾਰੀ ਇਤਿਹਾਸ ਦੇ ਪ੍ਰਸੰਗ ਵਿਚ ਇਨ੍ਹਾਂ ਦੇ ਸੰਕਲਪਗਤ ਸਰੂਪ ਨੂੰ ਜਾਣਿਆ ਜਾ ਸਕੇ ਅਤੇ [1*]ਕਈ ਲੇਖਕਾਂ ਵਲੋਂ ਕੂਕਾ ਨਾਮ ਬਾਰੇ ਪਾਏ ਗਏ ਭੁਲੇਖਿਆਂ ਦੀ ਨਿਵਿਰਤੀ ਹੋ ਸਕੇ :

[2*]ਸੰਤ ਨਿਧਾਨ ਸਿੰਘ ਆਲਮ ਲਿਖਦੇ ਹਨ :

ਨਾਮਧਾਰੀ ਇਤਿਹਾਸ ਸਤਿਗੁਰੂਆਂ, ਪੁਰਾਤਨ ਸਿਖ-ਸਿੰਘਾਂ ਅਤੇ ਵਤਨ-ਪ੍ਰਸਤਾਂ ਦੇ ਆਦਰਸ਼ ਚਲਣ ਦਾ ਪ੍ਰਤੀਕ ਹੈ। ਇਹ ਆਜ਼ਾਦੀ ਦੀ ਜੋਤ ਤੋਂ ਨਿਛਾਵਰ ਹੋਣ ਵਾਲੇ ਪਤੰਗਿਆਂ ਦੀ ਇਕ ਸੁੰਦਰ ਤਸਵੀਰ ਪੇਸ਼ ਕਰਦਾ ਹੈ। ਸਰਕਾਰੀ ਰੀਕਾਰਡ ਵਿਚੋਂ ਇਸ ਦੇ ਤਿੰਨ ਨਾਵਾਂ ਦਾ ਪਤਾ ਲਗਦਾ ਹੈ: (1) ਕੂਕਾ, (2) ਨਵਾਂ ਪੰਥ ਅਤੇ ਸੰਤ ਖ਼ਾਲਸਾ। ਅੰਗਰੇਜ਼ ਹਕੂਮਤ ਨੇ ਕੂਕਾ ਸ਼ਬਦ ਨੂੰ ਬਹੁਤ ਪ੍ਰਚਾਰਿਆ ਹੈ। "ਕੂਕ" ਪੰਜਾਬੀ ਵਿਚ ਪੁਕਾਰ ਨੂੰ ਕਹਿੰਦੇ ਹਨ। ਇਸ ਸਮਾਜ ਨੇ ਆਜ਼ਾਦੀ ਵਾਸਤੇ ਅਜਿਹੇ ਸਮੇਂ ਕੂਕਣਾ ਅਰੰਭਿਆ, ਜਦ ਅੰਗਰੇਜ਼ੀ ਰਾਜ ਦੇ ਵਿਰੁੱਧ ਇਕ ਸ਼ਬਦ ਕਹਿਣਾ ਵੀ ਮੌਤ ਨਾਲ ਟੱਕਰ ਲੈਣ, ਦੇ ਬਰਾਬਰ ਸੀ। ਆਮ ਲੋਕ ਮਸਤੀ ਵਿਚ ਆ ਕੇ ਕੂਕਾਂ ਮਾਰਨ ਅਤੇ ਉੱਚੇ ਸੁਰ ਨਾਲ ਸ਼ਬਦ ਗਾਉਣ ਕਰਕੇ ਵੀ ਕੂਕੇ ਆਖਦੇ ਸਨ ਸਿਆਸਤ ਇਸ ਆਧਾਰ ਤੇ ਹੀ ਉਹ, ਇਸ ਅੰਗਰੇਜ਼ ਵਿਰੋਧੀ ਲਹਿਰ ਨੂੰ ਕੂਕਾ ਮੂਵਮੈਂਟ ਦੇ ਨਾਉਂ ਨਾਲ ਪੁਕਾਰਦੇ ਆਏ ਹਨ : ਸਿੱਖ ਰਾਜ ਦੇ ਸਥਾਪਤ ਹੋਣ ਉਪਰੰਤ ਸਿੱਖ ਆਪਣੇ ਪੁਰਾਤਨ ਤੇ ਮੁੱਢਲੇ ਅਸੂਲਾਂ ਨੂੰ ਭੁਲ ਗਏ ਸਨ ਪਰ ਇਸ ਸਮਾਜ ਦੇ ਲੋਕਾਂ ਨੇ ਜਦ ਆਪਣੇ ਪਹਿਲੇ ਅਸੂਲਾਂ ਉੱਤੇ ਨਵੇਂ ਸਿਰਿਉਂ ਵਰਤੋਂ ਸ਼ੁਰੂ ਕੀਤੀ ਤਾਂ ਉਹ ਨਵੇਂ ਅਤੇ ਓਪਰੇ ਪ੍ਰਤੀਤ ਹੋਣ ਲਗੇ। ਇਸ ਲਈ ਉਨ੍ਹਾਂ ਨੇ ਸੰਗਠਨ ਦਾ ਨਾਉਂ 'ਨਵਾਂ ਪੰਥ' ਪ੍ਰਸਿੱਧ ਕਰ ਦਿੱਤਾ। 'ਸੰਤ ਖਾਲਸਾ' ਨਾਮ ਮਲੇਛ ਖਾਲਸਾ ਦੇ ਟਾਕਰੇ ਕਰਕੇ ਮਸ਼ਹੂਰ ਹੋਇਆ ਜਾਪਦਾ ਹੈ। ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿਛੋਂ ਜਦ ਸਿੱਖ ਫ਼ੌਜਾਂ ਦਾ ਚਲਨ ਵਿਗੜ ਗਿਆ ਤੇ ਚੋਰੀ ਯਾਰੀ, ਮਾਸ ਸ਼ਰਾਬ, ਵੇਸਵਾ ਗਮਨ, ਵਲਛਲ, ਕਪਟ ਅਤੇ ਵਿਸਾਹ ਘਾਤ ਆਦਿਕ ਬੁਰਾਈਆਂ ਦਾ ਜ਼ੋਰ ਵਧ ਗਿਆ ਤਾਂ ਇਸ ਦਾ ਨਾਉਂ 'ਮਲੇਛ ਖਾਲਸਾ' ਪੈ ਗਿਆ ਪਰ ਜਦੋਂ

---

[1*] ਡਾ. ਗੰਡਾ ਸਿੰਘ : ਕੂਕਿਆਂ ਦੀ ਵਿਥਿਆ - ਪੰਨਾ 43-44

[2*] ਮਾਲਵਿੰਦਰ ਮਹਾ ਕਾਵਿ ਦੀ ਭੂਮਿਕਾ ਵਿਚੋਂ



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਨਵੇਂ ਸਿਰਿਉਂ ਜਥੇਬੰਦ ਕਰਕੇ ਸਦਾਚਾਰੀ ਅਤੇ ਸੰਤ ਰੂਪ ਬਣਾ ਦਿੱਤਾ ਤਾਂ ਉਨ੍ਹਾਂ ਨੂੰ 'ਸੰਤ ਖਾਲਸਾ' ਦੇ ਪਵਿੱਤਰ ਨਾਉਂ ਨਾਲ ਸਤਿਕਾਰਿਆ ਗਿਆ। ਚੌਥਾ ਨਾਉਂ ਜੋ ਇਸ ਸਮਾਜ ਦੇ ਅਸਲ ਰੂਪ ਅਰ ਨਾਮ ਅਭਿਆਸ ਦੇ ਪ੍ਰਬਲ ਅਭਿਆਸ ਨੂੰ ਪ੍ਰਗਟ ਕਰਦਾ ਹੈ 'ਨਾਮਧਾਰੀ' ਹੈ।

ਸੰਤ ਨਿਧਾਨ ਸਿੰਘ ਆਲਮ ਜੀ ਜੁਗ ਪਲਟਾਊ ਸਤਿਗੁਰੂ ਦੇ ਪੰਨਾ 'ਞ' ਉਤੇ ਲਿਖਦੇ ਹਨ :

"ਕੂਕਿਆਂ ਦੇ ਮਹਾਨ ਆਗੂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਨਾਉਂ ਨਾਲ ਪੁਕਾਰਿਆ ਗਿਆ ਅਤੇ ਉਸਦੀ ਚਲਾਈ ਹੋਈ ਇਹ ਲਹਿਰ, "ਕੂਕਾ ਲਹਿਰ ਦੇ ਨਾਉਂ ਨਾਲ ਪ੍ਰਸਿੱਧ ਹੋਈ। ਕਿਉਂਕਿ ਇਸਦੀ ਨੀਂਹ ਨਾਮ ਦੇ ਆਧਾਰ ਤੇ ਰਖੀ ਗਈ ਸੀ, ਇਸ ਲਈ ਇਸ ਨੂੰ ਨਾਮਧਾਰੀ ਨਾਉਂ ਨਾਲ ਵੀ ਸਤਕਾਰਿਆ ਗਿਆ।"

ਸੰਤ ਸੰਤੋਖ ਸਿੰਘ ਬਾਹੋਵਾਲ ਦੇ ਮਹਾਨ ਗ੍ਰੰਥ ਸਤਿਗੁਰੂ ਬਿਲਾਸ ਦੇ ਹਵਾਲੇ ਵਧੇਰੇ ਪੁਰਾਤਨ ਤੇ ਪ੍ਰਮਾਣਿਕ ਹਨ। ਆਪ ਲਿਖਦੇ ਹਨ :-

1*"ਸਿੰਘਾਂ ਨੇ ਅਰਜ਼ ਕੀਤੀ ਜੀ ਲੋਕ ਸਾਥੋਂ ਪੁਛਣੇ ਹੈਨ ਕੀ ਨਾਓ ਹੈ ਪੰਥ ਦਾ, ਕੀ ਦਸੀਏ? ਸਤਿਗੁਰੂ ਜੀ ਬਚਨ ਕੀਤਾ ਕੂਕਾ ਨਾਮ ਕਹਿ ਦਿਆ ਕਰੋ। ਜੋ ਪੁੱਛੇ ਸੋ ਤਿਸਕੋ ਕੂਕਾ ਹੀ ਕੈਹਣਾ। ਸੋ ਫਿਰ ਕੂਕਾ ਹੀ ਅੱਲ ਪੈ ਗਈ। ਉਂਜ ਤਾਂ ਨਾਮਧਾਰੀ ਪੰਥ ਦਾ ਨਾਮ ਹੈ।"

**ਸੰਤ ਬਾਹੋਵਾਲ ਅਨੁਸਾਰ**

2*"ਚੌਦੇ (1914 ਬਿਕਰਮੀ ਦੀ ਵੈਸਾਖੀ, 1857 ਈ.) ਦੀ ਵੈਸਾਖੀ ਆਈ। ਰਾਮਦਾਸ ਪੁਰੇ ਮੈਂ ਸਿੱਖ ਆਵਣ ਲਗੇ ਹੈਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਤ ਖਾਲਸਾ ਪ੍ਰਗਟ ਕਰਨੇ ਲਗੇ ਹੈ ਅੰਮ੍ਰਿਤ ਛਕਾਇਕੇ।"

ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਚਾਰੀ

ਕੂਕ ਮਾਰਨੈਂ ਤੇ ਕੂਕੇ ਜਗਤ ਬਖਾਨ ਹੈਂ - ਗਿਆਨੀ ਗਿਆਨ ਸਿੰਘ ਜੀ

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਨੂੰ ਜੋ ਵਿਸ਼ੇਸ਼ ਪਹਿਰਾਵਾ (ਸਿੱਧੀ ਦਸਤਾਰ, ਸਫੈਦ ਵਸਤਰ ਅਤੇ ਗਲ ਵਿਚ ਊਨ ਦੀ ਮਾਲਾ) ਬਖਸਿਆ ਉਸ ਕਾਰਨ ਸੰਤ ਖਾਲਸੇ ਦੀ ਪਛਾਣ ਸਿੱਖਾਂ ਦੇ ਨਵੇਂ ਪੰਥ ਦੇ ਰੂਪ ਵਿਚ ਵੀ ਹੋਈ। ਸੰਤ ਸੰਤੋਖ ਸਿੰਘ ਬਾਹੋਵਾਲ ਇਕ ਸਾਖੀ ਵਿਚ ਇਕ ਅਜਿਹੀ ਘਟਨਾ ਦਾ ਹੀ ਜ਼ਿਕਰ ਕਰਦੇ ਹਨ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਨਾਮਧਾਰੀ ਸੰਗਤ ਹਜਰੋਂ ਨੂੰ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਜਾ ਰਹੀ ਸੀ ਤਾਂ ਅੰਮ੍ਰਿਤਸਰ ਤੋਂ ਅੱਗੇ ਸੜਕ ਉੱਤੇ ਕੁਝ ਗੋਰੇ ਮਿਲੇ ਤਾਂ ਸਤਿਗੁਰੂ ਜੀ ਨੇ ਸਿੰਘਾਂ

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 230,

2* ਉਕਤ - ਪੰਨਾ 152



Sri Satguru Jagjit Singh Ji Elibrary NamdhariElibrary@gmail.com

ਨੂੰ ਹੁਕਮ ਕੀਤਾ - ।*"ਸਤਿ ਸ੍ਰੀ ਅਕਾਲ ਕਾ ਜੈਕਾਰਾ ਬੁਲਾਵੋ ਉਚੀ ਸੇ। ਸਿੰਘਾਂ ਜੈਕਾਰਾ ਉਚੀ ਸੇ ਗਜਾਇਆ।" ਗੋਰੇ ਹੱਸ ਕੇ ਕਹਿਣ ਲੱਗੇ "ਇਹੀ ਸਿੰਘ ਹੈਨ ਜੋ ਨਵਾਂ ਪੰਥ ਪੈਦਾ ਹੋਇਆ ਹੈ, ਜਿਨ੍ਹਾਂ ਨੂੰ ਕੂਕਾ ਪੰਥ ਆਖਦੇ ਹੈਨ।"

ਉਪਰੋਕਤ ਵਿਚਾਰ ਚਰਚਾ ਦੇ ਅਧਾਰ ਉੱਤੇ ਹੀ ਵਿਸ਼ੇਸ਼ ਰੂਪ ਵਿਚ ਤਵਾਰੀਖ਼ ਸੰਤ ਖ਼ਾਲਸਾ ਹੀ ਨਾਮਧਾਰੀ ਗੁਰ ਇਤਿਹਾਸ ਹੈ। ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਸਿੱਖਾਂ ਦੀ ਕਾਇਆ ਕਲਪ ਹੋ ਜਾਂਦੀ ਸੀ ਅਤੇ ਉਨ੍ਹਾਂ ਦੇ ਅੰਦਰ ਨਾਮ ਦਾ ਪ੍ਰਵਾਹ ਚਲ ਪੈਂਦਾ ਸੀ ਅਤੇ ਇਕ ਵਿਸ਼ੇਸ਼ ਮਸਤੀ ਜਾਂ ਵਜਦ ਵਿਚ ਆ ਕੇ ਉਹ ਗੁਰੂ ਬਾਣੀ ਦੇ ਸ਼ਬਦ ਪੜ੍ਹਦੇ ਹੋਏ ਉੱਚੀ ਉੱਚੀ ਕੂਕਣ ਲੱਗ ਪੈਂਦੇ ਸਨ। ਇਸੇ ਕਰਕੇ ਹੀ ਉਨ੍ਹਾਂ ਦਾ ਨਾਮ ਕੂਕੇ ਪੈ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਨਾਮ ਦੀ ਅਮੋਲਕ ਦਾਤ ਬਖਸ਼ੀ ਜਿਸ ਨੂੰ ਧਾਰਨ ਕਰਕੇ ਇਸ ਪੰਥ ਦਾ ਨਾਮ ਨਾਮਧਾਰੀ ਪੈ ਗਿਆ। ਸੰਤ ਖਾਲਸਾ ਨਾਮਧਾਰੀਆਂ ਦਾ ਵਿਸ਼ੇਸ਼ ਨਾਮ ਹੈ। ਜਿਸ ਕਾਰਨ ਹਰ ਨਾਮਧਾਰੀ ਆਪਣੇ ਆਪ ਨੂੰ ਸੰਤ ਅਖਵਾ ਕੇ ਫ਼ਖਰ ਮਹਿਸੂਸ ਕਰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ 1872 ਵਿਚ ਜਲਾਵਤਨੀ ਦੇ ਸਮੇਂ ਤੋਂ ਪਹਿਲਾਂ ਨਾਮਧਾਰੀ ਕੂਕਿਆਂ ਦੇ ਰੂਪ ਵਿਚ ਹੀ ਵਧੇਰੇ ਕਰਕੇ ਜਾਣੇ ਜਾਂਦੇ ਸਨ। ਸਰਕਾਰੀ ਦਸਤਾਵੇਜਾਂ ਵਿਚ ਕੂਕਾ ਨਾਮ ਹੀ ਵਧੇਰੇ ਪ੍ਰਚਲਿਤ ਸੀ। 1857 ਤੋਂ ਜਿਸ ਲਹਿਰ ਦਾ ਉਥਾਨ ਤੇ ਸੰਗਠਨ ਹੋਇਆ ਉਸ ਨੂੰ ਕੂਕਾ ਲਹਿਰ ਕਰਕੇ ਹੀ ਜਾਣਿਆ ਜਾਂਦਾ ਹੈ। ਇਸੇ ਲਹਿਰ ਦੇ ਕ੍ਰਾਂਤੀਕਾਰੀ ਪੱਖਾਂ ਨੂੰ ਵਿਦੇਸ਼ੀ ਹਾਕਮਾਂ ਨੇ 'ਕੂਕਾ ਵਿਦਰੋਹ' ਦੀ ਸੰਗਿਆ ਦਿੱਤੀ। ਸੰਤ ਨਿਧਾਨ ਸਿੰਘ ਆਲਮ ਜੀ ਦਾ ਇਹ ਵਿਚਾਰ ਬਿਲਕੁਲ ਠੀਕ ਹੈ ਕਿ ਕੂਕਾ ਨਾਮਧਾਰੀ ਸੰਗਠਨ ਦਾ ਸਿਆਸੀ ਨਾਮ ਸੀ। ਗੁਰਮਤਿ ਦਰਸ਼ਨ ਦੇ ਸੰਕਲਪਗਤ ਅਧਾਰਾਂ ਨੂੰ ਮੁੱਖ ਰੱਖ ਕੇ ਸੰਤ ਖਾਲਸਾ ਨਾਮ ਵਧੇਰੇ ਪ੍ਰਮਾਣਿਕ ਹੈ। ਪਰ ਹੁਣ ਵਰਤਮਾਨ ਕਾਲ ਵਿਚ ਨਾਮਧਾਰੀ ਨਾਮ ਹੀ ਵਧੇਰੇ ਵਿਆਪਕ ਰੂਪ ਵਿਚ ਪ੍ਰਚਲਿਤ ਹੋ ਗਿਆ ਹੈ।

### ਤਵਾਰੀਖ਼ ਸੰਤ ਖ਼ਾਲਸਾ ਦੇ ਮੁੱਖ ਕਾਲ ਖੰਡ

ਨਾਮਧਾਰੀ ਗੁਰੂ ਪਰੰਪਰਾ ਜਿਸ ਦਾ ਆਰੰਭ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸਾ ਦੀ ਸਾਜਣਾ ਕਰਨ ਦੇ ਦਿਨ 12 ਅਪ੍ਰੈਲ 1857, 1914 ਬਿ. ਦੀ ਵਿਸਾਖੀ ਤੋਂ ਹੀ ਆਰੰਭ ਹੁੰਦਾ ਹੈ। ਨਾਮਧਾਰੀ ਗੁਰ ਪ੍ਰਣਾਲੀ ਉਸੇ ਗੁਰੂ ਪਰੰਪਰਾ ਦਾ ਹੀ ਯੁੱਗੋ ਯੁੱਗ ਚਲਦਾ ਪ੍ਰਵਾਹ ਹੈ, ਜਿਸ ਦਾ ਆਰੰਭ ਆਦਿ ਗੁਰੂ ਨਾਨਕ ਦੇਵ ਜੀ ਤੋਂ ਹੀ ਆਰੰਭ ਹੋਇਆ ਸੀ। ਭਾਈ ਗੁਰਦਾਸ ਜੀ ਦੇ ਸ਼ਬਦਾਂ

।* ਸਤਿਗੁਰੂ ਬਿਲਾਸ, ਪੰਨਾ 224



Sri Satguru Jagjit Singh Ji Elibrary NamdhariElibrary@gmail.com

ਵਿਚ ਸਤਿਗੁਰੂ ਯੁੱਗੋ ਯੁੱਗ ਅਵਤਾਰ ਧਾਰਨ ਕਰਦਾ ਹੈ (ਯੁਗ ਯੁਗ ਸਤਿਗੁਰ ਧਰੇ ਅਵਤਾਰਾ) ਅਤੇ ਇਹ ਨਿਹਚਲ ਰਾਜ ਸੀ ਅਬਿਚਲ ਨੀਵ ਧਰੀ ਗੁਰ ਨਾਨਕ, ਨਿਤ ਨਿਤ ਚੜ੍ਹੈ ਸਵਾਈ। ਜੋ ਸਦਾ ਸਥਿਰ ਰਹਿਣ ਵਾਲਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸਾ ਨੂੰ ਪ੍ਰਗਟ ਕਰਨ ਦੇ ਸਮੇਂ ਨੂੰ ਵਰਤਮਾਨ ਨਾਮਧਾਰੀ ਗੁਰ ਇਤਿਹਾਸ ਦੀ ਮੁਖ ਸੀਮਾ ਰੇਖਾ ਮੰਨਿਆ ਜਾ ਸਕਦਾ ਹੈ, ਕਿਉਂ ਜੋ ਇਸ ਪਿਛੋਂ ਹੀ ਨਾਮਧਾਰੀ ਪੰਥ ਵਿਸ਼ੇਸ਼ ਤੌਰ ਤੇ ਜਾਣਿਆ ਜਾਣ ਲੱਗਾ ਹੈ। ਇਸ ਤੋਂ ਪਹਿਲਾਂ ਦੇ ਇਤਿਹਾਸ ਨੂੰ ਇਕ ਵਿਸ਼ੇਸ਼ ਕਾਲ ਦੇ ਰੂਪ ਵਿਚ ਵਾਚਿਆ ਜਾ ਸਕਦਾ ਹੈ। ਇਸ ਨੂੰ ਸੰਤ ਖਾਲਸੇ ਦੇ ਪ੍ਰਕਾਸ਼ ਤੋਂ ਪਹਿਲਾਂ ਦਾ ਪੂਰਵਵਰਤੀ ਕਾਲ ਕਿਹਾ ਜਾ ਸਕਦਾ ਹੈ। ਨਾਮਧਾਰੀ ਗੁਰ ਇਤਿਹਾਸ ਕਿਉਂ ਜੋ ਗੁਰੂ ਨਾਨਕ ਦੇਵ ਜੀ ਦੀ ਚਲਾਈ ਗੁਰ ਮਰਿਆਦਾ ਦਾ ਹੀ ਵਿਸਥਾਰ ਹੈ। ਇਸ ਨੂੰ ਮੁੱਖ ਸਿੱਖ ਇਤਿਹਾਸ ਤੋਂ ਅੱਡਰਾ ਕਰਕੇ ਵਾਚਣਾ ਨਾ ਤਾਂ ਇਤਿਹਾਸਕ ਤੌਰ ਤੇ ਯੋਗ ਹੈ ਅਤੇ ਨਾ ਹੀ ਨਿਆਏ ਉਚਿਤ। ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਤੋਂ ਪਹਿਲਾਂ ਸੰਤ ਖਾਲਸਾ ਦੇ ਪ੍ਰਗਟ ਹੋਣ ਤਕ ਗੁਰ ਇਤਿਹਾਸ ਵਿਚ ਸਮੇਂ ਸਮੇਂ ਕਈ ਵਿਕਾਸ ਪੜ੍ਹਾ ਆਉਂਦੇ ਰਹੇ ਹਨ, ਜਿਨ੍ਹਾਂ ਬਾਰੇ ਪ੍ਰਮੁੱਖ ਸਿੱਖ ਇਤਿਹਾਸਕਾਰਾਂ ਨੇ ਵੇਰਵੇ ਸਹਿਤ ਬਿਆਨ ਕੀਤਾ ਹੈ। ਸੰਤ ਖਾਲਸਾ ਦੇ ਪ੍ਰਗਟ ਹੋਣ ਤੋਂ ਪਹਿਲਾਂ ਦਾ ਕਾਲ-ਖੰਡ ਵਿਸ਼ੇਸ਼ ਤੌਰ ਤੇ ਤਵਾਰੀਖ਼ ਸੰਤ ਖ਼ਾਲਸਾ ਦੀ ਪੂਰਵਵਰਤੀ ਪਿੱਠ ਭੂਮੀ ਹੈ ਅਤੇ ਇਸ ਤੋਂ ਪਿਛੋਂ ਦਾ ਤਵਾਰੀਖ਼ ਸੰਤ ਖ਼ਾਲਸਾ ਨਿਰੋਲ ਨਾਮਧਾਰੀ ਮਤ ਦਾ ਹੀ ਇਤਿਹਾਸ ਮੰਨਿਆ ਜਾ ਸਕਦਾ ਹੈ। 1857 ਈਸਵੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦੇ ਲਗਭਗ ਡੇਢ ਸੌ ਸਾਲਾਂ ਵਿਚ ਨਾਮਧਾਰੀ ਪੰਥ ਨੇ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤਕ ਜੋ ਮੁੱਖ ਪਰਿਵਰਤਨ ਤੇ ਵਿਕਾਸ ਦੇ ਪੜ੍ਹਾ ਸਰ ਕੀਤੇ ਹਨ, ਉਨ੍ਹਾਂ ਦਾ ਬਿਓਰਾ ਕਾਲ ਕ੍ਰਮ ਅਨੁਸਾਰ ਦੇਣ ਦਾ ਜਤਨ ਇਸ ਇਤਿਹਾਸ ਵਿਚ ਕੀਤਾ ਗਿਆ ਹੈ, ਕਿਉਂ ਜੋ ਇਸ ਪੁਸਤਕ ਦਾ ਨਾਮ ਤਵਾਰੀਖ਼ ਸੰਤ ਖ਼ਾਲਸਾ ਹੈ, ਇਸ ਲਈ ਨਾਮਧਾਰੀ ਗੁਰ ਪਰੰਪਰਾ ਅਨੁਸਾਰ ਹੀ ਇਸ ਦਾ ਇਤਿਹਾਸਿਕ ਬਿਆਨ ਕੀਤਾ ਜਾ ਰਿਹਾ ਹੈ। ਜੋ ਇਤਿਹਾਸ ਦੇ ਪਾਠਕਾਂ ਖੋਜੀਆਂ ਨੂੰ ਨਾਮਧਾਰੀ ਗੁਰੂ ਸਾਹਿਬਾਨ ਦੀ ਅਦੁੱਤੀ ਦੇਣ ਅਤੇ ਸੰਤ ਖਾਲਸਾ ਜਾਂ ਨਾਮਧਾਰੀ ਮਤ ਦੇ ਭਿੰਨ ਭਿੰਨ ਪੜ੍ਹਾਵਾਂ ਦੇ ਹਾਲ ਤੋਂ ਜਾਣੂ ਕਰਵਾਇਆ ਜਾ ਸਕੇ। ਇੱਥੇ ਇਹ ਉਲੇਖ ਕਰ ਦੇਣਾ ਬੜਾ ਜ਼ਰੂਰੀ ਹੈ ਕਿ ਕੁਝ ਵਿਸ਼ੇਸ਼ ਕਾਰਨਾਂ ਕਰਕੇ ਨਾਮਧਾਰੀ ਇਤਿਹਾਸ ਦੀ ਸੰਪੂਰਨ ਤੇ ਵਾਸਤਵਿਕ ਪੇਸ਼ਕਾਰੀ ਹੁਣ ਤਕ ਨਹੀਂ ਕੀਤੀ ਜਾ ਸਕੀ। ਨਾਮਧਾਰੀ ਗੁਰ-ਮਰਿਆਦਾ ਸਿੱਖ ਰਹਿਤ ਬਹਿਤ ਦੇ ਸਨਾਤਨ ਤੇ ਵਰਤਮਾਨ ਸਰੂਪ ਨੂੰ ਨਿਰਧਾਰਤ ਕਰਨ ਵਾਲੀ ਉਹ ਵਿਰਾਟ ਚਲਣ ਹੈ ਜੋ ਗੁਰੂ ਨੂੰ ਆਦਰਸ਼ ਮਾਡਲ ਜਾਣ ਕੇ



Sri Satguru Jagjit Singh Ji Elibrary NamdhariElibrary@gmail.com

ਗੁਰੂ ਦੀ ਦੱਸੀ ਹੋਈ ਮਰਿਆਦਾ ਦੀ ਅਮਲੀ ਜੀਵਨ ਯੁਕਤ ਨੂੰ ਧਾਰਨ ਕਰਨ ਦੀ ਆਦਰਸ਼ਕ ਰਹੁ ਰੀਤ ਹੈ। ਨਾਮਧਾਰੀ ਗੁਰ ਇਤਿਹਾਸ ਜਿੱਥੇ ਗੁਰਮਤਿ ਧਾਰਾਂ ਦਾ ਪ੍ਰਜਵਲਿਤ ਗਾਡੀ ਰਾਹ ਹੈ, ਉਥੇ ਇਹ ਨਾ ਕੇਵਲ ਭਾਰਤੀ ਸੁਤੰਤਰਤਾ ਸੰਗਰਾਮ ਦਾ ਪ੍ਰਥਮ ਅਧਿਆਏ ਹੈ, ਸਗੋਂ ਵਿਸ਼ਵ ਭਰ ਦੇ ਸੁਤੰਤਰਤਾ ਸੰਗਰਾਮੀਆਂ ਲਈ ਆਪਾਵਾਰ ਬੀਰ ਭਾਵੀ ਕੁਰਬਾਨੀਆਂ ਦੀ ਵੀ ਅਮਰ ਗਾਥਾ ਹੈ।

## ਤਵਾਰੀਖ਼ ਸੰਤ ਖ਼ਾਲਸਾ ਦੀ ਕਾਲਵੰਡ

ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ ਕਿ ਇਸ ਪੁਸਤਕ ਦਾ ਪਹਿਲਾ ਭਾਗ ਸੰਤ ਖਾਲਸੇ ਦੇ ਪ੍ਰਗਟ ਕਰਨ ਤੋਂ ਪੂਰਬ ਦੇ ਕਾਲ ਨਾਲ ਜੁੜਿਆ ਹੋਇਆ ਹੈ। ਅਰਥਾਤ ਇਹ ਕਾਲ ਖੰਡ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ (1469) ਤੋਂ ਲੈ ਕੇ ਸੰਤ ਖਾਲਸਾ ਦੇ ਪ੍ਰਗਟ ਹੋਣ ਤਕ (1857 ਈਸਵੀ) ਦਾ ਤੱਕ ਦਾ ਕਾਲ ਹੈ।

ਦੂਜਾ ਵਿਸ਼ੇਸ਼ ਕਾਲ ਖੰਡ 1857 ਅਰਥਾਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਆਦੇਸ਼ਾਂ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ ਨੂੰ ਸੰਗਠਿਤ ਕਰਨ ਦੇ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ, ਨਾਮਧਾਰੀ ਸਤਿਗੁਰੂ ਸਾਹਿਬਾਨ (ਸਤਿਗੁਰੂ ਹਰੀ ਸਿੰਘ -1906 ਤਕ) ਸਤਿਗੁਰੂ ਪ੍ਰਤਾਪ ਸਿੰਘ 1906 ਤੋਂ 1959 ਤਕ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਜਿੰਨਾਂ ਨੇ 1959 ਤੋਂ ਨਾਮਧਾਰੀ ਪੰਥ ਦੇ ਗੁਰਤਵ ਦੇ ਰੂਪ ਵਿਚ ਵਾਗਡੋਰ ਸੰਭਾਲੀ ਹੈ ਅਤੇ ਜਿਨ੍ਹਾਂ ਦੀ ਸਰਪ੍ਰਸਤੀ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਨਾਮਧਾਰੀ ਪੰਥ ਵੱਧ ਫੁੱਲ ਰਿਹਾ ਹੈ ਤਕ ਆ ਪੁੱਜਦਾ ਹੈ। ਸੰਤ ਖਾਲਸਾ ਦੇ ਹੋਂਦ ਵਿਚ ਆਉਣ ਦੇ ਪਿਛੋਂ ਦੇ ਕਾਲ ਖੰਡ ਨੂੰ ਇਸ ਇਤਿਹਾਸ ਦੇ ਦੂਜੇ ਭਾਗ ਵਜੋਂ ਵਿਚਾਰਿਆ ਗਿਆ ਹੈ।



Sri Satguru Jagjit Singh Ji Elibrary NamdhariElibrary@gmail.com

## 2

# ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦਾ ਭਗਤੀ ਮਾਰਗ

### ਇਤਿਹਾਸ ਦੀ ਵਾਸਤਵਿਕਤਾ

ਕਿਸੇ ਵੀ ਦੇਸ਼ ਦੇ ਇਤਿਹਾਸ ਦੀਆਂ ਜੜ੍ਹਾਂ ਭੂਤਕਾਲ ਵਿਚ ਗੱਡੀਆਂ ਹੁੰਦੀਆਂ ਹਨ। ਵਰਤਮਾਨ ਉੱਤੇ ਅਤੀਤ ਦੀ ਛਾਪ, ਕਰਮ ਅਤੇ ਪ੍ਰਤੀਕਰਮ ਦੇ ਰੂਪ ਵਿਚ ਡੂੰਘੀ ਉਕਰੀ ਹੁੰਦੀ ਹੈ। ਇਸੇ ਤਰ੍ਹਾਂ ਵਰਤਮਾਨ ਵਿਚੋਂ ਭਵਿੱਖ ਦੀ ਨੁਹਾਰ ਵੀ ਸਾਮਾਜਿਕ ਚਿੰਤਕ ਅਤੇ ਬੁੱਧੀਵਾਨ ਵੇਖ ਸਕਦੇ ਹਨ। ਇਤਿਹਾਸ ਦੇ ਬਿਆਨ ਤੇ ਇਸ ਦੀ ਵਾਸਤਵਿਕ ਚਰਿੱਤਰ ਦੀ ਪਛਾਣ ਕਰਨ ਲਈ ਇਤਿਹਾਸਕਾਰ ਦਾ ਯੁੱਗ ਬੋਧ ਦਾ ਪ੍ਰਪੱਕ ਜਾਣਕਾਰ ਹੋਣਾ ਬੜਾ ਜ਼ਰੂਰੀ ਤੇ ਸੁਭਾਵਕ ਹੈ। ਅਤੀਤ ਨੂੰ ਵਰਤਮਾਨ ਨਾਲੋਂ ਅਤੇ ਵਰਤਮਾਨ ਦੀ ਨੁਹਾਰ ਤੋਂ ਭਵਿੱਖ ਦੇ ਮਾਰਗ ਨੂੰ ਅਗਾਊਂ ਤੱਕ ਸਕਣਾ ਯੁੱਗ ਪਰਿਵਰਤਕ ਤੇ ਯੁੱਗ ਚਿੰਤਕ ਲਈ ਸੰਭਵ ਹੁੰਦਾ ਹੈ। ਵਿਗਿਆਨਕ ਤੇ ਵਿਵੇਕਸ਼ੀਲ ਦ੍ਰਿਸ਼ਟੀਕੋਣ ਤੋਂ ਬਾਹਰਮੁਖੀ ਤੱਥਾਂ ਦੇ ਹੇਠਾਂ ਲੁਕੇ ਪਏ ਗਤੀਸ਼ੀਲ ਪ੍ਰਵਾਹ ਨੂੰ ਵਾਚ ਸਕਣ ਵਾਲਾ ਇਤਿਹਾਸਕਾਰ ਹੀ ਇਤਿਹਾਸ ਦੀ ਨਬਜ਼ ਨੂੰ ਪਛਾਣ ਸਕਦਾ ਹੈ। ਇਤਿਹਾਸ ਤਾਂ ਇਕ ਵਹਿੰਦਾ ਪ੍ਰਵਾਹ ਹੈ ਜੋ ਆਦਿ ਕਾਲ ਅਰਥਾਤ ਇਤਿਹਾਸਕ ਯੁੱਗ ਤੋਂ ਵਰਤਮਾਨ ਯੁੱਗ ਤੱਕ ਨਿਰੰਤਰ ਚਲਦਾ ਰਿਹਾ ਹੈ ਅਤੇ ਵਰਤਮਾਨ ਤੋਂ ਅਗਲੇ ਭਵਿੱਖ ਵਿਚ ਵੀ ਇਸ ਨੇ ਚਲਦੇ ਰਹਿਣਾ ਹੈ। ਵੱਡੀਆਂ ਵੱਡੀਆਂ ਇਤਿਹਾਸ ਦੀ ਧਾਰਾ ਨੂੰ ਬਦਲਣ ਵਾਲੀਆਂ ਪ੍ਰਵ੍ਰਿਤੀਆਂ ਜਾਂ ਲਹਿਰਾਂ ਜੋ ਜਨ ਸਮੂਹ ਦੇ ਜੀਵਨ ਪ੍ਰਵਾਹ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ ਅਤੇ ਵਿਅਕਤੀ ਵਿਸ਼ੇਸ਼ ਜਾਂ ਇਤਿਹਾਸ ਪੁਰਸ਼ ਜੋ ਇਤਿਹਾਸ ਦੀ ਧਾਰਾ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ ਦੋਵੇਂ ਹੀ ਇੰਨਾਂ ਮੂਲ ਇਤਿਹਾਸਕ ਪਰਿਵਰਤਨਾਂ ਦੇ ਕਾਰਨ ਬਣਦੇ ਹਨ। ਜਨ ਸਮੂਹ ਦੀ ਅਥਾਹ ਸ਼ਕਤੀ ਅਤੇ ਵਿਅਕਤੀ ਵਿਸ਼ੇਸ਼ ਜਾਂ ਯੁੱਗ ਪਰਿਵਰਤਕ ਦੀ ਅਸਾਧਾਰਨ ਯੋਗਤਾ ਅਤੇ ਅਦੁੱਤੀ ਘਾਲਨਾ ਦੇ ਮਿਲਵੇ ਕਰਮ ਤੋਂ ਹੀ ਇਤਿਹਾਸ ਨੂੰ ਨਵੀਂ ਨੁਹਾਰ ਤੇ ਤੇਜ ਗਤੀ ਪ੍ਰਾਪਤ ਹੁੰਦੀ ਹੈ। ਇਸ ਲਈ ਕਿਸੇ ਵੀ ਕਾਲ ਖੰਡ ਅਤੇ



Sri Satguru Jagjit Singh Ji Elibrary NamdhariElibrary@gmail.com

ਦੇਸ਼ ਵਿਆਪੀ ਇਤਿਹਾਸ ਨੂੰ ਵਾਚਣ ਅਤੇ ਅੰਕਿਤ ਕਰਨ ਸਮੇਂ ਜੀਵਨ ਧਾਰਾ ਦੇ ਨਿਰੰਤਰ ਚਲ ਰਹੇ ਪ੍ਰਵਾਹ ਦੀ ਚਾਲ ਨੂੰ ਲੱਖ ਤੇ ਪੇਖ ਸਕਣਾ ਬੜਾ ਜ਼ਰੂਰੀ ਹੈ। ਵਰਤਮਾਨ ਦੀਆਂ ਜੜ੍ਹਾਂ ਅਤੀਤ ਵਿਚ ਅਤੇ ਭਵਿੱਖ ਦੇ ਬ੍ਰਿਛ ਅੰਦਰ ਵਰਤਮਾਨ ਦੀਆਂ ਪ੍ਰਸਥਿਤੀਆਂ ਵਿਚ ਕਾਰਜਸ਼ੀਲ ਹੁੰਦੇ ਹਨ।

### ਗੁਰੂ ਨਾਨਕ ਦਾ ਆਗਮਨ

ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ (1469 ਤੋਂ 1539) ਦੇ ਆਗਮਨ ਨਾਲ ਸੰਸਾਰ ਦੇ ਅਧਿਆਤਮਿਕ ਤੇ ਧਾਰਮਿਕ ਇਤਿਹਾਸ ਵਿਚ ਗੁਰਮਤਿ ਦੇ ਪ੍ਰਵੇਸ਼ ਨਾਲ ਇਕ ਨਵਾਂ ਯੁੱਗ ਆਰੰਭ ਹੋਇਆ। ਗੁਰੂ ਨਾਨਕ ਦੇਵ ਜੀ ਦਾ ਆਗਮਨ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਨਵੀਆਂ ਸੰਭਾਵਨਾਵਾਂ ਨੂੰ ਲੈ ਕੇ ਆਇਆ। ਇਹ ਇਤਿਹਾਸਕ ਪਰਿਵਰਤਨ ਗੁਰੂ ਨਾਨਕ ਦੇ ਅਧਿਆਤਮਕ ਚਿੰਤਨ ਦੇ ਨਾਲ ਨਾਲ ਗੁਰੂ ਜੋਤਾਂ ਦੇ ਉਸ ਸੰਗਠਨ ਦੇ ਕਾਰਨ ਸੰਭਵ ਹੋਇਆ ਜੋ ਗੁਰੂ ਨਾਨਕ ਦੇਵ ਜੀ ਦੇ ਪੂਰਵਕਾਲੀ ਭਗਤ ਤੇ ਬਾਣੀਕਾਰ ਨਹੀਂ ਸਨ ਕਰ ਸਕੇ। ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਦਰਸ਼ਨ ਦੇ ਸਰੋਤ ਭਗਤੀ ਮਾਰਗ ਵਿਚੋਂ ਲੱਭੇ ਜਾ ਸਕਦੇ ਹਨ।

### ਭਗਤੀ ਮਤ ਤੇ ਗੁਰਮਤਿ

ਜੇ ਗੁਰਮਤਿ ਨੂੰ ਭਗਤੀ ਮਤ ਦਾ ਅਗਲਾ ਪੜਾਅ ਮੰਨ ਲਿਆ ਜਾਵੇ ਤਾਂ ਇਸ ਵਿਚ ਵੀ ਕੋਈ ਅਤਿ ਕਥਨੀ ਨਹੀਂ ਹੈ। ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਅਧਿਕਾਰੀ ਸਿੱਖ ਗੁਰੂ ਸਾਹਿਬਾਨ ਨੇ ਮੱਧ ਕਾਲ ਦੀ ਭਗਤੀ ਲਹਿਰ ਦੇ ਕਰਮ-ਖੇਤਰ ਵਿਚ ਗੁਣਾਤਮਕ ਪਰਿਵਰਤਨ ਲੈ ਆਂਦੇ ਅਤੇ ਅਧਿਆਤਮਿਕ ਚਿੰਤਨ ਤੇ ਧਾਰਮਿਕ ਮਰਿਆਦਾ ਨੂੰ ਯੁਗ-ਅਨੁਕੂਲ ਨਵੀਂ ਕ੍ਰਾਂਤੀਕਾਰੀ ਦਿਸ਼ਾ ਪ੍ਰਦਾਨ ਕੀਤੀ। ਵਾਸਤਵ ਵਿਚ ਮੱਧਕਾਲ ਦੀ ਭਗਤੀ ਲਹਿਰ ਦੇ ਵਾਹੇ ਹੋਏ ਖੇਤ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਨਵੇਂ ਸਿੱਖ ਧਰਮਾਚਾਰ ਦਾ ਬੀਜ ਬੀਜਿਆ ਜੋ ਪਿਛਲੀ ਪੰਜ ਸਦੀਆਂ ਤੋਂ ਵੀ ਵਧੀਕ ਸਮੇਂ ਵਿਚ ਵੱਧਦਾ-ਫੁਲਦਾ ਰਿਹਾ ਹੈ ਅਤੇ ਸਿੱਖ ਧਰਮ ਨੂੰ ਗੁਰੂ ਸਾਹਿਬਾਨ ਦੀ ਨਿਰੰਤਰ ਅਗਵਾਈ ਸਰਗੁਣ ਅਤੇ ਨਿਰਗੁਣ ਗੁਰ ਸ਼ਬਦ ਦੇ ਸਰੂਪ ਵਿਚ ਪ੍ਰਾਪਤ ਹੁੰਦੀ ਰਹੀ ਹੈ। ਇਸ ਸਬੰਧ ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਗਈ ਸੁਪ੍ਰਸਿੱਧ ਲੇਖਕ ਐਮ. ਆਰ. ਮੈਕਾਲਿਫ ਦੀ ਪੁਸਤਕ 'ਸਿੱਖ ਧਰਮ' ਦਾ ਇਹ ਉਦਾਹਰਣ ਬੜਾ ਵਰਣਨਯੋਗ ਹੈ ਜਿਸ ਵਿਚ ਉਸ ਨੇ ਸਿੱਖ ਧਰਮ ਅਤੇ ਇਨ੍ਹਾਂ ਭਗਤਾਂ ਨੂੰ ਗੁਰੂ ਨਾਨਕ ਆਗਮਨ ਦੇ ਪੂਰਵਕਾਲੀ ਸੰਦੇਸ਼ਵਾਹਕ ਦੱਸਿਆ ਹੈ ਭਾਰਤੀ ਜਨ-ਜੀਵਨ ਵਿਚ ਲੋਕਾਚਾਰ ਤੇ ਧਰਮਾਚਾਰ ਨਾਲੋਂ ਨਾਲ ਹੀ ਚਲਦੇ ਰਹੇ ਹਨ। ਲੋਕ



Sri Satguru Jagjit Singh Ji Elibrary NamdhariElibrary@gmail.com

ਰੀਤੀ ਨੂੰ ਨਿਰਧਾਰਿਤ ਕਰਨ ਵਿਚ ਧਰਮਾਚਾਰ ਤੇ ਇਸ ਨਾਲ ਸਬੰਧਿਤ ਧਰਮ ਨੀਤੀ ਦਾ ਵਿਸ਼ੇਸ਼ ਹੱਥ ਰਿਹਾ ਹੈ। ਮਨੁੱਖ ਨੂੰ ਆਪਣੇ ਸਾਮਾਜਿਕ ਸੰਗਠਨ ਨੂੰ ਕਾਇਮ ਰੱਖਣ ਲਈ ਕਿਸੇ ਵਿਸ਼ੇਸ਼ ਧਰਮ ਵਰਗੀ ਪ੍ਰਪੱਕ ਮਰਿਆਦਾ ਜਾਂ ਸ਼੍ਰਿਸਟਾਚਾਰ ਦੀ ਲੋੜ ਸਦਾ ਬਣੀ ਰਹਿੰਦੀ ਹੈ। ਧਰਮ ਮਨੁੱਖ ਨੂੰ ਉਸ ਦੇ ਮਾਨਵੀ ਤੇ ਸਾਮਾਜਿਕ ਕਰਤੱਵਾਂ ਬਾਰੇ ਜਾਗਰੂਪ ਕਰਦਾ ਹੈ। ਵਿਅਕਤੀਗਤ ਤੇ ਸਮੂਹਿਕ ਰੂਪ ਵਿਚ ਇਹ ਪ੍ਰੇਰਨਾ ਸ੍ਰੋਤ ਦੇ ਰੂਪ ਵਿਚ ਲੋਕ ਮਰਿਆਦਾ ਤੇ ਸਾਮਾਜਿਕ ਹੋਣੀ ਦਾ ਮਾਰਗ ਦਰਸ਼ਕ ਬਣਦਾ ਹੈ। ਇਨ੍ਹਾਂ ਮੱਧਕਾਲੀਨ ਭਗਤਾਂ (ਜਿਨ੍ਹਾਂ ਨੂੰ ਸੰਤ ਕਹਿ ਕੇ ਵੀ ਸੰਬੋਧਨ ਕੀਤਾ ਜਾਂਦਾ ਹੈ) ਨੂੰ ਉਸੇ ਤਰ੍ਹਾਂ ਦੀ ਮਹੱਤਵਪੂਰਨ ਘਟਨਾ ਕਿਹਾ ਗਿਆ ਹੈ, ਜਿਵੇਂ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਪ੍ਰਭਾਤ ਦਾ ਉਦੈ ਹੁੰਦਾ ਹੈ। ਚੇਤੇ ਰਹੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਿਤ ਕੀਤੇ ਗਏ ਆਦਿ ਗ੍ਰੰਥ ਵਿਚ ਅਜਿਹੇ 13 ਭਗਤਾਂ ਦੀ ਬਾਣੀ ਦਰਜ ਹੈ ਜਿਨ੍ਹਾਂ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰਬਾਣੀ ਦੇ ਤੁੱਲ ਹੀ ਸਤਿਕਾਰ ਦਿੱਤਾ ਜਾਂਦਾ ਹੈ। [1*]ਮੇਕਾਲਿਫ ਦੇ ਕਥਨ ਅਨੁਸਾਰ :

"ਪ੍ਰਾਚੀਨ ਸਮੇਂ ਤੋਂ ਹੀ ਹਿੰਦੁਸਤਾਨ ਵਿਚ ਕੁਝ ਅਜਿਹੇ ਸੰਤ ਪੁਰਸ਼ ਅਤੇ ਚਿੰਤਕ ਹੋਏ ਹਨ, ਜੋ ਹਿੰਦੂ ਧਰਮ ਦੇ ਕਈ ਵਹਿਮਾਂ-ਭਰਮਾਂ ਅਤੇ ਧਾਰਮਿਕ ਆਪ ਹੁਦਰੇਪਨ ਤੋਂ ਅਸੰਤੁਸ਼ਟ ਸਨ। ਉਨ੍ਹਾਂ ਨੇ ਸਹਿਜੇ ਸਹਿਜੇ ਇਕ ਪਰਮਾਤਮਾ ਵਿਚ ਆਪਣੇ ਵਿਸ਼ਵਾਸ ਨੂੰ ਸੁਦ੍ਰਿੜ ਕਰ ਲਿਆ। ਇਕ ਈਸ਼ਵਰਵਾਦ ਵਿਚ ਵਿਸ਼ਵਾਸ ਰੱਖਣ ਵਾਲੇ ਇਹ ਮੱਧਕਾਲ ਦੇ ਭਗਤ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਉਸੇ ਤਰ੍ਹਾਂ ਸਨ ਜਿਵੇਂ ਸੂਰਜ ਚੜ੍ਹਨ ਤੋਂ ਪਹਿਲਾਂ ਪ੍ਰਭਾਤ ਦਾ ਉਗਮਨ ਹੁੰਦਾ ਹੈ। ਧਰਮ ਨਾਲ ਮਨੁੱਖ ਦੀ ਸਮਰਪਣ ਦੀ ਭਾਵਨਾ ਤੇ ਪ੍ਰਤੀਬੱਧਤਾ ਪੱਕੀ ਹੁੰਦੀ ਹੈ ਅਤੇ ਉਹ ਆਪਣੇ ਵਿਅਕਤੀਗਤ ਕਰਮ ਦੇ ਨਾਲ ਨਾਲ ਸਾਮਾਜਿਕ ਕਰਮ ਲਈ ਵੀ ਤਿਆਗ ਤੇ ਸਮਰਪਣ ਦੀ ਭਾਵਨਾ ਨਾਲ ਜੁੜਦਾ ਹੈ। ਜਿਸ ਨਾਲ ਸਾਮਾਜਿਕ ਵਿਕਾਸ ਦੀ ਮਰਿਆਦਾ ਸਥਾਪਿਤ ਹੁੰਦੀ ਅਤੇ ਇਹ ਮਨੁੱਖੀ ਜੀਵਨ ਪ੍ਰਵਾਹ ਨੂੰ ਅੱਗੇ ਤੋਰਦੀ ਹੈ।"

### ਲੋਕਾਚਾਰ ਤੇ ਧਰਮਾਚਾਰ

ਲੋਕਾਚਾਰ ਤੇ ਧਰਮਾਚਾਰ ਵਿਚ ਇਹੋ ਹੀ ਵਿਸ਼ੇਸ਼ ਅੰਤਰ ਹੈ ਕਿ ਲੋਕਾਚਾਰ ਆਪ-ਮੁਹਾਰੇ ਰੂਪ ਵਿਚ ਅੱਗੇ ਤੁਰਦਾ ਹੈ ਅਤੇ ਸ੍ਵੈ-ਛੰਦ ਤੇ ਸੁਤੰਤਰ ਹੁੰਦਾ ਹੈ ਪਰ ਧਰਮਾਚਾਰ ਆਦਰਸ਼ਕ ਮਰਿਆਦਾ ਵਿਚ ਬੱਝਿਆ ਹੋਣ ਕਰਕੇ ਨਿਸ਼ਚਿਤ ਦਿਸ਼ਾ ਵੱਲ ਅੱਗੇ ਵਧਦਾ ਹੈ। ਇਸ ਲਈ ਧਰਮਾਚਾਰ ਵਧੇਰੇ ਸ਼ਕਤੀਸ਼ਾਲੀ ਭੂਮਿਕਾ

[1*] ਐਮ. ਆਰ. ਮੇਕਾਲਿਫ, ਸਿੱਖ ਰਿਲੀਜਨ, ਜਿਲਦ 6, ਪੰਨਾ 1



Sri Satguru Jagjit Singh Ji Elibrary NamdhariElibrary@gmail.com

ਨੂੰ ਵੀ ਨਿਭਾਉਂਦਾ ਹੈ।

ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਵੱਖ ਵੱਖ ਧਰਮਾਂ ਤੇ ਧਾਰਮਿਕ ਕਾਰਜਾਂ ਨੇ ਸਮੇਂ ਸਮੇਂ ਸਿਰ ਸਮਾਜ ਤੇ ਮਾਨਵ ਦੀ ਹੋਣੀ ਨੂੰ ਨਿਸ਼ਚਿਤ ਗਤੀ ਪ੍ਰਦਾਨ ਕੀਤੀ ਹੈ। ਇਹ ਇਸ ਕਰਕੇ ਸੰਭਵ ਹੋ ਸਕਿਆ ਕਿ ਮਨੁੱਖ ਦੇ ਧਾਰਮਿਕ ਜੀਵਨ ਵਿਚ ਕਿਸੇ ਨਾ ਕਿਸੇ ਇਸ਼ਟ ਦੇਵ ਦੀ ਭੂਮਿਕਾ ਸਦਾ ਬਣੀ ਰਹਿੰਦੀ ਹੈ, ਭਾਵੇਂ ਉਹ ਦੇਵ ਸ਼ਕਤੀਆਂ ਹੋਣ ਜਾਂ ਕੋਈ ਅਧਿ-ਦੇਵ ਪ੍ਰਭੂ ਪ੍ਰਮੇਸ਼ਵਰ ਅਕਾਲ ਪੁਰਖ ਜਾਂ ਪਰਮਾਤਮਾ।

## ਵੈਦਿਕ ਧਰਮ

ਰਿਗਦੇਵ ਦੇ ਸਮੇਂ ਜਦੋਂ ਆਰੀਆ ਜਾਤੀ ਆਪਣੇ ਜੀਵਨ ਦੇ ਆਰੰਭਿਕ ਪੜਾਵਾਂ ਉੱਤੇ ਸੀ ਤਾਂ ਲੋਕ, ਜਾਤੀਆਂ ਜਾਂ ਕਬੀਲਿਆਂ ਵਿਚ ਵੰਡੇ ਹੋਏ ਸਨ ਤਾਂ ਉਸ ਸਮੇਂ ਵੀ ਕੁਦਰਤੀ ਸ਼ਕਤੀਆਂ ਦੀ ਉਪਾਸਨਾ ਦੇਵੀ ਦੇਵਤਿਆਂ ਦੀ ਪੂਜਾ ਅਰਚਨਾ ਦੇ ਰੂਪ ਵਿਚ ਆਰੰਭ ਹੋਈ। ਭਾਰਤ ਵਿਚ ਇਹ ਧਰਮ ਦਾ ਸਭ ਤੋਂ ਪਹਿਲਾ ਰੂਪ ਸੀ, ਜਿਸ ਨੂੰ ਬਹੁ ਦੇਵ ਵਾਦ ਦੀ ਸੰਗਿਆ ਵੀ ਦਿੱਤੀ ਗਈ ਹੈ। ਹਵਨ ਯੱਗ ਦਾ ਆਰੰਭ ਇਸੇ ਕਾਲ ਵਿਚ ਹੀ ਹੋਇਆ।

ਵੈਦਿਕ ਕਾਲ ਦਾ ਬਹੁਦੇਵ ਵਾਦ ਜਿਸ ਵਿਚ ਕੁਦਰਤੀ ਸ਼ਕਤੀਆਂ ਦੇ ਅਨੇਕ ਰੂਪਾਂ ਨੂੰ ਦੇਵੀ ਦੇਵਤਿਆਂ ਦੇ ਰੂਪ ਵਿਚ ਕਲਪਿਆ ਗਿਆ ਸੀ, ਦੀ ਪੂਜਾ ਅਰਚਾ ਤੇ ਉਪਾਸਨਾ ਭਾਰਤੀ ਧਰਮਾਚਾਰ ਦਾ ਸਭ ਤੋਂ ਪਹਿਲਾ ਸਰੂਪ ਸੀ। ਸਮਾਂ ਪਾ ਕੇ ਇਹ ਬਹੁ ਦੇਵ ਵਾਦ ਇਨ੍ਹਾਂ ਦੇਵੀ ਦੇਵਤਿਆਂ ਜਾਂ ਬਲਵਾਨ ਪ੍ਰਕਿਤਕ ਸ਼ਕਤੀਆਂ ਤੋਂ ਉਪਰ ਕਿਸੇ ਹੋਰ ਪਰਮ ਸਤਾ ਦੀ ਕਲਪਨਾ ਕਰਨ ਲੱਗਾ ਜੋ ਸਾਰੇ ਵਿਸ਼ਵ ਦੀ ਰਚਨਹਾਰ ਤੇ ਸੰਚਾਲਕ ਸ਼ਕਤੀ ਹੈ ਜਿਸ ਦੇ ਅਧੀਨ ਇਹ ਸਭ ਪ੍ਰਕਿਰਤੀ ਦੇ ਵਰਤਾਰੇ ਵੀ ਕਾਰਜਸ਼ੀਲ ਸਨ।

## ਉਪਨਿਸ਼ਦਾਂ ਦਾ ਇਕ ਈਸ਼ਵਰਵਾਦ

ਇਹ ਇਕ ਈਸ਼ਵਰਵਾਦ ਹੀ ਪਿਛੋਂ ਜਾ ਕੇ ਉਪਨਿਸ਼ਦ ਕਾਲ ਵਿਚ ਬ੍ਰਹਮ ਜਾਂ ਪਾਰਬ੍ਰਹਮ ਦੇ ਰੂਪ ਵਿਚ ਪੂਜਣਯੋਗ ਇਸ਼ਟ ਦੇ ਰੂਪ ਵਿਚ ਸਥਾਪਿਤ ਹੋਇਆ। ਸਹਿਜੇ ਸਹਿਜੇ ਇਸ ਧਰਮ ਚਿੰਤਨ ਨੇ ਆਤਮ ਬੋਧ ਦਾ ਸਰੂਪ ਧਾਰਨ ਕਰ ਲਿਆ ਤੇ ਆਤਮਿਕ ਗਿਆਨ ਹੀ ਧਰਮ ਹੀ ਸ੍ਰੇਸ਼ਟ ਭਾਲ ਜਾਂ ਖੋਜ ਦਾ ਆਦਰਸ਼ ਬਣ ਗਿਆ। ਮਨੁੱਖ ਦੀ ਆਤਮਿਕ ਸ਼ਕਤੀ ਦੇ ਵਿਕਾਸ ਨਾਲ ਉਸ ਦਾ ਦ੍ਰਿਸ਼ਟੀਕੋਣ ਵਧੇਰੇ ਸੂਖਮ ਤੇ ਉੱਨਤ ਹੋਇਆ। ਉਹ ਬ੍ਰਹਮ ਜਾਂ ਪਾਰਬ੍ਰਹਮ ਦੀ ਖੋਜ ਜਾਂ ਉਸ ਨਾਲ ਇਕ ਸੁਰ ਹੋਣ ਦੇ ਕਈ ਮਾਰਗ ਖੋਜੇ ਗਏ ਅਤੇ ਕਈ ਪ੍ਰਕਾਰ ਦੇ ਅਭਿਆਸ ਉਸ ਪਰਮ ਸ਼ਕਤੀ ਨਾਲ ਇਕ ਸੁਰ ਹੋਣ ਲਈ



Sri Satguru Jagjit Singh Ji Elibrary NamdhariElibrary@gmail.com

ਨਿਰਧਾਰਿਤ ਕੀਤੇ ਗਏ।

**ਖਟ ਦਰਸ਼ਨ ਅਰਥਾਤ ਛੇ ਸ਼ਾਸਤਰਾਂ ਦਾ ਮਾਰਗ**

ਭਾਰਤ ਦੇ ਦਾਰਸ਼ਨਿਕ ਇਤਿਹਾਸ ਵਿਚ ਛੇ ਸ਼ਾਸਤਰਾਂ ਦੀ ਉਪਜ ਅਜਿਹੀ ਮਾਨਸਿਕ ਜਗਿਆਸਾ ਤੇ ਬੌਧਿਕ ਘਟਨਾਵਾਂ ਦੀ ਹੀ ਵਿਸ਼ੇਸ਼ ਦੇਣ ਸੀ। ਇਸ ਵਿਚੋਂ ਹੀ ਗਿਆਨ (ਸਾਂਖ) ਧਿਆਨ (ਯੋਗ) ਅਤੇ ਕਰਮ (ਧਾਰਮਿਕ ਕਰਮ ਕਾਂਡ ਤੇ ਤੀਰਥ ਯਾਤਰਾਂ ਆਦਿ ਦੀ ਮਰਿਆਦਾ) ਦੀ ਮਰਿਆਦਾ ਸਥਾਪਿਤ ਹੋਈ।

**ਅਵਤਾਰ ਵਾਦ**

ਮਹਾਂ ਕਾਵਿ (ਮਹਾਂ ਭਾਰਤ ਤੇ ਰਮਾਇਣ) ਦੇ ਕਾਲਾਂ ਵਿਚ ਇਸ ਉਪਰੋਕਤ ਧਰਮਾਚਾਰ ਦੇ ਨਾਲ ਨਾਲ ਅਵਤਾਰਵਾਦ ਦਾ ਸਿਧਾਂਤ ਵੀ ਪ੍ਰਬੱਲ ਹੋਇਆ। ਭਗਵਾਨ ਰਾਮ ਅਤੇ ਕ੍ਰਿਸ਼ਨ ਇੰਨ੍ਹਾਂ ਮਹਾਂਕਾਵਾਂ ਦੇ ਨਾਇਕ ਸਨ, ਜਿਨ੍ਹਾਂ ਨੂੰ ਪਾਰਬ੍ਰਹਮ ਦੇ ਅਵਤਾਰ ਤੇ ਉਨ੍ਹਾਂ ਗੁਣਾਂ ਦੇ ਸੁਆਮੀ ਮੰਨਿਆ ਗਿਆ ਜੋ ਮਨੁੱਖੀ ਧਰਮ ਤੇ ਨੈਤਿਕ ਮਰਿਆਦਾ ਨੂੰ ਸਥਾਪਿਤ ਕਰਨ ਵਿਚ ਸਹਾਈ ਹੋਏ ਵੈਦਿਕ ਧਰਮ ਦੇ ਬਹੁ ਦੇਵਵਾਦ ਤੋਂ ਤੈ ਮੁੱਖ ਦੇਵਤਿਆਂ ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਨੂੰ ਇਸ ਵਿਸ਼ਵ ਦੇ ਸੰਚਾਲਕ ਮੰਨਿਆ ਗਿਆ ਅਤੇ ਇਨ੍ਹਾਂ ਦੇ ਵੱਖਰੇ ਵੱਖਰੇ ਕਰਮ ਖੇਤਰ ਨਿਰਧਾਰਿਤ ਕੀਤੇ ਗਏ। ਬ੍ਰਹਮਾ ਨੂੰ ਉੱਤਪਤੀ ਵਿਸ਼ਨੂੰ ਨੂੰ ਪਾਲਕ ਅਤੇ ਸ਼ਿਵ ਨੂੰ ਸੰਹਾਰ ਦਾ ਦੇਵਤਾ ਮੰਨਿਆ ਗਿਆ। ਸੰਸਾਰ ਦੀ ਉੱਤਪਤੀ ਨੂੰ ਪੁਰਸ਼ ਅਤੇ ਪ੍ਰਕਿਰਤੀ ਦੇ ਸੰਜੋਗ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ। ਗੁਰਬਾਣੀ ਵਿਚ ਵੀ ਪ੍ਰਕਿਰਤੀ ਨੂੰ ਮਾਈ (ਮਾਤਾ) ਅਤੇ ਅਕਾਲ ਪੁਰਖ ਨੂੰ ਸ੍ਰੇਸ਼ਟ ਸ਼ਕਤੀ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ ਜੋ ਪ੍ਰਕਿਰਤੀ ਦੁਆਰਾ ਇਸ ਸੰਸਾਰ ਨੂੰ ਰਚ ਕੇ ਬ੍ਰਹਿਮੰਡ ਦੀ ਗਤਮਿਤ ਨੂੰ ਨਿਰਧਾਰਤ ਕਰ ਰਿਹਾ ਹੈ। ਭਾਰਤੀ ਧਰਮਾਂ ਵਿਚ ਇਕ ਈਸ਼ਵਰਵਾਦ ਨੂੰ ਵਿਆਪਕ ਰੂਪ ਵਿਚ ਪ੍ਰਵਾਨਗੀ ਪ੍ਰਾਪਤ ਹੋਈ। ਪੁਰਾਣਕ ਯੁੱਗ ਵਿਚ ਭਾਗਵਤ ਪੁਰਾਣ ਤੋਂ ਭਗਤੀ ਮਾਰਗ ਦਾ ਅਤੇ ਨਾਮ ਦੀ ਸੰਸਕ੍ਰਿਤੀ ਦਾ ਆਰੰਭ ਹੋਇਆ। ਗੁਰਬਾਣੀ ਵਿਚ ਵੀ ਇਹ ਕਥਨ ਮਿਲਦਾ ਹੈ :

ਨਾਮ ਜਪਹੁ ਜੀ ਐਸੇ ਐਸੇ
ਧ੍ਰੂਹ ਪਰਲਾਦ ਜਪਿਓ ਹਰਿ ਜੈਸੇ –

ਜੋ ਨਾਮ ਅਤੇ ਭਗਤੀ ਦੇ ਸਰੋਤਾਂ ਨੂੰ ਹਜ਼ਾਰਾਂ ਸਾਲ ਪਹਿਲਾਂ ਦਾ ਆਦਰਸ਼ ਤੇ ਸਾਧਨਾ ਮੰਨਦਾ ਹੈ।

ਭਾਰਤ ਵਿਚ ਪ੍ਰਚਲਿਤ ਜਾਤ-ਪਾਤ ਦੀ ਪ੍ਰਥਾ ਨੇ ਇਨ੍ਹਾਂ ਸਰਲ ਧਾਰਮਿਕ ਮਰਿਆਦਾਵਾਂ ਨੂੰ ਵੀ ਗੁੰਝਲਦਾਰ ਬਣਾ ਦਿੱਤਾ ਅਤੇ ਫਲਸਰੂਪ ਅਨੇਕ ਮਤ



Sri Satguru Jagjit Singh Ji Elibrary NamdhariElibrary@gmail.com

ਮਤਾਂਤਰ ਅਤੇ ਵਿਭਿੰਨ ਪੂਜਾ ਵਿਧੀਆਂ ਪ੍ਰਚਲਿਤ ਹੋਈਆਂ। ਭਾਰਤ ਦੇ ਬਹੁਤੇ ਧਾਰਮਿਕ ਮੱਤ ਆਸਤਿਕ ਧਾਰਨਾਵਾਂ ਵਾਲੇ ਹਨ ਜੋ ਪਰਮਾਤਮਾ ਜਾਂ ਅਕਾਲ ਪੁਰਖ ਨੂੰ ਬ੍ਰਹਿਮੰਡ ਦਾ ਕਰਤਾ ਅਤੇ ਸੰਚਾਲਕ ਮੰਨਦੇ ਹਨ ਪਰ ਸਹਿਜੇ ਸਹਿਜੇ ਇਹ ਧਾਰਮਿਕ ਮਰਿਆਦਾ ਕੁਝ ਵਿਸ਼ੇਸ਼ ਵਿਅਕਤੀਆਂ ਦੀ ਹੀ ਸਾਧਨਾ ਬਣ ਗਈ ਜੋ ਸੰਸਾਰਿਕ ਜੀਵਨ ਦਾ ਤਿਆਗ ਕਰਦੇ ਸਨ ਅਤੇ ਇਸ ਸੰਸਾਰ ਨੂੰ ਨਾਸ਼ਵਾਨ ਮੰਨਦੇ ਸਨ ਪਰ ਲੋਕ ਜੀਵਨ ਦੀ ਧਾਰਾ ਨੂੰ ਅੱਗੇ ਤੋਰਨ ਲਈ ਬੁੱਧ ਤੇ ਜੈਨ ਮਤ ਹੋਂਦ ਵਿਚ ਆਏ ਜੋ ਪਰਮਾਤਮਾ ਦੀ ਹੋਂਦ ਬਾਰੇ ਮੋਨ ਰਹਿੰਦੇ ਹੋਏ ਵੀ ਆਤਮਿਕ ਸਾਧਨਾ ਤੇ ਮਨੁੱਖ ਦੇ ਵਿਅਕਤੀਗਤ ਜੀਵਨ ਵਿਚ ਸਹਿਜ ਤੇ ਸੰਤੁਲਨ ਲਿਆਉਣ ਦਾ ਯਤਨ ਕਰਦੇ ਰਹੇ ਹਨ। ਇਨ੍ਹਾਂ ਨੇ ਅਹਿੰਸਾ ਪਰਮੋ ਧਰਮੋ ਦੇ ਆਦਰਸ਼ ਦਾ ਪ੍ਰਚਲਨ ਕੀਤਾ ਅਤੇ ਆਤਮ ਸੰਜਮ ਉੱਤੇ ਵਧੇਰੇ ਜ਼ੋਰ ਦਿੱਤਾ।

ਜੈਨ ਮਾਰਗ ਕਰੜੇ. ਸੰਜਮ ਵਾਲਾ ਮਾਰਗ ਸੀ ਪਰ ਬੁੱਧ ਮੱਤ ਵਿਚ ਮੱਧ ਮਾਰਗ ਨੂੰ ਪ੍ਰਧਾਨਤਾ ਦਿੱਤੀ ਗਈ ਜਿਸ ਵਿਚ ਵਧੇਰੇ ਕਰਕੇ ਨੈਤਿਕ ਸਿਧਾਂਤ ਹੀ ਵਧੇਰੇ ਪ੍ਰਮੁੱਖ ਸਨ। ਬੁੱਧ ਮਤ ਦੀ ਇਕ ਹੋਰ ਵਿਸ਼ੇਸ਼ਤਾ ਬੋਧੀਆਂ ਨੂੰ ਸੰਗ ਦੇ ਰੂਪ ਵਿਚ ਸੰਗਠਿਤ ਕਰਨਾ ਸੀ।

ਬੁਧੰਮ ਸ਼ਰਨੰ ਗਛਾਮੀ
ਸਤਿੰ ਸ਼ਰਨੰ ਗਛਾਮੀ ਸਗੰ ਸ਼ਰਨੰ ਗਛਾਮੀ
ਧਾਮੰ ਸਰਨੰ ਗਛਾਮੀ।

ਅਗਲੇ ਦੌਰ ਵਿਚ ਸ਼ੰਕਰਾਚਾਰੀਆ ਦੇ ਸਥਾਪਿਤ ਅਦਵੈਤਵਾਦ ਦੀ ਵਧੇਰੇ ਚਰਚਾ ਹੋਈ ਪਰ ਇਸ ਦੇ ਨਾਲ ਹੀ ਵੈਦਿਕ ਰਿਸ਼ੀ ਜਾਂ ਮਹਾਂਕਾਵਿ ਦੇ ਨਾਇਕ ਭਗਵਾਨ ਰਾਮ ਤੇ ਭਗਵਾਨ ਕ੍ਰਿਸ਼ਨ ਸਮਾਜ ਵਿਚ ਨੈਤਿਕ ਮਰਿਆਦਾ ਨੂੰ ਸਥਾਪਿਤ ਕਰਨ ਦੇ ਇੱਛਕ ਸਨ। ਸ਼ੰਕਰਾਚਾਰੀਆ ਦੇ ਕਾਲ ਵਿਚ ਆ ਕੇ ਇਸ ਸੰਸਾਰ ਨੂੰ ਹੀ ਮਿੱਥਿਆ ਅਤੇ ਭਰਮ ਕਿਹਾ ਜਾਣ ਲੱਗਾ। ਸਿੱਧਾਂ ਅਤੇ ਨਾਥ ਜੋਗੀਆਂ ਨੇ ਵੀ ਨਵਿਰਤੀ ਮਾਰਗ (ਗ੍ਰਹਿਸਥ ਮਾਰਗ ਦੇ ਤਿਆਗ) ਦਾ ਪ੍ਰਚਾਰ ਕੀਤਾ। ਪਰ ਇਨ੍ਹਾਂ ਸਭ ਪਿਛਲੇਰੇ ਧਰਮਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਨੇ ਜਾਤ ਪਾਤ ਦੀ ਕਰੜੀ ਮਰਿਆਦਾ ਦਾ ਨਿਖੇਧ ਵੀ ਕੀਤਾ। ਬੁੱਧਮਤ ਦੀ ਇਕ ਵੱਡੀ ਵਿਸ਼ੇਸ਼ਤਾ ਬੋਧੀਸੰਗਾਂ ਦੀ ਸਥਾਪਨਾ ਸੀ ਅਤੇ ਨਾਲੰਦਾ ਤੇ ਤਕਸ਼ਸ਼ਿਲਾ ਵਰਗੇ ਵਿਸ਼ਵ ਵਿਦਿਆਲਿਆਂ ਦੀ ਸਥਾਪਤੀ ਕਾਰਨ ਵਿਦਿਆ, ਸੰਸਕ੍ਰਿਤੀ ਅਤੇ ਗਿਆਨ ਅਤੇ ਕਲਾ ਦਾ ਵੀ ਪਾਸਾਰ ਹੋਇਆ। ਉਨ੍ਹਾਂ ਦੇ ਇਨ੍ਹਾਂ ਯਤਨਾਂ ਦਾ ਪ੍ਰਭਾਵ ਮੱਧਕਾਲ ਦੇ ਭਗਤਾਂ ਦੀ ਵਿਚਾਰਧਾਰਾ ਅਤੇ ਜੀਵਨ ਮਰਿਆਦਾ ਉੱਤੇ ਵੀ ਪਿਆ। ਇਹੋ ਕਾਰਨ ਹੈ ਕਿ ਮੱਧਕਾਲ ਦੇ ਬਹੁਤ ਸਾਰੇ ਪ੍ਰਚਲਿਤ ਧਰਮਾਂ ਸਿੱਧਾਂ ਨਾਥ ਜੋਗੀਆਂ ਅਤੇ ਹਿੰਦੂ ਭਗਤਾਂ ਦੀ ਬਹੁਤੀ ਬਾਣੀ ਤੱਤਕਾਲਕ



Sri Satguru Jagjit Singh Ji Elibrary NamdhariElibrary@gmail.com

ਲੋਕ ਭਾਸ਼ਾ ਵਿਚ ਹੀ ਰਚੀ ਗਈ ਹੈ, ਸਗੋਂ ਮੱਧਕਾਲ ਦੇ ਉੱਘੇ ਸੰਤ ਕਬੀਰ ਜੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ :

ਸੰਸਕ੍ਰਿਤ ਹੈ ਕੂਪ ਜਲ
ਭਾਖਾ ਬਹਿਤਾ ਨੀਰ

ਇਸ ਸੰਬੰਧ ਵਿਚ ਮੁਸਲਿਮ ਸੂਫੀ ਸੰਤਾਂ ਨੇ ਵੀ ਆਪਣੀ ਰਚਨਾ ਪ੍ਰਚਲਿਤ ਲੋਕ ਭਾਸ਼ਾ ਵਿਚ ਹੀ ਕੀਤੀ ਹੈ।

ਜੇ ਭਾਰਤ ਦੇ ਮੱਧਕਾਲੀਨ ਧਾਰਮਿਕ ਇਤਿਹਾਸ ਨੂੰ ਗੋਹ ਨਾਲ ਵਾਚਿਆ ਜਾਵੇ ਤਾਂ ਸਾਨੂੰ ਦੋ ਸਪਸ਼ਟ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਕ ਉਹ ਜੋ ਕਰੜੀ ਧਾਰਮਿਕ ਮਰਿਆਦਾ ਜਾਂ ਧਾਰਮਿਕ ਕਰਮ ਕਾਂਡ ਦੇ ਵਿਧਾਨ ਦੀਆਂ ਪਾਲਕ ਸਨ ਅਤੇ ਦੂਜੀਆਂ ਉਹ ਜੋ ਨਾਮ ਤੇ ਭਗਤੀ ਦੇ ਕਲਿਆਣਕਾਰੀ ਮਾਰਗ ਨੂੰ ਅਪਣਾ ਕੇ ਲੋਕ ਧਰਮ ਦੇ ਸੌਖੇ ਤੇ ਸਹਿਜ ਮਰਿਆਦਾ ਨੂੰ ਚਲਾਉਣ ਵਾਲੇ ਸਨ ਅਜਿਹੇ ਸਾਰੇ ਧਰਮਾਂ ਨੇ ਲੋਕਹਿੱਤਕਾਰੀ ਤੇ ਲੋਕ ਕਲਿਆਣ ਦੇ ਉਦੇਸ਼ ਨੂੰ ਸਨਮੁੱਖ ਰੱਖਿਆ ਹੈ। ਮੱਧਕਾਲ ਦੇ ਮੁਸਲਿਮ ਸੂਫ਼ੀ ਦਰਵੇਸ਼ ਜਿੰਨ੍ਹਾਂ ਵਿਚ ਬਾਬਾ ਫ਼ਰੀਦ ਸ਼ਕਰਗੰਜ (1173-1266) ਵੀ ਆ ਜਾਂਦਾ ਹੈ। ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ ਅਤੇ ਬਹੁਤ ਸਾਰੇ ਹਿੰਦੂ ਭਗਤ ਜਿੰਨ੍ਹਾਂ ਵਿਚੋਂ 13 ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ। ਅਜਿਹੇ ਹੀ ਲੋਕ ਕਲਿਆਣਕਾਰੀ ਧਰਮ ਰੀਤੀ ਨੂੰ ਅੱਗੇ ਤੋਰਨ ਵਾਲੇ ਸਨ।

ਸਿੱਖ ਧਰਮ ਦਾ ਆਰੰਭ ਗੁਰੂ ਨਾਨਕ ਦੇਵ ਜੀ ਨਾਲ ਹੀ ਹੁੰਦਾ ਹੈ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਗੁਰਮਤਿ ਦਾ ਅਨੁਸਾਰੀ ਸਿੱਖ ਧਰਮ ਹੋਂਦ ਵਿਚ ਆਇਆ। ਜੋ ਇਨ੍ਹਾਂ ਪੂਰਵ ਨਾਨਕ ਕਾਲ ਦੇ ਹਿੰਦੂ ਭਗਤਾਂ ਅਤੇ ਸੂਫੀ ਸੰਤਾਂ ਤੋਂ ਬਹੁਤ ਹੱਦ ਤਕ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦੁਆਰਾ ਸਥਾਪਿਤ ਨਾਮ ਅਤੇ ਭਗਤੀ ਦੇ ਮਾਰਗ ਨੂੰ ਵਿਆਪਕ ਰੂਪ ਦੇ ਵਿਸ਼ਾਲ ਅਧਾਰਾਂ ਵਾਲੇ ਸਿੱਖ ਧਰਮ ਦੇ ਰੂਪ ਵਿਚ ਸਥਾਪਿਤ ਕਰਨ ਵਿਚ ਸਫਲ ਹੋਇਆ। ਇਹ ਗੱਲ ਸਿੱਧ ਕਰਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੁਤੰਤਰ ਰੂਪ ਵਿਚ ਸਿੱਖ ਧਰਮ ਨੂੰ ਹੋਂਦ ਵਿਚ ਲਿਆਂਦਾ। ਭਾਵੇਂ ਇਹ ਇਕ ਸੰਦੇਹ ਰਹਿਤ ਸਚਾਈ ਹੈ ਕਿ ਫਿਰ ਵੀ ਉਹ ਪੂਰਵਲੇ ਸਾਰੇ ਧਾਰਮਿਕ ਮਤਾਂ-ਮਤਾਂਤਰਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ ਅਤੇ ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਦੇ ਮਤਾਂ ਨਾਲ ਦਾਰਸ਼ਨਿਕ ਤੇ\ਸਿਧਾਂਤਕ ਸੰਵਾਦ ਵੀ ਰਚਾਏ 'ਸਿੱਧ ਗੋਸ਼ਟਿ' ਇਸ ਦਾ ਪਰਮਾਣਿਕ ਉਦਾਹਰਣ ਹੈ\ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚ ਹੋਰ ਵੀ ਕਈ ਮੱਤਾਂ ਤੇ ਧਾਰਮਿਕ ਪੁਰਸ਼ਾਂ ਨਾਲ ਉਨ੍ਹਾਂ ਵਲੋਂ ਰਚਾਏ ਗਏ ਸੰਵਾਦਾਂ ਦੇ ਉਦਾਹਰਣ



Sri Satguru Jagjit Singh Ji Elibrary NamdhariElibrary@gmail.com

ਮਿਲ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨਾ ਕੇਵਲ ਤ੍ਰੈਹ ਕਾਲ ਦਰਸ਼ੀ ਸਨ ਸਗੋਂ ਉਹ ਅਨੰਤ ਦਰਸ਼ਨ ਦੇ ਗਿਆਤਾ ਵੀ ਸਨ। ਇਸ ਲਈ ਉਨ੍ਹਾਂ ਨੇ ਭਾਰਤ ਵਿਚ ਪ੍ਰਚਲਿਤ ਬਹੁਤ ਸਾਰੇ ਧਾਰਮਿਕ ਮਤਾਂ ਮਤਾਂਤਰਾਂ ਪੂਜਾ ਰੀਤੀ ਦੇ ਅਨੇਕ ਪ੍ਰਕਾਰ ਦੇ ਵਿਧਾਨਾਂ ਦੀ ਖੰਡਨ ਜਾਂ ਮੰਡਨ ਦੇ ਰੂਪ ਵਿਚ ਸਮੀਖਿਆ ਵੀ ਕੀਤੀ ਹੈ ਅਤੇ ਆਪਣੇ ਨਿਰਧਾਰਿਤ ਮਾਰਗ ਦੀ ਸ੍ਰੇਸ਼ਟਤਾ ਅਤੇ ਲੋਕ ਕਲਿਆਣ ਪ੍ਰਤੀ ਇਸ ਦੀ ਉਪਯੋਗਤਾ ਨੂੰ ਵੀ ਸਿੱਧ ਕੀਤਾ ਹੈ ਅਤੇ ਥਾਂ ਪਰ ਥਾਂ ਆਪਣੇ ਧਾਰਮਿਕ ਸੰਕਲਪਾਂ ਤੇ ਵਿਕਲਪਾਂ ਦੀ ਸੋਝੀ ਕਰਵਾਈ ਹੈ।

ਪ੍ਰਮੁੱਖ ਸਿੱਖ ਵਿਦਵਾਨ ਪ੍ਰੋ. ਹਰਬੰਸ ਸਿੰਘ ਵੀ ਸਾਡੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ :

[1*]"ਗੁਰੂ ਨਾਨਕ ਦੇਵ ਜੀ ਵੱਲੋਂ ਅਪਣਾਏ ਕੁਝ ਸਿਧਾਂਤ ਤਾਂ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਭਾਰਤ ਵਿਚ ਸੁਣੇ ਜਾਣ ਲੱਗ ਪਏ ਸਨ। ਤਤਕਾਲੀ ਨਾਥ ਪੰਥੀ, ਸਹਿਜਿਆਨੀ, ਕਪਾਲਿਕ ਆਦਿ ਸੰਪਰਦਾਵਾਂ ਸਨਾਤਨੀ ਗੂੜ੍ਹ ਸਿਧਾਂਤਾਂ ਦਾ ਖੰਡਣ ਕਰ ਰਹੀਆਂ ਸਨ। ਉਹ ਜਾਤ-ਪਾਤ, ਪੁਰਾਤਨ ਧਰਮ ਗ੍ਰੰਥਾਂ ਅਤੇ ਸੰਸਕ੍ਰਿਤ ਭਾਸ਼ਾ ਨੂੰ ਵੀ ਨਕਾਰ ਰਹੇ ਸਨ। ਹਿੰਦੂ ਭਗਤ ਅਤੇ ਮੁਸਲਮਾਨ ਸੂਫ਼ੀ ਪ੍ਰਭੂ-ਪ੍ਰੇਮ ਦੇ ਮਾਰਗ ਦਾ ਪ੍ਰਚਾਰ ਕਰ ਰਹੇ ਸਨ। ਉਹ ਪਵਿੱਤਰਤਾ ਬਾਹਰੀ ਬੁਰਕਿਆਂ ਅਤੇ ਫੋਕੇ ਕਰਮਕਾਂਡ ਦੀ ਨਿਖੇਧੀ ਕਰਦੇ ਸਨ। ਨਿਰਗੁਣ ਸੰਪਰਦਾਈ ਸੰਤ, ਨਾਮਦੇਵ ਕਬੀਰ ਰਵਿਦਾਸ ਇਕ ਅਜਿਹੀ ਜੀਵਨ ਜਾਂਚ ਦਾ ਉਪਦੇਸ਼ ਕਰਦੇ ਰਹੇ ਸਨ ਜਿਸ ਵਿਚ ਰਹੱਸਵਾਦ, ਭਗਤੀਵਾਦ ਅਤੇ ਸੂਫੀਵਾਦ ਦਾ ਸੁਮੇਲ ਸੀ। ਇਹ ਸਭ ਗੁਰੂ ਨਾਨਕ ਦੇਵ ਦਾ ਵਿਰਸਾ ਸੀ, ਤਾਂ ਵੀ ਉਹ ਇਨ੍ਹਾਂ ਵਿਚੋਂ ਕਿਸੇ ਇਕ ਨਾਲ ਵੀ ਜੁੜੇ ਹੋਏ ਨਹੀਂ ਸਨ। ਉਨ੍ਹਾਂ ਦੀ ਸਿੱਖਿਆ ਉਨ੍ਹਾਂ ਦੀ ਆਪਣੀ ਸੀ, ਉਨ੍ਹਾਂ ਦਾ ਸੁਤੰਤਰ ਰੂਪ ਵਿਚ ਆਪਣਾ ਇਲਹਾਮ ਅਥਵਾ ਬਾਣੀ ਸੀ, ਆਪਣਾ ਦੈਵੀ ਸੰਦੇਸ਼ ਸੀ।" ਬਾਕੀ ਧਾਰਮਿਕ ਮਤਾਂ ਦੀ ਤੁਲਨਾ ਵਿਚ ਅਸ਼ੋਕ, ਕਨਿਸ਼ਕ ਤੇ ਹਰਸ਼ਵਰਧਨ ਵਰਗੇ ਸਮਰਾਟਾਂ ਦੀ ਸਰਪ੍ਰਸਤੀ ਵਿਚ ਬੁੱਧਮਤ ਵਿਸ਼ਵ ਦੇ ਬਹੁਤ ਸਾਰੇ ਭਾਗਾਂ ਵਿਚ ਫੈਲ ਗਿਆ ਅਤੇ ਹੁਣ ਵੀ ਲੰਕਾ, ਚੀਨੀ ਅਤੇ ਜਪਾਨ ਵਰਗੇ ਪ੍ਰਮੁੱਖ ਦੇਸ਼ਾਂ ਵਿਚ ਬੁੱਧਮਤ ਵਿਆਪਕ ਰੂਪ ਵਿਚ ਪ੍ਰਚਲਿਤ ਹੈ।

ਭਾਰਤ ਅਤੇ ਵਿਸ਼ੇਸ਼ ਕਰਕੇ ਇਸ ਦੇ ਉੱਤਰ ਪੱਛਮੀ ਭਾਗ ਵਿਚ ਇਸਲਾਮ ਧਰਮ ਦੇ 7ਵੀਂ ਸਦੀ ਵਿਚ ਭਾਰਤ ਵਿਚ ਆਉਣ ਤੋਂ ਪਹਿਲਾਂ ਉਪਰ ਵਰਣਨ ਕੀਤੇ ਗਏ ਧਰਮ, ਭਾਰਤੀ ਜਨਤਾ ਵਿਚ ਨਾ ਕੇਵਲ ਆਪਣਾ ਵਿਸ਼ੇਸ਼ ਸਥਾਨ ਹੀ ਬਣਾ ਸਕੇ ਸਨ ਸਗੋਂ ਇਸ ਸੰਬੰਧੀ ਕਈ ਧਾਰਮਿਕ ਤੇ ਦਾਰਸ਼ਨਿਕ ਗ੍ਰੰਥ ਵੀ

[1*] ਪ੍ਰੋ: ਹਰਬੰਸ ਸਿੰਘ, ਸਾਡਾ ਵਿਰਸਾ, ਭੂਮਿਕਾ



Sri Satguru Jagjit Singh Ji Elibrary NamdhariElibrary@gmail.com

ਰਚੇ ਜਾ ਚੁੱਕੇ ਸਨ। ਚਾਰ ਵੇਦ, ਉਪਨਿਸ਼ਦ ਅਤੇ ਪੁਰਾਨ ਜਿਨ੍ਹਾਂ ਦੀ ਗਿਣਤੀ 100 ਤੋਂ ਵੀ ਵਧੀਕ ਦੱਸੀ ਜਾਂਦੀ ਹੈ। ਰਾਮਾਇਣ ਤੇ ਮਹਾਂਭਾਰਤ, ਕੁਰਾਣ ਅਤੇ ਬੋਧੀਆਂ ਦੇ ਤ੍ਰਿਪਟ ਗ੍ਰੰਥ ਰਚੇ ਜਾ ਚੁੱਕੇ ਸਨ। ਵੇਦ ਸੰਸਕ੍ਰਿਤ ਭਾਸ਼ਾ ਵਿਚ ਰਚੇ ਗਏ ਜੋ ਕਰੜੀ ਭਾਂਤ ਵਿਆਕਰਣ ਬੱਧ ਸੀ ਅਤੇ ਕੇਵਲ ਬ੍ਰਾਹਮਣਾਂ ਜਾਂ ਹਿੰਦੂ ਪ੍ਰੋਹਤਾਂ ਨੂੰ ਹੀ ਵੇਦ ਪੜ੍ਹਨ ਦੀ ਆਗਿਆ ਸੀ ਅਤੇ ਦੇਵ ਪੂਜਾ ਦਾ ਅਧਿਕਾਰ ਬ੍ਰਾਹਮਣਾਂ ਨੂੰ ਹੀ ਪ੍ਰਾਪਤ ਸੀ। ਸਹਿਜੇ ਸਹਿਜੇ ਇਹ ਅਧਿਕਾਰ ਕਸ਼ੱਤਰੀਆਂ ਦੀ ਰਾਜਾ ਸ਼੍ਰੇਣੀ ਨੂੰ ਵੀ ਪ੍ਰਾਪਤ ਹੋ ਗਿਆ ਪਰ ਉਨ੍ਹਾਂ ਦਾ ਵਿਸ਼ੇਸ਼ ਕਰਤੱਵ ਰਾਜ ਪ੍ਰਬੰਧ ਜਾਂ ਦੇਸ਼ ਰੱਖਿਆ ਹੀ ਸੀ। ਵੈਸ਼ ਸ਼੍ਰੇਣੀਆਂ ਵੀ ਵੇਦ ਮੰਤਰਾਂ ਨੂੰ ਸਰਵਣ ਕਰ ਸਕਦੀਆਂ ਸਨ ਪਰ ਸ਼ੂਦਰ ਜਾਂ ਦਾਸ ਜੋ ਆਰੀਆਂ ਜਾਤੀਆਂ ਤੋਂ ਪੂਰਵਲੇ ਭਾਰਤੀ ਵਸਨੀਕ ਸਨ, ਨੂੰ ਵੇਦ ਪੜ੍ਹਨ ਦੀ ਮਨਾਹੀ ਸੀ।

ਬੁੱਧਮਤ ਤੇ ਜੈਨਮਤ ਨੇ ਆਪਣੇ ਧਰਮ ਵਿਚ ਸਭ ਜਾਤੀਆਂ ਨੂੰ ਸਤਿਕਾਰ ਯੋਗ ਸਥਾਨ ਦੇ ਦਿੱਤਾ ਅਤੇ ਜਾਤ-ਪਾਤ ਦੇ ਕਰੜੇ ਬੰਧਨਾਂ ਨੂੰ ਤੋੜਨ ਦਾ ਯਤਨ ਕੀਤਾ। ਇਸ ਤੋਂ ਬਿਨਾਂ ਬੁੱਧ ਧਰਮ ਨੇ ਸੰਸਕ੍ਰਿਤ ਭਾਸ਼ਾ ਦੀ ਥਾਂ ਪ੍ਰਾਕ੍ਰਿਤਾਂ ਵਿਚ ਜੋ ਉਸ ਸਮੇਂ ਦੀਆਂ ਲੋਕ ਭਾਸ਼ਾਵਾਂ ਸਨ ਵਿਚ ਆਪਣਾ ਧਰਮ ਪ੍ਰਚਾਰ ਕਰਨ ਦਾ ਵਿਸ਼ੇਸ਼ ਯਤਨ ਕੀਤਾ। ਭਾਰਤ ਦੇ ਇਤਿਹਾਸ ਅਤੇ ਰਾਸ਼ਟਰੀ ਚਰਿੱਤਰ ਦੇ ਡੂੰਘੇ ਅਧਿਐਨ ਤੋਂ ਇਹ ਗੱਲ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ ਕਿ ਭਾਰਤੀ ਜਨ-ਜੀਵਨ ਤੇ ਲੋਕ ਸਭਿਆਚਾਰ ਵਿਚ ਸਮਨਵੈ ਤੇ ਸੰਸ਼ਲੇਸ਼ਣ ਦੀ ਪ੍ਰਵਿਰਤੀ ਵਿਆਪਕ ਰੂਪ ਵਿਚ ਮੌਜੂਦ ਹੈ। ਭਾਰਤ ਦੇ ਸਭਿਆਚਾਰ ਨੇ ਆਪਣੇ ਵਿਚ ਬਹੁ-ਜਾਤੀਆਂ ਬਹੁ-ਕੌਮਾਂ ਜੋ ਇਸ ਦੇਸ਼ ਵਿਚ ਸਮੇਂ ਸਮੇਂ ਆਈਆਂ ਅਤੇ ਇੱਥੇ ਹੀ ਵਸ ਗਈਆਂ ਦੇ ਬਾਹਰੀ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਗ੍ਰਹਿਣ ਵੀ ਕਰ ਲਿਆ ਗਿਆ ਅਤੇ ਆਪਣੇ ਸੁਦੇਸ਼ੀ ਪ੍ਰਭਾਵਾਂ ਦੁਆਰਾ ਉਨ੍ਹਾਂ ਵਿਚ ਪਰਿਵਰਤਨ ਵੀ ਲੈ ਆਉਂਦਾ। ਇਹ ਗੱਲ ਇਥੋਂ ਤਕ ਸਭਿਆਚਾਰਕ ਸੁਮੇਲ ਵਿਚ ਰਚਮਿਚ ਗਈ ਹੈ ਕਿ ਕਈ ਹਾਲਤਾਂ ਵਿਚ ਤਾਂ ਇਨ੍ਹਾਂ ਦੇ ਅੰਸ਼ਾਂ ਨੂੰ ਇਕ ਦੂਜੇ ਨਾਲੋਂ ਨਿਖੇੜਨਾ ਅਸੰਭਵ ਹੋ ਜਾਂਦਾ ਹੈ। ਵਿਭਿੰਨ ਸੰਸਕ੍ਰਿਤੀਆਂ ਦੇ ਪਰਸਪਰ ਆਦਾਨ-ਪ੍ਰਦਾਨ ਦੀ ਇਹ ਪ੍ਰਕਿਰਿਆ ਅਤੇ ਭਾਰਤ ਦੇ ਲੋਕ ਸਭਿਆਚਾਰ ਦੀ ਇਹ ਸੰਸ਼ਲੇਸ਼ਣਾਤਮਕ ਪ੍ਰਵਿਰਤੀ ਭਾਰਤੀ ਜਨ ਜੀਵਨ ਤੇ ਭਾਰਤ ਦੀ ਸੰਸਕ੍ਰਿਤੀ ਦੀ ਪ੍ਰਮੁੱਖ ਵਿਸ਼ੇਸ਼ਤਾ ਰਹੀ ਹੈ। ਇਥੋਂ ਤਕ ਕਿ ਇਸਲਾਮ ਦੇ ਆਉਣ ਨਾਲ ਅਰਬਾਂ ਦੇ ਸ਼ਾਮੀ ਪ੍ਰਭਾਵਾਂ ਦੇ ਬਹੁਤ ਸਾਰੇ ਅੰਸ਼ਾਂ ਨੂੰ ਵੀ ਮੱਧਕਾਲ ਦੇ ਭਾਰਤੀ ਜਨ-ਜੀਵਨ ਤੇ ਸੰਸਕ੍ਰਿਤੀ ਨੇ ਆਪਣੇ ਵਿਚ ਸਮੋ ਲਿਆ। ਭਾਸ਼ਾਈ ਪ੍ਰਭਾਵਾਂ ਤੋਂ ਬਿਨ੍ਹਾਂ ਇਹ ਵਿਚਾਰਧਾਰਕ ਪ੍ਰਭਾਵ ਵੀ ਸਨ। ਸਿੱਖ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਕੀਤੀ ਗਈ ਗੁਰਮਤਿ ਦੀ ਧਾਰਮਿਕ ਮਰਿਆਦਾ ਵਿਚ ਵੀ ਇਹ



Sri Satguru Jagjit Singh Ji Elibrary NamdhariElibrary@gmail.com

ਅੰਸ਼ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ ਸੱਚ ਤਾਂ ਇਹ ਹੈ ਕਿ ਸਮੇਂ ਦੇ ਬੀਤਣ ਨਾਲ ਹਰ ਯੁੱਗ ਵਿਚ ਪੁਰਾਤਨ ਤੇ ਨਵੀਨ ਵਿਚਾਰਾਂ ਦਾ ਦਾਰਸ਼ਨਿਕ ਸੰਵਾਦ ਚਲਦਾ ਰਹਿੰਦਾ ਹੈ ਅਤੇ ਇਸ ਵਿਚਾਰਧਾਰਕ ਮੰਥਨ ਵਿਚੋਂ ਨਵੀਂ ਸੋਚ ਤੇ ਨਵੀਂ ਜੀਵਨ-ਯੁਕਤੀ ਦੇ ਅੰਸ਼ ਜਨਮ ਲੈਂਦੇ ਰਹਿੰਦੇ ਹਨ ਜਿਸ ਨਾਲ ਜਨ-ਜੀਵਨ ਦੀ ਚਿੰਤਨਧਾਰਾ ਦੇ ਪ੍ਰਵਾਹ ਵਿਚ ਕੋਈ ਰੋਕ ਜਾਂ ਖੜੋਤ ਨਹੀਂ ਆਉਂਦੀ। ਗੁਰੂ ਨਾਨਕ ਦਾ ਮਤ ਤਾਂ ਵਿਸ਼ਾਲ ਅਧਾਰਾਂ ਵਾਲਾ ਮਾਨਵਵਾਦੀ ਧਰਮ ਸੀ, ਜਿਸ ਵਿਚ ਹਰ ਇਕ ਲੋਕ ਹਿੱਤਕਾਰੀ ਆਦਰਸ਼ਾਂ ਨੂੰ ਖੁੱਲੇ ਦਿਲ ਨਾਲ ਪ੍ਰਵਾਨ ਕੀਤਾ ਗਿਆ। ਪੁਰਾਤਨ ਧਰਮਾਂ ਦੇ ਗਤੀਸ਼ੀਲ ਅੰਸ਼ਾਂ ਨੂੰ ਆਪਣੇ ਵਿਚ ਸਮੋ ਲਿਆ ਗਿਆ ਅਤੇ ਨਿਰਜਿੰਦ ਅੰਸ਼ਾਂ ਨੂੰ ਫੋਕਟ ਸਮਝਕੇ ਬਾਹਰ ਸੁੱਟ ਦਿੱਤਾ ਗਿਆ। ਗੁਰੂ ਨਾਨਕ ਦੇ ਚਿੰਤਨ ਵਿਚ ਇਹੋ ਹੀ ਵਿਸ਼ੇਸ਼ਤਾ ਸੀ ਕਿ ਉਹ ਬੜਾ ਉਦਾਰਵਾਦੀ ਤੇ ਸੰਕੀਰਨਤਾ ਰਹਿਤ ਸੀ, ਭਾਵੇਂ ਪੁਰਾਤਨ ਧਰਮਾਂ ਦੇ ਬਹੁਤ ਸਾਰੇ ਪੱਖ ਸਿੱਖ ਗੁਰੂ ਸਾਹਿਬਾਨ ਦੀ ਦੀਰਘ ਦ੍ਰਿਸ਼ਟੀ ਤੇ ਲੰਮੀ ਨਦਰ ਤੋਂ ਉੱਜਲ ਨਹੀਂ ਸਨ ਪਰ ਉਨ੍ਹਾਂ ਨੇ ਜਿਸ ਢੰਗ ਨਾਲ ਇਨ੍ਹਾਂ ਸਭ ਤੱਤਾਂ ਦਾ ਮਿਸ਼ਰਨ ਤੇ ਯੁਗਾਂ ਅਨੁਕੂਲ ਸੁਮੇਲ ਆਪਣੇ ਚਿੰਤਨ ਤੇ ਜੀਵਨ ਯੁਕਤ ਅਰਥਾਤ ਧਾਰਮਿਕ ਪ੍ਰਕਿਰਿਆ ਵਿਚ ਸ਼ਾਮਲ ਕੀਤਾ, ਉਹ ਆਪਣੇ ਆਪ ਵਿਚ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਦੀ ਪਰਪੱਕਤਾ, ਵਿਸ਼ਾਲਤਾ ਤੇ ਸਮੇਂ ਅਨੁਕੂਲ ਸਾਰਥਿਕਤਾ ਦੀ ਸੋਝੀ ਕਰਵਾਉਂਦਾ ਹੈ।

ਸਿੱਖ ਧਾਰਮਿਕ ਗ੍ਰੰਥਾਂ ਆਦਿ ਗ੍ਰੰਥ, ਦਸਮ ਗ੍ਰੰਥ, ਭਾਈ ਗੁਰਦਾਸ ਤੇ ਭਾਈ ਨੰਦ ਲਾਲ ਆਦਿ ਗੁਰਸਿੱਖਾਂ ਦੀ ਰਚਨਾ ਦੇ ਅਧਿਐਨ ਤੋਂ ਜਿਨ੍ਹਾਂ ਨੂੰ ਸਿੱਖ ਸਾਹਿਤ ਵਿਚ ਪ੍ਰਮਾਣਿਕ ਧਾਰਮਿਕ ਗ੍ਰੰਥ ਮੰਨਿਆ ਜਾਂਦਾ ਹੈ, ਦੇ ਗਹਿਰ ਗੰਭੀਰ ਅਧਿਐਨ ਤੋਂ ਉਪਰੋਕਤ ਤੱਥਾਂ ਦੀ ਪੁਸ਼ਟੀ ਸਹਿਜੇ ਹੀ ਹੋ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦਾ ਮਾਰਗ-ਨਾਮ ਅਤੇ ਭਗਤੀ ਦਾ ਮਾਰਗ ਹੈ। ਇਸ ਉਪਰੰਤ ਇਹ ਸਹਿਜ ਮਾਰਗ ਵੀ ਹੈ, ਜਿਸ ਨੂੰ ਜਨ ਸਧਾਰਨ ਤੇ ਘਰ ਗ੍ਰਹਿਸਥੀ ਨਾਲ ਜੁੜੇ ਲੋਕ ਸਹਿਜੇ ਹੀ ਅਪਨਾ ਸਕਦੇ ਹਨ। ਗੁਰੂ ਨਾਨਕ ਦੇਵ ਜੀ ਤੋਂ ਪੂਰਵਲੇ ਭਗਤਾਂ, ਸੰਤਾਂ ਦੇ ਜੀਵਨ-ਸਮਾਚਾਰਾਂ ਤੇ ਉਨ੍ਹਾਂ ਦੀ ਰਚੀ ਹੋਈ ਬਾਣੀ ਦੇ ਅਧਿਐਨ ਤੋਂ ਇਹ ਗੱਲ ਵੀ ਪ੍ਰਗਟ ਹੋ ਜਾਂਦੀ ਹੈ ਕਿ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨਾਲ ਇਨ੍ਹਾਂ ਦਾ ਅਤੁੱਟ ਸੰਬੰਧ ਹੈ, ਇਹੋ ਕਾਰਨ ਸੀ ਕਿ ਆਦਿ ਗ੍ਰੰਥ ਸਾਹਿਬ ਦੇ ਲੰਮੀ ਨਦਰ ਰੱਖਣ ਵਾਲੇ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ ਇਸ ਪਵਿੱਤਰ ਧਾਰਮਿਕ ਗ੍ਰੰਥ ਵਿਚ 13 ਭਗਤਾਂ ਦੀ ਬਾਣੀ ਨੂੰ ਉੱਚਿਤ ਸਥਾਨ ਦਿੱਤਾ ਸੀ। ਇਸ ਗੱਲ ਨੂੰ ਸਪਸ਼ਟ ਕਰਨ ਲਈ ਕਿ ਗੁਰਬਾਣੀ ਦੀ ਗੁਰੂ ਰਚਨਾ ਤੋਂ ਥੋੜ੍ਹਾ ਨਿਖੇੜ ਕੇ ਵਾਚੀ ਜਾਵੇ ਇਸ ਦਾ ਭਗਤ ਬਾਣੀ



Sri Satguru Jagjit Singh Ji Elibrary NamdhariElibrary@gmail.com

ਕਰਕੇ ਉਲੇਖ ਕੀਤ੍ਹਾ ਗਿਆ ਹੈ। ਇਹੋ ਹੀ ਗੱਲ ਸਮਕਾਲੀ ਭੱਟਾਂ ਅਤੇ ਸੱਤਾ ਤੇ ਬਲਵੰਡ ਵਰਗੇ ਵਿਅਕਤੀਆਂ ਦੀਆਂ ਰਚਨਾਵਾਂ ਸੰਬੰਧੀ ਕਹੀ ਜਾ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀਆਂ ਸੰਪਾਦਕੀ ਸੰਕੇਤਾਂ ਤੇ ਆਪਣੀ ਟਿੱਪਣੀਆਂ ਵਿਚ ਕੋਈ ਗੱਲ ਅਸਪਸ਼ਟ ਨਹੀਂ ਰਹਿਣ ਦਿੱਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 13 ਭਗਤਾਂ ਦੀ ਬਾਣੀ ਜਿਨ੍ਹਾਂ ਵਿਚ ਬਾਬਾ ਫ਼ਰੀਦ ਸ਼ਕਰਗੰਜ (ਸੂਫੀ ਦਰਵੇਸ਼) ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਗੁਰਬਾਣੀ ਦੀ ਇਨ੍ਹਾਂ ਮਹਾਂਪੁਰਸ਼ਾਂ ਦੀ ਰਚਨਾ ਨਾਲ ਸਿਧਾਂਤਕ ਸਾਂਝ ਨੂੰ ਵੀ ਪ੍ਰਗਟ ਕਰਦੀ ਹੈ। ਜਿਥੇ ਕਿਤੇ ਭਗਤਾਂ ਦੀ ਬਾਣੀ ਨਾਲ ਸਿਧਾਂਤਕ ਤੌਰ ਤੇ ਗੁਰੂ ਸਾਹਿਬਾਨ ਦੀ ਅਸਹਿਮਤੀ ਸੀ, ਉਥੇ ਵਿਸ਼ੇਸ਼ ਟਿੱਪਣੀਆਂ ਦੁਆਰਾ ਗੁਰੂ ਸਾਹਿਬਾਨ ਨੇ ਆਪਣੇ ਮਤ ਨੂੰ ਉਜਾਗਰ ਕਰ ਦਿੱਤਾ ਹੈ। ਭਗਤਾਂ ਨਾਲ ਇਸ ਟਾਵੀਂ ਟਾਵੀਂ ਅਸਹਿਮਤੀ ਦੀ ਤੁਲਨਾ ਵਿਚ ਸਹਿਮਤੀ ਦਾ ਅੰਸ਼ ਵਧੇਰੇ ਪ੍ਰਧਾਨ ਹੈ। ਇਹ ਤੱਥ ਇਸ ਗੱਲ ਤੋਂ ਪ੍ਰਮਾਣਿਤ ਹੋ ਜਾਂਦਾ ਹੈ ਕਿ ਜਿੱਥੇ ਗੁਰੂ ਸਾਹਿਬਾਨ ਨੇ ਸਿੱਧਾਂ, ਜੋਗੀਆਂ, ਜੈਨੀਆਂ ਤੇ ਬ੍ਰਾਹਮਣੀ ਸੰਸਕਾਰਾਂ ਵਾਲੇ ਕਰਮ-ਕਾਂਡਾਂ ਦਾ ਪ੍ਰਗਟ ਰੂਪ ਵਿਚ ਖੰਡਨ ਕੀਤਾ ਹੈ ਅਤੇ ਹਿੰਦੂ ਅਤੇ ਮੁਸਲਮਾਨਾਂ ਦੀਆਂ ਧਾਰਮਿਕ ਮਾਨਤਾਵਾਂ ਦਾ ਤਰਕਸ਼ੀਲ ਢੰਗ ਨਾਲ ਵਿਵੇਚਨ ਕੀਤਾ ਹੈ, ਉੱਥੇ ਭਗਤਾਂ ਨਾਲ ਗੁਰਮਤਿ ਦੀ ਸਾਂਝ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ। ਇਸ ਲਈ ਮੱਧਕਾਲ ਦੇ ਭਗਤਾਂ ਦੇ ਸੰਬੰਧ ਵਿਚ ਇੱਥੇ ਵਿਸ਼ੇਸ਼ ਚਰਚਾ ਕਰ ਲੈਣੀ ਅਪ੍ਰਸੰਗਿਕ ਨਹੀਂ ਹੋਵੇਗੀ।

'ਸਿੱਖ ਧਰਮ' ਪੁਸਤਕ ਦੇ ਕਰਤਾ ਮੈਕਾਲਫ ਨੇ ਜਿੰਨਾਂ 13 ਭਗਤਾਂ ਦਾ ਜ਼ਿਕਰ ਆਪਣੀ ਰਚਨਾ ਵਿਚ ਕੀਤਾ ਹੈ ਅਤੇ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਦੇ ਨਾਮ ਇਸ ਪ੍ਰਕਾਰ ਹਨ :- ਜੈ ਦੇਵ, ਨਾਮਦੇਵ, ਤਿਰਲੋਚਨ, ਪਰਮਾਨੰਦ, ਸਦਨਾ, ਬੇਣੀ, ਰਾਮਾਨੰਦ ਅਤੇ ਰਾਮਾਨੁੰਜ, ਧੰਨਾ, ਪੀਪਾ, ਸੈਣ, ਕਬੀਰ, ਰਵਿਦਾਸ, ਮੀਰਾ ਬਾਈ (?), ਭੀਖਣ, ਸੇਖ਼ ਫ਼ਰੀਦ, ਸੂਰਦਾਸ।

ਰਾਮਾਨੁਜ ਅਤੇ ਮੀਰਾਬਾਈ ਦੀ ਕਿਸੇ ਵੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਨਹੀਂ ਦਿੱਤਾ ਗਿਆ ਪਰ ਮੈਕਾਲਿਫ ਅਨੁਸਾਰ ਮੀਰਾ ਬਾਈ ਦਾ ਇਕ ਪਦ ਭਾਈ ਬੰਨੋ ਵਾਲੀ ਬੀੜ ਵਿਚ ਦਰਜ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਮਾਣਿਕ ਬੀੜ ਵਿਚ ਸ਼ਾਮਿਲ ਨਹੀਂ ਸੀ ਕੀਤਾ।

ਇਨ੍ਹਾਂ ਵਿਚੋਂ ਬਹੁਤੇ ਭਗਤ ਗੁਰੂ ਨਾਨਕ ਦੇਵ ਜੀ ਤੋਂ ਪੂਰਵਕਾਲ ਦੇ ਹਨ ਅਤੇ ਇਨ੍ਹਾਂ ਦਾ ਸਮਾਂ ਵੀ ਲਗਭਗ ਉਨ੍ਹਾਂ ਦੇ ਜਨਮ ਤੋਂ ਪਹਿਲਾਂ 12ਵੀਂ ਸਦੀ ਤੋਂ ਆਰੰਭ ਹੋ ਕੇ 15ਵੀਂ ਸਦੀ ਤੱਕ ਆ ਜਾਂਦਾ ਹੈ। ਇਕ ਹੋਰ ਦਿਲਚਸਪ ਗੱਲ ਇਹ ਵੀ ਹੈ ਕਿ ਇਹ ਭਗਤ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਨਾਲ ਸੰਬੰਧਿਤ



Sri Satguru Jagjit Singh Ji Elibrary NamdhariElibrary@gmail.com

ਹਨ। ਜਿਸ ਤੋਂ ਆਦਿ ਗ੍ਰੰਥ ਸਾਹਿਬ ਦਾ ਸਰਬ ਭਾਰਤੀ ਧਾਰਮਿਕ ਗ੍ਰੰਥ ਹੋਣਾ ਸਹਿਜੇ ਹੀ ਸਿੱਧ ਹੋ ਜਾਂਦਾ ਹੈ, ਇਸ ਤੋਂ ਬਿਨਾਂ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦੀ ਅਰਥਾਤ ਪੰਜ ਸਦੀਆਂ ਦੀ ਪਵਿੱਤਰ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਆਪਣੇ ਦੇਸ਼ਗਤ ਅਤੇ ਕਾਲਗਤ ਭਾਸ਼ਾਈ ਅੰਤਰਾਂ ਦੇ ਬਾਵਜੂਦ ਇਸ ਵਿਚ ਭਾਰਤ ਦੇ ਮੱਧਕਾਲੀਨ ਧਾਰਮਿਕ ਰਚਨਾ ਦੀ ਪਰਸਪਰ ਵਿਚਾਰਧਾਰਕ ਸਾਂਝ ਦੇ ਵੀ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ।

ਮੱਧਕਾਲ ਦੇ ਭਗਤੀ ਮਾਰਗ ਜਿਸ ਦਾ ਇਤਿਹਾਸਕ ਪੁਸਤਕ ਵਿਚ ਭਗਤੀ ਲਹਿਰ ਕਰਕੇ ਵੀ ਨਾਮਕਰਨ ਕੀਤਾ ਗਿਆ ਹੈ। ਆਪਣੇ ਆਪ ਵਿਚ ਇਕ ਵਿਸ਼ਾਲ ਲੋਕ ਆਧਾਰੀ ਪਰੰਪਰਾ ਜਾਂ ਲਹਿਰ ਸੀ। ਇਸ ਦੇ ਦੋ ਰੂਪ ਸਨ ਜਿਨ੍ਹਾਂ ਦਾ ਅੰਤਰ ਨਿਖੇੜ ਨਿਰਗੁਣ ਅਤੇ ਸਰਗੁਣ ਭਗਤੀ ਧਾਰਾਵਾਂ ਦੇ ਰੂਪ ਵਿਚ ਕੀਤਾ ਗਿਆ ਹੈ। ਇਹੋ ਦੋਵੇਂ ਪ੍ਰਵਿਰਤੀਆਂ ਮੱਧਕਾਲ ਵਿਚ ਸਮਾਨੰਤਰ ਰੂਪ ਵਿਚ ਪ੍ਰਚਲਿਤ ਰਹੀਆਂ ਹਨ। ਭਗਤੀ ਮਤ ਦੀ ਇਨ੍ਹਾਂ ਦੋਵੇਂ ਧਾਰਾਵਾਂ ਵਿਚ ਭਗਤਾਂ ਵਲੋਂ ਆਪਣੇ ਇਸ਼ਟ ਦੇਵ ਪ੍ਰਤੀ ਪੂਰਨ ਆਤਮ ਸਮਰਪਣ ਦੀ ਭਾਵਨਾ ਮੌਜੂਦ ਸੀ। ਇਨ੍ਹਾਂ ਦੋਵਾਂ ਵਿਚ ਭੇਦ ਇੰਤਨਾ ਹੈ ਕਿ ਸਰਗੁਣ ਧਾਰਾ ਦੇ ਭਗਤ ਆਪਣੇ ਇਸ਼ਟ ਦੇਵ-ਭਗਵਾਨ ਰਾਮ ਜਾਂ ਭਗਵਾਨ ਕ੍ਰਿਸ਼ਨ ਦੀ ਉਪਾਸਨਾ ਕਰਦੇ ਸਨ ਅਤੇ ਅਵਤਾਰਵਾਦ ਨੂੰ ਵਿਸ਼ੇਸ਼ਤਾ ਦਿੰਦੇ ਸਨ। ਨਿਰਗੁਣ ਧਾਰਾ ਦੇ ਭਗਤ ਅਕਾਲ ਪੁਰਖ ਜਾਂ ਨਿਰਗੁਣ ਪਾਰਬ੍ਰਹਮ ਦੇ ਉਪਾਸ਼ਕ ਸਨ ਪਰ ਨਾਮ ਸਿਮਰਨ ਅਤੇ ਭਗਤੀ ਸਾਧਨਾ ਦੀ ਮਰਿਆਦਾ ਏਨਾ ਦੋਵਾਂ ਪੱਧਤੀਆਂ ਵਿਚ ਇੱਕ ਸਮਾਨ ਸਾਧਕਾਂ ਦੀ ਸੁਹਿਰਦਤਾ ਅਤੇ ਆਪਣੇ ਇਸ਼ਟ ਦੇਵ ਪ੍ਰਤੀ ਆਤਮ ਸਮਰਪੰਣ ਦੀ ਭਾਵਨਾ ਦੇ ਰੂਪ ਵਿਚ ਵਿਧਮਾਨ ਰਹੀ। ਨਾਮਦੇਵ, ਕਬੀਰ ਅਤੇ ਰਵਿਦਾਸ ਨਿਰਗੁਣ ਪਰੰਪਰਾ ਦੇ ਪ੍ਰਮੁੱਖ ਪ੍ਰਵਕਤਾ ਹਨ ਅਤੇ ਜੈ ਦੇਵ, ਸੂਰਦਾਸ, ਤੁਲਸੀਦਾਸ ਅਤੇ ਮੀਰਾਬਾਈ ਸਰਗੁਣ ਭਗਤੀ ਪਰੰਪਰਾ ਦੇ ਵਿਸ਼ੇਸ਼ ਸਾਧਕ ਹਨ। ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ ਕਿ ਕਾਲਕ੍ਰਮ ਦੀ ਦ੍ਰਿਸ਼ਟੀ ਤੋਂ ਇਹ ਦੋਵੇਂ ਭਗਤੀ ਮਾਰਗ ਦੀਆਂ ਪ੍ਰਵਿਰਤੀਆਂ ਸਮਾਨੰਤਰ ਰੂਪ ਵਿਚ ਨਾਲੋਂ ਨਾਲ ਪ੍ਰਚਲਿਤ ਰਹੀਆਂ ਹਨ। ਭਾਰਤ ਦੇ ਧਾਰਮਿਕ ਇਤਿਹਾਸ ਵਿਚ ਜਨ-ਸਮੂਹ ਵੱਲੋਂ ਇਨ੍ਹਾਂ ਦੋਵਾਂ ਪੱਧਤੀਆਂ ਨੂੰ ਹੀ ਲੋਕਾਂ ਵੱਲੋਂ ਪ੍ਰਵਾਨ ਕੀਤਾਂ ਗਿਆ ਅਤੇ ਇਹ ਦੋਵੇਂ ਹੀ ਉਨ੍ਹਾਂ ਦੇ ਧਾਰਮਿਕ ਜੀਵਨ ਦੇ ਮੁੱਖ ਪ੍ਰੇਰਨਾ ਸ੍ਰੋਤ ਰਹੇ ਹਨ ਕਿਉਂ ਜੋ ਦੋਵਾਂ ਦੀ ਰਚਨਾ ਲੋਕਾਂ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸ੍ਵੀਕਾਰੀ ਤੇ ਪਿਆਰੀ ਹੈ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਦੇ ਕਲਿਆਣ ਤੇ ਉਥਾਨ ਲਈ ਇਨ੍ਹਾਂ ਨੂੰ ਸਰਵ ਸ੍ਰੇਸ਼ਟ ਮਾਧਿਅਮ ਮੰਨਿਆ ਹੈ। ਆਪਣੀ ਭਾਸ਼ਾਈ ਮਧੁਰਤਾ ਕਾਵਿਮਈ ਰਸ



Sri Satguru Jagjit Singh Ji Elibrary NamdhariElibrary@gmail.com

ਅਤੇ ਸੰਗੀਤਮਈ ਲੈ ਕਾਰਨ ਇਨ੍ਹਾਂ ਦੋਵਾਂ ਪੱਧਤੀਆਂ ਦੀਆਂ ਰਚਨਾਵਾਂ ਵਿਚ ਸਾਹਿਤਕ ਅਰਥਾਤ ਕਾਵਿਮਈ ਉਤਕ੍ਰਿਸ਼ਟਤਾ ਦੀ ਸਾਂਝ ਮੌਜੂਦ ਹੈ। ਦੋਵਾਂ ਪੱਖਾਂ ਦੀਆਂ ਰਚਨਾਵਾਂ ਵਿਚ ਪਿੰਗਲ ਜਾਂ ਛੰਦਾਂ ਦੇ ਪ੍ਰਯੋਗ ਦੀ ਸਾਂਝ ਨੂੰ ਵੀ ਵੇਖਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਮੱਧਕਾਲੀਨ ਭਾਰਤੀ ਭਗਤੀ ਮਾਰਗ ਦੀਆਂ ਇਹ ਦੋਵੇਂ ਪ੍ਰਮੁੱਖ ਧਾਰਾਵਾਂ ਲੋਕ ਲਹਿਰਾਂ ਵਾਂਗ ਹੀ ਭਾਰਤ ਦੇ ਲੋਕਾਂ ਵਿਚ ਪ੍ਰਵਾਨ ਚੜ੍ਹੀਆਂ ਹਨ।

ਗੁਰੂ ਨਾਨਕ ਤੋਂ ਪਹਿਲੇ ਦੇ ਭਗਤਾਂ ਦੀ ਬਾਣੀ ਦਾ ਸਰਸਰੀ ਜਿਹਾ ਅਧਿਐਨ ਵੀ ਇਹ ਗੱਲ ਸਿੱਧ ਕਰ ਦਿੰਦਾ ਹੈ ਕਿ ਇੰਨ੍ਹਾਂ ਵਿਚ ਕਈ ਤੱਤ ਸਾਂਝੇ ਅਤੇ ਸਨਾਤਨੀ ਬ੍ਰਾਹਮਣਵਾਦੀ ਕਰਮਕਾਂਡੀ ਮਰਿਆਦਾ ਦੇ ਕਰੜੇ ਬੰਧਨਾਂ ਤੋਂ ਕੇਵਲ ਸੁਤੰਤਰ ਹੀ ਨਹੀਂ ਸਗੋਂ ਉਨ੍ਹਾਂ ਪ੍ਰਤੀ ਵਿਦਰੋਹ ਭਾਵੀ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਿਧਾਂਤਕ ਤੌਰ ਤੇ ਜੁੜੀ ਭਗਤੀ ਪਰੰਪਰਾ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰਨਾ ਅਣਉੱਚਿਤ ਨਹੀਂ ਹੋਵੇਗਾ।

ਆਦਿ ਗ੍ਰੰਥ ਵਿਚ ਜਿੰਨਾਂ ਭਗਤਾਂ ਦੀ ਬਾਣੀ ਦਰਜ ਹੈ, ਉਨ੍ਹਾਂ ਵਿਚੋਂ ਕੁਝ ਨਾਮਦੇਵ, ਧੰਨਾ ਆਦਿ ਅਜਿਹੇ ਹਨ ਜੋ ਪਹਿਲਾਂ ਸਰਗੁਣ ਭਗਤੀ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਪਿਛੋਂ ਨਿਰਗੁਣ ਪਾਰਬ੍ਰਹਮ ਦੇ ਉਪਾਸਕ ਬਣ ਗਏ ਪਰ ਨਾਮ ਸਿਮਰਨ ਦੁਆਰਾ ਇਹ ਸਾਰੇ ਭਗਤ ਸ੍ਰੇਸ਼ਟ ਪਦਵੀ ਨੂੰ ਪ੍ਰਾਪਤ ਕਰਕੇ ਲੋਕਾਂ ਵਿਚ ਬੜੇ ਸਤਿਕਾਰੇ ਗਏ।

ਮਹਲਾ ੫

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ਰਹਾਉ॥
ਬੁਨਨਾ ਤਨਨਾ ਤਿਆਗ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤੱਖਿ ਗੁਸਾਈਆ ਧੰਨਾ ਵਡਭਾਗਾ॥ ੪॥

*(ਆਦਿ ਗ੍ਰੰਥ ਪੰਨਾ 487)*

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥



Sri Satguru Jagjit Singh Ji Elibrary NamdhariElibrary@gmail.com

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥
ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥

*(ਆਦਿ ਗ੍ਰੰਥ ਪੰਨਾ 1106)*

ਭਗਤ ਜਨਾਂ ਦਾ ਮੁੱਖ ਆਧਾਰ ਨਾਮ ਸਿਮਰਨ ਸੀ, ਜਿਸ ਕਾਰਨ ਉਹ ਕਥਿਤ ਨੀਵੀਆਂ ਜਾਤੀਆਂ ਵਿਚੋਂ ਹੁੰਦੇ ਹੋਏ ਵੀ ਲੋਕਾਂ ਦੇ ਸਤਿਕਾਰਯੋਗ ਪਾਤਰ ਬਣੇ। ਗੁਰਬਾਣੀ ਦੀਆਂ ਉਪਰੋਕਤ ਉਦਾਹਰਣਾਂ ਵਿਚੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਭਗਤ ਅਖੌਤੀ ਨੀਵੀਆਂ ਜਾਤਾਂ ਵਿਚੋਂ ਸਨ ਪਰ ਪ੍ਰਭੂ ਦਾ ਨਾਮ ਸਿਮਰਨ ਕਰਕੇ ਉਹ ਭਗਤ ਜਨਾਂ ਅਰਥਾਤ ਸ੍ਰੇਸ਼ਟ ਪੁਰਸ਼ਾਂ ਵਿਚ ਗਿਣੇ ਗਏ।

ਨੀਵੀਆਂ ਜਾਤਾਂ ਦੇ ਇਨ੍ਹਾਂ ਭਗਤਾਂ ਵਿਚ ਸਾਮਾਜਿਕ ਤੌਰ ਤੇ ਉੱਚ ਵਰਣ ਦੇ ਲੋਕਾਂ ਵੱਲੋਂ ਕੀਤੇ ਜਾਂਦੇ ਤ੍ਰਿਸਕਾਰ ਦੇ ਕਾਰਨ ਇਨ੍ਹਾਂ ਵਿਚ ਉੱਚ ਜਾਤੀਆਂ ਵਿਰੁੱਧ ਵਿਦਰੋਹ ਦੀ ਭਾਵਨਾ ਵੀ ਮੌਜੂਦ ਸੀ ਕਿਉਂ ਜੋ ਇਨ੍ਹਾਂ ਦੇ ਵਿਚਾਰ ਅਨੁਸਾਰ ਪਰਮਾਤਮਾ ਸਭ ਦਾ ਸਾਂਝਾ ਹੈ ਅਤੇ ਉਹ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਉਹ ਆਪਣੇ ਭਗਤਾਂ ਦੀ ਸਦਾ ਲਾਜ ਰੱਖਦਾ ਹੈ। ਨਾਮ ਦੇਵ, ਕਬੀਰ ਅਤੇ ਰਵੀਦਾਸ ਦੇ ਜੀਵਨ ਸਮਾਚਾਰਾਂ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨਾਂ ਦੇ ਕਾਰਨ ਉਨ੍ਹਾਂ ਨੂੰ ਉੱਚ ਜਾਤੀਆਂ ਦੀ ਘ੍ਰਿਣਾ ਤੇ ਵਿਰੋਧ ਦਾ ਸ਼ਿਕਾਰ ਹੋਣਾ ਪਿਆ ਪਰ ਪਰਮਾਤਮਾ ਨੇ ਉਨ੍ਹਾਂ ਦੀ ਪੈਜ ਰੱਖੀ ਅਤੇ ਉਨ੍ਹਾਂ ਦਾ ਪੱਖ ਪੂਰਿਆ। ਨਾਮਦੇਵ ਤਾਂ ਉਸ ਸਮੇਂ ਜਦੋਂ ਉਨ੍ਹਾਂ ਨੂੰ 'ਢੇਢ' ਕਹਿ ਕੇ ਮੰਦਰ ਵਿਚੋਂ ਪ੍ਰਭੂ ਕੀਰਤਨ ਕਰਦੇ ਹੋਏ ਨੂੰ ਉਠਾ ਦਿੱਤਾ ਸੀ (ਤਾਂ ਰਵਾਇਤ ਅਨੁਸਾਰ ਦੇ ਹੁਰਾਂ ਫਿਰ ਗਿਆ ਸੀ) :-

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੈ ਪਾਛੈ ਬੈਠਾ ਜਾਇ॥੨॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥
ਭਗਤ ਜਨਾਂ ਕਉ ਦੇਹੁਰਾ ਫਿਰੈ॥

*(ਆਦਿ ਗ੍ਰੰਥ ਪੰਨਾ 1164)*

ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥



Sri Satguru Jagjit Singh Ji Elibrary NamdhariElibrary@gmail.com

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ ਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥

*(ਆਦਿ ਗ੍ਰੰਥ ਪੰਨਾ 1292-93)*

ਜਿਵੇਂ ਨਾਮਦੇਵ ਜੀ ਨੂੰ ਉਚ ਜਾਤੀਆਂ ਦੇ ਕਰੋਪ ਦਾ ਸ਼ਿਕਾਰ ਹੋਣਾ ਪਿਆ ਤਿਵੇਂ ਹੀ ਕਬੀਰ ਜੀ ਅਤੇ ਰਵੀਦਾਸ ਨੂੰ ਵੀ ਉੱਚ ਜਾਤੀਆਂ ਦੇ ਅਭਿਮਾਨੀ ਵਤੀਰੇ ਦਾ ਸ਼ਿਕਾਰ ਹੋਣਾ ਪਿਆ। ਪਰ ਜਿੱਥੇ ਨਾਮਦੇਵ ਦਾ ਸੁਰ ਪ੍ਰਭੂ ਅੱਗੇ ਬੇਨਤੀ ਤੇ ਨਿਮਰਤਾ ਵਾਲਾ ਸੀ ਉਥੇ ਕਬੀਰ ਜੀ ਤਾਂ ਉੱਚ ਵਰਗ ਦੇ ਲੋਕਾਂ ਨੂੰ ਖਰੀਆਂ ਖਰੀਆਂ ਸੁਣਾਉਂਦੇ ਹਨ :

ਗਉੜੀ ਕਬੀਰ ਜੀ

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥ ਰਹਾਉ॥
ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀਂ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥

*(ਆਦਿ ਗ੍ਰੰਥ ਪੰਨਾ 324)*

ਇਸੇ ਤਰ੍ਹਾਂ ਆਪ ਮੁਸਲਮਾਨਾਂ ਦੇ ਧਾਰਮਿਕ ਆਗੂਆਂ ਅਰਥਾਤ ਮੁਲਾ-ਮੌਲਾਣਿਆ ਤੇ ਕਾਜ਼ੀਆਂ ਨੂੰ ਵੀ ਤੀਖਣ ਵਿਅੰਗ ਕਰਦੇ ਹਨ ਕਿ ਜੇ ਸੁੰਨਤ ਕਰਨ ਨਾਲ ਮੁਸਲਮਾਨ ਹੋ ਜਾਈਦਾ ਹੈ ਤਾਂ ਔਰਤ ਦਾ ਕੀ ਕਰਨਾ ਹੋਵੇਗਾ। ਜੇ ਅਰਧ ਸਰੀਰੀ ਔਰਤ ਦਾ ਤਿਆਗ ਨਹੀਂ ਕੀਤਾ ਜਾ ਸਕਦਾ ਤਾਂ ਫਿਰ ਉਹ ਵੀ ਹਿੰਦੂ ਹੀ ਰਹਿੰਦੀ ਹੈ। ਇਸ ਲਈ ਜਾਤ ਅਭਿਮਾਨ ਜਾਂ ਮਜ਼ਹਬ ਦੇ ਆਧਾਰ ਤੇ ਮਨੁੱਖਾਂ ਵਿਚਕਾਰ ਵੰਡੀਆਂ ਨਹੀਂ ਪਾਈਆਂ ਜਾ ਸਕਦੀਆਂ। ਸੱਚ ਤਾਂ ਇਹ ਹੈ ਕਿ ਸਾਰੇ ਹੀ ਮਨੁੱਖ ਇਕ ਨੂਰ ਅਰਥਾਤ ਪਰਮਾਤਮਾ ਦੇ ਹੀ ਬਣਾਏ ਹੋਏ ਹਨ। ਇਸ ਲਈ ਉਹ ਸਭ ਬਰਾਬਰ ਹਨ।



Sri Satguru Jagjit Singh Ji Elibrary NamdhariElibrary@gmail.com

ਮਨੁੱਖੀ ਏਕਤਾ ਦੀ ਇਸ ਭਾਵਨਾ ਨੂੰ ਰਵੀਦਾਸ ਜੀ ਨੇ ਆਪਣੇ ਗਾਉੜੀ ਰਾਗ ਦੇ ਇਕ ਸ਼ਬਦ ਵਿਚ ਇਸ ਤਰ੍ਹਾਂ ਸੁਦ੍ਰਿੜ ਕਰਵਾਇਆ ਹੈ। ਉਨ੍ਹਾਂ ਦਾ ਇਹ ਸ਼ਬਦ ਇਕ ਆਦਰਸ਼ ਲੋਕਰਾਜ ਦਾ ਪ੍ਰਤੀਕ ਜਾਂ ਸੁੰਦਰ ਮਾਡਲ ਹੈ ਜੋ ਸਦਾ ਲਈ ਸਾਰੀ ਮਨੁੱਖ ਜਾਤੀ ਲਈ ਪ੍ਰੇਰਨਾ ਦਾ ਸ੍ਰੋਤ ਬਣਿਆ ਰਹੇਗਾ :

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

*(ਆਦਿ ਗ੍ਰੰਥ ਪੰਨਾ 345)*

ਬਹੁਤੇ ਭਗਤ ਕਿਉਂ ਜੋ ਨਿਮਨ ਜਾਤੀਆਂ ਵਿਚੋਂ ਸਨ ਅਤੇ ਗੁਰੂ ਸਾਹਿਬਾਨ ਨੇ ਵੀ ਮਨੁੱਖੀ ਸਮਾਜ ਵਿਚ ਬਰਾਬਰੀ ਦਾ ਸੰਦੇਸ਼ ਦੇਣਾ ਸੀ। ਇਸ ਲਈ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਨੀਚ ਜਾਤੀਆਂ ਦੇ ਸੰਗੀ ਸਾਥੀ ਦੱਸਿਆ ਹੈ ਅਤੇ ਕਈ ਥਾਵਾਂ ਤੇ ਤਾਂ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਨਾਨਕ ਨੀਚ ਕਹੈ ਵੀਚਾਰੁ ਕਰਕੇ ਵੀ ਸ੍ਵੈ-ਸੰਬੋਧਨ ਕੀਤਾ ਹੈ। ਆਪ ਜੀ ਦਾ ਇਕ ਹੋਰ ਕਥਨ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

*(ਆਦਿ ਗ੍ਰੰਥ ਪੰਨਾ 15)*

ਮੱਧਕਾਲ ਦੇ ਭਗਤੀ ਮਾਰਗ ਜਾਂ ਭਗਤੀ ਲਹਿਰ ਦੇ ਸੰਸਥਾਪਕਾਂ ਤੇ ਸੰਚਾਲਕਾਂ ਵਿਚੋਂ ਦੱਖਣ ਦੇ ਰਾਮਾਨੁਜ ਤੇ ਬਨਾਰਸ ਦੇ ਰਾਮਾਨੰਦ ਦਾ ਵਰਣਨ



Sri Satguru Jagjit Singh Ji Elibrary NamdhariElibrary@gmail.com

ਵਿਸ਼ੇਸ਼ ਤੌਰ ਤੇ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿੰਨਾਂ ਭਗਤਾਂ ਦੀ ਬਾਣੀ ਅੰਕਿਤ ਹੈ ਉਨ੍ਹਾਂ ਵਿਚੋਂ ਬਹੁਤੇ ਰਾਮਾਨੰਦ (1423 ਤੋਂ 1524) ਦੇ ਹੀ ਪੈਰੋਕਾਰ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਭਗਤ ਗੁਰੂ ਨਾਨਕ ਦੇਵ ਜੀ ਤੋਂ ਪੂਰਵਲੇ ਕਾਲ ਵਿਚ ਹੋਏ ਹਨ ਅਤੇ ਕੇਵਲ ਇਕ ਦੋ ਹੀ (ਭੀਖਣ ਤੇ ਸੂਰਦਾਸ) ਹੀ ਗੁਰੂ ਸਾਹਿਬਾਨ ਦੇ ਸਮਕਾਲੀ ਸਨ।

ਭਗਤੀਮਤ ਦੇ ਮੁਖ ਦਾਰਸ਼ਨਿਕ ਸਿਧਾਂਤਾਂ ਵਿਚੋਂ ਕੇਵਲ ਪਰਮਾਤਮਾ ਨੂੰ ਹੀ ਸਰਬ ਸ੍ਰੇਸ਼ਟ ਮੰਨਣਾ ਜੋ ਇਸ ਸ੍ਰਿਸ਼ਟੀ ਦਾ ਸਿਰਜਣਹਾਰ ਤੇ ਇਸ ਦਾ ਪਾਲਣਹਾਰ ਤੇ ਸਰਵਸ਼ਕਤੀਮਾਨ ਹੈ। ਉਸ ਪ੍ਰਭੂ ਨਾਲ ਮਿਲਾਪ ਦੀ ਅਵਸਥਾ ਨੂੰ ਪ੍ਰਾਪਤ ਕਰਨਾ। ਭਗਤੀ ਮਾਰਗ ਦਾ ਮੁੱਖ ਲਕਸ਼ ਸੀ ਅਤੇ ਇਸ ਲਕਸ਼ ਨੂੰ ਨਾਮ ਸਿਮਰਨ ਅਰਥਾਤ ਪ੍ਰਭੂ ਭਗਤੀ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਸੀ। ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੀ ਭਗਤੀ ਮਾਰਗ ਦੀ ਮੁੱਖ ਸਾਧਨਾ ਸੀ, ਜਿਸ ਦੁਆਰਾ ਜੀਵ-ਆਤਮਾ ਦਾ ਪ੍ਰਭੂ ਨਾਲ ਮੇਲ ਸੰਭਵ ਹੈ ਪਰ ਇਸ ਮੇਲ ਨੂੰ ਸੁਗਮ ਬਣਾਉਣ ਵਾਲਾ ਗੁਰੂ ਹੀ ਹੈ, ਜਿਸ ਦੀ ਕ੍ਰਿਪਾ ਦੁਆਰਾ ਹੀ ਗੁਰੂ ਦੇ ਦੱਸੇ ਹੋਏ ਨਾਮ ਦੀ ਅਰਾਧਨਾ ਕਰਕੇ ਪਰਮਾਤਮਾ ਨਾਲ ਮੇਲ ਸੰਭਵ ਹੁੰਦਾ ਹੈ। ਪ੍ਰਭੂ ਦੇ ਨਾਮ ਦੁਆਰਾ ਹੀ ਇਹ ਸੋਝੀ ਹੋ ਜਾਂਦੀ ਹੈ ਕਿ ਮਨੁੱਖ ਅਤੇ ਸਰਬ ਜੀਵ ਜੰਤ ਪਰਮਾਤਮਾ ਦੀ ਸਿਰਜਣਾ ਹੋਣ ਕਾਰਨ ਇਕ ਦੂਜੇ ਨਾਲ ਵੱਡੀ ਸਾਂਝ ਵਿਚ ਬੱਝੇ ਹੋਏ ਹਨ। ਇਸ ਲਈ ਸਭ ਵਿਚ ਪ੍ਰੇਮ ਅਤੇ ਸਹਿਹੋਂਦ ਦੇ ਰਿਸ਼ਤੇ ਨੂੰ ਪ੍ਰਵਾਨ ਕਰਕੇ ਪ੍ਰਭੂ ਦੇ ਹੁਕਮ ਤੇ ਰਜ਼ਾ ਵਿਚ ਰਹਿਣਾ ਹੀ ਵਧੇਰੇ ਯੋਗ ਹੈ।

ਮੱਧਕਾਲ ਦੇ ਭਗਤਾਂ ਵਿਚ ਸਾਮਾਜਿਕ ਚੇਤਨਤਾ ਤਾਂ ਮੌਜੂਦ ਹੈ ਪਰ ਇਨ੍ਹਾਂ ਨੇ ਰਾਜਨੀਤਕ ਆਕਰਮਣ ਜਾਂ ਸ਼ੋਸ਼ਣ ਦਾ ਗੌਣ ਰੂਪ ਵਿਚ ਹੀ ਵਿਰੋਧ ਕੀਤਾ ਹੈ। ਵਧੇਰੇ ਬਲ ਧਰਮਾਚਾਰ ਵਿਚ ਆ ਗਈਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਸਾਮਾਜਿਕ ਸੁਧਾਰ ਉੱਤੇ ਹੀ ਦਿੱਤਾ ਗਿਆ ਹੈ। ਭਗਤੀ ਮਾਰਗ ਦੀ ਇਕ ਹੋਰ ਵਿਸ਼ੇਸ਼ਤਾ ਤਿਆਗ ਦੇ ਟਾਕਰੇ ਉੱਤੇ ਗ੍ਰਹਿਸਥ ਮਾਰਗ ਦੀ ਪ੍ਰਧਾਨਤਾ ਨੂੰ ਸਵੀਕਾਰ ਕਰਨਾ ਸੀ ਤਾਂ ਜੋ ਮਨੁੱਖੀ ਭਾਈਚਾਰੇ ਦਾ ਸੰਤੁਲਿਤ ਵਿਕਾਸ ਹੋ ਸਕੇ।

ਭਗਤੀ ਮਾਰਗ ਸੰਬੰਧੀ ਉਪਰੋਕਤ ਵਿਚਾਰਾਂ ਨੂੰ ਧਿਆਨ ਵਿਚ ਰੱਖ ਕੇ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਮੱਧਕਾਲ ਦੀ ਭਗਤੀ ਲਹਿਰ ਦੀ ਧਰਾਤਲ ਵਿਚੋਂ ਹੀ ਗੁਰਮਤਿ ਧਾਰਾ ਦਾ ਦਾਰਸ਼ਨਿਕ ਵਿਕਾਸ ਹੋਇਆ ਅਤੇ ਗੁਰੂ ਸਾਹਿਬਾਨ ਦੇ ਉੱਚ ਵਿਅਕਤਿਤਵ ਤੇ ਕਲਿਆਣਕਾਰੀ ਨੈਤਿਕ ਭਾਵਨਾ ਸਦਕਾ ਸਿੱਖ ਗੁਰੂ ਸਾਹਿਬਾਨ ਨੇ ਮੱਧਕਾਲ ਦੇ ਭਗਤੀ ਮਾਰਗ ਨੂੰ ਨਵੇਂ ਆਯਾਮ ਤੇ ਨਵੇਂ ਯੁੱਗ ਅਨੁਕੂਲ ਅਰਥ ਪ੍ਰਦਾਨ ਕੀਤੇ ਜਿਸ ਦੇ ਫਲਸਰੂਪ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਵਿਆਪਕ ਆਧਾਰਾ ਵਾਲਾ



Sri Satguru Jagjit Singh Ji Elibrary NamdhariElibrary@gmail.com

ਸਮਾਜਿਕ ਭਾਈਚਾਰਾ ਤੇ ਵਿਸ਼ੇਸ਼ ਧਰਮ ਦੇ ਰੂਪ ਵਿਚ ਸਥਾਪਿਤ ਹੋ ਗਿਆ। ਭਗਤ ਜਨ ਤੇ ਬਾਬਾ ਫਰੀਦ ਵਰਗੇ ਸੂਫ਼ੀ ਦਰਵੇਸ਼ ਮਨੁੱਖੀ ਏਕਤਾ ਤੇ ਬਰਾਬਰੀ ਵਿਚ ਵਿਸ਼ਵਾਸ ਰੱਖਦੇ ਸਨ। ਉਹ ਹਰ ਪ੍ਰਕਾਰ ਦੀ ਗੁਲਾਮੀ ਦੇ ਵਿਰੁੱਧ ਸਨ ਕਿਸੇ ਦੇ ਦਿਲ ਨੂੰ ਦੁਖਾਉਣਾ ਵੀ ਪਾਪ ਸਮਝਦੇ ਸਨ।

ਕਬੀਰ ਜੀ ਦਾ ਕਥਨ ਹੈ :

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ *(ਆਦਿ ਗ੍ਰੰਥ, ਪੰਨਾ 1349)*

ਸਭ ਮਨੁੱਖੀ ਭਾਂਡੇ ਇਕੋ ਮਿਟੀ ਤੋਂ ਘੜੇ ਗਏ ਹਨ ਅਤੇ ਸਾਜਣਹਾਰ ਘੁਮਿਆਰ (ਪਰਮਾਤਮਾ) ਨੇ ਕਿਸੇ ਵਿਚ ਵੀ ਕੋਈ ਦੋਸ਼ ਨਹੀਂ ਰਹਿਣ ਦਿੱਤਾ।

ਮਾਟੀ ਏਕ ਅਨੇਕ ਭਾਂਤਿ ਕਰ ਸਾਜੀ ਸਾਜਨਹਾਰੈ
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ

*(ਆਦਿ ਗ੍ਰੰਥ, ਪੰਨਾ 1350)*

ਬਾਬਾ ਫਰੀਦ ਸ਼ਕਰਗੰਜ ਵੀ ਮਨੁੱਖ ਦੀ ਸੁਤੰਤਰਤਾ ਦੇ ਮੂਲ ਅਧਿਕਾਰ ਨੂੰ ਇਨ੍ਹਾਂ ਸ਼ਬਦਾਂ ਦੁਆਰਾ ਸਵੀਕਾਰ ਕਰਦੇ ਹਨ :-

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ

*(ਆਦਿ ਗ੍ਰੰਥ, ਪੰਨਾ 1380 ਸਲੋਕ 41)*

ਅਤੇ

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ

*(ਆਦਿ ਗ੍ਰੰਥ, ਪੰਨਾ 1384 ਸਲੋਕ 129)*

ਅਰਥਾਤ ਸਭ ਮਨੁੱਖਾਂ ਦਾ ਦਿਲ ਮਾਣਕ ਵਰਗਾ ਅਮੋਲਕ ਤੇ ਸੂਖਮ ਹੈ। ਇਸ ਲਈ ਕਿਸੇ ਦੇ ਦਿਲ ਨੂੰ ਦੁਖਾ ਕੇ ਇਸ ਕੀਮਤੀ ਮਨੁੱਖੀ ਰਤਨ ਨੂੰ ਤੋੜਨਾ ਨਹੀਂ ਚਾਹੀਦਾ।

ਆਤਮਿਕ ਤੇ ਸਾਮਾਜਿਕ ਪੱਧਰ ਤੇ ਮਨੁੱਖੀ ਸਮਾਨਤਾ ਤੇ ਸੁਤੰਤਰਤਾ ਦਾ ਇਹ ਆਦਰਸ਼ ਉਸ ਕਰੜੇ ਇਸਲਾਮੀ ਸ਼ਾਸਣ ਦੇ ਧਾਰਮਿਕ ਤੇ ਸਾਮਾਜਿਕ ਸ਼ੋਸ਼ਣ ਦੇ ਕਾਲ ਵਿਚ ਵੀ ਲੋਕਾਂ ਵਿਚ ਆਤਮਿਕ ਸੁਤੰਤਰਤਾ ਤੇ ਮਨੁੱਖੀ ਭਾਈਚਾਰੇ ਦੀ ਸਮਾਨਤਾ ਦੇ ਆਦਰਸ਼ਾਂ ਨੂੰ ਪਰਸਾਰਨ ਵਿਚ ਸਹਾਈ ਹੋਇਆ।



Sri Satguru Jagjit Singh Ji Elibrary NamdhariElibrary@gmail.com

3

## ਗੁਰਮਤਿ ਦਾ ਪ੍ਰਕਾਸ਼

ਮੱਧਕਾਲ ਦੇ ਭਗਤਾਂ ਨੇ 12ਵੀਂ ਸਦੀ ਈਸਵੀ ਤੋਂ ਲੈ ਕੇ 15ਵੀਂ ਸਦੀ ਦੇ ਪੂਰਵ ਅੱਧ ਤੱਕ ਸਮੁੱਚੇ ਭਾਰਤ ਅਤੇ ਵਿਸ਼ੇਸ਼ ਕਰਕੇ ਉੱਤਰ ਪੱਛਮੀ ਤੇ ਮੱਧਭਾਰਤ ਵਿਚ ਨਵੀਂ ਅਧਿਆਤਮਿਕ ਜਾਗ੍ਰਤੀ ਨੂੰ ਲੈ ਆਂਦਾ ਪਰ, ਇਸ ਅਧਿਆਤਮਿਕ ਜਾਗ੍ਰਤੀ ਦਾ ਨਵ ਤੇ ਪੂਰਨ ਪ੍ਰਭਾਵ ਨਵੇਂ ਰੂਪ ਵਿਚ ਉਦੋਂ ਉਜਾਗਰ ਹੋਇਆ ਜਦੋਂ 15ਵੀਂ ਸਦੀ ਦੇ ਸਤਵੇਂ ਦਹਾਕੇ ਵਿਚ 1469 ਈਸਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਗੁਰਮਤਿ ਦਾ ਸੂਰਜੀ ਪ੍ਰਕਾਸ਼ ਉਦੈ ਹੋਇਆ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦਾ ਕਥਨ ਇਸ ਪ੍ਰਕਾਰ ਕਰਦੇ ਹਨ :

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ।

*(ਵਾਰ-1 ਪਉੜੀ 27)*

[1*]ਵੀਹਵੀਂ ਸਦੀ ਦੇ ਪ੍ਰਮੁੱਖ ਅਧਿਆਤਮਿਕ ਸਿੱਖ ਚਿੰਤਕ ਤੇ ਮਹਾਂਕਵੀ ਪ੍ਰੋ. ਪੂਰਨ ਸਿੰਘ (1881-1931) ਨੇ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਨੂੰ ਗਗਨ ਵਿਚੋਂ ਮਹਾਂ ਸੰਗੀਤ ਦੇ ਅਵਤਰਤ ਹੋਣ ਨਾਲ ਤੁਲਨਾ ਦਿੱਤੀ ਹੈ।

"ਆਪ ਰੱਬੀ ਗੀਤ ਸਮਾਨ ਅਰਸ਼ਾਂ ਤੋਂ ਉਤਰੇ। ਆਪ ਨੇ ਇਸ ਧਰਤੀ ਦੀ ਪੌਣ ਦੀ ਛੋਹ ਨੂੰ ਅਨੁਭਵ ਕਰਦਿਆਂ ਤੇ ਨੀਲੇ ਗਗਨਾਂ ਦੀ ਅਸਗਾਹਤਾ ਨੂੰ ਤਕਦਿਆਂ ਹੀ, ਆਪਣਾ ਮਹਾਨ ਸੰਗੀਤ ਅਲਾਪਣਾ ਆਰੰਭ ਕਰ ਦਿੱਤਾ। ਉਨ੍ਹਾਂ ਦਾ ਮੁਖੜਾ ਸਦਾ ਹੀ ਖਿੜਿਆ ਰਹਿੰਦਾ। ਆਪ ਦੇ ਨੈਣ ਸ਼ਾਂਤ ਤੇ ਗੰਭੀਰ ਸਨ। ਆਪ ਆਤਮਿਕ ਸ਼ਾਂਤੀ ਦੇ ਆਸ਼ਿਕ ਸਨ। ਆਪ ਨੂੰ ਖੇੜਾ ਅਤੇ ਵਿਚਾਰ

---

[1*] ਪ੍ਰੋ. ਪੂਰਨ ਸਿੰਘ, ਦਸ ਗੁਰੂ ਦਰਸ਼ਨ, ਪੰਨਾ 10



Sri Satguru Jagjit Singh Ji Elibrary NamdhariElibrary@gmail.com

ਪਿਆਰੇ ਸਨ।" ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਐਨਸਾਈਕਲੋਪੀਡੀਆ ਔਫ ਸਿੱਖਇਜ਼ਮ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੇ ਪ੍ਰਭਾਵ ਸੰਬੰਧੀ ਇਹ ਸ਼ਬਦ ਅੰਕਿਤ ਹਨ :

[1*]"ਗੁਰੂ ਨਾਨਕ ਜੋ ਸਿੱਖ ਗੁਰੂ ਸਾਹਿਬਾਨ ਦੀ ਲੜੀ ਵਿਚੋਂ ਪ੍ਰਥਮ ਸਨ, ਜਿਨ੍ਹਾਂ ਨੂੰ ਪ੍ਰਭੂ ਪ੍ਰਮੇਸ਼ਵਰ ਦੀ ਨਿਕਟਤਾ ਅਤੇ ਰੱਬੀ ਗਿਆਨ ਦਾ ਅਵਤਾਰ ਤੇ ਆਚਾਰੀਆ ਮੰਨਿਆ ਜਾਂਦਾ ਹੈ, ਅਧਿਆਤਮਿਕ ਤੇ ਸਾਮਾਜਕ ਨਵ ਜਾਗ੍ਰਤੀ ਦੇ ਸ਼ਕਤੀਸ਼ਾਲੀ ਪ੍ਰਵਾਹ ਦੇ ਸੰਚਾਲਕ ਤੇ ਮੁੱਖ ਸਰੋਤ ਸਨ।"

ਆਪ ਜੀ ਨੇ ਰੱਬੀ ਜੋਤ ਦੇ ਮਹਾਂਨੂਰੀ ਚਾਨਣ ਨੂੰ ਇਸ ਤਰ੍ਹਾਂ ਵੰਡਿਆ ਤੇ ਪ੍ਰਸਾਰਿਆ ਕਿ ਇਸ ਨਾਲ ਅਧਿਆਤਮਿਕ ਜਗਤ ਵਿਚ ਇਕ ਨਵੇਂ ਤੇ ਆਧੁਨਿਕ ਸਰੂਪ ਵਾਲੇ ਸਿੱਖ ਧਰਮ ਦਾ ਜਨਮ ਉਨ੍ਹਾਂ ਦੇ ਨਾਲ ਹੀ ਹੋ ਗਿਆ। ਸੰਸਾਰ ਭਰ ਦੇ ਧਾਰਮਿਕ ਇਤਿਹਾਸ ਅਤੇ ਅਧਿਆਤਮਿਕ ਦਰਸ਼ਨ ਦੇ ਪ੍ਰਕਰਨ ਵਿਚ ਇਹ ਇਕ ਨਵੀਨ ਤੇ ਕ੍ਰਾਂਤੀਕਾਰੀ ਘਟਨਾ ਸੀ, ਜਿਸ ਦੀ ਸਰਬ-ਵਿਆਪਕਤਾ ਨੇ ਵਿਸ਼ਵ ਇਤਿਹਾਸ ਦੀਆਂ ਆਗਾਮੀ ਸਦੀਆਂ ਨੂੰ ਉਜਿਆਰ ਦਿੱਤਾ। ਆਪ ਜੀ ਦੀ ਭਗਤੀ ਸਾਧਨਾ ਅਤੇ ਦੂਰਦਰਸ਼ਤਾ ਦੇ ਫਲਸਰੂਪ ਸਿੱਖ ਧਰਮ ਦੇ ਸੰਗਠਨ ਦੀਆਂ ਪੱਕੀਆਂ ਨੀਹਾਂ ਧਰੀਆਂ ਗਈਆਂ। ਆਪ ਵੱਲੋਂ ਸਿਰਜੇ ਗਏ ਸਿੱਖ ਸਭਿਆਚਾਰ ਅਤੇ ਧਰਮਾਚਾਰ ਨੇ ਭਾਰਤ ਦੇ ਇਤਿਹਾਸ ਦੀ ਧਾਰਾ ਨੂੰ ਹੀ ਬਦਲ ਕੇ ਰੱਖ ਦਿੱਤਾ। ਉਨ੍ਹਾਂ ਦੇ ਯਤਨਾਂ ਸਦਕਾ ਅਧਿਆਤਮਿਕ ਜਗਤ ਵਿਚ ਇਕ ਨਵੀਂ ਲਹਿਰ ਦਾ ਸੰਚਾਲਨ ਹੋਇਆ ਜੋ ਆਪਣੇ ਸਰੂਪ ਵਜੋਂ ਅਖੰਡ ਵਿਆਪਕ ਅਤੇ ਸੁਭਾ ਵਜੋਂ ਭਾਰਤ ਦੇ ਰਾਸ਼ਟਰੀ ਚਰਿੱਤਰ ਨੂੰ ਨਵੇਂ ਧਰਾਤਲਾਂ ਤੇ ਆਯਾਮਾਂ ਵਿਚ ਪ੍ਰਫੁਲਿਤ ਕਰ ਸਕਣ ਦਾ ਕਾਰਨ ਬਣੀ। ਉਨ੍ਹਾਂ ਦਾ ਸੰਕੀਰਨਤਾ ਰਹਿਤ ਤੇ ਵਿਸ਼ਵ ਵਿਆਪੀ ਧਾਰਮਿਕ, ਚਿੰਤਨ ਨਾ ਕੇਵਲ ਯੁਗਾਂ ਅਨੁਕੂਲ ਪਰਿਵਰਤਨਾਂ ਦਾ ਸਾਖੀ ਸੀ ਸਗੋਂ ਧਾਰਮਿਕ ਸ਼੍ਰਿਸ਼ਟਾਚਾਰ, ਕਲਾ ਅਤੇ ਸੰਸਕ੍ਰਿਤੀ ਦੇ ਭਵਿੱਖਆਰਥੀ ਅੰਸ਼ਾਂ ਨੂੰ ਵੀ ਆਪਣੇ ਵਿਚ ਸਮੋਈ ਬੈਠਾ ਸੀ।

## ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ

[2*]ਗੁਰੂ ਨਾਨਕ ਦੇਵ ਜੀ ਦਾ ਜਨਮ ਕਤਕ ਦੀ ਪੂਰਨਮਾਸ਼ੀ, ਸੰਮਤ 1526 ਨੂੰ ਹੋਇਆ। ਪਰ ਆਧੁਨਿਕ ਇਤਿਹਾਸਕਾਰਾਂ ਤੇ ਖੋਜੀਆਂ ਅਨੁਸਾਰ 15 ਅਪਰੈਲ, ਸੰਨ 1469 ਈਸਵੀ ਤਦ ਅਨੁਸਾਰ ਬਿਕ੍ਰਮੀ ਸੰਮਤ 1526 ਦੀ ਵਿਸਾਖ ਸੁਦੀ 3 (20 ਵਿਸਾਖ) ਦੀ ਪ੍ਰਭਾਤ ਸਮੇਂ ਹੋਇਆ। ਪਰ ਪਿਛਲੇ ਕਾਫੀ

---

[1*] ਦ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ, ਪੰਨਾ 166

[2*] ਭਾਈ ਕਾਨ੍ਹ ਸਿੰਘ, ਨਾਭਾ, ਮਹਾਨ ਕੋਸ਼, ਪੰਨਾ 692



Sri Satguru Jagjit Singh Ji Elibrary NamdhariElibrary@gmail.com

ਸਮੇਂ ਤੋਂ ਆਪ ਜੀ ਦਾ ਜਨਮ-ਪੁਰਬ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਮਨਾਇਆ ਜਾਂਦਾ ਹੈ। ਬਚਪਨ ਵਿਚ ਹੀ ਆਪ ਜੀ ਦੇ ਮੁਖਾਰਬਿੰਦ ਤੋਂ ਵੱਡਤਣ ਦਾ ਅਹਿਸਾਸ ਹੁੰਦਾ ਸੀ। ਆਪ ਗੰਭੀਰ ਤੇ ਸ਼ਾਂਤ ਸੋਚਵਾਨ ਦਿਖਾਈ ਦਿੰਦੇ ਸਨ ਅਤੇ ਬਾਲਵਰੇਸ਼ ਤੋਂ ਹੀ ਆਪ ਅਦੁੱਤੀ ਪ੍ਰਤਿਭਾ ਦੇ ਸੁਆਮੀ ਜਾਪਦੇ ਸਨ। ਆਪ ਜੀ ਦੇ ਪਿਤਾ ਮਹਿਤਾ ਕਾਲੂ, ਰਾਏ ਭੋਇ ਦੀ ਤਲਵੰਡੀ ਦੇ ਸਥਾਨਿਕ ਮੁਸਲਮ ਹਾਕਮ ਰਾਏ ਬੁਲਾਰ ਦੇ ਪਟਵਾਰੀ ਸਨ, ਜਿਨ੍ਹਾਂ ਦੀ ਕੁਝ ਭੂਮੀ ਇਸ ਪਿੰਡ ਵਿਚ ਵੀ ਮੌਜੂਦ ਸੀ। ਮਾਤਾ ਤ੍ਰਿਪਤਾ ਜੀ ਨੇ ਆਰੰਭ ਤੋਂ ਹੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਮਾਤ ਪ੍ਰੇਮ ਤੇ ਹਿਰਦੇ ਦੀ ਵਿਸ਼ਾਲਤਾ ਨਾਲ ਨਿਵਾਜਿਆ। ਆਪ ਬੰਸ ਵਜੋਂ ਬੇਦੀ ਖੱਤਰੀ ਸਨ। ਰਾਏ ਬੁਲਾਰ ਬਚਪਨ ਤੋਂ ਹੀ ਆਪ ਜੀ ਦੇ ਰੱਬੀ ਨੂਰ ਤੋਂ ਪ੍ਰਭਾਵਿਤ ਹੋ ਗਿਆ ਸੀ। ਆਪ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਸੀ ਜਿਸ ਨਾਲ ਭੈਣ-ਭਰਾ ਦੇ ਪਰੰਪਰਾਗਤ ਪ੍ਰੇਮ ਦੀਆਂ ਅਨੇਕ ਘਟਨਾਵਾਂ ਦਾ ਵਰਣਨ ਜਨਮ ਸਾਖੀਆਂ ਵਿਚੋਂ ਮਿਲ ਜਾਂਦਾ ਹੈ।

[1]*ਆਪ ਜੀ ਦੇ ਬਚਪਨ ਦਾ ਵਧੇਰਾ ਭਾਗ ਤਲਵੰਡੀ ਵਿਚ ਹੀ ਬਤੀਤ ਹੋਇਆ। ਜਿੱਥੇ ਕੁਲ ਪਰੋਹਿਤ ਹਰਦਿਆਲ ਨਾਲ ਸੰਬੰਧਿਤ ਜਨਮ ਕੁੰਡਲੀ ਬਣਾਉਣ ਅਤੇ 13 ਸਾਲ ਦੀ ਉਮਰ ਵਿਚ ਜਨੇਊ ਪਹਿਨਾਉਣ ਦੀਆਂ ਵਚਿੱਤਰ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ। 6 ਸਾਲ ਦੀ ਉਮਰ ਵਿਚ ਪੰਡਿਤ ਗੁਪਾਲ ਪਾਸੋਂ ਹਿੰਦੀ, ਸੰਮਤ 1535 ਵਿਚ ਬ੍ਰਿਜਲਾਲ ਪੰਡਿਤ ਪਾਸੋਂ ਸੰਸਕ੍ਰਿਤ ਅਤੇ ਸੰਮਤ 1539 ਵਿਚ ਮੌਲਵੀ ਕੁਤਬੁਦੀਨ ਪਾਸੋਂ ਫਾਰਸੀ ਪੜ੍ਹੀ ਪਰ ਇਹ ਤਿੰਨੇ ਅਧਿਆਪਕ ਆਪ ਜੀ ਦੀ ਚਮਤਕਾਰੀ ਪ੍ਰਤਿਭਾ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੋਏ, ਕਿਉਂ ਜੋ ਆਪ ਅੱਖਰੀ ਗਿਆਨ ਦੀ ਥਾਂ ਤੱਤ੍ਵ ਗਿਆਨ ਉੱਤੇ ਵਧੇਰੇ ਬਲ ਦੇਣਾ ਉਚਿਤ ਸਮਝਦੇ ਸਨ।

[2]*ਆਪ ਜੀ ਨੇ ਪੁਰਾਤਨ ਵਹਿਮਾਂ ਭਰਮਾਂ ਦਾ ਖੰਡਨ ਕਰਨਾ, ਸੰਸਾਰ ਨੂੰ ਮਾਨਵੀ ਕਦਰਾਂ ਕੀਮਤਾਂ ਦੇ ਧਰਮ ਦਾ ਬੋਧ ਕਰਵਾਉਣਾ ਸੀ। ਇਸੇ ਲਈ ਆਪ ਜੀ ਨੇ ਪੰਡਿਤ ਹਰਦਿਆਲ ਜੀ ਦੇ ਜਨੇਊ ਪਹਿਨਾਉਣ ਉੱਤੇ ਤਰਕ ਕੀਤਾ ਅਤੇ ਧਾਗਿਆਂ ਦੇ ਵੱਟੇ ਹੋਏ ਜਨੇਊ ਦੀ ਥਾਂ ਆਤਮ ਸੰਜਮ ਦੇ ਬਲਵਾਨ ਤੇ ਨਾਹ ਟੁੱਟਣ ਵਾਲੇ ਜਨੇਊ ਨੂੰ ਪਹਿਨਾਉਣ ਲਈ ਕਿਹਾ ਇਸ ਛੋਟੀ ਜਿਹੀ ਘਟਨਾ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਮਨੁੱਖਾ ਜਨਮ ਧਾਰਨ ਵਿਚ ਕੋਈ ਵਡੇਰਾ ਤੇ ਉਚੇਰਾ ਲਕਸ਼ ਰਹੱਸ ਲੁਕਿਆ ਹੋਇਆ ਸੀ। ਪਿਤਾ ਨੇ ਮਾਲ ਚਾਰਨ ਅਤੇ ਉਪਜੀਵਕਾ ਲਈ ਕੁਝ ਵਣਜ

[1]* ਦ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ III, ਪੰਨਾ 166

[2]* ਐਮ. ਆਰ. ਮੈਕਾਲਿਫ, ਦ ਸਿੱਖ ਰਿਲੀਜ਼ਨ, ਜਿਲਦ1, ਪੰਨਾ I,



Sri Satguru Jagjit Singh Ji Elibrary NamdhariElibrary@gmail.com

ਵਪਾਰ ਕਰਨ ਲਈ ਵੀ ਆਪਣੇ ਪੁੱਤਰ ਨੂੰ ਲਾਉਣ ਦਾ ਯਤਨ ਕੀਤਾ। ਪਰ ਆਪ ਤਾਂ ਸਦਾ ਪ੍ਰਭੂ ਪ੍ਰੇਮ ਵਿਚ ਮਗਨ ਰਹਿੰਦੇ, ਇਕਾਂਤ ਨੂੰ ਵਧੇਰੇ ਪਸੰਦ ਕਰਦੇ ਅਤੇ ਨਾਮ ਸਿਮਰਨ ਵਿਚ ਲੀਨ ਰਹਿੰਦੇ ਸਨ। ਘਰੇਗੀ ਕਾਰਜਾਂ ਵਿਚ ਗੁਰੂ ਨਾਨਕ ਜੀ ਦੀ ਰੁਚੀ ਘੱਟ ਹੋਣ ਕਾਰਨ ਪਿਤਾ ਜੋ ਉਸ ਆਪਣੀ ਪੁੱਤਰ ਦੇ ਭਵਿੱਖ ਬਾਰੇ ਚਿੰਤਾਤੁਰ ਸਨ ਆਪ ਜੀ ਨੂੰ ਭੈਣ ਨਾਨਕੀ ਦੇ ਪਤੀ ਜੈ ਰਾਮ ਜੀ ਨਾਲ ਸੁਲਤਾਨਪੁਰ ਲੋਧੀ 1484 ਈਸਵੀ ਵਿਚ ਭੇਜ ਦਿੱਤਾ। ਜਿੱਥੇ ਆਪ ਨਵਾਬ ਦੌਲਤ ਖਾਨ ਲੋਧੀ ਦੇ ਮੋਦੀ ਖਾਨੇ ਦੇ ਪ੍ਰਬੰਧਕ ਲੱਗ ਗਏ। ਇਸ ਸੇਵਾ ਨੂੰ ਆਪ ਜੀ ਨੇ ਲਗਭਗ 1500 ਸੰ ਈਸਵੀ ਅਰਥਾਤ ਵੇਈ ਪ੍ਰਵੇਸ਼ ਦੀ ਮਹੱਤਵਪੂਰਨ ਘਟਨਾ ਦੇ ਵਾਪਰਨ ਤਕ ਨਿਭਾਇਆ।

[1*]ਸੁਲਤਾਨਪੁਰ ਲੋਧੀ ਦੇ ਨਿਵਾਸ ਸਮੇਂ ਹੀ ਆਪ ਜੀ ਦਾ ਵਿਆਹ 1487 ਵਿਚ ਬਟਾਲੇ ਦੇ ਮੂਲ ਚੰਦ ਜੀ ਦੀ ਸਪੁੱਤਰੀ ਸੁਲੱਖਨੀ ਜੀ ਨਾਲ ਹੋਇਆ। ਇਸ ਗ੍ਰਹਿਸਥੀ ਜੀਵਨ ਵਿਚ ਹੀ ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ (ਜਨਮ 1494) ਅਤੇ ਬਾਬਾ ਲਖਮੀ ਦਾਸ (1496) ਹੋਏ। ਸੁਲਤਾਨਪੁਰ ਦੇ ਨਿਵਾਸ ਸਮੇਂ ਹੀ ਆਪ ਜੀ ਨੇ ਆਪਣੇ ਪਿੰਡ ਦੇ ਰਬਾਬੀ ਸਾਥੀ ਭਾਈ ਮਰਦਾਨਾ ਨੂੰ ਆਪਣੇ ਕੋਲ ਬੁਲਾ ਲਿਆ ਅਤੇ ਨਾਮ ਸਿਮਰਨ, ਕੀਰਤਨ ਵੀ ਆਰੰਭ ਕੀਤਾ। ਇਸ ਸਮੇਂ ਆਪ ਜੀ ਦੀ ਉਦਾਰਤਾ ਯਥਾ ਮੋਦੀਖਾਨੇ ਵਿਚ ਤੇਰਾ ਤੇਰਾ ਉਚਾਰਦੇ ਰਹਿਣਾ ਅਤੇ ਨਵਾਬ ਤੇ ਕਾਜ਼ੀਆਂ ਨਾਲ ਨਮਾਜ਼ ਪੜ੍ਹਨ ਦੀਆਂ ਸਾਖੀਆਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਵੱਲ ਸੱਚੇ ਦਿਲੋਂ ਲਿਵ ਲਾਉਣ ਦਾ ਉਪਦੇਸ਼ ਦਿੱਤਾ ਹੈ। ਕਿਸੇ ਦੇ ਸ਼ਿਕਾਇਤ ਕਰਨ ਉੱਤੇ ਮੋਦੀਖਾਨੇ ਦੇ ਭੰਡਾਰ ਦਾ ਲੇਖਾ ਜੋਖਾ ਕੀਤਾ ਗਿਆ ਤਾਂ ਅਨੁਮਾਨ ਤੋਂ ਕਿਤੇ ਵੱਧ ਰਸਦ ਮਿਲੀ।

### ਗੁਰੂ ਪਰੰਪਰਾ ਦਾ ਆਰੰਭ

ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਮਹੱਤਵਪੂਰਨ ਕਾਲ ਆਪ ਜੀ ਦੇ ਵੇਈਂ ਨਦੀ ਦੇ ਪਰਵੇਸ਼ ਤੋਂ ਆਰੰਭ ਹੁੰਦਾ ਹੈ, ਜਿਸ ਬਾਰੇ ਇਹ ਵਰਣਨ ਕੀਤਾ ਗਿਆ ਹੈ ਕਿ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ। ਆਪ ਤਿੰਨ ਦਿਨ ਅਲੋਪ ਰਹੇ। ਇਹ ਮੰਨਿਆ ਜਾਂਦਾ ਹੈ ਕਿ ਇਸ ਸਮੇਂ ਆਪ ਜੀ ਦਾ ਮਿਲਾਪ ਅਕਾਲ ਪੁਰਖ (ਪਰਮਾਤਮਾ) ਨਾਲ ਹੋਇਆ, ਜਿਸ ਨੇ ਆਪ ਜੀ ਨੂੰ ਹੁਕਮ ਕੀਤਾ ਨਾਮ ਦਾ ਮੰਤਰ ਜਪਾਓ ਅਤੇ ਜਗਤ ਦੇ ਕਲਿਆਣ ਦਾ ਪਰਮੇਸ਼ਵਰੀ ਮਾਰਗ ਦੱਸੋ, ਇਸ ਸਮੇਂ ਹੀ ਆਪ ਜੀ ਨੂੰ ਅਕਾਲ ਪੁਰਖ ਜੀ ਨੇ ਇੰਝ ਕਹਿ ਕੇ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ 1, ਪੰਨਾ 56



Sri Satguru Jagjit Singh Ji Elibrary NamdhariElibrary@gmail.com

ਸੰਬੋਧਨ ਕੀਤਾ :

ਮੇਰਾ ਨਾਉ ਪਾਰਬ੍ਰਹਮ ਪਰਮੇਸਰੁ, ਅਰ ਤੇਰਾ ਨਾਉਂ, ਗੁਰੂ ਪਰਮੇਸਰੁ

ਤੂੰ ਗੁਰ ਪ੍ਰਮੇਸ਼ਵਰ, ਇਸ ਸੰਵਾਦ ਨਾਲ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ? ਇਹ ਭਰਮ ਵੀ ਦੂਰ ਹੋ ਜਾਂਦਾ ਹੈ। ਜਿਸ ਦੇ ਫਲਸਰੂਪ ਆਪ ਜੀ ਨੂੰ ਸਿੱਖ ਸਾਹਿਤ ਵਿਚ ਆਦਿ ਗੁਰੂ ਕਰਕੇ ਯਾਦ ਕੀਤਾ ਜਾਂਦਾ ਹੈ। ਇਸੇ ਸਮੇਂ ਹੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਦਾ ਉੱਚਾਰਨ ਕੀਤਾ।

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਸ ਸਮੇਂ ਆਪ ਜੀ ਦੀ ਆਯੂ 30 ਵਰ੍ਹਿਆਂ ਦੀ ਸੀ। ਭਾਈ ਗੁਰਦਾਸ ਗੁਰੂ ਨਾਨਕ ਦੇਵ ਜੀ ਦੇ ਅਕਾਲ ਪੁਰਖ ਨਾਲ ਇਸ ਸਚਖੰਡ ਵਿਚ ਹੋਏ ਮਿਲਾਪ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ :-

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੀ ਫਿਰਿ ਘਾਲਿ ਕਮਾਈ।
ਰੇਤੁ ਅੱਕੁ ਆਹਾਰ ਕਰ ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।
ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥

*(ਵਾਰ ਪਹਿਲੀ ਪਉੜੀ 28)*

ਸਭ ਤੋਂ ਪਹਿਲੇ ਸ਼ਬਦ ਜੋ ਪ੍ਰਮੇਸ਼ਵਰ ਦੀ ਦਰਗਾਹ ਤੋਂ ਗੁਰੂ ਪੱਦ ਪ੍ਰਾਪਤ ਕਰਕੇ ਆਪ ਜੀ ਨੇ ਕਹੇ ਉਹ ਸਨ :

[1*]"ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ।"

ਜਿਸ ਦਾ ਭਾਵ ਇਹ ਸੀ ਕਿ ਤੱਤਕਾਲਕ ਦੋਵੇਂ ਪ੍ਰਮੁੱਖ ਧਰਮ ਹਿੰਦੂ ਤੇ ਮੁਸਲਮਾਨ ਧਰਮ ਦੇ ਅਸਲੀ ਆਦਰਸ਼ਾਂ ਨੂੰ ਭੁਲਾ ਚੁੱਕੇ ਸਨ ਅਤੇ ਸ਼ਰ੍ਹਾ ਸ਼ਰੀਅਤ ਅਤੇ ਫੋਕਟ ਕਰਮ ਕਾਂਡ ਵਿਚ ਫਸ ਕੇ ਇਕ ਦੂਜੇ ਨਾਲ ਉਲਝ ਰਹੇ ਹਨ। ਇਸ ਸਮੇਂ ਸੱਚੇ ਗੁਰੂ ਦੀ ਡਾਢੀ ਲੋੜ ਸੀ। ਦੁਖੀ ਲੁਕਾਈ ਦੀ ਦਾਤਾਰ ਪ੍ਰਭੂ ਨੇ ਪੁਕਾਰ ਸੁਣ ਕੇ ਗੁਰੂ ਨਾਨਕ ਨੂੰ ਜਗਤ ਦੇ ਲੋਕਾਂ ਦੇ ਉਧਾਰ ਲਈ ਭੇਜ ਦਿੱਤਾ ਕਿਉਂਜੋ ਗੁਰੂ ਤੋਂ ਬਿਨ੍ਹਾਂ ਇਸ ਜਗਤ ਵਿਚੋਂ ਅਧਿਆਤਮਿਕ ਪ੍ਰਕਾਸ਼ ਤੇ ਸੱਚਾ ਧਰਮਾਚਾਰ ਅਲੋਪ ਹੋ ਚੁੱਕਾ ਸੀ। ਇਸ ਅੰਧਕਾਰਮਈ ਦਸ਼ਾ ਵਿਚੋਂ ਕੱਢਣ

[1*] ਪੁਰਾਤਨ ਜਨਮ ਸਾਖੀ, 1999 ਸੰਸਕਰਨ, ਪੰਨਾ 41



Sri Satguru Jagjit Singh Ji Elibrary NamdhariElibrary@gmail.com

ਲਈ ਗੁਰੂ ਨਾਨਕ ਜਗਤ ਕਲਿਆਣ ਹਿੱਤ ਇਸ ਸੰਸਾਰ ਵਿਚ ਪ੍ਰਗਟ ਹੋਏ ਸਨ।

ਪ੍ਰਮੇਸ਼ਵਰ ਦੇ ਦਰ ਤੋਂ ਆਪ ਜੀ ਨੂੰ ਨਾਮ, ਨੌ ਨਿੱਧਾ, ਤੇ ਗਰੀਬੀ ਦੀ ਦਾਤ ਪ੍ਰਾਪਤ ਹੋਈ ਭਾਰੀ ਤਪੱਸਿਆ ਤੇ ਸਾਧਨਾ ਪਿਛੋਂ ਗੁਰੂ ਨਾਨਕ ਦੇਵ ਜੀ ਨੂੰ ਦਿਵਯ ਦ੍ਰਿਸ਼ਟੀ ਦੁਆਰਾ ਸਾਰਾ ਸੰਸਾਰ ਤ੍ਰਿਸ਼ਨਾ ਤੇ ਕਾਮਨਾ ਦੇ ਗੇੜ ਤੇ ਹੇਰ ਫੇਰ ਵਿਚ ਜਲਦਾ ਹੋਇਆ ਦਿਸ ਪਿਆ ਤੇ ਆਪ ਜੀ ਨੇ ਜਗਤ ਦਾ ਸੁਧਾਰ ਕਰਨ ਲਈ ਦ੍ਰਿੜ ਇਰਾਦਾ ਧਾਰ ਲਿਆ। ਆਪਣੀ ਆਯੂ ਦੇ ਲਗਭਗ 20 ਸਾਲ ਆਪ ਨੇ ਅਨੇਕ ਦਿਸ਼ਾਵਾਂ, ਦੇਸਾਂ, ਪ੍ਰਦੇਸ਼ਾਂ ਵਿਚ ਯਾਤਰਾਵਾਂ ਕੀਤੀਆਂ ਜਿਨ੍ਹਾਂ ਨੂੰ ਇਤਿਹਾਸਕਾਰਾਂ ਨੇ ਚਾਰ ਮੁੱਖ ਭਾਗਾਂ ਵਿਚ ਵੰਡਿਆ ਹੈ। ਜੋ ਪੂਰਬ, ਦੱਖਣ, ਉੱਤਰ ਅਤੇ ਪੱਛਮ ਦਿਸ਼ਾਵਾਂ ਵੱਲ ਕੀਤੀਆਂ ਗਈਆਂ ਸਨ ਹਰ ਯਾਤਰਾ ਪਿਛੋਂ ਆਪ ਪੰਜਾਬ ਵਾਪਸ ਆ ਜਾਂਦੇ ਸਨ। ਇਨ੍ਹਾਂ ਯਾਤਰਾਵਾਂ ਵਿਚ ਜਿਨ੍ਹਾਂ ਨੂੰ ਸਿੱਖ ਪਰੰਪਰਾ ਅਨੁਸਾਰ ਉਦਾਸੀਆਂ ਦਾ ਨਾਮ ਦਿੱਤਾ ਗਿਆ ਹੈ, ਵਿਚ ਆਪ ਕਈ ਪ੍ਰਮੁੱਖ ਸਥਾਨਾਂ, ਧਾਰਮਿਕ ਤੀਰਥਾਂ ਅਤੇ ਵੱਡੇ ਵੱਡੇ ਸਭਿਆਚਾਰਕ ਕੇਂਦਰਾਂ ਉੱਤੇ ਪਹੁੰਚੇ ਅਤੇ ਉੱਥੇ ਦੇ ਪੁਜਾਰੀਆਂ, ਪੰਡਤਾਂ, ਵਿਦਵਾਨਾਂ, ਪੀਰਾਂ-ਫਕੀਰਾਂ, ਮੁੱਲਾ ਮੁਲਾਣਿਆਂ ਨਾਲ ਆਪ ਜੀ ਦੇ ਧਾਰਮਿਕ ਤੇ ਨੈਤਿਕ ਵਿਸ਼ਿਆਂ ਉੱਤੇ ਸੰਵਾਦ ਹੋਏ। ਆਪ ਇਕ ਦੈਵੀ ਕਵੀ ਵੀ ਸਨ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਪ੍ਰਸਤੁੱਤ ਕਰਕੇ ਸੱਚ ਨੂੰ ਪ੍ਰਗਟਾਉਣ ਅਤੇ ਆਪਣੇ ਮਤ ਬਾਰੇ ਕਾਇਲ ਕਰਨ ਦੀ ਅਸਾਧਾਰਨ ਯੋਗਤਾ ਰੱਖਦੇ ਸਨ। ਨਾਲ ਹੀ ਨਾਲ ਗੁਰੂ ਜੀ ਜਿੱਥੇ ਵੀ ਜਾਂਦੇ ਉਥੇ ਸੰਗਤ ਨੂੰ ਸਥਾਪਿਤ ਕਰਕੇ ਨਾਮ ਸਿਮਰਨ ਤੇ ਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਵੀਂ ਧਾਰਮਿਕ ਮਰਿਆਦਾ ਵੀ ਸਥਾਪਿਤ ਕਰਦੇ। ਇਸੇ ਧਾਰਮਿਕ ਸਮੂਹ ਨੂੰ ਗੁਰ ਸੰਗਤ ਜਾਂ ਸਤਿਸੰਗਤ ਦਾ ਨਾਮ ਦਿੱਤਾ ਗਿਆ। ਗੁਰਬਾਣੀ ਵਿਚ ਕਥਨ ਹੈ।

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥

*(ਆਦਿ ਗ੍ਰੰਥ, ਪੰਨਾ 72)*

ਅਰਥਾਤ ਸੰਤਸੰਗਤ ਵਿਚ ਸਦਾ ਕਬੀਰ ਜੀ ਦੇ ਕਹਿਣ ਅਨੁਸਾਰ ਬ੍ਰਹਮ ਵਿਚਾਰ ਹੀ ਹੁੰਦਾ ਹੈ, ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਇਸ ਧਰਤੀ ਨੂੰ ਧਰਮਸਾਲ ਦੱਸਿਆ ਹੈ, ਜਿਸ ਵਿਚ ਵਿਚਰ ਕੇ ਮਨੁੱਖ ਨੇ ਸ਼ੁਭ ਕਰਮ ਕਰਨੇ ਹਨ ਅਤੇ ਸਮੁੱਚੇ ਮਨੁੱਖੀ ਭਾਈਚਾਰੇ ਨੂੰ ਇਕੋ ਪ੍ਰੇਮ ਦੇ ਸੂਤਰ ਵਿਚ ਪ੍ਰੋਣਾ ਹੈ। ਕਿਉਂ ਜੋ ਸਭ ਜੀਵ ਜੰਤ ਇਕੋ ਦਾਤਾਰ ਪ੍ਰਭੂ ਤੋਂ ਹੀ ਦਾਤਾਂ ਪ੍ਰਾਪਤ ਕਰਕੇ



Sri Satguru Jagjit Singh Ji Elibrary NamdhariElibrary@gmail.com

ਆਪਣੇ ਜੀਵਨ ਦਾ ਨਿਰਵਾਹ ਕਰਦੇ ਹਨ।

ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥

ਗੁਰੂ ਸਾਹਿਬ ਦੇ ਇਨ੍ਹਾਂ ਦਿਸ਼ਾਟਣਾ ਵਿਚ ਪ੍ਰਮੁੱਖ ਹਿੰਦੂ ਤੀਰਥ ਹਰਿਦੁਆਰ, ਕੁਰਕੁਸ਼ੇਤਰ, ਮਥਰਾ, ਬਨਾਰਸ, ਜਗਨਨਾਥਪੁਰੀ ਉੱਤਰ ਪੂਰਬ ਵਿਚ ਆਸਾਮ ਤੇ ਬੰਗਾਲ ਅਤੇ ਪੱਛਮੀ ਘਾਟਾਂ ਦੇ ਕਈ ਸਥਾਨ ਆ ਜਾਂਦੇ ਹਨ। ਮੁਸਲਮਾਨਾਂ ਦੇ ਵਿਸ਼ੇਸ਼ ਸਥਾਨਾਂ ਵਿਚ ਆਪ ਜੀ ਨੇ ਮੁਲਤਾਨ, ਪਾਕਪਟਨ, ਮੱਕਾ ਮਦੀਨਾ, ਬਗਦਾਦ ਅਤੇ ਅਫਗਾਨਿਸਤਾਨ ਕਸ਼ਮੀਰ ਤੋਂ ਤਿੱਬਤ ਤੱਕ ਦੀ ਯਾਤਰਾ ਕੀਤੀ, ਦੱਸੀ ਜਾਂਦੀ ਹੈ। ਜਨਮ ਸਾਖੀਆਂ ਵਿਚ ਜਿਹੜੇ ਮਹਾਨ ਵਿਅਕਤੀਆਂ ਪ੍ਰਮੁੱਖ ਸਥਾਨਾਂ ਆਦਿ ਦੇ ਵੇਰਵੇ ਅਤੇ ਜਿਨ੍ਹਾਂ ਵਿਚਾਰ ਗੋਸ਼ਟੀਆਂ ਦੇ ਵਿਸਥਾਰ ਦਿੱਤੇ ਗਏ ਹਨ। ਉਨ੍ਹਾਂ ਸਭ ਤੋਂ ਸਿੱਧ ਹੁੰਦਾ ਹੈ ਕਿ ਆਪ ਜੀ ਦੇ ਰੱਬੀ ਸੰਦੇਸ਼ ਵਿਚ ਕਿਸੇ ਨਾਲ ਨਾ ਕੋਈ ਵਿਤਕਰਾ ਸੀ ਨਾ ਕੋਈ (ਤੁਅੱਸਬ) ਸਗੋਂ ਆਪ ਹਰ ਇਕ ਨੂੰ ਰੱਬੀ ਪ੍ਰੇਮ ਤੇ ਪਰਸਪਰ ਮੇਲ ਮਿਲਾਪ ਦਾ ਸੰਦੇਸ਼ ਦਿੰਦੇ ਸਨ। ਇਨ੍ਹਾਂ ਯਾਤਰਾਵਾਂ ਵਿਚ ਹੀ ਆਪ ਨੇ ਕਈਆਂ ਠੱਗਾਂ, ਚੋਰਾਂ ਤੇ ਭਟਕਦੇ ਲੋਕਾਂ ਨੂੰ ਧਰਮ ਦਾ ਸਿੱਧਾ ਮਾਰਗ ਸੁਝਾਇਆ। ਜਦ ਆਪ ਇਨ੍ਹਾਂ ਉਦਾਸੀਆਂ ਤੋਂ ਪਿਛੋਂ 1520-21 ਦੇ ਕਰੀਬ ਪੰਜਾਬ ਵਾਪਸ ਪਰਤੇ। ਆਪ ਜੀ ਨੇ ਉਦਾਸੀ ਦੇ ਭੇਖ ਨੂੰ ਉਤਾਰ ਕੇ ਗ੍ਰਹਿਸਥੀ ਜੀਵਨ ਨੂੰ ਧਾਰਨ ਕੀਤਾ। ਕਰਤਾਰਪੁਰ ਦਾ ਨਗਰ ਵਸਾਇਆ, ਜਿੱਥੇ ਬੈਠ ਕੇ ਆਪ ਜੀ ਨੇ ਆਪਣੇ ਜੀਵਨ ਦੇ ਅੰਤਿਮ ਵੀਹਾਂ ਸਾਲਾਂ ਵਿਚ ਧਰਮ ਦਾ ਉਪਦੇਸ਼ ਦਿੱਤਾ ਅਤੇ ਪੱਕੀ ਧਾਰਮਿਕ ਮਰਿਆਦਾ ਦੀ ਨੀਂਹ ਰੱਖੀ ਜੋ ਪਿਛੋਂ ਸਿੱਖ ਧਰਮ ਦੇ ਰੂਪ ਵਿਚ ਪ੍ਰਫੁਲਿਤ ਹੋਇਆ। ਇੱਥੇ ਹੀ ਆਪ ਨੇ ਗੁਰ ਸੰਗਤ ਲਈ ਲੰਗਰ ਦੀ ਪਰੰਪਰਾ ਆਰੰਭ ਕੀਤੀ ਅਤੇ ਆਪ ਖੇਤੀ ਵੀ ਕਰਦੇ ਰਹੇ। ਇਸ ਪ੍ਰਕਾਰ ਆਪ ਨੇ ਨਵਿਰਤੀ ਮਾਰਗ ਦੀ ਥਾਂ ਪ੍ਰਵਿਰਤੀ ਮਾਰਗ ਨੂੰ ਪਰਵਾਨਗੀ ਪ੍ਰਦਾਨ ਕਰਕੇ ਗ੍ਰਹਿਸਥ ਧਰਮ ਦੀ ਉਚੱਤਾ ਨੂੰ ਵੀ ਦ੍ਰਿੜ ਕਰਵਾਇਆ। ਆਪ ਜੀ ਨੇ ਜੀਵਨ ਦੇ ਅੰਤਿਮ ਸਾਲਾਂ ਵਿਚ ਸਿਧਾਂ ਨਾਲ 'ਗੋਸ਼ਟਿ' ਬਟਾਲੇ ਵਿਚ ਹੋਈ ਉਸ ਤੋਂ ਵੀ ਇਹੀ ਗੱਲ ਪ੍ਰਗਟ ਹੁੰਦੀ ਹੈ।

### ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਤੇ ਮੁੱਖ ਵਿਚਾਰ

ਜਿਸ ਸਮੇਂ ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਸੰਪੂਰਨ ਕੀਤੀਆਂ ਲਗਭਗ ਉਸੇ ਸਮੇਂ ਮੁਗਲ ਸਮਰਾਟ ਬਾਬਰ ਦਾ ਹੱਲਾ ਹਿੰਦੋਸਤਾਨ ਵਿਚ ਹੋਇਆ। ਉਸ ਤੋਂ ਪਹਿਲਾਂ ਹਿੰਦੋਸਤਾਨ ਵਿਚ ਲੋਧੀ ਬੰਸ ਦਾ ਰਾਜ ਸੀ।



Sri Satguru Jagjit Singh Ji Elibrary NamdhariElibrary@gmail.com

ਲੋਧੀਰਾਜ ਦੇ ਸ਼ਾਸਣ ਪ੍ਰਬੰਧ ਦਾ ਅਤੇ ਹਿੰਦੂ-ਮੁਸਲਮਾਨ ਦੋਵਾਂ ਧਰਮਾਂ ਦੇ ਲੋਕ ਜੀਵਨ ਤੋਂ ਉਹ ਚੰਗੀ ਤਰ੍ਹਾਂ ਜਾਣੂ ਸਨ। ਆਪ ਜੀ ਨੇ ਉਦਾਸੀਆਂ ਦੇ ਸਮੇਂ ਵੀ ਭਾਈ ਮਰਦਾਨੇ ਨੂੰ ਆਪਣੇ ਨਾਲ ਰੱਖਿਆ। ਇਹ ਹਿੰਦੂ ਮੁਸਲਮ ਭਾਈਚਾਰਿਆਂ ਦੀ ਸਾਂਝ ਦਾ ਪ੍ਰਤੀਕ ਸੀ। ਆਪ ਜੀ ਦੇ ਉਦਾਰ ਚਿੱਤ ਦ੍ਰਿਸ਼ਟੀਕੋਣ ਦਾ ਅਨੁਮਾਨ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਆਪ ਨੇ ਕਿਸੇ ਵੀ ਧਰਮ ਨੂੰ ਮੁਕੰਮਲ ਤੌਰ ਤੇ ਨਿਕਾਰਿਆ ਨਹੀਂ ਸਗੋਂ ਉਨ੍ਹਾਂ ਵਿਚ ਆਈਆਂ ਕੁਰੀਤੀਆਂ ਤੇ ਬਾਹਰ ਮੁਖੀ ਅੰਡਬਰਾਂ ਦਾ ਹੀ ਨਿਖੇਧ ਕੀਤਾ ਹੈ। ਇਸ ਪੱਖ ਤੋਂ ਆਪ ਨੇ ਬੜੀ ਦ੍ਰਿੜ੍ਹਤਾ ਨਾਲ ਤੇ ਬਲਵਾਨ ਸੁਰ ਵਿਚ ਆਪਣੀ ਆਵਾਜ਼ ਅਰਥਾਤ ਸੱਚ ਦੀ ਬਾਣੀ ਨੂੰ ਸੱਚ ਦੇ ਸਮੇਂ ਨਿਰਭਿਜਕ ਹੋ ਕੇ ਕਹਿ ਦਿੱਤਾ। ਇਸੇ ਕਾਰਨ ਆਪ ਸਭ ਦੇ ਸਾਂਝੇ ਆਦਰਸ਼ ਪੁਰਸ਼ ਬਣ ਗਏ ਅਤੇ ਹਿੰਦੂਆਂ, ਮੁਸਲਮਾਨਾਂ ਵਿਚ ਇਹ ਗੱਲ ਆਮ ਹੋ ਗਈ 'ਬਾਬਾ ਨਾਨਕ ਸ਼ਾਹ ਫ਼ਕੀਰ' ਹਿੰਦੂਆਂ ਕਾ ਗੁਰੂ, ਮੁਸਲਮਾਨਾਂ ਕਾ ਪੀਰ।

**ਬਾਬਰ ਦਾ ਹਮਲਾ ਤੇ ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ**

ਬਾਬਰ ਦਾ ਹਮਲਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਭ ਤੋਂ ਵੱਡੀ ਇਤਿਹਾਸਕ ਘਟਨਾ ਸੀ। ਜਨਵਰੀ 1519 ਤੋਂ ਹੀ ਬਾਬਰ ਦੇ ਹੱਲੇ ਪੰਜਾਬ ਉੱਤੇ ਸ਼ੁਰੂ ਹੋ ਗਏ ਸਨ। 1521 ਦੇ ਹੱਲੇ ਸਮੇਂ ਆਪ ਏਮਨਾਬਾਦ ਵਿਖੇ ਸਨ ਜਿਥੇ ਆਪ ਜੀ ਨੇ ਬਾਬਰ ਦੀਆਂ ਫ਼ੌਜਾਂ ਦੇ ਹੱਥੋਂ ਇਸ ਸ਼ਹਿਰ ਦੀ ਤਬਾਹੀ ਇਸਤਰੀਆਂ ਦੀ ਬੇਪਤੀ, ਕਤਲੇਆਮ ਤੇ ਮਾਰਧਾੜ ਦੀਆਂ ਘਟਨਾਵਾਂ ਨੂੰ ਆਪਣੀ ਅੱਖੀਂ ਤੱਕਿਆ। ਬਾਬਰਬਾਣੀ ਦੇ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਪਹਿਲੀ ਵਾਰ ਹਿੰਦੋਸਤਾਨ ਨੂੰ ਇਕ ਰਾਸ਼ਟਰ ਮੰਨ ਕੇ ਬਾਬਰ ਦੇ ਵਿਦੇਸ਼ੀ ਹੱਲੇ ਦੀ ਖੁੱਲ੍ਹ ਕੇ ਨਿੰਦਾ ਕੀਤੀ। ਇਹ ਗੁਰੂ ਸਾਹਿਬ ਵੱਲੋਂ ਵਿਦੇਸ਼ੀ ਹਮਲਾਵਰਾਂ ਵਿਰੁੱਧ ਉਠਾਈ ਗਈ ਪਹਿਲੀ ਕੌਮੀ ਵੰਗਾਰ ਸੀ। ਬਾਬਰੀ ਫੌਜਾਂ ਵੱਲੋਂ ਮਚਾਈ ਗਈ ਤਬਾਹੀ ਤੇ ਲੋਕਾਂ ਦੇ ਦੁੱਖ ਦਰਦ ਨੂੰ ਜਿਸ ਤਰ੍ਹਾਂ ਗੁਰੂ ਸਾਹਿਬ ਨੇ ਅਨੁਭਵ ਕੀਤਾ ਹੈ ਉਸ ਦਾ ਦਰਦ ਭਰਿਆ ਕਰੁਣਾਮਈ ਸੁਰ ਉਨ੍ਹਾਂ ਦੀ ਅਮਰਬਾਣੀ ਵਿਚ ਸਾਮਰਾਜੀ ਤੇ ਜੰਗ ਵਿਰੋਧੀ ਸਦੀਵੀ ਲਲਕਾਰ ਬਣ ਗਿਆ ਹੈ। ਇਸ ਪ੍ਰਕਾਰ ਉਨ੍ਹਾਂ ਨੇ ਆਕ੍ਰਮਨ ਕਾਰੀ ਬਾਬਰ ਦੀ ਨਿੰਦਿਆ ਕੀਤੀ ਹੈ। ਉਸੇ ਤਰ੍ਹਾਂ ਆਪ ਨੇ ਹਿੰਦੋਸਤਾਨ ਦੇ ਹਾਕਮਾਂ ਦੇ ਵਿਲਾਸਮਈ ਐਸਵਰਜ਼ ਭਰਪੂਰ ਰੰਗ ਤਮਾਸ਼ੇ ਵਾਲੇ ਜੀਵਨ ਨੂੰ ਵੀ ਨਿਸ਼ੰਗ ਹੋ ਕੇ ਭੰਡਿਆ ਹੈ :

ਸਾਹਾ ਸੁਰਤਿ ਗਵਾਈਆ ਰੰਗ ਤਮਾਸੈ ਚਾਇ॥
ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥ *(ਪੰਨਾ 417)*

ਇੱਥੋਂ ਤਕ ਕਹਿ ਦਿੱਤਾ ਕਿ ਹਿੰਦੋਸਤਾਨ ਵਰਗੇ ਦੇਸ਼ ਦੇ ਕੀਮਤੀ ਰਤਨ



Sri Satguru Jagjit Singh Ji Elibrary NamdhariElibrary@gmail.com

ਨੂੰ ਇਨ੍ਹਾਂ ਕੁੱਤਿਆਂ ਵਾਂਗ ਗੁਵਾ ਦਿੱਤਾ ਹੈ ਅਤੇ ਇਸ ਦੀ ਕਦਰ ਨਹੀਂ ਕੀਤੀ। ਭਾਵੇਂ ਆਪ ਸਾਰੀ ਇਸ ਇਤਿਹਾਸਿਕ ਘਟਨਾ ਨੂੰ ਈਸ਼ਵਰੀ ਖੇਡ ਅਧੀਨ ਚੱਲ ਰਹੀ ਦਸਦੇ ਹਨ ਫਿਰ ਵੀ ਉਨ੍ਹਾਂ ਦਾ ਕਰੁਣਾ ਭਰਪੂਰ ਮਾਨਵੀ ਹਿਰਦਾ ਪਰਮੇਸ਼ਵਰ ਨੂੰ ਵੀ ਉਲ੍ਹਾਮਾ ਦੇਣੋ ਨਾਹ ਰਹਿ ਸਕਿਆ :-

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨਾ ਕਾਈ॥
ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜ੍ਹਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨਾ ਆਇਆ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ਰਹਾਉ
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ *(ਪੰਨਾ 360)*

ਬਾਬਰ ਬਾਣੀ ਦੇ ਇਨ੍ਹਾਂ ਸ਼ਬਦਾਂ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਵਿਰਾਟ ਰਾਜਨੀਤਿਕ ਆਦਰਸ਼ਾਂ ਦਾ ਬੋਧ ਹੋ ਜਾਂਦਾ ਹੈ। ਆਪ ਜਿੱਥੇ ਵਿਅਕਤੀਗਤ ਜੀਵਨ ਦੀ ਉਚਤਤਾ ਵਿਚ ਵਿਸ਼ਵਾਸ ਰੱਖਦੇ ਸਨ। ਉੱਥੇ ਸਮੱਸ਼ਟੀਗਤ ਜੀਵਨ ਵਿਚ ਵੀ ਡੂੰਘੀ ਦਿਲਚਸਪੀ ਲੈਂਦੇ ਸਨ।

ਜਬਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ *(ਪੰਨਾ 661)*

ਰਾਜਿਆਂ ਨੂੰ ਸ਼ੀਂਹ ਤੇ ਉਨ੍ਹਾਂ ਦੇ ਕਾਰਿੰਦਿਆਂ ਨੂੰ ਕੁੱਤਿਆਂ ਤਕ ਕਹਿ ਦਿੱਤਾ ਹੈ ਜਿਨ੍ਹਾਂ ਨੇ ਲੋਕਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ ਅਤੇ ਨਿਰਦਇਅਤਾ ਨਾਲ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ। ਆਪ ਜੀ ਦੇ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਸ੍ਰੇਸ਼ਟਤਾ ਇਸ ਗੱਲ ਤੋਂ ਵੀ ਪ੍ਰਗਟ ਹੈ ਕਿ ਆਪ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ, ਉਨ੍ਹਾਂ ਦਾ ਸੰਗੀ ਸਾਥੀ ਦੱਸਦੇ ਹਨ ਅਤੇ ਵੱਡਿਆਂ ਨਾਲੋਂ ਆਪਣਾ ਨਾਤਾ ਤੋੜ ਕੇ ਗਰੀਬ ਤੇ ਦੁਖੀ ਜਨਤਾ ਦੀ ਹਾਮੀ ਭਰਦੇ ਹਨ :-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
*(ਆਦਿ ਗ੍ਰੰਥ ਪੰਨਾ 15)*

ਅਜਿਹੀਆਂ ਬਿਖੜੀਆਂ ਤੇ ਕਰੁਣਾ ਭਰਪੂਰ ਹਾਲਤਾਂ ਵਿਚ ਜਿੱਥੇ ਧਰਮ ਨੇ ਚਾਨਣ ਬਖਸ਼ ਕੇ ਲੋਕਾਂ ਦੀ ਅਗਵਾਈ ਕਰਨੀ ਸੀ ਉਥੇ ਗੁਰੂ ਸਾਹਿਬ ਦਾ ਕਥਨ ਹੈ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ
ਕੂੜੁ ਅਮਾਵਸ ਸਚੁ ਚੰਦ੍ਰਮਾ



Sri Satguru Jagjit Singh Ji Elibrary NamdhariElibrary@gmail.com

ਦੀਸੈ ਨਾਹੀ ਕਹ ਚੜਿਆ (ਆਦਿ ਗ੍ਰੰਥ, ਪੰਨਾ 145)

ਇਸ ਅੰਧਿਆਰੇ ਰਾਹ ਨੂੰ ਪ੍ਰਕਾਸ਼ਮਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ 'ਸਤਿਨਾਮ ਦੇ ਗੁਰ ਮੰਤਰ' ਦਾ ਜਾਪ ਆਪਣੇ ਅਨੁਆਈਆਂ ਨੂੰ ਕਰਵਾਇਆ। ਇਹ ਲੋਕਾਂ ਦੇ ਆਤਮ ਬਲ ਨੂੰ ਉੱਚਾ ਕਰਨ ਦਾ ਸਭ ਤੋਂ ਵੱਡਾ ਸਾਧਨ ਸੀ। ਮੂਲ ਮੰਤਰ ਵਿਚ ਸ਼ਬਦ ਨਿਰਭਊ ਤੇ ਨਿਰਵੈਰ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਅਸਲ ਵਿਚ ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਮਨੁੱਖ ਮਾਤਰ ਤੇ ਸਰਬ ਲੁਕਾਈ ਨੂੰ ਨਾਮ ਦੀ ਸਾਧਨਾ ਦੁਆਰਾ ਆਤਮਿਕ ਬਲ ਪ੍ਰਦਾਨ ਕਰਨਾ ਸੀ ਤਾਂ ਜੋ ਮਨੁੱਖ ਦੀ ਸੋਚ ਹਰ ਤਰ੍ਹਾਂ ਦੇ ਬੰਧਨਾਂ ਤੋਂ ਸੁਤੰਤਰ ਹੋ ਕੇ ਨਿਰਭੈ ਹੋ ਸਕੇ ਤੇ ਨਿਰਵੈਰ ਅਵਸਥਾ ਦੇ ਆਦਰਸ਼ ਨੂੰ ਪ੍ਰਾਪਤ ਕਰਕੇ ਰੱਬ ਦੀ ਸ਼੍ਰਿਸ਼ਟੀ ਦਾ ਸਰਬ ਸਾਂਝੀ ਵਾਲ ਹੋ ਸਕੇ। ਵਾਸਤਵ ਵਿਚ ਇਹ ਕਿਸੇ ਇਕ ਵਿਅਕਤੀ ਜਾਂ ਕਿਸੇ ਵਿਸ਼ੇਸ਼ ਫਿਰਕੇ ਦਾ ਧਾਰਮਿਕ ਲਕਸ਼ ਨਹੀਂ ਸੀ, ਸਗੋਂ ਇਹ ਤਾਂ ਸਰਵ ਧਰਮਾਂ ਦਾ ਆਦਰਸ਼ਕ ਸਾਰ ਤੱਤ ਸੀ।

ਬਾਬਰ ਦੇ ਹੱਲੇ ਸਮੇਂ ਇਸਤਰੀ ਜਾਤੀ ਨੂੰ ਜਿੰਨ੍ਹਾਂ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ ਅਤੇ ਜਿਸ ਤਰ੍ਹਾਂ ਹਮਲਾਵਰਾਂ ਹੱਥੋਂ ਉਨ੍ਹਾਂ ਦੀ ਪੱਤ ਲੁੱਟੀ ਗਈ ਉਸ ਦਾ ਵੇਦਨਾ ਭਰਪੂਰ ਚਿੱਤਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦੁਖਿਆਰੀ ਨਾਰੀ ਜਾਤੀ ਲਈ ਡੂੰਘੀ ਹਮਦਰਦੀ ਦਾ ਪ੍ਰਗਟਾਓ ਹੈ।

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥
(ਆਦਿ ਗ੍ਰੰਥ, ਪੰਨਾ 417)

..............................................................

ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥
ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸਿ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥
ਇਕ ਲਖੁ ਲਹਨਿ੍ ਬਹਿਠੀਆ ਲਖੁ ਲਹਨਿ ਖੜੀਆ॥
ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ॥
ਤਿਨ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥
ਧਨ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥ (ਆਦਿ ਗ੍ਰੰਥ, ਪੰਨਾ 417)

ਗੁਰੂ ਜੀ ਨੇ ਇੱਥੇ ਹੀ ਬਸ ਨਹੀਂ ਕੀਤੀ ਸਗੋਂ ਜਰਵਾਣੇ ਬਾਬਰ ਦੇ ਸਮੁੱਚੇ ਹੱਲੇ ਨੂੰ ਪਾਪ ਦੀ ਜੰਞ ਲੈ ਕੇ ਕਾਬਲੋਂ ਧਾਵਾ ਕਰਨ ਆਇਆ ਦੱਸਿਆ



Sri Satguru Jagjit Singh Ji Elibrary NamdhariElibrary@gmail com

ਹੈ, ਜਿਸ ਵਿਚ ਕਾਜ਼ੀਆਂ ਬ੍ਰਾਹਮਣਾਂ ਦੀ ਥਾਂ ਸ਼ੈਤਾਨ ਅਗਦ (ਵਿਆਹ) ਪੜ੍ਹਾ ਰਿਹਾ ਹੈ। ਅਰਥਾਤ ਇਸਤਰੀ ਜਾਤੀ ਦੀ ਇੱਜ਼ਤ ਲੁੱਟਣ ਸਮੇਂ ਕਿਸੇ ਨੇ ਵੀ ਹਿੰਦੂ ਮੁਸਲਮਾਨ ਜਾਂ ਜਾਤ ਸਨਾਤ ਦੀ ਪ੍ਰਵਾਹ ਨਹੀਂ ਕੀਤੀ।

ਗੁਰੂ ਨਾਨਕ ਜੀ ਵਲੋਂ ਇਹ ਸਾਰੇ ਸੰਸਾਰ ਦੀ ਮਨੁੱਖਤਾ ਨੂੰ ਇਕ ਸਾਂਝੀ ਲੜੀ ਵਿਚ ਪ੍ਰੋਣ ਦਾ ਯਤਨ ਸੀ। ਇਹੋ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਹਰਮੁਖੀ ਧਾਰਮਿਕ ਅਡੰਬਰਾਂ ਵਿਸ਼ੇਸ਼ ਭੇਖਾਂ ਕਰਮ ਕਾਂਡਾਂ ਦੀ ਪਾਲਣਾ ਕਰਨ ਦੀ ਤੁਲਨਾ ਵਿਚ 'ਨਾਮ ਮਾਰਗ' ਦੇ ਸਹਿਜਯੋਗ ਨੂੰ ਹੀ ਆਪਣੇ ਸਿੱਖਾਂ ਨੂੰ ਦ੍ਰਿੜਾਇਆ ਹੈ। ਨਾਮ ਸਿਮਰਨ ਦੁਆਰਾ ਗੁਰੂ ਦਾ ਸਿੱਖ ਆਤਮ ਪਛਾਣ ਕਰਦਾ ਹੋਇਆ ਆਪਣੇ ਮਨ ਨੂੰ ਨਿਰਮਲ ਕਰ ਲੈਂਦਾ ਹੈ ਅਤੇ ਉਸ ਅਧਿਆਤਮਿਕ ਪ੍ਰਕਾਸ਼ ਤੱਕ ਪੁੱਜ ਜਾਂਦਾ ਹੈ ਜੋ ਉਸ ਨੂੰ ਵਿਸ਼ਵ ਆਤਮਾ ਨਾਲ ਜੋੜ ਦਿੰਦਾ ਹੈ।

ਏਕ ਕ੍ਰਿਸ਼ਨੰ ਸਰਬ ਦੇਵਾ
ਦੇਵ ਦੇਵਾਤ ਆਤਮਾ॥
ਆਤਮਾ ਬਾਸੁਦੇਵਸਿ
ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ।
ਸੋਈ ਨਿਰੰਜਨ ਦੇਉ॥ *(ਆਦਿ ਗ੍ਰੰਥ, ਪੰਨਾ 469)*

ਇਹ ਵੈਦਿਕ ਕਾਲ ਵਾਲਾ 'ਵਾਸੁਦੇਵ ਕੁਟੰਭਤਮ' ਵਾਲਾ ਹੀ ਸੁਰ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਬੋਲਾਂ ਵਿਚ ਮੁੜ ਗੂੰਜ ਉਠਿਆ।

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਆਤਮਿਕ ਵਿਕਾਸ ਤੇ ਚਰਿੱਤਰ ਬੱਲ ਉੱਤੇ ਵਧੇਰੇ ਜੋਰ ਦਿੱਤਾ ਹੈ। ਗੁਰੂ ਦੀ ਸ਼ਰਨ ਵਿਚ ਆਇਆਂ ਹੀ ਇਹ ਸੋਜੀ ਹੁੰਦੀ ਹੈ :

ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਦਾ ਇਕੁ ਦਾਤਾ
ਸੋ ਮੈ ਵਿਸਰਿ ਨਾ ਜਾਈ। *(ਆਦਿ ਗ੍ਰੰਥ, ਪੰਨਾ 2)*

ਮੂਲਮੰਤਰ ਵਿਚ ਗੁਰਪ੍ਰਸਾਦਿ ਦੇ ਸ਼ਬਦ ਵੀ ਵਧੇਰੇ ਧਿਆਨਯੋਗ ਹਨ। ਜੇ ਪ੍ਰਭੂ ਦੇ ਨਾਮ ਦੀ ਦਾਤ ਗੁਰੂ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ ਤਾਂ ਇਸੇ ਲਈ ਗੁਰਬਾਣੀ ਵਿਚ ਨਾਮ ਦੇ ਤੁਲ ਹੀ ਸਤਿਗੁਰੂ ਦੀ ਮਹਿਮਾ ਦਾ ਗੁਣ ਗਾਇਨ ਕੀਤਾ ਗਿਆ ਹੈ। [1*]ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਧਾਰਮਿਕ ਆਦਰਸ਼ਾਂ ਦਾ ਇਸ ਤਰ੍ਹਾਂ ਉਲੇਖ ਕੀਤਾ :

ਹਿੰਦੂਆਂ ਨੂੰ ਉਸ ਆਖਿਆ, 'ਤੁਸੀਂ ਹਿੰਦੂ ਨਹੀਂ ਹੋ।' ਮੁਸਲਮਾਨਾਂ ਨੂੰ

[1*] ਪ੍ਰੋ. ਪੂਰਨ ਸਿੰਘ, ਦਸ ਗੁਰੂ ਦਰਸ਼ਨ, ਪੰਨਾ 16



Sri Satguru Jagjit Singh Ji Elibrary NamdhariElibrary@gmail.com

ਉਸ ਆਖਿਆ, 'ਤੁਸੀਂ ਮੁਸਲਮਾਨ ਨਹੀਂ ਹੋ। ਯੋਗੀਆਂ ਨੂੰ ਉਸ ਕਿਹਾ, 'ਤੁਸੀਂ ਯੋਗੀ ਨਹੀਂ ਹੋ। ਜਿਥੇ ਵੀ ਉਹ ਗਏ, ਇਸ ਤਰ੍ਹਾਂ ਦੇ ਬਚਨ ਕਰਦੇ ਰਹੇ। ਉਨ੍ਹਾ ਨੇ ਇਨ੍ਹਾਂ ਨਾਵਾਂ ਨੂੰ ਅਪਣਾ ਕੇ ਆਪਣੇ ਦਰਸ਼ਨ ਰਾਹੀਂ ਉਨ੍ਹਾਂ ਦੇ ਧਾਰਣੀ ਲੋਕਾਂ ਨੂੰ ਅਸਲ ਮਨੁੱਖੀ ਰੂਪ ਵਿਚ ਬਦਲ ਦਿੱਤਾ। ਉਥੋਂ ਚਲੇ ਜਾਣ ਪਿਛੋਂ ਵੀ ਗੁਰੂ ਜੀ ਦਾ ਧਿਆਨ ਉਨ੍ਹਾਂ ਲੋਕਾਂ ਵਿਚ ਜੁੜਿਆ ਰਹਿੰਦਾ, ਤਾਂ ਜੋ ਉਨ੍ਹਾਂ ਦੇ ਮਨਾਂ ਵਿਚ ਸਥਿਰਤਾ ਤੇ ਅਡੋਲਤਾ ਆ ਜਾਵੇ। ਲੋਕਾਈ ਵਿਚ ਨਵਾਂ ਜੀਵਨ ਆ ਗਿਆ। ਗੁਰੂ ਜੀ ਵਿਚੋਂ ਉਨ੍ਹਾਂ ਨੂੰ ਪਰਮਾਤਮਾ ਲੱਭਾ। ਆਪਣਾ ਸੰਸਾਰ ਦਿਸਿਆ। ਉਨ੍ਹਾਂ ਦੀਆਂ ਗੁਆਚੀਆਂ ਹੋਈਆਂ ਆਤਮਾਵਾਂ ਉਨ੍ਹਾਂ ਨੂੰ ਮੁੜ ਮਿਲ ਗਈਆਂ। ਗੁਰੂ ਜੀ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਮਿਲਦਾ ਤੇ ਉਹ ਗੁਰੂ ਜੀ ਦੇ ਚਰਨਾਂ ਨਾਲ ਜੁੜੇ ਰਹਿੰਦੇ।"

ਅਜਿਹਾ ਹੀ ਧਾਰਮਿਕ ਚਾਨਣ ਨੂੰ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵਿਚ ਪ੍ਰਕਾਸ਼ਮਾਨ ਕੀਤਾ। ਗੁਰੂ ਜੀ ਨੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਕਈ ਸਾਖੀਆਂ, ਘਟਨਾਵਾਂ ਪ੍ਰਮੁੱਖ ਸਥਾਨਾਂ ਤੇ ਸੰਸਥਾਵਾਂ ਦਾ ਵਰਣਨ ਮਿਲ ਜਾਂਦਾ ਹੈ, ਜਿਥੇ ਵੀ ਆਪ ਜੀ ਨੇ ਆਪਣੇ ਸਮੇਂ ਦੇ ਉੱਘੇ ਵਿਅਕਤੀਆਂ ਨਾਲ ਵਿਚਾਰ ਸਾਂਝੇ ਕੀਤੇ ਹਨ, ਉਥੇ ਗੁਣਾਂ ਦੀ ਸਾਂਝ ਕਰਨ ਤੇ ਔਗੁਣਾਂ ਨੂੰ ਛੱਡਣ ਦੀ ਗੱਲ ਕਹੀ ਹੈ। ਮਨੁੱਖ ਦੇ ਵਿਅਕਤੀਗਤ ਜੀਵਨ ਵਿਚ ਸਤ, ਸੰਤੋਖ, ਦਇਆ, ਧੀਰਜ, ਧਿਆਨ, ਗਿਆਨ, ਵਿਵੇਕ, ਨਿਮਰਤਾ, ਉਦਾਰਤਾ, ਖਿਮਾ ਅਤੇ ਪ੍ਰੇਮ ਦੇ ਸਦਭਾਵਾਂ ਨੂੰ ਵਿਕਸਿਤ ਕਰਨ ਦੀ ਪ੍ਰੇਰਨਾ ਜਗਾਈ ਹੈ। ਹਉਮੈ ਨੂੰ ਦੂਰ ਕਰਕੇ ਪ੍ਰਭੂ ਦੇ ਹੁਕਮ ਤੇ ਰਜ਼ਾ ਦੇ ਅੰਦਰ ਰਹਿਣ ਦਾ ਮਾਰਗ ਸੁਝਾਇਆ ਹੈ। ਆਪਣੇ ਸਮੇਂ ਦੇ ਉੱਘੇ ਧਾਰਮਿਕ ਆਗੂਆਂ, ਭਗਤਾਂ, ਸੰਤਾਂ ਤੇ ਦਰਵੇਸ਼ਾਂ ਨੂੰ ਲੋਕ ਭਲਾਈ ਦੇ ਲਕਸ਼ਾਂ ਨਾਲ ਜੋੜਨ ਦਾ ਯਤਨ ਕੀਤਾ ਹੈ। ਇਨ੍ਹਾਂ ਗੁਣਾਂ ਸਦਕਾ ਜਿਸ ਗੁਰ ਸਿੱਖੀ ਦੇ ਜੀਵਨ ਨੂੰ ਆਪ ਜੀ ਨੇ ਵਿਕਸਿਤ ਕੀਤਾ ਉਹ ਸਰਬ ਸਮਿਆਂ ਲਈ ਹੀ ਹੈ ਅਤੇ ਉਨ੍ਹਾਂ ਦਾ ਅਧਿਆਤਮਿਕ ਸੰਦੇਸ਼ ਭਵਿੱਖ ਵਿਚ ਵੀ ਬੜੀ ਸਾਰਥਕ ਭੂਮਿਕਾ ਨੂੰ ਨਿਭਾ ਸਕਦਾ ਹੈ, ਜਿਵੇਂ ਕਿ ਪਿਛਲੀਆਂ ਪੰਜ ਸਦੀਆਂ ਤੋਂ ਵੀ ਵਧੀਕ ਦੇ ਸਮੇਂ ਵਿਚ ਆਪ ਜੀ ਦੇ ਉਪਦੇਸ਼ ਸਾਰਥਿਕ ਤੇ ਕਲਿਆਣਕਾਰੀ ਸਿੱਧ ਹੋਏ ਹਨ। ਗੁਰੂ ਜੀ ਨੇ ਨਾ ਕੇਵਲ ਆਪਣੇ ਕਾਲ ਵਿਚ ਧਾਰਮਿਕ ਕ੍ਰਾਂਤੀ ਹੀ ਲਿਆਂਦੀ ਸਗੋਂ ਆਪ ਜੀ ਦੇ ਨਿੱਗਰ ਯਤਨਾਂ ਸਦਕਾ ਪੰਜਾਬ ਦੇ ਭਾਈਚਾਰੇ ਤੇ ਸਭਿਆਚਾਰਕ ਜੀਵਨ ਵਿਚ ਵੀ ਭਰਪੂਰ ਵਿਕਾਸ ਹੋਇਆ। ਗੁਰਮਤਿ ਦੇ ਨਾਲ ਨਾਲ ਕਲਾ, ਸਾਹਿਤ ਤੇ ਸੰਸਕ੍ਰਿਤੀ ਵਿਚ ਵੀ ਸਭਿਆਚਾਰਕ ਤੌਰ ਤੇ ਅਭੂਤਪੂਰਵਕ ਨਵੀਂ ਸਿੱਖ ਸੰਸਕ੍ਰਿਤੀ ਦਾ ਉਦਗਮ ਹੋਇਆ।

## ਗੁਰੂ ਨਾਨਕ ਦੇਵ ਕਲਾ ਤੇ ਸੰਸਕ੍ਰਿਤੀ ਦਾ ਵਿਕਾਸ



Sri Satguru Jagjit Singh Ji Elibrary NamdhariElibrary@gmail.com

ਕਿਸੇ ਮਹਾਨ ਵਿਅਕਤੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਤਾਂ ਇਤਿਹਾਸ ਦੀ ਗਾਥਾ ਬਣ ਕੇ ਰਹਿ ਜਾਂਦੀਆਂ ਹਨ। ਭਾਵੇਂ ਇਹ ਵੀ ਸੱਚ ਹੈ ਕਿ ਉਨ੍ਹਾਂ ਵਿਚਲੇ ਚਮਕਦੇ ਅੰਸ਼ ਹਰ ਕਾਲ ਵਿਚ ਮਨੁੱਖੀ ਪ੍ਰੇਰਨਾ ਦਾ ਸ੍ਰੋਤ ਬਣੇ ਰਹਿੰਦੇ ਹਨ ਪਰ ਕਲਾ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਉਨ੍ਹਾਂ ਦਾ ਯੋਗਦਾਨ ਸਥਾਈ ਮਹੱਤਤਾ ਦਾ ਧਾਰਨੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਡਾ ਉਪਕਾਰ ਜਿਸ ਨੂੰ ਮਨੁੱਖ ਜਾਤੀ ਕਦੀ ਵੀ ਭੁਲਾ ਨਹੀਂ ਸਕਦੀ ਉਹ ਉਨ੍ਹਾਂ ਦੀ ਗੁਰਬਾਣੀ ਦਾ ਅਮੋਲਕ ਖਜ਼ਾਨਾ ਹੈ ਜਿਸ ਨੂੰ ਪਿਛੋਂ ਜਾ ਕੇ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਰੂਪ ਵਿਚ ਸਦੀਵੀਂ ਤੌਰ ਤੇ ਸੁਰੱਖਿਅਤ ਕਰ ਲਿਆ। ਆਪ ਜੀ ਦੀ ਪ੍ਰੇਰਨਾ ਸਦਕਾ ਹੀ ਆਪ ਦੇ ਉੱਤਰ ਅਧਿਕਾਰੀ ਗੁਰੂ ਸਾਹਿਬਾਨ ਨੇ ਗੁਰਬਾਣੀ ਦੇ ਰਚਨਾ ਪ੍ਰਵਾਹ ਨੂੰ ਜਾਰੀ ਰੱਖਿਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਮਰ ਕਾਵਿ ਸਿੱਖ ਜਗਤ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਮਹਾਨ ਵਿਰਸਾ ਹੈ। ਆਕਾਰ, ਪ੍ਰਕਾਰ ਤੇ ਮਿਆਰ ਦੀ ਦ੍ਰਿਸ਼ਟੀ ਤੋਂ ਗੁਰੂ ਨਾਨਕ ਬਾਣੀ ਉੱਚਕੋਟੀ ਦੀ ਉਤਕ੍ਰਿਸ਼ਟਤਾ ਦੀ ਧਾਰਨੀ ਹੈ। ਇਸ ਵਿਚ ਮਨ, ਬਚਨ ਅਤੇ ਕਰਮ ਦੀ ਏਕਤਾ ਸਿਧਾਂਤਿਕ ਰੂਪ ਵਿਚ ਮੌਜੂਦ ਹੈ ਅਤੇ ਇਹ ਛੰਦ ਅਲੰਕਾਰ, ਭਾਸ਼ਾ ਤੇ ਹੋਰ ਕਾਵਿ ਗੁਣਾਂ ਸਦਕਾ ਵੀ ਉੱਚਤਮ ਕਾਵਿਮਈ ਤੇ ਕਲਾਤਮਿਕ ਗੁਣਾਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਕਾਵਿ ਰੂਪਾਂ, ਕਾਵਿ ਛੰਦਾਂ, ਕਾਵਿਮਈ, ਸੁੰਦਰ ਬਿੰਬਾਵਲੀ, ਪ੍ਰਚੰਡ ਕਲਪਣਾ ਅਤੇ ਆਪਣੇ ਅਨੰਤ ਪਸਾਰਾਂ ਕਾਰਨ ਇਹ ਵਿਸ਼ਵ ਭਰ ਦੇ ਸਾਹਿਤ ਤੇ ਕਲਾ ਦੀ ਵੱਡਮੁਲੀ ਨਿਧੀ ਹੈ।

ਆਪ ਜੀ ਦਾ ਪੰਜਾਬ ਦੇ ਲੋਕਾਂ ਲਈ ਇਕ ਹੋਰ ਵੱਡਾ ਉਪਕਾਰ ਸੁਦੇਸ਼ੀ ਭਾਸ਼ਾਵਾਂ ਨਾਲ ਪ੍ਰੇਮ ਤੇ ਸਨੇਹ ਸੀ। ਓਪਰੀ ਤੇ ਵਿਦੇਸ਼ੀ ਭਾਸ਼ਾ ਨੂੰ ਅਪਨਾਉਣ ਨੂੰ ਆਪ ਵੱਡਾ ਦੋਸ਼ ਮੰਨਦੇ ਸਨ, ਭਾਵੇਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਆਪ ਜੀ ਨੇ ਆਪਣੀ ਰਚਨਾ ਵਿਚ ਉਸ ਸਮੇਂ ਦੇ ਪ੍ਰਾਪਤ ਵਿਦੇਸ਼ੀ ਸਾਹਿਤ ਤੇ ਕਵਿਤਾ ਵਿਚੋਂ ਵੀ ਬਹੁਤ ਕੁਝ ਗ੍ਰਹਿਣ ਕੀਤਾ ਪਰ ਮੁੱਖ ਰੂਪ ਵਿਚ ਉਨ੍ਹਾਂ ਨੇ ਪੰਜਾਬ ਤੇ ਭਾਰਤ ਦੇ ਸਾਹਿਤ ਦੇ ਨਵ ਨਿਰਮਾਣ ਤੇ ਉਥਾਨ ਦਾ ਹੀ ਬੀੜਾ ਚੁੱਕਿਆ ਸੀ।

ਨਾ ਕੇਵਲ ਆਪ ਜੀ ਨੇ ਬਾਣੀ ਤੇ ਸਾਹਿਤ ਦੀ ਪਰੰਪਰਾ ਨੂੰ ਹੀ ਸਿੱਖ ਧਰਮ ਦਾ ਅੰਗ ਬਣਾਇਆ ਸਗੋਂ ਇਸ ਨੂੰ ਸੰਗੀਤ ਕਲਾ ਨਾਲ ਵੀ ਜੋੜ ਦਿੱਤਾ ਅਤੇ ਗੁਰ ਸ਼ਬਦ ਦੇ ਕੀਰਤਨ ਦੀ ਮਰਿਆਦਾ ਨੂੰ ਵੀ ਪੱਕੇ ਪੈਰਾਂ ਤੇ ਸਥਾਪਿਤ ਕਰ ਦਿੱਤਾ। ਆਪਣੇ ਆਪ ਨੂੰ ਸ਼ਾਇਰ ਤੇ ਢਾਡੀ ਕਿਹਾ। ਕਲਾ ਜਗਤ ਵਿਚ ਵੀ ਆਪ ਜੀ ਦਾ ਯੋਗਦਾਨ ਬੇਮਿਸਾਲ ਤੇ ਕਮਾਲ ਦਾ ਹੈ। ਆਪ ਆਪਣੀ



Sri Satguru Jagjit Singh Ji Elibrary NamdhariElibrary@gmail.com

ਬਾਣੀ ਨੂੰ 'ਖਸਮ ਦੀ ਬਾਣੀ' ਅਤੇ ਅਕਾਲ ਪੁਰਖ ਦੇ ਦਰ ਤੋਂ ਧੁਰੋਂ ਉਤਰੀ ਮੰਨਦੇ ਹਨ। ਇਸੇ ਕਾਰਨ ਇਸ ਵਿਚ ਰੱਬੀ ਸੰਦੇਸ਼ ਨੂੰ ਹੀ ਪ੍ਰਗਟਾਇਆ ਗਿਆ ਹੈ। ਆਪ ਜੀ ਦੇ ਇਨ੍ਹਾਂ ਯਤਨਾਂ ਸਦਕਾ ਪੰਜਾਬ ਵਿਚ ਅਧਿਆਤਮਿਕ ਸਾਹਿਤ ਵਿਚ ਇਕ ਨਵਾਂ ਪ੍ਰਵਾਹ ਚਲ ਪਿਆ। ਆਪ ਨੇ ਅੱਖਰਾਂ ਨੂੰ ਵਿਸ਼ੇਸ਼ ਮਹਾਨਤਾ ਪ੍ਰਦਾਨ ਕੀਤੀ।

ਅਖਰੀ ਨਾਮੁ, ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅੱਖਰਾ ਸਿਰਿ ਸੰਜੋਗੁ ਵਖਾਣਿ॥ *(ਆਦਿ ਗ੍ਰੰਥ, ਪੰਨਾ 4)*
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥

ਪਰ ਜਿਨ੍ਹਾਂ ਲੋਕਾਂ ਨੂੰ ਇਨ੍ਹਾਂ ਅੱਖਰਾਂ ਦਾ ਭੇਦ ਪ੍ਰਾਪਤ ਨਹੀਂ ਹੈ ਅਤੇ ਉਹ ਬਿਨ੍ਹਾਂ ਗੁਣਾਂ ਤੋਂ ਗਰਬ ਕਰਦੇ ਹਨ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਅਸਲਖਰ ਕਿਹਾ ਹੈ :

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥

*(ਆਦਿ ਗ੍ਰੰਥ, ਪੰਨਾ 1246)*

ਮੈਕਾਲਿਫ ਨੇ ਭਾਗੀਰਥ ਦੀ ਵਾਰਤਾ ਦੁਆਰਾ ਲਾਹੌਰ ਦੇ ਉਸ ਸੌਦਾਗਰ ਦਾ ਜ਼ਿਕਰ ਕੀਤਾ ਹੈ, ਜਿਸ ਪਾਸੋਂ ਭਾਗੀਰਥ ਇਕ ਕੰਨਿਆ ਦੇ ਵਿਆਹ ਦੇ ਕਾਰਜ ਲਈ ਜੋ ਗੁਰੂ ਸਾਹਿਬ ਨੇ ਉਸ ਦੇ ਪਿਤਾ ਦੇ ਗਰੀਬ ਹੋਣ ਕਾਰਨ ਆਪਣੇ ਜ਼ਿੰਮੇ ਲੈ ਲਿਆ ਸੀ ਉਸ ਸੌਦਾਗਰ ਪਾਸੋਂ ਵਿਆਹ ਦਾ ਸਮਾਨ ਲਿਆਂਦਾ ਸੀ। ਭਾਗੀਰਥ ਪਾਸੋਂ ਗੁਰੂ ਜੀ ਦੀ ਮਹਿਮਾ ਸੁਣ ਕੇ ਉਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰਨ ਲਈ ਕਰਤਾਰਪੁਰ ਆ ਗਿਆ ਸੀ ਤੇ ਉੱਥੇ ਕੁਝ ਸਮਾਂ ਗੁਜ਼ਾਰ ਕੇ ਲੰਕਾ ਵਿਚ ਜਾ ਕੇ ਵਣਜ ਵਪਾਰ ਕਰਨ ਲੱਗ ਪਿਆ ਸੀ। ਲੰਕਾ ਪੁੱਜ ਕੇ ਉਸ ਦਾ ਨਿੱਤ ਦਾ ਵਿਹਾਰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਨੁਸਾਰ ਹੀ ਚਲਦਾ ਰਿਹਾ, ਜਿਸ ਤੋਂ ਗੁਰੂ ਨਾਨਕ ਦੇਵ ਜੀ ਵੱਲੋਂ ਇਕ ਗੁਰਸਿੱਖ ਲਈ ਦੱਸੀ ਗਈ ਰਹਿਤ ਮਰਿਆਦਾ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ। ਵਣਜ ਵਪਾਰ ਕਰਦਾ ਹੋਇਆ ਉਹ ਸੌਦਾਗਰ ਗੁਰੂ ਜੀ ਦੀ ਦੱਸੀ ਰਹਿਤ ਮਰਿਆਦਾ ਦੀ ਪਾਲਣਾ ਕਰਦਾ ਰਿਹਾ। ਉਹ ਰਾਤ ਸਮੇਂ ਗੁਰੂ ਜੀ ਦੀ ਬਾਣੀ ਦਾ ਗਾਇਨ ਕਰਦਾ ਅਤੇ ਅੰਮ੍ਰਿਤ ਵੇਲੇ ਵੀ ਬਾਣੀ ਪੜ੍ਹਦਾ। [1*]ਅੰਮ੍ਰਿਤ ਵੇਲੇ ਦੇ

1* ਐਮ. ਆਰ. ਮੈਕਾਲਫ, ਦ ਸਿੱਖ ਰਿਲੀਜ਼ਨ, ਪੰਨਾ 146



Sri Satguru Jagjit Singh Ji Elibrary NamdhariElibrary@gmail.com

ਇਸ਼ਨਾਨ ਬਾਰੇ ਮੈਕਾਲਿਫ ਲਿਖਦਾ ਹੈ :-

"ਜੋ ਕੋਈ ਵੀ ਪਹਿਰ ਰਾਤ ਰਹਿੰਦੀ ਠੰਡੇ ਜਲ ਨਾਲ ਇਸ਼ਨਾਨ ਕਰਦਾ ਹੈ ਅਤੇ ਪ੍ਰੇਮ ਅਤੇ ਸ਼ਰਧਾ ਨਾਲ ਪ੍ਰਭੂ ਦੇ ਨਾਮ ਦਾ ਜਾਪ ਕਰਦਾ ਹੈ। ਉਸ ਨੂੰ ਪ੍ਰਭੂ ਦੇ ਦਰ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਉਹ ਅਜੂਨੀ ਤੇ ਸੈਭੰ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਜਾਂਦਾ ਹੈ।"

ਆਹਾਰ ਕਰਨ ਤੋਂ ਪਹਿਲਾਂ ਉਹ ਜਪੁਜੀ ਦਾ ਪਾਠ ਕਰਦਾ ਅਤੇ ਗੁਰੂ ਜੀ ਦੀ ਬਾਣੀ ਪੜ੍ਹਦਾ ਫਿਰ ਆਪਣੇ ਨਿੱਤ ਦੇ ਕਾਰ ਵਿਹਾਰ ਵਿਚ ਲੱਗ ਜਾਂਦਾ। ਇਸੇ ਸੌਦਾਗਰ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਦਾ ਰਾਜਾ ਸ਼ਿਵਨਾਭ ਗੁਰੂ ਨਾਨਕ ਦੇਵ ਜੀ ਦਾ ਭਗਤ ਬਣਿਆ।

## ਗੁਰੂ ਨਾਨਕ ਬਾਣੀ

ਗੁਰੂ ਨਾਨਕ ਦੇਵ ਜੀ ਨੇ ਵੱਡੀ ਮਾਤਰਾ ਵਿਚ ਬਾਣੀ ਦੀ ਰਚਨਾ ਕੀਤੀ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ 19 ਰਾਗਾਂ ਵਿਚ ਦਰਜ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

'ਜਪੁ' ਸਿਧ ਗੋਸ਼ਟਿ, ਰਾਗ ਆਸਾ ਪੱਟੀ, ਤਿੰਨ ਵਾਰਾਂ-ਆਸਾ, ਮਾਝ ਤੇ ਮਲ੍ਹਾਰ, ਤੁਖ਼ਾਰੀ ਰਾਗ ਦਾ ਬਾਰਾਂ ਮਾਹ, ਸੋਹਿਲਾ, ਪਹਰੇ, ਦੱਖਣੀ ਓਂਕਾਰ, ਵਣਜਾਰੇ, ਅਲਾਹੁਣੀਆਂ, ਬਾਬਰ ਵਾਣੀ, ਕਈ ਸ਼ਬਦ, ਅਸ਼ਟਪਦੀਆਂ, ਛੰਤ, ਰੇਖਤਾ ਤੇ ਸ਼ਲੋਕ ਆਦਿ।

ਇਸ ਮਹਾਨ ਰਚਨਾ ਵਿਚ ਅਧਿਆਤਮਿਕ ਜੀਵਨ ਦਰਸ਼ਨ ਨਾਲ ਸੰਬੰਧਿਤ ਅਨੇਕ ਵਿਸ਼ਿਆਂ ਉੱਤੇ ਗੁਰੂ ਸਾਹਿਬ ਨੇ ਆਪਣੇ ਅਧਿਆਤਮਿਕ ਦ੍ਰਿਸ਼ਟੀਕੋਣ ਅਤੇ ਪ੍ਰੇਮਾ ਭਗਤੀ ਦੇ ਨਿੱਜ ਅਨੁਭਵ ਨੂੰ ਅਤਿ ਦੀਆਂ ਕਲਾਤਮਿਕ ਛੋਹਾਂ ਤੇ ਅਨੇਕ ਕਾਵਿ ਰੂਪਾਂ ਦੇ ਕਲਾ ਕੌਸਲ ਦੁਆਰਾ ਰਚਿਆ ਹੈ ਜੋ ਨਾਨਕ ਬਾਣੀ ਦੇ ਅਧਿਆਤਮਿਕ ਗੌਰਵ ਤੋਂ ਬਿਨਾਂ ਕਲਾਮਈ ਪੱਖ ਦੀ ਉੱਚਤਾ ਦਾ ਵੀ ਸਾਖਸ਼ਾਤ ਪ੍ਰਮਾਣ ਹੈ, ਇਸ ਬਾਣੀ ਵਿਚ ਮਨੁੱਖ ਮਾਤਰ ਦੀ ਕਾਇਆ ਕਲਪ ਕਰ ਦੇਣ ਵਾਲੀ ਸ਼ਕਤੀ ਮੌਜੂਦ ਹੈ। ਕਈ ਥਾਵਾਂ ਤੇ ਤਾਂ ਇਸ ਦੀ ਪ੍ਰਗੀਤਕ ਮਧੁਰਤਾ ਹਿਮ ਸਿਖਰਾਂ ਨੂੰ ਛੂਹੰਦੀ ਹੈ।

## ਸਾਮਾਜਿਕ ਦ੍ਰਿਸ਼ਟੀਕੋਣ

ਗੁਰੂ ਨਾਨਕ ਦੇਵ ਜੀ ਨੇ ਜਿੱਥੇ ਗ੍ਰਹਿਸਥ ਜੀਵਨ ਦੇ ਸਾਮਾਜਿਕ ਮਹੱਤਵ ਨੂੰ ਪ੍ਰਗਟਾਇਆ ਹੈ, ਉਥੇ ਸਾਮਾਜਿਕ ਜੀਵਨ ਦੇ ਇਕ ਬਲਵਾਨ ਅੰਗ ਇਸਤਰੀ ਜਾਤੀ ਦੀ ਉੱਚਤਾ ਤੇ ਬਰਾਬਰੀ ਵੱਲ ਵੀ ਸੰਕੇਤ ਕੀਤਾ ਹੈ। ਆਪ ਜੀ ਦੇ ਮੱਤ ਅਨੁਸਾਰ ਇਸਤਰੀ ਸਾਮਾਜਿਕ ਬੰਧਾਨ ਦਾ ਮੂਲ ਕੇਂਦਰ ਹੈ। ਜਿਹੜੇ



Sri Satguru Jagjit Singh Ji Elibrary NamdhariElibrary@gmail.com

ਵਿਅਕਤੀ ਉਸ ਦੀ ਸੁੰਦਰਤਾ ਤੇ ਗੁਣਾਂ ਦੀ ਪ੍ਰਸ਼ੰਸਾ ਕਰਦੇ ਹਨ ਉਨ੍ਹਾਂ ਦੇ ਮੁੱਖ ਲੋਕ ਤੇ ਪਰਲੋਕ ਦੋਹਾਂ ਜਹਾਨਾਂ ਵਿਚ ਉਜਲੇ ਹੁੰਦੇ ਹਨ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

*(ਆਦਿ ਗ੍ਰੰਥ, ਪੰਨਾ 473)*

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਗੁਰੂ ਨਾਨਕ ਦੇਵ ਜੀ ਨੇ ਜਾਤ ਪਾਤ ਦਾ ਵੀ ਖੰਡਨ ਕੀਤਾ ਹੈ। ਜਾਤ ਅਭਿਮਾਨ ਨੂੰ ਫੱਕੜ ਕਹਿ ਕੇ ਭੰਡਿਆ ਹੈ।

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ *(ਆਦਿ ਗ੍ਰੰਥ, ਪੰਨਾ 83)*

ਗੁਰੂ ਨਾਨਕ ਦੇਵ ਜੀ ਨੂੰ ਜਿਥੇ ਸੁਦੇਸ਼ ਨਾਲ ਪ੍ਰੇਮ ਸੀ ਉੱਥੇ ਆਪਣੀ ਭਾਸ਼ਾ, ਸਭਿਆਚਾਰ ਦਾ ਵੀ ਅਥਾਹ ਸਤਿਕਾਰ ਸੀ। ਅਰਬੀ, ਫ਼ਾਰਸੀ ਦੀ ਵੱਧ ਰਹੀ ਵਰਤੋਂ ਨੂੰ ਆਪ ਚੰਗਾ ਨਹੀਂ ਸੀ ਸਮਝਦੇ ਅਤੇ ਜੋ ਵਿਦੇਸ਼ੀ ਹਾਕਮਾਂ ਦੀ ਖ਼ੁਸ਼ਨੂਦੀ ਹਾਸਿਲ ਕਰਨ ਲਈ ਵਿਦੇਸ਼ੀ ਸਭਿਆਚਾਰ ਨੂੰ ਗ੍ਰਹਿਣ ਕਰ ਰਹੇ ਸਨ, ਉਨ੍ਹਾਂ ਨੂੰ ਆਪ ਇਨ੍ਹਾਂ ਸ਼ਬਦਾਂ ਦੁਆਰਾ ਤਾੜਨਾ ਕਰਦੇ ਹਨ :

(1) ਖ੍ਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥

*(ਆਦਿ ਗ੍ਰੰਥ, ਪੰਨਾ 663)*

(2) ਘਰ ਘਰ ਮੀਆ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ॥ *(ਆਦਿ ਗ੍ਰੰਥ, ਪੰਨਾ 1191)*

(3) ਨੀਲ ਬਸਤ੍ਰ ਲੇ ਕਪੜੇ ਪਹਿਰੇ
ਤੁਰਕ ਪਠਾਣੀ ਅਮਲੁ ਕੀਆ॥ *(ਆਦਿ ਗ੍ਰੰਥ, ਪੰਨਾ 470)*

(4) ਅਭਾਖਿਆ ਕਾ ਕੁਠਾ ਬਕਰਾ ਖਾਣਾ
ਚਉਕੇ ਉਪਰਿ ਕਿਸੈ ਨ ਜਾਣਾ॥ *(ਆਦਿ ਗ੍ਰੰਥ, ਪੰਨਾ 472)*

ਗੁਰੂ ਨਾਨਕ ਬਾਣੀ ਮਨੁੱਖੀ ਜੀਵਨ ਦੇ ਵਿਸ਼ਾਲ ਅਨੁਭਵ ਅਨੰਤਾ ਤਕ ਪਸਰੇ ਪਾਰਦਰਸ਼ੀ ਦ੍ਰਿਸ਼ਟੀਕੋਣ ਅਤੇ ਮਧੁਰ ਪ੍ਰੇਮ ਸੰਗੀਤ ਦਾ ਅਤਿ ਕੋਮਲ ਖਜ਼ਾਨਾ



Sri Satguru Jagjit Singh Ji Elibrary NamdhariElibrary@gmail.com

ਹੈ। ਗੁਰੂ ਨਾਨਕ ਬਾਣੀ ਨਾਲ ਪੰਜਾਬ ਦੀ ਭਾਸ਼ਾ, ਸਾਹਿਤ ਅਤੇ ਕਲਾ ਨੂੰ ਅਜਿਹਾ ਮਾਣ ਅਤੇ ਗੌਰਵ ਪ੍ਰਾਪਤ ਹੋਇਆ ਜਿਸ ਦੀ ਤੁਲਨਾ ਸੰਸਾਰ ਭਰ ਦੇ ਸਾਹਿਤ ਵਿਚ ਘੱਟ ਹੀ ਮਿਲਦੀ ਹੈ।

ਗੁਰੂ ਨਾਨਕ ਦੇਵ ਜੀ ਦੀ ਸਥਾਪਿਤ ਗੁਰਮਤਿ ਧਾਰਾ ਨਾ ਕੇਵਲ ਗੁਰਸਿੱਖੀ ਵਾਲੇ ਜੀਵਨ ਦਾ ਹੀ ਵਿਸ਼ਾਲ ਪਥ ਪਰਦਰਸ਼ਨ ਸੀ ਸਗੋਂ ਇਹ ਤਾਂ ਸਮੁੱਚੀ ਮਾਨਵ ਸੰਸਕ੍ਰਿਤੀ ਤੇ ਉਚਤਮ ਮਾਨਵੀ ਕਦਰਾਂ ਕੀਮਤਾਂ ਦੀ ਸਦੀਵੀਂ ਸੁਰੱਖਿਆ ਤੇ ਸੰਭਾਲ ਵੀ ਸੀ।

### ਗੁਰਿਆਈ ਲਈ ਪਰਖ

ਗੁਰੂ ਨਾਨਕ ਦੇਵ ਜੀ ਨੇ ਆਪਣੇ ਅਧਿਆਤਮਿਕ ਦਰਸ਼ਨ ਦੇ ਪਰਕਾਸ਼ ਤੇ ਵਿਕਾਸ ਲਈ ਜਿਸ ਦੂਰਦਰਸ਼ਤਾ ਨੂੰ ਸਨਮੁੱਖ ਰੱਖਿਆ ਉਹ ਵੀ ਵਿਸ਼ਵ ਦੇ ਇਤਿਹਾਸ ਵਿਚ ਆਪਣੀ ਮਿਸਾਲ ਆਪ ਹੈ। ਗੁਰਮਤਿ ਦੀ ਇਹ ਸਥਾਪਿਤ ਮਰਿਆਦਾ ਕੇਵਲ ਤੱਤਕਾਲਕ ਜਾਂ ਸਮਕਾਲੀ ਵਰਤਾਰਾ ਨਹੀਂ ਸੀ। ਇਸ ਅਧਿਆਤਮਿਕ ਨਵ ਜਾਗਰਤੀ ਨੂੰ ਆਗਾਮੀ ਕਾਲਾਂ ਤੱਕ ਨਿਰੰਤਰ ਜਾਰੀ ਰੱਖਣ ਦੀ ਲੋੜ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸੁਯੋਗ ਉਤਰਅਧਿਕਾਰੀ ਨੂੰ ਗੁਰਪੱਦ ਪ੍ਰਦਾਨ ਕਰਨ ਲਈ ਕਰੜੀ ਤੇ ਆਦਰਸ਼ ਮਰਿਆਦਾ ਸਥਾਪਿਤ ਕੀਤੀ। ਆਪ ਜੀ ਨੇ ਜੀਵਨ ਕਾਲ ਪਿਛੋਂ ਇਸ ਅਧਿਆਤਮਿਕ ਰੋਸ਼ਨੀ ਦਾ ਗਤੀਸ਼ੀਲ ਰੂਪ ਵਿਚ ਪ੍ਰਵਾਹ ਚਲਦਾ ਰਹੇ, ਇਸ ਉਦੇਸ਼ ਦੀ ਪੂਰਤੀ ਲਈ ਅਜਿਹੇ ਮਹਾਂਪੁਰਸ਼ ਜਾਂ ਵਿਅਕਤੀ ਦੀ ਲੋੜ ਸੀ, ਜੋ ਉਨ੍ਹਾਂ ਵਾਂਗ ਹੀ ਇਸ ਅਦੁੱਤੀ ਕਰਤੱਵ ਨੂੰ ਜੋ ਪਾਰਬ੍ਰਹਮ ਪਰਮੇਸ਼ਵਰ ਨੇ ਜਗਤ ਕਲਿਆਣ ਹਿੱਤ ਗੁਰੂ ਨਾਨਕ ਦੇਵ ਜੀ ਨੂੰ ਸੌਂਪਿਆ ਸੀ, ਨੂੰ ਅੱਗੇ ਚਲਦਾ ਰੱਖੇ। ਗੁਰੂ ਜੋ ਅਧਿਆਤਮਿਕ ਪ੍ਰਕਾਸ਼ ਦਾ ਪੁੰਜ ਸੀ ਸਦੇਹ ਸਰੂਪ ਵਿਚ ਵੀ ਵਿਚਰ ਰਿਹਾ ਸੀ, ਜਿਸ ਨੂੰ ਗੁਰੂ ਦਾ ਸਰਗੁਣ ਸਰੂਪ ਕਰਕੇ ਸਤਿਕਾਰਿਆ ਗਿਆ ਅਤੇ ਜਿਸ ਦੀ ਮਹਿਮਾ ਦਾ ਵਰਣਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਥਾਂ ਪਰ ਥਾਂ ਮਿਲ ਜਾਂਦਾ ਹੈ। ਗੁਰੂ ਜੀ ਦਾ ਇਹ ਸਰਗੁਣ ਸਰੂਪ ਸਾਮਾਜਿਕ ਮਰਿਆਦਾ ਨੂੰ ਸਥਿਰ ਕਰਨ ਅਤੇ ਸਥਾਪਿਤ ਰੱਖਣ ਲਈ ਅਤਿ ਲੋੜੀਂਦਾ ਸੀ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਹੀ ਸਿੱਖ ਸੰਗਤ, ਗੁਰੂ ਕੀ ਸੰਗਤ ਦੀ ਸੰਸਥਾ ਹੋਂਦ ਵਿਚ ਆਈ। ਜਿਸ ਨੂੰ ਪਿਛੋਂ ਜਾ ਕੇ ਦਸਵੇਂ ਸਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ' ਦੇ ਆਦਰਸ਼ ਵਿਚ ਵਿਕਸਿਤ ਕੀਤਾ।

ਇਸ ਗੁਰਤਵ ਦਾ ਦੂਜਾ ਸੂਖਮ ਤੇ ਅੰਤਰੀਵ ਸਰੂਪ ਗੁਰੂ ਜੋਤ ਦਾ ਸੀ, ਜਿਸ ਨੂੰ ਗੁਰੂ ਦੀ ਆਤਮਿਕ ਵੱਥ ਕਰਕੇ ਜਾਗਰੂਪ ਕੀਤਾ ਗਿਆ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਦੇ ਸਨਮੁੱਖ ਇਹ ਵੱਡਾ ਲਕਸ਼ ਸੀ ਕਿ ਗੁਰੂ ਪੱਦ



Sri Satguru Jagjit Singh Ji Elibrary NamdhariElibrary@gmail.com

ਦੇ ਅਧਿਕਾਰੀ ਦੀ ਸੁਯੋਗਤਾ ਦਾ ਪ੍ਰਤੀਮਾਨ ਨਿਸ਼ਚਿਤ ਕੀਤਾ ਜਾਵੇ।

ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਅਣਗਿਣਤ ਇਸਤਰੀ ਪੁਰਸ਼ ਆਏ ਜੋ ਵਿਭਿੰਨ ਪ੍ਰਦੇਸ਼ਾਂ ਜਾਤੀਆਂ ਨਾਲ ਸੰਬੰਧਿਤ ਸਨ ਪਰ ਇਨ੍ਹਾਂ ਅਨੇਕਾਂ ਵਿਚੋਂ ਕਿਸੇ ਇਕ ਦੀ ਚੋਣ ਕਰਨੀ ਸੀ ਜੋ ਸੱਚਮੁਚ ਬੜਾ ਕਠਿਨ ਕਾਰਜ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਅਤੇ ਪਰਿਵਾਰਿਕ ਸੰਬੰਧੀਆਂ ਦੇ ਵਿਸ਼ੇਸ਼ ਸਮੂਹ ਵਿਚੋਂ ਕਿਸੇ ਇਕ ਨੂੰ ਹੀ ਚੁਣਨਾ ਸੀ। ਆਪ ਜੀ ਨੇ ਆਪਣੇ ਉਤਰਾਧਿਕਾਰੀ ਵਜੋਂ 'ਭਾਈ ਲਹਿਣਾ' ਜੀ ਨੂੰ ਚੁਣਿਆ ਜੋ ਪਹਿਲਾਂ ਦੇਵੀ ਭਗਤ ਸੀ ਅਤੇ ਪਿਛੋਂ ਗੁਰੂ ਜੀ ਦਾ ਅਨਿਨ ਸਿੱਖ ਸਿੱਧ ਹੋਇਆ। ਕਰਤਾਰਪੁਰ ਦੇ ਨਿਵਾਸ ਸਮੇਂ ਭਾਈ ਲਹਿਣਾ ਜੀ ਨੇ ਗੁਰੂ ਜੀ ਦੀ ਹਰ ਆਗਿਆ ਦਾ ਪਾਲਣ ਕੀਤਾ। ਕਰੜੇ ਇਮਤਿਹਾਨਾਂ ਪਿਛੋਂ ਉਨ੍ਹਾਂ ਦੀ ਖ਼ੁਸ਼ੀ ਪ੍ਰਾਪਤ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਪਦ ਦੀ ਉਹ ਬਖਸ਼ਿਸ਼ ਪ੍ਰਾਪਤ ਕਰ ਲਈ ਜੋ ਬਾਬਾ ਸ੍ਰੀ ਚੰਦ ਵਰਗੇ ਉਨ੍ਹਾਂ ਦੇ ਸਪੁੱਤਰ ਪ੍ਰਾਪਤ ਨਾ ਕਰ ਸਕੇ।

ਕਰਤਾਰਪੁਰ ਵਿਖੇ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੀਵਨ ਯਾਤਰਾ ਨੂੰ ਸੰਪੂਰਨਤਾ ਦੀ ਮੰਜ਼ਿਲ ਦੇ ਨੇੜੇ ਪੁੱਜਾ ਅਨੁਭਵ ਕੀਤਾ ਅਤੇ ਅਸੂ ਸੁਦੀ 10, 1596 ਬਿਕ੍ਰਮੀ (7 ਸਤੰਬਰ 1539) ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਆਈ ਬਖ਼ਸ਼ ਦਿੱਤੀ ਅਤੇ ਆਪ ਜੀ ਨੇ ਉਨ੍ਹਾਂ ਨੂੰ ਨਾਰੀਅਲ ਤੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ।

ਭਾਈ ਬੁੱਢਾ ਜੀ ਨੇ ਗੁਰਆਈ ਦਾ ਤਿਲਕ ਲਾਉਣ ਦੀ ਰਸਮ ਨੂੰ ਨਿਭਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪਾਵਨ ਵਿਅਕਤੀਤਵ ਦੀ ਪਾਰਸ ਛੋਹ ਪ੍ਰਾਪਤ ਕਰਕੇ ਗੁਰੂ ਜੋਤ ਨੂੰ ਆਪਣੇ ਅੰਤਰ ਆਤਮਾ ਵਿਚ ਸਮੋ ਲਿਆ ਅਤੇ 'ਜੋਤਿ ਓਹਾ ਜੁਗਤਿ ਸਾਇ' ਦੇ ਮਾਰਗ ਨੂੰ ਅੱਗੇ ਤੋਰਨ ਲਈ ਗੁਰੂ ਨਾਨਕ ਦੇਵ ਜੀ ਦੇ ਆਦੇਸ਼ ਅਨੁਸਾਰ ਹੀ ਆਪਣਾ ਨਿਵਾਸ ਖਡੂਰ ਵਿਖੇ ਕਰ ਲਿਆ।

ਗੁਰੂ ਨਾਨਕ ਦੇਵ ਜੀ ਦੇ ਅੰਤਿਮ ਸੰਸਕਾਰ ਸਮੇਂ ਵੀ ਸਾਖੀਕਾਰਾਂ ਨੇ ਇਹ ਵਰਣਨ ਕੀਤਾ ਹੈ ਕਿ ਜਿਸ ਸਥਾਨ ਤੇ ਆਪ ਜੋਤੀ ਜੋਤ ਸਮਾਏ ਉਥੋਂ ਉਪਰਲੀ ਚਾਦਰ ਦੇ ਹੇਠੋਂ ਕੇਵਲ ਫੁੱਲ ਹੀ ਨਿਕਲੇ, ਜਿਨ੍ਹਾਂ ਨੂੰ ਹਿੰਦੂ ਤੇ ਮੁਸਲਮਾਨਾਂ ਦੋਵਾਂ ਫਿਰਕਿਆਂ ਦੇ ਅਨੁਯਾਈਆਂ ਨੇ ਆਪਣੇ ਇਸ਼ਟ ਅਨੁਸਾਰ ਸਾਂਭ ਲਿਆ ਪਰ ਆਪ ਜੀ ਦਾ ਪਾਰਥਕ ਸਰੀਰ ਅਲੋਪ ਸੀ।



Sri Satguru Jagjit Singh Ji Elibrary NamdhariElibrary@gmail.com

4

# ਗੁਰੂ ਅੰਗਦ ਦੇਵ ਜੀ (1504-1552)

ਆਪਣੇ ਵੱਲੋਂ ਸਥਾਪਿਤ ਗੁਰ ਮਰਿਆਦਾ ਅਤੇ ਗੁਰਮਤਿ ਪ੍ਰਕਾਸ਼ ਦੇ ਪ੍ਰਵਾਹ ਨੂੰ ਨਿਰੰਤਰ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਗੁਰਤਵ ਦੀ ਭਾਰੀ ਜ਼ਿੰਮੇਵਾਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ, ਜਿਨ੍ਹਾਂ ਨੇ ਆਪਣੇ 13 ਸਾਲ (1539-1552) ਦੇ ਗੁਰੂ ਕਾਲ ਵਿਚ ਗੁਰੂ ਦੇ ਕਰਤੱਵ ਨੂੰ ਸਫਲਤਾ ਸਹਿਤ ਨਿਭਾਇਆ ਅਤੇ ਸਿੱਖੀ ਦੇ ਮਾਰਗ ਨੂੰ ਹੋਰ ਪੱਕੀਆਂ ਲੀਹਾਂ ਉੱਤੇ ਤੋਰਿਆ।

**ਜੀਵਨ ਸਮਾਚਾਰ**

ਭਾਈ ਲਹਿਣਾ ਜੀ ਦਾ ਜਨਮ ਮੱਤੇ ਦੀ ਸਰਾਏ (ਹੁਣ ਸਰਾਏ ਨਾਗਾ) ਜ਼ਿਲ੍ਹਾ ਮੁਕਤਸਰ ਵਿਖੇ ਪਿਤਾ ਭਾਈ ਫੇਰੂਮਲ ਤੇ ਮਾਤਾ ਦਇਆ ਦੇ ਘਰ 31 ਮਾਰਚ 1504 ਨੂੰ ਹੋਇਆ। ਕੁਝ ਚਿਰ ਇਸ ਪਿੰਡ ਵਿਚ ਰਹਿ ਕੇ ਆਪ ਜੀ ਦਾ ਪਰਿਵਾਰ ਖਡੂਰ ਵਿਖੇ ਆ ਗਿਆ। ਆਪ ਜੀ ਦਾ ਵਿਆਹ ਪਿੰਡ ਸੰਘਰ ਜੋ ਖਡੂਰ ਦੇ ਨੇੜੇ ਹੀ ਸੀ ਦੇ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਨਾਲ ਜਨਵਰੀ 1520 ਨੂੰ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਦਾਸੂ ਤੇ ਦਾਤੂ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਨੇ ਜਨਮ ਲਿਆ।

ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਲ ਵਿਚ ਸਿੱਖੀ ਮਾਰਗ ਦਾ ਹੋਰ ਵਿਕਾਸ ਹੋਇਆ ਅਤੇ ਨਾਮਬਾਣੀ, ਕਥਾ ਕੀਰਤਨ, ਲੰਗਰ, ਸੰਗਤ ਅਤੇ ਪੰਗਤ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ। ਆਪ ਜੀ ਦੀ ਨਿਗਰਾਨੀ ਵਿਚ ਪੰਜਾਬੀ ਦੀ ਵਰਣਮਾਲਾ (ਗੁਰਮੁਖੀ ਅੱਖਰਾਂ) ਵਿਚ ਸੁਧਾਰ ਕੀਤਾ ਗਿਆ ਅਤੇ ਭਾਈ ਪੈੜੇ (ਮੋਖੇ) ਕੋਲੋਂ ਲਿਖਵਾਈ ਗਈ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਇਸ ਦੀ ਵਰਤੋਂ ਸਫ਼ਲਤਾ ਨਾਲ ਕੀਤੀ ਗਈ। ਆਪ ਜੀ ਨੇ ਗੁਰਬਾਣੀ ਦੇ ਖ਼ਜ਼ਾਨੇ ਵਿਚ 63 ਸਲੋਕਾਂ ਦਾ ਬਹੁਤ ਨਿੱਗਰ ਵਾਧਾ ਕੀਤਾ ਜਿਨ੍ਹਾਂ ਦੀ ਭਾਸ਼ਾ ਬੜੀ ਸਰਲ ਠੇਠ ਹੈ ਅਤੇ ਇਨ੍ਹਾਂ ਵਿਚ ਪੇਸ਼ ਕੀਤਾ ਗਿਆ ਗੁਰ ਉਪਦੇਸ਼ ਇਕਦਮ



Sri Satguru Jagjit Singh Ji Elibrary NamdhariElibrary@gmail.com

ਹਰ ਹਿਰਦੇ ਉੱਤੇ ਅਮਿੱਟ ਪ੍ਰਭਾਵ ਪਾਉਣ ਵਾਲਾ ਹੈ।

ਆਪ ਜੀ ਨੇ ਆਪਣੇ ਸਿੱਖਾਂ ਵਿਚ ਖੇਡਾਂ ਅਰਥਾਤ ਕੁਸ਼ਤੀਆਂ ਕਰਵਾਉਣ ਲਈ ਮੱਲ੍ਹਾਂ ਦੇ ਅਖਾੜੇ ਵਿਚ ਬੜੀ ਰੁਚੀ ਵਿਖਾਈ। ਸ਼ੇਰਸ਼ਾਹ ਤੋਂ 17 ਮਈ 1540 ਈ. ਨੂੰ ਕਨੌਜ ਵਿਖੇ ਹਾਰ ਖਾ ਜਾਣ ਪਿਛੋਂ ਮੁਗਲ ਬਾਦਸ਼ਾਹ ਹਮਾਯੂੰ ਨੇ ਖਡੂਰ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਅਸ਼ੀਰਵਾਦ ਦੀ ਜਾਚਨਾ ਪ੍ਰਾਥਨਾ ਕੀਤੀ। ਇਸ ਇਤਿਹਾਸਿਕ ਘਟਨਾ ਦੀ ਵਾਰਤਾ ਵੀ ਬੜੀ ਰੌਚਕ ਹੈ। ਕਹਿੰਦੇ ਹਨ ਜਦੋਂ ਹਮਾਯੂੰ ਗੁਰੂ ਜੀ ਕੋਲ ਪਹੁੰਚਿਆ ਤਾਂ ਆਪ ਮੱਲ੍ਹਾਂ ਦੇ ਅਖਾੜੇ ਵਿਚ ਕੁਸ਼ਤੀਆਂ ਦੇਖ ਰਹੇ ਸਨ। ਉਸ ਨੇ ਆਪਣੇ ਸ਼ਾਹੀ ਅਭੀਮਾਨ ਵਿਚ ਇਹ ਜਾਣਕੇ ਕਿ ਗੁਰੂ ਜੀ ਨੇ ਉਸ ਵੱਲ ਕੋਈ ਉੱਚੇਚਾ ਧਿਆਨ ਨਹੀਂ ਦਿੱਤਾ, ਆਪਣੀ ਹੇਠੀ ਸਮਝ ਕੇ ਤਲਵਾਰ ਦੇ ਕਬਜੇ ਉੱਤੇ ਹੱਥ ਪਾਇਆ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਸ਼ੇਰਸ਼ਾਹ ਸੂਰੀ ਦਾ ਮੁਕਾਬਲਾ ਕਰਨ ਵੇਲੇ ਤੇਰੀ ਤਲਵਾਰ ਕਿੱਥੇ ਗਈ ਸੀ ਜੋ ਤੂੰ ਹੁਣ ਦਰਵੇਸ਼ਾਂ ਨੂੰ ਵਿਖਾ ਰਿਹਾ ਹੈ। ਹਮਾਯੂੰ ਨੇ ਖਿਮਾ ਜਾਚਨਾ ਕੀਤੀ ਅਤੇ ਗੁਰੂ ਜੀ ਨੇ ਇਹ ਅਸ਼ੀਰਵਾਦ ਦਿੱਤਾ ਕਿ ਕੁਝ ਸਾਲਾਂ ਪਿਛੋਂ ਤੇਰਾ ਰਾਜ ਮੁੜ ਸਥਾਪਿਤ ਹੋ ਜਾਵੇਗਾ। 1546 ਵਿਚ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਤੋਂ ਕੁਝ ਮੀਲ ਦੀ ਦੂਰੀ ਤੇ ਬਿਆਸ ਨਦੀ ਦੇ ਕੰਢੇ ਗੋਇੰਦਵਾਲ ਨਗਰ ਦੀ ਨੀਂਹ ਰੱਖ ਕੇ ਇਸ ਨਗਰ ਦੇ ਨਿਰਮਾਣ ਦਾ ਕਾਰਜ ਆਪਣੇ ਸਿੱਖ ਅਮਰਦਾਸ ਜੀ ਨੂੰ ਸੌਂਪ ਦਿੱਤਾ। ਇਸ ਨਗਰ ਦੀ ਵਿਸ਼ੇਸ਼ ਮਹਾਨਤਾ ਇਸ ਕਰਕੇ ਵੀ ਸੀ ਕਿ ਇਹ ਦਿੱਲੀ ਤੇ ਲਾਹੌਰ ਵਾਲੀ ਸ਼ਾਹੀ ਸੜਕ ਦੇ ਉੱਤੇ ਵਾਕਿਆ ਸੀ।

ਗੁਰੂ ਅੰਗਦ ਦੇਵ ਜੀ ਦਾ ਆਪਣਾ ਜੀਵਨ ਗੁਰੂ ਨਾਨਕ ਵਾਂਗ ਪੂਰਨ ਅਨੁਸ਼ਾਸਣ ਵਿਚ ਸੀ। ਇਥੋਂ ਤੱਕ ਕਿ ਆਪ ਆਪਣੇ ਪੁੱਤਰਾਂ ਦਾਸੂ ਤੇ ਦਾਤੂ ਨੂੰ ਵੀ ਗੁਰੂ ਦੇ ਖ਼ਜ਼ਾਨੇ ਵਿਚੋਂ ਮਾਇਆ ਜਾਂ ਕਿਸੇ ਹੋਰ ਸਾਧਨ ਦੀ ਵਰਤੋਂ ਦੀ ਆਗਿਆ ਨਹੀਂ ਸਨ ਦਿੰਦੇ ਅਤੇ ਕਹਿੰਦੇ ਸਨ ਕਿ ਇਹ ਤਾਂ ਪੂਜਾ ਦਾ ਧਾਨ ਹੈ, ਜਿਹੜਾ ਇਸ ਨੂੰ ਗੁਰੂ ਘਰ ਦੀ ਸੇਵਾ ਤੋਂ ਬਿਨਾਂ ਵਰਤੇਗਾ ਇਸ ਉਸ ਦੇ ਹੱਡਾਂ ਵਿਚ ਪਾਰੇ ਵਾਂਗ ਬੈਠ ਜਾਵੇਗਾ। ਆਪ ਵੀ ਗੁਰੂ ਸਾਹਿਬ ਮੁੰਝ ਦੀਆਂ ਰੱਸੀਆਂ, ਬਗੜ ਦਾ ਵਾਣ ਵੱਟਣ ਦੀ ਹੱਥੀਂ ਕਿਰਤ ਕਰਦੇ ਸਨ।

ਗੁਰੂ ਅੰਗਦ ਦੇਵ ਜੀ ਜਿੱਥੇ ਗੁਰਮਰਿਆਦਾ ਦੇ ਕਾਰਜ ਨੂੰ ਪ੍ਰਵੀਨਤਾ ਨਾਲ ਨਿਭਾਉਂਦੇ ਸਨ, ਉੱਥੇ ਗੁਰੂ ਨਾਨਕ ਬਾਣੀ ਦੇ ਖਜ਼ਾਨੇ ਤੇ ਗੁਰੂ ਨਾਨਕ ਦੇਵ ਜੀ ਵੱਲੋਂ ਸੁਣੇ ਗੁਰ ਉਪਦੇਸ਼ਾਂ ਦੇ ਆਧਾਰ ਉੱਤੇ ਜੋਗੀਆਂ, ਉਦਾਸੀਆਂ ਅਤੇ ਹੋਰ ਭੇਖਾਂ ਦੇ ਅਨੁਸਾਰੀਆਂ ਨਾਲ ਵਿਚਾਰ ਗੋਸ਼ਟਾਂ ਵੀ ਕਰਦੇ ਸਨ ਤਾਂ ਜੋ



Sri Satguru Jagjit Singh Ji Elibrary NamdhariElibrary@gmail.com

ਗੁਰਮਤਿ ਦੇ ਪੱਕੇ ਆਧਾਰਾਂ ਦਾ ਸਹੀ ਦਿਸ਼ਾਵਾਂ ਵਿਚ ਵਿਕਾਸ ਹੋ ਸਕੇ।

1*ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿਚ ਅਜਿਹੀਆਂ ਕੁਝ ਵਿਚਾਰ ਗੋਸ਼ਟੀਆਂ ਤੇ ਵਾਪਰੀਆਂ ਘਟਨਾਵਾਂ ਦਾ ਵਰਣਨ ਵੀ ਕੀਤਾ ਗਿਆ ਹੈ ਕਿ ਕਿਵੇਂ ਇਕ ਵਾਰ ਜੋਗੀਆਂ ਦੀ ਮੰਡਲੀ ਉਸ ਸਥਾਨ ਤੇ ਆ ਉਤਰੀ, ਜਿਸ ਨੂੰ ਹੁਣ ਤਪਿਆਣਾ ਕਿਹਾ ਜਾਂਦਾ ਹੈ। ਉਨ੍ਹਾਂ ਨੇ ਗੁਰੂ ਜੀ ਨੂੰ ਜੋਗਮਤ ਦੀ ਵਡਿਆਈ ਦਸਦਿਆਂ ਹੋਇਆਂ ਕਿਹਾ ਜੋਗ ਦੇ ਅਸਟਾਂਗ ਮਾਰਗ ਨੂੰ ਧਾਰਨ ਕਰਨ ਨਾਲ ਬ੍ਰਹਮ ਲੋਕ ਦਾ ਗਿਆਨ ਹੋ ਜਾਂਦਾ ਹੈ ਅਤੇ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਪਰ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਜੋਗੀਆਂ ਨੂੰ ਜੋਗ ਦੇ ਤਿਆਗਮਤ ਨਾਲੋਂ ਗੁਰਮਤਿ ਦੇ ਉਸ ਦਾਰਸ਼ਨਿਕ ਵਿਚਾਰ ਆਦਰਸ਼ਾਂ ਦੀ ਪਰੋੜਤਾ ਕੀਤੀ ਜੋ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਦੇ ਨਾਲ ਹੋਏ ਸੰਵਾਦਾਂ ਵਿਚ ਪ੍ਰਗਟਾਏ ਸਨ, ਜਿਨ੍ਹਾਂ ਦਾ ਸਾਰ ਗੁਰਬਾਣੀ ਵਿਚ ਵੀ ਉਲੇਖ ਕੀਤਾ ਗਿਆ ਹੈ :-

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ
ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥ ਰਹਾਉ
ਜੋਗ ਨ ਬਾਹਰਿ ਮੜੀ ਮਸਾਣੀ ਜੋਗ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

*(ਆਦਿ ਗ੍ਰੰਥ, ਪੰਨਾ 730)*

ਤਿਆਗ ਅਤੇ ਜੋਗ ਮਤ ਦੇ ਭੇਖ ਨੂੰ ਧਾਰਨ ਤੋਂ ਬਿਨਾਂ ਹੀ ਅੰਗਦ ਦੇਵ ਜੀ ਨੇ ਜੀਵਨ ਮੁਕਤੀ ਤੇ ਭਵਸਾਗਰ ਨੂੰ ਪਾਰ ਕਰਨ ਲਈ ਸਿੱਧੀ ਸਾਦੀ ਜੁਗਤ ਦਾ ਉਪਦੇਸ਼ ਕੀਤਾ :

ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ॥

*(ਆਦਿ ਗ੍ਰੰਥ, ਪੰਨਾ 422)*

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

ਆਖੀਰ ਜੋਗੀਆਂ ਨੇ ਇਹ ਗੱਲ ਕਹਿ ਕੇ ਗੁਰੂ ਜੀ ਨੂੰ ਨਮਸਕਾਰ ਕਰਕੇ ਆਦੇਸ਼ ਕੀਤਾ :

ਦੀਖਿਆ ਆਪਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ੍ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਉ॥

1* ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਪੰਨਾ 324



Sri Satguru Jagjit Singh Ji Elibrary NamdhariElibrary@gmail.com

*(ਆਦਿ ਗ੍ਰੰਥ, ਪੰਨਾ 150)*

ਖਡੂਰ ਦੇ ਇਸ ਤਪਿਆਣਾ ਸਥਾਨ ਉੱਤੇ ਜੋਗੀਆਂ ਨਾਲ ਹੋਈ ਗੁਰੂ ਅੰਗਦ ਦੇਵ ਜੀ ਦੀ ਵਿਚਾਰ ਗੋਸ਼ਟੀ ਵਿਚ ਹੋਏ ਸੰਵਾਦਾਂ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਧਾਂ ਨਾਲ ਕੀਤੀਆਂ ਗੋਸ਼ਟੀਆਂ ਦੇ ਬੋਲਾਂ ਦੀ ਹੀ ਗੂੰਜ ਸੁਣਾਈ ਦਿੰਦੀ ਹੈ।

## ਪ੍ਰਚਾਰ ਦੌਰੇ

ਕੁਝ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਗੁਰੂ ਅੰਗਦ ਦੇਵ ਜੀ ਦੀ ਕੀਰਤੀ ਆਲੇ ਦੁਆਲੇ ਦੇ ਇਲਾਕੇ ਵਿਚ ਫੈਲ ਗਈ। ਗੁਰਸਿੱਖਾਂ ਦੇ ਉਧਾਰ ਲਈ ਆਪ ਜੀ ਨੇ ਉਨ੍ਹਾਂ ਦੀ ਬੇਨਤੀ ਉੱਤੇ ਗੁਰਮਤਿ ਦੇ ਪ੍ਰਚਾਰ ਲਈ ਵੀ ਦੌਰੇ ਕੀਤੇ। ਇਸ ਪ੍ਰਕਰਨ ਵਿਚ ਗਿਆਨੀ ਗਿਆਨ ਸਿੰਘ ਨੇ ਤਿੰਨਾਂ ਮਹੀਨਿਆਂ ਦੇ ਗੁਰੂ ਅੰਗਦ ਦੇਵ ਜੀ ਦੇ ਕੀਤੇ ਗਏ ਪ੍ਰਚਾਰ ਦੌਰੇ ਦਾ ਜ਼ਿਕਰ ਬੜੇ ਰੌਚਿਕ ਢੰਗ ਨਾਲ ਕੀਤਾ ਹੈ :

[1*]"ਸੰਮਤ 1604 ਬਿ: ਨੂੰ ਮਾਲਵੇ ਮਾਝੇ ਦੇਸ ਦੇ ਸਿੱਖਾਂ ਦੀ ਬੇਨਤੀ ਮੰਨਕੇ ਗੁਰੂ ਅੰਗਦ ਜੀ ਸੇਵਕਾਂ ਨੂੰ ਦਰਸ਼ਨ ਦੇਣ ਚੜ੍ਹੇ, ਦੋ ਚੌਕੀਆਂ ਰਬਾਬੀਆਂ ਦੀਆਂ ਪੰਜਾਹ ਕੁ ਸਿੱਖ ਸਾਧ, ਚਾਰ ਊਠ ਭਾਰ ਵਾਸਤੇ ਲੈ ਕੇ ਅਨੇਕ ਨਗਰਾਂ ਵਿਚ ਉਤਰਦੇ ਹੋਏ ਹਰੀ ਕੇ ਪੱਤਣ ਸਤਲੁਜ ਪਾਰ ਹੋ ਅਨੰਤ ਪੁਰਸ਼ਾਂ ਦਾ ਉਧਾਰ ਕਰਕੇ ਮੱਤੇ ਦੀ ਸਰਾਇ ਆਪਣੀ ਜਨਮ ਭੂਮੀ ਜਾ ਦੇਖੀ। ਉਥੋਂ ਹੋ ਹਰੀਕੇ ਪਿੰਡ ਜਾ ਉਤਰੇ, ਸਭ ਲੋਕ ਦਰਸ਼ਨ ਕਰਨ ਆਏ, ਅੰਨ ਬਸਤਰ ਬਹੁਤ ਚੜ੍ਹਿਆ, ਕਈ ਦਿਨ ਪਿੰਡ ਦੇ ਨਿਵਾਸੀਆਂ ਨੇ ਗੁਰੂ ਜੀ ਨੂੰ ਆਪਣੇ ਪਾਸ ਰੱਖ ਕੇ ਉਪਦੇਸ਼ ਲਿਆ। ਕਥਾ ਕੀਰਤਨ, ਬਚਨ, ਬਿਲਾਸ ਸੁਣਕੇ ਨਿਹਾਲ ਹੋਏ। ਉੱਥੇ ਗੁਰੂ ਜੀ 17 ਦਿਨ ਠਹਿਰੇ। ਉਥੋਂ ਦਾ ਚੌਧਰੀ ਬਖਤਾਵਰ ਜੋ ਬਹੱਤਰ ਪਿੰਡਾਂ ਦੇ ਟਕੇ (ਮਾਮਲਾ) ਦਿੱਲੀ ਭਰਿਆ ਕਰਦਾ ਸੀ ਦਾ ਹੰਕਾਰ ਤੋੜਿਆ......

........ ਤਿੰਨ ਮਹੀਨੇ ਪਿਛੋਂ ਫੇਰ ਖਡੂਰ ਆ ਬਿਰਾਜੇ॥

ਕਾਫੀ ਸਮੇਂ ਤੋਂ ਪਿੰਡ ਵਿਚ ਕਾਲ ਤੇ ਸੋਕੇ ਦਾ ਪਹਿਰਾ ਸੀ। ਖਡੂਰ ਵਿਖੇ ਹੀ ਸ਼ਿਵਨਾਥ ਜੋਗੀ ਤਪੇ ਨੇ ਗੁਰੂ ਜੀ ਵਿਰੁੱਧ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਇੱਥੇ ਮੀਂਹ ਕਿਵੇਂ ਪਵੇ। ਇੱਥੇ ਤਾਂ ਘਰ ਗ੍ਰਹਿਸਥੀ ਹੀ ਗੁਰੂ ਬਣੀ ਬੈਠੇ ਹਨ। ਇਸ ਨੂੰ ਪਿੰਡ ਵਿਚੋਂ ਕੱਢੋ ਤਾਂ ਵਰਖਾ ਹੋਵੇਗੀ। ਗੁਰੂ ਜੀ ਨੇ ਲੋਕ ਮਨਾਂ ਨੂੰ ਸ਼ਾਂਤ ਕਰਨ ਲਈ ਜਾਂ ਦੂਜੇ ਸ਼ਬਦਾਂ ਵਿਚ ਪ੍ਰਮਾਤਮਾ ਦੇ ਹੁਕਮੀ ਖੇਡ ਨੂੰ ਦ੍ਰਿੜਾਉਣ ਅਤੇ ਰਜ਼ਾ ਵਿਚ ਰਹਿਣ ਉੱਤੇ ਅਮਲ ਕਰਨ ਲਈ ਪਿੰਡ ਤੋਂ ਬਾਹਰ

---

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 326



Sri Satguru Jagjit Singh Ji Elibrary NamdhariElibrary@gmail.com

ਜਾ ਡੇਰਾ ਲਾਇਆ। ਗੁਰੂ ਅਮਰਦਾਸ ਜੀ ਪਿੰਡ ਤੋਂ ਬਾਹਰ ਗਏ ਹੋਏ ਸਨ, ਜਦੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ। ਉਨ੍ਹਾਂ ਨੇ ਕਿਹਾ ਜੋਗੀ ਨੂੰ ਹਲ ਨਾਲ ਜੋੜ ਕੇ ਜਿੱਥੇ ਜਿੱਥੇ ਪਿੰਡ ਵਾਲੇ ਲੈ ਕੇ ਜਾਣਗੇ, ਉਥੇ ਹੀ ਵਰਖਾ ਹੋਵੇਗੀ। ਜਦੋਂ ਇਸੇ ਤਰ੍ਹਾਂ ਕੀਤਾ ਗਿਆ ਤਾਂ ਖੂਬ ਬਰਸਾਤ ਹੋਈ ਪਰ ਜਦੋਂ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਅਮਰਦਾਸ ਜੀ ਨੂੰ ਅੱਗੇ ਤੋਂ ਅਜਿਹੀ ਕਰਾਮਾਤ ਦਿਖਾਉਣ ਤੋਂ ਵਰਜ ਦਿੱਤਾ। ਇਸ ਤਰ੍ਹਾਂ ਅਮਰਦਾਸ ਜੀ ਨੇ ਇਹ ਵਾਰ ਡੇਰੋਂ ਪਿੰਡ ਵਿਚ ਭਾਈ ਖੇਮੇ ਨੂੰ ਪੁੱਤਰ ਦੀ ਦਾਤ ਦਾ ਵਰ ਦਿੱਤਾ ਸੀ। ਇਸ ਉੱਤੇ ਵੀ ਗੁਰੂ ਜੀ ਨੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਸੀ ਅਤੇ ਅਮਰਦਾਸ ਜੀ ਨੂੰ ਇੰਝ ਫੁਰਮਾਇਆ ਸੀ :

1*"ਗੁਰੂ ਜੀ ਬੋਲੇ ਸਾਡੇ ਪਾਸ ਰਹਿਕੇ ਛਿਮਾਂ, ਸਹਾਰਾ ਜਰਣਾ ਜੇਕਰ ਨਾ ਧਾਰੀ ਤਾਂ ਕੀ ਫਲ ਹੋਯਾ, ਨਿਰਾਪੁਰਾਂ ਲੋਕਾਂ ਨੂੰ ਰਿਝਾਉਣਾਂ ਸਾਡੇ ਪਸੰਦ ਨਹੀਂ ? ........... ਗੁਰੂ ਜੀ ਨੇ ਕਿਹਾ ਸਾਧ ਧਰਤੀ ਜੇਡਾ ਧੀਰਜ ਤੇ ਪਰਬਤ ਵਾਂਗੂੰ ਦੁਖ ਸੁਖਮਾਨ-ਅਪਮਾਨ ਵਿਚ ਅਡੋਲਤਾ, ਜਲ ਜੇਹੀ ਨਿਰਮਲਤਾ ਤੇ ਅਗਨੀ ਦਾ ਸੁਭਾਅ ਸੁਆਦ ਬੇ ਸੁਆਦ ਨਾ ਪਰਖਣ ਵਾਲਾ ਰੱਖੇ ਤੇ ਪੌਣ ਵਾਂਗ ਸਭ ਨਾਲ ਸਪਰਸ਼ ਕਰਦਾ ਹੋਯਾ ਭੀ ਅਸੰਗ ਰਹੇ। ਸਭ ਆਤਮਾ ਨੂੰ ਪ੍ਰਮਾਤਮਾ ਦੇਖੇ, ਕਿਸੇ ਦਾ ਬੁਰਾ ਨਾ ਕਰੇ ਤੇ ਛੋਟਾ ਬਣ ਰਹੇ, ਕਿਉਂ ਜੋ ਜਿਸ ਪ੍ਰਕਾਰ ਛੋਟਾ ਬਾਲਕ ਮਾਤਾ ਪਿਤਾ ਨੂੰ ਪਿਆਰਾ ਲਗਦਾ ਹੈ, ਉਸੇ ਤਰ੍ਹਾਂ ਪ੍ਰਮੇਸ਼ਵਰ ਭੀ ਛੋਟਿਆਂ ਦਾ ਪਿਆਰਾ ਹੈ। ਉਤਨੀ ਕੀਮਤ ਪਰਬਤ ਦੀ ਨਹੀਂ ਪੈਂਦੀ ਜਿਤਨੀ ਨਿੱਕੇ ਜਿਹੇ (ਪੱਥਰ) ਹੀਰੇ ਦੀ ਪੈਂਦੀ ਹੈ। ਏਸ ਅਜਰ ਵਸਤੂ ਦਾ ਜਰਣਾ ਬਹੁਤ ਔਖਾ ਹੈ, ਜੋ ਜਰੇਗਾ ਸੋ ਤਰੇਗਾ।"

ਗੁਰੂ ਅੰਗਦ ਦੇਵ ਜੀ ਦੀ ਇਹ ਸਿੱਖਿਆ, ਅਮਰਦਾਸ ਜੀ ਨੇ ਅੱਗੇ ਤੋਂ ਪੱਲੇ ਬੰਨ੍ਹ ਲਈ।

ਸ਼ੀਹਾਂ ਨਾਮ ਉੱਪਲ ਖਤਰੀ ਪੰਜ ਬੱਕਰੇ ਨਾਲ ਲੈ ਕੇ ਗੁਰੂ ਜੀ ਦੀ ਹਜੂਰੀ ਵਿਚ ਆਇਆ ਤੇ ਬੇਨਤੀ ਕੀਤੀ ਮੇਰੇ ਪੁੱਤਰਾਂ ਦੇ ਮੁੰਡਨ ਉੱਤੇ ਜਨੇਊ ਦਾ ਸੰਸਕਾਰ ਨਿਭਾਉ। ਗੁਰੂ ਜੀ ਨੇ ਫੁਰਮਾਇਆ ਪ੍ਰਮੇਸ਼ਵਰ ਦੀ ਹਜੂਰੀ ਵਿਚ ਹਰ ਇਕ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ - ਮਾਸ ਦੀ ਥਾਂ ਤੇ ਕੜਾਹ ਪ੍ਰਸ਼ਾਦ ਵੰਡੋ ਤੇ ਸਿੱਖਾਂ, ਸਾਧਾਂ, ਗਰੀਬਾਂ ਨੂੰ ਛਕਾਓ। ਸ਼ਬਦ ਕੀਰਤਨ ਦਾ ਉਚਾਰ ਕਰਾਓ, ਸਭ ਕਾਰਜ ਰਾਸ ਹੋਣਗੇ।

ਗੁਰੂ ਅੰਗਦ ਦੇਵ ਜੀ ਦੀ ਸੁਪੁੱਤਰੀ ਬੀਬੀ ਅਮਰੋ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਗੁਰੂ ਅਮਰਦਾਸ ਵੈਸ਼ਨਵ

1* ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 329



Sri Satguru Jagjit Singh Ji Elibrary NamdhariElibrary@gmail.com

ਭਗਤ ਸਨ ਅਤੇ ਆਪਣੇ ਜੀਵਨ ਕਾਲ ਵਿਚ ਹਰ ਸਾਲ ਹਰਿਦੁਆਰ ਦੀ ਯਾਤਰਾ ਕਰਨ ਜਾਂਦੇ ਹੁੰਦੇ ਸਨ। ਇਕ ਵਾਰੀ ਰਸਤੇ ਵਿਚ ਇਕ ਸਾਧੂ ਦੇ ਪੁੱਛਣ ਉੱਤੇ ਤੇਰਾ ਗੁਰੂ ਕੌਣ ਹੈ? ਆਪ ਨਿਰਉੱਤਰ ਹੋ ਗਏ ਤਾਂ ਆਪਣੇ ਭਤੀਜੇ ਦੀ ਪਤਨੀ ਬੀਬੀ ਅਮਰੋ ਜੋ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਪਾਠ ਕਰਦੀ ਹੁੰਦੀ ਸੀ ਤੋਂ ਇਹ ਪੁੱਛ ਕੇ ਇਹ ਕਿਸ ਦੀ ਬਾਣੀ ਹੈ ? ਬੀਬੀ ਅਮਰੋ ਦੇ ਦੱਸਣ ਉੱਤੇ ਆਪ ਗੁਰੂ ਅੰਗਦ ਦੇਵ ਕੋਲ ਖਡੂਰ ਪੁੱਜ ਗਏ ਅਤੇ ਫਿਰ ਉੱਥੇ ਰਹਿ ਕੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਲੱਗੇ। ਆਪ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਂਦੇ ਤੇ ਗੁਰੂ ਅੰਗਦ ਦੇਵ ਜੀ ਦਾ ਇਸ਼ਨਾਨ ਕਰਵਾਉਂਦੇ। ਲੱਕੜੀਆਂ ਲਿਆਂਦੇ ਅਤੇ ਲੰਗਰ ਦੀ ਸੇਵਾ ਵੀ ਕਰਦੇ। ਇਕ ਹਨੇਰੀ ਰਾਤ ਜਦੋਂ ਮੀਂਹ ਜ਼ੋਰ ਦੀ ਪੈ ਰਿਹਾ ਸੀ ਤਾਂ ਆਪ ਇਕ ਕਿੱਲੇ ਨਾਲ ਠੇਢਾ ਖਾ ਕੇ ਡਿੱਗ ਪਏ। ਖੜਾਕ ਸੁਣ ਕੇ ਨਾਲ ਦੇ ਘਰ ਵਾਲੇ ਜੁਲਾਹੇ ਦੀ ਪਤਨੀ ਨੇ ਕਿਹਾ - ਐਸ ਵੇਲੇ ਹੋਰ ਕੌਣ ਹੋ ਸਕਦਾ ਹੈ! ਅਮਰੂ ਨਥਾਵਾਂ ਹੀ ਹੋਵੇਗਾ। ਜਦੋਂ ਗੁਰੂ ਅੰਗਦ ਦੇਵ ਜੀ ਨੂੰ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਆਪ ਜੀ ਨੇ ਆਪਣੇ ਸਿੱਖ ਅਮਰਦਾਸ ਜੀ ਨੂੰ ਇਹ ਵਰ ਬਖ਼ਸ਼ੇ ਨਿਥਾਵਿਆਂ ਦਾ ਥਾਉਂ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ ਨਿਓਟਿਆਂ ਦੀ ਓਟ, ਨਿਘਰਿਆਂ ਦਾ ਘਰ, ਬੰਦੀਆਂ ਦਾ ਮੁਕਤੀਦਾਤਾ ਆਦਿ ਅਤੇ ਆਪ ਜੀ ਦੀ ਸੇਵਾ ਤੇ ਭਗਤੀ ਤੋਂ ਪ੍ਰਸ਼ੰਨ ਹੋ ਕੇ ਆਪ ਜੀ ਨੂੰ ਗੁਰਆਈ ਦੀ ਦਾਤ 29 ਮਾਰਚ 1552 ਨੂੰ ਬਖਸ਼ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ। ਆਪ ਜੀ ਦੇ ਸਿਰ ਉਪਰ ਸੱਤਾ ਤੇ ਬਲਵੰਡ ਦੇ ਕਥਨ ਅਨੁਸਾਰ ਨਿਰੰਜਨੀ ਛਤਰ ਝੁਲਦਾ ਰਿਹਾ। ਗੁਰੂ ਨਾਨਕ ਦੇਵ ਵਾਲੀ ਆਤਮਿਕ ਜੋਤੀ ਅਤੇ ਸਥਾਪਿਤ ਜੁਗਤ ਨੂੰ ਗੁਰੂ ਅੰਗਦ ਜੀ ਨੇ ਕਾਇਮ ਰੱਖਿਆ ਅਤੇ ਮਾਤਾ ਖੀਵੀ ਜੀ ਦੀ ਸੇਵਾ ਭਗਤੀ ਦੁਆਰਾ ਆਪ ਜੀ ਦੇ ਗੁਰੂ ਦੇ ਲੰਗਰ ਵਿਚ ਰਸ ਅੰਮ੍ਰਿਤ ਖੀਰ ਘਿਆਲੀ ਦੇ ਮਿੱਠੇ ਪਦਾਰਥ ਦੇ ਨਾਲ ਨਾਲ ਅੰਮ੍ਰਿਤ ਨਾਮ ਦੀ ਬਖਸ਼ਿਸ਼ ਵੀ ਹੁੰਦੀ ਰਹੀ। ਸੱਤਾ ਤੇ ਬਲਵੰਡ ਨੇ ਰਾਮਕਲੀ ਦੀ ਵਾਰ ਵਿਚ ਗੁਰੂ ਅੰਗਦ ਦੇਵ ਜੀ ਦੀ ਉਪਮਾ ਵਿਚ ਇੰਝ ਫੁਰਮਾਇਆ ਹੈ :-

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥

*(ਆਦਿ ਗ੍ਰੰਥ, ਪੰਨਾ 966, 967)*



Sri Satguru Jagjit Singh Ji Elibrary NamdhariElibrary@gmail.com

.....................................................................

ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

*(ਆਦਿ ਗ੍ਰੰਥ, ਪੰਨਾ 967)*

ਇਸੇ ਵਾਰ ਵਿਚ ਹੀ ਮਾਤਾ ਖੀਵੀ ਜੀ ਦੀ ਉਪਮਾ ਇਨ੍ਹਾਂ ਸ਼ਬਦਾਂ ਦੁਆਰਾ ਕੀਤੀ ਗਈ ਹੈ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥ *(ਆਦਿ ਗ੍ਰੰਥ, ਪੰਨਾ 967)*

## ਗੁਰੂ ਅਮਰਦਾਸ ਜੀ (1479-1574)

ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੀ ਸੌਂਪਣਾ 73 ਵਰਸ਼ ਦੀ ਬਿਰਧ ਵਰੇਸ਼ ਵਿਚ ਪ੍ਰਾਪਤ ਹੋਈ। ਪਰ ਲਗਭਗ 12 ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਸਮਰਪਤ ਰਹਿਣ ਅਤੇ ਉਸ ਤੋਂ ਪਹਿਲਾਂ ਦੇ ਹਿੰਦੂ ਤੀਰਥਾਂ ਦੀਆਂ ਅਨੇਕ ਯਾਤਰਾਵਾਂ ਸਦਕਾ ਆਪ ਜੀ ਕੋਲ ਵਿਸ਼ਾਲ ਅਨੁਭਵ ਤੇ ਦੂਰਦਰਸ਼ਤਾ ਦਾ ਅਖੁੱਟ ਭੰਡਾਰ ਮੌਜੂਦ ਸੀ। ਨਿਮਰਤਾ, ਉਧਾਰਤਾ, ਮਿੱਠ ਬੋਲੜਾ ਸੁਭਾ ਸਭ ਨੂੰ ਕੀਲ ਲੈਣ ਵਾਲਾ ਸੀ। ਇਸ ਲਈ ਆਪ ਜੀ ਨੇ ਆਪਣੇ 22 ਸਾਲ ਦੇ (1552-1574) ਗੁਰੂ ਕਾਲ ਵਿਚ ਸਿੱਖ ਮਤ ਦੇ ਸਰਬ-ਪੱਖੀ ਵਿਕਾਸ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ। ਗੁਰਮਤਿ ਦੇ ਪੱਕੇ ਆਧਾਰਾਂ ਨੂੰ ਸੁਰੱਖਿਅਤ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਜੋਤ ਦੇ ਚਮਤਕਾਰੀ ਪ੍ਰਕਾਸ਼ ਨੂੰ ਦੂਰ ਦੂਰ ਤਕ ਫੈਲਾ ਦਿੱਤਾ। ਗੁਰਸਿੱਖੀ ਦੇ ਕਈ ਕੇਂਦਰ (22 ਮੰਜੀਆਂ) ਸਥਾਪਿਤ ਕੀਤੇ। ਇਸਤਰੀ ਜਾਤੀ ਦਾ ਸੁਧਾਰ ਕੀਤਾ ਅਤੇ ਗੁਰੂ ਦੇ ਲੰਗਰ ਦੀ ਮਹਿਮਾ ਦੂਰ ਦੂਰ ਤਕ ਪਹੁੰਚੀ ਅਤੇ ਇਥੋਂ ਤਕ ਕਿ ਰਾਓ, ਰੰਕ, ਗਰੀਬ, ਅਮੀਰ ਹਰ ਜਾਤੀ ਦੇ ਲੋਕ ਗੁਰੂ ਦੇ ਇਸ ਸਾਂਝੇ ਲੰਗਰ ਵਿਚੋਂ ਪ੍ਰਸ਼ਾਦ ਛੱਕ ਕੇ ਹੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਦੇ ਸਨ। ਸਾਂਝੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਦੀ ਸ਼ਰਤ ਹਰ ਉੱਤੇ ਲਾਗੂ ਹੁੰਦੀ ਸੀ। ਇਥੋਂ ਤਕ ਕਿ ਬਾਦਸ਼ਾਹ ਅਕਬਰ ਨੂੰ ਵੀ ਗੁਰੂ ਜੀ ਦੇ ਦਰਸ਼ਨ ਕਰਨ ਸਮੇਂ ਸਾਂਝੇ ਲੰਗਰ ਵਿਚੋਂ ਪਰਸ਼ਾਦ ਛਕਣਾ ਪਿਆ ਸੀ। ਬਿਆਸ ਨਦੀ ਦੇ ਕੰਢੇ ਵਸਾਇਆ ਗੋਇੰਦਵਾਲ ਦਾ ਨਵਾਂ ਨਗਰ ਹੁਣ ਸੱਚੇ ਅਰਥਾਂ ਵਿਚ ਸਿੱਖੀ ਦਾ ਧੁਰਾ ਬਣ ਗਿਆ ਸੀ।

### ਗੁਰੂ ਅਮਰਦਾਸ ਜੀ ਦੇ ਜੀਵਨ ਸਮਾਚਾਰ

ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ ਹੁਣ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪਿਤਾ ਤੇਜ ਭਾਨ ਅਤੇ (ਮਾਤਾ ਸੁਲਖਣੀ ਲਛਮੀ), ਮਾਤਾ ਬਖਤ ਕੌਰ,



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਯੂਨੀਵਰਸਿਟੀ ਦ ਇਨਸਾਈਕਲੋਪਿਡੀਆ ਆਫ ਸਿੱਖ ਇਜਮ ਜਿਲਦ ਪਹਿਲੀ ਵਿਚ ਮਾਤਾ ਦਾ ਨਾਮ ਬਖਤ ਕੌਰ ਲਿਖਿਆ ਹੈ। ਐਮ. ਆਰ. ਮੈਕਾਲਿਫ ਦੀ ਮਾਤਾ ਦਾ ਨਾਮ ਬਖਤ ਕੌਰ ਦਸਦਾ ਹੈ। ਮਾਤਾ ਬਖਤ ਕੌਰ ਦੇ ਘਰ [1*]5 ਮਈ 1479 (ਬੈਸਾਖ ਸੁਦੀ 14, 1536 ਬਿ੍) ਨੂੰ ਹੋਇਆ। ਆਪ ਭੱਲੇ ਖੱਤਰੀ ਕੁੱਲ ਵਿਚੋਂ ਸਨ ਅਤੇ ਵਣਜ ਵਪਾਰ ਦਾ ਕੰਮ ਕਰਦੇ ਸਨ। ਵੈਸ਼ਨਵ ਭਗਤ ਵੀ ਸਨ ਅਤੇ ਹਰ ਸਾਲ ਹਰਿਦੁਆਰ ਦੀ ਯਾਤਰਾ ਤੇ ਜਾਂਦੇ ਸਨ। ਆਪ ਜੀ ਦਾ ਵਿਆਹ 1502 ਈਸਵੀ ਵਿਚ ਸਵਖੱਤਰੇ ਪਿੰਡ ਦੇਵੀ ਚੰਦ ਬਹਿਲ ਖਤਰੀ ਦੀ ਬੇਟੀ ਰਾਮ ਕੌਰ ਨਾਲ ਹੋਇਆ। ਜਿਨ੍ਹਾਂ ਦਾ ਸੌਹਰਿਆ ਵਿਚ ਨਾਮ ਮਨਸਾ ਦੇਵੀ ਰੱਖਿਆ ਗਿਆ ਸੀ। ਆਪ ਜੀ ਦੇ ਘਰ ਬੀਬੀ ਭਾਨੀ (1533), ਬਾਬਾ ਮੋਹਣ (1538), ਬਾਬਾ ਮੋਹਰੀ (1541) ਅਤੇ ਬੀਬੀ ਦਾਨੀ (1544) ਨੂੰ ਦੋ ਪੁੱਤਰ ਤੇ ਦੋ ਪੁੱਤਰੀਆਂ ਨੇ ਜਨਮ ਲਿਆ।

ਆਪ ਹਰ ਸਾਲ ਹਰਿਦੁਆਰ ਦੀ ਯਾਤਰਾ ਕਰਦੇ ਸਨ। ਇਕ ਵਾਰ ਵਾਪਸੀ ਤੇ ਪਰਤਦੇ ਮੁਲਾਵੇ (ਮੇਹੜੇ) ਪਿੰਡ ਦੇ ਬਾਗ ਵਿਚ ਬਿਰਾਜੇ ਹੋਏ ਸੀ ਤਾਂ ਇਕ ਦੁਰਗਾ ਦੱਤ ਪੰਡਿਤ [2*]ਸਮੁੰਦ੍ਰੀਕ ਨਾਲ ਮਿਲਾਪ ਹੋਇਆ ਜਿਸ ਨੇ ਅਮਰਦਾਸ ਜੀ ਦੀ ਮਹਾਨਤਾ ਨੂੰ ਪਛਾਣ ਲਿਆ ਪਰ ਉਨ੍ਹਾਂ ਵਲੋਂ ਕੀਤੀ ਗਈ ਮਿਠਾਈ ਦੀ ਭੇਂਟ ਨੂੰ ਇਸ ਲਈ ਸਵੀਕਾਰ ਨਹੀਂ ਕੀਤਾ ਕਿਉਂਕਿ ਉਨ੍ਹਾਂ ਨੇ ਤਦੋਂ ਤੱਕ ਕੋਈ ਗੁਰੂ ਧਾਰਨ ਨਹੀਂ ਸੀ ਕੀਤਾ। ਇਸ ਘਟਨਾ ਪਿਛੋਂ ਅਮਰਦਾਸ ਜੀ ਨੂੰ ਗੁਰੂ ਦੀ ਭਾਲ ਦੀ ਲਗਨ ਲੱਗੀ ਅਤੇ ਪਿੰਡ ਆ ਕੇ ਬੀਬੀ ਅਮਰੋ ਜੋ ਰਿਸ਼ਤੇ ਵਜੋਂ ਆਪ ਜੀ ਦੀ ਨੂੰਹ ਲਗਦੀ ਸੀ ਅਤੇ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਸਰਵਣ ਕਰਕੇ ਪੁੱਛ ਬੈਠੇ ਕਿ ਇਹ ਕਿੰਨਾਂ ਦੀ ਬਾਣੀ ਹੈ? ਬੀਬੀ ਅਮਰੋ ਦੇ ਦੱਸਣ ਉੱਤੇ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਹੁਣ ਉਨ੍ਹਾਂ ਦੀ ਗੱਦੀ ਉੱਤੇ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ, ਆਪ ਬੀਬੀ ਅਮਰੋ ਨਾਲ ਖਡੂਰ ਆ ਗਏ ਅਤੇ ਇਸ ਘਟਨਾ ਪਿਛੋਂ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਸਦਾ ਲਈ ਉਨ੍ਹਾਂ ਦੇ ਅਨਿੰਨ ਭਗਤ ਤੇ ਸੇਵਕ ਹੀ ਬਣ ਗਏ ਅਤੇ ਸਦਾ ਲਈ ਉਨ੍ਹਾਂ ਦੇ ਹੀ ਹੋ ਗਏ। ਖਡੂਰ ਰਹਿ ਕੇ ਆਪ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਨਿਸ਼ਕਾਮ ਸੇਵਾ ਕੀਤੀ। ਇਥੋਂ ਤੱਕ ਕਿ ਬਿਆਸ ਨਦੀ ਤੋਂ ਨਿੱਤ ਜਲ ਦੀ ਗਾਗਰ ਭਰ ਕੇ ਲਿਆਂਦੇ ਅਤੇ ਗੁਰੂ ਅੰਗਦ ਦੇਵ ਜੀ ਦਾ ਇਸ਼ਨਾਨ ਕਰਵਾਉਂਦੇ।

ਦਾਤੂ ਗੋਇੰਦਵਾਲ ਜਾ ਕੇ ਗੁਰੂ ਅਮਰਦਾਸ ਦੇ ਦਰਬਾਰ ਦੀ ਸ਼ਾਨ ਨੂੰ

---

[1*] ਭਾਈ ਕਾਨ੍ਹ ਸਿੰਘ, ਨਾਭਾ ਮਹਾਨ ਕੋਸ਼, ਪੰਨਾ 74

[2*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 336



Sri Satguru Jagjit Singh Ji Elibrary NamdhariElibrary@gmail.com

ਵੇਖ ਕੇ ਈਰਖਾ ਦੀ ਅੱਗ ਵਿਚ ਮਚ ਉਠਿਆ, ਉਸਨੇ ਗੁਰੂ ਜੀ ਦਾ ਅਪਮਾਨ ਕੀਤਾ। ਇਥੋਂ ਤਕ ਕਿ ਉਨ੍ਹਾਂ ਦੀ ਪਿਠ ਤੇ ਲਤ ਮਾਰੀ ਤੇ ਕਿਹਾ ਤੇ ਕਿਹਾ ਕਿ ਤੂੰ ਤਾਂ ਸਾਡੇ ਘਰ ਦਾ ਪਾਣੀ ਢੋਣ ਵਾਲਾ ਸੀ, ਗੁਰਿਆਈ ਦਾ ਹੱਕ ਮੇਰਾ ਹੈ। ਗੁਰੂ ਅਮਰਦਾਸ ਜੀ ਉਥੋਂ ਚੁਪ ਚੁਪਾਤੇ ਹੀ ਆਪਣੇ ਪਿੰਡ ਬਾਸਰਕੇ ਆ ਕੇ ਇਕ ਕੋਠੜੀ ਵਿਚ ਬੈਠ ਕੇ ਭਜਨ ਵਿਚ ਲੀਨ ਰਹਿਣ ਲੱਗੇ। ਦਾਤੂ ਆਪਣੀ ਦਾਲ ਨਾ ਗਲਦੀ ਵੇਖ ਕੇ ਗੋਇੰਦਵਾਲ ਤੋਂ ਗੁਰੂ ਅਮਰਦਾਸ ਜੀ ਦਾ ਧਨ ਮਾਲ ਲੈ ਕੇ ਖਡੂਰ ਚਲਾ ਗਿਆ। ਪਰ ਬਾਬਾ ਬੁੱਢਾ ਤੇ ਹੋਰ ਸਿੱਖਾਂ ਨੇ ਜਾ ਕੇ ਗੁਰੂ ਜੀ ਨੂੰ ਬਾਸਰਕੇ ਦੇ ਉਸ ਕੋਠੇ ਵਿਚੋਂ ਲਭ ਲਿਆ, ਜਿਸ ਦੇ ਬੂਹੇ ਤੇ ਲਿਖਿਆ ਸੀ ਇਸ ਬੂਹੇ ਰਾਹੀਂ ਕੋਈ ਅੰਦਰ ਨਾ ਆਵੇ। ਬਾਬਾ ਬੁੱਢਾ ਜੀ ਨੇ ਕੋਠੜੀ ਦੇ ਪਿਛਲੇ ਸਿਰਿਉਂ ਸੰਨ ਲਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। (ਇਸ ਸਥਾਨ ਤੇ ਹੁਣ ਗੁਰਦੁਆਰਾ ਸੰਨ ਸਾਹਿਬ ਸਥਿਤ ਹੈ) ਅਤੇ ਬੇਨਤੀ ਕਰਕੇ ਗੁਰੂ ਜੀ ਨੂੰ ਮੁੜ ਗੋਇੰਦਵਾਲ ਲੈ ਆਂਦਾ। ਇਸ ਘਟਨਾ ਪਿਛੋਂ ਗੁਰੂ ਦਰਬਾਰ ਦੀ ਸ਼ਾਨ ਵਿਚ ਦੂਣਾ-ਚੌਗੁਣਾ ਵਾਧਾ ਹੋਇਆ।

[History of Punjab (K. S. Narang) P. 80]

ਕੱਪੜੇ ਧੋਂਦੇ ਅਤੇ ਲੰਗਰ ਦੀ ਸੇਵਾ ਕਰਦੇ। ਇਹ ਉਸੇ ਤਰ੍ਹਾਂ ਦੀ ਪ੍ਰੀਖਿਆ ਸੀ ਜਿਹੋ ਜਿਹੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਕਰਤਾਰਪੁਰ ਰਹਿ ਕੇ ਕਰਨੀ ਪਈ ਸੀ। ਆਪ ਗੁਰਗੱਦੀ ਨੂੰ ਪ੍ਰਾਪਤ ਕਰਕੇ ਨਵੇਂ ਵਸਾਏ ਨਗਰ ਗੋਇੰਦਵਾਲ ਵਿਚ ਆ ਗਏ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਬਾਬਾ ਦਾਤੂ ਜੀ ਹਾਲੇਂ ਵੀ ਉਨ੍ਹਾਂ ਦਾ ਵਿਰੋਧ ਕਰਦੇ ਸਨ ਪਰ ਆਪ ਜੀ ਦੀ ਨਿਮਰਤਾ ਅਤੇ ਸਹਿਣਸ਼ੀਲਤਾ ਨੇ ਸਭ ਸਿੱਖਾਂ ਦੇ ਮਨਾਂ ਨੂੰ ਜਿੱਤ ਲਿਆ ਸੀ।

ਜਦੋਂ ਮੁਗਲ ਸ਼ਹਿਨਸ਼ਾਹ ਅਕਬਰ ਨੇ 1567 ਵਿਚ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਕੇ ਸਾਂਝੇ ਲੰਗਰ ਵਿਚੋਂ ਪਰਸ਼ਾਦ ਛੱਕ ਕੇ ਕੁਝ ਜਾਗੀਰ ਗੁਰੂ ਕੇ ਲੰਗਰ ਨੂੰ ਦੇਣੀ ਚਾਹੀ ਤਾਂ ਗੁਰੂ ਅਮਰਦਾਸ ਜੀ ਨੇ ਨਿਮਰਤਾ ਸਹਿਤ ਇਸ ਨੂੰ ਸਵੀਕਾਰ ਨਾ ਕੀਤਾ ਅਤੇ ਇਹ ਬਚਨ ਕੀਤਾ ਇਹ ਤਾਂ ਲੋਕਾਂ ਦਾ ਲੰਗਰ ਹੈ। ਲੋਕਾਂ ਦੇ ਆਸਰੇ ਹੀ ਚਲਦਾ ਹੈ। ਇਸ ਲੰਗਰ ਵਿਚ ਜੋ ਕੁਝ ਵੀ ਤਿਆਰ ਕੀਤਾ ਜਾਂਦਾ ਸੀ ਉਹ ਸਭ ਉਸੇ ਦਿਨ ਵਰਤਾ ਦਿੱਤਾ ਜਾਂਦਾ ਸੀ ਅਗਲੀ ਭਲਕ ਲਈ ਕੁਝ ਵੀ ਨਹੀਂ ਸੀ ਰੱਖਿਆ ਜਾਂਦਾ ਫਿਰ ਬਾਦਸ਼ਾਹ ਨੇ ਕੁਝ ਪਿੰਡਾਂ ਦਾ 'ਪਟਾ' ਬੀਬੀ ਭਾਨੀ ਦੇ ਨਾਮ ਕਰ ਦਿੱਤਾ। ਜਿਸ ਦਾ ਵਿਆਹ ਭਾਈ ਜੇਠਾ ਜੀ ਨਾਲ ਹੋ ਚੁੱਕਾ ਸੀ। ਇੱਥੇ ਹੀ ਪਿਛੋਂ ਆ ਕੇ ਜਦੋਂ ਗੁਰੂ ਰਾਮਦਾਸ ਜੀ ਨੂੰ 1574 ਵਿਚ ਗੁਰਿਆਈ ਮਿਲੀ ਤਾਂ ਅੰਮ੍ਰਿਤਸਰ ਦਾ ਮਹਾਨ ਨਗਰ



Sri Satguru Jagjit Singh Ji Elibrary NamdhariElibrary@gmail.com

ਵਸਾਇਆ ਗਿਆ।

ਭਾਈ ਜੇਠਾ ਜੀ ਨੇ ਗੁਰੂ ਅਮਰਦਾਸ ਜੀ ਦੀ ਉਸੇ ਤਰ੍ਹਾਂ ਨਿਰਮਾਣ ਤੇ ਨਿਸ਼ਕਾਮ ਸੇਵਾ ਕੀਤੀ, ਜਿਸ ਤਰ੍ਹਾਂ ਆਪ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਕੀਤੀ ਸੀ। ਜਦੋਂ ਆਲੇ-ਦੁਆਲੇ ਦੇ ਕੁਝ ਲੋਕਾਂ ਨੇ ਬਾਦਸ਼ਾਹ ਅਕਬਰ ਨੂੰ ਇਹ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਸਾਮਾਜਿਕ ਤੇ ਧਾਰਮਿਕ ਤੌਰ ਤੇ ਪੁਰਾਤਨ ਸਾਮਾਜਿਕ ਮਰਿਆਦਾ ਦੇ ਵਿਪਰੀਤ ਨਵੀਆਂ ਲੀਹਾਂ ਪਾ ਰਹੇ ਹਨ ਤਾਂ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਇਸ ਸ਼ਿਕਾਇਤ ਦੀ ਪੈਰਵੀ ਕਰਨ ਲਈ ਭੇਜਿਆ, ਜਿਨ੍ਹਾਂ ਨੇ ਦਲੀਲਾਂ ਦੇ ਕੇ ਬਾਦਸ਼ਾਹ ਅਕਬਰ ਨੂੰ ਸੰਤੁਸ਼ਟ ਕੀਤਾ ਜੋ ਪਹਿਲਾਂ ਹੀ ਧਾਰਮਿਕ ਮਾਣ ਮਰਿਆਦਾ ਵਿਚ ਬੜਾ ਉਦਾਰਚਿੱਤ ਸੀ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ 1552 ਵਿਚ 84 ਪੌੜੀਆਂ ਵਾਲੀ ਬਾਉਲੀ ਦਾ ਨਿਰਮਾਣ ਕੀਤਾ ਜਿਸ ਦਾ ਕਾਰਜ 1559 ਵਿਚ ਸੰਪੂਰਨ ਹੋਇਆ। ਜੋ ਹੁਣ ਤਕ ਗੁਰੂ ਅਮਰਦਾਸ ਜੀ ਦੀ ਕ੍ਰਿਪਾ ਦੁਆਰਾ ਸਿੱਖਾਂ ਦਾ ਮੰਨਿਆ ਪਰਮੰਨਿਆ ਤੀਰਥ ਸਥਾਨ ਹੈ। ਇਸ ਬਾਉਲੀ ਦੀ ਉਸਾਰੀ ਵਿਚ ਵੀ ਭਾਈ ਜੇਠਾ ਜੀ ਨੇ ਨਿਰਮਾਣ ਸੇਵਾ ਕਰਕੇ ਵੱਡਾ ਜਸ ਖੱਟਿਆ।

ਗੁਰੂ ਅਮਰਦਾਸ ਜੀ ਨੇ ਜਿੱਥੇ ਆਪਣੇ ਗੁਰੂ ਕਾਲ ਵਿਚ ਪ੍ਰਚਾਰ ਦੇ ਕਈ ਕੇਂਦਰ ਸਥਾਪਿਤ ਕੀਤੇ ਉੱਥੇ ਗੁਰਬਾਣੀ ਦਾ ਅਥਾਹ ਖ਼ਜ਼ਾਨਾ ਵੀ ਰਚਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ ਦਾ ਭੰਡਾਰ ਕਾਫੀ ਵੱਡ ਆਕਾਰੀ ਹੈ। ਇਸ ਵਿਚ ਭਿੰਨ ਭਿੰਨ ਕਾਵਿ ਰੂਪਾਂ, ਛੰਦਾਂ ਦੀ ਵਰਤੋਂ ਕੀਤੀ ਗਈ ਹੈ। 17 ਰਾਗਾਂ ਵਿਚ ਰਚੀ ਗਈ ਇਹ ਬਾਣੀ ਬੜੀ ਸਰਲ ਠੇਠ ਤੇ ਹਰ ਇਕ ਦੀ ਸਮਝ ਵਿਚ ਆ ਜਾਣ ਵਾਲੀ ਬਿੰਬਾਵਲੀ ਨਾਲ ਓਤਪ੍ਰੋਤ ਹੈ ਆਪ ਜੀ ਦੀਆਂ ਲੰਗੋਰੀਆਂ, ਬਾਣੀਆਂ ਵਿਚ ਰਾਮਕਲੀ ਰਾਗ ਵਿਚ ਰਚਿਆ ਗਿਆ 'ਅਨੰਦ' ਤਾਂ ਸਿੱਖਾਂ ਦੇ ਨਿੱਤਨੇਮ ਦੀਆਂ ਪ੍ਰਮੁੱਖ ਬਾਣੀਆਂ ਵਿਚ ਗਿਣਿਆ ਜਾਂਦਾ ਹੈ। ਆਪ ਜੀ ਦੀਆਂ ਰਚੀਆਂ ਹੋਈਆਂ ਵਾਰਾਂ ਸਤਵਾਰ ਅਲਾਹੁਣੀਆਂ, ਪੱਟੀ ਤੇ ਸੋਹਲੇ, ਗੁਰਮਤਿ ਦੇ ਅਧਿਆਤਮਿਕ ਗਿਆਨ ਦਾ ਅਥਾਹ ਭੰਡਾਰ ਹਨ ਅਤੇ ਕਈ ਦਾਰਸ਼ਨਿਕ ਸਿਧਾਂਤਾਂ ਦਾ ਸਪਸ਼ਟੀਕਰਨ ਕਰਦੇ ਹਨ। ਆਪ ਜੀ ਨੇ ਗੁਰਬਾਣੀ ਦੇ ਉਸ ਖਜ਼ਾਨੇ ਨੂੰ ਜੋ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਤੋਂ ਪ੍ਰਾਪਤ ਹੋਇਆ ਸੀ, ਵਿਚ ਪਹਿਲੇ ਗੁਰੂਆਂ ਦੀ ਬਾਣੀ ਸਹਿਤ ਇਸ ਭੰਡਾਰ ਵਿਚ ਆਪ ਬਾਣੀ ਰਚ ਕੇ ਵੱਡਮੁੱਲਾ ਵਾਧਾ ਕੀਤਾ। ਭਗਤ ਬਾਣੀ ਨੂੰ ਵੀ ਇਕੱਤਰ ਕਰਨ ਦਾ ਯਤਨ ਕੀਤਾ ਅਤੇ ਆਪ ਜੀ ਦੀ ਸੰਤਾਨ ਵਿਚੋਂ ਬਾਬਾ ਮੋਹਨ ਜੀ ਦੇ ਸਪੁੱਤਰ ਸਹੰਸਰ ਰਾਮ ਨੇ ਦੋ ਪੋਥੀਆਂ ਦਾ ਸੰਗ੍ਰਹਿ ਕੀਤਾ,



Sri Satguru Jagjit Singh Ji Elibrary NamdhariElibrary@gmail.com

ਜਿਨ੍ਹਾਂ ਨੂੰ ਗੋਇੰਦਵਾਲ ਦੀਆਂ ਪੋਥੀਆਂ ਕਰਕੇ ਜਾਣਿਆ ਜਾਂਦਾ ਹੈ। ਇਸ ਬਾਣੀ ਦੇ ਸੰਗ੍ਰਹਿ ਨੂੰ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਬਾਬਾ ਮੋਹਨ ਜੀ ਤੋਂ ਵਿਸ਼ੇਸ਼ ਘਾਲ ਕਰਕੇ ਪ੍ਰਾਪਤ ਕੀਤਾ ਸੀ। ਗੁਰੂ ਅਮਰਦਾਸ ਜੀ ਨੂੰ ਆਪਣੇ ਗੁਰਿਆਈ ਦੇ ਕਾਲ ਵਿਚ ਬਹੁਤ ਸਾਰੀਆਂ ਔਕੜਾਂ ਤੇ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਕਈ ਵਾਰ ਗੋਇੰਦਵਾਲ ਨਗਰ ਦੇ ਮੁਸਲਮਾਨਾਂ ਤੇ ਹਿੰਦੂਆਂ ਨੇ ਵੀ ਇਹ ਕਹਿ ਕੇ ਵਿਰੋਧ ਕੀਤਾ ਕਿ ਗੁਰੂ ਅਮਰਦਾਸ ਜੀ ਹਿੰਦੂਆਂ ਦੀ ਸਨਾਤਨ ਮਰਿਆਦਾ ਨੂੰ ਤੋੜ ਕੇ ਨਵੇਂ ਰਾਹ ਪਾ ਰਹੇ ਹਨ ਅਤੇ ਗੋਇੰਦਵਾਲ ਵਿਖੇ 84 ਪੌੜੀਆਂ ਦੀ ਬਾਉਲੀ ਦਾ ਨਿਰਮਾਣ ਕਰਕੇ ਨਵਾਂ ਤੀਰਥ ਸਥਾਨ ਸਥਾਪਿਤ ਕਰ ਦਿੱਤਾ ਹੈ। ਸਰਬ ਵਰਣ ਇਕ ਕਰ ਦਿੱਤੇ ਹਨ। ਇਸ ਸੰਬੰਧ ਵਿਚ ਬਾਦਸ਼ਾਹ ਅਕਬਰ ਨੂੰ ਵੀ ਸ਼ਿਕਾਇਤਾਂ ਕੀਤੀਆਂ ਗਈਆਂ ਪਰ ਭਾਈ ਜੇਠਾ ਜੀ ਨੇ ਦਲੀਲਾਂ ਸਹਿਤ ਜਿਸ ਤਰ੍ਹਾਂ ਆਪਣੇ ਪੱਖ ਦੀ ਪੁਸ਼ਟੀ ਕੀਤੀ, ਬਾਦਸ਼ਾਹ ਅਕਬਰ ਕੇਵਲ ਉਸ ਤੋਂ ਸੰਤੁਸ਼ਟ ਹੀ ਨਹੀਂ ਹੋਇਆ ਸਗੋਂ ਇਹ ਸੁਝਾ ਵੀ ਦਿੱਤਾ ਕਿ ਗੁਰੂ ਜੀ ਨੂੰ ਹਿੰਦੂ ਤੀਰਥਾਂ ਦੀ ਯਾਤਰਾ ਵੀ ਕਰਨੀ ਚਾਹੀਦੀ ਹੈ। ਇਸ ਸਬੰਧ ਵਿਚ ਇਨ੍ਹਾਂ ਯਾਤਰੂਆਂ ਦਾ 'ਕਰ' ਮਾਫ ਕਰ ਦਿੱਤਾ ਜਾਵੇਗਾ। ਗੁਰੂ ਅਮਰਦਾਸ ਜੀ ਨੇ ਇਸ ਤੋਂ ਪਿਛੋਂ ਕੁਰਕਸ਼ੇਤਰ ਅਤੇ ਹਰਿਦੁਆਰ ਦੀ ਯਾਤਰਾ ਵੀ ਕੀਤੀ।

ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਸਥਾਪਿਤ ਕਰਕੇ ਆਪਣੇ ਪ੍ਰਮੁੱਖ ਸਿੱਖਾਂ ਨੂੰ ਵੱਖ ਵੱਖ ਖੇਤਰ ਨਿਸ਼ਚਿਤ ਕਰਕੇ ਪ੍ਰਚਾਰ ਲਈ ਭੇਜਿਆ, ਜਿਸ ਨਾਲ ਗੁਰੂ ਘਰ ਦੀ ਮਹਿਮਾ ਦੂਰ ਦੂਰ ਤਕ ਫੈਲ ਗਈ। ਆਪ ਜੀ ਨੇ ਵਿਸਾਖੀ, ਦੀਵਾਲੀ ਤੇ ਮਾਘੀ ਦੇ ਪਰਬਾਂ ਉੱਤੇ ਸਿੱਖਾਂ ਨੂੰ ਇਕੱਤਰ ਹੋਣ ਦਾ ਫੁਰਮਾਨ ਜਾਰੀ ਕੀਤਾ, ਜਿਸ ਕਾਰਨ ਇਹ ਉਤਸਵ ਸਿੱਖ ਮਤ ਦੇ ਸਥਾਈ ਉਤਸਵ ਬਣ ਗਏ। ਸਾਮਾਜਿਕ ਸੁਧਾਰ ਦੀ ਦ੍ਰਿਸ਼ਟੀ ਤੋਂ ਆਪ ਨੇ ਜਾਤ-ਪਾਤ ਦੀ ਪ੍ਰਥਾ ਦਾ ਨਿਖੇਧ ਕੀਤਾ। ਇਸਤਰੀ ਜਾਤੀ ਨੂੰ ਉੱਚ ਸਥਾਨ ਦਿੱਤਾ। 'ਸਤੀ' ਤੇ 'ਪਰਦੇ' ਵਰਗੀ ਰਸਮ ਨੂੰ ਬਿਲਕੁਲ ਹਟਾ ਦਿੱਤਾ ਅਤੇ ਜਨਮ-ਮਰਨ ਤੇ ਹੋਰ ਸਾਮਾਜਿਕ ਸੰਸਕਾਰਾਂ ਨੂੰ ਸਰਲ ਰੂਪ ਦੇ ਦਿੱਤਾ। ਇਸ ਦਾ ਇਕ ਉਦਾਹਰਣ ਬਾਬਾ ਸੁੰਦਰ ਦੀ ਰਚੀ ਬਾਣੀ 'ਸਦ' ਹੈ। ਜੋ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਦੇ ਵੇਰਵੇ ਬਿਆਨ ਕਰਦੀ ਹੈ। ਇਸ ਰਚਨਾ ਦੀ ਇਤਿਹਾਸਕ ਮਹੱਤਤਾ ਇਸ ਕਰਕੇ ਵੀ ਹੈ ਕਿ ਕਿਸ ਤਰ੍ਹਾਂ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਪ੍ਰਦਾਨ ਕਰਨ ਸਮੇਂ ਉਨ੍ਹਾਂ ਦੇ ਸੁਪੁੱਤਰ ਬਾਬਾ ਮੋਹਰੀ ਜੀ ਨੇ ਗੁਰੂ ਰਾਮਦਾਸ ਜੀ ਦੇ ਚਰਨਾਂ ਉੱਤੇ ਮੱਥਾ ਟੇਕ ਕੇ ਉਨ੍ਹਾਂ ਨੂੰ ਗੁਰੂ ਪ੍ਰਵਾਨ ਕਰ ਲਿਆ ਸੀ। ਗੁਰੂ ਅਮਰਦਾਸ ਜੀ ਨੇ ਆਲੇ-ਦੁਆਲੇ ਦੀ ਸੰਗਤ ਨੂੰ ਦਰਸ਼ਨ ਵੀ ਦਿੱਤੇ, ਜਿਸ



Sri Satguru Jagjit Singh Ji Elibrary NamdhariElibrary@gmail.com

ਨਾਲ ਸਿੱਖੀ ਦਾ ਵਧੇਰੇ ਪ੍ਰਸਾਰ ਹੋਇਆ। ਭਾਵੇਂ ਇਸ ਸਮੇਂ ਤਕ ਗੁਰੂ ਅਮਰਦਾਸ ਜੀ ਦਾ ਗੁਰੂ ਪੱਦ ਪ੍ਰਾਪਤ ਕਰਨ ਉੱਤੇ ਵਿਰੋਧ ਵੀ ਚਲਦਾ ਰਿਹਾ ਅਤੇ ਬਾਬਾ ਸ੍ਰੀ ਚੰਦ ਜੀ ਨੇ ਵੀ ਆਪਣੇ ਗੁਰਗੱਦੀ ਦੇ ਅਧਿਕਾਰੀ ਹੋਣ ਦਾ ਦਾਅਵਾ ਜਤਲਾਇਆ, ਪਰ ਗੁਰੂ ਅਮਰਦਾਸ ਜੀ ਦੀ ਸਹਿਣਸ਼ੀਲਤਾ, ਉਧਾਰਤਾ, ਨਿਮਰਤਾ ਅਤੇ ਨਾਮ ਭਗਤੀ ਦੇ ਧਾਰਨ ਕੀਤੇ ਗਏ ਸੱਚੇ ਆਚਾਰ ਤੇ ਸਦਾਚਾਰ ਨੂੰ ਗੁਰੂ ਨਾਨਕ ਦੇ ਗੁਰੂ ਘਰ ਦੀ ਮਰਿਆਦਾ ਨੂੰ ਪੱਕੇ ਪੈਰਾਂ ਤੇ ਉਹ ਠੋਸ ਆਧਾਰ ਬਖਸ਼ ਦਿੱਤੇ, ਜਿਸ ਨਾਲ ਗੁਰਮਤਿ ਦੀਆਂ ਨੀਹਾਂ ਨੂੰ ਪੱਕੇ ਆਧਾਰ ਪ੍ਰਾਪਤ ਹੋਏ ਅਤੇ ਗੁਰਸਿੱਖ ਰਹਿਤ ਮਰਿਆਦਾ ਤੇ ਸਿੱਖ ਸਭਿਆਚਾਰ ਤੇ ਸੰਸਕ੍ਰਿਤੀ ਦੀ ਨਿਵੇਕਲੀ ਪਛਾਣ ਸਥਾਪਿਤ ਹੋ ਗਈ। ਗੁਰੂ ਅਮਰਦਾਸ ਜੀ ਦੇ ਭਰਪੂਰ ਯਤਨਾਂ ਸਦਕਾ ਅਤੇ 22 ਸਾਲ ਦੇ ਲੰਬੇ ਗੁਰੂ ਕਾਲ ਵਿਚ ਸਿੱਖਮਤ ਦੀ ਇਹ ਵਿਸ਼ੇਸ਼ ਪਛਾਣ ਅਗਲੇ ਆਉਣ ਵਾਲੇ ਗੁਰੂ ਸਾਹਿਬਾਨ ਲਈ ਪੱਥ ਪਰਦਰਸ਼ਕ ਸਿੱਧ ਹੋਈ। ਆਪ ਜੀ ਦੀ ਦੂਰਦਰਸ਼ਤਾ ਦਾ ਇਕ ਹੋਰ ਪਰਿਮਾਣ ਇਥੋਂ ਵੀ ਮਿਲ ਜਾਂਦਾ ਹੈ ਕਿ ਗੁਰੂ ਰਾਮਦਾਸ ਜੀ ਦੀ ਗੁਰੂਪਦ ਨੂੰ ਪ੍ਰਾਪਤ ਕਰਕੇ ਆਪ ਜੀ ਦੇ ਸੁਝਾਅ ਅਨੁਸਾਰ ਹੀ ਨਵੇਂ ਸਿੱਖ ਕੇਂਦਰ ਨੂੰ ਸਥਾਪਿਤ ਕਰਨ ਦੀ ਵਿਉਂਤ ਆਪ ਵੱਲੋਂ ਹੀ ਸੁਝਾਈ ਗਈ ਸੀ, ਜੋ ਅੱਜ ਸ੍ਰੀ ਅੰਮ੍ਰਿਤਸਰ ਦੇ ਰੂਪ ਵਿਚ ਸਿੱਖ ਧਰਮ ਦਾ ਕੇਂਦਰੀ ਧਾਮ ਬਣ ਗਿਆ ਹੈ।

[1*]ਪੁਸਤਕ ਪੰਜਾਬ ਦਾ ਇਤਿਹਾਸ (1469 ਤੋਂ 1799) ਤੱਕ ਦਾ ਕਰਤਾ ਡਾ. ਏ. ਸੀ. ਅਰੋੜਾ ਗੁਰੂ ਅਮਰਦਾਸ ਜੀ ਦੇ ਗੁਰਮਤਿ ਦੇ ਵਿਕਾਸ ਵਿਚ ਪਾਏ ਗਏ ਯੋਗਦਾਨ ਦਾ ਮੁਲਾਂਕਣ ਹੇਠ ਲਿਖੇ ਸ਼ਬਦਾਂ ਦੁਆਰਾ ਕਰਦਾ ਹੈ :

ਗੁਰੂ ਅਮਰਦਾਸ ਜੀ ਦੇ ਗੁਰੂ-ਕਾਲ ਦੇ 22 ਵਰ੍ਹੇ ਸਿੱਖ ਪੰਥ ਦੇ ਵਿਕਾਸ ਵਿਚ ਇਕ ਨਿਸ਼ਚਿਤ ਅਤੇ ਮਹੱਤਵਪੂਰਨ ਸਥਾਨ ਰਖਦੇ ਹਨ। ਉਹ ਇਕ ਉੱਚ ਕੋਟੀ ਦੇ ਮਨੁੱਖ, ਯੋਗ ਗੁਰੂ ਅਤੇ ਉਤਸ਼ਾਹੀ ਪ੍ਰਚਾਰਕ ਸਨ। ਉਨ੍ਹਾਂ ਵਿਚ ਖਿਮਾ, ਸੰਤੋਖ, ਸਹਿਣਸ਼ੀਲਤਾ, ਦਿਆਲਤਾ, ਨਿਮਰਤਾ ਤੇ ਪ੍ਰੇਮ ਦੀਆਂ ਭਾਵਨਾਵਾਂ ਕੁੱਟ ਕੁੱਟ ਕੇ ਭਰੀਆਂ ਹੋਈਆਂ ਸਨ। ਇਨ੍ਹਾਂ ਸਾਰੇ ਗੁਣਾਂ ਦੇ ਸਦਕਾ ਉਨ੍ਹਾਂ ਦੀ ਸ਼ਖਸੀਅਤ ਦਾ ਲੋਕਾਂ ਉੱਤੇ ਡੂੰਘਾ ਪ੍ਰਭਾਵ ਪਿਆ ਭਾਵੇਂ ਉਹ 73 ਵਰ੍ਹਿਆਂ ਦੀ ਬਿਰਧ ਅਵਸਥਾ ਵਿਚ ਗੁਰੂ ਬਣੇ ਸਨ ਅਤੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਸੀ, ਫਿਰ ਵੀ ਉਨ੍ਹਾਂ ਨੇ ਸਿੱਖ ਪੰਥ ਦੇ ਸੰਗਠਨ ਅਤੇ ਵਿਕਾਸ ਵਿਚ ਬਹੁਮੁੱਲਾ ਤੇ ਸਦੀਵੀ ਹਿੱਸਾ ਪਾਇਆ। ਉਨ੍ਹਾਂ ਨੇ ਲੰਗਰ ਸੰਸਥਾ ਦਾ ਵਿਸਥਾਰ ਕੀਤਾ, ਉਦਾਸੀ ਮਤ ਦੇ ਅਨੁਯਾਈਆਂ ਤੋਂ ਸਿੱਖ ਧਰਮ ਨੂੰ ਅੱਡਰਾ ਕਰ ਦਿੱਤਾ, ਸਿੱਖਾਂ ਨੂੰ ਇਕ ਨਵਾਂ ਤੀਰਥ-ਸਥਾਨ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ 1469-1799, ਪੰਨਾ 72



Sri Satguru Jagjit Singh Ji Elibrary NamdhariElibrary@gmail.com

ਦਿੱਤਾ, ਆਪਣੇ ਪੂਰਵਾਧਿਕਾਰੀਆਂ ਦੀ ਬਾਣੀ ਦਾ ਸੰਗ੍ਰਹਿ ਕੀਤਾ ਅਤੇ ਵੱਡੀ ਮਾਤਰਾ ਵਿਚ ਆਪਣੇ ਸ਼ਬਦਾਂ ਦੀ ਰਚਨਾ ਕਰਕੇ ਬਾਣੀ ਵਿਚ ਵਾਧਾ ਕੀਤਾ। ਉਨ੍ਹਾਂ ਦੇ ਸਮੇਂ ਵਿਚ ਬਹੁਤ ਸਾਰੇ ਹਿੰਦੂਆਂ ਤੇ ਮੁਸਲਮਾਨਾਂ ਨੇ ਸਿੱਖ ਧਰਮ ਨੂੰ ਅਪਣਾ ਲਿਆ। ਸਿੱਖਾਂ ਦੀ ਜਨ-ਸੰਖਿਆ ਵਿਚ ਬਹੁਤ ਵਾਧਾ ਹੋ ਜਾਣ ਕਾਰਨ ਉਨ੍ਹਾਂ ਨੂੰ 22 ਖੇਤਰਾਂ ਜਾਂ ਮੰਜੀਆਂ ਵਿਚ ਵੰਡ ਦਿੱਤਾ ਗਿਆ ਤਾਂ ਜੋ ਉਨ੍ਹਾਂ ਦੀਆਂ ਧਾਰਮਿਕ ਲੋੜਾਂ ਦੀ ਚੰਗੀ ਤਰ੍ਹਾਂ ਪੂਰਤੀ ਹੋ ਸਕੇ। ਗੁਰੂ ਸਾਹਿਬ ਨੇ ਕਈ ਮਹੱਤਵਪੂਰਨ ਸਾਮਾਜਿਕ ਸੁਧਾਰ ਵੀ ਕੀਤੇ। ਇਨ੍ਹਾਂ ਸਭ ਮਹਾਨ ਕਾਰਜਾਂ ਦੇ ਫਲਸਰੂਪ ਗੁਰੂ ਸਾਹਿਬ ਨੇ ਸਿੱਖ ਸੰਪਰਦਾ ਨੂੰ ਇਕ ਨਵਾਂ ਰੂਪ ਪ੍ਰਦਾਨ ਕੀਤਾ। ਡਾ. ਇੰਦੂਭੂਸ਼ਣ ਬੈਨਰਜੀ ਦੇ ਕਥਨ ਅਨੁਸਾਰ, "ਗੁਰੂ ਅੰਗਦ ਜੀ ਨੇ ਨਿਰਸੰਦੇਹ ਸਿੱਖਾਂ ਦੀ ਸੁਤੰਤਰ ਹੋਂਦ ਕਾਇਮ ਕਰਨ ਲਈ ਕੁਝ ਕੰਮ ਕੀਤਾ ਸੀ ਪਰੰਤੂ ਅਮਰਦਾਸ ਜੀ ਦੇ ਅਧੀਨ ਹਿੰਦੂ ਤੇ ਸਿੱਖ ਵਿਚ ਅੰਤਰ ਅਧਿਕ ਸਪੱਸ਼ਟ ਹੋਇਆ ਅਤੇ ਸਿੱਖ ਸਹਿਜੇ ਸਹਿਜੇ ਕੱਟੜ ਹਿੰਦੂ ਸਮਾਜ ਤੋਂ ਨਿਖੜਣ ਲੱਗ ਪਏ ਅਤੇ ਆਪਣੀ ਇਕ ਵੱਖਰੀ ਸ਼੍ਰੇਣੀ ਜਾਂ ਇਕ ਤਰ੍ਹਾਂ ਦਾ ਨਵਾਂ ਭਾਈਚਾਰਾ ਬਣਾਉਣ ਲੱਗੇ।"

ਗੁਰੂ ਅਮਰਦਾਸ ਜੀ ਦੀ ਇਕ ਹੋਰ ਵੱਡੀ ਦੇਣ ਸੀ ਉਹ ਉਚਕੋਟੀ ਦੀ ਗੁਰਬਾਣੀ ਦੀ ਪਰੰਪਰਾ ਦਾ ਵਿਸਥਾਰ ਸੀ ਜੋ ਆਪ ਜੀ ਨੇ ਅਤੇ ਆਪ ਤੋਂ ਪਿਛੋਂ ਚੌਥੇ ਗੁਰੂ ਰਾਮਦਾਸ ਜੀ ਨੇ ਨਿਰੰਤਰ ਜਾਰੀ ਰੱਖਿਆ ਪਰ ਸਭ ਤੋਂ ਵੱਡੀ ਬਖਸ਼ਿਸ਼ ਗੁਰੂ ਅਮਰਦਾਸ ਜੀ ਦੀ ਉਹ ਅਸੀਸ ਸੀ ਜੋ ਆਪ ਜੀ ਨੇ ਆਪਣੇ ਦੋਹਤੇ ਪੰਜਵੇਂ ਗੁਰੂ ਅਰਜਨ ਜੀ ਨੂੰ 'ਦੋਹਤਾ ਬਾਣੀ ਦਾ ਬੋਹਿਥਾ' ਦੇ ਰੂਪ ਵਿਚ ਦਿੱਤੀ। ਜਿਨ੍ਹਾਂ ਨੇ 1604 ਵਿਚ ਆਦਿ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਸੰਪੂਰਨ ਕਰਕੇ ਗੁਰਮਤਿ ਦੇ ਅਧਿਆਤਮਿਕ ਖ਼ਜ਼ਾਨੇ ਨੂੰ ਜਗਤ ਪ੍ਰਸਿੱਧ ਢੋਆ ਬਖਸ਼ਿਆ ਜੋ ਜਨ ਕਲਿਆਣ ਦਾ ਅਤੇ ਸਿੱਖਾਂ ਦੀ ਅਧਿਆਤਮਕ ਨਿਧੀ ਦੀ ਸਰਵਉੱਚ ਦੇਣ ਹੈ।

1 ਸਤੰਬਰ 1574 ਨੂੰ (ਭਾਦੋਂ ਸੁਦੀ 15, 1631 ਬਿ੍) ਗੁਰੂ ਅਮਰਦਾਸ ਜੀ ਨੇ 95 ਸਾਲ ਦੀ ਆਯੂ ਵਿਚ ਅਤੇ 22 ਸਾਲ ਗੁਰਗੱਦੀ ਦੇ (1552-1574) ਕਾਰਜ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕਰਕੇ ਇਸ ਮਹਾਨ ਕਾਰਜ ਨੂੰ ਭਾਈ ਜੇਠਾ ਜੀ ਨੂੰ ਸੌਂਪ ਦਿੱਤਾ ਜਿਨ੍ਹਾਂ ਨੇ ਚੌਥੇ ਗੁਰੂ ਰਾਮਦਾਸ ਜੀ ਦੇ ਸਰੂਪ ਵਿਚ ਗੁਰਮਤਿ ਦੀ ਮਹਾਨ ਸੰਸਥਾ ਨੂੰ ਜਿਸ ਦਾ ਜਨਮ ਅਕਾਲ ਪੁਰਖ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਜੀ ਨੇ ਵੇਈਂ ਪ੍ਰਵੇਸ਼ ਦੀ ਘਟਨਾ ਨਾਲ ਹੋਇਆ ਸੀ। ਗੁਰੂ ਰਾਮਦਾਸ ਅਤੇ ਉਨ੍ਹਾਂ ਤੋਂ ਪੂਰਵਲੇ ਗੁਰੂਆਂ ਦੀ ਅਦੁੱਤੀ ਘਾਲਣਾ, ਦੂਰਦਰਸ਼ਤਾ ਤੇ ਸਮਾਜ ਕਲਿਆਣ ਤੇ ਮਾਨਵ ਸੇਵਾ



Sri Satguru Jagjit Singh Ji Elibrary NamdhariElibrary@gmail.com

ਦੀ ਦ੍ਰਿਸ਼ਟੀ ਤੋਂ ਕੀਤੇ ਗਏ ਸਾਰਥਿਕ ਯਤਨਾਂ ਸਦਕਾ ਗੁਰੂ ਰਾਮਦਾਸ ਜੀ ਦੇ ਕਾਲ ਵਿਚ ਗੁਰੂ ਸਿੱਖੀ ਦੇ ਸ਼ਾਨਦਾਰ ਮਹਿਲ ਦੀ ਉਸਾਰੀ ਦਾ ਉਹ ਕਾਰਜ ਸੰਭਵ ਹੋ ਸਕਿਆ, ਜਿਸ ਨੇ ਭਾਰਤ ਦੇ ਅਧਿਆਤਮਿਕ ਤੇ ਧਾਰਮਿਕ ਇਤਿਹਾਸ ਦੀ ਧਾਰਾ ਨੂੰ ਹੀ ਬਦਲ ਦੇਣਾ ਸੀ। ਸੱਚਮੁੱਚ ਇਹ ਇਕ ਯੁੱਗ ਪਰਿਵਰਤਨ ਵਾਲਾ ਅਵਸਰ ਸੀ ਜੋ ਸਿੱਖ ਗੁਰੂ ਸਾਹਿਬਾਨ ਦੁਆਰਾ ਮਨੁੱਖੀ ਸੁਤੰਤਰਤਾ, ਆਤਮਿਕ ਬਰਾਬਰੀ ਅਤੇ ਜਨ ਕਲਿਆਣ ਹਿੱਤ ਮਨੁੱਖੀ ਭਾਈਚਾਰੇ ਦੀ ਸਾਂਝੀਵਾਲਤਾ ਨੂੰ ਸਵੀਕਾਰ ਕਰਦੀ ਹੋਈ ਹਰ ਮਨੁੱਖ ਮਾਤਰ ਨੂੰ ਪੂਰਨ ਸੁਤੰਤਰਤਾ ਤੇ ਬਰਾਬਰੀ ਦਾ ਅਧਿਕਾਰ ਬਖਸ਼ਦੀ ਸੀ, ਭਾਵੇਂ ਗੁਰੂ ਦਾ ਸਿੱਖ, ਗੁਰੂ ਦਾ ਦਾਸ ਆਪਣੇ ਚਰਿੱਤਰ ਵਜੋਂ ਬੜਾ ਨਿਰਮਾਣ ਸੀ ਪਰ ਉਸ ਦੀ ਸਮੁੱਚੀ ਸੋਚ ਤੇ ਦ੍ਰਿਸ਼ਟੀਕੋਨ ਵਿਸ਼ਵ ਵਿਆਪੀ ਸਾਂਝ ਦੇ ਉੱਚਤਮ ਅਧਿਆਤਮਿਕ ਆਦਰਸ਼ਾਂ ਬਾਰੇ ਆਤਮਿਕ ਤੌਰ ਤੇ ਜਾਗਰੂਪ ਹੋ ਚੁੱਕਾ ਸੀ। ਗੁਰੂ ਦੇ ਸਿੱਖ ਲਈ ਆਪਣੇ ਮਨੋਬਲ ਨੂੰ ਅਤੇ ਮਨ ਦੀ ਜੋਤ ਸਰੂਪ ਨੂੰ ਜਾਣ ਕੇ ਆਪਣੇ ਮੂਲ ਨੂੰ ਪਛਾਣਨ ਦਾ ਸਮਾਂ ਆ ਗਿਆ ਸੀ, ਜਿਸ ਨੇ ਗੁਰੂ ਦੇ ਸਿੱਖਾਂ ਨੂੰ ਸੱਚਮੁੱਚ ਨਿਰਭਉ ਤੇ ਨਿਰਵੈਰ ਬਣਾ ਕੇ ਸਚਿਆਰਤਾ ਦੇ ਰਾਹ ਦੀ ਸੋਝੀ ਕਰਵਾ ਦਿੱਤੀ ਸੀ। ਸਿੱਖ ਗੁਰੂ ਸਾਹਿਬਾਨ ਸਮੁੱਚੀ ਮਾਨਵ ਜਾਤੀ ਲਈ ਨਵੀਆਂ ਅਧਿਆਤਮਿਕ ਕੀਮਤਾਂ ਅਤੇ ਸਾਮਾਜਿਕ ਲਕਸ਼ ਦੇ ਨੈਣ ਨਕਸ਼ਾਂ ਨੂੰ ਉਘਾੜ ਕੇ ਮਨੁੱਖ ਨੂੰ ਨਿਰਭਉ ਤੇ ਨਿਰਵੈਰ ਬਣਾਉਣ ਦੇ ਮਹਾਨ ਜੀਵਨ ਦੇ ਨਿਰਮਾਣ ਕਾਰਜ ਨੂੰ ਸਿਰੇ ਚਾੜ੍ਹ ਰਹੇ ਸਨ। ਮਨੁੱਖ ਮਾਤਰ ਦੇ ਆਤਮਿਕ ਬਲ ਨੂੰ ਸੁਦ੍ਰਿੜ ਕਰ ਰਹੇ ਸਨ।

## ਗੁਰੂ ਰਾਮਦਾਸ ਜੀ (1534-1581)

ਗੁਰੂ ਰਾਮਦਾਸ ਜੀ ਦੇ 7 ਸਾਲਾਂ ਦੇ ਸੰਖੇਪ ਗੁਰੂ ਕਾਲ ਵਿਚ ਗੁਰ ਇਤਿਹਾਸ, ਗੁਰ ਸਿੱਖ ਸਮਾਜ ਤੇ ਸਭਿਆਚਾਰ ਨੇ ਉਸ ਦਿਸ਼ਾ ਵੱਲ ਅੱਗੇ ਵਧਣਾ ਸ਼ੁਰੂ ਕੀਤਾ, ਜਿਸ ਨੇ ਆਗਾਮੀ ਕਾਲਾਂ ਵਿਚ ਸਿੱਖ ਚਿੰਤਨ, ਸਿੱਖ ਪਰੰਪਰਾਵਾਂ, ਸਾਮਾਜਿਕ ਸੰਗਠਨ ਅਤੇ ਚਹੁਮੁਖੀ ਉੱਨਤੀ ਲਈ ਆਪਣੇ ਆਪ ਨੂੰ ਸੁਨਿਸ਼ਚਿਤ ਕਰਨਾ ਸੀ। ਗੁਰੂ ਰਾਮਦਾਸ ਜੀ ਦੀ ਕੀਰਤੀ ਮਹਾਨ ਤੇ ਉਨ੍ਹਾਂ ਦੁਆਰਾ ਆਰੰਭ ਕੀਤੇ ਗਏ ਕਾਰਜਾਂ ਦੀ ਸ਼ਾਨ ਸਦੀਆਂ ਤਕ ਭਵਿੱਖ ਨੂੰ ਉਜਾਗਰ ਕਰਨ ਵਾਲੇ ਸਨ। ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਵਿਚ ਜੋ ਪ੍ਰੇਰਨਾ, ਜੁਗਤ ਤੇ ਆਸ਼ੀਰਵਾਦ ਦੀ ਪ੍ਰਾਪਤੀ ਹੋਈ, ਉਹ ਇਕ ਅਜਿਹੀ ਉੱਚਕੋਟੀ ਦੀ ਅਧਿਆਤਮਿਕ ਰਾਸ ਪੂੰਜੀ ਸੀ, ਜਿਸ ਨੂੰ ਗੁਰੂ ਰਾਮਦਾਸ ਜੀ ਨੇ ਪੂਰਨ ਨਿਸ਼ਠਾ ਅਤੇ ਦ੍ਰਿੜਤਾ ਨਾਲ ਨਾ ਕੇਵਲ ਸੰਭਾਲਿਆ ਅਤੇ ਨਿਭਾਇਆ ਸਗੋਂ ਉਸ ਵਿਚ ਬੇਓੜਕ ਵਾਧਾ ਵੀ ਕੀਤਾ। ਸਿੱਖ ਇਤਿਹਾਸ ਵਿਚ ਉਸ



Sri Satguru Jagjit Singh Ji Elibrary NamdhariElibrary@gmail.com

ਨਗਰ ਦਾ ਨਿਰਮਾਣ ਕੀਤਾ, ਜਿਸ ਨੂੰ ਗੁਰਬਾਣੀ ਵਿਚ ਵੀ ਅੰਮ੍ਰਿਤਸਰੁ ਸਿਫਤੀ ਦਾ [1]*ਘਰੁ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਇਸ ਦੇ ਵਿਪਰੀਤ ਪੰਜਾਬ ਦੀ ਤੱਤਕਾਲਕ ਰਾਜਧਾਨੀ ਲਾਹੌਰ ਨੂੰ 'ਲਾਹੋਰ ਸਹਰੁ ਜਹਰੁ ਕਹਰੁ ਸਵਾ ਪਹਰੁ' ਕਹਿ ਕੇ ਇਕ ਤਰ੍ਹਾਂ ਨਾਲ ਤਿਸਕਾਰਿਆ ਗਿਆ ਹੈ। ਇਕ ਕਹਿਰ ਤੇ ਜ਼ੁਲਮ ਦਾ ਸ਼ਹਿਰ ਸੀ ਪਰ ਦੂਜਾ-ਸ਼ਾਂਤੀ ਦਾ ਸਥਾਨ ਬਣ ਕੇ ਉਭਰਨ ਵਾਲਾ ਸੀ, ਜੋ ਗੁਰੂ ਸਾਹਿਬਾਨ ਦੇ ਅਧਿਆਤਮਿਕ ਲਕਸ਼ਾਂ ਦੇ ਨਾਲ ਨਾਲ ਧਾਰਮਿਕ ਮਾਣ ਮਰਿਆਦਾ ਅਤੇ ਗੁਰੂ ਸਾਹਿਬ ਦੇ ਸਾਮਾਜਿਕ ਆਦਰਸ਼ਾਂ ਨੂੰ ਵੀ ਰੇਖਾ ਅੰਕਿਤ ਕਰਦਾ ਸੀ।

**ਜੀਵਨ ਸਮਾਚਾਰ**

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਦੇ ਚੂਨਾ ਮੰਡੀ ਦੇ ਸਥਾਨ ਤੇ ਬਾਬਾ ਹਰੀਦਾਸ ਅਤੇ ਮਾਤਾ ਦਇਆ ਦੇ ਘਰ 24 ਸਤੰਬਰ 1534 (20 ਕਤਕ ਵਦੀ 2 ਸੰਮਤ 1591 ਬਿ) ਨੂੰ ਸੋਢੀ ਖਤਰੀ ਕੁਲ ਵਿਚ ਹੋਇਆ। ਪਲੇਠੀ ਦੀ ਸੰਤਾਨ ਹੋਣ ਕਾਰਨ ਨਾਮ 'ਜੇਠਾ' ਰੱਖਿਆ। 7 ਸਾਲ ਦੀ ਆਯੂ ਵਿਚ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਆਪ ਆਪਣੀ ਨਾਨੀ ਜੀ ਨਾਲ ਨਾਨਕੇ ਪਿੰਡ ਬਾਸਰਕੀ ਆ ਗਏ। ਛੋਟੀ ਆਯੂ ਵਿਚ ਹੀ ਆਪ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ। ਬਹੁਤ ਵਾਰ ਘੁੰਗਣੀਆਂ ਲੋੜਵੰਦ ਸਾਧੂ ਸੰਤਾਂ ਨੂੰ ਦੇ ਦਿੰਦੇ ਸਨ। ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਜਾ ਰਹੀ ਸੰਗਤ ਨਾਲ ਰਲ ਕੇ ਪਹਿਲਾਂ ਖਡੂਰ ਸਾਹਿਬ ਪੁੱਜੇ ਅਤੇ ਪਿਛੋਂ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਗੋਇੰਦਵਾਲ ਚਲੇ ਗਏ, ਜਿੱਥੇ ਆਪਨੇ ਗੁਰੂ ਜੀ ਨਾਲ ਪੱਕੀ ਸਾਂਝ ਹੀ ਪਾ ਲਈ, ਜੋ ਸੇਵਾ ਭਗਤੀ ਦੀ ਇਕ ਬੇਮਿਸਾਲ ਘਾਲਣਾ ਸੀ। ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਜੇਠਾ ਜੀ ਨਾਲ 18 ਫਰਵਰੀ 1554 ਨੂੰ ਕਰ ਦਿੱਤੀ। ਜਿਸ ਤੋਂ ਆਪ ਜੀ ਦੇ ਘਰ ਤਿੰਨ ਪੁੱਤਰ ਪ੍ਰਿਥੀ ਚੰਦ (1558 ਈ), ਮਹਾਂ ਦੇਵ (1560 ਈ), ਅਤੇ ਅਰਜਨ ਦੇਵ (1563) ਹੋਏ। ਬੀਬੀ ਭਾਨੀ ਅਤੇ ਜੇਠਾ ਜੀ ਦੀ ਸੇਵਾ ਭਗਤੀ ਤੋਂ ਪ੍ਰਸੰਨ ਹੋ ਕੇ ਅਤੇ ਜੇਠਾ ਜੀ ਦੀ ਅਸਾਧਾਰਨ ਯੋਗਤਾ ਅਤੇ ਕਰੜੀ ਪ੍ਰੀਖਿਆ ਪਿਛੋਂ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੀ ਬਖਸ਼ਿਸ਼ 1 ਸਤੰਬਰ 1574 ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਭਾਈ ਜੇਠਾ ਜੀ ਨੂੰ ਕਰ ਦਿੱਤੀ, ਜਿਸ ਦੇ ਇਤਿਹਾਸਕ ਸਮਾਚਾਰ ਆਦਿ ਗ੍ਰੰਥ ਦੀ ਰਾਮਕਲੀ ਰਾਗ ਵਿਚ ਬਾਬਾ ਸੁੰਦਰ ਦੀ ਰਚਨਾ 'ਸੱਦ' ਵਿਚ ਕੀਤਾ ਗਿਆ ਹੈ। ਇਕ

---

[1]* 1412 ਆਦਿ ਗ੍ਰੰਥ



Sri Satguru Jagjit Singh Ji Elibrary NamdhariElibrary@gmail.com

ਹੋਰ ਬਖਸ਼ਿਸ਼ ਜੋ ਵਰ ਵਜੋਂ ਬੀਬੀ ਭਾਨੀ ਨੂੰ ਗੁਰੂ ਅਮਰਦਾਸ ਜੀ ਨੇ ਬਖਸ਼ੀ ਸੀ ਉਹ ਸੀ ਗੁਰਿਆਈ ਘਰ ਦੀ ਘਰ ਵਿਚ ਰਹੇ। ਇਸ ਪਿਛੋਂ ਆਪ ਗੁਰੂ ਰਾਮਦਾਸ ਜੀ ਦੇ ਸਰੂਪ ਵਿਚ ਪ੍ਰਗਟ ਹੋਏ। ਬੀਬੀ ਭਾਨੀ ਜੀ ਨੂੰ 'ਗੁਰਿਆਈ ਘਰ ਦੀ ਘਰ ਰਹੇ' ਦੇ ਵਰ ਦੇਣ ਉਪਰੰਤ ਗੁਰੂ ਅਮਰਦਾਸ ਜੀ ਨੇ ਜੋ ਬਚਨ ਕੀਤੇ ਉਹ ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ ਨਿਮਨਲਿਖਤ ਹਨ :

1*"ਗੁਰੂ ਅਮਰਦਾਸ ਜੀ ਥੋੜਾ ਚਿਰ ਚੁੱਪ ਕਰਕੇ ਬੋਲੇ," ਬੀਬੀ ਏਹ ਮੇਵਾ ਸੇਵਾ ਦਾ ਹੈ ਤੇ ਸ਼ੋਭਦਾ ਭੀ ਸੇਵਕ ਨੂੰ ਹੀ ਹੈ, ਦਾਵੇਦਾਰ ਨੂੰ ਨਹੀਂ ਸੋਭਦਾ। ਏਹ ਕਿਸੇ ਦੀ ਦਾਦੇ ਹਾਲੀ ਨਹੀਂ। ਜੇ ਮਲਕੀਅਤ ਸਮਝੀ ਜਾਊ ਤਾਂ ਰਹੂ ਨਹੀਂ ਤੇ ਨਾ ਹੀ ਸੁਖ ਦੇਊ, ਝਗੜੇ ਕਲੇਸ਼ ਕਰਨੇ ਪੈਣਗੇ।" ਗੁਰੂ ਅਮਰਦਾਸ ਜੀ ਦੇ ਆਦੇਸ਼ ਅਨੁਸਾਰ ਹੀ ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਦੇ ਨਗਰ ਨੂੰ ਵਸਾਇਆ ਅਤੇ ਗੁਰਿਆਈ ਪ੍ਰਾਪਤ ਕਰਨ ਉਪਰੰਤ ਇਸ ਨਗਰ ਦੇ ਨਵ-ਨਿਰਮਾਣ ਵਿਚ ਲੱਗੇ ਰਹੇ ਅਤੇ ਇੱਥੇ ਹੀ ਪੱਕਾ ਨਿਵਾਸ ਰੱਖਿਆ। ਆਪ ਜੀ ਦੀ ਦੇਖ ਰੇਖ ਵਿਚ ਹੀ ਅੰਮ੍ਰਿਤਸਰ ਤੇ ਸੰਤੋਖਸਰ ਦੇ ਸਰੋਵਰਾਂ ਦਾ ਕਾਰਜ ਸੰਪੂਰਨ ਹੋਇਆ ਅਤੇ ਆਲੇ ਦੁਆਲੇ ਅਨੇਕ ਦਸਤਕਾਰ, ਕਾਰੀਗਰ ਅਤੇ ਵਣਜ ਵਪਾਰੀ ਆ ਵੱਸੇ। ਗੁਰੂ ਬਜ਼ਾਰ ਤੇ ਗੁਰੂ ਕਾ ਮਹਿਲ ਦੀਆਂ ਉਸਾਰੀਆਂ ਹੋਈਆਂ ਅਤੇ ਦੂਰੋਂ ਦੂਰੋਂ ਸੰਗਤਾਂ ਆ ਕੇ ਦਰਸ਼ਨ ਕਰਨ ਲੱਗੀਆਂ। ਇਸ ਨਗਰ ਦੇ ਨਿਰਮਾਣ ਲਈ ਭੂਮੀ ਪਿੰਡ ਤੁੰਗ, ਗੁੰਮਟਾਲਾ, ਸੁਲਤਾਨ ਵਿੰਡ ਤੇ ਗਿੱਲਵਾਲੀ ਤੋਂ ਪ੍ਰਾਪਤ ਕੀਤੀ ਗਈ। ਸੰਗਤ ਪੰਗਤ ਤੇ ਗੁਰੂ ਅਮਰਦਾਸ ਦੁਆਰਾ ਸਥਾਪਿਤ ਮੰਜੀਆਂ ਦੇ ਨਾਲ ਨਾਲ ਗੁਰੂ ਰਾਮਦਾਸ ਜੀ ਨੇ ਮਸੰਦ ਪਰੰਪਰਾ ਨੂੰ ਵੀ ਚਾਲੂ ਕੀਤਾ। ਪ੍ਰਮੁੱਖ ਗੁਰ ਸਿੱਖਾਂ ਨੂੰ ਮਸੰਦਾ ਬਖਸ਼ ਕੇ ਦੂਰ ਦੂਰ ਪ੍ਰਚਾਰ ਲਈ ਭੇਜਿਆ ਗਿਆ ਅਤੇ ਗੁਰੂ ਘਰ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਮਸੰਦਾਂ ਦੁਆਰਾ ਮਾਇਆ ਤੇ ਹੋਰ ਭੇਟਾਵਾਂ ਗੁਰੂ ਘਰ ਵਿਚ ਪੁੱਜਣ ਲੱਗੀਆਂ, ਜਿਸ ਨਾਲ ਇਹ ਨਗਰ ਜੋ ਪਹਿਲਾ ਚਕ-ਗੁਰੂ, ਚਕ ਗੁਰੂ ਰਾਮਦਾਸ, ਰਾਮਦਾਸ ਪੁਰਾ ਅਤੇ ਪਿਛੋਂ ਅੰਮ੍ਰਿਤਸਰ ਦੇ ਨਾਮ ਨਾਲ ਜਗਤ ਪ੍ਰਸਿੱਧ ਹੋਇਆ। ਵਪਾਰ ਕੇਂਦਰ ਬਣਨ ਦੇ ਨਾਲ ਨਾਲ ਗੁਰੂ ਘਰ ਦੀ ਅਧਿਆਤਮਿਕ ਪਰੰਪਰਾ ਵੀ ਨਿਰੰਤਰ ਜਾਰੀ ਰਹੀ। ਨਾਮ ਬਾਣੀ ਅਤੇ ਕਥਾ ਕੀਰਤਨ ਦੇ ਪ੍ਰਵਾਹ ਦੇ ਨਾਲ ਨਾਲ ਗੁਰੂ ਜੀ ਦਾ ਦਰਸ਼ਨ ਕਰਕੇ ਦੂਰੋਂ ਦੂਰੋਂ ਚਲ ਕੇ ਆਏ ਸਿੱਖ ਨਿਹਾਲ ਹੋ ਜਾਂਦੇ ਅਤੇ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ।

---

1* ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 365



Sri Satguru Jagjit Singh Ji Elibrary NamdhariElibrary@gmail.com

ਇਥੇ ਕਥਾ ਕੀਰਤਨ ਦਾ ਪ੍ਰਵਾਹ ਨਿਤਾਪ੍ਰਤੀ ਚਲਦਾ ਰਹਿੰਦਾ :

ਲੋਕ ਉਭੈ ਤਿਨ ਕੇਰ ਸੁਧਾਰਤ॥
ਮੁਕਤ ਭੁਕਤਿ ਦਾ ਸ਼ਬਦ ਉਚਾਰਤ॥
ਕੀਰਤਨ ਕਥਾ ਨਿਤਾਪਤਿ ਹੋਵਤ॥
ਸਿਖਨ ਕੇ ਸੰਸੇ ਦੁਖ ਖੋਵਤ॥
ਅਸਨ ਬਸਨ ਗ੍ਰੀਬਨ ਕੋ ਮਿਲਹੀਂ॥
ਦੋਇ ਵਕਤ ਸੰਗਤ ਬਹੁ ਭਿਲਹੀਂ॥
ਆਨ ਦਿਵਾਨ ਲਗਤ ਹੈ ਜਬੈ॥
ਕਰ ਦਰਸ਼ਨ ਗੁਰੂ ਕੋ ਸਿਖ ਸਭੈ॥
ਮਨ ਬਾਂਛਤ ਫਲ ਪਾਇ ਸਿਧਾਵੈਂ॥
ਜਯੋਂ ਸੁਰ ਤਰੁ ਤੇ ਸਭ ਵਰਸਾਵੈਂ॥
ਕਾਰ ਬਾਰ ਗੁਰੂ ਪਾਰ ਕਾ ਜੇਤਾ॥
ਚਲਿਓ ਜਾਤ ਜਤਨ ਸੁ ਤੇਤਾ॥

**ਬਾਬਾ ਸ੍ਰੀ ਚੰਦ ਦਾ ਅੰਮ੍ਰਿਤਸਰ ਆਉਣਾ**

ਗੁਰੂ ਰਾਮਦਾਸ ਜੀ ਦੀ ਮਹਿਮਾ ਨੂੰ ਸੁਣ ਕੇ ਅਤੇ ਉਨ੍ਹਾਂ ਤੋਂ ਪਹਿਲਾਂ ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਦੀ ਕਰਨੀ ਤੋਂ ਪ੍ਰਭਾਵਿਤ ਹੋ ਕੇ ਬਾਬਾ ਸ੍ਰੀ ਚੰਦ ਜੀ ਜਿਨ੍ਹਾਂ ਨੇ ਉਦਾਸੀ ਸੰਪਰਦਾਏ ਨੂੰ ਆਰੰਭ ਕੀਤਾ ਸੀ, ਗੁਰੂ ਰਾਮਦਾਸ ਜੀ ਨੂੰ ਮਿਲਨ ਅੰਮ੍ਰਿਤਸਰ ਆਏ ਅਤੇ ਗੁਰੂ ਜੀ ਦੀ ਨਿਮਰਤਾ ਅਤੇ ਬਾਬਾ ਸ੍ਰੀ ਚੰਦ ਜੀ ਨੂੰ ਦਿੱਤੇ ਗਏ ਆਦਰ ਤੇ ਸਨਮਾਨ ਤੋਂ ਪ੍ਰਭਾਵਿਤ ਹੋ ਕੇ ਬੜੇ ਪ੍ਰਸੰਨ ਹੋਏ। ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਰਾਮਦਾਸ ਜੀ ਤੋਂ ਪੁੱਛਿਆ ਕਿ ਆਪ ਜੀ ਨੇ ਏਨਾ ਲੰਮਾ ਦਾੜ੍ਹਾ ਕਿਉਂ ਵਧਾਇਆ ਹੋਇਆ ਹੈ ਤਾਂ ਗੁਰੂ ਰਾਮਦਾਸ ਜੀ ਆਪਣੇ ਦਾੜ੍ਹੇ ਨਾਲ ਸ੍ਰੀ ਚੰਦ ਜੀ ਦੇ ਚਰਨ ਝਾੜਦੇ ਹੋਏ ਬੋਲੇ ਕਿ ਇਹ ਆਪ ਜੀ ਵਰਗੇ ਮਹਾਂਪੁਰਸ਼ਾਂ ਦੀ ਸੇਵਾ ਕਰਨ ਲਈ ਹੈ। ਇਸ ਮੇਲ ਨਾਲ ਜੋ 1579 ਈਸਵੀ (ਸੰਮਤ 1636) ਵਿਚ ਹੋਇਆ ਸਿੱਖ ਗੁਰੂ ਸਾਹਿਬਾਨ ਤੇ ਉਦਾਸੀ ਸੰਪਰਦਾਏ ਨਾਲ ਪੱਕੀ ਸਾਂਝ ਪੈ ਗਈ ਅਤੇ ਪੁਰਾਣਾ ਵਿਰੋਧ ਸਮਾਪਤ ਹੋ ਗਿਆ :

[1*]ਸ਼ੋਲਾਂ ਸੈ ਛੱਤੀ ਕੇ ਅੰਤ॥ ਸ੍ਰੀ ਚੰਦ ਗੁਰ ਕੇ ਸੁਤ ਸੰਤ॥
ਰਾਮਦਾਸ ਕਾ ਸੁਨ ਜੱਸ ਭਾਰਾ॥ ਚਾਹਯੋ ਚਿਤ ਮੈਂ ਕਰਨ ਦੀਦਾਰਾ॥

---

1* ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 374



Sri Satguru Jagjit Singh Ji Elibrary NamdhariElibrary@gmail.com

.........................................................................................

ਰਾਮਦਾਸਪੁਰ ਢਿਗ ਜਬ ਆਏ॥ ਸੁਨ ਗੁਰ ਆਗੇ ਸਿੱਖ ਪਠਾਏ॥
ਕਰ ਸਤਕਾਰ ਸਭਾ ਮੈਂ ਲਯਾਏ॥ ਮਿਲੇ ਪਰਸਪਰ ਮੋਦ ਬਢਾਏ॥
ਗੁਰੂ ਨਾਨਕ ਜੀ ਕਾ ਲਖ ਪੂਤ॥ ਤਿਆਗੀ ਸੰਤ ਰੂਪ ਅਵਧੂਤ॥
ਘੋੜਾ ਇਕ ਪੰਜ ਸੌ ਰੁਪੱਯਾ॥ ਭੇਟਾ ਦਈ ਹੋਈ ਖੁਸ਼ੀ ਲੱਯਾ॥
ਸ੍ਰੀ ਚੰਦ ਤਬ ਗਿਰਾ ਉਚਾਰੀ॥ ਕਾਹਿ ਬਢਾਈ ਦਾੜ੍ਹੀ ਭਾਰੀ॥
ਰਾਮਦਾਸ ਗੁਰੂ ਨਿੰਮਰ ਹੋਹੈ॥ ਕਹਿਓ ਆਪ ਸੇ ਸਾਧੂ ਜੋ ਹੈ॥
ਉਨਕੇ ਚਰਨ ਪੋਛਨੇ ਕਾਰਨ॥ ਇਮ ਕਹਿ ਲਗੇ ਚਰਨ ਤਿਹ ਝਾਰਨ॥
ਸਿਰੀ ਚੰਦ ਖੁਸ਼ਿ ਹੋਇ ਉਚਾਰਾ॥ ਇਸੀ ਤੌਰ ਘਰ ਲੂਟਿਓ ਹਮਾਰਾ॥
ਜੋ ਬਾਕੀ ਥੀ ਅਬ ਕੁਛ ਮੋ ਪੈ॥ ਛੀਨ ਲਈ ਯੌਹੀ ਤੁਮ ਸੋਪੈ॥
ਨਿਮਰਤਾ ਭਗਤੀ ਕਰ ਸੇਵਾ॥ ਲਈ ਗੁਰਿਆਈ ਅੰਗਦ ਦੇਵਾ॥
ਹਰ ਗੁਰ ਕੇ ਸੁਤ ਛੂਛ ਰਹਾਏ॥ ਸੇਵਾ ਤੇ ਮੇਵਾ ਤੁਮ ਪਾਏ॥
ਹੋਏ ਰੂਪ ਇਲਾਹੀ ਨੂਰੀ॥ ਅਜਰ ਅਮਰ ਪਦਵੀ ਲੈ ਪੂਰੀ॥
ਪੂਜਯ ਜਗਤ ਕੇ ਸਤਗੁਰ ਥੀਏ॥ ਰਿੱਧ ਸਿੱਧ ਨਵਨਿੱਧਿ ਗਹੀਏ॥
ਬੋਲੇ ਗੁਰੂ ਸਭ ਕਿਰਪਾ ਥਾਰੀ॥ ਨਹੀਂ ਤੋਂ ਹਮ ਸੇ ਫਿਰਤ ਅਪਾਰੀ॥
ਸਿਰੀਚੰਦ ਖੁਸ਼ ਹੋਇ ਪਧਾਰੇ॥ ਥਾਰ ਠਗਾਮ ਥਿਰੇ ਮੁਦ ਧਾਰੇ॥

ਗੁਰੂ ਅਮਰਦਾਸ ਜੀ ਦੇ ਸਮੇਂ ਗੁਰੂ ਰਾਮਦਾਸ ਜੀ ਨੇ ਬਾਦਸ਼ਾਹ ਅਕਬਰ ਦੇ ਸਾਹਮਣੇ ਵਿਰੋਧੀਆਂ ਵੱਲੋਂ ਕੀਤੀ ਗਈ ਸ਼ਿਕਾਇਤ ਦਾ ਜਿਸ ਤਰ੍ਹਾਂ ਉੱਤਰ ਦਿੱਤਾ, ਬਾਦਸ਼ਾਹ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਇਕ ਵਾਰ ਫਿਰ ਬਾਦਸ਼ਾਹ ਅਕਬਰ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਅੰਮ੍ਰਿਤਸਰ ਪੁੱਜਾ। ਵਿਰ ਸੰਗਤ 1636 (ਈਸਵੀ 1579) ਨੂੰ ਬਾਦਸ਼ਾਹ ਅਕਬਰ ਰਾਮਦਾਸਪੁਰ ਵੀ ਆਇਆ ਤੇ ਗੁਰੂ ਜੀ ਦੇ ਦਰਸ਼ਨ ਕਰਨ ਉਪਰੰਤ 101 ਮੋਹਰਾਂ ਭੇਂਟ ਕੀਤੀਆਂ ਜੋ ਅਰਜਨ ਦੇਵ ਜੀ ਨੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਬਾਦਸ਼ਾਹ ਨੇ ਕੁਝ ਜਾਗੀਰ ਭੇਟ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਗੁਰੂ ਸਾਹਿਬ ਨੇ ਨਿਮਰਤਾ ਸਹਿਤ ਕਿਹਾ ਕਿ ਸਾਨੂੰ ਜਾਗੀਰਾਂ ਦੀ ਲੋੜ ਨਹੀਂ। ਜਾਗੀਰਾਂ ਕਲੇਸ਼ ਪੈਦਾ ਕਰਦੀਆਂ ਹਨ। ਅਸੀਂ ਤਾਂ ਸਿੱਖ ਸੇਵਕਾਂ ਦੀ ਤੁੱਛ ਭੇਟਾਂ ਨਾਲ ਹੀ ਪ੍ਰਸੰਨ ਹਾਂ। ਇਕ ਸਮੇਂ ਜਦੋਂ ਜਿਨਸਾਂ ਦੇ ਭਾਅ ਬਹੁਤ ਡਿੱਗ ਪਏ ਸਨ ਤਾਂ ਗੁਰੂ ਜੀ ਵੱਲੋਂ ਬੇਨਤੀ ਕਰਨ ਤੇ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਕਿਸਾਨਾਂ ਦਾ ਇਕ ਸਾਲ ਦਾ ਭੂਮੀ-ਕਰ ਮਾਫ਼ ਕਰ ਦਿੱਤਾ ਸੀ। ਇਸ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਜਨਤਾ ਦੀ ਭਲਾਈ ਨੂੰ ਸਦਾ ਸਨਮੁੱਖ ਰੱਖਿਆ। ਸਿੱਖ ਗੁਰੂ ਸਾਹਿਬ ਦੁਆਰਾ ਸਥਾਪਿਤ ਸਿੱਖਮਤ ਦੀ ਇਹ ਵਿਸ਼ੇਸ਼ਤਾ ਰਹੀ ਹੈ



Sri Satguru Jagjit Singh Ji Elibrary NamdhariElibrary@gmail.com

ਕਿ ਗੁਰੂ ਸਾਹਿਬਾਨ ਨੂੰ ਜਨਤਾ ਦਾ ਹਿੱਤ ਸਦਾ ਪਿਆਰਾ ਰਿਹਾ ਹੈ। ਸਿੱਖੀ ਦੇ ਵਿਕਾਸ ਤੇ ਪ੍ਰਚਾਰ ਵਿਚ ਗੁਰੂ ਸਾਹਿਬਾਨ ਦਾ ਇਹ ਵਿਵਹਾਰ ਸਿੱਖ ਧਰਮ ਦੀਆਂ ਨੀਹਾਂ ਨੂੰ ਪੱਕਾ ਕਰਨ ਵਿਚ ਬੜਾ ਸਹਾਈ ਹੁੰਦਾ ਰਿਹਾ ਹੈ।

**ਗੁਰੂ ਰਾਮਦਾਸ ਜੀ ਦੀ ਮਧੁਰਬਾਣੀ ਦਾ ਭੰਡਾਰ**

ਗੁਰੂ ਰਾਮਦਾਸ ਜੀ ਦੀ ਰਚੀ ਬਾਣੀ ਆਪਣੀ ਵਿਚਲੀ ਮਧੁਰਤਾ, ਸੰਗੀਤਕ ਗੁਣਾਂ ਕਾਰਨ ਸਭ ਦਾ ਧਿਆਨ ਆਪਣੇ ਵੱਲ ਖਿਚਦੀ ਹੈ। ਇਸ ਦੀਆਂ ਸੰਬੋਧਨੀ ਧੁਨਾਂ ਅਤੇ ਸਰਲ ਲੋਕ ਭਾਸ਼ਾ ਅਤੇ ਲੋਕ ਮੁਹਾਵਰੇ ਬਾਣੀ ਵਿਚਲੇ ਸ਼ਾਂਤ ਤੇ ਮਧੁਰ ਗੁਣਾਂ ਵਿਚ ਵਾਧਾ ਕਰਦੇ ਹਨ। ਸੂਹੀ ਰਾਗ ਵਿਚ ਆਪ ਜੀ ਨੇ ਲਾਵਾਂ ਦੀ ਰਚਨਾ ਕਰਕੇ ਅਨੰਦ ਵਿਆਹ ਦੇ ਉੱਚ ਅਧਿਆਤਮਿਕ ਲਕਸ਼ਾਂ ਦੀ ਭਾਵ ਪੂਰਤ ਵਿਆਖਿਆ ਕੀਤੀ ਅਤੇ ਅਨੰਦ ਵਿਆਹ ਲਈ ਮਾਰਗ-ਪੱਧਰਾ ਕੀਤਾ। ਆਸਾ ਰਾਗ ਦੇ ਛੰਤ ਜਿਨ੍ਹਾਂ ਦਾ ਗਾਇਨ ਆਸਾ ਦੀ ਵਾਰ ਨਾਲ ਕੀਤਾ ਜਾਂਦਾ ਹੈ। ਆਪਣੇ ਆਪ ਵਿਚ ਪ੍ਰਗੀਤਕ ਕਾਵਿ ਦਾ ਉੱਚਤਮ ਨਮੂਨਾ ਹਨ। ਆਸਾ ਰਾਗ ਦਾ 'ਸੋ ਪੁਰਖ' ਨਾ ਦੇ ਸਿਰਲੇਖ ਵਾਲਾ ਸ਼ਬਦ ਆਪ ਜੀ ਦੇ ਕਾਵਿ ਕੌਸ਼ਲ ਦਾ ਉਤਦ੍ਰਿਸ਼ਟ ਪ੍ਰਮਾਣ ਹੈ। ਆਪ ਜੀ ਦੀ ਬਾਣੀ ਵਿਚ ਗੁਰਸਿੱਖ ਦੀ ਆਦਰਸ਼ ਰਹਿਤ ਮਰਿਆਦਾ ਦਾ ਵਰਣਨ ਹਰ ਸਿੱਖ ਲਈ ਨਿੱਤ ਦੇ ਕਰਮ ਦਾ ਭਾਗ ਬਣ ਗਿਆ ਹੈ :-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖੁ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ
ਨਾਮੁ ਜਪਾਵੈ॥ *(ਆਦਿ ਗ੍ਰੰਥ ਪੰਨਾ 305-306)*

ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ 638 ਸ਼ਬਦਾਂ ਦੀ ਰਚਨਾ ਕਰਕੇ ਗੁਰਬਾਣੀ ਦੇ ਖਜ਼ਾਨੇ ਵਿਚ ਵੱਡਮੁੱਲਾ ਵਾਧਾ ਕੀਤਾ। ਇਹ ਬਾਣੀ ਆਪਣੇ ਮਧੁਰ ਅਤੇ ਪ੍ਰਗੀਤਕ ਗੁਣਾਂ ਕਰਕੇ ਸ਼੍ਰੇਸ਼ਟਤਮ ਰਚਨਾ ਹੈ।

**ਗੁਰਿਆਈ ਦੀ ਬਖਸ਼ਿਸ਼**

1580 ਈਸਵੀ ਵਿਚ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ ਸਹਾਰੀ ਮੱਲ ਨੇ ਆ ਕੇ ਕਿਹਾ ਤੁਹਾਡੇ ਭਤੀਜੇ ਦੀ ਸ਼ਾਦੀ ਹੈ। ਆਪ ਜ਼ਰੂਰ ਦਰਸ਼ਨ ਦਿਓ ਪਰ ਗੁਰੂ ਰਾਮਦਾਸ ਜੀ ਆਪਣੇ ਰੁਝੇਵਿਆਂ ਦੇ ਕਾਰਨ ਵਿਆਹ ਵਿਚ



Sri Satguru Jagjit Singh Ji Elibrary NamdhariElibrary@gmail.com

ਸ਼ਾਮਲ ਹੋਣ ਤੋਂ ਅਸਮਰਥ ਸਨ। ਇਸ ਲਈ ਉਨ੍ਹਾਂ ਨੇ ਆਪਣੇ ਪੁੱਤਰਾਂ ਵਿਚੋਂ ਕਿਸੇ ਇਕ ਨੂੰ ਭੇਜਣ ਬਾਰੇ ਸੋਚਿਆ। ਪ੍ਰਿਥਵੀ ਚੰਦ ਨੂੰ ਪੁੱਛਣ ਤੇ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਮਹਾਂ ਦੇਵ ਜੀ ਤਾਂ ਵਿਰਾਗੀ ਸਨ, ਇਸ ਲਈ ਅਰਜਨ ਦੇਵ ਜੀ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਜਾਣਾ ਸਵੀਕਾਰ ਕਰ ਲਿਆ। ਗੁਰੂ ਰਾਮਦਾਸ ਜੀ ਨੇ ਹੁਕਮ ਕੀਤਾ ਕਿ ਜਿਨ੍ਹਾਂ ਚਿਰ ਤਕ ਅਸੀਂ ਨਾ ਬੁਲਾਈਏ ਤੁਸੀਂ ਲਾਹੌਰ ਵਿਖੇ ਹੀ ਰਹਿਣਾ ਤੇ ਉਥੋਂ ਦੀ ਸੰਗਤ ਵਿਚ ਧਰਮ ਪ੍ਰਚਾਰ ਕਰਨਾ। ਗੁਰੂ ਅਰਜਨ ਦੇਵ ਜੀ ਲਗਭਗ ਡੇਢ ਸਾਲ ਲਾਹੌਰ ਵਿਖੇ ਹੀ ਟਿਕੇ ਰਹੇ ਅਤੇ ਨਾਲੋਂ ਨਾਲ ਸੰਗਤ ਵਿਚ ਨਾਮ ਬਾਣੀ ਅਤੇ ਕਥਾ ਕੀਰਤਨ ਦਾ ਪ੍ਰਵਾਹ ਚਲਾਉਂਦੇ ਰਹੇ। ਪਰ ਮੰਨ ਵਿਚ ਇਹ ਇੱਛਾ ਬਣੀ ਰਹੀ ਕਿ ਕਦੋਂ ਗੁਰੂ ਜੀ ਵਾਪਸ ਅੰਮ੍ਰਿਤਸਰ ਬੁਲਾਉਣਗੇ। ਗੁਰੂ ਜੀ ਦੇ ਵਿਯੋਗ ਦੇ ਵਿਰਾਗ ਵਿਚ ਕਈ ਸ਼ਬਦ ਰਚੇ। ਅੰਤ ਮਾਝ ਰਾਗ ਕੇ ਚੌਪਦੇ ਦੇ ਪਦਿਆਂ ਨੂੰ ਚਿੱਠੀਆਂ ਦੇ ਰੂਪ ਵਿਚ ਗੁਰੂ ਰਾਮਦਾਸ ਜੀ ਨੂੰ ਅਰਦਾਸ ਵਜੋਂ ਕਿਸੇ ਸਿੱਖ ਹੱਥ ਲਿਖ ਕੇ ਭੇਜਿਆ। ਪਹਿਲੇ ਦੋ ਪੱਤਰ ਪ੍ਰਿਥਵੀ ਚੰਦ ਨੇ ਗੁਰੂ ਰਾਮਦਾਸ ਤੱਕ ਪਹੁੰਚਣ ਹੀ ਨਹੀਂ ਦਿੱਤੇ, ਪਰ ਤੀਜਾ ਪੱਤਰ ਜਦੋਂ ਅਰਜਨ ਦੇਵ ਜੀ ਦੇ ਵੱਲੋਂ ਕੀਤੀ ਗਈ ਤਾਕੀਦ ਅਨੁਸਾਰ ਸੰਦੇਸ਼ ਲਿਜਾਣ ਵਾਲੇ ਸਿੱਖ ਨੇ ਗੁਰੂ ਰਾਮਦਾਸ ਜੀ ਨੂੰ ਦਿੱਤਾ ਤਾਂ ਪ੍ਰਿਥਵੀ ਚੰਦ ਦਾ ਪਾਜ ਵੀ ਖੁੱਲ੍ਹ ਗਿਆ ਕਿਉਂ ਜੋ ਪੱਤਰ ਉੱਤੇ ਅੰਕ 3 ਲਿਖਿਆ ਹੋਇਆ ਸੀ।

ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਜੀ ਨੂੰ ਛੇਤੀ ਆਉਣ ਲਈ ਕਿਹਾ। ਉਨ੍ਹਾਂ ਨੇ ਪ੍ਰੇਮ ਭਗਤੀ ਅਤੇ ਲਾਹੌਰ ਵਿਚ ਕੀਤੇ ਗਏ ਕਾਰਜਾਂ ਤੋਂ ਪ੍ਰਸੰਨ ਹੋ ਕੇ ਅਰਜਨ ਦੇਵ ਜੀ ਨੂੰ ਆਪਣੇ ਗੱਲੇ ਲਗਾਇਆ ਅਤੇ ਅਗਲੇ ਦਿਨ ਵੱਡਾ ਦੀਵਾਨ ਸਜਾ ਕੇ ਅਤੇ ਸਾਰੇ ਪ੍ਰਮੁੱਖ ਸਿੱਖਾਂ ਅਤੇ ਮਸੰਦਾਂ ਦੀ ਹਾਜ਼ਰੀ ਵਿਚ ਗੁਰਿਆਈ ਮਾਤਾ ਭਾਨੀ ਜੀ ਦੇ ਵਰ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਬਖਸ਼ ਦਿੱਤੀ। ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਨੇ ਲਾਇਆ। ਇਹ ਇਤਿਹਾਸਕ ਘਟਨਾ ਸਤੰਬਰ 1581 (ਅਸੂ 1 ਸੰਮਤ 1638) ਦੀ ਹੈ।

ਗੁਰੂ ਰਾਮਦਾਸ ਜੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਬਖਸ਼ ਕੇ ਆਪ ਅੰਮ੍ਰਿਤਸਰ ਤੋਂ ਬੀਬੀ ਭਾਨੀ ਤੇ ਕੁਝ ਨਿੱਜੀ ਸੇਵਕਾਂ ਨੂੰ ਨਾਲ ਲੈ ਕੇ ਗੋਇੰਦਵਾਲ ਚਲੇ ਗਏ, ਜਿੱਥੇ ਉਹ ਸਤੰਬਰ 1581 (ਅਸੂ 3 ਸੰਮਤ 1638) ਨੂੰ ਜੋਤੀ ਜੋਤ ਸਮਾ ਗਏ।

ਕੁਝ ਇਤਿਹਾਸਕਾਰਾਂ ਜਿਵੇਂ ਮੁਹੰਮਦ ਲਾਤੀਫ ਡਾ. ਗੋਕਲ ਚੰਦ ਨਾਰੰਗ ਅਨੁਸਾਰ ਗੁਰਿਆਈ ਦੇ ਸੋਢੀ ਕੁੱਝ ਅਰਥਾਤ ਜੱਦੀ ਬਣ ਜਾਣ ਨਾਲ ਗੁਰੂ ਜੀ ਦਾ ਵਿਸ਼ੇਸ਼ ਪ੍ਰਭਾਵ ਪਿਆ ਪਰ ਡਾ. ਏ. ਸੀ. ਅਰੋੜਾ ਦਾ ਵਿਚਾਰ ਹੈ ਕਿ



Sri Satguru Jagjit Singh Ji Elibrary NamdhariElibrary@gmail.com

ਗੁਰਿਆਈ ਦਾ ਜੱਦੀ ਬਣ ਜਾਣ ਨਾਲ ਵੀ ਗੁਰੂ ਦੀ ਚੋਣ ਸਮੇਂ ਯੋਗਤਾ ਨੂੰ ਹੀ ਮੁੱਖ ਰੱਖਿਆ ਜਾਂਦਾ ਰਿਹਾ।

ਤਵਾਰੀਖ ਗੁਰੂ ਖਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ [1*]"ਗੁਰੂ ਰਾਮਦਾਸ ਜੀ ਸੰਮਤ 1591 ਬਿ. ਕੱਤਕ ਵਦੀ 2 ਨੂੰ ਪ੍ਰਗਟ ਹੋਏ, 36 ਬਰਸ 10 ਮਹੀਨੇ 26 ਦਿਨ ਦੀ ਉਮਰ ਵਿਚ ਗੱਦੀ ਘਰ ਬੈਠੇ, 11 ਬਰਸ 11 ਮਹੀਨੇ 16 ਦਿਨ ਗੁਰਿਆਈ ਕਰ 47 ਬਰਸ 10 ਮਹੀਨੇ 16 ਦਿਨ ਕੁਝ ਉਮਰ ਭੋਗ ਕੇ ਭਾਦਰੋਂ ਸੁਦੀ 3 ਸੰਮਤ 1638 ਬਿ. ਨੂੰ ਗੋਇੰਦਵਾਲ ਸ਼ੁੱਕਰਵਾਰ 4 ਘੜੀ ਦੇ ਤੜਕੇ ਜੋਤੀ ਜੋਤ ਸਮਾਏ।"

## ਸ੍ਰੀ ਗੁਰੂ ਅਰਜਨ ਦੇਵ ਜੀ (1563-1606)

ਸਿੱਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਪੰਜੀ (1581-1606) ਸਾਲਾਂ ਦੇ ਗੁਰੂ ਕਾਲ ਵਿਚ ਸਿੱਖ ਮਤ ਦੀ ਪ੍ਰਗਤੀ ਤੇ ਪਾਸਾਰ ਵਿਚ ਬੇਓੜਕ ਵਾਧਾ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਸ਼ਖਸੀਅਤ ਜੋ ਹਰ ਪੱਖ ਤੋਂ ਸਰਬ ਸਮਰੱਥ ਤੇ ਪਰੀਪੂਰਨ ਸੀ, ਨੂੰ ਸੱਚਮੁੱਚ ਹੀ ਭੱਟ ਕਵੀ ਮਥੁਰਾ ਨੇ :

ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ

*(ਆਦਿ ਗ੍ਰੰਥ, ਪੰਨਾ 1407)*

ਕਹਿ ਕੇ ਸੰਬੋਧਿਤ ਕੀਤਾ ਹੈ। ਆਪ ਜੀ ਦੀ ਸਰਪ੍ਰਸਤੀ ਵਿਚ ਇਤਨੇ ਮਹੱਤਵਪੂਰਨ ਕਾਰਜ ਨੇਪਰੇ ਚਾੜ੍ਹੇ ਗਏ ਕਿ ਸਿੱਖ ਧਰਮ ਦੀਆਂ ਨਾ ਕੇਵਲ ਨੀਹਾਂ ਹੀ ਮਜ਼ਬੂਤ ਹੋਈਆਂ ਸਗੋਂ ਸਿੱਖੀ ਦੇ ਸ਼ਾਨਦਾਰ ਮਹਿਲ ਦੀ ਉਸਾਰੀ ਵੀ ਸੰਭਵ ਹੋ ਸਕੀ। ਅੰਮ੍ਰਿਤਸਰ ਨਗਰ ਦਾ ਵਿਕਾਸ ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਦੀ ਸਾਜਨਾ, ਤਰਨਤਾਰਨ, ਕਰਤਾਰਪੁਰ ਅਤੇ ਸ੍ਰੀ ਹਰਿਗੋਬਿੰਦਪੁਰ ਵਰਗੇ ਨਗਰਾਂ ਦਾ ਨਿਰਮਾਣ, ਮਸੰਦ ਪਰੰਪਰਾ ਦਾ ਵਿਸਥਾਰ ਅਤੇ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨ ਅਜਿਹੇ ਮਹਾਨ ਕਾਰਜ ਸਨ, ਜਿਨ੍ਹਾਂ ਕਾਰਨ ਗੁਰੂ ਅਰਜਨ ਦੇਵ ਜੀ ਦੀ ਕੀਰਤੀ ਦੂਰ ਦੂਰ ਤੱਕ ਫੈਲ ਗਈ। ਘਰੋਗੀ ਵਿਰੋਧਾਂ ਦੇ ਬਾਵਜੂਦ ਆਪ ਜੀ ਨਾਲ ਪ੍ਰਮੁੱਖ ਸਿੱਖਾਂ ਦਾ ਮੰਡਲ ਇਸ ਤਰ੍ਹਾਂ ਜੁੜ ਗਿਆ ਜਿਵੇਂ ਚੰਦਰਮਾ ਦੁਆਲੇ ਤਾਰੇ ਸ਼ੋਭਾ ਦਿੰਦੇ ਹਨ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ, ਭਾਈ ਲੱਧਾ, ਭਾਈ ਭਗਤੂ, ਭਾਈ ਲੰਗਾਹ ਮੰਝ ਆਦਿ ਅਨਿਨ ਸੇਵਕ ਗੁਰੂ ਅਰਜਨ ਦੇਵ ਜੀ ਦੇ ਨਿਸ਼ਕਾਮ ਸੇਵਕਾਂ ਅਤੇ ਪ੍ਰਮੁੱਖ ਸਿੱਖਾਂ ਵਿਚੋਂ ਸਨ। ਅਨੇਕ ਉੱਚ ਗੁਣਾਂ ਦੇ ਧਾਰਨੀ ਗੁਰੂ

---

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 382



Sri Satguru Jagjit Singh Ji Elibrary NamdhariElibrary@gmail.com

ਅਰਜਨ ਦੇਵ ਜੀ ਨੇ ਬਹੁਤ ਸਾਰੇ ਵਿਰੋਧਾਂ ਦੇ ਬਾਵਜੂਦ ਨਿਰਮਾਨਤਾ ਦਾ ਜੀਵਨ ਬਤੀਤ ਕੀਤਾ। ਆਪ ਜੀ ਨੂੰ ਸਿੱਖ ਧਰਮ ਦੇ ਪਹਿਲੇ ਸ਼ਹੀਦ ਹੋਣ ਕਰਕੇ ਵੀ ਸਿੱਖੀ ਦੇ ਮਹਿਲ ਦੀ ਉਸਾਰੀ ਵਿਚ ਇਤਿਹਾਸਕ ਗੌਰਵ ਪ੍ਰਾਪਤ ਹੈ। ਸਭ ਤੋਂ ਵੱਧ ਬਾਣੀ ਦੇ ਰਚਨਹਾਰ ਪੂਰਨ ਬ੍ਰਹਮ ਗਿਆਨੀ ਅਤੇ ਪਰਮੇਸ਼ਵਰ ਦੇ ਅਨਿਨ ਭਗਤ, ਕਥਨੀ ਅਤੇ ਕਰਨੀ ਦੇ ਸੂਰੇ, ਬਚਨਾਂ ਦੇ ਪੂਰੇ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ ਗੁਰੂ ਅਰਜਨ ਆਪਣੀ ਮਿਸਾਲ ਆਪ ਹੀ ਸਨ। ਗੁਰੂ ਅਰਜਨ ਦੇਵ ਜੀ ਦੇ ਅਦੁੱਤੀ ਗੁਣਾਂ ਤੋਂ ਬਲਿਹਾਰ ਜਾ ਕੇ ਆਪ ਜੀ ਦੇ ਨਿਕਟ ਵਰਤੀ ਸਿੱਖ ਭਾਈ ਗੁਰਦਾਸ ਜੀ ਨੂੰ ਇਹੋ ਸ਼ਬਦ ਯੋਗ ਲੱਗੇ। [1*]"ਗੁਰੂ ਅਰਜਨ ਵਿਟੋਹ ਕੁਰਬਾਣੀ" ਮਥਰਾ ਭੱਟ ਦੇ ਇਹ ਸ਼ਬਦ ਵਰਣਨ ਯੋਗ ਹਨ :

"ਭਨਿ ਮਥੁਰਾ ਕਛੁ ਭੇਦੁ ਨਹੀ ਅਰਜੁਨੁ ਪਰਤਖ੍ਹ ਹਰਿ"

### ਜੀਵਨ ਸਮਾਚਾਰ

ਗੁਰੂ ਅਰਜਨ ਦੇਵ ਜੀ ਭਾਈ ਜੇਠਾ (ਗੁਰੂ ਰਾਮਦਾਸ) ਅਤੇ ਬੀਬੀ ਭਾਨੀ ਦੇ ਸਭ ਤੋਂ ਛੋਟੇ ਸਪੁੱਤਰ ਸਨ, ਜਿਨ੍ਹਾਂ ਦਾ ਜਨਮ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563, (ਵੈਸਾਖ ਵਦੀ 7, 1620 ਬਿ:) ਨੂੰ ਹੋਇਆ। ਬਚਪਨ ਵਿਚ ਹੀ ਆਪ ਜੀ ਨੂੰ ਨਾਨਾ ਗੁਰੂ ਅਮਰਦਾਸ ਜੀ ਵੱਲੋਂ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਪ੍ਰਾਪਤ ਹੋਇਆ, ਜਿਸ ਨੂੰ ਆਪ ਜੀ ਨੇ ਆਪਣੀ ਰਚੀ ਵੱਡ ਆਕਾਰੀ ਮਹਾਨ ਬਾਣੀ ਅਤੇ ਆਦਿ ਗ੍ਰੰਥ ਸਾਹਿਬ ਦੇ ਸੰਕਲਨ ਤੇ ਸੰਪਾਦਨ ਦੇ ਰੂਪ ਵਿਚ ਸਾਕਾਰ ਕਰ ਵਿਖਾਇਆ। ਆਪ ਜੀ ਦਾ ਪਹਿਲਾ ਵਿਆਹ ਮੋੜ ਪਿੰਡ ਚੰਦਨ ਦਾਸ ਸੂੜੀ ਖੱਤਰੀ ਦੀ ਬੇਟੀ ਰਾਮਦੇਈ ਨਾਲ ਸੰਮਤ 1632 ਬਿ: ਨੂੰ ਹੋਯਾ, ਪਰ ਜਦ ਉਹ ਬਿਨਾਂ ਸੰਤਾਨ [2*]1641 ਬਿ: ਨੂੰ ਚਲਾਣਾ ਕਰ ਗਈ ਤਾਂ ਦੂਜਾ ਵਿਆਹ ਮਊ ਪਿੰਡ ਪ੍ਰਗਣੇ ਫਲੌਰ ਕਿਸ਼ਨ ਚੰਦ ਖਤਰੀ ਦੀ ਬੇਟੀ ਗੰਗਾ ਦੇਵੀ ਨਾਲ 3 ਹਾੜ ਸੰ: 1646 ਬਿ: ਨੂੰ ਹੋਯਾ ਤੇ ਗੁਰੂਪੱਦ ਨੂੰ ਗ੍ਰਹਿਣ ਕਰਨ ਤੋਂ ਪਿਛੋਂ ਆਪ ਸਦਾ ਉਨ੍ਹਾਂ ਦੀ ਆਗਿਆ ਵਿਚ ਰਹਿ ਕੇ ਹਰ ਕਾਰਜ ਨੂੰ ਖਿੜੇ ਮੱਥੇ ਨਿਭਾਉਂਦੇ ਰਹੇ। ਆਪ ਜੀ ਨੇ ਅੰਮ੍ਰਿਤਸਰ ਤੇ ਸੰਤੋਖਸਰ ਦੀ ਖੁਦਾਈ ਸਮੇਂ ਅਤੇ ਚੱਕ ਗੁਰੂ ਰਾਮਦਾਸ ਦੇ ਨਗਰ ਦੇ ਨਵ-ਨਿਰਮਾਣ ਸਮੇਂ ਹਰ ਕਾਰਜ ਨੂੰ ਗਹੁ ਨਾਲ ਤੱਕਿਆ ਅਤੇ ਗੁਰੂ ਰਾਮਦਾਸ ਜੀ ਦੇ ਹਜ਼ੂਰੀ ਦਰਸ਼ਨਾਂ ਰਾਹੀਂ ਸਿੱਖ ਧਰਮ ਦੀ ਨਵ-ਉਸਾਰੀ ਦੇ ਕਾਰਜਾਂ ਦਾ

---

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 383

[2*] ਭਾਈ ਗੁਰਦਾਸ ਦੀ ਵਾਰ



Sri Satguru Jagjit Singh Ji Elibrary NamdhariElibrary@gmail.com

ਨਿੱਜੀ ਅਨੁਭਵ ਪ੍ਰਾਪਤ ਕੀਤਾ।

ਗੁਰੂ ਰਾਮਦਾਸ ਜੀ ਦੇ ਆਦੇਸ਼ ਅਨੁਸਾਰ ਅਰਜਨ ਦੇਵ ਜੀ ਨੂੰ ਲੰਮੇ ਸਮੇਂ ਤੱਕ ਲਾਹੌਰ ਰਹਿਣਾ ਪਿਆ। ਆਪ ਜੀ ਦੇ ਦੋ ਪੱਤਰ ਜੋ ਗੁਰੂ ਰਾਮਦਾਸ ਜੀ ਨੂੰ ਭੇਜੇ ਗਏ ਸਨ, ਉਤਰ ਨਾ ਮਿਲਣ ਉੱਤੇ ਜਦੋਂ ਤੀਜਾ ਪੱਤਰ ਸੰਦੇਸ਼ ਵਾਹਕ ਨੇ ਗੁਰੂ ਰਾਮਦਾਸ ਜੀ ਦੇ ਹੱਥੀਂ ਫੜਾਇਆ ਤਾਂ ਗੁਰੂ ਰਾਮਦਾਸ ਜੀ ਨੇ ਪੁੱਤਰ ਦੇ ਵਿਛੋੜੇ ਦੇ ਵਿਯੋਗ ਤੋਂ ਪ੍ਰਭਾਵਿਤ ਹੋ ਕੇ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਤੁਰੰਤ ਬੁਲਾ ਲਿਆ ਅਤੇ ਅਰਜਨ ਦੇਵ ਜੀ ਨੂੰ ਗੁਰਿਆਈ ਬਖਸ਼ਣ ਦਾ ਫੈਸਲਾ ਕਰ ਲਿਆ।

ਗੁਰੂ ਰਾਮਦਾਸ ਜੀ ਨੇ ਅਗਲੇ ਦਿਨ ਗੁਰ ਸਿੱਖਾਂ ਦਾ ਵੱਡਾ ਦੀਵਾਨ ਸਜਾ ਕੇ ਗੁਰਗੱਦੀ ਅਰਜਨ ਦੇਵ ਜੀ ਨੂੰ ਬਖ਼ਸ਼ ਦਿੱਤੀ ਅਤੇ ਤਿਲਕ ਲਾਉਣ ਦੀ ਰਸਮ ਬਾਬਾ ਬੁੱਢਾ ਜੀ ਤੋਂ ਕਰਵਾਈ ਇਸ ਉਪਰੰਤ ਆਪ ਗੋਇੰਦਵਾਲ ਚਲੇ ਗਏ ਜਿੱਥੇ ਜਾ ਕੇ ਗੁਰੂ ਰਾਮਦਾਸ ਜੀ ਸਤੰਬਰ 1581 (ਅਸੂ 3 ਸੰਮਤ 1638) ਨੂੰ ਜੋਤੀ ਜੋਤ ਸਮਾ ਗਏ। ਜਦੋਂ ਪੰਜਵੇਂ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਅੰਤਿਮ ਸੰਸਕਾਰਾਂ ਵਿਚ ਸ਼ਾਮਲ ਹੋਏ ਤਾਂ ਬਾਬਾ ਮੋਹਰੀ ਜੀ ਨੇ ਪੱਗੜੀ ਗੁਰੂ ਅਰਜਨ ਦੇਵ ਜੀ ਨੂੰ ਭੇਂਟ ਕੀਤੀ ਤਾਂ ਪ੍ਰਿਥਵੀ ਚੰਦ ਨੂੰ ਬੜਾ ਦੁੱਖ ਹੋਇਆ। ਉਹ ਮਹਿਸੂਸ ਕਰਦਾ ਸੀ ਕਿ ਵੱਡਾ ਪੁੱਤਰ ਹੋਣ ਕਰਕੇ ਪੱਗੜੀ ਪ੍ਰਾਪਤ ਕਰਨ ਦਾ ਹੱਕ ਉਸ ਦਾ ਹੈ। ਇਸ ਘਟਨਾ ਤੋਂ ਪਿਛੋਂ ਪ੍ਰਿਥਵੀ ਚੰਦ ਨੇ ਸਦਾ ਹੀ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਵਿਰੁੱਧ ਕਈ ਗੁਪਤ ਤੇ ਪ੍ਰਗਟ ਸਾਜਸ਼ਾਂ ਦਾ ਜਾਲ ਹੀ ਰਚੀ ਰੱਖਿਆ। ਗੁਰੂ ਅਰਜਨ ਦੇਵ ਜੀ ਨੇ ਪ੍ਰਿਥਵੀ ਚੰਦ ਨੂੰ ਅਤੇ ਮਹਾਂ ਦੇਵ ਨੂੰ ਭੂਮੀ ਅਤੇ ਸੰਪਤੀ ਦਾ ਕਾਫੀ ਵੱਡਾ ਭਾਗ ਦੇ ਕੇ ਆਪ ਕੇਵਲ ਸਿੱਖ ਸੰਗਤ ਦੀ ਭੇਟਾਂ ਤਕ ਹੀ ਆਪਣੇ ਆਪ ਨੂੰ ਸੰਤੁਸ਼ਟ ਰੱਖਿਆ ਅਤੇ ਨਿਮਰਤਾ, ਸੁਹਿਰਦਤਾ ਨਾਲ ਸਿੱਖ ਧਰਮ ਦੀ ਉੱਨਤੀ ਲਈ ਅਨੇਕ ਯਤਨਾਂ ਵਿਚ ਤੱਤਪਰ ਰਹੇ।

ਆਪ ਬਹੁਤਾ ਸਮਾਂ ਮਾਝੇ ਦੇ ਖੇਤਰ ਵਿਚ ਹੀ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਅੰਮ੍ਰਿਤਸਰ ਸਰੋਵਰ ਦੇ ਮੁਕੰਮਲ ਹੋਣ ਤੇ ਆਪ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕਾਰਜ ਆਰੰਭ ਕਰਵਾਇਆ, ਜਿਸ ਦੀ ਨੀਂਹ ਪ੍ਰਸਿੱਧ ਸੂਫ਼ੀ ਦਰਵੇਸ਼ ਬਾਬਾ ਮੀਆਂਮੀਰ ਜੀ ਤੋਂ ਰਖਵਾਈ। ਹਰਿਮੰਦਰ ਦੇ ਚਾਰ ਦਰਵਾਜ਼ੇ ਜਾਂ ਬੂਹੇ ਚੌਹ ਦਿਸ਼ਾਵਾਂ ਵੱਲ ਨੂੰ ਖੁੱਲ੍ਹਦੇ ਹਨ ਜੋ ਚੌਹ ਵਰਨਾਂ ਤੇ ਸਮੂਹ ਧਰਮਾਂ ਲਈ ਬਿਨਾਂ ਵਿਤਕਰੇ ਸਾਰੀ ਮਨੁੱਖ ਜਾਤੀ ਦਾ ਸਾਂਝਾ ਪਵਿੱਤਰ ਧਾਮ ਬਣ ਗਿਆ।

ਇਸ ਤੋਂ ਪਹਿਲਾਂ ਆਪ ਜੀ ਨੇ ਅੰਮ੍ਰਿਤਸਰ ਤੋਂ 15 ਮੀਲ ਦੱਖਣ ਵੱਲ 1590 ਵਿਚ ਤਰਨਤਾਰਨ ਨਗਰ ਦਾ ਨਿਰਮਾਣ ਕਰਵਾਇਆ ਜੋ ਸ਼ੇਰਸ਼ਾਹ



Sri Satguru Jagjit Singh Ji Elibrary NamdhariElibrary@gmail.com

ਸੂਰੀ ਸ਼ਾਹੀ ਮਾਰਗ ਉੱਤੇ ਸਥਿਤ ਸੀ। ਇਸ ਤੋਂ ਪਿਛੋਂ ਆਪ ਨੇ ਜਲੰਧਰ ਦੁਆਬੇ ਵਿਚ ਕਰਤਾਰਪੁਰ ਅਤੇ ਬਿਆਸ ਦੇ ਕੰਢੇ ਸ੍ਰੀ ਹਰਗੋਬਿੰਦਪੁਰ ਦਾ ਨਿਰਮਾਣ ਕੀਤਾ। ਪ੍ਰਿਥਵੀ ਚੰਦ ਆਪ ਵਿਰੁੱਧ ਸਦਾ ਸਾਜਸ਼ਾਂ ਕਰਦਾ ਰਿਹਾ ਅਤੇ ਹੇਰ ਪਿੰਡ ਵਿਚ ਸਮਾਂਨਾਂਤਰ ਪੂਜਾ ਕਰਵਾਉਣ ਅਤੇ ਨਾਨਕ ਦੇ ਨਾਂ ਤੇ ਬਾਣੀ ਰਚਨ ਲੱਗ ਪਿਆ। ਤਰ੍ਹਾਂ ਤਰ੍ਹਾਂ ਦੇ ਮੁਕੱਦਮੇ ਤੇ ਸ਼ਿਕਾਇਤਾਂ ਸਰਕਾਰੇ ਦਰਬਾਰੇ ਕੀਤੀਆਂ। 1695 ਵਿਚ ਬਾਬਾ ਬੁੱਢਾ ਜੀ ਦੇ ਵਰ ਨਾਲ ਮਾਤਾ ਗੰਗਾ ਜੀ ਦੀ ਕੁਖੋਂ ਹਰਗੋਬਿੰਦ ਸਾਹਿਬ ਦਾ ਜਨਮ ਜੁਲਾਈ 1595 (21 ਹਾੜ ਸੰਮਤ 1652) ਨੂੰ ਪਿੰਡ ਵਡਾਲੀ ਵਿਚ ਹੋਇਆ।

ਆਪ ਜੀ ਦੇ ਕੀਤੇ ਕਾਰਜਾਂ ਵਿਚੋਂ ਸਭ ਤੋਂ ਮਹਾਨ ਕਾਰਜ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਸੰਪੂਰਨ ਕਰਨਾ ਸੀ। 1602 ਵਿਚ ਆਪ ਜੀ ਨੇ ਰਾਮਸਰ ਦੇ ਰਮਨੀਕ ਸਥਾਨ ਤੇ ਇਹ ਕਾਰਜ ਗੁਰੂ ਘਰ ਦੇ ਪ੍ਰਸਿੱਧ ਵਿਦਵਾਨ ਤੇ ਮਹਾਂਕਵੀ ਭਾਈ ਗੁਰਦਾਸ ਜੀ ਦੇ ਸਹਿਯੋਗ ਨਾਲ ਆਰੰਭ ਕੀਤਾ। ਆਪ ਜੀ ਨੇ ਭਾਈ ਬੁੱਢਾ ਅਤੇ ਭਾਈ ਗੁਰਦਾਸ ਜੀ ਦੇ ਯਤਨਾਂ ਦੇ ਅਸਫਲ ਰਹਿਣ ਪਿਛੋਂ ਆਪ ਗੋਇੰਦਵਾਲ ਸਾਹਿਬ ਜਾ ਕੇ ਬਾਬਾ ਮੋਹਣ ਜੀ ਤੋਂ ਗੁਰਬਾਣੀ ਦੀਆਂ ਪੋਥੀਆਂ ਪ੍ਰਾਪਤ ਕੀਤੀਆਂ ਅਤੇ ਗੁਰੂ ਰਾਮਦਾਸ ਜੀ ਵੱਲੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਦੇ ਸੰਗ੍ਰਹਿਆਂ ਅਤੇ ਹੁਕਮਨਾਮੇ ਭੇਜ ਕੇ ਗੁਰ ਸਿੱਖਾਂ ਤੋਂ ਬਾਣੀ ਇਕੱਤਰ ਕਰਕੇ ਇਸ ਕਾਰਜ ਨੂੰ 1602 ਵਿਚ ਆਰੰਭ ਕਰਕੇ 1604 ਵਿਚ ਸੰਪੂਰਨ ਕੀਤਾ ਅਤੇ ਭਾਦਰੋਂ ਸੁਦੀ ਏਕਮ 16 ਅਗਸਤ 1604 ਈਸਵੀ ਨੂੰ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕਰਵਾ ਕੇ ਬਾਬਾ ਬੁੱਢਾ ਜੀ ਨੂੰ ਪ੍ਰਥਮ ਗ੍ਰੰਥੀ ਥਾਪਿਆ ਪੋਥੀ ਨੂੰ ਪਰਮੇਸ਼ਵਰ ਦਾ ਸਥਾਨ ਕਹਿ ਕੇ ਨਿਵਾਜਿਆ। ਗੁਰੂ ਅਰਜਨ ਦੇਵ ਜੀ ਦੀ ਇਸ ਮਹਾਨ ਘਾਲਣਾ ਸਦਕਾ ਸਿੱਖ ਜਗਤ ਨੂੰ ਹੁਣ ਆਪਣਾ ਪਵਿੱਤਰ ਧਰਮ ਗ੍ਰੰਥ ਵੀ ਪ੍ਰਾਪਤ ਹੋ ਗਿਆ। ਇਸ ਮਹਾਨ ਗ੍ਰੰਥ ਵਿਚ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦੇ ਸਾਰੇ ਭਾਰਤ ਦੇ ਅਧਿਆਤਮਿਕ ਵਿਰਸੇ ਨੂੰ ਗੁਰਬਾਣੀ ਦੇ ਰੂਪ ਵਿਚ ਸੁਰੱਖਿਅਤ ਕਰ ਲਿਆ ਗਿਆ ਹੈ। ਇਸ ਵਿਚ 5 ਗੁਰ ਸਾਹਿਬਾਨ ਤੋਂ ਬਿਨਾਂ 15 ਭਗਤਾਂ ਅਤੇ 11 ਭੱਟਾਂ ਸੱਤਾ, ਬਲਵੰਡ ਅਤੇ ਬਾਬਾ ਸੁੰਦਰ ਦੀ ਬਾਣੀ ਦਰਜ ਹੈ। ਆਦਿ ਗ੍ਰੰਥ ਸਾਹਿਬ ਦੀ ਇਸ ਬੀੜ ਨੂੰ ਸਿੱਖ ਇਤਿਹਾਸ ਵਿਚ ਕਰਤਾਰਪੁਰ ਵਾਲੀ ਬੀੜ ਕਰਕੇ ਜਾਣਿਆ ਜਾਂਦਾ ਹੈ। ਪਿਛੋਂ ਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕਾਰਜ ਵਿਚ ਆਪਣਾ ਨਿੱਜੀ ਯੋਗਦਾਨ ਵੀ ਸਭ ਤੋਂ ਵਧੇਰੇ ਹੈ। [1*]ਸਿੱਖ ਐਨਸਾਈਕਲੋਪੀਡੀਆ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ

[1*] ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ 1, ਪੰਨਾ 312



Sri Satguru Jagjit Singh Ji Elibrary NamdhariElibrary@gmail.com

ਇਕ ਤਿਹਾਈ ਭਾਗ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਹੀ ਹੈ। ਆਪ ਜੀ ਦੀਆਂ ਰਚੀਆਂ ਹੋਈਆਂ ਪ੍ਰਮੁੱਖ ਬਾਣੀਆਂ ਸੁਖਮਨੀ (ਰਾਮ ਗਾਉੜੀ) ਬਾਵਨ ਅੱਖਰੀ, ਬਾਰਾਂ ਮਾਹ, (ਮਾਝ), ਛੇਵਾਰਾਂ ਸੋਹਲੇ ਗਾਥਾ, ਫੁਨਹੇ, ਸੰਤ, ਗੁਣਵੰਤੀ, ਮੁੰਦਾਵਣੀ, ਸਹਿਸਕ੍ਰਿਤੀ, ਰੁਤੀ, ਥਿਤੀ, ਪਹਿਰੇ ਆਦਿ ਹਨ। ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ ਆਪ ਜੀ ਦੀ ਬਾਣੀ 30 ਰਾਗਾਂ ਵਿਚ ਅੰਕਿਤ ਹੈ। ਸੁਖਮਨੀ ਆਪ ਜੀ ਦੀ ਉਹ ਸਰਵੋਤਮ ਰਚਨਾ ਹੈ, ਜਿਸ ਦੀ ਦਾਰਸ਼ਨਿਕ ਪ੍ਰਮਾਣਿਕਤਾ ਅਤੇ ਰੂਪ ਵਿਧਾਨ ਦਾ ਕਲਾਸਕੀ ਬੰਧਾਨ ਆਪ ਜੀ ਨੂੰ ਸ਼ਰੇਸ਼ਟਤਮ ਬਾਣੀਕਾਰ ਹੋਣ ਦਾ ਬੋਧ ਕਰਵਾਉਂਦਾ ਹੈ। ਇਸ ਮਹਾਨ ਬਾਣੀ ਵਿਚ ਨਾਮ ਦੀ ਮਹਿਮਾ ਸਾਧ, ਸੰਤ ਅਤੇ ਬ੍ਰਹਮ ਗਿਆਨੀ ਦੇ ਉੱਚ ਲੱਛਣ ਦੱਸੇ ਗਏ ਹਨ, ਜਿਨ੍ਹਾਂ ਤੋਂ ਕਿਸੇ ਅਧਿਆਤਮਿਕ ਵਿਭੂਤੀ ਦੇ ਉੱਚਤਮ ਲਖਸ਼ਾਂ ਨੂੰ ਜਾਣਿਆ ਜਾ ਸਕਦਾ ਹੈ। ਇਕ ਅਸ਼ਟਪਦੀ ਵਿਚ ਸਤਿਗੁਰੂ ਦੇ ਸਰੂਪ ਦੀ ਵਿਆਖਿਆ ਵੀ ਵਿਸਥਾਰ ਸਹਿਤ ਕੀਤੀ ਗਈ ਹੈ। ਬਾਰਾਂ ਮਾਂਹ ਮਾਝ ਵਿਚ ਪ੍ਰਭੂ ਦਰਸ਼ਨ ਦੀ ਸਿੱਕ ਨੂੰ ਬਿਰਹੀ ਆਤਮਾ ਦੀ ਸਿੱਕ ਦੁਆਰਾ ਵਰਣਨ ਕੀਤਾ ਗਿਆ। ਜਿੱਥੇ ਸੁਖਮਨੀ ਸ਼ਾਂਤ ਰਸ ਦੀ ਮਹਾਨ ਕਲਾ ਕ੍ਰਿਤ ਹੈ, ਉਥੇ ਬਾਰਾਂਮਾਹ ਮਾਝ ਸ਼ਿੰਗਾਰ ਰਸ ਦੀ ਕੋਟੀ ਵਿਚ ਉੱਤਮ ਰਚਨਾ ਹੈ, ਜੈਤਸਰੀ ਦੀ ਵਾਰ ਵਿਚ ਜਿੱਥੇ ਪੂਰਬੀ ਪੰਜਾਬੀ ਮਿਸ਼ਰਤ ਹਿੰਦੀ ਦਾ ਪ੍ਰਯੋਗ ਪਹਿਲੇ ਸਲੋਕ ਵਿਚ ਕੀਤਾ ਗਿਆ ਹੈ, ਉੱਥੇ ਦੂਜੇ ਸਲੋਕ ਵਿਚ ਲਹਿੰਦੀ ਭਾਸ਼ਾ ਤੇ ਅੰਤਮ ਪੌੜੀ ਵਿਚ ਕੇਂਦਰੀ ਭਾਸ਼ਾ ਦੀ ਵਰਤੋਂ ਕੀਤੀ ਹੈ। ਬਾਵਨ ਅੱਖਰੀ ਵਿਚ ਅੱਖਰ ਕਰਮ ਅਨੁਸਾਰ ਗਿਆਨ ਤੇ ਨੀਤੀ ਨੂੰ ਦ੍ਰਿੜਾਇਆ ਗਿਆ ਹੈ ਅਤੇ ਛੰਤਾਂ, ਫੁਨਹੇ ਆਦਿ ਵਿਚ ਲਲਿਤ ਰੂਪ ਦੀ ਪ੍ਰਗੀਤਕ ਰਚਨਾ ਪ੍ਰਾਪਤ ਹੁੰਦੀ ਹੈ। ਗਾਥਾ ਤੇ ਸਹਿਸਕ੍ਰਿਤੀ ਸਲੋਕਾਂ ਵਿਚ ਪੁਰਾਤਨ ਭਾਸ਼ਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਅਰਜਨ ਦੀ ਬਾਣੀ ਦਾ ਸੰਤੁਲਿਤ ਕਲਾਤਮਿਕ ਸਰੂਪ ਤੇ ਸਹਿਜ ਰੂਪ ਦੀ ਨਿਰਉਚੇਚ ਰਵਾਨੀ ਦਾ ਗੁਣ ਮਧੁਰਤਾ ਅਤੇ ਬੌਧਿਕਤਾ ਪ੍ਰਪੱਕਤਾ ਦੇ ਨਾਲ ਨਾਲ ਅਧਿਆਤਮਿਕ ਮੰਡਲ ਦੀਆਂ ਉੱਚ ਉਡਾਰੀਆਂ ਤੇ ਅਲੰਕਾਰਕ ਸਹਿਜ ਆਤਮਿਕਤਾ ਆਪ ਜੀ ਨੂੰ ਜਿੱਥੇ ਉਚਕੋਟੀ ਦਾ ਅਧਿਆਤਮਿਕ ਕਵੀ ਹੋਣ ਦੀ ਸਾਖੀ ਭਰਦੇ ਹਨ, ਉੱਥੇ ਆਪ ਦੀ ਉਤਕ੍ਰਿਸ਼ਟ ਕਾਵਿ ਕੌਸ਼ਲ ਦੀ ਵੀ ਸੋਝੀ ਕਰਵਾਉਂਦੇ ਹਨ। ਇਹ ਬਾਣੀ ਆਕਾਰ, ਪ੍ਰਕਾਰ ਤੇ ਮਿਆਰ ਦੇ ਪੱਖ ਤੋਂ ਸੰਪੂਰਨ ਹੈ ਅਤੇ ਇਸ ਦੀ ਭਾਵਨਾਤਮਕਤਾ ਦੀ ਸਹਿਜ ਧੁਨੀ ਮਧੁਰ ਸੰਗੀਤਕ ਲਾਦਾਂ ਨਾਲ ਓਤਪੋਤ ਹੈ।

ਦਮਦਮੇ (ਅਨੰਦਪੁਰ) ਸਾਹਿਬ ਵਾਲੀ ਬੀੜ ਤਿਆਰ ਕਰਵਾਈ ਤਾਂ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ।

ਆਦਿ ਗ੍ਰੰਥ ਸਾਹਿਬ ਦੇ ਰਚਨ ਨਾਲ ਸ਼ਾਹੀ ਦਰਬਾਰ ਵਿਚ ਗੁਰੂ ਅਰਜਨ



Sri Satguru Jagjit Singh Ji Elibrary NamdhariElibrary@gmail.com

ਵਿਰੁੱਧ ਸ਼ਿਕਾਇਤਾਂ ਦੀ ਹੋਣ ਲੱਗ ਪਈਆਂ ਕਿ ਆਪ ਜੀ ਨੇ ਇਸ ਗ੍ਰੰਥ ਵਿਚ ਕੁਝ ਧਰਮਾਂ ਦੇ ਵਿਰੁੱਧ ਲਿਖਿਆ ਹੈ। ਬਾਦਸ਼ਾਹ ਅਕਬਰ ਨੇ ਇਸ ਸ਼ਿਕਾਇਤ ਦੇ ਨਿਪਟਾਰੇ ਲਈ ਆਦਿ ਗ੍ਰੰਥ ਸਾਹਿਬ ਨੂੰ ਤਲਬ ਕਰ ਲਿਆ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਬਟਾਲਾ ਵਿਖੇ ਬਾਦਸ਼ਾਹ ਅਕਬਰ ਦੇ ਸਨਮੁੱਖ ਦਰਬਾਰ ਵਿਚ ਭੇਜ ਦਿੱਤਾ। ਜਦੋਂ ਬਾਦਸ਼ਾਹ ਅਕਬਰ ਨੂੰ ਆਦਿ ਗ੍ਰੰਥ ਸਾਹਿਬ ਵਿਚੋਂ ਭਾਈ ਗੁਰਦਾਸ ਜੀ ਨੇ ਬਾਣੀ ਦੇ ਸ਼ਬਦ ਦੋ ਤਿੰਨ ਥਾਵਾਂ ਤੋਂ ਪੜ੍ਹ ਕੇ ਸੁਣਾਏ ਤਾਂ ਉਹ ਬਹੁਤ ਪ੍ਰਸੰਨ ਹੋਇਆ ਤੇ 51 ਸੋਨੇ ਦੀਆਂ ਮੋਹਰਾਂ ਆਦਿ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਅਤੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਖਿਲਤਾਂ ਦੇ ਕੇ ਵਾਪਸ ਭੇਜ ਦਿੱਤਾ।

ਇਹ ਵੀ ਰਵਾਇਤ ਹੈ ਕਿ ਅਕਬਰ ਫਿਰ ਗੁਰੂ ਜੀ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਇਆ ਅਤੇ ਆਲੇ-ਦੁਆਲੇ ਦੀ ਫਸਲਾਂ ਦੀ ਮਾੜੀ ਹਾਲਤ ਨੂੰ ਵੇਖ ਕੇ ਗੁਰੂ ਅਰਜਨ ਦੇਵ ਜੀ ਦੇ ਕਹਿਣੇ ਉਤੇ 10-12 ਪ੍ਰਤੀਸ਼ਤ ਮਾਲੀਆ ਮਾਫ ਕਰ ਦਿੱਤਾ।

### ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

1605 ਈਸਵੀ ਵਿਚ ਮੁਗਲ ਸਮਰਾਟ ਅਕਬਰ ਦੇ ਦੇਹਾਂਤ ਪਿੱਛੋਂ ਜਹਾਂਗੀਰ ਗੱਦੀ ਤੇ ਬੈਠਾ। ਅਕਬਰ ਦੀ ਉਦਾਰ ਧਾਰਮਿਕ ਨੀਤੀ, ਜਿਸ ਵਿਚ ਸਹਿਣਸ਼ੀਲਤਾ ਦੇ ਅੰਸ਼ ਵੀ ਮੌਜੂਦ ਸਨ ਦੇ ਬਿਲਕੁਲ ਉਲਟ ਜਹਾਂਗੀਰ ਨੇ 1605 ਤੋਂ 1627 ਤਕ ਕੱਟੜਪੰਥੀ ਨੀਤੀ ਨੂੰ ਅਪਨਾਇਆ ਅਤੇ ਨਕਸ਼ਬੰਦੀ ਸ਼ੇਖ ਅਹਿਮਦ ਸਲੀਮ ਸਰਹਿੰਦੀ (ਮੁਜੱਦਦ ਅਲਫਸਾਨੀ) ਨੇ ਉਸ ਦੀ ਕੱਟੜ ਧਾਰਮਿਕ ਨੀਤੀ ਨੂੰ ਹੋਰ ਪੱਕਾ ਕਰਨ ਵਿਚ ਮਹੱਤਵਪੂਰਨ ਹਿੱਸਾ ਪਾਇਆ। ਜਹਾਂਗੀਰ ਨਹੀਂ ਸੀ ਚਾਹੁੰਦਾ ਕਿ ਗੁਰੂ ਅਰਜਨ ਦੇਵ ਜੀ ਦੇ ਵੱਧ ਰਹੇ ਧਾਰਮਿਕ ਪ੍ਰਭਾਵ ਨੂੰ ਹੋਰ ਫੈਲਨ ਦਿੱਤਾ ਜਾਵੇ ਕਿਉਂ ਜੋ ਕਈ ਮੁਸਲਮਾਨ ਵੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਕਾਰਨ ਉਨ੍ਹਾਂ ਦੇ ਉਪਾਸ਼ਕ ਬਣ ਗਏ ਸਨ। ਪ੍ਰਸਿੱਧ ਕਾਦਰੀ ਸੂਫ਼ੀ ਦਰਵੇਸ਼ ਬਾਬਾ ਮੀਆਂ ਮੀਰ ਨਾਲ ਤਾਂ ਗੁਰੂ ਅਰਜਨ ਦੇਵ ਜੀ ਦੇ ਮਿੱਤਰਤਾ ਵਾਲੇ ਸੰਬੰਧ ਕਾਫੀ ਲੰਮੇ ਚਿਰ ਤੋਂ ਬਣੇ ਆ ਰਹੇ ਸਨ। ਦੋਵੇਂ ਇਕ ਦੂਜੇ ਦਾ ਸਤਿਕਾਰ ਕਰਦੇ ਸਨ। ਜਹਾਂਗੀਰ ਨੇ ਆਪਣੇ ਤੁਜ਼ਕ (ਯਾਦਾਂ) ਵਿਚ ਲਿਖਿਆ ਹੈ ਕਿ ਉਹ ਨਹੀਂ ਸੀ ਚਾਹੁੰਦਾ ਕਿ ਗੁਰੂ ਅਰਜਨ ਦੀ 'ਝੂਠੀ ਦੁਕਾਨ' ਨੂੰ ਹੋਰ ਚੱਲਣ ਦਿੱਤਾ ਜਾਵੇ।

ਇਨ੍ਹਾਂ ਦਿਨਾਂ ਵਿਚ ਵੀ ਉਸ ਦੇ ਪੁੱਤਰ ਖੁਸ਼ਰੋ ਨੇ ਉਸ ਵਿਰੁੱਧ ਬਗਾਵਤ ਦਾ ਝੰਡਾ ਖੜਾ ਕਰ ਦਿੱਤਾ ਅਤੇ ਆਗਰੇ ਦੇ ਕਿਲ੍ਹੇ ਦੀ ਕੈਦ ਵਿਚੋਂ ਇਹ ਬਹਾਨਾ ਬਣਾ ਕੇ ਕਿ ਉਹ ਸਿਕੰਦਰਾ ਵਿਚ ਆਪਣੇ ਦਾਦੇ ਅਕਬਰ ਦੇ ਮਕਬਰੇ ਤੇ



Sri Satguru Jagjit Singh Ji Elibrary NamdhariElibrary@gmail.com

ਸ਼ਰਧਾਂਜਲੀ ਅਰਪਿਤ ਕਰਨ ਜਾ ਰਿਹਾ ਹੈ। ਕੁਝ ਹੋਰ ਸਰਦਾਰ ਉਸ ਨਾਲ ਆ ਮਿਲੇ। ਲਾਹੌਰ ਦਾ ਦੀਵਾਨ ਅਬਦੁਰ ਰਹਿਮਾਨ ਵੀ ਉਸ ਨਾਲ ਮਿਲ ਗਿਆ ਅਤੇ ਉਨ੍ਹਾਂ ਨੇ ਜਹਾਂਗੀਰ ਵਿਰੁੱਧ ਬਗਾਵਤ ਕਰ ਦਿੱਤੀ। ਜਹਾਂਗੀਰ ਦੀ ਫੌਜ ਤੋਂ ਹਾਰ ਖਾ ਕੇ ਉਹ ਪੰਜਾਬ ਵਲ ਨੱਸ ਆਇਆ। ਰਸਤੇ ਵਿਚ ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਉਸਨੇ ਮਾਇਕ ਸਹਾਇਤਾ ਦੀ ਮੰਗ ਕੀਤੀ। ਗੁਰੂ ਅਰਜਨ ਦੇਵ ਜੀ ਨੇ ਉਸ ਵਲੋਂ ਬੇਨਤੀ ਕਰਨ ਉੱਤੇ ਗਿਆਨੀ ਗਿਆਨ ਸਿੰਘ ਅਨੁਸਾਰ 5 ਹਜ਼ਾਰ ਰੁਪਏ ਉਸ ਨੂੰ ਨਿੱਜੀ ਖਰਚ ਲਈ ਦੇ ਦਿੱਤੇ। ਜਹਾਂਗੀਰ ਨੇ ਲਾਹੌਰ ਪਹੁੰਚ ਕੇ ਜਦੋਂ ਇਹ ਖਬਰ ਸੁਣੀ ਤਾਂ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਤਲਬ ਕਰ ਲਿਆ।

ਲਾਹੌਰ ਦਾ ਦੀਵਾਨ ਚੰਦੂ ਲਾਲ ਗੁਰੂ ਅਰਜਨ ਦੇਵ ਨਾਲ ਗੁਰੂ ਹਰਗੋਬਿੰਦ ਜੀ ਨਾਲ ਆਪਣੀ ਬੇਟੀ ਦੇ ਰਿਸ਼ਤੇ ਨੂੰ ਅਪ੍ਰਵਾਨ ਕਰਨ ਕਰਕੇ ਨਰਾਜ਼ ਸੀ। ਉਸ ਨੇ ਬਾਦਸ਼ਾਹ ਦੇ ਹੋਰ ਵੀ ਕੰਨ ਭਰੇ।

ਗੁਰੂ ਅਰਜਨ ਦੇਵ ਜੀ ਦੀ ਦੂਰਦਰਸ਼ਤਾ ਨੇ ਸ਼ਾਹੀ ਨੀਤੀ ਨੂੰ ਭਾਂਪ ਲਿਆ ਸੀ। ਗੁਰੂ ਹਰਿਗੋਬਿੰਦ ਜੀ ਦੀ ਸ਼ਾਦੀ 1661 ਬਿ 22 ਭਾਦੋਂ ਨੂੰ ਹੀ ਕਰ ਦਿੱਤੀ ਸੀ। ਆਪ ਨੇ ਲਾਹੌਰ ਜਾਣ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਕਾਰਜ ਸੰਭਾਲ ਦਿੱਤਾ ਅਤੇ ਕੁਝ ਪ੍ਰਮੁੱਖ ਸਿੱਖਾਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ, ਭਾਈ ਸਾਲੋ, ਭਾਈ ਕਲਯਾਣਾ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੀ ਬਾਂਹ ਸੌਂਪ ਕੇ ਆਪ ਜੀ ਪੰਜ ਹੋਰ ਸਿੱਖਾਂ ਭਾਈ ਜੇਠਾ, ਪੈੜਾ, ਬਿਧੀਆ, ਲੰਗਾਹ ਪਿਰਾਣਾ ਨੂੰ ਨਾਲ ਲੈ ਕੇ ਲਾਹੌਰ ਚਲੇ ਗਏ। ਇਕ ਦਿਨ ਭਾਈ ਸੁਧੂ ਦੇ ਘਰ ਵਿਸ਼ਰਾਮ ਕਰਕੇ ਅਤੇ ਲਾਹੌਰ ਦੀ ਸੰਗਤ ਨੂੰ ਦਰਸ਼ਨ ਦੇ ਕੇ ਆਪ ਅਗਲੇ ਦਿਨ ਬਾਦਸ਼ਾਹ ਦੇ ਪੇਸ਼ ਹੋਏ। ਬਾਦਸ਼ਾਹ ਨੇ 2 ਲੱਖ ਰੁਪਏ ਦਾ ਜੁਰਮਾਨਾ ਜਾਂ ਤਸੀਹੇ ਦੇ ਕੇ ਮੌਤ ਦੀ ਸਜਾ ਸੁਣਾ ਦਿੱਤੀ। ਗੁਰੂ ਸਾਹਿਬ ਨੇ ਜੁਰਮਾਨਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।

ਬਾਦਸ਼ਾਹ ਜਹਾਂਗੀਰ ਅਗਲੇ ਦਿਨ ਆਪ ਤਾਂ ਸਿੰਧ ਨੂੰ ਚਲਾ ਗਿਆ ਅਤੇ ਆਪਣੇ ਹੁਕਮ ਦੀ ਪਾਲਣਾ ਕਰਵਾਉਣ ਲਈ ਸਥਾਨਿਕ ਅਹਿਲਕਾਰਾਂ ਨੂੰ ਕਹਿ ਗਿਆ। ਗੁਰੂ ਜੀ ਨੂੰ ਅਤੇ ਨਾਲ ਦੇ ਸਿੱਖਾਂ ਨੂੰ ਚੰਦੂ ਨੇ ਆਪਣੇ ਘਰ ਲਿਆ ਕੇ ਕੈਦ ਕਰ ਦਿੱਤਾ। ਉਸ ਨੇ ਗੁਰੂ ਜੀ ਨੂੰ ਆਪਣੀ ਲੜਕੀ ਦਾ ਰਿਸ਼ਤਾ ਅਪ੍ਰਵਾਨ ਕਰਨਾ ਯਾਦ ਕਰਵਾਇਆ। ਗੁਰੂ ਜੀ ਨੂੰ ਚੰਦੂ ਲਾਲ ਨੇ ਦੇਗ ਵਿਚ ਉਬਾਲ ਕੇ ਅਗਲੇ ਦਿਨ ਗਰਮ ਰੇਤ ਸਰੀਰ ਉੱਤੇ ਪਾ ਕੇ ਅਤੇ ਤੱਤੀ ਤਵੀ ਉੱਤੇ ਬਿਠਾ ਕੇ ਤਸੀਹੇ ਦਿੱਤੇ ਪਰ ਗੁਰੂ ਜੀ ਅਡੋਲ ਰਹੇ। ਇਹ ਸਭ ਸੁਣ ਕੇ ਮੀਆਂ ਮੀਰ ਜੀ ਆਪ ਜੀ ਨੂੰ ਮਿਲਨ ਆਏ ਅਤੇ ਰਿਹਾਈ ਲਈ ਵਿਚੋਲਗੀ



Sri Satguru Jagjit Singh Ji Elibrary NamdhariElibrary@gmail.com

ਕਰਨ ਲਈ ਕਿਹਾ ਪਰ ਗੁਰੂ ਜੀ ਨੇਂ ਭਾਣਾ ਮੰਨਣ ਵਿਚ ਹੀ ਆਪਣੀ ਇੱਛਾ ਪ੍ਰਗਟ ਕੀਤੀ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨਾ ਕੀਜੈ॥ *(ਆਦਿ ਗ੍ਰੰਥ, ਪੰਨਾ 1412)*

ਦੇ ਮੁਹਾਂਵਾਕ ਅਨੁਸਾਰ ਆਪ ਜੀ ਨੇ ਆਤਮ ਬਲੀਦਾਨ ਕਰਨ ਨੂੰ ਹੀ ਉਚਿੱਤ ਸਮਝਿਆ ਅਤੇ 30 ਮਈ 1606 (ਜੇਠ ਸੁਦੀਪ, 1663 ਬਿ:) ਨੂੰ ਰਾਵੀ ਦਰਿਆ ਵਿਚ ਇਸ਼ਨਾਨ ਕਰਕੇ ਜੋਤੀ ਜੋਤ ਸਮਾ ਗਏ। ਆਪ ਜੀ ਦੇ ਇਸ ਅਦੁੱਤੀ ਬਲੀਦਾਨ ਬਾਰੇ ਭਾਈ ਗੁਰਦਾਸ ਜੀ ਵਾਰ 24 ਪਉੜੀ 23 ਵਿਚ ਇੰਞ ਕਥਨ ਕਰਦੇ ਹਨ :

ਰਹਿੰਦੇ ਗੁਰ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ॥
ਦਰਸਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ॥
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ॥
ਗੁਰ ਉਪਦੇਸੁ ਨ ਵਿਸਰੇ ਬਾਬੀਹੇ ਜਿਉ ਆਖ ਵਖਾਣੀ॥
ਗੁਰਮੁਖਿ ਸੁਖਫਲੁ ਪਿਰਮਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ॥
ਗੁਰ ਅਰਜਨ ਵਿਟਹੁ ਕੁਰਬਾਣੀ॥

ਸਿੱਖ ਇਤਿਹਾਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵੱਡੇ ਮਹੱਤਵ ਦੀ ਧਾਰਨੀ ਹੈ ਅਤੇ ਇਸ ਨਾਲ ਸਿੱਖ ਇਤਿਹਾਸ ਵਿਚ ਨਵਾਂ ਮੋੜ ਆਉਂਦਾ ਹੈ ਅਤੇ ਸ਼ਹੀਦਾਂ ਦੀ ਪਰੰਪਰਾ ਦਾ ਆਰੰਭ ਹੋ ਜਾਂਦਾ ਹੈ, ਜਿਸ ਨਾਲ ਸਿੱਖਾਂ ਦੇ ਕੌਮੀ ਇਤਿਹਾਸ ਨੂੰ ਨਵਾਂ ਬਲ ਮਿਲਿਆ।



Sri Satguru Jagjit Singh Ji Elibrary NamdhariElibrary@gmail.com

## ਹੁਕਮਨਾਮਾ ਪਾਤਸ਼ਾਹੀ ੬

(ਸ੍ਰੀ ਗੁਰੂ ਹਰਿਗੋਬਿੰਦ ਜੀ)

ਕਰਤਾਰ ਕਰਤਾਰ ਵਾਹਣੀ। ਗੁਰੂ ਤੁਸਾਡੀ ਲਜ ਰ-
-ਖੇਗਾ ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗ-
ਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ ਸੰਗਤੀ ਦਾ ਰੁ-
-ਜਗਾਰੁ ਹੋਗਾ ਇਕ ਦਾਸੀ ਰਹਣਾ[1] ਮਾਸ ਮਛੀ ਦੇ ਨੇੜੇ
ਨਹੀਂ ਆਵਣਾ ਸੰਗਤ ਦੀ ਚੀਰੀ ਪਹੁਤੀ ਹਕੀਕਤਿ ਸਭ
ਮਲੂਮ ਹੋਈ ਸੰਗਤ ਦੀ ਮਨਸਾ ਪੂਰੀ ਹੋਗ ਗੁਰੂ
ਦੀ ਆਗਿਆ ਹੋਈ ਸੰਗਤਿ ਸਰਬਤਿ ਇਕਮਿ[2] ਜੁ-
ਤਿ ਹਹੇ ਤਿਵੇ ਰਹਣਾ ਜਾਪੇ ਗੁਰੁਦਾਸ ਨਾਲ ਲਗ ਰਹ-
ਣਾ ਕਾਰਵਾਹ ਇਨਾ ਨੋ ਦੇਂਦਿਆਂ ਰਹਣਾ ਸੰਗਤਿ ਉਪ-
ਰਿ ਗੁਰੂ ਦੀ ਖਰੀ ਖੁਸੀ ਹਇ ਸੰਗਤੀ ਦਾ ਰੁਜਗਾਰੁ ਹੋ-
ਗਾ ਸੰਗਤਿ ਆਪ ਵਿਚਿ ਇਕਤ੍ਰ[3] ਕਰਣਾ ਸੰਗ-
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਂਦੇ ਹਇ ਸਭ ਮੇਰੇ
ਪੁਤ ਹੈਨਿ ਸਭਨਾ ਇਕਠੇ ਸੀਐ ਹੋਣਾ
ਅਗੇ ਕਾਰਵਾਰ ਲੇਦੀ ਹਥ ਲਿਖ ਭੇਜਾ ਹਇ ਓਹ
ਸਭਾ ਕਾਰ ਕਰਿ ਭੇਜਣੀ ॥ ਇਲਾਇਚੇ ਮਲ (ਮਣ) ਦਹ ...

---

[1]ਅਰਥਾਤ—ਇਕ ਦੂਜੇ ਦੇ ਦਾਸ ਬਣ ਕੇ ਨਿਮ੍ਰਤਾ ਨਾਲ ਰਹਿਣਾ।
[2]ਏਕਤਾ, ਇਤਫ਼ਾਕ।    [3]ਸੋਭਾ, ਮਿਲਾਪ।



ਹੁਕਮ ਨਾਮਾ ਪਾਤਸ਼ਾਹੀ ਛੇ - ਟਾਈਪ ਕੀਤਾ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

## ਹੁਕਮਨਾਮਾ ਪਾਤਸ਼ਾਹੀ ੬

(ਸ਼੍ਰੀ ਗੁਰੂ ਹਰਿ ਗੋਬਿੰਦ ਜੀ)

[illegible]

ਸ਼੍ਰੀ ਹਰਿਮੰਦਿਰ ਸਾਹਿਬ ਪਟਨਾ ਦੇ ਸੰਗ੍ਰਹਿ ਵਿਚੋਂ ।

**ਹੁਕਮ ਨਾਮਾ ਪਾਤਸ਼ਾਹੀ ੬ - ਹੱਥ ਲਿਖਤ**

Sri Satguru Jagjit Singh Ji Elibrary NamdhariElibrary@gmail com

Sri Satguru Jagjit Singh Ji Elibrary NamdhariElibrary@gmail.com

5

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (1595-1644)

**ਗੁਰੂ ਕਾਲ 1606-1644**

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥

.............................................................

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

*(ਭਾਈ ਗੁਰਦਾਸ, ਪਉੜੀ 48, ਵਾਰ ਪਹਿਲੀ)*

ਭਾਈ ਗੁਰਦਾਸ ਜੀ ਦੀ ਉਪਰੋਕਤ ਰਚਨਾ ਅਨੁਸਾਰ ਸ਼ਾਂਤੀਪੁੰਜ, ਮਹਾਨ ਸ਼ਹੀਦ ਗੁਰੂ ਅਰਜਨ ਦੇਵ ਜੀ ਨੇ ਹੀ ਕਾਇਆ ਪਲਟ ਕੇ ਬੀਰ ਭਾਵੀ ਵੱਡ ਯੋਧੇ ਤੇ ਪਰਉਪਕਾਰੀ ਗੁਰੂ ਹਰਿਗੋਬਿੰਦ ਜੀ ਦੇ ਸਰੂਪ ਨੂੰ ਧਾਰਨ ਕਰ ਲਿਆ ਅਰਥਾਤ ਗੁਰੂ ਅਰਜਨ ਦੇਵ ਜੀ ਦਾ ਆਤਮ ਬਲੀਦਾਨ ਹੀ ਗੁਰੂ ਹਰਿਗੋਬਿੰਦ ਜੀ ਦੇ ਬੀਰ ਭਾਵੀ ਤੇਜੱਸਵੀ ਸਰੂਪ ਵਿਚ ਪ੍ਰਗਟ ਹੋਇਆ। ਗੁਰੂ ਹਰਿਗੋਬਿੰਦ ਜੀ ਦੇ ਗੁਰੂ ਰੂਪ ਵਿਚ ਆਗਮਨ ਨਾਲ ਸਿੱਖ ਇਤਿਹਾਸ ਨਵੀਂ ਦਿਸ਼ਾ ਵੱਲ ਅਗਰਸਰ ਹੋਇਆ ਦੂਰਦਰਸ਼ੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਨੂੰ ਜਾਣ ਤੋਂ ਪਹਿਲਾਂ ਹੀ ਹਰਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਕਾਰਜ ਸੌਂਪ ਦਿੱਤਾ ਸੀ ਅਤੇ ਆਪ ਜੀ ਦੇ ਨਿਰਦੇਸ਼ ਅਨੁਸਾਰ ਹੀ ਉਨ੍ਹਾਂ ਨੂੰ ਸੈਨਿਕ ਸ਼ਕਤੀ ਵਿਕਸਤ ਕਰਨ ਵੱਲ ਸੰਕੇਤ ਕਰ ਦਿੱਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੂੰ ਬਚਪਨ ਵਿਚ ਹੀ ਮਾਰ ਮੁਕਾਉਣ ਦੀਆਂ ਕਈ ਸਾਜ਼ਸ਼ਾਂ ਪ੍ਰਿਥਵੀ ਚੰਦ ਵੱਲੋਂ ਹੋ ਚੁੱਕੀਆਂ ਸਨ। ਗੁਰੂ ਅਰਜਨ ਦੇਵ ਜੀ ਦਾ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਾਮੀ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਬਾਬਾ ਬੁੱਢਾ ਜੀ ਨੇ ਯੁਵਾ ਹਰਿਗੋਰਿੰਦ ਜੀ ਨੂੰ ਜੰਗੀ ਕਰਤੱਵਾਂ ਦਾ ਅਭਿਆਸ ਕਰਵਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਭਾਈ ਗੁਰਦਾਸ ਜ਼ੀ ਦੀ ਦੇਖ ਰੇਖ ਵਿਚ ਆਪ ਜੀ ਨੂੰ ਅਧਿਆਤਮਿਕ ਸਿੱਖਿਆ ਪ੍ਰਾਪਤ



Sri Satguru Jagjit Singh Ji Elibrary NamdhariElibrary@gmail.com

ਹੁੰਦੀ ਰਹੀ ਸੀ।

## ਜੀਵਨ ਸਮਾਚਾਰ

ਬਾਬਾ ਬੁੱਢਾ ਜੀ ਤੋਂ ਵਰ ਪ੍ਰਾਪਤ ਕਰਕੇ ਹਰਿਗੋਬਿੰਦ ਸਾਹਿਬ ਦਾ ਜਨਮ, ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ ਘਰ ਪਿੰਡ ਗੁਰੂ ਕੀ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਚ 19 ਜੂਨ 1595 ਹਾੜ ਵਦੀ ਸੰਮਤ 1652 ਨੂੰ ਹੋਇਆ। ਬਚਪਨ ਵਿਚ ਹੀ ਪ੍ਰਿਥਵੀ ਚੰਦ ਨੇ ਹਰਿਗੋਬਿੰਦ ਜੀ ਨੂੰ ਮਾਰਨ ਦੀਆਂ ਕਈ ਸਾਜਸ਼ਾਂ ਰਚੀਆਂ ਪਰ ਉਹ ਕਿਸੇ ਵਿਚ ਵੀ ਸਫਲ ਨਹੀਂ ਹੋ ਸਕਿਆ। ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਵਰ ਬਖਸ਼ਿਆ ਸੀ ਕਿ ਆਪ ਦੇ ਘਰ ਜਿਹੜਾ ਸਪੁੱਤਰ ਹੋਵੇਗਾ ਉਹ ਬੜਾ ਬੀਰ ਯੋਧਾ ਅਤੇ ਪਰਉਪਕਾਰੀ ਹੋਵੇਗਾ। 1606 ਵਿਚ ਜਦੋਂ ਗੁਰੂ ਅਰਜਨ ਦੇਵ ਜੀ ਬਾਦਸ਼ਾਹ ਜਹਾਂਗੀਰ ਦੇ ਬੁਲਾਵੇ ਉੱਤੇ ਲਾਹੌਰ ਨੂੰ ਰਵਾਨਾ ਹੋਏ ਸਨ ਤਾਂ ਆਪ ਜੀ ਨੂੰ ਪ੍ਰਮੁੱਖ ਸਿੱਖਾਂ ਕਲਯਾਣਾ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਬਹਿਲੋ ਜੀ, ਭਾਈ ਸਾਲੋ, ਭਾਈ ਕਲਯਾਣਾ ਦੀ ਸੌਂਪਣਾ ਵਿਚ ਸੌਂਪ ਕੇ ਗੁਰਿਆਈ ਦਾ ਅਗਲਾ ਉਤਰਅਧਿਕਾਰੀ ਵੀ ਥਾਪ ਗਏ ਸਨ।

ਗੁਰੂ ਅਰਜਨ ਦੇਵ ਜੀ ਦੀ 30 ਮਈ 1606 ਨੂੰ ਸ਼ਹੀਦੀ ਉਪਰੰਤ ਆਪ ਜੀ ਨੇ ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਤੋਂ ਹਰਿਮੰਦਰ ਸਾਹਿਬ ਦੇ ਸਾਹਮਣੇ ਥੜਾ ਤਿਆਰ ਕਰਵਾਇਆ, ਜਿਸ ਵਿਚ ਕਿਸੇ ਹੋਰ ਸਿੱਖ ਦੀ ਸਹਾਇਤਾ ਨਹੀਂ ਸੀ ਲਈ ਗਈ। ਇਸੇ ਸਥਾਨ ਤੇ ਹੀ ਆਪ ਜੀ ਨੇ 24 ਜੂਨ 1606 ਨੂੰ ਬਾਬਾ ਬੁੱਢਾ ਜੀ ਤੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਣ ਕੇ ਗੁਰ ਗੱਦੀ ਦਾ ਕਾਰਜ ਸੰਭਾਲ ਲਿਆ ਅਤੇ ਸਿੱਖਾਂ ਨੂੰ ਮਸੰਦਾਂ ਰਾਹੀਂ ਹੁਕਮਨਾਮੇ ਜਾਰੀ ਕਰ ਦਿੱਤੇ ਕਿ ਅੱਗੇ ਤੋਂ ਘੋੜਿਆਂ ਅਤੇ ਸ਼ਸਤਰਾਂ ਦੀ ਭੇਟਾ ਗੁਰੂ ਘਰ ਲਈ ਭੇਜੀ ਜਾਵੇ। ਸ਼ਸਤਰ ਧਾਰਨ ਕਰਨ ਦੇ ਨਾਲ ਹੀ ਆਪ ਜੀ ਨੇ 52 ਅੰਗ ਰਖਿਅਕਾਂ ਦੀ ਸੈਨਾ ਤਿਆਰ ਕਰ ਲਈ ਜਿਸ ਵਿਚ ਪਿਛੋਂ ਜਾ ਕੇ ਵਾਧਾ ਵੀ ਕਰ ਲਿਆ ਅਤੇ ਇਹ ਗਿਣਤੀ 2000 ਤਕ ਪਹੁੰਚ ਗਈ।

1608 ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ (ਅਕਾਲ ਬੂੰਗਾ) ਸਾਹਿਬ ਦੀ ਉਸਾਰੀ ਦਾ ਕਾਰਜ ਆਰੰਭ ਹੋਇਆ ਜੋ 1609 ਵਿਚ ਮੁਕੰਮਲ ਹੋ ਗਿਆ। ਗੁਰੂ ਹਰਿਗੋਬਿੰਦ ਜੀ ਆਪਣੇ ਨਿੱਤ ਦੇ ਕਰਮ ਅਨੁਸਾਰ ਇਕ ਪਹਿਰ ਰਾਤ ਰਹਿੰਦੀ ਉਠ ਕੇ ਨਾਮ ਸਿਮਰਨ ਅਤੇ ਆਸਾ ਦੀ ਵਾਰ ਦਾ ਕੀਰਤਨ ਸ੍ਰਵਣ ਕਰਦੇ। ਅਕਾਲ ਤਖਤ ਦੇ ਸਥਾਨ ਉੱਤੇ ਸੰਸਾਰਿਕ ਕਾਰ ਵਿਹਾਰ ਨਿਭਾਉਂਦੇ ਅਤੇ ਝਗੜਿਆਂ ਦੇ ਪੰਚ ਫੈਸਲੇ ਵੀ ਕਰਦੇ। ਸ਼ਿਕਾਰ ਖੇਡਣ ਵੀ ਜਾਂਦੇ ਅਤੇ ਸੈਨਿਕ ਕਰਤੱਵਾਂ ਵਿਚ ਵੀ ਡੂੰਘੀ ਰੁਚੀ ਰੱਖਦੇ। ਸ਼ਾਮ ਦੇ



Sri Satguru Jagjit Singh Ji Elibrary NamdhariElibrary@gmail.com

ਦੀਵਾਨ ਵਿਚ ਮੀਰ ਅਬਦੁੱਲਾ ਤੇ ਨੱਥਾ ਢਾਡੀਆਂ ਤੋਂ ਬੀਰ ਯੋਧਿਆਂ ਦੀਆਂ ਵਾਰਾਂ ਸੁਣਦੇ ਤਾਂ ਜੋ ਸਿੱਖਾਂ ਵਿਚ ਬੀਰ ਰਸੀ ਭਾਵਨਾ ਨੂੰ ਜਗਾਇਆ ਜਾ ਸਕੇ। ਹਰਿਗੋਬਿੰਦ ਸਾਹਿਬ ਦੀ ਪਹਿਲੀ ਸ਼ਾਦੀ ਸਤੰਬਰ 1604 ਵਿਚ ਡੱਲਾ ਨਿਵਾਸੀ ਨਾਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ ਹੋਈ, ਜਿਸ ਤੋਂ ਬਾਬਾ ਗੁਰਦਿੱਤਾ ਜੀ (1613 ਈ:), ਅਣੀਰਾਏ ਅਤੇ ਬੀਬੀ ਵੀਰੋ ਦਾ ਜਨਮ ਹੋਇਆ। ਦੂਜੀ ਸ਼ਾਦੀ ਬਕਾਲਾ ਨਿਵਾਸੀ ਹਰੀ ਚੰਦ ਦੀ ਸਪੁੱਤਰੀ ਨਾਨਕੀ ਜੀ ਨਾਲ ਹੋਈ, ਜਿਸ ਤੋਂ ਤੇਗ ਬਹਾਦਰ ਜੀ ਦਾ ਜਨਮ (1 ਅਪ੍ਰੈਲ 1621) ਹੋਇਆ। ਤੀਜੀ ਸ਼ਾਦੀ ਮੰਡਿਆਲੀ ਨਿਵਾਸੀ ਦਯਾਰਾਮ ਦੀ ਸਪੁੱਤਰੀ ਮਹਾਂਦੇਵੀ ਨਾਲ 1615 ਵਿਚ ਹੋਈ ਜਿਸ ਤੋਂ ਸੂਰਜ ਮੱਲ ਅਤੇ ਅਟੱਲ ਰਾਏ ਦਾ ਜਨਮ ਹੋਇਆ।

1617-1619 ਦੇ ਵਿਚਕਾਰਲੇ ਕਿਸੇ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਬਾਦਸ਼ਾਹ ਜਹਾਂਗੀਰ ਨੇ ਇਹ ਦੋਸ਼ ਲਾ ਕੇ ਕਿ ਉਨ੍ਹਾਂ ਨੇ ਗੁਰੂ ਅਰਜਨ ਦੇਵ ਉਤੇ ਲਾਏ 2 ਲੱਖ ਰੁਪਏ ਜੁਰਮਾਨੇ ਨੂੰ ਅਦਾ ਨਹੀਂ ਕੀਤਾ, ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਪਰ ਗਿਆਨੀ ਗਿਆਨ ਸਿੰਘ ਅਨੁਸਾਰ ਜਹਾਂਗੀਰ ਨੇ ਆਪਣੀ ਬੀਮਾਰੀ ਦੇ ਕਾਰਨ ਇਨ੍ਹਾਂ ਨੂੰ 40 ਦਿਨ ਲਈ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰੱਖਿਆ, ਇਸ ਸਮੇਂ ਬਹੁਤ ਸਾਰੇ ਸਿੱਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹੇ ਅਤੇ ਕਿਲ੍ਹੇ ਦੇ ਬਾਹਰ ਮੱਥਾ ਟੇਕ ਕੇ ਚਲੇ ਜਾਂਦੇ ਰਹੇ। ਬਾਬਾ ਮੀਆਂ ਮੀਰ ਜੀ ਦੇ ਕਹਿਣ ਉੱਤੇ ਬਾਦਸ਼ਾਹ ਜਹਾਂਗੀਰ ਵੱਲੋਂ ਉਨ੍ਹਾਂ ਦੀ ਰਿਹਾਈ ਦਾ ਹੁਕਮ ਕੀਤਾ ਗਿਆ ਪਰ ਆਪ ਜੀ ਨੇ ਉਨ੍ਹਾਂ ਚਿਰ ਤਕ ਰਿਹਾਈ ਤੋਂ ਇਨਕਾਰ ਕਰ ਦਿੱਤਾ, ਜਿਨ੍ਹਾਂ ਚਿਰ ਤਕ 52 ਕੈਦੀ ਰਾਜਿਆਂ ਨੂੰ ਰਿਹਾ ਨਹੀਂ ਕੀਤਾ ਜਾਂਦਾ ਸੋ ਬਾਦਸ਼ਾਹ ਨੂੰ ਗੁਰੂ ਜੀ ਨੇ ਨਾਲ ਉਨ੍ਹਾਂ 52 ਕੈਦੀ ਰਾਜਿਆਂ ਨੂੰ ਵੀ ਰਿਹਾ ਕਰਨਾ ਪਿਆ। ਇਸ ਘਟਨਾ ਪਿਛੋਂ ਗੁਰੂ ਜੀ ਹਰਿਗੋਬਿੰਦ ਜੀ ਨੂੰ 'ਬੰਦੀ ਛੋੜ' ਕਰਕੇ ਵੀ ਜਾਣਿਆ ਜਾਣ ਲੱਗ ਪਿਆ।

ਸਿੱਖ ਐਨਸਾਈਕਲੋਪੀਡੀਆ ਅਨੁਸਾਰ ਗੁਰੂ ਜੀ ਦੇ ਜਹਾਂਗੀਰ ਨਾਲ ਸੁਖਾਵੇਂ ਸੰਬੰਧ ਹੋ ਗਏ ਸਨ ਤੇ ਕੁਝ ਚਿਰ ਗੁਰੂ ਜੀ ਜਹਾਂਗੀਰ ਨਾਲ ਵੀ ਵਿਚਰਦੇ ਰਹੇ। ਇਸ ਦੌਰਾਨ ਦੀਵਾਨ ਚੰਦੂ ਸ਼ਾਹ ਨੂੰ ਵੀ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਗਿਆ। ਜਿਸ ਦੀ ਮੌਤ ਲਾਹੌਰ ਜਾ ਕੇ ਉਸੇ ਭੜਭੂੰਜੇ ਹੱਥੋਂ ਹੋਈ ਜਿਸ ਕੋਲੋਂ ਗੁਰੂ ਅਰਜਨ ਦੇਵ ਜੀ ਦੇ ਸੀਸ ਵਿਚ ਤੱਤੀ ਰੇਤ ਪਵਾਈ ਗਈ ਸੀ। ਜਦੋਂ ਗੁਰੂ ਜੀ ਅੰਮ੍ਰਿਤਸਰ ਪਹੁੰਚੇ ਤਾਂ ਗੁਰ ਸਿੱਖਾਂ ਨੇ ਉਨ੍ਹਾਂ ਦੇ ਆਗਮਨ ਵਿਚ ਦੀਪਮਾਲਾ ਕੀਤੀ।

ਜਹਾਂਗੀਰ ਦੀ ਮੌਤ ਪਿਛੋਂ ਜਦੋਂ ਉਸ ਦਾ ਪੁੱਤਰ ਸ਼ਾਹਜਹਾਂ ਤਖਤ ਤੇ



Sri Satguru Jagjit Singh Ji Elibrary NamdhariElibrary@gmail.com

ਬੈਠਾ ਤਾਂ ਮੁਗਲ ਦਰਬਾਰ ਨਾਲ ਇਹ ਸੰਬੰਧ ਫਿਰ ਵਿਗੜ ਗਏ। 1628 ਤੋਂ 1635 ਤਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁਗਲ ਸੈਨਾ ਨਾਲ ਚਾਰ ਲੜਾਈਆਂ ਲੜਨੀਆਂ ਪਈਆਂ, ਜਿਨ੍ਹਾਂ ਵਿਚੋਂ ਪਹਿਲੀ ਅੰਮ੍ਰਿਤਸਰ 1628 ਵਿਚ ਹੋਈ, ਜਿਸ ਵਿਚ ਮੁਗਲ ਸੈਨਾ ਦਾ ਮੁਖੀ ਮੁਖਲਿਸ ਖਾਨ ਮਾਰਿਆ ਗਿਆ। ਦੂਜੀ ਲੜਾਈ 1630 ਵਿਚ ਜਲੰਧਰ ਦੇ ਹਾਕਮ ਅਬਦੁੱਲਾ ਖਾਨ ਨਾਲ ਗੋਬਿੰਦਪੁਰ ਹੋਈ।

ਦਸੰਬਰ 1634 ਵਿਚ ਤੀਜੀ ਲੜਾਈ 'ਲਹਿਰਾ' ਦੇ ਸਥਾਨ ਤੇ ਹੋਈ, ਜਿਸ ਵਿਚ ਕਮਰਬੇਗ ਮਾਰਿਆ ਗਿਆ। ਗੁਰੂ ਜੀ ਦੀ ਸੈਨਾ ਵਿਚ ਕਈ ਮੁਸਲਮਾਨ ਪਠਾਣ ਵੀ ਭਰਤੀ ਹੋ ਗਏ ਸਨ, ਜਿਨ੍ਹਾਂ ਵਿਚੋਂ ਪੈਂਦੇ ਖਾਂ ਦਾ ਨਾਮ ਸਭ ਤੋਂ ਪ੍ਰਸਿੱਧ ਹੈ। ਗੁਰੂ ਜੀ ਨੂੰ ਉਸ ਨਾਲ ਅਥਾਹ ਪ੍ਰੇਮ ਸੀ। ਚੌਥੀ ਲੜਾਈ 1635 ਵਿਚ ਕਰਤਾਰਪੁਰ ਵਿਖੇ ਹੋਈ ਜਿਸ ਵਿਚ ਪੈਂਦੇ ਖਾਂ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ, ਇਸ ਲੜਾਈ ਵਿਚ ਤੇਗ ਬਹਾਦਰ ਜੀ ਨੇ ਬੜੀ ਬੀਰਤਾ ਦੇ ਜੌਹਰ ਵਿਖਾਏ। ਇੱਥੇ ਹੀ ਤੇਗ ਬਹਾਦਰ ਜੀ ਦੀ ਸ਼ਾਦੀ ਲਖਨੌਰ ਦੇ ਨਿਵਾਸੀ ਜੋ ਪਿਛੋਂ ਕਰਤਾਰਪੁਰ ਜਾ ਵਸੇ ਸਨ, ਲਾਲ ਚੰਦ ਅਤੇ ਬਿਸ਼ਨ ਕੌਰ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਈ। ਇਨ੍ਹਾਂ ਲੜਾਈਆਂ ਪਿਛੋਂ ਆਪ ਜੀ ਨੇ ਰਿਆਸਤ ਕਹਿਲੂਰ ਦੇ ਰਾਜਾ ਕਲਿਆਣ ਚੰਦ ਦੇ ਇਲਾਕੇ ਕੀਰਤਪੁਰ ਨਗਰ ਵਿਖੇ ਹੀ ਨਿਵਾਸ ਕਰ ਲਿਆ। ਕੀਰਤਪੁਰ ਗੁਰੂ ਹਰਿਗੋਬਿੰਦ ਜੀ ਦੇ ਆਦੇਸ਼ ਅਨੁਸਾਰ ਬਾਬਾ ਗੁਰਦਿੱਤਾ ਜੀ ਵਲੋਂ ਬਿ. 1683, 1 ਮਈ 1626 ਈਸਵੀ ਨੂੰ ਵਸਾਇਆ ਸੀ। ਇਸ ਨਗਰ ਦੀ ਨੀਂਹ ਸਿੱਖ ਐਨਸਾਈਕਲੋਪੀਡੀਆ ਅਨੁਸਾਰ ਬਾਬਾ ਸ੍ਰੀ ਚੰਦ ਜੀ ਨੇ ਵੈਸਾਖ ਦੀ ਪੂਰਨਮਾਸ਼ੀ ਵਾਲੇ ਦਿਨ ਰੱਖੀ।

ਆਪ ਜੀ ਨੇ ਆਪਣੇ ਗੁਰੂ ਕਾਲ 1606-1644 ਵਿਚ ਕਸ਼ਮੀਰ ਤੋਂ ਲੈ ਕੇ ਦਿੱਲੀ ਤੇ ਪੰਜਾਬ ਦੇ ਕਈ ਇਲਾਕਿਆਂ ਵਿਚ ਪ੍ਰਚਾਰ ਦੌਰੇ ਕੀਤੇ ਅਤੇ ਅਕਾਲ ਤਖਤ ਸਾਹਿਬ ਤੋਂ ਇਲਾਵਾ ਕਈ ਨਗਰਾਂ ਦਾ ਨਿਰਮਾਣ ਵੀ ਕਰਵਾਇਆ। ਅੰਮ੍ਰਿਤਸਰ ਵਿਚ ਆਪਣੀ ਸ਼ਰਧਾਵਾਨ ਬੀਬੀ ਕੌਲਾਂ ਜੋ ਲਾਹੌਰ ਦੇ ਕਾਜ਼ੀ ਰੁਸਤਮ ਬੇਗ ਦੀ ਸਪੁੱਤਰੀ ਸੀ ਅਤੇ ਭਗਤੀ ਭਾਵ ਵਿਚ ਸਦਾ ਰੱਤੀ ਰਹਿੰਦੀ ਸੀ। ਬਾਬਾ ਮੀਆਂ ਮੀਰ ਦੇ ਪ੍ਰਭਾਵ ਥੱਲੇ ਅੰਮ੍ਰਿਤਸਰ ਆ ਗਈ। ਉਸ ਦੀ ਯਾਦ ਵਿਚ ਕੌਲਸਰ ਸਰੋਵਰ ਬਣਵਾਇਆ ਅਤੇ ਅੰਮ੍ਰਿਤਸਰ ਵਿਖੇ ਹੀ ਇਕ ਹੋਰ ਸਰੋਵਰ ਬਿਬੇਕਸਰ ਦਾ ਨਿਰਮਾਣ ਕੀਤਾ। ਹਰਿਗੋਬਿੰਦਪੁਰੇ ਦੇ ਨਗਰ ਵਿਖੇ ਜਿੱਥੇ ਧਰਮਸ਼ਾਲਾ ਤੇ ਹੋਰ ਇਮਾਰਤਾਂ ਬਣਵਾਈਆਂ ਉੱਥੇ ਮੁਸਲਮਾਨਾਂ ਲਈ ਮਸੀਤ ਦੀ ਉਸਾਰੀ ਵੀ ਕਰਵਾਈ ਜਿਸ ਤੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਰਬ ਧਰਮ ਸਤਿਕਾਰ ਦੀ ਭਾਵਨਾ ਪ੍ਰਗਟ ਹੁੰਦੀ ਹੈ। ਆਪ ਜੀ ਦੇ ਗੁਰੂ ਕਾਲ ਵਿਚ ਗੁਰ ਸਿੱਖੀ ਦਾ ਬੜਾ ਪਾਸਾਰ ਹੋਇਆ। ਕੀਰਤਪੁਰ ਦੀ ਨੀਂਹ ਬਾਬਾ ਸ੍ਰੀ ਚੰਦ ਤੋਂ ਮਈ, 1626 ਵਿਚ ਰਖਵਾਈ ਗਈ ਸੀ।



Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਸਰ ਵਿਖੇ ਲੋਹਗੜ੍ਹ ਦਾ ਕਿਲ੍ਹਾ ਵੀ ਆਪ ਜੀ ਨੇ ਹੀ ਬਣਵਾਇਆ ਸੀ।

ਆਪ ਜੀ ਦੇ ਸਮੇਂ ਵਿਚ ਕੁਝ ਮਹੱਤਵਪੂਰਨ ਵਿਅਕਤੀਆਂ ਦਾ ਦੇਹਾਂਤ ਵੀ ਹੋਇਆ। ਜੋ ਨਿਸ਼ਚੇ ਹੀ ਗੁਰੂ ਹਰਿਗੋਬਿੰਦ ਸਾਹਿਬ ਲਈ ਦੁਖਦਾਈ ਘਟਨਾਵਾਂ ਸਨ ਇਹ ਮਹਾਨ ਵਿਅਕਤੀ ਸਨ-ਬਾਬਾ ਸ੍ਰੀ ਚੰਦ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ, ਜੋ ਕ੍ਰਮਵਾਰ 15 ਜਨਵਰੀ 1629, 16 ਨਵੰਬਰ 1631, 25 ਅਗਸਤ 1636 ਨੂੰ ਅਕਾਲ ਚਲਾਣਾ ਕਰ ਗਏ।

ਗੁਰੂ ਸਾਹਿਬ ਨੂੰ ਆਪਣੇ ਜੀਵਨ ਦੇ ਅੰਤਿਮ ਵਰ੍ਹਿਆਂ ਵਿਚ ਕਈ ਦੁੱਖ ਝੱਲਣੇ ਪਏ। ਉਨ੍ਹਾਂ ਦੀ ਪਤਨੀ ਅਤੇ ਤਿੰਨ ਪੁੱਤਰਾਂ ਦਾ ਇਕ ਇਕ ਕਰਕੇ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਸਭ ਤੋਂ ਜ਼ਿਆਦਾ ਦੁਖ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਦੀ ਮੌਤ ਦਾ ਹੋਇਆ। ਕੇਵਲ ਇੰਨਾ ਹੀ ਨਹੀਂ, ਬਾਬਾ ਗੁਰਦਿੱਤਾ ਦੇ ਪੁੱਤਰ ਧੀਰਮਲ ਨੇ ਕਰਤਾਰਪੁਰ ਵਿਚ ਗੁਰੂ ਸਾਹਿਬ ਦੀ ਸੰਪਤੀ ਉੱਤੇ ਅਧਿਕਾਰ ਕਰ ਲਿਆ ਅਤੇ ਆਦਿ ਗ੍ਰੰਥ ਸਾਹਿਬ ਦੀ ਮੂਲ ਸੈਂਚੀ ਦੇਣ ਤੋਂ ਨਾਂਹ ਕਰ ਦਿੱਤੀ।

3 ਮਾਰਚ 1644 ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਜੀ ਨੇ ਗੁਰਿਆਈ ਦਾ ਕਾਰਜ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਗੁਰੂ ਹਰਿ ਰਾਏ ਜੀ ਨੂੰ ਸੌਂਪ ਦਿੱਤਾ।

## ਸ੍ਰੀ ਗੁਰੂ ਹਰਿ ਰਾਏ ਜੀ (1630-1661)

### ਗੁਰੂ ਕਾਲ 1644-1661

ਗੁਰੂ ਹਰਿ ਰਾਏ ਸਾਹਿਬ ਜੋ ਬੜੇ ਕੋਮਲਚਿਤ ਸੁਭਾ ਤੇ ਆਪਣੀ ਸਹਿਣਸ਼ੀਲਤਾ ਦੇ ਕਾਰਨ ਗੁਰੂ ਹਰਿਗੋਬਿੰਦ ਜੀ ਨੂੰ ਬਚਪਨ ਤੋਂ ਹੀ ਪਿਆਰੇ ਲਗਦੇ ਸਨ ਬਾਰੇ ਆਪ ਜੀ ਨੇ ਪਛਾਣ ਲਿਆ ਸੀ ਕਿ ਉਹੋ ਹੀ ਆਪ ਦੇ [1*]ਉੱਤਰ-ਅਧਿਕਾਰੀ ਵਜੋਂ ਗੁਰੂ ਕਾਰਜ ਨੂੰ ਸੁਯੋਗਤਾ ਨਾਲ ਨਿਭਾ ਸਕਣਗੇ ਅਤੇ ਸੱਚਮੁੱਚ ਹੀ ਉਨ੍ਹਾਂ ਦੇ ਗੁਰੂ-ਕਾਲ (1645-1661) ਦੇ ਸਮੇਂ ਸਿੱਖ ਧਰਮ ਨੇ ਨਿਰੰਤਰ ਵਿਕਾਸ ਕੀਤਾ। ਵਿਪਰੀਤ ਪ੍ਰਸਥਿਤੀਆਂ ਦੇ ਹੁੰਦਿਆਂ ਹੋਇਆਂ ਵੀ ਆਪ ਜੀ ਧੀਰਜਵਾਨ ਅਤੇ ਅਡੋਲ ਰਹਿੰਦੇ ਹੋਏ ਗੁਰਮਤਿ ਦੀ ਫੁਲਵਾੜੀ ਨੂੰ ਨਾ ਕੇਵਲ ਹੋਰ ਪ੍ਰਫੁਲਿਤ ਕਰਨ ਵਿਚ ਸਹਾਈ ਹੋਏ ਸਗੋਂ ਕਈ ਅਜਿਹੇ ਵਾਰ ਬਖਸ਼ੇ ਜਿਨ੍ਹਾਂ ਦੇ ਸਿੱਟੇ ਵਜੋਂ ਪੰਜਾਬ ਵਿਚ ਨਵੇਂ ਸਿੱਖ ਰਾਜਵੰਸ਼ ਤੇ ਰਿਆਸਤਾਂ ਸਥਾਪਿਤ ਹੋਈਆਂ।

### ਜੀਵਨ ਸਮਾਚਾਰ

ਗੁਰੂ ਹਰਿ ਰਾਏ ਸਾਹਿਬ ਜੀ ਦਾ ਜਨਮ ਗੁਰੂ ਹਰਿਗੋਬਿੰਦ ਸਾਹਿਬ ਜੀ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1469-1799), ਪੰਨਾ 110



Sri Satguru Jagjit Singh Ji Elibrary NamdhariElibrary@gmail.com

ਦੇ ਜੇਠੇ ਪੁੱਤਰ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਘਰ 16 ਜਨਵਰੀ 1630 ਨੂੰ ਕੀਰਤਪੁਰ ਵਿਖੇ ਹੋਇਆ। 1635 ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣਾ ਪੱਕਾ ਨਿਵਾਸ ਕੀਰਤਪੁਰ ਵਿਖੇ ਹੀ ਕਰ ਲਿਆ ਸੀ ਇਸ ਲਈ ਗੁਰੂ ਹਰਿ ਰਾਏ ਜੀ ਦੀ ਸਿੱਖਿਆ ਦੀਖਿਆ ਵਿਚ ਉਨ੍ਹਾਂ ਦੀ ਨਿੱਜੀ ਨਿਗਰਾਨੀ ਨੇ ਵੀ ਬਹੁਤ ਹਿੱਸਾ ਪਾਇਆ ਹੈ। ਉਨ੍ਹਾਂ ਦੇ ਬਚਪਨ ਸੰਬੰਧੀ ਕਈ ਸਾਖੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਨੇ ਗੁਰੂ ਹਰਿ ਰਾਏ ਦੇ ਜੀਵਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਕ ਵਾਰ ਆਪ ਘੋੜ ਸਵਾਰੀ ਕਰਦੇ ਹੋਏ ਜਦੋਂ ਇਕ ਸੁੰਦਰ ਬਾਗ ਵਿਚ ਪੁੱਜੇ, ਜਿੱਥੇ ਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਸਨ ਤਾਂ ਕਾਹਲੀ ਕਾਹਲੀ ਵਿਚ ਉਨ੍ਹਾਂ ਨੂੰ ਗੁਰੂ ਜੀ ਨੂੰ ਨਮਸਕਾਰ ਕਰਨ ਲਈ ਜਾਣ ਲੱਗਿਆ ਉਨ੍ਹਾਂ ਦੇ ਵੱਡੇ ਚੋਗੇ ਨਾਲ ਕੁਝ ਸੁੰਦਰ ਫੁੱਲ ਟੁੱਟ ਕੇ ਡਿੱਗ ਪਏ। ਫੁੱਲਾਂ ਨੂੰ ਟੁੱਟਿਆਂ ਵੇਖ ਕੇ ਆਪ ਦੇ ਨੇਤਰ ਸੇਜਲ ਹੋ ਗਏ ਅਤੇ ਆਪ ਉੱਥੇ ਹੀ ਬੈਠ ਗਏ। ਗੁਰੂ ਹਰਿਗੋਬਿੰਦ ਜੀ ਨੇ ਇਹ ਵੇਖ ਕੇ ਉਨ੍ਹਾਂ ਨੂੰ ਆ ਕੇ ਜੱਫੀ ਵਿਚ ਲੈ ਕੇ ਧੀਰਜ ਦਿੱਤੀ ਅਤੇ ਉਪਦੇਸ਼ ਕੀਤਾ 'ਜੇ ਵੱਡਾ ਚੋਗਾ ਪਹਿਨੀਏ ਤਾਂ ਉਸ ਨੂੰ ਸਾਂਭ ਕੇ ਵੀ ਰੱਖੀਏ।' ਆਪ ਜੀ ਦੇ ਕਈ ਹੋਰ ਗੁਣਾਂ ਨੂੰ ਦੇਖ ਪਰਖ ਕੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨੂੰ ਆਪਣੇ ਦੋਹਾਂ ਪੁੱਤਰਾਂ ਧੀਰਮੱਲ ਅਤੇ ਤਿਆਗ ਰਾਏ। ਤੇਗ ਬਹਾਦਰ ਦੀ ਥਾਂ ਆਪਣੇ ਪੋਤਰੇ ਹਰਿ ਰਾਏ ਜੀ ਨੂੰ ਆਪਣੇ ਉੱਤਰ ਅਧਿਕਾਰੀ ਵਜੋਂ ਨਿਵਾਜਿਆ।

ਆਪ ਜੀ ਦੀ ਸ਼ਾਦੀ 1640 ਈਸਵੀ ਵਿਚ ਅਨੂਪ ਸ਼ਹਿਰ (ਉੱਤਰ ਪ੍ਰਦੇਸ਼) ਦੇ ਦਯਾ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਈ।

ਆਪ ਜੀ ਦੇ ਘਰ ਰਾਮ ਰਾਏ ਜੀ 11 ਮਾਰਚ 1646 ਅਤੇ ਹਰਿ ਕ੍ਰਿਸ਼ਨ ਜੀ 7 ਜੁਲਾਈ 1656 ਨੂੰ ਦੋ ਪੁੱਤਰਾਂ ਦਾ ਜਨਮ ਹੋਇਆ।

ਆਪ ਜੀ ਦੇ ਗੁਰੂ ਕਾਲ (1645-1661) ਦੇ ਸਮੇਂ ਗੁਰੂ ਹਰਿ ਰਾਏ ਜੀ ਨੇ ਪੂਰਨ ਸੁਯੋਗਤਾ ਨਾਲ ਗੁਰੂ ਕਾਰਜ ਨੂੰ ਨਾ ਕੇਵਲ ਨਿਭਾਇਆ ਸਗੋਂ ਕਈ ਪੱਖਾਂ ਤੋਂ ਆਪਣੇ ਸਿੱਖਾਂ ਨੂੰ ਅਜਿਹੇ ਵਰ ਬਖਸ਼ੇ, ਜਿਸ ਦੇ ਫਲਸਰੂਪ ਪੰਜਾਬ ਵਿਚ ਫੂਲਕੀਆਂ, ਸੁਤੰਤਰ ਸਿੱਖ ਰਿਆਸਤਾਂ ਹੋਂਦ ਵਿਚ ਆਈਆਂ, ਭਾਵੇਂ ਸ਼ੁਰੂ ਸ਼ੁਰੂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਮੁਗਲ ਬਾਦਸ਼ਾਹ ਸ਼ਾਹ ਜਹਾਨ ਨਾਲ ਗੁਰੂ ਘਰ ਦੇ ਸੰਬੰਧ ਬਹੁਤੇ ਸੁਖਾਵੇਂ ਨਹੀਂ ਸਨ ਰਹੇ ਪਰ ਗੁਰੂ ਹਰਿਰਾਏ ਦੇ ਸਮੇਂ ਕੁਝ ਵਿਸ਼ੇਸ਼ ਕਾਰਨਾਂ ਸਦਕਾ ਮੁਗਲ ਦਰਬਾਰ ਨਾਲ ਗੁਰੂ ਸਾਹਿਬ ਦੇ ਸੰਬੰਧਾਂ ਵਿਚ ਕਈ ਨਾਟਕੀ ਮੋੜ ਆਏ, ਜਿਸ ਦੇ ਪ੍ਰਮਾਣ ਬਾਦਸ਼ਾਹ ਸ਼ਾਹ ਜਹਾਨ ਅਤੇ ਉਸ ਦੇ ਜੇਠੇ ਪੁੱਤਰ ਦਾਰਾ ਸ਼ਿਕੋਹ (1615-1659) ਵੱਲੋਂ



Sri Satguru Jagjit Singh Ji Elibrary NamdhariElibrary@gmail.com

ਗੁਰੂ ਹਰਿ ਰਾਏ ਜੀ ਨੂੰ ਲਿਖੇ ਗਏ ਕੁਝ ਪੱਤਰਾਂ ਤੋਂ ਮਿਲ ਜਾਂਦੇ ਹਨ। ਗੁਰੂ ਸਾਹਿਬਾਨ ਤੇ ਮੁਗਲ ਬਾਦਸ਼ਾਹਾਂ ਦੇ ਪਰਸਪਰ ਸੰਬੰਧਾਂ ਵਿਚ ਗੁਰੂ ਹਰਿ ਰਾਏ ਜੀ ਦੇ ਸਮੇਂ ਕਈ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਗੁਰੂ ਇਤਿਹਾਸ ਉੱਤੇ ਆਪਣੀ ਡੂੰਘੀ ਛਾਪ ਛੱਡੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਅਨੁਸਾਰ ਗੁਰੂ ਹਰਿਰਾਏ ਜੀ ਨੇ ਆਪਣੇ ਸਮੇਂ ਆਪਣੀ ਅੰਗ ਰਖਿਅਕ ਸੈਨਾ ਵਿਚ 2200 ਸਵਾਰਾਂ ਨੂੰ ਰੱਖਿਆ ਹੋਇਆ ਸੀ ਪਰ ਗੁਰੂ ਹਰਿ ਰਾਏ ਸਾਹਿਬ ਨੇ ਆਪਣੀ ਇਸ ਸੈਨਾ ਨਾਲ ਕੋਈ ਵੀ ਲੜਾਈ ਨਹੀਂ ਲੜੀ।

ਗੁਰੂ ਹਰਿ ਰਾਏ ਜੀ ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਸਮਾਨ ਸ਼ਿਕਾਰ ਖੇਡਣ ਜਾਇਆ ਕਰਦੇ ਸਨ ਪਰ ਆਪ ਜੰਗਲੀ ਜਾਨਵਰਾਂ ਨੂੰ ਮਾਰਨ ਦੀ ਥਾਂ ਉਨ੍ਹਾਂ ਨੂੰ ਫੜ ਕੇ ਲਿਆਉਂਦੇ ਅਤੇ ਉਨ੍ਹਾਂ ਦੀ ਪਾਲਣਾ ਪੋਸ਼ਣਾ ਕਰਦੇ ਰਹੇ।

ਆਪ ਜੀ ਨੇ ਗੁਰੂ ਘਰ ਦੀ ਮਰਿਆਦਾ ਅਨੁਸਾਰ ਦੋ ਸਮੇਂ ਦੀਵਾਨ ਸਜਾ ਕੇ ਗੁਰ ਸਿੱਖਾਂ ਨੂੰ ਨਿਵਾਜਿਆ। ਗੁਰ ਉਪਦੇਸ਼ ਨੂੰ ਨਿਰੰਤਰ ਜਾਰੀ ਰੱਖਿਆ, ਸਿੱਖ ਧਰਮ ਦੇ ਵਾਧੇ ਲਈ ਕਈ ਸਥਾਨਾਂ ਵਿਸ਼ੇਸ਼ ਕਰਕੇ ਮਾਲਵੇ, ਦੁਆਬੇ ਤੇ ਮਾਝੇ ਦੇ ਕਈ ਦੌਰੇ ਕੀਤੇ ਅਤੇ ਆਪਣੇ ਪ੍ਰਮੁੱਖ ਸਿੱਖਾਂ ਭਾਈ ਭਗਤੂ, ਭਾਈ ਗੋਂਦਾ, ਭਾਈ ਫੇਰੂ, ਭਾਈ ਨੇਥਾ, ਭਾਈ ਜੋਧ ਆਦਿ ਨੂੰ ਵਿਸ਼ੇਸ਼ ਖੇਤਰਾਂ ਵਿਚ ਧਰਮ ਪ੍ਰਚਾਰਨ ਕਰਨ ਲਈ ਭੇਜਿਆ। ਭਾਈ ਜਸ ਦਰਿਆ, ਭਾਈ ਚਤਰਾ, ਭਾਈ ਨੱਥੂ ਆਪ ਜੀ ਦੇ ਦਰਬਾਰ ਦੇ ਮੁੱਖ ਕੀਰਤਨਕਾਰ ਸਨ। ਆਪ ਜੀ ਦੇ ਸਮੇਂ ਗੁਰੂ ਕਾ ਲੰਗਰ ਪਹਿਲੇ ਗੁਰੂਆਂ ਵੱਲੋਂ ਸਥਾਪਿਤ ਪਰੰਪਰਾ ਅਨੁਸਾਰ ਹੀ ਚਲਦਾ ਰਿਹਾ ਪਰ ਆਪ ਸਦਾ ਆਪਣੀ ਕਿਰਤ ਕਮਾਈ ਦੁਆਰਾ ਸਾਦਾ ਆਹਾਰ ਹੀ ਕਰਦੇ ਰਹੇ। ਆਪ ਜੀ ਨੇ ਰੋਗੀਆਂ ਦੇ ਇਲਾਜ ਲਈ ਵਿਸ਼ੇਸ਼ ਦਵਾਖਾਨਾ ਵੀ ਖੋਲ ਰੱਖਿਆ ਸੀ, ਜਿਸ ਵਿਚ ਉਹ ਦੁਰਲੱਭ ਵਸਤੂਆਂ ਰੱਖੀਆਂ ਗਈਆਂ ਸਨ ਜੋ ਰੋਗੀਆਂ ਦੇ ਇਲਾਜ ਲਈ ਕੰਮ ਆਉਂਦੀਆਂ ਸਨ।

### ਮੁਗਲ ਦਰਬਾਰ ਨਾਲ ਸੰਬੰਧ

ਬਾਦਸ਼ਾਹ ਸ਼ਾਹ ਜਹਾਨ (1628 ਤੋਂ 1658) ਦੇ ਚਾਰ ਪੁੱਤਰ ਦਾਰਾ ਸ਼ਿਕੋਹ, ਮੁਹੰਮਦ ਬਖ਼ਸ਼, ਔਰੰਗਜ਼ੇਬ ਅਤੇ ਮੁਰਾਦਬਖਸ਼ ਸਨ। ਇਨ੍ਹਾਂ ਵਿੱਚੋਂ ਸ਼ਾਹ ਜਹਾਨ ਆਪਣੇ ਜੇਠੇ ਪੁੱਤਰ ਦਾਰਾ ਸ਼ਿਕੋਹ ਨੂੰ ਹੀ ਆਪਣਾ ਸੁਯੋਗ ਉੱਤਰਾਧਿਕਾਰੀ ਸਮਝਦਾ ਸੀ, ਜਿਸ ਕਰਕੇ ਉਸ ਨੂੰ ਪੰਜਾਬ ਤੇ ਦਿੱਲੀ ਦੇ ਆਲੇ-ਦੁਆਲੇ ਦੇ ਖੇਤਰ ਦੀ ਮਨਸਬਦਾਰੀ ਅਤੇ ਸੈਨਿਕ ਸਰਦਾਰੀ ਸੌਂਪੀ ਹੋਈ ਸੀ। ਮੁਹੰਮਦ ਬਖ਼ਸ਼ ਨੂੰ ਬੰਗਾਲ, ਔਰੰਗਜ਼ੇਬ ਨੂੰ ਦੱਖਣ ਅਤੇ ਮੁਰਾਦ ਨੂੰ ਗੁਜਰਾਤ ਦੇ ਇਲਾਕੇ ਸੌਂਪੇ ਹੋਏ ਸਨ। ਸ਼ਾਹ ਜਹਾਨ ਦੇ ਸਾਰੇ ਪੁੱਤਰਾਂ ਵਿੱਚ ਔਰੰਗਜ਼ੇਬ ਹੀ



Sri Satguru Jagjit Singh Ji Elibrary NamdhariElibrary@gmail.com

ਵਧੇਰੇ ਮਹੱਤਵਆਕਾਂਖੀ ਅਤੇ ਰਾਜਸੱਤਾ ਦਾ ਅਭੀਲਾਖੀ ਸੀ। ਉਸ ਨੇ ਇਸ ਸੰਬੰਧ ਵਿੱਚ ਸ਼ੁਰੂ ਤੋਂ ਹੀ ਰਾਜਗੱਦੀ ਪ੍ਰਾਪਤ ਕਰਨ ਲਈ ਕਈ ਗੋਂਦਾ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸਿੱਖ ਇਤਿਹਾਸਕਾਰਾਂ ਅਨੁਸਾਰ ਉਸ ਨੇ ਦਾਰਾ ਸ਼ਿਕੋਹ ਨੂੰ ਖਾਣੇ ਵਿੱਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ, ਜਿਸ ਕਾਰਨ ਉਹ ਬੀਮਾਰ ਪੈ ਗਿਆ। ਦਾਰਾ ਸ਼ਿਕੋਹ ਦੀ ਇਸ ਅਸਾਧ ਬੀਮਾਰੀ ਦੇ ਇਲਾਜ ਵਿੱਚ ਗੁਰੂ ਹਰਿ ਰਾਏ ਜੀ ਦੇ ਦਵਾਈ ਖਾਨੇ ਵਿੱਚੋਂ ਕੁਝ ਅਜਿਹੀਆਂ ਦੁਰਲੱਭ ਵਸਤੂਆਂ ਇਲਾਜ ਲਈ ਭੇਜੀਆਂ ਗਈਆਂ, ਜਿਨ੍ਹਾਂ ਦੇ ਸੇਵਨ ਕਰਨ ਉਪਰੰਤ ਉਹ ਨੌ-ਬਰ-ਨੌ ਹੋ ਗਿਆ। ਆਪਣੇ ਸੁਭਾ ਅਤੇ ਚਰਿੱਤਰ ਵਜੋਂ ਵੀ ਦਾਰਾ ਸ਼ਿਕੋਹ ਆਪਣੇ ਪੜ੍ਹਦਾਦੇ ਅਕਬਰ ਵਾਂਗ ਬੜਾ ਉਦਾਰਤਾਵਾਦੀ ਸੀ ਅਤੇ ਸੂਫ਼ੀ ਬਜ਼ੁਰਗ ਬਾਬਾ ਮੀਆਂ ਮੀਰ ਜੀ ਦਾ ਅਨਿੰਨ ਸ਼ਰਧਾਲੂ ਸੀ। ਉਸਨੇ ਉਪਨਿਸ਼ਦਾਂ, ਹੋਰ ਹਿੰਦੂ ਅਧਿਆਤਮਿਕ ਸਾਹਿਤ ਅਤੇ ਦਰਸ਼ਨ ਦਾ ਵੀ ਵਿਸ਼ੇਸ਼ ਅਧਿਐਨ ਕੀਤਾ ਹੋਇਆ ਸੀ। ਉਸ ਨੇ ਉਪਨਿਸ਼ਦਾਂ ਦਾ ਫ਼ਾਰਸੀ ਅਨੁਵਾਦ ਵੀ ਕੀਤਾ ਸੀ। ਇਨ੍ਹਾਂ ਤੱਥਾਂ ਤੋਂ ਇਹ ਅਨੁਮਾਨ ਲਗਾਉਣਾ ਕੋਈ ਬਹੁਤ ਕਠਿਨ ਨਹੀਂ ਹੈ ਕਿ ਸਿੱਖ ਗੁਰੂ ਸਾਹਿਬਾਨ ਦੀ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਬਾਰੇ ਦਾਰਾ ਸ਼ਿਕੋਹ ਦਾ ਪ੍ਰਸੰਸਕ ਹੋਣਾ ਅਤੇ ਉਨ੍ਹਾਂ ਨਾਲ ਨਿਕਟਵਰਤੀ ਸੰਬੰਧ ਰੱਖਣੇ ਕੋਈ ਅਸੁਭਾਵਿਕ ਗੱਲ ਪ੍ਰਤੀਤ ਨਹੀਂ ਹੁੰਦੀ।

ਜਦੋਂ ਦਾਰਾ ਸ਼ਿਕੋਹ ਬੀਮਾਰ ਪੈ ਗਿਆ ਅਤੇ ਕਈ ਪ੍ਰਕਾਰ ਦੇ ਇਲਾਜ ਕਰਵਾਉਣ ਉੱਤੇ ਵੀ ਰਾਜ਼ੀ ਨਾ ਹੋਇਆ ਤਾਂ ਬਾਦਸ਼ਾਹ ਸ਼ਾਹ ਜਹਾਨ ਨੂੰ ਬੜੀ ਚਿੰਤਾ ਹੋਈ। ਉਸ ਨੂੰ ਦੱਸਿਆ ਗਿਆ ਕਿ ਸ਼ਹਿਜ਼ਾਦੇ ਦੇ ਇਲਾਜ ਲਈ ਗੁਰੂ ਹਰਿਰਾਏ ਜੀ ਸਹਾਈ ਹੋ ਸਕਦੇ ਹਨ। ਗੁਰੂ ਹਰਿਗੋਬਿੰਦ ਸਮੇਂ ਸ਼ਾਹ ਜਹਾਨ ਦੇ ਗੁਰੂ ਘਰ ਨਾਲ ਅਸੁਖਾਵੇਂ ਸੰਬੰਧ ਰਹੇ ਸਨ, ਪਰ ਆਪਣੇ ਪੁੱਤਰ ਦੀ ਤੰਦਰੁਸਤੀ ਲਈ ਉਹ ਸਭ ਕੁਝ ਕਰ ਸਕਦਾ ਸੀ। ਐਮ. ਆਰ. ਮੈਕਾਲਿਫ ਅਨੁਸਾਰ ਸ਼ਾਹ ਜਹਾਨ ਨੇ ਗੁਰੂ ਹਰਿਰਾਏ ਜੀ ਨੂੰ ਇੱਕ ਅਜਿਹਾ ਪੱਤਰ ਲਿਖਿਆ, ਜਿਸ ਵਿੱਚ ਆਪਣੇ ਪਿੱਛਲੇ ਕਰਮਾਂ ਉੱਤੇ ਅਫਸੋਸ ਪ੍ਰਗਟ ਕੀਤਾ ਗਿਆ ਹੈ ਅਤੇ ਗੁਰੂ ਘਰ ਨਾਲ ਮੁਗਲ ਦਰਬਾਰ ਦੇ ਸੁਖਾਵੇਂ ਸੰਬੰਧਾਂ ਦੀ ਚਰਚਾ ਕਰਕੇ ਗੁਰੂ ਹਰਿਰਾਏ ਜੀ ਨੂੰ ਖਿਮਾ ਜਾਂਚਨਾ ਕਰਨ ਲਈ ਬੇਨਤੀ ਕੀਤੀ ਗਈ। ਇਸ ਪੱਤਰ ਦਾ ਸਾਰ ਨਿਮਲਿਖਿਤ ਹੈ :

"ਆਪ ਜੀ ਦੇ ਪੂਰਵਜ ਬਾਬਾ ਨਾਨਕ ਜੀ ਨੇ ਮੇਰੇ ਰਾਜਵੰਸ਼ ਦੇ ਬਾਨੀ ਸਮਰਾਟ ਬਾਬਰ ਨੂੰ ਸਰਬ ਉੱਚ ਰਾਜਭਾਗ ਬਖਸ਼ਿਆ ਸੀ। ਗੁਰੂ ਅੰਗਦ ਦੇਵ ਜੀ ਨੇ ਉਸ ਦੇ ਪੁੱਤਰ ਸ਼ਹਿਨਸ਼ਾਹ ਹਮਾਂਯੂ ਨੂੰ ਆਪਣੀਆਂ ਬਖਸ਼ਿਸ਼ਾਂ ਨਾਲ ਨਿਵਾਜਿਆ ਸੀ। ਗੁਰੂ ਅਮਰਦਾਸ ਜੀ ਨੇ ਮੇਰੇ ਦਾਦਾ ਬਾਦਸ਼ਾਹ ਅਕਬਰ ਦੇ



Sri Satguru Jagjit Singh Ji Elibrary NamdhariElibrary@gmail.com

ਰਾਹ ਵਿੱਚੋਂ ਕਈ ਮੁਸ਼ਕਿਲਾਂ ਦੂਰ ਕੀਤੀਆਂ ਸਨ। ਮੈਨੂੰ ਅਫਸੋਸ ਹੈ ਕਿ ਮੇਰੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਬੰਧ ਸੁਖਾਵੇਂ ਨਾ ਰਹੇ ਬਹੁਤ ਸਾਰੇ ਦੁੱਤੀ ਦੁਸ਼ਮਣ ਇਨ੍ਹਾਂ ਨੂੰ ਵਿਗਾੜਨ ਦੇ ਕਾਰਨ ਬਣੇ। ਇਸ ਬਾਰੇ ਮੈਂ ਦੋਸ਼ੀ ਨਹੀਂ ਹਾਂ। ਮੇਰਾ ਪੁੱਤਰ ਦਾਰਾ ਸ਼ਿਕੋਹ ਹੁਣ ਬਹੁਤ ਬੀਮਾਰ ਹੈ। ਉਸ ਦੀ ਤੰਦਰੁਸਤੀ ਆਪ ਦੇ ਹੱਥਾਂ ਵਿੱਚ ਹੈ। ਜੇਕਰ ਉਸ ਦੇ ਇਲਾਜ ਲਈ ਲੋੜੀਂਦੇ ਵਜ਼ਨ ਦੀ ਹਰੜ (10 ਤੋਲੇ) ਅਤੇ ਲੌਂਗ (ਇੱਕ ਮਾਸ਼ਾ) ਉਸ ਨੂੰ ਆਪਣੇ ਦਵਾਈਖਾਨੇ ਵਿੱਚੋਂ ਬਖਸ਼ ਦਿਉ ਅਤੇ ਆਪ ਉਸ ਦੀ ਤੰਦਰੁਸਤੀ ਲਈ ਦੁਆ ਕਰੋ ਤਾਂ ਆਪ ਜੀ ਦੀ ਮੇਰੇ ਉੱਤੇ ਅਪਾਰ ਕ੍ਰਿਪਾ ਹੋਵੇਗੀ।"

ਮੁਗਲ ਅਹਿਲਕਾਰ ਜਦੋਂ ਇਹ ਪੱਤਰ ਗੁਰੂ ਜੀ ਕੋਲ ਕੀਰਤਪੁਰ ਲੈ ਕੇ ਆਇਆ ਤਾਂ ਅਗਲੇ ਦਿਨ ਇਹ ਪੱਤਰ ਗੁਰੂ ਜੀ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ।

ਗੁਰੂ ਜੀ ਦੇ ਦਵਾਖਾਨੇ ਵਿੱਚੋਂ ਉਹ ਦੋਵੇਂ ਵਸਤਾਂ ਉਸ ਵਜ਼ਨ ਦੀਆਂ ਮਿਲ ਗਈਆਂ ਅਤੇ ਗੁਰੂ ਜੀ ਨੇ ਆਪਣੇ ਕੋਲੋਂ ਇੱਕ ਸੁੱਚੇ ਮੋਤੀ ਦੀ ਵੀ ਬਖਸ਼ਿਸ਼ ਕੀਤੀ, ਜਿਸ ਨੂੰ ਪੀਸ ਕੇ ਉਨ੍ਹਾਂ ਨਾਲ ਹੀ ਖਾਣ ਲਈ ਕਿਹਾ ਗਿਆ ਸੀ। ਦਾਰਾਸ਼ਿਕੋਹ ਇਸ ਨਾਲ ਪੂਰਨ ਤੌਰ ਤੇ ਤੰਦਰੁਸਤ ਹੋ ਗਿਆ।

1658 ਵਿੱਚ ਸ਼ਾਹਜਹਾਨ ਦੇ ਪੁੱਤਰਾਂ ਵਿੱਚ ਰਾਜਗੱਦੀ ਪ੍ਰਾਪਤ ਕਰਨ ਲਈ ਲੜਾਈ ਸ਼ੁਰੂ ਹੋ ਗਈ। ਔਰੰਗਜ਼ੇਬ ਅਤੇ ਮੁਰਾਦ ਬਖਸ਼ ਨੇ ਦਾਰਾ ਸ਼ਿਕੋਹ ਨੂੰ ਸਾਮੂਗੜ੍ਹ ਵਿਖੇ ਹਰਾ ਦਿੱਤਾ ਅਤੇ ਦਾਰਾ ਸ਼ਿਕੋਹ ਆਪਣੀ ਸੈਨਾ ਸਮੇਤ ਪੰਜਾਬ ਨੂੰ ਪਰਤ ਆਇਆ। ਉਸ ਸਮੇਂ ਗੁਰੂ ਹਰਿਰਾਏ ਜੀ ਖਡੂਰ ਵਿਖੇ ਸਨ। ਦਾਰਾ ਸ਼ਿਕੋਹ ਗੁਰੂ ਹਰਿਰਾਏ ਜੀ ਨੂੰ ਦਰਿਆ ਬਿਆਸ ਦੇ ਸੱਜੇ ਕੰਢੇ ਉੱਤੇ ਮਿਲਿਆ ਅਤੇ ਇਸ ਤਰ੍ਹਾਂ ਅਰਜ ਕੀਤੀ ਕਿ ਮੈਂ ਤਾਂ ਮੁਕਤੀ ਦਾ ਜਾਚਕ ਅਤੇ ਆਤਮਿਕ ਪਾਤਸ਼ਾਹੀ ਦਾ ਤਲਬਗਾਰ ਹਾਂ। ਇਹੋ ਸਿੱਖਿਆ ਮੈਨੂੰ ਆਪਣੇ ਮੁਰਸ਼ਦ ਮੀਆਂ ਮੀਰ ਜੀ ਤੋਂ ਮਿਲੀ ਹੈ। ਦੁਨਿਆਵੀ ਪਾਤਸ਼ਾਹੀ ਵਿੱਚ ਤਾਂ ਮੇਰਾ ਮਨ ਨਹੀਂ ਲੱਗਦਾ, ਸਗੋਂ ਮੱਛੀ ਵਾਂਗ ਤੜਫ਼ਦਾ ਹੈ। ਮੈਨੂੰ ਤਾਂ ਆਤਮਿਕ ਸ਼ਾਂਤੀ ਦੀ ਲੋੜ ਹੈ।

[1*]ਮੈਕਾਲਿਫ ਅਨੁਸਾਰ ਗੁਰੂ ਹਰਿਰਾਏ ਜੀ ਨੇ ਦਾਰਾ ਸ਼ਿਕੋਹ ਨੂੰ ਕੁਝ ਰਾਜਨੀਤੀ ਦੇ ਗੁਰ ਵੀ ਦੱਸੇ ਅਤੇ ਔਰੰਗਜ਼ੇਬ ਦੀਆਂ ਫੌਜਾਂ ਨੂੰ ਆਪਣੀ ਸੈਨਾ ਦੁਆਰਾ ਕੁਝ ਸਮੇਂ ਲਈ ਬਿਆਸ ਤੇ ਰੋਕੀ ਰੱਖਣ ਲਈ ਕਿਹਾ। ਇਸ ਨਾਲ ਦਾਰਾਂ ਸ਼ਿਕੋਹ ਨੂੰ ਲਾਹੌਰ ਵੱਲ ਜਾਣਾ ਸੌਖਾ ਹੋ ਗਿਆ।

1658 ਵਿੱਚ ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਕਰ ਲਿਆ ਅਤੇ ਦਾਰਾ ਸ਼ਿਕੋਹ ਨੂੰ ਕਤਲ ਕਰਵਾ ਦਿੱਤਾ ਅਤੇ ਆਪ ਹਿੰਦੁਸਤਾਨ

[1*] ਐਮ. ਆਰ. ਮੈਕਾਲਿਫ, ਸਿੱਖ ਰਿਲੀਜਨ, ਜਿਲਦ 4, ਪੰਨਾ 278



Sri Satguru Jagjit Singh Ji Elibrary NamdhariElibrary@gmail.com

ਦਾ ਬਾਦਸ਼ਾਹ ਬਣ ਗਿਆ। ਕੁਝ ਸਮੇਂ ਤੱਕ ਤਾਂ ਸ਼ਾਂਤੀ ਰਹੀ, ਫਿਰ ਜਦੋਂ ਔਰੰਗਜ਼ੇਬ ਨੂੰ ਗੁਰੂ ਹਰਿਰਾਏ ਸਾਹਿਬ ਵੱਲੋਂ ਦਾਰਾ ਸ਼ਿਕੋਹ ਦੀ ਸਹਾਇਤਾ ਕਰਨ ਬਾਰੇ ਸੂਚਨਾ ਮਿਲੀ ਤਾਂ ਉਸਨੇ ਆਪਣਾ ਅਹਿਲਕਾਰ ਭੇਜ ਕੇ ਗੁਰੂ ਜੀ ਨੂੰ ਦਿੱਲੀ ਬੁਲਾ ਲਿਆ। ਬਾਦਸ਼ਾਹ ਅੱਗੇ ਇਹ ਵੀ ਸ਼ਿਕਾਇਤ ਕੀਤੀ ਗਈ ਕਿ ਆਦਿ ਗ੍ਰੰਥ ਸਾਹਿਬ ਵਿੱਚ ਇਸਲਾਮ ਵਿਰੁੱਧ ਕੁਝ ਗੱਲਾਂ ਵੀ ਲਿਖੀਆਂ ਗਈਆਂ ਹਨ, ਪਰ ਗੁਰੂ ਹਰਿਰਾਏ ਜੀ ਦਾ ਉੱਤਰ ਸੀ "ਮੈਂ ਕਿਸੇ ਭੂਖੰਡ ਦਾ ਸ਼ਾਸਕ ਨਹੀਂ, ਮੈਂ ਕਿਸੇ ਬਾਦਸ਼ਾਹ ਦਾ ਕੋਈ ਕਰ ਨਹੀਂ ਦੇਣਾ, ਨਾ ਮੈਂ ਉਸ ਕੋਲੋਂ ਕੋਈ ਚੀਜ਼ ਮੰਗਦਾ ਹਾਂ। ਸਾਡਾ ਗੁਰੂ ਅਤੇ ਸਿੱਖ ਦਾ ਵੀ ਕੋਈ ਰਿਸ਼ਤਾ ਨਹੀਂ ਹੈ। ਇਸ ਮੁਲਾਕਾਤ ਦਾ ਕੀ ਲਾਭ ਹੋਵੇਗਾ।"

ਗੁਰੂ ਜੀ ਨੇ ਆਪ ਜਾਣ ਦੀ ਥਾਂ ਆਪਣੇ ਵੱਡੇ ਪੁੱਤਰ ਰਾਮਰਾਏ ਜੀ ਨੂੰ ਅਤੇ ਨਾਲ ਹੀ ਕੁਝ ਪ੍ਰਮੁੱਖ ਸਿੱਖਾਂ ਨੂੰ ਦਿੱਲੀ ਵੱਲ ਭੇਜਿਆ ਅਤੇ ਇਹ ਵੀ ਤਾਕੀਦ ਕੀਤੀ ਕਿ ਆਦਿ ਗ੍ਰੰਥ ਸਾਹਿਬ ਨੂੰ ਚੰਗੀ ਤਰ੍ਹਾਂ ਵਾਚ ਲੈਣ ਅਤੇ ਬਾਦਸ਼ਾਹ ਦੇ ਪ੍ਰਸ਼ਨਾਂ ਦਾ ਸਾਵਧਾਨੀ ਨਾਲ ਉੱਤਰ ਦੇਣ।

ਸਿੱਖ ਸਾਖੀਕਾਰਾਂ ਅਨੁਸਾਰ ਰਾਮਰਾਏ ਜੀ ਨੇ ਕਈ ਕਰਾਮਾਤਾਂ ਦੁਆਰਾ ਔਰੰਗਜ਼ੇਬ ਨੂੰ ਪ੍ਰਭਾਵਿਤ ਕਰ ਲਿਆ, ਪਰ ਆਦਿ ਗ੍ਰੰਥ ਸਾਹਿਬ ਦੀ ਆਸਾ ਦੀ ਵਾਰ ਦੀ ਇੱਕ ਤੁਕ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।।

ਨੂੰ 'ਮਿਟੀ ਬੇਈਮਾਨ' ਦੀ ਕਹਿ ਕੇ ਬਾਦਸ਼ਾਹ ਨੂੰ ਖੁਸ਼ ਕਰਨ ਦਾ ਬੇਲੋੜਾ ਯਤਨ ਕੀਤਾ। ਜਦੋਂ ਗੁਰੂ ਹਰਿਰਾਏ ਜੀ ਨੂੰ ਰਾਮ ਰਾਏ ਜੀ ਦੀ ਇਸ ਕਰਤੂਤ ਦਾ ਪਤਾ ਲੱਗਾ ਤਾਂ ਗੁਰੂ ਜੀ ਉਸ ਉੱਤੇ ਬਹੁਤ ਨਾਰਾਜ਼ ਹੋਏ ਅਤੇ ਉਸ ਨੂੰ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ।

ਗੁਰੂ ਹਰਿਰਾਏ ਜੀ ਨੇ ਆਪਣੇ ਗੁਰੂ ਕਾਲ ਦੇ ਸਮੇਂ ਨਥਾਣੇ ਵਿੱਚ ਕਾਲੇ ਦੇ ਭਤੀਜੇ ਫੂਲ ਨੂੰ ਰਾਜਭਾਗ ਦੀਆਂ ਬਖਸ਼ਿਸ਼ਾਂ ਕੀਤੀਆਂ ਅਤੇ ਵਰ ਦਿੱਤਾ ਇਨ੍ਹਾਂ ਦੇ ਘੋੜੇ ਜਮਨਾ ਤੱਕ ਪਾਣੀ ਪੀਣਗੇ। ਕਾਲੇ ਦੇ ਪੁੱਤਰਾਂ ਨੂੰ ਬਖਸ਼ਿਸ਼ ਕੀਤੀ ਕਿ ਇਹ ਕਿਸੇ ਦਾ 'ਕਰ' ਨਹੀਂ ਭਰਨਗੇ ਅਤੇ ਖੇਤੀ ਕਰਨਗੇ। ਬਾਈ ਪਿੰਡਾਂ ਦੇ ਮਾਲਕ ਜਿਨ੍ਹਾਂ ਨੂੰ ਬਾਹੀਏ ਦਾ ਨਾਮ ਦਿੱਤਾ ਗਿਆ ਕਾਫ਼ੀ ਸਮੇਂ ਤੱਕ ਰਿਆਸਤਾਂ ਫੂਲਕੀਆਂ ਦੇ ਰਾਜਿਆਂ ਨੂੰ ਕੋਈ ਕਰ ਨਹੀਂ ਸਨ ਭਰਦੇ। ਗੁਰੂ ਸਾਹਿਬ ਨੇ ਇਸੇ ਦੌਰਾਨ ਮਾਲਵੇ ਵਿੱਚ ਸਿੱਖ ਧਰਮ ਨਾਲ ਲੋਕਾਂ ਨੂੰ ਜੋੜਿਆ ਅਤੇ ਮੜ੍ਹੀ-ਮਸਾਣਾਂ ਅਤੇ ਮੱਠਾਂ ਦੀ ਪੂਜਾ ਆਦਿ ਤੋਂ ਰੋਕਿਆ।

ਗੁਰੂ ਹਰਿਰਾਏ ਜੀ ਰਾਮਰਾਏ ਤੋਂ ਪਹਿਲਾਂ ਹੀ ਉਪਰਾਮ ਹੋ ਚੁੱਕੇ ਸਨ।



Sri Satguru Jagjit Singh Ji Elibrary NamdhariElibrary@gmail.com

ਇਸ ਲਈ ਆਪ ਜੀ ਨੇ 6 ਅਕਤੂਬਰ, 1661 ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਕੀਰਤਪੁਰ ਵਿਖੇ ਹੀ ਆਪਣੇ ਛੋਟੇ ਸਪੁੱਤਰ ਹਰਿਕ੍ਰਿਸ਼ਨ ਜੀ ਨੂੰ (ਜੋ ਉਸ ਸਮੇਂ ਪੰਜ ਸਾਲ ਢਾਈ ਮਹੀਨੇ ਦੇ ਹੀ ਸਨ) ਗੁਰਿਆਈ ਬਖਸ਼ ਦਿੱਤੀ।

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (1656-1664)

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਸਭ ਤੋਂ ਛੋਟੀ ਉਮਰ ਪੰਜ ਸਾਲ ਢਾਈ ਮਹੀਨੇ ਦੀ ਆਯੂ ਵਿੱਚ ਬਿਰਾਜਮਾਨ ਹੋਏ ਅਤੇ ਸਭ ਤੋਂ ਥੋੜ੍ਹੇ ਸਮੇਂ ਦੋ ਸਾਲ ਦੋ ਦਿਨ ਗੁਰੂ ਕਾਰਜ ਨੂੰ ਨਿਭਾ ਕੇ 30 ਮਾਰਚ, 1664 ਨੂੰ ਜੋਤੀ ਜੋਤ ਸਮਾ ਗਏ, ਪਰ ਇਸ ਦੇ ਬਾਵਜੂਦ ਆਪ ਜੀ ਦੀ ਗੁਰੂ ਵਜੋਂ ਵਡਿਆਈ ਕਿਸੇ ਤਰ੍ਹਾਂ ਵੀ ਬਾਕੀ ਗੁਰੂ ਜੋਤਾਂ ਤੋਂ ਘੱਟ ਨਹੀਂ ਸੀ। ਆਪ ਜੀ ਦੇ ਗੁਰੂਤਵ ਦੇ ਇਸ ਅਲਪਕਾਲ ਨਾਲ ਕਈ ਮਹੱਤਵਪੂਰਨ ਇਤਿਹਾਸਿਕ ਘਟਨਾਵਾਂ ਜੁੜੀਆਂ ਹੋਈਆਂ ਹਨ।

### ਜੀਵਨ ਸਮਾਚਾਰ

ਆਪ ਜੀ ਦਾ ਜਨਮ ਗੁਰੂ ਹਰਿਰਾਏ ਅਤੇ [1*]ਮਾਤਾ ਕ੍ਰਿਸ਼ਨਾ ਜੀ ਦੇ ਘਰ 7 ਜੁਲਾਈ, 1656 ਨੂੰ ਕੀਰਤਪੁਰ ਵਿੱਚ ਹੋਇਆ। ਕਈ ਪੁਸਤਕਾਂ ਵਿੱਚ ਮਾਤਾ ਜੀ ਦਾ ਨਾਮ ਸੁਲੱਖਣੀ ਕਰਕੇ ਵੀ ਲਿਖਿਆ ਗਿਆ ਹੈ। ਗੁਰੂ ਹਰਿਕ੍ਰਿਸ਼ਨ ਜੀ ਦੇ ਨਾਂਮ ਤੋਂ ਜੇ ਹਰ ਤੇ ਕ੍ਰਿਸ਼ਨ ਦੇ ਸ਼ਬਦਾਂ ਦੇ ਸੰਯੋਗ ਨੂੰ ਵਾਚਿਆ ਜਾਵੇ ਤਾਂ ਮਾਤਾ ਦਾ ਨਾਮ ਕ੍ਰਿਸ਼ਨਾ ਹੀ ਸਹੀ ਪ੍ਰਤੀਤ ਹੁੰਦਾ ਹੈ।

ਦਾਰਾ ਸ਼ਿਕੋਹ ਦੇ ਗੁਰੂ ਹਰਿਰਾਏ ਜੀ ਨਾਲ ਸੰਬੰਧਾਂ ਤੋਂ ਜਾਣੂ ਹੋਣ ਕਰਕੇ ਔਰੰਗਜ਼ੇਬ ਨੇ ਗੁਰੂ ਹਰਿਰਾਏ ਜੀ ਨੂੰ ਦਿੱਲੀ ਬੁਲਾ ਭੇਜਿਆ ਸੀ, ਪਰ ਗੁਰੂ ਹਰਿਰਾਏ ਜੀ ਨੇ ਆਪਣੇ ਵੱਡੇ ਪੁੱਤਰ 'ਰਾਮਰਾਏ' ਨੂੰ ਔਰੰਗਜ਼ੇਬ ਦੇ ਬੁਲਾਵੇ ਤੇ ਦਿੱਲੀ ਭੇਜ ਦਿੱਤਾ ਸੀ, ਭਾਵੇਂ ਬਾਦਸ਼ਾਹ ਰਾਮਰਾਏ ਜੀ ਵੱਲੋਂ ਆਪਣੇ ਪ੍ਰਸ਼ਨਾਂ ਦੇ ਉੱਤਰਾਂ ਤੋਂ ਪ੍ਰਭਾਵਿਤ ਹੋ ਕੇ ਪੂਰੀ ਤਰ੍ਹਾਂ ਸੰਤੁਸ਼ਟ ਸੀ, ਪਰ ਰਾਮਰਾਏ ਨੇ ਆਦਿ ਗ੍ਰੰਥ ਸਾਹਿਬ ਦੀ ਇੱਕ ਤੁੱਕ ਦੇ ਸ਼ਬਦ ਮੁਸਲਮਾਨ ਨੂੰ 'ਬੇਈਮਾਨ' ਦੱਸ ਕੇ ਜੋ ਵੱਡੀ ਭੁੱਲ ਕੀਤੀ ਸੀ। ਇਸ ਕਰਕੇ ਗੁਰੂ ਹਰਿਰਾਏ ਜੀ ਨੇ ਉਸ ਨੂੰ ਮਾਫ ਨਹੀਂ ਸੀ ਕੀਤਾ। ਨਾ ਹੀ ਗੁਰੂ ਹਰਿਰਾਏ ਸਾਹਿਬ ਕਿਸੇ ਤਰ੍ਹਾਂ ਵੀ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਲਈ ਜਾਂ ਉਸ ਦੇ ਦਰਬਾਰ ਵਿੱਚ ਜਾਣ ਲਈ ਸਹਿਮਤ ਹੋ ਸਕਦੇ ਸਨ। ਆਪ ਜੀ ਨੇ 6 ਅਕਤੂਬਰ, 1661 ਨੂੰ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਸੌਂਪ ਦਿੱਤੀ

---

[1*] ਮੈਕਾਲਿਫ ਗਿਆਨੀ ਗਿਆਨ ਸਿੰਘ, ਕਰਮ ਸਿੰਘ ਪਟਵਾਰੀ ਅਤੇ ਭਾਈ ਕਾਨ ਸਿੰਘ ਨਾਭਾ ਅਨੁਸਾਰ ਮਾਤਾ ਜੀ ਦਾ ਨਾਮ ਕ੍ਰਿਸ਼ਨਾ ਹੀ ਹੈ, ਪਰ ਐਨਸਾਈਕਲੋਪੀਡੀਆ ਆਫ ਸਿੱਖਇਜਮ ਵਿਚ ਮਾਤਾ ਦਾ ਨਾਂ ਸੁਲਖਣੀ ਹੈ। (ਸਿੱਖ ਐਨਸਾਈਕਲੋਪੀਡੀਆ, ਜਿਲਦ 2, ਪੰਨਾ 254)

[1*] ਸਿੱਖ ਇਨਸਾਈਕਲੋਪੀਡੀਆ, ਜਿਲਦ II, ਪੰਨਾ 255



Sri Satguru Jagjit Singh Ji Elibrary NamdhariElibrary@gmail.com

ਅਤੇ ਆਪ ਉਸੇ ਦਿਨ ਹੀ ਜੋਤੀ ਜੋਤ ਸਮਾ ਗਏ। ਹੁਣ 2*ਗੁਰੂ ਨਾਨਕ ਦੀ ਜੋਤ ਗੁਰੂ ਹਰਿਕ੍ਰਿਸ਼ਨ ਜੀ ਵਿੱਚ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਅਨੁਸਾਰ ਗੁਰੂ ਨਾਨਕ ਪ੍ਰਭਾਤ ਦੇ ਸੂਰਜੀ ਪ੍ਰਕਾਸ਼ ਵਾਂਗ ਚੌਹ ਦਿਸ਼ਾਵਾਂ ਵਿੱਚ ਚਮਕ ਉੱਠੀ ਅਤੇ ਗੁਰੂ ਘਰ ਦੀ ਮਰਿਆਦਾ ਤੇ ਮਹਿਮਾ ਪਹਿਲੇ ਗੁਰੂਆਂ ਸਾਮਾਨ ਹੀ ਸਭ ਪਾਸੇ ਉਜਾਗਰ ਹੋਈ।

"ਜੋਤਿ ਓਹਾ ਜੁਗਤਿ ਸਾਇ" ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਆਈਆਂ ਸੰਗਤਾਂ ਨੂੰ ਪਹਿਲੇ ਗੁਰੂਆਂ ਸਾਮਾਨ ਹੀ ਨਿਹਾਲ ਕਰਦੇ। ਦੋਵੇਂ ਵੇਲੇ ਦੀਵਾਨ ਸਜਾਉਂਦੇ ਅਤੇ ਗੁਰੂ ਕਾਰਜ ਨੂੰ ਪ੍ਰਮੁੱਖ ਸਿੱਖਾਂ ਦੇ ਸਹਿਯੋਗ ਨਾਲ ਕੁਸ਼ਲਤਾ ਸਹਿਤ ਨਿਭਾਉਂਦੇ ਰਹੇ। ਕੁਸ਼ਟ ਰੋਗੀਆਂ ਨੂੰ ਤੰਦਰੁਸਤੀ ਬਖਸ਼ਦੇ ਅਤੇ ਕਈ ਹੋਰ ਰੋਗੀਆਂ ਦੇ ਦੁੱਖ ਦੂਰ ਕਰਦੇ ਰਹੇ।

ਰਾਮਰਾਏ ਜੋ ਦਿੱਲੀ ਵਿੱਚ ਸੀ, ਇੱਕ ਗੱਲ ਤੋਂ ਬਹੁਤ ਦੁਖੀ ਸੀ ਕਿ ਗੁਰੂਗੱਦੀ ਉੱਤੇ ਤਾਂ ਉਸ ਦਾ ਹੱਕ ਸੀ। ਸ਼ਾਹੀ ਦਰਬਾਰ ਵਿੱਚ ਰਾਮਰਾਏ ਦੀ ਪਹੁੰਚ ਹੋਣ ਕਰਕੇ ਧੀਰਮੱਲ ਵੀ ਉਸ ਨਾਲ ਰਲ ਗਿਆ ਸੀ। ਉਹ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤਾਂ ਕਰਕੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਉਣ ਵਿੱਚ ਕਾਮਯਾਬ ਹੋ ਗਿਆ। ਔਰੰਗਜ਼ੇਬ ਪੰਜਾਬ ਦੀ ਸਥਿਤੀ ਤੋਂ ਪੂਰੀ ਤਰ੍ਹਾਂ ਜਾਣੂ ਸੀ, ਭਾਵੇਂ ਉਹ ਸਾਰੇ ਦੇਸ਼ ਵਿੱਚ ਇਸਲਾਮ ਧਰਮ ਨੂੰ ਫੈਲਾਉਣਾ ਚਾਹੁੰਦਾ ਸੀ, ਪਰ ਉਸ ਨੂੰ ਪਤਾ ਸੀ ਕਿ ਪੰਜਾਬ ਵਿੱਚ ਗੁਰੂ ਸਾਹਿਬਾਨ ਦਾ ਪ੍ਰਭਾਵ ਬਹੁਤ ਡੂੰਘਾ ਅਤੇ ਵਿਆਪਕ ਹੈ ਅਤੇ ਉਹ ਗੁਰੂ ਘਰ ਵਿੱਚ ਇਸ ਸਮੇਂ ਕੋਈ ਦਖਲ-ਅੰਦਾਜ਼ੀ ਵੀ ਨਹੀਂ ਸੀ ਕਰਨਾ ਚਾਹੁੰਦਾ। ਫਿਰ ਵੀ ਰਾਮਰਾਏ ਨੂੰ ਸੰਤੁਸ਼ਟ ਕਰਨ ਲਈ ਅੰਬੇਰ ਦੇ ਰਾਜਾ ਜੈ ਸਿੰਘ ਰਾਹੀਂ ਉਸ ਦੇ ਦੀਵਾਨ ਪਰਸ ਰਾਮ ਨੂੰ ਕੀਰਤਪੁਰ ਭੇਜ ਕੇ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਪਹੁੰਚਣ ਦਾ ਹੁਕਮ ਦੇ ਦਿੱਤਾ।

ਸਿੱਖ ਸੰਗਤ ਦੀ ਸਲਾਹ ਨਾਲ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਇੱਛਾ ਅਨੁਸਾਰ ਪ੍ਰਭੂ ਦੀ ਰਜ਼ਾ ਵਿੱਚ ਰਹਿਣ ਨੂੰ ਪ੍ਰਵਾਨ ਕਰਕੇ ਦਿੱਲੀ ਜਾਣ ਦੀ ਤਿਆਰੀ ਕਰ ਲਈ।

ਮਾਤਾ ਬੱਸੀ ਦਾਦੀ ਜੀ, ਮਾਤਾ ਕ੍ਰਿਸ਼ਨਾ, ਭਾਈ ਗੁਰਬਖਸ਼ ਅਤੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਹਰਿਕ੍ਰਿਸ਼ਨ ਜੀ ਕਈ ਪੜਾਵਾਂ ਤੇ ਠਹਿਰਦੇ ਹੋਏ ਪੰਜੋਖਰਾ ਸਥਾਨ 'ਤੇ ਪੁੱਜ ਗਏ। ਰਸਤੇ ਵਿੱਚ ਵੀ ਕਈ ਸਥਾਨਾਂ ਤੇ ਸਿੱਖ ਸੰਗਤ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੀ ਰਹੀ। ਪੰਜੋਖਰੇ ਤੱਕ ਕਾਫ਼ੀ ਸੰਗਤ ਉਨ੍ਹਾਂ ਦੇ ਨਾਲ ਹੀ ਆ ਰਹੀ ਸੀ। ਗੁਰੂ ਜੀ ਨੇ ਪੰਜੋਖਰੇ ਪੁੱਜ ਕੇ ਰੇਤ ਦੀ ਢੇਰੀ ਬਣਾ ਕੇ ਝੰਡੀ ਗੱਡ ਦਿੱਤੀ ਅਤੇ ਹੁਕਮ ਦਿੱਤਾ ਕਿ ਅੱਗੇ ਸਾਡੇ ਨਾਲ ਕੋਈ ਹੋਰ ਸਿੱਖ ਨਾ ਜਾਵੇ ਪਰ ਦੂਰ-ਦੂਰ ਦੀਆਂ ਸੰਗਤਾਂ ਜੋ ਦਰਸ਼ਨ ਕਰਨ ਆ



Sri Satguru Jagjit Singh Ji Elibrary NamdhariElibrary@gmail.com

ਰਹੀਆਂ ਸਨ, ਦੀਆਂ ਭਾਵਨਾਵਾਂ ਦਾ ਖਿਆਲ ਕਰਦੇ ਹੋਏ ਪੰਜੋਖਰੇ ਹੀ ਪੜ੍ਹਾ ਕੀਤਾ, ਇੱਥੇ ਹੀ ਇੱਕ ਬ੍ਰਾਹਮਣ ਲਾਲ ਚੰਦ ਜੋ ਆਪਣੇ ਪੰਡਤਾਈ ਦੇ ਅਭਿਮਾਨ ਵਿੱਚ ਮੱਤਾ ਸੀ, ਗੁਰੂ ਜੀ ਦੀ ਮਹਿਮਾ ਅਤੇ ਹਰਿਕ੍ਰਿਸ਼ਨ ਨਾਮ ਤੋਂ ਸ਼ੰਕਾ ਕਰਨ ਲੱਗਾ। ਗੁਰੂ ਜੀ ਤੋਂ ਸ੍ਰੀਮਦ ਭਾਗਵਤ ਗੀਤਾ ਦੇ ਅਰਥ ਪੁੱਛਣ ਲੱਗਾ। ਗੁਰੂ ਜੀ ਨੇ ਕੋਲੋਂ ਲੰਘ ਰਹੇ ਇੱਕ ਅਨਪੜ੍ਹ ਛੱਜੂ ਨਾਮ ਦੇ ਵਿਅਕਤੀ ਕੋਲੋਂ ਗੀਤਾ ਦੇ ਅਰਥ ਕਰਵਾ ਦਿੱਤੇ। ਪੰਡਿਤ ਲਾਲ ਚੰਦ ਵੀ ਗੁਰੂ ਜੀ ਦਾ ਸਿੱਖ ਬਣ ਗਿਆ। ਦਿੱਲੀ ਪੁੱਜ ਕੇ ਗੁਰੂ ਜੀ ਦਾ ਡੇਰਾ ਰਾਜਾ ਜੈ ਸਿੰਘ ਦੇ ਮਹਿਲਾਂ ਵਿੱਚ ਕੀਤਾ ਗਿਆ। ਬਾਦਸ਼ਾਹ ਵੱਲੋਂ ਕੁਝ ਸੁਗਾਤਾਂ ਅਤੇ ਖ਼ਿਲਤਾਂ ਭੇਜੀਆਂ ਗਈਆਂ ਜੋ ਇੱਕ ਤਰ੍ਹਾਂ ਨਾਲ ਗੁਰੂ ਜੀ ਦੀ ਪਰਖ ਕਰਨ ਦਾ ਬਹਾਨਾ ਸੀ। ਆਪ ਨੇ ਇੱਕ ਖ਼ਿਲਤ ਵਿੱਚੋਂ ਦਰਵੇਸ਼ੀ ਚੋਲਾ ਉਠਾ ਲਿਆ ਅਤੇ ਦੂਜੀ ਖਿਲਤ ਵਿੱਚ ਜਿਸ ਵਿੱਚ ਕੀਮਤੀ ਬਸਤਰ, ਖਿਡੌਣੇ ਅਤੇ ਹੋਰ ਪਦਾਰਥ ਸਨ, ਛੱਡ ਦਿੱਤੇ। ਇਸ ਸਮੇਂ ਔਰੰਗਜ਼ੇਬ ਦਾ ਸ਼ਹਿਜਾਦਾ ਮੁਅੱਜ਼ਮ (ਜੋ ਪਿਛੋਂ ਬਹਾਦਰ ਸ਼ਾਹ ਦੇ ਨਾਂ ਨਾਲ ਬਾਦਸ਼ਾਹ ਬਣਿਆ) ਵੀ ਆਇਆ ਹੋਇਆ ਸੀ, ਗੁਰੂ ਜੀ ਦਾ ਹਾਣੀ ਹੋਣ ਕਰਕੇ ਉਹ ਗੁਰੂ ਜੀ ਨਾਲ ਖੇਡਣ ਲੱਗ ਪਿਆ ਅਤੇ ਉਹ ਕੁਝ ਸਮਾਂ ਆਪਸ ਵਿੱਚ ਖੇਡਦੇ ਰਹੇ। ਬਾਦਸ਼ਾਹ ਵੱਲੋਂ ਭੇਜੀ ਜਾਂਦੀ ਰਸਦ ਅਤੇ ਨਕਦੀ ਦਾ ਗੁਰੂ ਜੀ ਨੇ ਲੰਗਰ ਲਗਵਾ ਦਿੱਤਾ। ਇਸੇ ਸਮੇਂ ਸ਼ਹਿਰ ਵਿੱਚ ਸੀਤਲਾ ਦੀ ਬੀਮਾਰੀ ਫੈਲ ਗਈ। ਗੁਰੂ ਜੀ ਦੀ ਕ੍ਰਿਪਾ ਦੁਆਰਾ ਜੋ ਵੀ ਉਨ੍ਹਾਂ ਦੇ ਦਰਸ਼ਨ ਕਰਦਾ ਅਤੇ ਚਰਨਾਮ੍ਰਿਤ ਪੀਂਦਾ, ਉਹ ਰਾਜ਼ੀ ਹੋ ਜਾਂਦਾ।

ਇੱਕ ਦਿਨ ਰਾਜਾ ਜੈ ਸਿੰਘ ਦੇ ਮਹਿਲਾਂ ਵਿੱਚ ਜਾ ਕੇ ਗੁਰੂ ਜੀ ਨੇ ਉਸ ਦੀ ਮਹਾਰਾਣੀ ਨੂੰ ਪਛਾਣ ਲਿਆ, ਜੋ ਸਾਧਾਰਨ ਵਸਤਰਾਂ ਵਿੱਚ ਦੂਜਿਆਂ ਵਿੱਚ ਬੈਠੀ ਸੀ।

### ਸਰਾਪ

ਰਾਮਰਾਏ ਇਸ ਗੱਲ ਤੋਂ ਦੁਖੀ ਸੀ ਕਿ ਗੁਰੂ ਜੀ ਦਾ ਜੱਸ ਕਾਫ਼ੀ ਫੈਲ ਰਿਹਾ ਹੈ। ਬਾਦਸ਼ਾਹ ਅਤੇ ਸਾਰੇ ਅਹਿਲਕਾਰ ਉਨ੍ਹਾਂ ਦੀ ਮਹਿਮਾ ਬਾਰੇ ਜਾਣਨ ਲੱਗ ਪਏ ਹਨ। ਫਿਰ ਵੀ ਉਸ ਨੇ ਇਹ ਕੁਬਚਨ ਬੋਲ ਹੀ ਦਿੱਤੇ। [1*]ਗਿਆਨੀ ਗਿਆਨ ਸਿੰਘ ਇੰਝ ਲਿਖਦੇ ਹਨ :

"ਜਦੋਂ ਉਸਨੇ ਗੁਰੂ ਜੀ ਦੀ ਮਹਿਮਾ ਸੁਣੀ ਤਾਂ ਸੜ ਬਲਕੇ ਇਹ ਭੜਾਸ ਕੱਢੀ ਕਿ ਕੀਹ ਹੋਯਾ ਜੇ ਦੋ ਦਿਨ ਮਹਿਮਾ ਕਰ ਲੀਤੀ ਅੰਤ ਨੂੰ ਖਾਣਾ ਤਾਂ ਸੀਤਲਾ ਦਾ ਹੀ ਹੈ।"

---

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 660



Sri Satguru Jagjit Singh Ji Elibrary NamdhariElibrary@gmail.com

ਗੁਰੂ ਜੀ ਨੂੰ ਜਦੋਂ ਇਹ ਪਤਾ ਲੱਗਾ ਤਾਂ ਆਪ ਨੇ ਵੀ ਰਾਮਰਾਏ ਨੂੰ ਸਰਾਪ ਦਿੱਤਾ।

"ਪਰ ਰਾਮਰਾਇ ਦੀ ਵੀ ਕੋਈ ਆਸ ਨਾ ਪੂਰੀ ਹੋਊ, ਬੇਉਲਾਦ ਜੀਉਂਦਾ ਹੀ ਸੜੇਗਾ।"

ਇਤਿਹਾਸ ਗਵਾਹ ਹੈ ਕਿ ਰਾਮਰਾਏ ਚਾਰ ਵਿਆਹ ਕਰਵਾਉਣ ਪਿਛੋਂ ਵੀ ਬੇ-ਉਲਾਦ ਹੀ ਸਮਾਧੀ ਦੀ ਅਵਸਥਾ ਵਿੱਚ ਮਸੰਦਾਂ ਵੱਲੋਂ ਜੀਉਂਦਾ ਹੀ ਸਾੜ ਦਿੱਤਾ ਗਿਆ ਸੀ।

[1]*ਗਿਆਨੀ ਗਿਆਨ ਸਿੰਘ ਅਨੁਸਾਰ :

"ਚੇਤਰ ਸੁਦੀ ਪੰਚਮੀ ਨੂੰ ਗੁਰੂ ਸਾਹਿਬ ਨੂੰ ਬੁਖਾਰ ਹੋਯਾ ਤਾਂ ਮਾਤਾ ਜੀ ਦਾ ਮੱਥਾ ਠਣਕਿਆ।"

ਗੁਰੂ ਜੀ ਨੇ ਰਾਜਾ ਜੈ ਸਿੰਘ ਦੀ ਫੌਜ ਵਾਲੀ ਥਾਂ ਜਮਨਾ ਕਿਨਾਰੇ ਡੇਰਾ ਕਰ ਲਿਆ। ਸੱਤੇ ਨੂੰ ਸੀਤਲਾ ਪ੍ਰਗਟ ਹੋਈ, ਤ੍ਰੌਦਸੀ ਨੂੰ ਪੰਜ ਪੈਸੇ ਇੱਕ ਨਰੇਲ ਮੰਗਾ ਕੇ ਗੁਰੂ ਗੱਦੀ ਪਰ ਧਰ ਕੇ ਮੱਥਾ ਟੇਕ ਦਿੱਤਾ ਅਤੇ ਬਚਨ ਕੀਤਾ "ਬਾਬਾ ਬਕਾਲੇ।" ਬਾਬੇ ਬੁੱਢੇ ਦੇ ਪੜੋਤ੍ਰੇ ਭਾਈ ਗੁਰਦਿੱਤੇ ਨੂੰ ਗੁਰਿਆਈ ਦੇ ਚਿੰਨ੍ਹ ਸੌਂਪ ਦਿੱਤੇ। ਇੱਥੇ ਹੀ ਗੁਰੂ ਜੀ ਦੀ ਹਾਲਤ ਦਾ ਜਦੋਂ ਸੰਗਤ ਨੂੰ ਪਤਾ ਲੱਗਾ ਤਾਂ ਗੁਰੂ ਜੀ ਨੇ ਪੰਜ-ਪੰਜ ਕਰਕੇ ਸਭ ਨੂੰ ਦਰਸ਼ਨ ਦਿੱਤੇ। ਸੰਗਤ ਨੂੰ ਵਿਦਾ ਕਰਕੇ ਭਾਈ ਸਨਮੁੱਖ, ਨੱਥੂ, ਸੁੱਖਾਨੰਦ ਰਬਾਬੀਆਂ ਨੂੰ ਕੀਰਤਨ ਅਤੇ ਸਿੱਖਾਂ ਨੂੰ ਰਾਤ ਜਾਗਾ ਕਰਨ ਦਾ ਹੁਕਮ ਦਿੱਤਾ। ਆਪ ਗੁਰੂ ਜੀ ਇੱਕ ਵੱਖਰਾ ਬਿਸਤਰਾ ਕਰਾ ਕੇ ਉਸ ਉੱਤੇ ਬਿਰਾਜ ਰਹੇ, ਜਦ ਡੇਢ ਪਹਿਰ ਰਾਤ ਰਹੀ ਤਾਂ ਆਪਣੇ ਮੁਖ ਮਯੰਕ ਉੱਤੇ ਬਸਤਰ ਲੈ ਕੇ ਸਰਪ ਦੇ ਕੁੰਜ ਤਿਆਗਣ ਵਾਂਗੂ ਚੋਲਾ ਛੱਡ ਕੇ ਸੱਚਖੰਡ ਨੂੰ ਚਲੇ ਗਏ।"

ਇਤਿਹਾਸਕਾਰਾਂ ਅਨੁਸਾਰ ਗੁਰੂ ਹਰਿ ਕ੍ਰਿਸ਼ਨ ਜੀ 30 ਮਾਰਚ, 1664 ਨੂੰ ਜੋਤੀ ਜੋਤ ਸਮਾਏ ਸਨ।

## ਸ੍ਰੀ ਗੁਰੂ ਤੇਗ ਬਹਾਦਰ ਜੀ (1621-1675)

### ਗੁਰੂ ਕਾਲ (1664-1675)

ਗੁਰੂ ਤੇਗ਼ ਬਹਾਦਰ ਜੀ ਦਾ ਗੁਰ ਇਤਿਹਾਸ ਵਿੱਚ ਨਿਵੇਕਲਾ ਹੀ ਸਥਾਨ ਹੈ। ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਨਿਰਭੈ ਹੋ ਕੇ ਮੁਗਲ ਸਮਰਾਟ ਜਹਾਂਗੀਰ ਦੀ ਕਠੋਰ ਧਾਰਮਿਕ ਨੀਤੀ ਦਾ ਟਾਕਰਾ ਕਰਦੇ ਹੋਏ ਲਾਹੌਰ ਵਿਖੇ ਆਪਣਾ ਬਲੀਦਾਨ ਦਿੱਤਾ ਸੀ, ਤੋਂ ਪਿਛੋਂ ਉਨ੍ਹਾਂ ਦੇ ਪਗਚਿੰਨ੍ਹਾਂ ਉੱਤੇ ਚੱਲਦੇ ਹੋਏ ਉਨ੍ਹਾਂ

---

[1]* ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 661



Sri Satguru Jagjit Singh Ji Elibrary NamdhariElibrary@gmail.com

ਦੇ ਪੋਤਰੇ ਗੁਰੂ ਤੇਗ਼ ਬਹਾਦਰ ਜੀ ਨੇ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦੀ ਵੰਗਾਰ ਨੂੰ ਠੱਲ ਪਾਉਣ ਲਈ ਅਤੇ ਹਿੰਦ ਦੀ ਧਾਰਮਿਕ ਪਰੰਪਰਾ ਦੀ ਸੁਤੰਤਰਤਾ ਅਤੇ ਸੁਰੱਖਿਆ ਲਈ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕੀਤੀ। 1606 ਤੋਂ ਪਿਛੋਂ 1675 ਅਰਥਾਤ ਕੇਵਲ 7 ਦਹਾਕਿਆਂ ਦੇ ਕਾਲ ਅੰਤਰ ਪਿਛੋਂ ਇਹ ਸਿੱਖ ਗੁਰੂ ਇਤਿਹਾਸ ਦਾ ਦੂਜਾ ਵੱਡਾ ਮਹਾਨ ਸ਼ਹੀਦੀ ਸਾਕਾ ਸੀ, ਜਿਸ ਬਾਰੇ ਦਸਮੇਸ਼ ਜੀ ਨੇ ਵੀ ਆਪਣੀ ਬਾਣੀ ਵਿੱਚ ਇਸ ਗੱਲ ਦੀ ਸਾਖੀ ਭਰੀ ਹੈ ਕਿ ਤਿਲਕ ਅਤੇ ਜੰਞੂ ਜੋ ਹਿੰਦੂ ਧਾਰਮਿਕ ਸਮਾਜ ਦੇ ਪ੍ਰਮੁੱਖ ਚਿੰਨ੍ਹ ਸਨ, ਦੀ ਰੱਖਿਆ ਲਈ ਅਰਥਾਤ ਔਰੰਗਜ਼ੇਬ ਦੀ ਧਾਰਮਿਕ ਏਕੀਕਰਨ ਦੀ ਨੀਤੀ ਨੂੰ ਠੱਲ ਪਾਉਣ ਲਈ ਕਲੂਕਾਲ ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਵੱਡਾ ਇਤਿਹਾਸਿਕ ਸਾਕਾ ਕੀਤਾ, ਜਿਸ ਦੀ ਹੋਰ ਕਿਤੇ ਮਿਸਾਲ ਮਿਲਣੀ ਬੜੀ ਕਠਿਨ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿੱਚ ਇਸ ਦਾ ਇੰਝ ਉਲੇਖ ਕੀਤਾ ਗਿਆ ਹੈ :

*ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ॥*

ਇਸ ਇਤਿਹਾਸਕ ਸ਼ਹੀਦੀ ਸਾਕੇ ਕਰਕੇ ਹੀ ਨਹੀਂ ਸਗੋਂ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨਤਾ ਕਈ ਹੋਰ ਗੁਣਾਂ ਕਰਕੇ ਵੀ ਹੈ, ਜੋ ਉਨ੍ਹਾਂ ਦੇ ਵਿਅਕਤਿੱਤਵ ਦੇ ਪ੍ਰਮੁੱਖ ਗੁਣ ਸਨ।

### ਜੀਵਨ ਸਮਾਚਾਰ

ਤੇਗ਼ ਬਹਾਦਰ ਜੀ ਦਾ ਜਨਮ ਪਿਤਾ ਗੁਰੂ ਹਰਿਗੋਬਿੰਦ ਅਤੇ ਮਾਤਾ ਬੀਬੀ ਨਾਨਕੀ ਜੀ ਦੇ ਘਰ, ਅੰਮ੍ਰਿਤਸਰ ਵਿਖੇ 1 ਅਪ੍ਰੈਲ, 1621 (ਵੈਸਾਖ ਵਦੀ 5, 1678 ਬਿਕਰਮੀ) ਨੂੰ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜਵੇਂ ਤੇ ਸਭ ਤੋਂ ਛੋਟੇ ਸੁਪੁੱਤਰ ਸਨ, ਜਿਨ੍ਹਾਂ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਪਰ 1635 ਵਿੱਚ ਕਰਤਾਰਪੁਰ ਵਿੱਚ ਹੋਈ ਜੰਗ ਸਮੇਂ ਅਦੁੱਤੀ ਬੀਰਤਾ ਨੂੰ ਦਰਸਾਉਣ ਸਦਕਾ ਆਪ ਜੀ ਦਾ ਨਾਮ ਤੇਗ਼ ਬਹਾਦਰ ਰੱਖਿਆ ਗਿਆ। ਸੱਚਮੁੱਚ ਹੀ ਆਪ ਤਿਆਗ ਅਤੇ ਤੇਗ਼ ਦਾ ਸੁਮੇਲ ਸਨ। ਕਰਤਾਰਪੁਰ ਵਿਖੇ ਹੀ ਆਪ ਜੀ ਦਾ ਵਿਆਹ ਲਖਨੌਰ ਤੋਂ ਆਏ ਅਤੇ ਕਰਤਾਰਪੁਰ ਵਿੱਚ ਵੱਸੇ ਲਾਲ ਚੰਦ ਅਤੇ ਬਿਸ਼ਨ ਕੌਰ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ।

ਬਚਪਨ ਵਿੱਚ ਹੀ ਗੁਰੂ ਹਰਿਗੋਬਿੰਦ ਜੀ ਨੇ ਆਪ ਜੀ ਦੀ ਸਿੱਖਿਆ ਦੀਖਿਆ ਦਾ ਕਾਰਜ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਪਣੇ ਦੋ ਪ੍ਰਮੁੱਖ ਸਿੱਖਾਂ ਨੂੰ ਸੌਂਪਿਆ ਸੀ। ਬਾਬਾ ਬੁੱਢਾ ਜੀ ਤੋਂ ਸ਼ਾਸਤਰ ਵਿੱਦਿਆ ਅਤੇ ਘੋੜਸਵਾਰੀ ਦੇ ਗੁਣ ਅਤੇ ਭਾਈ ਗੁਰਦਾਸ ਜੀ ਤੋਂ ਸੰਸਾਰਿਕ ਵਿੱਦਿਆ ਅਤੇ ਗੁਰਮਤਿ ਦਾ ਗਿਆਨ ਪ੍ਰਾਪਤ ਕੀਤਾ।

1635 ਵਿੱਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣਾ ਸਥਾਈ



Sri Satguru Jagjit Singh Ji Elibrary NamdhariElibrary@gmail.com

ਨਿਵਾਸ ਕੀਰਤਪੁਰ ਵਿਖੇ ਰੱਖ ਲਿਆ ਤਾਂ ਤੇਗ਼ ਬਹਾਦਰ ਜੀ ਵੀ ਇਸ ਸਮੇਂ ਪਰਿਵਾਰ ਸਮੇਤ ਕੀਰਤਪੁਰ ਵਿਖੇ ਹੀ ਟਿਕੇ ਰਹੇ, ਪਰ 1645 ਵਿੱਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਗੁਰੂ ਹਰਿਰਾਏ ਜੀ ਨੂੰ ਗੁਰਿਆਈ ਬਖਸ਼ ਦਿੱਤੀ ਤਾ ਆਪ ਪਰਿਵਾਰ ਸਮੇਤ ਗੁਰੂ ਹਰਿਗੋਬਿੰਦ ਜੀ ਦੇ ਆਦੇਸ਼ ਅਨੁਸਾਰ ਹੀ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਗਏ, ਜਿੱਥੇ ਆਪ ਨੇ 20 ਸਾਲ (1645-1664) ਭਗਤੀ ਸਾਧਨਾ ਵਿੱਚ ਗੁਜ਼ਾਰੇ। ਇੱਥੇ ਹੀ ਅੱਠਵੇਂ ਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਅੰਤਿਮ ਬਚਨਾਂ ਅਨੁਸਾਰ ਆਪ ਜੀ ਨੇ ਨੌਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਦੇ ਕਾਰਜ ਨੂੰ ਸੰਭਾਲਿਆ।

### ਗੁਰੂ ਦੀ ਪਰਖ

ਗੁਰੂ ਹਰਿਕ੍ਰਿਸ਼ਨ ਜੀ ਨੇ ਭਾਵੇਂ ਜੋਤੀ ਜੋਤ ਸਮਾਉਣ ਸਮੇਂ ਗੁਰਿਆਈ ਦੀਆਂ ਵਸਤਾਂ ਭਾਈ ਗੁਰਦਿੱਤਾ ਜੀ ਨੂੰ ਸੌਂਪ ਕੇ 'ਬਾਬਾ ਬਕਾਲਾ' ਕਿਹਾ ਸੀ, ਪਰ ਗੁਰੂ ਹਰਿਕ੍ਰਿਸ਼ਨ ਜੀ ਦੇ ਸ਼ਬਦਾਂ 'ਬਾਬਾ ਬਕਾਲਾ' ਨੂੰ ਮੁੱਖ ਰੱਖ ਕੇ ਸੋਢੀ ਪਰਿਵਾਰ ਦੇ 22 ਜੀਆਂ ਨੇ ਗੱਦੀਆਂ ਸੰਭਾਲ ਲਈਆਂ, ਜਿਨ੍ਹਾਂ ਵਿੱਚ ਧੀਰ ਮੱਲ ਵੀ ਸੀ। ਅਜਿਹੇ ਜਮਘਟੇ ਵਿੱਚ ਅਸਲੀ ਗੁਰੂ ਦੀ ਪਛਾਣ ਆਮ ਸਿੱਖਾਂ ਲਈ ਬੜੀ ਮੁਸ਼ਕਿਲ ਹੋ ਗਈ, ਪਰ ਭਾਈ ਮੱਖਣ ਸ਼ਾਹ ਲੁਬਾਣੇ ਨੇ ਅਸਲੀ ਗੁਰੂ ਦੀ ਪਛਾਣ ਕਰ ਹੀ ਲਈ। ਭਾਵੇਂ ਇਸ ਵਿੱਚ ਵੀ ਕੋਈ ਸੰਦੇਹ ਨਹੀਂ ਸੀ ਕਿ ਭਾਈ ਗੁਰਦਿੱਤਾ ਜੀ ਨੇ ਗੁਰਿਆਈ ਦੀਆਂ ਇਹ ਵਸਤਾਂ ਗੁਰੂ ਤੇਗ਼ ਬਹਾਦਰ ਜੀ ਨੂੰ ਪਹਿਲਾਂ ਹੀ ਸੌਂਪ ਦਿੱਤੀਆਂ ਸਨ। ਭਾਈ ਮੱਖਣ ਸ਼ਾਹ ਲੁਬਾਣਾ ਜੋ ਬੜਾ ਵੱਡਾ ਵਪਾਰੀ ਅਤੇ ਸਮੁੰਦਰੀ ਜਹਾਜਾਂ ਦਾ ਤਾਜਰ ਸੀ, ਨੇ ਆਪਣੇ ਜਹਾਜ ਨੂੰ ਸਮੁੰਦਰੀ ਤੂਫਾਨ ਵਿੱਚ ਘਿਰ ਜਾਣ ਤੇ ਡੁੱਬਣ ਤੋਂ ਬਚਾਉਣ ਲਈ ਗੁਰੂ ਨਾਨਕ ਦੇ ਚਰਨਾਂ ਵਿੱਚ ਅਰਦਾਸ ਕਰਕੇ 500 ਮੋਹਰਾਂ ਗੁਰੂ ਘਰ ਵਿੱਚ ਭੇਟ ਕਰਨ ਦੀ ਸੁੱਖਣਾ ਸੁਖੀ ਸੀ। ਇਹ ਖ਼ਬਰ ਸੁਣ ਕੇ ਕਿ ਗੁਰੂ ਹੁਣ ਬਕਾਲੇ ਵਿੱਚ ਹੈ, ਉਹ ਉੱਥੇ ਪੁੱਜਾ। ਭਾਈ ਮੱਖਣ ਸ਼ਾਹ ਲੁਬਾਣਾ ਨੇ ਅਸਲੀ ਗੁਰੂ ਦੀ ਪਰਖ ਕਰਨ ਲਈ ਹਰ ਗੱਦੀਦਾਰ, ਆਪੇ ਬਣੇ ਗੁਰੂ ਦੇ ਅੱਗੇ ਦੋ-ਦੋ ਮੋਹਰਾਂ ਰੱਖ ਕੇ ਨਮਸਕਾਰ ਕੀਤੀ। ਜਦੋਂ ਉਸ ਦੀ ਤਸੱਲੀ ਨਾ ਹੋਈ ਅਤੇ ਪੁੱਛ ਕਰਨ ਉੱਤੇ ਕਿ ਕੋਈ ਹੋਰ ਗੁਰੂ ਵੀ ਹੈ ਤਾਂ ਉਸ ਨੂੰ ਤੇਗ਼ ਬਹਾਦਰ ਜੀ ਦੀ ਦੱਸ ਪਈ। ਜਦੋਂ ਉਹ ਤੇਗ਼ ਬਹਾਦਰ ਜੀ ਦੇ ਦਰਸ਼ਨਾਂ ਲਈ ਗਿਆ ਅਤੇ ਦੋ ਮੋਹਰਾਂ ਭੇਟ ਕੀਤੀਆਂ ਤਾਂ ਤੇਗ਼ ਬਹਾਦਰ ਜੀ ਨੇ ਫੁਰਮਾਇਆ ਕਿ "ਭਾਈ ਸੁੱਖਣਾ ਤਾਂ 500 ਮੋਹਰਾਂ ਦੀ ਸੀ, ਤਾਂ ਮੱਖਣ ਸ਼ਾਹ ਨੇ 500 ਮੋਹਰਾਂ ਗੁਰੂ ਜੀ ਦੇ ਅੱਗੇ ਭੇਟ ਕਰ ਦਿੱਤੀਆਂ ਅਤੇ ਖੁਸ਼ੀ ਵਿੱਚ ਨਾ ਮਿਉਂਦਾ ਹੋਇਆ ਕੋਠੇ ਤੇ ਚੜ੍ਹ ਕੇ ਪੱਲੂ ਫੇਰ ਕੇ ਹੋਕਾ ਦੇਣ ਲੱਗਾ - ਗੁਰੂ ਲਾਧੋ ਰੇ - ਗੁਰੂ ਲਾਧੋ ਰੇ ਅਰਥਾਤ ਗੁਰੂ ਲੱਭ ਪਿਆ ਹੈ,



Sri Satguru Jagjit Singh Ji Elibrary NamdhariElibrary@gmail.com

ਗੁਰੂ ਲੱਭ ਪਿਆ ਹੈ। ਇਸ ਪਿਛੋਂ ਗੁਰੂ ਤੇਗ਼ ਬਹਾਦਰ ਜੀ 9 ਅਕਤੂਬਰ, 1664 ਨੂੰ ਗੁਰੂ ਰੂਪ ਵਿੱਚ ਪ੍ਰਗਟ ਹੋ ਕੇ ਸੰਗਤਾਂ ਦੇ ਸਾਹਮਣੇ ਆ ਗਏ ਅਤੇ ਅਸਲੀ ਗੁਰੂ ਬਾਰੇ ਕਿਸੇ ਨੂੰ ਵੀ ਕੋਈ ਸ਼ੰਕਾ ਬਾਕੀ ਨਾ ਰਹੀ ਆਪੋ ਬਣੇ ਝੂਠੇ ਗੁਰੂ ਆਪਣੇ ਆਪ ਹੀ ਉਥੋਂ ਸਫਾਂ ਵਲੇਟ ਕੇ ਤੁਰਦੇ ਬਣੇ, ਪਰ ਗੁਰੂ ਤੇਗ਼ ਬਹਾਦਰ ਜੀ ਨੂੰ ਕੁਝ ਹੋਰ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪਿਆ।

ਧੀਰਮੱਲ ਨੇ ਈਰਖਾ ਵੱਸ ਹੋ ਕੇ ਸ਼ੀਹਾਂ ਨਾਮੀ ਮਸੰਦ ਤੇ ਨਾਲ ਹੋਰ ਆਦਮੀ ਭੇਜ ਕੇ ਗੁਰੂ ਤੇਗ਼ ਬਹਾਦਰ ਜੀ ਦੇ ਘਰ ਉੱਤੇ ਹੱਲਾ ਕਰਵਾ ਦਿੱਤਾ ਅਤੇ ਸਭ ਚੀਜ਼ਾਂ ਵਸਤਾਂ ਚੁੱਕ ਕੇ ਲੈ ਗਏ। ਇਸੇ ਹੱਲੇ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਮੋਢੇ ਉੱਤੇ ਗੋਲੀ ਦਾ ਜਖ਼ਮ ਵੀ ਹੋਇਆ ਸੀ। ਜਦੋਂ ਮੱਖਣ ਸ਼ਾਹ ਨੂੰ ਪਤਾ ਲੱਗਾ ਤਾਂ ਉਸ ਨੇ ਧੀਰਮੱਲ ਉੱਤੇ ਹਮਲਾ ਕਰ ਦਿੱਤਾ ਅਤੇ ਗੁਰੂ ਘਰ ਦੀਆਂ ਸਾਰੀਆਂ ਵਸਤਾਂ ਅਤੇ ਧੀਰਮੱਲ ਦਾ ਮਾਲ ਮੱਤਾ ਵੀ ਲੈ ਆਂਦਾ। ਗੁਰੂ ਤੇਗ਼ ਬਹਾਦਰ ਜੀ ਨੇ ਅਪਾਰ ਧੀਰਜ ਅਤੇ ਸਹਿਣਸ਼ੀਲਤਾ ਨੂੰ ਦਰਸਾਉਂਦੇ ਹੋਏ ਧੀਰਮੱਲ ਦੀਆਂ ਸਭ ਵਸਤਾਂ ਮੁੜਵਾ ਦਿੱਤੀਆਂ। ਇਥੋਂ ਤੱਕ ਕਿ ਆਦਿ ਗ੍ਰੰਥ ਸਾਹਿਬ ਦੀ ਉਹ ਇਤਿਹਾਸਿਕ ਬੀੜ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਤਿਆਰ ਕਰਵਾਈ ਸੀ ਅਤੇ ਜਿਸ ਉੱਤੇ ਗੁਰੂ ਘਰ ਦਾ ਹੀ ਪੂਰਨ ਅਧਿਕਾਰ ਸੀ, ਉਹ ਵੀ ਧੀਰਮੱਲ ਨੂੰ ਮੋੜ ਦੇਣ ਦਾ ਫੈਸਲਾ ਕਰ ਲਿਆ।

**ਗੁਰੂ ਕਾਲ ਦੀਆਂ ਪ੍ਰਮੁੱਖ ਘਟਨਾਵਾਂ (1664 ਤੋਂ 1675 ਤੱਕ)**

ਬਕਾਲੇ ਤੋਂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀਆਂ ਯਾਤਰਾਵਾਂ ਦਾ ਆਰੰਭ ਕੀਤਾ। ਸਭ ਤੋਂ ਪਹਿਲਾਂ ਆਪ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਮੇਹਰਬਾਨ ਦੇ ਪੁੱਤਰ ਹਰਜੀ ਮੀਣੇ ਨੇ ਹਰਿਮੰਦਰ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ। ਗੁਰੂ ਜੀ ਉਸ ਸਮੇਂ ਅਕਾਲ ਬੁੰਗੇ ਦੇ ਨੇੜੇ ਕੁਝ ਚਿਰ ਲਈ ਇੱਕ ਥੜੇ ਉੱਤੇ ਬਿਰਾਜਮਾਨ ਹੋ ਕੇ 'ਵੱਲਾ' ਨਾਮੀ ਪਿੰਡ ਵਿੱਚ ਪਹੁੰਚ ਗਏ, ਇੱਥੇ ਲਗਭਗ 2 ਹਫ਼ਤਿਆਂ ਦੇ ਨਿਵਾਸ ਸਮੇਂ ਮਾਈਆਂ ਨੇ ਗੁਰੂ ਜੀ ਦੀ ਬੜੀ ਸ਼ਰਧਾ ਵੱਸ ਹੋ ਕੇ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਮਾਈਆਂ ਨੂੰ ਇਨ੍ਹਾਂ ਪ੍ਰਵਚਨਾਂ ਦੁਆਰਾ ਨਿਵਾਜਿਆ :

*"ਮਾਈਆਂ ਗੁਰੂ ਰਜ਼ਾਈਆਂ ਭਗਤੀ ਲਾਈਆਂ"*

ਇਸ ਪਿਛੋਂ ਆਪ ਘੁੱਕੇਵਾਲੀ (ਜਿੱਥੇ ਹੁਣ ਗੁਰੂ ਕਾ ਬਾਗ ਗੁਰਦੁਆਰਾ ਸਥਿਤ ਹੈ) ਤੋਂ ਹੁੰਦੇ ਹੋਏ ਆਪ ਖਡੂਰ, ਗੋਇੰਦਵਾਲ, ਤਰਨਤਾਰਨ, ਖੇਮਕਰਨ ਅਤੇ ਮਾਲਵੇ ਦੇ ਅਨੇਕ ਪਿੰਡਾਂ ਵਿੱਚੋਂ ਹੁੰਦੇ ਹੋਏ 1665 ਵਿੱਚ ਕੀਰਤਪੁਰ ਪਹੁੰਚ ਗਏ। ਕੁਝ ਚਿਰ ਉੱਥੇ ਨਿਵਾਸ ਰੱਖਣ ਪਿਛੋਂ ਆਪ ਨੇ ਬਿਲਾਸਪੁਰ ਦੇ ਰਾਜੇ ਦੀਪ ਚੰਦ ਦੀ ਪਤਨੀ ਰਾਣੀ ਚੰਪਾ ਜੋ ਗੁਰੂ ਘਰ ਦੀ ਸ਼ਰਧਾਵਾਨ ਸੀ, ਤੋਂ



Sri Satguru Jagjit Singh Ji Elibrary NamdhariElibrary@gmail.com

ਮਾਖੋਵਾਲ ਦੀ ਭੂਮੀ ਦਾਨ ਵਜੋਂ ਲੈਣ ਤੋਂ ਇਨਕਾਰ ਕਰਕੇ 500 ਰੁਪਏ ਵਿੱਚ ਇਸ ਪਿੰਡ ਦੀ ਜ਼ਮੀਨ ਖਰੀਦ ਲਈ। 19 ਜੂਨ, 1665 ਨੂੰ ਇੱਥੇ 'ਚੱਕ ਨਾਨਕੀ' ਨਾਮ ਦਾ ਨਗਰ ਵਸਾਇਆ। ਇਹੋ ਨਗਰ ਹੀ ਪਿਛੋਂ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਨੰਦਪੁਰ ਦੇ ਨਾਮ ਨਾਲ ਪ੍ਰਸਿੱਧ ਹੋਇਆ। ਗੁਰੂ ਤੇਗ਼ ਬਹਾਦਰ ਜੀ ਨੇ ਪਹਿਲੇ ਗੁਰੂਆਂ ਸਮਾਨ ਮਾਲਵੇ ਤੇ ਬਾਗੜ ਦੇਸ਼ ਦੇ ਇਲਾਕੇ ਦੀ ਯਾਤਰਾ ਸ਼ੁਰੂ ਕੀਤੀ। ਆਪ ਨੇ ਕਈ ਪਿੰਡਾਂ ਵਿੱਚ ਜਾ ਕੇ ਦਰਸ਼ਨ ਦਿੱਤੇ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਨਿਵਾਰਨ ਕੀਤਾ। ਸੈਫ਼ਾਬਾਦ ਵਿੱਚ ਸੈਫ ਖ਼ਾਂ ਦੇ ਨਿਵਾਸ ਵਿਖੇ ਹੀ ਕੁਝ ਚਿਰ ਟਿਕਾਣਾ ਕੀਤਾ। ਸਿੱਖ ਗੁਰੂ ਸਾਹਿਬਾਨ ਨੇ ਸਦਾ ਤੋਂ ਹੀ ਆਪਣੇ ਦਰ, ਉਦਾਰ ਵਿਚਾਰਾਂ ਵਾਲੇ ਲੋਕਾਂ ਲਈ ਭਾਵੇਂ ਉਹ ਕਿਸੇ ਵੀ ਫਿਰਕੇ ਜਾਂ ਮਜ਼੍ਹਬ ਵਿੱਚੋਂ ਹੋਣ ਲਈ ਖੁੱਲ੍ਹੇ ਰੱਖੇ ਹਨ। ਭਾਰਤ ਦੇ ਸਮੁੱਚੇ ਇਤਿਹਾਸ ਵਿੱਚ ਉਦਾਰਚਿੱਤ ਅਤੇ ਕੱਟੜ ਧਾਰਮਿਕ ਪਰੰਪਰਾਵਾਂ ਸਮਾਨਾਂਤਰ ਹੀ ਚੱਲਦੀਆਂ ਰਹੀਆਂ ਹਨ। ਸੈਫ਼ਾਬਾਦ ਤੋਂ ਆਪ ਧਮਧਾਨ ਪੁੱਜੇ, ਜਿੱਥੇ ਆਲਮ ਖ਼ਾਂ ਰੁਹੇਲਾ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਜੀ ਨੂੰ ਬੰਦੀ ਬਣਾ ਕੇ 8 ਨਵੰਬਰ, 1665 ਨੂੰ ਦਿੱਲੀ ਲੈ ਗਿਆ। ਇਸ ਵਿੱਚ ਰਾਮ ਰਾਏ ਦਾ ਹੱਥ ਵੀ ਸੀ, ਜੋ ਹੁਣ ਤੱਕ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ। ਪਰ ਆਮੇਰ ਦੇ ਰਾਜਾ ਰਾਮ ਸਿੰਘ ਦੇ ਵਿੱਚ ਪੈਣ ਉੱਤੇ ਬਾਦਸ਼ਾਹ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਕੋਈ ਸਜ਼ਾ ਨਾ ਦਿੱਤੀ। ਗੁਰੂ ਜੀ ਹੁਣ ਪਰਿਵਾਰ ਸਮੇਤ ਪੂਰਬ ਦੀ ਯਾਤਰਾ ਨੂੰ ਚੱਲ ਪਏ, ਜਿਸ ਦਾ ਵਰਣਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸ੍ਵੈ-ਜੀਵਨੀ ਮੂਲਕ ਰਚਨਾ 'ਬਚਿੱਤਰ ਨਾਟਕ' ਵਿੱਚ ਵੀ ਕੀਤਾ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਪੂਰਬ ਵੱਲ ਲੰਮੀਆਂ ਯਾਤਰਾਵਾਂ ਕੀਤੀਆਂ ਸਨ। ਮਥਰਾ, ਬ੍ਰਿੰਦਾਬਨ, ਆਗਰਾ, ਕਾਨਪੁਰ ਅਤੇ ਪ੍ਰਯਾਗ, ਮਿਰਜ਼ਾਪੁਰ, ਬਨਾਰਸ, ਸਸਰਾਮ, ਪਟਨਾ ਮੁੰਘੇਰ ਹੁੰਦੇ ਹੋਏ ਆਪ ਢਾਕੇ ਤੱਕ ਪਹੁੰਚ ਗਏ। ਢਾਕੇ ਦੇ ਮਸੰਦ ਭਾਈ ਬਲਾਕੀ ਅਤੇ ਸਿੱਖ ਸੰਗਤ ਨੂੰ ਦਰਸ਼ਨ ਦਿੱਤੇ। ਇੱਥੇ ਹੀ ਆਪ ਜੀ ਨੂੰ ਆਪਣੇ ਘਰ ਪਟਨੇ ਵਿਖੇ ਜਨਮੇ ਸੁਪੁੱਤਰ "ਗੋਬਿੰਦ ਦਾਸ" ਦੀ ਖ਼ਬਰ ਮਿਲੀ।

ਇਸ ਲੰਮੀ ਯਾਤਰਾ ਸਮੇਂ ਆਪ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਨੂੰ ਪਟਨਾ ਵਿਖੇ ਹੀ ਨਿਵਾਸ ਰੱਖਣ ਲਈ ਆਦੇਸ਼ ਕਰ ਗਏ ਸਨ। ਰਾਜਾ ਰਾਮ ਸਿੰਘ ਦੇ ਆਸਾਮ ਵਿੱਚ ਸਥਾਨਿਕ ਬਗਾਵਤ ਨੂੰ ਦਬਾਉਣ ਲਈ ਆਪ ਉਸ ਦੀ ਬੇਨਤੀ ਕਰਨ ਉੱਤੇ ਆਸਾਮ ਪੁੱਜ ਗਏ, ਜਿੱਥੇ ਆਪ ਜੀ ਨੇ ਆਪਣੀ ਦੂਰਦਰਸ਼ਤਾ ਨਾਲ ਆਸਾਮ ਦੇ ਬਾਗ਼ੀ ਹਾਕਮ ਚੱਕਰਧਵੱਜ ਨਾਲ ਸੁਲ੍ਹਾ ਕਰਵਾ ਦਿੱਤੀ। ਧੁਬਰੀ ਸਥਾਨ ਉੱਤੇ ਗੁਰੂ ਨਾਨਕ ਦੀ ਯਾਦ ਵਿੱਚ ਉੱਚੇ ਥੜ੍ਹੇ ਦੀ ਉਸਾਰੀ ਕਰਵਾਈ ਅਤੇ ਵਾਪਸ ਪੰਜਾਬ ਨੂੰ ਪਰਤ ਆਏ। ਭਾਈ ਮਤੀਦਾਸ



Sri Satguru Jagjit Singh Ji Elibrary NamdhariElibrary@gmail.com

ਅਤੇ ਕਿਰਪਾਲ ਚੰਦ ਕਈ ਸਥਾਨਾਂ ਤੋਂ ਹੁੰਦੇ ਹੋਏ ਗੁਰੂ ਪਰਿਵਾਰ ਨੂੰ ਲਖਨੌਰ ਲੈ ਆਏ ਸਨ। ਗੁਰੂ ਤੇਗ਼ ਬਹਾਦਰ ਜੀ 1672 ਈ: ਵਿੱਚ ਚੱਕ ਨਾਨਕੀ ਪਹੁੰਚੇ ਅਤੇ ਆਪਣੇ ਪਰਿਵਾਰ ਨੂੰ ਜਾ ਮਿਲੇ, ਜੋ ਪਹਿਲਾਂ ਹੀ ਉੱਥੇ ਪਹੁੰਚ ਚੁੱਕਾ ਸੀ। ਇੱਥੇ ਗੋਬਿੰਦ ਦਾਸ ਦੀ ਸਿੱਖਿਆ-ਦੀਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਗੁਰੂ ਜੀ ਦੇ ਹਿਰਦੇ ਵਿੱਚ ਆਪਣੇ ਸਿੱਖਾਂ ਅਤੇ ਆਮ ਜਨਤਾ ਲਈ ਅਥਾਹ ਪ੍ਰੇਮ ਸੀ। ਆਪ ਹਰ ਹਾਲਤ ਵਿੱਚ ਜਨਤਾ ਦੇ ਦੁੱਖਾਂ-ਸੁੱਖਾਂ ਵਿੱਚ ਭਾਈਵਾਲ ਸਨ। ਚੱਕ ਨਾਨਕੀ ਪਹੁੰਚ ਕੇ ਇੱਕ ਵਾਰ ਫਿਰ ਮਾਲਵੇ ਅਤੇ ਬਾਗੜ ਪ੍ਰਦੇਸ਼ ਦਾ ਦੌਰਾ ਕੀਤਾ। ਸਰਕਾਰੀ ਅਹਿਲਕਾਰ ਇਸ ਨੂੰ ਸ਼ਾਹੀ ਹੁਕਮਾਂ ਦੀ ਉਲੰਘਣਾ ਖਿਆਲ ਕਰਦੇ ਸਨ। ਉਨ੍ਹਾਂ ਨੂੰ ਇਹ ਪ੍ਰਵਾਨ ਨਹੀਂ ਸੀ ਕਿ ਗੁਰੂ ਤੇਗ਼ ਬਹਾਦਰ ਆਮ ਜਨਤਾ ਦਾ ਹਰਮਨ ਪਿਆਰਾ ਪੱਥ ਪ੍ਰਦਰਸ਼ਕ ਬਣ ਜਾਵੇ ਅਤੇ ਆਮ ਜਨਤਾ ਨੂੰ ਆਤਮਿਕ ਸ਼ਕਤੀ ਪ੍ਰਦਾਨ ਕਰਕੇ ਸ਼ਾਹੀ ਜੁਲਮ ਦਾ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਕਰ ਦੇਵੇ।

ਔਰੰਗਜ਼ੇਬ ਨੇ ਆਪਣੇ ਰਾਜ ਦੇ ਪਹਿਲੇ ਕੁਝ ਸਾਲ ਤਾਂ ਬਹੁਤੇ ਸਖ਼ਤ ਕਦਮ ਨਾ ਚੁੱਕੇ, ਪਰੰਤੂ ਫਿਰ ਧਾਰਮਿਕ ਕੱਟੜਪ੍ਰਸਤੀ ਅਤੇ ਫ਼ੁਅੱਸਬ ਅਧੀਨ ਕਈ ਤਰ੍ਹਾਂ ਦੇ ਕਠੋਰ ਸ਼ਾਹੀ ਫ਼ੁਰਮਾਨ ਜਾਰੀ ਕੀਤੇ। ਹਿੰਦੂਆਂ ਉੱਤੇ ਵਧੇਰੇ ਟੈਕਸ ਲਗਾਏ ਗਏ। ਉਨ੍ਹਾਂ ਦੇ ਤਿਉਹਾਰਾਂ ਅਤੇ ਧਾਰਮਿਕ ਪੂਜਾ ਅਰਚਨਾ ਉੱਤੇ ਪਾਬੰਦੀਆਂ ਲਗਾਈਆਂ ਗਈਆਂ। ਇਥੋਂ ਤੱਕ ਕਿ ਫੌਜ ਅਤੇ ਆਮ ਜਨਤਿਕ ਅਹੁੱਦਿਆਂ ਉੱਤੇ ਕੇਵਲ ਮੁਸਲਮਾਨਾਂ ਨੂੰ ਹੀ ਰੱਖਣ ਦਾ ਅਧਿਕਾਰ ਦਿੱਤਾ ਗਿਆ। ਰਾਜਪੂਤਾਂ ਤੋਂ ਬਿਨਾਂ ਕਿਸੇ ਨੂੰ ਘੋੜੇ ਤੇ ਹਾਥੀ ਦੀ ਸਵਾਰੀ ਕਰਨ ਦੀ ਮਨਾਹੀ ਕਰ ਦਿੱਤੀ। ਕਈ ਮੰਦਿਰ ਢਾਹ ਕੇ ਉਨ੍ਹਾਂ ਨੂੰ ਮਸੀਤਾਂ ਵਿੱਚ ਬਦਲ ਦਿੱਤਾ ਗਿਆ। ਸਾਰੇ ਦੇਸ਼ ਵਿੱਚ ਉਹ ਦਾਰੁਲ ਇਸਲਾਮ ਅਰਥਾਤ ਇਕੋ ਧਰਮ ਇਸਲਾਮ ਦਾ ਹੀ ਪਾਸਾਰ ਕਰਨਾ ਚਾਹੁੰਦਾ ਸੀ। ਇਸੇ ਨੀਤੀ ਨੂੰ ਉਸਨੇ ਸਭ ਤੋਂ ਪਹਿਲਾਂ ਕਸ਼ਮੀਰ ਵਿੱਚ ਲਾਗੂ ਕੀਤਾ। ਜਿਥੋਂ ਦੇ ਸੂਬੇਦਾਰ ਇਫ਼ਤਖਾਰ ਖਾਨ (ਸ਼ੇਰ ਅਫਗਾਨ) ਨੇ ਜਬਰਦਸਤੀ ਧਰਮ ਬਦਲੀ ਦੀ ਨੀਤੀ ਉੱਤੇ ਅਮਲ ਕਰਨਾ ਸ਼ੁਰੂ ਕੀਤਾ। ਇਸ ਧਾਰਮਿਕ ਜ਼ਬਰ ਜ਼ੁਲਮ ਤੋਂ ਛੁਟਕਾਰਾ ਪਾਉਣ ਲਈ ਕਸ਼ਮੀਰ ਦੇ ਹਿੰਦੂਆਂ ਦਾ ਇੱਕ ਜੱਥਾ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ। ਗੁਰੂ ਤੇਗ਼ ਬਹਾਦਰ ਜੀ ਇਨ੍ਹਾਂ ਦੀਨ-ਦੁਖੀਆਂ ਦੀ ਪੁਕਾਰ ਸੁਣ ਕੇ ਜਦੋਂ ਆਪ ਡੂੰਘੀ ਸੋਚ ਵਿੱਚ ਮਗਨ ਸਨ ਤਾਂ 9 ਸਾਲ ਦੇ ਗੋਬਿੰਦ ਰਾਇ ਜੀ ਨੇ ਪਿਤਾ ਤੋਂ ਇਸ ਗੰਭੀਰਤਾ ਦਾ ਕਾਰਨ ਪੁੱਛਿਆ ਤਾਂ ਗੁਰੂ ਤੇਗ਼ ਬਹਾਦਰ ਜੀ ਨੇ ਇਸ ਜੁਲਮ ਜਬਰ ਦੇ ਨਿਵਾਰਨ ਲਈ ਕਿਸੇ ਮਹਾਂਪੁਰਸ਼ ਦੇ ਬਲੀਦਾਨ ਦੇਣ ਬਾਰੇ ਕਿਹਾ। ਭਾਵੇਂ ਗੁਰੂ ਜੀ ਪਹਿਲਾਂ ਹੀ ਆਪਣੇ



Sri Satguru Jagjit Singh Ji Elibrary NamdhariElibrary@gmail.com

ਆਪ ਨੂੰ ਧਰਮ ਕਰਮ ਦੀ ਰੱਖਿਆ ਲਈ ਤਿਆਰ ਕਰ ਚੁੱਕੇ ਸਨ ਅਤੇ ਉਨ੍ਹਾਂ ਵਿੱਚ ਅਥਾਹ ਆਤਮਿਕ ਬਲ ਸੀ। ਫਿਰ ਵੀ ਗੋਬਿੰਦ ਰਾਇ ਜੀ ਦੇ ਇਹ ਬੋਲ ਸੁਣ ਕੇ ਕਿ 'ਇਸ ਸਮੇਂ ਆਪ ਤੋਂ ਵੱਡਾ ਹੋਰ ਕਿਹੜਾ ਮਹਾਂਪੁਰਸ਼ ਹੋ ਸਕਦਾ ਹੈ।' ਗੁਰੂ ਜੀ ਅਤਿ ਪ੍ਰਸੰਨ ਹੋਏ। ਇਹ ਬੋਲ ਗੁਰੂ ਜੀ ਨੂੰ ਭਵਿੱਖ ਬਾਰੇ ਨਿਸ਼ਚਿੰਤ ਕਰਨ ਲਈ ਕਾਫ਼ੀ ਸਨ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੇ ਜੱਥੇ ਨੂੰ ਇਹ ਕਹਿ ਦਿੱਤਾ ਕਿ 'ਬਾਦਸ਼ਾਹ ਨੂੰ ਕਹਿ ਦਿਓ ਜੇਕਰ ਗੁਰੂ ਤੇਗ਼ ਬਹਾਦਰ ਇਸਲਾਮ ਧਰਮ ਕਬੂਲ ਕਰ ਲੈਣਗੇ ਤਾਂ ਅਸੀਂ ਵੀ ਉਨ੍ਹਾਂ ਦੇ ਪਿਛੇ ਹਾਂ।' ਸ਼ਾਹੀ ਦਰਬਾਰ ਵਿੱਚ ਇਹ ਖ਼ਬਰ ਪੁੱਜੀ ਤਾਂ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਦਰਬਾਰ ਵਿੱਚ ਹਾਜ਼ਰ ਹੋਣ ਲਈ ਹੁਕਮ ਜਾਰੀ ਕਰ ਦਿੱਤੇ ਗਏ। ਬਹੁਤ ਸਾਰੇ ਸਮਕਾਲੀ ਸਿੱਖ ਸਾਖੀਕਾਰਾਂ ਨੇ ਗੁਰੂ ਜੀ ਦੇ ਸ੍ਵੈ-ਇੱਛਾ ਅਨੁਸਾਰ ਵੱਖ-ਵੱਖ ਥਾਵਾਂ ਤੋਂ ਹੁੰਦੇ ਹੋਏ ਆਗਰੇ ਜਾ ਕੇ ਗ੍ਰਿਫਤਾਰ ਹੋਣ ਬਾਰੇ ਲਿਖਿਆ ਹੈ। ਪਰ ਨਵੀਨ ਖੋਜ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਆਪਣੇ ਕੁਝ ਨਿਕਟਵਰਤੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਅਤੇ ਗੁਰਦਿੱਤਾ ਜੀ ਨੂੰ ਨਾਲ ਲੈ ਕੇ ਆਨੰਦਪੁਰ ਤੋਂ ਦਿੱਲੀ ਲਈ ਤੁਰੇ ਸਨ। 8 ਜੁਲਾਈ ਨੂੰ ਆਪ ਨੇ ਗੋਬਿੰਦ ਰਾਇ ਜੀ ਨੂੰ ਆਪਣਾ ਉੱਤਰਾਧਿਕਾਰੀ ਵੀ ਥਾਪ ਦਿੱਤਾ ਸੀ। 12 ਜੁਲਾਈ ਨੂੰ ਰੋਪੜ ਚੌਕੀ ਦੇ ਨੂਰ ਮੁਹੰਮਦ ਖਾਨ ਨੇ ਗੁਰੂ ਜੀ ਨੂੰ ਉਨ੍ਹਾਂ ਦੇ ਸਿੱਖਾਂ ਸਮੇਤ ਮਲਿਕਪੁਰ ਰੰਘੜਾਂ ਤੋਂ ਗ੍ਰਿਫਤਾਰ ਕਰ ਲਿਆ ਅਤੇ ਸਰਹੰਦ ਘੱਲ ਦਿੱਤਾ। ਸਰਹੰਦ ਦੇ ਫ਼ੌਜਦਾਰ ਦਿਲਾਵਰ ਖ਼ਾਨ ਦੇ ਹੁਕਮ ਨਾਲ ਆਪ ਜੀ ਨੂੰ ਬੱਸੀ ਪਠਾਣਾ ਵਿੱਚ ਬੰਦ ਰੱਖਿਆ ਗਿਆ। 3 ਮਹੀਨੇ ਪਿਛੋਂ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ, ਜਿੱਥੇ ਉਹ 4 ਨਵੰਬਰ, 1675 ਨੂੰ ਪਹੁੰਚੇ। ਭਾਵੇਂ ਉਸ ਸਮੇਂ ਔਰੰਗਜ਼ੇਬ ਦਿੱਲੀ ਵਿੱਚ ਨਹੀਂ ਸੀ ਅਤੇ 7 ਅਪ੍ਰੈਲ, 1674 ਤੋਂ 27 ਮਾਰਚ, 1676 ਤੱਕ ਉਹ ਹਸਨ ਅਬਦਾਲ ਰਿਹਾ ਸੀ। ਫਿਰ ਵੀ ਉਸ ਦੇ ਹੁਕਮ ਅਨੁਸਾਰ ਹੀ ਗੁਰੂ ਜੀ ਨੂੰ 'ਕਲਮਾਂ' ਜਾਂ 'ਕਤਲ' ਦਾ ਹੁਕਮ ਸੁਣਾਇਆ ਗਿਆ।

ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲਾਂ ਉਨ੍ਹਾਂ ਦੇ ਪਿਆਰੇ ਸਿੱਖਾਂ ਭਾਈ ਮਤੀਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਗਿਆ। ਭਾਈ ਦਿਆਲੇ ਨੂੰ ਉਬਲਦੇ ਪਾਣੀ ਵਿੱਚ ਉਬਾਲਿਆ ਗਿਆ, ਪਰ ਗੁਰੂ ਜੀ ਇਸ ਸਾਰੇ ਜੁਲਮ ਨੂੰ ਅਡੋਲ ਅਤੇ ਸ਼ਾਂਤ ਅਵਸਥਾ ਵਿੱਚ ਵੇਖਦੇ ਰਹੇ। ਉਨ੍ਹਾਂ ਨੇ ਆਪਣੇ ਆਪ ਨੂੰ ਇਸ ਅਲੌਕਿਕ ਸ਼ਹੀਦੀ ਸਾਕੇ ਲਈ ਤਿਆਰ ਕੀਤਾ ਹੋਇਆ ਸੀ। ਗੁਰੂ ਦੇ ਸਿੱਖਾਂ ਦੀ ਅਦੁੱਤੀ ਬੀਰਤਾ ਅਤੇ ਸਿਦਕ ਨੂੰ ਵੇਖ ਕੇ ਨਿਰਦਈ ਪਹਿਰੇਦਾਰਾਂ ਦੇ ਵੀ ਦਿਲ ਪਸੀਜ ਗਏ ਸਨ। ਗੁਰੂ ਜੀ ਨੂੰ ਕੋਈ ਕਰਾਮਾਤ ਵਿਖਾਉਣ ਲਈ ਕਿਹਾ ਗਿਆ, ਪਰ ਆਪ



Sri Satguru Jagjit Singh Ji Elibrary NamdhariElibrary@gmail.com

ਕਰਾਮਾਤ ਨੂੰ 'ਨਾਟਕ ਚੇਟਕ' ਤੇ ਰੱਬੀ ਹੁਕਮ ਵਿਰੁੱਧ ਅਵੱਗਿਆ ਸਮਝਦੇ ਸਨ। 11 ਨਵੰਬਰ, 1675 ਨੂੰ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ ਸਮਾਣੇ ਦੇ ਜਲਾਦ ਸੱਯਦ ਜਲਾਲ ਦੀਨ ਨੇ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਅਤੇ ਉਨ੍ਹਾਂ ਦਾ ਸੀਸ ਧੜ ਨਾਲੋਂ ਵੱਖ ਕਰ ਦਿੱਤਾ ਗਿਆ। ਦਰਸ਼ਕਾਂ ਵਿੱਚ ਇਹ ਕਹਿਰ ਦਾ ਸਾਕਾ ਵੇਖ ਕੇ ਹਾਹਾਕਾਰ ਮੱਚ ਗਈ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ 'ਸੁਰ ਲੋਕ' ਵਿੱਚ ਜੈ ਜੈ ਕਾਰ ਦੀ ਸਵਾਗਤੀ ਧੁਨੀ ਅਰਸ਼ੀ ਮੰਡਲਾਂ ਵਿੱਚ ਗੂੰਜਦੀ ਸੁਣਾਈ ਦਿੱਤੀ। ਇਹ ਵੱਡਾ ਸ਼ਹੀਦੀ ਕਾਰਨਾਮਾ ਸੀ, ਜਿਸ ਦੇ ਫਲਸਰੂਪ ਜਬਰੀ ਧਰਮ ਬਦਲੀ ਦੀ ਇਸਲਾਮ ਕਬੂਲ ਕਰਵਾਉਣ ਵਾਲੀ ਨੀਤੀ ਨੂੰ ਠੱਲ੍ਹ ਪੈ ਗਈ। ਉਸ ਦਿਨ ਇਸ ਸ਼ਹੀਦੀ ਸਾਕੇ ਪਿਛੋਂ ਦਿੱਲੀ ਵਿੱਚ ਅਜਿਹਾ ਝੱਖੜ ਝੁੱਲਿਆ ਕਿ ਭਾਈ ਜੈਤਾ ਗੁਰੂ ਜੀ ਦਾ ਸੀਸ ਉਠਾਉਣ ਅਤੇ ਆਨੰਦਪੁਰ ਵਿਖੇ ਪਹੁੰਚਾਣ ਵਿੱਚ ਸਫ਼ਲ ਹੋ ਗਿਆ। ਭਾਈ ਲੱਖੀ ਸ਼ਾਹ ਹੋਰ ਸਿੱਖਾਂ ਦੀ ਸਹਾਇਤਾ ਨਾਲ ਗੁਰੂ ਜੀ ਦੇ ਧੜ ਨੂੰ ਗੱਡੇ ਵਿੱਚ ਪਾ ਕੇ ਚੁੱਕ ਕੇ ਲੈ ਗਿਆ ਅਤੇ ਆਪਣੇ ਘਰ ਨੂੰ ਅਗਨ ਭੇਟ ਕਰਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕਰ ਦਿੱਤਾ। ਇਸ ਸਥਾਨ ਉੱਤੇ ਹੁਣ ਗੁਰਦੁਆਰਾ ਰਕਾਬਗੰਜ ਸਥਿਤ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਸਥਾਨ ਚਾਂਦਨੀ ਚੌਕ ਵਿਖੇ ਗੁਰਦੁਆਰਾ ਸੀਸ ਗੰਜ ਹੁਣ ਵੀ ਇਸ ਮਹਾਨ ਬਲੀਦਾਨ ਦੀ ਯਾਦ ਨੂੰ ਸਾਂਭੀ ਬੈਠਾ ਹੈ। ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਨੂੰ ਆਨੰਦਪੁਰ ਪਹੁੰਚਾ ਦਿੱਤਾ, ਜਿੱਥੇ ਦਸਮੇਸ਼ ਜੀ ਨੇ ਆਪਣੇ ਕਰ-ਕਮਲਾਂ ਨਾਲ ਸੀਸ ਦਾ ਸੰਸਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾ ਕੇ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਦੇ ਇਸ ਮਹਾਨ ਬਲੀਦਾਨ ਨੂੰ ਆਪਣੀ ਸੁਪ੍ਰਸਿੱਧ ਰਚਨਾ 'ਬਚਿੱਤਰ ਨਾਟਕ' ਵਿੱਚ ਇਨ੍ਹਾਂ ਸ਼ਬਦਾਂ ਦੁਆਰਾ ਯਾਦ ਕੀਤਾ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧੁਨ ਹੇਤ ਇਤੀ ਜਿਨ ਕਰੀ॥ ਸੀਸ ਦੀਆ ਪਰ ਸੀ ਨਾ ਉਚਰੀ॥
ਧਰਮ ਹੇਤ ਸਾਕਾ ਜਿਨ ਕੀਆ॥ ਸੀਸ ਦੀਆ ਪਰ ਸਿਰੜ ਨਾ ਦੀਆ॥
ਨਾਟਕ ਚੇਟਕ ਕਿਯੋ ਕੁਕਾਜਾ॥ ਪ੍ਰਭ ਲੋਗਨ ਕੋ ਆਵਤ ਲਾਜਾ॥
ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਓ ਪਯਾਨ॥
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ॥
ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਮੋ ਸੋਗ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥



Sri Satguru Jagjit Singh Ji Elibrary NamdhariElibrary@gmail.com

(ਬਚਿੱਤਰ ਨਾਟਕ ਵਿੱਚ)

ਗੁਰੂ ਤੇਗ਼ ਬਹਾਦਰ ਬਾਰੇ ਆਪ ਦਾ ਇੱਕ ਸਮਕਾਲੀ ਕਵੀ ਆਪ ਜੀ ਦੇ ਪਾਵਨ ਵਿਅਕਤਿੱਤਵ ਅਤੇ ਜਿਨ੍ਹਾਂ ਆਦਰਸ਼ਾਂ ਦੀ ਖਾਤਰ ਆਪ ਜੀ ਨੇ ਮਹਾਨ ਬਲੀਦਾਨ ਦਿੱਤਾ, ਹੇਠ ਲਿਖੇ ਸ਼ਬਦਾਂ ਰਾਹੀਂ ਯਾਦ ਕਰਦਾ ਹੈ :

ਚਿਤਿ ਚਰਨੁ ਕਮਲ ਕਾ ਆਸਰਾ, ਚਿਤਿ ਚਰਨ ਕਮਲ ਸੰਗ ਜੋੜੀਐ॥
ਮਨ ਲੋਚੈ ਬੁਰਿਆਈਆਂ, ਗੁਰ ਸ਼ਬਦੀ ਇਹ ਮਨ ਹੋੜੀਐ॥
ਬਾਹਿ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਹਿ ਨ ਛੋਡੀਐ॥
ਗੁਰੂ ਤੇਗ਼ ਬਹਾਦਰ ਬੋਲਿਆ, ਧਰ ਪਈਐ, ਧਰਮ ਨਾ ਛੋਡੀਐ॥

ਗੁਰੂ ਤੇਗ਼ ਬਹਾਦਰ ਅਤੇ ਉਨ੍ਹਾਂ ਦੇ ਹਜ਼ੂਰੀ ਸਿੱਖਾਂ ਨੇ ਜਿਸ ਪ੍ਰਕਾਰ ਸਹਿਜ ਅਵਸਥਾ ਵਿੱਚ ਅਡੋਲ ਰਹਿ ਕੇ ਬੇਮਿਸਾਲ ਕੁਰਬਾਨੀਆਂ ਦੀ ਪਰੰਪਰਾ ਸਥਾਪਿਤ ਕੀਤੀ, ਉਸਨੇ ਸਾਰੇ ਪਿਛਲੇ ਸਿੱਖ ਇਤਿਹਾਸ ਵਿੱਚ ਸ਼ਹੀਦੀਆਂ ਦੀ ਇਸੇ ਉੱਚੀ ਰਵਾਇਤ ਨੂੰ ਕਾਇਮ ਰੱਖਿਆ। ਨਾ ਕਿਸੇ ਨੇ ਸਰਕਾਰ ਕੋਲੋਂ ਮਾਫ਼ੀ ਮੰਗੀ, ਨਾ ਕਿਸੇ ਨੇ ਧਰਮ ਬਦਲੀ ਅਤੇ ਨਾ ਹੀ ਕਿਸੇ ਨੇ ਹੋਰ ਈਨ ਨੂੰ ਪ੍ਰਵਾਨ ਕੀਤਾ। ਗੁਰੂ ਤੇਗ਼ ਬਹਾਦਰ ਜੀ ਨੇ ਸਿੱਖ ਜਗਤ ਨੂੰ ਅਜਿਹੀ ਆਤਮਿਕ ਸ਼ਕਤੀ ਪ੍ਰਦਾਨ ਕੀਤੀ, ਜੋ ਹਰ ਤਰ੍ਹਾਂ ਦੇ ਜ਼ੁਲਮਾਂ ਅਤੇ ਬੰਧਨਾਂ ਤੋਂ ਮੁਕਤੀ ਦਿਵਾ ਸਕਦੀ ਸੀ।

ਬਲੁ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕੁ ਸਭੁ ਕਿਛੁ ਤੁਮਰੈ ਹਾਥ ਮਹਿ ਤੁਮ ਹੀ ਹੋਤ ਸਹਾਇ॥

(ਅੰਗ 1429 ਆਦਿ ਗ੍ਰੰਥ ਸਾਹਿਬ ਵਿੱਚੋਂ)

ਆਪ ਨੇ ਗੁਰੂ ਨਾਨਕ ਦੇਵ ਜੀ ਦੇ ਮੂਲ-ਮੰਤਰ ਦੇ ਪਦਾਂ 'ਨਿਰਭਉ' ਅਤੇ 'ਨਿਰਵੈਰ' ਨੂੰ ਆਪਣੇ ਇੱਕ ਸਲੋਕ ਵਿੱਚ ਇਸ ਤਰ੍ਹਾਂ ਦੇ ਸੰਤੁਲਿਤ ਸੂਤਰ ਵਿੱਚ ਪ੍ਰੋ ਦਿੱਤਾ ਕਿ ਉਨ੍ਹਾਂ ਦੇ ਤੇ ਆਪ ਦੇ ਇਹ ਸ਼ਬਦ ਸਭ ਸਮਿਆਂ ਲਈ ਆਦਰਸ਼ ਸਮਾਜ ਤੇ ਆਦਰਸ਼ ਵਿਅਕਤਿੱਤਵ ਦੇ ਨਿਰਮਾਣ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਰਹਿਣਗੇ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਆਦਿ ਗ੍ਰੰਥ ਪੰਨਾ 1427)

ਪਹਿਲੇ ਪੰਜ ਗੁਰੂ ਸਾਹਿਬਾਨ ਪਿਛੋਂ ਆਪ ਜੀ ਦੀ ਬਾਣੀ ਹੀ ਆਦਿ ਗ੍ਰੰਥ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਜ ਕੀਤੀ ਗਈ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਵਿਸ਼ੇ-ਵਸਤੂ, ਰੂਪ ਸਰੂਪ, ਸਿਧਾਂਤਕ



Sri Satguru Jagjit Singh Ji Elibrary NamdhariElibrary@gmail.com

ਪਕਿਆਈ ਅਤੇ ਸੰਗੀਤਕ ਮਧੁਰਤਾ ਦੇ ਕਾਰਨ ਆਪਣੀ ਹੀ ਨਿਵੇਕਲੀ ਪਛਾਣ ਅਤੇ ਮਹਾਨਤਾ ਹੈ। ਇਸ ਵਿੱਚ ਵੈਰਾਗ ਵੀ ਹੈ ਅਤੇ ਅਨੁਰਾਗ ਵੀ। ਕਰੁਣਾ ਅਤੇ ਡੂੰਘਾ ਮਾਨਵੀ ਦਰਦ ਵੀ। ਇਹ ਬਾਣੀ ਆਤਮਿਕ ਸ਼ਾਂਤੀ ਅਤੇ ਅਡੋਲ ਸਹਿਜ ਅਵਸਥਾ ਦੀ ਦੇਣ ਹੈ, ਜੋ ਗੁਰੂ ਤੇਗ਼ ਬਹਾਦਰ ਜੀ ਦੀ ਪਾਵਨ ਸਖਸ਼ੀਅਤ ਦਾ ਬਲਵਾਨ ਅੰਗ ਸੀ। ਇਸ ਦਾ ਵੈਰਾਗ ਉਸ ਆਤਮਿਕ ਬਲੀਦਾਨ ਲਈ ਤਿਆਰ ਕਰਨ ਵਾਲਾ ਹੈ, ਜਿਸ ਦੀਆਂ ਅਨੇਕ ਮਿਸਾਲਾਂ ਸਿੱਖ ਇਤਿਹਾਸ ਵਿੱਚ ਵੱਡੀ ਮਾਤਰਾ ਵਿੱਚ ਮੌਜੂਦ ਹਨ। ਇਹ ਬਾਣੀ ਗਿਆਨ, ਨਾਮ ਅਤੇ ਧਿਆਨ ਦਾ ਅਖੁੱਟ ਭੰਡਾਰ ਹੈ। 59 ਸ਼ਬਦ (ਪੱਦੇ) ਜੋ 15 ਰਾਗਾਂ ਵਿੱਚ ਅੰਕਿਤ ਹਨ, 57 ਸਲੋਕ ਬਾਣੀ ਦੇ ਮੁਕਤਕ ਕਾਵਿ ਦੀ ਅਮੋਲਕ ਨਿਧਿ ਹਨ। ਇਸ ਬਾਣੀ ਵਿੱਚ ਅਧਿਆਤਮਿਕ ਗਿਆਨ ਅਤੇ ਸੰਗੀਤਕ ਮਧੁਰਤਾ ਪੂਰੀ ਤਰ੍ਹਾਂ ਇਕਸੁਰ ਹਨ। ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਬਾਣੀ ਵਿੱਚ ਸਰਲ ਹਿੰਦੀ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਇਸ ਦਾ ਮਧੁਰ ਸੰਗੀਤ ਹਿਰਦੇ ਵਿੱਚ ਡੂੰਘਾ ਉੱਤਰ ਜਾਣ ਵਾਲਾ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਜਿੱਥੇ ਨਾਮ ਦੀ ਮਹਿਮਾ ਨੂੰ ਵਿਸ਼ੇਸ਼ਤਾ ਪ੍ਰਦਾਨ ਕੀਤੀ ਹੈ। ਉੱਥੇ ਸਾਧ ਕਿਰਦਾਰ ਅਤੇ ਗੁਰ-ਮੰਤਰ ਦੀ ਮਹਿਮਾ ਦਾ ਬਖਾਨ ਵੀ ਕੀਤਾ ਹੈ।



Sri Satguru Jagjit Singh Ji Elibrary NamdhariElibrary@gmail.com

# 6

# ਸ੍ਰੀ ਗੁਰੂ ਗੋਬਿੰਦ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦਾ ਜੀਵਨ ਕਾਲ ਬਹੁਤ ਸਾਰੇ ਇਤਿਹਾਸਕਾਰਾਂ ਅਨੁਸਾਰ 1666 ਤੋਂ 1708 ਦਾ ਦੱਸਿਆ ਜਾਂਦਾ ਹੈ, ਅਲੌਕਿਕ ਸਖਸ਼ੀਅਤ ਦੇ ਸੁਆਮੀ ਸਨ। ਸੱਚ ਤਾਂ ਇਹ ਹੈ ਕਿ ਆਪ ਜੀ ਦੇ ਇਕੋ ਵਿਅਕਤੀਤੱਵ ਵਿੱਚ ਅਨੇਕ ਸਖਸ਼ੀਅਤਾਂ ਦੇ ਗੁਣ ਸੰਮਿਲਤ ਸਨ। ਆਪ ਜੀ ਨੇ ਆਪਣੇ ਗੁਰੂ ਕਾਲ ਵਿੱਚ ਜਿਸ ਸੁਯੋਗਤਾ ਅਨੁਸਾਰ ਗੁਰੂ ਦੇ ਕਰਤੱਵ ਨੂੰ ਨਿਭਾਇਆ ਅਤੇ ਜਿਨ੍ਹਾਂ ਬਿਖਮ ਹਾਲਤਾਂ ਦਾ ਆਪ ਜੀ ਨੂੰ ਆਪਣੇ ਸਮੇਂ ਸਾਹਮਣਾ ਕਰਨਾ ਪਿਆ, ਇਹ ਉਨ੍ਹਾਂ ਦੀ ਨਿੱਜੀ ਗੁਣਾਂ ਦੀ ਹੀ ਵਡਿਆਈ ਸੀ ਕਿ ਆਪ ਨੇ ਗੁਰੂ ਤੇਗ਼ ਬਹਾਦਰ ਜੀ ਦੇ ਅਦੁੱਤੀ ਬਲੀਦਾਨ ਪਿੱਛੋਂ ਜਿਸ ਤਰ੍ਹਾਂ ਦੀ ਕਰੁਣਾਮਈ ਸਥਿਤੀ ਵਿੱਚੋਂ ਸਿੱਖ ਜਨ-ਸਮੂਹ ਨੂੰ ਕੱਢ ਕੇ ਜਿਨ੍ਹਾਂ ਸਿੱਖਰਾਂ ਤੇ ਅਪੜਾਇਆ, ਉਸ ਦਾ ਸਿਹਰਾ ਆਪ ਜੀ ਦੀ ਵਡਿਆਈ ਅਤੇ ਗੌਰਵ ਨੂੰ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀ ਸਚਿਆਰਤਾ ਦਾ ਜਿਹੜਾ ਆਦਰਸ਼ਕ ਸੰਕਲਪ ਮਾਨਵ ਜਾਤੀ ਨੂੰ ਦਿੱਤਾ ਸੀ, ਜਿਸ ਵਿੱਚ ਨਾਮ ਸਿਮਰਨ ਦੁਆਰਾ ਉੱਚੀ ਆਤਮਿਕ ਅਵਸਥਾ ਉੱਤੇ ਪੁੱਜ ਕੇ ਪ੍ਰੇਮ ਖੇਲਣ ਦੇ ਚਾਓ ਨਾਲ ਸਿਰ ਧਰ ਤਲੀ ਗਲੀ ਮੇਰੀ ਆਓ ਦੇ ਮਾਰਗ ਨੂੰ ਨਿਰਧਾਰਿਤ ਕੀਤਾ ਗਿਆ ਸੀ - ਉਸੇ ਆਤਮਿਕ ਵਿਕਾਸ ਦੀ ਕੜੀ ਵਿੱਚ ਗੁਰੂ ਦੀ ਸ਼ਰਨ ਵਿੱਚ ਆਏ ਮਨੁੱਖਾਂ ਨੂੰ ਭਗਤ, ਸਾਧ ਸੰਤ, ਬ੍ਰਹਮ ਗਿਆਨੀ ਅਤੇ ਸਿੱਖ ਤੋਂ ਖ਼ਾਲਸਾ ਦਾ ਸਰੂਪ ਬਖਸ਼ ਦਿੱਤਾ, ਜੋ ਸਿੱਖੀ ਮਾਰਗ ਦਾ ਸਰਵ-ਉੱਚ ਅਧਿਆਤਮਿਕ ਪੜਾਅ ਸੀ। ਨਿਰਭਉ ਅਤੇ ਨਿਰਵੈਰ ਦੇ ਅਮਲ ਉੱਤੇ ਪਹਿਰਾ ਦਿੰਦੇ ਹੋਏ ਦਸਮੇਸ਼ ਜੀ ਨੇ ਸਿੱਖ ਜਗਤ ਨੂੰ ਖ਼ਾਲਸਾ ਦੇ ਰੂਪ ਵਿੱਚ ਸੰਗਠਿਤ ਕਰ ਦਿੱਤਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਸ਼ਬਦਾਂ ਵਿੱਚ ਅਕਾਲ ਪੁਰਖ ਦੀ ਫ਼ੌਜ ਸੀ। ਕੇਵਲ



Sri Satguru Jagjit Singh Ji Elibrary NamdhariElibrary@gmail.com

ਏਨਾ ਹੀ ਨਹੀਂ ਸਗੋਂ ਖਾਲਸੇ ਵਿੱਚ ਆਪ ਜੀ ਨੇ ਆਪਣੇ ਨਿੱਜ ਸਰੂਪ ਦੀ ਹੋਂਦ ਨੂੰ ਵੀ ਸਾਕਾਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸਖਸ਼ੀਅਤ ਵਿੱਚ ਆਦਰਸ਼ਕ ਗੁਰੂ ਤੋਂ ਬਿਨਾਂ ਆਦਰਸ਼ਕ ਸੈਨਿਕ ਅਤੇ ਸੈਨਾਪਤੀ, ਆਦਰਸ਼ਕ ਕਵੀ ਅਤੇ ਸਾਹਿਤਕਾਰ ਸਗੋਂ ਆਪਣੇ ਸਮੇਂ ਦੇ ਅਨੇਕ ਸਾਹਿਤਕਾਰਾਂ ਦੇ ਸਰਪ੍ਰਸਤ ਅਤੇ ਵਿਲੱਖਣ ਪ੍ਰੇਰਨਾ ਸ੍ਰੋਤ, ਸੁਤੰਤਰ ਸੋਚ ਅਤੇ ਸੁਤੰਤਰਤਾ ਲਈ ਸਦਾ ਤੱਤਪਰ ਰਹਿਣ ਵਾਲੀ ਕਰਮਸ਼ੀਲਤਾ ਦੇ ਧਨੀ ਅਤੇ ਭਵਿੱਖ ਦਰਸ਼ੀ ਤੋਂ ਬਿਨਾਂ ਆਪਣੇ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਵਾਲੇ ਕਰਮਯੋਗੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਨਵਾਂ ਸਿੱਖ ਇਤਿਹਾਸ ਹੀ ਨਹੀਂ ਸਿਰਜਿਆ, ਸਗੋਂ ਭਾਰਤ ਦੀ ਸਮੁੱਚੀ ਇਤਿਹਾਸਿਕ ਧਾਰਾ ਨੂੰ ਹੀ ਬਦਲ ਕੇ ਰੱਖ ਦਿੱਤਾ। ਆਪਣੇ ਖਾਲਸੇ ਅਤੇ ਸਿੰਘਾਂ ਨੂੰ ਭਗਤੀ ਦੇ ਨਾਲ-ਨਾਲ ਅਜਿਹੀ ਸ਼ਕਤੀ ਪ੍ਰਦਾਨ ਕੀਤੀ ਕਿ ਖਾਲਸਾ ਪੰਥ ਸੰਤ ਸਿਪਾਹੀ, ਭਗਤੀ ਸ਼ਕਤੀ ਦਾ ਸੁਆਮੀ ਅਤੇ ਅਦੁੱਤੀ ਵੀਰਤਾ ਦਾ ਪ੍ਰਤੀਕ ਬਣ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਕੇਵਲ ਨੀਂਹ ਹੀ ਨਹੀਂ ਰੱਖੀ, ਸਗੋਂ ਉਸ ਨੂੰ ਭਵਿੱਖ ਦੇ ਇਤਿਹਾਸ ਦਾ ਸ਼ਾਹਸਵਾਰ ਬਣਾ ਦਿੱਤਾ। ਦੇਗ ਤੇ ਤੇਗ ਦਾ ਧਨੀ ਹੁੰਦਾ ਹੋਇਆ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਗੁਰੂ ਦਾ ਅੰਮ੍ਰਿਤ ਛਕ ਕੇ ਅਧਿਆਤਮਿਕ ਗਣਰਾਜ ਦਾ ਅਜਿਹਾ ਅੰਗ ਬਣ ਗਿਆ, ਜਿਸ ਦਾ ਮੁੱਖ ਸਰੋਤ ਤੇ ਕੇਂਦਰ ਬਿੰਦੂ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਹਸਤੀ ਹੀ ਸੀ, ਪਰ ਜਿਸ ਦੇ ਖਮੀਰ ਵਿੱਚ ਗੁਰੂ ਜੀ ਨੇ ਸੁਤੰਤਰਤਾ ਲਈ ਨਿਰੰਤਰ ਸੰਘਰਸ਼ ਕਰਨ ਅਤੇ ਗੁਰੂ ਨਮਿਤ ਆਪਾ ਵਾਰ ਕੁਰਬਾਨੀ ਦਾ ਅਜਿਹਾ ਮਹਾਨ ਜ਼ਜ਼ਬਾ ਭਰ ਦਿੱਤਾ ਸੀ ਕਿ ਗੁਰੂ ਦਾ ਸਿੱਖ ਹੁਣ ਧੁਰ ਤੋਂ ਆਜ਼ਾਦ ਹੋ ਗਿਆ। ਉਹ ਹੁਣ ਅੱਗੋਂ ਤੋਂ ਕਿਸੇ ਦੀ ਗੁਲਾਮੀ ਨੂੰ ਭਾਵੇਂ ਉਹ ਮਾਨਸਿਕ ਹੋਵੇ ਜਾਂ ਸਰੀਰਕ ਸ੍ਵੀਕਾਰ ਕਰਨ ਨੂੰ ਤਿਆਰ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਜਿਹੇ ਮਹਾਨ ਯੋਗਦਾਨ ਨੂੰ ਵਾਚ ਕੇ ਹੀ ਇਤਿਹਾਸਕਾਰ ਦੰਗ ਰਹਿ ਜਾਂਦੇ ਹਨ ਅਤੇ ਆਵਾਕ ਇਹ ਕਹਿ ਉੱਠਦੇ ਹਨ ਅਜਿਹਾ ਮਰਦ ਅਗੰਮੜਾ ਮਨੁੱਖੀ ਇਤਿਹਾਸ ਵਿੱਚ ਯੁੱਗਾਂ ਪਿਛੋਂ ਕਦੀ-ਕਦੀ ਹੀ ਅਵਤਾਰ ਧਾਰਦਾ ਹੈ।

**ਜੀਵਨ ਸਮਾਚਾਰ**

ਬਹੁਤ ਸਾਰੇ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 (ਪੋਹ ਸੁਦੀ 7, 1723 ਬਿਕਰਮੀ) ਦਾ ਮੰਨਿਆ ਹੈ, [1*]ਪਰ ਕੁਝ ਹੋਰ ਇਤਿਹਾਸਕਾਰਾਂ ਦਾ ਮਤ ਹੈ ਕਿ ਆਪ ਦਾ ਜਨਮ 1666 ਈਸਵੀ ਨੂੰ

---

[1*] ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 26



Sri Satguru Jagjit Singh Ji Elibrary NamdhariElibrary@gmail.com

ਨਹੀਂ ਸਗੋਂ 1661 ਨੂੰ ਹੋਇਆ ਸੀ। ਆਪ ਪਿਤਾ ਗੁਰੂ ਤੇਗ਼ ਬਹਾਦਰ ਅਤੇ ਮਾਤਾ ਗੁਜਰੀ ਜੀ ਦੇ ਇਕਲੌਤੇ ਸੁਪੁੱਤਰ ਸਨ। ਆਪ ਜੀ ਦਾ ਜਨਮ ਪਟਨੇ (ਬਿਹਾਰ ਪ੍ਰਦੇਸ਼) ਵਿੱਚ ਹੋਇਆ ਅਤੇ ਇੱਥੇ ਹੀ ਆਪ ਨੇ ਆਪਣੀ ਬਾਲ ਅਵਸਥਾ ਦੇ ਮੁੱਢਲੇ ਸਾਲ ਗੁਜ਼ਾਰੇ। ਇਸ ਸਮੇਂ ਗੁਰੂ ਤੇਗ਼ ਬਹਾਦਰ ਜੀ ਆਸਾਮ ਅਤੇ ਬੰਗਾਲ (ਢਾਕੇ) ਦੀ ਯਾਤਰਾ ਉੱਤੇ ਗਏ ਹੋਏ ਸਨ। ਜੇਕਰ ਆਪ ਜੀ ਦਾ ਜਨਮ 1661 ਨੂੰ ਮੰਨ ਲਿਆ ਜਾਵੇ ਤਾਂ ਇਹ ਸਮਾਂ ਗੁਰੂ ਤੇਗ਼ ਬਹਾਦਰ ਜੀ ਦੇ ਗੁਰਗੱਦੀ ਦੇ ਉੱਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਦਾ ਬਣਦਾ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਦੇ 30 ਮਾਰਚ, 1664 ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਗੁਰੂਪੱਦ ਨੂੰ ਸੰਭਾਲਿਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਮਾਤਾ ਗੁਜਰੀ ਨਾਲ 1635 ਦੇ ਨੇੜੇ-ਤੇੜੇ ਕਰਤਾਰਪੁਰ ਵਿਖੇ ਹੋਇਆ ਸੀ। ਇਸ ਤਰ੍ਹਾਂ ਇਨ੍ਹਾਂ ਦੋਹਾਂ ਜੀਆਂ ਨੂੰ ਲੰਮੇ ਚਿਰ ਪਿਛੋਂ ਪੁੱਤਰ ਦੀ ਦਾਤ ਪ੍ਰਾਪਤ ਹੋਈ। ਬਚਿੱਤਰ ਨਾਟਕ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਭਗਤੀ ਸਾਧਨਾ ਅਤੇ ਪੂਰਬ ਦੀਆਂ ਤੀਰਥ ਯਾਤਰਾਵਾਂ ਬਾਰੇ ਵਿਸਥਾਰ ਪੂਰਵਕ ਵਰਣਨ ਮਿਲਦਾ ਹੈ। ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਬਕਾਲੇ ਵਿਖੇ ਕਈ ਸਾਲਾਂ ਤੱਕ ਤੱਪ ਸਾਧਨਾ ਵਿੱਚ ਮਗਨ ਰਹੇ। ਇਸ ਤਰ੍ਹਾਂ ਮਾਤਾ ਗੁਜ਼ਰੀ ਜੀ ਨੂੰ ਵੀ ਪੁੱਤਰ ਦੀ ਦਾਤ ਕਈ ਸਾਲ ਦੀ ਸਿੱਕ ਪਿਛੋਂ ਹੀ ਮਿਲੀ ਸੀ। ਗੁਰੂ ਤੇਗ਼ ਬਹਾਦਰ ਜੀ ਨੂੰ ਆਮੇਰ (ਜੈਪੁਰ) ਦੇ ਰਾਜਾ ਰਾਮ ਸਿੰਘ ਦੇ ਕਹਿਣ ਉੱਤੇ ਬਾਦਸ਼ਾਹ ਔਰੰਗਜ਼ੇਬ ਨੇ ਉਸ ਸਮੇਂ ਪੜਤਾਲ ਤੋਂ ਬਿਨਾਂ ਹੀ ਸੁਤੰਤਰ ਰੂਪ ਵਿੱਚ ਵਿਚਰਨ ਦਿੱਤਾ ਸੀ। ਹਾਲਾਂ ਕਿ ਉਸ ਸਮੇਂ ਵੀ ਰਾਮਰਾਏ ਵੱਲੋਂ ਗੁਰਗੱਦੀ ਦਾ ਮਸਲਾ ਉਠਾਇਆ ਗਿਆ ਸੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਤਾਂ ਗੁਰੂ ਤੇਗ਼ ਬਹਾਦਰ ਜੀ ਢਾਕਾ ਵਿਖੇ ਸਨ ਅਤੇ ਪਿਛੋਂ ਰਾਜਾ ਰਾਮ ਸਿੰਘ ਦੇ ਨਾਲ ਆਸਾਮ ਦੀ ਮੁਹਿੰਮ ਉੱਤੇ ਜਾ ਕੇ ਉਥੋਂ ਦੇ ਬਾਗੀ ਰਾਜੇ ਚੱਕਰਧਵੱਜ ਨਾਲ ਸੁਲ੍ਹਾ ਕਰਵਾ ਦਿੱਤੀ ਸੀ। ਆਪਣੀ ਵਾਪਸੀ ਸਮੇਂ ਪਟਨਾ ਵਿਖੇ ਆਪਣੇ ਸਪੁੱਤਰ ਗੋਬਿੰਦ ਰਾਏ ਅਤੇ ਗੁਰੂ ਪਰਿਵਾਰ ਨਾਲ ਕੁਝ ਸਮਾਂ ਰਹਿ ਕੇ ਆਪ ਪੰਜਾਬ ਨੂੰ ਆ ਗਏ ਅਤੇ ਪਿਛੋਂ ਗੁਰੂ ਪਰਿਵਾਰ ਨੂੰ ਆਨੰਦਪੁਰ ਆ ਕੇ ਹੀ ਮਿਲੇ। ਗੋਬਿੰਦ ਰਾਏ ਜੀ, ਮਾਮਾ ਕਿਰਪਾਲ ਚੰਦ ਅਤੇ ਭਾਈ ਮਤੀਦਾਸ ਅਤੇ ਹੋਰ ਸੇਵਕਾਂ ਸਹਿਤ ਪਹਿਲਾਂ ਕੁਝ ਚਿਰ ਲਖਨੌਰ ਟਿਕੇ ਜਿੱਥੇ ਮਾਤਾ ਗੁਜ਼ਰੀ ਜੀ ਦਾ ਪੇਕਾ ਪਰਿਵਾਰ ਰਹਿੰਦਾ ਸੀ। ਗੁਰੂ ਜੀ ਦੇ ਮਾਮਾ ਮਿਹਰ ਚੰਦ ਅਤੇ ਹੋਰ ਨਾਨਕਾ ਪਰਿਵਾਰ ਵਿੱਚ ਕੁਝ ਮਹੀਨੇ ਠਹਿਰਨ ਸਮੇਂ ਉੱਥੇ ਹੀ ਗੋਬਿੰਦ ਰਾਏ ਦੀ ਦਸਤਾਰ ਬੰਦੀ ਹੋਈ। ਇਸ ਉਪਰੰਤ ਆਪ 1672 ਨੂੰ ਚੱਕ ਨਾਨਕੀ ਵਿਖੇ ਪੁੱਜ



Sri Satguru Jagjit Singh Ji Elibrary NamdhariElibrary@gmail.com

ਗਏ। ਪਿਤਾ ਗੁਰੂ ਨੇ ਆਪ ਜੀ ਦੀ ਸਿੱਖਿਆ ਦੀਖਿਆ ਲਈ ਉਚੇਚੇ ਪ੍ਰਬੰਧ ਕੀਤੇ ਅਤੇ ਆਪ ਜੀ ਨੇ ਸ਼ਾਸਤਰ ਅਤੇ ਸ਼ਸ਼ਤਰ ਵਿੱਦਿਆ ਦੇ ਨਾਲ-ਨਾਲ ਗੁਰਮਤਿ ਦੀ ਮਰਿਯਾਦਾ ਨੂੰ ਵੀ ਦ੍ਰਿੜ੍ਹ ਕਰਵਾਇਆ ਗਿਆ। ਇਸ ਕੰਮ ਲਈ ਉੱਚ ਕੋਟੀ ਦੇ ਵਿਦਵਾਨਾਂ ਦੀ ਸੇਵਾ ਲਈ ਗਈ। [1*]ਡਾ: ਏ. ਸੀ. ਅਰੋੜਾ ਅਨੁਸਾਰ ਸਾਹਿਬ ਚੰਦ ਨੇ ਗੁਰਮੁਖੀ ਅਤੇ ਭਾਈ ਸਤੀਦਾਸ ਨੇ ਫ਼ਾਰਸੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਸੀ। ਭਾਈ ਸਾਹਿਬ ਚੰਦ ਅਤੇ ਭਾਈ ਸਤੀਦਾਸ ਤੋਂ ਇਲਾਵਾ ਉਨ੍ਹਾਂ ਨੇ ਕਈ ਹੋਰ ਅਧਿਆਪਕਾਂ ਤੋਂ ਵੀ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਕਾਜ਼ੀ ਪੀਰ ਮੁਹੰਮਦ ਤੋਂ ਫ਼ਾਰਸੀ ਦਾ ਅਤੇ ਪੰਡਤ ਹਰਜਸ ਤੋਂ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕੀਤਾ। ਬਜਰ ਸਿੰਘ ਨਾਮੀ ਰਾਜਪੂਤ ਨੇ ਉਨ੍ਹਾਂ ਨੂੰ ਘੋੜ ਸਵਾਰੀ ਅਤੇ ਅਸਤਰ ਸ਼ਸਤਰ ਚਲਾਉਣ ਦੀ ਸਿੱਖਿਆ ਦਿੱਤੀ ਸੀ।

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਨੇ ਆਪ ਜੀ ਨੂੰ ਆਉਣ ਵਾਲੀਆਂ ਕਠਿਨਾਈਆਂ ਦਾ ਸਾਹਮਣਾ ਕਰਨ ਲਈ ਬਾਲ-ਵਰੇਸ ਤੋਂ ਹੀ ਤਿਆਰ ਕਰਨਾ ਆਰੰਭ ਕਰ ਦਿੱਤਾ ਸੀ।

**ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਤੇ ਗੁਰਗੱਦੀ ਤੇ ਬਿਰਾਜਮਾਨ ਹੋਣਾ**

1675 ਦਾ ਸਾਲ ਸਮੁੱਚੇ ਸਿੱਖ ਇਤਿਹਾਸ ਵਿੱਚ ਨਿਵੇਕਲੀ ਮਹਾਨਤਾ ਰੱਖਦਾ ਹੈ। ਇਸ ਵਰਸ਼ ਗੁਰੂ ਤੇਗ਼ ਬਹਾਦਰ ਜੀ ਨੇ ਸਰਬ ਧਰਮਾਂ ਦੀ ਸੁਤੰਤਰਤਾ ਖਾਤਰ ਦਿੱਲੀ ਵਿਖੇ ਆਪਣੇ ਸ਼੍ਰੋਮਣੀ ਸਿੱਖਾਂ ਸਮੇਤ ਅਦੁੱਤੀ ਬਲੀਦਾਨ ਦੇ ਕੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਅਤੇ ਆਪਣੇ ਸ਼ਹੀਦੀ ਕਾਰਨਾਮਿਆਂ ਨਾਲ ਸਿੱਖੀ ਦੀਆਂ ਜੜ੍ਹਾਂ ਨੂੰ ਪਤਾਲ ਤੱਕ ਗੱਡ ਦਿੱਤਾ।

ਜਦੋਂ ਭਾਈ ਕਿਰਪਾ ਰਾਮ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਤਾਂ ਨੇ ਕਸ਼ਮੀਰ ਵਿੱਚ ਕੀਤੀ ਜਾ ਰਹੀ ਜ਼ਬਰਦਸਤੀ ਧਰਮ ਬਦਲੀ ਬਾਰੇ ਗੁਰੂ ਦਰਬਾਰ ਵਿੱਚ ਆ ਕੇ ਫ਼ਰਿਆਦ ਕੀਤੀ ਤਾਂ ਗੋਬਿੰਦ ਰਾਏ ਜੀ ਨੇ ਜੋ ਦ੍ਰਿੜ੍ਹਤਾ ਪੂਰਵਕ ਉੱਤਰ ਗੁਰੂ ਤੇਗ਼ ਬਹਾਦਰ ਜੀ ਨੂੰ ਦਿੱਤਾ ਸੀ ਕਿ ਆਪ ਤੋਂ ਵੱਡਾ ਹੋਰ ਕਿਹੜਾ ਮਹਾਂਪੁਰਸ਼ ਹੋ ਸਕਦਾ ਹੈ, ਜੋ ਇਸ ਜ਼ੁਲਮ ਨੂੰ ਠੱਲ੍ਹ ਪਾਵੇ ਤਾਂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਹੱਥੀ ਗੁਰਤਵ ਦਾ ਕਾਰਜ 8 ਜੁਲਾਈ, 1675 ਨੂੰ ਆਪ ਜੀ ਨੂੰ ਸੌਂਪ ਦਿੱਤਾ ਸੀ। ਗੁਰੂ ਤੇਗ਼ ਬਹਾਦਰ ਜੀ ਨੂੰ ਗੋਬਿੰਦ ਰਾਏ ਉੱਤੇ ਪੂਰਨ ਵਿਸ਼ਵਾਸ਼ ਸੀ ਕਿ ਉਹ ਆਉਣ ਵਾਲੇ ਸਮੇਂ ਵਿੱਚ ਸਿੱਖ ਪੰਥ ਦੀ ਅਗਵਾਈ ਸਿਧਾਂਤਕ ਅਤੇ ਵਿਵਹਾਰਿਕ ਤੌਰ ਤੇ ਕੁਸ਼ਲਤਾ ਪੂਰਵਕ ਕਰ ਸਕਣਗੇ। ਅਜਿਹੇ ਬਿਖੜੇ ਸਮੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦਾ ਕਾਰਜ ਸੰਭਾਲਣਾ

---

[1*] ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ 131



Sri Satguru Jagjit Singh Ji Elibrary NamdhariElibrary@gmail.com

ਪਿਆ। ਜਿੱਥੇ ਆਪ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਭਾਈ ਜੈਤਾ ਜੀ ਰਾਹੀਂ ਦਿੱਲੀ ਤੋਂ ਲਿਆਂਦੇ ਗਏ ਸੀਸ ਦਾ ਆਪਣੇ ਹੱਥੀਂ ਸੰਸਕਾਰ ਕੀਤਾ, ਉੱਥੇ ਆਪ ਆਉਣ ਵਾਲੇ ਬਿਖੜੇ ਸਮਿਆਂ ਤੋਂ ਵੀ ਜਾਣੂ ਸਨ, ਜਿਨ੍ਹਾਂ ਦਾ ਸਾਹਮਣਾ ਆਪ ਜੀ ਨੂੰ ਕਰਨਾ ਪੈਣਾ ਸੀ। ਆਪ ਜੀ ਨੇ ਆਪਣੇ ਗੁਰੂ ਕਾਲ ਵਿੱਚ ਉਹ ਕਾਰਜ ਨੇਪਰੇ ਚਾੜ੍ਹੇ ਜੋ ਸਿੱਖ ਇਤਿਹਾਸ ਵਿੱਚ ਸਦਾ ਚਮਕਦੇ ਰਹਿਣਗੇ ਅਤੇ ਜਿਨ੍ਹਾਂ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣਾ ਬਣਦਾ ਹੈ। ਸਮੁੱਚੇ ਸਿੱਖ ਇਤਿਹਾਸ ਵਿੱਚ ਹੀ ਨਹੀਂ ਸਗੋਂ ਭਾਰਤ ਦੇ ਇਤਿਹਾਸ ਵਿੱਚ 1699 ਦਾ ਸਾਲ ਅਸਾਧਾਰਨ ਵਿਸ਼ੇਸ਼ਤਾ ਰੱਖਦਾ ਹੈ, ਇਸ ਵਰਸ਼ ਵਿਸਾਖੀ ਦੇ ਸ਼ੁਭ ਪੁਰਬ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ ਅਤੇ ਔਰੰਗਜ਼ੇਬ ਦੇ ਸਾਰੇ ਭਾਰਤ ਨੂੰ ਦਾਰੁਲ ਇਸਲਾਮ ਬਣਾਉਣ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਕਾਲ ਦੇ ਇਤਿਹਾਸਿਕ ਮਹੱਤਤਾ ਬਾਰੇ ਸਮਾਚਾਰਾਂ ਵਿਸ਼ੇਸ਼ ਘਟਨਾਵਾਂ ਅਤੇ ਵੇਰ੍ਵਿਆਂ ਨੂੰ ਵਾਚਣ ਲਈ ਉਨ੍ਹਾਂ ਦੇ ਸਮੁੱਚੇ ਗੁਰੂ-ਕਾਲ ਨੂੰ ਦੋ ਭਾਗਾਂ ਵਿੱਚ ਵੰਡ ਕੇ ਉੱਚਿਤ ਭਾਂਤ ਵਾਚਿਆ ਜਾ ਸਕਦਾ ਹੈ। ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਗਿਆ ਹੈ ਕਿ 1699 ਦਾ ਸਾਲ ਇੱਕ ਅਜਿਹੀ ਸੀਮਾ ਰੇਖਾ ਹੈ, ਜਿਸ ਤੋਂ ਪਹਿਲਾਂ ਅਤੇ ਪਿੱਛੋਂ ਦੇ ਸਮਾਚਾਰਾਂ ਨੂੰ ਵੱਖਰੇ-ਵੱਖਰੇ ਸੰਦਰਭਾਂ ਵਿੱਚ ਰੱਖ ਕੇ ਜਾਣਿਆ ਜਾ ਸਕਦਾ ਹੈ। ਉਂਝ ਤਾਂ ਆਪ ਦਾ ਸਾਰਾ ਜੀਵਨ ਹੀ ਸੰਘਰਸ਼ ਵਿੱਚ ਬੀਤਿਆ ਹੈ, ਪਰ ਖਾਲਸਾ ਸਿਰਜਣਾ ਦੇ ਪਿਛੋਂ ਤਾਂ ਆਪ ਜੀ ਨੂੰ ਬਿਖਮ ਸੰਕਟਾਂ ਦਾ ਸਾਹਮਣਾ ਕਰਨਾ ਪਿਆ, ਪਰ ਆਪ ਜੀ ਦੇ ਨਿੱਜੀ ਜੀਵਨ ਅਤੇ ਬਲਵਾਨ ਚਰਿੱਤਰ ਦੀ ਇਹ ਵਿਸ਼ੇਸ਼ਤਾ ਸੀ ਕਿ ਨਾ ਕੇਵਲ ਆਪ ਹੀ ਸਦਾ ਚੜ੍ਹਦੀਕਲਾ ਵਿੱਚ ਵਿਚਰੇ, ਸਗੋਂ ਆਪਣੇ ਅਨੁਆਈਆਂ ਲਈ ਵੀ ਚੜ੍ਹਦੀਕਲਾ ਅਤੇ ਬੀਰਤਾ ਦੀ ਭਾਵਨਾ ਨੂੰ ਜਗਾਉਣ ਵਾਲੇ ਅਖੁੱਟ ਪ੍ਰੇਰਨਾ ਸ੍ਰੋਤ ਬਣੇ ਰਹੇ। ਆਪ ਬੀਰ ਰਸ ਅਤੇ ਚੜ੍ਹਦੀਕਲਾ ਦੇ ਸਾਕਾਰ ਸਰੂਪ ਸਨ ਅਤੇ ਉਨ੍ਹਾਂ ਦਾ ਆਤਮ ਵਿਸ਼ਵਾਸ਼ ਉਨ੍ਹਾਂ ਨਿੱਜੀ ਆਤਮ ਗੁਣਾਂ ਕਰਕੇ ਉਤਪੰਨ ਹੋਇਆ ਸੀ, ਜਿਸ ਵਿੱਚ ਆਪ ਦੀ ਦੂਰਦਰਸ਼ਤਾ ਅਤੇ ਨਿੱਜੀ ਸਾਧਨਾ ਕਰਮਸ਼ੀਲ ਰਹੀ ਸੀ। ਸ਼ਾਂਤੀ ਅਤੇ ਕ੍ਰਾਂਤੀ, ਭਗਤੀ ਅਤੇ ਸ਼ਕਤੀ, ਯੁੱਧ ਕੌਸ਼ਲ ਅਤੇ ਸੰਗਠਨ ਕਰ ਸਕਣ ਦੀ ਅਸਾਧਾਰਨ ਯੋਗਤਾ ਅਤੇ ਔਖੇ ਸਮਿਆਂ ਵਿੱਚ ਵੀ ਸਦਾ ਅਡੋਲ ਅਤੇ ਚੜ੍ਹਦੀਕਲਾ ਵਿੱਚ ਵਿਚਰਨਾ ਆਪ ਜੀ ਦੇ ਵਿਅਕਤਿੱਤਵ ਦੇ ਅਜਿਹੇ ਮੀਰੀ ਗੁਣ ਸਨ ਜੋ ਸੰਸਾਰ ਦੇ ਇਤਿਹਾਸ ਵਿੱਚ ਕਿਸੇ ਵਿਰਲੇ ਦੇ ਹੀ ਭਾਗਾਂ ਵਿੱਚ ਹੁੰਦੇ ਹਨ।

**ਖਾਲਸਾ ਸਿਰਜਣਾ ਤੋਂ ਪਹਿਲਾਂ ਦਾ ਸਮਾਂ**



Sri Satguru Jagjit Singh Ji Elibrary NamdhariElibrary@gmail.com

ਗੁਰਿਆਈ ਦੇ ਕਾਰਜ ਨੂੰ ਸੰਭਾਲਦਿਆਂ ਹੀ ਆਪ ਜੀ ਨੇ ਸਿੱਖ ਜਗਤ ਨੂੰ ਉਸ ਕਰੁਣਾਮਈ ਸਥਿਤੀ ਤੋਂ ਉਭਾਰਨਾ ਅਤੇ ਆਤਮ ਵਿਸ਼ਵਾਸ ਅਤੇ ਸੁਦ੍ਰਿੜਤਾ ਵਾਲੀ ਜੇਤੂ ਭਾਵਨਾ ਵਿੱਚ ਲਿਆਉਣਾ ਸੀ, ਜੋ ਹਰ ਮੁਸ਼ਕਿਲ ਦਾ ਸਾਹਮਣਾ ਕਰਦੀ ਹੋਈ ਆਪਣੇ ਇਤਿਹਾਸਿਕ ਕਰਤੱਵ ਨੂੰ ਪਛਾਨ ਅਤੇ ਨਿਭਾ ਸਕੇ। ਇੱਕ ਬੰਨ੍ਹੇ ਔਰੰਗਜ਼ੇਬ ਵਰਗੇ ਕੱਟੜ ਪ੍ਰਸਤ ਬਾਦਸ਼ਾਹ ਦੀ ਜ਼ੁਲਮ, ਜ਼ਬਰ ਅਤੇ ਦਮਨ ਦੀ ਨੀਤੀ ਸੀ, ਦੂਜੇ ਬੰਨ੍ਹੇ ਪਹਾੜੀ ਰਾਜਿਆਂ ਦੇ ਮਿਲਾਪ ਅਤੇ ਵਿਰੋਧ ਦੇ ਹੁੰਦਿਆਂ ਹੋਇਆਂ ਨਵਾਂ ਰਾਹ ਕੱਢ ਲੈਣਾ ਅਤੇ ਦਮਨਕਾਰੀ ਸ਼ਕਤੀਆਂ ਵਿਰੁੱਧ ਰਾਸ਼ਟਰੀ ਮੰਚ ਉਸਾਰ ਲੈਣਾ ਅਜਿਹੀ ਸੁੱਘੜਤਾ ਅਤੇ ਸਿਆਣਪ ਅਤੇ ਵਿਵਹਾਰਿਕ ਕੌਸ਼ਲ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਨਿੱਜੀ ਗੁਣਾਂ ਦਾ ਚਮਤਕਾਰ ਸੀ ਕਿ ਆਪ ਜੀ ਦਾ ਨਾਮ ਨਾ ਕੇਵਲ ਸਿੱਖ ਅਤੇ ਭਾਰਤ ਦੇ ਇਤਿਹਾਸ ਵਿੱਚ ਚਮਕਦਾ ਹੈ, ਸਗੋਂ ਸਮੁੱਚੇ ਵਿਸ਼ਵ ਇਤਿਹਾਸ ਵਿੱਚ ਵੀ ਇੱਕ ਜਗਮਗਾਉਂਦਾ ਬਿੰਦੂ ਹੈ।

1676 ਤੋਂ ਲੈ ਕੇ 1699 ਤੱਕ ਦੇ 23 ਸਾਲਾਂ ਦੇ ਸੰਖੇਪ ਸਮੇਂ ਵਿੱਚ ਆਪ ਜੀ ਨੇ ਅਨੇਕ ਪੱਖਾਂ ਵੱਲ ਧਿਆਨ ਕੇਂਦਰਿਤ ਕੀਤਾ। ਇਹ ਸਾਰੇ ਪੱਖ ਹੀ ਬੜੇ ਮਹੱਤਵਪੂਰਨ ਸਨ।

## ਪਰਿਵਾਰਿਕ ਜੀਵਨ

1673 ਵਿੱਚ ਹੀ ਆਪ ਜੀ ਦੀ ਕੁੜਮਾਈ ਲਾਹੌਰ ਦੇ ਹਰਜੀ ਮਲ ਦੀ ਪੁੱਤਰੀ ਜੀਤੋ ਨਾਲ ਹੋਈ ਅਤੇ ਗੁਰੂ ਤੇਗ਼ ਬਹਾਦਰ ਜੀ ਨੇ ਆਨੰਦਪੁਰ ਦੇ ਨੇੜੇ ਹੀ ਨਵਾਂ ਲਾਹੌਰ ਵਸਾ ਕੇ ਇਸੇ ਸਾਲ 15 ਜੇਠ ਸੰਮਤ 1730 ਬਿ: ਨੂੰ ਗੋਬਿੰਦ ਰਾਏ ਜੀ ਦੀ ਸ਼ਾਦੀ ਬੜੀ ਧੂਮ-ਧਾਮ ਨਾਲ ਕੀਤੀ। ਇਸ ਸ਼ੁਭ ਵਿਆਹ ਦਾ ਵਿਸਤ੍ਰਿਤ ਵਰਣਨ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿੱਚ ਕੀਤਾ ਹੈ। ਮਾਤਾ ਜੀਤੋ ਜੀ ਦੇ ਉਦਰ ਤੋਂ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਚੇਤਵਦੀ ਦਸਮੀ 1747 ਬਿ: (14 ਮਾਰਚ, 1691 ਈਸਵੀ); ਸਾਹਿਬਜ਼ਾਦਾ ਜੋਰਾਵਰ ਸਿੰਘ (ਮੱਘਰ ਸੁਦੀ 1753 ਬਿ: (17 ਨਵੰਬਰ 1696 ਈਸਵੀ); ਸਾਹਿਬਜ਼ਾਦਾ ਫਤਿਹ ਸਿੰਘ ਦਾ ਜਨਮ (ਫੱਗਣ ਸੁਦੀ ਇਕਾਦਸ਼ੀ 1755 ਬਿ:) (25 ਫਰਵਰੀ, 1699 ਈਸਵੀ) ਤਿੰਨ ਸਪੁੱਤਰਾਂ ਦਾ ਜਨਮ ਹੋਇਆ।

ਮਾਤਾ ਜੀਤੋ ਜੀ ਦੇ ਇਨ੍ਹਾਂ ਤਿੰਨ੍ਹਾਂ ਸਾਹਿਬਜ਼ਾਦਿਆਂ ਨੇ ਚਮਕੌਰ ਦੇ ਯੁੱਧ ਵਿੱਚ ਬਾਬਾ ਜੁਝਾਰ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੇ ਸਰਹੰਦ ਵਿੱਚ 13 ਦਸੰਬਰ, 1705 ਨੂੰ ਸ਼ਹੀਦੀਆਂ ਪ੍ਰਾਪਤ ਕਰਕੇ ਸਿੱਖ ਇਤਿਹਾਸ ਵਿੱਚ ਅਮਰ ਸਥਾਨ ਪ੍ਰਾਪਤ ਕਰ ਲਿਆ। ਮਾਤਾ ਜੀਤੋ ਜੀ ਦਾ ਦੇਹਾਂਤ 5



Sri Satguru Jagjit Singh Ji Elibrary NamdhariElibrary@gmail.com

ਦਸੰਬਰ, 1700 ਈ: ਨੂੰ ਹੋਇਆ।

ਗੁਰੂ ਜੀ ਦੀ ਦੂਜੀ ਸ਼ਾਦੀ 1684 (ਸੰਮਤ 1714 ਬਿ:) ਨੂੰ ਵਿਸਾਖੀ ਦੇ ਪੁਰਬ ਉੱਤੇ ਬਿਜਵਾੜੇ ਦੇ ਰਾਮਸਰਨ ਨੇ ਆਪਣੇ ਕੀਤੇ ਸੰਕਲਪ ਅਨੁਸਾਰ ਆਪਣੀ ਸੁਪੁੱਤਰੀ ਸੁੰਦਰੀ ਜੀ ਨਾਲ ਕਰ ਦਿੱਤੀ। ਮਾਤਾ ਸੁੰਦਰੀ ਜੀ ਦੇ ਘਰ ਬਾਬਾ ਅਜੀਤ ਸਿੰਘ ਦਾ ਜਨਮ ਪਾਉਂਟਾ ਸਾਹਿਬ 26 ਜਨਵਰੀ 1687 ਵਿਖੇ ਹੋਇਆ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਚਮਕੌਰ ਦੇ ਯੁੱਧ ਵਿੱਚ 17 ਮਾਘ 1762 ਬਿ: (7 ਦਸੰਬਰ, 1705) ਨੂੰ ਦੁਸ਼ਮਣ ਦੀ ਸੈਨਾ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ।

ਗੁਰੂ ਜੀ ਦੀ ਤੀਜੀ ਸ਼ਾਦੀ ਮਾਤਾ ਜੀਤੋ ਦੇ ਦੇਹਾਂਤ ਤੋਂ ਕੁਝ ਸਮੇਂ ਪਿਛੋਂ ਪੋਠੋਹਾਰ ਦੇ ਰੋਹਤਾਸ ਦੇ ਵਾਸੀ ਹਰਜਸ ਜੀ ਦੀ ਸੁਪੁੱਤਰੀ ਸਾਹਿਬ ਦੇਵੀ ਨਾਲ ਹੋਈ। ਗੁਰੂ ਜੀ ਇਹ ਸ਼ਾਦੀ ਕਰਨਾ ਨਹੀਂ ਸਨ ਚਾਹੁੰਦੇ, ਪਰ ਹਰਜਸ ਦੇ ਸਿਦਕ ਅਤੇ ਸੰਕਲਪ (ਆਪਣੇ ਵੱਲੋਂ ਉਹ ਆਪਣੀ ਸੁਪੁੱਤਰੀ ਗੁਰੂ ਜੀ ਨੂੰ ਅਰਪਣ ਕਰ ਚੁੱਕਾ ਸੀ) ਨੂੰ ਦੇਖ ਕੇ ਗੁਰੂ ਜੀ ਨੇ ਇਸ ਨੂੰ ਪ੍ਰਵਾਨ ਕਰ ਲਿਆ।

ਪਰ ਮਾਤਾ ਸਾਹਿਬ ਦੇਵਾਂ ਨੂੰ ਕੁੰਵਾਰਾ ਡੋਲਾ ਕਰਕੇ ਹੀ ਜਾਣਿਆ ਜਾਂਦਾ ਹੈ। ਗੁਰੂ ਜੀ ਨੇ ਉਸ ਦੀ ਝੋਲੀ ਵਿੱਚ ਖਾਲਸਾ ਪੰਥ ਨੂੰ ਪਾ ਦਿੱਤਾ। ਅੱਜ ਤੱਕ ਵੀ ਖਾਲਸਾ ਪੰਥ ਵਿੱਚ ਰਿਵਾਇਤ ਹੈ ਕਿ ਸਾਡਾ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ ਅਤੇ ਨਿਵਾਸ ਆਨੰਦਪੁਰ ਦਾ ਹੈ। ਮਾਤਾ ਸਾਹਿਬ ਦੇਵਾਂ ਜੀ ਗੁਰੂ ਜੀ ਦੇ ਇਤਨੇ ਸ਼ਰਧਾਲੂ ਸਨ ਕਿ ਉਨ੍ਹਾਂ ਦੇ ਦਰਸ਼ਨ ਕਰਨ ਤੋਂ ਬਿਨਾਂ ਅੰਨ-ਜਲ ਗ੍ਰਹਿਣ ਨਹੀਂ ਸਨ ਕਰਦੇ।

**ਦਸਮ ਗੁਰੂ ਦੀ ਕਾਵਿ ਸਾਧਨਾ ਤੇ ਭਾਰਤੀ ਸਾਹਿਤ ਨੂੰ ਮਹਾਨ ਯੋਗਦਾਨ**

ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਮਹਾਨਤਾ ਵਾਲੀ ਦੇਣ ਉਨ੍ਹਾਂ ਦੇ ਭਾਰਤ ਦੇ ਸਾਹਿਤਕ ਭੰਡਾਰ ਨੂੰ ਭਰਪੂਰ ਕਰਨ ਦੀ ਹੈ। ਆਪ ਹਿੰਦੀ (ਬ੍ਰਜ ਭਾਸ਼ਾ), ਪੰਜਾਬੀ, ਫਾਰਸੀ ਅਤੇ ਅਰਬੀ ਭਾਸ਼ਾਵਾਂ ਦੇ ਵਿਦਵਾਨ ਹੀ ਨਹੀਂ ਸਨ, ਸਗੋਂ ਇਨ੍ਹਾਂ ਭਾਸ਼ਾਵਾਂ ਵਿੱਚ ਉੱਚ-ਕੋਟੀ ਦੀ ਕਵਿਤਾ ਰਚਨ ਵਿੱਚ ਵੀ ਨਿਪੁੰਨ ਸਨ। ਆਪ ਜੀ ਦੀ ਬਹੁਤੀ ਰਚਨਾ ਭਾਵੇਂ ਉਸ ਕਾਲ ਦੀ ਸਮੁੱਚੀ ਸਾਹਿਤਕ ਧਾਰਾ ਅਨੁਸਾਰ ਬ੍ਰਜ ਭਾਸ਼ਾ ਵਿੱਚ ਰਚੀ ਗਈ ਹੈ ਅਤੇ ਇਸ ਵਿੱਚ ਉਨ੍ਹਾਂ ਦੀ ਵਿਅਕਤੀਗਤ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਏਨੀਆਂ ਵਿਲੱਖਣ ਹਨ ਕਿ ਹਰ ਸੂਝਵਾਨ ਪਾਠਕ ਇਕਦਮ ਪਛਾਣ ਕਰ ਸਕਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੀ ਹੋ ਸਕਦੀ ਹੈ। ਅਨੇਕ ਪ੍ਰਕਾਰ ਦੀ ਛੰਦਵੰਨਗੀ, ਬਹੁਭਾਸ਼ਾਈ ਸ਼ਬਦਾਵਲੀ ਦਾ ਪ੍ਰਯੋਗ ਅਤੇ ਕਲਾਸਕੀ ਕਵਿਤਾ ਵਾਲੀ ਸੰਜਮ, ਸਹਿਜ, ਨਿਪੁੰਨਤਾ ਅਤੇ ਪਕਿਆਈ ਆਪ ਜੀ ਦੀ ਕਾਵਿ ਰਚਨਾ ਦੇ ਵਿਸ਼ੇਸ਼ ਗੁਣ



Sri Satguru Jagjit Singh Ji Elibrary NamdhariElibrary@gmail.com

ਹਨ। ਆਪ ਜੀ ਦੇ ਬੀਰ ਰਸੀ ਵਿਅਕਤੀਤੱਵ ਅਤੇ ਚੜ੍ਹਦੀਕਲਾ ਦੀ ਭਾਵਨਾ ਦਾ ਉਜੱਸਵੀ ਤੇ ਤੇਜੱਸਵੀ ਪ੍ਰਗਟਾਓ ਆਪ ਜੀ ਦੀ ਸਾਰੀ ਕਾਵਿ ਰਚਨਾ ਵਿੱਚ ਵਿਧਮਾਨ ਹੈ। ਇਸ ਰਚਨਾ ਦੇ ਵਿਸ਼ੇ ਵੀ ਅਨੇਕ ਅਤੇ ਵਿਵਿਧ ਪ੍ਰਕਾਰ ਦੇ ਹਨ ਅਤੇ ਰੂਪ ਅਤੇ ਛੰਦ ਦੀ ਦ੍ਰਿਸ਼ਟੀ ਤੋਂ ਵੀ ਗੁਰੂ ਸਾਹਿਬ ਨੂੰ ਕਮਾਲ ਹਾਸਿਲ ਹੈ। ਜਿਸ ਉੱਤਮ ਬੀਰ ਭਾਵਨਾ ਵਿੱਚੋਂ ਇਹ ਰਚਨਾ ਪ੍ਰਗਟ ਹੋਈ ਹੈ, ਉਸੇ ਬੀਰਤਾ ਦੀ ਭਾਵਨਾ ਦਾ ਇਹ ਆਪਣੇ ਪਾਠਕਾਂ ਵਿੱਚ ਸੰਚਾਰ ਕਰ ਦਿੰਦੀ ਹੈ। ਪ੍ਰਾਣੀ ਨੂੰ ਨਿਰਭੈ ਬਣਾ ਕੇ ਮੁਰਦਾ ਰੂਹ ਨੂੰ ਸੂਰਮਗਤੀ ਦੀ ਪਾਣ ਚੜ੍ਹਾ ਦਿੰਦੀ ਹੈ। ਇਸ ਵਿੱਚ ਗਿਆਨ ਵੀ ਹੈ। ਈਮਾਨ (ਅਕਾਲ ਪੁਰਖ ਉੱਤੇ ਅਟੁੱਟ ਭਰੋਸਾ) ਧਿਆਨ, ਦੂਰਦਰਸ਼ਤਾ ਅਤੇ ਅੰਤਿਮ ਲਖਸ਼ ਦੀ ਸਿੱਧੀ ਵੀ। ਭਾਰਤੀ ਕਾਵਿ ਸਾਹਿਤ ਵਿੱਚ ਇਸ ਦਾ ਨਵੇਕਲਾ ਹੀ ਸਰੂਪ, ਨਵੇਕਲੀ ਮਹਾਨਤਾ ਅਤੇ ਨਵੇਕਲਾ ਹੀ ਸਥਾਨ ਹੈ। ਸੱਚ ਤਾਂ ਇਹ ਹੈ ਕਿ ਗੁਰੂ ਸਾਹਿਬ ਨੇ ਉਸ ਕਾਲ ਦੀ ਭਾਰਤੀ ਸਾਹਿਤ ਦੀ ਰੀਤੀਵਾਦੀ ਪਰੰਪਰਾ ਨੂੰ ਜਿਸ ਵਿੱਚ ਸ਼ਿੰਗਾਰ ਰਸ ਅਤੇ ਵਿਨੋਦ ਪਰਮੋਦ ਹੀ ਪ੍ਰਧਾਨ ਸੀ, ਨੂੰ ਇਕਦਮ ਬੀਰ ਰਸੀ ਪਰੰਪਰਾ ਵਿੱਚ ਬਦਲ ਦਿੱਤਾ। ਭਾਰਤੀ ਕਾਵਿ ਸਾਹਿਤ ਵਿੱਚ ਇਹ ਇੱਕ ਮੌਲਿਕ ਕਿਸਮ ਦਾ ਕ੍ਰਾਂਤੀਕਾਰੀ ਪਰਿਵਰਤਨ ਸੀ, ਜੋ ਉਸ ਸਮੇਂ ਦੀ ਲੋੜ ਸੀ। ਆਦਿ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਸ ਵਿੱਚ ਸ਼ਾਮਿਲ ਭਗਤ ਕਵੀਆਂ ਅਤੇ ਗੁਰੂ ਸਾਹਿਬਾਨ ਨੇ ਭਾਰਤੀ ਅਧਿਆਤਮਿਕ ਸਰੂਪ ਵਾਲੀ ਬਾਣੀ (ਕਵਿਤਾ) ਨੂੰ ਸਿਖਰਾਂ ਤੱਕ ਪਹੁੰਚਾ ਦਿੱਤਾ ਸੀ। ਇਸ ਦਾ ਇੱਕ ਬਹੁਤ ਵੱਡਾ ਭੰਡਾਰ ਆਦਿ ਗ੍ਰੰਥ ਦੀ ਬਾਣੀ ਵਿੱਚ ਸੰਗ੍ਰਹਿ ਕੀਤਾ ਜਾ ਚੁੱਕਾ ਸੀ, ਜੋ ਭਾਰਤ ਦੀ ਰਾਸ਼ਟਰੀ ਸਾਹਿਤਕ ਨਿਧਿ ਦਾ ਬਹੁਮੁੱਲਾ ਵਿਰਸਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਭਾਰਤੀ ਅਧਿਆਤਮਿਕ ਸਾਹਿਤ ਵਿੱਚ ਜਾਪ, ਅਕਾਲ ਉਸਤਤ, ਤ੍ਵ-ਪ੍ਰਸ਼ਾਦ ਸਵੱਈਏ ਅਤੇ ਸ਼ਬਦ (ਹਜ਼ਾਰੇ) ਰਚ ਕੇ ਅਧਿਆਤਮਿਕ ਸਾਹਿਤ ਦੇ ਭੰਡਾਰ ਨੂੰ ਵੀ ਚਾਰ-ਚੰਦ ਲਾਏ, ਉੱਥੇ ਭਾਰਤ ਦੇ ਸਨਾਤਨ ਸਾਹਿਤ ਜੋ ਵਧੇਰੇ ਕਰਕੇ ਸੰਸਕ੍ਰਿਤ ਵਿੱਚ ਸੀ, ਦੇ ਭਾਖਾ (ਬ੍ਰਿਜ) ਵਿੱਚ ਅਨੁਵਾਦ ਜਾਂ ਰੂਪਾਂਤਰਣ ਕਰਕੇ ਸਮੁੱਚੇ ਭਾਰਤੀ ਸਾਹਿਤ ਨੂੰ ਆਮ ਜਨਤਾ ਦੀ ਪਹੁੰਚ ਲਈ ਸੁਗਮ ਬਣਾ ਦਿੱਤਾ। ਇਸ ਕਾਰਜ ਵਿੱਚ ਉਨ੍ਹਾਂ ਦੀ ਆਪਣੀ ਦੇਣ ਹੀ ਨਹੀਂ ਸੀ, ਸਗੋਂ ਉਨ੍ਹਾਂ ਨੇ ਬਹੁਤ ਸਾਰੇ ਹੋਰ ਕਵੀਆਂ ਰਾਹੀਂ ਇਸ ਭਾਰਤੀ ਸਾਹਿਤ ਦਾ ਭਾਖਾ ਵਿੱਚ ਅਨੁਵਾਦ ਜਾਂ ਰੂਪਾਂਤਰਣ ਕਰਵਾਇਆ। ਗੁਰੂ ਜੀ ਦੀ ਆਪਣੀ ਰਚਨਾ ਕ੍ਰਿਸ਼ਨ ਅਵਤਾਰ ਸਰਬ ਸ਼੍ਰੋਮਣੀ ਅਤੇ ਵੱਡ ਆਕਾਰੀ ਉੱਚ-ਕੋਟੀ ਦੇ ਕਾਵਿ ਗੁਣਾਂ ਨਾਲ ਭਰਪੂਰ ਮਹਾਨ ਰਚਨਾ ਹੈ। ਇਸੇ ਤਰ੍ਹਾਂ ਚੌਬੀਸ ਅਵਤਾਰ ਅਤੇ ਮਾਰਕੰਡੇ ਪੁਰਾਣ ਵਿੱਚੋਂ ਚੰਡੀ ਚਰਿੱਤਰ ਅਤੇ ਪੰਜਾਬੀ ਵਿੱਚ ਰਚੀ ਗਈ ਵਾਰ ਸ੍ਰੀ ਭਗਉਤੀ ਜੀ ਕੀ ਚੰਡੀ ਦੀ



Sri Satguru Jagjit Singh Ji Elibrary NamdhariElibrary@gmail.com

ਵਾਰ ਕਰਕੇ ਜਾਣੀ ਜਾਂਦੀ ਹੈ, ਇਸੇ ਕੋਟੀ ਵਿੱਚ ਆਉਣ ਵਾਲੀਆਂ ਰਚਨਾਵਾਂ ਹਨ। ਇਸ ਰਚਨਾ ਨੂੰ ਰੰਚਨਾ ਦਾ ਮਨੋਰਥ ਗੁਰੂ ਜੀ ਇਸ ਤਰ੍ਹਾਂ ਦੱਸਦੇ ਹਨ :

ਦਸਮ ਕਥਾ ਭਗਉਤ ਕੀ ਭਾਖਾ ਕਰੀ ਬਨਾਇ॥
ਅਵਰ ਵਾਸਨਾ ਨਾਹਿ ਕਿਛੁ ਧਰਮ ਜੁੱਧ ਕੇ ਚਾਇ॥

ਇਸੇ ਤਰ੍ਹਾਂ :

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ।
ਗਿਆਨੇ ਕੀ ਬਡਨੀ ਮੰਨੋ ਹਾਥ ਲੇ ਕਾਤਰਤਾ ਕਤੋਵਾਰ ਬੁਹਾਰੇ।

ਆਪ ਆਪਣੇ ਜੀਵਨ ਦਾ ਮਨੋਰਥ ਹੀ ਸੰਤਾਂ ਨੂੰ ਉਬਾਰਨ ਅਤੇ ਦੁਸ਼ਟਾਂ ਨੂੰ ਸੰਘਾਰਨ ਅਤੇ ਧਰਮ ਚਲਾਵਣ ਦਾ ਦੱਸਦੇ ਹਨ। ਇਹ ਧਰਮ ਕੀ ਸੀ? ਕੇਵਲ ਇੰਨਾ ਹੀ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਸੰਦੇਸ਼ ਦੇ ਕੇ ਸੰਸਾਰ ਦੇ ਸਾਰੇ ਮਨੁੱਖੀ ਭਾਈਚਾਰੇ ਨੂੰ ਇੱਕ ਸੂਤਰ ਵਿੱਚ ਪ੍ਰੋ ਦਿੱਤਾ ਹੈ। ਇਹ ਭਵਿੱਖਾਰਥੀ ਅੰਤਰ ਦ੍ਰਿਸ਼ਟੀ ਹੀ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਸਮੇਂ ਦਾ ਹੀ ਨਹੀਂ, ਸਗੋਂ ਸਰਬ ਸਮਿਆਂ ਦਾ ਉੱਚਤਮ ਕੋਟੀ ਦਾ ਕਵੀ ਸਿੱਧ ਕਰਦੀ ਹੈ। 'ਸ਼ਸਤਰ ਨਾਮ ਮਾਲਾ' ਵਰਗੀ ਰਚਨਾ ਰਚ ਕੇ ਆਪ ਨੇ ਸੰਸਾਰ ਦੇ ਕਾਵਿ ਇਤਿਹਾਸ ਵਿੱਚ ਇੱਕ ਨਵੀਂ ਪਰੰਪਰਾ ਦਾ ਸੰਚਾਲਨ ਕੀਤਾ। ਇਹੀ ਪਰੰਪਰਾ ਸੰਸਾਰ ਭਰ ਦੇ ਇਨਕਲਾਬ ਦੀ ਮੂਲ ਭਾਵਨਾ ਹੁੰਦੀ ਆਈ ਹੈ ਅਤੇ ਅੱਗੇ ਤੋਂ ਵੀ ਰਹੇਗੀ। ਆਪ ਜੀ ਦੀਆਂ ਹੋਰ ਪ੍ਰਸਿੱਧ ਰਚਨਾਵਾਂ ਬਚਿੱਤਰ ਨਾਟਕ, ਗਿਆਨ ਪ੍ਰਬੋਧ, ਸ਼ਸਤਰ ਨਾਮਮਾਲਾ, ਉਗਰਦੰਤੀ ਆਦਿ ਹਨ, ਜੋ ਵਧੇਰੇ ਕਰਕੇ ਬ੍ਰਜ ਭਾਸ਼ਾ ਵਿੱਚ ਰਚੀਆਂ ਗਈਆਂ ਹਨ, ਜਿਨ੍ਹਾਂ ਦੀ ਆਪਣੀ ਹੀ ਵੱਖਰੀ ਨੁਹਾਰ ਅਤੇ ਪਛਾਣ ਹੈ।

ਆਪ ਜੀ ਦੀਆਂ ਪੰਜਾਬੀ ਰਚਨਾਵਾਂ ਵਿੱਚ ਵਾਰ ਸ੍ਰੀ ਭਗਉਤੀ ਜੀ ਦੀ ਜਿਸ ਨੂੰ 'ਚੰਡੀ ਦੀ ਵਾਰ' ਕਰਕੇ ਵੀ ਜਾਣਿਆ ਜਾਂਦਾ ਹੈ, ਪੰਜਾਬੀ ਵਾਰ ਦੇ ਇਤਿਹਾਸ ਵਿੱਚ ਕਲਾਸਕੀ ਮਾਡਲ ਦੀ ਹੈਸੀਅਤ ਰੱਖਦੀ ਹੈ। ਪੰਜਾਬੀ ਵਿੱਚ ਭਾਵੇਂ ਆਪ ਨੇ ਬਹੁਤ ਥੋੜ੍ਹਾ ਲਿਖਿਆ ਹੈ, ਉਨ੍ਹਾਂ ਦਾ ਰਚਿਆ ਹੋਇਆ ਇੱਕ ਖਿਆਲ 'ਹਾਲ ਫਕੀਰਾਂ ਦਾ ਮਿੱਤਰ ਪਿਆਰੇ ਨੂੰ ਕਹਿਣਾ' ਅਤੇ ਇੱਕ ਮਾਝ 'ਲੱਖੀ ਜੰਗਲ ਖਾਲਸੇ ਦੀਦਾਰ ਕੀਤੋ ਨੇ' ਆਦਿ ਰਚਨਾਵਾਂ ਤਾਂ ਲੋਕਾਂ ਦੀ ਜੀਭ ਤੇ ਚੜ੍ਹ ਗਈਆਂ ਹਨ। ਇਸੇ ਮਾਝ ਤੋਂ ਪੰਜਾਬੀ ਕਵਿਤਾ ਵਿੱਚ ਮਾਝ ਵਰਗੇ ਪ੍ਰਗੀਤਕ ਕਾਵਿ ਰੂਪ ਦਾ ਆਰੰਭ ਹੋਇਆ, ਜੋ ਬਹੁਤਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਦ ਫ਼ਰਾਕ ਅਤੇ ਵਿਛੋੜੇ ਦੀ ਭਾਵਨਾ ਨੂੰ ਪ੍ਰਗਟਾਉਣ ਵਾਲੀਆਂ ਅਤਿ ਮਧੁਰ ਪ੍ਰਗੀਤਕ ਰਚਨਾਵਾਂ ਹਨ।



Sri Satguru Jagjit Singh Ji Elibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਸਾਧਨਾ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਉਨ੍ਹਾਂ ਦੇ ਜੀਵਨ ਦੇ ਸੰਘਰਸ਼ਮਈ ਦੌਰਾਂ ਵਿੱਚ ਵੀ ਜਾਰੀ ਰਹੀ। ਫ਼ਾਰਸੀ ਕਾਵਿ ਵਿੱਚ ਵੀ ਆਪ ਜੀ ਨੂੰ ਵੱਡੀ ਪ੍ਰਬੀਨਤਾ ਪ੍ਰਾਪਤ ਸੀ। 1705 ਵਿੱਚ ਆਨੰਦਪੁਰ ਛੱਡਣ ਤੋਂ ਪਿਛੋਂ ਦੀਨਾ ਕਾਂਗੜ ਵਿਖੇ ਜੋ ਫ਼ਾਰਸੀ ਵਿੱਚ ਸ਼ਿਅਰਾਂ ਦਾ ਜਫਰਨਾਮਾ (ਪੱਤਰ) ਗੁਰੂ ਜੀ ਨੇ ਔਰੰਗਜ਼ੇਬ ਨੂੰ ਲਿਖਿਆ, ਉਹ ਆਪ ਜੀ ਦੀ ਸੁਦ੍ਰਿੜ ਦ੍ਰਿਸ਼ਟੀਕੋਣ ਅਤੇ ਨਿਰਭੈਤਾ ਦਾ ਸਰਵੋਤਮ ਪ੍ਰਮਾਣ ਸੀ। 'ਬਚਿੱਤਰ ਨਾਟਕ' ਗੁਰੂ ਜੀ ਦਾ ਸ੍ਵੈ-ਜੀਵਨੀ ਮੂਲਕ ਮਹਾਂਕਾਵਿ ਦੇ ਸਰੂਪ ਦਾ ਵਚਿੱਤਰ ਸ਼ਾਹਕਾਰ ਹੈ, ਜਿਸ ਵਿੱਚ ਪੁਰਾਣਿਕ ਕਥਾਵਾਂ ਅਤੇ ਸ੍ਵੈ-ਜੀਵਨੀ ਦੇ ਇਤਿਹਾਸਕ ਪ੍ਰਸੰਗਾਂ ਨੂੰ ਇਕੋ ਥਾਂ ਸੰਯੁਕਤ ਕਰ ਦਿੱਤਾ ਗਿਆ ਹੈ। ਇਸ ਦੇ ਚੌਦਾ ਅਧਿਆਵਾਂ ਦਾ ਵਿਸਥਾਰ ਇਸ ਦੇ ਕਰਤਾ ਦੇ ਦ੍ਰਿਸ਼ਟ-ਮੰਡਲ ਦੇ ਮਹਾਂ ਪਾਸਾਰ ਦੀ ਅਦਭੁੱਤ ਵਾਰਤਾ ਦੀ ਪੇਸ਼ਕਾਰੀ ਹੈ। ਆਪਣੇ ਪੂਰਬਲੇ ਜਨਮ ਦੀ ਕਥਾ ਤੋਂ ਲੈ ਕੇ ਸੋਢੀ ਤੇ ਬੇਦੀ ਵੰਸ਼ ਦੇ ਪਿਛੋਕੜ ਨੂੰ ਦੱਸ ਕੇ ਗੁਰੂ ਨਾਨਕ ਦੀ ਜੋਤ ਦੀ ਏਕਤਾ ਅਤੇ ਅਖੰਡਤਾ ਨੂੰ ਸਭ ਗੁਰੂ ਸਾਹਿਬਾਨ ਵਿੱਚ ਵਰਤਮਾਨ ਦੱਸਿਆ ਹੈ। ਆਪਣੇ ਸਮੇਂ ਦੇ ਲੜੇ ਗਏ ਪ੍ਰਮੁੱਖ ਭੰਗਾਣੀ, ਨੰਦੌਣ ਅਤੇ ਹੋਰ ਯੁੱਧਾਂ ਦਾ ਵੀ ਵਰਣਨ ਕੀਤਾ ਹੈ, ਜੋ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸੈਨਾ ਨਾਲ ਗੁਰੂ ਸਾਹਿਬ ਦੀ ਅਗਵਾਈ ਵਿੱਚ ਲੜੇ ਗਏ ਸਨ ਅਤੇ ਜਿਨ੍ਹਾਂ ਸਭ ਵਿੱਚ ਗੁਰੂ ਸਾਹਿਬ ਨੂੰ ਜਿੱਤ ਪ੍ਰਾਪਤ ਹੋਈ ਸੀ। ਇਸ ਰਚਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜਨਮ ਧਾਰਨ ਦੇ ਉਦੇਸ਼ ਦੀ ਵਿਆਖਿਆ ਵੀ ਕੀਤੀ ਹੈ :

ਮੈਂ ਅਪਨਾ ਸੁਤ ਤੁਹਿ ਨਿਵਾਜਾ,
ਪੰਥ ਪ੍ਰਚੁਰ ਕਰਬੇ ਕਉ ਸਾਜਾ॥

..................................

ਠਾਢਿ ਪਯੋ ਮੈਂ ਜੋੜਿ ਕਰ ਬਚਨ ਕਹਾ ਸਿਰ ਨਿਆਇ॥
ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ॥

(ਬਚਿੱਤਰ ਨਾਟਕ)

....................................

ਇਸੇ ਰਚਨਾ ਵਿੱਚ ਹੀ ਇਹ ਕਥਨ ਕੀਤਾ ਗਿਆ ਹੈ ਕਿ ਭਲੇ ਕੰਮ ਕਰਨ ਵਾਲਿਆਂ ਦਾ ਨਾਮ ਹੀ ਦੇਵਤਾ ਹੁੰਦਾ ਹੈ। ਬਚਿੱਤਰ ਨਾਟਕ ਖਾਲਸਾ ਸਿਰਜਣਾ ਤੋਂ ਪਹਿਲਾਂ ਦੀ ਰਚਨਾ ਹੈ, ਕਿਉਂ ਜੋ ਆਨੰਦਪੁਰ ਛੱਡਣ ਤੋਂ ਪਿਛੋਂ ਦਾ ਇਸ ਵਿੱਚ ਵਰਣਨ ਨਹੀਂ ਹੈ। ਪੂਰਬਲੇ ਜਨਮ ਦੇ ਪ੍ਰਸੰਗ ਵਿੱਚ ਆਪ ਜੀ ਨੇ ਹੇਮਕੁੰਟ ਪਰਬਤ ਦੇ ਸਥਾਨ ਉੱਤੇ ਭਗਤੀ ਸਾਧਨਾ ਕਰਨ ਦਾ ਉਲੇਖ ਕੀਤਾ ਹੈ ਅਤੇ ਅਕਾਲ ਪੁਰਖ ਨਾਲ ਅਭੇਦ ਹੋ ਜਾਣ ਵਾਲੀ ਮਿਲਾਪ ਅਵਸਥਾ ਦਾ



Sri Satguru Jagjit Singh Ji Elibrary NamdhariElibrary@gmail.com

ਵੀ ਜ਼ਿਕਰ ਕੀਤਾ ਹੈ। ਇਸ ਰਚਨਾ ਦੇ ਅਧਿਐਨ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਅਧਿਆਤਮਿਕ ਅਤੇ ਸੰਸਾਰਿਕ ਉਦੇਸ਼ਾਂ ਦਾ ਸਹਿਜੇ ਹੀ ਬੋਧ ਹੋ ਜਾਂਦਾ ਹੈ ਅਤੇ ਉਹ ਵੀ ਅਤਿ ਦੀ ਰਸਿਕ ਛੰਦ ਯੁਗਤ ਸ਼ਾਸਤਰੀ ਪਕਿਆਈ ਵਾਲੇ ਉੱਤਮ ਕਾਵਿ ਦੇ ਰੂਪ ਵਿੱਚ। ਇਸ ਰਚਨਾ ਦਾ ਨਾਮ ਭਾਵੇਂ ਬਚਿੱਤਰ ਨਾਟਕ ਹੈ, ਪਰ ਅਸਲ ਵਿੱਚ ਹੈ ਇਹ ਮਹਾਂਕਾਵਿ ਜਿਸ ਦੇ ਕਥਾਨਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਬਹੁਤ ਸਾਰੇ ਅੰਸ਼ ਯਥਾਰਥ ਮੁਖੀ ਅਤੇ ਅਲੰਕਾਰਿਤ ਸ਼ੈਲੀ ਵਿੱਚ ਸਿਰਜੇ ਗਏ ਹਨ। ਦਸਮ ਗ੍ਰੰਥ ਵਿੱਚ ਸੰਕਲਿਤ ਹਕਾਇਤਾਂ ਆਪ ਜੀ ਦੇ ਫਾਰਸੀ ਕਾਵਿ ਕੌਸ਼ਲ ਦਾ ਇਕ ਹੋਰ ਵਧੀਆ ਉਦਾਹਰਣ ਹੈ। ਆਪ ਜੀ ਦੀ ਇੱਕ ਹੋਰ ਰਚਨਾ 'ਚਰਿਤ੍ਰੋ ਪਾਖਿਆਨ' ਹੈ, ਜਿਸ ਵਿੱਚ 405 ਤ੍ਰਿਆ ਚਰਿੱਤਰ ਸੰਕਲਿਤ ਹਨ। ਇਨ੍ਹਾਂ ਦਾ ਵਿਸ਼ਾ ਵਸਤੂ ਭਾਵੇਂ ਨਾਰੀ ਚਰਿੱਤਰ ਦੇ ਭਰਮਾਊ ਅਤੇ ਭੜਕਾਊ ਪੱਖ ਨੂੰ ਉਗਾੜਨਾ ਹੈ, ਤਾਂ ਜੋ ਸਿੱਖ ਇਸਤਰੀ ਪ੍ਰਤੀ ਇਨ੍ਹਾਂ ਕਮਜ਼ੋਰੀਆਂ ਤੋਂ ਸੁਚੇਤ ਹੋ ਸਕਣ ਅਤੇ ਸੁਪਨੇ ਵਿੱਚ ਵੀ ਪਰਾਈ ਇਸਤਰੀ ਨੂੰ ਆਪਣੇ ਧਿਆਨ ਦਾ ਕੇਂਦਰ ਨਾ ਬਣਾਉਣ, ਸਗੋਂ ਨਿੱਜ ਨਾਰੀ ਨਾਲ ਆਪਣੇ ਪ੍ਰੀਤ ਦੇ ਰਿਸ਼ਤੇ ਨੂੰ ਸਦਿਆਰੀ ਭਾਂਤ ਨਿਭਾਉਣ ਦਾ ਯਤਨ ਕਰਨ। ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਇਸ ਸਾਰੀ ਮਹਾਨ ਰਚਨਾ ਨੂੰ ਜਿਸ ਦਾ ਬਹੁਤ ਸਾਰਾ ਭਾਗ ਸੁਰੱਖਿਅਤ ਪ੍ਰਾਪਤ ਹੋ ਸਕਿਆ ਨੂੰ ਆਪ ਜੀ ਦੇ ਨਿਕਟਵਰਤੀ ਸੇਵਕ ਅਤੇ ਪ੍ਰਬੀਨ ਮਹਾਂਗਿਆਨੀ ਸਾਹਿਤਕਾਰ ਭਾਈ ਮਨੀ ਸਿੰਘ ਜੀ ਨੇ ਦਸਮ ਗ੍ਰੰਥ ਦੇ ਰੂਪ ਵਿੱਚ ਸੰਕਲਿਤ ਕਰ ਦਿੱਤਾ। ਆਦਿ ਗ੍ਰੰਥ ਸਮਾਨ ਦਸਮ ਗ੍ਰੰਥ ਵੀ ਭਾਰਤ ਦੇ ਸਾਹਿਤ ਦਾ ਮਹਾਨ ਵਿਰਸਾ ਹੈ। ਆਨੰਦਪੁਰ ਸਾਹਿਬ ਅਤੇ ਵਿਸ਼ੇਸ਼ ਕਰਕੇ 1686 ਤੋਂ ਪਿਛੋਂ ਪਾਊਂਟਾ ਸਾਹਿਬ ਦੇ ਨਿਵਾਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਸਾਰੇ ਭਾਰਤ ਵਿਚੋਂ ਚੋਣਵੇਂ ਕਵੀ ਅਤੇ ਸਾਹਿਤਕਾਰ ਗੁਰੂ ਜੀ ਦੀ ਹਜ਼ੂਰੀ ਵਿੱਚ ਆ ਗਏ ਸਨ। ਵਿਸ਼ੇਸ਼ ਕਰਕੇ 52 ਕਵੀਆਂ ਦਾ ਵਰਣਨ ਮਿਲਦਾ ਹੈ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ 'ਦਰਬਾਰੀ ਰਤਨ' ਕਰਕੇ ਜਾਣਿਆ ਜਾਂਦਾ ਹੈ। ਭਾਈ ਨੰਦ ਲਾਲ ਜੀ ਵਰਗੇ ਪ੍ਰਸਿੱਧ ਫਾਰਸੀ ਸ਼ਾਇਰ ਤੋਂ ਬਿਨਾਂ ਸੈਨਾਪਤ, ਲਖਨ, ਕਾਂਸ਼ੀਰਾਮ, ਅਨੀਰਾਏ ਸੁਖਦੇਵ, ਹੰਸਰਾਜ, ਨੰਦ ਲਾਲ, ਪਿੰਡੀ ਦਾਸ, ਗੋਪਾਲ ਆਦਿ ਪ੍ਰਮੁੱਖ ਕਵੀਜਨ ਗੁਰੂ ਜੀ ਦੇ ਹਜ਼ੂਰੀ ਸਾਹਿਤ ਰਤਨ ਸਨ। ਆਪ ਜੀ ਨੇ ਇਨ੍ਹਾਂ ਕਵੀਆਂ ਦੀ ਜਿੱਥੇ ਸਰਪ੍ਰਸਤੀ ਕੀਤੀ, ਉੱਥੇ ਇਨ੍ਹਾਂ ਤੋਂ ਮਹਾਂਭਾਰਤ ਅਤੇ ਹੋਰ ਪੁਰਾਤਨ ਸੰਸਕ੍ਰਿਤ ਸਾਹਿਤ ਦੇ ਅਨੁਵਾਦ ਵੀ ਕਰਵਾਏ ਅਤੇ ਖੁੱਲ੍ਹੇ ਦਿਲ ਨਾਲ ਇਨ੍ਹਾਂ ਦੀ ਮਾਇਕ ਸਹਾਇਤਾ ਵੀ ਕੀਤੀ। ਬਹੁਤ ਵੱਡੇ ਇਨਾਮ ਵੀ ਇਨ੍ਹਾਂ ਨੂੰ ਬਖਸ਼ੇ। ਕੇਵਲ ਏਨਾ ਹੀ ਨਹੀਂ ਗੁਰੂ ਜੀ ਦੇ ਦਰਬਾਰ ਵਿੱਚ ਕਈ ਅਜਿਹੇ ਲਿਖਾਰੀ ਵੀ ਮੌਜੂਦ ਸਨ, ਜੋ ਗੁਰੂ ਸਾਹਿਬਾਨ



Sri Satguru Jagjit Singh Ji Elibrary NamdhariElibrary@gmail.com

ਅਤੇ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਦਾ ਸੁੰਦਰ ਉਤਾਰਾ ਕਰਕੇ ਜਿੱਥੇ ਸਾਹਿਤ ਦੇ ਪ੍ਰਚਾਰ ਦਾ ਵੱਡਮੁੱਲਾ ਪ੍ਰਸਾਰ ਕਰ ਰਹੇ ਸਨ, ਉੱਥੇ ਆਪਣੀ ਉਪਜੀਵਿਕਾ ਵੀ ਪ੍ਰਾਪਤ ਕਰਦੇ ਸਨ। ਸਿੱਖ ਇਤਿਹਾਸ ਵਿੱਚ ਇਸ ਗੱਲ ਦਾ ਵਰਣਨ ਮੌਜੂਦ ਹੈ ਕਿ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਦਾ ਇੱਕ ਬਹੁਤ ਵੱਡਾ ਸੰਗ੍ਰਹਿ ਜੋ 'ਵਿੱਦਿਆ ਸਾਗਰ' ਨਾਮ ਦਾ 9 ਮਣ ਦਾ ਵਜ਼ਨੀ ਗ੍ਰੰਥ ਸੀ, ਆਨੰਦਪੁਰ ਛੱਡਣ ਪਿਛੋਂ ਦਰਿਆ ਸਤਲੁੱਜ ਦੀ ਭੇਟ ਹੋ ਗਿਆ। ਇਨ੍ਹਾਂ ਰਚਨਾਵਾਂ ਵਿੱਚੋਂ ਵਿਰੋਲਿਤਰੀਆਂ ਹੀ ਬਚੀਆਂ ਹਨ, ਜਿਨ੍ਹਾਂ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਏਡਾ ਵੱਡਾ ਵਿਸ਼ਾਲ ਸਾਹਿਤਕ ਭੰਡਾਰ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਵਿੱਚ ਰਚਿਆ ਗਿਆ ਸੀ। ਸੱਚ ਤਾਂ ਇਹ ਹੈ ਕਿ ਆਪ ਕ੍ਰਾਂਤੀ ਅਤੇ ਸ਼ਾਂਤੀ ਦੇ ਇਤਨੇ ਵੱਡੇ ਸਰੋਤ ਸਨ ਕਿ ਜੋ ਕੋਈ ਵੀ ਸਿੱਖ ਭਗਤ ਉਨ੍ਹਾਂ ਦੀ ਸ਼ਰਨ ਵਿੱਚ ਆਇਆ, ਉਨ੍ਹਾਂ ਦੇ ਵਿਅਕਤਿੱਤਵ ਦੀ ਪਾਰਸ਼ਮਈ ਛੋਹ ਨੂੰ ਪ੍ਰਾਪਤ ਕਰਕੇ ਜਾਂ ਤਾਂ ਬਲਕਾਰ ਯੋਧਾ ਬਣ ਗਿਆ ਜਾਂ ਫਿਰ ਉੱਚ-ਕੋਟੀ ਦਾ ਕਵੀ ਅਤੇ ਸਾਹਿਤਕਾਰ। ਆਪ ਜੀ ਤੋਂ ਹੀ ਪੰਜਾਬ ਦੇ ਸਾਹਿਤਕ ਇਤਿਹਾਸ ਵਿੱਚ ਨਿਰਮਲਾ ਅਤੇ ਗਿਆਨੀ ਸੰਪਰਦਾਵਾਂ ਦਾ ਮੁੱਢ ਬੱਝਾ। 'ਉਦਾਸੀ' ਸੰਪਰਦਾਇ ਪਹਿਲਾਂ ਹੀ ਮੌਜੂਦ ਸੀ। ਜਿਸ ਨੇ ਗੁਰਮਤਿ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵੱਡੀ ਸਾਹਿਤਕ ਦੇਣ ਭਾਈ ਮਨੀ ਸਿੰਘ ਵਰਗੇ ਪ੍ਰਮੁੱਖ ਵਿਦਵਾਨ ਅਤੇ ਗਿਆਨੀ ਦੇ ਸਹਿਯੋਗ ਨਾਲ ਦਮਦਮਾ ਸਾਹਿਬ ਵਿਖੇ ਸਿੱਖੀ ਦੇ ਪਾਸਾਰ ਅਤੇ ਪ੍ਰਚਾਰ ਲਈ ਇੱਕ ਟਕਸਾਲ ਕਾਇਮ ਕੀਤੀ ਗੁਰਬਾਣੀ ਅਤੇ ਸਿੱਖ ਸਾਹਿਤ ਬਾਰੇ। ਜਿਸ ਸਥਾਨ ਨੂੰ ਗੁਰੂ ਕੀ ਕਾਸ਼ੀ ਕਰਕੇ ਵੀ ਜਾਣਿਆ ਜ਼ਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਵਿੱਚ ਰਚੇ ਗਏ ਵਿਵਿਧ ਪ੍ਰਕਾਰ ਦੇ ਸਾਹਿਤ ਬਾਰੇ ਪ੍ਰੋ: ਪਿਆਰਾ ਸਿੰਘ ਪਦਮ ਨੇ ਆਪਣੀਆਂ ਪੁਸਤਕਾਂ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਤਨ ਅਤੇ 'ਗੋਬਿੰਦ ਸਾਗਰ' ਵਿੱਚ ਵੇਰਵੇ ਸਹਿਤ ਉਲੇਖ ਕੀਤਾ ਹੈ। ਇੱਥੇ ਕੇਵਲ ਗੋਬਿੰਦ ਸਾਗਰ ਵਿੱਚੋਂ ਇੱਕ ਹਵਾਲਾ ਦੇਣਾ ਹੀ ਕਾਫ਼ੀ ਹੋਵੇਗਾ :

[1*]"ਸਤਿਗੁਰਾਂ ਬੜੀ ਸੂਝ-ਬੂਝ ਅਤੇ ਦੂਰ-ਦ੍ਰਿਸ਼ਟੀ ਨਾਲ ਪਹਿਲੇ 50 ਉਪਨਿਸ਼ਦਾਂ ਦਾ ਭਾਖਾਨੁਵਾਦ ਕਰਾਇਆ ਜਿਸ ਦਾ ਆਧਾਰ ਦਾਰਾ ਸ਼ਿਕੋਹ ਵੱਲੋਂ 1657 ਈ: ਵਿੱਚ ਕਰਾਏ ਫ਼ਾਰਸੀ ਤਰਜਮੇ 'ਸਿਰਹਿ ਅਕਬਰ' ਨੂੰ ਬਣਾਇਆ ਗਿਆ ਸੀ, ਇਸ ਦਾ ਜ਼ਿਕਰ ਮੁੱਖ ਅਨੁਵਾਦਕ ਪ੍ਰਹਿਲਾਦਰਾਇ ਨੇ ਮੁੱਢ ਵਿੱਚ ਹੀ ਕੀਤਾ ਹੈ। ਇਸੇ ਤਰ੍ਹਾਂ ਮਹਾਂਭਾਰਤ ਦੇ 18 ਪਰਬਾਂ ਦੇ

[1*] ਪਿਆਰਾ ਸਿੰਘ ਪਦਮ, ਗੋਬਿੰਦ ਸਾਗਰ, ਪੰਨਾ 104-105



Sri Satguru Jagjit Singh Ji Elibrary NamdhariElibrary@gmail.com

ਛੰਦਬਧ ਅਨੁਵਾਦ ਵੱਖ-ਵੱਖ ਕਵੀਆਂ ਤੋਂ ਸਤਿਗੁਰਾਂ 1753 ਬਿ: ਤੱਕ ਸੰਪੂਰਨ ਕਰਵਾ ਲਏ ਸਨ। ਇਸ ਤੋਂ ਇਲਾਵਾ ਰਾਜਨੀਤਿਕ ਗ੍ਰੰਥਾਂ 'ਪੰਚਤੰਤਰ', 'ਹਿਤੋਪਦੇਸ ਅਤੇ ਚਾਣਕਾ ਨੀਤੀ' ਆਦਿ ਦੇ ਉਲਥੇ ਹੋਏ, ਜੋ ਕਿ ਪ੍ਰਾਪਤ ਹਨ। ਇਸ ਤਰ੍ਹਾਂ ਹਥਿਆਰਾਂ ਬਾਰੇ ਤੇ ਜੰਗ ਵਿੱਚ ਕੰਮ ਆਉਣ ਵਾਲੇ ਜਾਨਵਰਾਂ ਸੰਬੰਧੀ ਗ੍ਰੰਥ — ਬਾਜ਼ਨਾਮਾ, ਫੀਲਨਾਮਾ ਅਤੇ ਅਸਪਨਾਮਾ ਆਦਿ ਲਿਖਵਾਏ ਗਏ ਸਨ। 'ਪ੍ਰੇਮ ਅੰਬੋਧਿ' ਪੁਸਤਕ ਵਿੱਚ ਭਗਤਾਂ ਦੇ ਜੀਵਨ ਅੰਕਿਤ ਹਨ, ਇਹ ਵੀ 1750 ਬਿ: ਦੀ ਰਚਨਾ ਹੈ। ਕੁਝ ਕਵੀਆਂ ਨੇ ਦਾਰਸ਼ਨਿਕ ਰਚਨਾਵਾਂ ਰਚਣ ਦਾ ਉਪਰਾਲਾ ਕੀਤਾ ਹੈ, ਜਿਨ੍ਹਾਂ ਵਿੱਚ ਕਾਂਸ਼ੀ ਰਾਮ ਦੀ ਪਾਂਡਵ ਗੀਤਾ, ਗੋਪਾਲ ਦਾ ਅਨੁਭਉ ਪ੍ਰਕਾਸ਼ ਅਤੇ ਸੁਖਦੇਵ ਕਵੀ ਦਾ ਅਧਿਆਤਮਕ ਪ੍ਰਕਾਸ਼ ਗਿਣਿਆ ਜਾ ਸਕਦਾ ਹੈ। ਇਸ ਅਨੁਵਾਦ ਯੋਜਨਾ ਤੋਂ ਇਲਾਵਾ ਕਈ ਪ੍ਰਸਿੱਧ ਭਾਰਤੀ ਗ੍ਰੰਥਾਂ ਦਾ ਗੁਰਮੁਖੀ ਵਿੱਚ ਲਿਪੀਅੰਤਰਣ ਵੀ ਕਰਵਾਇਆ ਗਿਆ, ਜਿਵੇਂ ਕਿ 1753 ਬਿ: ਦਾ ਲਿਖਿਆ ਗੁਰਮੁਖੀ ਵਿੱਚ ਸੂਰਸਾਗਰ ਸਿੱਖ ਰੈਫ੍ਰੈਂਸ ਲਾਇਬਰੇਰੀ ਅੰਮ੍ਰਿਤਸਰ ਦੇ ਖਰੜਾ ਨੰਬਰ 5027 ਵਿੱਚ ਦਰਜ ਸੀ ਅਤੇ ਇਵੇਂ ਹੀ 5025 ਅਤੇ 5026 ਨੰਬਰ ਦੇ ਹਨੂਮਾਨ ਨਾਟਕ ਅਤੇ ਅਸ਼੍ਵਮੇਧ ਪਰਬ (ਟਹਿਕਨ) ਲਿਖਿਆ ਮਿਲਦਾ ਸੀ, ਪਰ ਹੁਣ ਇਹ ਮੌਜੂਦਾ ਘੱਲੂਘਾਰੇ ਵਿੱਚ ਸਭ ਕੁਝ ਲੁਪਤ ਹੋ ਗਿਆ। ਇਹ ਗ੍ਰੰਥ ਵਿੱਦਿਆ ਸਾਗਰ ਦਾ ਹਿੱਸਾ ਸਨ, ਜੋ ਵੱਡਆਕਾਰਾ ਸੀ, ਹਰ ਪੱਤਰੇ ਤੇ 33-34 ਸਤਰਾਂ ਲਿਖੀਆਂ ਸਨ।"

## ਗੁਰੂ ਜੀ ਦੀ ਯੁੱਧ ਨੀਤੀ ਅਤੇ ਸਫਲਤਾਵਾਂ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਿਵੇਂ ਆਪਣੇ ਸਿੱਖਾਂ ਨੂੰ ਮੁਗਲ ਹਾਕਮਾਂ ਨਾਲ ਸੰਘਰਸ਼ ਕਰਨ ਅਤੇ ਯੁੱਧ ਕਰਨ ਦੀ ਸ਼ਕਤੀ ਉਤਪੰਨ ਕਰਨ ਲਈ ਨਵਾਂ ਕ੍ਰਾਂਤੀਕਾਰੀ ਅਤੇ ਹਥਿਆਰਬੰਦ ਹੋਣ ਦਾ ਮਾਰਗ ਚੁਣਨਾ ਪਿਆ ਅਤੇ ਆਪਣੀ ਸੁਰੱਖਿਆ ਲਈ ਸੈਨਾ ਤਿਆਰ ਕਰਨੀ ਪਈ। ਆਪਣੇ ਸੈਨਿਕਾਂ ਨੂੰ ਉਚੇਰੇ ਸੈਨਿਕ ਅਭਿਆਸਾਂ ਦੁਆਰਾ ਨਿਪੁੰਨ ਕਰਕੇ ਉੱਚਕੋਟੀ ਦੇ ਬਲਕਾਰ ਯੋਧੇ ਤਿਆਰ ਕਰਨੇ ਪਏ, ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਵੀ ਇਹੋ ਲੋੜ ਸੀ ਕਿ ਸਿੱਖਾਂ ਦੀ ਸੈਨਿਕ ਸ਼ਕਤੀ ਨੂੰ ਮਜ਼ਬੂਤ ਕੀਤਾ ਜਾਵੇ। ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿਛੋਂ ਅਤੇ ਉਨ੍ਹਾਂ ਦੇ ਸਮੇਂ ਵੀ 1635 ਤੋਂ ਪਿਛੋਂ ਮੁਗਲ ਹਾਕਮਾਂ ਨਾਲ ਕੋਈ ਵੱਡੀ ਟੱਕਰ ਨਹੀਂ ਸੀ ਹੋਈ। ਫਿਰ ਵੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿਛਲੇ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਸੈਨਿਕਾਂ ਦੇ ਬਲ ਨੂੰ ਬਣਾਈ ਰੱਖਿਆ। ਸੱਤਵੀਂ ਪਾਤਸ਼ਾਹੀ ਤੋਂ ਲੈ ਕੇ



Sri Satguru Jagjit Singh Ji Elibrary NamdhariElibrary@gmail.com

ਨੌਵੀਂ ਪਾਤਸ਼ਾਹੀ ਤੱਕ ਗੁਰੂ ਘਰ ਦੀ ਫ਼ੌਜ ਨੂੰ ਭਾਵੇਂ ਕੋਈ ਲੜਾਈ ਨਹੀਂ ਲੜਨੀ ਪਈ, ਪਰ ਗੁਰੂ ਘਰ ਦੀ ਸੈਨਿਕ ਸ਼ਕਤੀ ਅਤੇ ਸੈਨਿਕ ਸਾਜ਼-ਸਾਮਾਨ ਘੋੜੇ, ਅਸਤਰ, ਸ਼ਸਤਰ ਸਭ ਗੁਰੂ ਘਰ ਵਿੱਚ ਪੁੱਜਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਜਿੱਥੇ ਆਪ ਯੁੱਧ ਕੌਸ਼ਲ ਵਿੱਚ ਪ੍ਰਬੀਨ ਸਨ, ਉੱਥੇ ਆਪ ਇੱਕ ਨਿਪੁੰਨ ਸੈਨਾਪਤੀ ਵੀ ਸਨ। ਆਪ ਜੀ ਦਾ ਰਾਜਨੀਤਿਕ ਦ੍ਰਿਸ਼ਟੀਕੋਣ ਵੀ ਬੜਾ ਸਪੱਸ਼ਟ ਸੀ। ਉਹ ਸੀ-ਭਾਰਤ ਵਿੱਚ ਗੈਰ-ਇਸਲਾਮੀ ਧਰਮਾਂ ਦੀ ਸੁਰੱਖਿਆ ਅਤੇ ਇੱਕ ਸਾਂਝਾ ਮੰਚ ਰਚ ਕੇ ਮੁਗਲਾਂ ਦੀ ਦਮਨ ਨੀਤੀ ਦਾ ਟਾਕਰਾ ਕਰਨਾ। ਭਾਵੇਂ ਸਿੱਖ ਗੁਰੂ ਸਾਹਿਬਾਨ ਦਾ ਕਾਰਜ ਖੇਤਰ ਦਾ ਆਧਾਰ ਵਿਸ਼ੇਸ਼ ਕਰਕੇ ਪੰਜਾਬ ਦਾ ਹੀ ਇਲਾਕਾ ਸੀ ਅਤੇ ਉਹ ਵੀ ਲਾਹੌਰ ਤੋਂ ਪੂਰਬ ਵੱਲ ਦਾ ਸਥਾਨ, ਪਰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਗੁਰੂ ਸਾਹਿਬਾਨ ਦਾ ਸਮੁੱਚਾ ਦ੍ਰਿਸ਼ਟੀਕੋਣ ਰਾਸ਼ਟਰਵਾਦੀ ਸੀ। ਬਾਬਰ ਬਾਣੀ ਦੇ ਸ਼ਬਦਾਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਦੁਰਦਸ਼ਾ ਬਾਰੇ ਕਿਹਾ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਅਤੇ
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ॥
ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨਾ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ ਕੁਇਰ ਨ ਰੋਟੀ ਖਾਇ॥

ਗੁਰੂ ਨਾਨਕ ਬਾਣੀ ਦੀਆਂ ਉਪਰੋਕਤ ਪੰਗਤੀਆਂ ਗੁਰੂ ਸਾਹਿਬਾਨ ਦੇ ਰਾਜਨੀਤਿਕ ਉਦੇਸ਼ਾਂ ਦਾ ਸਪੱਸ਼ਟ ਭਾਂਤ ਵਰਣਨ ਕਰਦੀਆਂ ਹਨ। ਜਿੱਥੇ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਰਾਜਨੀਤਿਕ ਤੌਰ ਤੇ ਸੁਚੇਤ ਕੀਤਾ, ਉੱਥੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿਛਲੇ ਗੁਰੂ ਸਾਹਿਬਾਨ ਨੇ ਹਾਕਮ ਸ਼੍ਰੇਣੀ ਦੀ ਦਮਨਕਾਰੀ ਨੀਤੀ ਵਿਰੁੱਧ ਸੰਘਰਸ਼ ਦਾ ਰਾਹ ਚੁਣਿਆ। ਜੇਕਰ ਇਸ ਕਾਲ ਦੀਆਂ ਇਤਿਹਾਸਕ ਪ੍ਰਸਥਿਤੀਆਂ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਗੁਰੂ ਸਾਹਿਬ ਦਾ ਮਨੋਰਥ ਭਾਵੇਂ ਸਮਾਨਾਂਤਰ ਰਾਜ ਸਿਰਜਣ ਦਾ ਨਹੀਂ ਸੀ, ਪਰ ਵਾਸਤਵ ਵਿੱਚ ਗੁਰੂ ਸਾਹਿਬਾਨ ਦੇ ਸਮਾਜਿਕ ਅਤੇ ਧਾਰਮਿਕ ਕਾਰਜਾਂ ਦੇ ਪਿਛੋਕੜ ਵਿੱਚ ਰਾਜਨੀਤਿਕ ਉਦੇਸ਼ ਵੀ ਵਿਦਮਾਨ ਸਨ। ਗੁਰੂ ਸਾਹਿਬ ਨੇ ਅਧਿਆਤਮਿਕ ਤੰਤਰ ਦੁਆਰਾ ਇੱਕ ਅਜਿਹਾ ਧਾਰਮਿਕ ਮੰਡਲ ਸਿਰਜ ਦਿੱਤਾ ਸੀ, ਜਿਸ ਨੂੰ ਸੁਤੰਤਰ ਅਧਿਆਤਮਿਕ ਗਣਰਾਜ ਕਹਿਣਾ ਵਧੇਰੇ ਉੱਚਿਤ



Sri Satguru Jagjit Singh Ji Elibrary NamdhariElibrary@gmail.com

ਹੋਵੇਗਾ। ਗੁਰੂ ਗੋਬਿੰਦ ਸਿੰਘ ਜੀ ਦੇ ਰਾਜਨੀਤਿਕ ਉਦੇਸ਼ ਵੀ ਇਸੇ ਇਤਿਹਾਸਕ ਵਿਰਸੇ ਦੀ ਦੇਣ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਕੱਟੜ ਧਾਰਮਿਕ ਰਾਜ ਦੇ ਵਿਰੁੱਧ ਸਨ ਅਤੇ ਉਹ ਮੁਗਲ ਹਾਕਮਾਂ ਦੀ ਅਜਿਹੀ ਧਾਰਮਿਕ ਕੱਟੜਪੰਥੀ ਨੀਤੀ ਦੇ ਵਿਰੁੱਧ ਕੌਮ ਨੂੰ ਜਾਗਰੂਕ ਕਰਨਾ ਚਾਹੁੰਦੇ ਸਨ। ਹਰ ਪ੍ਰਕਾਰ ਦੀ ਸਮਾਜਿਕ ਬਰਾਬਰੀ ਅਤੇ ਸਮਾਜਿਕ ਨਿਆਂ ਵਾਲੇ ਪੱਖ ਭਾਂਤ ਰਹਿਤ ਰਾਜਨੀਤਿਕ ਸਾਸ਼ਨ ਦੀ ਸਥਾਪਨਾ ਉਨ੍ਹਾਂ ਦਾ ਪ੍ਰਮੁੱਖ ਉਦੇਸ਼ ਸੀ। ਇਸੇ ਮਨੋਰਥ ਨੂੰ ਮੁੱਖ ਰੱਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਬੰਨ੍ਹੇ ਮੁਗਲਾਂ ਦੇ ਏਕਾਅਧਿਕਾਰ ਦਾ ਟਾਕਰਾ ਕੀਤਾ ਅਤੇ ਦੂਜੇ ਬੰਨ੍ਹੇ ਭਾਰਤ ਵਿਚਲੀਆਂ ਗੈਰ-ਮੁਸਲਿਮ ਧਾਰਮਿਕ ਇਕਾਈਆਂ ਨੂੰ ਇੱਕ-ਸੂਤਰ ਵਿੱਚ ਪ੍ਰੋ ਕੇ ਰਾਸ਼ਟਰੀ ਮੰਚ ਨੂੰ ਉਸਾਰਨ ਦਾ ਯਤਨ ਕੀਤਾ। ਇਸੇ ਉਦੇਸ਼ ਦੀ ਪੂਰਤੀ ਲਈ ਆਪ ਜੀ ਨੇ ਆਪਣੇ ਰਚੇ ਸਾਹਿਤ ਅਤੇ ਸਮਾਜਿਕ, ਰਾਜਨੀਤਿਕ ਯਤਨਾਂ ਰਾਹੀਂ ਪਹਾੜੀ ਰਾਜਿਆਂ ਨੂੰ ਮੁਗਲਾਂ ਦੀ ਸ਼ਕਤੀ ਵਿਰੁੱਧ ਲਾਮਬੰਦ ਕਰਨ ਦਾ ਯਤਨ ਕੀਤਾ, ਪਰ ਹਰ ਇੱਕ ਰਿਆਸਤ ਦੇ ਰਾਜੇ ਦੇ ਆਪਣੇ-ਆਪਣੇ ਵਿਸ਼ੇਸ਼ ਹਿੱਤ ਸਨ, ਜਿਨ੍ਹਾਂ ਨੂੰ ਮੁੱਖ ਰੱਖ ਕੇ ਉਹ ਕਦੀ ਮੁਗ਼ਲਾਂ ਨੂੰ ਕਰ ਭਰ ਦਿੰਦੇ ਅਤੇ ਕਦੀ ਉਨ੍ਹਾਂ ਵਿਰੁੱਧ ਲੜਾਈ ਲਈ ਵੀ ਤਿਆਰ ਹੋ ਜਾਂਦੇ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੈਨਿਕ ਉਦੇਸ਼ਾਂ ਦੀ ਪੂਰਤੀ ਲਈ ਸਿੱਖ ਸੈਨਿਕ ਸ਼ਕਤੀ ਨੂੰ ਕਾਫ਼ੀ ਮਜ਼ਬੂਤ ਕਰ ਲਿਆ ਸੀ। ਘੋੜਿਆਂ, ਅਸਤਰਾਂ, ਸ਼ਸਤਰਾਂ ਦੇ ਭੰਡਾਰ ਭਰ ਲਏ ਸਨ ਅਤੇ ਆਪਣੇ ਸਿੱਖ ਸੈਨਿਕਾਂ ਵਿੱਚ ਨਿਰਭੈ ਯੋਧਿਆਂ ਵਾਲੀ ਬੀਰਤਾ ਭਰ ਦਿੱਤੀ ਸੀ। ਇੱਥੋਂ ਤੱਕ ਕਿ ਗੁਰੂ ਸਾਹਿਬ ਦੀ ਸੈਨਿਕ ਅਗਵਾਈ ਅਤੇ ਪਕਿਆਈ ਨੂੰ ਵੇਖ ਕੇ ਕਈ ਮੁਸਲਮਾਨ ਯੋਧੇ ਉਨ੍ਹਾਂ ਦੀ ਫੌਜ ਵਿੱਚ ਆ ਭਰਤੀ ਹੋਏ ਸਨ। ਸੱਚ ਤਾਂ ਇਹ ਹੈ ਕਿ ਸਮੁੱਚੇ ਭਾਰਤ ਵਿੱਚ ਸਭ ਪ੍ਰਚੱਲਿਤ ਧਰਮਾਂ ਵਿੱਚ ਦੋ ਤਰ੍ਹਾਂ ਦੇ ਦ੍ਰਿਸ਼ਟੀਕੋਣ ਪ੍ਰਧਾਨ ਸਨ — ਇੱਕ ਕੱਟੜ ਪ੍ਰਸਤਾ ਵਾਲਾ ਦ੍ਰਿਸ਼ਟੀਕੋਣ ਸੀ, ਜੋ ਸੈਨਿਕ ਬਲ ਦੁਆਰਾ ਆਪਣੇ ਧਰਮ ਨੂੰ ਫੈਲਾਉਣਾ ਚਾਹੁੰਦਾ ਸੀ। ਬਹੁਤ ਸਾਰੇ ਮੁਸਲਮਾਨ ਹਾਕਮਾਂ ਦੀ ਇਹੋ ਹੀ ਵਿਸ਼ੇਸ਼ ਨੀਤੀ ਸੀ, ਪਰ ਕਦੀ-ਕਦੀ ਜਦੋਂ ਅਕਬਰ ਵਰਗੇ ਉਦਾਰਚਿੱਤ ਸਮਰਾਟ ਸ਼ਾਸਨ ਸੰਭਾਲਦੇ ਤਾਂ ਉਹ ਵੀ ਗੁਰੂ ਸਾਹਿਬਾਨ ਨਾਲ ਉਦਾਰਚਿੱਤ ਵਿਹਾਰ ਨਾਲ ਪੇਸ਼ ਆਉਂਦੇ। ਅਜਿਹੀਆਂ ਹਾਲਤਾਂ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਰਾਜਸੀ ਰਣਨੀਤੀ ਬਣਾਉਣੀ ਪਈ ਸੀ। 1699 ਤੱਕ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਅਤੇ ਮੁਗਲ ਸੈਨਾ ਨਾਲ ਇਕੱਲਿਆਂ ਇਕੱਲਿਆਂ ਅਤੇ ਕਈ ਵਾਰ ਹਿੰਦੂ ਰਾਜਿਆਂ ਨਾਲ ਮਿਲ ਕੇ ਵੱਖ-ਵੱਖ ਯੁੱਧ ਲੜਨੇ ਪਏ। ਮੁਗਲ ਹਾਕਮ ਇਹ ਨਹੀਂ ਸਨ ਚਾਹੁੰਦੇ ਕਿ



Sri Satguru Jagjit Singh Ji Elibrary NamdhariElibrary@gmail.com

ਗੁਰੂ ਜੀ ਇੱਕ ਬਲਵਾਨ ਰਾਜਨੀਤਿਕ ਸ਼ਕਤੀ ਸੰਪੰਨ ਹੋ ਕੇ ਲੋਕਾਂ ਦੀ ਧਰਮ ਤੋਂ ਬਿਨਾਂ ਹੋਰ ਖੇਤਰ ਵਿੱਚ ਅਗਵਾਈ ਕਰਨ। ਹਿੰਦੂ ਰਾਜੇ ਵੀ ਅਨੁਭਵ ਕਰਨ ਲੱਗ ਪਏ ਸਨ ਕਿ ਗੁਰੂ ਜੀ ਆਪਣੀ ਸੈਨਿਕ ਸ਼ਕਤੀ ਰਾਹੀਂ ਨਿਸ਼ਾਨ ਅਤੇ ਨਗਾਰਾ ਰੱਖ ਕੇ ਆਪਣੀ ਪ੍ਰਭੁਤਾ ਸਥਾਪਿਤ ਕਰ ਰਹੇ ਹਨ। ਇਹੋ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਵਿਸ਼ੇਸ਼ ਇਤਿਹਾਸਕ ਪ੍ਰਸਥਿਤੀਆਂ ਵਿੱਚ ਕੇਵਲ ਅਵਸਰਵਾਦੀ ਸਹਿਯੋਗ ਹੀ ਮਿਲਦਾ ਰਿਹਾ ਅਤੇ ਪਹਾੜੀ ਰਾਜੇ ਕਦੀ ਵੀ ਸੱਚੇ ਦਿਲੋਂ ਕੁਝ ਇੱਕ ਨੂੰ ਛੱਡ ਕੇ ਮੁਗਲਾਂ ਵਿਰੁੱਧ ਸੰਗਰਾਮ ਲਈ ਉਨ੍ਹਾਂ ਨਾਲ ਨਾ ਖੜ੍ਹ ਸਕੇ। ਸਗੋਂ ਜਿਵੇਂ ਕਿ ਅਠਾਰਵੀਂ ਸਦੀ ਦੇ ਆਰੰਭਿਕ ਸਾਲਾਂ ਦੇ ਸਮਾਚਾਰਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਨੂੰ ਅਨੰਦਪੁਰ ਛੱਡਣ ਲਈ ਮਜ਼ਬੂਰ ਕਰਨ ਸਮੇਂ ਉਹ ਵੀ ਮੁਗਲਾਂ ਦੇ ਨਾਲ ਇੱਕ ਵਿਰੋਧੀ ਧਿਰ ਵਜੋਂ ਗੁਰੂ ਜੀ ਦੇ ਵਿਰੁੱਧ ਖੜ੍ਹ ਗਏ ਸਨ।

1699 ਤੋਂ ਪਹਿਲਾਂ ਦੇ ਸਮੇਂ ਜਦੋਂ ਗੁਰੂ ਜੀ ਨੇ ਕੁਝ ਸਮੇਂ ਲਈ ਰਾਜਾ ਮੈਦਨੀ ਪ੍ਰਕਾਸ਼ ਦੀ ਬੇਨਤੀ ਉੱਤੇ ਉਸ ਨਾਲ ਮਿਲ ਕੇ ਪਾਉਂਟੇ ਸਾਹਿਬ ਦੇ ਕਿਲ੍ਹੇ ਦਾ ਨਿਰਮਾਣ ਕੀਤਾ ਸੀ, ਤਾਂ ਇੱਥੇ ਹੀ ਇਸੇ ਇਲਾਕੇ ਵਿੱਚ ਹੀ ਗੁਰੂ ਜੀ ਨੂੰ ਕੁਝ ਯੁੱਧ ਹਿੰਦੂ ਰਾਜਿਆਂ ਅਤੇ ਮੁਗਲ ਸੈਨਾ ਵਿਰੁੱਧ ਲੜਨੇ ਪਏ ਸਨ। 1688 ਤੋਂ ਲੈ ਕੇ 1696 ਤੱਕ ਗੁਰੂ ਜੀ ਨੂੰ ਜਿਹੜੇ ਵਿਸ਼ੇਸ਼ ਯੁੱਧਾਂ ਅਤੇ ਲੜਾਈਆਂ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਦਾ ਵੇਰਵਾ ਨਿਮਨਲਿਖਿਤ ਹੈ :

### [1*]1. ਭੰਗਾਣੀ ਯੁੱਧ

22 ਦਸੰਬਰ, 1688 ਨੂੰ ਪਹਾੜੀ ਰਾਜਿਆਂ ਨਾਲ ਭੰਗਾਣੀ ਦੇ ਸਥਾਨ 'ਤੇ ਹੋਇਆ ਯੁੱਧ ਇਤਿਹਾਸਕ ਮਹਾਨਤਾ ਵਾਲਾ ਗੁਰੂ ਜੀ ਦਾ ਪਹਿਲਾ ਸੰਗਰਾਮ ਸੀ। ਇਸ ਦੇ ਕਈ ਕਾਰਨ ਦੱਸੇ ਜਾਂਦੇ ਹਨ, ਜਿਵੇਂ ਭੀਮ ਚੰਦ ਦੇ ਪੁੱਤਰ ਅਜਮੇਰ ਚੰਦ ਦੇ ਰਾਜਾ ਫ਼ਤਹਿ ਸ਼ਾਹ ਦੀ ਪੁੱਤਰੀ ਦੇ ਵਿਆਹ ਦੇ ਸਮਾਚਾਰ, ਜਿਸ ਵਿੱਚ ਸਿੱਖਾਂ ਨੇ ਬਰਾਤੀਆਂ ਨੂੰ ਪਾਉਂਟੇ ਦੇ ਮਾਰਗ ਤੋਂ ਲੰਘਣ ਦੀ ਆਗਿਆ ਨਹੀਂ ਸੀ ਦਿੱਤੀ। ਗੁਰੂ ਸਾਹਿਬ ਦੀ ਮਜ਼ਬੂਤ ਸੈਨਿਕ ਸ਼ਕਤੀ ਤੋਂ ਵੀ ਪਹਾੜੀ ਰਾਜੇ ਭੈ ਖਾ ਕੇ ਇੰਝ ਅਨੁਭਵ ਕਰਨ ਲੱਗ ਪਏ ਸਨ ਕਿ ਗੁਰੂ ਜੀ ਕਿਤੇ ਸੁਤੰਤਰ ਰਾਜ ਸਥਾਪਿਤ ਨਾ ਕਰ ਲੈਣ। ਉਹ ਮੁਗਲਾਂ ਨਾਲ ਵੀ ਸਿੱਧਾ ਵੈਰ ਸੁਹੇੜਨ ਤੋਂ ਡਰਦੇ ਸਨ। ਭੀਮ ਚੰਦ ਅਤੇ ਗੁਰੂ ਸਾਹਿਬ ਦੀ ਪੁਰਾਣੀ ਦੁਸ਼ਮਣੀ ਦਾ ਵੀ ਇਸ ਵਿੱਚ ਕੁਝ ਹੱਥ ਸੀ। ਇਸ ਯੁੱਧ ਵਿੱਚ ਗੜ੍ਹਵਾਲ ਦਾ ਰਾਜਾ ਫ਼ਤਹਿ ਸ਼ਾਹ, ਕਾਂਗੜੇ ਦਾ ਰਾਜਾ ਕਿਰਪਾਲ ਚੰਦ

---

[1*] ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1469-1799) ਪੰਨਾ 136



Sri Satguru Jagjit Singh Ji Elibrary NamdhariElibrary@gmail.com

ਜਸਵਾਲ ਦਾ ਰਾਜਾ ਕੇਸਰੀ ਚੰਦ, ਕੋਟਗੜ੍ਹ ਦਾ ਰਾਜਾ ਦਿਆਲ ਚੰਦ, ਨੂਰਪੁਰ ਦਾ ਰਾਜਾ ਦਿਆਲ ਸਿੰਘ, ਬਿਲਾਸਪੁਰ ਦਾ ਰਾਜਾ ਭੀਮ ਚੰਦ, ਗੁਲੇਰ ਦਾ ਰਾਜਾ ਗੋਪਾਲ ਚੰਦ ਅਤੇ ਕੋਟੀਛਾਲ ਦਾ ਰਾਜਾ ਹਰੀ ਚੰਦ ਸ਼ਾਮਲ ਹੋਏ। ਗੁਰੂ ਜੀ ਦੀ ਸੈਨਾ ਵਿੱਚ ਭਰਤੀ ਕੀਤੇ ਗਏ 500 ਪਠਾਣ, ਦੁਸ਼ਮਣ ਦੀ ਫ਼ੌਜ ਨਾਲ ਜਾ ਰਲੇ, ਪਰ ਸਢੌਰੇ ਦਾ ਪੀਰ ਬੁੱਧੂ ਸ਼ਾਹ ਆਪਣੇ ਚਾਰ ਪੁੱਤਰਾਂ ਅਤੇ 700 ਦੀ ਸੈਨਾ ਨੂੰ ਨਾਲ ਲੈ ਕੇ ਗੁਰੂ ਜੀ ਦੇ ਪੱਖ ਤੋਂ ਲੜਾਈ ਵਿੱਚ ਸ਼ਾਮਲ ਹੋਇਆ। ਦੁਸ਼ਮਣ ਦੀ ਸੈਨਾ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਇਸ ਯੁੱਧ ਵਿੱਚ ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਵੀ ਸ਼ਹੀਦ ਹੋ ਗਏ, ਪਰ ਗੁਰੂ ਜੀ ਦੇ ਸੈਨਿਕਾਂ ਨੇ ਜਿਸ ਦਲੇਰੀ ਨਾਲ 9 ਘੰਟੇ ਦੀ ਸਖ਼ਤ ਲੜਾਈ ਵਿੱਚ ਦੁਸ਼ਮਣ ਨੂੰ ਹਾਰ ਦਿੱਤੀ। ਗੁਰੂ ਜੀ ਦੀ ਇਸ ਪਹਿਲੀ ਇਤਿਹਾਸਕ ਜਿੱਤ ਨਾਲ ਸਭ ਦੇ ਮਨਾਂ ਉੱਤੇ ਗੁਰੂ ਸਾਹਿਬ ਦੀ ਬੀਰਤਾ ਅਤੇ ਅਦੁੱਤੀ ਅਗਵਾਈ ਦਾ ਸਿੱਕਾ ਬੈਠ ਗਿਆ। ਇਸ ਜਿੱਤ ਨਾਲ ਗੁਰੂ ਜੀ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਜੇਕਰ ਉਹ ਆਪਣੇ ਅਨੁਯਾਈਆਂ ਨੂੰ ਠੀਕ ਢੰਗ ਨਾਲ ਸੰਗਠਿਤ ਕਰ ਲੈਣ ਤਾਂ ਆਪ ਮੁਗਲਾਂ ਦੇ ਅੱਤਿਆਚਾਰਾਂ ਦਾ ਵੀ ਸਫਲਤਾ ਪੂਰਵਕ ਟਾਕਰਾ ਕਰ ਲੈਣਗੇ।

ਇਸ ਭੰਗਾਣੀ ਯੁੱਧ ਬਾਰੇ ਵਿਸਥਾਰ ਪੂਰਵਕ ਵਰਣਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪ੍ਰਸਿੱਧ ਰਚਨਾ ਬਚਿੱਤਰ ਨਾਟਕ ਵਿੱਚ ਕੀਤਾ ਹੈ। ਇਸ ਯੁੱਧ ਤੋਂ ਪਿਛੋਂ ਆਪ ਬਿਲਾਸਪੁਰ ਰਿਆਸਤ ਦੇ ਆਪਣੇ ਸਥਾਨ ਮਾਖੋਵਾਲ ਆ ਗਏ, ਜਿਸ ਦਾ ਨਾਮ ਹੁਣ ਬਦਲ ਕੇ ਆਨੰਦਪੁਰ ਰੱਖ ਦਿੱਤਾ ਗਿਆ। ਇੱਥੇ ਆ ਕੇ ਗੁਰੂ ਜੀ ਨੇ ਚਾਰ ਕਿਲਿਆਂ - ਫਤਿਹਗੜ੍ਹ, ਆਨੰਦਪੁਰ, ਕੇਸਗੜ੍ਹ ਅਤੇ ਲੋਹਗੜ੍ਹ ਦਾ ਨਿਰਮਾਣ ਕੀਤਾ।

### 2. ਨਦੌਣ ਦੀ ਜੰਗ

ਭੰਗਾਣੀ ਯੁੱਧ ਤੋਂ ਪਿਛੋਂ ਕੁਝ ਪਹਾੜੀ ਰਾਜਿਆਂ ਨੇ ਮੁਗਲਾਂ ਨੂੰ ਕਰ ਦੇਣਾ ਬੰਦ ਕਰ ਦਿੱਤਾ ਅਤੇ ਭੀਮ ਚੰਦ ਦੀ ਅਗਵਾਈ ਵਿੱਚ ਗੁਲੇਰ ਦੇ ਰਾਜੇ ਗੋਪਾਲ ਚੰਦ, ਜਸਵਾਲ ਦਾ ਰਾਜਾ ਕੇਸਰੀ ਚੰਦ, ਜਸਵਾਲ ਦਾ ਰਾਜਾ ਰਾਮ ਸਿੰਘ, ਧਦਵਾਲ ਦਾ ਰਾਜਾ ਪ੍ਰਿਥਵੀ ਚੰਦ ਅਤੇ ਜਸਰੋਟਾ ਦੇ ਰਾਜਾ ਸੁਖਦੇਵ ਨੇ ਇੱਕ ਸੰਘ ਬਣਾ ਲਿਆ।

ਇਨ੍ਹਾਂ ਰਾਜਿਆਂ ਵੱਲੋਂ ਕਰ ਨਾ ਦੇਣ ਉੱਤੇ ਜੰਮੂ ਦੇ ਮੁਗਲ ਸੂਬੇਦਾਰ ਮੀਆਂ ਖ਼ਾਂ ਨੇ ਅਲਫ਼ ਖ਼ਾਂ ਦੀ ਅਗਵਾਈ ਵਿੱਚ 1690 ਵਿੱਚ ਫ਼ੌਜ ਭੇਜੀ। ਨਦੌਣ ਦੇ ਸਥਾਨ ਤੇ ਇਸ ਫ਼ੌਜ ਨਾਲ ਪਹਾੜੀ ਰਾਜਿਆਂ ਦੀ ਲੜਾਈ ਹੋਈ। ਕਾਂਗੜੇ ਦੇ ਰਾਜੇ ਕਿਰਪਾਲ ਚੰਦ ਨੇ ਅਲਫ਼ ਖ਼ਾਂ ਦਾ ਸਾਥ ਦਿੱਤਾ, ਪਰ ਰਾਜਾ ਭੀਮ ਚੰਦ



Sri Satguru Jagjit Singh Ji Elibrary NamdhariElibrary@gmail.com

ਅਤੇ ਰਾਜਾ ਰਾਮ ਸਿੰਘ ਦੀ ਬੇਨਤੀ ਉੱਤੇ ਗੁਰੂ ਸਾਹਿਬ ਨੇ ਇਸ ਯੁੱਧ ਵਿੱਚ ਭਾਗ ਲਿਆ। ਗੁਰੂ ਸਾਹਿਬ ਦੇ ਸਿੱਖ ਇਸ ਯੁੱਧ ਵਿੱਚ ਬੜੀ ਬਹਾਦਰੀ ਨਾਲ ਲੜੇ। ਅਲਫ਼ ਖ਼ਾਂ ਲੜਾਈ ਦਾ ਮੈਦਾਨ ਛੱਡ ਕੇ ਭੱਜ ਗਿਆ। ਪਿਛੋਂ ਭੀਮ ਚੰਦ ਨੇ ਗੁਰੂ ਜੀ ਤੋਂ ਬਿਨਾਂ ਪੁੱਛੇ ਅਲਫ਼ ਖ਼ਾਂ ਨਾਲ ਸਮਝੌਤਾ ਕਰ ਲਿਆ।

ਇਸ ਪਿਛੋਂ ਜਦੋਂ ਔਰੰਗਜ਼ੇਬ ਨੂੰ ਦੱਖਣ ਵਿੱਚ ਇਨ੍ਹਾਂ ਹਾਰਾਂ ਦਾ ਪਤਾ ਲੱਗਾ ਤਾਂ ਉਸ ਨੇ ਲਾਹੌਰ ਅਤੇ ਸਰਹੰਦ ਦੇ ਫ਼ੌਜਦਾਰਾਂ ਨੂੰ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਭੇਜਿਆ। 1694 ਵਿੱਚ ਕਾਂਗੜੇ ਦੇ ਦਿਲਾਵਰ ਖ਼ਾਂ ਨੇ ਰੁਸਤਮ ਖ਼ਾਂ ਦੇ ਅਧੀਨ ਗੁਰੂ ਸਾਹਿਬ ਵਿਰੁੱਧ ਫ਼ੌਜ ਭੇਜੀ। ਜਦੋਂ ਉਨ੍ਹਾਂ ਦੇ ਸਿਆਲ ਦੀ ਇੱਕ ਰਾਤ ਨੂੰ ਸਤਲੁਜ ਨਦੀ ਨੂੰ ਪਾਰ ਕੀਤਾ ਤਾਂ ਆਲਮ ਚੰਦ ਨੇ ਗੁਰੂ ਜੀ ਨੂੰ ਇਸ ਮੁਹਿੰਮ ਦੀ ਸੂਚਨਾ ਦਿੱਤੀ। ਰਣਜੀਤ ਨਗਾਰਾ ਵਜਾਇਆ ਗਿਆ। ਸਿੱਖ ਵੈਰੀ ਦਲ ਦੇ ਟਾਕਰੇ ਲਈ ਇਕੱਠੇ ਹੋ ਗਏ। ਕੁਝ ਗੋਲਿਆਂ ਦੇ ਚੱਲਣ ਉੱਤੇ ਰੁਸਤਮ ਖ਼ਾਂ ਮੈਦਾਨ ਛੱਡ ਕੇ ਨੱਠ ਗਿਆ।

ਇੱਕ ਵਾਰ ਫਿਰ ਦਿਲਾਵਰ ਖ਼ਾਂ ਨੇ 1696 ਵਿੱਚ ਸਭ ਤੋਂ ਬਹਾਦਰ ਅਤੇ ਯੋਗ ਸੈਨਾ ਨਾਇਕ ਹੁਸੈਨ ਖ਼ਾਂ ਨੂੰ ਗੁਰੂ ਜੀ ਦੇ ਵਿਰੁੱਧ ਸੈਨਾ ਦੇ ਕੇ ਭੇਜਿਆ, ਪਰ ਉਸ ਨੂੰ ਵੀ ਹਾਰ ਦਾ ਮੂੰਹ ਵੇਖਣਾ ਪਿਆ। ਇਸ ਪਿਛੋਂ ਇੱਕ ਹੋਰ ਲਸ਼ਕਰ ਜੁਝਾਰ ਸਿੰਘ ਅਤੇ ਚੰਦੇਲ ਰਾਏ ਦੀ ਅਗਵਾਈ ਵਿੱਚ ਭੇਜਿਆ ਗਿਆ, ਪਰ ਉਸ ਦਾ ਵੀ ਉਹੋ ਹਸ਼ਰ ਹੋਇਆ।

ਔਰੰਗਜ਼ੇਬ ਨੇ ਆਪਣੇ ਸ਼ਹਿਜ਼ਾਦੇ ਮੁਅਜ਼ਮ ਨੂੰ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਲਈ ਭੇਜਿਆ, ਪਰ ਭਾਈ ਨੰਦ ਲਾਲ ਜੋ ਕਿਸੇ ਸਮੇਂ ਸਾਹਿਜ਼ਾਦੇ ਦਾ ਮੀਰ ਮੁੰਸ਼ੀ ਰਹਿ ਚੁੱਕਾ ਸੀ, ਦੇ ਸਮਝਾਉਣ ਉੱਤੇ ਗੁਰੂ ਜੀ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਗਈ। 1696 ਤੋਂ 1699 ਤੱਕ ਦਾ ਸਮਾਂ ਅਮਨ-ਸ਼ਾਂਤੀ ਨਾਲ ਬੀਤਿਆ ਅਤੇ ਇਸ ਵਿੱਚ ਗੁਰੂ ਸਾਹਿਬ ਨੇ ਮਸੰਦ ਪਰੰਪਰਾ ਜਿਸ ਦਾ ਆਰੰਭ ਗੁਰੂ ਰਾਮਦਾਸ ਜੀ ਨੇ ਕੀਤਾ ਸੀ ਅਤੇ ਜਿਸ ਦਾ ਮਜ਼ਬੂਤ ਸੰਗਠਨ ਗੁਰੂ ਅਰਜਨ ਦੇਵ ਜੀ ਨੇ ਪੱਕੇ ਪੈਰਾਂ ਤੇ ਖੜ੍ਹਾ ਕਰ ਦਿੱਤਾ ਸੀ।[1*] ਹੁਣ ਮਸੰਦਾਂ ਵਿੱਚ ਕਈ ਕਮਜ਼ੋਰੀਆਂ ਆ ਗਈਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਬੰਧ ਦਾ ਅੰਤ ਕਰ ਦਿੱਤਾ ਅਤੇ ਆਪਣੇ ਸਿੱਖਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਅੱਗੇ ਤੋਂ ਗੁਰੂ ਘਰ ਲਈ ਕਾਰ ਭੇਟਾ ਮਸੰਦਾਂ ਰਾਹੀਂ ਨਾ ਭੇਜਣਾ, ਸਗੋਂ ਸਿੱਧਿਆ ਹੀ ਜਦੋਂ ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਤਾਂ ਆਪਣੇ ਨਾਲ ਲੈ ਆਇਆ ਕਰਨ। ਦੋਸ਼ੀ ਮਸੰਦਾਂ ਨੂੰ ਗੁਰੂ ਸਾਹਿਬ

---

[1*] ਡਾ. ਹਰੀ ਰਾਮ ਗੁਪਤਾ, ਮਸੰਦ ਪਰੰਪਰਾ ਦਾ ਆਰੰਭ ਗੁਰੂ ਅਰਜਨ ਦੇਵ ਜੀ ਤੋਂ ਹੀ ਦੱਸਦੇ ਹਨ।

[1*] ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ 1, ਪੰਨਾ 130-31



Sri Satguru Jagjit Singh Ji Elibrary NamdhariElibrary@gmail.com

ਨੇ ਸਖ਼ਤ ਸਜ਼ਾਵਾਂ ਦਿੱਤੀਆਂ। ਇੱਥੋਂ ਤੱਕ ਕਿ ਕੁਝ ਦੋਸ਼ੀ ਮਸੰਦਾਂ ਨੂੰ ਤੇਲ ਪਾ ਕੇ ਸਾੜ ਦਿੱਤਾ ਗਿਆ। ਇਸ ਤਰ੍ਹਾਂ ਮਸੰਦ ਪ੍ਰਥਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਦਾ ਲਈ ਸਮਾਪਤ ਕਰ ਦਿੱਤਾ।

## ਨੈਣਾਂ ਦੇਵੀ ਵਿਖੇ ਹਵਨ ਯੱਗ

ਗੁਰੂ ਜੀ ਨੇ ਬਚਿੱਤਰ ਨਾਟਕ ਵਿੱਚ ਆਪਣੇ ਮਾਤ ਲੋਕ ਵਿੱਚ ਪ੍ਰਗਟ ਹੋਣ ਬਾਰੇ ਆਪਣੇ ਜੀਵਨ ਦਾ ਇੱਕ ਮੁੱਖ ਲਖਸ਼ ਅਕਾਲ ਪੁਰਖ ਦੇ ਹੁਕਮ ਅਨੁਸਾਰ ਪੰਥ ਪ੍ਰਗਟ ਕਰਨ ਦਾ ਦੱਸਿਆ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਆਪ ਸਮੁੱਚੀ ਭਾਰਤੀ ਕੌਮ ਵਿਸ਼ੇਸ਼ ਕਰਕੇ ਹਿੰਦੂ ਜਗਤ ਨੂੰ ਤੁਰਕ ਹਾਕਮਾਂ ਦੇ ਜ਼ੁਲਮ ਤੋਂ ਮੁਕਤੀ ਦਿਵਾਉਣਾ ਚਾਹੁੰਦੇ ਸਨ ਤਾਂ ਜੋ ਭਾਰਤੀ ਕੌਮ ਵਿੱਚ ਜ਼ੁਲਮ ਦਾ ਟਾਕਰਾ ਕਰਨ ਦਾ ਸਾਹਸ ਪੈਦਾ ਹੋ ਸਕੇ। ਔਰੰਗਜ਼ੇਬ ਦੇ ਦਾਰੁਲ ਇਸਲਾਮ ਦੀ ਨੀਤੀ ਦਾ ਢੁੱਕਵੇਂ ਤੌਰ ਤੇ ਟਾਕਰਾ ਕਰਨ ਲਈ ਕ੍ਰਾਂਤੀਕਾਰੀ ਸਰੂਪ ਵਾਲੇ ਪੰਥ ਦੀ ਸਿਰਜਣਾ ਜ਼ਰੂਰੀ ਸੀ। ਗੁਰੂ ਜੀ ਇਸ ਪੰਥ ਨੂੰ ਭਗਤੀ ਅਤੇ ਸ਼ਕਤੀ ਦਾ ਸੁਮੇਲ ਬਣਾ ਕੇ ਖਾਲਸੇ ਦੇ ਰੂਪ ਵਿੱਚ ਸੰਤ ਸਿਪਾਹੀ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਤਾਂ ਜੋ ਨਿਰਭੈ ਅਤੇ ਸਿਰਲੱਥ ਯੋਧਿਆਂ ਦੀ ਹਥਿਆਰਬੰਦ ਸੈਨਾ ਤਿਆਰ ਕੀਤੀ ਜਾ ਸਕੇ।

ਪਹਾੜੀ ਰਾਜਾਂ ਦੇ ਹਿੰਦੂ ਸਮਾਜ ਵਿੱਚ ਦੇਵੀ ਪੂਜਾ ਦਾ ਰਿਵਾਜ਼ ਆਮ ਸੀ। ਵੈਸ਼ਨੋ ਦੇਵੀ ਤੋਂ ਲੈ ਕੇ ਜਵਾਲਾ ਦੇਵੀ, ਮਨਸਾ ਦੇਵੀ, ਚਿੰਤਪੁਰਨੀ, ਨੈਨਾ ਦੇਵੀ, ਤਾਰਾ ਦੇਵੀ, ਚੰਡੀ ਦੇਵੀ ਅਤੇ ਕਾਲਕਾ ਦੇਵੀ ਆਦਿ ਸਭ ਉਪਰੋਕਤ ਕਥਨ ਦੀ ਪੁਸ਼ਟੀ ਕਰਦੀਆਂ ਹਨ। ਪਰ ਇਨ੍ਹਾਂ ਸਭ ਦੇਵੀਆਂ ਵਿੱਚੋਂ ਦੁਰਗਾ ਨੂੰ ਹੀ ਮੁੱਖ ਮੰਨਿਆ ਜਾਂਦਾ ਹੈ, ਜੋ ਸ਼ਕਤੀ ਦਾ ਪ੍ਰਤੀਕ ਹੈ। ਭੀੜ ਜਾਂ ਸੰਕਟ ਸਮੇਂ ਦੇਵਤਿਆਂ ਨੇ ਵੀ ਦੈਂਤਾਂ ਵਿਰੁੱਧ ਸੰਘਰਸ਼ ਕਰਨ ਲਈ 'ਦੁਰਗਾ' ਦੀ ਹੀ ਸਹਾਇਤਾ ਲਈ ਸੀ। ਮਾਰਕੰਡੇ ਪੁਰਾਣ ਦੀ ਕਥਾ ਨੂੰ ਆਧਾਰ ਬਣਾ ਕੇ ਚੰਡੀ ਚਰਿੱਤਰਾਂ ਤੇ ਚੰਡੀ ਦੀ ਵਾਰ ਦੀ ਰਚਨਾ ਗੁਰੂ ਸਾਹਿਬ ਨੇ ਕੀਤੀ ਸੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੇ ਪੁਰਾਤਨ ਭਾਰਤੀ ਸਾਹਿਤ ਜੋ ਵਿਸ਼ੇਸ਼ ਕਰਕੇ ਸੰਸਕ੍ਰਿਤ ਭਾਸ਼ਾ ਵਿੱਚ ਰਚਿਆ ਗਿਆ ਸੀ, ਦਾ ਅਨੁਵਾਦ ਜਾਂ ਰੂਪਾਂਤਰਣ ਭਾਖਾ ਵਿੱਚ ਕਰਵਾਇਆ ਤਾਂ ਜੋ ਆਮ ਜਨਤਾ ਉਸ ਸਨਾਤਨੀ ਸਾਹਿਤ ਤੋਂ ਜਾਣੂ ਹੋ ਸਕੇ।

ਅਜਿਹੇ ਸੰਕਟ ਕਾਲ ਵਿੱਚ ਜਦੋਂ ਗੁਰੂ ਜੀ ਪੰਥ ਸਿਰਜਣਾ ਕਰਨ ਬਾਰੇ ਸੋਚ ਰਹੇ ਸਨ, ਤਾਂ 1698 ਵਿੱਚ ਆਪ ਨੇ ਇੱਕ ਬ੍ਰਹਮ ਭੋਜ ਕਰਵਾਇਆ, ਜਿਸ ਵਿੱਚ ਬਹੁਤ ਸਾਰੇ ਬ੍ਰਾਹਮਣ, ਵਿਦਵਾਨ, ਪੰਡਿਤ ਸ਼ਾਮਲ ਹੋਏ। ਉਨ੍ਹਾਂ ਵਿੱਚੋਂ ਕੁਝ ਇੱਕ ਨੇ ਗੁਰੂ ਸਾਹਿਬ ਨੂੰ ਇਹ ਸੁਝਾਅ ਦਿੱਤਾ ਕਿ



Sri Satguru Jagjit Singh Ji Elibrary NamdhariElibrary@gmail.com

ਇਸ ਯੁੱਗ ਵਿੱਚ ਵੀ ਜੇਕਰ ਉੱਚਿਤ ਸਾਧਨਾ ਕੀਤੀ ਜਾਵੇ ਤਾਂ ਦੁਰਗਾ ਵਰਗੀ ਮਹਾਂਸ਼ਕਤੀ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਪੰਡਤ ਕੇਸ਼ੋ ਦਾਸ ਦੀ ਸਲਾਹ ਮੰਨ ਕੇ ਉਸ ਨੂੰ ਇਸ ਕਾਰਜ ਲਈ ਮੁਖੀ ਥਾਪਿਆ ਗਿਆ ਅਤੇ ਹਵਨ ਯੱਗ ਮਾਰਚ 1698 ਦੁਰਗਾ ਅਸ਼ਟਮੀ ਵਾਲੇ ਦਿਨ ਆਰੰਭ ਕੀਤਾ ਗਿਆ, ਜੋ ਲਗਭਗ ਇੱਕ ਸਾਲ ਤੱਕ ਜਾਰੀ ਰਿਹਾ। ਇਸ ਹਵਨ ਯੱਗ ਲਈ ਨੈਨਾ ਦੇਵੀ ਦੇ ਸਥਾਨ ਉੱਤੇ ਹਵਨ ਕੁੰਡ ਬਣਾ ਕੇ ਦੇਵੀ ਦੀ ਉਪਾਸਨਾ ਆਰੰਭ ਕਰਵਾਈ ਗਈ ਅਤੇ ਪੰਡਿਤਾਂ ਦੇ ਦੱਸੇ ਅਨੁਸਾਰ ਸਾਰੀ ਹਵਨ ਸਮੱਗਰੀ ਇਕੱਤਰ ਕੀਤੀ ਗਈ ਤਾਂ ਜੋ ਇਹ ਯੱਗ ਨਿਰਵਿਘਨ ਚਲਦਾ ਰਹੇ। ਗੁਰੂ ਜੀ ਆਪ ਇਸ ਯੱਗ ਵਿੱਚ ਡੂੰਘੀ ਦਿਲਚਸਪੀ ਲੈਂਦੇ ਰਹੇ। ਲਗਭਗ ਇੱਕ ਸਾਲ ਗੁਜ਼ਰਨ ਉੱਤੇ ਜਦੋਂ ਦੇਵੀ ਪ੍ਰਗਟ ਨਾ ਹੋਈ ਤਾਂ ਗੁਰੂ ਜੀ ਨੇ ਪੰਡਤਾਂ ਤੋਂ ਦੇਵੀ ਦੇ ਪ੍ਰਗਟ ਹੋਣ ਬਾਰੇ ਪੁੱਛ ਕੀਤੀ। ਪੰਡਿਤਾਂ ਨੇ ਕਿਸੇ ਮਹਾਂਪੁਰਸ਼ ਦੀ ਬਲੀ ਦੇਣ ਵਾਸਤੇ ਕਿਹਾ। ਪਰ ਗੁਰੂ ਜੀ ਨੇ ਪੰਡਤ ਕੇਸ਼ੋ ਦਾਸ ਨੂੰ ਕਿਹਾ, "ਤੁਹਾਡੇ ਤੋਂ ਵੱਡਾ ਹੋਰ ਕਿਹੜਾ ਮਹਾਂਪੁਰਸ਼ ਹੋ ਸਕਦਾ ਹੈ। ਦੇਵੀ ਦੇ ਪ੍ਰਗਟ ਹੋਣ ਤੇ ਅਸੀਂ ਤੁਹਾਨੂੰ ਮੁੜ ਸੁਰਜੀਤ ਕਰ ਲਵਾਂਗੇ।" ਪੰਡਤ ਕੇਸ਼ੋ ਦਾਸ ਸੁਚੇਤੇ ਜਾਣ ਦਾ ਬਹਾਨਾ ਕਰਕੇ ਉਥੋਂ ਨੱਠ ਗਿਆ ਅਤੇ ਬਾਕੀ ਪੰਡਤ ਵੀ ਖਿਸਕ ਗਏ। ਗੁਰੂ ਜੀ ਨੇ ਆਪ ਇਕੱਲਿਆਂ ਹੀ ਇਸ ਯੱਗ ਦੀ ਸਾਧਨਾ ਜਾਰੀ ਰੱਖੀ। 21 ਮਾਰਚ, 1699 ਨੂੰ ਗੁਰੂ ਜੀ ਨੇ ਵੱਡੀ ਤਪ ਸਾਧਨਾ ਆਰੰਭ ਕਰ ਦਿੱਤੀ ਅਤੇ ਖਿਆਲ ਕੀਤਾ ਜਾਂਦਾ ਸੀ ਕਿ ਦੁਰਗਾ ਅਸ਼ਟਮੀ ਵਾਲੇ ਦਿਨ 28 ਮਾਰਚ, 1699 ਨੂੰ ਦੇਵੀ ਪ੍ਰਗਟ ਹੋਵੇਗੀ। ਗੁਰੂ ਜੀ ਨੇ ਸਾਰੀ ਹਵਨ ਸਮੱਗਰੀ ਇਕੱਤਰ ਕਰਵਾ ਕੇ ਤੇਜ਼ ਅਗਨੀ ਪ੍ਰਚੰਡ ਕਰ ਦਿੱਤੀ। ਦੂਰ-ਦੂਰ ਤੱਕ ਇਸ ਅਗਨੀ ਦਾ ਪ੍ਰਕਾਸ਼ ਫੈਲਿਆ ਅਤੇ ਲੋਕਾਂ ਵਿੱਚ ਇਹ ਗੱਲ ਆਮ ਹੋ ਗਈ ਕਿ ਗੁਰੂ ਜੀ ਨੇ ਦੇਵੀ ਨੂੰ ਪ੍ਰਗਟ ਕਰ ਦਿੱਤਾ ਹੈ।

ਭਗਉਤੀ (ਕਿਰਪਾਨ) ਨੂੰ ਉਸ ਦਾ ਪ੍ਰਤੀਕ ਮੰਨ ਲਿਆ ਗਿਆ। ਗੁਰੂ ਜੀ ਦੀ ਆਪਣੀ ਰਚਨਾ ਵਿੱਚ ਇਹ ਸਵੈਯਾ ਜੋ ਤੇਗ ਦੀ ਉਸਤਤ ਵਿੱਚ ਰਚਿਆ ਗਿਆ ਸੀ। ਗੁਰੂ ਸਾਹਿਬ ਦੇ ਮੱਤ ਦੀ ਪੁਸ਼ਟੀ ਕਰਨ ਲਈ ਕਾਫ਼ੀ ਵੱਡਾ ਆਧਾਰ ਸੀ।

ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨੁ ਪ੍ਰਭੰ।
ਸੁਖ ਸੰਤ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ।
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥

*(ਬਚਿੱਤ੍ਰ ਨਾਟਕ)*



Sri Satguru Jagjit Singh Ji Elibrary NamdhariElibrary@gmail.com

ਕਾਲ ਤੁਹੀ ਕਾਲੀ ਤੁ ਹੀ ਤੁ ਹੀ ਤੇਗ ਅਰੁ ਤੀਰ।
ਤੁ ਹੀਂ ਨਿਸਾਨੀ ਜੀਤ ਕੀ ਆਜੁ ਤੁ ਹੀ ਜਗ ਬੀਰ।

*(ਸਸਤ੍ਰ ਨਾਮ ਮਾਲਾ ਵਿੱਚੋਂ)*

ਹੁਣ ਤੇਗ਼ ਨੂੰ ਸ਼ਕਤੀ ਦਾ ਪ੍ਰਤੀਕ ਮੰਨ ਕੇ ਖਾਲਸਾ ਪੰਥ ਨੂੰ ਰਚਨ ਦਾ ਸਮਾਂ ਆ ਗਿਆ ਸੀ।

**[1*]ਖਾਲਸਾ ਪੰਥ ਦੀ ਸਿਰਜਣਾ (1699)**

ਗੁਰੂ ਗੋਬਿੰਦ ਸਿੰਘ ਜੀ ਨੇ ਹੁਣ ਆਪਣੇ ਉਸ ਉਦੇਸ਼ ਵੱਲ ਧਿਆਨ ਦਿੱਤਾ, ਜਿਸ ਦਾ ਜ਼ਿਕਰ ਬਚਿੱਤਰ ਨਾਟਕ ਵਿੱਚ ਵੀ ਕੀਤਾ ਗਿਆ ਹੈ। ਬਚਿੱਤਰ ਨਾਟਕ ਵਿਚ ਅਕਾਲ ਪੁਰਖ ਅੱਗੇ ਇਹ ਬੇਨਤੀ ਕੀਤੀ ਸੀ ਕਿ ਆਪ ਸਹਾਈ ਹੋਵੋਂਗੇ ਤਾਂ ਹੀ ਇਹ ਮਹੱਤਵਪੂਰਨ ਕਾਰਜ ਸੰਭਵ ਹੋ ਸਕੇਗਾ -

ਮੈਂ ਅਪਨਾ ਸੁਤ ਤੁਹਿ ਨਿਵਾਜਾ ਪੰਥ ਪ੍ਰਚੁਰ ਕਰਨੇ ਕਉ ਸਾਜਾ,
ਜਾਹ ਤਹਾ ਤੈ ਧਰਮੁ ਚਲਾਇ ਕੱਬਧਿ ਕਰਨ ਤੇ ਲੋਕ ਹਟਾਇ॥
ਠਾਢ ਪਯੋ, ਮੈਂ ਜੋੜਿ ਕਰ ਬਚਨ ਕਹਾ ਸਿਰ ਨਿਆਇ।
ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ॥

ਉਦਾਹਰਣ ਦਿਉ? ਗੁਰੂ ਸਾਹਿਬ ਦਾ ਲਖਸ਼ ਸੀ, ਖਾਲਸਾ ਪੰਥ ਦੀ ਸਿਰਜਣਾ। 1699 ਈਸਵੀ 1756 ਬਿਕਰਮੀ ਦੇ ਵਿਸਾਖੀ ਦੇ ਪੁਰਬ ਉੱਤੇ ਆਨੰਦਪੁਰ ਵਿਖੇ ਬੜਾ ਭਾਰੀ ਇਕੱਠ ਸਿੱਖ ਸੰਗਤਾਂ ਦਾ ਹੋਇਆ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਵਾਨ ਸਿੱਖ ਵੱਖ-ਵੱਖ ਪ੍ਰਦੇਸ਼ਾਂ ਤੋਂ ਪੁੱਜੇ।

ਕੇਸਗੜ੍ਹ ਦੇ ਸਥਾਨ ਉੱਤੇ ਵਿਸ਼ਾਲ ਦੀਵਾਨ ਸਜਾਇਆ ਗਿਆ। ਗੁਰੂ ਜੀ ਨੇ ਨੰਗੀ ਕਿਰਪਾਨ ਸੂਤ ਕੇ ਆਪਣੇ ਸਿੱਖਾਂ ਕੋਲੋਂ ਸੀਸ ਭੇਟ ਕਰਨ ਦੀ ਮੰਗ ਕੀਤੀ। ਗੁਰੂ ਸਾਹਿਬ ਦੀ ਇਸ ਮੰਗ ਤੇ ਵੰਗਾਰ ਪਾਉਣ ਨਾਲ ਸਾਰੇ ਦੀਵਾਨ ਵਿੱਚ ਸਹਿਮ ਅਤੇ ਹੈਰਾਨੀ ਦਾ ਵਾਤਾਵਰਣ ਛਾ ਗਿਆ। ਗੁਰੂ ਜੀ ਦੇ ਦੁਆਰਾ ਕਹਿਣ ਉੱਤੇ ਲਾਹੌਰ ਦੇ ਖੱਤਰੀ ਦਇਆ ਰਾਮ ਨੇ ਆਪਣਾ ਸੀਸ ਅਰਪਣ ਕਰ ਦਿੱਤਾ। ਗੁਰੂ ਜੀ ਉਸ ਨੂੰ ਤੰਬੂ ਵਿੱਚ ਲੈ ਗਏ ਅਤੇ ਲਹੂ ਲਿਬੜੀ ਕਿਰਪਾਨ ਨੂੰ ਸੂਤ ਕੇ ਫਿਰ ਇੱਕ ਹੋਰ ਸੀਸ ਦੀ ਮੰਗ ਕੀਤੀ। ਦੂਜੀ ਵਾਰ ਸਹਾਰਨਪੁਰ ਦਾ ਇੱਕ ਜੱਟ ਧਰਮ ਦਾਸ ਆਪਣਾ ਸੀਸ ਭੇਟ ਕਰਨ ਲਈ ਅੱਗੇ ਆਇਆ। ਗੁਰੂ ਜੀ ਉਸ ਨੂੰ ਵੀ ਤੰਬੂ ਵਿੱਚ ਲੈ ਗਏ ਅਤੇ ਮੁੜ ਇੱਕ ਹੋਰ ਸੀਸ ਦੀ ਮੰਗ ਕੀਤੀ। ਤੀਜੀ ਵਾਰੀ ਦਵਾਰਕਾ ਦਾ ਮੋਹਕਮ ਚੰਦ ਜੋ ਧੋਬੀ ਸੀ, ਚੌਥੀ ਵਾਰ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ 1, ਪੰਨਾ 264



Sri Satguru Jagjit Singh Ji Elibrary NamdhariElibrary@gmail.com

ਬਿਦਰ ਦਾ ਨਾਈ ਸਾਹਿਬ ਚੰਦ ਅਤੇ ਪੰਜਵੀਂ ਵਾਰ ਜਗਨਨਾਥ ਪੁਰੀ ਦਾ ਹਿੰਮਤ ਰਾਏ ਕਹਾਰ ਸੀਸ ਭੇਟ ਕਰਨ ਲਈ ਅੱਗੇ ਵਧੇ। ਇਸ ਪਿਛੋਂ ਗੁਰੂ ਜੀ ਨੇ ਇਸ ਸਮੇਂ ਅੰਮ੍ਰਿਤ ਤਿਆਰ ਕਰਵਾਇਆ। ਇਨ੍ਹਾਂ ਗੁਰੂ ਨਮਿਤ ਸੀਸ ਭੇਟ ਕਰਨ ਵਾਲੇ ਸਿੱਖਾਂ ਨੂੰ ਕੇਸਰੀ ਬਾਣਾ ਪਹਿਨਾਇਆ ਗਿਆ। ਗੁਰੂ ਜੀ ਨੇ ਆਪ ਵੀ ਅਜਿਹੇ ਬਸਤਰ ਪਹਿਨ ਲਏ। ਇਨ੍ਹਾਂ ਨੂੰ ਨਿਸ਼ਚਿਤ ਵਿਧੀ ਅਨੁਸਾਰ ਅੰਮ੍ਰਿਤ ਛਕਾ ਕੇ ਅਤੇ ਪਿਛੋਂ ਆਪ ਅੰਮ੍ਰਿਤ ਛਕ ਕੇ ਇਨ੍ਹਾਂ ਸਿੱਖਾਂ ਨੂੰ ਪੰਜ ਪਿਆਰਿਆਂ ਦਾ ਨਾਮ ਦਿੱਤਾ ਗਿਆ। ਇਨ੍ਹਾਂ ਦੇ ਨਾਮ ਪਿੱਛੇ 'ਸਿੰਘ' ਪਿਛੇਤਰ ਲਾ ਦਿੱਤਾ ਗਿਆ। ਇੰਜ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ, ਜਿਸ ਦਾ ਭਾਰਤ ਦੇ ਇਤਿਹਾਸ ਦੀ ਧਾਰਾ ਨੂੰ ਬਦਲਣ ਵਿੱਚ ਬਹੁਤ ਵੱਡਾ ਯੋਗਦਾਨ ਹੈ।

ਇਸ ਸਾਰੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਗੁਰਸਿੱਖਾਂ ਦੇ ਅਧਿਆਤਮਿਕ ਰੂਪਾਂਤਰਣ ਦਾ ਵੱਡਾ ਕਾਰਨਾਮਾ ਸੀ। ਗੁਰੂ ਸਾਹਿਬ ਦੇ ਇਹ ਪੰਜ ਪਿਆਰੇ ਜੋ ਅੰਮ੍ਰਿਤਪਾਨ ਕਰਕੇ ਗੁਰੂ ਜੀ ਦੇ ਸਿੰਘ ਸਜੇ, ਹੁਣ ਨਵੇਕਲੇ ਖਾਲਸਾ ਪੰਥ ਵਿੱਚ ਸ਼ਾਮਿਲ ਹੋ ਚੁੱਕੇ ਸਨ। ਇਹ ਸਮੁੱਚੇ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਆਏ ਸਨ ਅਤੇ ਲਗਭਗ ਸਾਰੇ ਹੀ ਨੀਵੀਆਂ ਜਾਤੀਆਂ ਵਿੱਚੋਂ ਸਨ। ਗੁਰੂ ਜੀ ਨੇ ਖ਼ਾਲਸਾ ਪੰਥ ਨੂੰ ਅਕਾਲ ਪੁਰਖ ਦੀ ਫ਼ੌਜ ਕਹਿ ਕੇ ਨਿਵਾਜਿਆ ਹੈ, ਜੋ ਗਰੀਬਾਂ ਅਤੇ ਦੁਖੀਆਂ ਦੀ ਸਹਾਇਤਾ ਲਈ ਹੋਂਦ ਵਿੱਚ ਆਈ ਸੀ। 1699 ਦੇ ਇਸ ਖਾਲਸਾ ਪੰਥ ਦੀ ਸਿਰਜਣਾ ਤੋਂ ਲੈ ਕੇ ਵਰਤਮਾਨ ਕਾਲ ਤੱਕ ਜੋ ਬੀਰਤਾ ਅਤੇ ਉਪਕਾਰ ਦੀ ਭਾਵਨਾ ਗੁਰੂ ਜੀ ਨੇ ਆਪਣੇ ਖਾਲਸੇ ਨੂੰ ਬਖਸ਼ੀ, ਉਸ ਨੇ ਬੀਰਤਾ ਅਤੇ ਕੁਰਬਾਨੀਆਂ ਦਾ ਨਵਾਂ ਇਤਿਹਾਸ ਸਿਰਜ ਦਿੱਤਾ, ਜੋ ਆਪਣੇ ਆਪ ਵਿੱਚ ਬੇਮਿਸਾਲ ਅਤੇ ਸੁਤੰਤਰਤਾ ਪ੍ਰਾਪਤੀ ਲਈ ਜੂਝ ਮਰਨ ਦੀ ਵੱਡੀ ਇਤਿਹਾਸਕ ਗਾਥਾ ਹੈ। ਵਿਸ਼ਵ ਦੇ ਇਤਿਹਾਸ ਵਿੱਚ ਸਾਧਾਰਨ ਮਨੁੱਖ ਨੂੰ ਖਾਲਸੇ ਦੀ ਪੱਧਵੀ ਤੱਕ ਦਾ ਉਥਾਨ ਅਤੇ ਸਿੰਘਤਵ ਦੇ ਚਰਿੱਤਰ ਦਾ ਅਸ਼ਪਾਤੀ ਨਿਰਮਾਣ ਗੁਰੂ ਗੋਬਿੰਦ ਸਿੰਘ ਜੀ ਦੀ ਨਿਸ਼ਕਾਮ ਸੇਵਾ ਭਗਤੀ, ਸੰਤ ਉਭਾਰਣ, ਧਰਮ ਚਲਾਵਣ ਅਤੇ ਦੁਸ਼ਟਾਂ ਦਾ ਅਰਥਾਤ ਮਾਨਵ ਦੋਖੀਆਂ ਦਾ ਸਰਬ ਮੂਲ ਸੰਘਾਰਣ ਦਾ ਉਹ ਮਾਰਗ ਸੀ, ਜੋ ਸੰਸਾਰ ਦੇ ਵੱਡੇ-ਵੱਡੇ ਇਨਕਲਾਬਾਂ ਦਾ ਕਾਰਨ ਬਣ ਸਕਦਾ ਹੈ। ਅਕਾਲ ਪੁਰਖ ਦੀ ਅਧਿਆਤਮਿਕ ਸ਼ਕਤੀ ਅਤੇ ਆਮ ਲੋਕਾਂ ਦੇ ਭੌਤਿਕ ਬੱਲ ਦਾ ਸੰਯੋਗ ਗੁਰੂ ਖਾਲਸੇ ਨੂੰ ਨਵੇਕਲੀ ਸ਼ਾਨ ਪ੍ਰਦਾਨ ਕਰਦਾ ਹੈ ਅਤੇ ਇਸ ਮਾਨਵੀ ਸ਼ਕਤੀ ਤੇ ਨਵ-ਨਿਰਮਾਣ ਦਾ ਸਾਰਾ



Sri Satguru Jagjit Singh Ji Elibrary NamdhariElibrary@gmail.com

ਸਿਹਰਾ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਰ-ਦ੍ਰਿਸ਼ਟੀ ਅਤੇ ਦੂਰਦਰਸ਼ਤਾ ਦਾ ਸਾਖਿਆਤ ਪ੍ਰਮਾਣ ਹੈ। ਜਦੋਂ ਕਦੀ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਨ ਇਤਿਹਾਸਕ ਕਾਰਨਾਮੇ ਦਾ ਵਿਸ਼ਲੇਸ਼ਣ ਕਰਕੇ ਇਸ ਦੇ ਉੱਚਤਮ ਲਖਸ਼ਾਂ ਦਾ ਵਾਸਤਵਿਕ ਬੋਧ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਜਿਵੇਂ ਕਿ ਸੰਸਾਰ ਦੇ ਪ੍ਰਸਿੱਧ ਇਤਿਹਾਸਕਾਰਾਂ ਨੇ ਇਸ ਦਾ ਮੁਲਾਂਕਣ ਕੀਤਾ ਹੈ ਕਿ ਇਹ ਵਿਸ਼ਵ ਦੇ ਮਾਨਵੀ ਇਤਿਹਾਸ ਦਾ ਸਦੀਵ ਕਾਲ ਤੱਕ ਚਮਕਦੇ ਰਹਿਣ ਵਾਲਾ ਇੱਕ ਸੁਨਹਿਰੀ ਬਿੰਦੂ ਹੈ। ਗੁਰੂ ਜੀ ਦੇ ਇਸ ਕਾਰਨਾਮੇ ਅਤੇ ਉਪਕਾਰ ਨੇ ਮਨੁੱਖਾਂ ਦੇ ਸਮੁੱਚੇ ਚਰਿੱਤਰ ਦੀ ਕਾਇਆ ਕਲਪ ਕਰਕੇ ਅਜਿਹਾ ਨਵ-ਨਿਰਮਾਣ ਕਰ ਦੇਣਾ ਸੰਭਵ ਬਣਾ ਦਿੱਤਾ, ਜੋ ਸ਼ੋਸ਼ਣਕਾਰੀ ਤੇ ਦਮਨ ਕਾਰਕ ਸ਼ਕਤੀਆਂ ਅੱਗੇ ਕਦੀ ਝੁੱਕ ਨਹੀਂ ਸਕਦਾ, ਸਗੋਂ ਮਨੁੱਖ ਦੀ ਸੁਤੰਤਰਤਾ ਅਤੇ ਬਰਾਬਰੀ ਦੇ ਆਦਰਸ਼ਕ ਭਾਈਚਾਰੇ ਦੀ ਸਿਰਜਣਾ ਲਈ ਸਦਾ ਸੰਘਰਸ਼ ਕਰਨ ਲਈ ਤੱਤਪਰ ਰਹਿੰਦਾ ਹੈ। ਇਹ ਆਦਰਸ਼ ਸਮਾਜ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਵਿਅਕਤੀਤੱਵ ਦੀ ਦੇਣ ਸੀ, ਨੂੰ ਮਹਾਨ ਸਿੱਖ ਚਿੰਤਕ ਪ੍ਰੋ: ਪੂਰਨ ਸਿੰਘ ਨੇ ਅਧਿਆਤਮਿਕ ਲੋਕਤੰਤਰ ਦੀ ਸੰਗਿਆ ਦਿੱਤੀ ਹੈ, ਜਿਸ ਦਾ ਆਧਾਰ ਵੋਟ ਤੰਤਰ ਨਹੀਂ, ਸਗੋਂ ਗੁਰੂ ਦੇ ਵਿਅਕਤਿੱਤਵ ਦੇ ਆਤਮਿਕ ਲਖਸ਼ਾਂ ਦੀ ਪੂਰਤੀ ਹੈ। ਅਜਿਹੀ ਮਾਨਵੀ ਨਵ-ਸਿਰਜਣਾ ਨੂੰ ਮੁੱਖ ਰੱਖ ਕੇ ਭਾਈ ਗੁਰਦਾਸ ਦੂਜੇ ਨੇ ਸੱਚ ਹੀ ਕਿਹਾ ਹੈ :

ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

(ਵਾਰ ਭਾਈ ਗੁਰਦਾਸ ਪਉੜੀ 17)

ਕਿਸੇ ਵੀ ਅਧਿਆਤਮਿਕ ਰਹਿਬਰ ਅਤੇ ਉਸ ਦੇ ਅਨੁਯਾਈਆਂ ਦਾ ਇਸ ਪ੍ਰਕਾਰ ਇੱਕ ਸੁਰ ਹੋ ਜਾਣਾ, ਸੱਚਮੁੱਚ ਇੱਕ ਵੱਡੀ ਕਰਾਮਾਤ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਈ ਅਤੇ ਆਪ ਦੇ ਇਹ ਪ੍ਰਵਚਨ ਉਚੇਚੇ ਧਿਆਨ ਦੀ ਮੰਗ ਕਰਦੇ ਹਨ :

ਖਾਲਸਾ ਮੇਰਾ ਰੂਪ ਹੈ ਖਾਸ
ਖਾਲਸੇ ਮੇ ਹਉ ਕਰਹੁ ਨਿਵਾਸ॥

ਇਹੋ ਖਾਲਸਾ ਅਗਾਮੀ ਇਤਿਹਾਸਕ ਕਾਲਾਂ ਵਿੱਚ ਵੱਡੀ ਕ੍ਰਾਂਤੀਕਾਰੀ ਸ਼ਕਤੀ ਵਜੋਂ ਉਭਰ ਕੇ ਸਾਹਮਣੇ ਆਇਆ। ਇਹ ਭਾਰਤੀ ਸੁਤੰਤਰਤਾ ਦੇ ਇਤਿਹਾਸ ਦੇ ਸੰਗਰਾਮਾਂ ਵਿੱਚ ਇਸ ਨੇ ਮੁਹਰਲੇ ਅਰਥਾਤ ਹਰਾਵਲ ਦਸਤੇ ਦੇ ਕਾਰਜ ਨੂੰ ਨਿਭਾਇਆ।



Sri Satguru Jagjit Singh Ji Elibrary NamdhariElibrary@gmail com

[1]*ਪ੍ਰਸਿੱਧ ਇਤਿਹਾਸਕਾਰ ਡਾ: ਹਰੀ ਰਾਮ ਗੁਪਤਾ ਖਾਲਸੇ ਦੀ ਸਿਰਜਣਾ ਬਾਰੇ ਇੰਝ ਕਥਨ ਕਰਦਾ ਹੈ :

"ਖ਼ਾਲਸਾ ਦੀ ਸਥਾਪਨਾ ਦੇਸ਼ ਦੇ ਧਾਰਮਿਕ ਅਤੇ ਰਾਜਨੀਤਿਕ ਇਤਿਹਾਸ ਵਿੱਚ ਇੱਕ ਯੁੱਗ ਪਲਟਾਊ ਘਟਨਾ ਹੈ"

[2]*ਇਸੇ ਤਰ੍ਹਾਂ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਕਨਿੰਘਮ ਦੇ ਇਹ ਸ਼ਬਦ, "ਗੁਰੂ ਸਾਹਿਬ ਨੇ ਪਰਾਜਿਤ ਲੋਕਾਂ ਦੀ ਸੁੱਤੀ ਹੋਈ ਸ਼ਕਤੀ ਨੂੰ ਸਫਲਤਾ ਪੂਰਵਕ ਜਗਾ ਦਿੱਤਾ ਅਤੇ ਉਨ੍ਹਾਂ ਵਿੱਚ ਸਮਾਜਿਕ ਸੁਤੰਤਰਤਾ ਅਤੇ ਰਾਸ਼ਟਰੀ ਪ੍ਰਭੁੱਤਵ ਸਥਾਪਤ ਕਰਨ ਦੀ ਇੱਛਾ ਪੈਦਾ ਕਰ ਦਿੱਤੀ।"

ਸਿੰਘਾਂ ਦੇ ਅੰਮ੍ਰਿਤ ਛੱਕਣ ਅਤੇ ਖਾਲਸਾ ਦੇ ਰੂਪ ਵਿੱਚ ਵਿਲੱਖਣ ਸਰੂਪ ਧਾਰ ਲੈਣ ਦੇ ਕਾਰਨ ਹਿੰਦੂ ਸਮਾਜ ਵਿੱਚ ਜਿੱਥੇ ਇੱਕ ਬੰਨੇ ਜਾਗਰਿਤੀ ਆਈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਚਹੁੰ ਵਰਣਾਂ ਦੇ ਲੋਕਾਂ ਨੂੰ ਇੱਕ ਸਾਂਝੀ ਕੜ੍ਹੀ ਵਿੱਚ ਪ੍ਰੋ ਕੇ ਏਕਤਾ ਅਤੇ ਵੀਰਤਾ ਵਾਲੇ ਨਿਰਭੈ ਹੋਣ ਦੀ ਭਾਵਨਾ ਉਤਪੰਨ ਕਰ ਦਿੱਤੀ, ਉੱਥੇ ਹਿੰਦੂ ਸਮਾਜ ਦਾ ਇੱਕ ਵੱਡਾ ਭਾਗ ਜੋ ਸਨਾਤਨ ਰੀਤਾਂ ਦੀ ਪਕੜ ਨਾਲ ਪੀਡੀ ਤਰ੍ਹਾਂ ਬੱਝਿਆ ਹੋਇਆ ਸੀ। ਗੁਰੂ ਜੀ ਦੇ ਇਨ੍ਹਾਂ ਖਾਲਸਾ ਪੰਥ ਦੇ ਅਸੂਲਾਂ ਅਤੇ ਵਿਵਹਾਰਿਕ ਜੀਵਨ ਵਿੱਚ ਅਪਣਾਈਆਂ ਗਈਆਂ ਨਵੀਆਂ ਧਾਰਨਾਵਾਂ ਨਾਲ ਇਕਸੁਰ ਨਾ ਹੋ ਸਕਿਆ ਅਤੇ ਉਨ੍ਹਾਂ ਨੂੰ ਇਹ ਗੱਲ ਸਨਾਤਨ ਹਿੰਦੂ ਸਮਾਜ ਅਤੇ ਧਰਮਾਚਾਰ ਅਤੇ ਵਿਵਹਾਰਿਕ ਜੀਵਨ ਦੇ ਪ੍ਰਤੀਕੂਲ ਲੱਗੀ। ਇਸ ਲਈ ਹਿੰਦੂ ਸਮਾਜ ਦਾ ਇੱਕ ਬਹੁਤ ਵੱਡਾ ਤਬਕਾ ਉਨ੍ਹਾਂ ਦੇ ਖਾਲਸਈ ਵਿਚਾਰਾਂ ਨੂੰ ਅਪਨਾਉਣ ਤੋਂ ਝਿਜਕਦਾ ਰਿਹਾ। ਉਨ੍ਹਾਂ ਨੂੰ ਇਹ ਵੀ ਡਰ ਸੀ ਕਿ ਗੁਰੂ ਜੀ ਦੇ ਵਿਚਾਰਾਂ ਅਤੇ ਨਿੱਤ ਦੇ ਕਾਰਨਾਮਿਆਂ ਤੋਂ ਮੁਗਲ ਹਾਕਮ ਵੀ ਵਿਰੁੱਧ ਹੋ ਜਾਣਗੇ, ਕਿਉਂ ਜੋ ਇਹ ਗੱਲ ਉਨ੍ਹਾਂ ਨੂੰ ਗੁਰੂ ਜੀ ਦੀ ਅਥਾਹ ਦਲੇਰੀ ਅਤੇ ਇੱਕ ਤਰ੍ਹਾਂ ਦੇ ਆਦਰਸ਼ ਸਮਾਜ ਦੀ ਸਥਾਪਨਾ ਵਰਗੀ ਜਾਂ ਸਮਾਨਾਂਤਰ ਸ਼ਾਸ਼ਣ ਸਥਾਪਿਤ ਕਰਨ ਵਾਲੀ ਗੱਲ ਜਾਪਦੀ ਸੀ। ਇਸ ਲਈ ਪਹਾੜੀ ਰਿਆਸਤਾਂ ਦੇ ਅਖੌਤੀ ਰਾਜਪੂਤ ਰਾਜਿਆਂ ਨੇ ਆਪਣੇ ਵਿਸ਼ੇਸ਼ ਹਿੱਤਾਂ ਅਤੇ ਸੌੜੇ ਮੁਫਾਦਾਂ ਨੂੰ ਮੁੱਖ ਰੱਖ ਕੇ ਗੁਰੂ ਜੀ ਦੇ ਖ਼ਾਲਸਾ ਪੰਥ ਤੋਂ ਆਪਣੇ ਆਪ ਨੂੰ ਵੱਖਰਾ ਰੱਖਣ ਵਿੱਚ ਹੀ ਆਪਣੀ ਬੇਹਤਰੀ ਸਮਝੀ ਅਤੇ ਉਨ੍ਹਾਂ ਨੂੰ ਇਹ ਵੀ ਤੌਖਲਾ ਸੀ ਕਿ ਗੁਰੂ ਸਾਹਿਬ ਦੀ ਖਾਲਸਾ ਸੈਨਾ ਮਜ਼ਬੂਤ ਮੁਗਲ ਸੈਨਾ ਅਤੇ ਸ਼ਾਹੀ ਤਾਕਤ ਦਾ ਕਿਵੇਂ ਟਾਕਰਾ ਕਰ ਸਕੇਗੀ? ਉੱਚੀਆਂ ਜਾਤਾਂ ਦਾ ਕੁਲ ਅਭਿਮਾਨ ਵੀ ਗੁਰੂ ਜੀ ਦੀ ਇਸ ਚਹੁੰ ਵਰਨਾਂ ਦੀ ਏਕਤਾ ਵਾਲੀ ਭਾਵਨਾ

[1]* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ 1, ਪੰਨਾ 264

[2]* ਜੇ. ਡੀ. ਕਨਿੰਘਮ, ਏ ਹਿਸਟਰੀ ਆਫ ਸਿੱਖਸ, ਪੰਨਾ 75



Sri Satguru Jagjit Singh Ji Elibrary NamdhariElibrary@gmail.com

ਨੂੰ ਸ੍ਵੀਕਾਰ ਕਰਨ ਨੂੰ ਤਿਆਰ ਨਹੀਂ ਸੀ। ਇਨ੍ਹਾਂ ਰਾਜਿਆਂ ਨੇ ਗੁਰੂ ਜੀ ਦੇ ਨਵੇਂ ਸਥਾਪਿਤ ਖਾਲਸਾ ਪੰਥ ਤੋਂ ਆਪਣੇ ਆਪ ਨੂੰ ਵੱਖਰਾ ਰੱਖਣ ਵਿੱਚ ਹੀ ਆਪਣੀ ਭਲਾਈ ਸਮਝੀ। ਫਲਸਰੂਪ ਪਹਾੜੀ ਰਾਜਿਆਂ ਵਿੱਚੋਂ ਕੁਝ ਇੱਕ ਨੇ ਅੰਦਰ ਖਾਤੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਗੁਰੂ ਜੀ ਵੱਲ ਆਪਣਾ ਅਹਿਲਕਾਰ ਭੇਜ ਕੇ ਇਹ ਅਖਵਾ ਭੇਜਿਆ ਕਿ ਜਾਂ ਤਾਂ ਗੁਰੂ ਜੀ ਆਨੰਦਪੁਰ ਛੱਡ ਜਾਣ ਅਤੇ ਜਾਂ ਫਿਰ ਸਾਡਾ 'ਕਰ' ਭਰਨ। ਮੁਗਲ ਹਾਕਮਾਂ ਨੂੰ ਵੀ ਇਹ ਗੱਲ ਪ੍ਰਵਾਨ ਨਹੀਂ ਸੀ ਹੋ ਸਕਦੀ ਕਿ ਗੁਰੂ ਜੀ ਦੇ ਅਨੁਆਈਆਂ ਦੀ ਗਿਣਤੀ ਜਿਸ ਨੇ ਹੁਣ ਹਥਿਆਰਬੰਦ ਖਾਲਸਾ ਪੰਥ ਦਾ ਰੂਪ ਧਾਰਨ ਕਰ ਲਿਆ ਸੀ, ਏਨੀ ਵੱਧ ਜਾਵੇ ਕਿ ਉਸ ਦੀ ਸੈਨਿਕ ਸ਼ਕਤੀ ਮੁਗਲਾਂ ਲਈ ਕਿਸੇ ਸਮੇਂ ਖ਼ਤਰਾ ਬਣ ਜਾਵੇ। ਹੁਣ ਸਾਰਾ ਜ਼ੋਰ ਇਸ ਗੱਲ ਉੱਤੇ ਲੱਗ ਰਿਹਾ ਸੀ ਕਿ ਜਾਂ ਤਾਂ ਗੁਰੂ ਸਾਹਿਬ ਦੀ ਸੈਨਿਕ ਸ਼ਕਤੀ ਨੂੰ ਵੱਧਣ ਨਾ ਦਿੱਤਾ ਜਾਵੇ ਤੇ ਜਾਂ ਉਨ੍ਹਾਂ ਨੂੰ ਆਨੰਦਪੁਰ ਸਾਹਿਬ ਛੱਡਣ ਲਈ ਮਜ਼ਬੂਰ ਕੀਤਾ ਜਾਵੇ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਗੁਰੂ ਜੀ ਨੂੰ ਕਈ ਜੰਗਾਂ ਪਹਾੜੀ ਰਾਜਿਆਂ ਅਤੇ ਮੁਗਲ ਸੈਨਾ ਦੇ ਨਾਲ ਲੜਨੀਆਂ ਪਈਆਂ। ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ 1701 ਵਿੱਚ ਹੋਈ। ਗੁਰੂ ਜੀ ਇਸ ਸਮੇਂ ਆਨੰਦਪੁਰ ਤੋਂ ਨਿਰਮੋਹ ਗੜ੍ਹ ਆ ਗਏ ਸਨ। ਨਿਰਮੋਹਗੜ੍ਹ ਵਿਖੇ ਹੀ ਭੀਮ ਚੰਦ ਅਤੇ ਮੁਗਲ ਸੈਨਾ ਨੇ 1702 ਵਿੱਚ ਗੁਰੂ ਜੀ ਉੱਤੇ ਚੜ੍ਹਾਈ ਕੀਤੀ, ਪਰ ਇਸ ਲੜਾਈ ਵਿੱਚ ਵੀ ਵਿਰੋਧੀ ਸੈਨਾ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਬਸੌਲੀ ਦੀ ਲੜਾਈ ਦੀ ਜਿੱਤ ਵਿੱਚੋਂ ਖਾਲਸਾ ਸੈਨਾ ਨੇ ਭੀਮ ਚੰਦ ਦੇ ਇਲਾਕੇ ਵਿੱਚ ਲੁੱਟਮਾਰ ਵੀ ਕੀਤੀ ਅਤੇ ਕਲਮੋਟ ਦੇ ਕਿਲ੍ਹੇ ਨੂੰ ਫਤਹਿ ਕਰਕੇ ਆਨੰਦਪੁਰ ਸਾਹਿਬ ਵਾਪਸ ਆ ਗਏ।

1702 ਤੋਂ 1704 ਤੱਕ ਭਾਵੇਂ ਕੋਈ ਲੜਾਈ ਨਹੀਂ ਸੀ ਹੋਈ ਪਰ ਵਿੱਚੇ ਵਿੱਚ ਵਿਰੋਧ ਦੀ ਅਗਨੀ ਸੁਲ੍ਹਗਦੀ ਹੀ ਰਹੀ ਸੀ। ਇਸ ਸਮੇਂ ਗੁਰੂ ਸਾਹਿਬ ਨੇ ਜਿੱਥੇ ਆਪਣੀ ਸੈਨਿਕ ਸ਼ਕਤੀ ਨੂੰ ਹੋਰ ਤਕੜਾ ਕੀਤਾ, ਉੱਥੇ ਦੂਜੇ ਬੰਨੇ ਪਹਾੜੀ ਰਾਜਿਆਂ ਨੇ ਆਪਣੇ ਨਾਲ ਮੁਗਲ ਹਾਕਮਾਂ ਨੂੰ ਵੀ ਇੱਕ ਧਿਰ ਵਜੋਂ ਸ਼ਾਮਲ ਕਰ ਲਿਆ। 1704 ਵਿੱਚ ਆਨੰਦਪੁਰ ਉੱਤੇ ਹੱਲਾ ਕਰਕੇ ਕਈ ਹਜ਼ਾਰ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਸੈਨਾ ਨੇ ਆਨੰਦਪੁਰ ਨੂੰ ਘੇਰਾ ਪਾ ਲਿਆ। 6 ਦਸੰਬਰ, 1705 ਈ: ਨੂੰ ਭਾਵੇਂ ਗੁਰੂ ਜੀ ਆਨੰਦਪੁਰ ਦੇ ਕਿਲ੍ਹੇ ਨੂੰ ਛੱਡਣਾ ਨਹੀਂ ਸਨ ਚਾਹੁੰਦੇ, ਪਰ ਮਾਤਾ ਜੀ ਦੇ ਜ਼ੋਰ ਦੇਣ ਉੱਤੇ ਉਨ੍ਹਾਂ ਨੂੰ ਆਨੰਦਪੁਰ ਛੱਡਣ ਲਈ ਮਜ਼ਬੂਰ ਹੋਣਾ ਪਿਆ। ਇਸ ਤੋਂ ਪਿਛੋਂ ਦਾ ਕੁਝ ਸਮਾਂ ਗੁਰੂ ਜੀ ਅਤੇ ਖਾਲਸਾ ਪੰਥ ਲਈ ਸੰਕਟਾਂ ਦਾ ਸਮਾਂ ਹੀ ਬਣਿਆ ਰਿਹਾ। ਜਿਸ ਪੋਹ ਦੀ ਠੰਡੀ ਰਾਤ ਨੂੰ ਗੁਰੂ ਸਾਹਿਬ ਆਨੰਦਪੁਰ ਸਾਹਿਬ ਦੇ ਕਿਲ੍ਹੇ ਤੋਂ ਬਾਹਰ



Sri Satguru Jagjit Singh Ji Elibrary NamdhariElibrary@gmail.com

ਆਏ ਤਾਂ ਸ਼ਤਰੂ ਸੈਨਾ ਨੇ ਸ਼ਾਹੀ ਟਿੱਬੀ ਅਤੇ ਸਰਸਾ ਨਦੀ ਉੱਤੇ ਗੁਰੂ ਜੀ ਦਾ ਪਿੱਛਾ ਕਰਕੇ ਮੁੜ ਯੁੱਧ ਛੇੜ ਦਿੱਤਾ। ਦੋਵਾਂ ਸਥਾਨਾਂ ਉੱਤੇ ਘਮਸਾਨ ਦਾ ਯੁੱਧ ਹੋਇਆ। ਸਿੰਘ ਬੜੀ ਬਹਾਦਰੀ ਨਾਲ ਲੜੇ ਅਤੇ ਕਈਆਂ ਸਿੰਘਾਂ ਨੇ ਇਨ੍ਹਾਂ ਜੰਗਾਂ ਵਿੱਚ ਬੜੀ ਬਹਾਦਰੀ ਨਾਲ ਦੁਸ਼ਮਣ ਦੀ ਫ਼ੌਜ ਨਾਲ ਲੋਹਾ ਲੈਂਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਗੁਰੂ ਜੀ ਦਾ ਪਰਿਵਾਰ ਵੀ ਨਿਖੜ ਗਿਆ। ਗੁਰੂ ਜੀ ਦਾ ਪਰਿਵਾਰਿਕ ਨੌਕਰ ਗੰਗੂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਪਿੰਡ ਖੇੜੀ ਲੈ ਗਿਆ ਅਤੇ ਪਦਾਰਥ ਵੇਖ ਲੋਭ ਆ ਗਿਆ। ਉਸ ਨੇ ਸਰਹਿੰਦ ਦੇ ਸੂਬੇਦਾਰ ਨੂੰ ਇਨ੍ਹਾਂ ਬਾਰੇ ਸੂਚਨਾ ਦੇ ਕੇ ਧੋਖੇ ਨਾਲ ਗ੍ਰਿਫਤਾਰ ਕਰਵਾ ਦਿੱਤਾ। ਗੁਰੂ ਜੀ ਨੂੰ ਚਮਕੌਰ ਦੀ ਇੱਕ ਗੜ੍ਹੀ ਵਿੱਚ ਆ ਕੇ 40 ਸਿੰਘਾਂ ਨਾਲ ਦੁਸ਼ਮਣ ਦੀ ਵੱਡੀ ਸੈਨਾ ਨਾਲ ਯੁੱਧ ਕਰਨਾ ਪਿਆ। ਚਮਕੌਰ ਦੀ ਜੰਗ ਜੋ 7 ਦਸੰਬਰ, 1705 ਵਿੱਚ ਹੋਈ, ਸਿੱਖ ਇਤਿਹਾਸ ਵਿੱਚ ਬੜੀ ਮਹੱਤਤਾ ਰੱਖਦੀ ਹੈ। ਇੱਕ ਛੋਟੀ ਜਿਹੀ ਗੜ੍ਹੀ ਵਿੱਚ 40 ਸਿੰਘਾਂ ਨਾਲ ਵੱਡੀ ਗਿਣਤੀ ਵਿੱਚ ਸ਼ਾਹੀ ਸੈਨਾ ਦਾ ਬਹਾਦਰੀ ਨਾਲ ਟਾਕਰਾ ਕੀਤਾ। ਇਸ ਜੰਗ ਵਿੱਚ ਤਿੰਨ ਪਿਆਰੇ ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਅਤੇ ਗੁਰੂ ਜੀ ਦੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਬੜੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦੀਆਂ ਪਾ ਗਏ। ਭਾਈ ਸੰਗਤ ਸਿੰਘ ਅਤੇ ਸੰਤ ਸਿੰਘ ਨੂੰ ਉੱਥੇ ਛੱਡ ਕੇ ਸਿੰਘਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਗੁਰੂ ਜੀ ਅਤੇ ਤਿੰਨ ਸਿੰਘ ਰਾਤ ਦੇ ਹਨੇਰੇ ਵਿੱਚ ਗੜ੍ਹੀ ਵਿੱਚੋਂ ਨਿਕਲ ਕੇ ਫੌਜ ਦੇ ਘੇਰੇ ਵਿੱਚੋਂ ਬਾਹਰ ਜਾਣ ਵਿੱਚ ਸਫ਼ਲ ਹੋ ਗਏ। ਦਿਨ ਚੜ੍ਹੇ ਭਾਈ ਸੰਗਤ ਸਿੰਘ ਅਤੇ ਸੰਤ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ, ਪਰ ਗੁਰੂ ਸਾਹਿਬ ਮੁਗਲਾਂ ਨਾਲ ਸੰਘਰਸ਼ ਨੂੰ ਅੱਗੇ ਚਲਾਉਣ ਲਈ ਮਾਛੀਵਾੜੇ ਦੇ ਸਥਾਨ ਉੱਤੇ ਜਾ ਪੁੱਜੇ। ਜਿਥੋਂ ਦੇ ਦੋ ਮੁਸਲਮਾਨ ਘੋੜਿਆਂ ਦੇ ਸੌਦਾਗਰ ਗਨੀ ਖ਼ਾਂ ਅਤੇ ਨਬੀ ਖ਼ਾਂ ਜੋ ਗੁਰੂ ਜੀ ਦੇ ਸ਼ਰਧਾਲੂ ਸਨ, ਗੁਰੂ ਜੀ ਨੂੰ ਆਪਣੇ ਘਰ ਲੈ ਗਏ ਅਤੇ ਉੱਚ ਦੇ ਪੀਰ ਦੇ ਰੂਪ ਵਿੱਚ ਉਨ੍ਹਾਂ ਨੂੰ ਮੁਗਲ ਸੈਨਾ ਦੇ ਘੇਰੇ ਤੋਂ ਬਾਹਰ ਸੁਰੱਖਿਅਤ ਥਾਂ ਤੇ ਛੱਡ ਆਏ।

ਇਸ ਪਿੱਛੋਂ ਸਿੱਖ ਇਤਿਹਾਸ ਦਾ ਅਤੇ ਗੁਰੂ ਜੀ ਦੇ ਜੀਵਨ ਦਾ ਨਵਾਂ ਕਾਂਡ ਆਰੰਭ ਹੁੰਦਾ ਹੈ। ਆਪ ਆਲਮਗੀਰ ਅਤੇ ਰਾਏ ਕੋਟ ਹੁੰਦੇ ਹੋਏ ਦੀਨਾ ਕਾਂਗੜ ਦੇ ਸਥਾਨ ਤੇ ਪੁੱਜ ਗਏ।

ਇਸ ਦੌਰਾਨ ਸਰਹੰਦ ਵਿਖੇ ਸੂਬੇਦਾਰ ਵਜ਼ੀਰ ਖ਼ਾਂ ਦੇ ਹੁਕਮ ਨਾਲ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ [1*]ਬਾਬਾ ਫਤਹਿ

[1*] ਦ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ II, ਪੰਨਾ 24



Sri Satguru Jagjit Singh Ji Elibrary NamdhariElibrary@gmail.com

ਸਿੰਘ ਨੂੰ 13 ਪੋਹ, 1705 ਅਰਥਾਤ 26 ਦਸੰਬਰ, 1705 ਨੂੰ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਇਸ ਸਦਮੇ ਨੂੰ ਨਾ ਸਹਾਰਦੇ ਹੋਏ, ਉਸੇ ਦਿਨ ਹੀ ਅਕਾਲ ਚਲਾਣਾ ਕਰ ਗਏ।

ਆਨੰਦਪੁਰ ਨੂੰ ਛੱਡਣ ਸਮੇਂ ਦੁਸ਼ਮਣਾਂ ਦੀ ਸੈਨਾ ਦੇ ਆਗੂਆਂ ਨੇ ਕਸਮਾਂ ਖਾਦੀਆਂ ਸਨ ਕਿ ਜੇਕਰ ਗੁਰੂ ਜੀ ਆਨੰਦਪੁਰ ਛੱਡ ਜਾਣਗੇ ਤਾਂ ਉਨ੍ਹਾਂ ਦਾ ਪਿੱਛਾ ਨਹੀਂ ਕੀਤਾ ਜਾਵੇਗਾ, ਪਰ ਇਨ੍ਹਾਂ ਕਸਮਾਂ ਨੂੰ ਤੋੜ ਕੇ ਆਨੰਦਪੁਰ ਛੱਡਣ ਤੋਂ ਪਿਛੋਂ ਦੀਆਂ ਜੰਗਾਂ, ਚਮਕੌਰ ਸਾਹਿਬ ਅਤੇ ਸਰਹੰਦ ਦੇ ਨਾਂ ਭੁੱਲਣ ਵਾਲੇ ਇਤਿਹਾਸਕ ਸਾਕੇ ਵਾਪਰੇ।

ਦੀਨਾ ਕਾਂਗੜ ਪੁੱਜ ਕੇ ਗੁਰੂ ਜੀ ਨੇ ਜਦੋਂ ਸਾਰੇ ਬੀਤੇ ਸਮਾਚਾਰਾਂ ਉੱਤੇ ਪਿੱਛਲ ਝਾਤ ਮਾਰੀ ਤਾਂ ਉਸ ਸਮੇਂ ਉਨ੍ਹਾਂ ਨੇ ਫ਼ਾਰਸੀ ਭਾਸ਼ਾ ਜ਼ਫ਼ਰਨਾਮਾ (ਫਤਿਹ ਦਾ ਪੱਤਰ) ਲਿਖਿਆ, ਜੋ ਭਾਈ ਦਇਆ ਸਿੰਘ ਅਤੇ ਧਰਮ ਸਿੰਘ ਰਾਹੀਂ ਅਹਿਮਦ ਨਗਰ ਵਿੱਚ ਔਰੰਗਜ਼ੇਬ ਨੂੰ ਭੇਜਿਆ ਗਿਆ। ਇਸ ਵਿੱਚ ਗੁਰੂ ਜੀ ਨੇ ਬੜੀ ਦਲੇਰੀ ਅਤੇ ਅਡੋਲ ਸ਼ਾਂਤੀ ਵਿੱਚ ਵਿਚਰਦਿਆਂ ਬਾਦਸ਼ਾਹ ਔਰੰਗਜ਼ੇਬ ਨੂੰ ਉਸ ਦੇ ਸੱਚੇ ਮੁਸਲਮਾਨ ਹੋਣ ਦੇ ਭਾਵ ਨੂੰ ਵੰਗਾਰਿਆ ਅਤੇ ਇਹ ਲਿਖ ਭੇਜਿਆ ਕਿ ਕਿਵੇਂ ਉਸ ਦੇ ਸਹਿ-ਧਰਮੀਆਂ ਨੇ ਕਸਮਾਂ ਤੋੜੀਆਂ ਹਨ ਅਤੇ ਆਪਣੇ ਵਾਦਿਆਂ ਤੋਂ ਮੁਕਰੇ ਅਤੇ ਕਿਸ ਤਰ੍ਹਾਂ ਬੇਰਹਿਮੀ ਨਾਲ ਉਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ ਹੈ। ਇਹ ਸਭ ਘਟਨਾਵਾਂ ਜਿੱਥੇ ਸ਼ਾਹੀ ਜ਼ਬਰ ਅਤੇ ਜ਼ੁਲਮ ਦੀਆਂ ਸਾਖੀ ਭਰਦੀਆਂ ਹਨ, ਉੱਥੇ ਬਾਦਸ਼ਾਹ ਔਰੰਗਜ਼ੇਬ ਦੇ ਧਾਰਮਿਕ ਹੋਣ ਦੇ ਭਰਮ ਨੂੰ ਵੀ ਤੋੜਦੀਆਂ ਹਨ, ਕਿਉਂਕਿ ਜੋ ਇਨ੍ਹਾਂ ਸਾਰੀਆਂ ਕਾਰਵਾਈਆਂ ਵਿੱਚ ਧਰਮ ਜਾਂ ਨਿਆਂ ਨੂੰ ਛਿੱਕੇ ਤੇ ਟੰਗ ਦਿੱਤਾ ਗਿਆ ਸੀ ਅਤੇ ਨੈਤਿਕਤਾ ਤੇ ਨਿਆਂ ਨਾਲ ਇਹ ਇੱਕ ਤਰ੍ਹਾਂ ਦਾ ਕੋਜਾ ਮਜਾਕ ਸੀ।

'ਜ਼ਫ਼ਰਨਾਮਾ' ਦੇ ਸ਼ਬਦ-ਅਰਥ ਫ਼ਤਹਿ ਜਾਂ ਵਿਜੈ ਦੇ ਪੱਤਰ ਦੇ ਹਨ। ਗੁਰੂ ਗੋਬਿੰਦ ਸਿੰਘ ਜੀ ਸੰਸਾਰਿਕ ਤੌਰ ਤੇ ਇੰਨਾ ਕੁਝ ਗਵਾ ਕੇ ਵੀ ਆਪਣੇ ਆਪ ਨੂੰ ਵਿਜੇਈ ਮੰਨਦੇ ਹਨ, ਕਿਉਂਕਿ ਜੋ ਆਤਮਿਕ ਤੌਰ ਤੇ ਉਹ ਹੁਣ ਵੀ ਚੜ੍ਹਦੀਕਲਾ ਵਿੱਚ ਸਨ ਅਤੇ ਜ਼ੁਲਮ ਤੇ ਜ਼ਬਰ ਦਾ ਟਾਕਰਾ ਕਰਨ ਲਈ ਆਪਣੇ ਆਪ ਅਤੇ ਆਪਣੇ ਸਿੰਘਾਂ ਨੂੰ ਤਿਆਰ ਬਰ ਤਿਆਰ ਕਰ ਰਹੇ ਸਨ।

ਫ਼ਾਰਸੀ ਵਿੱਚ ਲਿਖੇ ਇਸ ਪੱਤਰ ਵਿੱਚ ਗੁਰੂ ਜੀ ਨੇ ਸਭ ਤੋਂ ਪਹਿਲਾਂ ਉਸ ਸਰਬ ਉੱਚ ਅਤੇ ਸਰਬ-ਸ਼ਕਤੀਮਾਨ ਅਕਾਲ ਪੁਰਖ ਦੀ ਮਹਿਮਾ ਦਾ ਵਰਣਨ ਕੀਤਾ ਹੈ, ਜੋ ਸਭ ਪ੍ਰਕਾਰ ਦੀਆਂ ਖੁਸ਼ੀਆਂ ਅਤੇ ਨੇਮਤਾਂ ਨੂੰ ਬਖਸ਼ਣ ਵਾਲਾ ਹੈ। ਜੋ ਸ਼ਤਰੂਆਂ ਤੋਂ ਪ੍ਰਾਣੀਆਂ ਦੀ ਰੱਖਿਆ ਕਰਦਾ ਹੈ। ਨਿਤਾਣਿਆਂ, ਨਿਮਾਣਿਆਂ



Sri Satguru Jagjit Singh Ji Elibrary NamdhariElibrary@gmail.com

ਦਾ ਰਖਿਅਕ ਹੈ ਅਤੇ ਯੋਧਿਆਂ ਨੂੰ ਬਲ ਬਖਸ਼ਣ ਵਾਲਾ ਹੈ। ਉਹ ਸਰਵ ਉੱਚ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਜਿਸ ਦੀ ਛਤਰ ਛਾਇਆ ਵਿੱਚ ਗੁਰੂ ਜੀ ਆਪਣੇ ਆਪ ਨੂੰ ਸੁਰੱਖਿਅਤ ਅਤੇ ਨਿਰਭੈ ਦੱਸਦੇ ਹਨ।

ਔਰੰਗਜ਼ੇਬ ਨੂੰ ਸੰਬੋਧਿਤ ਕਰਕੇ ਇਹ ਲਿਖਿਆ ਗਿਆ ਕਿ ਆਨੰਦਪੁਰ ਛੱਡਣ ਸਮੇਂ ਉਸ ਵੱਲੋਂ ਭੇਜੇ ਗਏ ਫ਼ੌਜਦਾਰਾਂ ਨੇ ਕੁਰਾਨ ਦੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਇਹ ਵਚਨ ਦਿੱਤਾ ਸੀ ਕਿ "ਜੇ ਆਪ ਆਨੰਦਪੁਰ ਛੱਡ ਜਾਵੋਗੇ ਤਾਂ ਸ਼ਾਹੀ ਸੈਨਾ ਤੁਹਾਡਾ ਪਿੱਛਾ ਨਹੀਂ ਕਰੇਗੀ ਅਤੇ ਨਾ ਹੀ ਤੁਹਾਨੂੰ ਗ੍ਰਿਫਤਾਰ ਕਰੇਗੀ।" ਪਰ ਉਨ੍ਹਾਂ ਨੇ ਧੋਖਾ ਦੇ ਕੇ ਕੁਰਾਨ ਦੀਆਂ ਕਸਮਾਂ ਨੂੰ ਤੋੜਿਆ ਅਤੇ ਗੁਰੂ ਜੀ ਦਾ ਪਿੱਛਾ ਕਰਕੇ ਲੜਾਈਆਂ ਵੀ ਕੀਤੀਆਂ। ਫਿਰ ਚਮਕੌਰ ਦੇ ਯੁੱਧ ਦਾ ਹਾਲ ਹੈ, ਜਿੱਥੇ ਗੁਰੂ ਜੀ ਨੇ 40 ਸਿੰਘਾਂ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਦੁਸ਼ਮਣ ਦੀ ਸੈਨਾ ਦਾ ਟਾਕਰਾ ਕੀਤਾ ਸੀ ਅਤੇ ਹਨੇਰੀ ਰਾਤ ਵਿੱਚ ਸਿੰਘਾਂ ਦੀ ਬੇਨਤੀ ਕਰਨ ਤੇ ਉਥੋਂ ਸਹੀ ਸਲਾਮਤ ਬਚ ਕੇ ਨਿਕਲ ਆਏ ਸਨ। ਆਪ ਨੇ ਬਾਦਸ਼ਾਹ ਨੂੰ ਲਿਖਿਆ, ਕੀ ਹੋਇਆ ਜੇ ਮੇਰੇ ਚਾਰ ਪੁੱਤਰ ਮਾਰੇ ਗਏ ਹਨ, ਮੈਂ ਤਾਂ ਹਾਲੀਂ ਕੁੰਡਲੀਆ ਸਰਪ ਸੁਰੱਖਿਅਤ ਹਾਂ।

ਬੜੀ ਦਲੇਰੀ ਨਾਲ ਇਸ ਪੱਤਰ ਵਿੱਚ ਔਰੰਗਜ਼ੇਬ ਦੀਆਂ ਖੂਬੀਆਂ ਦਾ ਜ਼ਿਕਰ ਕਰਕੇ ਉਸ ਦੇ ਇਸਲਾਮ ਵਿਰੋਧੀ ਕਿਰਦਾਰ ਦੀ ਨਿੰਦਾ ਕੀਤੀ ਗਈ ਹੈ। ਗੁਰੂ ਜੀ ਦਾ ਆਸ਼ਾ ਇਸ ਪੱਤਰ ਰਾਹੀਂ ਬਾਦਸ਼ਾਹ ਔਰੰਗਜ਼ੇਬ ਦੀ ਜ਼ਮੀਰ ਨੂੰ ਝੰਜੋੜਨਾ ਸੀ ਤਾਂ ਜੋ ਉਸ ਨੂੰ ਉਸ ਦੇ ਕਸਮਾਂ ਤੋੜਨ ਵਾਲੇ ਅਤੇ ਈਮਾਨ ਰਹਿਤ ਕਿਰਦਾਰ ਦਾ ਖੁੱਲ੍ਹਾ ਚਿੱਠਾ ਪੇਸ਼ ਕੀਤਾ ਜਾ ਸਕੇ। ਇਸ ਵਿੱਚ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਨ ਲਈ ਵੀ ਕਿਹਾ ਗਿਆ ਹੈ ਤਾਂ ਜੋ ਸਾਰੀ ਹਾਲਤ ਤੋਂ ਉਸ ਨੂੰ ਜਾਣੂ ਕਰਵਾਇਆ ਜਾ ਸਕੇ। ਇਸ ਪੱਤਰ ਵਿੱਚ ਰੋਸ ਵੀ ਹੈ, ਤਾਨੇ ਮਿਹਣੇ ਵੀ ਅਤੇ ਰਾਜਨੀਤਿਕ ਜੀਵਨ ਦੇ ਨੈਤਿਕ ਪੱਖਾਂ ਦਾ ਬੋਧ ਵੀ। ਜਿਵੇਂ ਵਿਅਕਤੀ ਦੇ ਨਿੱਜੀ ਗੁਣਾਂ ਵਿੱਚ ਸਦਾਚਾਰ ਦੀ ਲੋੜ ਹੈ, ਤਿਵੇਂ ਰਾਜਨੀਤੀ ਵਿੱਚ ਵੀ ਅਜਿਹੇ ਆਦਰਸ਼ ਵੀ ਅਤਿ ਲੋੜੀਂਦੇ ਹਨ। ਪਹਾੜੀ ਰਾਜਿਆਂ ਜੋ ਮੁਗਲ ਸੈਨਾ ਦੇ ਆਨੰਦਪੁਰ ਦੀ ਜੰਗ ਸਮੇਂ ਉਨ੍ਹਾਂ ਦੇ ਸਾਥੀ ਸਨ, ਨੂੰ ਗੁਰੂ ਸਾਹਿਬ ਨੇ ਉਸੇ ਪ੍ਰਕਾਰ ਫਿਟਕਾਰਾਂ ਪਾਈਆਂ ਹਨ ਅਤੇ ਧਰਮ ਈਮਾਨ ਤੋਂ ਕੋਰੇ ਦੱਸਿਆ ਹੈ। ਉਨ੍ਹਾਂ ਨੂੰ ਬੁੱਤ ਪੂਜ ਵੀ ਕਿਹਾ ਹੈ। ਸ਼ਾਇਦ ਇਹ ਨੁਕਤਾ ਇਸ ਲਈ ਉਠਾਇਆ ਗਿਆ ਹੋਵੇ ਕਿ ਗੁਰੂ ਸਾਹਿਬ ਆਪਣੇ ਖਾਲਸਾ ਪੰਥ ਦੇ ਆਦਰਸ਼ਾਂ ਨੂੰ ਦੋਵੇਂ ਧਰਮਾਂ ਤੋਂ ਵਿਲੱਖਣ ਸੁਭਾਅ ਵਾਲਾ ਦਰਸਾਉਣਾ ਚਾਹੁੰਦੇ ਸਨ। ਕੁਝ ਵੀ ਹੋਵੇ ਇਹ ਪੱਤਰ ਗੁਰੂ ਜੀ ਦੇ ਆਤਮ ਵਿਸ਼ਵਾਸ ਅਤੇ ਅਕਾਲ



Sri Satguru Jagjit Singh Ji Elibrary NamdhariElibrary@gmail.com

ਪੁਰਖ ਉੱਤੇ ਪੂਰਨ ਭਰੋਸੇ ਦਾ ਸੂਚਕ ਹੈ ਅਤੇ ਉਸ ਦ੍ਰਿੜ੍ਹਤਾ ਪੂਰਵਕ ਬੀਰ ਭਾਵਨਾ ਦਾ ਵੀ ਜਿਸ ਦੁਆਰਾ ਇਕੱਲਾ ਸ਼ੇਰਾਂ ਦਾ ਟਾਕਰਾ ਕਰ ਸਕਦਾ ਹੈ। ਇਸੇ ਪੱਤਰ ਵਿੱਚ ਗੁਰੂ ਜੀ ਨੇ ਆਪਣੀ ਉਸ ਨੀਤੀ ਨੂੰ ਵੀ ਪ੍ਰਗਟਾਇਆ ਹੈ, 'ਜਦੋਂ ਇਨਸਾਫ ਦੇ ਹੀਲੇ ਮੁੱਕ ਜਾਣ ਤਾਂ ਤਲਵਾਰ ਸੂਤ ਲੈਣਾ ਹੱਕ ਬਜ਼ਾਨਬ ਹੁੰਦਾ ਹੈ।'

ਗੁਰੂ ਸਾਹਿਬ ਨੇ ਇਹ ਪੱਤਰ ਆਪਣੇ ਦੋ ਸਿੱਖਾਂ ਭਾਈ ਦਇਆ ਸਿੰਘ ਅਤੇ ਧਰਮ ਸਿੰਘ ਰਾਹੀਂ ਔਰੰਗਜੇਬ. ਨੂੰ ਜੋ ਉਸ ਸਮੇਂ ਅਹਿਮਦਾਬਾਦ ਦੱਖਣ ਵਿੱਚ ਸੀ, ਨੂੰ ਭੇਜਿਆ। ਇਸ ਨੂੰ ਪੜ੍ਹ ਕੇ ਉਸ ਉੱਤੇ ਕਾਫ਼ੀ ਪ੍ਰਭਾਵ ਪਇਆ ਦੱਸਿਆ ਜਾਂਦਾ ਹੈ। ਫਲਸਰੂਪ ਉਸ ਨੇ ਆਪਣੇ ਅਹਿਲਕਾਰ ਭੇਜ ਕੇ ਲਾਹੌਰ ਦੇ ਸੂਬੇਦਾਰ ਨੂੰ ਹੁਕਮ ਭੇਜ ਦਿੱਤਾ ਕਿ ਉਹ ਗੁਰੂ ਜੀ ਨਾਲ ਸੁਲ੍ਹਾ ਕਰ ਲੈਣ। ਗੁਰੂ ਜੀ ਨੂੰ ਆਪਣੇ ਨਾਲ ਮੁਲਾਕਾਤ ਕਰਨ ਲਈ ਵੀ ਸੱਦਾ ਭੇਜ ਦਿੱਤਾ ਗਿਆ।

### ਖਿਦਰਾਣੇ ਦੀ ਜੰਗ (21 ਵੈਸਾਖ 1762 ਬਿ: (29 ਦਸੰਬਰ 1705)

ਭਾਵੇਂ ਦੀਨਾ ਕਾਂਗੜ ਵਿਖੇ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮਾ ਲਿਖ ਭੇਜਿਆ ਸੀ, ਪਰ ਆਪ ਦੀ ਦੂਰਦਰਸ਼ਤਾ ਅਤੇ ਰਾਜਨੀਤੀ ਵਿੱਚ ਨਿਪੁੰਨਤਾ ਨੇ ਆਪ ਜੀ ਦੇ ਸਨਮੁੱਖ ਆਉਣ ਵਾਲੇ ਸਮੇਂ ਦਾ ਸਾਰਾ ਨਕਸ਼ਾ ਸਪੱਸ਼ਟ ਕਰ ਦਿੱਤਾ ਸੀ। ਗੁਰੂ ਜੀ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਤੋਂ ਵੀ ਖਤਰਾ ਸੀ, ਜੋ ਗੁਰੂ ਜੀ ਦੇ ਬਚ ਕੇ ਨਿਕਲ ਜਾਣ ਨੂੰ ਆਪਣੀ ਵੱਡੀ ਕਮਜ਼ੋਰੀ ਮੰਨਦਾ ਸੀ। ਉਸ ਦੇ ਦਿਲ ਵਿੱਚ ਇਹ ਅਗਨੀ ਭੜਕ ਰਹੀ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਜੀ ਨੂੰ ਜਿਊਂਦਿਆਂ ਜਾਂ ਮੋਇਆਂ ਗ੍ਰਿਫਤਾਰ ਕਰਕੇ ਬਾਦਸ਼ਾਹ ਤੋਂ ਵੱਡਾ ਇਨਾਮ ਹਾਸਲ ਕੀਤਾ ਜਾਵੇ। ਦੂਜੇ ਬੰਨ੍ਹੇ ਗੁਰੂ ਜੀ ਵੀ ਵਜ਼ੀਰ ਖ਼ਾਂ ਤੋਂ ਬਦਲਾ ਲੈਣ ਦੀ ਇੱਛਾ ਰੱਖਦੇ ਸਨ, ਕਿਉਂ ਜੋ ਉਸ ਦੀ ਨਿਗਰਾਨੀ ਵਿੱਚ ਹੀ ਮੁਗਲ ਸੈਨਾ ਨੇ ਗੁਰੂ ਜੀ ਨਾਲ ਲੜਾਈਆਂ ਵੀ ਕੀਤੀਆਂ ਸਨ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀਆਂ ਲਈ ਵੀ ਉਹੋ ਹੀ ਜ਼ਿੰਮੇਵਾਰ ਸੀ। ਇਸ ਖਤਰੇ ਨੂੰ ਭਾਂਪਦੇ ਹੋਏ ਗੁਰੂ ਜੀ ਨੇ ਭਵਿੱਖ ਦੇ ਆਉਣ ਵਾਲੇ ਸਮੇਂ ਦੇ ਸੰਗਰਾਮ ਲਈ ਤਿਆਰੀ ਵਿੱਢ ਦਿੱਤੀ ਸੀ।

ਗੁਰੂ ਜੀ ਦੇ ਮਾਲਵੇ ਦੇ ਇਲਾਕੇ ਵਿੱਚ ਆਉਣ ਦੀ ਖ਼ਬਰ ਸੁਣ ਕੇ ਬਹੁਤ ਸਾਰੇ ਸਿੰਘ ਗੁਰੂ ਜੀ ਦਾ ਦਰਸ਼ਨ ਕਰਨ ਲਈ ਆਉਣ ਲੱਗ ਪਏ ਸਨ। ਗੁਰੂ ਜੀ ਨੇ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਦੇ ਬਰਾੜਾਂ ਨੂੰ ਆਪਣੀ ਫ਼ੌਜ ਵਿੱਚ ਭਰਤੀ ਕਰ ਲਿਆ ਸੀ ਅਤੇ ਇਸ ਸੈਨਾ ਦੀ ਗਿਣਤੀ ਦਿਨੋਂ-ਦਿਨ ਵਧਣ ਲੱਗ ਪਈ ਸੀ। ਇਸ ਦੌਰਾਨ ਗੁਰੂ ਜੀ ਨੇ ਮਾਲਵੇ ਦੇ ਬਹੁਤ ਸਾਰੇ



Sri Satguru Jagjit Singh Ji Elibrary NamdhariElibrary@gmail.com

ਪਿੰਡਾਂ ਦਾ ਦੌਰਾ ਵੀ ਕੀਤਾ ਅਤੇ ਲੋਕਾਂ ਦੇ ਦੁੱਖਾਂ-ਸੁੱਖਾਂ ਦੇ ਭਾਈਵਾਲ ਵੀ ਬਣੇ। ਉਨ੍ਹਾਂ ਦੇ ਕਸ਼ਟਾਂ ਦੀ ਨਿਵ੍ਰਤੀ ਕੀਤੀ ਅਤੇ ਕਈ ਸਮੱਸਿਆਵਾਂ ਦਾ ਨਿਵਾਰਨ ਕੀਤਾ। ਰਾਮੇ ਆਣੇ, ਰੂਪੇ ਆਣੇ, ਭਾਈ ਭਗਤਾ, ਜੈਤੋ ਅਤੇ ਢਿਲਵਾਂ ਵਿੱਚ ਹੁੰਦੇ ਹੋਏ ਆਪ ਕੋਟਕਪੂਰੇ ਦੇ ਚੌਧਰੀ ਕਪੂਰੇ ਕੋਲ ਪਹੁੰਚ ਗਏ। ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਯਥਾਸਕਤ ਗੁਰੂ ਜੀ ਦੀ ਸੇਵਾ ਕੀਤੀ। ਕੋਟਕਪੂਰੇ ਦਾ ਚੌਧਰੀ ਪਹਿਲਾਂ ਤਾਂ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ, ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਦਾ ਪਿੱਛਾ ਕਰਦਾ ਹੋਇਆ ਵਜ਼ੀਰ ਖ਼ਾਂ 10,000 ਦੀ ਸੈਨਾ ਲੈ ਕੇ ਗੁਰੂ ਜੀ ਵਿਰੁੱਧ ਚੜ੍ਹਾਈ ਕਰਕੇ ਆ ਰਿਹਾ ਹੈ ਤਾਂ ਉਸਨੇ ਆਪਣੇ ਕਿਲ੍ਹੇ ਵਿੱਚ ਗੁਰੂ ਜੀ ਨੂੰ ਸੈਨਿਕ ਸੰਗਰਾਮ ਕਰਨ ਦੀ ਆਗਿਆ ਨਾ ਦਿੱਤੀ। ਅੰਦਰੋਂ ਉਹ ਮੁਗਲ ਸੈਨਾ ਤੋਂ ਵੀ ਡਰਦਾ ਸੀ, ਪਰ ਗੁਰੂ ਜੀ ਨੂੰ ਉਸ ਨੇ ਇਹ ਸੁਝਾਅ ਜ਼ਰੂਰ ਦੇ ਦਿੱਤਾ ਕਿ ਮੁਗਲ ਸੈਨਾ ਦਾ ਟਾਕਰਾ ਕਰਨ ਲਈ ਖਦਰਾਣੇ ਦੀ ਢਾਬ ਜੰਗ ਕਰਨ ਲਈ ਵਧੇਰੇ ਅਨੁਕੂਲ ਸਥਾਨ ਹੈ, ਕਿਉਂ ਜੋ ਇਸ ਤੋਂ ਬਿਨਾਂ ਹੋਰ ਕੋਈ ਮੀਲਾਂ ਤੱਕ ਪਾਣੀ ਦਾ ਮਿਲਣਾ ਮੁਸ਼ਕਿਲ ਹੈ। ਭਾਈ ਦਾਨਾ ਅਤੇ ਭਾਈ ਖਾਨਾ ਜੋ ਇਸ ਇਲਾਕੇ ਤੋਂ ਚੰਗੀ ਤਰ੍ਹਾਂ ਜਾਣੂ ਸਨ, ਦੀ ਸਲਾਹ ਨਾਲ ਗੁਰੂ ਜੀ ਨੇ ਇਸੇ ਸਥਾਨ ਉੱਤੇ ਮੁਗਲ ਸੈਨਾ (ਵਜ਼ੀਰ ਖ਼ਾਂ ਦੀ ਫੌਜ) ਨਾਲ ਟਾਕਰਾ ਕਰਨਾ ਮੁਨਾਸਿਬ ਸਮਝਿਆ। ਗੁਰੂ ਜੀ ਨੂੰ ਇਹ ਸੂਚਨਾ ਲਗਾਤਾਰ ਮਿਲਦੀ ਰਹੀ ਕਿ ਵਜ਼ੀਰ ਖ਼ਾਂ ਦੀ ਸੈਨਾ ਕਿਥੋਂ ਤੱਕ ਪਹੁੰਚ ਚੁੱਕੀ ਹੈ।

ਇਸ ਸਮੇਂ ਕਈ ਹੋਰ ਘਟਨਾਵਾਂ ਵੀ ਵਾਪਰੀਆਂ। ਮਾਝੇ ਦੇ ਕਈ ਸਿੰਘ ਇਕੱਠੇ ਹੋ ਕੇ ਗੁਰੂ ਜੀ ਕੋਲ ਆਏ ਅਤੇ ਆਪ ਜੀ ਨੂੰ ਮੁਗਲਾਂ ਨਾਲ ਸੁਲ੍ਹਾ ਕਰਨ ਲਈ ਬੇਨਤੀ ਕਰਨ ਲੱਗੇ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਾਝੇ ਦੇ ਲਾਹੌਰ ਪਰਗਣੇ ਦੇ ਪੰਚ ਸਨ। ਗੁਰੂ ਜੀ ਨੇ ਉਨ੍ਹਾਂ ਦੇ ਸੁਝਾਅ ਨੂੰ ਅਪ੍ਰਵਾਨ ਕਰ ਦਿੱਤਾ, ਸਗੋਂ ਉਨ੍ਹਾਂ ਨੂੰ ਸਿੰਘਾਂ ਵਾਲੀ ਦਲੇਰੀ ਤੋਂ ਸੱਖਣਾ ਦੱਸਿਆ। ਉਨ੍ਹਾਂ ਵਿੱਚੋਂ ਬਹੁਤ ਸਾਰੇ ਨਿਰਾਸ਼ ਹੋ ਕੇ ਵਾਪਸ ਪਰਤ ਗਏ।

ਮਾਤਾ ਭਾਗੋ ਜੋ ਬਾਬਾ ਜੋਰਾਵਰ ਸਿੰਘ ਦੀ ਸੇਵਾ ਵਿੱਚ ਆਨੰਦਪੁਰ ਰਹਿੰਦੀ ਸੀ ਅਤੇ ਆਪਣੇ ਪਾਸ ਰੱਖਦੀ ਹੁੰਦੀ ਸੀ, ਨੇ ਜਾ ਕੇ ਮਾਝੇ ਦੇ ਉਨ੍ਹਾਂ ਸਿੰਘਾਂ ਨੂੰ ਲਾਹਨਤਾਂ ਪਾਈਆਂ, ਜੋ ਗੁਰੂ ਜੀ ਨੂੰ ਆਨੰਦਪੁਰ ਵਿਖੇ ਬੇਦਾਵਾ ਲਿਖ ਕੇ ਦੇ ਆਏ ਸਨ। ਹੁਣ ਉਹ ਮੁੜ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਭੁੱਲ ਬਖਸ਼ਾਉਣ ਲਈ ਆ ਪਹੁੰਚੇ।

ਗੁਰੂ ਜੀ ਨੂੰ ਸੂਚਨਾ ਮਿਲੀ ਕਿ ਮੁਗਲ ਸੈਨਾ ਨੇੜੇ ਪਹੁੰਚ ਰਹੀ ਹੈ। ਗੁਰੂ



Sri Satguru Jagjit Singh Ji Elibrary NamdhariElibrary@gmail.com

ਜੀ ਨੇ ਆਪ ਇੱਕ ਟਿੱਬੀ ਦੇ ਸਥਾਨ ਉੱਤੇ ਡੇਰਾ ਲਾ ਲਿਆ ਅਤੇ ਆਪਣੀ ਸੈਨਾ ਨੂੰ ਤਿਆਰ ਬਰ ਤਿਆਰ ਕਰ ਲਿਆ, ਪਰ ਮਾਝੇ ਦੇ ਉਨ੍ਹਾਂ ਸਿੰਘਾਂ ਨੇ ਢਾਬ ਦੇ ਪੂਰਬ ਵੱਲ ਝਾੜੀਆਂ ਵਿੱਚ ਆਪਣੇ ਬਸਤਰ ਟੰਗ ਦਿੱਤੇ, ਤਾਂ ਜੋ ਦੁਸ਼ਮਣ ਤੇ ਇਹ ਪ੍ਰਭਾਵ ਪਏ ਕਿ ਇੱਥੇ ਬਹੁਤ ਸਾਰੇ ਸਿੰਘਾਂ ਦੀ ਛਾਉਣੀ ਹੈ। ਅਸਲ ਵਿੱਚ ਇਨ੍ਹਾਂ ਸਿੰਘਾਂ ਦੀ ਗਿਣਤੀ 40 ਸੀ।

ਜਦੋਂ ਮੁਗਲ ਸੈਨਾ ਨੇੜੇ ਪਹੁੰਚੀ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਮਝੈਲ ਸਿੰਘਾਂ ਨਾਲ ਹੀ ਉਨ੍ਹਾਂ ਦਾ ਟਾਕਰਾ ਹੋਇਆ। ਬੰਦੂਕਾਂ ਅਤੇ ਹੋਰ ਸ਼ਸਤਰਾਂ ਦੀ ਲੜਾਈ ਵਿੱਚ ਇਨ੍ਹਾਂ ਸਿੰਘਾਂ ਨੇ ਬੜੀ ਬਹਾਦਰੀ ਨਾਲ ਮੁਗਲਾਂ ਦੀ ਸੈਨਾ ਨਾਲ ਲੜਦਿਆਂ ਹੋਇਆਂ ਠੱਲ੍ਹ ਪਾਈ ਰੱਖੀ ਅਤੇ ਦੁਸ਼ਮਣ ਦੀ ਸੈਨਾ ਦਾ ਬੜਾ ਜਾਨੀ ਨੁਕਸਾਨ ਵੀ ਕੀਤਾ। ਗੁਰੂ ਜੀ ਨੇ ਟਿੱਬੀ ਦੇ ਸਥਾਨ ਤੋਂ ਤੀਰਾਂ ਦੀ ਬੁਛਾੜ ਕਰ ਦਿੱਤੀ ਅਤੇ ਬਹੁਤ ਸਾਰੇ ਮੁਗਲ ਸਰਦਾਰਾਂ ਨੂੰ ਪਾਰ ਬੁਲਾ ਦਿੱਤਾ। ਜਿਸ ਤੋਂ ਮੁਗਲ ਸੈਨਾ ਵਿੱਚ ਘਬਰਾਹਟ ਮੱਚ ਗਈ ਅਤੇ ਪਿਆਸ ਨੇ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ। ਇਹ ਵੇਖ ਕੇ ਆਪਣੇ ਮੁਰਦਿਆਂ ਅਤੇ ਜਿਉਂਦੇ ਜ਼ਖ਼ਮੀਆਂ ਨੂੰ ਮੈਦਾਨ ਵਿੱਚ ਛੱਡ ਕੇ ਹੀ ਵਜ਼ੀਰ ਖ਼ਾਂ ਨੇ ਫ਼ੌਜ ਨੂੰ ਵਾਪਸ ਜਾਣ ਦਾ ਹੁਕਮ ਦੇ ਦਿੱਤਾ।

ਗੁਰੂ ਜੀ ਇਸ ਜਿੱਤ ਪਿਛੋਂ ਆਪਣੇ ਸ਼ਹੀਦ ਮਝੈਲ ਸਿੰਘਾਂ ਕੋਲ ਆ ਗਏ, ਜਿਨ੍ਹਾਂ ਨੇ ਬੜੀ ਬਹਾਦਰੀ ਨਾਲ ਮੁਗਲ ਸੈਨਾ ਨਾਲ ਟਾਕਰਾ ਕਰਕੇ ਉਨ੍ਹਾਂ ਨੂੰ ਭਾਂਜ ਦੇ ਦਿੱਤੀ ਸੀ ਅਤੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਚੁੱਕੇ ਸਨ। ਇੱਕ-ਇੱਕ ਦੇ ਕੋਲ ਸੱਤ-ਸੱਤ ਦੁਸ਼ਮਣਾਂ ਦੀਆਂ ਲਾਸ਼ਾਂ ਪਈਆਂ ਸਨ। ਗੁਰੂ ਜੀ ਨੇ ਇਨ੍ਹਾਂ ਸ਼ਹੀਦ ਸਿੰਘਾਂ ਕੋਲ ਪੁੱਜ ਕੇ ਗੁਰੂ ਪਿਤਾ ਵਾਲੀ ਮਮਤਾ ਦਾ ਪ੍ਰਗਟਾਵਾ ਕੀਤਾ ਅਤੇ ਹਰ ਸਿੰਘ ਦੇ ਮੁੱਖੜੇ ਨੂੰ ਆਪਣੇ ਰੁਮਾਲ ਨਾਲ ਪੂੰਝਿਆ ਅਤੇ ਕਿਸੇ ਨੂੰ ਪੰਜ ਹਜ਼ਾਰੀ ਤੇ ਕਿਸੇ ਨੂੰ ਦਸ ਹਜ਼ਾਰੀ ਤੇ ਕਿਸੇ ਨੂੰ ਤੀਹ ਹਜ਼ਾਰੀ ਦੀ ਪੱਦਵੀ ਬਖਸ਼ੀ। ਇਨ੍ਹਾਂ ਸ਼ਹੀਦ ਸਿੰਘਾਂ ਵਿੱਚੋਂ ਭਾਈ ਮਹਾਂ ਸਿੰਘ ਹਾਲੀ ਸਹਿਕ ਰਿਹਾ ਸੀ। ਜਦੋਂ ਗੁਰੂ ਜੀ ਉਸ ਪਾਸ ਪੁੱਜੇ ਉਸ ਦਾ ਚੇਹਰਾ ਸਾਫ਼ ਕੀਤਾ, ਉਸ ਦੇ ਸਿਰ ਨੂੰ ਆਪਣੀ ਗੋਦ ਵਿੱਚ ਰੱਖਿਆ ਤਾਂ ਮਹਾਂ ਸਿੰਘ ਆਪਣੇ ਨੇਤਰ ਖੋਲ੍ਹ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ। ਗੁਰੂ ਜੀ ਦੇ ਕਹਿਣ ਉੱਤੇ ਮੰਗ ਕੀ ਮੰਗਣਾ ਚਾਹੁੰਦਾ ਹੈ? ਉਸ ਨੇ ਕਿਹਾ, 'ਮੇਰੀ ਅੰਤਿਮ ਆਸ ਪੂਰੀ ਹੋ ਗਈ ਹੈ। ਆਪ ਜੀ ਦੇ ਦਰਸ਼ਨ ਕਰਨ ਦੀ ਹੀ ਅਭਿਲਾਸ਼ਾ ਸੀ, ਪਰ ਜੇਕਰ ਆਪ ਤ੍ਰੁੱਠੇ ਹੋ ਤਾਂ ਉਸ ਬੇਦਾਵੇ ਦੇ ਪੱਤਰ ਨੂੰ ਫਾੜ ਦਿਉ, ਜੋ ਅਸੀਂ ਆਨੰਦਪੁਰ ਵਿਖੇ ਲਿਖ ਕੇ ਦੇ ਆਏ ਸਾਂ 'ਆਪ ਟੁਟੀ ਗੰਢਨਹਾਰ ਗੋਪਾਲ ਹੋ'। ਗੁਰੂ ਜੀ ਨੇ ਉਸ ਬੇਦਾਵੇ ਦੇ ਪੱਤਰ ਨੂੰ ਆਪਣੀ ਜੇਬ ਵਿੱਚੋਂ ਕੱਢ ਕੇ ਮਹਾਂ ਸਿੰਘ ਦੇ ਸਾਹਮਣੇ



Sri Satguru Jagjit Singh Ji Elibrary NamdhariElibrary@gmail.com

ਫਾੜ ਦਿੱਤਾ। ਮਹਾਂ ਸਿੰਘ ਨੇ ਵੀ ਗੁਰੂ ਜੀ ਦੇ ਚਰਨਾਂ ਵਿੱਚ ਸ਼ਹੀਦੀ ਪ੍ਰਾਪਤ ਕਰ ਲਈ। ਗੁਰੂ ਜੀ ਨੇ ਇਨ੍ਹਾਂ ਬਹਾਦਰ 40 ਸ਼ਹੀਦ ਸਿੰਘਾਂ ਨੂੰ ਮੁਕਤਿਆਂ ਦਾ ਖਿਤਾਬ ਬਖਸ਼ਿਆ ਅਤੇ ਬਚਨ ਕੀਤਾ ਜੋ ਕੋਈ ਵੀ ਇਸ ਖਿਦਰਾਣੇ ਦੀ ਢਾਬ ਉੱਤੇ ਆ ਕੇ ਸ਼ਰਧਾ ਨਾਲ ਇਸ਼ਨਾਨ ਕਰੇਗਾ, ਉਸ ਨੂੰ ਮੁਕਤੀ ਪ੍ਰਾਪਤ ਹੋਵੇਗੀ। ਉਸ ਸਥਾਨ ਦਾ ਨਾਮ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੋਂ ਮੁਕਤਸਰ ਕਰ ਦਿੱਤਾ, ਜੋ ਅੱਜ ਸਿੱਖਾਂ ਦੀ ਵੱਡੀ ਇਤਿਹਾਸਕ ਯਾਦਗਾਰ ਅਤੇ ਤੀਰਥ ਸਥਾਨ ਹੈ। ਇਸੇ ਸਮੇਂ ਮਾਤਾ ਭਾਗੋ ਜੋ ਬੜੀ ਬਹਾਦਰੀ ਨਾਲ ਦੁਸ਼ਮਣਾਂ ਨਾਲ ਲੜੀ ਸੀ, ਵੀ ਇਸ ਸਰੋਵਰ ਤੋਂ ਆਪਣੇ ਜ਼ਖ਼ਮ ਧੋ ਰਹੀ ਸੀ। ਉਸ ਨੇ ਵੀ ਗੁਰੂ ਜੀ ਦੇ ਦਰਸ਼ਨ ਕੀਤੇ। ਇਸ ਇਤਿਹਾਸਕ ਲੜਾਈ ਦੀ ਯਾਦ ਵਿੱਚ ਮੁਕਤਸਰ ਦੇ ਸਥਾਨ ਉੱਤੇ ਗੁਰਦੁਆਰਾ ਟਿੱਬੀ ਸਾਹਿਬ, ਸ਼ਹੀਦ ਗੰਜ, ਜਿੱਥੇ ਇਨ੍ਹਾਂ ਸਿੰਘਾਂ ਦਾ ਗੁਰੂ ਜੀ ਨੇ ਆਪਣੇ ਹੱਥੀਂ ਸੰਸਕਾਰ ਕੀਤਾ ਸੀ ਅਤੇ ਤੰਬੂ ਸਾਹਿਬ ਜਿੱਥੇ ਸਿੰਘਾਂ ਨੇ ਝਾੜੀਆਂ ਉੱਤੇ ਕੱਪੜੇ ਪਾਏ ਸਨ ਆਦਿ ਇਨ੍ਹਾਂ ਇਤਿਹਾਸਕ ਸਮਾਚਾਰਾਂ ਦੀ ਯਾਦ ਨੂੰ ਸੁਰੱਖਿਅਤ ਰੱਖੀ ਬੈਠੇ ਹਨ।

### ਲੱਖੀ ਜੰਗਲ ਤੇ ਤਲਵੰਡੀ ਸਾਬੋ ਵਿਖੇ ਮਕਾਮ

ਮੁਕਤਸਰ ਦੀ ਜੰਗ ਦੀ ਜਿੱਤ ਦੀਆਂ ਖ਼ਬਰਾਂ ਸਾਰੇ ਆਹਰੇ-ਬਾਹਰੇ ਫੈਲ ਗਈਆਂ ਅਤੇ ਮਾਲਵੇ ਤੇ ਹੋਰ ਥਾਵਾਂ ਦੇ ਸਿੰਘ ਹੁੰਮ-ਹੁੰਮਾ ਕੇ ਭਾਰੀ ਗਿਣਤੀ ਵਿੱਚ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ ਕਈ ਪਿੰਡਾਂ ਵਿੱਚੋਂ ਲੰਘਦੇ ਹੋਏ ਗੁਰੂ ਜੀ ਲੱਖੀ ਜੰਗਲ ਪੁੱਜ ਗਏ, ਜਿੱਥੇ ਬਹੁਤ ਸਾਰੇ ਖਾਲਸੇ ਨੇ ਆ ਕੇ ਆਪ ਜੀ ਦਾ ਦੀਦਾਰ ਕੀਤਾ। ਗੁਰੂ ਜੀ ਨੇ ਆਪਣੇ ਸਿੰਘਾਂ ਵੱਲੋਂ ਆਪ ਜੀ ਪ੍ਰਤੀ ਦਰਸਾਏ ਗਏ ਸੁਨੇਹੇ ਨੂੰ ਆਪਣੀ ਰਚੀ ਹੋਈ ਇੱਕ ਮਾਝ ਵਿੱਚ ਇਸ ਤਰ੍ਹਾਂ ਵਰਣਨ ਕੀਤਾ ਹੈ।

ਸੁਣ ਕੈ ਸਦੁ ਮਾਹੀ ਦਾ ਮੇਹੀਂ, ਪਾਣੀ ਘਾਹੁ ਮੁਤੋ ਨੇ।
ਕਿਸੇ ਨਾਲਿ ਨ ਰਲੀਆ ਕਾਈਂ, ਕੋਈ ਸ਼ਉਕ ਪਇਓ ਨੇ।
ਗਇਆ ਫਿਰਾਕ ਮਿਲਿਆ ਮਿਤੁ ਮਾਹੀ, ਤਾਂ ਹੀ ਸ਼ੁਕਰ ਕੀਤੋ ਨੇ।
ਲੱਖੀ ਜੰਗਲ ਖਾਲਸਾ, ਆਇ ਦੀਦਾਰ ਕੀਤੋ ਨੇ।

ਇੱਥੇ ਕੁਝ ਦਿਨ ਟਿਕਾਣਾ ਕਰਕੇ ਗੁਰੂ ਜੀ ਤਲਵੰਡੀ ਸਾਬੋ ਦੇ ਸਥਾਨ ਤੇ ਪੁੱਜ ਗਏ। ਇਥੋਂ ਦੇ ਚੌਧਰੀ ਡੱਲੇ ਨੇ ਆਪ ਜੀ ਦਾ ਬਹੁਤ ਆਦਰ ਮਾਣ ਕੀਤਾ। ਇਹ ਸਥਾਨ ਗੁਰੂ ਜੀ ਨੂੰ ਆਨੰਦਪੁਰ ਦਮਦਮੇ ਸਮਾਨ ਲੱਗਿਆ। ਇੱਥੇ ਗੁਰੂ ਜੀ ਲਗਭਗ 9 ਮਹੀਨੇ ਤੱਕ ਰਹੇ। ਬਹੁਤ ਸਾਰੀ ਸੰਗਤ ਦਰਸ਼ਨਾਂ ਨੂੰ ਆਉਂਦੀ ਰਹੀ ਅਤੇ ਗੁਰੂ ਜੀ ਦੇ ਕਰਤੱਵਾਂ ਅਤੇ ਪ੍ਰਵਚਨਾਂ ਤੋਂ ਨਿਹਾਲ ਹੁੰਦੀ ਰਹੀ।

ਡੱਲੇ ਨੂੰ ਵਜ਼ੀਰ ਖ਼ਾਂ ਦੇ ਦੋ ਪੱਤਰ ਪੁੱਜੇ, ਜਿਸ ਵਿੱਚ ਗੁਰੂ ਜੀ ਨੂੰ



Sri Satguru Jagjit Singh Ji Elibrary NamdhariElibrary@gmail.com

ਫੜਾਉਣ ਬਾਰੇ ਲਿਖਿਆ ਗਿਆ ਸੀ, ਪਰ ਡੱਲੇ ਨੇ ਸਾਫ਼ ਤੌਰ ਤੇ ਕਹਿ ਦਿੱਤਾ ਕਿ ਗੁਰੂ ਜੀ ਉਸ ਦੇ ਦੇਹ ਪ੍ਰਾਣ ਹਨ। ਇਸ ਨਾਲ ਗੁਰੂ ਜੀ ਦਾ ਡੱਲੇ ਨਾਲ ਹੋਰ ਪ੍ਰੇਮ ਵੱਧ ਗਿਆ।

ਇਸੇ ਸਥਾਨ ਤੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਗੁਰੂ ਜੀ ਨੂੰ ਆ ਮਿਲੀਆਂ। ਪੁੱਤਰਾਂ ਦੇ ਵਿਛੋੜੇ ਦਾ ਬੜਾ ਵੈਰਾਗ ਕੀਤਾ, ਪਰ ਗੁਰੂ ਜੀ ਤਾਂ ਖਾਲਸੇ ਨੂੰ ਆਪਣੀ ਸੰਤਾਨ ਸਮਝਦੇ ਸਨ। ਉਨ੍ਹਾਂ ਦਾ ਉੱਤਰ ਸੀ – ਇਨ ਪੁਤਰਨ (ਖਾਲਸੇ) ਕੇ ਕਾਰਨੇ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈਂ ਹਜ਼ਾਰ। ਇਸ ਤਰ੍ਹਾਂ ਗੁਰੂ ਜੀ ਨੇ ਮਾਤਾਵਾਂ ਨੂੰ ਧੀਰਜ ਰੱਖਣ ਲਈ ਬਚਨ ਕੀਤਾ।

ਦਮਦਮੇ ਦੇ ਸਥਾਨ ਤੇ ਹੀ ਭਾਈ ਦਯਾ ਸਿੰਘ ਅਤੇ ਧਰਮ ਸਿੰਘ ਜੋ ਦੀਨਾ ਕਾਂਗੜ ਤੋਂ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਕੋਲ ਗਏ ਸਨ, ਨੇ ਆ ਕੇ ਗੁਰੂ ਸਾਹਿਬ ਨੂੰ ਸਾਰਾ ਹਾਲ ਸੁਣਾਇਆ ਕਿ ਬਾਦਸ਼ਾਹ ਤੇ ਉਸ ਪੱਤਰ ਦਾ ਕੀ ਪ੍ਰਭਾਵ ਪਿਆ ਹੈ? [1*]ਇਸ ਤਰ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਗਿਆਨੀ ਗਿਆਨ ਸਿੰਘ ਦੀ ਤਵਾਰੀਖ-ਗੁਰੂ ਖਾਲਸਾ ਵਿੱਚ ਕੀਤਾ ਗਿਆ ਹੈ। ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਮੁਗਲ ਹਾਕਮਾਂ ਵੱਲੋਂ ਗੁਰੂ ਜੀ ਨਾਲ ਪਹਾੜੀ ਰਾਜਿਆਂ ਦੀ ਉਕਸਾਹਟ ਕਾਰਨ ਧੱਕਾ ਹੋਇਆ ਹੈ। ਔਰੰਗਜ਼ੇਬ ਨੇ ਗੁਰੂ ਜੀ ਨੂੰ ਆ ਕੇ ਮਿਲਣ ਲਈ ਸੰਦੇਸ਼ ਭੇਜ ਦਿੱਤਾ ਅਤੇ ਸਰਹੰਦ ਦੇ ਸੂਬੇ ਨੂੰ ਤਾੜਨਾ ਕਰ ਦਿੱਤੀ ਕਿ ਅੱਗੋਂ ਤੋਂ ਗੁਰੂ ਜੀ ਨਾਲ ਕੋਈ ਵਧੀਕੀ ਨਾ ਕੀਤੀ ਜਾਵੇ। ਗੁਰੂ ਜੀ ਨੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਨੂੰ ਦਿੱਲੀ ਭੇਜ ਦਿੱਤਾ ਅਤੇ ਆਪ ਦੱਖਣ ਜਾ ਕੇ ਔਰੰਗਜ਼ੇਬ ਨੂੰ ਮਿਲਣ ਦੀ ਯੋਜਨਾ ਬਣਾ ਲਈ। ਭਾਵੇਂ ਕੁਝ ਸਿੰਘਾਂ ਵੱਲੋਂ ਇਹ ਅਰਜ਼ ਵੀ ਕੀਤੀ ਗਈ ਕਿ ਗੁਰੂ ਜੀ ਪੱਕੇ ਤੌਰ ਤੇ ਇੱਥੇ ਹੀ ਨਿਵਾਸ ਰੱਖਣ, ਪਰ ਗੁਰੂ ਜੀ ਦੇ ਮਨ ਵਿੱਚ ਦੱਖਣ ਪੁੱਜ ਕੇ ਮਰਹੱਟਿਆਂ ਤੇ ਵਿਸ਼ੇਸ਼ ਕਰਕੇ ਸ਼ਿਵਾ ਜੀ ਦੇ ਉੱਤਰ ਅਧਿਕਾਰੀ ਨੂੰ ਮਿਲਣ ਦਾ ਵੀ ਵਿਚਾਰ ਸੀ। ਆਪ ਕੁਝ ਸਿੰਘਾਂ ਸਮੇਤ ਸਿਰਸਾ, ਨੌਹਰ ਸਾਹਾ (ਪਹੇਵਾ) ਕਈ ਸਥਾਨਾਂ ਤੋਂ ਹੁੰਦੇ ਹੋਏ ਰਾਜਸਥਾਨ ਦੇ ਨਗਰ ਬਘੌਰ ਪੁੱਜੇ ਤਾਂ ਉੱਥੇ ਆਪ ਜੀ ਨੂੰ ਇਹ ਖ਼ਬਰ ਮਿਲੀ ਕਿ ਔਰੰਗਜ਼ੇਬ ਦੀ 24 ਫਰਵਰੀ, 1707 ਨੂੰ ਮੌਤ ਹੋ ਗਈ ਹੈ। ਇਸ ਪਿਛੋਂ ਔਰੰਗਜ਼ੇਬ ਦੇ ਪੁੱਤਰਾਂ ਵਿੱਚ ਰਾਜਗੱਦੀ ਪ੍ਰਾਪਤ ਕਰਨ ਲਈ ਸੰਘਰਸ਼ ਸ਼ੁਰੂ ਹੋ ਗਿਆ। ਇਸੇ ਸਿਲਸਿਲੇ ਵਿੱਚ ਸ਼ਹਿਜ਼ਾਦਾ ਮੁਅੱਜ਼ਮ ਨੇ ਗੁਰੂ ਜੀ ਤੋਂ ਸਹਾਇਤਾ ਦੀ ਮੰਗ ਕੀਤੀ। ਗੁਰੂ ਜੀ ਨੇ ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ ਦੀ ਅਗਵਾਈ ਵਿੱਚ ਆਪਣੇ ਕੁਝ ਸੈਨਿਕ ਯੋਧੇ ਸ਼ਹਿਜ਼ਾਦਾ ਮੁਅੱਜ਼ਮ

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 1085



Sri Satguru Jagjit Singh Ji Elibrary NamdhariElibrary@gmail.com

ਦੀ ਸਹਾਇਤਾ ਲਈ ਭੇਜ ਦਿੱਤੇ। ਤਾਰਾ ਆਜ਼ਮ ਵੀ ਵੱਡੀ ਸੈਨਾ ਲੈ ਕੇ ਮਾਰੋ-ਮਾਰ ਕਰਦਾ ਆ ਰਿਹਾ ਸੀ। ਜਾਜਊ ਦੇ ਸਥਾਨ ਤੇ ਜੂਨ, 1707 ਨੂੰ ਬੜਾ ਘਮਸਾਣ ਯੁੱਧ ਛਿੜਿਆ। 1*ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਵੀ ਇਸ ਯੁੱਧ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਦੇ ਤੀਰ ਨਾਲ ਸ਼ਾਹਜ਼ਾਦਾ ਤਾਰਾ ਆਜ਼ਮ ਮਾਰਿਆ ਗਿਆ। ਸ਼ਾਹਜ਼ਾਦਾ ਮੁਅੱਜ਼ਮ ਦੀ ਇਸ ਲੜਾਈ ਵਿੱਚ ਜਿੱਤ ਹੋਈ ਅਤੇ ਉਹ ਬਹਾਦਰ ਸ਼ਾਹ ਦੇ ਨਾਮ ਨਾਲ ਦਿੱਲੀ ਅਰਥਾਤ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਗੁਰੂ ਜੀ ਨੂੰ ਆਗਰਾ ਵਿਖੇ ਬੁਲਾ ਕੇ ਬੜਾ ਮਾਨ ਸਤਿਕਾਰ ਕੀਤਾ ਗਿਆ ਕਿਉਂ ਜੋ ਬਹਾਦਰ ਸ਼ਾਹ ਇਹ ਸਮਝਦਾ ਸੀ ਕਿ ਗੁਰੂ ਜੀ ਦੀ ਕ੍ਰਿਪਾ ਦੁਆਰਾ ਹੀ ਉਸ ਨੂੰ ਇਹ ਬਾਦਸ਼ਾਹੀ ਪ੍ਰਾਪਤ ਹੋਈ ਹੈ। ਗੁਰੂ ਜੀ ਦਾ ਸ਼ਾਹੀ ਦਰਬਾਰ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ਅਤੇ ਕਈ ਕੀਮਤੀ ਤੋਹਫੇ, ਖਿਲਤਾਂ ਭੇਟ ਕੀਤੀਆਂ ਗਈਆਂ, ਪਰ ਗੁਰੂ ਜੀ ਦਾ ਮਨੋਰਥ ਤਾਂ ਬਹਾਦਰ ਸ਼ਾਹ ਤੋਂ ਸਰਹਿੰਦ ਦੇ ਗਵਰਨਰ ਵਜ਼ੀਰ ਖ਼ਾਂ ਨੂੰ ਸਜ਼ਾ ਦਿਵਾਉਣਾ ਸੀ। 2*ਇਸ ਲਈ ਗੁਰੂ ਜੀ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ 17 ਵਿਅਕਤੀਆਂ ਦੀ ਸੂਚੀ ਦਿੱਤੀ, ਜੋ ਗੁਰੂ ਜੀ ਦੇ ਅਨੰਦਪੁਰ ਛੱਡਣ ਤੋਂ ਪਿਛੋਂ ਗੁਰੂ ਜੀ ਵਿਰੁੱਧ ਸਾਰੀਆਂ ਕਾਰਵਾਈਆਂ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਈ ਜ਼ਿੰਮੇਵਾਰ ਸਨ। ਬਹਾਦਰ ਸ਼ਾਹ ਭਾਵੇਂ ਗੁਰੂ ਜੀ ਦਾ ਬੜਾ ਅਹਿਸਾਨਮੰਦ ਸੀ, ਪਰ ਉਹ ਇਨ੍ਹਾਂ ਵਿਅਕਤੀਆਂ ਨੂੰ ਗੁਰੂ ਜੀ ਨੂੰ ਸੌਂਪਣ ਤੋਂ ਟਾਲ-ਮਟੋਲ ਕਰਦਾ ਰਿਹਾ। 'ਕਾਮ-ਬਖਸ਼' ਵੱਲੋਂ ਕੀਤੀ ਗਈ ਬਗਾਵਤ ਦਬਾਉਣ ਲਈ ਅਤੇ ਉਸਦੀ ਅਣਖ ਮੁਕਾਉਣ ਲਈ ਬਾਦਸ਼ਾਹ ਨੇ ਦੱਖਣ ਵੱਲ ਕੂਚ ਕੀਤਾ ਅਤੇ ਗੁਰੂ ਜੀ ਨੂੰ ਨਾਲ ਜਾਣ ਲਈ ਕਿਹਾ। ਗੁਰੂ ਜੀ ਕੁਝ ਸਮਾਂ ਤਾਂ ਬਹਾਦਰ ਸ਼ਾਹ ਨਾਲ ਰਹੇ ਅਤੇ ਪਿਛੋਂ ਉਨ੍ਹਾਂ ਨੇ ਨੰਦੇੜ ਜਾਣ ਦਾ ਮਨ ਬਣਾ ਲਿਆ।

## ਗੁਰੂ ਜੀ ਦਾ ਬੰਦੇ ਨੂੰ ਪੰਜਾਬ ਭੇਜਣਾ

ਮਾਧੋ ਦਾਸ ਬੈਰਾਗੀ ਜੀ ਦੇ ਡੇਰੇ ਪੁੱਜ ਕੇ ਗੁਰੂ ਜੀ ਉਸ ਦੇ ਪਲੰਘ ਉੱਤੇ ਬੈਠ ਗਏ। ਮਾਧੋ ਦਾਸ ਬਾਰੇ ਇਹ ਚਰਚਾ ਆਮ ਸੀ ਕਿ ਉਸ ਨੇ ਕਈ ਬੀਰ

---

1* ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 1103

2* ਸੂਬਾ ਸਰਹੰਦ, ਵਜੀਰ ਖਾਂ, ਸੁਚਾ ਨੰਦ ਉਸ ਦਾ ਦਿਵਾਨ, ਮੁਕਰਮ ਖਾਂ, ਨਵਾਬ ਰੋਪੜੀਆ, ਦਿਲਾਵਰ ਖਾਂ ਸੂਬਾ ਲਾਹੌਰੀ, ਨਜਾਮ ਦੀਨ ਨਾਇਲ ਨਾਜ਼ਮ ਜਲੰਧਰ ਵਾਲਾ, ਸਮਸਖਾਂ ਬਿਜਵਾੜੇ ਦਾ, ਕਰਮ ਚੰਦ ਚੌਧਰੀ ਫਗਵਾੜੇ ਵਾਲਾ, ਖੇੜੀ ਵਾਲਾ ਬਿਪਰ ਗੰਗਾ ਰਾਮ, ਮੋਰੰਡੇ ਵਾਲੇ ਜਾਨੀ ਖਾਂ ਮਾਨੀ ਖਾਂ, ਰਾਜਾ ਰਾਮ ਸਰਨ ਹੰਡੂਰੀ, ਰਾਜਾ ਅਜਮੇਰ ਚੰਦ ਕਹਿਲੂਰੀ, ਜਮਾਲ ਖਾਂ, ਜ਼ਾਲਮ ਖਾਂ ਤੇ ਵਡੇ ਖਾਂ ਕਸੂਰੀ - ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 1106



Sri Satguru Jagjit Singh Ji Elibrary NamdhariElibrary@gmail.com

ਵੱਸ ਕੀਤੇ ਹੋਏ ਹਨ ਅਤੇ ਉਹ ਕਈ ਕਰਾਮਾਤੀ ਸ਼ਕਤੀਆਂ ਦਾ ਸੁਆਮੀ ਹੈ। ਇਹ ਗੱਲ ਉਸ ਇਲਾਕੇ ਵਿੱਚ ਬੜੀ ਮਸ਼ਹੂਰ ਸੀ ਕਿ ਜੋ ਕੋਈ ਵੀ ਮਾਧੋ ਦਾਸ ਦੇ ਪਲੰਘ ਉੱਤੇ ਬਿਰਾਜ ਦਾ ਸੀ, ਉਸ ਨੂੰ ਉਹ ਆਪਣੀਆਂ ਰਿੱਧੀਆਂ-ਸਿੱਧੀਆਂ ਦੀ ਸ਼ਕਤੀ ਦੁਆਰਾ ਮੰਜਾ ਉਲਟਾ ਦਿੰਦਾ ਸੀ ਅਤੇ ਉਨ੍ਹਾਂ ਦਾ ਅਪਮਾਨ ਕਰਦਾ ਸੀ, ਪਰ ਗੁਰੂ ਜੀ ਵਿਰੁੱਧ ਉਸ ਦੀ ਕੋਈ ਪੇਸ਼ ਨਾ ਚੱਲੀ। ਉਸ ਨੇ ਆਪਣੇ ਆਪ ਨੂੰ 'ਗੁਰੂ ਜੀ ਦਾ ਬੰਦਾ' ਕਹਿ ਕੇ ਪੂਰਨ ਤੌਰ ਤੇ ਗੁਰੂ ਜੀ ਅੱਗੇ ਸਮਰਪਣ ਕਰ ਦਿੱਤਾ।

[1*]ਕੁਝ ਇਤਿਹਾਸਕਾਰਾਂ ਨੇ ਬੰਦੇ ਦਾ ਜਨਮ ਪੁੰਛ ਦੇ ਇਲਾਕੇ ਰਾਜੌਰੀ ਸਥਾਨ ਤੇ 1670 ਦੱਸਿਆ ਹੈ। ਉਹ ਰਾਜਪੂਤ ਕੁੱਲ ਵਿੱਚੋਂ ਸੀ ਅਤੇ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ। ਉਸ ਦਾ ਪਹਿਲਾ ਨਾਮ ਲਛਮਣ ਦੇਵ ਸੀ। ਇੱਕ ਦਿਨ ਜਦੋਂ ਉਸ ਨੇ ਇੱਕ ਗਰਭਵਤੀ ਹਿਰਨੀ ਦਾ ਸ਼ਿਕਾਰ ਕੀਤਾ ਤਾਂ ਉਸ ਦੇ ਪੇਟ ਵਿੱਚੋਂ ਦੋ ਜੀਊਂਦੇ ਬੱਚੇ ਵੇਖ ਕੇ ਬੰਦੇ ਦਾ ਦਿਲ ਅਜਿਹਾ ਉਪਰਾਮ ਹੋਇਆ ਕਿ ਉਹ ਬੈਰਾਗੀ ਸਾਧੂ ਬਣ ਗਿਆ ਅਤੇ ਘੁੰਮਦਾ-ਘੁੰਮਾਂਦਾ ਦੱਖਣ ਵਿੱਚ ਨੰਦੇੜ ਪਹੁੰਚ ਗਿਆ।

ਨਾਸਿਕ ਵਿਖੇ ਉਸਨੇ ਜੋਗੀ ਔਘੱੜ ਨਾਥ ਤੋਂ ਕਈ ਕਰਾਮਾਤੀ ਸ਼ਕਤੀਆਂ ਪ੍ਰਾਪਤ ਕਰ ਲਈਆਂ ਸਨ। 1691 ਵਿੱਚ ਔਘੜ ਨਾਥ ਦੇ ਦੇਹਾਂਤ ਪਿਛੋਂ ਮਾਧੋ ਦਾਸ ਦੇ ਨਾਮ ਥੱਲੇ ਬੰਦੇ ਦੀ ਪ੍ਰਸਿੱਧੀ ਤੇ ਜਸ ਫੈਲ ਗਿਆ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਉਸ ਦੇ ਉਪਾਸਕ ਬਣ ਗਏ।

ਗੁਰੂ ਗੋਬਿੰਦ ਸਿੰਘ ਜੀ ਬੰਦੇ ਨੂੰ ਮੁੜ ਰਾਜਪੂਤਾਂ ਵਾਲਾ ਅਸਲੀ ਕਾਰਜ ਸੌਂਪਣਾ ਚਾਹੁੰਦੇ ਸਨ। ਬਹਾਦਰ ਸ਼ਾਹ ਤੋਂ ਗੁਰੂ ਜੀ ਨੇ ਸਰਹਿੰਦ ਦੇ ਸੂਬੇ ਵਜ਼ੀਰ ਖ਼ਾਂ ਤੋਂ ਬਦਲਾ ਲੈਣ ਦੀ ਕੋਈ ਆਸ ਦਿਖਾਈ ਨਹੀਂ ਸੀ ਦਿੰਦੀ। ਗੁਰੂ ਜੀ ਨੇ ਇਹ ਕਾਰਜ ਬੰਦੇ ਰਾਹੀਂ ਕਰਵਾਉਣਾ ਉੱਚਿਤ ਸਮਝਿਆ।

ਕੁਝ ਦਿਨਾਂ ਦੇ ਮੇਲ-ਮਿਲਾਪ ਪਿਛੋਂ ਗੁਰੂ ਜੀ ਨੇ ਬੰਦੇ ਨੂੰ ਇਹ ਵਿਸ਼ੇਸ਼ ਕਾਰਜ ਸੌਂਪ ਕੇ ਪੰਜਾਬ ਭੇਜਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ ਬੰਦਾ ਬਹਾਦਰ ਨੂੰ ਅੰਮ੍ਰਿਤਪਾਨ ਨਹੀਂ ਕਰਵਾਇਆ ਅਤੇ ਉਸ ਨੂੰ ਕੇਵਲ ਸੰਸਾਰਿਕ ਸਤਾ ਹੀ ਸੌਂਪ ਕੇ ਕੁਝ ਚੋਣਵੇਂ ਸਿੱਖਾਂ ਨੂੰ ਉਸ ਦੇ ਨਾਲ ਸਲਾਹਕਾਰ ਵਜੋਂ ਪੰਜਾਬ ਨੂੰ ਭੇਜਿਆ।

ਬੰਦੇ ਦੇ ਨਾਲ ਜੋ ਪ੍ਰਮੁੱਖ ਪੰਜ ਸਿੱਖ ਸਲਾਹਕਾਰ ਵਜੋਂ ਭੇਜੇ ਗਏ, ਉਨ੍ਹਾਂ

---

[1*] ਡਾ. ਹਰੀ ਰਾਮ ਗੁਪਤਾ ਅਨੁਸਾਰ ਬੰਦੇ ਦਾ ਅਸਲੀ ਜਨਮ ਸਥਾਨ ਸਿਰਮੌਰ ਰਿਆਸਤ ਦਾ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ ਤਾਂ ਹੀ ਉਸ ਨੇ ਉਨ੍ਹਾਂ ਨੂੰ ਇਕ ਦਮ ਪਛਾਣ ਲਿਆ, Vol. 1. ਹਰੀ ਰਾਮ ਗੁਪਤਾ, ਜਿਲਦ 1



Sri Satguru Jagjit Singh Ji Elibrary NamdhariElibrary@gmail.com

ਦੇ ਨਾਮ ਸਨ — ਭਾਈ ਬਾਜ ਸਿੰਘ (ਜੋ ਗੁਰੂ ਅਮਰਦਾਸ ਜੀ ਦੀ ਵੰਸ਼ ਵਿੱਚੋਂ ਸੀ), ਉਸ ਦਾ ਭਰਾ ਰਾਮ ਸਿੰਘ, ਭਾਈ ਬਿਨੋਦ ਸਿੰਘ (ਜੋ ਗੁਰੂ ਅੰਗਦ ਦੇਵ ਦੀ ਵੰਸ਼ ਵਿੱਚੋਂ ਸਨ), ਉਨ੍ਹਾਂ ਦੇ ਸਪੁੱਤਰ ਕਾਨ੍ਹ ਸਿੰਘ ਅਤੇ ਫ਼ਤਹਿ ਸਿੰਘ ਸ਼ਾਮਿਲ ਸਨ। ਆਪ ਨੇ ਪੰਜ ਤੀਰ, ਇੱਕ ਕਮਾਨ ਅਤੇ ਇੱਕ ਕਿਰਪਾਨ ਵੀ ਬਖਸ਼ੀ। ਗੁਰੂ ਜੀ ਨੇ ਇੱਕ ਨਗਾਰਾ ਅਤੇ ਨਿਸ਼ਾਨ ਵੀ ਸੌਂਪਿਆ ਅਤੇ 25 ਸਿੰਘਾਂ ਨੂੰ ਉਨ੍ਹਾਂ ਦੇ ਨਾਲ ਤੋਰਿਆ। 300 ਘੋੜ ਸਵਾਰ ਸਿੱਖ ਉਸ ਨੂੰ ਕੁਝ ਕੋਹਾਂ ਤੱਕ ਵਿਦਾ ਕਰਨ ਲਈ ਗਏ।

ਡਾ: ਹਰੀ ਰਾਮ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਬੰਦੇ ਨੂੰ ਉਪਦੇਸ਼ ਜਾਂ ਸੰਦੇਸ਼ ਦਿੱਤਾ, ਉਸ ਵਿੱਚ ਉਸ ਸਮੇਂ ਦੇ ਇਤਿਹਾਸਕ ਪੱਖ ਅਤੇ ਗੁਰੂ ਜੀ ਦੇ ਰਾਸ਼ਟਰੀ ਆਦਰਸ਼ਾਂ ਦੀ ਸਪੱਸ਼ਟ ਝਲਕ ਮਿਲ ਜਾਂਦੀ ਹੈ। 1*ਡਾ. ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿੱਚ, "ਉਸ ਨੂੰ ਅਸੀਂ ਭਲਾ ਪੁਰਸ਼ ਨਹੀਂ ਮੰਨ ਸਕਦੇ, ਜਿਸ ਕੋਲ ਤੇਰੇ ਵਾਂਗ ਸ਼ਕਤੀ ਮੌਜੂਦ ਹੋਵੇ ਅਤੇ ਉਹ ਸੰਨਿਆਸ ਧਾਰਨ ਕਰ ਲਏ। ਤੇਰੇ ਦੇਸ਼ ਵਾਸੀਆਂ ਦਾ ਜੀਵਨ, ਮਾਣ-ਸਨਮਾਨ ਅਤੇ ਧੰਨ-ਦੌਲਤ ਮਿਲਖ-ਜਾਇਦਾਦ ਸਭ ਖ਼ਤਰੇ ਵਿੱਚ ਹਨ। ਬੇਗੁਨਾਹ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਲੋਕਾਂ ਦੀ ਮਰਜ਼ੀ ਤੋਂ ਬਿਨਾਂ ਉਨ੍ਹਾਂ ਨੂੰ ਜ਼ਬਰੀ ਇਸਲਾਮ ਕਬੂਲ ਕਰਵਾਇਆ ਜਾ ਰਿਹਾ ਹੈ। ਔਰਤਾਂ ਨੂੰ ਜ਼ਬਰਦਸਤੀ ਉਧਾਲ ਕੇ ਉਨ੍ਹਾਂ ਦੀ ਪੱਤ ਲੁੱਟੀ ਜਾਂਦੀ ਹੈ। ਬੱਚਿਆਂ ਨੂੰ ਬੇਦਰਦੀ ਨਾਲ ਮਾਰਿਆ ਜਾਂਦਾ ਹੈ। ਵਿਚਾਰਾਂ ਨੂੰ ਪ੍ਰਗਟਾਉਣ ਅਤੇ ਆਪਣੀ ਇੱਛਾ ਅਨੁਸਾਰ ਜਿੰਦਾ ਰਹਿਣ ਦੀ ਕੋਈ ਆਜ਼ਾਦੀ ਨਹੀਂ ਹੈ। ਨਾ ਹੀ ਕੋਈ ਜ਼ਮੀਰ ਦੀ ਆਵਾਜ਼ ਉੱਤੇ ਪਹਿਰਾ ਦੇ ਸਕਦਾ ਹੈ। ਮਹਾਂਰਾਸ਼ਟਰ ਵਿੱਚ ਤੂੰ ਆਪਣੀ ਅੱਖੀਂ ਦੇਸ਼ ਤੇ ਲੋਕਾਂ ਦੀ ਤਬਾਹੀ ਨੂੰ ਵੇਖ ਲਿਆ ਹੈ। ਉੱਤਰ ਵਿੱਚ ਰਾਜਪੂਤਾਂ ਦੀ ਸੰਗਰਾਮ ਕਰਨ ਦੀ ਸ਼ਕਤੀ ਨਸ਼ਟ ਕਰ ਦਿੱਤੀ ਗਈ ਹੈ। ਮਥੁਰਾ ਦੇ ਜੱਟਾਂ ਨੂੰ ਕੁਚਲ ਦਿੱਤਾ ਗਿਆ ਹੈ। ਨਾਰਨੌਲ ਦੇ ਸੱਤਨਾਮੀਆਂ ਦੀ ਤਾਂ ਹੋਂਦ ਹੀ ਮਿਟਾ ਦਿੱਤੀ ਗਈ ਹੈ। ਕਸ਼ਮੀਰ ਵਿੱਚ ਤਾਂ ਸਾਰੀ ਵਸੋਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਲਿਆ ਗਿਆ ਹੈ। ਮੇਰੇ ਆਪਣੇ ਪਿਤਾ ਜੀ ਨੂੰ ਸ਼ਹੀਦ ਕੀਤਾ ਗਿਆ। ਮੇਰੇ ਪੁੱਤਰਾਂ, ਮਾਤਾ ਜੀ ਅਤੇ ਹਜ਼ਾਰਾਂ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਹੈ।

ਤੁਸੀਂ ਤਾਂ ਰਾਜਪੂਤ ਹੋ। ਤੇਰੇ ਕੋਲ ਬਲਵਾਨ ਸ਼ਰੀਰ, ਤਕੜੇ ਮਨ ਅਤੇ ਮਜ਼ਬੂਤ ਇਰਾਦੇ ਵਾਲੀ ਆਤਮਿਕ ਸ਼ਕਤੀ ਹੈ। ਕੀ ਤੈਨੂੰ ਇਸ ਸਮੇਂ ਜਦੋਂ ਕੌਮ ਤੈਨੂੰ ਸਹਾਇਤਾ ਲਈ ਪੁਕਾਰ ਰਹੀ ਹੈ, ਸੰਨਿਆਸੀ ਬਣਨਾ ਸੋਭਦਾ ਹੈ? ਤੇਰੀਆਂ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਸਿੱਖਸ, ਜਿਲਦ 1, ਪੰਨਾ 321



Sri Satguru Jagjit Singh Ji Elibrary NamdhariElibrary@gmail.com

ਨਾੜਾਂ ਵਿੱਚ ਰਾਜਪੂਤ ਯੋਧਿਆਂ ਵਾਲਾ ਖ਼ੂਨ ਗੇੜੇ ਲਾ ਰਿਹਾ ਹੈ। ਧਰਮ ਯੁੱਧ ਦਾ ਐਲਾਨ ਹੋ ਚੁੱਕਾ ਹੈ। ਨਗਾਰੇ ਉੱਤੇ ਚੋਟ ਲੱਗ ਚੁੱਕੀ ਹੈ। ਅਜਿਹੇ ਸਮੇਂ ਤੇਰੇ ਵਰਗੇ ਬੰਦੇ ਨੂੰ ਆਰਾਮ ਨਾਲ ਬੈਠਣਾ ਸ਼ੋਭਾ ਨਹੀਂ ਦਿੰਦਾ। ਹੇ ਉੱਚ ਆਤਮਾ! ਸੰਸਾਰ ਵਿੱਚ ਅਜਿਹਾ ਕੋਈ ਸਥਾਨ ਨਹੀਂ ਹੈ, ਜਿੱਥੇ ਮੌਤ ਪਹੁੰਚ ਨਾ ਸਕੇ। ਮੌਤ ਨੂੰ ਰੋਕਣ ਦਾ ਕੋਈ ਚਾਰਾ ਨਹੀਂ ਲੱਭ ਸਕਿਆ। ਅਜਿਹੀ ਕੋਈ ਢਾਲ ਨਹੀਂ ਹੈ, ਜੋ ਮੌਤ ਦੇ ਹੱਲੇ ਨੂੰ ਰੋਕ ਸਕੇ। ਮੌਤ ਅਟੱਲ ਹੈ। ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਸਾਨੂੰ ਇਸ ਸੱਚਾਈ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਜਦੋਂ ਮੌਤ ਅਟੱਲ ਸੱਚਾਈ ਹੈ ਤਾਂ ਫਿਰ ਕਾਇਰਾਂ ਵਾਲੀ ਮੌਤ ਕਿਉਂ ਮਰੀਏ? ਬਹਾਦਰਾਂ ਵਾਂਗ ਮਰਨ ਵਿੱਚ ਹੀ ਜੀਵਨ ਦਾ ਭੇਦ ਲੁਕਿਆ ਹੋਇਆ ਹੈ। ਸਾਨੂੰ ਯੋਧੇ, ਨਾਇਕਾਂ ਵਾਲੇ ਜੀਵਨ ਦਾ ਪਾਠ ਪੜ੍ਹਨਾ ਚਾਹੀਦਾ ਹੈ ਅਤੇ ਵੀਰ ਯੋਧਿਆਂ ਵਾਲੀ ਮੌਤ ਨੂੰ ਹੀ ਵਰ੍ਹਨਾ ਚਾਹੀਦਾ ਹੈ।

ਮੇਰੇ ਪਿਆਰੇ ਬਹਾਦਰ ਰਾਜਪੂਤ! ਇਹ ਸੰਨਿਆਸੀਆਂ ਵਾਲਾ ਬਾਣਾ ਉਤਾਰ ਦੇ ਅਤੇ ਰਾਜਪੂਤਾਂ ਵਾਲਾ ਅਤੇ ਵੀਰ ਯੋਧਿਆਂ ਵਾਲਾ ਬਾਣਾ ਧਾਰਨ ਕਰ ਲੈ। ਆਪਣੇ ਤਨ ਉੱਤੇ ਮਲੀ ਇਸ ਬਿਭੂਤੀ ਦੀ ਥਾਂ ਵੀਰ ਯੋਧਿਆਂ ਵਾਲੇ ਸ਼ਸਤਰ ਧਾਰਨ ਕਰ ਲੈ। ਤੇਰੇ ਵਿੱਚ ਮਿਕਨਾਤੀਸੀ ਸ਼ਕਤੀ ਮੌਜੂਦ ਹੈ। ਇਸੇ ਹੀ ਕਾਰਨ ਹਜ਼ਾਰਾਂ ਲੋਕ ਤੇਰੇ ਭਗਤ ਹਨ। ਇਸ ਨਵੇਂ ਜੀਵਨ ਵਿੱਚ ਵੀ ਕਈ ਦੱਸ ਹਜ਼ਾਰ ਲੋਕ ਤੇਰੀ ਤਾਬਿਆ ਹੋਣਗੇ । ਮੇਰਾ ਖਾਲਸਾ ਜਾਗਰੂਪ ਹੈ । ਉਹ ਤੇਰੇ ਵਰਗੇ ਵੀਰ ਯੋਧੇ ਦੀ ਉਡੀਕ ਕਰ ਰਿਹਾ ਹੈ। ਤੇਰੇ ਵਿੱਚ ਨਾਇਕ ਪੁਰਖਾਂ ਵਾਲੀ ਯੋਗਤਾ ਹੈ ਅਤੇ ਮਹਾਂਬਲੀ ਵਾਲੀ ਸ਼ਕਤੀ ਹੈ । ਭਾਰਤ ਮਾਤਾ ਜ਼ੰਜੀਰਾਂ ਵਿਚ ਜਕੜੀ ਪਈ ਹੈ । ਉਸ ਮਾਤਾ ਦੀਆਂ ਜ਼ੰਜੀਰਾਂ ਨੂੰ ਤੋੜ ਦਿਓ, ਜਿਸ ਨੇ ਤੁਹਾਨੂੰ ਜਨਮ ਦੇ ਕੇ ਪਾਲਿਆ ਪੋਸਿਆ ਹੈ। ਇਸੇ ਵਿੱਚ ਹੀ ਤੇਰਾ ਅਤੇ ਤੇਰੀ ਕੌਮ ਦਾ ਭਲਾ ਹੈ।"

ਗੁਰੂ ਗੋਬਿੰਦ ਸਿੰਘ ਜੀ ਨੇ ਬੰਦੇ ਦੀ ਵਿਦਾਇਗੀ ਸਮੇਂ ਉਸ ਨੂੰ ਹੁਕਮਨਾਮਾ ਵੀ ਲਿਖ ਕੇ ਦਿੱਤਾ ਤਾਂ ਜੋ ਪੰਜਾਬ ਦੇ ਸਿੰਘ ਇਸ ਧਰਮ ਯੁੱਧ ਦੇ ਸੰਗਰਾਮ ਵਿੱਚ ਬੰਦੇ ਨੂੰ ਆਪਣਾ ਪੂਰਾ ਸਹਿਯੋਗ ਦੇਣ।

ਬਹਾਦਰ ਸ਼ਾਹ ਜੋ ਉਸ ਸਮੇਂ ਨੰਦੇੜ ਵਿਖੇ ਹੀ ਡੇਰਾ ਲਾਈ ਬੈਠਾ ਸੀ। ਗੁਰੂ ਜੀ ਦੇ ਬੰਦੇ ਨੂੰ ਪੰਜਾਬ ਭੇਜਣ ਤੋਂ ਕਾਫ਼ੀ ਚਿੰਤਾਤੁਰ ਸੀ। ਆਪ ਹੁਣ ਤੱਕ ਆਪਣੇ ਭਰਾ ਕਾਮ ਬਖ਼ਸ਼ ਦੀ ਬਗਾਵਤ ਨੂੰ ਦਬਾ ਨਹੀਂ ਸੀ ਸਕਿਆ, ਪਰ ਗੁਰੂ ਜੀ ਵੱਲੋਂ ਬੰਦੇ ਨੂੰ ਪੰਜਾਬ ਭੇਜਣ ਦੇ ਸਮਾਚਾਰ ਉਸ ਦੀ ਪ੍ਰੇਸ਼ਾਨੀ ਦਾ ਵੱਡਾ ਕਾਰਨ ਬਣ ਗਏ ਸਨ।

ਉਹ ਗੁਰੂ ਜੀ ਦੀ ਦੂਰਦਰਸ਼ਤਾ ਅਤੇ ਸੈਨਿਕ ਕੁਸ਼ਲਤਾ ਤੋਂ ਭਲੀ-ਭਾਂਤ



Sri Satguru Jagjit Singh Ji Elibrary NamdhariElibrary@gmail.com

ਜਾਣੂ ਸੀ। ਉਸ ਦੇ ਮਨ ਨੂੰ ਕਈ ਖ਼ਤਰੇ ਮੱਲੀ ਬੈਠੇ ਸਨ। ਪਹਿਲਾ ਇਹ ਕਿ ਬੰਦਾ ਬਹਾਦਰ ਪੰਜਾਬ ਵਿੱਚ ਜਾ ਕੇ ਤਰਥੱਲੀ ਮਚਾ ਦੇਵੇਗਾ ਅਤੇ ਮੁਗਲਾਂ ਦੀ ਸ਼ਕਤੀ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਵੇਗਾ। ਉਸ ਦੀ ਦੂਸਰੀ ਚਿੰਤਾ ਇਹ ਸੀ ਕਿ ਜੇਕਰ ਉਹ ਗੁਰੂ ਜੀ ਨੂੰ ਨੰਦੇੜ ਵਿਖੇ ਛੱਡ ਕੇ ਅੱਗੇ ਚੱਲਿਆ ਗਿਆ ਤਾਂ ਗੁਰੂ ਜੀ ਮਰਹੱਟਿਆਂ ਦੇ ਪੇਸ਼ਵਾਵਾਂ ਸਾਂਭਾ ਜੀ ਨਾਲ ਮਿਲ ਕੇ ਉਸ ਵਿਰੁੱਧ ਦੂਜਾ ਮੁਹਾਜ਼ ਸ਼ੁਰੂ ਕਰਵਾ ਦੇਣਗੇ। ਇਸ ਲਈ ਬਹਾਦਰ ਸ਼ਾਹ ਮੁਗਲ ਸਲਤਨਤ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਵੱਡਾ ਖਤਰਾ ਸਮਝਣ ਲੱਗ ਪਿਆ ਸੀ। ਉੱਤੋਂ ਉੱਤੋਂ ਤਾਂ ਉਹ ਗੁਰੂ ਜੀ ਨਾਲ ਮੇਲ-ਮਿਲਾਪ ਦੀਆਂ ਗੱਲਾਂ ਕਰ ਰਿਹਾ ਸੀ। ਆਪਣੇ ਅਹਿਲਕਾਰਾਂ ਰਾਹੀਂ ਅਤੇ ਆਪ ਆ ਕੇ ਗੁਰੂ ਜੀ ਦੇ ਦਰਸ਼ਨ ਵੀ ਕਰ ਜਾਂਦਾ ਅਤੇ ਕੀਮਤੀ ਵਸਤਾਂ ਆਦਿ ਵੀ ਭੇਟਾ ਕਰ ਜਾਂਦਾ।

ਨੰਦੇੜ ਵਿਖੇ 14 ਮਹੀਨੇ ਤੇ ਕੁਝ ਦਿਨਾਂ ਦੇ ਨਿਵਾਸ ਸਮੇਂ ਗੁਰੂ ਜੀ ਦੇ ਜੀਵਨ ਸਮਾਚਾਰ ਦੀਆਂ ਕਈ ਘਟਨਾਵਾਂ ਪ੍ਰਸਿੱਧ ਹਨ।

ਨੰਦੇੜ ਦੇ ਨਿਵਾਸ ਸਮੇਂ ਗੁਰੂ ਜੀ ਆਪਣੇ ਸਿੱਖਾਂ ਨੂੰ ਧਰਮ ਉਪਦੇਸ਼ ਵੀ ਕਰਦੇ ਸਨ। ਮਨ ਦੀ ਮੌਜ ਨਾਲ ਸ਼ਿਕਾਰ ਵੀ ਖੇਡਣ ਜਾਂਦੇ ਸਨ ਅਤੇ ਗੋਦਾਵਰੀ ਨਦੀ ਦੇ ਕੰਢੇ ਕਈ ਵਚਿੱਤਰ ਕੌਤਕ ਵੀ ਕਰਦੇ ਰਹੇ ਸਨ। ਬਹਾਦਰ ਸ਼ਾਹ ਨੇ ਜਦੋਂ ਇੱਕ ਵਾਰ 51 ਮੋਹਰਾਂ ਅਤੇ ਕੁਝ ਕੀਮਤੀ ਹੀਰੇ ਭੇਟ ਕੀਤੇ ਤਾਂ ਆਪ ਜੀ ਨੇ ਗੋਦਾਵਰੀ ਨਦੀ ਵਿੱਚ ਸੁੱਟ ਦਿੱਤੇ। ਇੱਕ ਹੋਰ ਸ਼ਰਧਾਲੂ ਵੱਲੋਂ ਭੇਟ ਕੀਤੀ ਗਈ ਹੀਰੇ ਦੀ ਅੰਗੂਠੀ ਨੂੰ ਨਦੀ ਵਿੱਚ ਸੁੱਟ ਦਿੱਤਾ ਸੀ, ਜਦੋਂ ਉਸ ਨੂੰ ਥੋੜ੍ਹਾ ਸ਼ੱਕ ਹੋਇਆ ਤਾਂ ਗੁਰੂ ਜੀ ਨੇ ਉਸ ਨੂੰ ਗੋਦਾਵਰੀ ਵਿੱਚੋਂ ਅੰਗੂਠੀ ਕੱਢ ਲੈ ਆਉਣ ਲਈ ਕਿਹਾ, ਉੱਥੇ ਕਈ ਹੋਰ ਹੀਰੇ ਜਵਾਹਰ ਪਏ ਹੋਏ ਸਨ। ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਵੀ ਅਜਿਹਾ ਹੀ ਉੱਤਰ ਦਿੱਤਾ ਸੀ ਕਿ ਗੋਦਾਵਰੀ ਵਿੱਚ ਸਾਡਾ ਮਾਲ ਖ਼ਜ਼ਾਨਾ ਹੈ। ਇਨ੍ਹਾਂ ਸਥਾਨਾਂ ਉੱਤੇ ਗੁਰੂ ਜੀ ਦੀਆਂ ਯਾਦਗਾਰਾਂ 'ਨਗੀਨਾ ਘਾਟ' ਤੇ 'ਸ਼ਿਕਾਰ ਘਾਟ' ਕਾਇਮ ਹਨ।

ਗੁਰੂ ਜੀ ਗੁਰਬਾਣੀ ਅਤੇ ਬਾਣੀ ਦੇ ਅਧਿਆਤਮਿਕ ਗਿਆਨ ਦੀ ਸੋਝੀ ਕਰਵਾਉਣਾ ਚਾਹੁੰਦੇ ਸਨ। ਆਪਣੇ ਸਿੱਖਾਂ ਨੂੰ ਆਦਿ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਬੋਧ ਕਰਵਾਉਣ ਦਾ ਕਾਰਜ ਵੀ ਆਰੰਭਿਆ। ਇਨ੍ਹਾਂ ਉਪਦੇਸ਼ਾਂ ਦੁਆਰਾ ਗੁਰੂ ਜੀ ਅਧਿਆਤਮਿਕ ਗਿਆਨ ਦੀ ਸੋਝੀ ਕਰਵਾਉਣਾ ਚਾਹੁੰਦੇ ਸਨ। ਭਾਈ ਮਨੀ ਸਿੰਘ ਇਨ੍ਹਾਂ ਗੁਰੂ ਜੀ ਵੱਲੋਂ ਕੀਤੇ ਗਏ ਗੁਰਬਾਣੀ ਦੇ ਅਰਥਾਂ ਅਤੇ ਵਿਆਖਿਆ ਨੂੰ ਦੁਬਾਰਾ ਸਿੱਖਾਂ ਨੂੰ ਸੁਣਾਉਂਦਾ ਸੀ, ਜਿਸ ਤੋਂ ਗਿਆਨੀ ਸੰਪਰਦਾਇ ਦੀ ਸਥਾਪਨਾ ਹੋਈ ਮੰਨੀ ਜਾਂਦੀ ਹੈ। ਇਸ ਸੰਪਰਦਾਇ ਦਾ ਸੰਸਥਾਪਕ ਭਾਈ ਮਨੀ ਸਿੰਘ ਨੂੰ ਹੀ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਗਿਆਨੀ ਸੰਪਰਦਾਇ



Sri Satguru Jagjit Singh Ji Elibrary NamdhariElibrary@gmail.com

ਦੇ ਤੌਰ ਤੇ ਜਾਣਿਆ ਜਾਂਦਾ ਹੈ।

ਗੁਰੂ ਜੀ ਦੇ ਮਹਿਲਾਂ ਵਿੱਚੋਂ ਮਾਤਾ ਸਾਹਿਬ ਦੇਵਾਂ ਨੰਦੇੜ ਵਿਖੇ ਗੁਰੂ ਜੀ ਦੇ ਨਾਲ ਸਨ। ਗੁਰੂ ਜੀ ਨੇ ਆਗਾਮੀ ਵਾਪਰਨ ਵਾਲੀਆਂ ਘਟਨਾਵਾਂ ਨੂੰ ਮੁੱਖ ਰੱਖ ਕੇ ਮਾਤਾ ਸਾਹਿਬ ਦੇਵਾਂ ਨੂੰ ਦਿੱਲੀ ਮਾਤਾ ਸੁੰਦਰੀ ਜੀ ਕੋਲ ਭੇਜਣ ਦਾ ਫ਼ੈਸਲਾ ਕੀਤਾ। ਭਾਈ ਮਨੀ ਸਿੰਘ ਨੂੰ ਮਾਤਾ ਸਾਹਿਬ ਦੇਵਾਂ ਨਾਲ ਜਾਣ ਲਈ ਕਿਹਾ ਗਿਆ। ਗੁਰੂ ਪਤੀ ਨਾਲ ਪੈਣ ਵਾਲੇ ਸਦੀਵੀ ਵਿਛੋੜੇ ਦੀ ਇਸ ਕਰੁਣਾ ਭਰਪੂਰ ਘਟਨਾ ਨੂੰ [1*]ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਵਿੱਚ ਇਨ੍ਹਾਂ ਦਰਦ ਭਰੇ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ :

"ਹੇ ਸੁਆਮੀ! ਮੈਨੂੰ ਤੁਸੀਂ ਆਪਣੇ ਚਰਨਾਂ ਪਾਸ ਰੱਖੋ, ਮੇਰਾ ਪਰਚਾ ਆਸਰਾ ਹੋਰ ਕੁਛ ਨਹੀਂ ਆਪਦੇ ਚਰਨ ਕੰਵਲ ਦੇਖੇ ਬਿਨਾਂ ਮੇਰਾ ਜੀਉਣਾ ਕੀਕੂੰ ਹੋਵੇਗਾ? ਕਿਉਂਕਿ ਇਸਤਰੀ ਦਾ ਜਾਮਾ ਪਤੀ ਦੇ ਨਾ ਪਾਸ ਹੋਇਆਂ ਕਿਸੇ ਕੰਮ ਨਹੀਂ, ਫੇਰ ਉਦੂੰ ਉਤਰਕੇ ਪੁੱਤਰ ਧੰਨ ਕੁਟੰਬ ਆਸਰਾ ਹੁੰਦਾ ਹੈ, ਸੋ ਮੇਰੇ ਪਾਸ ਨਹੀਂ, ਮੈਨੂੰ ਤਾਂ ਕੇਵਲ ਤੁਹਾਡਾ ਹੀ ਆਸਰਾ ਹੈ। ਬਿਨਾਂ ਆਸਰੇ ਤੋਂ ਇਸਤਰੀ ਦਾ ਨਿਰਬਾਹ ਕਿਸੇ ਪ੍ਰਕਾਰ ਵੀ ਨਹੀਂ ਹੋ ਸਕਦਾ। "ਨਿਰਾਸੇ ਨ ਤਿਸ਼ਟਤੀ ਪੰਡਿਤਾ ਬਨਤਲਿਤਾ" ਐਸੇ ਕਹਿ ਕੇ ਰੋ ਪਈ ਤਾਂ ਗੁਰੂ ਸਾਹਿਬ ਜੀ ਨੇ ਧੀਰਜ ਦਿਲਾਸਾ ਦੇ ਕੇ ਆਖਿਆ ਤੇਰਾ ਪੁੱਤਰ ਪੰਥ ਖਾਲਸਾ ਅਜਰ ਅਮਰ੍ ਸਰਬ ਭਾਂਤ ਸੁਖਦਾਈ ਸੇਵਕ ਤੇਰੇ ਪਾਸ ਹਮੇਸ਼ਾਂ ਹਾਜ਼ਰ ਰਹਿਣ ਵਾਲਾ ਕਾਇਮ ਹੈ ਅਤੇ ਧਨ ਦੀ ਤੁਸਾਂ ਨੂੰ ਕੋਈ ਪਰਵਾਹ ਨਹੀਂ ਰਹੇਗੀ, ਗੁਰੂ ਘਰ ਦੇ ਸੇਵਕ ਬਹੁਤ ਸੇਵਾ ਕਰਨਗੇ। ਅਸੀਂ ਹੁਣ ਹੋਰ ਦੇਸ ਨੂੰ ਜਾਣਾ ਹੈ, ਇਸ ਵਾਸਤੇ ਤੁਸੀਂ ਜਾ ਕੇ ਸੁੰਦਰੀ ਜੀ ਦੇ ਪਾਸ ਦਿੱਲੀ ਵਿੱਚ ਨਿਵਾਸ ਰੱਖੋ।

ਗੁਰੂ ਜੀ ਤੋਂ ਅੰਤਿਮ ਵਿਛੋੜੇ ਸਮੇਂ ਮਾਤਾ ਜੀ ਦੇ ਨੇਤਰਾਂ ਤੋਂ ਜਲ ਛਮ-ਛਮ ਵੱਗ ਰਿਹਾ ਸੀ ਅਤੇ ਆਪਣੇ ਪਰਮ ਪਿਆਰੇ ਪ੍ਰਾਣ ਪਤੀ ਸਰਬ ਸ਼ਕਤੀਮਾਨ ਦੇ ਅਸਹਿ ਵਿਯੋਗ ਦੇ ਦੁੱਖ ਤੋਂ ਡਰਦੀ ਥਰ-ਥਰ ਕੰਬਦੀ ਹੋਈ, ਉਥੋਂ ਤੁਰਨਾ ਨਹੀਂ ਚਾਹੁੰਦੀ ਸੀ, ਪਰ ਪਤੀ ਦੀ ਆਗਿਆ ਨੂੰ ਉਲੰਘਨ ਕਰਨਾ ਅਯੋਗ ਸਮਝ ਕੇ ਰੋਂਦੀ ਹੋਈ ਡੋਲੇ ਵਿੱਚ ਅਸਵਾਰ ਹੋ ਗਈ। ਧੀਰੇ-ਧੀਰੇ ਸਾਰੇ ਦਿੱਲੀ ਸ਼ਹਿਰ ਮਾਤਾ ਸੁੰਦਰੀ ਜੀ ਪਾਸ ਆ ਕੇ ਗੱਲ ਮਿਲੀ ਅਤੇ ਪੁੱਤਰਾਂ ਦੇ ਵਿਯੋਗ ਨੂੰ ਯਾਦ ਕਰ-ਕਰ ਦੋਵੇਂ ਬਹੁਤ ਰੋਈਆਂ....।"

ਜਿਹੜੇ ਸ਼ਸਤਰ ਅਤੇ ਕਮਰਕਸੇ ਗੁਰੂ ਜੀ ਨੇ ਮਾਤਾ ਜੀ ਨੂੰ ਬਖਸ਼ੇ ਸਨ, ਉਨ੍ਹਾਂ ਨੂੰ ਪਲੰਘ ਉੱਤੇ ਸਜਾ ਕੇ ਦੋਵੇਂ ਮਾਤਾਵਾਂ ਧੂਫ-ਦੀਪ ਕਰਦੀਆਂ। ਉਨ੍ਹਾਂ ਉੱਤੇ ਪੁਸ਼ਪ ਚੜ੍ਹਾਉਂਦੀਆਂ ਅਤੇ ਨਾਮ-ਬਾਣੀ ਵਿੱਚ ਆਪਣਾ ਜੀਵਨ ਬਤੀਤ

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 1136



Sri Satguru Jagjit Singh Ji Elibrary NamdhariElibrary@gmail com

ਕਰਦੀਆਂ ਹੋਈਆਂ, ਗੁਰੂ ਜੀ ਦੀ ਯਾਦ ਵਿੱਚ ਧਿਆਨ ਧਰਦੀਆਂ ਰਹੀਆਂ। ਗੁਰਸਿੱਖਾਂ ਵੱਲੋਂ ਪ੍ਰਾਪਤ ਹੁੰਦੇ ਧਨ-ਪਦਾਰਥ ਦੀ ਉਨ੍ਹਾਂ ਲਈ ਕੋਈ ਬੁੜ੍ਹ ਨਹੀਂ ਸੀ।

### ਦੋ ਪਠਾਣਾਂ ਵੱਲੋਂ ਗੁਰੂ ਜੀ ਉੱਤੇ ਕਾਤਲਾਨਾ ਵਾਰ

ਵੱਖ-ਵੱਖ ਇਤਿਹਾਸਕਾਰਾਂ ਨੇ ਗੁਰੂ ਜੀ ਉੱਤੇ ਦੋ ਪਠਾਣਾਂ ਵੱਲੋਂ ਕੀਤੇ ਗਏ ਕਾਤਲਾਨਾ ਵਾਰ ਬਾਰੇ ਭਿੰਨ-ਭਿੰਨ ਰਾਵਾਂ ਪ੍ਰਗਟਾਈਆਂ ਹਨ, ਪਰ ਸੱਚ ਦੇ ਵਧੇਰੇ ਨੇੜੇ ਇਹ ਗੱਲ ਹੀ ਠੀਕ ਪ੍ਰਤੀਤ ਹੁੰਦੀ ਹੈ ਕਿ ਗੁਰੂ ਜੀ ਉੱਤੇ ਕਾਤਲਾਨਾ ਹਮਲਾ ਕਰਵਾਉਣ ਵਿੱਚ ਹੁਣ ਵਜ਼ੀਰ ਖ਼ਾਂ ਦੇ ਨਾਲ ਬਹਾਦਰ ਸ਼ਾਹ ਵੀ ਇਸ ਗੁਪਤ ਸਾਜ਼ਿਸ਼ ਵਿੱਚ ਸ਼ਾਮਲ ਹੋ ਚੁੱਕਾ ਸੀ। ਇਸ ਦੇ ਕਾਰਨਾਂ ਬਾਰੇ ਅਸੀਂ ਪਹਿਲਾਂ ਹੀ ਉਲੇਖ ਕਰ ਆਏ ਹਾਂ ਕਿ ਬੰਦਾ ਬਹਾਦਰ ਨੂੰ ਪੰਜਾਬ ਭੇਜਣ ਤੋਂ ਪਿਛੋਂ ਬਹਾਦਰ ਸ਼ਾਹ ਦੇ ਤੌਖਲੇ ਵਧੇਰੇ ਵੱਧ ਗਏ ਸਨ, ਹੁਣ ਉਹ ਗੁਰੂ ਜੀ ਨੂੰ ਮੁਗਲ ਸਲਤਨਤ ਦਾ ਸਭ ਤੋਂ ਵੱਡਾ ਸ਼ਤਰੂ ਮੰਨਣ ਲੱਗ ਪਿਆ ਸੀ, ਕਿਉਂਕਿ ਗੁਰੂ ਜੀ ਨੇ ਜਿਹੜੀ ਬੀਰ ਆਤਮਾ ਅਤੇ ਨਿਰਭੈਤਾ ਆਪਣੇ ਸਿੰਘਾਂ ਵਿੱਚ ਭਰ ਦਿੱਤੀ ਸੀ, ਉਹ ਮੁਗਲਾਂ ਵਿਰੁੱਧ ਵੱਡੇ ਤੋਂ ਵੱਡੇ ਇਨਕਲਾਬ ਦਾ ਰੂਪ ਧਾਰਨ ਕਰ ਸਕਦੀ ਸੀ।

ਵਜ਼ੀਰ ਖ਼ਾਂ ਨੇ ਆਪਣੇ ਇੱਕ ਅਹਿਲਕਾਰ ਸੱਯਦ ਦੀ ਨਿਗਰਾਨੀ ਵਿੱਚ ਦੋ ਪਠਾਣ ਜੋ ਜਲੰਧਰ ਨੇੜੇ ਦੇ ਪਿੰਡ 'ਛੋਟਾ ਮੀਰ' ਦੇ ਵਾਸੀ ਸਨ ਅਤੇ ਪਠਾਣ ਪੈਂਦੇ ਖ਼ਾਂ ਦੇ ਪੋਤਰੇ ਅਤੇ ਸੰਦੇ ਖ਼ਾਂ ਦੇ ਪੁੱਤਰ ਸਨ। ਪੈਂਦੇ ਖ਼ਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਕਰਤਾਰਪੁਰ ਦੀ ਲੜਾਈ ਵਿੱਚ ਪਾਰ ਬੁਲਾ ਦਿੱਤਾ ਸੀ। ਉਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਹੀ ਆਪਣੀ ਸੈਨਾ ਵਿੱਚ ਭਰਤੀ ਕੀਤਾ ਸੀ, ਪਰ ਪਿਛੋਂ ਉਹ ਧੋਖਾ ਦੇ ਕੇ ਸ਼ਤਰੂ ਨਾਲ ਜਾ ਮਿਲਿਆ ਸੀ।

ਵਜ਼ੀਰ ਖ਼ਾਂ ਨੂੰ ਇਹ ਡਰ ਸੀ ਕਿ ਗੁਰੂ ਗੋਬਿੰਦ ਸਿੰਘ ਉਨ੍ਹਾਂ ਦਿਨਾਂ ਵਿੱਚ ਬਹਾਦਰ ਸ਼ਾਹ ਦੇ ਕਾਫ਼ੀ ਨੇੜੇ ਅਤੇ ਸਤਿਕਾਰ ਦੇ ਪਾਤਰ ਹਨ, ਇਸ ਲਈ ਉਹ ਕਿਸੇ ਸਮੇਂ ਵੀ ਛੋਟੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਉਸ ਨੂੰ (ਵਜ਼ੀਰ ਖ਼ਾਂ) ਸਜ਼ਾ ਦਿਵਾ ਸਕਦੇ ਸਨ। ਗੁਰੂ ਜੀ ਨੇ ਬਹਾਦਰ ਸ਼ਾਹ ਤੋਂ ਅਜਿਹੀ ਮੰਗ ਵੀ ਕੀਤੀ ਸੀ ਪਰ ਬਾਦਸ਼ਾਹ ਹਾਲੀਂ ਅਜੇ ਉਨ੍ਹਾਂ ਨੂੰ ਇਸ ਸੰਬੰਧ ਵਿੱਚ ਟਾਲ-ਮਟੋਲ ਹੀ ਕਰੀ ਜਾਂਦਾ ਸੀ, ਕਿਉਂ ਜੋ ਮੁਗਲ ਸਮਰਾਟਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਰਚੇ 'ਖ਼ਾਲਸਾ ਪੰਥ' ਤੋਂ ਜੋ ਹੁਣ ਇੱਕ ਸ਼ਸਤਰਧਾਰੀ ਫ਼ਿਰਕਾ ਬਣ ਗਿਆ ਸੀ, ਤੋਂ ਵਧੇਰੇ ਖ਼ਤਰਾ ਭਾਸ਼ਣ ਲੱਗ ਪਿਆ ਸੀ। ਗੁਰੂ ਜੀ ਨੇ ਖ਼ਾਲਸੇ ਨੂੰ ਇਤਿਹਾਸ ਦੀ ਧਾਰਾ ਬਦਲਣ ਵਾਲੀ ਸ਼ਕਤੀ ਦੇ ਰੂਪ ਵਿੱਚ ਵਿਕਸਿਤ ਕਰ ਦਿੱਤਾ ਸੀ। ਖਦਰਾਣੇ ਦੀ ਜੰਗ ਵਿੱਚ ਵਜ਼ੀਰ ਖ਼ਾਂ ਦੀ ਫ਼ੌਜ ਦੀ ਹਾਰ ਇਸ ਗੱਲ ਦਾ ਵੱਡਾ ਸਬੂਤ ਸੀ ਕਿ ਸਿੰਘ ਹੁਣ ਨਵੀਂ ਸ਼ਕਤੀ ਦੇ ਰੂਪ ਵਿੱਚ ਉਭਰ ਰਹੇ ਸਨ। ਬਹਾਦਰ ਸ਼ਾਹ ਨੂੰ ਦਿੱਲੀ ਦੇ ਤਖ਼ਤ ਉੱਤੇ ਬਿਠਾਉਣ ਲਈ ਵੀ ਗੁਰੂ



Sri Satguru Jagjit Singh Ji Elibrary NamdhariElibrary@gmail.com

ਜੀ ਦਾ ਹੀ ਵਧੇਰੇ ਹੱਥ ਸੀ।

ਜਦੋਂ ਵਜ਼ੀਰ ਖ਼ਾਂ ਦੇ ਭੇਜੇ ਹੋਏ ਦੋ ਪਠਾਣ ਗੁਰੂ ਜੀ ਨੂੰ ਕਤਲ ਕਰਨ ਦੇ ਇਰਾਦੇ ਨਾਲ ਨੰਦੇੜ ਪੁੱਜੇ ਤਾਂ ਬਹਾਦਰ ਸ਼ਾਹ ਨੇ ਵੀ ਉਨ੍ਹਾਂ ਨਾਲ ਗੁਪਤ ਸਮਝੌਤਾ ਕਰ ਲਿਆ। [1*]ਡਾ: ਹਰੀ ਰਾਮ ਗੁਪਤਾ ਨੇ ਇਸ ਗੁੱਝੀ ਸਾਜ਼ਿਸ਼ ਬਾਰੇ ਆਪਣੇ ਸਿੱਖ ਇਤਿਹਾਸ ਵਿੱਚ ਸਪੱਸ਼ਟ ਭਾਂਤ ਜ਼ਿਕਰ ਕੀਤਾ ਹੈ।

[2*]ਜਿਵੇਂ ਕਿ ਹਰ ਸਾਜ਼ਿਸ਼ੀ ਦੀ ਇਹ ਜੁਗਤ ਹੁੰਦੀ ਹੈ ਕਿ ਉਹ ਉੱਤੋਂ-ਉੱਤੋਂ ਬੜਾ ਮਿੱਠਾ ਬਣਨ ਦੀ ਕੋਸ਼ਿਸ਼ ਕਰਦਾ ਹੈ, ਕਿਉਂ ਜੋ ਸਿੰਘਾਂ ਦੇ ਹੁੰਦਿਆਂ ਗੁਰੂ ਜੀ ਕੋਲ ਪਹੁੰਚ ਕੇ ਅਜਿਹਾ ਵਾਰ ਕਰਨਾ ਸੰਭਵ ਨਹੀਂ ਸੀ, ਇਸ ਲਈ ਉਹ ਦੋਵੇਂ ਪਠਾਣ ਨੌਜਵਾਨ ਗੁਰੂ ਜੀ ਦੇ ਦਰਬਾਰ ਵਿੱਚ ਜਾਣ ਲੱਗੇ। ਹਰ ਰੋਜ਼ ਹਾਜ਼ਰੀ ਭਰਦੇ ਅਤੇ ਸਹਿਜੇ-ਸਹਿਜੇ ਉਹ ਗੁਰੂ ਜੀ ਦਾ ਅਤੇ ਸਿੰਘਾਂ ਦਾ ਭਰੋਸਾ ਜਿੱਤਣ ਵਿੱਚ ਸਫ਼ਲ ਹੋ ਗਏ। ਉਹ ਚੰਗੇ ਤੀਰ-ਅੰਦਾਜ਼ ਵੀ ਸਨ, ਇਸ ਲਈ ਗੁਰੂ ਜੀ ਉਨ੍ਹਾਂ ਦੇ ਬਲਕਾਰ ਯੋਧੇ ਹੋਣ ਤੋਂ ਪ੍ਰਭਾਵਿਤ ਵੀ ਸਨ। ਉਨ੍ਹਾਂ ਦਾ ਗੁਰੂ ਜੀ ਦੇ ਦਰਬਾਰ ਵਿੱਚ ਆਉਣਾ ਦਿਨੋਂ-ਦਿਨ ਵਧਦਾ ਗਿਆ ਅਤੇ ਗੁਰੂ ਜੀ ਦੇ ਵੀ ਉਹ ਕਾਫ਼ੀ ਨੇੜੇ ਹੋ ਗਏ। ਇਸ ਬਾਰੇ ਵੀ ਕਈ ਰਵਾਇਤਾਂ ਪ੍ਰਚੱਲਿਤ ਹਨ ਕਿ ਕੁਝ ਮੁਸਲਿਮ ਕੱਟੜ ਪ੍ਰਸਤਾਂ ਨੇ ਉਨ੍ਹਾਂ ਨੂੰ ਉਕਸਾਇਆ ਕਿ 'ਤੁਸੀਂ ਵੀ ਕੋਈ ਮਰਦ ਹੋ ਜੋ ਆਪਣੇ ਦਾਦੇ ਦੇ ਕਤਲ ਦਾ ਹੁਣ ਤੱਕ ਬਦਲਾ ਨਹੀਂ ਲੈ ਸਕੇ।'

20 ਸਤੰਬਰ, 1708 ਨੂੰ ਜਦੋਂ ਸੰਧਿਆ ਸਮੇਂ ਗੁਰੂ ਜੀ ਆਪਣੇ ਤੰਬੂ ਵਿੱਚ ਲੇਟ ਕੇ ਆਰਾਮ ਕਰ ਰਹੇ ਸਨ ਤਾਂ ਉਨ੍ਹਾਂ ਵਿੱਚੋਂ ਇੱਕ ਗੁੱਲ ਖ਼ਾਂ (ਜਮਸ਼ੇਦ ਖ਼ਾਂ) ਨੇ ਆ ਕੇ ਗੁਰੂ ਜੀ ਦੇ ਉੱਤੇ ਖੰਜਰ ਦਾ ਵਾਰ ਕੀਤਾ। ਗੁਰੂ ਜੀ ਨੇ ਝਟਪਟ ਆਪਣੀ ਕਿਰਪਾਨ ਸੂਤ ਕੇ ਉਸ ਨੂੰ ਜਾਨੋਂ ਮਾਰ ਮੁਕਾਇਆ। ਗੁਰੂ ਜੀ ਦੀ ਆਵਾਜ਼ ਸੁਣ ਕੇ ਦੂਜਾ ਪਠਾਣ ਅਤਾਉਲਾ ਜੋ ਬਾਹਰ ਖੜ੍ਹਾ ਸੀ, ਭੱਜਣ ਲੱਗਾ। ਤੰਬੂ ਦੇ ਰੱਸੇ ਨਾਲ ਅੜ ਕੇ ਡਿੱਗ ਪਿਆ, ਸਿੰਘਾਂ ਨੇ ਉਸ ਨੂੰ ਵੀ ਪਾਰ ਬੁਲਾ ਦਿੱਤਾ। ਗੁਰੂ ਜੀ ਦਾ ਜ਼ਖ਼ਮ ਸੀਤਾ ਗਿਆ ਅਤੇ ਬਹਾਦਰ ਸ਼ਾਹ ਵੱਲੋਂ ਭੇਜਿਆ ਗਿਆ ਜ਼ਰਾਹ ਵੀ ਗੁਰੂ ਜੀ ਦਾ ਇਲਾਜ ਕਰਦਾ ਰਿਹਾ। ਗੁਰੂ ਜੀ ਦੇ ਜ਼ਖ਼ਮ ਛੇਤੀ ਹੀ ਰਾਜ਼ੀ ਹੋ ਗਏ।

ਪਰ ਬਾਦਸ਼ਾਹ ਨੇ ਇੱਕ ਹੋਰ ਗੋਂਦ ਗੁੰਦੀ। ਆਪਣੇ ਇੱਕ ਸਥਾਨਿਕ ਤਲਕੇਦਾਰ ਦੇ ਰਾਹੀਂ ਦੋ ਅਜਿਹੀਆਂ ਖ਼ੂਬਸੂਰਤ ਜੜਾਊ ਤੇ ਸਖ਼ਤ ਕਮਾਨਾਂ ਗੁਰੂ ਜੀ ਨੂੰ ਭੇਜੀਆਂ, ਜਿਨ੍ਹਾਂ ਉੱਤੇ ਚਿਲਾ ਚੜ੍ਹਾਉਣਾ ਬੜਾ ਕਠਿਨ ਸੀ। ਉਸ ਨੇ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ 1, ਪੰਨਾ 324

[2*] ਡਾ. ਹਰੀ ਰਾਮ ਗੁਪਤਾ, ਸਿੱਖ ਇਤਿਹਾਸ, ਭਾਗ ਪਹਿਲਾ, ਪੰਨਾ 329



Sri Satguru Jagjit Singh Ji Elibrary NamdhariElibrary@gmail.com

ਜਦੋਂ ਇਹ ਕਮਾਨਾਂ ਗੁਰੂ ਜੀ ਨੂੰ ਭੇਟ ਕੀਤੀਆਂ ਤਾਂ ਇਹ ਕਿਹਾ ਮਹਾਰਾਜ ਜੀ ਇਹ ਤਾਂ ਦਰਸ਼ਨੀ ਕਮਾਨਾਂ ਹਨ, ਇਨ੍ਹਾਂ ਨੂੰ ਕਿਹੜਾ ਯੋਧਾ ਚਲਾ ਸਕੇਗਾ। ਕੁਝ ਸਿੰਘਾਂ ਨੇ ਯਤਨ ਕੀਤਾ, ਪਰ ਨਿਸਫਲ। ਗੁਰੂ ਜੀ ਨੂੰ ਇਸ ਉੱਤੇ ਰੋਹ ਆ ਗਿਆ, ਆਪ ਨੇ ਉੱਠ ਕੇ ਉਸ ਕਮਾਨ ਦਾ ਨਿਸ਼ਾਨਾ ਬੰਨ੍ਹਣਾ ਚਾਹਿਆ, ਪਰ ਜ਼ੋਰ ਨਾਲ ਖਿੱਚਣ ਨਾਲ ਗੁਰੂ ਜੀ ਦੇ ਜ਼ਖ਼ਮ ਖੁੱਲ੍ਹ ਗਏ ਅਤੇ ਉਨ੍ਹਾਂ ਵਿੱਚੋਂ ਲਹੂ ਦੀ ਧਾਰ ਵੱਗਣ ਲੱਗੀ, ਜ਼ਖ਼ਮ ਫਿਰ ਸਿਓ ਦਿੱਤੇ ਗਏ।

**ਨੰਦੇੜ ਤੋਂ ਅੰਤਿਮ ਵਿਦਾਇਗੀ**

6-7 ਅਗਸਤ, 1708 ਨੂੰ ਗੁਰੂ ਜੀ ਨੇ ਰਾਤ ਨੂੰ ਕਨਾਤਾਂ ਦੀ ਇੱਕ ਵਲਗਣ ਬਣਵਾ ਕੇ ਚੰਦਨ ਦੀਆਂ ਲੱਕੜਾਂ ਤੇ ਹੋਰ ਸਮੱਗਰੀ ਅੰਦਰ ਰਖਵਾ ਕੇ ਚਿਤਾ ਬਣਾਉਣ ਦਾ ਹੁਕਮ ਦੇ ਦਿੱਤਾ। ਸਿੰਘਾਂ ਨੂੰ ਹੁਕਮ ਕੀਤਾ ਗਿਆ ਕਿ ਉਨ੍ਹਾਂ ਤੋਂ ਬਿਨਾਂ ਕੋਈ ਅੰਦਰ ਨਾ ਆਵੇ। ਗੁਰੂ ਜੀ ਨੇ 7 ਅਕਤੂਬਰ 1708 ਨੂੰ ਇਸ਼ਨਾਨ ਕਰਕੇ ਆਪਣਾ ਨਿਤਨੇਮ ਕੀਤਾ ਅਤੇ ਪੁਸ਼ਾਕ ਤੇ ਸ਼ਸਤਰ ਪਹਿਨ ਕੇ 2 ਵਜੇ ਦੇ ਕਰੀਬ ਪਿਛਲੀ ਰਾਤ ਇਕੱਲੇ ਹੀ ਬਣਾਈ ਕਨਾਤਾਂ ਦੀ ਵਲਗਣ ਵਿੱਚ ਚੱਲੇ ਗਏ। ਵਲਗਣ ਵਿੱਚ ਕਿਸੇ ਦੇ ਨਾ ਆਉਣ ਬਾਰੇ ਆਪ ਪਹਿਲਾਂ ਹੀ ਹੁਕਮ ਕਰ ਗਏ ਸਨ। ਜਦੋਂ ਚਿਤਾ ਵਿੱਚ ਅਗਨੀ ਪ੍ਰਚੰਡ ਹੋਈ ਤਾਂ ਇਸ ਦਾ ਪ੍ਰਕਾਸ਼ ਦੂਰ-ਦੂਰ ਤੱਕ ਫੈਲਿਆ ਤਾਂ ਬਾਹਰ ਖੜੇ ਸਿੰਘ ਸੱਜਣ ਨੈਣਾਂ ਨਾਲ ਵਿਰਲਾਪ ਕਰਨ ਲੱਗੇ।

ਜਦੋਂ ਕਨਾਤ ਤੋਂ ਬਾਹਰ ਸਿੰਘ ਗੁਰੂ ਜੀ ਦੇ ਵਿਯੋਗ ਵਿੱਚ ਵਿਰਲਾਪ ਕਰ ਰਹੇ ਸਨ ਤਾਂ ਤਬੇਲੇ ਵਿੱਚੋਂ ਇੱਕ ਸਿੰਘ ਨੇ ਆ ਕੇ ਆਖਿਆ ਖ਼ਬਰ ਨਹੀਂ ਕਿ ਭਾਵੀ ਵਰਤੀ ਕਿ ਕੁਮੈਤ ਘੋੜਾ ਕਾਠੀ ਸਮੇਤ ਤਬੇਲੇ ਵਿੱਚ ਨਹੀਂ ਰਿਹਾ। ਇਹ ਗੱਲ ਸੁਣ ਕੇ ਸਭ ਨੂੰ ਵਧੇਰੇ ਹੈਰਾਨੀ ਹੋਈ ਅਤੇ ਜਿਤਨੇ ਮੂੰਹ ਸੇ ਉਤਨੀ ਭਾਖਿਆ ਹੋ ਕੇ ਅਨੇਕ ਪ੍ਰਕਾਰ ਦੀਆਂ ਕਲਪਨਾ ਕਰਨ ਲੱਗੇ। ਇਤਨੇ ਨੂੰ ਇੱਕ ਹਿੰਦੂ ਫਕੀਰ ਨੇ ਸਿੰਘਾਂ ਨੂੰ ਆਖਿਆ ਕਿ ਤੁਸੀਂ ਕਿਸ ਚੀਜ਼ ਦਾ ਸ਼ੋਕ ਕਰ ਰਹੇ ਹੋ? ਗੁਰੂ ਜੀ ਤਾਂ ਕੁਮੈਤ ਘੋੜੇ ਪਰ ਸਵਾਰ ਹੋਏ ਜਾਂਦੇ ਹੁਣੇ ਮੈਨੂੰ ਮਿਲੇ ਸਨ ਅਤੇ ਮੈਂ ਦਰਸ਼ਨ ਕਰਕੇ ਮੱਥਾ ਟੇਕ ਕੇ ਆਇਆ ਹਾਂ ਅਤੇ ਉਨ੍ਹਾਂ ਮੈਨੂੰ ਇਹ ਸੁਨੇਹਾ ਵੀ ਦਿੱਤਾ ਹੈ ਕਿ ਤੂੰ ਸਭਨਾਂ ਸਿੰਘਾਂ ਨੂੰ ਆਖ ਦੇਵੀਂ ਕਿ ਉਹ ਜ਼ਰਾ ਭਰ ਸੰਸਾ ਸ਼ੋਕ ਨਾ ਕਰਨ ਅਤੇ ਕੁਮੈਤ ਘੋੜਾ ਸੋਨੇ ਦੀ ਕਾਠੀ ਸਮੇਤ ਅਸੀਂ ਆਪੇ ਲੈ ਚੱਲੇ ਹਾਂ।

ਭਾਵੇਂ ਗੁਰੂ ਜੀ ਇਹ ਹੁਕਮ ਦੇ ਗਏ ਸੀ ਕਿ ਸਾਡਾ ਅੰਗੀਠਾ ਨਾ ਫੋਲਣਾ ਅਤੇ ਸਮਾਧ ਨਾ ਬਣਾਉਣੀ, ਪਰ ਸਿੰਘਾਂ ਨੇ ਪ੍ਰੇਮ ਵਿੱਚ ਆ ਕੇ ਦੋਵੇਂ ਹੀ ਕੰਮ ਕੀਤੇ, ਅੰਗੀਠੇ ਵਿੱਚੋਂ ਇੱਕ 'ਕਰਦ' ਤੋਂ ਬਿਨਾਂ ਹੋਰ ਕੁਝ ਨਾ ਲੱਭਾ। ਪਰ ਤਾਂ ਵੀ ਉਨ੍ਹਾਂ ਦੇ ਬਚਨਾਂ ਦੇ ਉਲਟ ਸਮਾਧ ਠਟ ਕੇ ਚੌਂਰੀ ਕਰਨ ਤੇ ਮੱਥਾ ਟੇਕ ਕੇ ਫੁੱਲ ਚੜ੍ਹਾਉਣ ਲੱਗ ਪਏ। ਉਹੋ ਸਮਾਧ ਹੁਣ ਗੋਦਾਵਰੀ ਗੰਗਾ ਕਿਨਾਰੇ ਅਬਚਲ



Sri Satguru Jagjit Singh Ji Elibrary NamdhariElibrary@gmail.com

ਨਗਰ ਗੁਰਦੁਆਰਾ ਹੋ ਕੇ ਪੂਜਨੀਕ ਹੈ।

ਪਰ ਆਪਣੇ ਕਾਵਿ ਗ੍ਰੰਥ 'ਪੰਥ ਪ੍ਰਕਾਸ਼' ਵਿੱਚ ਗਿਆਨੀ [1*]ਗਿਆਨ ਸਿੰਘ ਜੀ ਪੰਜਾਬ ਤੋਂ ਚਾਰ ਸਿੱਖਾਂ ਦਾ ਗੁਰੂ ਜੀ ਦੇ ਦਰਸ਼ਨ ਕਰਨ ਆਉਣ ਬਾਰੇ ਲਿਖਦੇ ਹਨ, ਜਿਨ੍ਹਾਂ ਨੂੰ ਨੰਦੇੜ ਤੋਂ ਪੰਜ ਕੋਹ ਦੀ ਦੂਰੀ ਉੱਤੇ ਗੁਰੂ ਜੀ ਕੁਮੈਤ ਘੋੜੇ ਉੱਤੇ ਸਵਾਰ ਸ਼ਸਤਰਾਂ ਅਤੇ ਬਾਜ ਸਮੇਤ ਸ਼ਿਕਾਰ ਕਰਨ ਜਾਂਦਿਆਂ ਹੋਇਆਂ ਦਰਸ਼ਨ ਦਿੱਤੇ ਸਨ। ਹੋਰ ਸਿੱਖ ਗ੍ਰੰਥਕਾਰਾਂ ਕੋਇਰ ਸਿੰਘ (ਗੁਰ ਬਿਲਾਸ) ਅਤੇ ਭਾਈ ਸੁੱਖਾ ਸਿੰਘ (ਗੁਰ ਬਿਲਾਸ) ਨੇ ਵੀ ਅਜਿਹੇ ਹੀ ਹਵਾਲੇ ਦਿੱਤੇ ਹਨ। ਪਰ ਇੱਕ ਗੱਲ ਉੱਤੇ ਇਹ ਸਾਰੇ ਹੀ ਸਹਿਮਤ ਹਨ ਕਿ ਜਦੋਂ ਗੁਰੂ ਜੀ ਦਾ ਅੰਗੀਠਾ ਫੋਲਿਆ ਗਿਆ ਤਾਂ ਉਸ ਵਿੱਚੋਂ ਨਾ ਕੋਈ ਅਸਤੀ ਮਿਲੀ ਨਾ ਉਹ ਸ਼ਸਤਰ ਜੋ ਗੁਰੂ ਜੀ ਨੇ ਅੰਤਿਮ ਵਿਦਾਇਗੀ ਸਮੇਂ ਪਹਿਨੇ ਹੋਏ ਸਨ। ਅੰਗੀਠੇ ਵਿੱਚੋਂ ਕੇਵਲ ਲੋਹੇ ਦੀ ਇੱਕ ਛੋਟੀ 'ਕਰਦ' ਹੀ ਮਿਲੀ ਸੀ।

ਪੰਥ ਪ੍ਰਕਾਸ਼ ਵਿੱਚ ਇਹ ਬਿਰਤਾਂਤ ਇਸ ਪ੍ਰਕਾਰ ਅੰਕਿਤ ਹੈ :

ਤਬ ਧਾਰ ਨਿਸਚੇ ਕਹਯੋ ਸਿੰਘੋ ਚਰਤ ਗੁਰੂ ਇਹੁ ਕਿਆ ਕੀਓ
ਹਮ ਤਈ ਏਕਲ ਛੋਰ ਧੋਖਾ ਦੈ ਸੁ ਪੰਥਾ ਅਨਲੀਓ।

ਪਰ ਜੇਕਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਮਾਚਾਰਾਂ ਦਾ ਹੋਰ ਘੋਖ ਕੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਗੁਰੂ ਜੀ ਪਹਿਲਾਂ ਵੀ ਦੋ ਵਾਰ ਇਸ ਪ੍ਰਕਾਰ ਖੇਡ ਰਚਾ ਕੇ ਚਮਕੌਰ ਸਾਹਿਬ ਦੀ ਗੜ੍ਹੀ ਵਿੱਚੋਂ ਅਤੇ ਫਿਰ ਗਨੀ ਖ਼ਾਂ ਅਤੇ ਨਬੀ ਖ਼ਾਂ ਦੀ ਸਹਾਇਤਾ ਰਾਹੀਂ ਮਾਛੀਵਾੜੇ ਤੋਂ 'ਉੱਚ ਦੇ ਪੀਰ' ਦੇ ਰੂਪ ਵਿੱਚ ਮੁਗਲਾਂ ਦੇ ਘੇਰੇ ਵਿੱਚੋਂ ਨਿਕਲ ਗਏ ਸਨ। ਹੁਣ ਵੀ ਬਹਾਦਰ ਸ਼ਾਹ ਨੇ ਇਸੇ ਤਰ੍ਹਾਂ ਦਾ ਰਾਜਸੀ ਜਾਲ ਗੁਰੂ ਜੀ ਦੇ ਦੁਆਲੇ ਤਣਿਆ ਸੀ ਕਿ ਉਹ ਉਸ ਦੇ ਘੇਰੇ ਵਿੱਚੋਂ ਨਿਕਲ ਨਾ ਜਾਣ।

[2*]ਡਾ: ਹਰੀ ਰਾਮ ਗੁਪਤਾ ਤਾਂ ਬਹਾਦਰ ਸ਼ਾਹ ਦੀ ਇਸ ਸਾਜਿਸ਼ ਬਾਰੇ ਅਤੇ ਗੁਰੂ ਜੀ ਉੱਤੇ ਕਾਤਲਾਨਾ ਹਮਲਾ ਕਰਵਾਉਣ ਦੀ ਸਾਜਿਸ਼ ਵਿੱਚ ਸ਼ਾਮਲ ਹੋਣ ਬਾਰੇ ਸਪੱਸ਼ਟ ਭਾਂਤ ਦਲੀਲਾਂ ਦੇ ਕੇ ਇਸ ਤੱਥ ਨੂੰ ਪ੍ਰਮਾਣਿਤ ਕਰਦੇ ਹਨ।

### ਡਾ: ਹਰੀ ਰਾਮ ਗੁਪਤਾ ਦਾ ਮੱਤ

ਬਹਾਦਰ ਸ਼ਾਹ ਦੇ ਇਸ ਸਾਜਿਸ਼ ਵਿੱਚ ਸ਼ਾਮਲ ਹੋਣ ਦੇ ਪ੍ਰਮਾਣ :

1. ਬਾਦਸ਼ਾਹ ਨੇ ਨੰਦੇੜ ਵਿਖੇ ਸੱਤ ਹਫ਼ਤੇ ਅਰਥਾਤ ਉਦੋਂ ਤੱਕ ਮੁਕਾਮ ਕੀਤਾ ਜਦੋਂ ਤੱਕ ਕਿ ਗੁਰੂ ਜੀ ਨੇ ਉੱਥੇ ਨਿਵਾਸ ਰੱਖਿਆ। ਗੁਰੂ ਜੀ ਦੀ ਅੰਤਿਮ ਵਿਦਾਇਗੀ ਤੋਂ 4 ਜਾਂ 5 ਘੰਟੇ ਪਿਛੋਂ ਹੀ ਬਹਾਦਰ ਸ਼ਾਹ ਨੇ ਗੋਦਾਵਰੀ ਨਦੀ

[1*] ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਪੰਨਾ 144-45
[2*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਸਿੱਖਸ, (1469-1708), ਪੰਨਾ 330



Sri Satguru Jagjit Singh Ji Elibrary NamdhariElibrary@gmail com

ਨੂੰ ਪਾਰ ਕੀਤਾ। ਬਾਦਸ਼ਾਹ ਦੱਖਣ ਵਿੱਚ ਕੋਈ ਮੌਜ ਮੇਲਾ ਮਨਾਉਣ ਲਈ ਨਹੀਂ ਸੀ ਠਹਿਰਿਆ ਹੋਇਆ। ਉਸ ਲਈ ਤਾਂ ਹਰ ਘੜੀ ਸੰਕਟ ਭਰਪੂਰ ਸੀ। ਅਜਮੇਰ ਤੋਂ ਲੈ ਕੇ ਨੰਦੇੜ ਤੱਕ ਉਹ ਕਿਸੇ ਥਾਂ ਤੇ ਵੀ ਦੋ ਦਿਨਾਂ ਤੋਂ ਵੱਧ ਨਹੀਂ ਸੀ ਰੁਕਿਆ। ਉਸ ਦੇ ਭਰਾ ਕਾਮ ਬਖਸ਼ ਨੇ ਹੈਦਰਾਬਾਦ ਵਿਖੇ ਉਸ ਵਿਰੁੱਧ ਖੁੱਲ੍ਹੀ ਬਗਾਵਤ ਕਰ ਦਿੱਤੀ ਸੀ। ਉਸ ਨੇ ਆਪਣੇ ਆਪ ਨੂੰ ਸਹਿਨਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਸੀ। ਨੰਦੇੜ ਵਿੱਖੇ ਬਾਦਸ਼ਾਹ ਕੋਈ ਫ਼ੌਜੀ ਤਿਆਰੀ ਵੀ ਨਹੀਂ ਸੀ ਕਰ ਰਿਹਾ—ਇਹ ਤਾਂ ਉਹ ਪਹਿਲਾਂ ਹੀ ਕਰ ਚੁੱਕਾ ਸੀ। ਬਾਦਸ਼ਾਹ ਆਪਣੀ ਰਵਾਨਗੀ ਨੂੰ ਗੁਰੂ ਜੀ ਦੇ ਡਰ ਤੋਂ ਹੀ ਪਿੱਛੇ ਪਾ ਰਿਹਾ ਸੀ। ਉਹ ਗੁਰੂ ਜੀ ਨੂੰ ਇਕੱਲਾ ਨਹੀਂ ਸੀ ਛੱਡਣਾ ਚਾਹੁੰਦਾ। ਗੁਰੂ ਜੀ ਨੇ ਬੰਦਾ ਬਹਾਦਰ ਨੂੰ ਪਹਿਲਾਂ ਹੀ ਪੰਜਾਬ ਵਿੱਚ ਕਾਰਵਾਈ (ਮੁਗਲ ਹਾਕਮਾਂ ਨੂੰ ਸਬਕ ਸਿਖਾਉਣ ਲਈ) ਕਰਨ ਲਈ ਭੇਜ ਦਿੱਤਾ ਸੀ। ਗੁਰੂ ਜੀ ਨੇ ਬਾਦਸ਼ਾਹ ਵੱਲੋਂ ਵਜ਼ੀਰ ਖ਼ਾਂ ਨੂੰ ਕੋਈ ਸਜਾ ਨਾ ਦੇਣ ਉੱਤੇ ਪਹਿਲਾਂ ਹੀ ਉਸ ਵਿਰੁੱਧ ਕਦਮ ਉਠਾਉਣ ਦਾ ਬੀੜਾ ਚੁੱਕ ਲਿਆ ਸੀ। ਬਾਦਸ਼ਾਹ ਨੂੰ ਇਹ ਵੀ ਡਰ ਸੀ ਕਿ ਜਦ ਉਹ ਆਪਣੇ ਭਰਾ ਕਾਮਬਖਸ਼ ਨਾਲ ਲੜਾਈ ਵਿੱਚ ਰੁਝਿਆ ਹੋਇਆ ਹੈ ਤਾਂ ਗੁਰੂ ਜੀ ਕਿਤੇ ਮਰਹੱਟਿਆਂ ਨਾਲ ਗਾਂਢਾ-ਸਾਂਢਾ ਨਾ ਕਰ ਲੈਣ।

2. 28 ਅਕਤੂਬਰ ਨੂੰ ਬਾਦਸ਼ਾਹ ਨੇ ਹੁਕਮ ਕੀਤਾ ਕਿ ਇੱਕ ਮਾਤਮੀ ਖ਼ਿਲਤ ਜਸਮੈਦ ਖ਼ਾਂ ਅਫ਼ਗਾਨ ਦੇ ਪੁੱਤਰ ਨੂੰ ਭੇਜੀ ਜਾਵੇ, ਜਿਸ ਨੂੰ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਤਲ ਕਰ ਦਿੱਤਾ ਸੀ। ਬਹਾਦਰ ਸ਼ਾਹ ਦੇ ਦਰਬਾਰੀ ਦਸਤਾਵੇਜ਼ਾਂ ਵਿੱਚ ਇਹ ਗੱਲ ਦਰਜ਼ ਹੈ। ਜਮਸ਼ੇਦ ਖ਼ਾਂ ਨਾ ਤਾਂ ਮੁਗਲ ਦਰਬਾਰ ਦਾ ਮਨਸਬਦਾਰ ਸੀ ਅਤੇ ਨਾ ਹੀ ਉੱਚ ਕੋਟੀ ਦੀ ਸਖਸ਼ੀਅਤ ਜਿਸ ਨੂੰ ਕਿ ਬਾਦਸ਼ਾਹ ਵੱਲੋਂ ਇੰਨਾ ਸਨਮਾਨ ਦਿੱਤਾ ਗਿਆ ਸੀ। ਉਹ ਤਾਂ ਵਜ਼ੀਰ ਖ਼ਾਂ ਦਾ ਖੁਫ਼ੀਆ ਸਿਪਾਹੀ ਸੀ, ਜਿਸ ਨੂੰ ਸੱਯਦ ਦੀ ਨਿਗਰਾਨੀ ਵਿੱਚ ਸੈਨਿਕ ਦੇ ਭੇਸ ਵਿੱਚ ਭੇਜਿਆ ਗਿਆ ਸੀ। ਸੱਯਦ ਨੂੰ ਆਪ ਵੀ ਸੂਬਾ ਸਰਹੰਦ ਨੇ ਉਸੇ ਮੰਤਵ ਦੀ ਪੂਰਤੀ ਲਈ ਹੀ ਭੇਜਿਆ ਸੀ।

3. ਦੋ ਦਿਨਾਂ ਪਿਛੋਂ ਅਕਤੂਬਰ 30, 1708 ਨੂੰ ਬਾਦਸ਼ਾਹ ਵੱਲੋਂ ਅਜਿਹੇ ਮਾਤਮੀ ਉਪਹਾਰ ਗੁਰੂ ਜੀ ਦੇ ਪਰਿਵਾਰ ਨੂੰ (ਮਾਤਾਵਾਂ) ਭੇਜਣ ਦੇ ਹੁਕਮ ਕੀਤੇ ਗਏ ਸਨ। ਬਾਦਸ਼ਾਹ ਨੇ ਜਮਸੈਦ ਖ਼ਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਪਦਵੀ ਅਤੇ ਹੈਸੀਅਤ ਦੇ ਬਰਾਬਰ ਦਾ ਦਰਜਾ ਹੀ ਨਹੀਂ ਸੀ ਦਿੱਤਾ, ਸਗੋਂ ਉਸ ਨੂੰ ਮਾਤਮੀ ਖਿਲਤਾਂ ਭੇਜਣ ਵਿੱਚ ਗੁਰੂ ਜੀ ਤੋਂ ਪਹਿਲ ਦਿੱਤੀ ਸੀ। 5 ਨਵੰਬਰ, 1708 ਨੂੰ ਬਾਦਸ਼ਾਹ ਨੇ ਇਹ ਹੁਕਮ ਜਾਰੀ ਕੀਤਾ ਕਿ ਸ਼ਾਹੀ ਦਰਬਾਰ ਅਤੇ ਅਹਿਲਕਾਰਾਂ ਵੱਲੋਂ ਮੁਲਾਜ਼ਮ ਰੱਖੇ ਗਏ ਸਾਰੇ ਹਿੰਦੂ ਮੁਨਸ਼ੀ ਨੌਕਰੀ ਤੋਂ ਹਟਾ



Sri Satguru Jagjit Singh Ji Elibrary NamdhariElibrary@gmail.com

ਦਿੱਤੇ ਜਾਣ। ਬਾਦਸ਼ਾਹ ਅਜਿਹਾ ਹੁਕਮ ਗੁਰੂ ਜੀ ਦੇ ਜਿਊਂਦਿਆਂ ਸਾਦਰ ਨਹੀਂ ਸੀ ਕਰ ਸਕਦਾ।

ਨਵੰਬਰ 11, 1708 ਨੂੰ ਸਰਕਾਰੀ ਅਧਿਕਾਰੀਆਂ ਵੱਲੋਂ ਇਹ ਬੇਨਤੀ ਕਰਨ ਉੱਤੇ ਕਿ ਗੁਰੂ ਗੋਬਿੰਦ ਸਿੰਘ ਜੀ ਬਹੁਤ ਸਾਰੀ ਸੁਚੱਲ ਸੰਪਤੀ ਅਤੇ ਮਾਲ ਅਸਬਾਬ ਛੱਡ ਗਏ ਹਨ, ਉਸ ਦੀ ਜ਼ਬਤੀ ਬਾਰੇ ਕੀ ਹੁਕਮ ਹੈ?

ਇਹ ਹੁਕਮ ਕੀਤਾ ਗਿਆ ਹੈ ਕਿ ਦਰਵੇਸ਼ ਦੀ ਅਜਿਹੀ ਜ਼ਾਇਦਾਦ ਨੂੰ ਸਰਕਾਰੀ ਮਾਲਖਾਨੇ ਦੇ ਪੇਟੇ ਪਾਉਣਾ ਉੱਚਿਤ ਨਹੀਂ ਹੋਵੇਗਾ। ਕਿਸੇ ਦਰਵੇਸ਼ ਦੀ ਅਜਿਹੀ ਸੰਪਤੀ ਵਿੱਚ ਕੋਈ ਵੀ ਸਰਕਾਰੀ ਦਖ਼ਲ ਅੰਦਾਜ਼ੀ ਨਹੀਂ ਕੀਤੀ ਜਾਣੀ ਚਾਹੀਦੀ। ਬਾਦਸ਼ਾਹ ਦੇ ਇਸ ਹੁਕਮ ਵਿੱਚ ਕੋਈ ਉਦਾਰਤਾ ਵਾਲੀ ਗੱਲ ਨਹੀਂ ਸੀ, ਸਗੋਂ ਇਹ ਤਾਂ ਉਸ ਦੀਆਂ ਆਪਣੀਆਂ ਕਰਤੂਤਾਂ ਉੱਤੇ ਪੜ੍ਹਦਾ ਪਾਉਣ ਦੀ ਚਲਾਕੀ ਭਰੀ ਚਾਲ ਸੀ। ਇਹ ਤਾਂ ਉਸ ਵੱਲੋਂ ਕੀਤੇ ਗਏ ਧੋਖੇ ਬਾਰੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੀ ਗੱਲ ਸੀ।

ਇਸ ਗੱਲ ਉੱਤੇ ਬਹੁਤੇ ਸਿੱਖ [1*]ਇਤਿਹਾਸਕਾਰ ਭਾਵੇਂ ਭੱਟਾਂ ਦੀਆਂ ਵਹੀਆਂ ਦਾ ਹਵਾਲਾ ਦੇ ਕੇ ਗੁਰੂ ਜੀ ਦੇ ਨੰਦੇੜ ਵਿਖੇ ਜੋਤੀ ਜੋਤ ਸਮਾਉਣ ਨੂੰ ਸੱਚੀ ਘਟਨਾ ਸਿੱਧ ਕਰਦੇ ਹਨ, ਪਰ ਇਤਿਹਾਸਕ ਤੱਥਾਂ ਅਤੇ ਵੇਰਵਿਆਂ ਦੀ ਪੜਤਾਲ ਪਿਛੋਂ ਇਹ ਮੰਨਣ ਵਿੱਚ ਨਹੀਂ ਆਉਂਦਾ ਕਿ ਗੁਰੂ ਜੀ ਨੰਦੇੜ ਵਿਖੇ ਜੋਤੀ ਜੋਤ ਸਮਾ ਗਏ ਸਨ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਜੀ ਬਿਨਾਂ ਕਿਸੇ ਦੀ ਸਹਾਇਤਾ ਦੇ ਤੰਬੂ ਵਿੱਚ ਇਕੱਲੇ ਹੀ ਜਾ ਕੇ ਚਿਤਾ ਉੱਤੇ ਬਿਰਾਜਮਾਨ ਹੋ ਗਏ ਸਨ। ਇਹ ਤਾਂ ਨਿਰੋਲ ਆਤਮਦਾਹ ਵਾਲੀ ਗੱਲ ਸੀ, ਜਿਸ ਬਾਰੇ ਗੁਰੂ ਜੀ ਨੇ ਆਪ ਮਾਤਾ ਸਾਹਿਬ ਦੇਵਾਂ ਨੂੰ ਦਿੱਲੀ ਭੇਜਣ ਸਮੇਂ ਗੁਰੂ ਜੀ ਦੇ ਨਾਲ ਸਤੀ ਹੋਣ ਦੀ ਇੱਛਾ ਨੂੰ ਗੁਰੂ ਆਸ਼ੇ ਵਿਰੁੱਧ ਦੱਸਿਆ ਸੀ।

ਗੁਰੂ ਜੀ ਦੇ ਅੰਗੀਠੇ ਵਿੱਚੋਂ ਕਿਸੇ ਅਸਤੀ ਅਤੇ ਸ਼ਸਤਰ ਦਾ ਨਾ ਮਿਲਣਾ ਤੇ ਕੇਵਲ ਇੱਕ 'ਕਰਦ' ਦਾ ਪ੍ਰਾਪਤ ਹੋਣਾ ਇਹ ਦੱਸਦਾ ਹੈ ਕਿ ਆਪ ਜੀ ਨੇ ਇਹ ਨਿਰਾਲਾ ਕੌਤਕ ਮੁਗਲ ਸ਼ਾਸਕਾਂ ਦੇ ਸਾਜ਼ਿਸ਼ੀ ਜਾਲ ਵਿੱਚੋਂ ਸੁਰੱਖਿਅਤ ਬਚ ਨਿਕਲਣ ਲਈ ਹੀ ਰਚਿਆ ਸੀ। ਕੁਮੈਤ ਘੋੜੇ ਦਾ ਤਬੇਲੇ ਵਿੱਚ ਗੁੰਮ ਹੋ ਜਾਣਾ ਅਤੇ ਗੁਰੂ ਜੀ ਦੇ ਸੰਨਿਆਸੀ ਫ਼ਕੀਰ ਅਤੇ ਪੰਜਾਬ ਤੋਂ ਆਏ ਸਿੰਘਾਂ ਨੂੰ ਕੁਮੈਤ ਘੋੜੇ ਤੇ ਸ਼ਸਤਰਾਂ ਸਮੇਤ ਦਰਸ਼ਨ ਦੇਣੇ ਵੀ ਇਸ ਗੱਲ ਦੀ ਪ੍ਰਸ਼ਟੀ ਕਰਦੇ ਹਨ। ਇਸ ਤੋਂ ਸਪੱਸ਼ਟ ਸਿੱਟਾ ਵੀ ਇਹੋ ਨਿਕਲਦਾ ਹੈ ਕਿ ਗੁਰੂ ਜੀ ਗੁਪਤ ਵਾਸ ਧਾਰਨ ਕਰਕੇ ਪੰਜਾਬ ਪਹੁੰਚ ਕੇ ਬੰਦੇ ਬਹਾਦਰ ਦੇ ਸੰਗਰਾਮਾਂ ਵਿੱਚ ਨਿੱਜੀ ਤੌਰ ਤੇ ਪਰ ਗੁਪਤ ਢੰਗ ਨਾਲ ਅਗਵਾਈ ਕਰਨਾ ਚਾਹੁੰਦੇ ਸਨ।

[1*] ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 356



Sri Satguru Jagjit Singh Ji Elibrary NamdhariElibrary@gmail.com

## ਮੁਗਲਾਂ ਅਤੇ ਗੁਰੂ ਸਾਹਿਬਾਨ ਦੇ ਸੰਬੰਧ

ਮੁਗਲ ਸਲਤਨਤ ਦਾ ਬਾਨੀ ਬਾਬਰ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ, ਜਦੋਂ ਉਸ ਨੇ ਪੰਜਾਬ ਉੱਤੇ ਤੀਜਾ ਹੱਲਾ 1521 ਈਸਵੀ ਵਿੱਚ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ ਸੈਦਪੁਰ (ਐਮਨਾਬਾਦ) ਵਿਖੇ ਸਾਬਰ ਦੀ ਫ਼ੌਜ ਹੱਥੋਂ ਉਸ ਸ਼ਹਿਰ ਦੀ ਤਬਾਹੀ ਨੂੰ ਆਪਣੀ ਅੱਖੀਂ ਤੱਕਿਆ ਸੀ ਅਤੇ ਉਸ ਸ਼ਹਿਰ ਦੀ ਹਿਰਦੇ ਵੇਧਕ ਤਬਾਹੀ ਤੇ ਲੋਕਾਂ ਦੀ ਬਰਬਾਦੀ ਨੂੰ ਆਪਣੇ 'ਬਾਬਰ ਬਾਣੀ' ਦੇ ਦਰਦ ਭਿੱਜੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਸਿੱਖ ਸਾਖੀਕਾਰਾਂ ਨੇ ਇਹ ਵੀ ਉਲੇਖ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦਾ ਜਸ ਸੁਣ ਕੇ ਕੈਦ ਤੋਂ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਬਾਦਸ਼ਾਹ ਬਾਬਰ ਵੱਲੋਂ ਉਨ੍ਹਾਂ ਦਾ ਸਤਿਕਾਰ ਕੀਤਾ ਗਿਆ ਸੀ।

ਔਰੰਗਜ਼ੇਬ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਅਤੇ ਉਸ ਦੀ ਮੌਤ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਨਿਵਾਸ ਤੋਂ ਇੱਕ ਸਾਲ ਪਹਿਲਾਂ ਫਰਵਰੀ, 1707 ਵਿੱਚ ਹੋਈ ਸੀ।

1521 ਤੋਂ ਲੈ ਕੇ 1708 ਤੱਕ ਮੁਗਲ ਹਾਕਮਾਂ ਅਤੇ ਗੁਰੂ ਸਾਹਿਬਾਨ ਦੇ ਪਰਸਪਰ ਸੰਬੰਧ ਦੀ ਕੋਈ ਸਿੱਧੀ ਰੇਖਾ ਨਹੀਂ ਰਹੀ। ਇਹ ਸੰਬੰਧ ਕਦੀ ਸੁਖਾਵੇਂ ਬਣੇ ਰਹੇ ਅਤੇ ਕਦੀ ਉਲਝਣਾਂ ਦਾ ਸ਼ਿਕਾਰ ਹੋਏ। ਸ਼ੇਰਸ਼ਾਹ ਸੂਰੀ ਤੋਂ ਹਾਰ ਖਾ ਕੇ ਬਾਬਰ ਦਾ ਉੱਤਰਅਧਿਕਾਰੀ ਹਿਮਾਯੂੰ ਗੁਰੂ ਅੰਗਦ ਦੇਵ ਜੀ ਤੋਂ ਖੰਡੂਰ ਵਿਖੇ ਅਸ਼ੀਰਵਾਦ ਲੈਣ ਲਈ ਪੁੱਜਿਆ ਸੀ। ਇਸ ਬਿਰਤਾਂਤ ਦੇ ਵੇਰਵੇ ਵਿੱਚ ਜਾਣ ਦੀ ਲੋੜ ਨਹੀਂ ਹੈ। ਅਕਬਰ ਨੇ ਆਪਣੇ ਕਾਲ ਵਿੱਚ ਸਮੇਂ-ਸਮੇਂ ਸਿਰ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨਾਲ ਸੁਖਾਵੇਂ ਸੰਬੰਧ ਰੱਖੇ, ਭਾਵੇਂ ਇਸ ਕਾਲ ਵਿੱਚ ਗੁਰੂ ਸਾਹਿਬਾਨ ਵਿਰੁੱਧ ਸਮਰਾਟ ਕੋਲ ਕਈ ਸ਼ਿਕਾਇਤਾਂ ਵੀ ਪੁੱਜੀਆਂ, ਪਰ ਉਨ੍ਹਾਂ ਸਭ ਦਾ ਨਿਪਟਾਰਾ ਅਕਬਰ ਨੇ ਸਹਾਨੁਭੂਤੀ ਨਾਲ ਕੀਤਾ ਅਤੇ ਬੀਬੀ ਭਾਨੀ ਨੂੰ ਕੁਝ ਭੂਮੀ ਦਾ ਪਟਾ ਗੁਰੂ ਅਰਜਨ ਦੇਵ ਜੀ ਦੇ ਕਹਿਣ ਉੱਤੇ ਲੋਕਾਂ ਦਾ ਕੁਝ ਮਾਲੀਆ ਵੀ ਮਾਫ਼ ਕਰ ਦਿੱਤਾ ਸੀ। ਪਰ ਅਕਬਰ ਦੀ ਮੌਤ ਪਿਛੋਂ ਜਹਾਂਗੀਰ ਬਾਦਸ਼ਾਹ ਬਣਿਆ ਤਾਂ ਉਸਨੇ ਸ਼ਹਿਜ਼ਾਦਾ ਖੁਸਰੋ ਦੀ ਬਗਾਵਤ ਸਮੇਂ ਗੁਰੂ ਜੀ ਵੱਲੋਂ ਦਿਖਾਈ ਗਈ ਹਮਦਰਦੀ ਅਤੇ ਸਰਹਿੰਦ ਦੇ ਨਕਸ਼ਬੰਦੀ ਫ਼ਿਰਕੇ ਦੇ ਸ਼ੇਖ ਅਹਿਮਦ ਸਰਹੰਦੀ ਦੇ ਉਕਸਾਉਣ ਤੋਂ 1606 ਵਿੱਚ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਜਗਤ ਨੂੰ ਨਵੀਂ ਸੇਧ ਦਿੱਤੀ ਅਤੇ ਸ਼ਾਂਤੀ ਨੂੰ ਕ੍ਰਾਂਤੀ ਵੱਲ ਮੋੜ ਦਿੱਤਾ। ਇਸ ਸੰਬੰਧ ਵਿੱਚ ਮੁਗਲ ਸੈਨਾ ਨਾਲ ਸ਼ਾਹ ਜਹਾਨ ਦੇ ਸਮੇਂ ਗੁਰੂ ਸਾਹਿਬ ਨਾਲ ਤਿੰਨ



Sri Satguru Jagjit Singh Ji Elibrary NamdhariElibrary@gmail.com

ਲੜਾਈਆਂ ਵੀ ਹੋਈਆਂ, ਪਰ ਪਿਛੋਂ ਦਾਰਾ ਸ਼ਿਕੋਹ ਦੇ ਅਸਾਧ ਰੋਗ ਦੀ ਨਿਵਿਰਤੀ ਲਈ ਗੁਰੂ ਹਰਿਰਾਏ ਜੀ ਦੇ ਦਵਾਖ਼ਾਨੇ ਵਿੱਚੋਂ ਕੁਝ ਔਸ਼ਧੀਆਂ ਦੇ ਸੇਵਨ ਕਰਨ ਨਾਲ ਸ਼ਹਿਜ਼ਾਦਾ ਦਾਰਾ ਸ਼ਿਕੋਹ ਦੇ ਤੰਦਰੁਸਤ ਹੋਣ ਕਾਰਨ ਦੋਹਾਂ ਧਿਰਾਂ ਦੇ ਪਰਸਪਰ ਸੰਬੰਧ ਸੁਖਾਵੇਂ ਹੋ ਗਏ। ਔਰੰਗਜ਼ੇਬ ਜੋ ਦੇਸ਼ ਵਿੱਚ ਦਾਰਉਲ ਇਸਲਾਮ ਅਰਥਾਤ ਇੱਕ ਧਰਮੀ ਮੁਸਲਿਮ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ, ਨੇ ਗੁਰੂ ਸਾਹਿਬਾਨ ਨੂੰ ਕਈ ਵਾਰ ਦਿੱਲੀ ਬੁਲਾਵਾ ਭੇਜਿਆ। ਰਾਮਰਾਏ ਦੀ ਸ਼ਿਕਾਇਤ ਉੱਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਵੀ ਦਿੱਲੀ ਜਾਣਾ ਪਿਆ।

1606 ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਗੁਰੂ ਇਤਿਹਾਸ ਤੇ ਸਿੱਖ ਜਗਤ ਵਿੱਚ ਇੱਕ ਨਵੇਂ ਕਾਂਡ ਦਾ ਵਾਧਾ ਹੋਇਆ। ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ (1675) ਨਾਲ ਜ਼ਬਰਦਸਤੀ ਮੁਸਲਮਾਨ ਬਣਾਉਣ ਦੀ ਮੁਹਿੰਮ ਨੂੰ ਭਾਵੇਂ ਥੋੜ੍ਹੀ ਠੱਲ੍ਹ ਪਈ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਮੁਗਲਾਂ ਦੇ ਇੱਕ ਪੁਰਖੀ ਅਤੇ ਕੱਟੜ ਧਾਰਮਿਕ ਸਾਮਰਾਜ ਵਿਰੁੱਧ ਹਥਿਆਰਬੰਦ ਸੰਘਰਸ਼ ਦੀ ਤਿਆਰੀ ਕਰਨ ਦਾ ਬਾਣਨੂੰ ਬੰਨ੍ਹਿਆ। ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਜੀਵਨ ਦੇ ਸਮਾਚਾਰ ਔਰੰਗਜ਼ੇਬ ਤੇ ਉਸ ਦੇ ਉੱਤਰਅਧਿਕਾਰੀ ਬਹਾਦਰ ਸ਼ਾਹ ਨਾਲ ਪਰਸਪਰ ਸੰਬੰਧਾਂ ਵਿੱਚ ਕਈ ਮੋੜਾਂ ਅਤੇ ਉਤਰਾਵਾਂ-ਚੜ੍ਹਾਵਾਂ ਦੀ ਸ਼ਾਹਦੀ ਭਰਦੇ ਹਨ, ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਵਿਰੁੱਧ ਕਿਸੇ ਸਮਾਨਾਂਤਰ ਰਾਜ ਨੂੰ ਸਥਾਪਿਤ ਨਹੀਂ ਸੀ ਕੀਤਾ। ਪਰ ਆਪ ਜੀ ਨੇ ਲੋਕਾਂ ਵਿੱਚ ਜਿਸ ਬੀਰ ਆਤਮਾ ਅਤੇ ਹਥਿਆਰਬੰਦ ਢੰਗ ਨਾਲ ਸਰਕਾਰੀ ਜ਼ੁਲਮ ਅਤੇ ਅਤਿਆਚਾਰ ਵਿਰੁੱਧ ਹਥਿਆਰਬੰਦ ਸੰਗਰਾਮ ਕਰਨ ਦਾ ਜਿਹੜਾ ਮਾਰਗ ਖੋਲ੍ਹ ਦਿੱਤਾ ਸੀ, ਉਹ ਆਪਣੇ ਆਪ ਵਿੱਚ ਮੁਗਲਾਂ ਦੀ ਦਮਨਕਾਰੀ ਸਾਮਰਾਜਵਾਦੀ ਸ਼ਕਤੀ ਨੂੰ ਜ਼ਬਰਦਸਤ ਵੰਗਾਰ ਸੀ। ਗੁਰੂ ਨਾਨਕ ਦੇਵ ਜੀ ਨੇ ਵੀ ਬਾਬਰ ਦੇ ਹੱਲੇ ਸਮੇਂ ਵਿਦੇਸ਼ੀ ਸਾਮਰਾਜ ਦਾ ਬਲਵਾਨ ਸ਼ਬਦਾਂ ਵਿੱਚ ਵਿਰੋਧ ਕੀਤਾ ਸੀ। ਵਿਦੇਸ਼ੀ ਸਾਮਰਾਜ ਵਿਰੁੱਧ ਸ਼ਾਇਦ ਇਹ ਪਹਿਲੀ ਵੰਗਾਰ ਸੀ, ਜੋ ਸਮੁੱਚੇ ਹਿੰਦੁਸਤਾਨ ਦੀ ਆਵਾਜ਼ ਬਣ ਕੇ ਕਿਸੇ ਵਿਦੇਸ਼ੀ ਸਾਮਰਾਜ ਵਿਰੁੱਧ ਉਠਾਈ ਗਈ ਸੀ, ਪਰਗਟ ਅਤੇ ਗੌਨ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂ ਸਾਹਿਬਾਨ ਜ਼ਬਰ ਵਿਰੁੱਧ ਮਾਨਵਤਾ ਦੇ ਹੱਕਾਂ ਲਈ ਆਵਾਜ਼ ਉਠਾਉਂਦੇ ਰਹੇ ਹਨ। ਗੁਰੂ ਸਾਹਿਬਾਨ ਦੀ ਬਾਣੀ ਜਿੱਥੇ ਲੋਕਾਂ ਨੂੰ ਆਤਮਿਕ ਸ਼ਕਤੀ ਬਖ਼ਸ਼ਦੀ ਹੈ, ਉੱਥੇ ਉਹ ਨਿਰਭਉ ਹੋ ਕੇ ਆਤਮਿਕ ਸੁਤੰਤਰਤਾ ਅਤੇ ਹਰ ਪ੍ਰਕਾਰ ਦੇ ਜ਼ਬਰ ਵਿਰੁੱਧ ਸਾਹਸ ਪੂਰਨ ਢੰਗ ਨਾਲ ਉੱਠ ਖਲੋਣ ਦਾ ਸੱਦਾ ਵੀ ਦਿੰਦੀ ਹੈ।

ਗੁਰੂ ਸਾਹਿਬਾਨ ਦਾ ਸ਼ਾਸਨ ਅਧਿਆਤਮਿਕ ਤੌਰ ਤੇ ਮੁਗਲਾਂ ਦਾ ਸ਼ਾਸਨ, ਸੰਸਾਰਿਕ ਤੌਰ ਤੇ ਸਮਾਨਾਂਤਰ ਰੂਪ ਵਿੱਚ ਹੀ ਇਕੋ ਸਮੇਂ ਚੱਲਦੇ ਰਹੇ ਹਨ।



Sri Satguru Jagjit Singh Ji Elibrary NamdhariElibrary@gmail.com

ਬਚਿੱਤਰ ਨਾਟਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਵਾਕ ਹੈ :

ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸਰ ਸੋਊ॥
ਦੀਨ ਸਾਹ ਇਨਕੋ ਪਹਿਚਾਨੋ॥ ਦੁਨੀ ਪੱਤਿ ਉਨਕੋ ਅਨੁਮਾਨੋ॥
ਜੋ ਬਾਬੇ ਕੇ ਦਾਮ ਨ ਦੈ ਹੈ॥ ਤਿਨਤੇ ਗਹਿ ਬਾਬਰ ਕੇ ਲੈ ਹੈ॥
ਦੈ ਦੈ ਤਿਨ ਕੋ ਬਡੀ ਸਜਾਇ॥ ਪੁਨਿ ਲੈ ਹੈ ਗ੍ਰਿਹ ਲੂਟਿ ਬਨਾਇ॥

ਭਾਵੇਂ ਗੁਰੂ ਸਾਹਿਬਾਨ ਦੇ ਸਮੇਂ ਸਿੱਖ ਜਨ-ਸਮੂਹ ਨੇ ਰਾਜਨੀਤਿਕ (ਬਚਿੱਤਰ ਨਾਟਕ) ਵਿਦਰੋਹ ਦਾ ਸਿੱਧਾ ਰੂਪ ਧਾਰਨ ਨਹੀਂ ਸੀ ਕੀਤਾ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਅੰਤਿਮ ਵਿਦਾਇਗੀ ਦੇ ਸਮੇਂ ਤੱਕ ਖੀਨ ਹੋ ਰਹੀ ਅਤੇ ਅੱਧੋਗਤੀ ਵੱਲ ਜਾ ਰਹੀ ਮੁਗਲ ਸ਼ਕਤੀ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨ ਦਾ ਸਮਾਂ ਨੇੜੇ ਆ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਜੀ ਅਗਵਾਈ ਅਤੇ ਬੇਮਿਸਾਲ ਕੁਰਬਾਨੀ ਨੇ ਇਤਿਹਾਸ ਦੀ ਧਾਰਾ ਨੂੰ ਬਦਲਣ ਅਤੇ ਨਵੇਂ ਇਨਕਲਾਬਾਂ ਨੂੰ ਨੇੜੇ ਲਿਆਉਣ ਲਈ ਭੂਮੀ ਤਿਆਰ ਕਰ ਦਿੱਤੀ ਸੀ।

## ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਵਿਅਕਤੀਤੱਵ

[1*]ਸਮੁੱਚੇ ਤੌਰ ਤੇ ਆਪ ਦੀ ਸਖਸ਼ੀਅਤ ਪ੍ਰਭਾਵਸ਼ਾਲੀ ਅਤੇ ਮਨਮੋਹਕ ਸੀ। ਆਪ ਜੀ ਦੀ ਪਾਵਨ ਸਖਸ਼ੀਅਤ ਫੁੱਲ ਵਰਗੀ ਮਿੱਠੀ ਮਹਿਕ ਸੀ। ਉਹ ਸਦਾ ਸੁੰਦਰ ਪੁਸ਼ਾਕ ਪਹਿਨਦੇ ਅਤੇ ਸ਼ਸਤਰਾਂ ਵਿੱਚ ਸਜੇ ਹੁੰਦੇ ਸਨ। ਆਪ ਦੀ ਕਮਾਨ ਸਾਵੇ ਰੰਗ ਦੀ ਸੀ ਅਤੇ ਤੀਰਾਂ ਵਿੱਚ ਸੁਨਹਿਰੀ ਅਣੀਆਂ ਸਨ। ਅਜਿਹੇ ਤੀਰ ਆਪ ਜੰਗ ਵਿੱਚ ਹੀ ਚਲਾਉਂਦੇ ਸਨ ਤਾਂ ਜੋ ਸ਼ਤਰੂ ਇਹ ਜਾਣ ਸਕੇ ਕਿ ਇਸ ਤੀਰ ਦਾ ਵਾਰ ਕਿਸ ਵੱਲੋਂ ਹੋਇਆ ਹੈ। ਆਪ ਦਸਤਾਰ ਉੱਤੇ ਕਲਗੀ ਸਜਾਉਂਦੇ ਸਨ ਅਤੇ ਕਲਗੀਧਰ ਕਰਕੇ ਜਾਣੇ ਜਾਂਦੇ ਸਨ। ਜਦੋਂ ਆਪ ਘੋੜੇ ਉੱਤੇ ਸਵਾਰ ਹੁੰਦੇ ਤਾਂ ਆਪ ਦੇ ਸੱਜੇ ਹੱਥ ਉੱਤੇ ਸਫੇਦ ਬਾਜ ਸ਼ੋਭਦਾ ਸੀ। ਲੋਕ ਆਪ ਨੂੰ ਚਿੱਟਿਆਂ ਬਾਜਾਂ ਵਾਲਾ ਕਹਿ ਕੇ ਪੁਕਾਰਦੇ ਸਨ। ਲੋਕ ਸਦਾ ਆਪ ਦੇ ਦਰਸ਼ਨਾਂ ਦੀ ਚਾਅ ਰੱਖਦੇ ਸਨ। ਆਪ ਜੀ ਦੇ ਦਰਸ਼ਨ ਕਰਕੇ ਹਰ ਇੱਕ ਦਾ ਹਿਰਦਾ ਨਿਹਾਲ ਹੋ ਜਾਂਦਾ ਸੀ। ਆਪ ਜੀ ਦਾ ਨਾਮ ਹੀ ਮਨ ਵਿੱਚ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੰਦਾ ਸੀ ਅਤੇ ਆਪ ਜੀ ਦੇ ਦਰਸ਼ਨ ਕਰਕੇ ਸਭ ਉਨ੍ਹਾਂ ਦੇ ਹੀ ਹੋ ਜਾਂਦੇ ਸਨ। ਆਪ ਦੇ ਬੋਲੇ ਵਾਕ ਸਦਾ ਲੋਕਾਂ ਦੀ ਜ਼ਬਾਨ ਤੇ ਚੜ੍ਹ ਜਾਂਦੇ ਸਨ। ਆਪ ਜੀ ਦੇ ਵਿਚਾਰ ਮੇਘ ਦੀ ਗਰਜ ਸਮਾਨ ਲੋਕਾਂ ਨੂੰ ਸੁੱਤੀ ਨੀਂਦ ਤੋਂ ਜਗਾਉਣ ਵਾਲੇ ਸਨ। ਸਮੁੱਚੇ ਤੌਰ ਤੇ ਆਪ ਸਦਾ ਚੜ੍ਹਦੀ ਕਲਾ ਦੇ ਸਰੂਪ ਅਤੇ ਮਨਾਂ ਅੰਦਰ ਉਚੇਰੀ ਪ੍ਰੇਰਨਾ ਜਗਾ ਦੇਣ ਵਾਲੇ ਸਨ। ਮੁਗਲ ਸੈਨਾ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਅਫ਼ਾ ਸਿਖਸ, (1469-1708), ਪੰਨਾ 333-337, ਭਾਗ ਪਹਿਲਾ



Sri Satguru Jagjit Singh Ji Elibrary NamdhariElibrary@gmail.com

ਨਾਲ ਟੱਕਰ ਲੈਣ ਸਮੇਂ ਅਸਫ਼ਲ ਰਹਿਣ ਉੱਤੇ ਵੀ ਉਨ੍ਹਾਂ ਦੀ ਪ੍ਰਸਿੱਧੀ ਕਦੇ ਮਾਂਦੀ ਨਹੀਂ ਸੀ ਪਈ। ਅਲਪ ਬੁੱਧ ਲੋਕਾਂ ਲਈ ਤਾਂ ਉਹ ਅਕਾਲ ਪੁਰਖ ਦਾ ਰੂਪ ਹੀ ਸਨ, ਪਰ ਚਿੰਤਕਾਂ ਲਈ ਪ੍ਰਭੂ ਪ੍ਰੀਤਮ ਹਰ ਇੱਕ ਦੇ ਹਿਰਦੇ ਵਿੱਚ ਵਸਦਾ ਸੀ ਅਤੇ ਸੱਚਾ ਭਰੋਸਾ ਰੱਖਣ ਵਾਲਿਆਂ ਲਈ ਪ੍ਰਭੂ ਹਰ ਥਾਂ ਹਾਜ਼ਰ ਨਾਜ਼ਰ ਸੀ। ਆਪ ਜੀਵਨ ਦੇ ਦੁੱਖਾਂ-ਸੁੱਖਾਂ ਨੂੰ ਧੁੱਪ ਤੇ ਛਾਂ ਦੀ ਨਿਆਈ ਹਰ ਥਾਂ ਵਾਪਰਦਾ ਵਿਆਪਕ ਵਰਤਾਰਾ ਮੰਨਦੇ ਸਨ। ਆਪ ਦਲਤਾਂ ਅਤੇ ਇਸਤਰੀਆਂ ਲਈ ਸਦਾ ਕੋਮਲ ਮਨੋਭਾਵ ਰੱਖਦੇ ਸਨ, ਜੋ ਜ਼ੁਲਮ ਦੇ ਸਭ ਤੋਂ ਵਧੇਰੇ ਭਾਰ ਥੱਲੇ ਦੱਬੇ ਹੋਏ ਸਨ।

ਆਪ ਜੀ ਦੇ ਪੂਰਵਜ (ਪਹਿਲੇ ਗੁਰੂ ਸਾਹਿਬਾਨ) ਤਾਂ ਸਮਰਪਣ ਦੇ ਭਾਵਾਂ ਉੱਤੇ ਬਲ ਦਿੰਦੇ ਸਨ। ਉਸ ਯੁੱਗ ਲਈ ਤਾਂ ਇਹੋ ਨੀਤੀ ਹੀ ਵਧੇਰੇ ਢੁੱਕਵੀਂ ਸੀ, ਪਰ ਹੁਣ ਸਮਾਂ ਬਦਲ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਇਸ ਤੱਥ ਨੂੰ ਪਛਾਣ ਚੁੱਕੇ ਸਨ ਕਿ ਉੱਨਤੀ ਦੇ ਮਾਰਗ ਵਿੱਚ ਸ਼ਾਂਤਮਈ ਵਿਧੀ ਵਿਧਾਨ ਹੁਣ ਰੋਕ ਬਣ ਗਿਆ ਸੀ। ਇਸ ਨਾਲ ਕੇਵਲ ਖੜੋਤ ਹੀ ਨਹੀਂ ਸੀ ਆਈ, ਸਗੋਂ ਇਹ ਨਿਰਾਸ਼ਾ ਅਤੇ ਉਪਰਾਮਤਾ ਉਤਪੰਨ ਕਰਨ ਵਾਲਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਵਿੱਚ ਆਤਮ ਵਿਸ਼ਵਾਸ ਅਤੇ ਹਿੰਮਤ ਨੂੰ ਭਰ ਦਿੱਤਾ ਅਤੇ ਉਨ੍ਹਾਂ ਦੇ ਸਾਹਮਣੇ ਰਾਜਨੀਤਿਕ ਪ੍ਰਭੁਸਤਾ ਦਾ ਆਦਰਸ਼ ਸਥਾਪਿਤ ਕਰ ਦਿੱਤਾ। ਆਪਣੀ ਮਾਤਭੂਮੀ ਦੀ ਮੁਕਤੀ ਅਤੇ ਕਲਿਆਣ ਹੀ ਆਪ ਜੀ ਦਾ ਇੱਕੋ-ਇੱਕ ਨਿਸ਼ਾਨਾ ਸੀ।

ਗੁਰੂ ਜੀ ਇੱਕ ਮਹਾਨ ਭਾਸ਼ਾ ਸ਼ਾਸਤਰੀ ਸਨ। ਆਪ ਜੀ ਨੇ ਅਨੇਕ ਵਿਸ਼ਿਆਂ ਉੱਤੇ ਕਈ ਭਾਸ਼ਾਵਾਂ ਬ੍ਰਜ ਭਾਸ਼ਾ, ਹਿੰਦੀ, ਫ਼ਾਰਸੀ ਅਤੇ ਪੰਜਾਬੀ ਵਿੱਚ ਰਚਨਾ ਕੀਤੀ। ਆਪ ਉੱਚ ਕੋਟੀ ਦੇ ਕਵੀ ਸਨ। ਆਪ ਜੀ ਦੀ ਅਰਥ ਭਰਪੂਰ ਬਾਣੀ ਆਪ ਜੀ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਉੱਤੇ ਕਰਾਮਾਤੀ ਪ੍ਰਭਾਵ ਪਾਉਂਦੀ ਸੀ। ਸਨਾਤਨ ਸਾਹਿਤ ਦੇ ਸੋਮਿਆਂ ਤੋਂ ਵੀ ਆਪ ਜੀ ਨੇ ਵੱਧ ਤੋਂ ਵੱਧ ਲਾਭ ਉਠਾਇਆ। ਆਪ ਜੀ ਦੇ 52 ਦਰਬਾਰੀ ਕਵੀਆਂ ਨੇ ਸਨਾਤਨੀ ਸਾਹਿਤ ਦੇ ਉਨ੍ਹਾਂ ਨਾਇਕ ਪੁਰਸ਼ਾਂ ਦੀ ਉਪਮਾ ਵਿੱਚ ਮੌਲਿਕ ਅਤੇ ਅਨੁਵਾਦਿਤ ਰੂਪ ਵਿੱਚ ਕਵਿਤਾ ਰਚੀ, ਜਿਨ੍ਹਾਂ ਨੇ ਆਪਣੇ-ਆਪਣੇ ਸਮੇਂ ਬਦੀ ਵਿਰੁੱਧ ਜੰਗ ਕੀਤੀ ਸੀ।

ਗੁਰੂ ਜੀ ਨੇ ਅਜਿਹਾ ਮਾਰਗ ਦੱਸਿਆ ਕਿ ਕਿਵੇਂ ਦੁੱਖਾਂ-ਮੁਸੀਬਤਾਂ ਅਤੇ ਅਣਹੋਣੀਆਂ ਦਾ ਟਾਕਰਾ ਕੀਤਾ ਜਾ ਸਕਦਾ ਹੈ ਭਾਵੇਂ ਆਪਣੇ ਜੀਵਨ ਕਾਲ ਵਿੱਚ ਆਪ ਜੀ ਨੂੰ ਆਪਣੀ ਸੰਤਾਨ, ਹਜ਼ਾਰਾਂ ਸਿੰਘਾਂ, ਆਪਣੀ ਅਚੱਲ ਅਤੇ ਸੁਚੱਲ ਸੰਪਤੀ ਦੀ ਕੁਰਬਾਨੀ ਦੇਣੀ ਪਈ ਅਤੇ ਆਪ ਨੂੰ ਲਗਾਤਾਰ ਖ਼ਤਰਿਆਂ



Sri Satguru Jagjit Singh Ji Elibrary NamdhariElibrary@gmail.com

ਦਾ ਸਾਹਮਣਾ ਕਰਨਾ ਪਿਆ, ਫਿਰ ਵੀ ਉਨ੍ਹਾਂ ਦੇ ਚਿਹਰੇ ਉੱਤੇ ਕਦੀ ਮਾਯੂਸੀ ਅਤੇ ਨਿਰਾਸ਼ਾ ਦਾ ਕੋਈ ਨਿੱਕਾ ਜਿਹਾ ਚਿੰਨ੍ਹ ਵੀ ਦਿਖਾਈ ਨਹੀਂ ਸੀ ਦਿੰਦਾ। 'ਜ਼ਫ਼ਰਨਾਮੇ' ਵਿੱਚ ਆਪ ਜੀ ਦੀ ਅਦੁੱਤੀ ਅਤੇ ਅਨੋਖੀ ਸਹਿਣਸ਼ੀਲਤਾ ਅਤੇ ਚੜ੍ਹਦੀਕਲਾ ਦੇ ਮਨੋਭਾਵ ਪ੍ਰਗਟ ਕੀਤੇ ਹਨ। ਇਸੇ ਰਚਨਾ ਵਿੱਚ ਹੀ ਆਪ ਜੀ ਦੇ ਅਜਿੱਤ ਮਨੋਬਲ ਦੇ ਦਰਸ਼ਨ ਹੁੰਦੇ ਹਨ। ਆਪ ਜੀ ਨੇ ਨਿਰਭੈ ਹੋ ਕੇ ਬੜੀ ਦਲੇਰੀ ਨਾਲ ਬਾਦਸ਼ਾਹ ਦੀ ਨਿੰਦਾ ਕੀਤੀ ਹੈ।

ਇੱਕ ਨੇਤਾ ਦੀ ਹੈਸੀਅਤ ਵਿੱਚ ਗੁਰੂ ਜੀ ਨੇ ਚਾਨਣ ਦੀ ਅਜਿਹੀ ਜੋਤ ਜਗਾਈ ਅਤੇ ਲੋਕਾਂ ਦੇ ਵਿਚਾਰਾਂ ਨੂੰ ਨਵਾਂ ਚਾਨਣ ਬਖਸ਼ਿਆ। ਆਪ ਦੇ ਵਿਚਾਰ ਜੰਗਲ ਦੀ ਅੱਗ ਵਾਂਗ ਉਨ੍ਹਾਂ ਦੇ ਮਨਾਂ ਵਿੱਚ ਵੱਸ ਗਏ ਅਤੇ ਉਨ੍ਹਾਂ ਨੇ ਉੱਚੀ ਸੁਰ ਵਿੱਚ ਸ਼ਤਰੂ ਨੂੰ ਲਲਕਾਰਿਆ। ਆਪ ਨੇ ਜਨ-ਸਮੂਹ ਨੂੰ ਉਦਾਤ ਰੂਪ ਪ੍ਰਦਾਨ ਕੀਤਾ। ਨੰਗੇ ਅਤੇ ਭੁੱਖੇ ਨਿਤਾਣਿਆਂ ਨੂੰ ਜਿਹੜੇ ਕਿ ਅਗਿਆਨ ਦੇ ਚੀਥੜਿਆਂ ਵਿੱਚ ਦਬੇ ਪਏ ਸਨ ਅਤੇ ਕਠੋਰ ਦੁੱਖ ਸਹਾਰ ਰਹੇ ਅਤੇ ਨਿਰਾਸ਼ਾ ਦੇ ਭਾਗੀ ਬਣੇ ਹੋਏ ਸਨ; ਉਨ੍ਹਾਂ ਸਭ ਨੂੰ ਜੇਤੂ ਭਾਵਨਾਵਾਂ ਦਾ ਆਦਰਸ਼ ਪ੍ਰਦਾਨ ਕੀਤਾ। ਆਪ ਜੀ ਦੇ ਹਿਰਦੇ ਵਿੱਚ ਇੱਕੋ ਇੱਕ ਭਾਵਨਾ ਸਮਾਈ ਹੋਈ ਸੀ ਅਤੇ ਉਹ ਸੀ ਸੁਤੰਤਰਤਾ ਦਾ ਅਧਿਕਾਰ। ਆਪ ਸੁਤੰਤਰਤਾ ਦੇ ਬਲਵਾਨ ਆਸ਼ਿਕ ਸਨ। ਆਪ ਜੀ ਦੇ ਪ੍ਰਵਚਨ ਪ੍ਰੇਰਣਾ ਜਗਾਉਂਦੇ ਅਤੇ ਲੋਕਾਂ ਨੂੰ ਰੱਬੀ ਗੀਤਾਂ ਸਮਾਨ ਲੱਗਦੇ। ਆਪ ਦੈਵੀ ਅਧਿਕਾਰਾਂ (ਜੋ ਉਸ ਸਮੇਂ ਬਾਦਸ਼ਾਹ ਆਪਣੇ ਲਈ ਰਾਖਵੇਂ ਰੱਖਦੇ ਸਨ) ਦੀ ਤੁਲਨਾ ਵਿੱਚ ਮਾਨਵੀ ਅਧਿਕਾਰਾਂ ਨੂੰ ਪਹਿਲ ਦਿੰਦੇ ਸਨ। ਆਪ ਸ਼ਬਦ ਵਿਰੋਸਾਏ ਨਾਗਰਿਕਾਂ (ਸਾਧ ਸੰਗਤ ਅਰਥਾਤ ਖਾਲਸਾ) ਨੂੰ ਪਿਆਰ ਕਰਨ ਦੇ ਨਾਲ-ਨਾਲ ਸ਼ਬਦ ਵਿਰੋਸਾਏ ਮਨੁੱਖ ਦੇ ਵਧੇਰੇ ਕਦਰਦਾਨ ਸਨ। ਆਪ ਮਾਨਵਵਾਦੀ ਸਨ ਅਤੇ ਆਪ ਦਾ ਮਤ ਮਾਨਵਵਾਦ ਸੀ। ਹਰਸ਼ ਵਰਧਨ ਤੋਂ ਪਿਛੋਂ ਆਪ ਹੀ ਉਹ ਮਹਾਨ ਪ੍ਰਤੀਭਾ ਸਨ, ਜਿਸ ਦਾ ਪੰਜਾਬ ਵਿੱਚ ਜਨਮ ਹੋਇਆ ਸੀ। ਆਪ ਜੀ ਨੇ ਲੋਕਾਂ ਵਿੱਚ ਸੁੱਤੀ ਹੋਈ ਆਤਮਾ ਨੂੰ ਜਗ੍ਹਾ ਦਿੱਤਾ। ਆਪ ਜੀ ਦਾ ਧਰਮ ਯੁੱਧ ਦਮਨ, ਕੁਫਰ ਅਤੇ ਬੇਇਨਸਾਫੀ ਵਿਰੁੱਧ ਸੀ। ਆਪ ਨੇ ਬਦੀ ਉੱਤੇ ਨੇਕੀ ਦੀ ਜਿੱਤ ਲਈ ਸੰਗਰਾਮ ਕੀਤਾ। ਇਹ ਯੁੱਧ ਨੇਕੀ ਉੱਤੇ ਬਦੀ, ਪਾਵਨ ਸਮਸ਼ੀਰ ਦੀ ਅਪਵਿੱਤਰ ਬੰਦੂਕ ਉੱਤੇ ਜਿੱਤ ਅਤੇ ਇੱਕ ਨੇਕ ਦਰਵੇਸ਼ ਵੱਲੋਂ ਜ਼ਾਲਮ ਬਾਦਸ਼ਾਹ ਉੱਤੇ ਫਤਹਿ ਪਾਉਣ ਲਈ ਸੀ। ਆਪ ਦੇ ਧਰਮ ਯੁੱਧ ਵਿੱਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਕੀਤਾ ਗਿਆ ਸੀ-ਭਗਤੀ ਤਾਂ ਪ੍ਰਭੂ ਪ੍ਰਤੀ ਸਮਰਪਣ ਦਾ ਚਿੰਨ੍ਹ ਸੀ ਅਤੇ ਸ਼ਕਤੀ ਬਲ ਅਤੇ ਹਿੰਮਤ ਦਾ ਪ੍ਰਤੀਕ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਵੀ ਆਪਣੇ ਆਪ ਨੂੰ ਹੁਕਮਰਾਨ ਹੋਣ



Sri Satguru Jagjit Singh Ji Elibrary NamdhariElibrary@gmail.com

ਦਾ ਐਲਾਨ ਨਹੀਂ ਕੀਤਾ। ਆਪ ਨੇ ਕੋਈ ਇਲਾਕਾ ਨਹੀਂ ਜਿੱਤਿਆ, ਨਾ ਹੀ ਕੋਈ ਆਪਣਾ ਸਿੱਕਾ ਜਾਰੀ ਕੀਤਾ, ਨਾ ਹੀ ਆਪ ਜੀ ਨੇ ਕੋਈ ਪ੍ਰਬੰਧਕੀ ਨਜ਼ਾਮ ਜਾਂ ਕੋਈ ਕਾਨੂੰਨੀ ਵਿਧਾਨ ਘੜਿਆ। ਆਪ ਕਦੀ ਵੀ ਆਪਣੇ ਆਪ ਨੂੰ ਪਹਾੜੀ ਰਾਜਿਆਂ ਜਾਂ ਮੁਗਲ ਪਾਤਸ਼ਾਹਾਂ ਦੀ ਪ੍ਰਜਾ ਨਹੀਂ ਸਨ ਸਮਝਦੇ। ਪਰ ਜਦੋਂ ਵੀ ਮੁਗਲਾਂ ਵੱਲੋਂ ਉਨ੍ਹਾਂ ਦੀਆਂ ਸ਼ਾਂਤਮਈ ਕਾਰਵਾਈਆਂ ਅਤੇ ਖਾਲਸੇ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਵਿੱਚ ਕਿਸੇ ਨੇ ਦਖ਼ਲ ਦਿੱਤਾ ਤਾਂ ਆਪ ਨੇ ਉਸ ਵਿਰੁੱਧ ਜੰਗ ਕੀਤੀ।

ਆਪ ਨੇ ਆਜ਼ਾਦੀ ਦਾ ਇੱਕ ਸੁਪਨਾ ਸਾਜਿਆ ਸੀ ਅਤੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਸੁਪਨਾ ਇੱਕ ਦਿਨ ਜ਼ਰੂਰ ਪੂਰਾ ਹੋਵੇਗਾ। ਮਨੁੱਖ ਜਾਤੀ ਦੇ ਆਲੇ-ਦੁਆਲੇ ਉਸਾਰੇ ਗਏ ਵਹਿਮਾਂ-ਭਰਮਾਂ, ਪੂਰਵ ਸੰਸਕਾਰਾਂ ਅਤੇ ਨਿਰੰਕਸ਼ਤਾ ਦੇ ਕਿਲ੍ਹਿਆਂ ਤੋਂ ਆਪ ਕਦੇ ਵੀ ਨਿਰਾਸ਼ ਨਹੀਂ ਸਨ ਹੋਏ, ਪਰ ਹਰ ਪ੍ਰਕਾਰ ਦੀਆਂ ਮੁਸੀਬਤਾਂ ਵਿੱਚ ਵੀ ਆਪ ਸਦਾ ਸਹਿਜ ਅਵਸਥਾ ਵਿੱਚ ਵਿਚਰਦੇ ਸਨ। ਆਪ ਆਜ਼ਾਦੀ ਦੀ ਪ੍ਰਭਾਤ ਨੂੰ ਲਿਆਉਣ ਵਿੱਚ ਲੰਮਾ ਸਮਾਂ ਨਹੀਂ ਉਡੀਕ ਸਕਦੇ, ਸਗੋਂ ਉਨ੍ਹਾਂ ਨੂੰ ਛੇਤੀ ਲਿਆਉਣ ਲਈ ਚਾਨਣ ਦੀ ਨਵੀਂ ਜੋਤ ਜਗਾ ਸਕਦੇ ਸਨ, ਜਿਸ ਤਰ੍ਹਾਂ 1947 ਵਿੱਚ ਭਾਰਤ ਦੀ ਆਜ਼ਾਦੀ ਸਮੇਂ ਇਸ ਨੂੰ ਗੁੰਡਾ-ਗਰਦੀ ਦੇ ਸੁਲਗਦੇ ਧੂੰਏਂ ਨੇ ਢੱਕ ਲਿਆ ਸੀ, ਅਜਿਹੀ ਹਾਲਤ ਵਿੱਚ ਆਪ ਉਚੇਰੀ ਉਡਾਰੀ ਮਾਰ ਕੇ ਆਪਣੇ ਆਦਰਸ਼ਾਂ ਦੁਆਰਾ ਬੱਦਲਾਂ ਦੀ ਗਰਜ ਤੇ ਬਿਜਲੀ ਦੀ ਚਮਕ ਵਰਗੀ ਹਾਲਤ ਪੈਦਾ ਕਰ ਸਕਦੇ ਸਨ। ਆਪ ਉਕਾਬ ਦੇ ਖੰਭਾਂ ਵਾਲੇ ਫਰਿਸ਼ਤੇ ਨੂੰ ਸਰੋਵਰ ਦੇ ਹੰਸ ਦੇ ਖੰਭਾਂ ਵਾਲੇ ਫਰਿਸ਼ਤੇ ਤੋਂ ਵਧੇਰੇ ਚੰਗਾ ਸਮਝਦੇ ਸਨ। ਆਪ ਤਾਂ ਸੰਤ ਸਿਪਾਹੀ, ਸਿੱਧੇ ਸਾਧੇ ਅਤੇ ਆਮਣੇ-ਸਾਹਮਣੇ ਬੈਠ ਕੇ ਖੁੱਲ੍ਹੀ ਗੱਲ ਕਰਨ ਵਾਲੇ ਸਨ। ਆਪ ਤਾਂ ਅਤਿ ਦੀ ਚਤੁਰ ਚਲਾਕ ਅਤੇ ਧੋਖੇਬਾਜ਼ ਤੇ ਸ਼ਕਤੀਸ਼ਾਲੀ ਮਕਾਰ ਸਰਕਾਰ ਦੇ ਖਿਲਾਫ ਪਵਿੱਤਰ ਧਰਮ ਯੁੱਧ (ਸੰਗਰਾਮ) ਕਰ ਰਹੇ ਸਨ। ਆਪ ਨੇ ਆਪਣੇ ਹਿਰਦੇ ਦੀ ਪਵਿੱਤਰਤਾ ਦੇ ਕਾਰਨ ਦੁਸ਼ਮਣ ਉੱਤੇ ਭਰੋਸਾ ਕੀਤਾ ਅਤੇ ਇਸ ਕਾਰਨ ਆਪ ਨੂੰ ਅਜਿਹੀ ਭਾਰੀ ਅਤੇ ਬੇਮਿਸਾਲ ਕੀਮਤ ਦੇਣੀ ਪਈ, ਜਿਸ ਦਾ ਕਿ ਸੰਸਾਰ ਵਿੱਚ ਕੋਈ ਹੋਰ ਉਦਾਹਰਣ ਲੱਭ ਸਕਣਾ ਬੜਾ ਮੁਸ਼ਕਿਲ ਹੈ।

ਸੁਤੰਤਰਤਾ ਦੇ ਸ਼ਾਨਦਾਰ ਸੰਗਰਾਮਕਾਰ ਭਾਵੇਂ ਉਹ ਅਸਫ਼ਲ ਵੀ ਕਿਉਂ ਨਾ ਰਹਿਣ ਬੜੇ ਸਤਿਕਾਰਯੋਗ ਹੁੰਦੇ ਹਨ। ਹੱਕ ਤੇ ਨਿਆਂ ਦੀ ਲੜਾਈ ਵਿੱਚ ਉਨ੍ਹਾਂ ਦੀ ਹਾਰ ਵੀ ਸ਼ਾਨਾਮੱਤੀ ਹੁੰਦੀ ਹੈ। ਅਜਿਹੇ ਸੰਗਰਾਮ ਵਿੱਚ ਜਿੱਤ ਤਾਂ ਲੋਕਾਂ ਦੀ ਵਾਹ ਵਾਹ ਹਾਸਿਲ ਕਰਦੀ ਹੈ, ਪਰ ਬੀਰਤਾ ਪੂਰਵਕ ਹਾਰ ਵੀ ਲੋਕਾਂ ਦੀ ਹਮਦਰਦੀ ਜਿੱਤ ਲੈਂਦੀ ਹੈ। ਜਿੱਤਣ ਵਾਲੇ ਤਾਂ ਸ਼ਾਨਦਾਰ ਹੋ ਨਿਬੜਦੇ



Sri Satguru Jagjit Singh Ji Elibrary NamdhariElibrary@gmail.com

ਹਨ, ਪਰ ਹਾਰਨ ਵਾਲੇ ਸ਼੍ਰੋਮਣੀ ਗੌਰਵ ਨੂੰ ਪ੍ਰਾਪਤ ਕਰਦੇ ਹਨ। ਸਫ਼ਲਤਾ ਨਾਲੋਂ ਸ਼ਹੀਦੀ ਵਧੇਰੇ ਸ਼ਾਨਦਾਰ ਹੁੰਦੀ ਹੈ। ਪਰ ਸ਼ਹੀਦ ਤਾਂ ਠੋਸ ਆਦਰਸ਼ ਦੀ ਖਾਤਰ ਜੂਝ ਮਰਦਾ ਹੈ। ਸ਼ਹੀਦ ਤਾਂ ਪ੍ਰਗਤੀ ਦੀ ਖਾਤਰ ਆਪਣੀ ਜ਼ਿੰਦਗੀ ਦਾ ਤੋਹਫਾ ਬਖਸ਼ ਜਾਂਦੇ ਹਨ। ਸ਼ਹੀਦ ਅਕਾਲਪੁਰਖ ਦੀ ਹੁਕਮ ਰਜ਼ਾ ਉੱਤੇ ਪਹਿਰਾ ਦਿੰਦੇ ਹਨ। ਉਹ ਤਾਂ ਧਾਰਮਿਕ ਕਰਮ ਨਿਭਾ ਰਹੇ ਹੁੰਦੇ ਹਨ। ਨਿਸ਼ਚਿਤ ਸਮੇਂ ਸ਼ਹੀਦ ਪ੍ਰਭੂ ਦੀ ਹੁਕਮਰਜ਼ਾ ਦੀ ਪਾਲਣਾ ਕਰਦੇ ਹਨ, ਜਿਨ੍ਹਾਂ ਦੀਆਂ ਸ਼ਾਨਦਾਰ ਯਾਦਗਾਰਾਂ ਉਸਾਰੀਆਂ ਜਾਂਦੀਆਂ ਹਨ। ਇਸ ਤਰ੍ਹਾਂ ਆਪਣੇ ਸਰੀਰ ਉੱਤੇ ਕਸ਼ਟ ਝੱਲ ਕੇ ਉਹ ਮਨੁੱਖ ਦੀ ਪ੍ਰਗਤੀ ਲਈ ਨਵੀਆਂ ਪੈੜਾਂ ਛੱਡ ਜਾਂਦੇ ਹਨ।

ਗੁਰੂ ਜੀ ਤਾਂ ਪੂਰਨ ਵਿਸ਼ਵਾਸ ਅਤੇ ਅਡੋਲ ਸਹਿਜ-ਸ਼ਾਂਤੀ ਨਾਲ ਉਸ ਪੰਛੀ ਦੀ ਨਿਆਈਂ ਸਿੱਧੇ ਆਪਣੇ ਨਿਸ਼ਾਨੇ ਉੱਤੇ ਪੁੱਜਦੇ ਹਨ, ਜੋ ਝੱਖੜਾਂ ਅਤੇ ਤੂਫਾਨਾਂ ਦੀ ਕੋਈ ਪਰਵਾਹ ਨਹੀਂ ਕਰਦਾ। ਉਨ੍ਹਾਂ ਦੇ ਵਿਚਾਰ ਤੇ ਆਦਰਸ਼ ਤਾਂ ਭਵਿੱਖ ਨੂੰ ਉਜਿਆਰ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਅਮੋਲਕ ਵਸਤੂਆਂ ਨੂੰ ਤੱਕਿਆ, ਜੋ ਹੁਣ ਤੱਕ ਮਨੁੱਖੀ ਨਿਗ੍ਹਾ ਤੋਂ ਛੁਪੀਆਂ ਹੋਈਆਂ ਸਨ। ਇੱਕ ਬੀਰ ਯੋਧੇ ਅਤੇ ਆਗੂ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਨੁੱਖਤਾ ਦੇ ਮਹਾਨ ਰੱਖਿਅਕ ਸਨ।



Sri Satguru Jagjit Singh Ji Elibrary NamdhariElibrary@gmail.com

# 7

## 18ਵੀਂ ਸਦੀ ਸੰਕਟਾਂ, ਸੰਗਰਾਮਾਂ ਅਤੇ ਜਿੱਤਾਂ ਦਾ ਕਾਲ

### 18ਵੀਂ ਸਦੀ ਦਾ ਇਤਿਹਾਸਿਕ ਚਰਿੱਤਰ

ਸਮੁੱਚੇ ਭਾਰਤ ਦੇ ਇਤਿਹਾਸ ਵਿਚ 18ਵੀਂ ਸਦੀ ਦਾ ਇਤਿਹਾਸਿਕ ਚਰਿੱਤਰ ਬੜਾ ਵਚਿੱਤਰ ਹੈ। ਇਸ ਵਿਚ ਅਨੇਕ ਪਰਿਵਰਤਨ, ਯੁੱਗ ਗਰਦੀਆਂ, ਉੱਥਲ-ਪੁੱਥਲ ਘੋਰ ਸੰਕਟ, ਬੀਰ ਸੰਗਰਾਮ ਅਤੇ ਸ਼ਾਨਦਾਰ ਜਿੱਤਾਂ ਵੇਖਣ ਵਿਚ ਆਈਆਂ। ਸ਼ਕਤੀਆਂ ਦੇ ਸੰਤੁਲਨ ਵਿਚ ਕਈ ਉਤਰਾ-ਚੜ੍ਹਾਅ ਵਾਪਰੇ। ਮੁਗਲ ਸਾਮਰਾਜ ਦਾ ਪਤਨ, ਉੱਤਰ ਪੱਛਮੀ ਸਰਹੱਦਾਂ ਵੱਲੋਂ ਅਫਗਾਨਾਂ ਦੇ ਹਮਲੇ, ਸਿੱਖਾਂ ਉੱਤੇ ਢਾਏ ਗਏ ਅਤਿ ਦੇ ਜ਼ੁਲਮ, ਉਨ੍ਹਾਂ ਦਾ ਇਕ ਬਲਵਾਨ ਸ਼ਕਤੀ ਵਜੋਂ ਉਥਾਨ, ਦੱਖਣ ਵਿਚ ਮਰਹੱਟਿਆਂ ਦਾ ਉਭਾਰ ਅਤੇ ਮੁਗਲ ਸਲਤਨਤ ਦੇ ਕਾਰਦਾਰਾਂ, ਸੂਬੇਦਾਰਾਂ ਦਾ ਆਪਣੀ ਆਪਣੀ ਸ਼ਕਤੀ ਤੇ ਬਲ ਨੂੰ ਤਕੜਿਆਂ ਤੇ ਵਿਸਥਾਰ ਦੇਣ ਦੀ ਚੇਸਟਾ ਅਤੇ ਅਜਿਹੀਆਂ ਇਤਿਹਾਸਿਕ ਯੁਗ ਗਰਦੀਆਂ ਵਿਚ ਤਾਕਤ ਤੇ ਪ੍ਰਭੁਤਾ ਪ੍ਰਾਪਤ ਕਰਨ ਲਈ ਕੀਤੇ ਗਏ ਯਤਨ ਆਦਿ ਸਮੁੱਚੀ ਅਠਾਰਵੀਂ ਸਦੀ ਨੂੰ ਸੰਕ੍ਰਾਂਤੀ ਦਾ ਯੁੱਗ ਬਣਾ ਦਿੰਦੇ ਹਨ।

ਅਜਿਹੇ ਅਭੂਤ ਪੂਰਵ ਸੰਘਰਸ਼ਾਂ ਦੇ ਦੌਰ ਵਿਚ ਸ਼ਕਤੀ ਤੇ ਪ੍ਰਭੂਸਤਾ ਪ੍ਰਾਪਤ ਕਰਨ ਦੀ ਦੌੜ ਕਈ ਧਿਰਾਂ ਵੱਲੋਂ ਸਮਾਨੰਤਰ ਹੀ ਚਲ ਰਹੀ ਸੀ। ਮੁਗਲ ਆਪਣੀ ਢਹਿੰਦੀ ਕਲਾ ਤੇ ਰਾਜ ਨੂੰ ਲੱਗੇ ਅੰਦਰੂਨੀ ਖਤਰਿਆਂ ਤੋਂ ਬਚਾ ਰਹੇ ਸਨ। ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਦੁਰਾਨੀ ਵਰਗੇ ਅਫ਼ਗਾਨ ਬਾਦਸ਼ਾਹ ਉੱਤਰੀ ਭਾਰਤ ਦੇ ਬਹੁਤ ਸਾਰੇ ਇਲਾਕੇ ਅਤੇ ਦਿੱਲੀ ਦੇ ਤਖ਼ਤ ਨੂੰ ਪ੍ਰਾਪਤ ਕਰਨ ਲਈ ਬਾਰ-ਬਾਰ ਹਮਲੇ ਕਰ ਰਹੇ ਸਨ। ਦੱਖਣ ਦੇ ਮਰਹੱਟੇ ਉੱਤਰ ਤੱਕ ਮੁਗਲਾਂ ਦੀ ਰਾਜਧਾਨੀ ਦੀਆਂ ਬਰੂਹਾਂ ਤੱਕ ਪਹੁੰਚ ਗਏ ਸਨ। ਇਸ ਪਰਸਪਰ ਸੰਘਰਸ਼ ਵਿਚ ਸਿੱਖ ਜੋ ਮੁਗਲਾਂ ਦੇ ਬਹੁਤ ਵੱਡੇ ਦਮਨ ਦਾ ਸ਼ਿਕਾਰ ਹੋਏ। ਆਪਣੇ ਆਪ ਨੂੰ ਤਕੜਾ ਕਰਕੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੇ ਯਤਨਾਂ ਵਿਚ ਸਨ। ਅਜਿਹੀਆਂ ਇਤਿਹਾਸਿਕ ਹਾਲਤਾਂ ਵਿਚ ਪਰਜਾ ਤਾਂ ਦੁੱਖੀ ਹੋ ਹੀ



Sri Satguru Jagjit Singh Ji Elibrary NamdhariElibrary@gmail.com

ਸੀ ਪਰ ਸ਼ਕਤੀ ਤੇ ਪ੍ਰਭੂਸਤਾ ਪ੍ਰਾਪਤ ਕਰਨ ਲਈ ਚਲ ਰਹੇ ਸੰਗਰਾਮਾਂ ਵਿਚ ਹਰ ਧਿਰ ਆਪਣੇ ਆਪ ਨੂੰ ਸੁਖਰ ਖੜਾ ਰੱਖਣ ਲਈ ਸਿਰ ਧੜ ਦੀ ਬਾਜ਼ੀ ਲਗਾ ਰਹੀ ਸੀ। ਅਜਿਹੇ ਬਿਖੜੇ ਸਮੇਂ ਸਿੱਖਾਂ ਨੇ ਕਿਵੇਂ ਸੰਘਰਸ਼ ਕੀਤਾ ਅਤੇ ਕਿਵੇਂ ਸੁਤੰਤਰ ਰਾਜ ਦੀ ਪ੍ਰਾਪਤੀ ਤੱਕ ਪਹੁੰਚ ਗਏ? ਇਹ ਸਭ ਉਸ ਆਤਮਿਕ, ਆਚਰਨਿਕ ਤੇ ਭੌਤਿਕ ਬਲ ਦੇ ਪ੍ਰਾਪਤ ਕਰਨ ਦੇ ਫਲਸਰੂਪ ਹੋਇਆ ਜੋ ਸਿੱਖ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਬਖਸ਼ਿਆ ਸੀ। 1699 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ ਅਤੇ 1799 ਅਰਥਾਤ ਪੂਰੇ 100 ਸਾਲ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰਕੇ ਸਰਕਾਰ ਖਾਲਸਾ ਦੇ ਨਾਂ ਥੱਲੇ ਵਿਸ਼ਾਲ ਤੇ ਸੁਤੰਤਰ ਸਾਮਰਾਜ ਦੀ ਨੀਂਹ ਰੱਖੀ ਜਿਸ ਦਾ ਇਤਿਹਾਸਕ ਕਿਰਦਾਰ ਅਠਾਰਵੀਂ ਸਦੀ ਦੇ ਪਹਿਲੇ ਅੱਧ ਨਾਲ ਟਾਕਰਾ ਕਰਕੇ ਵੇਖਿਆ ਜਾਵੇ ਤਾਂ ਇਸ ਤੋਂ ਬਿਲਕੁਲ ਉਲਟੇ ਸੁਭਾ ਵਾਲਾ ਸੀ। ਮੁਗਲਾਂ ਸਮੇਂ ਪਰਜਾ ਦੁਖੀ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਜ ਵਿਚ ਪਰਜਾ ਸੁਖੀ ਤੇ ਅਮਨ ਸ਼ਾਂਤੀ ਦਾ ਜੀਵਨ ਬਤੀਤ ਕਰਨ ਲੱਗ ਪਈ ਸੀ।

### ਸਿੱਖ ਗੁਰੂ ਸਾਹਿਬਾਨ ਦਾ ਮਹਾਨ ਯੋਗਦਾਨ

1469 ਅਰਥਾਤ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਦੇ ਸਾਕੇ ਪਿਛੋਂ ਅਰਥਾਤ 238 ਸਾਲਾਂ ਵਿਚ ਦਸ ਗੁਰੂ ਸਾਹਿਬਾਨ ਨੇ ਭਾਰਤ ਤੇ ਪੰਜਾਬ ਦੇ ਇਤਿਹਾਸ ਵਿਚ ਅਨੇਕ ਪੱਖਾਂ ਤੋਂ ਜੋ ਯੋਗਦਾਨ ਪਾਇਆ ਉਸ ਦੇ ਸਿੱਟੇ ਵਜੋਂ ਹੀ ਪੰਜਾਬ ਦੇ ਲੋਕ, ਗੁਰੂ ਦੇ ਸਿੱਖਾਂ ਦੇ ਰੂਪ ਵਿਚ ਸੁਤੰਤਰਤਾ ਨੂੰ ਪ੍ਰਾਪਤ ਕਰ ਸਕੇ ਸਨ। ਗੁਰੂ ਸਾਹਿਬਾਨ ਨੇ ਪੰਜਾਬ ਦੇ ਜਨਸਮੂਹ ਨੂੰ ਅਤੇ ਵਿਸ਼ੇਸ਼ ਕਰਕੇ ਆਪਣੇ ਸਿੱਖਾਂ ਨੂੰ ਨਵੀਂ ਜੀਵਨ ਜੁਗਤ ਪ੍ਰਦਾਨ ਕੀਤੀ। ਅਧਿਆਤਮਿਕ ਤੌਰ ਤੇ ਨਾਮ ਤੇ ਭਗਤੀ ਦੇ ਮਾਰਗ ਦੀ ਸੋਝੀ ਕਰਵਾਈ। ਲੋਕਾਂ ਨੂੰ ਧਾਰਮਿਕ ਕੱਟੜਤਾ ਤੇ ਵਹਿਮਾਂ ਭਰਮਾਂ ਤੋਂ ਮੁਕਤ ਕੀਤਾ ਅਤੇ ਗੁਰ ਸੰਗਤ ਨੂੰ 'ਖਾਲਸੇ' ਦੇ ਰੂਪ ਵਿਚ ਸੰਗਠਿਤ ਕਰ ਦਿੱਤਾ। ਭਾਵੇਂ ਮੱਧਕਾਲ ਵਿਚ ਗੁਰੂ ਨਾਨਕ ਦੇਵ ਤੋਂ ਪਹਿਲਾਂ ਦੇ ਭਗਤਾਂ ਨੇ ਨਾਮ ਭਗਤੀ ਅਤੇ ਮਨੁੱਖੀ ਏਕਤਾ ਲਈ ਆਵਾਜ਼ ਉਠਾਈ ਸੀ ਪਰ ਉਨ੍ਹਾਂ ਦੇ ਯਤਨ ਵਿਅਕਤੀਗਤ ਰੂਪ ਦੇ ਹੀ ਰਹੇ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਆਤਮਿਕ ਤੌਰ ਤੇ ਜਾਗਰੂਪ ਕਰਕੇ ਇਕ ਆਦਰਸ਼ ਸਮਾਜ ਤੇ ਭਾਈਚਾਰੇ ਵਿਚ ਬੰਨ ਦਿੱਤਾ। ਸੰਗਤ, ਪੰਗਤ (ਲੰਗਰ) ਤੇ ਨਵੇਂ ਗੁਰਧਾਮਾਂ ਤੇ ਨਗਰਾਂ ਦੇ ਵਸ ਜਾਣ ਨਾਲ ਸਿੱਖ ਸਮਾਜ ਦੇ ਕੇਂਦਰੀ ਧਾਮ ਹੋਂਦ ਵਿਚ ਆ ਗਏ। ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਨੂੰ ਵਿਦੇਸ਼ੀ ਆਕ੍ਰਮਣ ਕਰਕੇ ਭੰਡਿਆ ਅਤੇ



Sri Satguru Jagjit Singh Ji Elibrary NamdhariElibrary@gmail.com

ਆਪਣੇ ਸਭਿਆਚਾਰ ਤੇ ਸੰਸਕ੍ਰਿਤੀ ਦੀ ਰਾਖੀ ਕਰਨ ਲਈ ਵੰਗਾਰ ਪਾਈ। ਉਨ੍ਹਾਂ ਤੋਂ ਪਹਿਲਾਂ ਹਿੰਦੂ ਤੇ ਮੁਸਲਮਾਨ ਸਮਾਜ ਆਪਸ ਵਿਚ ਦੋ ਭਾਗਾਂ ਵਿਚ ਵੰਡੇ ਜਾ ਚੁੱਕੇ ਸਨ ਪਰ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਯਤਨ ਕੀਤਾ। ਭਗਤਾਂ ਅਤੇ ਗੁਰੂ ਸਾਹਿਬਾਨ ਦੀ ਰਚੀ ਹੋਈ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਨੂੰ ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਸੁਰੱਖਿਅਤ ਕਰ ਦਿੱਤਾ। ਸਿੱਖਾਂ ਵਿਚ ਕੀਰਤਨ ਦੀ ਪਰੰਪਰਾ ਨੇ ਗੁਰਬਾਣੀ ਦੇ ਪ੍ਰਸਾਰ ਵਿਚ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਅਤੇ ਆਪਣੇ ਦੌਰ ਦੇ 52 ਕਵੀਆਂ ਦੀਆਂ ਰਚਨਾਵਾਂ ਦੁਆਰਾ ਰਾਸ਼ਟਰੀ ਸਾਹਿਤ ਦੇ ਰੂਪ ਵਿਚ ਨਵੀਂ ਬੀਰ ਭਾਵੀ ਪਰੰਪਰਾ ਨੂੰ ਸਥਾਪਿਤ ਕਰ ਦਿੱਤਾ। ਸਨਾਤਨ ਭਾਰਤੀ ਸਾਹਿਤ ਨਾਲ ਇਸ ਦੀ ਲੜੀ ਨੂੰ ਵੀ ਜੋੜਿਆ ਅਤੇ ਇਸ ਦੇ ਨਵੇਂ ਰਾਸ਼ਟਰੀ ਸਰੂਪ ਨੂੰ ਵੀ ਉਜਾਗਰ ਕੀਤਾ।

ਗੁਰੂ ਸਾਹਿਬਾਨ ਨੇ ਹਿੰਦੂ ਤੇ ਮੁਸਲਮਾਨ ਫਿਰਕਿਆਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ। ਇਨ੍ਹਾਂ ਵਿਚ ਪਰਸਪਰ ਮਾਨਵੀ ਸਾਂਝ ਨੂੰ ਵਧਾਇਆ। ਇਸਤਰੀਆਂ ਨੂੰ ਸਮਾਜ ਵਿਚ ਸਨਮਾਨ ਪੂਰਵ ਸਥਾਨ ਦਿੱਤਾ ਅਤੇ "ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਤ ਆਨ" ਦੀ ਨਿਰਭੈਤਾ ਅਤੇ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਦੀ ਨਿਰਵੈਰਤਾ ਦੁਆਰਾ 'ਵਾਸੁਦੇਵ ਕੁਟੰਬਕਮ' ਦੇ ਮਾਨਵਵਾਦੀ ਲਖਸ਼ਾਂ ਨੂੰ ਦ੍ਰਿੜ ਕਰਵਾਇਆ।

ਕੇਵਲ ਏਨਾ ਹੀ ਨਹੀਂ ਸਗੋਂ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਸਾਹਿਬਜ਼ਾਦਿਆਂ ਅਤੇ ਗੁਰੂ ਤੇਗ ਬਹਾਦਰ ਨਾਲ ਸ਼ਹੀਦ ਹੋਏ ਸਿੱਖਾਂ ਦੇ ਬਲੀਦਾਨ ਦੁਆਰਾ ਸ਼ਾਹੀ ਜ਼ੁਲਮ ਦਾ ਟਾਕਰਾ ਕਰਨ ਲਈ ਜਿੱਥੇ ਸ਼ਾਂਤਮਈ ਸ਼ਹੀਦੀ ਦਾ ਮਾਰਗ ਰੋਸ਼ਨ ਕੀਤਾ। ਉਥੇ ਗੁਰੂ ਗੋਬਿੰਦ ਸਿੰਘ ਜੀ ਨੇ "ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।" ਦੇ ਹਥਿਆਰਬੰਦ ਮਾਰਗ ਦੀ ਵੀ ਸੋਝੀ ਕਰਵਾਈ। ਜਿਸ ਦਾ ਆਰੰਭ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਹੀ ਅਕਾਲ ਬੁੰਗਾ ਦੀ ਸਾਜਣਾ ਪਿਛੋਂ ਗੁਰੂ ਸਾਹਿਬ ਵੱਲੋਂ ਹਥਿਆਰਬੰਦ ਸੈਨਾ ਰੱਖਣ ਦੇ ਰੂਪ ਵਿਚ ਹੋ ਗਿਆ ਸੀ। ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੇ ਕਿਰਤੀ-ਕਿਸਾਨ ਤੇ ਹੋਰ ਕਈ ਕਿੱਤਿਆਂ ਦੇ ਲੋਕਾਂ ਨੂੰ ਵਸਾ ਕੇ ਅੰਮ੍ਰਿਤਸਰ ਨਗਰ ਨੂੰ ਵਪਾਰਕ ਨਗਰ ਬਣਾਇਆ, ਉਥੇ ਸਿੱਖਾਂ ਨੂੰ ਅਫਗਾਨਿਸਤਾਨ ਤੇ ਹੋਰ ਮੁਸਲਿਮ ਦੇਸ਼ਾਂ ਵਿਚ ਜਾ ਕੇ ਘੋੜਿਆਂ ਦਾ ਵਪਾਰ ਕਰਨ ਲਈ ਉਤਸ਼ਾਹਿਤ ਕੀਤਾ। ਸਿੱਖ ਭਾਈਚਾਰੇ ਵਿਚ ਇਸਤਰੀਆਂ ਨੂੰ ਵੀ ਸਨਮਾਣ ਪੂਰਵਕ ਸਥਾਨ ਦੇ ਕੇ ਨਵੀਂ ਜਾਗ੍ਰਿਤੀ ਲਿਆਂਦੀ ਮੁਸਲਿਮ ਸਮਾਜ ਵਿਚ ਇਸਤਰੀਆਂ ਨੂੰ ਬਾਂਗ ਤੇ ਨਿਮਾਜ਼ ਦੀ ਮਨਾਹੀ ਸੀ। ਈਸਾਈ



Sri Satguru Jagjit Singh Ji Elibrary NamdhariElibrary@gmail.com

ਮਤ ਵਿਚ ਇਸਤਰੀਆਂ ਧਰਮ ਪ੍ਰਚਾਰ ਨਹੀਂ ਸਨ ਕਰ ਸਕਦੀਆਂ ਪਰ ਗੁਰੂ ਸਾਹਿਬਾਨ ਨੇ ਇਸਤਰੀਆਂ ਨੂੰ ਦੀਵਾਨਾਂ ਵਿਚ ਪੁਰਸ਼ਾਂ ਨਾਲ ਬੈਠਣ ਦੀ ਖੁਲ ਦਿੱਤੀ। ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਮੰਜੀਆਂ ਬਖਸ ਕੇ ਧਰਮ ਪ੍ਰਚਾਰ ਦੀ ਆਗਿਆ ਵੀ ਦੇ ਦਿੱਤੀ। ਸਿੱਖ ਇਤਿਹਾਸ ਵਿਚ ਇਕੱਲੀ 'ਮਾਈ ਭਾਗੋ' ਦਾ ਉਦਾਹਰਣ ਹੀ ਕਾਫੀ ਹੈ ਜੋ ਮੁਕਤਸਰ ਦੀ ਜੰਗ ਵਿਚ ਮਰਦਾਂ ਦੀ ਅਗਵਾਈ ਕਰਦੀ ਹੋਈ ਲੜੀ ਸੀ।

ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਪਹੁਲ ਛਕਾ ਕੇ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਖਾਲਸੇ ਨੂੰ ਤੱਤਪਰ ਕਰ ਦਿੱਤਾ। ਗੁਰੂ ਸਾਹਿਬਾਨ ਨੇ ਖਾਲਸੇ ਨੂੰ ਇਕ ਨਵੀਂ ਕੌਮੀ ਸ਼ਕਤੀ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ, ਜਿਸ ਨੇ ਅਠਾਰਵੀਂ ਸਦੀ ਦੇ ਇਤਿਹਾਸ ਵਿਚ ਹਰ ਤਰ੍ਹਾਂ ਦੇ ਵਿਰੋਧਾਂ, ਜ਼ੁਲਮਾਂ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ ਅਤੇ ਬਿਖਮ ਸੰਗਰਾਮਾਂ ਦੇ ਕਈ ਦੌਰਾਂ ਵਿਚੋਂ ਲੰਘਦੇ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਦਾ 'ਖਾਲਸਾ' ਸੁਤੰਤਰ ਰਾਜ ਪ੍ਰਾਪਤ ਕਰ ਸਕਣ ਦੇ ਯੋਗ ਹੋਇਆ। ਇਤਿਹਾਸ ਵਿਚ ਸਿੱਖਾਂ ਦੀ ਵੱਖਰੀ ਪਛਾਣ ਹੋ ਗਈ ਅਤੇ ਉਨ੍ਹਾਂ ਦੇ ਬੀਰਤਾ ਦੇ ਕਾਰਨਾਮਿਆਂ ਨੂੰ ਸ਼ਤਰੂ ਵੀ ਸਲਾਹੁਣ ਲੱਗ ਪਏ।

**ਬੰਦੇ ਬਹਾਦਰ ਦਾ ਸੁਤੰਤਰ ਰਾਜ ਸਥਾਪਿਤ ਕਰਨਾ**

ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਤੇ ਹੁਕਮ ਨੂੰ ਮੁੱਖ ਰੱਖ ਕੇ ਬੰਦਾ ਬਹਾਦਰ ਦਾ ਮੁੱਖ ਨਿਸ਼ਾਨਾ ਪੰਜਾਬ ਪਹੁੰਚ ਕੇ ਸਰਹੰਦ ਦੇ ਸੂਬੇਦਾਰ ਵਜੀਰ ਖਾਂ ਤੇ ਹੋਰ ਗੁਰੂ ਦੋਖੀਆਂ ਨੂੰ ਦੰਡ ਦੇਣਾ ਸੀ। ਇਸ ਸਮੇਂ ਮੁਗਲ ਰਾਜ ਦਾ ਟਾਕਰਾ ਕਰਨ ਲਈ ਹਾਲਾਤ ਬੜੇ ਅਨੁਕੂਲ ਸਨ। ਬਹਾਦਰ ਸ਼ਾਹ ਹਾਲੀਂ ਹੈਦਰਾਬਾਦ ਵਿਖੇ ਆਪਣੇ ਭਰਾ ਕਾਮ ਬਖਸ਼ ਦੀ ਬਗਾਵਤ ਨੂੰ ਦਬਾਉਣ ਵਿਚ ਉਲਝਿਆ ਹੋਇਆ ਸੀ। ਪੰਜਾਬ ਦੇ ਵੱਖ ਵੱਖ ਸੂਬਿਆਂ ਦੇ ਸੂਬੇਦਾਰ ਦਿੱਲੀ ਦਰਬਾਰ ਦੇ ਕੇਂਦਰੀ ਸ਼ਾਸਨ ਦੇ ਡਰ ਭੈ ਤੋਂ ਆਜ਼ਾਦ ਸਨ ਅਤੇ ਆਪਣੀ ਮਨਮਰਜ਼ੀ ਕਰ ਰਹੇ ਸਨ। ਉਨ੍ਹਾਂ ਵਿਚ ਆਪਸੀ ਤਾਲ-ਮੇਲ, ਮਿਲਾਪ ਅਤੇ ਕੋਈ ਸਾਂਝੀ ਨੀਤੀ ਦਾ ਤੰਦ ਨਹੀਂ ਸੀ। ਬੰਦਾ ਬਹਾਦਰ ਉਸੇ ਰਸਤੇ ਪੰਜਾਬ ਪੁੱਜਾ ਜਿਸ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਗਏ ਸਨ। ਪੰਜਾਬ ਆਉਂਦਿਆਂ ਹੀ ਕਈ ਸਫਲਤਾਵਾਂ ਉਸ ਦੀ ਝੋਲੀ ਪਈਆਂ। ਮਰਹੱਟਿਆਂ ਤੇ ਰਾਜਪੂਤਾਂ ਨੇ ਪਹਿਲਾਂ ਹੀ ਮੁਗਲਾਂ ਵਿਰੁੱਧ ਸੰਘਰਸ਼ ਛੇੜਿਆ ਹੋਇਆ ਸੀ।

ਬੰਦਾ ਸਭ ਤੋਂ ਪਹਿਲਾਂ ਹਰਿਆਣੇ ਦੇ ਇਲਾਕੇ ਵਿਚ ਪੁੱਜਾ। ਨਾਰਨੌਲ ਵਿਚ ਮੁਗਲਾਂ ਨੂੰ ਕਈ ਹਜ਼ਾਰ ਸਤਨਾਮੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਘਟਨਾ ਦੇ ਕਾਰਨ ਬੰਦੇ ਵਿਚ ਹੋਰ ਰੋਹ ਜਾਗ ਉਠਿਆ। ਭਵਾਨੀ ਸੋਨੀਪਤ, ਕੈਥਲ, ਹਿਸਾਰ, ਟੋਹਾਣਾ ਵਿਚ ਸਰਕਾਰੀ ਖਜ਼ਾਨੇ ਲੁੱਟ ਕੇ ਬੰਦੇ ਨੇ



Sri Satguru Jagjit Singh Ji Elibrary NamdhariElibrary@gmail.com

ਧਨ ਨੂੰ ਆਪਣੇ ਸਾਥੀਆਂ ਤੇ ਲੋਕਾਂ ਵਿਚ ਵੰਡ ਦਿੱਤਾ। ਕਈ ਚੋਰਾਂ, ਡਾਕੂਆਂ ਨੂੰ ਵੀ ਸੋਧਿਆ। ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਉਸ ਨਾਲ ਆ ਰਲੇ, ਜੋ ਗੁਰੂ ਜੀ ਦੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਅਤੇ ਜ਼ਾਲਮ ਮੁਗਲ ਹਾਕਮਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਬੰਦਾ ਬਹਾਦਰ ਨੇ ਸਭ ਤੋਂ ਪਹਿਲਾਂ ਸਮਾਣੇ ਤੇ ਹਮਲਾ ਬੋਲਿਆ। ਇੱਥੇ ਦੇ ਜਲਾਦ-ਜਲਾਲ-ਉਦ-ਦੀਨ ਜਿਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ। ਇਸੇ ਜਲਾਦ ਦੇ ਪੁੱਤਰ ਨੇ ਸਰਹੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ। ਇਥੋਂ ਦੇ ਹੀ ਅਲੀ ਹੁਸੈਨ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਛੱਡਣ ਲਈ ਰਜ਼ਾਮੰਦ ਕਰ ਲਿਆ ਸੀ। ਬੰਦੇ ਦੀ ਫ਼ੌਜ ਨੇ ਇਸ ਸ਼ਹਿਰ ਦੀ ਕਾਫੀ ਤਬਾਹੀ ਕੀਤੀ। ਬਹੁਤ ਸਾਰਾ ਧਨ-ਮਾਲ ਬੰਦੇ ਦੇ ਹੱਥ ਲੱਗਿਆ, ਜਿਸ ਨੂੰ ਉਸ ਨੇ ਆਪਣੇ ਸੈਨਿਕਾਂ ਵਿਚ ਵੰਡ ਦਿੱਤਾ। ਫਤਹੇ ਸਿੰਘ ਨੂੰ ਇਸ ਇਲਾਕੇ ਦਾ ਮੁੱਖੀ ਥਾਪ ਕੇ 9 ਪਰਗਨਿਆਂ ਦੇ ਇਸ ਇਲਾਕੇ ਦਾ ਪ੍ਰਬੰਧ ਉਸ ਨੂੰ ਸੌਂਪ ਦਿੱਤਾ। ਇਸ ਪਿਛੋਂ ਸਢੌਰੇ ਨੂੰ ਸੋਧਿਆ। ਇੱਥੇ ਦੇ ਪੀਰ ਬੁੱਧੂ ਸ਼ਾਹ ਨੇ ਆਪਣੇ ਬੇਟਿਆਂ ਨੂੰ ਭੰਗਾਣੀ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਲਈ ਭੇਜਿਆ ਸੀ, ਜੋ ਉਸ ਜੰਗ ਵਿਚ ਮਾਰੇ ਗਏ ਸਨ। ਉਸ ਤੋਂ ਬਦਲਾ ਲੈਣ ਲਈ ਇੱਥੇ ਦੇ ਹਾਕਮ ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ ਤੇ ਉਸਦੇ ਪਰਿਵਾਰ ਨੂੰ ਕਤਲ ਕਰਵਾ ਦਿੱਤਾ ਸੀ। ਬੰਦੇ ਬਹਾਦਰ ਦੇ ਸੈਨਿਕਾਂ ਨੇ ਇਕ ਹਵੇਲੀ ਵਿਚ ਮੁਸਲਮਾਨਾਂ ਨੂੰ ਇਕੱਠਾ ਕਰਕੇ ਸਭ ਨੂੰ ਕਤਲ ਕਰਵਾ ਦਿੱਤਾ, ਇਸ ਸਥਾਨ ਦਾ ਨਾਮ ਹੁਣ ਵੀ ਕਤਲ ਗੜ੍ਹੀ ਕਰਕੇ ਜਾਣਿਆ ਜਾਂਦਾ ਹੈ। ਇਹ ਇਸ ਗੱਲ ਦਾ ਸੰਕੇਤ ਸੀ ਕਿ ਬੰਦੇ ਬਹਾਦਰ ਦੀ ਨੀਤੀ ਨਾ ਕੇਵਲ ਇਨ੍ਹਾਂ ਇਲਾਕਿਆਂ ਨੂੰ ਫਤਹੇ ਕਰਨਾ ਸੀ ਸਗੋਂ ਇਨ੍ਹਾਂ ਉਤੇ ਆਪਣਾ ਰਾਜ ਅਧਿਕਾਰ ਵੀ ਸਥਾਪਿਤ ਕਰਨਾ ਸੀ। ਕੁੰਜਪੁਰਾ, ਘੜਾਮ, ਦਮਲਾ ਆਦਿ ਕਈ ਮੁਸਲਮਾਨਾਂ ਦੇ ਕਸਬੇ ਢਹਿ ਢੇਰੀ ਕਰ ਦਿੱਤੇ ਗਏ।

ਬੰਦਾ ਬਹਾਦਰ ਦਾ ਮੁੱਖ ਨਿਸ਼ਾਨਾ ਤਾਂ ਸਰਹੰਦ ਦੇ ਸੂਬੇ ਵਜ਼ੀਰ ਖਾਂ ਨੂੰ ਦੰਡ ਦੇਣਾ ਸੀ। ਉਸ ਦੀ ਤਿਆਰੀ ਲਈ ਬੰਦਾ ਬਹਾਦਰ ਨੇ ਆਪਣਾ ਮੁੱਖ ਕੇਂਦਰ ਲੋਹਗੜ੍ਹ ਨੂੰ ਬਣਾ ਲਿਆ, ਜਿਸ ਨੂੰ ਸਰਹੰਦ ਦੇ ਮੁਗਲ ਹਾਕਮ ਮੁਖਲਿਸ ਖਾਂ ਨੇ ਆਪਣੇ ਨਾਂ ਤੇ ਮੁਖਲਿਸਪੁਰ ਨਾਮ ਦਿੱਤਾ ਸੀ। ਬੰਦਾ ਬਹਾਦਰ ਨੇ ਇਸ ਦਾ ਨਾਮ ਲੋਹਗੜ੍ਹ ਰੱਖ ਦਿੱਤਾ ਅਤੇ ਇਥੋਂ ਸਰਹੰਦ ਉੱਤੇ ਚੜ੍ਹਾਈ ਕਰਨ ਦੀ ਵਿਉਂਤ ਬਣਾਈ।

ਲੋਹਗੜ੍ਹ ਵਿਖੇ ਹੀ ਬੰਦਾ ਬਹਾਦਰ ਨੇ ਨਵਾਂ ਸਿੱਕਾ ਜਾਰੀ ਕੀਤਾ। ਜਿਸ ਉੱਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾ 'ਸੱਚਾ ਸਾਹਿਬ' ਸ਼ਬਦ ਅੰਕਿਤ ਸਨ।



Sri Satguru Jagjit Singh Ji Elibrary NamdhariElibrary@gmail.com

ਇਥੋਂ ਹੀ ਬੰਦਾ ਬਹਾਦਰ ਨੇ ਆਪਣੀ ਸਰਕਾਰ ਦੇ ਕਈ ਹੁਕਮ ਜਾਰੀ ਕੀਤੇ। ਇਹ ਪੰਜਾਬ ਵਿਚ ਪਹਿਲਾ ਸੁਤੰਤਰ ਖਾਲਸਾ ਰਾਜ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਬੰਦਾ ਬਹਾਦਰ ਨੂੰ ਪੰਜਾਬ ਵਿਚ ਭੇਜਣ ਦੇ ਇਕ ਸਾਲ ਵਿਚ ਹੀ ਕਾਇਮ ਕਰ ਲਿਆ ਸੀ।

ਇਸ ਸੁਤੰਤਰ ਰਾਜ ਦਾ ਖੇਤਰ ਵੀ ਕੋਈ ਘੱਟ ਵਿਸ਼ਾਲ ਨਹੀਂ ਸੀ। ਉੱਤਰ ਵਿਚ ਸ਼ਿਵਾਲਿਕ ਪਹਾੜੀਆਂ ਤੋਂ ਲੈ ਕੇ ਦੱਖਣ ਵਿਚ ਸਮਾਣਾ, ਥਾਨੇਸਰ, ਕੈਥਲ ਅਤੇ ਕਰਨਾਲ, ਪੂਰਬ ਵਿਚ ਜਮਨਾ ਅਤੇ ਪੱਛਮ ਵਿਚ ਟਾਂਗਰੀ ਨਦੀ ਤਕ ਫੈਲਿਆ ਹੋਇਆ ਸੀ। ਬੰਦਾ ਬਹਾਦਰ ਨੇ ਕਈ ਫਰਮਾਣ ਜਾਰੀ ਕੀਤੇ ਜਿਨ੍ਹਾਂ ਦੁਆਰਾ ਇਸ ਸੁਤੰਤਰ ਰਾਜ ਵਿਚ ਜਿਮੀਂਦਾਰੀ ਪ੍ਰਬੰਧ ਦਾ ਖਾਤਮਾ ਕਰ ਦਿੱਤਾ ਗਿਆ ਅਤੇ ਕਾਸ਼ਤਕਾਰਾਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦੇ ਦਿੱਤੇ ਗਏ ਇਸ ਇਲਾਕੇ ਵਿਚ ਚੋਰਾਂ ਚਕਾਰਾਂ, ਲੁਟੇਰਿਆਂ ਦਾ ਖਾਤਮਾ ਕਰ ਦਿੱਤਾ ਗਿਆ।

ਸੱਚਮੁੱਚ ਇਹ, ਰਾਜਤੰਤਰ ਵਿਚ ਇਕ ਇਨਕਲਾਬੀ ਤਬਦੀਲੀ ਸੀ, ਜਿਸ ਵਿਚ ਹਾਕਮਾਂ ਤੇ ਜਨਤਾ ਵਿਚ ਸਦੀਆਂ ਪਿਛੋਂ ਸੁਖਾਵੇਂ ਸੰਬੰਧ ਸਥਾਪਿਤ ਹੋਏ ਅਤੇ ਲੋਕਾਂ ਨੇ ਪਹਿਲੀ ਵਾਰ ਸਦੀਆਂ ਦੀ ਗੁਲਾਮੀ ਅਤੇ ਜੁਲਮੀ ਰਾਜ ਪਿਛੋਂ ਆਜ਼ਾਦੀ ਦੇ ਆਨੰਦ ਨੂੰ ਮਾਣਿਆ। ਇਹ ਇਕ ਤਰ੍ਹਾਂ ਦਾ ਰਾਜ ਤੰਤਰ ਦਾ ਆਦਰਸ਼ ਮਾਡਲ ਵੀ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਮਾਨਵਤਾਵਾਦੀ ਬਰਾਬਰੀ ਦੇ ਅਸੂਲਾਂ ਉੱਤੇ ਹੋਂਦ ਵਿਚ ਆਇਆ ਸੀ। ਸਰਹੰਦ ਨੂੰ ਫਤਹਿ ਕਰਨ ਤੋਂ ਪਹਿਲਾਂ ਬਨੂੜ ਦੇ ਕਸਬੇ ਨੂੰ ਸਰ ਕੀਤਾ ਜਿੱਥੇ ਦਿਨ-ਦਿਹਾੜੇ ਗਊਆਂ ਤੇ ਬੈਲਾਂ ਨੂੰ ਜ਼ਿਬਾਹ ਕੀਤਾ ਜਾਂਦਾ ਸੀ।

### ਸਰਹੰਦ ਦੀ ਫਤਿਹ (12 ਮਈ 1710)

ਸਰਹੰਦ ਉੱਤੇ ਕਬਜ਼ਾ ਕਰਨ ਲਈ ਵੱਡੀ ਤੇ ਫੈਸਲਾਕੁਨ ਲੜਾਈ ਸਰਹੰਦ ਤੋਂ 20 ਕਿਲੋਮੀਟਰ ਦੂਰ ਚੱਪੜ ਚਿੜੀ ਦੇ ਸਥਾਨ ਉੱਤੇ ਹੋਈ। ਸਰਹੰਦੀ ਸੈਨਾ ਦੀ ਕਮਾਨ ਮਲੇਰਕੋਟਲਾ ਨਵਾਬ ਸ਼ੇਰ ਖਾਂ ਅਤੇ ਸੁੱਚਾ ਨੰਦ-ਸੱਜੇ ਤੇ ਖੱਬੇ ਬੰਨ੍ਹੇ ਕਰ ਰਹੇ ਸਨ ਵਿਚਕਾਰ ਵਜ਼ੀਰ ਖਾਂ ਆਪ ਲੜ ਰਿਹਾ ਸੀ। ਖਾਲਸੇ ਵੱਲ ਬਿਨੋਦ ਸਿੰਘ ਤੇ ਬਾਜ ਸਿੰਘ ਖੱਬੇ ਤੇ ਸੱਜੇ ਸਨ ਤੇ ਬੰਦਾ ਬਹਾਦਰ ਵਜੀਰ ਖਾਂ ਦਾ ਸਿੱਧਾ ਸਾਹਮਣਾ ਕਰ ਰਿਹਾ ਸੀ। ਮੁਗਲ ਸੈਨਾ ਵਲੋਂ 'ਯਾ ਅਲੀ, ਯਾ ਅਲੀ' ਦੇ ਨਾਅਰੇ ਲਾਏ ਜਾ ਰਹੇ ਸਨ। ਸੱਚਾ ਪਾਤਸ਼ਾਹ, ਫਤਹ ਦਰਸ਼ਨ ਅਤੇ ਅਕਾਲ ਅਕਾਲ ਦੇ ਨਾਅਰੇ ਖਾਲਸੇ ਵਲੋਂ ਲਾਏ ਜਾ ਰਹੇ ਸਨ। ਗਹਿ ਗੱਚ ਯੁੱਧ ਵਿਚ ਸੁੱਚਾ ਨੰਦ ਬਾਜ ਸਿੰਘ ਦਾ ਟਾਕਰਾ ਨਾ ਕਰ ਸਕਿਆ ਅਤੇ ਜੰਗ ਦੇ ਮੈਦਾਨ ਵਿਚੋਂ ਭੱਜ ਤੁਰਿਆ। ਸ਼ੇਰ ਮੁਹੰਮਦ ਬਹਾਦਰੀ ਨਾਲ ਲੜਿਆ ਪਰ ਬਿਨੋਦ ਸਿੰਘ ਦੀ ਸੈਨਾ ਵਲੋਂ ਗੋਲੀ ਨਾਲ ਮਾਰਿਆ ਗਿਆ



Sri Satguru Jagjit Singh Ji Elibrary NamdhariElibrary@gmail.com

ਇਸ ਪਿਛੋਂ ਉਸ ਦੀ ਫੌਜ ਵਿਚ ਭਾਜੜ ਪੈ ਗਈ। ਮੁਗਲਾਂ ਦੇ ਤੋਪਖਾਨੇ ਨੇ ਸਿੱਖਾਂ ਦਾ ਭਾਰੀ ਨੁਕਸਾਨ ਕੀਤਾ। ਪਰ ਛੇਤੀ ਹੀ ਵਜ਼ੀਰ ਖਾਂ ਦੇ ਦੁਆਲੇ ਘੇਰਾ ਪਾ ਲਿਆ ਗਿਆ। ਵਜ਼ੀਰ ਖਾਂ ਨੇ ਆਪਣਾ ਬਰਛਾ ਬਿਨੋਦ ਸਿੰਘ ਵੱਲ ਸਿੱਧਾ ਕੀਤਾ। ਉਸ ਨੇ ਉਹੀ ਬਰਛਾ ਫੜ ਕੇ ਵਜ਼ੀਰ ਖਾਂ ਉੱਤੇ ਮੋੜਵਾਂ ਵਾਰ ਕੀਤਾ। ਜੋ ਉਸ ਦੇ ਘੋੜੇ ਦੇ ਮੱਥੇ ਤੇ ਜਾ ਲੱਗਿਆ। ਵਜੀਰ ਖਾਂ ਨੇ ਤੀਰ ਚਲਾਇਆ ਜੋ ਬਾਜ ਸਿੰਘ ਦੀ ਬਾਂਹ ਤੇ ਵੱਜਿਆ। ਫਤਿਹ ਸਿੰਘ ਵੀ ਉਸ ਦੀ ਮਦਦ ਲਈ ਅੱਗੇ ਵਧਿਆ। ਵਜੀਰ ਖਾਂ ਦਾ ਸਿਰ ਵੱਢ ਕੇ ਬਰਛੇ ਉੱਤੇ ਟੰਗ ਕੇ ਹੌਦੇ ਉੱਤੇ ਟੰਗ ਦਿੱਤਾ ਗਿਆ। ਮੁਗਲ ਸੈਨਾ ਵਿਚ ਭੱਜਦੜ ਮਚ ਗਈ ਪਰ ਖਾਲਸੇ ਨੇ ਸਰਹੰਦ ਤੱਕ ਕੱਟ ਵੱਢ ਜਾਰੀ ਰੱਖੀ। ਰਸਤੇ ਵਿਚ ਲਹੂ ਦੀਆਂ ਨਦੀਆਂ ਵਹਿ ਤੁਰੀਆਂ। [1*]ਵਜ਼ੀਰ ਖਾਂ ਦੇ ਧੜ ਨੂੰ ਬਲਦਾਂ ਦੀ ਜੋੜੀ ਪਿਛੇ ਬੰਨ੍ਹ ਕੇ ਘਸੀਟ ਕੇ ਸਰਹਿੰਦ ਲਿਆਂਦਾ ਗਿਆ ਅਤੇ ਉਥੇ ਉਸ ਨੂੰ ਸਾੜ ਦਿੱਤਾ ਗਿਆ। ਖਾਲਸਾ ਸੈਨਾ ਨੇ ਸਤਿ ਸ੍ਰੀ ਅਕਾਲ ਦੇ ਨਾਅਰਿਆਂ ਨਾਲ ਅਕਾਸ਼ ਗੁੰਜਾ ਦਿੱਤਾ। ਇਸ ਲੜਾਈ ਵਿਚ ਵਜ਼ੀਰ ਖਾਂ ਦਾ ਪੁੱਤਰ ਤੇ ਜਵਾਈ ਵੀ ਮਾਰਿਆ ਗਿਆ।

### ਸਰਹੰਦ ਦੀ ਤਬਾਹੀ

ਖਾਲਸਾ ਸੈਨਾ ਸ਼ਾਮ ਤੱਕ ਸਰਹੰਦ ਪਹੁੰਚੀ ਤਾਂ ਮੁਗਲਾਂ ਨੇ ਸ਼ਹਿਰ ਦੇ ਦਰਵਾਜ਼ਿਆਂ ਉੱਤੇ ਤੋਪਾਂ ਬੀੜੀਆਂ ਹੋਈਆਂ ਸਨ। ਇਨ੍ਹਾਂ ਤੋਪਾਂ ਨਾਲ ਬੰਦੇ ਦੇ ਸੈਨਿਕ 500 ਦੀ ਗਿਣਤੀ ਵਿਚ ਮਾਰੇ ਗਏ। ਸਾਰੀ ਰਾਤ ਸ਼ਹਿਰ ਦੁਆਲੇ ਘੇਰਾ ਪਾਈ ਰੱਖਿਆ ਗਿਆ। ਅਗਲੇ ਦਿਨ ਸਿੰਘ ਸ਼ਹਿਰ ਦੇ ਦਰਵਾਜ਼ੇ ਤੋੜਨ ਵਿਚ ਕਾਮਯਾਬ ਹੋ ਗਏ। ਸਾਰੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਗਿਆ। ਵਜ਼ੀਰ ਖਾਂ, ਕਈ ਹੋਰ ਸਰਦਾਰਾਂ ਦੇ ਪਰਿਵਾਰ ਰਾਤੋ ਰਾਤ ਦਿੱਲੀ ਨੂੰ ਨੱਠ ਗਏ। ਸ਼ਹਿਰ ਵਿਚ ਲੁੱਟ ਮਾਰ ਤੇ ਤਬਾਹੀ ਦਾ ਦੌਰ ਸ਼ੁਰੂ ਹੋਇਆ।

[2*]ਗਿਆਨੀ ਗਿਆਨ ਸਿੰਘ ਅਨੁਸਾਰ-ਬੰਦਾ ਬਹਾਦਰ ਲੁੱਟ-ਮਾਰ ਦੀ ਆਗਿਆ ਦੇਣ ਦੇ ਹੱਕ ਵਿਚ ਨਹੀਂ ਸੀ। ਪਰ ਸਿੰਘਾਂ ਤੇ ਹੋਰ ਲੁੱਟਮਾਰ ਕਰਨ ਆਏ ਮੁਲਖਈਏ ਨੇ ਤਿੰਨ ਦਿਨਾਂ ਤੱਕ ਲੁੱਟ ਮਾਰ ਕਰਨ ਲਈ ਬੰਦਾ ਬਹਾਦਰ ਨੂੰ ਰਜ਼ਾਮੰਦ ਕਰ ਲਿਆ। ਸ਼ਹਿਰ ਦੀ ਬੁਰੀ ਤਰ੍ਹਾਂ ਤਬਾਹੀ ਕੀਤੀ ਗਈ। ਹਰ ਕਿਸੇ ਦੇ ਜਿੰਨਾਂ ਵੀ ਮਾਲ ਹੱਥ ਆਇਆ, ਉਸ ਨੇ ਕਾਬੂ ਕਰ ਲਿਆ। ਬਹੁਤ ਸਾਰਾ ਧੰਨ-ਪਦਾਰਥ ਸ਼ਾਹੀ ਖਜ਼ਾਨੇ ਅਤੇ ਹੋਰ ਥਾਵਾਂ ਤੋਂ ਬੰਦੇ ਬਹਾਦਰ ਦੇ ਹੱਥ

[1*] ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉਸਦੀ ਲਾਸ਼ ਨੂੰ ਦਰਖਤ ਨਾਲ ਟੰਗ ਕੇ ਕਾਵਾਂ ਤੇ ਇੱਲਾਂ ਦਾ ਸ਼ਿਕਾਰ ਬਣਾ ਦਿੱਤਾ ਗਿਆ ਸੀ।

[2*] ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 25



Sri Satguru Jagjit Singh Ji Elibrary NamdhariElibrary@gmail.com

ਆਇਆ ਜਿਸ ਦੀ ਗਿਣਤੀ [1*]ਡਾ. ਹਰੀ ਰਾਮ ਗੁਪਤਾ ਅਨੁਸਾਰ 2 ਕਰੋੜ ਦੇ ਕਰੀਬ ਸੀ ਜੋ ਲੋਹਗੜ੍ਹ ਪੁਚਾ ਦਿੱਤਾ ਗਿਆ। ਬਹੁਤ ਸਾਰੇ ਮੁਸਲਮਾਨ ਪਰਿਵਾਰ ਇਸ ਦੇ ਭਾਗੀ ਬਣੇ। ਕਈ ਅਹਿਲਕਾਰਾਂ ਨੇ ਸਿੰਘ ਸੱਜ ਕੇ ਆਪਣੀ ਜਾਨ ਬਚਾਈ। ਦੀਨਦਾਰ ਖਾਂ ਜੋ ਜਲਾਲ ਖਾਂ ਦੇ ਪੁੱਤਰ ਸੀ ਨੇ ਆਪਣਾ ਨਾਮ ਦੀਨਦਾਰ ਸਿੰਘ ਰੱਖ ਲਿਆ। ਸਰਹੰਦ ਦੇ ਸਰਕਾਰੀ ਖ਼ਬਰ ਨਵੀਸ਼ ਮੀਰ ਨਾਸੀਰ ਉਦ-ਦੀਨ ਨੇ ਆਪਣਾ ਨਾਮ ਬਦਲ ਕੇ ਮੀਰ ਨਾਸੀਰ ਸਿੰਘ ਰੱਖ ਲਿਆ। ਡਾ. ਹਰੀ ਰਾਮ ਗੁਪਤਾ ਅਨੁਸਾਰ ਬਾਬਾ ਬੰਦੇ ਦਾ ਸੰਮਤ 12 ਮਈ 1710 ਸਰਹੰਦ ਦੀ ਫਤਹੇ ਤੋਂ ਹੀ ਆਰੰਭ ਹੁੰਦਾ ਹੈ। ਸਰਹੰਦ ਦਾ ਸੂਬਾ ਮੁਗਲ ਸ਼ਾਸਣ ਦਾ ਵਿਸ਼ਾਲ ਪ੍ਰਾਂਤ ਸੀ ਜੋ ਸਤਲੁਜ ਤੋਂ ਜਮਨਾ ਤੱਕ ਅਤੇ ਸ਼ਿਵਾਲਿਕ ਪਰਬਤ ਲੜੀ ਤੋਂ ਲੈ ਕੇ ਦੱਖਣ ਵਿਚ ਕਰਨਾਲ, ਕੈਥਲ, ਕੁੰਜ ਪੁਰਾ ਤੱਕ ਫੈਲਿਆ ਹੋਇਆ ਸੀ। ਇਸ ਦੇ ਪਰਗਨਿਆਂ ਦੀ ਗਿਣਤੀ 28 ਸੀ। ਇਸ ਰਾਜ ਦੀ ਸਲਾਨਾ ਆਮਦਨ 52 ਲੱਖ ਸੀ।

ਬੰਦਾ ਬਹਾਦਰ ਨੇ ਸਰਹੰਦ ਨੂੰ ਫਤਹੇ ਕਰਕੇ ਇਸ ਦੇ ਰਾਜ ਪ੍ਰਬੰਧ ਵੱਲ ਧਿਆਨ ਦਿੱਤਾ। ਬਾਜ ਸਿੰਘ ਨੂੰ ਸਰਹੰਦ ਦਾ ਗਵਰਨਰ ਬਣਾਇਆ ਗਿਆ। ਅਲੀ ਸਿੰਘ ਨੂੰ ਉਸ ਦਾ ਸਹਾਇਕ ਥਾਪਿਆ ਗਿਆ। ਇਨ੍ਹਾਂ ਨੂੰ ਇਹ ਵੀ ਜ਼ਿੰਮੇਵਾਰੀ ਦਿੱਤੀ ਗਈ ਕਿ ਉਹ ਮੁਗਲਾਂ ਦੇ ਜੰਮੂ ਤੇ ਲਾਹੌਰ ਵਲੋਂ ਹਮਲੇ ਨੂੰ ਵੀ ਰੋਕਣਗੇ। ਪ੍ਰਸ਼ਾਸਕ ਵਜੋਂ ਵਲੋਂ ਫਤਹਿ ਸਿੰਘ ਕੋਲ ਸਮਾਣੇ ਦਾ ਪਹਿਲਾ ਅਧਿਕਾਰ ਹੀ ਰਿਹਾ। ਬਾਜ ਸਿੰਘ ਦੇ ਭਰਾ ਰਾਮ ਸਿੰਘ ਨੂੰ ਥਾਨੇਸਰ ਦਾ ਮੁਖੀ ਥਾਪਿਆ ਗਿਆ। ਉਸ ਨੂੰ ਮਾਲ ਦਾ ਅਧਿਕਾਰ ਤੇ ਕਰਨਾਲ ਦਾ ਪ੍ਰਬੰਧ ਵੀ ਸੌਂਪਿਆ ਗਿਆ। ਦਿੱਲੀ ਵਲੋਂ ਮੁਗਲਾਂ ਦੀ ਸੈਨਾ ਨੂੰ ਰੋਕਣ ਦਾ ਕਾਰਜ ਵੀ ਉਸ ਨੂੰ ਸੌਂਪਿਆ ਗਿਆ। ਇਸ ਸੁਤੰਤਰ ਰਾਜ ਦੀ ਰਾਜਧਾਨੀ ਲੋਹਗੜ੍ਹ ਹੀ ਸੀ, ਜਿਸ ਨੂੰ ਬੰਦੇ ਬਹਾਦਰ ਨੇ ਆਪਣਾ ਮੁੱਖ ਕੇਂਦਰ ਥਾਪਿਆ ਸੀ। ਬੰਦਾ ਬਹਾਦਰ ਦੇ ਇਕੋ ਹੁਕਮ ਨਾਲ ਸਾਰੇ ਰਾਜ ਵਿਚ ਸਦੀਆਂ ਤੋਂ ਚਲਿਆ ਆ ਰਿਹਾ ਜ਼ਿਮੀਂਦਾਰੀ ਪ੍ਰਬੰਧ ਖਤਮ ਕਰ ਦਿੱਤਾ ਗਿਆ ਅਤੇ ਕਾਸ਼ਤਕਾਰਾਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦੇ ਦਿੱਤੇ ਗਏ। ਲੁੱਟ-ਮਾਰ, ਧਾੜੇ ਤੇ ਚੋਰੀ ਚੁਕਾਰੀ ਬੀਤੇ ਦੀ ਗੱਲ ਬਣ ਗਈ। ਇਸ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਹ ਨਵੇਂ ਕ੍ਰਾਂਤੀਕਾਰੀ ਸਰੂਪ ਵਾਲਾ ਰਾਜ ਸੀ।

ਥੋੜ੍ਹੇ ਸਮੇਂ ਵਿਚ ਹੀ ਬੰਦੇ ਨੇ ਪੰਜਾਬ ਦੇ ਕਈ ਸ਼ਹਿਰਾਂ ਤੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ, ਜਿਨ੍ਹਾਂ ਵਿਚ ਮਲੇਰਕੋਟਲੇ ਤੋਂ 2 ਲੱਖ ਰੁਪਿਆ ਤਾਵਾਨ ਵਜੋਂ ਉਗਰਾਇਆ। ਮੋਰਿੰਡਾ, ਕੀਰਤਪੁਰ, ਆਨੰਦਪੁਰ, ਹੁਸ਼ਿਆਰਪੁਰ, ਜਲੰਧਰ

---
[1*] ਡਾ. ਹਰੀ ਰਾਮ ਗੁਪਤਾ,ਹਿਸਟਰੀ ਆਫ ਦ ਸਿੱਖਸ, ਭਾਗ ਦੂਜਾ, ਪੰਨਾ 14



Sri Satguru Jagjit Singh Ji Elibrary NamdhariElibrary@gmail.com

ਹੁੰਦਾ ਹੋਇਆ ਬਟਾਲੇ ਦੇ ਸੇਖ ਉਲ ਅਹਿਦ ਨੂੰ ਹਾਰ ਦਿੱਤੀ। ਕਲਾਨੌਰ ਤੇ ਹੋਰ ਸ਼ਹਿਰਾਂ ਤੇ ਵੀ ਕਬਜ਼ਾ ਕਰ ਲਿਆ। ਅੰਮ੍ਰਿਤਸਰ ਜਾ ਕੇ ਹਰਿਮੰਦਰ ਸਾਹਿਬ ਦੀ ਯਾਤਰਾ ਕੀਤੀ। ਲੋਕਾਂ ਦਾ ਮਾਲੀਆ ਮਾਫ਼ ਕਰ ਦਿੱਤਾ ਅਤੇ ਬਹੁਤ ਸਾਰੇ ਨਵੇਂ ਸਿੰਘ ਉਸ ਨਾਲ ਆ ਰਲੇ। ਲਾਹੌਰ ਉੱਤੇ ਵੀ ਧਾਵਾ ਬੋਲਿਆ ਗਿਆ। ਸ਼ਹਿਰ ਦੀ ਕਿਲ੍ਹਾ ਬੰਦੀ ਦਾ ਖਿਆਲ ਕਰਕੇ ਬਾਹਰਲੀਆਂ ਬਸਤੀਆਂ ਲੁੱਟ-ਮਾਰ ਦਾ ਸ਼ਿਕਾਰ ਹੋਈਆਂ। ਅਪਰ ਗੰਗਾ ਦੋਆਬ ਦੇ ਮੁਸਲਮਾਨਾਂ ਬਾਰੇ ਸ਼ਿਕਾਇਤਾਂ ਮਿਲਣ ਉਤੇ ਬੰਦੇ ਨੇ ਓਧਰ ਦਾ ਰੁੱਖ ਕੀਤਾ ਅਤੇ ਉਸ ਇਲਾਕੇ ਨੂੰ ਸੋਧਿਆ। ਇਸ ਤਰ੍ਹਾਂ ਬੰਦੇ ਬਹਾਦਰ ਦੀ ਹਕੂਮਤ ਰਾਵੀ ਤੋਂ ਗੰਗਾ ਅਤੇ ਲਾਹੌਰ ਤੋਂ ਲੈ ਕੇ ਪਾਨੀਪਤ ਤੱਕ ਸਥਾਪਿਤ ਹੋ ਗਈ।

### ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੀ ਚਿੰਤਾ

ਬਹਾਦਰ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਅਨੁਸਾਰ ਬੰਦਾ ਬਹਾਦਰ ਦੀਆਂ ਕਾਰਵਾਈਆਂ ਬਾਰੇ ਪਹਿਲਾਂ ਹੀ ਚਿੰਤਾਤੁਰ ਸੀ। ਹੁਣ ਉਸ ਨੇ ਕਾਮ ਬਖਸ਼ ਨੂੰ ਹਰਾ ਕੇ ਰਾਜਸਥਾਨ ਦੇ ਰਾਜਪੂਤਾਂ ਦੀ ਬਗਾਵਤ ਨੂੰ ਦਬਾ ਕੇ ਪੰਜਾਬ ਉੱਤੇ ਦੁਬਾਰਾ ਅਧਿਕਾਰ ਕਰਨ ਦੀ ਵਿਉਂਤ ਬਣਾਈ। ਦਿੱਲੀ ਤੋਂ ਵੱਡੀ ਗਿਣਤੀ ਵਿਚ ਮੁਗਲ ਸੈਨਾ ਨੂੰ ਲੈ ਕੇ ਜੰਮੂ ਤੇ ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਭੇਜੇ ਗਏ ਕਿ ਉਹ ਬੰਦੇ ਦੀ ਬਗਾਵਤ ਨੂੰ ਦਬਾਉਣ ਲਈ ਇਕੱਠੇ ਹੋਣ। ਇਸ ਦੌਰਾਨ ਮੁਗਲ ਸੈਨਾ ਦੇ ਬਹੁਤ ਸਾਰੇ ਸਿੰਘਾਂ ਨਾਲ ਮੁਕਾਬਲੇ ਹੋਏ। ਜਿਸ ਵਿਚ ਬਹੁਤ ਸਾਰੇ ਸਿੰਘ ਸੈਨਿਕ ਮਾਰੇ ਗਏ। ਦਹਿਸ਼ਤ ਫੈਲਾਉਣ ਲਈ ਉਨ੍ਹਾਂ ਦੇ ਕੱਟੇ ਹੋਏ ਸਿਰ ਦਰਖ਼ਤਾਂ ਉੱਤੇ ਟੰਗ ਦਿੱਤੇ ਗਏ। ਸਿੰਘਾਂ ਦੇ ਸਿਰ ਵੱਢ ਕੇ ਗੱਡਿਆਂ ਉੱਤੇ ਧਰ ਕੇ ਬਾਦਸ਼ਾਹ ਅੱਗੇ ਪੇਸ਼ ਕੀਤੇ ਜਾਂਦੇ। ਬਾਦਸ਼ਾਹ ਵਲੋਂ ਬਹੁਤ ਸਾਰੇ ਇਨਾਮ ਦਿੱਤੇ ਜਾਂਦੇ ਸਨ।

1*ਫਿਰੋਜ ਖਾਨ ਮੇਵਾਤੀ ਦਾ ਮੁਕਾਬਲਾ ਬਿਨੋਦ ਸਿੰਘ ਨਾਲ ਆਮੀਨ ਵਿਖੇ ਹੋਇਆ। ਉਸਨੇ 300 ਸਿੱਖਾਂ ਦੇ ਸਿਰ ਬਾਦਸ਼ਾਹ ਅੱਗੇ ਪੇਸ਼ ਕੀਤੇ। ਬਾਦਸ਼ਾਹ ਨੇ ਉਸਨੂੰ ਇਕ ਲੱਖ ਰੁਪਏ ਇਨਾਮ ਦਿੱਤਾ ਅਤੇ ਜੈਨ-ਉਦ-ਦੀਨ ਦੀ ਥਾਂ ਤੇ ਉਸਨੂੰ ਸਰਹਿੰਦ ਦਾ ਗਵਰਨਰ ਥਾਪਿਆ।

### ਲੋਹਗੜ੍ਹ ਦਾ ਘੇਰਾ

ਬਹਾਦਰ ਸ਼ਾਹ ਨੇ ਲੋਹਗੜ੍ਹ ਦੇ ਕਿਲ੍ਹੇ ਨੂੰ ਘੇਰਾ ਪਾਉਣ ਲਈ ਰੁਸਤਮ ਦਿਲ ਖਾਂ ਨੂੰ 60,000 ਦੀ ਫੌਜ ਦੇ ਕੇ ਲੋਹਗੜ੍ਹ ਨੂੰ ਸਰ ਕਰਨ ਲਈ ਭੇਜਿਆ। ਇਹ ਕਿਲ੍ਹਾ ਉੱਚੀ ਪਹਾੜੀ ਉੱਤੇ ਸੀ। ਜਿਸ ਦੇ ਆਲੇ ਦੁਆਲੇ ਸੰਘਣੇ ਜੰਗਲ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਭਾਗ ਦੂਜਾ, ਪੰਨਾ 17



Sri Satguru Jagjit Singh Ji Elibrary NamdhariElibrary@gmail.com

ਸਨ। ਸੋਮ ਨਦੀ ਤੋਂ ਚਾਰ ਕਿਲੋਮੀਟਰ ਦੀ ਦੂਰੀ ਉੱਤੇ ਸੀ। ਇੱਥੇ ਰਾਤ ਨੂੰ ਜੰਗਲ ਦੀਆਂ ਡਰਾਉਣੀਆਂ ਆਵਾਜ਼ਾਂ ਆਉਂਦੀਆਂ ਸਨ। ਮੁਗਲਾਂ ਨੂੰ ਇਹ ਵੀ ਭਰਮ ਸੀ ਕਿ ਬੰਦੇ ਦੇ ਵੱਸ ਵਿਚ ਕਈ ਕਰਾਮਾਤੀ ਸ਼ਕਤੀਆਂ ਅਤੇ ਬੀਰ ਹਨ। ਸਿਆਲ ਦੀਆਂ ਠਰ੍ਹੀਆਂ ਰਾਤਾਂ ਵਿਚ ਇਹ ਘੇਰਾ ਪਾਇਆ ਗਿਆ। ਬੰਦਾ ਬਹਾਦਰ ਵਲੋਂ ਸਖ਼ਤ ਮੁਕਾਬਲਾ ਕਈ ਮਹੀਨੇ ਚਲਦਾ ਰਿਹਾ। ਲੋਹਗੜ੍ਹ ਦੇ ਕਿਲ੍ਹੇ ਵਿਚ ਥੋੜੀ ਗਿਣਤੀ ਵਿਚ ਹੀ ਸੈਨਾ ਸਮਾ ਸਕਦੀ ਸੀ ਅਤੇ ਰਸਦ-ਪਾਣੀ ਆਦਿ ਵੀ ਥੋੜ੍ਹੇ ਸਮੇਂ ਲਈ ਹੀ ਚਲ ਸਕਦਾ ਸੀ। ਕਈ ਮਹੀਨੇ ਟਾਕਰਾ ਕਰਨ ਪਿਛੋਂ ਬੰਦਾ ਬਹਾਦਰ ਤਾਂ ਕਿਸੇ ਗੁਪਤ ਰਸਤੇ ਰਾਹੀਂ ਕਿਲ੍ਹੇ ਵਿਚੋਂ ਨਿਕਲ ਗਿਆ ਅਤੇ ਆਪਣੀ ਥਾਂ ਤੇ ਆਪਣੀ ਸ਼ਕਲ ਸੂਰਤ ਵਰਗੇ ਕਿਸੇ ਹੋਰ ਵਿਅਕਤੀ ਨੂੰ ਬਿਠਾ ਗਿਆ। ਮੁਗਲ ਸੈਨਾ ਨੇ ਕਿਲ੍ਹੇ ਦੇ ਅੰਦਰ ਜਾ ਕੇ ਰਹਿੰਦੇ ਸਿੰਘਾਂ ਨੂੰ ਕਾਬੂ ਕਰ ਲਿਆ। ਮੁਗਲ ਸੈਨਾ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਕਿ ਬੰਦੇ ਬਹਾਦਰ ਨੂੰ ਜਿਉਂਦਿਆਂ ਹੀ ਫੜ ਲਿਆ ਗਿਆ ਹੈ। [1*]ਇਹ ਘਟਨਾ 11 ਦਸੰਬਰ 1710 ਦੀ ਹੈ। ਗੁਲਾਬ ਸਿੰਘ ਤੇ ਉਸ ਦੇ ਸਾਥੀ ਵੀ ਅੱਗੋਂ ਮੁਕਾਬਲਾ ਕਰਦੇ ਰਹੇ। [2*]12 ਦਸੰਬਰ 1710 ਨੂੰ ਸ਼ਾਹੀ ਦਰਬਾਰ ਕੀਤਾ ਗਿਆ। ਬਹੁਤ ਸਾਰੇ ਸੈਨਿਕ ਮੁਖੀਆਂ ਨੂੰ ਨਗਦ ਇਨਾਮ ਤੇ ਖ਼ਿਤਾਬ ਪ੍ਰਦਾਨ ਕੀਤੇ ਗਏ। ਪਰ ਜਦੋਂ ਉਸ ਦਿਨ ਸ਼ਾਮ ਨੂੰ ਇਹ ਪਤਾ ਲੱਗਾ ਕਿ ਬੰਦਾ ਲੋਹਗੜ੍ਹ ਤੋਂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਿਆ ਹੈ, ਉਸ ਦੀ ਥਾਂ ਗੁਲਾਬ ਸਿੰਘ ਨੂੰ ਫੜ ਕੇ ਲਿਆਂਦਾ ਗਿਆ ਹੈ ਤਾਂ ਉਨ੍ਹਾਂ ਨੂੰ ਬਹੁਤ ਨਿਰਾਸਤਾ ਹੋਈ। ਡਾ. ਹਰੀ ਰਾਮ ਗੁਪਤਾ ਨੇ ਖ਼ਾਫ਼ੀ ਖਾਨ ਦੇ ਹਵਾਲੇ ਨਾਲ ਲਿਖਿਆ ਹੈ। "ਬਾਜ ਤਾਂ ਉਡ ਗਿਆ ਹੈ ਤੇ ਉਸ ਦੀ ਥਾਂ ਉਲੂ ਫੜਿਆ ਗਿਆ ਹੈ।"

ਅਗਲੇ ਦਿਨ ਇਕ ਫ਼ੌਜੀ ਦਸਤਾ ਰਾਜਾ ਨਾਹਨ ਦੇ ਭਰਾ ਬਾਰਫੀ ਭੇਜਿਆ ਗਿਆ ਤਾਂ ਜੋ ਰਾਜਾ ਨਾਹਨ ਦੇ ਭਰਾ ਭੂਪ ਪ੍ਰਕਾਸ਼ ਨੂੰ ਜਿਸ ਨੂੰ ਔਰੰਗਜ਼ੇਬ ਨੇ ਇਸਲਾਮ ਕਬੂਲ ਕਰਨ ਉੱਤੇ ਰਾਜ ਗੱਦੀ ਦੇਣ ਦਾ ਭਰੋਸਾ ਦਿੱਤਾ ਸੀ, ਨੂੰ ਪਕੜ ਕੇ ਲਿਆਂਦਾ ਜਾਵੇ। ਭੂਪ ਪ੍ਰਕਾਸ਼ ਤੇ ਗੁਲਾਬ ਸਿੰਘ ਨੂੰ ਲੋਹੇ ਦੇ ਪਿੰਜਰਿਆਂ ਵਿਚ ਬੰਦ ਕਰਕੇ ਦਿੱਲੀ ਭੇਜਿਆ ਗਿਆ ਤੇ ਪਿਛੋਂ ਉਨ੍ਹਾਂ ਨੂੰ 30 ਸਾਥੀਆਂ ਸਮੇਤ ਕਤਲ ਕਰ ਦਿੱਤਾ ਗਿਆ। ਬੰਦਾ ਬਹਾਦਰ ਦੇ ਦਬਦਬੇ ਦਾ ਥੋੜਾ ਮਾਂਦਾ ਪੈ ਜਾਣ ਨਾਲ ਸ਼ਾਹੀ ਜ਼ਬਰ ਇਥੋਂ ਤਕ ਵੱਧ ਗਿਆ ਕਿ ਸਰਹੰਦ ਦੇ ਗਵਰਨਰ ਨੇ ਸਿੰਘਾਂ ਦੇ ਸਿਰ ਵੱਢ ਕੇ 6 ਗੱਡੇ ਭਰ ਕੇ ਬਾਦਸ਼ਾਹ ਅੱਗੇ ਪੇਸ਼ ਕੀਤੇ।

ਬੰਦਾ ਬਹਾਦਰ ਪਹਾੜੀ ਰਾਜਾਂ ਵੱਲ ਚਲਿਆ ਗਿਆ ਚੰਬੇ ਦੇ ਰਾਜੇ ਉਦੈ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 20

[2*] ਉਪਰੋਕਤ, ਪੰਨਾ 21



Sri Satguru Jagjit Singh Ji Elibrary NamdhariElibrary@gmail com

ਸਿੰਘ ਨੇ ਆਪਣੀ ਖੂਬਸੂਰਤ ਸਹਿਜ਼ਾਦੀ ਦਾ ਵਿਆਹ ਬੰਦੇ ਨਾਲ ਕਰ ਦਿੱਤਾ। 1*ਬੰਦਾ ਆਪਣੀ ਸੈਨਾ ਨਾਲ ਪਹਾੜੀ ਰਿਆਸਤਾਂ ਵਿਚੋਂ ਹੁੰਦਾ ਹੋਇਆ ਕੀਰਤਪੁਰ ਆ ਗਿਆ, ਜਿੱਥੇ ਪੁੱਜ ਕੇ ਉਸ ਨੇ 2 ਦਸੰਬਰ 1710 ਹੁਕਮਨਾਮੇ ਬਹੁਤ ਸਾਰੇ ਸਥਾਨਾਂ ਦੀਆਂ ਸਿੱਖ ਸੰਗਤਾਂ ਨੂੰ ਲਿਖ ਭੇਜੇ, ਜਿਸ ਵਿਚ ਗੁਰੂ ਜੀ ਦੇ ਆਦਰਸ਼ਾਂ ਦੀ ਪ੍ਰਾਪਤੀ ਲਈ ਸੰਗਰਾਮ ਕਰਨ ਤੇ ਜੂਝ ਮਰਨ ਦੀ ਪ੍ਰੇਰਨਾ ਦਿੱਤੀ ਗਈ ਸੀ। ਇਸ ਵਿਚ ਸਭ ਨੂੰ ਅਨੰਦਪੁਰ ਵਿਖੇ ਇਕੱਤਰ ਹੋਣ ਲਈ ਕਿਹਾ ਗਿਆ ਸੀ। ਉੱਤਰ ਪ੍ਰਦੇਸ਼ ਦੀ ਜੌਨਪੁਰ ਸਿੱਖ ਸੰਗਤ ਨੂੰ ਲਿਖੇ ਗਏ ਇਕ ਪੱਤਰ ਦਾ ਅਨੁਵਾਦ ਇੱਥੇ ਦਿੱਤਾ ਜਾਂਦਾ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਇਹ ਹੁਕਮਨਾਮਾ ਸੱਚੇ ਸਾਹਿਬ ਵੱਲੋਂ ਜੌਨਪੁਰ ਦੇ ਸਾਰੇ ਖਾਲਸੇ ਨੂੰ ਭੇਜਿਆ ਜਾਂਦਾ ਹੈ। ਗੁਰੂ ਤੁਹਾਡੀ ਰੱਛਿਆ ਕਰੇਗਾ। ਗੁਰੂ ਦੇ ਨਾਮ ਨੂੰ ਜਪੋ। ਤੁਹਾਡਾ ਜੀਵਨ ਸਕਾਰਥ ਹੋਵੇਗਾ। ਤੁਸੀਂ ਅਬਿਨਾਸੀ ਅਕਾਲ ਪੁਰਖ ਦਾ ਖਾਲਸਾ ਹੋ। ਇਸ ਪੱਤਰ ਨੂੰ ਵੇਖ ਕੇ ਤੁਸੀਂ ਪੰਜ ਸ਼ਸਤਰ ਧਾਰਨ ਕਰਕੇ ਤਿਆਰ-ਬਰ-ਤਿਆਰ ਹੋ ਜਾਓ। ਖਾਲਸੇ ਲਈ ਜੋ ਰਹਿਤ ਦੱਸੀ ਗਈ ਹੈ, ਉਸ ਨੂੰ ਧਾਰਨ ਕਰੋ। ਭੰਗ, ਤੰਬਾਕੂ, ਪੋਸਤ, ਸ਼ਰਾਬ ਅਤੇ ਹੋਰ ਕਿਸੇ ਵੀ ਨਸ਼ੇ ਦੀ ਵਰਤੋਂ ਨਾ ਕਰੋ।.... ਚੋਰੀ ਯਾਰੀ ਨਾ ਕਰੋ। ਅਸੀਂ ਸਵਰਨ ਯੁੱਗ (ਸਤਿਜੁਗ) ਲੈ ਆਂਦਾ ਹੈ। ਇਕ ਦੂਜੇ ਨੂੰ ਪ੍ਰੇਮ ਕਰੋ। ਇਹੋ ਮੇਰੀ ਮਨਸ਼ਾ ਹੈ। ਜੋ ਖਾਲਸੇ ਦੀ ਰਹਿਤ ਧਾਰਨ ਕਰੇਗਾ ਉਸ ਦੀ ਗੁਰੂ ਰੱਛਾ ਕਰੇਗਾ। ਪੋਹ 2*12 ਸੰਮਤ।"

ਬਹਾਦਰ ਸ਼ਾਹ 28 ਫਰਵਰੀ 1712 ਨੂੰ ਲਾਹੌਰ ਵਿਖੇ ਕਾਲਵਾਸ ਹੋ ਗਿਆ। ਉਸ ਦੀ ਥਾਂ ਉਸ ਦਾ ਪੁੱਤਰ ਜਹਾਂਦਾਰ ਸ਼ਾਹ ਗੱਦੀ ਤੇ ਬੈਠਾ ਪਰ ਛੇਤੀ ਹੀ ਉਸ ਦੇ ਪੋਤਰੇ ਆਜਿਮ ਉਸ ਸ਼ਾਨ ਜੋ ਬਹਾਦਰ ਸ਼ਾਹ ਦੇ ਤੀਜੇ ਪੁੱਤਰ ਆਜ਼ਿਮ ਆਲ-ਸ਼ਾਨ ਦਾ ਲੜਕਾ ਸੀ, ਨੇ ਉਸ ਨੂੰ ਕਤਲ ਕਰਕੇ 11 ਫਰਵਰੀ 1713 ਨੂੰ ਫ਼ਰਖ਼ਸੀਅਰ ਨਾਂ ਮੁਗਲ ਸਲਤਨਤ ਦਾ ਬਾਦਸ਼ਾਹ ਬਣ ਗਿਆ। ਉਸ ਨੇ 1713 ਤੋਂ 1719 ਦੇ ਆਪਣੇ ਰਾਜ ਕਾਲ ਵਿਚ ਪੰਜਾਬ ਵਿਚ ਸਿੱਖ ਬਗਾਵਤ ਨੂੰ ਕੁਚਲਣ ਲਈ ਸਖ਼ਤ ਕਦਮ ਉਠਾਏ। 22 ਫਰਵਰੀ 1713 ਨੂੰ ਉਸ ਨੇ ਅਬਦੁਸ ਸਮਦ ਖਾਂ ਨੂੰ ਲਾਹੌਰ ਦਾ ਗਵਰਨਰ ਅਤੇ ਆਪਣੇ ਛੋਟੇ ਪੁੱਤਰ ਜ਼ਕਰੀਆ ਖਾਂ ਨੂੰ ਜੰਮੂ ਦਾ ਫੌਜਦਾਰ ਬਣਾਇਆ। ਜਬਰਦਸਤ ਖਾਂ ਨੂੰ ਕਸ਼ਮੀਰ ਅਤੇ ਜੈਨ-ਉਦ-ਦੀਨ ਖਾਂ ਨੂੰ ਸਰਹਿੰਦ ਦਾ ਗਵਰਨਰ ਬਣਾਇਆ। ਇਨ੍ਹਾਂ ਸਭਨਾਂ ਨੂੰ ਹੁਕਮ ਜਾਰੀ ਕੀਤੇ ਗਏ ਕਿ ਸਿੱਖਾਂ ਦੀ ਬਗਾਵਤ ਨੂੰ ਪੂਰੀ ਸ਼ਕਤੀ ਨਾਲ ਦਬਾ ਦਿੱਤਾ ਜਾਵੇ।

---

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 21

2* ਬੰਦੇ ਦੇ ਸੰਮਤ ਵੱਲ ਸੰਕੇਤ ਹੈ। ਜੋ 12 ਮਈ 1710 ਨੂੰ ਸਰਹੰਦ ਦੀ ਫਤਹੇ ਤੋਂ ਆਰੰਭ ਹੁੰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਬੰਦੇ ਬਹਾਦਰ ਨਾਲ ਸਢੌਰੇ, ਰੋਪੜ ਅਤੇ ਕਈ ਹੋਰ ਥਾਵਾਂ ਤੇ ਸ਼ਾਹੀ ਸੈਨਾ ਨਾਲ ਟਾਕਰੇ ਹੋਏ। ਮੁਗਲ ਹਾਕਮਾਂ ਨੇ ਮਾਤਾ ਸੁੰਦਰੀ ਰਾਹੀਂ ਯਤਨ ਕੀਤਾ ਕਿ ਬੰਦਾ ਬਹਾਦਰ ਨੂੰ ਜਗੀਰ ਦੇ ਕੇ ਉਸ ਤੋਂ ਕਿਸੇ ਨਾ ਕਿਸੇ ਤਰ੍ਹਾਂ ਖਹਿੜਾ ਛੁਡਾਇਆ ਜਾਵੇ ਪਰ ਬੰਦੇ ਬਹਾਦਰ ਨੂੰ ਇਹ ਸ਼ਰਤਾਂ ਪ੍ਰਵਾਨ ਨਹੀਂ ਸਨ। ਉਸ ਉੱਤੇ ਦੋਸ਼ ਇਹ ਲਾਇਆ ਗਿਆ ਕਿ ਉਸ ਨੇ ਗੁਰੂ ਜੀ ਦੇ ਹੁਕਮਾਂ ਦੀ ਅਵੱਗਿਆ ਕਰਕੇ ਵਿਆਹ ਕਰਵਾ ਲਿਆ ਹੈ ਅਤੇ ਵਾਹਿਗੁਰੂ ਜੀ ਕੀ ਫਤਹਿ ਦੀ ਥਾਂ ਫਤਹਿ ਦਰਸ਼ਨ ਕਹਿੰਦਾ ਹੈ ਅਤੇ ਸਿੰਘਾਂ ਉੱਤੇ ਗੁਰੂ ਬਣ ਕੇ ਹਕੂਮਤ ਕਰਨਾ ਚਾਹੁੰਦਾ ਹੈ। ਇਸ ਕਾਰਨ ਖਾਲਸਾ ਦੋ ਧੜਿਆਂ ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚ ਵੰਡਿਆ ਗਿਆ। ਤੱਤ ਖਾਲਸੇ ਦਾ ਆਗੂ ਬਿਨੋਦ ਸਿੰਘ ਸੀ ਜਿਸ ਕੋਲ 15 ਹਜ਼ਾਰ ਦੀ ਸੈਨਾ ਸੀ। ਇਨ੍ਹਾਂ ਨੇ ਮੁਗਲਾਂ ਦੀ ਅਧੀਨਗੀ ਪ੍ਰਵਾਨ ਕਰ ਲਈ। ਲਾਹੌਰ ਦੇ ਗਵਰਨਰ ਕੋਲ ਮੁਲਾਜ਼ਮ ਹੋ ਗਏ। [1*]ਘੋੜ ਸਵਾਰ ਨੂੰ 90 ਰੁਪਏ, ਪੈਦਲ ਸੈਨਿਕ ਨੂੰ 15 ਰੁਪਏ ਅਤੇ ਸਰਦਾਰ ਨੂੰ 150 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਣ ਲੱਗੀ। ਅੰਮ੍ਰਿਤਸਰ ਵਿਚ ਨਿਵਾਸ ਰੱਖਣ ਵਾਲੇ ਸਿੰਘਾਂ ਨੂੰ ਹਰ ਮਹੀਨੇ 5,000 ਰੁਪਏ ਮਿਲਦੇ ਸਨ। ਝਬਾਲ ਦੇ ਪਰਗਣੇ ਨੂੰ ਖਾਣੇ-ਦਾਣੇ, ਰਸਦ ਤੇ ਘੋੜਿਆਂ ਦੇ ਚਾਰੇ ਲਈ ਦਿੱਤਾ ਗਿਆ।

ਨਵੰਬਰ 1714 ਦਾ ਦੀਵਾਲੀ ਦਾ ਪੂਰਬ ਬੜਾ ਅਮਨ ਅਮਾਨ ਨਾਲ ਬੀਤਿਆ ਪਰ ਬੰਦੇ ਬਹਾਦਰ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। ਲਾਹੌਰ ਦੀ ਜੰਗ ਵਿਚ ਬਿਨੋਦ ਸਿੰਘ ਦਾ ਪੁੱਤਰ ਮੀਰੀ ਸਿੰਘ ਸ਼ਤਰੂ ਦੀ ਸੈਨਾ ਵਲੋਂ ਲੜ ਰਿਹਾ ਸੀ, ਬੰਦੇ ਨੂੰ ਇਸ ਨਾਲ ਬੜਾ ਦੁੱਖ ਹੋਇਆ। ਫਿਰ ਚੂਣੀਆਂ ਵਿਖੇ ਸਖਤ ਲੜਾਈ ਹੋਈ। ਭਨਾ ਦੇ ਕੰਢੇ ਜ਼ਕਰੀਆਂ ਖਾਂ ਦੀ ਸੈਨਾ ਨਾਲ ਯੁੱਧ ਹੋਇਆ।

ਫ਼ਰਖ਼ਸੀਅਰ ਨੇ ਦਸੰਬਰ 1715 ਨੂੰ ਦਿੱਲੀ ਤੋਂ ਕਮਰ-ਉਦ-ਦੀਨ ਦੀ ਕਮਾਨ ਹੇਠ 20,000 ਦਾ ਲਸ਼ਕਰ ਬੰਦੇ ਨੂੰ ਜਿਉਂਦਾ ਫੜਨ ਲਈ ਭੇਜਿਆ ਅਤੇ 5,000 ਦੀ ਸੈਨਾ ਸਰਹਿੰਦ ਤੋਂ ਭੇਜੀ ਗਈ। ਅਬਦੁਸ ਸਮਦ ਖਾਂ ਅਤੇ ਜ਼ਕਰੀਆ ਖਾਨ ਨੂੰ ਵੀ ਇਸ ਮੁਹਿੰਮ ਵਿਚ ਸ਼ਾਮਲ ਹੋਣ ਲਈ ਹੁਕਮ ਕੀਤੇ ਗਏ। ਬੰਦਾ ਬਹਾਦਰ ਨੇ ਗੁਰਦਾਸਪੁਰ ਵਿਖੇ ਇਕ ਵੱਡੇ ਕਿਲ੍ਹੇ ਦੀ ਉਸਾਰੀ ਕੀਤੀ, ਜਿਸ ਵਿਚ 60,000 ਫੌਜ ਦੇ ਰਹਿਣ ਦਾ ਪ੍ਰਬੰਧ ਸੀ। ਪਰ ਬੰਦੇ ਦੀ ਸੈਨਾ ਇਸ ਵਿਚ ਪ੍ਰਵੇਸ਼ ਨਾ ਕਰ ਸਕੀ। ਉਸ ਨੂੰ ਗੁਰਦਾਸਪੁਰ ਤੋਂ 6 ਕਿਲੋਮੀਟਰ ਦੂਰ ਗੁਰਦਾਸ ਨੰਗਲ ਵਿਖੇ ਦੁਨੀ ਚੰਦ ਦੀ ਹਵੇਲੀ ਵਿਚ 1250 ਸੈਨਿਕਾਂ ਸਮੇਤ ਮੋਰਚਾਬੰਦੀ ਕਰਨੀ ਪਈ। ਇਨ੍ਹਾਂ ਲੜਾਈਆਂ ਵਿਚ ਕਈ ਸਿੱਖ ਯੋਧੇ ਮਾਰੇ ਗਏ। ਅਪ੍ਰੈਲ 1715 ਨੂੰ ਬੰਦੇ ਨੇ ਗੜੀ ਦੇ ਦੁਆਲੇ ਕਈ ਫੁੱਟ ਚੌੜੀ ਖਾਈ ਪੁਟਵਾ ਕੇ ਉਸ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 26



Sri Satguru Jagjit Singh Ji Elibrary NamdhariElibrary@gmail.com

ਵਿਚ ਪਾਣੀ ਭਰਵਾ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਮੁਗਲ ਸੈਨਾ ਨੇ ਗੜ੍ਹੀ ਦੇ ਦੁਆਲੇ ਘੇਰਾ ਪਾ ਲਿਆ। ਜਿਸ ਵਿਚ ਕਮਰ-ਉਦ-ਦੀਨ, ਅਬਦੁਸ ਸਮਦ ਖਾਂ, ਜ਼ਕਰੀਆ ਖਾਨ ਦੀ ਸੈਨਾ ਕਈ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਸੀ। ਇਹ ਸਾਰੇ ਆਪਸ ਵਿਚ ਨੇੜੇ ਦੇ ਰਿਸ਼ਤੇਦਾਰ ਵੀ ਸਨ। ਡਾ. ਹਰੀ ਰਾਮ ਗੁਪਤਾ ਅਨੁਸਾਰ ਇਹ ਇਕ ਤਰ੍ਹਾਂ ਦੀ ਤੁਰਾਨੀ ਪਾਰਟੀ ਦੀ ਮੁਹਿੰਮ ਹੀ ਬਣ ਗਈ ਸੀ। ਇਹ ਘੇਰਾ 8 ਮਹੀਨੇ ਤੱਕ ਜਾਰੀ ਰਿਹਾ। ਬੰਦੇ ਵਲੋਂ ਸਿੰਘਾਂ ਦੇ ਜੱਥੇ ਥੋੜੀ ਥੋੜੀ ਗਿਣਤੀ ਵਿਚ ਬਾਹਰ ਆਉਂਦੇ ਤੇ ਲੜਾਈ ਕਰਕੇ ਖਾਣਾ-ਦਾਣਾ ਹਵੇਲੀ ਵਿਚ ਲੈ ਜਾਂਦੇ। ਸਖ਼ਤ ਸਰਦੀ ਦੀ ਰੁੱਤ ਵਿਚ ਵੀ ਇਹ ਘੇਰਾ ਜਾਰੀ ਰਿਹਾ। ਮੁਗਲ ਸੈਨਾ ਲਈ ਵੀ ਇਹ ਬੜੀ ਕਰੜੀ ਪ੍ਰੀਖਿਆ ਦੀ ਘੜੀ ਸੀ। ਕਈ ਵਾਰ ਤਾਂ ਮੁਗਲ ਸੈਨਾ ਸੋਚਦੀ ਸੀ ਕਿ ਰੱਬ ਕਰੇ ਬੰਦਾ ਇਥੋਂ ਸੁਰੱਖਿਅਤ ਨਿਕਲ ਜਾਵੇ।

ਹਵੇਲੀ ਦੇ ਅੰਦਰ ਰਸਦ ਮੁਕ ਗਈ ਸੀ। ਸਿੰਘਾਂ ਨੇ ਜਾਨਵਰਾਂ ਨੂੰ ਅਤੇ ਦਰੱਖਤਾਂ ਦੀਆਂ ਛਿੱਲਾਂ ਨੂੰ ਇਥੋਂ ਤਕ ਕੇ ਹੱਡੀਆਂ ਨੂੰ ਪੀਸ ਕੇ ਅਤੇ ਖਾ ਕੇ ਗੁਜ਼ਾਰਾ ਕੀਤਾ। ਬਹੁਤ ਸਾਰੇ ਸਿੱਖ ਭੁੱਖ ਦੇ ਦੁਖੋਂ ਮਾਰੇ ਗਏ ਅਤੇ ਬਾਕੀ ਕੇਵਲ ਹੱਡੀਆਂ ਦੇ ਪਿੰਜਰ ਹੀ ਰਹਿ ਗਏ।

[1*]7 ਦਸੰਬਰ 1715 ਨੂੰ ਮੁਗਲ ਸੈਨਾ ਗੜ੍ਹੀ ਦੇ ਅੰਦਰ ਦਾਖਲ ਹੋ ਗਈ। 300 ਆਦਮੀ ਜੋ ਮਰਨਾਊ ਹਾਲਤ ਵਿਚ ਸਨ, ਦੇ ਸਿਰ ਕਤਲ ਕਰ ਦਿੱਤੇ ਗਏ, ਉਨ੍ਹਾਂ ਦੇ ਸਰੀਰਾਂ ਨੂੰ ਚੋਫਾੜ ਕੀਤਾ ਗਿਆ ਕਿਉਂ ਜੋ ਉਨ੍ਹਾਂ ਦਾ ਖਿਆਲ ਸੀ ਕਿ ਇਨ੍ਹਾਂ ਨੇ ਸੋਨੇ ਦੀਆਂ ਮੋਹਰਾਂ ਖਾਧੀਆਂ ਹਨ। ਬੰਦੇ ਨੂੰ 740 ਸਿੰਘਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਅਜਿਹੇ ਬਿਖੜੇ ਸਮੇਂ ਮਾਤਾਵਾਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾ ਜੀ ਨੂੰ ਵੀ ਕੁਝ ਮਹੀਨਿਆਂ ਲਈ ਦਿੱਲੀ ਛੱਡਣ ਲਈ ਮਜ਼ਬੂਰ ਹੋਣਾ ਪਿਆ ਸੀ ਅਤੇ ਮਥੁਰਾ ਦੇ ਰਾਜੇ ਕੋਲ ਪਨਾਹ ਲੈਣੀ ਪਈ ਸੀ।

ਭਾਵੇਂ ਬੰਦਾ ਬਹਾਦਰ ਦੇ ਮੁਗਲਾਂ ਵਿਰੁੱਧ ਸੰਗਰਾਮ ਨੂੰ ਗੁਰਦਾਸ ਨੰਗਲ ਦੇ ਸੰਗਰਾਮ ਨਾਲ ਮੁੰਦਾਵਣੀ ਲੱਗ ਗਈ ਸੀ ਪਰ ਜਿਸ ਪਹਿਲੇ ਸੁਤੰਤਰ ਸਿੱਖ ਰਿਆਸਤ ਨੂੰ ਕਾਇਮ ਕਰਕੇ ਉਸ ਨੇ ਜੋ ਕ੍ਰਾਂਤੀਕਾਰੀ ਕਦਮ ਚੁੱਕੇ ਸਨ। ਉਹ ਸਦਾ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਲਿਖਣਯੋਗ ਹਨ। ਗੁਰਦਾਸ ਨੰਗਲ

---

[1*] ਹਰੀ ਰਾਮ ਗੁਪਤਾ ਅਨੁਸਾਰ ਕਿਰਪਾਨਾਂ 1000, ਢਾਲਾਂ 278, ਛੋਟੀਆਂ ਕਿਰਪਾਨਾਂ 217, ਬੰਦੂਕਾਂ 180, ਕਮਾਨ ਤੇ ਤੀਰਾਂ ਦੇ ਭੱਥੇ 173, ਖੰਜਰ 114, ਰੁਪਏ 600/-, ਸੋਨੇ ਦੀਆਂ ਮੋਹਰਾਂ 23, ਕੁਝ ਸੋਨੇ ਦੇ ਗਹਿਣੇ।

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 29



Sri Satguru Jagjit Singh Ji Elibrary NamdhariElibrary@gmail.com

ਦੇ ਘੇਰੇ ਅਤੇ ਬੰਦਾ ਬਹਾਦਰ ਵਲੋਂ ਅੱਠ ਮਹੀਨੇ ਤਕ ਜਾਰੀ ਰੱਖੇ ਗਏ ਇਸ ਅਦੁੱਤੀ ਸੰਗਰਾਮ ਬਾਰੇ ਡਾ. ਹਰੀ ਰਾਮ ਗੁਪਤਾ ਦਾ ਇਹ ਕਥਨ ਵਰਣਨ ਯੋਗ ਹੈ :

"ਇਸ ਫ਼ਕੀਰਾਨਾ ਅੰਦਾਜ਼ ਵਿਚ ਥੋੜੇ ਜਿਹੇ ਗੋਲੀ ਸਿੱਕੇ, ਗਿਣਤੀ ਦੀ ਸੈਨਾ ਅਤੇ ਥੋੜੀ ਜਿਹੀ ਰਸਦ ਆਦਿ ਨਾਲ; ਛੋਟੀ ਜਿਹੀ ਹਵੇਲੀ ਦੇ ਖੁੱਲ੍ਹੇ ਹਾਤੇ ਵਿਚ ਬੰਦਾ ਬਹਾਦਰ ਨੇ 8 ਮਹੀਨੇ ਤੱਕ ਸ਼ਕਤੀਸ਼ਾਲੀ ਮੁਗਲ ਸਾਮਰਾਜ ਦਾ ਜਿਸ ਦਲੇਰੀ ਨਾਲ ਟਾਕਰਾ ਕੀਤਾ। ਉਸ ਤੋਂ ਚੰਗੀ ਮਿਸਾਲ ਸੰਸਾਰ ਦੇ ਇਤਿਹਾਸ ਵਿਚੋਂ ਲੱਭਣੀ ਬੜੀ ਮੁਸ਼ਕਿਲ ਹੈ।" ਇਹ ਗੱਲ ਉਸ ਹਵੇਲੀ ਵਿਚੋਂ ਪ੍ਰਾਪਤ ਕੀਤੇ ਗਏ ਸਮਾਨ ਅਤੇ ਸ਼ਸਤਰਾਂ ਦੀ ਸੂਚੀ ਤੋਂ ਵੀ ਪ੍ਰਗਟ ਹੋ ਜਾਂਦੀ ਹੈ।

**ਬੰਦੀਆਂ ਦਾ ਜਲੂਸ ਕਿ ਦਹਿਸ਼ਤ ਦਾ ਪ੍ਰਦਰਸ਼ਨ ?**

ਬੰਦੇ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਹਾਥੀ ਉੱਤੇ ਰਖਿਆ ਗਿਆ ਸੀ। ਦੂਜਿਆਂ ਉੱਤੇ ਕਾਗਜਾਂ ਦੀਆਂ ਟੋਪੀਆਂ ਪਵਾ ਕੇ ਊਠਾਂ, ਘੋੜਿਆਂ ਅਤੇ ਗਧਿਆਂ ਉੱਤੇ ਬਿਠਾਇਆ ਗਿਆ। ਕਈਆਂ ਨੂੰ ਗਲ ਵਿਚ ਤੇ ਪੈਰਾਂ ਵਿਚ ਜੰਜੀਰਾਂ ਪਵਾ ਕੇ ਗੱਡਿਆਂ ਉੱਤੇ ਬਿਠਾਇਆ ਗਿਆ। ਅੱਗੇ ਅੱਗੇ ਵਾਜੇ ਵਜਦੇ ਜਾ ਰਹੇ ਸਨ ਅਤੇ 300 ਸਿੰਘਾਂ ਦੇ ਸਿਰ ਬਰਛਿਆਂ ਤੇ ਟੰਗ ਦੇ ਗੱਡਿਆਂ ਤੇ ਲੱਦੇ ਹੋਏ ਸਨ। ਅਗੇ ਕਮਰ-ਉਦ-ਦੀਨ ਦੇ ਘੋੜ ਸਵਾਰ ਸਨ ਤੇ ਪਿੱਛੇ ਜਕਰੀਆਂ ਖਾਨ ਦੇ ਬਾਜਾਰਾਂ ਤੇ ਕੋਠਿਆਂ ਤੇ ਛੱਜਿਆਂ ਉੱਤੇ ਲੋਕ ਇਸ ਜਲੂਸ ਨੂੰ ਵੇਖ ਰਹੇ ਸਨ।

ਇਨ੍ਹਾਂ ਬੰਦੀਆਂ ਨੂੰ ਪਹਿਲਾਂ ਲਾਹੌਰ ਤੇ ਫਿਰ ਦਿੱਲੀ ਲਿਜਾਇਆ ਗਿਆ। ਲਾਹੌਰ ਵਿਚ ਵਾਜੀਰ ਖਾਂ ਦੀ ਮਾਂ ਨੇ ਛੱਜੇ ਵਿਚੋਂ ਵੱਡਾ ਪੱਥਰ ਜਲੂਸ ਵਿਚ ਮਾਰਿਆ ਅਤੇ ਇਕ ਸਿੱਖ ਨੂੰ ਮਾਰ ਦਿੱਤਾ। ਰਸਤੇ ਵਿਚ ਜਿਹੜਾ ਵੀ ਸਿੱਖ ਮਿਲਿਆ, ਉਸ ਨੂੰ ਮਾਰ ਦਿੱਤਾ ਗਿਆ। ਲਾਹੌਰ ਵਿਖੇ ਅਜਿਹੇ ਸਿੱਖਾਂ ਦੀ ਗਿਣਤੀ 700 ਅਤੇ ਦਿੱਲੀ ਤੱਕ ਜਾਂਦਿਆਂ 2000 ਤਕ ਪੁੱਜ ਗਈ ਸੀ। ਸਰਹਿੰਦ, ਪਾਨੀਪਤ ਤੇ ਕਰਨਾਲ ਦੇ ਮੁਸਲਮਾਨ ਸ਼ਹਿਰਾਂ ਵਿਚ ਇਨ੍ਹਾਂ ਨੂੰ ਕਾਫਿਰ ਤੇ ਹੋਰ ਬੁਰਾ ਭਲਾ ਕਿਹਾ ਗਿਆ। ਉਨ੍ਹਾਂ ਨੂੰ ਗੰਦੀਆਂ ਗਾਲ੍ਹਾਂ ਕੱਢੀਆਂ ਗਈਆਂ। ਉਨ੍ਹਾਂ ਦਾ ਮਖੌਲ ਉਡਾਇਆ ਗਿਆ, ਸੀਟੀਆਂ ਮਾਰੀਆਂ ਗਈਆਂ, ਠੱਠਾ ਬਖੇੜਾ ਕੀਤਾ ਗਿਆ ਅਤੇ ਹਰ ਤਰ੍ਹਾਂ ਦਾ ਅਪਮਾਨ ਕੀਤਾ ਗਿਆ ਪਰ ਸਿੱਖ ਬੜੀ ਸਹਿਜ ਸ਼ਾਂਤੀ ਨਾਲ ਸ਼ਬਦ ਗਾਉਂਦੇ ਹੋਏ ਇਹ ਸਭ ਕੁਝ ਸਹਾਰਦੇ ਹੋਏ ਜਾ ਰਹੇ ਸਨ। 25 ਫਰਵਰੀ 1716 ਨੂੰ ਮੁਹੰਮਦ ਆਮੀਨ ਖਾਂ ਅੱਗਲਵਾਂਢੀ ਇਨ੍ਹਾਂ ਦੇ ਸਵਾਗਤ ਲਈ ਦਿੱਲੀ ਤੋਂ ਸ਼ਾਲਾਮਾਰ ਬਾਗ ਤਕ ਆਇਆ ਅਤੇ ਅਗਲੀ ਭਲਕ ਉਨ੍ਹਾਂ ਨੂੰ ਲਾਲ ਕਿਲੇ ਵਿਚ ਲਿਆਂਦਾ ਗਿਆ। 29 ਫਰਵਰੀ 1716 ਨੂੰ ਹੋਲੀ ਦੇ ਦਿਨ ਉਨ੍ਹਾਂ ਦਾ ਜਲੂਸ ਕੱਢਿਆ ਗਿਆ। ਸਭ ਤੋਂ ਅੱਗੇ ਵਾਜੇ ਵਜਦੇ



Sri Satguru Jagjit Singh Ji Elibrary NamdhariElibrary@gmail.com

ਜਾ ਰਹੇ ਸਨ। ਉਨ੍ਹਾਂ ਪਿਛੋਂ 2000 ਸਿੱਖਾਂ ਦੇ ਸਿਰ ਬਰਛਿਆਂ ਤੇ ਬਾਂਸਾਂ ਉੱਤੇ ਟੰਗ ਕੇ ਅਤੇ ਗੱਡਿਆਂ ਉੱਤੇ ਲੱਦ ਕੇ ਲਿਜਾ ਰਹੇ ਸਨ, ਜਿਨ੍ਹਾਂ ਦੇ ਖੁੱਲ੍ਹੇ ਕੇਸ ਹਵਾ ਨਾਲ ਹਿਲਦੇ ਜਾ ਰਹੇ ਸਨ। ਇਕ ਲੰਮੇ ਬਾਂਸ ਉੱਤੇ ਇਕ ਮੋਈ ਬਿੱਲੀ ਨੂੰ ਟੰਗਿਆ ਗਿਆ ਸੀ, ਜਿਸਦਾ ਭਾਵ ਇਹ ਸੀ ਕਿ ਸਿੱਖਾਂ ਦੇ ਘਰ ਕੋਈ ਬਿੱਲੀ ਵੀ ਜਿਉਂਦੀ ਨਹੀਂ ਛੱਡੀ ਗਈ। ਬੰਦੇ ਦੇ ਸਿਰ ਉੱਤੇ ਗੋਟੇ ਵਾਲੀ ਪੱਗ ਬਣਾ ਕੇ ਗੱਲ ਵਿਚ ਲਾੜਿਆਂ ਵਾਲਾ ਕੁੜਤਾ ਪੁਆਇਆ ਗਿਆ ਸੀ। ਉਸਦੇ ਪਿਛੇ ਬੜੇ ਤਗੜੇ ਮੁਗਲ ਸਿਪਾਹੀ ਨੰਗੀਆਂ ਤਲਵਾਰਾਂ ਲੈ ਕੇ ਖੜੇ ਸਨ। ਬੰਦੇ ਦੇ ਹਾਥੀ ਪਿਛੇ 740 ਸਿੱਖ ਬੰਦੀ ਸਨ। ਉਨ੍ਹਾਂ ਦੇ ਮੂੰਹ ਕਾਲੇ ਕੀਤੇ ਹੋਏ ਸਨ ਤਾਂ ਜੋ ਇਨ੍ਹਾਂ ਦਾ ਰੰਗ ਉਨ੍ਹਾਂ ਦੇ ਕੇਸਾਂ ਨਾਲ ਮਿਲ ਜਾਵੇ। ਉਨ੍ਹਾਂ ਦੇ ਸਿਰ ਉੱਤੇ ਕਾਲੀਆਂ ਭੇਡਾਂ ਦੀਆਂ ਤਿਕੋਣੀਆਂ ਟੋਪੀਆਂ ਪਾਈਆਂ ਹੋਈਆਂ ਸਨ। ਕਈਆਂ ਨੂੰ ਭੇਡਾਂ ਦੀਆਂ ਖੱਲ੍ਹਾਂ ਪਹਿਨਾ ਕੇ ਉਨ੍ਹਾਂ ਦਾ ਪੂਰੀ ਤਰ੍ਹਾਂ ਮੌਜੂ ਉਡਾਇਆ ਗਿਆ ਸੀ। ਸਿੰਘਾਂ ਦੇ ਖੱਬੇ ਹੱਥ ਉਨ੍ਹਾਂ ਦੇ ਗਲੇ ਨਾਲ ਲਕੜਾਂ ਨਾਲ ਬੰਨੇ ਗਏ ਸਨ। ਸਿੰਘਾਂ ਨੂੰ ਦੋ-ਦੋ ਨੂੰ ਪਿੱਠਾਂ ਜੋੜ ਕੇ ਬੰਨ੍ਹਿਆ ਗਿਆ ਸੀ ਅਤੇ ਉਨ੍ਹਾਂ ਨੂੰ ਅਲਾਣੇ ਊਠਾਂ ਦੇ ਉੱਤੇ ਲੱਦਿਆ ਗਿਆ ਸੀ। ਇਸ ਜਲੂਸ ਦੇ ਪਿੱਛੇ ਅਮੀਨ ਖਾਨ, ਉਸਦਾ ਪੁੱਤਰ ਕਮਰ-ਉਦ-ਦੀਨ ਖਾਨ ਤੇ ਉਸ ਦਾ ਜੁਆਈ ਜ਼ਕਰੀਆ ਖਾਨ ਸਨ। ਸਭ ਤੋਂ ਅੱਗੇ ਮੁਗਲ ਘੋੜ ਸਵਾਰ ਜਾ ਰਹੇ ਸਨ। ਸ਼ਾਲਾਮਾਰ ਬਾਗ ਤੋਂ ਲੈ ਕੇ ਲਾਲ ਕਿਲੇ ਤਕ 10 ਕਿਲੋਮੀਟਰ ਤਕ ਸੜਕ ਲੋਕਾਂ ਦੀ ਭੀੜ ਨਾਲ ਭਰੀ ਹੋਈ ਸੀ।

ਚਸ਼ਮਦੀਦ ਗਵਾਹ ਮਿਰਜ਼ਾ ਮੁਹੰਮਦ ਹਰਸੀ ਲਿਖਦਾ ਹੈ, "ਉਸ ਦਿਨ ਮੈਂ ਇਸ ਜਲੂਸ ਨੂੰ ਨਮਕ ਮੰਡੀ ਤਕ ਵੇਖਣ ਗਿਆ ਸੀ। ਉਥੋਂ ਲੈ ਕੇ ਮੈਂ ਕਿਲਾ ਮੁਬਾਰਕ ਤੱਕ ਜਲੂਸ ਦੇ ਨਾਲ ਨਾਲ ਗਿਆ। ਸ਼ਹਿਰ ਦਾ ਕੋਈ ਵੀ ਵਾਸੀ ਅਜਿਹਾ ਨਹੀਂ ਸੀ ਜੋ ਇਸ ਜਲੂਸ ਨੂੰ ਵੇਖਣ ਨਾ ਆਇਆ ਹੋਵੇ। ਇਹੋ ਜਿਹੀ ਭੀੜ ਦਿੱਲੀ ਦੇ ਬਾਜ਼ਾਰਾਂ ਅਤੇ ਗਲੀਆਂ ਵਿਚ ਪਹਿਲਾਂ ਕਦੇ ਨਹੀਂ ਸੀ ਵੇਖੀ ਗਈ। ਮੁਸਲਮਾਨ ਖੁਸ਼ੀ ਵਿਚ ਉੱਛਲ ਰਹੇ ਸਨ। ਪਰ ਇਹ ਬਦਕਿਸਮਤ ਲੋਕ ਜਿਨ੍ਹਾਂ ਦਾ ਜਲੂਸ ਕਢਿਆ ਜਾ ਰਿਹਾ ਸੀ, ਬਿਲਕੁੱਲ ਗੰਭੀਰ ਅਤੇ ਸ਼ਾਂਤ ਚਿੱਤ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਉਦਾਸੀ ਜਾਂ ਅਪਮਾਨ ਦਾ ਕੋਈ ਚਿੰਨ੍ਹ ਵੀ ਨਜ਼ਰੀ ਨਹੀਂ ਸੀ ਪੈਂਦਾ। ਊਠਾਂ ਉੱਤੇ ਲੱਦੇ ਬਹੁਤ ਸਾਰੇ ਕੈਦੀ ਤਾਂ ਸ਼ਬਦ ਗਾਉਂਦੇ ਹੋਏ ਜਾ ਰਹੇ ਸਨ। ਦਰਸ਼ਕਾਂ ਵਿਚੋਂ ਕੋਈ ਵੀ ਉਨ੍ਹਾਂ ਉੱਤੇ ਬੋਲਾ ਕੱਸਦਾ ਕਿ ਹੁਣੇ ਤੁਹਾਨੂੰ ਕਤਲ ਕਰ ਦਿੱਤਾ ਜਾਵੇਗਾ ਤਾਂ ਉਹ ਜਵਾਬ ਦਿੰਦੇ "ਸਾਨੂੰ ਮਾਰ ਦਿਉ। ਅਸੀਂ ਮੌਤ ਤੋਂ ਕਦੋਂ ਡਰਦੇ ਹਾਂ, ਜੇ ਅਸੀਂ ਮੌਤ ਤੋਂ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਇੰਨੀਆਂ ਲੜਾਈਆਂ ਵਿਚ ਲੋਹਾ ਕਿਵੇਂ ਲੈਂਦੇ ? ਅਸੀਂ ਤਾਂ ਭੁੱਖ-



Sri Satguru Jagjit Singh Ji Elibrary NamdhariElibrary@gmail.com

ਦੂੱਖੋਂ ਤੰਗ ਆ ਕੇ ਫੜੇ ਗਏ, ਨਹੀਂ ਤਾਂ ਤੁਹਾਡੇ ਦੰਦ ਖੱਟੇ ਕਰਕੇ ਤੁਹਾਨੂੰ ਮਜਾ ਚਖਾ ਦਿੰਦੇ।"

ਇਕ ਹੋਰ ਮੌਕੇ ਦਾ ਗਵਾਹ ਸਯਦ ਮੁਹੰਮਦ ਸੀ, ਜੋ ਲਿਖਦਾ ਹੈ, "ਉਸ ਵੇਲੇ ਮੈਂ ਇਕ ਕੈਦੀ ਤੋਂ ਪੁੱਛਿਆ ਤੁਸੀਂ ਇੰਨੇ ਪੱਥਰ ਦਿਲ ਹੋ ਕੇ ਗਲਤ ਕੰਮ ਕਿਉਂ ਕੀਤੇ?" ਉਸ ਨੇ ਮੱਥੇ ਤੇ ਹੱਥ ਲਾ ਕੇ ਦੱਸਿਆ ਕਿ ਇਹ ਸਭ ਕੁਝ ਪੂਰਵ ਨਿਸ਼ਚਿਤ ਸੀ – ਮੱਥੇ ਦੇ ਲੇਖ ਸਨ। ਉਨ੍ਹਾਂ ਦੇ ਇਸ ਉੱਤਰ ਤੋਂ ਮੈਨੂੰ ਪ੍ਰਸੰਨਤਾ ਹੋਈ। ਦਸ ਕਿਲੋਮੀਟਰ ਦੇ ਫਾਸਲੇ ਵਿਚ ਉਨ੍ਹਾਂ ਨੂੰ ਗਾਲੀ ਗਲੋਚ ਤੇ ਨਫ਼ਰਤ ਭਰੇ ਸ਼ਬਦਾਂ ਦੀ ਬੁਛਾੜ ਸਹਿਣੀ ਪਈ। ਇਸ ਪ੍ਰਦਰਸ਼ਨ ਪਿਛੋਂ ਉਨ੍ਹਾਂ ਨੂੰ ਲਾਲ ਕਿਲੇ ਲਿਆਂਦਾ ਗਿਆ। ਬਿਨੋਦ ਸਿੰਘ ਦਾ ਪੁੱਤਰ ਕਾਨ੍ਹ ਸਿੰਘ ਤੱਤ ਖਾਲਸੇ ਦਾ ਆਗੂ ਸੀ, ਜੋ ਮੁਗਲ ਸੈਨਾ ਨਾਲ ਰਲ ਕੇ ਲਾਹੌਰ ਵਿਖੇ ਬੰਦੇ ਵਿਰੁੱਧ ਲੜਿਆ ਸੀ। ਉਸਨੇ ਗੁਰਦਾਸ ਨੰਗਲ ਦੇ ਮੁਹਾਸਰੇ ਵਿਚ ਮੁਗਲ ਸੈਨਾ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਉਸਨੂੰ ਵੀ ਕੈਦ ਕਰਕੇ ਬੰਦੇ ਦੇ ਜਲੂਸ ਵਿਚ ਸ਼ਾਮਲ ਕਰ ਲਿਆ ਗਿਆ। ਜਦੋਂ ਕੋਤਵਾਲੀ ਵਿਖੇ ਬੰਦੇ ਦੇ ਸਾਥੀਆਂ ਦਾ ਕਤਲੇਆਮ ਹੋਣ ਲੱਗਾ ਤਾਂ ਮਾਤਾ ਸੁੰਦਰੀ ਨੇ ਕਾਨ੍ਹ ਸਿੰਘ ਨੂੰ ਬਚਾਉਣਾ ਚਾਹਿਆ। ਇਸ ਉੱਤੇ ਮੁਗਲ ਪਹਿਰੇਦਾਰ ਨੂੰ ਵੱਡੀ ਰਕਮ ਵੀ ਪੇਸ਼ ਕੀਤੀ ਗਈ। ਕਾਨ੍ਹ ਸਿੰਘ ਦੀ ਥਾਂ ਤੇ ਕਿਸੇ ਹੋਰ ਸਿੱਖ ਨੂੰ ਬਦਲਿਆ ਗਿਆ। ਬਾਜ ਸਿੰਘ, ਜੋ ਗੁਰੂ ਅਮਰਦਾਸ ਜੀ ਦੀ ਬੰਸ ਵਿਚੋਂ ਸੀ, ਵੀ ਬਚ ਕੇ ਨਿਕਲ ਗਿਆ।

[1*]ਬੰਦਾ ਅਤੇ ਉਸਦੇ ਨਾਲ 26 ਚੋਣਵੇਂ ਸਿੱਖਾਂ ਨੂੰ ਵਖ ਕਰ ਲਿਆ ਗਿਆ। ਬਾਕੀ ਸਿੱਖਾਂ ਨੂੰ 100-100 ਦੀ ਗਿਣਤੀ ਵਿਚ ਵੰਡ ਲ਼ਿਆ ਗਿਆ ਅਤੇ ਹਰ ਦਿਨ 100-100 ਨੂੰ ਕਤਲ ਕੀਤਾ ਗਿਆ। ਇਹ ਸ਼ਹੀਦੀ ਸਾਕਾ 5 ਮਾਰਚ 1716 ਨੂੰ ਆਰੰਭ ਹੋਇਆ। 100-100 ਦੇ ਜੱਥੇ ਨੂੰ 10-10 ਵਿਚ ਵੰਡ ਦਿੱਤਾ ਗਿਆ ਅਤੇ ਲਾਲਚ ਦਿੱਤਾ ਗਿਆ ਕਿ ਜੇ ਉਹ ਇਸਲਾਮ ਕਬੂਲ ਕਰ ਲੈਣਾ ਮੰਨ ਜਾਣ ਤਾਂ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ ਪਰ ਕਿਸੇ ਨੇ ਵੀ ਅਜਿਹਾ ਨਾ ਕੀਤਾ ਸਗੋਂ ਨਾਮ ਜਪਦੇ ਰਹੇ ਅਤੇ ਹਰ ਕੋਈ ਇਕ ਦੂਜੇ ਤੋਂ ਪਹਿਲਾਂ ਕਹਿੰਦਾ ਸੀ "ਮੈਂ ਮੁਕਤਾ"।

ਬਹੁਤ ਸਾਰੇ ਹਿੰਦੁਸਤਾਨੀ ਤੇ ਯੂਰਪੀਨ ਜਿਹੜੇ ਇਸ ਸ਼ਹੀਦੀ ਦੀ ਦਰਦਨਾਕ ਝਾਕੀ ਨੂੰ ਵੇਖ ਰਹੇ ਸਨ, ਇਨ੍ਹਾਂ ਸਿੰਘਾਂ ਦੇ ਸ਼ਾਨਦਾਰ ਸਬਰ-ਸੰਤੋਖ ਅਤੇ ਉਸ ਇਰਾਦੇ ਨੂੰ ਵੇਖ ਕੇ ਹੈਰਾਨ ਹੋ ਰਹੇ ਸਨ ਕਿ ਕਿਵੇਂ ਇਹ ਮਰਜੀਵੜੇ ਆਪਣੀ ਹੋਣੀ ਨੂੰ ਖਿੜੇ ਮੱਥੇ ਪ੍ਰਵਾਨ ਕਰ ਰਹੇ ਸਨ। ਉਨ੍ਹਾਂ ਨੂੰ ਮੌਤ ਦਾ ਕੋਈ ਭੈਅ ਨਹੀਂ ਸੀ ਅਤੇ ਉਹ ਜਲਾਦ ਨੂੰ ਮੁਕਤਾ ਅਰਥਾਤ ਮੁਕਤੀਦਾਤਾ ਕਹਿ ਰਹੇ ਸਨ।

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 32



Sri Satguru Jagjit Singh Ji Elibrary NamdhariElibrary@gmail.com

ਇਕ ਮੱਸਫੁੱਟ ਗੱਭਰੂ ਜਿਸ ਦਾ ਨਵਾਂ ਨਵਾਂ ਵਿਆਹ ਹੋਇਆ ਸੀ ਅਤੇ ਹਾਲੀ ਉਸਦੇ ਗੁਟ ਤੇ ਵਿਆਹ ਦਾ ਗਾਨਾ ਬੰਨ੍ਹਿਆ ਹੋਇਆ ਸੀ, ਉਹ ਬੰਦੇ ਦੇ ਜਲੂਸ ਦੇ ਦੁਖਾਂਤ ਨੂੰ ਵੇਖ ਕੇ ਏਨਾ ਭਾਵੁਕ ਹੋ ਗਿਆ ਕਿ ਉਹ ਆਪ ਮੁਹਾਰੇ ਹੀ ਉਨ੍ਹਾਂ ਬੰਦੀਆਂ ਵਿਚ ਜਾ ਰਲਿਆ। ਉਸਦੀ ਮਾਂ ਤੇ ਵਹੁਟੀ ਨੇ ਬੜੇ ਤਰਲੇ ਪਾਏ ਪਰ ਉਹ ਨਾ ਮੰਨ੍ਹਿਆ, ਦਿੱਲੀ ਆ ਕੇ ਦੀਵਾਨ ਰਚਨਚੰਦ ਦੀ ਮਦਦ ਨਾਲ ਉਸਦੀ ਰਿਹਾਈ ਦੇ ਹੁਕਮ ਲੈ ਲਏ ਗਏ, ਜਦ ਉਸਨੂੰ ਰਿਹਾ ਕਰਨ ਲੱਗੇ ਤਾਂ ਉਸਨੇ ਕਿਹਾ ਇਹ ਜਨਾਨੀਆਂ ਝੂਠੀਆਂ ਹਨ। ਮੈਨੂੰ ਆਪਣੇ ਸਾਥੀਆਂ ਨਾਲ ਛੇਤੀ ਸ਼ਹੀਦ ਕਰੋ।

ਈਸਟ ਇੰਡੀਆ ਕੰਪਨੀ ਦੇ ਕੁਝ ਨੁਮਾਇੰਦੇ ਉਥੇ ਹਾਜ਼ਰ ਸਨ ਤੇ ਉਨ੍ਹਾਂ ਨੇ ਫੋਰਟ ਵਿਲੀਅਮ ਕਲਕੱਤਾ ਦੇ ਹੈਡਕੁਆਟਰ ਨੂੰ ਬੰਦੇ ਦੇ ਕਤਲ ਬਾਰੇ ਇਹ ਖਬਰ ਭੇਜੀ, "ਬੰਦੇ ਤੇ ਉਸਦੇ ਪੱਕੇ ਸਾਥੀਆਂ ਨੂੰ ਇਸ ਲਈ ਵਖਰੇ ਕੀਤਾ ਗਿਆ ਹੈ, ਤਾਂ ਜੋ ਕਤਲ ਕਰਨ ਤੋਂ ਪਹਿਲਾਂ ਉਸ ਮਾਲ ਖਜਾਨੇ ਦਾ ਪਤਾ ਲਗਾਇਆ ਜਾ ਸਕੇ, ਜੋ ਬੰਦੇ ਨੇ ਆਪਣੀ ਚੜ੍ਹਤ ਦੇ ਸਮੇਂ ਇਕੱਠਾ ਕੀਤਾ ਸੀ। ਹਰ ਰੋਜ਼ 100 ਬੰਦਿਆਂ ਨੂੰ ਕਤਲ ਕੀਤਾ ਜਾਂਦਾ ਸੀ। ਉਨ੍ਹਾਂ ਨੇ ਬੜੇ ਸਬਰ ਤੇ ਸੰਤੋਖ ਨਾਲ ਆਪਣੀ ਮੌਤ ਨੂੰ ਪ੍ਰਵਾਨ ਕੀਤਾ ਅਤੇ ਕੋਈ ਇਕ ਵੀ ਇਸ ਨਵੇਂ ਧਰਮ ਤੋਂ ਆਪਣੀ ਜਾਨ ਬਚਾਣ ਖਾਤਿਰ ਬੇਮੁਖ ਨਾ ਹੋਇਆ।

### ਬੰਦੇ ਨੂੰ ਤਸੀਹੇ ਦੇ ਕੇ ਸ਼ਹੀਦ ਕਰਨਾ

ਸਾਢੇ ਤਿੰਨ ਮਹੀਨੇ ਤਕ ਬੰਦੇ ਅਤੇ ਉਸ ਦੇ 26 ਸਾਥੀਆਂ ਨੂੰ ਇਸ ਲਈ ਉਸ ਦਿਨ ਕਤਲ ਨਾ ਕੀਤਾ ਗਿਆ ਤਾਂ ਜੋ ਉਨ੍ਹਾਂ ਕੋਲੋਂ ਧਨ ਪਦਾਰਥ ਦਾ ਪਤਾ ਲਗ ਸਕੇ ਪਰ ਕਿਸੇ ਨੇ ਵੀ ਕੁਝ ਨਾ ਦਸਿਆ। 9 ਜੂਨ 1716 ਨੂੰ ਬੰਦੇ ਤੇ ਉਸਦੇ ਸਾਥੀਆਂ ਦਾ ਮੁੜ ਜਲੂਸ ਕੱਢਿਆ ਗਿਆ ਤੇ ਕੁਤਬ-ਮੀਨਾਰ ਕੋਲ ਬਖਤਿਆਰ ਕਾਕੀ ਦੇ ਸਥਾਨ ਦੇ ਨੇੜੇ ਕਤਲ ਸਥਾਨ ਬਣਾਇਆ ਗਿਆ। ਬੰਦੇ ਦੀ ਪਤਨੀ ਨੂੰ ਆਮੀਨ ਖਾਨ ਨੇ ਆਪਣੇ ਹਰਮ ਵਿਚ ਭੇਜ ਦਿੱਤਾ। ਉਸ ਦੇ 4 ਸਾਲਾਂ ਦੇ ਪੁੱਤਰ ਅਜੈ ਸਿੰਘ ਨੂੰ ਬੰਦੇ ਦੀ ਗੋਦ ਵਿਚ ਬਿਠਾ ਕੇ ਉਸਨੂੰ ਕਤਲ ਕਰਨ ਦਾ ਹੁਕਮ ਦਿੱਤਾ ਗਿਆ। ਬੰਦੇ ਦੇ ਇਨਕਾਰ ਕਰਨ ਉੱਤੇ ਉਸ ਨੂੰ ਕਤਲ ਕਰਕੇ ਉਸ ਦਾ ਦਿਲ ਕੱਢ ਕੇ ਬੰਦੇ ਦੇ ਮੂੰਹ ਵਿਚ ਪਾਉਣ ਦਾ ਯਤਨ ਕੀਤਾ ਗਿਆ। ਬੰਦੇ ਦੇ ਦੋਵੇਂ ਪੈਰ ਤੇ ਫਿਰ ਬਾਹਾਂ ਤੇ ਫਿਰ ਅੱਖਾਂ ਕੱਢੀਆਂ ਗਈਆਂ। ਫਿਰ ਗਰਮ ਜਮੂਰਾਂ ਨਾਲ ਉਸ ਦਾ ਮਾਸ ਨੋਚਿਆ ਗਿਆ। ਫਿਰ ਵੱਡਾ ਹਥੌੜਾ ਮਾਰ ਕੇ ਉਸ ਦੀ ਖੋਪਰੀ ਫੇਹ ਦਿੱਤੀ ਗਈ। ਇਸ ਸਾਰੇ ਜ਼ੁਲਮ ਨੂੰ ਬੰਦੇ ਬਹਾਦਰ ਨੇ ਬੜੀ ਸਹਿਣਸ਼ੀਲਤਾ ਨਾਲ ਬਰਦਾਸ਼ਤ ਕੀਤਾ ਤੇ ਅੰਤਿਮ ਦਮ ਤਕ ਸ਼ਾਂਤ ਰਿਹਾ। ਜਦੋਂ ਉਸ ਤੋਂ ਪੁੱਛਿਆ ਗਿਆ "ਤੇਰੇ ਵਰਗਾ ਬੰਦਾ ਜੋ



Sri Satguru Jagjit Singh Ji Elibrary NamdhariElibrary@gmail.com

ਇਨਾ ਸ੍ਰੇਸ਼ਟ ਤੇ ਸ਼ਾਂਤ ਚਿਤ ਰਹਿਣ ਵਾਲਾ ਹੈ ਕਿਵੇਂ ਇਹ ਸਭ ਕੁਝ ਜਰ ਸਕਦਾ ਹੈ।" ਬੰਦੇ ਨੇ ਉੱਤਰ ਦਿੱਤਾ, "ਜਦੋਂ ਜ਼ੁਲਮ ਦੀ ਹੱਦ ਹੋ ਜਾਂਦੀ ਹੈ ਤਾਂ ਲੋਕ ਆਪਣੀ ਔਕਾਤ ਭੁਲ ਜਾਂਦੇ ਹਨ ਤਾਂ ਮੇਰੇ ਵਰਗੇ ਬੰਦੇ ਨੂੰ ਉਨ੍ਹਾਂ ਨੂੰ ਸਜ਼ਾ ਦੇਣ ਲਈ ਭੇਜਿਆ ਜਾਂਦਾ ਹੈ ਪਰ ਜਦੋਂ ਜ਼ੁਲਮ ਦਾ ਛਾਬਾ ਭਰ ਜਾਂਦਾ ਹੈ ਤਾਂ ਤੇਰੇ ਵਰਗੇ ਬੰਦਿਆਂ ਨੂੰ ਮੈਨੂੰ ਸਜ਼ਾ ਦੇਣ ਲਈ ਘੱਲਿਆ ਜਾਂਦਾ ਹੈ।"

ਇਹ ਸਾਰਾ ਕੁਝ ਬੰਦੇ ਦੇ ਸਾਥੀਆਂ ਸਾਹਮਣੇ ਕੀਤਾ ਗਿਆ ਪਰ ਕਿਸੇ ਨੇ ਵੀ ਇਸਲਾਮ ਕਬੂਲ ਨਾ ਕੀਤਾ। ਅਗਲੇ ਦਿਨ 10 ਜੂਨ 1716 ਨੂੰ ਬੰਦੇ ਦੇ ਬਾਕੀ ਸਾਥੀਆਂ ਦੇ ਸਿਰ ਕਲਮ ਕਰ ਦਿੱਤੇ ਗਏ। ਇਨ੍ਹਾਂ ਵਿਚ ਫਤਹੇ ਸਿੰਘ, ਆਲੀ ਸਿੰਘ ਅਤੇ ਗੁਲਾਬ ਸਿੰਘ ਬਖਸ਼ੀ ਸ਼ਾਮਲ ਸਨ।

ਪਰ ਬੰਦੇ ਦੀ ਸ਼ਹੀਦੀ ਵਿਅਰਥ ਨਹੀਂ ਗਈ। ਇਸ ਦੁਖਾਂਤਕ ਘਟਨਾ ਨੇ ਨਾ ਕੇਵਲ ਸਿੱਖ ਇਤਿਹਾਸ ਨੂੰ ਹੀ ਸਗੋਂ ਸਾਰੇ ਭਾਰਤ ਦੇ ਇਤਿਹਾਸ ਦੀ ਧਾਰਾ ਨੂੰ ਬਦਲ ਕੇ ਰਖ ਦਿੱਤਾ। ਬੰਦੇ ਨੇ ਇਹ ਦਰਸਾ ਦਿੱਤਾ ਕਿ ਕੌਣ ਤਾਕਤ ਵਿਚ ਹੁੰਦਾ ਹੈ ਤੇ ਕੌਣ ਤਾਕਤ ਤੋਂ ਬਾਹਰ। ਬੰਦੇ ਨੇ ਜੋ ਸ਼ਕਤੀ ਪ੍ਰਾਪਤ ਕਰਨ ਦਾ ਪਾਠ ਆਪਣੇ ਭਾਈਚਾਰੇ ਨੂੰ ਪੜ੍ਹਾਇਆ ਸੀ ਉਹ ਇਸ ਬੀਰ ਭਾਵੀ ਕੌਮ ਨੇ ਭੁਲਾਇਆ ਨਹੀਂ, ਉਨ੍ਹਾਂ ਨੇ ਜੋ ਕੁਝ ਗੁਆਇਆ ਸੀ, ਉਸਨੂੰ ਮੁੜ ਪ੍ਰਾਪਤ ਕਰਨ ਲਈ ਸੰਗਰਾਮ ਜਾਰੀ ਰੱਖਿਆ ਅਤੇ ਅੱਧੀ ਸਦੀ ਦੇ ਸਮੇਂ ਵਿਚ ਉਹ ਪੰਜ ਦਰਿਆਵਾਂ ਦੀ ਧਰਤੀ ਦੇ ਸੁਆਮੀ ਬਣ ਗਏ।

### ਬੰਦੇ ਦਾ ਇਤਿਹਾਸ ਵਿਚ ਸਥਾਨ

[1*]ਡਾ. ਹਰੀ ਰਾਮ ਗੁਪਤਾ ਅਨੁਸਾਰ ਬੰਦਾ ਬਹਾਦਰ ਦਾ ਭਾਰਤ ਦੇ ਇਤਿਹਾਸ ਵਿਚ ਸਥਾਨ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਹੈ। ਉਸ ਦਾ ਖੁੱਲ੍ਹਾ ਅਨੁਵਾਦ ਇਸ ਪ੍ਰਕਾਰ ਹੈ :

ਬੰਦੇ ਵਿਚ ਰਾਜਪੂਤ ਖਤਰੀਆਂ ਦਾ ਖੂਨ ਸੀ। ਉਹ ਬੀਰਤਾ ਦਾ ਪੁੰਜ ਅਤੇ ਸੁਤੰਤਰਤਾ ਦਾ ਹਾਮੀ ਸੀ। ਮਹਾਂਰਾਸ਼ਟਰ ਵਿਚ ਆ ਕੇ ਉਸ ਨੇ ਵੇਖਿਆ ਕਿ ਕੇਵਲ ਸ਼ਿਵਾ ਜੀ ਦਾ ਪੁੱਤਰ ਸ਼ੰਭੂ ਜੀ, ਉਸਦਾ ਮਤਰੇਆ ਭਰਾ ਰਾਜਾ ਰਾਮ ਅਤੇ ਉਸਦੀ ਵਿਧਵਾ ਤਾਰਾ ਬਾਈ ਔਰੰਗਜ਼ੇਬ ਦੀ ਨੀਂਦ ਹਰਾਮ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਿਚ ਰਾਸ਼ਟਰ ਪ੍ਰੇਮ ਦੀ ਭਾਵਨਾ ਨੂੰ ਹੋਰ ਜਗਾ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੇ ਜੋ ਕੁਰਬਾਨੀਆਂ ਕੀਤੀਆਂ ਸਨ, ਉਨ੍ਹਾਂ ਨੇ ਉਸ ਵਿਚ ਹੋਰ ਰੋਹ ਭਰ ਦਿੱਤਾ।

ਉਸ ਦੀ ਸ਼ਕਲ, ਗੁਰੂ ਗੋਬਿੰਦ ਸਿੰਘ ਜੀ ਦੇ ਨੈਣ ਨਕਸ਼ ਅਤੇ ਰੰਗ ਨਾਲ ਕਾਫੀ ਮਿਲਦੀ ਜੁਲਦੀ ਸੀ। ਦੋਵੇਂ ਸ਼ਸਤਰਧਾਰੀ ਸਨ। ਇਕ ਸਮਾਨ ਭਾਸ਼ਾ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 35-38



Sri Satguru Jagjit Singh Ji Elibrary NamdhariElibrary@gmail.com

ਬੋਲਦੇ ਸਨ ਤੇ ਉਨ੍ਹਾਂ ਦੀ ਆਵਾਜ਼ ਵਿਚ ਹਾਕਮਾਂ ਵਾਲਾ ਰੋਹਬਦਾਬ ਸੀ।

ਬੰਦੇ ਨੇ ਮੁਗਲਾਂ ਦੀ ਦਮਨਕਾਰੀ ਹਕੂਮਤ ਵਿਰੁੱਧ ਆਵਾਜ਼ ਉਠਾਈ। ਗੁਰੂ ਹਰਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੇ ਸ਼ਾਂਤਮਈ ਸਰੂਪ ਨੂੰ ਬੀਰਤਾ ਦੀ ਪਾਣ ਚਾੜ ਦਿੱਤੀ ਸੀ। ਉਹ ਸਰਕਾਰ ਵਿਰੁੱਧ ਆਤਮ ਰਖਿਆ ਲਈ ਲੜਦੇ ਰਹੇ। ਉਨ੍ਹਾਂ ਕਦੀ ਹੱਲਾ ਨਹੀਂ ਬੋਲਿਆ, ਨਾ ਉਨ੍ਹਾਂ ਕਿਸੇ ਇਲਾਕੇ ਤੇ ਕਬਜ਼ਾ ਕੀਤਾ। ਨਾ ਕੈਦੀ ਬਣਾਏ ਅਤੇ ਨਾ ਹੀ ਦੁਸ਼ਮਣਾਂ ਦੀ ਸੰਪਤੀ ਅਤੇ ਧਨ ਦੌਲਤ ਤੇ ਕਬਜ਼ਾ ਕੀਤਾ। ਦੋਵਾਂ ਗੁਰੂ ਸਾਹਿਬਾਨ ਨੇ ਕਦੇ ਵੀ ਆਪਣੇ ਇਲਾਕੇ ਵਿਚ ਆਪਣੀ ਹਕੂਮਤ ਚਲਾਉਣ ਦਾ ਯਤਨ ਨਹੀਂ ਸੀ ਕੀਤਾ।

ਪਰ ਗੁਰੂ ਸਾਹਿਬਾਨ ਦੇ ਵਿਪਰੀਤ ਬੰਦੇ ਨੇ ਸਦਾ ਹਮਲਾ ਕੀਤਾ। ਉਸਨੇ ਲੜਾਈਆਂ ਲੜੀਆਂ, ਕੈਦੀ ਬਣਾਏ ਅਤੇ ਕਤਲ ਕੀਤੇ ਅਤੇ ਸ਼ਤਰੂ ਦੇ ਇਲਾਕੇ ਤੇ ਸੰਪੱਤੀ ਤੇ ਕਬਜ਼ਾ ਕੀਤਾ ਅਤੇ ਆਪਣੀ ਹਕੂਮਤ ਕਾਇਮ ਕੀਤੀ। ਉਸਨੇ ਨਵੇਂ ਸਿੱਕੇ ਚਾਲੂ ਕੀਤੇ ਅਤੇ ਬਾਦਸ਼ਾਹਾਂ ਸਮਾਨ ਫੁਰਮਾਣ ਜਾਰੀ ਕੀਤੇ। ਉਹ ਮੁਗਲ ਸ਼ਕਤੀ ਨੂੰ ਕੰਮਜ਼ੋਰ ਹੀ ਨਹੀਂ ਸੀ ਕਰਨਾ ਚਾਹੁੰਦਾ ਸਗੋਂ ਉਸ ਨੂੰ ਤਬਾਹ ਕਰਨਾ ਚਾਹੁੰਦਾ ਸੀ ਅਤੇ ਉਸ ਦੀ ਥਾਂ ਆਪਣੀ ਕੌਮੀ ਹਕੂਮਤ ਜਾਂ ਸ੍ਵੈਰਾਜ ਸਥਾਪਿਤ ਕਰਨਾ ਚਾਹੁੰਦਾ ਸੀ।

ਬੰਦਾ ਪਹਿਲਾ ਵਿਅਕਤੀ ਸੀ, ਜਿਸ ਨੇ ਸਿੱਖਾਂ ਵਿਚ ਪ੍ਰਭਤਾ ਸੰਪੰਨ ਰਾਜ ਸਥਾਪਿਤ ਕੀਤਾ। ਉਸਨੇ ਸਿੱਖੀ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾ ਦਿੱਤਾ। ਕੇਵਲ ਆਪਣੀ ਤਾਕਤ ਕਰਕੇ ਨਹੀਂ, ਸਗੋਂ ਬੀਰਤਾ ਕਾਰਨ ਅਜਿਹਾ ਕੀਤਾ। ਇਕ ਸਾਲ ਦੇ ਥੋੜੇ ਸਮੇਂ ਵਿਚ ਇਕ ਲੱਖ ਤੋਂ ਵਧੇਰੇ ਲੋਕ ਸਿੰਘ ਸੱਜ ਗਏ ਜਿਨ੍ਹਾਂ ਨੇ ਕਦੀ ਸਿੱਖ ਗੁਰੂਆਂ ਦਾ ਨਾਂ ਨਹੀਂ ਸੀ ਸੁਣਿਆ ਉਹ ਵੀ ਬੰਦੇ ਦੀਆਂ ਜਿੱਤਾਂ ਕਾਰਨ ਸਿੱਖਾਂ ਵਿਚ ਸ਼ਾਮਲ ਹੋਣ ਲਗ ਪਏ। ਬੰਦੇ ਨੇ ਦੱਸਿਆ ਕਿ ਸਵਰਾਜ ਦਾ ਭਾਵ ਕੀ ਹੁੰਦਾ ਹੈ ? ਉਸ ਦੀ ਸ਼ਹੀਦੀ ਪਿਛੋਂ ਵੀ ਸਿੱਖਾਂ ਨੇ ਉਸ ਦੇ ਸਬਕ ਨੂੰ ਨਹੀਂ ਭੁਲਾਇਆ। ਉਸ ਨੇ ਲੋਕਾਂ ਦੇ ਮਨਾਂ ਵਿਚ ਕ੍ਰਾਂਤੀ ਲੈ ਆਂਦੀ ਸੀ ਅਤੇ ਇਕ ਬਲਵਾਨ ਇੱਛਾ ਸ਼ਕਤੀ ਜਗਾ ਦਿੱਤੀ, ਭਾਵੇਂ ਸਿੱਖਾਂ ਦੇ ਸਿਰ ਜਾਂਦੇ ਰਹੇ ਪਰ ਉਨ੍ਹਾਂ ਦਾ ਸੰਘਰਸ਼ ਕਾਇਮ ਰਿਹਾ।

ਬੰਦਾ ਬਹਾਦਰ ਬਹੁਤ ਵੱਡਾ ਸੁਧਾਰਵਾਦੀ ਸੀ। ਉਸਨੇ ਜ਼ਾਤ-ਪਾਤ ਅਤੇ ਮਤਾ-ਮਤਾਤਰਾਂ ਦੇ ਸਾਰੇ ਭੇਦ ਮੁਕਾ ਦਿੱਤੇ। ਉਸ ਨੇ ਕਥਿਤ ਨੀਵੀਆਂ ਜਾਤਾਂ ਨੂੰ ਇੰਨੀ ਤਾਕਤ ਬਖਸ਼ ਦਿੱਤੀ ਕਿ ਉੱਚ ਧਰਮੀ ਖਤਰੀ ਅਤੇ ਬ੍ਰਾਹਮਣ ਵੀ ਹੱਥ ਜੋੜ ਕੇ ਉਨ੍ਹਾਂ ਦਾ ਹੁਕਮ ਮੰਨਦੇ ਸਨ। ਉਹ ਸਮਾਜਵਾਦ ਵਿਚ ਵਿਸ਼ਵਾਸ ਰਖਦਾ ਸੀ। ਉਹ ਸਭ ਦੌਲਤ ਜੋ ਉਸਨੂੰ ਮਿਲਦੀ ਸੀ, ਆਪਣੇ ਪੈਰੋਕਾਰਾਂ ਵਿਚ ਵੰਡ ਦਿੰਦਾ ਸੀ, ਉਸਨੇ ਜਿਮੀਂਦਾਰੀ ਪ੍ਰਬੰਧ ਖਤਮ ਕਰਕੇ ਉਸਦੀ ਥਾਂ ਤੇ



Sri Satguru Jagjit Singh Ji Elibrary NamdhariElibrary@gmail.com

ਕਾਸ਼ਤਕਾਰਾਂ ਨੂੰ ਜ਼ਮੀਨ ਦੇ ਹੱਕ ਦੇ ਦਿੱਤੇ। ਉਹ ਸਭ ਨਸ਼ੀਲੀਆਂ ਵਸਤਾਂ ਦੇ ਵਿਰੁੱਧ ਸੀ ਅਤੇ ਉਸਨੇ ਭੰਗ, ਪੋਸਤ, ਸ਼ਰਾਬ ਅਤੇ ਅਫੀਮ ਦੇ ਸੇਵਨ ਕਰਨ ਦੀ ਮਨਾਹੀ ਕਰ ਦਿੱਤੀ ਸੀ।

ਉਸਨੂੰ ਹਿੰਦੂਆਂ ਦੀ ਕਮਜ਼ੋਰੀ ਦੇ ਅਸਲੀ ਕਾਰਨਾਂ ਦਾ ਗਿਆਨ ਸੀ - ਦਇਆ, ਕਰੁਣਾ, ਕੋਮਲਤਾ, ਸਹਿਣਸ਼ੀਲਤਾ ਤੇ ਛੇਤੀ ਪਸੀਜ ਜਾਣ ਵਾਲੀ ਭਾਵਨਾ, ਜਿਸ ਨੂੰ ਧਰਮ ਨੇ ਉਨ੍ਹਾਂ ਦੇ ਹਿਰਦੇ ਅੰਦਰ ਭਰੀ ਰਖਿਆ ਸੀ। ਇਸ ਭਾਵਨਾ ਨੇ ਹੀ ਉਨ੍ਹਾਂ ਨੂੰ ਉੱਤਰ-ਪੱਛਮ ਵਲੋਂ ਆਉਣ ਵਾਲੇ ਹਮਲਾਵਰਾਂ ਦਾ ਗੁਲਾਮ ਬਣਾ ਦਿੱਤਾ ਸੀ। ਉਸ ਨੇ ਦੱਸਿਆ ਕਿ ਸ਼ਤਰੂ ਨੂੰ ਤਾਂ ਉਨ੍ਹਾਂ ਵਰਗਾ ਹੀ ਕਰਾਰਾ ਹੱਥ ਵਿਖਾਉਣਾ ਚਾਹੀਦਾ ਹੈ। ਦੰਦ ਲਈ ਦੰਦ, ਅੱਖ ਲਈ ਅੱਖ ਤੇ ਉਨ੍ਹਾਂ ਨਾਲ ਪੁਰਾਣੇ ਸਮੇਂ ਦੇ ਬਹਾਦਰਾਂ ਵਾਲੀ ਸ਼ਕਤੀ ਨਾਲ ਹੀ ਪੇਸ਼ ਆਉਣਾ ਚਾਹੀਦਾ ਹੈ। ਸਿੱਖਾਂ ਨੇ ਬੰਦੇ ਤੋਂ ਇਹ ਸਬਕ ਸਿੱਖ ਲਿਆ ਸੀ ਅਤੇ ਬੜੀ ਸ਼ਾਨ ਨਾਲ ਉਨ੍ਹਾਂ ਨੇ ਆਪਣੀ ਮਾਤਭੂਮੀ ਵਿਚ ਸਵਰਾਜ ਕਾਇਮ ਕਰ ਲਿਆ ਸੀ।

ਬੰਦਾ ਜੀਵਨ ਦੇ ਉੱਚ ਆਦਰਸ਼ਾਂ, ਸੁਹਿਰਦਤਾ, ਇਮਾਨਦਾਰੀ, ਅਜਿੱਤ ਭਾਵਨਾ, ਬੇਪਨਾਹ ਜੋਸ਼, ਆਪਣੇ ਉੱਦੇਸ਼ ਦੀ ਪ੍ਰਾਪਤੀ ਲਈ ਪੂਰਨ ਦ੍ਰਿੜਤਾ, ਉੱਚਕੋਟੀ ਦੀ ਦਲੇਰੀ ਤੇ ਚਰਿੱਤਰ ਦੀ ਸਵੱਛਤਾ ਦਾ ਮਾਲਕ ਸੀ। ਉਸਦੇ 740 ਸਾਥੀਆਂ ਵਿਚ ਕਿਸੇ ਨੇ ਵੀ ਆਪਣੀ ਜਾਨ ਬਚਾਉਣ ਲਈ ਆਪਣੇ ਧਰਮ ਨੂੰ ਨਹੀਂ ਛੱਡਿਆ। ਇਥੋਂ ਤੱਕ ਕਿ ਉਹ ਨੌਜਵਾਨ ਜਿਸ ਨੂੰ ਮੁਗਲ ਸਰਕਾਰ ਨੇ ਮਾਫੀ ਦੇ ਦਿੱਤੀ ਸੀ। ਉਸ ਨੇ ਵੀ ਮੌਤ ਨੂੰ ਹੱਸ ਕੇ ਪ੍ਰਵਾਨ ਕੀਤਾ।

ਬੰਦਾ ਔਰੰਗਜ਼ੇਬ ਦਾ ਸਮਕਾਲੀ ਸੀ, ਜਿਸਨੇ ਔਰੰਗਜ਼ੇਬ ਨੇ ਸੱਤਨਾਮੀਆਂ ਦੇ 50,000 ਬੰਦਿਆਂ ਨੂੰ ਕਤਲ ਕਰਵਾ ਦਿੱਤਾ ਸੀ ਅਤੇ ਇਸਤਰੀ-ਪੁਰਸ਼ ਅਤੇ ਬਾਲ ਬਿਰਧ ਦੀ ਕੋਈ ਪਹਿਚਾਣ ਨਹੀਂ ਸੀ ਕੀਤੀ। ਜੇ ਜ਼ਿਆਦਾ ਨਹੀਂ ਤਾਂ ਇਨੀ ਹੀ ਗਿਣਤੀ ਵਿਚ ਭਰਤਪੁਰ, ਆਗਰਾ ਤੇ ਦਿੱਲੀ ਦੇ ਜੱਟਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਮਰਹੱਟਿਆਂ ਤੇ ਰਾਜਪੂਤਾਂ ਦਾ ਵੀ ਇਨ੍ਹਾ ਹੀ ਨੁਕਸਾਨ ਹੋਇਆ ਸੀ। ਇਹ ਸਾਰੀ ਗਿਣਤੀ 2 ਲੱਖ ਤੋਂ ਘੱਟ ਨਹੀਂ ਸੀ। ਜੋ ਜਬਰਦਸਤੀ ਧਰਮ ਬਦਲੀ ਲਈ ਕੀਤੀ ਗਈ ਤੇ ਇਨਕਾਰ ਕਰਨ ਉੱਤੇ ਜੋ ਨੁਕਸਾਨ ਹੋਇਆ, ਉਹ ਗਿਣਤੀ ਵੱਖਰੀ ਹੈ। ਉੱਤਰੀ ਭਾਰਤ ਵਿਚ ਜ਼ਬਰਦਸਤੀ ਮੰਦਰ ਤੇ ਧਾਰਮਿਕ ਸਥਾਨ ਢਾਹ ਦਿੱਤੇ ਗਏ ਸਨ।

ਬੰਦੇ ਨੇ ਉੱਤਰ ਤੋਂ ਦੱਖਣ ਤਕ ਦੀ ਯਾਤਰਾ ਕੀਤੀ ਸੀ ਤੇ ਇਹ ਸਾਰਾ ਜ਼ੁਲਮ ਤੇ ਤਸ਼ੱਦਦ ਅੱਖੀ ਡਿੱਠਾ ਸੀ। ਉਸਦੇ ਹਿਰਦੇ ਅੰਦਰ ਰਾਜਪੂਤਾਂ ਵਾਲੀ ਆਤਮਾ ਧੜਕ ਰਹੀ ਸੀ। ਉਸਦੇ ਭਸਮ ਰੁਮਾਏ ਜਿਸਮ ਹੇਠਾਂ ਇਹ ਸਭ ਕੁਝ ਲੁਕਿਆ ਹੋਇਆ ਸੀ। ਇਸ ਭਾਵਨਾ ਨੂੰ ਗੁਰੂ ਗੋਬਿੰਦ ਸਿੰਘ ਨੇ ਜਗਾ ਦਿੱਤਾ



Sri Satguru Jagjit Singh Ji Elibrary NamdhariElibrary@gmail.com

ਸੀ, ਇਸ ਲਈ ਸ਼ਤਰੂ ਵਿਰੁੱਧ ਬਦਲਾ ਲੈਣ ਦੀ ਭਾਵਨਾ ਦਾ ਪੈਦਾ ਹੋਣਾ ਸੁਭਾਵਿਕ ਸੀ।

ਸਰਹਿੰਦ ਨੂੰ ਸਰ ਕਰਨ ਪਿਛੋਂ ਬੰਦੇ ਦਾ ਰੋਹ ਕੁਝ ਮੱਠਾ ਪੈ ਗਿਆ ਸੀ। ਬੰਦੇ ਨੇ ਮੁਸਲਮਾਨਾਂ ਦੀ ਅਜ਼ਾਨ ਅਤੇ ਨਮਾਜ਼ ਉੱਤੇ ਕੋਈ ਪਾਬੰਦੀ ਨਹੀਂ ਸੀ ਲਾਈ। ਅਪਰੈਲ 1711 ਨੂੰ ਕਲਾਨੌਰ ਵਿਖੇ ਉਸ ਨੇ ਆਪਣੀ ਸੈਨਾ ਵਿਚ 5000 ਮੁਸਲਮਾਨ ਭਰਤੀ ਕੀਤੇ ਸਨ।

ਸਾਰਾਂਸ਼ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਬੰਦਾ ਮੁਸਲਮਾਨਾਂ ਦੀ ਨਿਗ੍ਹਾ ਵਿਚ ਸ਼ੈਤਾਨ, ਹਿੰਦੂਆਂ ਦੀ ਨਿਗ੍ਹਾ ਵਿਚ ਮਹਾਨ ਰਾਸ਼ਟਰ-ਨਾਇਕ ਅਤੇ ਸਿੱਖਾਂ ਲਈ ਉਹ ਪਹਿਲਾ ਰਾਜ ਸੰਸਥਾਪਕ ਸੀ। ਹਿੰਦੁਸਤਾਨ ਦੇ ਇਤਿਹਾਸ ਵਿਚ ਉਹ ਰਾਜਨੀਤਕ ਅਤੇ ਸੈਨਿਕ ਗੁਣਾਂ ਦਾ ਸੁਆਮੀ ਸੀ।



Sri Satguru Jagjit Singh Ji Elibrary NamdhariElibrary@gmail.com

8

# ਸਿੱਖਾਂ ਨੂੰ ਖ਼ਤਮ ਕਰਨ ਦੇ ਮਨਸੂਬੇ 1716-1765

ਬੰਦਾ ਬਹਾਦਰ ਤੇ ਉਸ ਦੇ ਸਾਥੀਆਂ ਦੇ ਸ਼ਹੀਦੀ ਸਾਕੇ ਪਿਛੋਂ ਮੁਗਲ ਸਰਕਾਰ ਨੇ ਸਿੱਖ ਲਹਿਰ ਨੂੰ ਪੂਰੀ ਤਰ੍ਹਾਂ ਦਬਾਉਣ ਦਾ ਮਨਸੂਬਾ ਬਣਾਇਆ। ਇਹ ਨੀਤੀ 1716 ਤੋਂ ਲੈ ਕੇ 1762-63 ਤਕ ਲਗਾਤਾਰ ਚਲਦੀ ਰਹੀ। ਮੁਗਲ ਸਰਕਾਰ ਵੱਲੋਂ ਸਿੱਖਾਂ ਉੱਤੇ ਸਖ਼ਤ ਤਸ਼ੱਦਦ ਕੀਤਾ ਗਿਆ। ਉਨ੍ਹਾਂ ਨੂੰ ਘਰ-ਬਾਰ ਛੱਡ ਕੇ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਣ ਲਈ ਮਜਬੂਰ ਕੀਤਾ ਗਿਆ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਆਤਮਾ ਨੂੰ ਜਿਸ ਫੌਲਾਦੀ ਸੱਚੇ ਵਿਚ ਢਾਲ ਦਿੱਤਾ ਸੀ ਅਤੇ ਜਿਹੜੀ ਸੁਤੰਤਰਤਾ ਦਾ ਹੁਲਾਰਾ ਉਨ੍ਹਾਂ ਨੇ ਬੰਦਾ ਬਹਾਦਰ ਵਲੋਂ ਸਥਾਪਿਤ ਕੀਤੇ ਗਏ ਪਹਿਲੇ ਸੁਤੰਤਰ ਖਾਲਸਾ ਰਾਜ ਵਿਚ ਮਾਣਿਆ ਸੀ, ਉਸ ਨੇ ਉਨ੍ਹਾਂ ਦੀ ਮੁਗਲ ਸਰਕਾਰ ਵਿਰੁੱਧ ਸੰਗਰਾਮ ਕਰਨ ਦੀ ਸ਼ਕਤੀ ਨੂੰ ਹੋਰ ਪ੍ਰਚੰਡ ਕਰ ਦਿੱਤਾ। ਲਗਭਗ ਅੱਧੀ ਸਦੀ ਦਾ ਇਹ ਸਮਾਂ ਮੁਗਲਾਂ ਦੇ ਕਠੋਰ ਦਮਨ ਵਿਰੁੱਧ ਸਿੱਖਾਂ ਵਲੋਂ ਗੁਪਤ ਤੇ ਪ੍ਰਗਟ ਢੰਗ ਨਾਲ ਸੰਘਰਸ਼ ਕਰਨ ਦਾ ਸਮਾਂ ਸੀ। ਅਨੇਕ ਪ੍ਰਕਾਰ ਦੀਆਂ ਮੁਸੀਬਤਾਂ ਅਤੇ ਦੁਖੜੇ ਝੱਲ ਕੇ ਉਨ੍ਹਾਂ ਨੇ ਸਿਰੜ ਨੂੰ ਨਾ ਛੱਡਿਆ ਅਤੇ ਉਹ ਆਪਣੇ ਲਖ਼ਸ਼ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਏ। ਇਨ੍ਹਾਂ 50 ਸਾਲਾਂ ਵਿਚ ਜਿੱਥੇ ਮੁਗਲ ਹੁਕਮਰਾਨਾਂ ਨੇ ਸਿੱਖਾਂ ਦੀ ਸੁਤੰਤਰਤਾ ਪ੍ਰਾਪਤੀ ਦੀ ਲਹਿਰ ਨੂੰ ਦਬਾਉਣ ਲਈ ਸਿਰਤੋੜ ਯਤਨ ਕੀਤੇ ਅਤੇ ਵੱਡੇ ਪੈਮਾਨੇ ਉੱਤੇ ਸਿੱਖਾਂ ਦੀ ਹਸਤੀ ਨੂੰ ਨੇਸਤੋ ਨਾਬੂਦ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ, ਉੱਥੇ ਸਿੱਖਾਂ ਦੇ ਦਿਲਾਂ ਵਿਚ ਭੜਕ ਰਹੀ ਬਗਾਵਤ ਦੀ ਪ੍ਰਚੰਡ ਅਗਨੀ ਦੇ ਤਪ ਤੇਜ਼ ਨੂੰ ਸਰਕਾਰ ਦੇ ਜ਼ੁਲਮ ਤੇ ਸਿਤਮ ਵੀ ਮਾਂਦਾ ਨਾ ਪਾ ਸਕੇ। ਮੁਗਲਾਂ ਦੇ ਜ਼ੁਲਮ ਤੇ ਜ਼ਬਰ ਨੂੰ ਉਨ੍ਹਾਂ ਨੇ ਸਬਰ, ਸਿਦਕ ਅਤੇ ਬੀਰਤਾ ਪੂਰਵਕ ਝੱਲਿਆ ਅਤੇ ਸਮੇਂ ਸਮੇਂ ਸਿਰ ਕਈ ਤਰ੍ਹਾਂ ਦੇ ਦਾਅ ਪੇਚਾਂ ਦੀ ਵਰਤੋਂ ਕਰਕੇ ਆਪਣੇ ਸੁਯੋਗ ਆਗੂਆਂ ਦੀ ਅਗਵਾਈ ਸਦਕਾ ਉਨ੍ਹਾਂ ਉੱਤੇ ਢਾਹੇ ਗਏ ਜ਼ੁਲਮਾਂ ਅਤੇ ਤਸ਼ੱਦਦ



Sri Satguru Jagjit Singh Ji Elibrary NamdhariElibrary@gmail.com

ਦਾ ਟਾਕਰਾ ਉਨ੍ਹਾਂ ਨੇ ਇਤਨੀ ਦਲੇਰੀ ਨਾਲ ਕੀਤਾ ਕਿ ਇਨ੍ਹਾਂ 50 ਸਾਲਾਂ ਦੇ ਸਮੇਂ ਵਿਚ ਉਹ ਮਹਿਕੂਮ ਤੋਂ ਦੇਸ ਦੇ ਹਾਕਮ ਬਣ ਗਏ। ਇਸ ਦੌਰਾਨ ਬਾਹਰਮੁਖੀ ਪ੍ਰਸਥਿਤੀਆਂ, ਪ੍ਰਤੀਕੂਲ ਅਤੇ ਅਨੁਕੂਲ ਹਾਲਤਾਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ। ਇਹ ਬੀਰਤਾ ਪੂਰਵਕ ਸੰਘਰਸ਼ ਦਾ ਸਮਾਂ ਉਨ੍ਹਾਂ ਲਈ ਅੰਤ ਵਿਚ ਵਰਦਾਨ ਸਿੱਧ ਹੋਇਆ। ਉਨ੍ਹਾਂ ਨੇ ਮੁਗਲ ਹਕੂਮਤ ਤੇ ਵਿਦੇਸ਼ੀ ਹਮਲਿਆਂ ਤੋਂ ਆਪਣੇ ਦੇਸ਼ ਨੂੰ ਲਗਭਗ ਸੁਰੱਖਿਅਤ ਕਰ ਲਿਆ ਸੀ ਅਤੇ ਵਿਸ਼ਾਲ ਸੁਤੰਤਰ ਰਾਜ ਦੀ ਸਥਾਪਿਤੀ ਲਈ ਨਾ ਕੇਵਲ ਭੂਮੀ ਹੀ ਤਿਆਰ ਕੀਤੀ ਸਗੋਂ ਸੁਤੰਤਰਤਾ ਨੂੰ ਪ੍ਰਾਪਤ ਵੀ ਕਰ ਲਿਆ।

**ਫਰਖ਼ਸੀਅਰ (1713-1719) ਦੀ ਦਮਨਕਾਰੀ ਨੀਤੀ**

ਫਰਖ਼ਸੀਅਰ ਨੇ ਬੰਦੇ ਦੀ ਗ੍ਰਿਫਤਾਰੀ ਦੇ ਫਲਸਰੂਪ ਇਨਾਮ ਵਜੋਂ ਸਮਦ ਖਾਂ ਨੂੰ ਮਾਲਾਮਾਲ ਕਰ ਦਿੱਤਾ। ਉਸਨੇ ਇਕ ਹੋਰ ਹੁਕਮ ਜਾਰੀ ਕੀਤਾ ਕਿ 'ਜਿੱਥੇ ਵੀ ਕੋਈ ਸਿੱਖ ਮਿਲੇ ਉਸਨੂੰ ਗ੍ਰਿਫਤਾਰ ਕਰ ਲਿਆ ਜਾਵੇ। ਉਸਨੂੰ ਇਕੋ ਗੱਲ ਕਹੀ ਜਾਵੇ ਜਾਂ ਇਸਲਾਮ ਜਾਂ ਤਲਵਾਰ ਅਤੇ ਜੇ ਉਹ ਨਾ ਮੰਨੇ ਤਾਂ ਉਸ ਨੂੰ ਉਸੇ ਵੇਲੇ ਕਤਲ ਕਰ ਦਿੱਤਾ ਜਾਵੇ।' ਹਰ ਸਿੱਖ ਦੇ ਸਿਰ ਲਈ 25 ਰੁਪਏ ਅਤੇ ਗ੍ਰਿਫਤਾਰ ਕਰ ਕੇ ਲਿਆਂਦੇ ਗਏ ਸਿੱਖ ਲਈ 100 ਰੁਪਏ ਇਨਾਮ ਰੱਖਿਆ ਗਿਆ। ਉਨ੍ਹਾਂ ਦੀਆਂ ਸੁੰਦਰ ਬਹੁ-ਬੇਟੀਆਂ ਨੂੰ ਰਖੇਲ ਅਤੇ ਦੂਜੀਆਂ ਨੂੰ ਘਰ ਦੀਆਂ ਨੌਕਰਾਣੀਆਂ ਬਣਾ ਲਿਆ ਜਾਵੇ। ਜੇ ਕੋਈ ਮੁਸਲਮਾਨ ਮਰੇ ਤਾਂ ਉਸ ਦੀ ਕਬਰ ਕੋਈ ਸਿੱਖ ਜਾਂ ਉਸਦਾ ਹਿੰਦੂ ਹਮਦਰਦ ਖੋਦੇ। ਪਕੜੇ ਗਏ ਸਿੱਖਾਂ ਤੋਂ ਘਟੀਆ ਕੰਮ ਕਰਵਾਏ ਜਾਂਦੇ ਸਨ।

ਫਰਖ਼ਸੀਅਰ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਜੰਮੂ, ਸਰਹਿੰਦ ਤੇ ਲਾਹੌਰ ਦੇ ਸੂਬੇਦਾਰ ਇਕ ਦੂਜੇ ਤੋਂ ਵੱਧ ਕੇ ਸਿੱਖਾਂ ਉੱਤੇ ਜ਼ੁਲਮ ਢਾਹ ਰਹੇ ਸਨ। ਸਭ ਧਰਮਾਂ ਲਈ ਵਖਰਾ-ਵਖਰਾ ਪਾਣੀ ਭਰਨ ਦਾ ਰਿਵਾਜ ਸੀ। ਸਿੱਖਾਂ ਦੀਆਂ ਖੂਹੀਆਂ ਵਿਚ ਗਊ-ਮਾਸ ਤੇ ਹੱਡੀਆਂ ਸੁੱਟ ਦਿੱਤੀਆਂ ਜਾਂਦੀਆਂ ਤਾਂ ਜੋ ਉਹ ਮੁਸਲਮਾਨਾਂ ਦੇ ਖੂਹਾਂ ਤੋਂ ਜਿੱਥੇ ਚਮੜੇ ਦੇ ਬੋਕੇ ਵਰਤੇ ਜਾਂਦੇ ਸਨ, ਪਾਣੀ ਲੈਣ ਲਈ ਮਜ਼ਬੂਰ ਹੋ ਜਾਣ।

ਇਸ ਕਾਲ ਵਿਚ ਸਿੱਖਾਂ ਕੋਲ ਬੰਦੇ ਬਹਾਦਰ ਦੇ ਪਿਛੋਂ ਕੋਈ ਵੀ ਅਜਿਹਾ ਆਗੂ ਨਾ ਰਿਹਾ, ਜੋ ਉਨ੍ਹਾਂ ਦੀ ਅਗਵਾਈ ਕਰ ਸਕਦਾ। ਤੱਤ ਖਾਲਸਾ, ਜਿਨ੍ਹਾਂ ਨੇ ਮੁਗਲਾਂ ਦੀ ਨੌਕਰੀ ਕਰ ਲਈ ਸੀ, ਵੀ ਭਜ ਗਿਆ। ਜਾਂ ਤਾਂ ਸਿੱਖ ਪਹਾੜਾਂ ਤੇ ਜੰਗਲਾਂ ਵਿਚ ਨੱਸ ਗਏ, ਜਿਹੜੇ ਰਹਿ ਗਏ ਉਨ੍ਹਾਂ ਦੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ ਗਿਆ। ਕਈਆਂ ਨੇ ਡਰਦਿਆਂ ਆਪ ਹੀ ਕੇਸ ਕਟਾ ਲਏ। ਸ਼ਿਵਾਲਿਕ ਦੀਆਂ ਪਹਾੜੀਆਂ, ਮਾਲਵੇ ਦਾ ਰੇਤੜ ਤੇ ਲੱਖੀ ਜੰਗਲ ਸਿੱਖਾਂ ਦੇ



Sri Satguru Jagjit Singh Ji Elibrary NamdhariElibrary@gmail.com

ਸ਼ਰਨ ਸਥਾਨ ਬਣ ਗਏ। [1*]"ਭੁੱਖਮਰੀ, ਨਿਰਾਸ਼ਤਾ, ਮੁਸੀਬਤਾਂ, ਉਨ੍ਹਾਂ ਸਭ ਤੋਂ ਭਿਅੰਕਰ ਗੱਲ ਰੋਟੀ ਬਿਨ੍ਹਾਂ ਦਿਨ, ਨੀਂਦ ਬਿਨ੍ਹਾਂ ਰਾਤ, ਦੀਵੇ ਬਿਨਾਂ ਸੰਧਿਆ, ਅੱਗ ਬਿਨਾਂ ਚੁੱਲਾ, ਕਾਲਾ ਭਵਿੱਖ, ਬੇਇੱਜ਼ਤੀ, ਆਤਮ ਸੰਮਾਨ ਤੋਂ ਬਿਨਾਂ ਜੀਵਨ ਜੀਉਣਾ, ਉਦਾਸੀ ਤੇ ਵਿਸ਼ਾਦ ਆਦਿ ਉਨ੍ਹਾਂ ਦੇ ਜੀਵਨ ਦੇਂ ਅੰਗ ਬਣ ਗਏ। ਇੰਝ ਇਹ ਸਿੱਖਾਂ ਲਈ ਪ੍ਰੀਖਿਆ ਦੀ ਘੜੀ ਸੀ।"

ਇਸ ਸਮੇਂ ਵਿਚ ਨਿਤਾਣਿਆਂ ਨੇ ਬਲ ਧਾਰ ਲਿਆ ਅਤੇ ਦਲੇਰਾਂ ਵਿਚ ਹੋਰ ਦਲੇਰੀ ਆ ਗਈ। ਅਜਿਹੀ ਹਾਲਤ ਵਿਚ ਨਿੱਕੀਆਂ ਨਿੱਕੀਆਂ ਬੀਰ ਘਟਨਾਵਾਂ ਹੋਈਆਂ, ਜਿਨ੍ਹਾਂ ਦਾ ਕਿਸੇ ਇਤਿਹਾਸਕਾਰ ਨੇ ਵਰਣਨ ਨਹੀਂ ਕੀਤਾ, ਜੋ ਆਮ ਲੋਕਾਂ ਦੀਆਂ ਅੱਖਾਂ ਤੋਂ ਲੁਕੀਆਂ ਰਹੀਆਂ। ਇਸ ਕਠੋਰ ਜੀਵਨ ਨੇ ਸਿੱਖਾਂ ਨੂੰ ਆਜ਼ਾਦ ਬਣਾ ਦਿੱਤਾ।

ਮਾਤਾ ਸੁੰਦਰੀ ਜੀ ਨੂੰ ਵੀ ਇਸ ਸੰਕਟ ਦੇ ਸਮੇਂ ਵਿਚ ਕਸ਼ਟ ਝੱਲਣੇ ਪਏ। ਉਨ੍ਹਾਂ ਦੇ ਗੋਦ ਲਏ ਪੁੱਤਰ ਨੂੰ ਵੀ ਕਤਲ ਕਰ ਦਿੱਤਾ ਗਿਆ। ਇਸ ਮੁਸੀਬਤ ਦੇ ਸਮੇਂ ਮਾਤਾ ਜੀ ਨੂੰ ਵੀ ਮਜ਼ਬੂਰੀ ਵੱਸ ਮਥੁਰਾ ਜਾਣਾ ਪਿਆ। ਜੈਪੁਰ ਦੇ ਰਾਜੇ ਨੇ ਉਨ੍ਹਾਂ ਨੂੰ ਰਿਹਾਇਸ਼ ਤੇ ਖ਼ਰਚਾ ਦਿੱਤਾ।

ਇਸ ਸਮੇਂ ਦੌਰਾਨ ਇਹ ਖਿਆਲ ਕੀਤਾ ਜਾਣ ਲੱਗ ਪਿਆ ਸੀ ਕਿ ਸਿੱਖ ਹੁਣ ਖਤਮ ਹੋ ਗਏ ਹਨ ਪਰ ਇਨ੍ਹਾਂ ਮੁਸੀਬਤਾਂ ਨੇ ਉਨ੍ਹਾਂ ਨੂੰ ਫੌਲਾਦੀ ਬਣਾ ਦਿੱਤਾ ਸੀ। ਪਹਾੜਾਂ ਤੇ ਲੱਖੀ ਜੰਗਲ ਦੇ ਇਲਾਕਿਆਂ ਤੋਂ ਇਹ ਖ਼ਬਰਾਂ ਵੀ ਆਉਣ ਲੱਗੀਆਂ ਕਿ ਸਿੱਖ ਹੁਣ ਮਾਰਧਾੜ ਕਰਨ ਤੇ ਸਰਕਾਰੀ ਖ਼ਜਾਨੇ ਲੁੱਟਣ ਲਗ ਪਏ ਹਨ।

ਸਿੱਖਾਂ ਨੇ ਇਹ ਪੱਕਾ ਇਰਾਦਾ ਧਾਰ ਲਿਆ ਸੀ ਕਿ ਭੁੱਖ ਤੇ ਮੁਸੀਬਤਾਂ ਦੀ ਮੌਤ ਨਾਲੋਂ ਲੜ ਕੇ ਮਰਨਾ ਚੰਗਾ ਹੈ। ਸਿੱਖ ਮੁੜ ਪਹਾੜਾਂ ਤੇ ਜੰਗਲਾਂ ਵਿਚੋਂ ਨਿਕਲ ਕੇ ਪਿੰਡਾਂ ਤੇ ਸ਼ਹਿਰਾਂ ਵਿਚ ਆ ਗਏ ਅਤੇ ਪੂਰੇ ਉਤਸ਼ਾਹ ਨਾਲ ਵੱਡੀ ਗਿਣਤੀ ਵਿਚ ਦੀਵਾਲੀ ਤੇ ਵੈਸਾਖੀ ਦੇ ਪੁਰਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਉਣ ਲੱਗ ਪਏ।

ਇਨ੍ਹਾਂ ਹਾਲਤਾਂ ਨੂੰ ਸਾਹਮਣੇ ਰੱਖ ਕੇ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁਖ ਗ੍ਰੰਥੀ ਤੇ ਪ੍ਰਬੰਧਕ ਥਾਪ ਦਿੱਤਾ ਅਤੇ ਉਸਨੂੰ ਖਾਲਸੇ ਦੇ ਦੋਵੇਂ ਧੜਿਆ ਤੱਤ ਖਾਲਸਾ ਤੇ ਬੰਦਈ ਖਾਲਸਾ ਦੇ ਝਗੜੇ ਨੂੰ ਮਿਟਾਉਣ ਲਈ ਆਦੇਸ਼ ਕੀਤਾ। ਤੱਤ ਖਾਲਸੇ ਦਾ ਆਗੂ ਕਾਨ੍ਹ ਸਿੰਘ ਅਤੇ ਬੰਦਈ ਖਾਲਸੇ ਦਾ ਆਗੂ ਮਹੰਤ ਸਿੰਘ ਸੀ। ਖਾਲਸੇ ਦੇ ਇਨ੍ਹਾਂ ਦੋਵਾਂ ਧੜਿਆਂ ਵਿਚ ਕਈ ਮਤ ਭੇਦ ਉਭਰ ਆਏ ਸਨ। ਕਿਰਪਾਲ ਸਿੰਘ ਨਾਰੰਗ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 41



Sri Satguru Jagjit Singh Ji Elibrary NamdhariElibrary@gmail.com

ਅਨੁਸਾਰ – [1*]ਇਨ੍ਹਾਂ ਦੋਵਾਂ ਧੜਿਆਂ ਵਿਚ ਖਾਣ-ਪੀਣ, ਵਸਤਰ ਪਹਿਨਣ ਅਤੇ ਇਕ ਦੂਜੇ ਨੂੰ ਮਿਲਣ ਸਮੇਂ ਵਰਤੇ ਗਏ ਬੋਲਿਆਂ ਵਿਚ ਅੰਤਰ ਸਨ। ਬੰਦਈ ਲਾਲ ਕਪੜੇ ਪਹਿਨਦੇ ਸਨ, ਤੱਤ ਖਾਲਸ ਨੀਲੇ ਵਸਤਰ ਪਹਿਨਦੇ ਸੀ। ਤੱਤ ਖਾਲਸੇ ਮਾਸਾਹਾਰੀ ਸਨ ਤੇ ਬੰਦਈ ਸ਼ਾਕਾਹਾਰੀ। ਤੱਤ ਖਾਲਸੇ ਮਿਲਨ ਸਮੇਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹੇ ਬੁਲਾਂਦੇ ਸਨ ਅਤੇ ਬੰਦਈ ਫਤਹੇ ਦਰਸ਼ਨ ਆਖਦੇ ਸਨ।

ਹਰਿ ਕੀ ਪੌੜੀ ਦੇ ਸਥਾਨ ਤੇ ਦੋਵਾਂ ਧੜਿਆਂ ਦੀਆਂ ਪਰਚੀਆਂ ਲਿਖ ਕੇ ਜਲ ਵਿਚ ਸੁੱਟੀਆਂ ਗਈਆਂ। ਫੈਸਲਾ ਇਹ ਸੀ ਕਿ ਜਿਸਦੀ ਪਰਚੀ ਉੱਪਰ ਤਰਦੀ ਰਹੇਗੀ, ਉਹ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲ ਲਵੇਗਾ। ਤੱਤ ਖਾਲਸੇ ਦੀ ਪਰਚੀ ਜਿਸ ਉਪਰ ਵਾਹਿਗੁਰੂ ਜੀ ਕੀ ਫ਼ਤਹੇ ਲਿਖਿਆ ਸੀ, ਤਰਦੀ ਰਹੀ। ਫਿਰ ਵੀ ਬੰਦਈ ਖਾਲਸਾ ਇਸ ਉੱਤੇ ਇਸ ਲਈ ਸੰਤੁਸ਼ਟ ਨਾ ਹੋਇਆ ਤੇ ਇਤਰਾਜ਼ ਕਰਨ ਲੱਗਾ ਕਿ ਪਰਚੀਆਂ ਠੀਕ ਢੰਗ ਨਾਲ ਨਹੀਂ ਪਾਈਆਂ ਗਈਆਂ, ਇਸ ਪਿਛੋਂ ਅਕਾਲ ਤਖਤ ਦੇ ਸਾਹਮਣੇ ਦੋਵਾਂ ਧਿਰਾਂ ਦੇ ਆਗੂਆਂ ਕਾਨ੍ਹ ਸਿੰਘ ਤੇ ਮਹੰਤ ਸਿੰਘ ਨੂੰ ਯੁੱਧ ਦੰਗਲ ਕਰਨ ਲਈ ਕਿਹਾ ਗਿਆ। ਇਸ ਮਲ ਯੁੱਧ ਵਿਚ ਮਹੰਤ ਸਿੰਘ ਮਾਰਿਆ ਗਿਆ। ਇਸ ਪਿਛੋਂ ਬੰਦਈਆਂ ਨੇ ਨਿਰਾਸ਼ ਹੋ ਕੇ ਤੱਤ ਖਾਲਸੇ ਨਾਲ ਮਿਲਣਾ ਪਰਵਾਨ ਕਰ ਲਿਆ।

ਜਦੋਂ ਸਿੱਖ ਇਸ ਤਰ੍ਹਾਂ ਸਮਝੌਤਾ ਕਰਕੇ ਇਕੱਠੇ ਹੋ ਗਏ ਤਾਂ ਉਨ੍ਹਾਂ ਨੇ ਫਿਰ ਮੁਗਲ ਹਾਕਮਾਂ ਦਾ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ। ਅਸਲਮ ਖਾਂ ਦੀ ਕਮਾਨ ਹੇਠਾਂ ਵੱਡੀ ਗਿਣਤੀ ਵਿਚ ਲਸ਼ਕਰ ਸਿੱਖਾਂ ਨੂੰ ਦਬਾਉਣ ਲਈ ਭੇਜਿਆ ਗਿਆ। ਫਿਰ ਵੀ ਸਿੰਘਾਂ ਵਲੋਂ ਗੜਬੜ ਜਾਰੀ ਰਹੀ। ਦਿੱਲੀ ਸਰਕਾਰ ਨੇ ਅਬਦੁਲ ਸਮਦ ਖਾਂ ਨੂੰ ਮੁਲਤਾਨ ਦਾ ਗਵਰਨਰ ਬਣਾ ਦਿੱਤਾ। ਉਸ ਨੇ ਪੁੱਤਰ ਜ਼ਕਰੀਆ ਖਾਂ ਨੂੰ ਖਾਨ ਬਹਾਦਰ ਦਾ ਖਿਤਾਬ ਦੇ ਕੇ ਲਾਹੌਰ ਦਾ ਗਵਰਨਰ ਥਾਪ ਕੇ ਉਸਨੂੰ ਵਿਸ਼ੇਸ਼ ਤੌਰ ਤੇ ਸਿੱਖਾਂ ਨੂੰ ਦਬਾਉਣ ਦੇ ਹੁਕਮ ਜਾਰੀ ਕੀਤੇ ਗਏ। ਮੌਤ ਨਾਲੋਂ ਦੁਸ਼ਮਣ ਨਾਲ ਲੜ ਕੇ ਉਸ ਨੂੰ ਮਾਰ ਕੇ ਮਰਨਾ ਚੰਗਾ ਹੈ। ਉਨ੍ਹਾਂ ਨੇ ਇਹ ਪੱਕੀ ਧਾਰ ਲਈ ਕਿ ਜਿਹੜੀ ਸਰਕਾਰ ਉਨ੍ਹਾਂ ਨੂੰ ਖ਼ਤਮ ਕਰਨ ਤੇ ਤੁਲੀ ਹੋਈ ਹੈ, ਉਸ ਨਾਲ ਦੋ ਹੱਥ ਕਰਨੇ ਹੀ ਚਾਹੀਦੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਵਿਦੇਸ਼ੀਆਂ ਨੂੰ ਉਨ੍ਹਾਂ ਉੱਤੇ ਰਾਜ ਕਰਨ ਦਾ ਕੋਈ ਹੱਕ ਨਹੀਂ ਹੈ।

ਅਜਿਹੀ ਹਾਲਤ ਵਿਚ ਜਦੋਂ ਸਿੱਖ ਲੁੱਕ ਛਿਪ ਕੇ ਹਮਲੇ ਕਰਦੇ ਸਨ ਅਤੇ ਸੂਹੀਆਂ ਨੂੰ ਸਜ਼ਾਵਾਂ ਦਿੰਦੇ ਸਨ, ਸਰਕਾਰ ਲਈ ਉਨ੍ਹਾਂ ਨੂੰ ਲੱਭਣਾ ਤੇ

[1*] ਸ੍ਰੀ ਕ੍ਰਿਪਾਲ ਸਿੰਘ ਨਾਰੰਗ, ਹਿਸਟਰੀ ਆਫ ਪੰਜਾਬ, ਪੰਨਾ 211



Sri Satguru Jagjit Singh Ji Elibrary NamdhariElibrary@gmail.com

ਦਬਾਉਣਾ ਮੁਸ਼ਕਲ ਹੋ ਗਿਆ। ਦਿੱਲੀ ਦਾ ਮੁਗਲ ਸ਼ਾਸ਼ਣ ਕੰਮਜ਼ੋਰ ਹੋ ਚੁੱਕਾ ਸੀ। ਅਬਦੁਲ ਸਮਦ ਖਾਂ ਵੀ ਉਨ੍ਹਾਂ ਨੂੰ ਦਬਾਉਣ ਵਿਚ ਅਸਫਲ ਰਿਹਾ।

## ਜ਼ਕਰੀਆਂ ਖ਼ਾਂ ਦਾ ਜ਼ੁਲਮੀ ਦੌਰ

ਕਮਰ-ਉਦ-ਦੀਨ ਨੇ ਆਪਣੇ ਜੁਆਈ ਜ਼ਕਰੀਆ ਖ਼ਾਂ ਨੂੰ ਖਾਨ ਬਹਾਦਰ ਦਾ ਖਿਤਾਬ ਦੇ ਕੇ 1726 ਵਿਚ ਲਾਹੌਰ ਦਾ ਗਵਰਨਰ ਬਣਾ ਦਿੱਤਾ ਅਤੇ ਅਬਦੁਲ ਸਮੱਦ ਖਾਂ ਨੂੰ ਮੁਲਤਾਨ ਦਾ ਗਵਰਨਰ ਥਾਪ ਦਿੱਤਾ ਗਿਆ। 1737 ਵਿਚ ਅਬਦੁਲ ਸਮੱਦ ਖਾਂ ਦੀ ਮੌਤ ਪਿਛੋਂ ਮੁਲਤਾਨ ਦਾ ਅਧਿਕਾਰ ਵੀ ਜ਼ਕਰੀਆਂ ਖਾਂ ਕੋਲ ਆ ਗਿਆ।

ਜ਼ਕਰੀਆਂ ਖਾਂ ਨੇ ਸਿੱਖ ਲਹਿਰ ਨੂੰ ਦਬਾਉਣ ਲਈ ਨਵੇਂ ਸਿਰਿਓਂ ਯਤਨ ਆਰੰਭੇ। ਉਸ ਨੇ ਇਸ ਉਦੇਸ਼ ਦੀ ਪੂਰਤੀ ਲਈ 20,000 ਦੀ ਫ਼ੌਜ ਜੋੜੀ ਤੇ ਉਸ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਨ੍ਹਾਂ ਫੌਜੀ ਦਸਤਿਆਂ ਦਾ ਕੰਮ ਸਿੱਖਾਂ ਨੂੰ ਗ੍ਰਿਫਤਾਰ ਕਰਨਾ ਅਤੇ ਸਜ਼ਾਵਾਂ ਦੇਣੀਆਂ ਸਨ। ਸਿੱਖ ਇਸ ਵੇਲੇ ਦੀ ਚੜ੍ਹਦੀ ਕਲਾ ਵਿਚ ਸਨ। ਉਹ ਕਹਿੰਦੇ : "ਮੁਗਲਾਂ ਦੀਆਂ ਮਾਵੋਂ, ਸੁਣ ਲੋ ਸਿੰਘ ਤੁਹਾਡੇ ਜੁਆਈ ਆਏ ਹਨ। ਮੁਗਲਾਂ ਦੀਆਂ ਭੈਣੋਂ ਸੁਣ ਲਓ ਤੁਹਾਡੇ ਗਹਿਣੇ ਗੱਟੇ ਹੁਣ ਸਿੰਘ ਲਾਹ ਖੜਨਗੇ।" ਮਾਝਾ ਬਿਲਕੁਲ ਤਬਾਹ ਹੋ ਚੁੱਕਾ ਸੀ।

ਅਜਿਹੀ ਹਾਲਤ ਵਿਚ ਵੀ ਸਿੱਖ ਸ਼ੇਰ ਵਰਗੇ ਬਹਾਦਰ ਚੀਤੇ ਵਰਗੇ ਨਿਡਰ ਤੇ ਚਟਾਨ ਵਰਗੇ ਸਖਤ ਬਣ ਗਏ ਸਨ। ਉਨ੍ਹਾਂ ਨੂੰ ਕੋਈ ਵੀ ਦੁੱਖ ਜਾਂ ਮੁਸੀਬਤ ਆਪਣੇ ਨਿਸ਼ਾਨੇ ਤੋਂ ਪਰ੍ਹੇ ਨਹੀਂ ਸੀ ਹਟਾ ਸਕਦੀ। ਸੁਤੰਤਰਤਾ ਦੇ ਪ੍ਰੇਮ ਨੇ ਉਨ੍ਹਾਂ ਦੇ ਸਿਰ ਨੂੰ ਕਦੇ ਨੀਵਾਂ ਨਹੀਂ ਸੀ ਹੋਣ ਦਿੱਤਾ। ਦਿਨੇ ਮੁਗਲਾਂ ਦਾ ਝੰਡਾ ਝੂਲਦਾ ਅਤੇ ਰਾਤ ਨੂੰ ਖਾਲਸੇ ਦਾ।

ਇਕ ਬੰਨੇ ਮੁਗਲ ਹਕੂਮਤ ਸਿੱਖਾਂ ਉੱਤੇ ਅੱਤ ਦੇ ਜੁਲਮ ਢਾਹ ਰਹੀ ਸੀ, ਦੂਜੇ ਬੰਨੇ ਸਿੰਘ ਨਿਰਭੈ ਹੋ ਕੇ ਉਨ੍ਹਾਂ ਦਾ ਟਾਕਰਾ ਕਰ ਰਹੇ ਸਨ, ਇਸ ਦੌਰ ਵਿਚ ਸੈਂਕੜੇ ਸਿੰਘ ਮੁਗਲਾਂ ਵੱਲੋਂ ਪਕੜ ਕੇ ਸ਼ਹੀਦ ਕੀਤੇ ਗਏ। ਸਿੰਘਾਂ ਨੇ ਵੀ ਜਦੋਂ ਕੋਈ ਮੌਕਾ ਬਣਿਆ ਤਾਂ ਮੁਗਲਾਂ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ।

ਭਾਰਾ ਸਿੰਘ ਵਾਂ ਜੋ ਗੁਰਦਾਸ ਸਿੰਘ ਦਾ ਸਪੁੱਤਰ ਸੀ, ਆਪਣੇ ਪਿੰਡ ਵਿਚ ਸੰਘਣੇ ਰੁੱਖਾਂ ਦੀ ਝਿੜੀ ਵਿਚ ਉਸ ਦਾ ਆਪਣਾ ਵਾੜਾ ਸੀ। ਉਸ ਨੇ ਭਾਈ ਮਨੀ ਸਿੰਘ ਕੋਲੋਂ ਅੰਮ੍ਰਿਤ ਪਾਨ ਕੀਤਾ ਸੀ। ਭਾਈ ਤਾਰਾ ਸਿੰਘ ਵੇਲੇ ਕੁਵੇਲੇ ਸਿੰਘਾਂ ਨੂੰ ਪਨਾਹ ਦਿੰਦਾ ਸੀ ਅਤੇ ਉਨ੍ਹਾਂ ਦੇ ਲੰਗਰ-ਪਾਣੀ ਦਾ ਪ੍ਰਬੰਧ ਵੀ ਕਰਦਾ ਸੀ। ਨੌਸ਼ਹਿਰਾ ਢਾਲਾ ਦੇ ਚੌਧਰੀ ਸਾਹਿਬ ਰਾਏ ਨਾਲ ਉਸ ਦਾ ਤਕਰਾਰ ਹੋ ਗਿਆ। ਸਾਹਿਬ ਰਾਏ ਨੇ ਤੜ ਮਾਰੀ – "ਵੇਖੀ ਮੇਰੀ ਕੈਂਚੀ ਕਿਸ ਤਰ੍ਹਾਂ ਤੇਰੀ ਦਾੜ੍ਹੀ ਤੇ ਕੇਸਾਂ ਨੂੰ ਕੱਟਦੀ ਹੈ।" ਤਾਰਾ ਸਿੰਘ ਸਾਹਿਬ ਰਾਏ ਦੀ



Sri Satguru Jagjit Singh Ji Elibrary NamdhariElibrary@gmail.com

ਘੋੜੀ ਖੋਲ੍ਹ ਕੇ ਲੈ ਗਿਆ, ਉਸ ਦਾ ਮੁੱਲ ਵੱਟ ਕੇ ਮਾਇਆ ਗੁਰੂ ਕੇ ਲੰਗਰ ਵਿਚ ਅਰਪਣ ਕਰ ਦਿੱਤੀ। ਪੱਟੀ ਦੇ ਹਾਕਮ ਜ਼ਾਫਰ ਬੇਗ ਨੇ 100 ਸਿਪਾਹੀਆਂ ਦਾ ਜੱਥਾ ਤਾਰਾ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਭੇਜਿਆ। ਤਾਰਾ ਸਿੰਘ ਨੇ ਆਪਣੇ ਸਾਥੀਆਂ ਸਮੇਤ ਦੁਸ਼ਮਣਾਂ ਦਾ ਟਾਕਰਾ ਕੀਤਾ। ਜਿਨ੍ਹਾਂ ਵਿਚ ਬਹੁਤ ਸਾਰੇ ਮਾਰੇ ਗਏ। ਜ਼ਾਫ਼ਰ ਬੇਗ ਦਾ ਭਤੀਜਾ ਵੀ ਮਾਰਿਆ ਗਿਆ।

ਜ਼ਾਫ਼ਰ ਬੇਗ ਵੱਲੋਂ ਇਸ ਘਟਨਾ ਦੀ ਖ਼ਬਰ ਦੇਣ ਉੱਤੇ ਜ਼ਕਰੀਆਂ ਖਾਂ ਨੇ ਲਾਹੌਰ ਤੋਂ 2000 ਦਾ ਲਸ਼ਕਰ, ਜਿਸ ਵਿਚ ਹਾਥੀ, ਘੋੜ ਸਵਾਰ ਤੇ ਛੋਟੀਆਂ ਤੋਪਾਂ ਸ਼ਾਮਲ ਸਨ। ਤਾਰਾ ਸਿੰਘ ਵਿਰੁੱਧ ਭੇਜੇ। ਰਾਤ ਸਿੰਘਾਂ ਨੇ ਬੜੀ ਦਲੇਰੀ ਨਾਲ ਮੁਗਲ ਸੈਨਾ ਦਾ ਟਾਕਰਾ ਕੀਤਾ। ਮੁਗਲਾਂ ਨੂੰ ਸਵੇਰੇ ਇਹ ਵੇਖ ਕੇ ਬੜੀ ਹੈਰਾਨੀ ਹੋਈ ਕਿ ਤਾਰਾ ਸਿੰਘ ਦੇ ਜੱਥੇ ਵਿਚ ਕੇਵਲ 22 ਸਿੰਘ ਹੀ ਸ਼ਾਮਲ ਸਨ। 24 ਦਸੰਬਰ 1732 ਨੂੰ ਭਾਈ ਤਾਰਾ ਸਿੰਘ ਤੇ ਉਸਦੇ 22 ਸਾਥੀ ਮੁਗਲਾਂ ਦੀ ਫ਼ੌਜ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਇਸ ਝੜਪ ਪਿਛੋਂ ਸਿੰਘਾਂ ਦੇ ਹੌਸਲੇ ਹੋਰ ਵੱਧ ਗਏ। ਸਿੰਘਾਂ ਨੇ ਇਸ ਪਿਛੋਂ ਮੁਗਲਾਂ ਵਿਰੁੱਧ ਸੰਘਰਸ਼ ਹੋਰ ਤਿੱਖਾ ਕਰਨ ਦਾ ਮਤਾ ਪਕਾਇਆ। ਸਿੰਘਾਂ ਨੇ ਮੁਗਲਾਂ ਦਾ ਖ਼ਜ਼ਾਨਾ ਲੁੱਟ ਲਿਆ। ਜ਼ਕਰੀਆ ਖ਼ਾਂ ਨੇ ਦਾੜ੍ਹੀ ਤੇ ਕੇਸਾਂ ਵਾਲੇ ਸਿੱਖਾਂ ਦਾ ਮਲੀਆ ਮੇਟ ਕਰਨ ਲਈ ਹੈਦਰੀ ਝੰਡਾ ਬੁਲੰਦ ਕੀਤਾ ਅਤੇ ਧਰਮ ਯੁੱਧ ਦੇ ਨਾਂ ਥੱਲੇ ਲੱਖਾਂ ਲੋਕ ਜਿਨ੍ਹਾਂ ਵਿਚ ਤੇਲੀ, ਮੋਚੀ, ਨਾਈ, ਡੂਮ, ਡੋਗਰੇ ਅਤੇ ਬਹੁਤ ਸਾਰੀਆਂ ਥਾਵਾਂ ਦੇ ਮੁਸਲਮਾਨ ਆ ਇਕੱਠੇ ਹੋਏ। ਇਸ ਮੁਹਿੰਮ ਦਾ ਆਗੂ ਮੀਰ ਇਨਾਇਤ ਉੱਲਾ ਖਾਂ ਸੀ।

ਸਿੰਘਾਂ ਨੇ ਪਹਿਲਾਂ ਤਾਂ ਚੁੱਪ ਸਾਧ ਰੱਖੀ ਤੇ ਫਿਰ ਅਚਨਚੇਤ 7000 ਦੀ ਸੈਨਾ ਨਾਲ ਗਾਜ਼ੀਆਂ ਉੱਤੇ ਹੱਲਾ ਬੋਲ ਦਿੱਤਾ।

ਜਹਾਦੀ ਲਸ਼ਕਰ ਦਾ ਬਹੁਤ ਨੁਕਸਾਨ ਹੋਇਆ। ਸਿੰਘਾਂ ਨੇ ਹੈਦਰੀ ਝੰਡਾ ਪਾੜ ਕੇ ਅੱਗ ਵਿਚ ਸਾੜ ਦਿੱਤਾ। ਬਹੁਤ ਸਾਰਾ ਮਾਲ-ਖਜ਼ਾਨਾ ਦਾਰੂ ਸਿੱਕਾ, ਘੋੜੇ ਆਦਿ ਸਿੰਘਾਂ ਦੇ ਹੱਥ ਆਏ। ਇਹ ਜਹਾਦ ਬੁਰੀ ਤਰ੍ਹਾਂ ਅਸਫਲ ਹੋਇਆ।

ਡਾ. ਹਰੀ ਰਾਮ ਗੁਪਤਾ ਅਨੁਸਾਰ ਜ਼ਕਰੀਆ ਖਾਂ ਜਿੱਥੇ ਬੜਾ ਕਠੋਰ ਹਾਕਮ ਸੀ, ਉਥੇ ਰਾਜਨੀਤੀ ਵਿਚ ਵੀ ਨਿਪੁੰਨ ਸੀ। ਉਹ ਸਮੇਂ ਸਮੇਂ ਸਿਰ ਸਖਤੀ ਤੇ ਨਰਮੀ ਦੀ ਨੀਤੀ ਦੀ ਵਰਤੋਂ ਕਰਨ ਵਿਚ ਬੜਾ ਮਾਹਿਰ ਸੀ। ਸ਼ੇਖ ਸਾਅਦੀ ਅਨੁਸਾਰ :

'ਦਾਰੂਸਤੀ ਵਾ ਨਰਮੀ ਬਾਹਮ ਦਰ ਬਾਹ ਅਸਤ'

ਉਹ ਹਰ ਤਰ੍ਹਾਂ ਨਾਲ ਆਪਣੇ ਸੂਬੇ ਵਿਚ ਅਮਨ ਕਾਇਮ ਕਰਨ ਦਾ ਇਛੱਕ ਸੀ। ਸੱਤ ਸਾਲ ਦੀ ਸਖਤੀ ਕਰਨ ਪਿਛੋਂ ਉਸਨੇ ਅਨੁਭਵ ਕੀਤਾ ਕਿ ਅੱਤ ਦੀ ਸਖਤੀ ਕਰਕੇ ਵੀ ਉਹ ਸਿੱਖਾਂ ਨੂੰ ਨਹੀਂ ਦਬਾ ਸਕਿਆ। ਇਸ ਲਈ ਉਸਨੇ ਸਿੱਖਾਂ ਨਾਲ ਸੁਲ੍ਹਾ ਕਰਨ ਦੀ ਨੀਤੀ ਅਪਨਾਉਣ ਦਾ ਯਤਨ ਕੀਤਾ।



Sri Satguru Jagjit Singh Ji Elibrary NamdhariElibrary@gmail.com

## ਸਿੰਘਾਂ ਨੂੰ ਨਵਾਬੀ ਦੀ ਪੇਸ਼ਕਸ਼

ਮਾਰਚ 1733 ਵਿਚ ਜ਼ਕਰੀਆ ਖ਼ਾਂ ਨੇ ਸਿੱਖਾਂ ਦੇ ਛੁੱਪਣ ਸਥਾਨਾਂ 'ਤੇ ਉੱਚ ਪੱਧਰੀ ਪ੍ਰਤੀਨਿਧ ਮੰਡਲ ਭੇਜਿਆ, ਜਿਸ ਨੂੰ ਸਿੱਖਾਂ ਦੇ ਨੇਤਾ ਨੂੰ ਨਵਾਬੀ ਦੇਣ ਦਾ ਲਿਖਤੀ ਪਰਵਾਨਾ, ਇਕ ਲੱਖ ਦੀ ਜਾਗੀਰ ਅਤੇ ਖਿਲਅਤ (ਦਸਤਾਰ, ਜਾਮਾ ਤੇ ਕਮਰਬੰਦ) ਦੇ ਕੇ ਰਵਾਨਾ ਕੀਤਾ ਗਿਆ ਸੀ।

ਮਾਝੇ ਦੇ ਸਿੱਖ ਇਨ੍ਹਾਂ ਦਿਨਾਂ ਵਿਚ ਹੁਸ਼ਿਆਰਪੁਰ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਰਹਿੰਦੇ ਸਨ ਅਤੇ ਮਾਲਵੇ ਦੇ ਸਿੱਖ ਰਾਜਸਥਾਨ ਤੇ ਲੱਖੀ ਜੰਗਲ ਵੱਲ ਚਲੇ ਗਏ ਸਨ। ਇਹ ਪ੍ਰਤੀਨਿਧ ਮੰਡਲ ਮਾਝੇ ਦੇ ਸਿੱਖਾਂ ਕੋਲ ਪੁੱਜਾ, ਜਿਸ ਦਾ ਨੇਤਾ ਦਰਬਾਰਾ ਸਿੰਘ ਸੀ। ਸਿੰਘ ਅਰਦਾਸ ਕਰਕੇ ਅਰਧ ਚੱਕਰ ਵਿਚ ਬੈਠ ਗਏ। ਪ੍ਰਤੀਨਿਧ ਮੰਡਲ ਦੇ ਆਗੂ ਨੇ ਸਿੰਘਾਂ ਨੂੰ ਆਪਣੇ ਆਉਣ ਦਾ ਮਨੋਰਥ ਦੱਸਿਆ। ਸਿੰਘ ਭਾਵੇਂ ਮੁਗ਼ਲ ਹਾਕਮਾਂ ਦੀ ਇਸ ਪੇਸ਼ਕਸ਼ ਨੂੰ ਪਰਵਾਨ ਕਰਨ ਲਈ ਤਿਆਰ ਨਹੀਂ ਸਨ, ਫਿਰ ਵੀ ਉਹ ਅਮਨ ਦਾ ਜੀਵਨ ਗੁਜ਼ਾਰਨਾ ਚਾਹੁੰਦੇ ਸਨ। ਜਦੋਂ ਮੁਗਲਾਂ ਦੇ ਨੁਮਾਇੰਦੇ ਨੇ ਪੁੱਛਿਆ, "ਖਾਲਸਾ ਜੀ ਤੁਹਾਡਾ ਆਗੂ ਕੌਣ ਹੈ।" ਤਾਂ ਸਿੰਘਾਂ ਨੇ ਉੱਤਰ ਦਿੱਤਾ, "ਸਾਰੇ ਸਿੰਘ ਆਗੂ ਹਨ, ਇੱਥੇ ਵੱਡੇ ਛੋਟੇ ਦਾ ਕੋਈ ਭਿੰਨ ਭੇਦ ਨਹੀਂ ਹੈ।" ਰਾਜਦੂਤ ਨੇ ਆਪਣੇ ਵੱਲੋਂ ਲਿਆਂਦੀਆਂ ਵਸਤਾਂ ਸਭ ਤੋਂ ਮੂਹਰੇ ਬੈਠੇ ਸਿੱਖ ਦਰਬਾਰਾ ਸਿੰਘ ਦੇ ਸਾਹਮਣੇ ਰੱਖ ਦਿੱਤੀਆਂ। ਉਸਨੇ ਉਹ ਆਪਣੇ ਤੋਂ ਅਗਲੇ ਸਿੱਖ ਨੂੰ ਦੇ ਦਿੱਤੀਆਂ। ਇਸ ਪ੍ਰਕਾਰ ਇਹ ਸਰਕਾਰੀ ਵਸਤਾਂ ਘੁੰਮਦੀਆਂ ਘੁੰਮਦੀਆਂ ਸਭ ਤੋਂ ਅਖੀਰ ਵਿਚ ਬੈਠੇ ਸਿੰਘ ਕੋਲ ਪਹੁੰਚ ਗਈਆਂ। ਉਸਨੇ ਉਹ ਕਪੂਰ ਸਿੰਘ ਜੋ ਉਸ ਸਮੇਂ ਸਿੰਘਾਂ ਨੂੰ ਪੱਖਾ ਝੱਲਣ ਦੀ ਸੇਵਾ ਕਰ ਰਿਹਾ ਸੀ, ਦੇ ਅੱਗੇ ਰੱਖ ਦਿੱਤੀਆਂ। ਸਾਰਿਆਂ ਨੇ ਉੱਚੀ ਆਵਾਜ਼ ਵਿਚ "ਸਤਿ ਸ੍ਰੀ ਅਕਾਲ" ਦਾ ਜੈਕਾਰਾ ਛੱਡਿਆ ਤੇ ਸਿੰਘਾਂ ਦਾ ਸੇਵਾਦਾਰ ਕਪੂਰ ਸਿੰਘ ਹੁਣ ਨਵਾਬ ਕਪੂਰ ਸਿੰਘ ਬਣ ਗਿਆ।

ਮੁਗ਼ਲ ਸਰਕਾਰ ਦੇ ਦੂਤ ਨੇ ਸਰਕਾਰੀ ਪਰਵਾਨਾ ਪੜ੍ਹ ਕੇ ਸੁਣਾਇਆ। ਨਵਾਬ ਕਪੂਰ ਸਿੰਘ ਨੇ ਇਹ ਸ਼ਰਤ ਰੱਖ ਦਿੱਤੀ ਕਿ ਉਸਨੇ ਮੁਗਲਾਂ ਦੀ ਨਵਾਬੀ ਅਤੇ ਜਾਗੀਰਦਾਰੀ ਤਾਂ ਪ੍ਰਵਾਨ ਕਰ ਲਈ ਹੈ ਪਰ ਉਹ ਮੁਗਲਾਂ ਦੇ ਕਿਸੇ ਵੀ ਦਰਬਾਰ ਵਿਚ ਭਾਵੇਂ ਉਹ ਰਾਜਧਾਨੀ ਵਿਚ ਹੋਵੇ ਜਾਂ ਕਿਸੇ ਹੋਰ ਥਾਂ, ਹਾਜ਼ਰੀ ਨਹੀਂ ਭਰੇਗਾ।

ਮੁਗਲ ਸਰਕਾਰ ਨਾਲ ਇਸ ਅਮਨ ਸਮਝੌਤੇ ਦੇ ਸਿੱਟੇ ਵਜੋਂ ਸਿੱਖਾਂ ਨੂੰ ਕੁਝ ਸਮਾਂ ਅਮਨ-ਅਮਾਨ ਦਾ ਮਿਲ ਗਿਆ ਅਤੇ ਉਹ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਘਰੀਂ ਪਰਤ ਆਏ। ਅੰਮ੍ਰਿਤਸਰ ਵਿਖੇ ਦੀਵਾਲੀ ਤੇ ਵਿਸਾਖੀ ਦੇ ਪੁਰਬ ਮਨਾਉਣ ਲੱਗੇ।



Sri Satguru Jagjit Singh Ji Elibrary NamdhariElibrary@gmail.com

## ਬੁੱਢਾ ਦਲ ਤੇ ਤਰੁਣਾ ਦਲ ਦੀ ਸਥਾਪਨਾ

1733 ਦੀ ਵਿਸਾਖੀ ਨੂੰ ਖਾਲਸੇ ਨੇ ਅੰਮ੍ਰਿਤਸਰ ਆ ਡੇਰੇ ਲਾਏ ਅਤੇ ਇਸ ਨਗਰ ਦੇ ਵੱਖ ਵੱਖ ਥਾਵਾਂ ਤੇ ਆਪਣੇ ਆਪਣੇ ਡੇਰੇ ਕਾਇਮ ਕਰ ਲਏ। ਨਵਾਬ ਕਪੂਰ ਸਿੰਘ ਨੂੰ ਇਨ੍ਹਾਂ ਹਜ਼ਾਰਾਂ ਸਿੱਖਾਂ ਦਾ ਲੰਗਰ ਪਾਣੀ ਦਾ ਪ੍ਰਬੰਧ ਚਲਾਉਣਾ ਪੈਂਦਾ ਸੀ। ਦੁੱਧ ਤੇ ਹੋਰ ਰਸਦ ਭਾਵੇਂ ਕਾਫੀ ਮਾਤਰਾ ਵਿਚ ਪੁੱਜ ਰਹੀ ਸੀ ਅਤੇ ਘੋੜਿਆਂ ਲਈ ਚਾਰੇ ਅਤੇ ਦਾਣੇ ਦਾ ਵੀ ਚੰਗਾ ਪ੍ਰਬੰਧ ਸੀ, ਫਿਰ ਵੀ ਸਿੰਘਾਂ ਦੇ ਨੌਜਵਾਨ ਜਥਿਆਂ ਨੂੰ ਇਹ ਸ਼ਿਕਾਇਤ ਰਹਿੰਦੀ ਸੀ ਕਿ ਉਨ੍ਹਾਂ ਦੇ ਟਾਕਰੇ ਉੱਤੇ ਬਿਰਧ ਸਿੰਘਾਂ ਨਾਲ ਚੰਗਾ ਸਲੂਕ ਹੋ ਰਿਹਾ ਹੈ। ਇਸ ਲਈ ਨਵਾਬ ਕਪੂਰ ਸਿੰਘ ਨੇ ਬੜੀ ਸੂਝ ਤੇ ਸਿਆਣਪ ਨਾਲ ਸਿੰਘਾਂ ਨੂੰ ਦੋ ਦਲਾਂ ਵਿਚ ਵੰਡ ਦਿੱਤਾ, ਜੋ ਸਿੱਖ ਇਤਿਹਾਸ ਵਿਚ 'ਬੁੱਢਾ ਦਲ' ਤੇ 'ਤਰੁਣਾ ਦਲ' ਕਰਕੇ ਜਾਣੇ ਜਾਂਦੇ ਰਹੇ ਹਨ। ਦਰਬਾਰਾ ਸਿੰਘ 1734 ਵਿਚ ਗੁਰਪੁਰੀ ਸਿਧਾਰ ਗਿਆ। ਇਸ ਲਈ ਹੁਣ ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਨਵਾਬ ਕਪੂਰ ਸਿੰਘ ਉੱਤੇ ਆ ਪਈ।

ਤਰੁਣਾ ਦਲ ਦੇ ਅੱਗੋਂ ਪੰਜ ਜਥੇ ਬਣ ਗਏ ਅਤੇ ਇਸੇ ਤਰ੍ਹਾਂ ਬੁੱਢਾ ਦਲ ਦੇ ਵੀ ਕਈ ਜਥੇ ਬਣ ਗਏ। ਤਰੁਣਾ ਦਲ ਦੇ ਹਰ ਜਥੇ ਨੂੰ ਨਿਸ਼ਾਨ, ਨਗਾਰਾ, ਵਖਰਾ ਡੇਰਾ, ਲੰਗਰ ਅਤੇ ਚੀਜ਼ਾਂ ਵਸਤਾਂ ਦੇ ਵੱਖ ਵੱਖ ਭੰਡਾਰਾਂ ਦਾ ਸੁਤੰਤਰ ਪ੍ਰਬੰਧ ਦੇ ਦਿੱਤਾ ਗਿਆ। ਬੁੱਢਾ ਦਲ ਵਿਸ਼ੇਸ਼ ਕਰਕੇ ਹਰਿਮੰਦਰ ਸਾਹਿਬ ਦੇ ਪ੍ਰਬੰਧ ਦਾ ਹੀ ਕਾਰਜ ਕਰਦਾ ਸੀ।

ਡਾ. ਹਰੀ ਰਾਮ ਗੁਪਤਾ ਦਾ ਵਿਚਾਰ ਹੈ ਕਿ ਤਰੁਣਾ ਦਲ ਅਤੇ ਬੁੱਢਾ ਦਲ ਦਾ ਇਹ ਵੰਡਾਰਾ ਬਿਰਧਾਂ ਅਤੇ ਨੌਜਵਾਨਾਂ ਦੀਆਂ ਪੀੜ੍ਹੀਆਂ ਦੇ ਮਨੋਵਿਗਿਆਨਿਕ ਅੰਤਰ ਕਾਰਨ ਹੀ ਸੀ। ਨੌਜਵਾਨ, ਬਜ਼ੁਰਗਾਂ ਦਾ ਕਹਿਣਾ ਮੰਨਣ ਨੂੰ ਤਿਆਰ ਨਹੀਂ ਸਨ। ਫਿਰ ਵੀ ਇਸ ਸਾਰੇ ਪ੍ਰਬੰਧ ਉੱਤੇ ਨਵਾਬ ਕਪੂਰ ਸਿੰਘ ਦਾ ਹੀ ਪੂਰਨ ਇਖ਼ਤਿਆਰ ਸੀ ਪਰ ਬਹੁਤੇ ਨੌਜਵਾਨ ਸਿੰਘ ਅੰਮ੍ਰਿਤਸਰ ਰਹਿ ਕੇ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਲਈ ਤਿਆਰ ਨਹੀਂ ਸਨ, ਉਹ ਆਪਣੇ-ਆਪਣੇ ਘਰਾਂ ਨੂੰ ਪਰਤ ਆਏ, ਉਥੇ ਜਾ ਕੇ ਉਨ੍ਹਾਂ ਵੇਖਿਆ ਕਿ ਉਨ੍ਹਾਂ ਦੇ ਘਰ ਉਜੜੇ ਪਏ ਸਨ। ਕਈ ਰਿਸ਼ਤੇਦਾਰ ਪਰਲੋਕ ਸਿਧਾਰ ਚੁੱਕੇ ਸਨ ਅਤੇ ਉਨ੍ਹਾਂ ਦੇ ਖੇਤ ਵੀ ਬਰਬਾਦ ਹੋ ਚੁੱਕੇ ਸਨ। ਉਨ੍ਹਾਂ ਦੇ ਦਿਲਾਂ ਅੰਦਰ ਇਹ ਮਨੋਭਾਵ ਜਾਗੇ ਕਿ ਸਾਡੇ ਗੁਰੂਆਂ ਤੇ ਵਡੇਰਿਆਂ ਨੇ ਅਜਿਹੇ ਘਟੀਆ ਜੀਵਨ ਗੁਜ਼ਾਰਨ ਲਈ ਤਾਂ ਕੁਰਬਾਨੀਆਂ ਨਹੀਂ ਸਨ ਕੀਤੀਆਂ। ਉਨ੍ਹਾਂ ਦੇ ਦਿਲਾਂ ਵਿਚ ਫਿਰ ਬਗਾਵਤ ਦੀ ਜਵਾਲਾ ਮੱਘਣ ਲੱਗੀ।

ਜ਼ਕਰੀਆ ਖ਼ਾਂ ਨੇ ਇਹ ਸਾਰੇ ਹਾਲਾਤ ਵੇਖ ਕੇ ਸਿੰਘਾਂ ਨੂੰ ਸਰਕਾਰੀ ਫ਼ੌਜ



Sri Satguru Jagjit Singh Ji Elibrary NamdhariElibrary@gmail.com

ਵਿਚ ਭਰਤੀ ਹੋਣ ਲਈ ਕਿਹਾ। ਦੂਜੀ ਪੇਸ਼ਕਸ਼ ਇਹ ਕੀਤੀ ਕਿ ਜੇ ਸਿੰਘ ਪਿੰਡਾਂ ਵਿਚ ਅਮਨ ਅਮਾਨ ਨਾਲ ਰਹਿ ਕੇ ਖੇਤੀਬਾੜੀ ਦਾ ਧੰਦਾ ਕਰਨ ਤਾਂ ਉਨ੍ਹਾਂ ਦਾ ਮਾਲੀਆ ਮਾਫ ਕਰ ਦਿੱਤਾ ਜਾਵੇਗਾ। ਨਵਾਬ ਕਪੂਰ ਸਿੰਘ ਨੇ ਅਗਲੀ ਦੀਵਾਲੀ ਦੇ ਇਕੱਠ ਵਿਚ ਇਹ ਤਜਵੀਜ਼ਾਂ ਖ਼ਾਲਸੇ ਦੇ ਸਾਹਮਣੇ ਰੱਖੀਆਂ, ਜਿਨ੍ਹਾਂ ਨੂੰ ਅਪ੍ਰਵਾਨ ਕਰ ਦਿੱਤਾ ਗਿਆ। ਮੁਗਲ ਸਰਕਾਰ ਨੇ ਢਾਈ ਸਾਲ ਪਿਛੋਂ 1735 ਵਿਚ ਜਾਗੀਰ ਜ਼ਬਤ ਕਰ ਲਈ ਅਤੇ ਮੁੜ ਸੰਘਰਸ਼ ਦਾ ਦੌਰ ਸ਼ੁਰੂ ਹੋ ਗਿਆ।

ਇਸ ਪਿਛੋਂ ਸਿੰਘਾਂ ਨੂੰ ਪਤਾ ਸੀ ਕਿ ਉਨ੍ਹਾਂ ਉੱਤੇ ਮੁੜ ਸਖਤੀ ਦਾ ਦੌਰ ਸ਼ੁਰੂ ਹੋਣ ਵਾਲਾ ਹੈ, ਉਨ੍ਹਾਂ ਨੇ ਫਿਰ ਆਪਣੇ ਪੁਰਾਣੇ ਟਿਕਾਣਿਆਂ ਤੇ ਛੁਪਣ ਸਥਾਨਾਂ ਤੇ ਜਾਣਾ ਸ਼ੁਰੂ ਕਰ ਦਿੱਤਾ ਅਤੇ ਰਾਹ ਵਿਚ ਜੋ ਵੀ ਕੋਈ ਸ਼ਹਿਰ ਜਾਂ ਪਿੰਡ ਆਉਂਦਾ, ਉਸ ਵਿਚੋਂ ਉਹ ਘੋੜੇ ਤੇ ਸ਼ਸਤਰ ਆਦਿ ਲੈ ਕੇ ਦਰਿਆ ਪਾਰ ਕਰਕੇ ਆਪਣੇ ਆਪਣੇ ਪੁਰਾਣੇ ਟਿਕਾਣਿਆਂ ਤੇ ਪੁੱਜਦੇ।

ਜ਼ਕਰੀਆ ਖ਼ਾਂ ਨੇ ਮੁੜ ਊਠਾਂ ਤੇ ਘੋੜ ਸਵਾਰਾਂ ਦੇ ਫੌਜੀ ਦਸਤੇ ਸਿੰਘਾਂ ਨੂੰ ਪਕੜਨ ਅਤੇ ਕਤਲ ਕਰਨ ਲਈ ਭੇਜੇ। ਅੰਮ੍ਰਿਤਸਰ ਦੀ ਘੇਰਾਬੰਦੀ ਕਰਨ ਲਈ ਦੀਵਾਨ ਲਖ਼ਪਤ ਰਾਏ ਨੂੰ ਫ਼ੌਜ ਦੇ ਕੇ ਭੇਜਿਆ ਗਿਆ ਤਾਂ ਜੋ ਸਿੰਘ ਹਰਿਮੰਦਰ ਸਾਹਿਬ ਦੇ ਆਪਣੇ ਪ੍ਰਮੁੱਖ ਧਰਮ ਸਥਾਨ ਦੇ ਦਰਸ਼ਨ ਨਾ ਕਰ ਸਕਣ। ਅੰਮ੍ਰਿਤਸਰ ਦੇ ਨੇੜੇ ਬਾਸਰਕੇ ਨਾਮੀ ਸਥਾਨ ਤੇ ਬੁੱਢਾ ਦਲ ਦੇ ਸਿੱਖਾਂ ਉੱਤੇ ਅਚਾਨਕ ਹਮਲਾ ਕਰ ਦਿੱਤਾ ਗਿਆ ਤੇ ਉਨ੍ਹਾਂ ਨੂੰ ਹਰਾ ਕੇ ਚੂਣੀਆ ਵਲ ਭਜਾ ਦਿੱਤਾ ਗਿਆ। ਇਸ ਹਾਰ ਦੀ ਖ਼ਬਰ ਸੁਣਦਿਆਂ ਸਾਰ ਤਰੁਣਾ ਦਲ ਦੇ ਸਿੱਖ ਬੁੱਢਾ ਦਲ ਦੀ ਸਹਾਇਤਾ ਲਈ ਆ ਪਹੁੰਚੇ ਅਤੇ ਲਾਹੌਰ ਵਾਪਸ ਜਾਂਦੀ ਮੁਗਲ ਸੈਨਾ ਉੱਤੇ ਹੁਜਰਾ ਸ਼ਾਹ ਮੁਕੀਮ ਦੇ ਸਥਾਨ ਤੇ ਹੱਲਾ ਬੋਲ ਦਿੱਤਾ। ਉਨ੍ਹਾਂ ਨੇ ਮੁਗਲ ਫ਼ੌਜ ਦਾ ਭਾਰੀ ਨੁਕਸਾਨ ਕੀਤਾ। ਇਸ ਲੜਾਈ ਵਿਚ ਦੀਵਾਨ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਅਤੇ ਦੋ ਹੋਰ ਮੁਗਲ ਫ਼ੌਜਦਾਰ ਜਮਾਲ ਖ਼ਾਂ ਤੇ ਤਾਤਾਰ ਖ਼ਾਂ ਮਾਰੇ ਗਏ। ਸਿੰਘਾਂ ਦੇ ਹੱਥ ਬਹੁਤ ਸਾਰਾ ਮਾਲ ਅਸਬਾਬ, ਸ਼ਸਤਰ, ਘੋੜੇ ਅਤੇ ਹੋਰ ਬਹੁਤ ਸਾਰਾ ਜੰਗੀ ਸਮਾਨ ਹੱਥ ਆਇਆ। ਮੁਗਲ ਸਰਕਾਰ ਵੱਲੋਂ ਮੁੜ ਸਿੱਖਾਂ ਵਿਰੁੱਧ ਜ਼ਬਰ ਤੇ ਕਤਲੇਆਮ ਦਾ ਦੌਰ ਸ਼ੁਰੂ ਹੋ ਗਿਆ।

### ਭਾਈ ਮਨੀ ਸਿੰਘ ਦੀ ਸ਼ਹੀਦੀ

ਭਾਈ ਮਨੀ ਸਿੰਘ (ਜਨਮ 1673) ਪਿੰਡ ਕੈਂਬੋਵਾਲ (ਜ਼ਿਲ੍ਹਾ ਸੰਗਰੂਰ) ਦੇ [1*]ਭਾਈ ਕਾਲਾ (ਦੁਲਟ) ਅਤੇ ਮਾਤਾ ਦਇਆ ਕੌਰ ਦੇ ਸਪੁੱਤਰ ਸਨ ਜੋ

---

[1*] ਦੁਲਟ : ਰਾਜਪੂਤਾਂ ਦੀ ਗੋਤ ਸੀ



Sri Satguru Jagjit Singh Ji Elibrary NamdhariElibrary@gmail.com

1682 ਵਿਚ ਅਨੰਦਪੁਰ ਵਿਖੇ ਗੁਰੂ ਘਰ ਦੀ ਸੇਵਾ ਵਿਚ ਆ ਗਏ। ਆਪ ਦੇ ਵੱਡੇ ਭਾਈ ਦਿਆਲ ਦਾਸ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ 1675 ਵਿਚ ਦਿੱਲੀ ਵਿਖੇ ਸ਼ਹੀਦ ਕੀਤੇ ਗਏ ਸਨ। ਮਾਤਾ ਗੁਜਰੀ ਜੀ ਆਪ ਜੀ ਨੂੰ ਬੜਾ ਪਿਆਰ ਕਰਦੇ ਸਨ ਅਤੇ ਆਪ ਦਾ ਬਚਪਨ ਦਾ ਸਮਾਂ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿਚ ਹੀ ਬੀਤਿਆ। ਆਪ ਪੁਸਤਕਾਂ ਗਿਆਨ ਰਤਨਾਵਾਲੀ (ਜਨਮ ਸਾਖੀ ਗੁਰੂ ਨਾਨਕ ਦੇਵ ਜੀ) ਅਤੇ ਭਗਤ ਰਤਨਾਵਲੀ (ਸਿੱਖਾਂ ਦੀ ਭਗਤਮਾਲਾ) ਦੇ ਕਰਤਾ ਵੀ ਸਨ। 1699 ਵਿਚ ਅੰਮ੍ਰਿਤ ਪਾਨ ਕਰਕੇ ਆਪ ਜੀ ਦਾ ਨਾਮ ਮਨੀ ਰਾਮ ਤੋਂ ਮਨੀ ਸਿੰਘ ਰੱਖਿਆ ਗਿਆ। 1704 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਅਨੰਦਪੁਰ ਛੱਡਣ ਤੋਂ ਮਗਰੋਂ ਆਪ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾ ਨੂੰ ਦਿੱਲੀ ਪਹੁੰਚਾਉਣ ਅਤੇ ਫਿਰ ਤਲਵੰਡੀ ਸਾਹਿਬੋ ਵਿਖੇ ਲਿਆਉਣ ਦੀ ਸੇਵਾ ਨਿਭਾਉਂਦੇ ਰਹੇ। ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸਮੁੱਚੀ ਰਚਨਾ ਨੂੰ ਜਿਸ ਬਾਰੇ ਸ੍ਰੀ ਮਨੀ ਸਿੰਘ ਨੂੰ ਪੂਰੀ ਪੂਰੀ ਜਾਣਕਾਰੀ ਸੀ। ਆਪ ਨੇ ਹੀ ਦਸਮ ਗ੍ਰੰਥ ਦੇ ਰੂਪ ਵਿਚ ਸੰਗ੍ਰਹਿ ਕਰ ਕੇ ਬੀੜ ਤਿਆਰ ਕੀਤੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਖੇ ਸਨ ਤਾਂ ਆਪ ਗੁਰਬਾਣੀ ਦੀ ਵਿਆਖਿਆ ਵੀ ਕਰਦੇ ਰਹੇ ਸਨ। 1721 ਵਿਚ ਮਾਤਾ ਸੁੰਦਰੀ ਜੀ ਨੇ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁਖ ਪ੍ਰਬੰਧਕ ਥਾਪਿਆ 1722 ਵਿਚ ਤੱਤ ਖਾਲਸੇ ਤੇ ਬੰਦਈ ਖਾਲਸੇ ਦੇ ਵਾਦ-ਵਿਵਾਦ ਨੂੰ ਸੁਲਝਾਉਣ ਵਿਚ ਵੀ ਆਪ ਨੇ ਵੱਡੀ ਭੂਮਿਕਾ ਨੂੰ ਨਿਭਾਇਆ। 1735 ਵਿਚ ਜਦੋਂ ਜ਼ਕਰੀਆ ਖਾਂ ਨੇ ਸਿੰਘਾਂ ਨੂੰ ਦਿੱਤੀ ਗਈ ਜਗੀਰ ਜ਼ਬਤ ਕਰ ਲਈ। ਉਸ ਸਮੇਂ ਵੀ ਆਪ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦੇ ਕਾਰਜ ਨੂੰ ਨਿਭਾਉਂਦੇ ਰਹੇ।

ਮੁਗਲ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਸਿੰਘਾਂ ਨੂੰ ਜਾਣ ਤੋਂ ਰੋਕਣ ਲਈ ਕਈ ਪਾਬੰਦੀਆਂ ਲਗਾ ਦਿੱਤੀਆਂ ਸਨ ਤੇ ਆਲੇ ਦੁਆਲੇ ਦੀਵਾਨ ਲਖ਼ਪਤ ਰਾਏ ਦੀ ਨਿਗਰਾਨੀ ਵਿਚ ਫ਼ੌਜੀ ਚੌਕੀਆਂ ਕਾਇਮ ਕਰ ਦਿੱਤੀਆਂ ਸਨ। ਭਾਈ ਮਨੀ ਸਿੰਘ ਨੇ ਨਵੰਬਰ 1737 ਵਿਚ ਦੀਵਾਲੀ ਦਾ ਪੁਰਬ ਮਨਾਉਣ ਲਈ ਜ਼ਕਰੀਆ ਖ਼ਾਂ ਨੂੰ 5000 ਰੁਪਏ ਦੇਣ ਦੇ ਇਕਰਾਰ ਨਾਲ ਪੁਰਬ ਮਨਾਉਣ ਦੀ ਆਗਿਆ ਲੈ ਲਈ। ਸਿੱਖ ਸੰਗਤਾਂ ਨੂੰ ਸੱਦਾ ਪੱਤਰ ਭੇਜ ਕੇ ਆਉਣ ਲਈ ਬੇਨਤੀ ਕੀਤੀ ਗਈ। ਪਰ ਮੁਗਲ ਹਾਕਮਾਂ ਦੀ ਬਦਨੀਤੀ ਤੇ ਸਖ਼ਤੀ ਕਾਰਨ ਇਹ ਪੁਰਬ ਨਾ ਮਨਾਇਆ ਜਾ ਸਕਿਆ। ਮੁਗਲ ਹਾਕਮਾਂ ਵੱਲੋਂ 5000 ਦੀ ਰਕਮ ਅਦਾ ਕਰਨ ਲਈ ਜ਼ੋਰ ਪਾਇਆ ਗਿਆ। ਲਾਹੌਰ ਦੇ ਸਿੱਖਾਂ ਨੇ 5000 ਦੀ ਰਕਮ ਇਕੱਠੀ ਕਰਕੇ ਸਰਕਾਰ ਨੂੰ ਦੇਣ ਲਈ ਭਾਈ ਮਨੀ ਸਿੰਘ ਦੀ ਭੇਂਟ ਕੀਤੀ ਪਰ ਉਨ੍ਹਾਂ ਨੇ ਇਹ ਰਕਮ ਲੈ ਕੇ ਸਰਕਾਰ ਨੂੰ ਦੇਣ



Sri Satguru Jagjit Singh Ji Elibrary NamdhariElibrary@gmail.com

ਤੋਂ ਸਾਫ ਇਨਕਾਰ ਕਰ ਦਿੱਤਾ। ਉਨ੍ਹਾਂ ਇਹ ਦਲੀਲ ਦਿੱਤੀ ਕਿ ਸਰਕਾਰ ਉਨ੍ਹਾਂ ਨੂੰ ਜਾਣ ਤੋਂ ਮਾਰ ਦੇਣ ਲਈ ਕੋਈ ਹੋਰ ਬਹਾਨਾ ਘੜ ਲਵੇਗੀ। ਉਨ੍ਹਾਂ ਦੀ ਵਿਦਵਤਾ, ਗਿਆਨ ਅਤੇ ਗੁਰੂ ਘਰ ਨਾਲ ਅਥਾਹ ਸ਼ਰਧਾ ਅਤੇ ਸਮਰਪਣ ਕਾਰਨ ਸਾਰੇ ਸਿੱਖ ਪੰਥ ਵਿਚ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਸੀ। ਭਾਈ ਮਨੀ ਸਿੰਘ ਜੀ ਦੀ ਇਹ ਦਲੀਲ ਪ੍ਰਵਾਨ ਨਹੀਂ ਕੀਤੀ ਗਈ ਕਿ ਹਕੂਮਤ ਦੀ ਸਖਤੀ ਕਾਰਨ ਇਹ ਪੁਰਬ ਮਨਾਇਆ ਨਹੀਂ ਜਾ ਸਕਿਆ। ਇਸ ਲਈ ਭਾਈ ਮਨੀ ਸਿੰਘ ਨੂੰ ਪਕੜ ਕੇ ਲਾਹੌਰ ਵਿਖੇ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਦੇ ਨਾਲ ਹੀ ਦੋ ਹੋਰ ਸਿੰਘ ਭਾਈ ਗੁਲਜ਼ਾਰ ਸਿੰਘ ਤੇ ਭਾਈ ਦੀਵਾਨ ਸਿੰਘ ਨੂੰ ਵੀ ਸ਼ਹੀਦ ਕੀਤਾ ਗਿਆ।

ਇਸ ਸ਼ਹੀਦੀ ਦਾ ਸਿੱਖਾਂ ਉੱਤੇ ਬਹੁਤ ਵੱਡਾ ਪ੍ਰਭਾਵ ਪਿਆ। 1*ਭਾਈ ਮਨੀ ਸਿੰਘ ਸਿੱਖਾਂ ਦੀ ਪ੍ਰਸਿੱਧ ਹਸਤੀ ਸਨ, ਇਸ ਲਈ ਇਸ ਸ਼ਹੀਦੀ ਦੇ ਕਾਰਨ ਸਿੰਘਾਂ ਵਿਚ ਮੁਗਲ ਸਰਕਾਰ ਵਿਰੁੱਧ ਹੋਰ ਜੋਸ਼ ਭਰ ਗਿਆ ਤੇ ਮੁਗਲ ਸਰਕਾਰ ਨਾਲ ਸਿੱਧੀਆਂ ਟੱਕਰਾਂ ਲੈਣ ਲਈ ਸਿੰਘਾਂ ਦੀਆਂ ਕਾਰਵਾਈਆਂ ਵਿਚ ਹੋਰ ਤੇਜ਼ੀ ਆ ਗਈ।

---

1* ਭਾਈ ਮਨੀ ਸਿੰਘ ਜੀ ਪ੍ਰਸਿੱਧ ਇਤਿਹਾਸਕਾਰ ਗਿ. ਗਿਆਨ ਸਿੰਘ ਦੇ ਵਡੇਰਿਆਂ ਵਿਚੋਂ ਸਨ। ਆਪ ਇਸ ਸ਼ਹੀਦੀ ਸਾਕੇ ਬਾਰੇ ਲਿਖਦੇ ਹਨ - 'ਏਸ ਕਥਾ ਨੂੰ ਲਿਖਦੀ ਹੋਈ ਮੇਰੀ ਕ਼ਲਮ ਤੇ ਛਾਤੀ ਇਸ ਵਾਸਤੇ ਅਧਕ ਤੜਫਦੀ ਹੈ ਕਿ ਇਹ ਮੇਰੇ ਬਾਪ ਦਾ ਦਾਦਾ ਸੀ। ਐਸਾ ਸਿੰਘ ਯਾ ਕੋਈ ਹੋਰ ਪੱਥਰ ਦਿਲ ਨਹੀਂ ਹੋਵੇਗਾ। (ਤਵਾਰੀਖ ਗੁਰੂ ਖਾਲਸਾ-II-ਪੰਨਾ 127) ਗਿ : ਗਿਆਨ ਸਿੰਘ ਅਨੁਸਾਰ ਭਾਈ ਮਨੀ ਸਿੰਘ ਦੀ ਸ਼ਹੀਦੀ ਮਘਰ ਸੁਦੀ ਪੰਚਮੀ ਸੰ: 1795 ਬਿਕਰਮੀ ਨੂੰ ਹੋਈ।



Sri Satguru Jagjit Singh Ji Elibrary NamdhariElibrary@gmail.com

# 9

## ਮੁਗਲ ਸਾਮਰਾਜ ਦਾ ਪਤਨ

ਔਰੰਗਜੇਬ ਦੀਆਂ ਨੀਤੀਆਂ ਨਾਲ ਹੀ ਉਸਦੇ ਜੀਵਨ ਕਾਲ ਵਿਚ ਸ਼ਕਤੀਸ਼ਾਲੀ ਮੁਗਲ ਸਾਮਰਾਜ ਵਿਚ ਪਤਨ ਦੇ ਚਿੰਨ੍ਹ ਪ੍ਰਗਟ ਹੋ ਗਏ ਸਨ। ਉਸਦੇ ਕਮਜ਼ੋਰ ਉੱਤਰ ਅਧਿਕਾਰੀਆਂ ਦੇ ਸਮੇਂ ਦੱਖਣ ਵਿਚ ਮਰਹੱਟੇ, ਕੇਂਦਰ ਵਿਚ ਜੱਟ ਤੇ ਰੋਹੀਲੇ ਅਤੇ ਉੱਤਰ ਵਿਚ ਸਿੱਖਾਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਥੋੜ੍ਹੇ ਸਮੇਂ ਵਿਚ ਹੀ ਮਰਹੱਟਿਆਂ ਦਾ ਗਲਬਾ ਦੱਖਣ ਤੋਂ ਬਿਨਾਂ ਦਿੱਲੀ ਦੇ ਨੇੜਲੇ ਖੇਤਰਾਂ ਤਕ ਹੋ ਗਿਆ ਸੀ। ਜੱਟਾਂ ਨੇ ਸਲਤਨਤ ਦੀਆਂ ਸ਼ਾਹੀ ਰਾਜਧਾਨੀਆਂ ਆਗਰਾ ਤੇ ਦਿੱਲੀ ਦੇ ਨੇੜੇ ਹੀ ਆਪਣਾ ਸੁਤੰਤਰ ਰਾਜ ਸਥਾਪਿਤ ਕਰ ਲਿਆ ਸੀ। ਅਫ਼ਗਾਨਿਸਤਾਨ ਤੋਂ ਆਏ ਰੋਹੀਲਿਆਂ ਨੇ ਗੰਗਾ ਦੁਆਬ ਦੇ ਰੋਹੇਲ ਖੰਡ ਵਿਚ ਆਪਣਾ ਅਧਿਕਾਰ ਜਮਾ ਲਿਆ। ਹੈਦਰਾਬਾਦ ਅਤੇ ਅਵਧ ਮੁਗਲ ਸਲਤਨਤ ਨਾਲੋਂ ਵਖਰੇ ਹੋ ਗਏ। ਬਾਕੀ ਰਹਿੰਦੀ ਤਾਕਤ ਨੂੰ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੁਰਾਨੀ ਦੇ ਅੱਠ ਹੱਲਿਆਂ ਨੇ ਆਖਰੀ ਸੱਟ ਮਾਰ ਕੇ ਖੋਖਲਾ ਕਰ ਦਿੱਤਾ। ਨਾਦਰ ਸ਼ਾਹ ਨੇ ਅਫ਼ਗਾਨਿਸਤਾਨ, ਬਲੋਚਿਸਤਾਨ, ਮਕਰਾਨ, ਉੱਤਰ ਪੱਛਮੀ ਸਰਹੱਦੀ ਪ੍ਰਾਂਤ ਅਤੇ ਸਿੰਧ ਉੱਤੇ ਕਬਜ਼ਾ ਕਰ ਲਿਆ ਸੀ। ਦੁਰਾਨੀ ਨੇ ਇਨ੍ਹਾਂ ਸਾਰਿਆਂ ਸੂਬਿਆਂ ਉੱਤੇ ਅਧਿਕਾਰ ਕਰ ਲਿਆ। ਆਪਣੇ ਤੀਜੇ ਹੱਲੇ 1752 ਵਿਚ ਦੁਰਾਨੀ ਨੇ ਲਾਹੌਰ ਉੱਤੇ ਵੀ ਕਬਜ਼ਾ ਕਰ ਲਿਆ। ਫਿਰ ਉਸਨੇ ਮੁਲਤਾਨ ਕਸ਼ਮੀਰ ਅਤੇ ਸਰਹਿੰਦ ਦੇ ਮੰਡਲਾਂ ਨੂੰ ਸਰ ਕਰ ਲਿਆ ਸੀ। ਇਸ ਤਰ੍ਹਾਂ ਇਸ ਵਿਦੇਸ਼ੀ ਧਾਵਾਕਾਰ ਨੇ ਹਿੰਦੂ ਕੋਹ ਤੋਂ ਲੈ ਕੇ ਅਰਬ ਸਾਗਰ ਅਤੇ ਦਿੱਲੀ ਦੇ ਨੇੜਲਿਆਂ ਇਲਾਕਿਆਂ ਤਕ ਆਪਣਾ ਅਧਿਕਾਰ ਕਾਇਮ ਕਰ ਲਿਆ। ਇਸ ਸ਼ਕਤੀਸ਼ਾਲੀ ਮੁਗਲ ਸਾਮਰਾਜ ਦੇ ਪਤਨ ਦੇ ਕਈ ਕਾਰਨ ਸਨ; ਜਿਵੇਂ :

1. **ਮੁਗਲ ਬਾਦਸ਼ਾਹਾਂ ਦੀਆਂ ਆਚਰਨਿਕ ਕਮਜ਼ੋਰੀਆਂ**

**ਦਿੱਲੀ ਦਰਬਾਰ ਦੀ ਭੈੜੀ ਹਾਲਤ :** ਬਾਦਸ਼ਾਹ ਅਤੇ ਉਨ੍ਹਾਂ ਦੇ ਵਜ਼ੀਰ ਤੇ ਦਰਬਾਰੀ ਸੁਸਤ, ਨੈਤਿਕ ਗਿਰਾਵਟ, ਚਤੁਰ ਚਾਲਾਕੀ ਭਰੀਆਂ ਸਾਜਸ਼ਾਂ



Sri Satguru Jagjit Singh Ji Elibrary NamdhariElibrary@gmail.com

ਧੋਖੇਬਾਜ਼ੀ, ਭ੍ਰਿਸ਼ਟਾਚਾਰ, ਕੁ-ਪ੍ਰਬੰਧ ਅਤੇ ਸਵਾਰਥ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਗਏ ਸਨ। ਇਨ੍ਹਾਂ ਵਿਚ ਦੇਸ਼ ਪ੍ਰੇਮ ਤੇ ਕੁਰਬਾਨੀ ਦੀ ਭਾਵਨਾ ਖ਼ਤਮ ਹੋ ਚੁੱਕੀ ਸੀ। ਬਾਦਸ਼ਾਹਾਂ ਦੀਆਂ ਕੰਮਜ਼ੋਰੀਆਂ ਪ੍ਰਗਟ ਰੂਪ ਵਿਚ ਉਘੜ ਆਈਆਂ ਸਨ।

**[1*]ਬਹਾਦਰ ਸ਼ਾਹ (1707-1712)**

ਜੋ ਔਰੰਗਜ਼ੇਬ ਦਾ ਜੇਠਾ ਪੁੱਤਰ ਸੀ, ਨੇ ਜਜਊ ਦੀ ਖ਼ੂਨੀ ਜੰਗ ਪਿਛੋਂ ਆਪਣੇ ਭਰਾ ਤਾਰਾ ਆਜ਼ਮ ਨੂੰ ਮਾਰ ਕੇ ਦਿੱਲੀ ਦਾ ਤਖਤ ਹਾਸਿਲ ਕੀਤਾ ਸੀ। ਉਸਦਾ ਪੰਜ ਸਾਲਾਂ ਦਾ ਰਾਜ ਤਾਂ ਕੇਵਲ ਉਸਦੇ ਪਿਤਾ ਔਰੰਗਜ਼ੇਬ ਦੇ ਦਬਦਬੇ ਦੇ ਪ੍ਰਭਾਵ ਨਾਲ ਹੀ ਚਲਦਾ ਰਿਹਾ ਸੀ। ਭਾਵੇਂ ਬਹਾਦਰ ਸ਼ਾਹ ਇਕ ਤਰ੍ਹਾਂ ਨਾਲ ਰਹਿਮ ਦਿਲ ਤੇ ਇਨਸਾਫ ਪਸੰਦ ਮੰਨਿਆ ਜਾਂਦਾ ਸੀ। ਪਰ ਉਸਨੂੰ ਸ਼ਾਹ ਏ ਬੇਖ਼ਬਰ ਕਰਕੇ ਹੀ ਜਾਣਿਆ ਜਾਂਦਾ ਹੈ।

**[1*]ਜਹਾਂਦਾਰ ਸ਼ਾਹ (1712-1713)**

ਉਹ ਜਨਾਨੜਾ ਤੇ ਕਾਇਰ ਸੀ, ਇਥੋਂ ਤਕ ਕਿ ਨੰਗੀ ਤਲਵਾਰ ਨੂੰ ਵੇਖ ਕੇ ਇਕ ਵਾਰ ਉਹ ਪਗੜੀ ਤੇ ਜੁੱਤੀ ਉਥੇ ਹੀ ਛੱਡ ਕੇ ਨੱਸ ਤੁਰਿਆ ਸੀ। ਉਹ ਰਾਜ ਭਾਗ ਦੇ ਕੰਮਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਲੈਂਦਾ। ਉਹ ਬੜਾ ਫਜ਼ੂਲ ਖਰਚ ਤੇ ਐਸ਼ਪਰਸਤ ਸੀ। ਉਹ ਨੀਵੀਂ ਜਾਤੀ ਦੀ ਪ੍ਰੇਮਿਕਾ ਲਾਲ ਕੰਵਰ ਦੇ ਹੱਥਾਂ ਵਿਚ ਖੇਡਦਾ, ਇਕ ਤਰ੍ਹਾਂ ਨਾਲ ਉਹ ਉਸਦਾ ਖਿਡੌਣਾ ਹੀ ਬਣ ਚੁੱਕਾ ਸੀ। ਉਹ ਇਥੋਂ ਤਕ ਬੇਹਯਾ ਹੋ ਗਿਆ ਸੀ ਕਿ ਬਾਜ਼ਾਰ ਵਿਚ ਤੁਰੀਆਂ ਜਾਂਦੀਆਂ ਸੋਹਣੀਆਂ ਔਰਤਾਂ ਨੂੰ ਛੇੜਛਾੜ ਕਰਨ ਤੋਂ ਵੀ ਨਹੀਂ ਸੀ ਟਲਦਾ। ਉਹ ਕੇਵਲ 11 ਮਹੀਨੇ ਹੀ ਰਾਜ ਕਰ ਸਕਿਆ।

**[1*]ਫਰਖ਼ਸ਼ੀਅਰ (1713-1719)**

ਜਹਾਂਦਾਰ ਸ਼ਾਹ ਨੂੰ ਗੱਦੀ ਤੋਂ ਲਾਹ ਕੇ ਉਹ ਬਾਦਸ਼ਾਹ ਬਣਿਆ ਪਰ ਉਹ ਆਪ ਵੀ ਕੰਮਜ਼ੋਰ ਤੇ ਕਿਸੇ ਪੱਕੀ ਨੀਤੀ ਨਿਰਧਾਰਿਤ ਕਰਨ ਦੇ ਸਮਰੱਥ ਨਹੀਂ ਸੀ। ਉਹ ਨੀਵੇਂ ਕਿਰਦਾਰ ਦੇ ਲੋਕਾਂ ਨੂੰ ਅੰਨ੍ਹੇਵਾਹ ਦਾਤਾਂ ਵੰਡਦਾ ਸੀ ਅਤੇ ਉਸ ਦੀ ਨੀਤੀ ਵਿਚ ਕੋਈ ਇਕਸਾਰਤਾ ਨਹੀਂ ਸੀ। 1719 ਵਿਚ ਦੋ ਸਯਦ ਭਰਾਵਾਂ ਨੇ ਫਰਖ਼ਸ਼ੀਅਰ ਨੂੰ ਨੇਤਰਹੀਣ ਕਰਕੇ ਮਾਰ ਦਿੱਤਾ। ਉਨ੍ਹਾਂ ਨੇ ਹੀ ਉਤੋਰਿਤੀ ਦੋ ਕੰਮਜ਼ੋਰ ਸਹਿਜ਼ਾਦਿਆਂ ਨੂੰ ਵੀ ਪਾਰ ਬੁਲਾ ਦਿੱਤਾ। ਦੋ ਭਰਾ-ਰਫ਼ੀ ਉਦ-ਦਾਰਜੱਟ ਤੇ ਰਫ਼ੀ ਉਦ-ਦੌਲਾ ਤਿੰਨ ਤਿੰਨ ਮਹੀਨਿਆਂ ਤੋਂ ਵਧ ਰਾਜ ਨਾ ਕਰ ਸਕੇ ਅਤੇ ਸਯਦ ਭਰਾਵਾਂ ਦੇ ਹੱਥਾਂ ਵਿਚ ਹੀ ਖੇਡਦੇ ਰਹੇ।

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਤੀਜੀ, ਪੰਨਾ 2



Sri Satguru Jagjit Singh Ji Elibrary NamdhariElibrary@gmail.com

**ਮੁਹੰਮਦ ਸ਼ਾਹ (1719-1748)**

ਤੀਹ ਸਾਲਾਂ ਦੇ ਰਾਜ ਵਿਚ ਭਾਵੇਂ ਕੋਈ ਖਾਨਾ ਜੰਗੀ ਨਾ ਹੋਈ ਪਰ ਮੁਗਲ ਰਾਜ ਦੇ ਪਤਨ ਦਾ ਜੋ ਸਿਲਸਿਲਾ ਜਾਰੀ ਹੋਇਆ ਸੀ, ਉਹ ਉਸੇ ਤਰ੍ਹਾਂ ਹੀ ਚਲਦਾ ਰਿਹਾ। ਉਹ ਸੱਤ ਸਾਲ ਕੈਦ ਵਿਚ ਰਿਹਾ ਸੀ। ਉਸਨੂੰ ਰਾਜ ਪ੍ਰਬੰਧ ਵਿਚ ਨਾ ਕੋਈ ਤਜਰਬਾ ਸੀ ਅਤੇ ਨਾ ਹੀ ਇਸ ਸੰਬੰਧ ਵਿਚ ਉਸਨੇ ਕੋਈ ਸਿੱਖਿਆ ਪ੍ਰਾਪਤ ਕੀਤੀ ਸੀ। ਉਹ ਸੋਹਣਾ ਤੇ ਕੁਦਰਤੀ ਸੂਝ ਬੂਝ ਦਾ ਸੁਆਮੀ ਤਾਂ ਸੀ ਪਰ ਜਵਾਨੀ ਦੇ ਜੋਸ਼ ਵਿਚ ਬੁਰੀਆਂ ਆਦਤਾਂ ਤੇ ਨੀਵੀਂ ਸੰਗਤ ਦੇ ਪ੍ਰਭਾਵ ਵਿਚ ਹੀ ਰਿਹਾ। ਉਸ ਨੇ ਰਾਜ ਭਾਗ ਦੇ ਕੰਮਾਂ ਵੱਲ ਕਦੇ ਧਿਆਨ ਨਹੀਂ ਸੀ ਦਿੱਤਾ। ਇਸ ਲਈ ਸਭ ਕੁਝ ਸਹਿਜੇ ਸਹਿਜੇ ਖੇਰੂੰ-ਖੇਰੂੰ ਹੁੰਦਾ ਗਿਆ।

ਉਹ ਕਿਸੇ ਫ਼ਕੀਰ ਦੀ ਪੁੱਤਰੀ ਕੋਕੀ ਉੱਤੇ ਇਨ੍ਹਾਂ ਮੋਹਿਤ ਹੋ ਗਿਆ ਸੀ ਕਿ ਸਰਕਾਰੀ ਦਸਤਾਵੇਜਾਂ ਉੱਤੇ ਉਸੇ ਦੀ ਹੀ ਮੋਹਰ ਲਗਦੀ ਸੀ। ਹਰ ਵੱਡੇ ਤੋਂ ਵੱਡਾ ਅਹਿਲਕਾਰ ਵੀ ਕੋਕੀ ਰਾਹੀਂ ਹੀ ਬਾਦਸ਼ਾਹ ਤੱਕ ਰਸਾਈ ਪ੍ਰਾਪਤ ਕਰਦਾ ਸੀ।

[1*]"ਇਹ ਬੜੀ ਅਜੀਬ ਗੱਲ ਸੀ ਕਿ ਸ਼ਾਹੀ ਤਖ਼ਤ ਉੱਤੇ ਕਲਗੀ ਵਾਲੇ ਮੁਰਗਿਆਂ ਦੀ ਥਾਂ ਹੁਣ ਮੁਰਗੀਆਂ ਬੈਠ ਗਈਆਂ ਸਨ, ਤਲਵਾਰ ਦੀ ਥਾਂ ਬਾਦਸ਼ਾਹ ਇਨ੍ਹਾਂ ਦੇ ਇਸ਼ਾਰਿਆਂ ਉੱਤੇ ਹੀ ਨਚਦਾ ਸੀ।"

ਮੁਹੰਮਦ ਸ਼ਾਹ ਨੇ ਕਦੇ ਵੀ ਆਪਣੀ ਕਿਸੇ ਸੁਤੰਤਰ ਇੱਛਾ ਸ਼ਕਤੀ ਦਾ ਪ੍ਰਗਟਾ ਨਹੀਂ ਸੀ ਕੀਤਾ। ਸਭ ਤੋਂ ਪਹਿਲਾਂ ਉਹ ਦੋ ਸਯਦ ਭਰਾਵਾਂ, ਫਿਰ ਕੋਕੀ, ਫਿਰ ਰੋਸ਼ਨ-ਉਦ-ਦੁੱਲ੍ਹਾ ਅਤੇ ਅਬਦੁਲ ਗਫ਼ੂਰ 1732 ਤੱਕ, ਖਾਨ-ਏ-ਦੌਰਾ ਅਤੇ ਉਸ ਦੇ ਭਰਾ ਮੁਜੱਵਰ ਖਾਨ ਦੇ 1732-1739 ਅਤੇ ਫਿਰ ਪਿਛੋਂ ਅਮੀਰ ਖਾਂ, ਮੁਹੰਮਦ ਇਸਾਹਕ, ਅਸਰ ਯਾਰ ਅਤੇ ਸਫ਼ਦਰ ਜੰਗ ਦੇ ਪ੍ਰਭਾਵਾਂ ਥੱਲੇ ਆਪਣੀ ਮੌਤ ਤੱਕ ਰਿਹਾ। ਅਹਿਮਦ ਸ਼ਾਹ (1748-1754) ਉਹ 22 ਸਾਲ ਦੀ ਉਮਰ ਵਿਚ ਰਾਜਗੱਦੀ ਤੇ ਬੈਠਾ। ਉਸ ਦੀ ਮਾਂ ਊਧਮ ਬਾਈ ਜੋ ਇਕ ਨਰਤਕੀ ਸੀ, ਜਿਸ ਨੂੰ ਮੁਹੰਮਦ ਸ਼ਾਹ ਨੇ ਰਾਣੀ ਬਣਾ ਲਿਆ ਸੀ। ਕਈ ਵਾਰੀ ਤਾਂ ਉਹ ਦਰਬਾਰ ਵਿਚ ਹੀ ਸ਼ਰਮ ਨਹੀਂ ਸੀ ਕਰਦੀ ਅਤੇ ਸ਼ਾਹੀ ਦਰਬਾਰ ਵਿਚ ਬਾਦਸ਼ਾਹ ਦੇ ਗੁੱਸੇ ਦਾ ਸ਼ਿਕਾਰ ਹੋਈ ਸੀ। ਉਸ ਦਾ ਆਪਣੇ ਨੌਕਰ ਜਾਵੇਦ ਖ਼ਾਂ ਨਾਲ ਪ੍ਰੇਮ ਸੰਬੰਧ ਸ਼ਾਹੀ ਦਰਬਾਰ ਦਾ ਵੱਡਾ ਸਕੈਂਡਲ ਬਣ ਚੁੱਕਾ ਸੀ। ਇਥੋਂ ਤਕ ਕਿ ਇਕ ਵੱਡੇ ਦਰਬਾਰ ਸਮੇਂ ਕੁਝ ਅਹਿਲਕਾਰਾਂ ਨੇ ਇਕ ਖੋਤੇ ਅਤੇ ਕੁੱਤੀ ਨੂੰ ਦਰਵਾਜ਼ੇ ਉੱਤੇ ਬੰਨ੍ਹ ਦਿੱਤਾ ਅਤੇ ਕਹਿਣ ਲੱਗੇ ਕਿ ਪਹਿਲਾਂ ਇਨ੍ਹਾਂ ਨੂੰ ਸਲਾਮ ਕਰਕੇ ਦਰਬਾਰ ਵਿਚ ਹਾਜ਼ਰ ਹੋਵੋ।

[1*] ਡਾ. ਹਰੀ ਰਾਮ ਗੁਪਤਾ; ਹਿਸਟਰੀ ਆਫ ਦ ਸਿੱਖਸ, ਜਿਲਦ ਤੀਜੀ, ਪੰਨਾ 4



Sri Satguru Jagjit Singh Ji Elibrary NamdhariElibrary@gmail.com

ਅਹਿਮਦ ਸ਼ਾਹ ਵੀ ਆਪਣਿਆਂ ਮਾਪਿਆਂ ਵਾਂਗ ਬੇਸੂਝ ਸੀ। ਉਸ ਨੂੰ ਵੀ ਰਾਜ ਪ੍ਰਬੰਧ ਬਾਰੇ ਕੋਈ ਗਿਆਨ ਨਹੀਂ ਸੀ। ਉਹ ਵੀ ਬੁਰੀ ਸੰਗਤ ਦਾ ਸ਼ਿਕਾਰ ਹੋ ਗਿਆ ਅਤੇ ਸ਼ਰਾਬ ਤੇ ਔਰਤਾਂ ਦੇ ਜਾਲ ਵਿਚ ਹੀ ਫਸਿਆ ਰਿਹਾ। ਉਸ ਦਾ ਬਹੁਤਾ ਸਮਾਂ ਸ਼ਾਹੀ ਹਰਮ ਵਿਚ ਹੀ ਗੁਜਰਦਾ ਸੀ। ਉਹ ਰਾਜ ਪ੍ਰਬੰਧ ਵਲੋਂ ਬੇਧਿਆਨ ਹੀ ਰਿਹਾ। ਹਰ ਕੋਈ ਨਵੀਂ ਖੇਡ ਰਚਕੇ ਉਸਨੂੰ ਆਪਣੇ ਜਾਲ ਵਿਚ ਫਸਾ ਲੈਂਦਾ ਸੀ। ਉਸਨੂੰ ਇਮਾਦ-ਉਲ ਮੁਲਕ ਨੇ 1754 ਵਿਚ ਗੱਦੀਉਂ ਉਤਾਰ ਦਿੱਤਾ।

**ਆਲਮਗੀਰ ਦੂਜਾ (1754-1759)**

ਇਹ 55 ਸਾਲ ਦੀ ਉਮਰ ਵਿਚ ਬਾਦਸ਼ਾਹ ਬਣਿਆ। 1713 ਤੋਂ ਹੀ ਉਹ ਇਕਾਂਤਵਾਸ ਵਿਚ ਹੀ ਕੈਦੀਆਂ ਵਰਗਾ ਜੀਵਨ ਗੁਜਾਰਦਾ ਰਿਹਾ ਸੀ। ਇਸ ਸਮੇਂ ਵਿਚ ਹੀ ਉਹ ਧਾਰਮਿਕ ਅਤੇ ਇਤਿਹਾਸਿਕ ਕਿਤਾਬਾਂ ਪੜ੍ਹਦਾ ਰਿਹਾ। ਉਹ ਇਹ ਪੱਕੀ ਧਾਰ ਕੇ ਗੱਦੀ ਤੇ ਬੈਠਾ ਕਿ ਉਹ ਆਪਣੇ ਵਡੇਰੇ ਔਰੰਗਜ਼ੇਬ ਦੀ ਤਰ੍ਹਾਂ ਰਾਜ ਭਾਗ ਚਲਾਏਗਾ ਪਰ ਆਪਣੀ ਖ਼ਰਾਬ ਸਹਿਤ, ਆਚਰਨਿਕ ਕੰਮਜੋਰੀ, ਅਗੰਵਾਈ ਕਰਨ ਦੀ ਸ਼ਕਤੀ ਤੋਂ ਅਸਮਰਥ ਅਤੇ ਵਜੀਰ ਇਸਾਦ-ਉਲ-ਮੁਲਕ ਦੇ ਪ੍ਰਭਾਵ ਥਲੇ ਬਹੁਤਾ ਕੁਝ ਨਾ ਕਰ ਸਕਿਆ। ਉਸਨੂੰ ਉਸਦੇ ਵਜ਼ੀਰ ਨੇ 29 ਨਵੰਬਰ 1759 ਨੂੰ ਕਤਲ ਕਰ ਦਿੱਤਾ। ਉਸਦੇ ਪੁੱਤਰ ਅਲੀ ਗੌਹਰ ਜੋ ਪਿਛੋਂ ਸ਼ਾਹ ਆਲਮ ਦੂਜੇ ਦੇ ਨਾਂ ਨਾਲ ਪ੍ਰਸਿੱਧ ਹੋਇਆ, ਉਹ ਵੀ ਦਿੱਲੀ ਤੋਂ ਬਾਹਰ ਚਲਾ ਗਿਆ ਅਤੇ 12 ਸਾਲ ਇੱਧਰ ਉਧਰ ਹੀ ਭਟਕਦਾ ਰਿਹਾ।

**2. ਦਿੱਲੀ ਦੇ ਵਜ਼ੀਰਾਂ ਦੀਆਂ ਕੰਮਜ਼ੋਰੀਆਂ**

ਬਹਾਦਰ ਸ਼ਾਹ ਦੇ ਵਜ਼ੀਰ ਮੁਨੀਮ ਖ਼ਾਂ ਨੇ ਗੰਢ ਤ੍ਰੁਪ ਕਰਕੇ ਕੁਝ ਸੁਧਾਰ ਕਰਨ ਦਾ ਯਤਨ ਕੀਤਾ ਪਰ ਵੱਡੇ ਸੁਧਾਰਾਂ ਨੂੰ ਉਸਨੇ ਅੱਗੇ ਪਾ ਦਿੱਤਾ। ਉਹ ਫਰਵਰੀ 1711 ਨੂੰ ਕਾਲਵਾਸ ਹੋ ਗਿਆ ਅਤੇ ਥੋੜੇ ਚਿਰ ਪਿਛੋਂ ਬਹਾਦਰ ਸ਼ਾਹ ਦੀ ਵੀ ਮੌਤ ਹੋ ਗਈ। ਫਰਖ਼ਸ਼ੀਅਰ ਨੇ ਸਯਦ ਅਬਦੁੱਲਾ ਨੂੰ ਵਜ਼ੀਰ ਬਣਾਇਆ ਪਰ ਉਹ ਵੀ ਐਸ਼ਾਂ ਵਿਚ ਗਲਤਾਨ ਰਿਹਾ, ਰਾਜਕਾਜ ਦੀਵਾਨ ਰਤਨ ਚੰਦ ਹੀ ਚਲਾਉਂਦਾ ਰਿਹਾ। ਨਜਾਮੁੱਲ-ਉਲ-ਮੁਲਕ (1721-1724) ਨੇ ਵੀ 1724 ਵਿਚ ਅਸਤੀਫਾ ਦੇ ਦਿੱਤਾ ਕਿਉਂਕਿ ਉਸਨੂੰ ਪਤਾ ਲੱਗ ਗਿਆ ਕਿ ਬਾਦਸ਼ਾਹ ਉਸਦੀ ਕੋਈ ਵੀ ਗੱਲ ਮੰਨਣ ਨੂੰ ਤਿਆਰ ਨਹੀਂ। ਸਫ਼ਦਰ ਜੰਗ ਤੁਰਾਨੀਆਂ ਦੇ ਟਾਕਰੇ ਉੱਤੇ ਈਰਾਨੀਆਂ ਦੀ ਤਾਕਤ ਬਣਾਉਣ ਵਿਚ ਹੀ ਲੱਗਾ ਰਿਹਾ। ਜਵੈਦ ਖਾਂ, ਸਫ਼ਦਰ ਜੰਗ ਦਾ ਪੱਕਾ ਵੈਰੀ ਹੋ ਗਿਆ। ਉਸ ਨੇ ਸਫ਼ਦਰ ਜੰਗ ਨੂੰ ਮਰਵਾ ਹੀ ਦਿੱਤਾ। ਇਮਾਦ-ਉਲ-ਮੁਲਕ (1754-1761) ਨੂੰ ਚੰਗੀ ਤਰ੍ਹਾਂ ਕੁਟਿਆ



Sri Satguru Jagjit Singh Ji Elibrary NamdhariElibrary@gmail.com

ਗਿਆ ਅਤੇ ਉਸ ਦਾ ਜਲੂਸ ਕੱਢਿਆ ਗਿਆ। ਫਿਰ 1761 ਤੋਂ 1770 ਤਕ ਨਿਜ਼ਾਮ ਉਲ-ਦੌਲਾ ਰਿਹਾ। ਉਸਨੇ ਜਨਾਨਖ਼ਾਨੇ ਦੀਆਂ ਔਰਤਾਂ ਦੀ ਇੱਜਤ ਲੁੱਟੀ।

3. ਸ਼ਾਹੀ ਦਰਬਾਰ ਵਿਚ ਧੜੇਬੰਦੀਆਂ

ਔਰੰਗਜ਼ੇਬ ਦੀ ਮੌਤ ਪਿਛੋਂ ਹੀ ਕਈ ਧੜੇ ਅਮੀਰਾਂ ਵਜ਼ੀਰਾਂ ਦੇ ਬਣ ਗਏ ਸਨ ਜੋ ਆਪਣੇ ਆਪਣੇ ਸਵਾਰਥੀ ਹਿੱਤਾਂ ਲਈ ਇਕ ਦੂਜੇ ਨੂੰ ਨੀਵਾਂ ਵਿਖਾਉਂਦੇ ਰਹੇ। ਫਰਖ਼ਸ਼ੀਅਰ ਦੇ ਰਾਜ ਵਿਚ ਸਯਦ ਭਰਾਵਾਂ ਦਾ ਦਬਦਬਾ ਬਹੁਤ ਵੱਧ ਗਿਆ ਸੀ। ਬਾਦਸ਼ਾਹ ਤਾਂ ਉਨ੍ਹਾਂ ਦੇ ਹੱਥ ਵਿਚ ਕੱਠਪੁਤਲੀ ਸੀ। ਦੋਧਾ ਬਾਦਸ਼ਾਹ ਨੂੰ ਇਹ ਗੱਲ ਪਸੰਦ ਨਹੀਂ ਸੀ, ਉਸਨੇ ਦੂਜੇ ਧੜੇ ਦੀ ਸਰਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਨਾਲ ਦਰਬਾਰ ਵਿਚ ਦੋ ਧੜੇ ਹੋ ਗਏ। ਦੋ ਪਾਰਟੀਆਂ ਵਧੇਰੇ ਉਤਰ ਕੇ ਸਾਹਮਣੇ ਆਈਆਂ। ਹਰ ਅਮੀਰ ਆਪਣੀ ਪੱਦਵੀ ਨੂੰ ਕਾਇਮ ਰੱਖਣ ਲਈ ਇਨ੍ਹਾਂ ਵਿਚੋਂ ਇਕ ਧੜੇ ਦੀ ਮਦਦ ਲੈਣ ਲੱਗਾ। ਈਰਾਨੀ ਧੜਾ ਸ਼ੀਆ ਦੀ ਮਦਦ ਕਰਦਾ ਸੀ। ਤੁਰਾਨੀ 'ਸੁਨੀ' ਸਨ ਜੋ ਮੁਗਲਾਂ ਦੇ ਵਡੇਰਿਆਂ ਦਾ ਧਰਮ ਸੀ। ਈਰਾਨੀ ਰਾਜ ਪ੍ਰਬੰਧ ਦੇ ਕਾਰਜਾਂ ਵਿਚ ਵਧੇਰੇ ਸਿਆਣੇ ਸਨ ਪਰ ਦੂਜੇ ਬੰਨ੍ਹੇ ਤੁਰਕ ਜਾਂ ਤੁਰਾਨੀ ਫੌਜੀ ਪ੍ਰਬੰਧ ਵਿਚ ਵਧੇਰੇ ਪ੍ਰਵੀਨ ਸਨ। ਇਨ੍ਹਾਂ ਦੀ ਆਪਸ ਵਿਚਲੀ ਖਿੱਚੋਤਾਣ ਏਨੀ ਵੱਧ ਗਈ ਕਿ ਇਕ ਦੀ ਜਿੱਤ ਦੂਜੇ ਦੀ ਬਰਬਾਦੀ ਦਾ ਕਾਰਨ ਬਣੀ।

4. ਮੁਗਲ ਸਰਦਾਰਾਂ ਦੀ ਗਿਰਾਵਟ

ਮੁਗਲ ਸਰਦਾਰਾਂ ਤੇ ਦਰਬਾਰੀਆਂ ਵਿਚ ਵੀ ਆਚਰਨਿਕ ਗਿਰਾਵਟ ਬਾਦਸ਼ਾਹਾਂ ਤੇ ਵਜ਼ੀਰਾਂ ਸਮਾਨ ਹੀ ਸਮੇਂ ਦੀ ਉੱਘੀ ਪ੍ਰਵਿਰਤੀ ਬਣ ਚੁੱਕੀ ਸੀ। ਬਾਦਸ਼ਾਹ ਤੇ ਵਜ਼ੀਰ ਐਸ਼ਪ੍ਰਸਤ ਤੇ ਲੁੱਚਪੁਣਾ ਕਰਨ ਲੱਗ ਪਏ ਸਨ। ਇਸ ਦਾ ਦਰਬਾਰੀਆਂ ਉੱਤੇ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਲਈ ਉਹ ਵੀ ਇਨ੍ਹਾਂ ਆਚਰਨਿਕ ਕੰਮਜ਼ੋਰੀਆਂ ਦਾ ਸ਼ਿਕਾਰ ਹੋ ਗਏ ਸਨ। ਔਰੰਗਜ਼ੇਬ ਦੀ ਮੌਤ ਤੋਂ ਲੈ ਕੇ ਮੁਹੰਮਦ ਸ਼ਾਹ ਦੇ ਰਾਜਗੱਦੀ ਉੱਤੇ ਬੈਠਣ ਤੱਕ 12 ਸਾਲਾਂ ਦੇ ਸਮੇਂ ਵਿਚ ਉਸ ਦੇ ਉੱਤਰਾਧਿਕਾਰੀਆਂ ਵਿਚ ਰਾਜ ਗੱਦੀ ਨੂੰ ਪ੍ਰਾਪਤ ਕਰਨ ਲਈ 7 ਖ਼ੂਨੀ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਬਹੁਤ ਸਾਰੇ ਸੈਨਿਕ ਯੋਧੇ ਤੇ ਸੂਝਵਾਨ ਆਗੂ ਮਾਰੇ ਗਏ। ਫਿਰ ਵਜ਼ੀਰਾਂ ਤੇ ਦਰਬਾਰੀਆਂ ਦੇ ਧੜਿਆਂ ਦੀ ਆਪਸੀ ਫੁੱਟ ਤੇ ਲੜਾਈ ਕਾਰਨ ਹੋਰ ਵੀ ਤਬਾਹੀ ਹੋਈ। ਨਿਜ਼ਾਮ-ਉਲ-ਮੁਲਕ ਨੇ ਦੱਖਣ ਉੱਤੇ ਆਪਣਾ ਅਧਿਕਾਰ ਕਰ ਲਿਆ ਅਤੇ ਇਨ੍ਹਾਂ ਪਰਸਪਰ ਝਗੜਿਆਂ ਤੇ ਵਿਰੋਧਾਂ ਕਾਰਨ ਮੁਗਲ ਦਰਬਾਰ ਨਿਰੰਤਰ ਪਤਨ ਵਲ ਚਲਿਆ ਗਿਆ। ਇਸ ਦੌਰਾਨ ਕੇਂਦਰੀ ਭਾਰਤ ਦੇ ਜੱਟਾਂ, ਰੋਹੇਲਿਆਂ, ਮਰਾਠਿਆਂ ਨੇ ਆਪਣੀ ਆਪਣੀ ਸ਼ਕਤੀ



Sri Satguru Jagjit Singh Ji Elibrary NamdhariElibrary@gmail.com

ਨੂੰ ਮਜ਼ਬੂਤ ਕਰ ਲਿਆ।

ਰੋਹੀਲੇ : ਜੋ ਈਰਾਨ ਵਿਚੋਂ ਆਏ ਸਨ, ਜ਼ੋਰ ਫੜ ਗਏ ਸਨ। ਇਨ੍ਹਾਂ ਦਾ ਵਡੇਰਾ ਅਲੀ ਮੁਹੰਮਦ ਜੋ ਪਿਛੋਂ ਰਾਮਪੁਰ ਦੇ ਨਵਾਬਾਂ ਦੀ ਲੰਮੀ ਲੜੀ ਨੂੰ ਹੋਂਦ ਵਿਚ ਲੈ ਆਇਆ। ਉਸ ਨੇ ਆਪਣਾ ਸੁਤੰਤਰ ਰਾਜ ਬਰੇਲੀ ਵਿਚ ਕਾਇਮ ਕੀਤਾ। ਨਾਦਰ ਸ਼ਾਹ ਦੇ ਹਮਲੇ ਵਿਚ ਇਨ੍ਹਾਂ ਨੇ ਖੂਬ ਲੁੱਟ ਮਚਾਈ ਅਤੇ ਆਪਣੇ ਅਧਿਕਾਰ ਖੇਤਰ ਨੂੰ ਹੋਰ ਵਿਸ਼ਾਲ ਤੇ ਸ਼ਕਤੀਸ਼ਾਲੀ ਬਣਾ ਲਿਆ।

**ਮਰਹੱਟਿਆਂ ਦੀ ਚੜ੍ਹਦੀ ਕਲਾ :**

ਮਰਹੱਟਿਆਂ ਨੇ ਦੱਖਣ ਵਿਚ ਆਪਣੀ ਤਾਕਤ ਵਿਚ ਬੇਓੜਕ ਵਾਧਾ ਕੀਤਾ ਅਤੇ ਉੱਤਰ ਵਿਚ ਪੰਜਾਬ ਤਕ ਆਪਣਾ ਅਧਿਕਾਰ ਖੇਤਰ ਵਧਾ ਲਿਆ।

ਜਾਟਾਂ ਨੇ ਆਗਰਾ ਤੇ ਦਿੱਲੀ ਦੇ ਦਰਵਾਜ਼ਿਆਂ ਤਕ ਕਬਜ਼ਾ ਕਰ ਲਿਆ। 1738 ਤਕ ਉਨ੍ਹਾਂ ਨੇ ਆਪਣਾ ਰਾਜ ਖੇਤਰ ਮਜ਼ਬੂਤ ਕਰ ਲਿਆ। ਉੱਤਰ ਵਿਚ ਸਿੱਖਾਂ ਨੇ ਤਾਕਤ ਫੜ ਲਈ ਅਤੇ ਜਥੇ ਬਣਾ ਲਏ। ਵਿਦੇਸ਼ੀ ਹਮਲੇ ਨਾਦਰ ਤੋਂ ਪਿਛੋਂ ਅਹਿਮਦ ਸ਼ਾਹ ਅਬਦਾਲੀ ਨੇ ਕਈ ਹਮਲੇ ਕੀਤੇ। ਬਹੁਤ ਸਾਰੇ ਇਲਾਕਿਆਂ ਉੱਤੇ ਕਬਜ਼ਾ ਕਰਕੇ ਆਪਣਾ ਸੁਤੰਤਰ ਰਾਜ ਕਾਇਮ ਕਰ ਲਿਆ। 1759-1761 ਨੂੰ ਮਰਾਠਿਆਂ ਨੂੰ ਹਰਾ ਦਿੱਤਾ ਗਿਆ। ਵਿਸ਼ੇਸ਼ ਕਰਕੇ ਪਾਣੀਪਤ ਦੀ ਤੀਜੀ ਲੜਾਈ ਸਮੇਂ 1762 ਵਿਚ ਵੱਡਾ ਘੱਲੂਘਾਰਾ ਹੋਇਆ। ਉਸ ਦੇ ਅਗਲੇ ਦੋ ਹਮਲਿਆਂ 1764-65, 66-77 ਵਿਚ ਸਿੱਖਾਂ ਨੇ ਦੁਰਾਨੀ ਦੇ ਚੰਗੇ ਦੰਦ ਖੱਟੇ ਕੀਤੇ।

ਜਦੋਂ ਇਕ ਸ਼ਕਤੀਸ਼ਾਲੀ ਸਾਮਰਾਜ ਦੇ ਕੰਮਜ਼ੋਰ ਪੈ ਜਾਣ ਨਾਲ ਰਾਜ ਵਿਚ ਇਕ ਖਲਾ ਪੈਦਾ ਹੋ ਜਾਂਦਾ ਹੈ ਤਾਂ ਕਈ ਸ਼ਕਤੀਆਂ ਉਸ ਖਲਾ ਨੂੰ ਭਰਨ ਲਈ ਉਭਰ ਆਉਂਦੀਆਂ ਹਨ। 18ਵੀਂ ਸਦੀ ਦੇ ਚੌਥੇ ਦਹਾਕੇ ਤੋਂ ਲੈ ਕੇ ਸੱਤਵੇਂ ਦਹਾਕੇ ਤਕ ਇਕ ਬੰਨੇ ਮੁਗਲ ਅਹਿਲਕਾਰ ਦਿੱਲੀ ਦਰਬਾਰ ਤੋਂ ਸੁਤੰਤਰ ਹੋ ਕੇ ਆਪਣਾ ਅਧਿਕਾਰ ਕਾਇਮ ਕਰਨ ਦੇ ਯਤਨ ਕਰ ਰਹੇ ਸਨ, ਦੂਜੇ ਬੰਨ੍ਹੇ ਨਾਦਰਸ਼ਾਹ ਤੇ ਅਹਿਮਦਸ਼ਾਹ ਦੁਰਾਨੀ ਵਰਗੇ ਵਿਦੇਸ਼ੀ ਜਰਵਾਣੇ ਰਾਜ ਸਥਾਪਿਤ ਕਰਨ ਲਈ ਬਾਰ ਬਾਰ ਹਮਲੇ ਕਰ ਰਹੇ ਸਨ। ਤੀਜੇ ਬੰਨ੍ਹੇ ਮਰਹੱਟੇ, ਰੋਹਿਲੇ ਤੇ ਪੰਜਾਬ ਦੇ ਸਿੱਖ ਰਾਸ਼ਟਰੀ ਸ਼ਕਤੀਆਂ ਦੇ ਰੂਪ ਵਿਚ ਤਾਕਤ ਫੜ ਰਹੇ ਸਨ। ਇਨ੍ਹਾਂ ਪਰਸਪਰ ਵਿਰੋਧੀ ਸ਼ਕਤੀਆਂ ਦੀ ਖਿੱਚੋਤਾਣ ਵਿਚ ਆਮ ਜਨਤਾ ਨਪੀੜੀ ਜਾ ਰਹੀ ਸੀ। ਪੰਜਾਬ ਵਿਚ ਸਿੱਖ ਸ਼ਕਤੀ ਦੇ ਸੰਗਰਾਮ ਨੂੰ ਰੋਕਣ ਲਈ ਮੁਗਲਾਂ ਦੇ ਸੂਬੇਦਾਰ ਦਮਨ ਚੱਕਰ ਚਲਾ ਰਹੇ ਸਨ। ਅਜਿਹੀਆਂ ਹਾਲਤਾਂ ਵਿਚ ਸਿੱਖ ਜਥੇ ਬਣਾ ਕੇ ਸਿੱਧੀਆਂ ਟੱਕਰਾਂ ਵੀ ਲੈ ਰਹੇ ਸਨ ਅਤੇ ਦੂਜੇ ਬੰਨੇ ਸ਼ਹੀਦੀਆਂ ਅਤੇ ਕੁਰਬਾਨੀਆਂ ਦੀ



Sri Satguru Jagjit Singh Ji Elibrary NamdhariElibrary@gmail.com

ਲੜੀ ਵੀ ਚਲ ਰਹੀ ਸੀ ਜੋ ਮੁਗਲ ਹਾਕਮਾਂ ਦੇ ਇਸਲਾਮੀ ਕੱਟੜ ਪ੍ਰਸਤੀ ਦੀ ਅਣਮਨੁੱਖੀ ਤੇ ਘੋਰ ਅਨਿਆਂ ਦੀ ਮੂੰਹ ਬੋਲਦੀ ਝਾਕੀ ਪੇਸ਼ ਕਰ ਰਹੀ ਸੀ।

### ਨਾਦਰ ਸ਼ਾਹ ਦਾ ਹਮਲਾ ਤੇ ਸਿੰਘਾਂ ਦੀਆਂ ਕਾਰਵਾਈਆਂ

ਮੁਗਲ ਸਾਮਰਾਜ ਦੇ ਸ਼ਾਸਨ ਵਿਚ ਪੈਦਾ ਹੋਈਆਂ ਅਨੇਕ ਮਹੱਤਵਪੂਰਨ ਇਤਿਹਾਸਿਕ ਪਰਿਸਥਿਤੀਆਂ ਦੇ ਕਾਰਨ 1739 ਤਕ ਮੁਗਲ ਸਾਮਰਾਜ ਅੰਦਰੋਂ ਖੋਖਲਾ ਹੋ ਚੁੱਕਾ ਸੀ ਅਤੇ ਉਸਦੇ ਆਪਣੇ ਅੰਤਰ ਵਿਰੋਧ ਹੀ ਉਸਦੀ ਸ਼ਕਤੀ ਨੂੰ ਖੋਰਾ ਲਾ ਰਹੇ ਸਨ। ਇਸ ਤੋਂ ਬਿਨਾਂ ਮੁਗਲ ਸਾਮਰਾਜ ਵਿਰੁੱਧ ਦੱਖਣ ਵਿਚ ਮਰਹੱਟਿਆਂ ਤੇ ਮਧ ਭਾਰਤ ਵਿਚ ਰੋਹੇਲਿਆਂ ,ਤੇ ਜਾਟਾਂ ਅਤੇ ਪੰਜਾਬ ਵਿਚ ਸਿੰਘਾਂ ਵਲੋਂ ਪੂਰੇ ਤ੍ਰਾਣ ਨਾਲ ਸੰਗਰਾਮ ਕੀਤਾ ਜਾ ਰਿਹਾ ਸੀ ਪਰ 1739 ਵਿਚ ਈਰਾਨ ਦੇ ਹੁਕਮਰਾਨ ਨਾਦਰਸ਼ਾਹ ਵਲੋਂ ਇਨ੍ਹਾਂ ਪਰਿਸਥਿਤੀਆਂ ਦਾ ਲਾਭ ਉਠਾ ਕੇ ਭਾਰਤ ਉੱਤੇ ਕੀਤੇ ਗਏ ਹੱਲੇ ਕਾਰਨ ਸਿੰਘਾਂ ਨੂੰ ਇਕ ਨਵਾਂ ਅਵਸਰ ਪ੍ਰਾਪਤ ਹੋ ਗਿਆ ਕਿਉਂਕਿ ਜੋ ਸਾਰੇ ਉੱਤਰ-ਪੱਛਮੀ ਹਿੰਦੁਸਤਾਨ ਤੇ ਦਿੱਲੀ ਤੱਕ ਨਾਦਰ ਸ਼ਾਹ ਦੇ ਹਮਲੇ ਜਨਵਰੀ-ਮਈ 1739 ਅਤੇ ਉਸ ਦੀ ਵਾਪਸੀ ਤਕ ਪੰਜਾਬ ਵਿਚ ਇਕ ਤਰ੍ਹਾਂ ਦੀ ਲਾ-ਕਾਨੂੰਨੀ ਜਾਂ ਅਰਾਜਕਤਾ ਦੀ ਹਾਲਤ ਬਣੀ ਹੋਈ ਸੀ, ਜਿਸ ਦਾ ਸਿੱਖਾਂ ਨੇ ਵੱਧ ਤੋਂ ਵੱਧ ਲਾਭ ਉਠਾਉਣ ਦਾ ਯਤਨ ਕੀਤਾ। ਚੰਗੇ ਭਾਗਾਂ ਨੂੰ ਉਨ੍ਹਾਂ ਨੂੰ ਨਵਾਬ ਕਪੂਰ ਸਿੰਘ, ਸ. ਭਾਗ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਜੋ ਭਾਗ ਸਿੰਘ ਦਾ ਭਣੇਵਾ ਸੀ, ਵਰਗੇ ਸੂਝਵਾਨ ਨੇਤਾ ਮਿਲ ਗਏ, ਜਿਨ੍ਹਾਂ ਦੀ ਅਗਵਾਈ ਵਿਚ ਉਨ੍ਹਾਂ ਨੇ ਇਸ ਸੁਨਹਿਰੀ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੀ ਸ਼ਕਤੀ ਨੂੰ ਮਜ਼ਬੂਤ ਕਰਨ ਦਾ ਸਫ਼ਲ ਯਤਨ ਕੀਤਾ।

### ਨਾਦਰ ਸ਼ਾਹ ਦਾ ਹੱਲਾ-ਜਨਵਰੀ-ਮਈ 1739

ਨਾਦਰ ਸ਼ਾਹ ਦੇ ਹੱਲੇ ਤੋਂ ਡਰ ਕੇ ਜਿਹੜੇ ਲੋਕ ਆਪਣੀ ਜਾਨ-ਮਾਲ ਦੀ ਰੱਖਿਆ ਲਈ ਆਪਣੀ ਸੰਪਤੀ ਸਮੇਤ ਉੱਤਰ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਚਲੇ ਗਏ ਸਨ। ਸਿੰਘਾਂ ਨੇ ਜਥੇਬੰਦਕ ਢੰਗ ਨਾਲ ਉਨ੍ਹਾਂ ਨੂੰ ਖ਼ੂਬ ਲੁਟਿਆ ਅਤੇ ਬਹੁਤ ਸਾਰਾ ਧਨ ਪਦਾਰਥ ਇਕੱਠਾ ਕਰਕੇ ਡੱਲੇਵਾਲ ਦੇ ਸਥਾਨ ਤੇ ਇਕ ਕਿੱਲ੍ਹਾ ਉਸਾਰ ਲਿਆ, ਇਹ ਕਿਲ੍ਹਾ ਉਨ੍ਹਾਂ ਦਾ ਹੈਡਕੁਆਟਰ ਬਣ ਗਿਆ। ਇਸ ਸਮੇਂ ਸਿੰਘਾਂ ਨੇ ਆਪਣੇ ਜਥੇਬੰਦ ਸੰਗਠਨ ਤੇ ਸੈਨਿਕ ਸ਼ਕਤੀ ਨੂੰ ਛਾਪੇਮਾਰ ਸੰਗਰਾਮਾਂ ਲਈ ਪੂਰੀ ਤਰ੍ਹਾਂ ਤਿਆਰ ਬਰ-ਤਿਆਰ ਕਰ ਲਿਆ।

[1*]ਨਾਦਰ ਕੁਲੀ ਦਾ ਜਨਮ 1688 ਵਿਚ ਦਸਤਗੜ੍ਹ ਦੇ ਕਿਲ੍ਹੇ ਵਿਚ

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਜਿਲਦ ਪਹਿਲੀ, ਪੰਨਾ 317



Sri Satguru Jagjit Singh Ji Elibrary NamdhariElibrary@gmail.com

ਹੋਇਆ। ਉਸ ਦਾ ਪਿਤਾ ਇਮਾਮ ਕੁਲੀ ਅਫਸਰ ਕਬੀਲੇ ਦਾ ਸਰਦਾਰ ਤੇ ਦਸਤਗੜ੍ਹ ਕਿਲ੍ਹੇ ਦਾ ਗਵਰਨਰ ਸੀ। ਨਾਦਰ ਇਕ ਮਾਮੂਲੀ ਚੋਰ ਤੇ ਲੁਟੇਰੇ ਤੋਂ ਤਰੱਕੀ ਕਰਕੇ ਇਕ ਵੱਡਾ ਯੋਧਾ ਬਣ ਗਿਆ, ਜੋ ਈਰਾਨ ਨੇ ਅੱਜ ਤਕ ਪੈਦਾ ਨਹੀਂ ਸੀ ਕੀਤਾ। ਇਹ ਯੋਧਾ ਆਪਣੇ ਦੇਸ਼ ਦਾ ਮੁਕਤੀਦਾਤਾ ਅਤੇ ਸੰਪੂਰਨ ਏਸ਼ੀਆ ਦਾ ਹਊਆ ਸੀ। [1*]"ਉਹ ਆਪਣੇ ਜੀਵਨ ਵਿਚ ਲੰਮੇ ਸੰਘਰਸ਼ ਤੇ ਜੋੜ ਤੋੜ ਪਿਛੋਂ ਆਪਣੀ ਸੂਝ-ਬੂਝ ਤੇ ਦੂਰਦਰਸ਼ਤਾ ਕਾਰਨ 1736 ਵਿਚ ਈਰਾਨ ਦਾ ਨਿਰੰਕੁਸ਼ ਸਮਰਾਟ ਬਣ ਗਿਆ। ਜਿਸ ਨੂੰ ਇਕ ਲੱਖ ਦੇ ਭਾਰੇ ਇਕੱਠ ਨੇ ਬਾਦਸ਼ਾਹ ਸਵੀਕਾਰ ਕੀਤਾ।"

ਦਿੱਲੀ ਦੇ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਦੇ ਦਰਬਾਰ ਦੀ ਕੰਮਜ਼ੋਰ ਹਾਲਤ ਨੂੰ ਵੱਖ ਵੱਖ ਸਮੇਂ ਆਪਣੇ ਦਿੱਲੀ ਭੇਜੇ ਦੂਤਾਂ ਰਾਹੀਂ ਜਾਣ ਕੇ ਉਸ ਨੇ 1738 ਨੂੰ ਹਿੰਦ ਉਤੇ ਹੱਲਾ ਬੋਲ ਦਿੱਤਾ। 20 ਨਵੰਬਰ 1738 ਵਿਚ ਉਸਨੇ ਪਸ਼ੌਰ ਦੇ ਗਵਰਨਰ ਨੂੰ ਹਰਾ ਕੇ ਸਿੰਧ ਤੋਂ ਪਾਰ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਫਿਰ ਉਸਨੇ ਸਿੰਧ ਦਰਿਆ ਨੂੰ ਪਾਰ ਕਰਕੇ ਪੰਜਾਬ ਵਿਚ ਦਾਖਲ ਹੋ ਕੇ ਆਪਣੀ ਫ਼ੌਜ ਨੂੰ ਹੁਕਮ ਦਿੱਤਾ ਕਿ ਉਹ ਉਸ ਦੇਸ਼ ਨੂੰ ਲੁੱਟ ਲੈਣ ਅਤੇ ਬਾਰੂਦ (ਗੋਲੀ) ਅਤੇ ਤਲਵਾਰ ਦੀ ਖੁਲ੍ਹੀ ਵਰਤੋਂ ਕਰਨ। ਪ੍ਰਤੀਤ ਹੁੰਦਾ ਹੈ ਕਿ ਹਿੰਦੁਸਤਾਨ ਉੱਤੇ ਕਬਜ਼ਾ ਕਰਨ ਦੀ ਥਾਂ ਉਸਦਾ ਮਨੋਰਥ ਇਸ ਦੇਸ਼ ਦੇ ਧਨ ਪਦਾਰਥ ਨੂੰ ਲੁੱਟ ਕੇ ਲੈ ਜਾਣਾ ਹੀ ਸੀ।

ਉਸਨੇ ਲਾਹੌਰ ਦੇ ਨੇੜੇ ਆ ਕੇ ਡੇਰਾ ਲਾ ਲਿਆ ਅਤੇ ਮੁਕਾਬਲੇ ਵਿਚ ਜ਼ਕਰੀਆ ਖਾਂ ਦੀ ਫੌਜ ਨੂੰ ਹਰਾ ਦਿੱਤਾ। ਜ਼ਕਰੀਆ ਖਾਂ ਨੇ ਲਾਹੌਰ ਦੇ ਕਿਲ੍ਹੇ ਵਿਚ ਤੋਪਾਂ ਬੀੜ ਦਿੱਤੀਆਂ ਅਤੇ ਅੰਤ ਵਿਚ ਨਾਦਰ ਸ਼ਾਹ ਨੂੰ 20 ਲੱਖ ਰੁਪਿਆ ਨਗਦ ਅਤੇ ਕੁਝ ਹਾਥੀ ਤੇ ਹੋਰ ਸਮੱਗਰੀ ਨਜ਼ਰਾਨਾ ਭੇਟ ਕਰਕੇ ਲਾਹੌਰ ਸ਼ਹਿਰ ਨੂੰ ਨਾਦਰਸ਼ਾਹੀ ਲੁੱਟ ਤੋਂ ਬਚਾ ਲਿਆ। ਉਸਨੇ 29 ਦਸੰਬਰ 1738 ਨੂੰ ਦਿੱਲੀ ਵਲ ਕੂਚ ਕੀਤਾ। [2*]"ਦਰਿਆ ਬਿਆਸ ਦੇ ਕੰਢੇ ਪੁੱਜ ਕੇ ਉਸ ਜ਼ਾਲਮ ਨੇ ਹੁਕਮ ਦਿੱਤਾ ਕਿ ਇਕ ਹਜ਼ਾਰ ਸਤ ਸ਼ਾਹੀ ਕੈਦੀਆਂ ਨੂੰ ਜਿਨ੍ਹਾਂ ਨੂੰ ਪਸ਼ੌਰ ਤੋਂ ਲਾਹੌਰ ਤੀਕ ਦੇ ਸਫ਼ਰ ਵਿਚ ਕੈਦ ਕਰਕੇ ਲਿਆਂਦਾ ਗਿਆ ਹੈ। ਨਿਰਦੈਤਾ ਨਾਲ ਕਤਲ ਕਰ ਦਿੱਤਾ ਜਾਵੇ।" ਇਸ ਹੁਕਮ ਦੀ ਤੁਰੰਤ ਪਾਲਣਾ ਕੀਤੀ ਗਈ। ਕਰਨਾਲ ਵਿਖੇ ਦਿੱਲੀ ਦੀ ਮੁਗਲ ਸੈਨਾ ਅਤੇ ਨਾਦਰ ਸ਼ਾਹ ਦੀ ਸੈਨਾ ਵਿਚ ਘਮਸਾਨ ਦੀ ਜੰਗ ਹੋਈ। ਮੁਗਲ ਬਾਦਸ਼ਾਹ ਦੀ ਹਾਰ ਹੋਈ ਪਰ ਮੁਹੰਮਦ ਸ਼ਾਹ ਨੇ ਆਪਣੇ ਆਪ ਨੂੰ ਨਾਦਰ ਸ਼ਾਹ ਦੇ ਹਵਾਲੇ ਕਰ ਦਿੱਤਾ ਅਤੇ ਉਸਨੂੰ

---

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਜਿਲਦ ਪਹਿਲੀ, ਪੰਨਾ 319

[2*] ਉਕਤ, ਪੰਨਾ 328



Sri Satguru Jagjit Singh Ji Elibrary NamdhariElibrary@gmail.com

ਇਕ ਵਿਜੈਈ ਦੇ ਤੌਰ ਤੇ ਦਿੱਲੀ ਲੈ ਆਇਆ ਅਤੇ ਜੰਗ ਦਾ ਤਵਾਨ ਭਰਨ ਦਾ ਵਾਅਦਾ ਕਰ ਦਿੱਤਾ। ਨਾਦਰ ਸ਼ਾਹ ਨੇ ਮੁਗਲਾਂ ਦਾ ਬਹੁਤ ਸਾਰਾ ਧਨ ਪਦਾਰਥ ਇਕੱਠਾ ਕਰਕੇ ਕੁਝ ਚਿਰ ਦਿੱਲੀ ਵਿਚ ਕਿਆਮ ਕੀਤਾ। ਪਰ ਇਕ ਦਿਨ ਲੋਕਾਂ ਵਲੋਂ ਫੈਲਾਈ ਗਈ ਅਫਵਾਹ ਕਿ ਨਾਦਰ ਸ਼ਾਹ ਕਿਲ੍ਹੇ ਵਿਚ ਮਾਰਿਆ ਗਿਆ ਹੈ। ਨਾਦਰ ਸ਼ਾਹ ਦੇ 3000 ਸਿਪਾਹੀਆਂ ਨੂੰ ਕਤਲ ਕਰ ਦਿੱਤਾ ਗਿਆ। ਸਿੱਟੇ ਵਜੋਂ ਨਾਦਰ ਸ਼ਾਹ ਦਾ ਗੁੱਸਾ ਕਹਿਰ ਵਿਚ ਬਦਲ ਗਿਆ, ਉਸ ਨੇ ਮਿਆਨ ਵਿਚੋਂ ਤਲਵਾਰ ਕੱਢ ਲਈ ਅਤੇ ਕਤਲੇਆਮ ਕਰਨ ਦਾ ਹੁਕਮ ਦੇ ਦਿੱਤਾ। ਨਾਦਰ ਦੀ ਸੈਨਾ ਵਲੋਂ ਦਿੱਲੀ ਦੀ ਲੁੱਟ-ਮਾਰ, ਸਾੜ ਫੂਕ ਤੇ ਕਤਲੇਆਮ ਇਕ ਹੌਲਨਾਕ ਇਤਿਹਾਸਕ ਘਟਨਾ ਹੈ, ਜਿਸ ਵਿਚ 1,50,000 ਦੇ ਲਗਭਗ ਸ਼ਹਿਰੀ ਹਿੰਦੂ, ਮੁਸਲਿਮ, ਤੀਵੀਂ, ਮਰਦ, ਬਿਰਧ, ਅਤੇ ਬਾਲ ਬਿਨਾਂ ਕਿਸੇ ਭਿੰਨ ਭੇਦ ਦੇ ਕਾਲ ਦੀ ਬਲੀ ਚੜ੍ਹ ਗਏ। ਮੁਹੰਮਦ ਸ਼ਾਹ ਤੇ ਕੁਝ ਅਹਿਲਕਾਰਾਂ ਦੀ ਬੇਨਤੀ ਉੱਤੇ ਇਹ ਕਤਲੇਆਮ ਬੰਦ ਹੋਇਆ। ਨਾਦਰ ਸ਼ਾਹ ਨੇ ਤਲਵਾਰ ਤਾਂ ਮਿਆਨ ਵਿਚ ਪਾ ਲਈ ਪਰ ਉਸਨੇ ਲੁਟ-ਮਾਰ ਦਾ ਧਨ ਪਦਾਰਥ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਲੋਕ ਧਨ ਪਦਾਰਥ ਨੂੰ ਬਚਾਉਣ ਨਾਲੋਂ ਮਰਨ ਨੂੰ ਤਰਜੀਹ ਦਿੰਦੇ ਸਨ। [1*]ਮੁਹੰਮਦ ਲਤੀਫ ਲਿਖਦਾ ਹੈ :

[1*]ਨਾਦਰ ਸ਼ਾਹ ਦੀ ਏਨੀ ਦਹਿਸ਼ਤ ਸੀ ਕਿ ਉਸਦੇ ਇਕ ਸਿਪਾਹੀ ਨੇ ਦਸ ਜਾਨਾਂ ਨੂੰ ਨਿਰਦੈਤਾ ਨਾਲ ਜ਼ਿਬ੍ਹਾ ਕੀਤਾ ਪਰ ਕਿਸੇ ਨੇ ਉਨ੍ਹਾਂ ਦਾ ਟਾਕਰਾ ਕਰਨ ਦਾ ਹੌਸਲਾ ਨਾ ਕੀਤਾ। ਮੁਹੰਮਦ ਲਤੀਫ ਅਨੁਸਾਰ ਨਾਦਰ ਸ਼ਾਹ ਦਿੱਲੀ ਤੋਂ ਜੋ ਧਨ ਦੌਲਤ ਲੈ ਕੇ ਗਿਆ। ਉਹ ਫਰੇਜ਼ਰ ਅਨੁਸਾਰ 70 ਕਰੋੜ ਦੇ ਲਗਭਗ ਸੀ ਜਿਸ ਵਿਚ ਹੀਰੇ ਮੋਤੀ, ਜਵਾਹਾਰਾਤ, ਤਖਤ ਤਾਊਸ ਅਤੇ ਕੋਹਿਨੂਰ ਹੀਰਾ ਵੀ ਸ਼ਾਮਲ ਸੀ। 10 ਕਰੋੜ ਦੇ ਕਰੀਬ ਨਗਦ ਸਿਪਾਹੀ ਨਾਲ ਲੈ ਗਏ ਅਤੇ ਜਾਣ ਲੱਗਾ ਉਹ ਉਸ ਦੇ ਇਕ ਹਜ਼ਾਰ ਹਾਥੀ, ਸੱਤ ਹਜ਼ਾਰ ਘੋੜੇ, ਦੱਸ ਹਜ਼ਾਰ ਊਠ, 100 ਹਿਜੜੇ, 130 ਲਿਖਾਰੀ, 200 ਲੁਹਾਰ, 300 ਰਾਜ ਮਿਸਤਰੀ, 100 ਪੱਥਰ ਘਾੜੇ ਅਤੇ 200 ਤਰਖਾਣ ਆਦਿ ਵੀ ਨਾਲ ਲੈ ਗਿਆ। ਜਦੋਂ ਨਾਦਰ ਵਾਪਸ ਜਾ ਰਿਹਾ ਸੀ ਤਾਂ ਸਿੰਘ ਬਾਕਾਇਦਿਦਾ ਜੱਥੇ ਬਣਾ ਕੇ ਛਾਪਾਮਾਰ ਢੰਗ ਨਾਲ ਨਾਦਰ ਦੇ ਲਸ਼ਕਰ ਦੇ ਪਿਛਲੇ ਥੰਨ੍ਹੇ, ਸੈਨਿਕਾਂ ਉੱਤੇ ਰਾਤਬਰਾਤੇ ਹੱਲਾ ਕਰਕੇ ਬਹੁਤ ਸਾਰਾ ਮਾਲ ਧਨ ਲੁੱਟ ਕੇ ਲੈ ਜਾਂਦੇ ਅਤੇ ਕਈ ਸੈਨਿਕਾਂ ਨੂੰ ਪਾਰ ਬੁਲਾ ਦਿੰਦੇ ਸਨ। ਮਈ ਮਹੀਨੇ ਵਿਚ ਨਾਦਰ ਸ਼ਾਹ ਤੇ ਉਸਦੇ ਫ਼ੌਜੀਆਂ ਲਈ ਸਖ਼ਤ ਗਰਮੀ ਨੂੰ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ। ਉਸਨੇ ਵਾਪਸੀ ਸਮੇਂ ਉੱਤਰ ਦੇ ਪਹਾੜੀ ਰਸਤੇ ਰਾਹੀ ਜਾਣਾ ਚੰਗਾ ਸਮਝਿਆ। ਚਨਾਬ ਦੇ ਕੰਢੇ

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਪਹਿਲਾ, ਪੰਨਾ 335



Sri Satguru Jagjit Singh Ji Elibrary NamdhariElibrary@gmail.com

ਪੁੱਜ ਕੇ ਅਖਨੂਰ ਦੇ ਸਥਾਨ ਉੱਤੇ ਉਸ ਨੂੰ ਖ਼ਬਰ ਮਿਲ਼ੀ ਕਿ ਸਿੰਘਾਂ ਦੇ ਜਥਿਆਂ ਨੇ ਉਸ ਦੀ ਫ਼ੌਜ ਨੂੰ ਕਾਫੀ ਹਾਨੀ ਪਹੁੰਚਾਈ ਹੈ ਅਤੇ ਬਹੁਤ ਸਾਰਾ ਧਨ-ਮਾਲ ਲੁੱਟ ਕੇ ਲੈ ਗਏ ਹਨ। ਨਾਦਰ ਸ਼ਾਹ ਨੂੰ ਸਿੰਘਾਂ ਦੀਆਂ ਇਹ ਜਥੇਬੰਦਕ ਕਾਰਵਾਈਆਂ ਆਪਣੇ ਜੀਵਨ ਦੇ ਆਰੰਭਿਕ ਪੜਾਵਾਂ ਵਾਲੀਆਂ ਹੀ ਜਾਪੀਆਂ। ਉਹ ਤਾੜ ਗਿਆ ਕਿ ਇਹ ਬਾਗੀ ਲੁਟੇਰੇ ਕਿਸੇ ਦਿਨ ਜ਼ਰੂਰ ਆਪਣੇ ਦੇਸ਼ ਨੂੰ ਸੁਤੰਤਰ ਕਰਕੇ ਹੀ ਦਮ ਲੈਣਗੇ। ਅਖਨੂਰ ਵਿਖੇ ਨਾਦਰ ਸ਼ਾਹ ਤੇ ਜ਼ਕਰੀਆ ਖ਼ਾਂ ਵਿਚਕਾਰ ਜੋ ਗੱਲਬਾਤ ਹੋਈ, ਉਸ ਦਾ ਵੇਰਵਾ ਅਹਿਮਦ ਸ਼ਾਹ ਬਟਾਲਵੀ ਦੇ ਹਵਾਲੇ ਨਾਲ ਇਸ ਤਰ੍ਹਾਂ ਦਿੱਤਾ ਗਿਆ ਹੈ। ਇਹ ਵਾਰਤਾਲਾਪ ਸਿੱਖਾਂ ਦੀਆਂ ਕਾਰਵਾਈਆਂ ਨਾਲ ਹੀ ਸੰਬੰਧਿਤ ਸੀ।

ਨਾਦਰ ਸ਼ਾਹ : ਤੇਰੇ ਦੇਸ਼ ਵਿਚ ਗੜਬੜ ਕਰਨ ਵਾਲੇ ਕੋਈ ਲੋਕ ਵੀ ਹਨ ?

ਜ਼ਕਰੀਆ : ਕੋਈ ਨਹੀਂ! ਹਾਂ ਹਿੰਦੂ ਫ਼ਕੀਰਾਂ ਦਾ ਪੈਰੋਕਾਰ ਇਕ ਫ਼ਿਰਕਾ ਜ਼ਰੂਰ ਹੈ ਜੋ ਇਕ ਸਰੋਵਰ ਵਿਚ ਸਾਲ ਵਿਚ ਦੋ ਵਾਰ ਆ ਕੇ ਨਹਾਉਂਦੇ ਹਨ ਅਤੇ ਇਸ ਤੀਰਥ ਸਥਾਨ ਦੀ ਯਾਤਰਾ ਕਰਕੇ ਉਹ ਸ਼ਕਤੀ ਪ੍ਰਾਪਤ ਕਰਦੇ ਹਨ।

ਨਾਦਰ : ਉਹ ਕਿੱਥੇ ਰਹਿੰਦੇ ਹਨ ?

ਜ਼ਕਰੀਆ : ਉਨ੍ਹਾਂ ਦਾ ਘਰ ਘਾਟ ਤਾਂ ਉਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਉੱਤੇ ਹੀ ਹੁੰਦਾ ਹੈ।

ਨਾਦਰ : ਮੈਨੂੰ ਇੰਝ ਲੱਗਦਾ ਹੈ ਜਿਵੇਂ ਇਹ ਬਾਗੀ ਕਿਸੇ ਦਿਨ ਜ਼ਰੂਰ ਸਿਰ ਚੁੱਕਣਗੇ।

ਨਾਦਰ ਸ਼ਾਹ ਤਾਂ ਇਹ ਗੱਲ ਕਹਿ ਕੇ ਆਪਣੇ ਵਤਨ ਨੂੰ ਪਰਤ ਗਿਆ ਪਰ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਂ ਨੂੰ ਜ਼ਰੂਰ ਚਿੰਤਾਤਰ ਕਰ ਗਿਆ।

### ਜ਼ਕਰੀਆ ਖ਼ਾਂ ਵਲੋਂ ਸਿੱਖਾਂ ਉੱਤੇ ਜ਼ੁਲਮ ਦੇ ਨਵੇਂ ਝੱਖੜ

[1*]ਖਾਨ ਬਹਾਦਰ ਜ਼ਕਰੀਆ ਖ਼ਾਂ ਇਹ ਸਮਝਣ ਲਗ ਪਿਆ ਸੀ ਕਿ ਉਸ ਦੇ ਰਾਜ ਵਿਚ ਵੱਡਾ ਖਤਰਾ ਸਿੰਘਾਂ ਦਾ ਹੀ ਹੈ, ਜੋ ਹਾਲੀ ਵੀ ਲੁੱਟ ਮਾਰ ਕਰ ਰਹੇ ਹਨ ਅਤੇ ਜੱਥੇ ਬਣਾ ਕੇ ਰਾਜ ਵਿਚ ਗੜਬੜ ਕਰ ਰਹੇ ਹਨ।

ਸਿੱਖਾਂ ਦੀ ਅਲਖ ਮਕਾਉਣ ਲਈ ਉਸ ਦੇ ਸੈਨਿਕਾਂ ਨੇ ਡੱਲੇਵਾਲ ਦੇ ਕਿਲ੍ਹੇ ਨੂੰ ਢਹਿ ਢੇਰੀ ਕਰ ਦਿੱਤਾ ਅਤੇ ਉਸ ਵਿਚਲਾ ਮਾਲ ਧਨ ਲੁੱਟ-ਪੁੱਟ ਲਿਆ। ਸਿੰਘਾਂ ਦੀ ਵਡੀ ਗਿਣਤੀ ਨੂੰ ਲੜਾਈ ਵਿਚ ਗੋਲੀਆਂ ਦਾ ਸ਼ਿਕਾਰ ਬਣਾ ਦਿੱਤਾ ਗਿਆ ਅਤੇ ਜਿਉਂਦੇ ਬਚੇ ਸਿੰਘਾਂ ਨੂੰ ਜੰਜ਼ੀਰਾਂ ਵਿਚ ਜਕੜ ਕੇ ਲਾਹੌਰ ਲਿਆਂਦਾ ਗਿਆ ਅਤੇ ਨਖਾਸ ਦੇ ਸਥਾਨ ਤੇ ਬੇਰਹਿਮੀ ਨਾਲ ਕਤਲ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਭਾਗ 2, ਪੰਨਾ 54



Sri Satguru Jagjit Singh Ji Elibrary NamdhariElibrary@gmail.com

ਕਰ ਦਿੱਤਾ ਗਿਆ। ਇੱਥੇ ਕੋਲ ਕੋਲ ਦੋ ਮਸੀਤਾਂ ਸਨ। ਇਕ ਵਿਚ ਫਤਵੇ ਸੁਣਾਏ ਜਾਂਦੇ ਸਨ ਅਤੇ ਦੂਜੇ ਵਿਚ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ ਸੀ। ਇੱਥੇ ਸੈਂਕੜਿਆਂ ਦੀ ਗਿਣਤੀ ਵਿਚ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। (ਪਿਛੋਂ ਜਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਦਿੱਲੀ ਦਰਵਾਜ਼ੇ ਵਾਲੀ ਇਸ ਕਤਲਗਾਹ ਉੱਤੇ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ ਗੰਜ ਬਣਾ ਦਿੱਤਾ) ਡਾ. ਹਰੀ ਰਾਮ ਗੁਪਤਾ ਅਨੁਸਾਰ ਇਸ ਸਥਾਨ ਉੱਤੇ ਜ਼ਕਰੀਆ ਖ਼ਾਂ ਵਲੋਂ 10,000 ਸਿੰਘਾਂ ਨੂੰ ਕਤਲ ਕੀਤਾ ਗਿਆ ਸੀ। ਸੈਨਿਕ ਕਾਰਵਾਈਆਂ ਦੇ ਨਾਲ ਨਾਲ ਜ਼ਕਰੀਆ ਖ਼ਾਂ ਨੇ ਨਾਗਰਿਕ ਅਹਿਲਕਾਰਾਂ ਨੂੰ ਵੀ ਸਖ਼ਤ ਹਦਾਇਤਾਂ ਕਰ ਦਿੱਤੀਆਂ ਕਿ ਉਹ ਆਪਣੇ ਆਪਣੇ ਇਲਾਕੇ ਵਿਚ ਕਿਸੇ ਵੀ ਸਿੱਖ ਨੂੰ ਸ਼ਰਣ ਨਾ ਦੇਣ। ਸਿੰਘਾਂ ਦੇ ਸਿਰਾਂ ਦੇ ਮੁੜ ਇਨਾਮ ਰਖੇ ਗਏ, ਜਿਹੜਾ ਸਿੰਘਾਂ ਦੇ ਕੇਸ ਕਤਲ ਕਰਕੇ ਲਿਆਉਂਦਾ, ਉਸ ਨੂੰ ਕੰਬਲ, ਬਿਸਤਰਾ ਇਨਾਮ ਦਿੱਤਾ ਜਾਂਦਾ। ਜਿਹੜਾ ਸਿੱਖਾਂ ਦੇ ਰਹਿਣ-ਬਹਿਣ ਬਾਰੇ ਸੂਚਨਾ ਦਿੰਦਾ, ਉਸ ਨੂੰ 10 ਰੁਪਏ ਅਤੇ ਜਿਹੜਾ ਕਿਸੇ ਸਿੰਘ ਨੂੰ ਫੜ ਕੇ ਜਾਂ ਕਤਲ ਕਰਕੇ ਆਉਂਦਾ, ਉਸ ਨੂੰ 50 ਰੁਪਏ ਇਨਾਮ ਵਜੋਂ ਦਿੱਤੇ ਜਾਂਦੇ। ਇਸ ਤੋਂ ਬਿਨਾਂ ਸਿੱਖਾਂ ਦੇ ਘਰਾਂ ਨੂੰ ਲੁੱਟਣ ਦੀ ਪੂਰੀ ਖੁਲ੍ਹ ਦਿੱਤੀ ਗਈ ਸੀ। ਜਿਹੜਾ ਕਿਸੇ ਸਿੱਖ ਦੇ ਆਉਣ ਉੱਤੇ ਇਤਲਾਹ ਨਾ ਦਿੰਦਾ ਅਤੇ ਜਿਹੜਾ ਕਿਸੇ ਸਿੱਖ ਨੂੰ ਪਨਾਹ ਦਿੰਦਾ, ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ। ਜਿਹੜਾ ਕੋਈ ਵਿਅਕਤੀ ਸਿੱਖਾਂ ਦੀ ਰਸਦ-ਪਾਣੀ ਦੇ ਕੇ ਸਹਾਇਤਾ ਕਰਦਾ। ਉਸ ਨੂੰ ਜ਼ਬਰਦਸਤੀ ਇਸਲਾਮ ਧਰਮ ਕਬੂਲ ਕਰਾਇਆ ਜਾਂਦਾ।

ਸਿੰਘ, ਲਾਹੌਰ ਸਰਕਾਰ ਦਾ ਇਹ ਕਠੋਰ ਵਤੀਰਾ ਦੇਖ ਕੇ ਜਲੰਧਰ ਦੇ ਦੁਆਬੇ ਵਿਚ ਚਲੇ ਗਏ। ਜ਼ਕਰੀਆ ਖ਼ਾਂ ਨੇ ਜਲੰਧਰ ਦੁਆਬ ਦੇ ਹਾਕਮ ਅਦੀਨਾ ਬੇਗ ਨੂੰ ਸਿੱਖਾਂ ਨੂੰ ਦਬਾਉਣ ਲਈ ਸਖ਼ਤ ਕਦਮ ਚੁੱਕਣ ਲਈ ਕਿਹਾ ਅਤੇ ਕਈ ਫ਼ੌਜੀ ਦਸਤੇ ਉਸ ਦੀ ਇਕ ਕਾਰਵਾਈ ਨੂੰ ਸਿਰੇ ਚਾੜ੍ਹਨ ਲਈ ਭੇਜੇ। ਅਦੀਨਾ ਬੇਗ ਨੇ ਸਿੰਘਾਂ ਪ੍ਰਤੀ ਸਖ਼ਤੀ ਵਰਤਣ ਤੋਂ ਸੰਕੋਚ ਕੀਤਾ। ਉਹ ਇਹ ਚਾਹੁੰਦਾ ਸੀ ਕਿ ਜਦੋਂ ਤੱਕ ਸਿੱਖ ਉਸਦੇ ਇਲਾਕੇ ਵਿਚ ਕੋਈ ਗੜਬੜ ਨਹੀਂ ਕਰਦੇ, ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਜਾਵੇ। ਖਾਨ ਬਹਾਦਰ ਨੇ ਮੁੜ ਅਦੀਨਾ ਬੇਗ ਨੂੰ ਸਿੰਘਾਂ ਉੱਤੇ ਸਖ਼ਤੀ ਕਰਨ ਦੇ ਆਦੇਸ਼ ਦਿੱਤੇ ਅਤੇ ਉਨ੍ਹਾਂ ਨੂੰ ਆਪਣੇ ਇਲਾਕੇ ਵਿਚੋਂ ਬਾਹਰ ਕੱਢ ਦੇਣ ਲਈ ਹੁਕਮ ਕੀਤਾ। ਸਿੰਘਾਂ ਨੇ ਅਦੀਨਾ ਬੇਗ ਨਾਲ ਸੁਲ੍ਹਾ ਸਫ਼ਾਈ ਕਰਨ ਲਈ ਜੱਸਾ ਸਿੰਘ ਠੋਕੇ (ਰਾਮਗੜ੍ਹੀਆ) ਨੂੰ ਆਪਣਾ ਵਕੀਲ ਬਣਾ ਕੇ ਅਦੀਨਾ ਬੇਗ ਕੋਲ ਭੇਜਿਆ, ਜਿਸਨੇ ਜੱਸਾ ਸਿੰਘ ਨੂੰ ਕੋਈ ਸਰਕਾਰੀ ਪਦਵੀ ਲੈਣ ਲਈ ਕਿਹਾ, ਅਦੀਨਾ ਬੇਗ ਕਾਫ਼ੀ ਚੁਸਤ-ਚਲਾਕ ਹਾਕਮ ਸੀ। ਸਿੰਘ ਇਸ ਮੁਲਾਕਾਤ ਪਿਛੋਂ ਨਿਰਾਸ਼ ਹੋ ਕੇ ਸਤਲੁਜੋਂ ਪਾਰ



Sri Satguru Jagjit Singh Ji Elibrary NamdhariElibrary@gmail.com

ਸਰਹਿੰਦ ਦੇ ਇਲਾਕੇ ਵਿਚ ਚਲੇ ਗਏ। ਸਿੰਘਾਂ ਨੇ ਦਾਰਾਨਤ ਸ਼ਾਹ ਦੀ ਅਗਵਾਈ ਵਿਚ ਸਰਹਿੰਦ ਵਿਚ ਬਹੁਤ ਸਾਰੀ ਭੂਮੀ ਉੱਤੇ ਕਬਜ਼ਾ ਕਰ ਲਿਆ। ਦਿੱਲੀ ਦੇ ਸ਼ਾਹੀ ਦਰਬਾਰ ਵਲੋਂ ਅਜਮੁੱਲਾ ਖ਼ਾਂ ਨੂੰ ਸਿੰਘਾਂ ਨੂੰ ਦਬਾਉਣ ਲਈ ਭੇਜਿਆ ਗਿਆ। ਸਿੰਘ ਮੁੜ ਆਪਣੇ ਪੁਰਾਣੇ ਛੁਪਣ ਸਥਾਨਾਂ ਉੱਤੇ ਜੰਮੂ ਅਤੇ ਕਾਂਗੜਾ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਦਾਮਨ ਵਿਚ ਮਾਲਵੇ ਦੇ ਰਾਜਪੂਤਾਨੇ ਦੇ ਰੇਤੜਾਂ ਅਤੇ ਬੀਕਾਨੇਰ, ਲੱਖੀ ਜੰਗਲ ਵਿਚ ਚਲੇ ਗਏ। ਕਈਂ ਸਰਕਾਰ ਦੇ ਕਹਿਰ ਤੋਂ ਡਰਦੇ ਹੋਏ ਮੁੜ ਆਪਣੇ ਹਿੰਦੂ ਪਰਿਵਾਰਾਂ ਨਾਲ ਜਾ ਰਲੇ।

ਕੁਝ ਨਿਰਭੈ ਸਿੰਘ ਭਾਈ ਬੋਤਾ ਸਿੰਘ ਵਰਗੇ ਮਾਝੇ ਵਿਚ ਰਹਿ ਕੇ ਹੀ ਮੁਗਲ ਸਰਕਾਰ ਨਾਲ ਟੱਕਰ ਲੈਂਦੇ ਰਹੇ।

**ਭਾਈ ਬੋਤਾ ਸਿੰਘ ਦਾ ਮੁਗਲਾਂ ਦੇ ਸੈਨਿਕ ਦਸਤੇ ਨਾਲ ਟਾਕਰਾ ਕਰਕੇ ਸ਼ਹੀਦੀ ਪਾਉਣਾ**

ਭਾਈ ਬੋਤਾ ਸਿੰਘ ਭੜਾਣੇ ਦਾ ਸੰਧੂ ਜੱਟ ਅਤੇ ਭਾਈ ਗਰਜਾ ਸਿੰਘ ਰੰਗਰੇਟਾ ਦਿੱਲੀ ਤੋਂ ਲਾਹੌਰ ਜਾਣ ਵਾਲੀ ਸ਼ਾਹੀ ਸੜਕ ਤੇ ਤਰਨਤਾਰਨ ਤੋਂ ਕੁਝ ਦੂਰ ਨੂਰ ਦੀਨ ਦੀ ਸਰ੍ਹਾਂ ਵੱਲ ਘਣੇ ਜੰਗਲਾਂ ਵਿਚ ਰਹਿੰਦੇ ਸਨ। ਕਦੀ ਕਦਾਈ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਵੀ ਕਰ ਆਉਂਦੇ ਸਨ। ਉਨ੍ਹਾਂ ਨੂੰ ਕਿਸੇ ਨੇ ਤਾਹਨਾ ਮਾਰਿਆ ਕਿ ਜੇ ਤੁਸੀਂ ਸਿੰਘ ਹੋ ਤਾਂ ਜੰਗਲਾਂ ਵਿਚ ਕਿਉਂ ਲੁਕਦੇ ਹੋ? ਇਸ ਉੱਤੇ ਉਨ੍ਹਾਂ ਨੇ ਜਰਨੈਲੀ ਸੜਕ ਉੱਤੇ ਖਲੋ ਕੇ ਆਉਣ ਜਾਣ ਵਾਲੇ ਮਾਲ-ਅਸਬਾਬ ਦੇ ਮਾਲਕਾਂ ਤੋਂ ਕਰ ਉਗਰਾਉਣਾ ਸ਼ੁਰੂ ਕਰ ਦਿੱਤਾ। ਗੱਡੇ ਤੋਂ ਇਕ ਆਨਾ ਅਤੇ ਖੋਤੇ ਤੋਂ ਇਕ ਪੈਸਾ ਮਹਿਸੂਲ ਲੈਂਦੇ ਸਨ। ਉਨ੍ਹਾਂ ਨੇ ਖ਼ਾਨ ਬਹਾਦਰ ਨੂੰ ਇਕ ਚਿੱਠੀ ਵੀ ਲਿਖ ਭੇਜੀ, ਜਿਸ ਵਿਚ ਇਹ ਕੁਝ ਅੰਕਿਤ ਸੀ।

ਚਿੱਠੀ ਸੁਨਹੋ ਖਾਨੂ ਕੋਤਾ<br>
ਆਨਾ ਗੱਡਾ ਪੈਸਾ ਖੋਤਾ।<br>
ਏਹੁ ਜਗਾਤ ਲੇਤ ਸਿੰਘ ਬੋਤਾ।<br>
ਹੱਥ ਮੈਂ ਰਾਖਤ ਸੋਟਾ ਮੋਟਾ।<br>
ਤੇਰਾ ਅਕਬਤ ਕਰ ਹੈ ਖੋਟਾ।<br>
ਮੇਰਾ ਕਹੀਂ ਸਨੇਹਾ ਜਾਇ।<br>
ਭਾਬੀ ਖਾਨੋ ਨੂੰ ਸਮਝਾਇ।<br>
ਤੇਰਾ ਯਾਰ ਸਿੰਘ ਜੋ ਬੋਤਾ।<br>
ਤੈਨੂੰ ਰਿਹਾ ਉਡੀਕ ਖੜੋਤਾ।<br>
ਆਇ ਸਰਾਇ ਨੂਰਦੀਂ ਪਾਸ।<br>
ਤੂੰ ਜੋਤਾ ਲਗਵਾ ਲੈ ਖਾਸ।



Sri Satguru Jagjit Singh Ji Elibrary NamdhariElibrary@gmail.com

ਇਹ ਚਿੱਠੀ ਜ਼ਕਰੀਆ ਖ਼ਾਂ ਨੂੰ ਮਿਲੀ ਤਾਂ ਉਸ ਨੇ ਤੁਰੰਤ ਜਲਾਲ ਦੀਨ ਫੌਜਦਾਰ ਨੂੰ 100 ਸਿਪਾਹੀਆਂ ਦਾ ਦਸਤਾ ਦੇ ਕੇ ਬੋਤਾ ਸਿੰਘ ਤੇ ਉਸਦੇ ਸਾਥੀ ਨੂੰ ਜੀਉਂਦਾ ਫੜ ਕੇ ਲਿਆਉਣ ਦਾ ਹੁਕਮ ਦਿੱਤਾ। ਸਿੰਘਾਂ ਨੇ ਉਸ ਫ਼ੌਜੀ ਦਸਤੇ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਆਪਣੇ ਤੋਂ 10 ਗੁਣਾਂ ਗਿਣਤੀ ਦੇ ਸਿਪਾਂਹੀਆਂ ਨੂੰ ਮਾਰ ਕੇ ਲੜਦੇ ਹੋਏ ਸ਼ਹੀਦ ਹੋ ਗਏ। ਇਹ ਘਟਨਾ ਸੰਮਤ 1796 ਅਰਥਾਤ ਸੰਨ 1739 ਦੀ ਹੈ।

## [1*]ਹਰਿਮੰਦਰ ਸਾਹਿਬ ਦੀ ਬੇਹੁਰਮਤੀ ਅਤੇ ਮੱਸਾ ਰੰਗੜ ਦਾ ਕਤਲ

ਖਾਨ ਬਹਾਦਰ (ਜ਼ਕਰੀਆ ਖ਼ਾਂ) ਰੰਗ ਤਮਾਸ਼ੇ ਦਾ ਵੀ ਸ਼ੌਕੀਨ ਸੀ। ਇਕ ਦਿਨ ਜ਼ਕਰੀਆ ਖ਼ਾਂ ਦੇ ਸਾਹਮਣੇ ਇਹ ਸਾਂਗ ਉਤਾਰਿਆ ਗਿਆ ਕਿ ਜਦੋਂ ਮੀਂਹ ਵਰ੍ਹਦਾ ਹੈ, ਧਰਤੀ ਵਿਚੋਂ ਡੱਡੂ ਉੱਠ ਕੇ 'ਗੜੈਂ ਗੜੈਂ' ਕਰਨ ਲੱਗ ਪੈਂਦੇ ਹਨ। ਇਕ ਹੋਰ ਨੇ ਕਿਹਾ ਇਹ ਲੰਮੇ ਵਾਲਾਂ ਅਤੇ ਦਾੜ੍ਹੀਆਂ ਵਾਲੇ ਕਾਲੇ ਰੰਗ ਦੇ ਜਾਨਵਰ (ਸਿੱਖ) ਕਿਵੇਂ ਅਚਾਨਕ ਵੱਡੀ ਗਿਣਤੀ ਵਿਚ ਜੰਮ ਪੈਂਦੇ ਹਨ। ਇਕ ਹੋਰ ਨੇ ਕਿਹਾ ਜਦੋਂ ਇਹ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਦੀ ਯਾਤਰਾ ਕਰਦੇ ਸਨ ਤਾਂ ਇਹ ਖੁੰਬਾਂ ਵਾਂਗ ਉਗ ਪੈਂਦੇ ਹਨ। ਜ਼ਕਰੀਆ ਖ਼ਾਂ ਉਨ੍ਹਾਂ ਦਾ ਇਸ਼ਾਰਾ ਸਮਝ ਗਿਆ ਤੇ ਉਸਨੇ ਅੰਮ੍ਰਿਤਸਰ ਦੇ ਪਿੰਡ ਮੰਡਿਆਲੇ ਦੇ ਚੌਧਰੀ ਮੱਸਾ ਰੰਗੜ ਨੂੰ ਇਹ ਕੰਮ ਸੌਂਪਿਆ ਕਿ ਉਹ ਸਿੱਖਾਂ ਦੇ ਹਰਿਮੰਦਰ ਸਾਹਿਬ ਵਿਚ ਆਉਣ ਉੱਤੇ ਰੋਕ ਲਏ। ਚੌਧਰੀ ਮੱਸਾ (ਰੰਗੜ) ਬੜਾ ਕ੍ਰੂਅਸਥੀ ਤੇ ਜ਼ਾਲਮ ਸੀ। ਉਸਨੇ ਹਰਿਮੰਦਰ ਸਾਹਿਬ ਦੇ ਚੌਹਾਂ ਪਾਸੀ ਉੱਚੇ ਉੱਚੇ ਮੀਨਾਰੇ ਉਸਾਰ ਦਿੱਤੇ ਤਾਂ ਜੋ ਸਿੱਖਾਂ ਦੇ ਹਰਿਮੰਦਰ ਸਾਹਿਬ ਆਉਣ ਉੱਤੇ ਕਰੜੀ ਨਜ਼ਰ ਰਖੀ ਜਾ ਸਕੇ। ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਨ ਵਿਚ ਉਸਨੇ ਕੋਈ ਕਸਰ ਬਾਕੀ ਨਾ ਛੱਡੀ। ਹਰਿਮੰਦਰ ਸਾਹਿਬ ਵਿਚ ਉਹ ਪਲੰਘ ਉੱਤੇ ਬੈਠ ਕੇ ਹੁਕਾ ਪੀਂਦਾ, ਪਾਨ ਖਾ ਕੇ ਥੁੱਕ ਸੁੱਟਦਾ ਅਤੇ ਕੰਜਰੀਆਂ ਦਾ ਮੁਜਰਾ ਤੇ ਨਾਚ ਕਰਵਾਉਂਦਾ। ਸਿੰਘਾਂ ਦਾ ਇਹ ਸਭ ਕੁਝ ਸੁਣ ਕੇ ਰੋਹ ਵਿਚ ਆਉਣਾ ਕੁਦਰਤੀ ਹੀ ਸੀ। ਮੀਰਾਂ ਕੋਟ ਦੇ ਮਹਿਤਾਬ ਸਿੰਘ ਅਤੇ ਮਾੜੀ ਕੰਬੋਕੀ ਦੇ ਸੁੱਖਾ ਸਿੰਘ, ਮੱਸੇ ਨੂੰ ਸਬਕ ਸਿਖਾਉਣ ਲਈ ਅੱਗੇ ਆਏ, ਉਨ੍ਹਾਂ ਨੇ ਮੁਗਲ ਅਹਿਲਕਾਰਾਂ ਦਾ ਭੇਸ ਵਟਾ ਕੇ ਘੋੜੇ, ਸਰੋਵਰ ਦੇ ਬਾਹਰ ਬੰਨ੍ਹ ਦਿੱਤੇ ਅਤੇ ਬੋਰੀਆਂ ਵਿਚ ਠੀਕਰੀਆਂ ਭਰਕੇ ਹਰਿਮੰਦਰ ਦੇ ਅੰਦਰ ਤਕ ਪਹੁੰਚ ਗਏ। ਉਨ੍ਹਾਂ ਨੇ ਇਹ ਭੁਲਾਵਾ ਦਿੱਤਾ ਕਿ ਉਹ ਮਾਮਲਾ ਤਾਰਨ ਆਏ ਹਨ। ਜਦੋਂ ਚੌਧਰੀ ਮੱਸਾ ਰੰਗੜ ਸਿਰ ਨੀਵਾਂ ਕਰਕੇ ਬੋਰੀ ਖੋਲ ਕੇ ਵੇਖਣ ਲੱਗਾ ਕਿ ਇਨ੍ਹਾਂ

---

[1*] ਗਿਆਨੀ ਗਿਆਨ ਸਿੰਘ, ਤਵਾਰੀਖ ਗੁਰ ਖਾਲਸਾ, ਭਾਗ ਦੂਜਾ, ਪੰਨਾ 131



Sri Satguru Jagjit Singh Ji Elibrary NamdhariElibrary@gmail.com

ਵਿਚ ਕਿੰਨੇ ਰੁਪਏ ਹਨ, ਤਾਂ ਮਹਿਤਾਬ ਸਿੰਘ ਨੇ ਤਲਵਾਰ ਦੇ ਵਾਰ ਨਾਲ ਉਸ ਦਾ ਸਿਰ ਵੱਢ ਦਿੱਤਾ ਅਤੇ ਦੋਵੇਂ ਸਿੰਘ ਅੱਖ ਦੇ ਫੋਰ ਵਿਚ ਉਥੋਂ ਹਰਨ ਹੋ ਗਏ। ਇਹ ਘਟਨਾ 11 ਅਗਸਤ 1740 ਨੂੰ ਵਾਪਰੀ। ਪਿਛੋਂ ਜਾ ਕੇ ਭਾਈ ਮਹਿਤਾਬ ਸਿੰਘ ਫੜਿਆ ਗਿਆ ਅਤੇ ਉਸਨੂੰ ਕਤਲ ਕਰ ਦਿੱਤਾ ਗਿਆ। ਭਾਈ ਸੁੱਖਾ ਸਿੰਘ ਗੁਪਤਵਾਸ ਵਿਚ ਰਹਿ ਕੇ ਸਿੰਘਾਂ ਦੇ ਦਲ ਤਕ ਪਹੁੰਚਣ ਵਿਚ ਕਾਮਯਾਬ ਹੋ ਗਿਆ।

ਉਪਰੋਕਤ ਦੋਹਾਂ ਘਟਨਾਵਾਂ ਨੂੰ ਜ਼ਕਰੀਆ ਖ਼ਾਂ ਨੇ ਆਪਣੀ ਵੱਡੀ ਹੇਠੀ ਸਮਝਿਆ ਅਤੇ ਉਸਨੇ ਉੱਘੇ ਸਿੱਖਾਂ ਨੂੰ ਚੁਣ ਚੁਣ ਕੇ ਸ਼ਹੀਦ ਕਰਨ ਦੀ ਨੀਤੀ ਉੱਤੇ ਵਧੇਰੇ ਜ਼ੋਰ ਨਾਲ ਅਮਲ ਕਰਨਾ ਸ਼ੁਰੂ ਕਰ ਦਿੱਤਾ।

**[1*]ਹਕੀਕਤ ਰਾਏ ਦੀ ਸ਼ਹੀਦੀ (ਜਨਮ 1724)**

ਸਿਆਲਕੋਟ ਦੇ ਭਾਗ ਮੱਲ ਪੁਰੀ ਅਤੇ ਮਾਤਾ ਗੌਰਾਂ ਦਾ ਹੋਣਹਾਰ ਤੇ ਲਾਇਕ ਸਪੁੱਤਰ ਸੀ। ਭਾਗਮੱਲ ਪੁਰੀ ਸਿਆਲਕੋਟ ਦੇ ਨਾਜ਼ਮ ਅਮੀਰ ਬੇਗ ਦਾ ਮੁਲਾਜ਼ਿਮ ਸੀ ਅਤੇ ਉਸ ਦੇ ਵਡੇਰੇ ਗੁਰੂ ਘਰ ਦੇ ਸ਼ਰਧਾਲੂ ਸਨ। ਹਕੀਕਤ ਰਾਏ ਦਾ ਵਿਆਹ ਬਟਾਲੇ ਦੇ ਗੁਰੂ ਸਿੱਖ ਕਿਸ਼ਨ ਉਪਲ ਦੀ ਸਪੁੱਤਰੀ ਨਾਲ ਹੋਇਆ, ਜਿਸ ਕਾਰਨ ਸਿੱਖੀ ਵਿਚ ਉਸ ਦੀ ਸ਼ਰਧਾ ਹੋਰ ਵੀ ਪੱਕੀ ਹੋ ਗਈ।

ਉਹ ਇਸਲਾਮੀ ਮਕ਼ਤਬ ਮਦਰੱਸਾ ਪੜਦਿਆਂ ਫ਼ਾਰਸੀ ਅਰਬੀ ਵਿਚ ਤੇ ਹੋਰ ਵਿਸ਼ਿਆਂ ਵਿਚ ਬੜਾ ਲਾਇਕ ਸੀ। ਇਕ ਦਿਨ ਜਦੋਂ ਉਹ ਹਿੰਦੂ ਰੀਤੀ ਅਨੁਸਾਰ ਮੱਥੇ ਉੱਤੇ ਟਿੱਕਾ ਲਾ ਕੇ ਗਿਆ ਤਾਂ ਉਸ ਦੇ ਮੁਸਲਮਾਨ ਜਮਾਤੀਆਂ ਨੇ ਉਸ ਨੂੰ ਬੜਾ ਮਖੌਲ ਕੀਤਾ ਅਤੇ ਹਿੰਦੂ ਦੇਵੀ ਦੇਵਤਿਆਂ ਬਾਰੇ ਅਪਮਾਨਜਨਕ ਸ਼ਬਦ ਕਹੇ। ਹਕੀਕਤ ਰਾਏ ਨੇ ਵੀ ਜੋਸ਼ ਵਿਚ ਆ ਕੇ ਉਨ੍ਹਾਂ ਨੂੰ ਢੁਕਵਾਂ ਉੱਤਰ ਦੇਣ ਲਈ ਬੀਬੀ ਫ਼ਾਤਮਾ ਬਾਰੇ ਅਪਸ਼ਬਦ ਬੋਲੇ। ਝਗੜਾ ਵੱਧ ਗਿਆ। ਮੌਲਵੀ ਵੀ ਮੁਸਲਮਾਨ ਮੁੰਡਿਆਂ ਦਾ ਪੱਖ ਪੂਰਨ ਲੱਗ ਪਿਆ। ਸ਼ਿਕਾਇਤ ਕਾਜ਼ੀ ਤਕ ਪਹੁੰਚੀ। ਉਸ ਨੇ ਹਕੀਕਤ ਰਾਏ ਨੂੰ 'ਮੌਤ ਜਾਂ ਇਸਲਾਮ' ਦਾ ਫਤਵਾ ਦੇ ਦਿੱਤਾ। ਅਮੀਰ ਖਾਂ ਕੁਝ ਜੁਰਮਾਨਾ ਕਰਕੇ ਹਕੀਕਤ ਰਾਏ ਨੂੰ ਛੱਡ ਦੇਣਾ ਚਾਹੁੰਦਾ ਸੀ ਪਰ ਮੁਫ਼ਤੀ ਨਾ ਮੰਨਿਆ ਅਤੇ ਇਸ ਝਗੜੇ ਨੂੰ ਲਾਹੌਰ ਦੇ ਕਾਜ਼ੀ ਕੋਲ ਭੇਜ ਦਿੱਤਾ। ਹਕੀਕਤ ਰਾਏ ਨੂੰ ਜਦੋਂ ਲਾਹੌਰ ਲਿਜਾਇਆ ਜਾ ਰਿਹਾ ਸੀ ਤਾਂ ਉਸ ਦੇ ਰਿਸ਼ਤੇਦਾਰ ਤੇ ਬਹੁਤ ਸਾਰੇ ਲੋਕ ਹਮਦਰਦੀ ਵਜੋਂ ਉਸਦੇ ਨਾਲ ਲਾਹੌਰ ਪੁੱਜੇ। ਜ਼ਕਰੀਆ ਖ਼ਾਂ ਵੀ ਇਸ ਝਗੜੇ ਵਿਚ ਹਕੀਕਤ ਰਾਏ ਨੂੰ ਮਾੜੀ ਮੋਟੀ ਸਜ਼ਾ ਦੇ

[1*] ਪ੍ਰਸਿੱਧ ਸਿੱਖ ਇਤਿਹਾਸਕਾਰ ਰਤਨ ਸਿੰਘ ਭੰਗੂ ਸ਼ਹੀਦ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਪੋਤਰਾ ਸੀ। ਦ ਐਨਸਾਈਕਲੋਪੀਡੀਆ ਆਵ ਸਿਖਇਜ਼ਮ, ਜਿਲਦ ਦੂਜੀ, ਪੰਨਾ 224



Sri Satguru Jagjit Singh Ji Elibrary NamdhariElibrary@gmail.com

ਕੇ ਛੱਡ ਦੇਣਾ ਚਾਹੁੰਦਾ ਸੀ ਪਰ ਮੁਖ ਕਾਜ਼ੀ ਨੇ ਪਹਿਲੀਂ ਸਜ਼ਾ ਨੂੰ ਹੀ ਕਾਇਮ ਰੱਖਿਆ। ਕੁਝ ਰਿਸ਼ਤੇਦਾਰਾਂ ਨੇ ਹਕੀਕਤ ਰਾਏ ਨੂੰ ਹੱਠ ਛੱਡ ਕੇ ਇਸਲਾਮ ਕਬੂਲ ਕਰਨ ਲਈ ਕਿਹਾ, ਪਰ ਉਹ ਆਪਣੇ ਧਰਮ ਈਮਾਨ ਉਤੇ ਪੱਕਾ ਰਿਹਾ। 29 ਜਨਵਰੀ 1742 ਨੂੰ ਬਸੰਤ ਪੰਚਮੀ ਵਾਲੇ ਦਿਨ ਉਸ ਨੂੰ ਪਹਿਲਾ ਥੰਮ ਨਾਲ ਬੰਨ੍ਹ ਕੇ ਬੈਂਤ ਮਾਰੇ ਗਏ ਅਤੇ ਫਿਰ ਉਸ ਦਾ ਸਿਰ ਧੜ ਤੋਂ ਜੁਦਾ ਕਰਕੇ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ।

ਡਾ. ਹਰੀ ਰਾਮ ਗੁਪਤਾ ਅਨੁਸਾਰ ਹਕੀਕਤ ਰਾਏ ਦੀ ਇਹ ਸ਼ਹੀਦੀ ਗਾਥਾ ਪੰਜਾਬ ਵਿਚ ਲੋਕ ਕਥਾ ਵਾਂਗ ਹੀ ਪ੍ਰਸਿੱਧ ਹੋਈ ਅਤੇ ਪਾਕਿਸਤਾਨ ਬਣਨ ਤੱਕ ਸ਼ਾਹ ਬਲਾਵਲ ਦੇ ਸਥਾਨ ਉੱਤੇ ਜਿੱਥੇ ਹਕੀਕਤ ਰਾਏ ਦੀ ਸਮਾਧ ਬਣਾਈ ਗਈ ਸੀ, ਹਰ ਸਾਲ ਬਸੰਤ ਪੰਚਮੀ ਵਾਲੇ ਦਿਨ ਉਸ ਦੀ ਯਾਦ ਵਿਚ ਵੱਡਾ ਮੇਲਾ ਲਗਦਾ ਰਿਹਾ ਸੀ। ਹਕੀਕਤ ਰਾਏ ਦੇ ਸਹੁਰਿਆਂ ਨੇ ਸਿੱਖਾਂ ਕੋਲ ਜਾ ਕੇ ਫਰਿਆਦ ਕੀਤੀ ਅਤੇ ਇਸ ਸ਼ਹੀਦੀ ਦਾ ਬਦਲਾ ਲੈਣ ਲਈ ਬੇਨਤੀ ਕੀਤੀ। ਸਿੰਘਾਂ ਨੇ ਸਿਆਲਕੋਟ ਉੱਤੇ ਹੱਲਾ ਬੋਲ ਕੇ ਉਥੇ ਦੇ ਕਾਜ਼ੀ ਤੇ ਮੁੱਲਾਂ ਜਿਹੜੇ ਹਕੀਕਤ ਰਾਏ ਨੂੰ ਫਤਵਾ ਦੇਣ ਵਿਚ ਸ਼ਾਮਲ ਸਨ, ਸਭ ਨੂੰ ਪਾਰ ਬੁਲਾ ਦਿੱਤਾ।

### ਭਾਈ ਤਾਰੂ ਸਿੰਘ ਦੀ ਸ਼ਹੀਦੀ

ਭਾਈ ਤਾਰੂ ਸਿੰਘ ਅੰਮ੍ਰਿਤਸਰ ਪਰਗਣੇ ਦੇ ਪੂਲਾ ਪਿੰਡ ਦਾ ਜਿਮੀਂਦਾਰ ਸੀ, ਜੋ ਹਾਲੀ ਕੁਆਰਾ ਹੀ ਸੀ। ਆਪਣੀ ਮਾਤਾ ਤੇ ਭੈਣ ਨਾਲ ਮਿਲ ਕੇ ਉਹ ਗੁਰੂ ਨਮਿਤ ਲੰਗਰ ਚਲਾਉਂਦਾ ਅਤੇ ਆਏ ਗਏ ਹਰ ਲੋੜਵੰਦ ਨੂੰ ਪ੍ਰਸ਼ਾਦਾ ਛਕਾਉਂਦਾ ਸੀ। ਉਹ ਰਾਤ-ਬਰਾਤੇ ਮੌਕਾ ਲੱਗਣ ਉੱਤੇ ਸਿੰਘਾਂ ਨੂੰ ਵੀ ਜਾ ਕੇ ਪ੍ਰਸ਼ਾਦੇ ਦੇ ਆਉਂਦਾ ਸੀ। ਜੰਡਿਆਲੇ ਦੇ ਆਕਲ ਦਾਸ ਮਹੰਤ ਜੋ ਹਰਿ ਭਗਤ ਅਖਵਾਉਂਦਾ ਸੀ, ਨੇ ਇਨਾਮ ਹਾਸਿਲ ਕਰਨ ਦੀ ਲਾਲਸਾ ਵਿਚ ਸੂਬੇ ਕੋਲ ਚੁਗਲੀ ਕਰਕੇ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ। ਜਦੋਂ ਸਰਕਾਰੀ ਫੌਜੀ ਦਸਤਾ ਭਾਈ ਤਾਰੂ ਸਿੰਘ ਨੂੰ ਗ੍ਰਿਫਤਾਰ ਕਰਕੇ ਲੈ ਕੇ ਜਾ ਰਿਹਾ ਸੀ ਤਾਂ ਰਾਹ ਵਿਚ ਭੜਾਣੇ ਦੇ ਲੋਕਾਂ ਨੇ ਉਸ ਨੂੰ ਸਿਪਾਹੀਆਂ ਕੋਲੋਂ ਛੁਡਾਉਣ ਲਈ ਬੇਨਤੀ ਕੀਤੀ ਪਰ ਭਾਈ ਤਾਰੂ ਸਿੰਘ ਨੇ ਨਾਂਹ ਕਰ ਦਿੱਤੀ ਤੇ ਕਿਹਾ - ਮੈਂ ਕੋਈ ਸਰਕਾਰ ਦਾ ਗੁਨਾਹ ਨਹੀਂ ਕੀਤਾ, ਮੈਨੂੰ ਸੂਬਾ ਕਿਉਂ ਸਜ਼ਾ ਦੇਵੇਗਾ। ਲਾਹੌਰ ਵਿਚ ਲੈ ਜਾ ਕੇ ਭਾਈ ਤਾਰੂ ਸਿੰਘ ਨੂੰ ਮੌਤ ਜਾਂ ਇਸਲਾਮ ਵਿਚੋਂ ਇਕ ਦੀ ਚੋਣ ਕਰਨ ਲਈ ਕਿਹਾ ਗਿਆ। ਸਿੰਘ ਨੇ ਆਪਣੇ ਧਰਮ ਖਾਤਰ ਸ਼ਹੀਦ ਹੋਣ ਨੂੰ ਹੀ ਪ੍ਰਵਾਨ ਕੀਤਾ। ਤਵਾਰੀਖ ਗੁਰੂ ਖਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ ਭਾਈ ਤਾਰੂ ਸਿੰਘ ਦੀਆਂ ਪਹਿਲਾਂ ਹੱਡੀਆਂ ਪਸਲੀਆਂ ਤੋੜੀਆਂ ਗਈਆਂ ਅਤੇ ਫਿਰ ਕੇਸ ਕੱਟਣ ਦਾ ਫਤਵਾ ਸੁਣਾਇਆ ਗਿਆ। ਨਾਈ ਜਦੋਂ ਕੇਸ ਕੱਟਣ



Sri Satguru Jagjit Singh Ji Elibrary NamdhariElibrary@gmail.com

ਵਿਚ ਅਸਫਲ ਰਿਹਾ ਤਾਂ ਮੋਚੀ ਕੋਲੋਂ ਉਸਦੀ ਖੋਪਰੀ ਉਤਰਵਾ ਦਿੱਤੀ ਗਈ। ਲਹੂ ਲੁਹਾਨ ਹੋਏ ਸਿੰਘ ਨੂੰ ਖਾਈ ਵਿਚ ਸੁਟਾ ਦਿੱਤਾ ਗਿਆ। ਖ਼ਫੀ ਖ਼ਾਂ ਅਨੁਸਾਰ ਜਦੋਂ ਨਵਾਬ ਤੀਜੇ ਦਿਨ ਉਥੋਂ ਲੰਘਿਆ ਤਾਂ ਭਾਈ ਤਾਰੂ ਸਿੰਘ ਨੂੰ ਜੀਉਂਦਾ ਵੇਖ ਕੇ ਕਹਿਣ ਲੱਗਾ, ਉਇ ਸਿੰਘਾਂ! ਤੂੰ ਹਾਲੀਂ ਮਰਿਆ ਨੀ? ਸਿੰਘ ਨੇ ਜਵਾਬ ਦਿੱਤਾ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਲੈ ਜਾਣ ਵਾਸਤੇ ਨਹੀਂ ਮਰਿਆ" 1*ਤਵਾਰੀਖ ਗੁਰੂ ਖਾਲਸਾ ਅਨੁਸਾਰ ਨਵਾਬ ਦਾ ਪੁੱਤਰ ਅਹੀਆ ਖ਼ਾਂ ਤਾਂ ਸ਼ਿਕਾਰ ਖੇਡਣ ਗਿਆ, ਘੋੜੇ ਦੀ ਰਕਾਬ ਵਿਚ ਉਸ ਦਾ ਪੈਰ ਫਸ ਗਿਆ ਤੇ ਉਹ ਘਸੀਟਦਾ ਹੋਇਆ ਮਰ ਗਿਆ। ਸੂਬਾ ਜ਼ਕਰੀਆ ਖ਼ਾਂ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ ਅਤੇ ਸੁਬੇਗ ਸਿੰਘ ਜੋ ਪਹਿਲਾਂ ਵੀ ਸਿੰਘਾਂ ਨੂੰ ਨਵਾਬੀ ਦੇਣ ਸਮੇਂ ਸਰਕਾਰੀ ਪ੍ਰਤੀਨਿਧ ਮੰਡਲ ਵਿਚ ਗਿਆ ਸੀ, ਨੂੰ ਸਿੰਘਾਂ ਕੋਲ ਭੇਜ ਕੇ 5000 ਦੀ ਭੇਟਾਂ ਕਰਕੇ ਬੇਨਤੀ ਕੀਤੀ ਗਈ ਕਿ ਨਵਾਬ ਨੂੰ ਪੀੜ ਤੋਂ ਛੁਟਕਾਰਾ ਮਿਲੇ। ਸਿੰਘਾਂ ਨੇ ਕਿਹਾ ਕਿ ਭਾਈ ਤਾਰੂ ਸਿੰਘ ਦੀ ਜੁੱਤੀ ਲੈ ਕੇ ਸੂਬੇ ਦੇ ਸਿਰ ਵਿਚ ਸੱਤ ਛਿੱਤਰ ਮਾਰੇ ਜਾਣ। ਅਜਿਹਾ ਕਰਨ ਨਾਲ ਸੂਬੇ ਦਾ ਬੰਨ੍ਹ ਤਾਂ ਟੁੱਟ ਗਿਆ ਅਤੇ ਪੀੜ ਹੱਟ ਗਈ ਪਰ ਉਹ ਮੌਤ ਤੋਂ ਨਾ ਬਚ ਸਕਿਆ। ਭਾਈ ਤਾਰੂ ਸਿੰਘ 24 ਦਿਨ ਜੀਉਂਦਾ ਰਹਿਣ ਪਿਛੋਂ ਜਦੋਂ ਉਸ ਨੂੰ ਖ਼ਬਰ ਮਿਲੀ ਕਿ ਸੂਬਾ ਜ਼ਕਰੀਆ ਖਾਂ ਇਕ ਜੁਲਾਈ 1745 ਨੂੰ ਫੌਤ ਹੋ ਗਿਆ ਹੈ ਤਾਂ ਭਾਈ ਤਾਰੂ ਸਿੰਘ ਵੀ 'ਜਪੁਜੀ ਸਾਹਿਬ' ਦਾ ਪਾਠ ਕਰਦਾ ਹੋਇਆ ਆਪਣੇ ਪ੍ਰਾਣ ਤਿਆਗ ਕੇ ਗੁਰਪੁਰੀ ਸਿਧਾਰ ਗਿਆ।

ਸੂਬੇਦਾਰ ਜ਼ਕਰੀਆ ਖ਼ਾਂ ਦੇ ਰਾਜਕਾਲ ਵਿਚ ਸੁਬੇਗ ਸਿੰਘ ਜੋ ਲਾਹੌਰ ਦੇ ਜੰਬਾਰ ਪਿੰਡ ਦਾ ਵਾਸੀ ਸੀ ਅਤੇ ਫ਼ਾਰਸ਼ੀ ਦਾ ਚੰਗਾ ਵਿਦਵਾਨ ਸੀ। ਜ਼ਮੀਨ ਠੇਕੇ ਤੇ ਲੈ ਕੇ ਚੰਗਾ ਨਾਮਣਾ ਖੱਟ ਰਿਹਾ ਸੀ। ਉਹ ਸਰਕਾਰੇ ਦਰਬਾਰੇ ਦੁਭਾਸ਼ੀਏ ਦਾ ਕੰਮ ਵੀ ਕਰਦਾ ਸੀ। ਸੂਝਵਾਨ ਹੋਣ ਵਾਲਾ ਜਾਣ ਕੇ ਜ਼ਕਰੀਆ ਖ਼ਾਂ ਨੇ ਜਦੋਂ 1733 ਵਿਚ ਸਿੰਘਾਂ ਨੂੰ ਜਾਗੀਰ ਅਤੇ ਨਵਾਬੀ ਦੇਣ ਦਾ ਫ਼ੈਸਲਾ ਕੀਤਾ ਤਾਂ ਸੁਬੇਗ ਸਿੰਘ ਨੂੰ ਆਪਣਾ ਨੁਮਾਇੰਦਾ ਬਣਾ ਕੇ ਭੇਜਿਆ ਸੀ। ਸੁਬੇਗ ਸਿੰਘ ਸਰਕਾਰੀ ਅਹਿਲਕਾਰ ਬਣਾਇਆ ਗਿਆ। ਗਿਆਨੀ ਗਿਆਨ ਸਿੰਘ ਅਨੁਸਾਰ ਉਹ ਕੋਤਵਾਲ ਸੀ ਜਿਸ ਨੇ ਬਹੁਤ ਸਾਰੀਆਂ ਸਹੂਲਤਾਂ ਜਨਤਾ ਨੂੰ ਦਿੱਤੀਆਂ ਅਤੇ ਕਈ ਸਜ਼ਾਵਾਂ ਬੰਦ ਕਰ ਦਿੱਤੀਆਂ। ਪੋਥੀ ਪੁਰਾਣ ਪੜ੍ਹਨ ਦੀ ਖੁੱਲ੍ਹ ਦੇ ਦਿੱਤੀ ਅਤੇ ਸਿੰਘਾਂ ਦੇ ਸਿਰ ਜੋ ਦੀਵਾਰਾਂ ਉੱਤੇ ਰੱਖੇ ਜਾਂਦੇ ਸਨ ਜਾਂ ਖੂਹਾਂ ਵਿਚ ਸੁੱਟੇ ਜਾਂਦੇ ਸਨ, ਉਹ ਵੀ ਬੰਦ ਕਰਵਾ ਦਿੱਤੇ ਪਰ ਕੁਝ ਇਤਿਹਾਸਕਾਰ ਉਸ ਨੂੰ ਦੀਵਾਨੀ ਦੀ ਕਿਸੇ ਆਸਾਮੀ ਉੱਤੇ ਲਗਾਇਆ ਗਿਆ ਦਸਦੇ ਹਨ। ਜ਼ਕਰੀਆ ਖ਼ਾਂ ਦੀ ਮੌਤ ਪਿਛੋਂ ਸੁਬੇਗ ਸਿੰਘ

1* ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 143



Sri Satguru Jagjit Singh Ji Elibrary NamdhariElibrary@gmail.com

ਤੇ ਉਸ ਦੇ ਪੁਤਰ ਸ਼ਾਹਬਾਜ਼ ਸਿੰਘ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸ਼ਾਹਬਾਜ਼ ਸਿੰਘ ਜੋ 20 ਸਾਲਾਂ ਦਾ ਨੌਜਵਾਨ ਸੀ। ਆਪਣੇ ਬਾਪ ਵਾਂਗੂ ਬੜਾ ਹੁਸ਼ਿਆਰ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਤੋਂ ਚੰਗਾ ਜਾਣੂ ਸੀ। ਉਸ ਦਾ ਆਪਣੇ ਮੌਲਵੀ ਨਾਲ ਧਾਰਮਿਕ ਮਸਲੇ ਤੋਂ ਤਕਰਾਰ ਹੋ ਗਿਆ। ਮੌਲਵੀ ਜਦੋਂ ਚਰਚਾ ਵਿਚ ਨਿਰਉੱਤਰ ਹੋ ਗਿਆ ਤਾਂ ਉਸ ਨੇ ਖਿਝ ਕੇ ਕਾਜ਼ੀ ਕੋਲ ਸ਼ਿਕਾਇਤ ਕਰ ਦਿੱਤੀ। ਕਾਜ਼ੀ ਨੇ ਉਸ ਉੱਤੇ ਦੋ ਦੋਸ਼ ਲਾਏ। ਇਕ ਸ਼ਰ੍ਹਾ ਦਾ ਅਪਮਾਨ ਤੇ ਦੂਜਾ ਹਾਕਮ ਅੱਗੇ ਫਤੇਹ ਬਲਾਉਣ ਦਾ ਦੋਸ਼। ਕਾਜ਼ੀ ਨੇ ਉਸ ਨੂੰ ਮੌਤ ਜਾਂ ਇਸਲਾਮ ਪ੍ਰਵਾਨ ਕਰਨ ਦੀ ਸਜ਼ਾ ਦੇ ਦਿੱਤੀ। ਸੁਬੇਗ ਸਿੰਘ ਨੂੰ ਪਹਿਲਾਂ ਹੀ ਝੂਠੀਆਂ ਸ਼ਿਕਾਇਤਾਂ ਦੇ ਆਧਾਰ ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਦੋਹਾਂ ਪਿਉ-ਪੁੱਤਰ ਉਤੇ ਇਕੋ ਫਤਵਾ ਇਸਲਾਮ ਜਾਂ ਮੌਤ ਸਾਦਰ ਕੀਤਾ ਗਿਆ। ਕਈ ਲੋਕਾਂ ਨੇ ਸ਼ਾਹਬਾਜ਼ ਸਿੰਘ ਉੱਤੇ ਇਸਲਾਮ ਕਬੂਲ ਕਰਨ ਲਈ ਜ਼ੋਰ ਪਾਇਆ ਤਾਂ ਉਹ ਨਾ ਮੰਨਿਆ। ਫਿਰ ਬਾਪ ਨੂੰ ਉਸ ਦੇ ਕੋਲ ਲਿਆਂਦਾ ਗਿਆ ਕਿ ਉਹ ਪੁੱਤਰ ਨੂੰ ਇਸਲਾਮ ਕਬੂਲ ਕਰਨ ਲਈ ਮਨਵਾਂਦੇ ਅਤੇ ਆਪ ਵੀ ਉਹ ਇੰਝ ਕਰੇ। ਪੜ੍ਹੇ ਲਿਖੇ ਹੋਣ ਕਾਰਨ ਉਹ ਆਪਣੀਆਂ ਜਾਨਾਂ ਭੰਗ ਦੇ ਭਾੜੇ ਨਾ ਗਵਾਉਣ। ਪਰ ਦੋਹਾਂ ਸਿਦਕੀ ਸਿੱਖਾਂ ਨੇ ਇਸਲਾਮ ਕਬੂਲ ਕਰਨ ਤੋਂ ਸ਼ਹੀਦੀ ਪਾਉਣਾ ਹੀ ਚੰਗਾ ਸਮਝਿਆ। ਦੋਹਾਂ ਨੂੰ ਪਹਿਲਾਂ ਚਰਖ਼ੀ ਉੱਤੇ ਚੜ੍ਹਾਇਆ ਗਿਆ। ਫਿਰ ਦਰਖ਼ਤਾਂ ਨਾਲ ਪੁੱਠਾ ਲਟਕਾ ਕੇ ਨੰਗਾ ਕਰਕੇ ਕੋਰੜੇ ਮਰਵਾਏ ਗਏ। ਫਿਰ ਜਮੂਰ ਗਰਮ ਕਰਕੇ ਉਨ੍ਹਾਂ ਦੇ ਪਿੰਡੇ ਨੂੰ ਨੋਚਿਆ ਗਿਆ ਅਤੇ ਫਿਰ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ ਗਿਆ। ਦੋਹਾਂ ਨੇ ਸੀ ਨਹੀਂ ਸੀ ਉਚਾਰੀ ਅਤੇ ਅਕਾਲ ਅਕਾਲ ਤੇ ਸਤਿਨਾਮ ਸਤਿਨਾਮ ਜਪਦੇ ਸ਼ਹੀਦੀਆਂ ਪਾ ਗਏ। ਇਹ ਸ਼ਹੀਦੀ ਸਾਕਾ 1746 ਵਿਚ ਹੋਇਆ।

[1*]ਤਵਾਰੀਖ ਗੁਰੂ ਖਾਲਸਾ ਦੇ ਕਰਤਾ ਅਨੁਸਾਰ ਜ਼ਕਰੀਆ ਖ਼ਾਂ ਦੇ ਸਮੇਂ ਜਿਹੜੇ ਨਿਰਦੋਸ਼ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਵਿਚੋਂ ਕੁਝ ਇਕ ਦੇ ਨਾਂ ਹੇਠ ਲਿਖੇ ਹਨ :

"ਬੁਲਾਕਾ ਸਿੰਘ ਪਿੰਡ ਕੰਗ ਪਰਗਨਾ ਤਰਨਤਾਰਨ, ਰੂਪ ਸਿੰਘ ਤਰਖਾਣ ਖੁੱਡੀਆਂ, ਹੀਰਾ ਸਿੰਘ ਜਿਮੀਂਦਾਰ, ਰੰਘੜ ਨੰਗਲ, ਬਾਘੜ ਸਿੰਘ ਰਾਜਪੂਤ, ਬਾਸਰਕਾ, ਸੂਰਾ ਸਿੰਘ ਕਲਾਲ, ਸਦਨ ਸਿੰਘ ਮਜ਼ਹਬੀ, ਪਹਾੜਾ ਸਿੰਘ ਸੈਦਪੁਰੀਆ, ਤੇਗਾ ਸਿੰਘ ਮਤਾਬਕੋਟ, ਕਰਤਾ ਸਿੰਘ, ਵਜੀਰ ਸਿੰਘ ਮਜੀਠਾ, ਬਹਾਦਰ ਸਿੰਘ, ਤਕੜਾ ਸਿੰਘ ਰੰਧਾਵਾ ਦਾ ਆਦਿ।"

ਜਿਸ 10 ਪ੍ਰਕਾਰ ਦੇ ਤਸੀਹੇ ਦੇ ਕੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ ਗਿਆਨੀ ਗਿਆਨ ਸਿੰਘ ਨੇ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਹੈ :

[1*] ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 145



Sri Satguru Jagjit Singh Ji Elibrary NamdhariElibrary@gmail.com

1. ਚਰਖੀ : (ਜਿਸ ਉਪਰ ਬੰਨ੍ਹਕੇ ਭਵਾਉਂਦੇ ਤੇ ਆਦਮੀ ਦੀ ਹੱਡੀ ਹੱਡੀ ਤੋੜ ਮਰੋੜ ਸਿਟਦੇ।
2. ਸੂਲੀ : (ਇਕ ਪਟੜੇ ਉੱਤੇ ਲੰਬਾ ਪਾ ਕੇ ਸਾਰੇ ਅੰਗਾਂ ਵਿਚ ਕਿੱਲ ਠੋਕ ਦਿੰਦੇ।
3. ਸੰਗੇਸਾਰ : (ਦਰਖ਼ਤ ਨਾਲ ਲਟਕਾ ਕੇ ਇੱਟਾਂ ਵੱਟਿਆਂ ਨਾਲ ਮਾਰਣਾ)
4. ਤਸਮੇ ਕਸੀ : (ਚੰਮ ਦੇ ਵੱਧਰ ਬਗਲਾਂ ਹੇਠ ਪਾ ਕੇ ਮਧਾਣੀ ਵਾਂਗੂ ਰਿੜਕ, ਛਾਤੀ ਚੂਰ ਕਰਕੇ ਮਾਰਣਾ)
5. ਜੰਬੂਰਾਂ ਨਾਲ ਥੋੜਾ ਥੋੜਾ ਮਾਸ ਤੋੜਕੇ ਮਾਰਨਾ।
6. ਮੁੰਗਲੀਆਂ ਨਾਲ ਕੁੱਟ ਕੁੱਟ ਕੇ ਮਾਰਣਾ
7. ਧਰਤੀ ਵਿਚ ਲੱਕ ਤਾਈਂ ਗੱਡ ਕੇ (ਥੋਥੇ) ਤੀਰਾਂ ਦਾ ਨਿਸ਼ਾਨ ਕਰਕੇ ਮਾਰਣਾ
8. ਕੁਤਿਆਂ ਤੋਂ ਤੁੜਵਾ ਦੇਣਾ
9. ਗਲ ਵਿਚ ਫਾਹਾ ਦੇਣਾ
10. ਤੱਤਾ ਤੇਲ ਪਾ ਕੇ ਮਾਰਣਾ।

1 ਜੁਲਾਈ 1745 ਨੂੰ ਸੂਬਾ ਜ਼ਕਰੀਆਂ ਖ਼ਾਂ ਦੀ ਮੌਤ ਪਿਛੋਂ ਦਿੱਲੀ ਦੇ ਵਜ਼ੀਰ ਕਮਰ ਓਦ-ਦੀਨ ਖ਼ਾਂ ਨੇ ਜ਼ਕਰੀਆਂ ਖ਼ਾਂ ਦੇ ਸਕੇ ਭਾਈ ਅਬਦੁੱਲਾ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ। ਉਸਨੇ ਸਿੱਖਾਂ ਤੇ ਹਿੰਦੂਆਂ ਦੋਹਾਂ ਤੋਂ ਧਨ-ਦੌਲਤ ਖ਼ੂਬ ਲੁੱਟਿਆ। ਉਹ ਬੜਾ ਲਾਲਚੀ ਹੁਕਮਰਾਨ ਸੀ। ਉਸ ਦੀ ਹਕੂਮਤ ਦੀ ਦਮਨਕਾਰੀ ਨੀਤੀ ਬਾਰੇ ਪੰਜਾਬ ਦੇ ਲੋਕਾਂ ਵਿਚ ਇਹ ਅਖਾਣ ਪ੍ਰਸਿੱਧ ਹੋ ਗਿਆ :

ਹਕੂਮਤ ਨਵਾਬ ਅਬਦੁੱਲਾ
ਨਾ ਚੱਕੀ ਰਹੀ ਨਾ ਚੁੱਲ੍ਹਾ

ਫਿਰ ਵਜ਼ੀਰ ਕਮਰ-ਉਦ-ਦੀਨ ਨੇ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਜ਼ਕਰੀਆ ਖ਼ਾਂ ਦੇ ਪੁੱਤਰ ਯਹੀਆ ਖ਼ਾਂ ਨੂੰ ਲਾਹੌਰ ਅਤੇ ਸ਼ਾਹਨਵਾਜ ਖ਼ਾਂ ਨੂੰ ਮੁਲਤਾਨ ਦੇ ਗਵਰਨਰ ਬਣਾਉਣ ਦੀ ਸਿਫਾਰਸ਼ ਕੀਤੀ। ਮੁਹੰਮਦ ਸ਼ਾਹ ਦਿਲੋਂ ਪੰਜਾਬ ਨੂੰ ਤੁਰਾਨੀ ਧੜੇ ਨੂੰ ਸੌਂਪਣਾ ਨਹੀਂ ਸੀ ਚਾਹੁੰਦਾ ਪਰ ਵਜ਼ੀਰ ਕਮਰ-ਉਦ-ਦੀਨ ਨੇ ਗੁਪਤ ਢੰਗ ਨਾਲ ਯਾਹੀਆ ਖ਼ਾਂ ਨੂੰ ਲਾਹੌਰ ਭੇਜ ਕੇ ਉਥੋਂ ਦੇ ਗਵਰਨਰ ਦਾ ਕਾਰਜ ਸੰਭਾਲ ਦਿੱਤਾ। ਇਸ ਪਿਛੋਂ ਸ਼ਾਹਨਵਾਜ਼ ਖ਼ਾਂ ਵੀ ਲਾਹੌਰ ਪਹੁੰਚ ਗਿਆ ਅਤੇ ਉਸਨੇ ਆਪਣੇ ਪਿਤਾ ਦੀ ਜਾਇਦਾਦ ਵਿਚੋਂ ਪੂਰਾ ਹਿੱਸਾ ਮੰਗਿਆ। ਇਸ ਉੱਤੇ ਦੋਹਾਂ ਦਾ ਝਗੜਾ ਹੋ ਗਿਆ ਤੇ ਇਨ੍ਹਾਂ ਵਿਚ ਕਿਸੇ ਸਮਝੌਤੇ ਉੱਤੇ ਪਹੁੰਚਣ ਲਈ ਕਾਫੀ ਦੇਰ ਹੋ ਗਈ। ਅਖ਼ੀਰ ਸ਼ਾਹ ਨਵਾਜ਼ ਨੂੰ ਜਲੰਧਰ ਦੁਆਬ ਭੇਜ ਦਿੱਤਾ ਗਿਆ ਅਤੇ ਬਾਦਸ਼ਾਹ ਮੁਹੰਮਦ ਸ਼ਾਹ ਵਲੋਂ ਯਾਹੀਆ ਖ਼ਾਂ ਨੂੰ 3 ਜਨਵਰੀ



Sri Satguru Jagjit Singh Ji Elibrary NamdhariElibrary@gmail.com

1746 ਨੂੰ ਪੱਕੇ ਤੌਰ ਤੇ ਲਾਹੌਰ ਦਾ ਗਵਰਨਰ ਥਾਪ ਦਿੱਤਾ ਗਿਆ।

ਮੁਗਲ ਹਾਕਮਾਂ ਦੀ ਇਸ ਪਾਟੋ-ਧਾੜ ਨੂੰ ਵੇਖ ਕੇ ਜਨਤਾ ਚੱਕੀ ਦੇ ਦੋਹਾਂ ਪੁੜਾਂ ਵਿਚ ਪੀਸੀ ਜਾ ਰਹੀ ਸੀ। ਫੌਜੀ ਦਸਤੇ ਸਿੰਘਾਂ ਦੀ ਭਾਲ ਵਿਚ ਲੁੱਟਮਾਰ ਮਚਾ ਰਹੇ ਸਨ ਅਤੇ ਸਰਕਾਰੀ ਮੁਨਸ਼ੀ-ਮਸੱਦੀ ਸਿਵਲ ਅਧਿਕਾਰੀ ਵੀ ਲੋਕਾਂ ਨੂੰ ਲੁੱਟ ਰਹੇ ਸਨ। ਅਜਿਹਾ ਸੁਨਹਿਰੀ ਮੌਕਾ ਸਿੱਖਾਂ ਨੂੰ ਬੜਾ ਰਾਸ ਆਇਆ, ਉਨ੍ਹਾਂ ਨੇ ਮੁੜ ਛੋਟੇ ਛੋਟੇ ਜੱਥੇ ਬਣਾ ਕੇ ਪਿੰਡਾਂ ਤੇ ਸ਼ਹਿਰਾਂ ਵਿਚ ਲੁੱਟ-ਮਾਰ ਕਰਨੀ ਸ਼ੁਰੂ ਕਰ ਦਿੱਤੀ। ਲੋਕ ਉਨ੍ਹਾਂ ਨੂੰ ਧਾੜਵੀ ਕਹਿੰਦੇ ਸਨ। ਥੋੜੇ ਚਿਰ ਵਿਚ ਹੀ ਇਹ ਧਾੜਵੀ ਜਥੇ ਪੱਕੇ ਦਲਾਂ ਵਿਚ ਜੱਥੇਬੰਦ ਹੋ ਗਏ। ਉਨ੍ਹਾਂ ਨੇ ਆਪਣੇ ਡੇਰੇ ਕਾਇਮ ਕਰ ਲਏ। ਲੁੱਟ-ਮਾਰ ਦਾ ਜਿਹੜਾ ਮਾਲ-ਹੱਥ ਆਇਆ, [1*]ਉਨ੍ਹਾਂ ਨੇ ਉਸ ਦੇ ਘੋੜੇ ਅਤੇ ਸ਼ਸਤਰ ਖਰੀਦ ਲਏ ਅਤੇ 25-25 ਦੀ ਨਫਰੀ ਦੇ ਕਈ ਜੱਥੇ ਬਣਾ ਲਏ। ਨੌਜਵਾਨ ਜੋ ਮੁਗਲਾਂ ਦੀ ਗੁਲਾਮੀ ਤੋਂ ਅੱਕ ਚੁੱਕੇ ਸਨ, ਉਹ ਵੱਡੀ ਗਿਣਤੀ ਵਿਚ ਇਨ੍ਹਾਂ ਜਥਿਆਂ ਵਿਚ ਸ਼ਾਮਲ ਹੋ ਗਏ। ਇਨ੍ਹਾਂ ਨੇ ਵੱਡੀ ਉਮਰ ਦੇ ਸਿੱਖ ਸਰਦਾਰਾਂ ਨੂੰ ਜਿਨ੍ਹਾਂ ਨੂੰ ਮੁਗਲਾਂ ਨਾਲ ਲੜਾਈਆਂ ਤੇ ਟਾਕਰਾ ਕਰਨ ਦਾ ਕਾਫੀ ਤਜ਼ਰਬਾ ਸੀ, ਨੂੰ ਵੀ ਆਪਣੇ ਨਾਲ ਰਲਾ ਲਿਆ। 1746 ਈ ਨੂੰ ਅੰਮ੍ਰਿਤਸਰ ਦੀਵਾਲੀ ਦੇ ਮੌਕੇ ਤੇ ਸਿੰਘਾਂ ਦਾ ਬੜਾ ਭਾਰੀ ਇਕੱਠ ਹੋਇਆ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਇਕ ਨਵੇਂ ਸਿੱਖ ਭਾਈਚਾਰੇ 'ਦਲ ਖਾਲਸਾ' ਦੇ ਰੂਪ ਵਿਚ ਸੰਗਠਿਤ ਕਰ ਲਿਆ। ਇਸ ਸਮੇਂ ਬਾਰੇ ਲਾਹੌਰ ਦੇ ਆਨੰਦ ਰਾਮ ਦੀ ਗਵਾਹੀ ਬੜੀ ਮਹੱਤਵਪੂਰਨ ਹੈ। ਉਹ ਲਿਖਦਾ ਹੈ - ਲਾ ਕਾਨੂੰਨੀ ਤੇ ਲੁੱਟ-ਮਾਰ ਦੀ ਇਸ ਯੁੱਗ ਗਰਦੀ ਵਿਚ ਦਲੇਰ ਸਿੱਖ ਆਗੂ ਆਪਣੇ ਘਰਾਂ ਤੋਂ ਬਾਹਰ ਨਿਕਲ ਆਏ। ਉਨ੍ਹਾਂ ਨੇ ਸ਼ਹਿਰ ਤੇ ਪਿੰਡਾਂ ਵਿਚ ਲੁਟ-ਮਾਰ ਮਚਾ ਦਿੱਤੀ। ਆਨੰਦ ਰਾਮ ਅਨੁਸਾਰ ਜ਼ਕਰੀਆ ਖ਼ਾਂ ਦੀ ਮੌਤ ਤੋਂ ਇਕ ਸਾਲ, ਇਕ ਮਹੀਨਾ ਅਤੇ 23 ਦਿਨਾਂ ਪਿਛੋਂ, 23 ਅਗਸਤ 1746 ਤਕ ਵੀ ਅਜਿਹੀ ਗੜਬੜੀ ਦੀ ਹਾਲਤ ਉਸੇ ਤਰ੍ਹਾਂ ਹੀ ਚਲ ਰਹੀ ਸੀ।

ਸਿੱਖਾਂ ਲਈ ਇਹ ਇਕ ਚੰਗਾ ਮੌਕਾ ਸੀ, ਜਦੋਂ ਉਹ ਆਪਣੇ ਆਪ ਨੂੰ ਮੁੜ ਜਥੇਬੰਦ ਕਰਕੇ ਸਿੱਖ ਭਾਈਚਾਰੇ ਨੂੰ ਬਲਵਾਨ ਬਣਾ ਕੇ ਜ਼ਾਲਮ ਤੇ ਸ਼ੋਸ਼ਣਕਾਰੀ ਹਕੂਮਤ ਨਾਲ ਦੋ ਹੱਥ ਕਰਕੇ ਆਪਣੇ ਘਰਾਂ ਤੇ ਸ੍ਵੈ-ਮਾਨ ਨੂੰ ਬਚਾ ਸਕਦੇ ਸਨ ਅਤੇ ਮੁਗਲ ਹਕੂਮਤ ਦੇ ਸਿਕੰਜੇ ਤੋਂ ਮੁਕਤੀ ਪ੍ਰਾਪਤ ਕਰਨ ਲਈ ਨਵੇਂ ਸਿਰਿਉਂ ਸੁਤੰਤਰਤਾ ਸੰਗਰਾਮ ਮੌੜ ਸਕਦੇ ਸਨ।

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਵ ਦ ਸਿੱਖਸ, ਜਿਲਦ ਦੂਜੀ, ਪੰਨਾ 71



Sri Satguru Jagjit Singh Ji Elibrary NamdhariElibrary@gmail.com

# 10

# ਸਿੰਘਾਂ ਵਲੋਂ ਸੁਤੰਤਰਤਾ ਸੰਗਰਾਮ ਦਾ ਨਵਾਂ ਯੁੱਗ (1746-1765)

**ਦਲ ਖਾਲਸੇ ਦਾ ਕਾਇਮ ਹੋਣਾ**

14 ਅਕਤੂਬਰ, 1745 ਨੂੰ ਸਿੱਖ ਅੰਮ੍ਰਿਤਸਰ ਵਿਖੇ ਦੀਵਾਲੀ ਦੇ ਮੌਕੇ ਇਕੱਠੇ ਹੋਏ। ਇੱਥੇ 25 ਜਥੇ ਤਿਆਰ ਹੋਏ। ਹਰ ਜਥੇ ਵਿਚ 100-100 ਦੀ ਨਫ਼ਰੀ ਸੀ। ਇਕ ਨਵਾਂ ਭਾਈਚਾਰਾ ਹੋਂਦ ਵਿਚ ਆਇਆ, ਜਿਸ ਵਿਚ ਸਭ ਬਰਾਬਰ ਸਨ। ਇਨ੍ਹਾਂ ਨੇ ਛਾਪੇ-ਮਾਰ ਯੁੱਧ ਨੀਤੀ ਨੂੰ ਅਪਨਾਇਆ, ਕਿਉਂਜੋ ਮੁਗਲ ਸੈਨਾ ਨਾਲ ਸਿੱਧੀ ਟੱਕਰ ਲੈਣੀ ਹਾਲੀ ਖਤਰੇ ਤੋਂ ਖਾਲੀ ਨਹੀਂ ਸੀ। ਇਨ੍ਹਾਂ ਜਥਿਆਂ ਨੇ ਹੀ ਸਮਾਂ ਪਾ ਕੇ ਦਲ ਖਾਲਸਾ ਦਾ ਰੂਪ ਧਾਰਨ ਕਰ ਲਿਆ।

ਸਿੰਘਾਂ ਨੇ ਹੁਣ ਪਿੰਡਾਂ ਦੇ ਉਨ੍ਹਾਂ ਚੌਧਰੀਆਂ ਨੂੰ ਪਾਰ ਬੁਲਾਇਆ, ਜਿਨ੍ਹਾਂ ਨੇ ਉਨ੍ਹਾਂ ਦੇ ਖਿਲਾਫ ਸਰਕਾਰ ਨੂੰ ਸੂਚਨਾਵਾਂ ਦਿੱਤੀਆਂ ਸਨ। ਨੌਸ਼ਹਿਰਾ, ਮਜੀਠਾ ਤੇ ਹੋਰ ਥਾਵਾਂ ਤੇ ਇਹ ਕਾਰਵਾਈ ਕੀਤੀ ਗਈ। ਸਿੱਖਾਂ ਨੇ ਬਟਾਲਾ, ਜਲੰਧਰ, ਤਲਵਨ, ਬੀਜਵਾੜਾ, ਢਾਗ, ਮੰਜਕੀ ਅਤੇ ਫਗਵਾੜਾ ਤੇ ਹੱਲੇ ਬੋਲੇ। ਇਸੇ ਤਰ੍ਹਾਂ ਸਰਦੀਆਂ ਵਿਚ ਲਾਹੌਰ ਦੇ ਮੋਚੀ ਦਰਵਾਜ਼ੇ ਉੱਤੇ ਹੱਲਾ ਬੋਲ ਕੇ ਇਸ ਦਲ ਦੇ ਕੁਝ ਜਵਾਨਾਂ ਨੇ ਉਨ੍ਹਾਂ ਕਾਜ਼ੀਆਂ ਤੇ ਮੁਫਤੀਆਂ ਨੂੰ ਕਤਲ ਕਰ ਦਿੱਤਾ ਜੋ ਸਿੰਘਾਂ ਉੱਤੇ ਫਤਵੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕਰਵਾਉਂਦੇ ਰਹੇ ਸਨ। ਜ਼ਕਰੀਆ ਖ਼ਾਂ ਦੀ ਮੌਤ (1 ਜੁਲਾਈ 1745) ਪਿਛੋਂ ਉਸ ਦੇ ਉੱਤਰਾਧਿਕਾਰੀਆਂ ਨਵਾਬ ਅਬਦੁੱਲਾ ਦੇ ਸੰਖੇਪ ਰਾਜ ਕਾਜ ਪਿਛੋਂ ਜ਼ਕਰੀਆ ਖ਼ਾਂ ਦੇ ਪੁੱਤਰਾਂ ਯਾਹੀਆ ਖ਼ਾਂ ਅਤੇ ਸ਼ਾਹਨਵਾਜ ਦੇ ਪਰਸਪਰ ਵਿਰੋਧ ਅਤੇ ਝਗੜੇ ਕਾਰਨ ਸਿੰਘਾਂ ਨੂੰ ਆਪਣੇ ਆਪ ਨੂੰ ਨਵੇਂ ਸਿਰਿਉਂ ਜਥੇਬੰਦ ਕਰਨ ਦਾ ਮੌਕਾ ਮਿਲ ਗਿਆ। ਬਾਰੀ ਦੋਆਬ ਅਤੇ ਰਚਨਾ ਦੋਆਬ ਵਿਚ ਉਨ੍ਹਾਂ ਦੀਆਂ ਕਾਰਵਾਈਆਂ ਵਿਚ ਤੇਜ਼ੀ ਆ ਗਈ।



Sri Satguru Jagjit Singh Ji Elibrary NamdhariElibrary@gmail.com

**ਜਸਪਤ ਰਾਏ ਦਾ ਕਤਲ**

1746 ਵਿਚ ਸਿੰਘਾਂ ਨੇ ਪਿੰਡ ਗੋਂਦਲਾਂ ਵਾਲੇ ਉੱਤੇ ਹੱਲਾ ਬੋਲ ਕੇ ਉਨ੍ਹਾਂ ਦਾ ਮਾਲ-ਡੰਗਰ ਤੇ ਭੇਡ਼ ਬੱਕਰੀਆਂ ਕਬਜ਼ੇ ਵਿਚ ਕਰ ਲਈਆਂ। ਪਿੰਡ ਵਾਸੀਆਂ ਨੇ ਐਮਨਾਬਾਦ ਦੇ ਦੀਵਾਨ ਜਸਪਤ ਰਾਏ ਕੋਲ ਸ਼ਿਕਾਇਤ ਕੀਤੀ ਜੋ ਉਸ ਸਮੇਂ ਖੋਖਰਾਂ ਪਿੰਡ ਵਿਚ ਡੇਰਾ ਲਾਈ ਬੈਠਾ ਸੀ। ਦੀਵਾਨ ਜਸਪਤ ਰਾਏ ਨੇ ਸਿੰਘਾਂ ਨੂੰ ਗੋਂਦਲਾਂ ਵਾਲੇ ਦਾ ਮਾਲ ਵਾਪਸ ਕਰਨ ਲਈ ਹੁਕਮ ਭੇਜਿਆ ਪਰ ਸਿੰਘਾਂ ਦੇ ਅਜਿਹਾ ਨਾ ਕਰਨ ਉੱਤੇ ਉਸ ਨੇ ਸੈਨਾ ਸਮੇਤ ਸਿੰਘਾਂ ਉੱਤੇ ਚੜ੍ਹਾਈ ਕਰ ਦਿੱਤੀ। ਦੀਵਾਨ ਜਸਪਤ ਰਾਏ ਹਾਥੀ ਉੱਤੇ ਸਵਾਰ ਸੀ। ਨਿਬਾਹੂ ਸਿੰਘ ਨਾਮੀ ਸਿੰਘ ਨੇ ਹਾਥੀ ਦੀ ਪੂਛ ਪਕੜ ਕੇ ਬੜੀ ਫੁਰਤੀ ਨਾਲ ਜਸਪਤ ਰਾਏ ਦਾ ਸਿਰ ਵੱਢ ਦਿੱਤਾ। ਉਸ ਦੀ ਫ਼ੌਜ ਵਿਚ ਭਗਦੜ ਮਚ ਗਈ। ਇਹ ਘਟਨਾ ਮਾਰਚ 1746 ਦੀ ਹੈ। ਸਿੰਘਾਂ ਨੇ ਐਮਨਾਬਾਦ ਸ਼ਹਿਰ ਦੀ ਖ਼ੂਬ ਲੁੱਟ-ਮਾਰ ਕੀਤੀ ਅਤੇ ਬਹੁਤ ਸਾਰਾ ਮਾਲ-ਧਨ ਕਬਜ਼ੇ ਵਿਚ ਲੈ ਲਿਆ।

**ਦੀਵਾਨ ਲਖਪਤ ਰਾਏ ਦੀ ਸਿੱਖਾਂ ਨੂੰ ਕੁਚਲਣ ਦੀ ਪ੍ਰਤਿਗਿਆ**

ਆਪਣੇ ਭਰਾ ਜਸਪਤ ਰਾਏ ਦੀ ਸਿੰਘਾਂ ਹੱਥੋਂ ਮੌਤ ਦੀ ਖ਼ਬਰ ਸੁਣ ਕੇ ਦੀਵਾਨ ਲਖਪਤ ਰਾਏ ਸਿੱਖਾਂ ਵਿਰੁੱਧ ਕ੍ਰੋਧ ਵਿਚ ਜਲ ਬਲ ਉਠਿਆ। ਉਸ ਨੇ ਯਹੀਆ ਖਾਂ ਦੇ ਪੈਰਾਂ ਤੇ ਪੱਗੜੀ ਰੱਖ ਕੇ ਸਿੰਘਾਂ ਨੂੰ ਕੁਚਲਣ ਦੀ ਪ੍ਰਤਿਗਿਆ ਕੀਤੀ, ਜਿਸ ਨਾਲ ਸਿੰਘਾਂ ਵਿਰੁੱਧ ਤਸ਼ੱਦਦ ਦੇ ਇਕ ਨਵੇਂ ਦੌਰ ਦਾ ਝੱਖੜ ਝੁੱਲ ਪਿਆ। ਸਭ ਤੋਂ ਪਹਿਲਾਂ ਉਸ ਨੇ ਲਾਹੌਰ ਦੇ ਸਿੰਘਾਂ ਨੂੰ ਇਕੱਠਾ ਕਰਕੇ ਨਿਖ਼ਾਸ਼ ਦੇ ਸਥਾਨ ਤੇ ਕਤਲ ਕਰਨ ਦਾ ਹੁਕਮ ਦਿੱਤਾ। ਗ੍ਰੰਥ ਸਾਹਿਬ ਸਾੜ ਦਿੱਤੇ ਗਏ। ਦੀਵਾਨ ਕੌੜਾ ਮੱਲ ਤੇ ਹੋਰ ਪਤਵੰਤੇ ਹਿੰਦੂਆਂ ਦੀ ਬੇਨਤੀ ਨੂੰ ਠੁਕਰਾਉਂਦਿਆਂ ਹੋਇਆਂ ਉਸ ਨੇ ਸੋਮਾਵਤੀ ਅਮਾਵਸ ਦੇ ਪਵਿੱਤਰ ਦਿਹਾੜੇ ਫੜੇ ਸਿੰਘਾਂ ਨੂੰ ਵੱਡੀ ਗਿਣਤੀ ਵਿਚ ਕਤਲ ਕਰਵਾ ਦਿੱਤਾ। ਗ੍ਰੰਥ ਸਾਹਿਬ ਨੂੰ ਪੜ੍ਹਨ ਲਈ ਮਨਾਹੀ ਕਰ ਦਿੱਤੀ। ਗੁਰਦੁਆਰੇ ਢਾਹ ਦਿੱਤੇ ਗਏ। ਇਥੋਂ ਤੱਕ ਕਿ 'ਗੁੜ' ਸ਼ਬਦ ਜਿਸ ਦਾ ਉਚਾਰਨ ਗੁਰੂ ਸ਼ਬਦ ਨਾਲ ਮਿਲਦਾ ਸੀ ਦੀ ਥਾਂ ਰੋੜੀ ਸ਼ਬਦ ਕਹਿਣ ਲਈ ਮਜਬੂਰ ਕੀਤਾ ਗਿਆ। ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ ਗਿਆ। ਫ਼ੌਜੀ ਦਸਤੇ ਸਿੰਘਾਂ ਨੂੰ ਫੜ ਕੇ ਲਿਆਉਣ ਤੇ ਕਤਲ ਕਰਨ ਲਈ ਵੱਖ ਵੱਖ ਦਿਸ਼ਾਵਾਂ ਵਿਚ ਭੇਜੇ ਗਏ। ਬਹੁਤ ਸਾਰੇ ਸਿੰਘ ਫਿਰ ਆਪਣੇ ਪੁਰਾਣੇ ਛੁਪਣ ਸਥਾਨਾਂ ਤੇ ਚਲੇ ਗਏ। ਸਿੰਘਾਂ ਦਾ ਇਕ ਬਹੁਤ ਵੱਡਾ ਦਲ ਗੁਰਦਾਸਪੁਰ ਜ਼ਿਲ੍ਹੇ ਦੇ ਕਾਹਨੂਵਾਨ ਦੇ ਘਣੇ ਜੰਗਲਾਂ ਵਿਚ ਜਾ ਛੁਪਿਆ।

**ਛੋਟਾ ਘੱਲੂਘਾਰਾ (ਅਪਰੈਲ-ਜੂਨ 1746)**

ਸਿੰਘਾਂ ਦਾ ਮਲੀਆਮੇਟ ਕਰਨ ਲਈ ਯਾਹੀਆ ਖ਼ਾਂ ਤੇ ਲਖ਼ਪਤ ਰਾਏ ਨੇ



Sri Satguru Jagjit Singh Ji Elibrary NamdhariElibrary@gmail.com

ਜਹਾਦ ਛੇੜ ਦਿੱਤਾ ਅਤੇ ਮੁਲਤਾਨ, ਜਲੰਧਰ ਅਤੇ ਜੰਮੂ ਆਦਿ ਤੋਂ ਸੈਨਿਕ ਮੰਗਵਾ ਭੇਜੇ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਜੋ ਇਸ ਵੇਲੇ ਕਾਹਨੂਵਾਨ ਦੇ ਛੰਭ ਵਿਚ ਸ਼ਰਨ ਲਈ ਬੈਠੇ ਸਨ, ਉੱਤੇ ਮੁਗਲ ਸੈਨਾ ਵੱਲੋਂ ਹੱਲਾ ਬੋਲਿਆ ਗਿਆ। ਘਣੇ ਜੰਗਲਾਂ ਨੂੰ ਕੱਟ ਕੇ ਤੋਪਾਂ ਦੀ ਮਾਰ ਕੀਤੀ ਗਈ। ਸਿੰਘਾਂ ਨੇ ਪੈਦਲ ਸੈਨਿਕਾਂ ਨੂੰ ਰਾਵੀ ਪਾਰ ਕਰਕੇ ਬਸੌਲੀ ਵੱਲ ਜਾਣ ਲਈ ਕਿਹਾ ਤੇ ਅੱਗੋਂ ਪਹਾੜੀ ਰਾਜਿਆਂ ਨੇ ਵੀ ਸਿੰਘਾਂ ਤੇ ਪੱਥਰ ਤੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਸੁੱਖਾ ਸਿੰਘ ਦੀ ਅਗਵਾਈ ਵਿਚ ਘੋੜ ਸਵਾਰ ਸਿੰਘ ਮੁਗਲ ਸੈਨਾ ਦਾ ਟਾਕਰਾ ਕਰਨ ਲਈ ਅੱਗੇ ਵਧੇ।

ਪਰ ਮੁਗਲ ਸੈਨਾ ਦੀ ਵੱਡੀ ਗਿਣਤੀ ਨੇ ਉਨ੍ਹਾਂ ਨੂੰ ਘੇਰੇ ਵਿਚ ਲੈ ਲਿਆ। ਬਹੁਤ ਸਾਰੇ ਸਿੰਘ ਲੜਾਈ ਵਿਚ ਮਾਰੇ ਗਏ ਅਤੇ ਬਹੁਤ ਸਾਰਿਆਂ ਨੂੰ ਬੰਦੀ ਬਣਾ ਲਿਆ ਗਿਆ। ਕੁਝ ਸਿੰਘ ਜੋ ਰਾਵੀ ਪਾਰ ਕਰਕੇ ਬਸੌਲੀ ਦੀਆਂ ਪਹਾੜੀਆਂ ਵਿਚ ਜਾ ਛੁਪੇ ਸਨ, ਸਖ਼ਤ ਮੁਸੀਬਤਾਂ ਝੱਲਦੇ ਹੋਏ ਕੀਰਤਪੁਰ ਚਲੇ ਗਏ। ਬਾਕੀ ਸਿੰਘ ਬਿਆਸ ਅਤੇ ਸਤਲੁਜ ਨੂੰ ਪਾਰ ਕਰਦੇ ਹੋਏ ਬਚ-ਬਚਾਕੇ ਆਪਣੇ ਪੁਰਾਣੇ ਛੁਪਣ ਸਥਾਨ ਲੱਖੀ ਜੰਗਲ ਜਾ ਪੁੱਜੇ। 2 ਮਈ 1746 ਨੂੰ ਇਹ ਘੱਲੂਘਾਰਾ ਵਾਪਰਿਆ, ਜਿਸ ਵਿਚ 7000 ਦੇ ਲਗਭਗ ਸਿੰਘ ਲੜਦੇ ਹੋਏ ਸ਼ਹੀਦ ਹੋਏ ਅਤੇ 3,000 ਦੇ ਕਰੀਬ ਪਕੜ ਕੇ ਲਾਹੌਰ ਲਿਆਂਦੇ ਗਏ ਜਿਨ੍ਹਾਂ ਨੂੰ ਨਖ਼ਾਸ਼ ਦੇ ਸਥਾਨ ਤੇ ਕਤਲ ਕਰਵਾ ਦਿੱਤਾ ਗਿਆ। ਸਿੱਖ ਇਤਿਹਾਸ ਵਿਚ 1746 ਦੀ ਇਸ ਖ਼ੂਨੀ ਘਟਨਾ ਨੂੰ ਛੋਟਾ ਘੱਲੂਘਾਰਾ ਕਰਕੇ ਯਾਦ ਕੀਤਾ ਜਾਂਦਾ ਹੈ।

### ਯਾਹੀਆ ਖ਼ਾਂ ਤੇ ਸ਼ਾਹਨਵਾਜ਼ ਖ਼ਾਂ ਵਿਚ ਘਰੇਲੂ ਲੜਾਈ

[1*]"ਸਿੱਖਾਂ ਉੱਤੇ ਜਿੱਤ ਪ੍ਰਾਪਤ ਕਰਨ ਪਿਛੋਂ ਯਾਹੀਆ ਖ਼ਾਂ ਤੇ ਦੀਵਾਨ ਲਖਪਤ ਰਾਏ ਦਾ ਸ਼ਾਸਨ ਜ਼ਿਆਦਾ ਸਮੇਂ ਤਕ ਕਾਇਮ ਨਾ ਰਹਿ ਸਕਿਆ। ਨਵੰਬਰ 1746 ਈ. ਵਿਚ ਯਾਹੀਆ ਖ਼ਾਂ ਤੇ ਉਸਦੇ ਛੋਟੇ ਭਰਾ ਸ਼ਾਹਨਵਾਜ਼ ਖ਼ਾਂ ਵਿਚਾਲੇ ਲਾਹੌਰ ਦੀ ਸੂਬੇਦਾਰੀ ਲਈ ਘਰੇਲੂ ਲੜਾਈ ਸ਼ੁਰੂ ਹੋ ਗਈ ਜੋ ਪੰਜ ਮਹੀਨਿਆਂ ਤਕ ਚਲਦੀ ਰਹੀ। ਇਸ ਲੜਾਈ ਵਿਚ ਅੰਤ ਸ਼ਾਹਨਵਾਜ਼ ਖ਼ਾਂ ਜਿੱਤ ਗਿਆ। 21 ਮਾਰਚ 1747 ਈ ਨੂੰ ਸ਼ਾਹ ਨਵਾਜ਼ ਜੇਤੂ ਦੇ ਰੂਪ ਵਿਚ ਲਾਹੌਰ ਵਿਚ ਦਾਖਲ ਹੋਇਆ ਅਤੇ ਯਾਹੀਆ ਖ਼ਾਂ ਨੂੰ ਕੈਦ ਕਰ ਲਿਆ ਤੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ। ਸ਼ਾਹਨਵਾਜ਼ ਖ਼ਾਂ ਨੇ ਲਖਪਤ ਰਾਏ ਨੂੰ ਵੀ ਬੰਦੀ ਖਾਨੇ ਵਿਚ ਸੁੱਟ ਦਿੱਤਾ ਅਤੇ ਉਸਦੀ ਥਾਂ ਕੌੜਾ ਮਲ ਨੂੰ ਦੀਵਾਨ ਨਿਯੁਕਤ ਕੀਤਾ। ਘਰੇਲੂ ਲੜਾਈ ਨੇ ਕਾਲ ਦੇ ਨਾ ਕੇਵਲ ਸਿੱਖਾਂ ਨੂੰ ਆਪਣੀ

---

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1469-1708), ਪੰਨਾ 190-191



Sri Satguru Jagjit Singh Ji Elibrary NamdhariElibrary@gmail.com

ਸ਼ਕਤੀ ਮੁੜ ਸਥਾਪਿਤ ਕਰਨ ਲਈ ਲੋੜੀਂਦਾ ਵਾਤਾਵਰਣ ਪ੍ਰਦਾਨ ਕੀਤਾ ਸਗੋਂ ਇਹ ਕਾਲ ਉਨ੍ਹਾਂ ਦੇ ਉਥਾਨ ਲਈ ਵੀ ਬੜਾ ਅਨੁਸਾਰੀ ਸਿੱਧ ਹੋਇਆ।"

ਮੁਗਲ ਹਾਕਮਾਂ ਅਤੇ ਜ਼ਕਰੀਆ ਖ਼ਾਂ ਦੇ ਪੁੱਤਰਾਂ ਵਿਚ ਝਗੜੇ ਅਤੇ ਲੜਾਈਆਂ ਦੇ ਕਾਰਨ ਜੋ ਪੰਜ ਮਹੀਨੇ ਨਵੰਬਰ 1746 ਤੋਂ ਮਾਰਚ 1747 ਤਕ ਲੜਾਈਆਂ ਚਲਦੀਆਂ ਰਹੀਆਂ। ਉਸ ਵਿਚ ਸਿੱਖਾਂ ਨੂੰ ਸੁਖ ਦੇ ਸਾਹ ਦਾ ਸਮਾਂ ਮਿਲਿਆ। ਉਨ੍ਹਾਂ ਨੇ ਮੁਗਲਾਂ ਦੀ ਇਸ ਘਰੇਲੂ ਲੜਾਈ ਦਾ ਲਾਭ ਉਠਾ ਕੇ ਆਪਣੇ ਆਪ ਨੂੰ ਮੁੜ ਤਕੜਾ ਕਰ ਲਿਆ। ਸਿੱਖ ਆਪਣੇ ਛੁਪਣ ਸਥਾਨਾਂ ਤੋਂ ਬਾਹਰ ਆ ਗਏ।

ਸਿੱਖ ਆਪਣੇ ਆਪਣੇ ਘਰਾਂ ਨੂੰ ਪਰਤ ਆਏ। ਉਥੇ ਲੋਕਾਂ ਨੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ। ਉਹ ਗੁਰਮਤ ਦਾ ਪ੍ਰਚਾਰ ਕਰਦੇ ਸਨ। ਪਿੰਡ ਦੇ ਨੌਜਵਾਨ ਉਨ੍ਹਾਂ ਦੇ ਬੀਰ ਕਰਤੱਵਾਂ ਨੂੰ ਧਿਆਨ ਨਾਲ ਸੁਣਦੇ। ਉਹ ਅਖਾੜਿਆਂ ਵਿਚ ਉਨ੍ਹਾਂ ਨਾਲ ਘੁਲਦੇ, ਜੰਗੀ ਕਰਤਬ ਸਿਖਦੇ ਅਤੇ ਸ਼ਿਕਾਰ ਕਰਨ ਵੀ ਜਾਂਦੇ ਸਨ। ਸਿੱਖ ਗਰੀਬ ਗੁਰਬੇ ਤੇ ਲੋੜਵੰਦਾਂ ਦੀ ਸਹਾਇਤਾ ਕਰਦੇ ਅਤੇ ਲੋਕਾਂ ਦੇ ਦੁਖੜੇ ਦੂਰ ਕਰਨ ਵਿਚ ਸਹਾਈ ਹੁੰਦੇ। ਇੱਕਲੇ ਇਕੱਲੇ ਨਾਲੋਂ ਜਥੇ ਬਣਾ ਕੇ ਵਿਚਰਨਾ ਚੰਗੇ ਨਤੀਜੇ ਕਢ ਰਿਹਾ ਸੀ। ਇਸ ਦੌਰ ਵਿਚ ਸਿੰਘਾਂ ਨੇ ਆਪਣੀਆਂ ਆਗਾਮੀ ਜਿੱਤਾਂ ਲਈ ਭੂਮੀ ਤਿਆਰ ਕਰ ਲਈ ਸੀ, ਜਦੋਂ ਸਿੱਖ ਸਰਦਾਰ ਅੰਮ੍ਰਿਤਸਰ ਜਾਂ ਪਿੰਡਾਂ ਵਿਚ ਆਉਂਦੇ ਤਾਂ ਬਹੁਤ ਸਾਰੇ ਨੌਜਵਾਨ ਅੰਮ੍ਰਿਤ ਛੱਕ ਕੇ ਉਨ੍ਹਾਂ ਦੇ ਜਥਿਆਂ ਵਿਚ ਰੱਲਣ ਲਈ ਤਿਆਰ ਹੋ ਜਾਂਦੇ।

12 ਸਾਲ ਪਿਛੋਂ ਖਾਲਸੇ ਨੇ ਅੰਮ੍ਰਿਤਸਰ ਦੇ ਆਪਣੇ ਕੇਂਦਰੀ ਧਾਮ ਉੱਤੇ ਇਕੱਠੇ ਹੋ ਕੇ ਮੁੜ ਵੈਸਾਖੀ ਦਾ ਪੁਰਬ 30 ਮਾਰਚ, 1747 ਨੂੰ ਸ਼ਾਨ ਨਾਲ ਮਨਾਇਆ। ਅੰਮ੍ਰਿਤ ਸਰੋਵਰ ਨੂੰ ਸਾਫ਼ ਕੀਤਾ। ਹਰਿਮੰਦਰ ਦੀ ਸੇਵਾ ਕੀਤੀ ਅਤੇ ਰਾਮਸਰ ਦੇ ਨੇੜੇ 'ਰਾਮ ਰਾਉਣੀ ਦਾ ਕੱਚਾ ਕਿਲ੍ਹਾ' ਬਣਾ ਲਿਆ ਗਿਆ। ਹਰੀ ਸਿੰਘ ਭੰਗੀ ਨੇ ਆਪਣਾ ਨਿਵਾਸ ਸਥਾਨ ਕਟੜਾ ਹਰੀ ਸਿੰਘ ਦਾ ਵੀ ਨਿਰਮਾਣ ਕਰ ਲਿਆ। ਸਿੰਘਾਂ ਦੀ ਚੜ੍ਹਦੀਕਲਾ ਦੀਆਂ ਖ਼ਬਰਾਂ ਸੁਣ ਕੇ ਵੱਡੀ ਗਿਣਤੀ ਵਿੱਚ ਸਿੰਘ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਉਣ ਲੱਗੇ।

ਥੋੜ੍ਹੇ ਸਮੇਂ ਪਿਛੋਂ ਪੰਜਾਬ ਦੇ ਰਾਜਨੀਤਿਕ ਵਾਤਾਵਰਣ ਉੱਤੇ ਮੁੜ ਕਾਲੇ ਬੱਦਲ ਛਾ ਗਏ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਨੇ ਦੇਸ਼ ਵਿੱਚ ਮੁੜ ਗੜਬੜ ਅਤੇ ਲਾ-ਕਾਨੂੰਨੀ ਦੀ ਹਾਲਤ ਪੈਦਾ ਕਰ ਦਿੱਤੀ। 1747 ਦੇ ਚੜ੍ਹਦੇ ਸਾਲ ਵਿੱਚ ਅਹਿਮਦ ਸ਼ਾਹ ਦੁਰਾਨੀ ਦੇ ਹੱਲੇ ਦੀ ਖ਼ਬਰ ਸਾਰੇ ਪਾਸੇ ਫੈਲ ਗਈ। ਸਿੰਘਾਂ ਨੇ ਆਪਣੇ ਟੱਬਰ-ਟੀਰ ਜੰਗਲਾਂ ਤੇ ਪਹਾੜਾਂ ਨੂੰ ਭੇਜ ਦਿੱਤੇ ਅਤੇ ਆਪ



Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਸਰ ਦੀ ਸੁਰੱਖਿਆ ਲਈ ਇਕੱਠੇ ਹੋ ਗਏ। ਅਹਿਮਦ ਸ਼ਾਹ ਦੁਰਾਨੀ ਅਤੇ ਲਾਹੌਰ ਦੇ ਗਵਰਨਰ ਦੀ ਪਰਸਪਰ ਲੜਾਈ ਵਿੱਚ ਸਿੰਘਾਂ ਨੇ ਕਿਸੇ ਦਾ ਵੀ ਪੱਖ ਨਾ ਲਿਆ, ਕਿਉਂ ਜੋ ਉਹ ਦੋਹਾਂ ਨੂੰ ਹੀ ਆਪਣਾ ਦੁਸ਼ਮਣ ਸਮਝਦੇ ਸਨ। ਇਸ ਸਮੇਂ ਸਿੱਖਾਂ ਨੇ ਬਾਰੀ ਅਤੇ ਜਲੰਧਰ ਦੋਆਬ ਵਿੱਚ ਚੋਖਾ ਲੁੱਟ-ਮਾਰ ਦਾ ਧਨ ਇਕੱਠਾ ਕਰ ਲਿਆ ਅਤੇ ਬਹੁਤ ਸਾਰੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ।

## ਅਹਿਮਦ ਸ਼ਾਹ ਅਬਦਾਲੀ ਦੇ ਹਮਲੇ (1747-1768 ਤੱਕ)

ਅਹਿਮਦ ਸ਼ਾਹ ਦੁਰਾਨੀ ਨੇ ਪੰਜਾਬ ਉੱਤੇ ਅੱਠ ਹਮਲੇ ਕੀਤੇ। ਇਹ ਸਾਰਾ ਕਾਲ ਮੁਗਲ ਸਲਤਨਤ ਦੀ ਸ਼ਕਤੀ ਨੂੰ ਅੰਦਰੋਂ ਖੋਖਲਾ ਕਰਨ ਵਾਲਾ ਸਿੱਧ ਹੋਇਆ। ਦੂਜੇ ਬੰਨ੍ਹੇ ਅਹਿਮਦ ਸ਼ਾਹ ਕਈ ਯਤਨ ਕਰਨ ਦੇ ਬਾਵਜੂਦ ਪੰਜਾਬ ਉੱਤੇ ਕਬਜ਼ਾ ਨਾ ਕਰ ਸਕਿਆ। ਇਸ ਦੌਰਾਨ ਸਿੰਘਾਂ ਨੇ ਆਪਣੀ ਸ਼ਕਤੀ ਨੂੰ ਕਾਫ਼ੀ ਹੱਦ ਤੱਕ ਮਜ਼ਬੂਤ ਕਰ ਲਿਆ। ਉਨ੍ਹਾਂ ਨੇ ਆਪਣੇ ਸੂਝਵਾਨ ਆਗੂਆਂ ਦੀ ਅਗਵਾਈ ਵਿੱਚ ਭਿੰਨ-ਭਿੰਨ ਤਰ੍ਹਾਂ ਦੀ ਛਾਪਾਮਾਰ ਯੁੱਧ ਦੀ ਨੀਤੀ ਅਪਣਾ ਕੇ ਦਲ ਖਾਲਸੇ ਦੇ ਰੂਪ ਵਿੱਚ ਜਥੇਬੰਦ ਹੋ ਕੇ ਅਤੇ 1762 ਦੇ ਵੱਡੇ ਘੱਲੂਘਾਰੇ ਦੇ ਰੂਪ ਵਿੱਚ ਬਹੁਤ ਜਾਨੀ ਹਾਨੀ ਕਰਵਾ ਕੇ ਵੀ ਅੰਤ 1765 ਵਿੱਚ ਅਹਿਮਦ ਸ਼ਾਹ ਦੁਰਾਨੀ ਨੂੰ ਮੁਕੰਮਲ ਹਾਰ ਦੇ ਕੇ ਪੰਜਾਬ ਨੂੰ ਵਿਦੇਸ਼ੀ ਹੱਲਿਆਂ ਤੋਂ ਪੂਰਨ ਤੌਰ ਤੇ ਸੁਰੱਖਿਅਤ ਕਰਕੇ ਪੰਜਾਬ ਵਿੱਚ ਆਪਣਾ ਰਾਜ ਭਾਗ ਸਥਾਪਿਤ ਕਰਨ ਵਿੱਚ ਸਫ਼ਲ ਹੋ ਗਏ।

## ਅਹਿਮਦ ਸ਼ਾਹ ਦੁਰਾਨੀ ਦਾ ਪਹਿਲਾ ਹੱਲਾ (ਦਸੰਬਰ 1747 ਤੋਂ ਮਾਰਚ 1748)

9 ਜੂਨ, 1747 ਨੂੰ ਨਾਦਰ ਸ਼ਾਹ ਨੂੰ ਕਤਲ ਕਰ ਦਿੱਤਾ ਗਿਆ ਅਤੇ ਉਸ ਦੇ ਸਭ ਤੋਂ ਕਾਬਿਲ ਜਰਨੈਲ ਅਹਿਮਦਸ਼ਾਹ ਅਬਦਾਲੀ, ਜਿਸ ਨੇ ਦੁਰਾਨੀ ਦਾ ਉਪ ਨਾਮ ਵੀ ਧਾਰਨ ਕੀਤਾ, ਨੇ ਅਫਗਾਨਿਸਤਾਨ ਵਿੱਚ ਆਪਣਾ ਨਵਾਂ ਰਾਜਵੰਸ ਸਥਾਪਿਤ ਕਰ ਲਿਆ। ਉਸਨੇ ਪੇਸ਼ਾਵਰ ਦੇ ਗਵਰਨਰ ਨਾਸਿਰ ਖ਼ਾਂ ਨੂੰ ਹਟਾ ਦਿੱਤਾ ਅਤੇ ਪੇਸ਼ਾਵਰ ਤੱਕ ਉਸ ਦਾ ਪਿੱਛਾ ਕੀਤਾ। ਉਸ ਦੇ ਮਨ ਵਿੱਚ ਪੰਜਾਬ ਅਤੇ ਹਿੰਦੁਸਤਾਨ ਵਿੱਚ ਲੁੱਟ-ਮਾਰ ਕਰਨ ਦਾ ਭੂਤ ਸਵਾਰ ਹੋ ਗਿਆ। ਇਸ ਉਦੇਸ਼ ਲਈ ਉਸਨੇ ਵੱਡੀ ਸੈਨਾ ਜੋੜ ਲਈ।

ਉਨ੍ਹਾਂ ਦਿਨਾਂ ਵਿੱਚ ਪੰਜਾਬ ਦਾ ਨਵਾਂ ਬਣਿਆ ਗਵਰਨਰ ਸ਼ਾਹਨਵਾਜ ਖ਼ਾਂ ਭਾਰੀ ਕੁੜੀਕੀ ਵਿੱਚ ਸੀ। ਉਸਨੇ ਦਿੱਲੀ ਦਰਬਾਰ ਦੀ ਥਾਂ ਅਹਿਮਦ ਸ਼ਾਹ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਪ੍ਰਗਟਾਇਆ ਅਤੇ ਉਸਨੂੰ ਦਿੱਲੀ ਉੱਤੇ ਹੱਲਾ ਬੋਲਣ ਲਈ ਉਕਸਾਇਆ। ਉਹ ਆਪਣੀ ਲਾਹੌਰ ਦੀ ਗਵਰਨਰੀ ਸੁਰੱਖਿਅਤ ਕਰਨਾ ਚਾਹੁੰਦਾ ਸੀ। ਅਹਿਮਦ ਸ਼ਾਹ ਅਬਦਾਲੀ ਦਸੰਬਰ 1747 ਵਿੱਚ ਪਸ਼ੌਰ



Sri Satguru Jagjit Singh Ji Elibrary NamdhariElibrary@gmail.com

ਤੋਂ ਰਵਾਨਾ ਹੋਇਆ ਅਤੇ ਬਿਨਾਂ ਕਿਸੇ ਰੋਕ-ਟੋਕ ਦੇ ਲਾਹੌਰ ਤੋਂ 5 ਕਿਲੋਮੀਟਰ ਦੂਰ ਸ਼ਾਹਦਰੇ ਆ ਕੇ ਡੇਰਾ ਲਾ ਬੈਠਾ। ਉਨ੍ਹਾਂ ਦਿਨਾਂ ਵਿੱਚ ਹੀ ਦਿੱਲੀ ਦੇ ਵਜ਼ੀਰ ਨੇ ਸ਼ਾਹਨਵਾਜ਼ ਖ਼ਾਂ ਨਾਲ ਸੁਲ੍ਹਾ ਕਰ ਲਈ ਅਤੇ ਉਹ ਅਹਿਮਦ ਸ਼ਾਹ ਨਾਲ ਮੁਕਾਬਲਾ ਕਰਨ ਲਈ ਤਿਆਰ ਹੋ ਗਿਆ। ਅਹਿਮਦ ਸ਼ਾਹ ਰਾਵੀ ਪਾਰ ਕਰਕੇ ਸ਼ਾਲਾਮਾਰ ਡੇਰੇ ਲਾ ਬੈਠਾ। ਦੂਜੇ ਬੰਨ੍ਹੇ ਸ਼ਾਹਨਵਾਜ਼ ਖ਼ਾਂ ਨੇ ਵੀ ਅਹਿਮਦ ਸ਼ਾਹ ਵਿਰੁੱਧ ਆਪਣੇ ਮੋਰਚੇ ਪੱਕੇ ਕਰ ਲਏ। 11 ਜਨਵਰੀ, 1748 ਦੀ ਲੜਾਈ ਵਿੱਚ ਸ਼ਾਹਨਵਾਜ਼ ਖ਼ਾਂ ਦੀ ਹਾਰ ਹੋਈ ਅਤੇ ਉਹ ਰਾਤੋ-ਰਾਤ ਦਿੱਲੀ ਵੱਲ ਭੱਜ ਗਿਆ। ਦੁਰਾਨੀ ਨੇ ਮੁਗਲਪੁਰੇ ਦੀ ਅਮੀਰ ਬਸਤੀ ਨੂੰ ਖ਼ੂਬ ਲੁੱਟਿਆ। ਪਰ ਲਾਹੌਰ ਨਿਵਾਸੀਆਂ ਨੇ 30 ਲੱਖ ਰੁਪਿਆ ਦੁਰਾਨੀ ਨੂੰ ਦੇ ਕੇ ਸ਼ਹਿਰ ਨੂੰ ਉਸ ਦੀ ਫ਼ੌਜ ਦੀ ਲੁੱਟ-ਮਾਰ ਤੋਂ ਬਚਾ ਲਿਆ। ਦੁਰਾਨੀ ਨੇ ਸ਼ਾਹਨਵਾਜ਼ ਦਾ ਬਹੁਤ ਸਾਰਾ ਸੈਨਿਕ ਸਾਮਾਨ ਆਪਣੇ ਕਬਜ਼ੇ ਵਿੱਚ ਕਰ ਲਿਆ ਅਤੇ 19 ਫਰਵਰੀ ਤੱਕ ਲਾਹੌਰ ਵਿੱਚ ਹੀ ਟਿੱਕ ਕੇ ਦਿੱਲੀ ਉੱਤੇ ਚੜ੍ਹਾਈ ਕਰਨ ਦੀਆਂ ਤਿਆਰੀਆਂ ਕਰਦਾ ਰਿਹਾ। ਕਸੂਰ ਦੇ ਗਵਰਨਰ ਜੁਮਲਾ ਖਾਨ ਨੂੰ ਉਸਨੇ ਲਾਹੌਰ ਦਾ ਗਵਰਨਰ ਥਾਪ ਦਿੱਤਾ। ਦਿੱਲੀ ਦੀ ਸ਼ਾਹੀ ਸੈਨਾ ਵੀ ਅਬਦਾਲੀ ਦਾ ਟਾਕਰਾ ਕਰਨ ਲਈ ਤਿਆਰ ਹੋਈ। ਉਨ੍ਹਾਂ ਨੇ ਸਰਹਿੰਦ ਦੇ ਕਿਲ੍ਹੇ ਵਿੱਚ ਆਪਣੇ ਥੋੜ੍ਹੇ ਜਿਹੇ ਸੈਨਿਕ ਅਤੇ ਹਰਮ ਦੀਆਂ ਇਸਤਰੀਆਂ ਨੂੰ ਠਹਿਰਾ ਕੇ ਅੱਗੇ ਵੱਧ ਕੇ ਅਬਦਾਲੀ ਦਾ ਮੁਕਾਬਲਾ ਕਰਨ ਦਾ ਮਨਸੂਬਾ ਬਣਾ ਲਿਆ। ਦੁਰਾਨੀ ਨੇ ਲੁਧਿਆਣੇ ਤੋਂ ਸਤਲੁਜ ਪਾਰ ਕਰਕੇ ਸਰਹਿੰਦ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਅਤੇ ਇਸਤਰੀਆਂ ਨੂੰ ਬੰਦੀ ਬਣਾ ਲਿਆ। ਦਿੱਲੀ ਦੇ ਵਜ਼ੀਰ ਨੇ ਵੱਡੀ ਸੈਨਾ ਲੈ ਕੇ ਦੁਰਾਨੀ ਨੂੰ ਮਨੂਪੁਰ ਦੇ ਸਥਾਨ ਤੇ ਆ ਘੇਰਿਆ, ਪਰ ਵਜ਼ੀਰ ਇੱਕ ਤੋਪ ਦੇ ਗੋਲੇ ਨਾਲ ਜ਼ਖ਼ਮੀ ਹੋ ਗਿਆ ਅਤੇ ਉਸਨੇ ਆਪਣੇ ਪੁੱਤਰ ਮੁਈਨ-ਉਲ-ਮੁਲਕ ਨੂੰ ਲੜਾਈ ਦੀ ਕਮਾਨ ਸੰਭਾਲ ਦਿੱਤੀ। 11 ਮਾਰਚ, 1748 ਨੂੰ ਬੜਾ ਘਮਸਾਨ ਦਾ ਯੁੱਧ ਹੋਇਆ ਅਤੇ ਦੋਹਾਂ ਧਿਰਾਂ ਦਾ ਬੜਾ ਜਾਨੀ ਨੁਕਸਾਨ ਹੋਇਆ। ਭਾਵੇਂ ਅਹਿਮਦ ਸ਼ਾਹ ਨੇ 1000-1000 ਦੇ ਤਾਜ਼ਾ ਦਮ ਦਸਤੇ ਅੱਗੇ ਲੜਾਈ ਵਿੱਚ ਝੋਕ ਦਿੱਤੇ, ਪਰ ਉਸਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਦੌਰਾਨ ਪਟਿਆਲੇ ਦੇ ਮਹਾਰਾਜੇ ਆਲਾ ਸਿੰਘ ਨੇ ਅਹਿਮਦ ਸ਼ਾਹ ਦੀ ਸੈਨਾ ਦਾ ਕਾਫ਼ੀ ਨੁਕਸਾਨ ਕੀਤਾ ਅਤੇ ਉਸ ਦੀ ਰਸਦ ਦੇ ਪ੍ਰਬੰਧ ਨੂੰ ਤੋੜ ਦਿੱਤਾ। ਦੁਰਾਨੀ ਹਾਰ ਖਾ ਕੇ ਸਤਲੁਜ ਪਾਰ ਕਰਨ ਵਿੱਚ ਸਫ਼ਲ ਹੋ ਗਿਆ, ਪਰ ਮੁਗਲ ਸੈਨਾ 5 ਦਿਨ ਉੱਥੇ ਹੀ ਖੁਸ਼ੀਆਂ ਮਨਾਉਂਦੀ ਰਹੀ। ਉਨ੍ਹਾਂ ਨੇ ਦੁਰਾਨੀ ਦਾ ਕੋਈ ਪਿੱਛਾ ਨਾ ਕੀਤਾ। ਲੁਧਿਆਣੇ ਦੀ ਥਾਂ ਤੇ ਉਨ੍ਹਾਂ ਨੇ ਮਾਛੀਵਾੜੇ ਤੋਂ ਸਤਲੁਜ ਨੂੰ ਪਾਰ ਕਰਨ ਦਾ ਯਤਨ ਕੀਤਾ, ਪਰ ਦੁਰਾਨੀ ਆਪਣਾ ਲੁਟ-ਮਾਰ ਦਾ ਮਾਲ ਖ਼ਜ਼ਾਨੇ



Sri Satguru Jagjit Singh Ji Elibrary NamdhariElibrary@gmail.com

ਨੂੰ ਕਬਜ਼ੇ ਵਿੱਚ ਕਰਕੇ ਆਪਣੇ ਦੇਸ਼ ਨੂੰ ਪਰਤ ਗਿਆ। ਇਸ ਸਮੇਂ ਦਾ ਫਾਇਦਾ ਉਠਾ ਕੇ ਸਿੰਘਾਂ ਨੇ ਆਪਣੇ ਆਪ ਨੂੰ ਜਥੇਬੰਦ ਕਰਕੇ ਅਫਗਾਨ ਫ਼ੌਜ ਦੇ ਪਿਛਲੇ ਬੰਨੇ ਛਾਪਾਮਾਰ ਹੱਲੇ ਕਰਕੇ ਉਸਦੀ ਸੈਨਾ ਨੂੰ ਕਾਫ਼ੀ ਹਾਨੀ ਪਹੁੰਚਾਈ ਅਤੇ ਬਹੁਤ ਸਾਰਾ ਮਾਲ ਅਸਬਾਬ ਅਤੇ ਫ਼ੌਜੀ ਸਮਾਨ ਆਪਣੇ ਕਬਜ਼ੇ ਵਿੱਚ ਕਰ ਲਿਆ।

**ਸਿੱਖ ਅਤੇ ਮੁਈਨ-ਉਲ-ਮੁਲਕ (ਮੀਰ ਮੰਨੂੰ) ਅਪਰੈਲ 1748 ਤੋਂ ਨਵੰਬਰ 1753**

ਮੁਈਨ-ਉਲ-ਮੁਲਕ ਨੇ ਪੰਜਾਬ ਦਾ ਰਾਜ-ਕਾਜ ਅਪਰੈਲ 1748 ਨੂੰ ਸੰਭਾਲਿਆ। ਸਿੰਘਾਂ ਨੇ ਅਹਿਮਦ ਸ਼ਾਹ ਦੁਰਾਨੀ ਦੇ ਹੱਲੇ ਸਮੇਂ ਆਪਣੀ ਸ਼ਕਤੀ ਵਿੱਚ ਬਹੁਤ ਵਾਧਾ ਕਰ ਲਿਆ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਦਿੱਲੀ ਦੀ ਕਮਜ਼ੋਰ ਸਰਕਾਰ ਯਾਹੀਆ ਖ਼ਾਂ ਜਾਂ ਸ਼ਾਹਨਵਾਜ ਜਿਹੇ ਕਮਜ਼ੋਰ ਹਾਕਮ ਨੂੰ ਲਾਹੌਰ ਦਾ ਗਵਰਨਰ ਬਣਾਵੇਗੀ, ਪਰ ਮੁਈਨ-ਉਲ-ਮੁਲਕ (ਮੀਰ ਮੰਨੂੰ) ਦੇ ਹਾਕਮ ਬਣ ਜਾਣ ਉੱਤੇ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਦਲ ਖਾਲਸਾ ਦੇ ਰੂਪ ਵਿੱਚ ਮੁੜ ਸੰਗਠਿਤ ਜਥੇਬੰਦੀ ਦੇ ਬਣ ਜਾਣ ਕਾਰਨ ਉਨ੍ਹਾਂ ਨੂੰ ਮੁੜ ਉਹੋ ਜਿਹਾ ਉਤਸ਼ਾਹ ਅਤੇ ਬਲ ਮਿਲਿਆ, ਜਿਹੋ ਜਿਹਾ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਦੇ ਸਮੇਂ ਜਥੇਬੰਦ ਸੈਨਾ ਦੇ ਰੂਪ ਵਿੱਚ ਸਿੰਘਾਂ ਨੂੰ ਪ੍ਰਾਪਤ ਹੋਇਆ ਸੀ।

ਮੁਹੰਮਦ ਸ਼ਾਹ ਨੇ ਆਪਣੇ ਅੰਤਿਮ ਸਮੇਂ ਮੀਰ ਮੰਨੂੰ ਨੂੰ ਪੰਜਾਬ ਦਾ ਗਵਰਨਰ ਥਾਪ ਕੇ ਬੜਾ ਸਿਆਣਾ ਕਦਮ ਚੁੱਕਿਆ ਸੀ, ਕਿਉਂ ਜੋ ਉਹ ਉੱਤਰ-ਪੱਛਮ ਦੇ ਵਿਦੇਸ਼ੀ ਹੱਲੇ ਵੀ ਰੋਕ ਸਕਦਾ ਸੀ ਅਤੇ ਗੜਬੜ ਵਾਲੇ ਸੂਬੇ ਵਿੱਚ ਤਹਿਤ ਵੀ ਬਿਠਾ ਸਕਣ ਦੇ ਯੋਗ ਸੀ। ਉਸਨੇ ਕੌੜਾ ਮਲ ਨੂੰ ਦੀਵਾਨ ਅਤੇ ਜਲੰਧਰ ਦੁਆਬ ਵਿੱਚ ਅਦੀਨਾ ਬੇਗ ਨੂੰ ਨਾਇਬ ਥਾਪ ਦਿੱਤਾ।

ਮੁਈਨ-ਉਲ-ਮੁਲਕ ਲਈ ਲਾਹੌਰ ਦੀ ਗਵਰਨਰੀ ਕੋਈ ਫੁੱਲਾਂ ਦੀ ਸੇਜ ਨਹੀਂ ਸੀ। ਦੁਰਾਨੀ ਦੇ ਹਮਲੇ ਦਾ ਖ਼ਤਰਾ ਸਿਰ 'ਤੇ ਮੰਡਰਾ ਰਿਹਾ ਸੀ। ਜ਼ਕਰੀਆ ਖ਼ਾਂ ਦੇ ਲੜਕਿਆਂ ਵਿੱਚ ਝਗੜੇ ਦੇ ਕਾਰਨ ਅਤੇ ਅਹਿਮਦ ਸ਼ਾਹ ਦੇ ਪਹਿਲੇ ਹੱਲੇ ਸਮੇਂ ਅਬਦਾਲੀ ਦੀ ਲੁੱਟ ਕਾਰਨ ਸਰਕਾਰੀ ਖ਼ਜ਼ਾਨਾ ਖਾਲੀ ਹੋ ਚੁੱਕਾ ਸੀ। ਦਿੱਲੀ ਦਾ ਵਜ਼ੀਰ ਸਫ਼ਦਰ ਜੰਗ ਮੀਰ ਮੰਨੂੰ ਨੂੰ ਆਪਣਾ ਵਿਰੋਧੀ ਸਮਝਦਾ ਸੀ, ਕਿਉਂ ਜੋ ਉਸਨੇ ਆਪਣੇ ਦਾਦੇ ਅਤੇ ਪਿਤਾ, ਜੋ ਦਿੱਲੀ ਦਰਬਾਰ ਦੇ ਵੱਡੇ ਵਜ਼ੀਰ ਰਹੇ ਸਨ, ਦਿੱਲੀ ਦੀ ਵਜ਼ੀਰੀ ਉੱਤੇ ਆਪਣਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ ਸੀ।

ਇਸ ਉਦੇਸ਼ ਲਈ ਉਸਨੇ ਤਕੜੀ ਸੈਨਾ ਨੂੰ ਸੰਗਠਿਤ ਕਰਨ ਦਾ ਯਤਨ ਕੀਤਾ, ਜਿਸ ਵਿੱਚ ਮੱਧ ਏਸ਼ੀਆ ਅਤੇ ਨਾਦਰ ਸ਼ਾਹ ਦੀ ਸੈਨਾ ਵਿੱਚੋਂ ਕੱਢੇ ਹੋਏ ਲੋਕ, ਜੋ ਉਸ ਦੇ ਸਹਿ-ਧਰਮੀ ਸਨ, ਭਰਤੀ ਕੀਤੇ।



Sri Satguru Jagjit Singh Ji Elibrary NamdhariElibrary@gmail.com

ਉਸ ਨੂੰ ਸਭ ਤੋਂ ਵੱਡਾ ਖ਼ਤਰਾ ਗੜਬੜ ਮਚਾ ਰਹੇ ਸਿੱਖਾਂ ਤੋਂ ਹੀ ਭਾਸਦਾ ਸੀ। ਇਸ ਲਈ ਉਸਨੇ ਸਭ ਤੋਂ ਪਹਿਲਾਂ ਸਿੱਖਾਂ ਵਿਰੁੱਧ ਹੀ ਸੈਨਿਕ ਕਾਰਵਾਈ ਕਰਨੀ ਆਰੰਭ ਕੀਤੀ। ਸਿੱਖ ਮੁੜ ਬਾਰੀ ਦੁਆਬ ਨੂੰ ਛੱਡ ਕੇ ਜਲੰਧਰ ਦੁਆਬ ਵਿੱਚ ਚੱਲੇ ਗਏ। ਉਨ੍ਹਾਂ ਦਾ ਖ਼ਿਆਲ ਸੀ ਕਿ ਅਦੀਨਾ ਬੇਗ ਪਹਿਲਾਂ ਵਾਂਗ ਹੀ ਉਨ੍ਹਾਂ ਵਿਰੁੱਧ ਨਰਮ ਨੀਤੀ ਅਪਣਾਏਗਾ, ਪਰ ਮੀਰ ਮੰਨੂੰ ਕਿਸੇ ਹੋਰ ਘਾੜਤ ਦਾ ਬੰਦਾ ਸੀ, ਉਸਨੇ ਅਦੀਨਾ ਬੇਗ ਨੂੰ ਮੁੜ ਤਕੜਾਈ ਕੀਤੀ। ਅਦੀਨਾ ਬੇਗ ਦੀ ਸੈਨਾ ਨਾਲ ਹੋਏ ਸੰਘਰਸ਼ ਵਿੱਚ ਸਿੰਘਾਂ ਦੇ 600 ਬੰਦੇ ਮਾਰੇ ਗਏ ਅਤੇ ਉਹ ਜਲੰਧਰ ਦੁਆਬ ਛੱਡਣ ਲਈ ਮਜ਼ਬੂਰ ਹੋ ਗਏ। ਇਹ ਕਾਰਵਾਈਆਂ ਮਈ-ਜੂਨ 1748 ਵਿੱਚ ਕੀਤੀਆਂ ਗਈਆਂ ਸਨ।

ਵਰਖਾ ਰੁੱਤ ਦੇ ਸ਼ੁਰੂ ਹੋ ਜਾਣ ਕਾਰਨ ਸਿੰਘਾਂ ਵਿਰੁੱਧ ਅਗਲੇਰੀ ਕਾਰਵਾਈ ਨੂੰ ਤਿੰਨ ਮਹੀਨਿਆਂ ਲਈ ਮੁਲਤਵੀ ਕਰ ਦਿੱਤਾ ਗਿਆ। ਸਿੰਘਾਂ ਨੇ ਵੀ ਆਪਣੀਆਂ ਕਾਰਵਾਈਆਂ ਨੂੰ ਇਸ ਸਮੇਂ ਉੱਤਰ ਦੇ ਪਹਾੜੀ ਖੇਤਰਾਂ ਤੱਕ ਹੀ ਸੀਮਿਤ ਰੱਖਿਆ, ਸਿੰਘ ਕਿਉਂ ਜੋ ਆਪਣੀ ਧੁਨ ਦੇ ਪੱਕੇ ਸਨ ਅਤੇ ਗੁਰੂ ਦੇ ਭਰੋਸੇ ਉਨ੍ਹਾਂ ਨੇ ਹਰ ਸਾਲ ਵਾਂਗ ਦੀਵਾਲੀ ਦਾ ਉਤਸਵ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ ਅੰਮ੍ਰਿਤਸਰ ਮਨਾਇਆ। ਸਰੋਵਰ ਅਤੇ ਹਰਿਮੰਦਰ ਦੀ ਨਵੇਂ ਸਿਰਿਉਂ ਸੇਵਾ ਕੀਤੀ ਗਈ ਅਤੇ ਦੀਵਾਲੀ ਦੇ ਮੌਕੇ ਦੀਪਮਾਲਾ ਕੀਤੀ ਗਈ। ਉਨ੍ਹਾਂ ਨੇ ਮੁਗਲ ਸਰਕਾਰ ਤੋਂ ਖ਼ਤਰੇ ਨੂੰ ਭਾਂਪ ਕੇ 500 ਸਿੰਘ ਰਾਮ ਰਾਉਣੀ ਦੇ ਕਿਲ੍ਹੇ ਵਿੱਚ ਛੱਡ ਕੇ ਬਾਕੀ ਨੇੜੇ-ਤੇੜੇ ਦੇ ਪਿੰਡਾਂ ਵਿੱਚ ਖਿੰਡਰ-ਪੁੰਡਰ ਗਏ। ਮੀਰ ਮੰਨੂੰ ਅਤੇ ਅਦੀਨਾ ਬੇਗ ਦੀ ਸੈਨਾ ਨੇ ਮਿਲ ਕੇ ਰਾਮ ਰਾਉਣੀ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਚਾਰ ਮਹੀਨੇ ਤੱਕ ਇਹ ਘੇਰਾਬੰਦੀ ਚੱਲਦੀ ਰਹੀ। ਸਿੰਘ ਥੋੜ੍ਹੀ-ਥੋੜ੍ਹੀ ਗਿਣਤੀ ਵਿੱਚ ਕਿਲ੍ਹੇ ਵਿੱਚੋਂ ਬਾਹਰ ਆ ਕੇ ਰੋਜ਼ ਮੁਗਲ ਸੈਨਾ ਨਾਲ ਝੜਪਾਂ ਲੈਂਦੇ ਰਹੇ। ਲਗਭਗ 200 ਦੇ ਕਰੀਬ ਸਿੰਘ ਮਾਰੇ ਗਏ। ਅੰਦਰਲੇ ਸਿੰਘਾਂ ਦੀ ਬੇਨਤੀ ਉੱਤੇ ਜੱਸਾ ਸਿੰਘ (ਰਾਮਗੜ੍ਹੀਆ) ਅਦੀਨਾ ਬੇਗ ਦਾ ਸਾਥ ਛੱਡ ਕੇ ਇੱਕ ਰਾਤ ਕਿਲ੍ਹੇ ਵਿੱਚ ਚਲਾ ਗਿਆ, ਜਿਸ ਨਾਲ ਸਿੰਘਾਂ ਦੀ ਸ਼ਕਤੀ ਅਤੇ ਹੌਸਲੇ ਵਿੱਚ ਵਾਧਾ ਹੋਇਆ। ਜੱਸਾ ਸਿੰਘ ਨੇ ਦੀਵਾਨ ਕੌੜਾ ਮਲ ਨੂੰ ਬੇਨਤੀ ਕੀਤੀ ਕਿ ਇਸ ਮਸਲੇ ਦਾ ਹੱਲ ਕੱਢਿਆ ਜਾਵੇ ਅਤੇ ਕਿਲ੍ਹੇ ਅੰਦਰਲੇ ਸਿੰਘਾਂ ਦੀ ਜਾਨ ਬਚਾਈ ਜਾਵੇ। ਕੌੜਾ ਮਲ ਨੇ ਨਵਾਬ ਅੱਗੇ ਬੇਨਤੀ ਕਰਕੇ ਸਿੰਘਾਂ ਨੂੰ ਪੱਟੀ ਦੇ ਪਰਗਣੇ ਦੇ ਮਾਲੀਆ ਦਾ ਚੌਥਾ ਹਿੱਸਾ ਦੇ ਕੇ ਸੁਲ੍ਹਾ ਕਰਨ ਲਈ ਕਿਹਾ ਅਤੇ ਸਿੰਘਾਂ ਵੱਲੋਂ ਅਮਨ ਸ਼ਾਂਤੀ ਨਾਲ ਰਹਿਣ ਲਈ ਆਪ ਜ਼ਿੰਮੇਵਾਰੀ ਚੁੱਕ ਲਈ। ਅਦੀਨਾ ਬੇਗ ਇਸ ਯੋਜਨਾ ਦੇ ਵਿਰੁੱਧ ਸੀ। ਉਹ ਕਹਿੰਦਾ ਸੀ ਕਿ ਬੁਰਿਆਂ ਨਾਲ ਕਦੇ ਭਲਾ ਸਲੂਕ ਨਹੀਂ ਕਰਨਾ ਚਾਹੀਦਾ।



Sri Satguru Jagjit Singh Ji Elibrary NamdhariElibrary@gmail.com

ਕੌੜਾ ਮਲ ਨੇ ਕੁਝ ਸਿੱਖਾਂ ਨੂੰ ਆਪਣੀ ਸੈਨਾ ਵਿੱਚ ਭਰਤੀ ਕਰ ਲਿਆ ਅਤੇ ਸਹਿਜਧਾਰੀ ਸਿੱਖ ਹੋਣ ਕਾਰਨ ਆਪ ਹੁੱਕਾ ਪੀਣ ਕਾਰਨ 5 ਰੁਪਏ ਰੋਜ਼ ਦਾ ਜੁਰਮਾਨਾ ਵੀ ਸਿੰਘਾਂ ਨੂੰ ਦੇਣਾ ਮੰਨ ਲਿਆ।

ਸਿੰਘਾਂ ਨੂੰ ਵੀ ਦੀਵਾਨ ਕੌੜਾ ਮਲ ਦੀ ਇਹ ਨੀਤੀ ਰਾਸ ਆਈ। ਪਿੰਡਾਂ ਵਿੱਚ ਅਮਨ ਸ਼ਾਂਤੀ ਹੋ ਗਈ। ਕੋਈ ਵੀ ਸਥਾਨਕ ਹਾਕਮ ਹੁਣ ਪਰਜਾ ਨੂੰ ਤੰਗ ਨਹੀਂ ਸੀ ਕਰਦਾ। ਕੁਝ ਸਿੰਘ ਦੀਵਾਨ ਕੌੜਾ ਮਲ ਦੀ ਸੈਨਾ ਵਿੱਚ ਭਰਤੀ ਹੋ ਗਏ। ਸਿੰਘਾਂ ਨੂੰ ਆਪਣੀ ਜਥੇਬੰਦੀ ਨੂੰ ਤਗੜਾ ਕਰਨ ਦਾ ਮੁੜ ਮੌਕਾ ਮਿਲ ਗਿਆ। ਬਹੁਤ ਸਾਰੇ ਹੋਰ ਗੈਰ-ਸਿੱਖ ਅਤੇ ਨੀਵੀਆਂ ਜਾਤਾਂ ਦੇ ਲੋਕ ਵੀ ਸਿੱਖਾਂ ਦੇ ਜਥਿਆਂ ਵਿੱਚ ਆ ਸ਼ਾਮਿਲ ਹੋਏ।

ਮੀਰ ਮੰਨੂੰ ਨੇ ਇਹਤਿਹਾਤ ਵਜੋਂ ਆਪਣੀ ਫ਼ੌਜ ਦੇ ਤੋਪਖਾਨੇ ਨੂੰ ਹੋਰ ਸ਼ਕਤੀਸ਼ਾਲੀ ਬਣਾ ਲਿਆ ਅਤੇ 900 ਦੇ ਕਰੀਬ ਛੋਟੀਆਂ ਤੋਪਾਂ ਜੀਜੈਰਜ਼ ਦਾ ਨਿਰਮਾਣ ਕਰਵਾ ਲਿਆ।

## ਅਹਿਮਦ ਸ਼ਾਹ ਦੁਰਾਨੀ ਦਾ ਦੂਜਾ ਹੱਲਾ

ਦਸੰਬਰ 1749 ਵਿੱਚ ਦੁਰਾਨੀ ਚੜ੍ਹਾਈ ਕਰਕੇ ਚਨਾਬ ਦੇ ਕੰਢੇ ਕੋਪਰਾ ਕੋਲ ਆ ਕੇ ਡੇਰੇ ਲਾ ਬੈਠਾ। ਮੀਰ ਮੰਨੂੰ ਮੁਕਾਬਲੇ ਲਈ ਆਇਆ ਅਤੇ ਸੋਹਦਰਾ ਵਿਖੇ ਡੇਰਾ ਲਾ ਬੈਠਾ, ਦੁਰਾਨੀ ਜਿਸਨੇ ਮੀਰ ਮੰਨੂੰ ਕੋਲੋਂ ਮਨੂਪੁਰ ਦੇ ਸਥਾਨ ਤੇ ਹਾਰ ਖਾਧੀ ਸੀ। ਉਸ ਦੀ ਸੈਨਿਕ ਸ਼ਕਤੀ ਦਾ ਅਨੁਮਾਨ ਲਾਉਣਾ ਚਾਹੁੰਦਾ ਸੀ। ਉਸਨੇ 'ਚਾਹਰ ਮਹਿਲ' ਦਾ ਮਾਲੀਆ ਅਤੇ ਨਾਦਰ ਸ਼ਾਹ ਦੀ ਮੌਤ ਤੋਂ ਪਿਛੋਂ ਦਾ ਬਕਾਇਆ ਮੰਗਿਆ। ਮੀਰ ਮੰਨੂੰ ਨੇ ਸਮਝੌਤਾ ਕਰਨ ਵਿੱਚ ਇਸ ਲਈ ਦੇਰ ਕੀਤੀ ਕਿ ਦਿੱਲੀ ਤੋਂ ਫ਼ੌਜੀ ਸਹਾਇਤਾ ਭੇਜ ਦਿੱਤੀ ਜਾਵੇਗੀ। ਦਿੱਲੀ ਦਰਬਾਰ ਨੇ ਔਰੰਗਾਬਾਦ, ਗੁਜਰਾਤ, ਸਿਆਲਕੋਟ ਅਤੇ ਪਸਰੂਰ ਦਾ ਮਾਲੀਆ ਦੇਣ ਦਾ ਫ਼ੈਸਲਾ ਕਰ ਲਿਆ। ਦੁਰਾਨੀ 14 ਲੱਖ ਰੁਪਿਆ ਵਸੂਲ ਕਰਕੇ ਕੰਧਾਰ ਨੂੰ ਪਰਤ ਗਿਆ।

ਜਦੋਂ ਮੀਰ ਮੰਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਸਮਝੌਤਾ ਕਰ ਰਿਹਾ ਸੀ ਤਾਂ ਇਸ ਦੌਰਾਨ ਸਿੰਘਾਂ ਨੇ ਜਥੇਬੰਦ ਹੋ ਕੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਲਾਹੌਰ ਤੇ ਹੱਲਾ ਬੋਲ ਕੇ ਆਲੇ-ਦੁਆਲੇ ਦੀਆਂ ਬਸਤੀਆਂ ਨੂੰ ਲੁੱਟ ਲਿਆ। ਨਵਾਬ ਕਪੂਰ ਸਿੰਘ ਸ਼ਹਿਰ ਅੰਦਰ ਕੋਤਵਾਲੀ ਤੱਕ ਜਾ ਕੇ ਕੁਰਸੀ ਸੰਭਾਲ ਬੈਠਾ, ਪਰ ਕੋਤਵਾਲ ਇਜ਼ਤ ਖ਼ਾਨ ਦੇ ਸੈਨਿਕ ਟਾਕਰੇ ਦੀ ਤਿਆਰੀ ਵੇਖ ਕੇ ਸ਼ਹਿਰ ਤੋਂ ਬਾਹਰ ਆ ਗਏ।

## ਸਿੱਖਾਂ ਵਿਰੁੱਧ ਮੁੜ ਤਸ਼ੱਦਦ ਦਾ ਦੌਰ

ਮੀਰ ਮੰਨੂੰ ਦਾ ਲਾਹੌਰ ਪਹੁੰਚ ਕੇ ਕ੍ਰੋਧ ਵਿੱਚ ਆ ਜਾਣਾ ਸੁਭਾਵਿਕ ਹੀ



Sri Satguru Jagjit Singh Ji Elibrary NamdhariElibrary@gmail.com

ਸੀ। ਇਸ ਲਈ ਉਸਨੇ ਸਿੱਖਾਂ ਨੂੰ ਦਬਾਉਣ ਲਈ ਨਵੀਂ ਮੁਹਿੰਮ ਵਿਢ ਦਿੱਤੀ। ਜਿਜ਼ਾਰਚੀਆਂ ਨੂੰ ਹੁਕਮ ਦਿੱਤਾ ਗਿਆ ਕਿ ਸਿੱਖਾਂ ਨੂੰ ਜਿੱਥੇ ਵੀ ਮਿਲਣ ਖ਼ਤਮ ਕਰ ਦੇਣ। ਉਹ 80 ਕਿਲੋਮੀਟਰ ਤੱਕ ਰੋਜ਼ ਛਾਣਬੀਣ ਕਰਦੇ ਅਤੇ ਇਸ ਦੌਰਾਨ ਹਜ਼ਾਰਾਂ ਸਿੰਘਾਂ ਨੂੰ ਉਨ੍ਹਾਂ ਨੇ ਪਾਰ ਬੁਲਾਇਆ। ਨਵਾਬ ਵੱਲੋਂ ਨਵੇਂ ਹੁਕਮ ਜਾਰੀ ਕੀਤੇ ਗਏ, ਜਿਹੜਾ ਸਿੱਖ ਦਾ ਸਿਰ ਲਿਆਂਦਾ, ਉਸਨੂੰ 10 ਰੁਪਏ ਦਿੱਤੇ ਜਾਂਦੇ। ਜਿਹੜਾ ਉਨ੍ਹਾਂ ਦਾ ਘੋੜਾ ਲਿਆਂਦਾ, ਉਹ ਉਸ ਨੂੰ ਇਨਾਮ ਵਜੋਂ ਦੇ ਦਿੱਤਾ ਜਾਂਦਾ, ਜਿਸ ਫ਼ੌਜੀ ਦਾ ਘੋੜਾ ਝੜਪ ਵਿੱਚ ਮਰ ਜਾਂਦਾ, ਉਸ ਨੂੰ ਨਵਾਂ ਘੋੜਾ ਸਰਕਾਰੀ ਅਸਤਬਲ ਵਿੱਚੋਂ ਦੇ ਦਿੱਤਾ ਜਾਂਦਾ। ਪਰ ਸਿੰਘਾਂ ਨੇ ਤੀਰ ਚਲਾ ਕੇ ਜਿਹੜੀ ਤਬਾਹੀ ਰਾਜਧਾਨੀ ਲਾਹੌਰ ਦੀ ਕਰ ਦਿੱਤੀ ਸੀ, ਉਸ ਦੀ ਪੂਰਤੀ ਨਹੀਂ ਸੀ ਕੀਤੀ ਜਾ ਸਕਦੀ।

ਨਾਸਿਰ ਖਾਨ ਜੋ 'ਚਾਹਰ ਮਹਿਲ' ਦਾ ਪ੍ਰਸ਼ਾਸਕ ਸੀ, ਨੇ ਮੀਰ ਮੰਨੂੰ ਵਿਰੁੱਧ ਸਾਜਿਸ਼ ਕਰ ਦਿੱਤੀ। ਉਸਦੀ ਸੈਨਾ ਦੇ 1000 ਬੰਦਿਆਂ ਨੂੰ ਵਧੇਰੇ ਤਲਬ ਦੇਣ ਦੀ ਲਾਲਸਾ ਦੇ ਕੇ ਉਨ੍ਹਾਂ ਨੂੰ ਉਸਦੀ ਸੈਨਾ ਨਾਲੋਂ ਤੋੜ ਲਿਆ ਅਤੇ ਸਿਆਲਕੋਟ ਦੇ ਸਥਾਨ ਤੇ ਨਾਸਿਰ ਖਾਨ ਦੀ ਸੈਨਾ ਨੇ ਮੀਰ ਮੰਨੂੰ ਨੂੰ ਹਰਾ ਦਿੱਤਾ। ਉਹ ਬਦਨਾਮੀ ਦੀ ਹਾਲਤ ਵਿੱਚ ਦਿੱਲੀ ਪੁੱਜਾ। ਦਿੱਲੀ ਦਾ ਵਜ਼ੀਰ ਸਫ਼ਦਰ ਜੰਗ ਪਹਿਲਾਂ ਹੀ ਦੁਰਾਨੀਆਂ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ।

ਇਸ ਦੌਰਾਨ ਸਤੰਬਰ 1750 ਵਿੱਚ ਮੁਲਤਾਨ ਦੇ ਹਾਕਮ ਸ਼ਾਹ ਨਵਾਜ਼ ਖ਼ਾਂ ਨੇ ਬਗਾਵਤ ਕਰ ਦਿੱਤੀ। ਉਹ ਆਪ ਲਾਹੌਰ ਦਾ ਗਵਰਨਰ ਬਣਨਾ ਚਾਹੁੰਦਾ ਸੀ। ਉਸਨੇ 15,000 ਦੀ ਫ਼ੌਜ ਲੈ ਕੇ ਇਸ ਬਹਾਨੇ ਲਾਹੌਰ ਆਉਣਾ ਚਾਹਿਆ ਕਿ ਉਹ ਆਪਣੇ ਪਿਤਾ ਜ਼ਕਰੀਆ ਖ਼ਾਂ ਦੇ ਮਕਬਰੇ ਦੀ ਜ਼ਿਆਰਤ ਕਰਨਾ ਚਾਹੁੰਦਾ ਹੈ। ਮੀਰ ਮੰਨੂੰ ਨਹੀਂ ਸੀ ਚਾਹੁੰਦਾ ਕਿ ਉਹ ਸੈਨਾ ਨੂੰ ਨਾਲ ਲੈ ਕੇ ਇੱਥੇ ਆਵੇ। ਸ਼ਾਹਨਵਾਜ ਉਸਨੂੰ ਬੁਰਾ ਭਲਾ ਕਹਿ ਕੇ ਮੁਲਤਾਨ ਚਲਾ ਗਿਆ। ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਦੀ ਅਗਵਾਈ ਵਿੱਚ ਸ਼ਾਹਨਵਾਜ਼ ਵਿਰੁੱਧ ਚੜ੍ਹਾਈ ਕਰਕੇ ਉਸਨੂੰ ਪਕੜ ਕੇ ਲਿਆਉਣ ਲਈ ਕਿਹਾ। ਦੀਵਾਨ ਕੌੜਾ ਮਲ ਨੇ ਇਸ ਉਦੇਸ਼ ਦੀ ਪੂਰਤੀ ਲਈ ਸਿੱਖਾਂ ਨੂੰ ਆਪਣੇ ਨਾਲ ਰਲਾ ਲਿਆ। ਮੁਲਤਾਨ ਦੀ ਲੜਾਈ ਵਿੱਚ ਸ਼ਾਹਨਵਾਜ ਮਾਰਿਆ ਗਿਆ। ਦੀਵਾਨ ਕੌੜਾ ਮਲ ਨੇ ਉਸਦਾ ਸਿਰ ਵੱਢ ਕੇ ਮੀਰ ਮੰਨੂੰ ਕੋਲ ਭੇਜ ਦਿੱਤਾ। ਮੀਰ ਮੰਨੂੰ ਨੇ ਖੁਸ਼ ਹੋ ਕੇ ਦੀਵਾਨ ਕੌੜਾ ਮਲ ਨੂੰ ਮਹਾਰਾਜਾ ਕੌੜਾ ਮਲ ਦਾ ਖਿਤਾਬ ਦਿੱਤਾ।

ਸਿੰਘਾਂ ਨੂੰ ਚੂਨੀਆਂ ਅਤੇ ਝਬਾਲ ਦੇ ਪਰਗਣਿਆਂ ਦਾ ਸਵਾ ਲੱਖ ਦਾ ਮਾਲੀਆ ਦੇ ਦਿੱਤਾ ਗਿਆ। ਨਵਾਬ ਕਪੂਰ ਸਿੰਘ ਨੇ ਇਸ ਰਕਮ ਨਾਲ ਅੰਮ੍ਰਿਤਸਰ ਵਿਖੇ ਗੁਰੂ ਕੇ ਲੰਗਰ ਨੂੰ ਚਲਾਉਣਾ ਸ਼ੁਰੂ ਕਰ ਦਿੱਤਾ। ਪਰ ਮੀਰ



Sri Satguru Jagjit Singh Ji Elibrary NamdhariElibrary@gmail.com

ਮੰਨੂੰ ਬੜਾ ਕਠੋਰ ਹਾਕਮ ਸੀ। ਉਸ ਨੂੰ ਹਰ ਸਮੇਂ ਸਿੱਖਾਂ ਤੋਂ ਖ਼ਤਰਾ ਭਾਸਦਾ ਸੀ। ਉਸਨੇ ਮੁੜ ਸਖ਼ਤੀ ਦਾ ਦੌਰ ਆਰੰਭ ਕਰ ਦਿੱਤਾ। ਥਾਂ-ਥਾਂ ਤੇ ਫ਼ੌਜੀ ਦਸਤੇ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਭੇਜੇ ਗਏ। ਸਿੰਘ ਮੁੜ ਸ਼ਹਿਰਾਂ ਅਤੇ ਪਿੰਡਾਂ ਦੇ ਘਰ ਬਾਹਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਚੱਲੇ ਗਏ। ਪਹਿਲਾਂ ਪਹਿਲ ਤਾਂ ਉਹ ਨੇੜੇ ਦੇ ਰਾਵੀ ਅਤੇ ਬਿਆਸ ਦੇ ਕੰਢਿਆਂ, ਬੇਲਿਆਂ ਵਿੱਚ ਜਾ ਛੁਪੇ ਪਰ ਜਦੋਂ ਸਰਕਾਰੀ ਫ਼ੌਜੀ ਕਾਰਵਾਈ ਬਹੁਤ ਵੱਧ ਗਈ ਤਾਂ ਉਹ ਹਿਮਾਲਿਆ ਦੀ ਉੱਤਰ ਪੂਰਬੀ ਪਹਾੜੀਆਂ ਦੀਆਂ ਘਾਟੀਆਂ ਅਤੇ ਰਾਜਸਥਾਨ ਦੇ ਬੀਕਾਨੇਰ ਆਦਿ ਦੇ ਸਥਾਨ ਦੇ ਮਾਰੂਥਲਾਂ ਵੱਲ ਨੂੰ ਚੱਲੇ ਗਏ। ਨਵਾਬ ਮੀਰ ਮੰਨੂੰ ਦੀ ਇਸ ਸਖ਼ਤੀ ਦੇ ਬਾਵਜੂਦ ਸਿੰਘ ਇਸ ਤਸ਼ੱਦਦ ਦੇ ਦੌਰ ਵਿੱਚ ਵੀ ਕੌੜੀ ਵੇਲ ਵਾਂਗੂ ਵੱਧਦੇ ਗਏ।

ਇਸ ਸਮੇਂ ਦੀਆਂ ਕਠੋਰ ਹਾਲਤਾਂ ਵਿੱਚ ਸਿੰਘਾਂ ਦੇ ਹੌਸਲੇ ਬੁਲੰਦ ਸਨ ਅਤੇ ਉਹ ਚੜ੍ਹਦੀਕਲਾ ਵਿੱਚ ਵਿਚਰਦੇ ਸਨ। ਡਾ. ਹਰੀ ਰਾਮ ਗੁਪਤਾ ਉਨ੍ਹਾਂ ਦੇ ਇਸ ਸਮੇਂ ਦੇ ਜੀਵਨ ਸਮਾਚਾਰਾਂ ਅਤੇ ਉਨ੍ਹਾਂ ਦੀ ਬਹਾਦਰੀ ਅਤੇ ਹੌਸਲੇ ਬਾਰੇ ਵੇਰਵੇ ਸਹਿਤ ਲਿਖਦਾ ਹੋਇਆ ਦੱਸਦਾ ਹੈ : "ਸਿੰਘ ਬੜਾ ਸਾਦਾ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਨੂੰ ਆਪਣੇ ਘੋੜਿਆਂ ਨਾਲ ਅਥਾਹ ਪਿਆਰ ਸੀ। ਕਈ ਵਾਰ ਤਾਂ ਉਹ ਆਪਣੇ ਘੋੜੇ ਦੀ ਗਰਦਨ ਦੇ ਵਾਲਾਂ ਨੂੰ ਪਕੜ ਕੇ ਅਲਾਣੇ ਘੋੜੇ ਉੱਤੇ ਪਲਾਕੀ ਮਾਰ ਸਵਾਰ ਹੋ ਜਾਂਦੇ ਅਤੇ ਕਈ-ਕਈ ਦਿਨ ਭੁੱਜੇ ਛੋਲਿਆਂ, ਜਿਨ੍ਹਾਂ ਨੂੰ ਉਹ ਸਿੰਘਾਂ ਦੇ ਬੋਲਿਆ ਵਿੱਚ ਬਦਾਮ ਕਹਿੰਦੇ ਸਨ, ਉਸ ਨਾਲ ਹੀ ਵਕਤ ਲੰਘਾ ਲੈਂਦੇ। ਉਨ੍ਹਾਂ ਨੇ ਸਰਕਾਰ ਦੀ ਇਸ ਸਖ਼ਤੀ ਨੂੰ ਦਲੇਰੀ ਨਾਲ ਝੱਲਿਆ। ਉਨ੍ਹਾਂ ਕੋਲ ਸਮਾਨ ਬੜਾ ਥੋੜ੍ਹਾ, ਕੁਝ ਭਾਂਡੇ, ਥੋੜ੍ਹੇ ਜਿਹੇ ਬਸਤਰ ਅਤੇ ਦੋ ਭੂਰੇ ਹੁੰਦੇ ਸਨ। ਠੰਡ ਦੇ ਸਮੇਂ ਇੱਕ ਨੂੰ ਉਹ ਆਪਣੇ ਉੱਤੇ ਲੈ ਲੈਂਦੇ ਅਤੇ ਦੂਜੇ ਨੂੰ ਘੋੜੇ ਉੱਤੇ ਪਾ ਦਿੰਦੇ ਸਨ। ਪਿੰਡਾਂ ਦੀ ਹਿੰਦੂ ਜਨਤਾ ਵੀ ਉਨ੍ਹਾਂ ਨਾਲ ਹਮਦਰਦੀ ਰੱਖਦੀ ਸੀ ਅਤੇ ਵੇਲੇ-ਕੁਵੇਲੇ ਉਨ੍ਹਾਂ ਨੂੰ ਰਸਦ ਪਾਣੀ ਪਹੁੰਚਾ ਦਿੰਦੀ ਸੀ। ਪਰ ਸਰਕਾਰੀ ਹੁਕਮ ਇਤਨਾ ਸਖ਼ਤ ਸੀ ਕਿ ਜੇਕਰ ਕੋਈ ਸਿੰਘ ਨੂੰ ਪਨਾਹ ਦੇਵੇ ਤਾਂ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ ਅਤੇ ਉਸ ਦੀ ਜਾਇਦਾਦ ਜ਼ਬਤ ਕਰ ਲਈ ਜਾਵੇ ਪਰ ਸਿੰਘਾਂ ਨੂੰ ਇਨ੍ਹਾਂ ਸਖ਼ਤੀਆਂ ਦੀ ਕੋਈ ਪਰਵਾਹ ਨਹੀਂ ਸੀ। ਉਹ ਇਨ੍ਹਾਂ ਨੂੰ ਝੱਲਣ ਅਤੇ ਕਠੋਰ ਜੀਵਨ ਬਤੀਤ ਕਰਨ ਦੇ ਆਦੀ ਹੋ ਚੁੱਕੇ ਸਨ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਇਸੇ ਲਈ ਉਹ ਇਸ ਸਰਕਾਰੀ ਸਖ਼ਤੀ ਦੇ ਦੌਰ ਵਿੱਚ ਮਰਨ ਮਾਰਨ ਦੀ ਰੀਤ ਨਿਭਾ ਰਹੇ ਸਨ। ਫਿਰ ਵੀ ਸਿੰਘਾਂ ਦੇ ਦਲਾਂ ਵਿੱਚ ਵਾਧਾ ਹੋ ਰਿਹਾ ਸੀ। ਇਸ ਸਮੇਂ ਦਾ ਇੱਕ ਪ੍ਰਸਿੱਧ ਅਖਾਣ ਹੈ :



Sri Satguru Jagjit Singh Ji Elibrary NamdhariElibrary@gmail.com

*ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।*
*ਜਿਉਂ ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।*

**ਅਹਿਮਦ ਸ਼ਾਹ ਅਬਦਾਲੀ ਦਾ ਤੀਜਾ ਹੱਲਾ**

1751 ਦੇ ਅੰਤਲੇ ਮਹੀਨਿਆਂ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਦਾ ਖ਼ਤਰਾ ਮੀਰ ਮੰਨੂੰ ਦੇ ਸਿਰ ਉੱਤੇ ਮੁੜ ਆ ਧਮਕਿਆ। ਅਫਗਾਨ ਬਾਦਸ਼ਾਹ ਨੇ ਮੀਰ ਮੰਨੂੰ ਨੂੰ ਚਾਹਰ ਮਹਿਲ ਦੇ ਮਾਲੀਏ ਦੀ ਰਕਮ ਤਾਰਨ ਲਈ ਕਿਹਾ। ਇਸ ਉਦੇਸ਼ ਲਈ ਉਸਨੇ ਆਪਣਾ ਦੂਤ ਹਾਰੂੰ ਖਾਂ ਭੇਜਿਆ। ਮੀਰ ਮੰਨੂੰ ਨੇ ਇਹ ਕਹਿ ਕੇ ਉਸਨੂੰ ਟਾਲ ਦਿੱਤਾ ਕਿ ਦੁਰਾਨੀ ਦੇ ਹਲਿਆਂ ਕਾਰਨ ਖ਼ਜ਼ਾਨਾ ਖਾਲੀ ਹੈ। ਅਬਦਾਲੀ ਨੇ ਮੁੜ ਇੱਕ ਹੋਰ ਦੂਤ ਸੁਖ ਜੀਵਨ ਮਲ ਨੂੰ ਭੇਜਿਆ ਅਤੇ 24 ਲੱਖ ਦੀ ਰਕਮ ਅਦਾ ਕਰਨ ਲਈ ਕਿਹਾ। ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਦੇ ਆਉਣ ਤੱਕ ਦੂਤ ਨੂੰ ਟਾਲ ਛੱਡਿਆ ਅਤੇ ਉਸਨੂੰ 24 ਲੱਖ ਦੀ ਥਾਂ 9 ਲੱਖ ਰੁਪਿਆ ਦੇ ਕੇ ਵਾਪਿਸ ਭੇਜ ਦਿੱਤਾ। ਇਹ ਵੀ ਕਹਿ ਭੇਜਿਆ ਕਿ ਬਾਕੀ ਦੀ ਰਕਮ ਜਦੋਂ ਅਬਦਾਲੀ ਦੇਸ ਪਰਤ ਜਾਵੇਗਾ, ਉਸਨੂੰ ਭੇਜ ਦਿੱਤੀ ਜਾਵੇਗੀ।

ਅਹਿਮਦ ਸ਼ਾਹ ਦੁਰਾਨੀ ਉਹ ਰਕਮ ਲੈ ਕੇ ਲਾਹੌਰ ਵੱਲ ਨੂੰ ਅੱਗੇ ਵਧਿਆ। ਮੀਰ ਮੰਨੂੰ 50,000 ਦਾ ਲਸ਼ਕਰ ਅਤੇ ਤੋਪਾਂ ਲੈ ਕੇ ਉਸਦਾ ਟਾਕਰਾ ਕਰਨ ਲਈ ਲਾਹੌਰ ਤੋਂ 36 ਕਿਲੋਮੀਟਰ ਦੂਰ ਸ਼ਾਹ ਦੌਲਾ ਦੇ ਸਥਾਨ ਤੇ ਆ ਗਿਆ, ਪਰ ਦੁਰਾਨੀ ਨੇ ਨਵੀਂ ਜੁਗਤ ਅਨੁਸਾਰ ਉਸਦੀ ਸੈਨਾ ਨੂੰ ਪਿਛਲੇ ਥੰਨਿਉਂ ਕਟਦਾ ਹੋਇਆ ਸ਼ਾਹਦਰੇ ਤੋਂ ਰਾਵੀ ਨੂੰ ਪਾਰ ਕਰਕੇ ਸ਼ਾਲੀਮਾਰ ਡੇਰੇ ਲਾ ਲਏ। ਮੀਰ ਮੰਨੂੰ ਦੀ ਸੈਨਾ ਨੇ ਵੀ ਆ ਕੇ ਕਿਲ੍ਹੇ ਦੇ ਦੁਆਲੇ ਮੋਰਚੇ ਗੱਡ ਲਏ। 4 ਮਹੀਨੇ ਤੱਕ ਕੋਈ ਟਾਕਰਾ ਨਾ ਹੋਇਆ। ਮੀਰ ਮੰਨੂੰ ਨੂੰ ਦਿੱਲੀ ਤੋਂ ਸੈਨਿਕ ਅਤੇ ਹੋਰ ਸਹਾਇਤਾ ਦੀ ਆਸ ਸੀ, ਪਰ ਉਹ ਨਾ ਆ ਸਕੀ, ਦੋਹਾਂ ਸੈਨਾਵਾਂ ਨੂੰ ਰਸਦ ਪਾਣੀ ਦੀ ਤੋਟ ਆ ਗਈ। ਲਾਹੌਰ ਤੋਂ ਆਲੇ-ਦੁਆਲੇ ਦੇ ਇਲਾਕੇ ਵਿੱਚ ਫ਼ੌਜਾਂ ਨੇ ਫ਼ਸਲਾਂ ਦਾ ਉਜਾੜਾ ਕਰ ਦਿੱਤਾ ਸੀ। ਇਥੋਂ ਤੱਕ ਕਿ ਰਾਤ ਨੂੰ ਘਰਾਂ ਵਿੱਚ ਕੋਈ ਦੀਵਾ ਵੀ ਨਹੀਂ ਸੀ ਬਲਦਾ। ਇਹ ਅਖਾਣ ਮਸ਼ਹੂਰ ਸੀ – 'ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ'। ਅਖੀਰ ਦੋਵਾਂ ਧਿਰਾਂ ਦੀਆਂ ਫ਼ੌਜਾਂ ਨੂੰ ਮਜ਼ਬੂਰ ਹੋ ਕੇ 5 ਮਾਰਚ, 1752 ਨੂੰ ਆਹਮੋ-ਸਾਹਮਣੇ ਟਾਕਰਾ ਕਰਨਾ ਪਿਆ। ਇਸ ਲੜਾਈ ਵਿੱਚ 6 ਮਾਰਚ, 1752 ਨੂੰ ਦੀਵਾਨ ਕੌੜਾ ਮਲ ਮਾਰਿਆ ਗਿਆ। ਇਹ ਸ਼ੱਕ ਕੀਤਾ ਜਾਂਦਾ ਰਿਹਾ ਕਿ ਉਹ ਅਦੀਨਾ ਬੇਗ ਦੀ ਗੋਲੀ ਨਾਲ ਮਰਿਆ ਹੈ, ਪਰ 'ਅਹਿਵਾਲੇ ਅਦੀਨਾ ਬੇਗ ਖ਼ਾਂ' ਅਨੁਸਾਰ ਉਸਦੇ ਕਤਲ ਦਾ ਦੋਸ਼ ਕਸੂਰ ਦੇ ਵਜ਼ੀਦ ਖ਼ਾਂ ਉੱਤੇ ਮੜ੍ਹਿਆ ਗਿਆ। ਮੀਰ ਮੰਨੂੰ ਦੀ ਹਾਰ ਹੋਈ, ਉਹ ਤਿੰਨਾਂ ਬੰਦਿਆਂ ਨੂੰ ਨਾਲ ਲੈ ਕੇ



Sri Satguru Jagjit Singh Ji Elibrary NamdhariElibrary@gmail.com

ਬੜੀ ਦਲੇਰੀ ਨਾਲ ਅਹਿਮਦਸ਼ਾਹ ਅੱਗੇ ਜਾ ਪੇਸ਼ ਹੋਇਆ। ਉਹ ਆਪਣੀ ਪੱਗੜੀ ਨੂੰ ਗਲ ਵਿੱਚ ਪਾ ਕੇ ਅਹਿਮਦ ਸ਼ਾਹ ਕੋਲ ਗਿਆ ਅਤੇ ਉਸਦੇ ਪੈਰਾਂ 'ਤੇ ਰੱਖ ਦਿੱਤੀ। ਮੀਰ ਮੰਨੂੰ ਦੀ ਦਲੇਰੀ ਤੋਂ ਪ੍ਰਭਾਵਿਤ ਹੋ ਕੇ ਅਹਿਮਦਸ਼ਾਹ ਨੇ ਉਸਨੂੰ ਗਲੇ ਲਗਾ ਲਿਆ। ਦੋਹਾਂ ਧਿਰਾਂ ਵਿੱਚ ਫ਼ੈਸਲਾ ਹੋਇਆ ਕਿ ਲਾਹੌਰ ਅਤੇ ਮੁਲਤਾਨ ਦੇ ਸੂਬੇ ਅਫ਼ਗਾਨ ਬਾਦਸ਼ਾਹ ਅਧੀਨ ਚਲੇ ਗਏ ਅਤੇ ਮੀਰ ਮੰਨੂੰ ਨੂੰ ਇਨ੍ਹਾਂ ਦੋਹਾਂ ਦਾ ਗਵਰਨਰ ਬਣਾ ਦਿੱਤਾ ਗਿਆ। ਪਹਿਲੀ ਵਾਰ ਪੰਜਾਬ ਦੇ ਇਹ ਮੁੱਖ ਸੂਬੇ ਅਫ਼ਗਾਨ ਸਲਤਨਤ ਅਰਥਾਤ ਕਾਬਲ ਨਾਲ ਜਾ ਮਿਲੇ। ਮੀਰ ਮੰਨੂੰ ਅਤੇ ਅਹਿਮਦਸ਼ਾਹ ਦੋਹਾਂ ਨੇ ਹੀ ਇਸ ਸੰਘਰਸ਼ ਵਿੱਚ ਸਿੱਖਾਂ ਦੀ ਸਹਾਇਤਾ ਲਈ ਪਰ ਇਹ ਸਹਾਇਤਾ ਦੋਹਾਂ ਧਿਰਾਂ ਦੀਆਂ ਫ਼ੌਜਾਂ ਨੂੰ ਰਸਦ ਪਾਣੀ ਅਤੇ ਘੋੜਿਆਂ ਲਈ ਭੱਠਾ ਦਾਣਾ ਪਹੁੰਚਾਉਣ ਤੱਕ ਹੀ ਸੀਮਿਤ ਸੀ। [1*]ਡਾ. ਹਰੀ ਰਾਮ ਗੁਪਤਾ ਨੇ ਅਹਿਮਦ ਸ਼ਾਹ ਦੁਰਾਨੀ ਅਤੇ ਮੀਰ ਮੰਨੂੰ ਵਿੱਚ ਇਸ ਸਮੇਂ ਹੋਈ ਨਾਟਕੀ ਗੱਲਬਾਤ ਦਾ ਹਵਾਲਾ ਇਸ ਤਰ੍ਹਾਂ ਦਿੱਤਾ ਹੈ :

**ਅਬਦਾਲੀ :** ਤੂੰ ਪਹਿਲਾਂ ਈਨ ਕਿਉਂ ਨਾ ਮੰਨੀ?

**ਮੁਈਨ ਖ਼ਾਂ :** ਉਸ ਸਮੇਂ ਮੈਂ ਕਿਸੇ ਹੋਰ ਮਾਲਕ ਦਾ ਨੌਕਰ ਸਾਂ।

**ਅਬਦਾਲੀ :** ਉਹ ਮਾਲਕ ਤੇਰੀ ਸਹਾਇਤਾ ਲਈਂ ਕਿਉਂ ਨਹੀਂ ਬਹੁੜਿਆ।

**ਮੁਈਨ ਖ਼ਾਂ :** ਉਸਦਾ ਖ਼ਿਆਲ ਸੀ ਕਿ ਉਸ ਦਾ ਖਾਦਮ ਆਪਣੀ ਹਿਫਾਜ਼ਤ ਆਪ ਕਰ ਲਵੇਗਾ।

**ਅਬਦਾਲੀ :** ਜੇਕਰ ਤੂੰ ਮੈਨੂੰ ਗ੍ਰਿਫ਼ਤਾਰ ਕਰ ਲੈਂਦਾ ਤਾਂ ਤੂੰ ਮੇਰੇ ਨਾਲ ਕਿਹੋ ਜਿਹਾ ਸਲੂਕ ਕਰਦਾ?

**ਮੁਈਨ ਖ਼ਾਂ :** ਮੈਂ ਤੁਹਾਡਾ ਸਿਰ ਵੱਢ ਕੇ ਦਿੱਲੀ ਦੇ ਬਾਦਸ਼ਾਹ ਕੋਲ ਭੇਜ ਦਿੰਦਾ।

**ਅਬਦਾਲੀ :** ਹੁਣ ਜਦੋਂ ਤੂੰ ਮੇਰੇ ਰਹਿਮ ਉੱਤੇ ਹੈਂ ਤਾਂ ਦੱਸ ਮੈਂ ਤੇਰੇ ਨਾਲ ਕੀ ਸਲੂਕ ਕਰਾਂ?

**ਮੁਈਨ ਖ਼ਾਂ :** ਜੇਕਰ ਤੂੰ ਬਣੀਆ (ਦੁਕਾਨਦਾਰ) ਹੈ ਤਾਂ ਮੇਰਾ ਮੁੱਲ ਵੱਟ ਲੈ, ਜੇ ਤੂੰ ਕਸਾਈ ਹੈਂ ਤਾਂ ਮੈਨੂੰ ਕਤਲ ਕਰ ਦੇ ਪਰ ਜੇ ਤੂੰ ਬਾਦਸ਼ਾਹ ਹੈ ਤਾਂ ਮੈਨੂੰ ਮਾਫ਼ੀ ਬਖਸ਼ ਦੇ।

**ਅਬਦਾਲੀ :** ਖੁਦਾ ਦੀ ਤੇਰੇ ਉੱਤੇ ਰਹਿਮਤ ਹੋਵੇ। ਮੈਂ ਤੈਨੂੰ ਮੁਆਫ਼ ਕਰਦਾ ਹਾਂ।"

ਅਹਿਮਦ ਸ਼ਾਹ ਨੇ ਮੀਰ ਮੰਨੂੰ ਨੂੰ ਜੱਫੀ ਵਿੱਚ ਲੈ ਲਿਆ। ਉਸਨੂੰ ਫਰਜੰਦ ਖ਼ਾਂ ਬਹਾਦਰ ਰੁਸਤਮ-ਏ-ਹਿੰਦ ਦਾ ਖਿਤਾਬ ਦਿੱਤਾ। ਉਸਨੂੰ ਖਿਲਅਤ ਬਖਸ਼ੀ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 110



Sri Satguru Jagjit Singh Ji Elibrary NamdhariElibrary@gmail.com

ਅਤੇ ਆਪਣੀ ਪੱਗੜੀ ਉਸਦੇ ਸਿਰ ਉੱਤੇ ਰੱਖ ਕੇ ਉਸਨੂੰ ਨਿਵਾਜਿਆ ਅਤੇ ਪੰਜਾਬ ਦੀ ਸੂਬੇਦਾਰੀ ਉਸਨੂੰ ਬਖਸ਼ ਦਿੱਤੀ।

ਫਿਰ ਮੀਰ ਮੰਨੂੰ ਨੇ ਅਹਿਮਦ ਸ਼ਾਹ ਨੂੰ ਆਪਣੀ ਬੇਕਸੂਰ ਪਰਜਾ ਨੂੰ ਮੁਆਫ਼ੀ ਦੇਣ ਲਈ ਕਿਹਾ। ਅਹਿਮਦ ਸ਼ਾਹ ਨੇ ਉਸਦੀ ਇਸ ਬੇਨਤੀ ਨੂੰ ਵੀ ਪ੍ਰਵਾਨ ਕਰ ਲਿਆ। ਕੈਦ ਕੀਤੇ ਲੋਕਾਂ ਨੂੰ ਰਿਹਾਅ ਕਰ ਦਿੱਤਾ ਗਿਆ। ਉਸਨੇ ਆਪਣੀ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਕੋਈ ਵੀ ਪਰਜਾ ਦਾ ਧਨ-ਮਾਲ ਨਾ ਲੁਟੇ। ਮੀਰ ਮੰਨੂੰ, ਜੋ ਕੁਝ ਵੀ ਨਕਦ ਰਕਮ ਇਕੱਠੀ ਕਰ ਸਕਦਾ ਸੀ, ਲਾਹੌਰ ਦੇ ਕਿਲ੍ਹੇ ਦੀਆਂ ਕੁੰਜੀਆਂ ਸਮੇਤ ਅਹਿਮਦ ਸ਼ਾਹ ਦੇ ਹਵਾਲੇ ਕਰ ਦਿੱਤੀ। ਮੀਰ ਮੰਨੂੰ ਵੱਲੋਂ ਇਹ ਸੰਧੀ ਕੀਤੀ ਗਈ ਕਿ ਲਾਹੌਰ ਅਤੇ ਮੁਲਤਾਨ ਦੇ ਸੂਬੇ ਅਫ਼ਗਾਨ ਸਲਤਨਤ ਵਿੱਚ ਸ਼ਾਮਲ ਕਰ ਦਿੱਤੇ ਗਏ ਹਨ।

ਫਿਰ ਅਹਿਮਦਸ਼ਾਹ ਅਬਦਾਲੀ ਨੇ ਆਪਣਾ ਰਾਜਦੂਤ ਕਲੰਦਰ ਬੇਗ ਆਪਣੇ ਹਮਨਾਮ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੂੰ ਇਸ ਸੰਧੀ ਨੂੰ ਤਸਦੀਕ ਕਰਨ ਲਈ ਭੇਜਿਆ। ਦਿੱਲੀ ਦੇ ਕਮਜ਼ੋਰ ਬਾਦਸ਼ਾਹ ਅਹਿਮਦਸ਼ਾਹ ਨੇ 13 ਅਪਰੈਲ, 1752 ਨੂੰ ਇਸ ਸੰਧੀ ਉੱਤੇ ਆਪਣੀ ਮੋਹਰ ਲੱਗਾ ਦਿੱਤੀ। ਹੁਣ ਮੁਗਲ ਸਲਤਨਤ ਦੇ ਇਨ੍ਹਾਂ ਸਰਹੱਦੀ ਸੂਬਿਆਂ ਦਾ ਅਫ਼ਗਾਨ ਦੀ ਸਲਤਨਤ ਨਾਲ ਰਲੇਵਾਂ ਹੋ ਗਿਆ। ਜਿਸ ਸਮੇਂ ਅਹਿਮਦਸ਼ਾਹ ਨੇ ਆਪਣੇ ਰਾਜਦੂਤ ਨੂੰ ਲਾਹੌਰ ਸੰਧੀ ਉੱਤੇ ਮੋਹਰ ਲਾਉਣ ਲਈ ਦਿੱਲੀ ਭੇਜਿਆ ਸੀ, ਉਸ ਦੇ ਵਿਚਕਾਰਲੇ ਸਮੇਂ ਉਸਨੇ ਅਬਦੁੱਲਾ ਖ਼ਾਂ ਇਸ਼ਾਕ ਨੂੰ ਕਸ਼ਮੀਰ ਉੱਤੇ ਕਬਜ਼ਾ ਕਰਨ ਲਈ ਤਗੜੀ ਫ਼ੌਜ ਦੇ ਕੇ ਭੇਜਿਆ। ਉਸਨੇ ਜੰਮੂ ਦੇ ਰਣਜੀਤ ਦੇਵ ਦੀ ਸਹਾਇਤਾ ਨਾਲ ਕਸ਼ਮੀਰ ਦੇ ਗਵਰਨਰ ਨੂੰ ਹਟਾ ਕੇ ਆਪ ਕਸ਼ਮੀਰ ਦਾ ਗਵਰਨਰ ਬਣ ਗਿਆ ਅਤੇ ਡੇਰੇ ਦੇ ਖ਼ਤਰੀ ਸੁਖ ਜੀਵਨ ਮਲ ਨੂੰ ਉਸਦਾ ਦੀਵਾਨ ਮੁਕੱਰਰ ਕਰ ਦਿੱਤਾ।

ਜਦੋਂ 1751-52 ਵਿੱਚ ਅਹਿਮਦ ਸ਼ਾਹ ਦੁਰਾਨੀ ਅਤੇ ਮੀਰ ਮੰਨੂੰ ਦੀਆਂ ਫ਼ੌਜਾਂ 4 ਮਹੀਨਿਆਂ ਤੱਕ ਬਿਨਾਂ ਲੜਾਈ ਕੀਤੇ ਮੋਰਚਾਬੰਦੀ ਕਰਕੇ ਤਣੀਆਂ ਖੜੀਆਂ ਸਨ, ਉਸ ਸਮੇਂ ਦਾ ਲਾਭ ਉਠਾ ਕੇ ਸਿੰਘਾਂ ਦੇ ਜਥਿਆਂ ਨੇ ਚੜ੍ਹਤ ਸਿੰਘ ਅਤੇ ਗੁਰਬਖਸ਼ ਸਿੰਘ ਦੀ ਅਗਵਾਈ ਵਿੱਚ ਬਾਰੀ ਦੁਆਬ ਅਤੇ ਜਲੰਧਰ ਦੁਆਬ ਦੇ ਇਲਾਕਿਆਂ ਵਿੱਚ ਧਨੀ ਮੁਸਲਿਮ ਪਰਿਵਾਰਾਂ ਨੂੰ ਖ਼ੂਬ ਲੁੱਟਿਆ ਅਤੇ ਮਾਰ-ਧਾੜ ਕੀਤੀ। ਇਸ ਸਮੇਂ ਅਦੀਨਾ ਬੇਗ ਲਾਹੌਰ ਵਿੱਚ ਮੀਰ ਮੰਨੂੰ ਦੀ ਸਹਾਇਤਾ ਲਈ ਗਿਆ ਹੋਇਆ ਸੀ। ਸਿੰਘਾਂ ਨੇ ਇਸ ਮੌਕੇ ਦਾ ਚੰਗਾ ਲਾਭ ਉਠਾਇਆ। ਉਨ੍ਹਾਂ ਨੇ ਸਤਲੁਜ ਪਾਰ ਕਰਕੇ ਥਾਨੇਸਰ ਅਤੇ ਹਿਸਾਰ ਤੱਕ ਆਪਣਾ ਅਧਿਕਾਰ ਜਾ ਜਮਾਇਆ। ਫਿਰ ਉਹ ਰਚਨਾ ਤੇ ਚੱਜ ਦੁਆਬ ਵਿੱਚ ਜਾ



Sri Satguru Jagjit Singh Ji Elibrary NamdhariElibrary@gmail.com

ਪਹੁੰਚੇ ਅਤੇ ਮੁਕੱਰਬ ਖ਼ਾਂ ਨੂੰ ਲਾਹੌਰ ਤੋਂ ਬੁਲਾ ਕੇ ਈਨ ਮੰਨ ਲੈਣ ਲਈ ਮਜ਼ਬੂਰ ਕਰ ਦਿੱਤਾ। ਸਿੰਘਾਂ ਨੇ ਜਿੱਥੇ ਬਹੁਤ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ, ਉੱਥੇ ਬਹੁਤ ਸਾਰਾ ਧਨ-ਪਦਾਰਥ ਇਕੱਠਾ ਕਰ ਲਿਆ ਅਤੇ ਕਈ ਸੈਂਕੜੇ ਨਵੇਂ ਨੌਜਵਾਨ ਦਲ ਖਾਲਸਾ ਵਿੱਚ ਭਰਤੀ ਕਰ ਲਏ।

ਜਦੋਂ ਮੀਰ ਮੰਨੂ ਅਹਿਮਦ ਸ਼ਾਹ ਨੂੰ ਲਾਹੌਰ ਤੋਂ ਰਵਾਨਾ ਕਰ ਕੇ ਵਿਹਲਾ ਹੋਇਆ ਤਾਂ ਉਸ ਨੂੰ ਸਿੰਘਾਂ ਦੀ ਮਾਰ-ਧਾੜ, ਲੁੱਟ ਮਾਰ ਅਤੇ ਕਈ ਇਲਾਕੇ ਮੱਲਣ ਦੀਆਂ ਖ਼ਬਰਾਂ ਪੁੱਜੀਆਂ। ਉਸਨੇ ਮੁੜ ਇਰਾਦਾ ਬਣਾਇਆ ਕਿ ਸਿੰਘਾਂ ਨਾਲ ਸਖ਼ਤੀ ਨਾਲ ਦੋ ਹੱਥ ਕੀਤੇ ਜਾਣ। ਉਸ ਨੇ ਮੁੜ ਆਪਣੇ ਤਜ਼ਰਬੇਕਾਰ ਜਰਨੈਲਾਂ ਦੀ ਅਗਵਾਈ ਵਿੱਚ ਮੁਹਿੰਮਾਂ ਭੇਜੀਆਂ। ਜਦੋਂ ਸਿੱਖ ਇਕੱਠੇ ਹੋ ਕੇ ਮਾਖੋਵਾਲ (ਆਨੰਦਪੁਰ ਸਾਹਿਬ) ਵਿਖੇ ਵਿਸਾਖੀ ਦਾ ਪੁਰਬ ਮਨਾ ਰਹੇ ਸਨ ਤਾਂ ਸੈਨਿਕਾਂ ਨੇ ਉਨ੍ਹਾਂ ਉੱਤੇ ਅਚਾਨਕ ਹੱਲਾ ਬੋਲ ਦਿੱਤਾ। ਇਸ ਲੜਾਈ ਵਿੱਚ ਬਹੁਤ ਸਾਰੇ ਸਿੱਖ ਲੜਦੇ ਹੋਏ ਮਾਰੇ ਗਏ। ਕੁਝ ਬਚ ਕੇ ਨਿਕਲ ਗਏ। ਲੱਖੀ ਜੰਗਲ ਅਤੇ ਉੱਤਰ ਵਿੱਚ ਪਰਬਤ ਦੀਆਂ ਛੁਪਣਗਾਹਾ ਤੱਕ ਸਰਕਾਰੀ ਸੈਨਾ ਵੱਲੋਂ ਸਿੰਘਾਂ ਦਾ ਪਿੱਛਾ ਕੀਤਾ ਗਿਆ। ਬਹੁਤ ਸਾਰੇ ਸਿੱਖ ਇਸ ਦੌਰ ਵਿੱਚ ਮਾਰੇ ਗਏ। ਹਜ਼ਾਰਾਂ ਦੀ ਗਿਣਤੀ ਵਿੱਚ ਕੈਦ ਕੀਤੇ ਗਏ। ਇਸ ਸਮੇਂ ਉਨ੍ਹਾਂ ਨੇ ਬਹੁਤ ਸਾਰੀਆਂ ਸਿੱਖ ਇਸਤਰੀਆਂ ਨੂੰ ਬੰਦੀ ਬਣਾਇਆ, ਪਰ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਨੇ ਮੁਗਲ ਸੈਨਾ ਦਾ ਹਥਿਆਰਬੰਦ ਟਾਕਰਾ ਵੀ ਬੜੀ ਦਲੇਰੀ ਨਾਲ ਕੀਤਾ। ਮੀਰ ਮੰਨੂ ਨੇ ਮਨਮਾਨੇ ਢੰਗ ਨਾਲ ਸਿੰਘਾਂ ਉੱਤੇ ਸਖ਼ਤੀ ਕੀਤੀ। ਇਥੋਂ ਤੱਕ ਕਿ ਹਿੰਦੂ ਜਨਤਾ ਨੂੰ ਵੀ ਨਾ ਬਖਸ਼ਿਆ। ਕਈ ਹਜ਼ਾਰ ਸਿੱਖ ਇਸਤਰੀ ਪੁਰਸ਼ ਸ਼ਹੀਦ ਕੀਤੇ ਗਏ। ਪਰ ਫਿਰ ਵੀ ਸਿੰਘਾਂ ਦੇ ਤਪ ਤੇਜ਼ ਨੂੰ ਉਹ ਪੂਰੀ ਤਰ੍ਹਾਂ ਖ਼ਤਮ ਨਾ ਕਰ ਸਕਿਆ। ਸਿੰਘਾਂ ਨੇ ਅੰਦਰਲੀਆਂ ਅਤੇ ਬਾਹਰਲੀਆਂ ਹਾਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਅਤੇ ਦਲ ਖਾਲਸਾ ਦੀ ਸ਼ਕਤੀ ਦਿਨੋਂ-ਦਿਨ ਦੂਨ-ਸਵਾਈ ਹੁੰਦੀ ਗਈ। ਮੀਰ ਮੰਨੂ ਦੇ ਰਾਜਕਾਲ ਦੇ ਕਾਲੇ ਦਿਨਾਂ ਵਿੱਚ ਸਿੰਘਾਂ ਵੱਲੋਂ ਇਹੋ ਅਖਾਣ ਬਾਰ-ਬਾਰ ਦੋਹਰਾਇਆ ਜਾਂਦਾ :

*ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।*
*ਜਿਉਂ ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।*

3 ਨਵੰਬਰ, 1753 ਨੂੰ ਮੀਰ ਮੰਨੂ ਦੇ ਹੀ ਕਿਸੇ ਅਹਿਲਕਾਰ ਨੇ ਉਸਨੂੰ ਤਿਲਕਪੁਰ ਵਿਖੇ ਜ਼ਹਿਰ ਦੇ ਕੇ ਮਾਰ ਦਿੱਤਾ। ਇਸ ਅਤਿ ਹੁਸ਼ਿਆਰ ਅਤੇ ਚਲਾਕ ਨੀਤੀਵਾਨ ਦੇ ਅੰਤ ਨਾਲ ਸਿੰਘਾਂ ਨੂੰ ਮੁੜ ਤੇਜ਼ਗਤੀ ਨਾਲ ਆਪਣੇ ਆਪ ਨੂੰ ਦਲ ਖਾਲਸੇ ਦੇ ਰੂਪ ਵਿੱਚ ਸ਼ਕਤੀਸ਼ਾਲੀ ਹੋਣ ਲਈ ਸੁਨਹਿਰੀ ਮੌਕਾ ਮਿਲ ਗਿਆ।

ਇਸ ਸਮੇਂ ਦੇ ਸਮਾਚਾਰਾਂ ਦਾ ਸਾਰ ਡਾ: ਹਰੀ ਰਾਮ ਗੁਪਤਾ ਇਨ੍ਹਾਂ ਸ਼ਬਦਾਂ



Sri Satguru Jagjit Singh Ji Elibrary NamdhariElibrary@gmail.com

ਰਾਹੀਂ ਬਿਆਨ ਕਰਦਾ ਹੈ। ਮੀਰ ਮੰਨੂੰ ਨੇ ਪੂਰੇ ਪੰਜ ਸਾਲ ਸਿੰਘਾਂ ਨੂੰ ਦਬਾਉਣ ਅਤੇ ਮਾਰ ਮੁਕਾਉਣ ਦੀ ਦਮਨਕਾਰੀ ਨੀਤੀ ਜਾਰੀ ਰੱਖੀ।

ਜੇ ਇਸ ਦੌਰ ਦੀ ਪਦਾਰਥਕ ਪ੍ਰਸਿਥਤੀ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਇੱਕ ਤਰ੍ਹਾਂ ਦਾ ਕਿਰਸਾਨੀ ਅੰਦੋਲਨ ਹੀ ਸੀ, ਜੋ ਜਾਗੀਰਦਾਰੀ ਸ਼ਾਸ਼ਨ ਅਤੇ ਵਿਦੇਸ਼ੀ ਰਾਜਾਸ਼ਾਹੀ ਦੇ ਟਾਕਰੇ ਲਈ ਕ੍ਰਾਂਤੀਕਾਰੀ ਸ਼ਕਤੀ ਦੇ ਰੂਪ ਵਿੱਚ ਉਭਰ ਰਿਹਾ ਸੀ। ਸਿੱਖ ਇਸ ਕਿਰਸਾਨੀ ਇਨਕਲਾਬ ਦੇ ਮੋਹਰੀ ਸਨ। ਇਸ ਕਿਰਸਾਨੀ ਸਿੱਖ ਇਨਕਲਾਬ ਦਾ ਮੁੱਢ ਤਾਂ ਬੰਦਾ ਬਹਾਦਰ ਦੇ ਸਮੇਂ ਹੀ ਬੱਝ ਚੁੱਕਾ ਸੀ। ਜਦੋਂ ਪੰਜਾਬ ਦੀ ਪਰਜਾ ਨੇ ਵਿਦੇਸ਼ੀ ਹਕੂਮਤ ਦੇ ਜੂਲੇ ਨੂੰ ਸਿਰ ਤੋਂ ਲਾਹ ਕੇ ਸੁਤੰਤਰਤਾ ਦਾ ਪਹਿਲਾ ਹੁਲਾਰਾ ਮਾਣਿਆ ਸੀ। ਉਹੋ ਸ਼ਕਤੀਆਂ ਹੁਣ ਦਲ ਖਾਲਸਾ ਦੇ ਰੂਪ ਵਿੱਚ ਮੁੜ ਕ੍ਰਾਂਤੀਕਾਰੀ ਅੰਦੋਲਨ ਲਈ ਅੱਗੇ ਵੱਧ ਰਹੀਆਂ ਸਨ। ਦਲ ਖਾਲਸਾ ਜਾਗੀਰਦਾਰੀ ਅਰਥਾਤ ਸਾਮੰਤਵਾਦੀ ਪ੍ਰਬੰਧ ਵਿਰੁੱਧ ਹਥਿਆਰਬੰਦ ਇਨਕਲਾਬ ਦਾ ਹੀ ਦੂਜਾ ਨਾਂ ਸੀ ਅਤੇ ਇਸ ਵਿੱਚ ਲੋਕਤੰਤਰੀ ਉਦੇਸ਼ ਫਲੀ-ਫੂਤ ਹੋ ਰਹੇ ਸਨ। ਪ੍ਰਸਿੱਧ ਪੰਜਾਬੀ ਸਾਹਿਤਕਾਰ ਪ੍ਰਿੰ: ਸੰਤ ਸਿੰਘ ਸੇਖੋਂ ਨੇ ਆਪਣੇ ਇੱਕ ਕਾਵਿ-ਨਾਟਕ 'ਬਾਬਾ ਬੋਹੜ' ਵਿੱਚ ਇਸ ਸਮੇਂ ਦਾ ਵਿਸ਼ਲੇਸ਼ਣ ਕਰਦੇ ਹੋਏ ਠੀਕ ਹੀ ਲਿਖਿਆ ਹੈ :

'ਝਗੜੇ ਛੱਡ ਕੇ ਮਜ਼੍ਹਬੀ ਜੇ ਦੇਖੋ ਭਾਈ
ਰਾਜਿਆਂ ਅਤੇ ਕਿਰਸਾਨਾਂ ਦੀ ਸੀ ਇਹ ਲੜਾਈ।'

ਇਸ ਕਾਲ ਦੀ ਇੱਕ ਹੋਰ ਵਿਸ਼ੇਸ਼ਤਾ ਵੀ ਧਿਆਨਯੋਗ ਹੈ, ਭਾਵੇਂ ਮੁਸਲਮਾਨ, ਹਿੰਦੂ ਅਤੇ ਸਿੱਖਾਂ ਵਿਚਕਾਰ ਪਰਸਪਰ ਧਾਰਮਿਕ ਨਫ਼ਰਤ ਦੀ ਭਾਵਨਾ ਵੀ ਮੌਜੂਦ ਸੀ, ਫਿਰ ਵੀ ਆਪਣੇ ਆਪਣੇ ਵਿਸ਼ੇਸ਼ ਹਿੱਤਾਂ ਨੂੰ ਅਰਥਾਤ ਆਰਥਿਕ ਲਾਭਾਂ ਨੂੰ ਮੁੱਖ ਰੱਖ ਕੇ ਉਹ ਇੱਕ ਦੂਜੇ ਦੀ ਸਹਾਇਤਾ ਕਰਨ ਲਈ ਤਿਆਰ ਹੋ ਜਾਂਦੇ ਸਨ।



Sri Satguru Jagjit Singh Ji Elibrary NamdhariElibrary@gmail.com

## 11

# ਦਲ ਖਾਲਸਾ

### ਦਲ ਖਾਲਸਾ

29 ਮਾਰਚ, 1748 ਨੂੰ ਦਲ ਖਾਲਸਾ ਕਾਇਮ ਹੋਇਆ। ਮੀਰ ਮੰਨੂੰ ਦੇ ਸ਼ਾਸ਼ਨ ਕਾਲ ਵਿੱਚ ਹੀ ਸਿੱਖਾਂ ਨੇ ਛੋਟੇ-ਛੋਟੇ ਜੱਥਿਆਂ ਦੇ ਰੂਪ ਵਿੱਚ ਆਪਣੇ ਆਪ ਨੂੰ ਯੁੱਧ ਕਲਾ ਵਿੱਚ ਪਰਪੱਕ ਕਰ ਲਿਆ ਸੀ। ਬੜੇ ਸਿਰੜ ਨਾਲ ਉਹ ਦੁਸ਼ਮਣ ਦਾ ਟਾਕਰਾ ਕਰਦੇ ਸਨ। ਮੁਸਲਮਾਨ ਹਾਕਮਾਂ ਦੇ ਜ਼ੁਲਮ ਵਿਰੁੱਧ ਉਨ੍ਹਾਂ ਦੇ ਮਨ ਵਿੱਚ ਨਫ਼ਰਤ ਦੀ ਜਵਾਲਾ ਭੜਕ ਰਹੀ ਸੀ। 1746 ਦੇ ਛੋਟੇ ਘੱਲੂਘਾਰੇ ਵਿੱਚ ਉਨ੍ਹਾਂ ਨੇ ਬੜੀਆਂ ਮੁਸੀਬਤਾਂ ਝੱਲੀਆਂ ਸਨ। ਇਸ ਲਈ ਉਨ੍ਹਾਂ ਨੇ ਬੜੀ ਤੀਬਰਤਾ ਨਾਲ ਵੱਡੀ ਜੱਥੇਬੰਦੀ ਅਤੇ ਯੋਗ ਆਗੂ ਦੀ ਲੋੜ ਨੂੰ ਅਨੁਭਵ ਕੀਤਾ।

ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਦੇ ਜਥੇਬੰਦਕ ਸੰਗਰਾਮਾਂ ਤੋਂ ਉਨ੍ਹਾਂ ਨੂੰ ਇਸ ਨਾਜ਼ਕ ਘੜੀ ਆਪਣੇ ਆਪ ਨੂੰ ਜਥੇਬੰਦ ਕਰਨ ਲਈ ਪ੍ਰੇਰਨਾ ਮਿਲੀ।

ਵੱਖ-ਵੱਖ 65 ਜਥਿਆਂ ਨੂੰ ਇਕੱਠਾ ਕਰਨਾ ਜ਼ਰੂਰੀ ਸੀ, ਕਿਉਂ ਜੋ ਇਕੱਲੇ ਨੂੰ ਉਹ ਆਪਸ ਵਿੱਚ ਹੀ ਖੋਬੜ ਸਕਦੇ ਸਨ। ਉਨ੍ਹਾਂ ਜੱਸਾ ਸਿੰਘ ਆਹਲੂਵਾਲੀਆ ਵਰਗਾ ਨੇਤਾ ਮਿਲ ਗਿਆ, ਜਿਸਨੇ ਨਵਾਬ ਕਪੂਰ ਸਿੰਘ ਤੋਂ ਫੌਜੀ ਸਿੱਖਿਆ ਪ੍ਰਾਪਤ ਕੀਤੀ ਸੀ। 29 ਮਾਰਚ, 1748 ਨੂੰ ਅੰਮ੍ਰਿਤਸਰ ਵਿੱਚ ਵਿਸਾਖੀ ਤੋਂ ਅਗਲੇ ਦਿਨ ਨਵਾਬ ਕਪੂਰ ਸਿੰਘ ਨੇ ਸਿੰਘਾਂ ਦੇ ਵੱਡੇ ਇਕੱਠ ਵਿੱਚ ਵੱਡੀ ਜਥੇਬੰਦੀ ਦੀ ਲੋੜ ਬਾਰੇ ਅਹਿਸਾਸ ਕਰਵਾਇਆ ਅਤੇ ਜੱਸਾ ਸਿੰਘ ਨੂੰ ਦਲ ਖਾਲਸੇ ਦਾ ਮੁੱਖ ਕਮਾਂਡਰ ਮੁਕੱਰਰ ਕੀਤਾ। 11 ਹੋਰ ਮੁੱਖ ਸਰਦਾਰਾਂ ਦੇ ਅਧੀਨ ਵਿਸ਼ੇਸ਼ ਜਥੇ ਥਾਪੇ ਗਏ। ਪੰਜਾਬ ਦੇ ਇਤਿਹਾਸ ਵਿੱਚ ਇਨ੍ਹਾਂ ਜੱਥਿਆਂ ਨੂੰ ਪਿਛੋਂ ਸਿੱਖ ਮਿਸਲਾਂ ਕਰਕੇ ਵੀ ਜਾਣਿਆ ਜਾਂਦਾ ਰਿਹਾ ਹੈ। ਇਨ੍ਹਾਂ ਮਿਸਲਾਂ ਦੇ ਨਾਮ ਸਨ :

1. ਆਹਲੂਵਾਲੀਆ ਮਿਸਲ : ਇਸ ਦਾ ਨੇਤਾ ਜੱਸਾ ਸਿੰਘ ਆਹਲੂ ਵਾਲੀਆ ਸੀ, ਜੋ ਦਲ ਖਾਲਸਾ ਦਾ ਪ੍ਰਧਾਨ ਸੈਨਾਪਤੀ ਵੀ ਸੀ।
2. ਭੰਗੀ ਮਿਸਲ : ਜਥੇਦਾਰ ਹਰੀ ਸਿੰਘ



Sri Satguru Jagjit Singh Ji Elibrary NamdhariElibrary@gmail.com

3. ਡੱਲੇਵਾਲੀਆ ਮਿਸਲ : ਜਥੇਦਾਰ ਗੁਲਾਬ ਸਿੰਘ

[1]*4. ਫ਼ੈਜ਼ਲਪੁਰੀਆ ਮਿਸਲ : ਜਥੇਦਾਰ ਨਵਾਬ ਕਪੂਰ ਸਿੰਘ

5. ਕਨ੍ਹਈਆ ਮਿਸਲ : ਜਥੇਦਾਰ ਜੈ ਸਿੰਘ

6. ਕਰੋੜ ਸਿੰਘੀਆ ਮਿਸਲ : ਜਿਸਦਾ ਸਰਦਾਰ ਜੱਥੇਦਾਰ ਕਰੋੜ ਸਿੰਘ

7. ਨਕੱਈ ਮਿਸਲ : ਜੱਥੇਦਾਰ ਹੀਰਾ ਸਿੰਘ ਨੇਕੱਈ

8. ਨਿਸ਼ਾਨਵਾਲੀਆ ਮਿਸਲ : ਜੱਥੇਦਾਰ ਦਸੌਂਧਾ ਸਿੰਘ, ਦਲ ਖਾਲਸੇ ਦਾ ਝੰਡਾ ਬਰਦਾਰ

9. ਰਾਮਗੜ੍ਹੀਆ ਮਿਸਲ : ਜੱਥੇਦਾਰ ਨੰਦ ਸਿੰਘ ਸੰਘਾਣੀਆ

10. ਸ਼ਹੀਦੀ ਮਿਸਲ : ਜੱਥੇਦਾਰ ਬਾਬਾ ਦੀਪ ਸਿੰਘ

11. ਸ਼ੁਕਰਚਕੀਆ ਮਿਸਲ : ਜਥੇਦਾਰ ਨੌਧ ਸਿੰਘ

12. ਫੁਲਕੀਆ ਮਿਸਲ : ਜਥੇਦਾਰ ਬਾਬਾ ਆਲਾ ਸਿੰਘ (ਨਾਭਾ, ਪਟਿਆਲਾ, ਜੀਂਦ ਆਦਿ ਸਿੱਖ ਰਿਆਸਤਾਂ ਸ਼ਾਮਿਲ ਸਨ)

### ਦਲ ਖਾਲਸਾਂ ਦਾ ਵਿਧਾਨ

ਪੰਜਾਬ ਦੇ ਅਨਪੜ੍ਹ ਜੱਟਾਂ ਅਤੇ ਦਸਤਕਾਰਾਂ ਕੋਲੋਂ ਦਲ ਖਾਲਸਾ ਦੇ ਸੰਬੰਧ ਵਿੱਚ ਕਿਸੇ ਪ੍ਰਮਾਣਿਕ ਲਿਖਤੀ ਵਿਧਾਨ ਦੀ ਆਸ ਨਹੀਂ ਸੀ ਰੱਖੀ ਜਾ ਸਕਦੀ। ਦਲ ਖਾਲਸਾ ਵਿੱਚ ਹਰ ਕੋਈ ਆਪਣੀ ਮਰਜ਼ੀ ਨਾਲ ਸ਼ਾਮਲ ਹੋ ਸਕਦਾ ਸੀ। ਕੋਈ ਵੀ ਵਿਅਕਤੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਵਿੱਚ ਵਿਸ਼ਵਾਸ਼ ਰੱਖਦਾ ਸੀ, ਦਲ ਖਾਲਸੇ ਦਾ ਮੈਂਬਰ ਬਣ ਸਕਦਾ ਸੀ। ਆਪਣੇ ਧਰਮ ਦੀ ਰੱਖਿਆ ਅਤੇ ਜ਼ਾਲਮਾਂ ਨੂੰ ਸਬਕ ਸਿਖਾਉਣ ਲਈ ਇਹ ਜ਼ਰੂਰੀ ਸੀ ਕਿ ਦਲ ਖਾਲਸੇ ਵਿੱਚ ਸ਼ਾਮਲ ਹੋਇਆ ਜਾਵੇ। ਪਰ ਕਿਸੇ ਵੀ ਮਿਸਲਦਾਰ ਦੀ ਫ਼ੌਜ ਵਿੱਚ ਉਸੇ ਨੂੰ ਹੀ ਭਰਤੀ ਕੀਤਾ ਜਾਂਦਾ ਸੀ, ਜੋ ਚੰਗਾ ਘੋੜ ਸਵਾਰ ਅਤੇ ਯੁੱਧ ਕਲਾ ਵਿੱਚ ਅਤੇ ਸ਼ਸਤਰ ਚਲਾਉਣ ਵਿੱਚ ਮਾਹਿਰ ਹੋਵੇ।

ਨੀਵੀਆਂ ਜਾਤਾਂ ਦੇ ਲੋਕਾਂ ਨੂੰ ਵੀ ਅਧਿਕਾਰ ਸੀ ਕਿ ਉਹ ਇਸ ਸੈਨਾ ਵਿੱਚ ਯੋਗਤਾ ਅਨੁਸਾਰ ਸ਼ਾਮਲ ਹੋ ਸਕਣ।

ਜਦੋਂ ਕਿਸੇ ਸਾਂਝੇ ਦੁਸ਼ਮਣ ਦਾ ਮੁਕਾਬਲਾ ਕਰਨਾ ਹੋਵੇ ਤਾਂ ਉਸ ਵੇਲੇ ਸਾਰੇ ਭਿੰਨ-ਭਿੰਨ ਦਲਾਂ ਦੇ ਸੈਨਿਕ 'ਦਲ ਖਾਲਸਾ' ਅਖਵਾਉਂਦੇ ਸਨ। ਸਾਰੇ ਸਰਦਾਰਾਂ ਨੇ ਇਹ ਗੱਲ ਮੰਨ ਲਈ ਸੀ ਕਿ ਅਜਿਹੇ ਸਮੇਂ ਇੱਕ ਪ੍ਰਮੁੱਖ ਨੇਤਾ ਹੋਣਾ ਚਾਹੀਦਾ ਹੈ ਅਤੇ ਬਾਕੀ 11 ਸਰਦਾਰ ਜੰਗੀ ਕੌਂਸਲ ਦੇ ਸਲਾਹਕਾਰ ਮੈਂਬਰ ਹੁੰਦੇ ਸਨ। ਜਦੋਂ ਸਾਰੇ ਵਿਸਾਖੀ ਅਤੇ ਦੀਵਾਲੀ ਨੂੰ ਸਾਲ ਵਿੱਚ ਦੋ ਵਾਰ ਅੰਮ੍ਰਿਤਸਰ ਇਕੱਠੇ ਹੁੰਦੇ ਸਨ ਤਾਂ ਉਨ੍ਹਾਂ ਸਾਰਿਆਂ ਨੂੰ 'ਸਰਬੱਤ ਖਾਲਸਾ' ਕਿਹਾ ਜਾਂਦਾ ਸੀ।

---

[1]* ਇਸ ਦਾ ਨਾਮ ਬਾਅਦ ਵਿਚ ਸਿੰਘਪੁਰੀਆ ਪੈ ਗਿਆ



Sri Satguru Jagjit Singh Ji Elibrary NamdhariElibrary@gmail.com

ਅਜਿਹੇ ਸਮੇਂ ਪ੍ਰਮੁੱਖ ਨੇਤਾ ਦੀ ਸਰਪ੍ਰਸਤੀ ਵਿੱਚ ਸਾਰੇ ਮਿਲ ਕੇ ਗੁਰਮਤਾ ਪਾਸ ਕਰਦੇ ਸਨ, ਜੋ ਸਭ ਲਈ ਸਾਂਝੇ ਮਹੱਤਵ ਵਾਲਾ ਹੁੰਦਾ ਸੀ। ਇੱਕ ਧਾਰਮਿਕ ਜਥੇਬੰਦੀ ਬਣਾਈ ਜਾਂਦੀ ਸੀ, ਜੋ ਹਰ ਕਿਸੇ ਵੱਲੋਂ ਕੀਤੀਆਂ ਗਈਆਂ ਗਲਤ ਗੱਲਾਂ ਦਾ ਨਿਸਤਾਰਾ ਕਰਦੀ ਸੀ। ਵਿਸ਼ੇਸ਼ ਕਰਕੇ ਧਾਰਮਿਕ ਮਾਮਲਿਆਂ ਵਿੱਚ ਨਿਰਣੇ ਦਿੰਦੀ ਸੀ। ਇਹ ਸੰਮਤੀ ਨਵੇਂ ਬਣੇ ਸਿੱਖਾਂ ਨੂੰ ਪ੍ਰਵੇਸ਼ ਪੱਤਰ ਦਿੰਦੀ ਸੀ ਜਾਂ ਨਾਲ ਰਲਣ ਦੀ ਆਗਿਆ ਦਿੰਦੀ ਸੀ, ਜਿਨ੍ਹਾਂ ਨੇ ਧਾਰਮਿਕ ਸਿਧਾਂਤਾਂ ਦੀ ਅਵੱਗਿਆ ਕੀਤੀ ਹੁੰਦੀ, ਉਨ੍ਹਾਂ ਨੂੰ ਤਨਖਾਹ ਲਾਉਂਦੀ ਸੀ ਅਤੇ ਕਿਸੇ ਨੂੰ ਵੀ ਹਰਿਮੰਦਰ ਸਾਹਿਬ ਦੀ ਧਾਰਮਿਕ ਮਰਿਆਦਾ ਨੂੰ ਭੰਗ ਕਰਨ ਦੀ ਆਗਿਆ ਨਹੀਂ ਸੀ ਦਿੰਦੀ।

ਇਸ ਪ੍ਰਕਾਰ ਇਹ ਇੱਕ ਖੁੱਲ੍ਹਾ ਜਿਹਾ ਢਾਂਚਾ ਸੀ। ਦਲ ਖਾਲਸੇ ਦਾ ਨੇਤਾ ਧਾਰਮਿਕ ਸੰਸਥਾ ਅਤੇ ਰਾਜ ਦਾ ਮੁਖੀ ਹੁੰਦਾ ਸੀ। ਜਦੋਂ ਕੋਈ ਸੰਕਟ ਦੀ ਘੜੀ ਨਾ ਹੁੰਦੀ ਤਾਂ ਹਰ ਮਿਸਲ ਆਪਣਾ ਸੁਤੰਤਰ ਕਾਰ-ਵਿਹਾਰ ਚਲਾਉਂਦੀ ਸੀ। ਅਮਨ ਦੇ ਸਮੇਂ ਹਰ ਸਰਦਾਰ ਸੁਤੰਤਰ ਹੁੰਦਾ ਸੀ ਅਤੇ ਕਿਸੇ ਵੀ ਝਗੜੇ ਦੇ ਨਿਪਟਾਰੇ ਸਮੇਂ ਸਾਲਸ ਦਾ ਕੰਮ ਕਰਦਾ ਸੀ। ਉਸ ਸਰਦਾਰ ਦਾ ਉਨ੍ਹਾਂ ਸਾਥੀਆਂ ਉੱਤੇ ਨਿਰੰਕੁਸ਼ ਅਧਿਕਾਰ ਨਹੀਂ ਸੀ ਹੁੰਦਾ। ਉਹ, ਉਸ ਦਾ ਹੁਕਮ ਮੰਨਦੇ ਸਨ, ਪਰ ਉੱਥੋਂ ਤੱਕ ਜਿੱਥੋਂ ਤੱਕ ਕਿ ਸਾਰੇ ਪੰਥ ਜਾਂ ਸਾਰੀ ਮਿਸਲ ਜਾਂ ਉਨ੍ਹਾਂ ਸਭ ਦੇ ਹਿੱਤ ਵਿੱਚ ਹੁੰਦਾ ਸੀ। ਇਸ ਲਈ ਮੁਖੀ ਸਭ ਨਾਲ ਰਵਾਦਾਰੀ ਨਾਲ ਪੇਸ਼ ਆਉਂਦੇ ਸਨ। ਮਿਸਲ ਦਾ ਮੁੱਖੀ ਸਭ ਨੂੰ ਅਨੁਸ਼ਾਸ਼ਨ ਵਿੱਚ ਰੱਖਦਾ ਸੀ, ਪਰ ਜਦੋਂ ਕਦੀ ਆਪਸ ਵਿੱਚ ਨਾਇਤਫ਼ਾਕੀ ਹੋ ਜਾਂਦੀ ਤਾਂ ਉਹ ਮੈਂਬਰ ਖੁਸ਼ੀ ਨਾਲ ਉਸ ਮਿਸਲ ਨੂੰ ਛੱਡ ਕੇ ਦੂਜੀ ਮਿਸਲ ਵਿੱਚ ਜਾ ਸਕਦਾ ਸੀ। ਦੂਜੇ ਮਿਸਲਦਾਰ ਉਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਂਦੇ ਸਨ। ਇਸ ਲਈ ਦਲ ਖਾਲਸੇ ਦਾ ਹਰ ਕੋਈ ਮੈਂਬਰ ਹਰ ਤਰ੍ਹਾਂ ਦੇ ਜ਼ੁਲਮ ਅਤੇ ਰੋਹਬ ਤੋਂ ਮੁਕਤ ਸੀ। ਹਰ ਘੋੜ ਸਵਾਰ ਆਪਣੀ ਸੁਤੰਤਰ ਹੈਸੀਅਤ ਰੱਖਦਾ ਸੀ। ਦਲ ਖਾਲਸਾ ਵਿੱਚ ਸੈਨਿਕਾਂ ਦੀ ਤਨਖਾਹ ਨਿਸ਼ਚਿਤ ਨਹੀਂ ਸੀ। ਲੁੱਟ-ਮਾਰ ਦਾ ਮਾਲ ਜਾਂ ਜਿੱਤੀ ਗਈ ਭੂਮੀ ਨਿਸ਼ਚਿਤ ਅਨੁਪਾਤ ਅਨੁਸਾਰ ਆਪਸ ਵਿੱਚ ਵੰਡ ਲਈ ਜਾਂਦੀ ਸੀ। ਉਨ੍ਹਾਂ ਵਿੱਚ ਵੱਡੇ-ਛੋਟੇ ਜਾਂ ਉਚ-ਨੀਚ ਦਾ ਕੋਈ ਭਿੰਨ-ਭੇਦ ਨਹੀਂ ਸੀ, ਕਿਉਂਕਿ ਸਾਰੇ 'ਪਾਹੁਲ' ਛੱਕ ਕੇ ਇਕੋ ਭਾਈਚਾਰੇ ਵਿੱਚ ਬੰਨੇ ਹੋਏ ਸਨ। ਇਸ ਤਰ੍ਹਾਂ ਨਾਲ ਉਨ੍ਹਾਂ ਦਾ ਚਰਿੱਤਰ ਅਤੇ ਕਰਨੀ ਲਗਭਗ ਇੱਕ ਸਮਾਨ ਸੀ। ਮਿਸਲਾਂ ਦੇ ਸਾਰੇ ਆਗੂ ਬੀਰ ਯੋਧੇ ਅਤੇ ਤੀਖਣ ਅੰਤਰ ਦ੍ਰਿਸ਼ਟੀ ਰੱਖਣ ਵਾਲੇ ਸਨ। ਹਰ ਕੋਈ ਸਿੱਖ ਸ਼ਕਤੀ ਦੇ ਸੰਗਠਨ ਤੇ ਨਿਰਮਾਣ ਵਿੱਚ ਬਲਵਾਨ ਉਸਰੱਈਆ ਸੀ। ਸਭ ਦੀਆਂ ਜਿੱਤਾਂ-ਹਾਰਾਂ ਅਤੇ ਪ੍ਰਾਪਤੀਆਂ ਸਾਂਝੀਆਂ ਸਨ। ਸਾਂਝਾ ਨੁਕਤਾ



Sri Satguru Jagjit Singh Ji Elibrary NamdhariElibrary@gmail.com

ਇਹ ਸੀ ਕਿ ਮਿਸਲਾਂ ਦੀ ਸੈਨਾ ਕਿਸੇ ਬਾਦਸ਼ਾਹ ਵੱਲੋਂ ਜਾਂ ਕਿਸੇ ਹੋਰ ਅਧਿਕਾਰੀ ਵੱਲੋਂ ਭਰਤੀ ਕੀਤੀ ਗਈ ਨਹੀਂ ਸੀ। ਇਹ ਸੈਨਾ ਸਰਦਾਰਾਂ ਦੀ ਬਣਾਈ ਹੋਈ ਨਹੀਂ ਸੀ, ਸਗੋਂ ਸੈਨਿਕਾਂ ਦੀ ਸ੍ਵੈ-ਇੱਛਾ ਨਾਲ ਬਣਿਆ ਹੋਇਆ ਸੰਗਠਨ ਸੀ, ਭਾਵੇਂ ਪਿੱਛੋਂ ਜਾ ਕੇ ਸਰਦਾਰਾਂ ਨੇ ਵੰਸ਼ਗਤ ਰੂਪ ਵੀ ਧਾਰਨ ਕਰ ਲਿਆ।

ਸਿੱਖਾਂ ਨੇ ਅਨੁਭਵ ਕਰ ਲਿਆ ਸੀ ਕਿ ਆਪਣੇ ਆਗੂ ਦਾ ਹੁਕਮ ਮੰਨਣਾ ਧਾਰਮਿਕ ਕਾਰਜ ਹੈ ਅਤੇ ਇਹ ਗੁਰੂ ਦੇ ਹੁਕਮ ਅਨੁਸਾਰ ਹੈ, ਜੋ ਪੰਥ ਨੇ ਉਨ੍ਹਾਂ ਉੱਤੇ ਲਾਗੂ ਕੀਤਾ ਹੈ ਅਤੇ ਪੰਥ ਗੁਰੂ ਦਾ ਆਪਣਾ ਨਿੱਜ ਸਰੂਪ ਹੈ। ਇਸ ਲਈ ਜਿਹੜੀ ਵੀ ਕੁਰਬਾਨੀ ਪੰਥ ਲਈ ਕੀਤੀ ਜਾਵੇਗੀ, ਉਹ ਗੁਰੂ ਜੀ ਦੀ ਹੀ ਸੇਵਾ ਹੋਵੇਗੀ। ਇਸ ਇਕੋ ਨਿਸ਼ਾਨੇ ਨੇ ਉਨ੍ਹਾਂ ਨੂੰ ਆਪਣੇ ਸਮੇਂ ਦੀ ਸਭ ਤੋਂ ਤਾਕਤਵਰ ਸੈਨਿਕ ਸ਼ਕਤੀ ਬਣਾ ਦਿੱਤਾ, ਜਿਸਨੇ ਰਾਜਨੀਤਿਕ ਸ਼ਕਤੀ ਦੇ ਰੂਪ ਵਿੱਚ ਉਭਰਨ ਲਈ ਉਨ੍ਹਾਂ ਦਾ ਰਾਹ ਪੱਧਰਾ ਕਰ ਦਿੱਤਾ।

ਸਿੱਖ ਇਤਿਹਾਸ ਵਿੱਚ 'ਦਲ ਖਾਲਸਾ' ਦਾ ਬਣਨਾ ਇੱਕ ਮਹੱਤਵਪੂਰਨ ਘਟਨਾ ਸੀ, ਕਿਉਂ ਜੋ ਇਸ ਨੇ 33 ਸਾਲਾਂ ਪਿਛੋਂ ਉਨ੍ਹਾਂ ਨੂੰ ਮੁੜ ਇੱਕ ਜੱਥੇਬੰਦੀ ਵਿੱਚ ਸੰਗਠਿਤ ਕਰ ਦਿੱਤਾ।

[1*]ਹਰੀ ਰਾਮ ਗੁਪਤਾ ਅਨੁਸਾਰ, ਖਾਲਸੇ ਦੀ ਪਹਿਲੀ ਸੈਨਿਕ ਜਥੇਬੰਦੀ ਗੁਰੂ ਗੋਬਿੰਦ ਸਿੰਘ ਵੱਲੋਂ 1699 ਈਸਵੀ ਵਿੱਚ ਬਣਾਈ ਗਈ ਸੀ, ਜੋ 1704 ਵਿੱਚ ਉਨ੍ਹਾਂ ਦੇ ਅਨੰਦਪੁਰ ਛੱਡਣ ਤੋਂ ਪਿਛੋਂ ਭੰਗ ਹੋ ਗਈ ਸੀ। ਇਹ 5,000 ਦੀ ਸੈਨਾ ਸੀ।

ਦੂਜਾ ਸੈਨਿਕ ਸੰਗਠਨ ਜੋ ਬਾਬਾ ਬੰਦਾ ਬਹਾਦਰ ਨੇ 1709 ਵਿੱਚ ਜੱਥੇਬੰਦ ਕੀਤਾ ਸੀ, ਜਿਸ ਦੀ ਨਫਰੀ 14,000 ਸੀ। ਇਹ ਵੀ 1715 ਵਿੱਚ ਗੁਰਦਾਸ ਨੰਗਲ ਦੀ ਹਾਰ ਪਿਛੋਂ ਟੁੱਟ ਗਈ। ਜ਼ਕਰੀਆ ਖ਼ਾਂ ਦੇ ਕਾਲ ਵਿੱਚ 1733 ਵਿੱਚ ਖ਼ਾਲਸੇ ਨੇ ਤਰੁਣਾ ਦਲ ਤੇ ਬੁੱਢਾ ਦਲ ਦੋ ਸੰਗਠਨ ਜ਼ਰੂਰ ਕਾਇਮ ਕਰ ਲਏ ਸਨ, ਪਰ ਪਿਛੋਂ ਮੁਗਲ ਹਾਕਮਾਂ ਵੱਲੋਂ ਕੀਤੇ ਗਏ ਤਸ਼ੱਦਦ ਦੇ ਕਾਰਨ ਇਹ ਸੰਗਠਨ ਸਥਾਈ ਰੂਪ ਨਾ ਧਾਰਨ ਕਰ ਸਕੇ।

ਤੀਜੀ ਵਿਆਪਕ ਰੂਪ ਦੀ ਜਥੇਬੰਦੀ 1748 ਵਿੱਚ 'ਦਲ ਖਾਲਸਾ' ਦੇ ਰੂਪ ਵਿੱਚ ਬਣੀ, ਜੋ ਅਠਾਰਵੀਂ ਸਦੀ ਦੇ ਅੰਤ ਤੱਕ ਸਿੱਖ ਮਿਸਲਾਂ ਦੇ ਰੂਪ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ਾ ਕਰਨ ਸਮੇਂ ਤੱਕ ਕਾਇਮ ਰਹੀ। ਦਲ ਖਾਲਸੇ ਨੂੰ ਵੱਖ-ਵੱਖ ਲੇਖਕਾਂ ਨੇ ਭਿੰਨ-ਭਿੰਨ ਨਾਮਾਂ ਨਾਲ ਸੰਬੋਧਿਤ ਕੀਤਾ ਹੈ, ਕਿਸੇ ਨੇ ਦਲ ਖਾਲਸਾ, ਕਿਸੇ ਨੇ ਸਿੰਘਾਂ ਦਾ ਦਲ, ਰਾਸ਼ਟਰ ਮੰਡਲ, ਕਿਸੇ ਨੇ ਖਾਲਸੇ ਦਾ ਦਲ ਆਦਿ ਵੀ ਕਿਹਾ ਹੈ। ਪਰ ਅਸਲ ਵਿੱਚ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 95



Sri Satguru Jagjit Singh Ji Elibrary NamdhariElibrary@gmail.com

ਇਹ ਵਿਭਿੰਨ ਮਿਸਲਾਂ ਜਿਨ੍ਹਾਂ ਦੇ ਅਧੀਨ ਇਹ ਸੈਨਿਕ ਜੱਥੇ ਹੁੰਦੇ ਸਨ ਅਤੇ ਕੁਝ ਇਲਾਕੇ ਵੀ ਮੱਲ੍ਹੇ ਹੁੰਦੇ ਸਨ। ਉਨ੍ਹਾਂ ਦਾ ਇੱਕ ਖੁੱਲ੍ਹਾ ਜਿਹਾ ਰਾਸ਼ਟਰ ਮੰਡਲ ਜਾਂ ਗਣਆਤਮਿਕ ਢਾਂਚਾ (Loss Federal Unit) ਸੀ, ਜਿਸ ਵਿੱਚ ਸਾਮੰਤਸ਼ਾਹੀ ਜਾਗੀਰਦਾਰੀ-ਪ੍ਰਥਾ ਦੇ ਟਾਕਰੇ ਉੱਤੇ ਲੋਕਤੰਤਰੀ ਭਾਵਨਾ ਵਧੇਰੇ ਵਿਆਪਕ ਸੀ। ਇਨ੍ਹਾਂ ਨੂੰ ਛੋਟੇ ਗਣਰਾਜ ਜਾਂ ਜਣ ਪਦੇ ਕਹਿਣਾ ਵੀ ਅਣਉੱਚਿਤ ਨਹੀਂ ਹੋਵੇਗਾ। ਇਹੋ ਕਾਰਨ ਹੈ ਕਿ ਇਹ ਮਿਸਲਾਂ ਮੁਗਲਾਂ ਦੇ ਸਾਮਰਾਜਵਾਦੀ ਸ਼ਾਸ਼ਣ ਅਤੇ ਪਿਛੋਂ ਦੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਇੱਕ ਪੁਰਖੀ ਸ਼ਾਸ਼ਨ ਦੀ ਤੁਲਨਾ ਵਿੱਚ ਵਧੇਰੇ ਪ੍ਰਜਾਤੰਤਰੀ ਸੁਭਾ ਵਾਲੀਆਂ ਸਨ।

ਮੀਰ ਮੰਨੂੰ ਦੀ ਮੌਤ 1753 ਤੋਂ 1757 ਤੱਕ ਦੇ ਚੌਹਾਂ ਸਾਲਾਂ ਵਿੱਚ ਪੰਜਾਬ ਵਿੱਚ ਅਜਿਹੀ ਗੜਬੜ ਅਤੇ ਹਨੇਰਗਰਦੀ ਦੀ ਹਾਲਤ ਬਣੀ ਰਹੀ, ਜਿਸ ਵਿੱਚ ਸਿੰਘਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਆਪਣੇ ਆਪ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦਾ ਮੌਕਾ ਮਿਲ ਗਿਆ। ਦਿੱਲੀ ਦਰਬਾਰ ਵਿੱਚ ਅਮੀਰਾਂ ਵਜ਼ੀਰਾਂ ਦੀ ਖਿਚੋਤਾਣ ਅਤੇ ਧੜੇਬੰਦੀ ਪੰਜਾਬ ਦੀ ਕੋਈ ਵੀ ਸਹਾਇਤਾ ਕਰ ਸਕਣ ਤੋਂ ਅਸਮਰੱਥ ਸੀ। ਦੂਜੇ ਬੰਨੇ ਅਹਿਮਦ ਸ਼ਾਹ ਦੁਰਾਨੀ ਕਾਬਲ ਵਿੱਚ ਆਪਣੀ ਨਵੀਂ ਬਣੀ ਸਲਤਨਤ ਵਿਚਲੀ ਗੜਬੜ ਨੂੰ ਦਬਾਉਣ ਵਿੱਚ ਰੁੱਝਾ ਹੋਇਆ ਸੀ। ਇਸ ਲਈ ਕਦੀ ਕਦਾਈ ਹੀ ਲਾਹੌਰ ਸਰਕਾਰ ਦੀ ਕੋਈ ਸਹਾਇਤਾ ਕੀਤੀ ਗਈ।

ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੇ ਆਪਣੇ ਤਿੰਨ ਸਾਲ ਦੇ ਬੇਟੇ ਅਹਿਮਦ ਖ਼ਾਂ ਨੂੰ ਪੰਜਾਬ ਦਾ ਸੂਬੇਦਾਰ ਅਤੇ ਮੀਰ ਮੰਨੂੰ ਦੇ 2 ਸਾਲ ਦੇ ਬੇਟੇ ਮੁਹੰਮਦ ਆਮੀਨ ਖ਼ਾਂ ਨੂੰ ਉਸਦਾ ਨਾਇਬ ਥਾਪ ਕੇ ਦੋਹਾਂ ਲਈ ਖਿਲਅਤਾਂ ਭੇਜ ਦਿੱਤੀਆਂ। ਮੀਰ ਜੈਮਲ-ਉਦ-ਦੀਨ ਖ਼ਾਂ ਦੇ ਰਾਹੀਂ ਇਹ ਖਿਲਅਤਾਂ ਭੇਜੀਆਂ ਗਈਆਂ। ਪੰਜਾਬ ਦਾ ਵਾਸਤਵਿਕ ਪ੍ਰਬੰਧ ਮੁਮੀਨ ਖ਼ਾਂ ਨੂੰ ਸੌਂਪਿਆ ਗਿਆ।

ਪਰ ਇਸ ਸਮੇਂ ਪੰਜਾਬ ਦਿੱਲੀ ਸਰਕਾਰ ਦੀ ਥਾਂ ਅਫ਼ਗਾਨਿਸਤਾਨ ਦੇ ਅਧੀਨ ਸੀ। ਮੀਰ ਮੰਨੂੰ ਦੀ ਵਿਧਵਾ ਮੁਗਲਾਨੀ ਬੇਗਮ ਇਸ ਪ੍ਰਬੰਧ ਨਾਲ ਸੰਤੁਸ਼ਟ ਨਹੀਂ ਸੀ। ਉਸਨੇ ਅਤੇ ਮੁਮੀਨ ਖਾਂ ਦੋਹਾਂ ਨੇ ਕਾਬਲ ਤੋਂ ਇਨ੍ਹਾਂ ਨਿਯੁਕਤੀਆਂ ਦੀ ਪੁਸ਼ਟੀ ਕਰਨ ਦਾ ਯਤਨ ਕੀਤਾ ਅਤੇ ਇਸ ਦੇ ਮਿਲ ਜਾਣ ਉੱਤੇ ਲਾਹੌਰ ਵਿੱਚ ਬੜੇ ਜਸ਼ਨ ਮਨਾਏ ਗਏ।

ਉਸਦੇ ਇੱਕ ਤੁਰਕੀ ਜਰਨੈਲ ਭਿਖਾਰੀ ਖਾਨ (ਰੋਸ਼ਨ ਉਦ-ਦੌਲਾ) ਨੇ ਬਗਾਵਤ ਕਰ ਦਿੱਤੀ, ਪਰ ਮੀਰ ਮੰਨੂੰ ਦੀ ਵਿਧਵਾ ਮੁਗਲਾਨੀ ਬੇਗਮ ਨੇ ਦੂਜੇ ਤੁਰਕ ਸਰਦਾਰਾਂ ਦੀ ਸਹਾਇਤਾ ਨਾਲ ਸੂਬੇ ਨੂੰ ਖਾਨਾਜੰਗੀ ਤੋਂ ਬਚਾ ਲਿਆ। ਮੁਹੰਮਦ ਆਮੀਨ ਖਾਨ ਦੀ ਮੌਤ ਪਿਛੋਂ ਮੁਗਲਾਨੀ ਬੇਗਮ ਦੇ ਹੱਥ ਸਾਰੀ ਤਾਕਤ



Sri Satguru Jagjit Singh Ji Elibrary NamdhariElibrary@gmail.com

ਆ ਗਈ। ਤਿੰਨਾਂ ਸਾਲਾਂ ਦੇ ਗਵਰਨਰ ਮੁਹੰਮਦ ਆਮੀਨ ਖ਼ਾਂ ਦੀ ਮੌਤ ਜ਼ਹਿਰ ਦੇਣ ਕਾਰਨ ਹੋਈ, ਫਿਰ ਦਿੱਲੀ ਦੇ ਬਾਦਸ਼ਾਹ ਆਲਮਗੀਰ-II ਨੇ ਮੁਮੀਨ ਖ਼ਾਂ ਨੂੰ 25 ਅਕਤੂਬਰ, 1754 ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ, ਪਰ ਮੁਗਲਾਨੀ ਬੇਗਮ ਨੇ ਉਸਦੀ ਕੋਈ ਪੇਸ਼ ਨਾ ਜਾਣ ਦਿੱਤੀ ਅਤੇ ਸਾਰੀ ਸ਼ਕਤੀ ਆਪਣੇ ਹੱਥਾਂ ਵਿੱਚ ਲੈ ਲਈ।

ਪਰ ਹਕੂਮਤ ਦੀ ਵਾਗਡੋਰ ਸੰਭਾਲਦਿਆਂ ਹੀ ਉਸ ਵਿੱਚ ਔਰਤਾਂ ਵਾਲੀਆਂ ਸਾਰੀਆਂ ਕਮਜ਼ੋਰੀਆਂ ਪ੍ਰਗਟ ਹੋਣ ਲੱਗ ਪਈਆਂ। ਉਸ ਦੀਆਂ ਹਿਜੜਿਆਂ ਨਾਲ ਰੰਗ-ਰਲੀਆਂ ਦੀਆਂ ਕਹਾਣੀਆਂ ਨਸ਼ਰ ਹੋਣ ਲੱਗ ਪਈਆਂ ਅਤੇ ਲਾਹੌਰ ਵਿੱਚ ਖੁਸਰਿਆਂ ਦਾ ਰਾਜ ਹੋ ਗਿਆ। ਇੱਥੋਂ ਤੱਕ ਕਿ ਦੀਵਾਨ ਬਖ਼ਸ਼ੀ ਵਰਗੇ ਅਹਿਲਕਾਰਾਂ ਨੂੰ ਵੀ ਡਿਊਢੀ ਵਿੱਚ ਖੜ੍ਹੇ ਕੇ ਬੇਗਮ ਦੇ ਹੁਕਮਾਂ ਦੀ ਉਡੀਕ ਕਰਨੀ ਪੈਂਦੀ ਸੀ। ਉਸਦੇ ਹਿਜੜਿਆਂ ਦੇ ਮੰਡਲ ਵਿੱਚ ਸਰਬ ਸੰਮਤੀ ਘੱਟ ਹੀ ਹੁੰਦੀ ਸੀ, ਰਾਜ ਦੇ ਹੋਰ ਤੁਰਕ ਸਰਦਾਰਾਂ ਜੋ ਬੇਗਮ ਦੇ ਪਤੀ ਅਤੇ ਉਸਦੇ ਪਿਉ ਦਾਦੇ ਦੇ ਖਾਨਦਾਨਾ ਵਿੱਚੋਂ ਸਨ, ਬੇਗਮ ਦੀ ਹੁਕਮ ਅਦੂਲੀ ਕਰਨ ਲੱਗ ਪਏ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਉਹ ਆਪਣੇ-ਆਪਣੇ ਵੱਖਰੇ ਇਲਾਕੇ ਮੱਲ ਲੈਣਗੇ ਅਤੇ ਬੇਗਮ ਨਾਲੋਂ ਕਿਤੇ ਚੰਗੀ ਹਕੂਮਤ ਪ੍ਰਜਾ ਨੂੰ ਦੇ ਸਕਣਗੇ।

ਭਿਖਾਰੀ ਖਾਨ, ਜਿਸਨੇ ਮੁਗਲਾਨੀ ਬੇਗਮ ਦੀ ਸਹਾਇਤਾ ਕੀਤੀ ਸੀ, ਨੂੰ ਪੱਟੀ ਦੇ ਪਰਗਨੇ ਦਾ ਫ਼ੌਜਦਾਰ ਮੁਕੱਰਰ ਕੀਤਾ ਗਿਆ। 15 ਸਾਲ ਦੇ ਕਾਸਿਮ ਖ਼ਾਂ ਨੂੰ ਬੇਗਮ ਆਪਣਾ ਪੁੱਤਰ ਸਮਝਦੀ ਸੀ, ਉਸਨੂੰ ਕਾਫ਼ੀ ਫ਼ੌਜ ਅਤੇ ਤੋਪਾਂ ਅਤੇ ਮਾਲ-ਖਜ਼ਾਨਾ ਦੇ ਕੇ ਪੱਟੀ ਵੱਲ ਭਿਖਾਰੀ ਖ਼ਾਂ ਦੀ ਬਗਾਵਤ ਨੂੰ ਦਬਾਉਣ ਲਈ ਭੇਜਿਆ ਗਿਆ, ਪਰ ਉਸਨੇ ਲਾਹੌਰ ਤੋਂ 6 ਕਿਲੋਮੀਟਰ ਦੀ ਦੂਰੀ ਤੇ ਹੀ ਲਖਪਤ ਰਾਏ ਦੇ ਬਾਗ ਵਿੱਚ ਡੇਰੇ ਲਾ ਲਏ ਅਤੇ ਰਾਤ ਨੂੰ ਰੰਗ-ਤਮਾਸ਼ੇ ਵਿੱਚ ਡੁੱਬ ਗਿਆ। ਸਿੰਘਾਂ ਨੇ ਰੋਜ਼ ਸਵੇਰੇ-ਸ਼ਾਮ ਉਸਦੀ ਸੈਨਾ ਉੱਤੇ ਛਾਪੇਮਾਰ ਹੱਲੇ ਬੋਲਣੇ ਸ਼ੁਰੂ ਕਰ ਦਿੱਤੇ, ਉਸਨੇ ਅਗਲਾ ਮੁਕਾਮ ਚਪਵਾਲ ਕੀਤਾ, ਪਰ ਸਿੰਘਾਂ ਦੇ ਹਮਲੇ ਉਸੇ ਤਰ੍ਹਾਂ ਜਾਰੀ ਰਹੇ। ਅੰਤ ਉਹ ਬਿਨਾਂ ਕਿਸੇ ਸਫ਼ਲਤਾ ਦੇ ਕਾਫੀ ਨੁਕਸਾਨ ਕਰਾ ਕੇ ਅਤੇ ਬਹੁਤ ਸਾਰਾ ਮਾਲ ਖਜ਼ਾਨਾ ਅਤੇ ਹਥਿਆਰ ਆਦਿ ਸਿੱਖਾਂ ਦੇ ਹਵਾਲੇ ਕਰਕੇ ਵਾਪਿਸ ਆ ਗਿਆ। ਲਾਹੌਰ ਆ ਕੇ ਦਮਗਜੇ ਮਾਰਨ ਲੱਗਾ ਕਿ ਉਸਨੇ ਸਿੰਘਾਂ ਨਾਲ ਸੁਲ੍ਹਾ ਕਰ ਲਈ ਹੈ ਅਤੇ ਉਹ ਹੁਣ ਉਨ੍ਹਾਂ ਦੀ ਸਹਾਇਤਾ ਨਾਲ ਦਿੱਲੀ ਦਾ ਬਾਦਸ਼ਾਹ ਬਣ ਜਾਵੇਗਾ। ਕਾਸਿਮ ਖ਼ਾਂ ਨੇ ਬਹੁਤ ਸਾਰਾ ਮਾਲ ਖਜ਼ਾਨਾ ਅਤੇ ਅਸਲਾ ਸਿੰਘਾਂ ਨੂੰ ਦੇ ਦਿੱਤਾ ਹੈ, ਪਰ ਉਸਦੇ ਆਪਣੇ ਸਿਪਾਹੀਆਂ ਦੀ ਤਲਬ ਤਾਰਨ ਲਈ ਉਸ ਕੋਲ ਕੋਈ ਪੈਸਾ ਨਹੀਂ ਸੀ ਬਚਿਆ। ਉਸਦੇ ਸਿਪਾਹੀਆਂ ਨੇ ਉਸਦੇ ਤੰਬੂ ਦੇ ਰੱਸੇ ਕਟ ਦਿੱਤੇ ਅਤੇ ਉਸਨੂੰ ਧੂਹ ਕੇ



Sri Satguru Jagjit Singh Ji Elibrary NamdhariElibrary@gmail.com

ਬੇਗਮ ਕੋਲ ਲੈ ਗਏ, ਜਿਸਨੇ ਉਸਨੂੰ ਆਪਣੇ ਮਹਿਲ ਵਿੱਚ ਸ਼ਰਨ ਦੇ ਦਿੱਤੀ। ਇਸ ਮੁਹਿੰਮ ਵਿੱਚ ਇੱਕ ਵਾਰ ਤਾਂ 3 ਘੋੜ ਚੜੇ ਸਿੰਘਾਂ ਨੇ ਮੁਗਲਾਂ ਦੀ ਪੂਰੀ ਪਲਟਨ ਨੂੰ ਅੱਗੇ ਲਾ ਲਿਆ ਸੀ।

ਸੂਬੇ ਦੇ ਉੱਚ ਅਧਿਕਾਰੀ ਜੋ ਮੁਗਲਾਨੀ ਬੇਗਮ ਦੇ ਪਤੀ ਮੀਰ ਮੰਨੂੰ ਦੇ ਤੁਰਕ ਕੁਟੰਬ ਕਬੀਲਿਆਂ ਵਿੱਚੋਂ ਹੀ ਸਨ, ਬੇਗਮ ਦੇ ਵਿਰੁੱਧ ਹੋ ਗਏ। ਉਨ੍ਹਾਂ ਵੱਲੋਂ ਦਿੱਲੀ ਦਰਬਾਰ ਨੂੰ ਕੀਤੀ ਗਈ ਸ਼ਿਕਾਇਤ ਦੇ ਆਧਾਰ ਤੇ ਖਵਾਜ਼ਾ ਮਿਰਜ਼ਾ ਖ਼ਾਂ ਨੂੰ ਲਾਹੌਰ ਭੇਜਿਆ ਗਿਆ। ਉਸਨੇ ਬੇਗਮ ਨੂੰ ਕੈਦ ਕਰ ਲਿਆ ਅਤੇ ਆਪ ਲਾਹੌਰ ਦਾ ਗਵਰਨਰ ਬਣ ਬੈਠਾ, ਪਰ ਬੇਗਮ ਨੇ ਚਲਾਕੀ ਨਾਲ ਆਪਣੇ ਮਾਮੇ ਖਵਾਜ਼ਾ ਅਬਦੁੱਲਾ ਖ਼ਾਂ ਨੂੰ ਅਹਿਮਦ ਸ਼ਾਹ ਦੁਰਾਨੀ ਕੋਲ ਭੇਜ ਦਿੱਤਾ ਅਤੇ ਉਸਨੂੰ ਮੁੜ ਪੰਜਾਬ ਤੇ ਹਮਲਾ ਕਰਨ ਲਈ ਉਕਸਾਇਆ ਅਤੇ ਇਹ ਕਹਿ ਭੇਜਿਆ ਕਿ ਮੈਨੂੰ ਮੁਗਲਾਂ ਦੇ ਦੱਬੇ ਕੀਮਤੀ ਖ਼ਜ਼ਾਨਿਆਂ ਦਾ ਪਤਾ ਹੈ। ਜੁਲਾਈ 1755 ਵਿੱਚ ਅਬਦੁੱਲਾ ਖ਼ਾਂ ਨੇ ਬੇਗਮ ਨੂੰ ਆਪਣੀ ਮਾਂ ਦੇ ਘਰ ਨਜ਼ਰਬੰਦ ਕਰ ਦਿੱਤਾ ਅਤੇ ਆਪ ਲਾਹੌਰ ਦਾ ਗਵਰਨਰ ਬਣ ਬੈਠਾ। ਅਬਦੁੱਲਾ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰਕੇ ਪ੍ਰਜਾ, ਜਿਸ ਵਿੱਚ ਹਿੰਦੂ ਮੁਸਲਮਾਨ ਦੋਵੇਂ ਸ਼ਾਮਲ ਸਨ, ਦੀ ਖ਼ੂਬ ਲੁੱਟ ਮਾਰ ਕੀਤੀ, ਜਿਸ ਨਾਲ ਮਹਿੰਗਾਈ ਬਹੁਤ ਵਧ ਗਈ। ਇਸ ਦੌਰਾਨ ਅਦੀਨਾ ਬੇਗ ਨੇ ਵੱਡਾ ਲਸ਼ਕਰ ਜੋੜ ਕੇ ਲਾਹੌਰ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਅਬਦੁੱਲਾ ਖ਼ਾਂ ਭੱਜ ਗਿਆ ਅਤੇ ਉਸਨੇ ਸਾਦਿਕ ਬੇਗ ਖ਼ਾਂ ਨੂੰ ਆਪਣੇ ਨਾਇਬ ਵਜੋਂ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ। ਅਹਿਮਦਸ਼ਾਹ ਦੁਰਾਨੀ ਵੱਲੋਂ ਬੇਗਮ ਦੀ ਮਦਦ ਲਈ ਜਹਾਨ ਖ਼ਾਂ ਦੇ ਆਉਣ ਕਰਕੇ ਸਾਦਿਕ ਬੇਗ ਲਾਹੌਰ ਛੱਡ ਗਿਆ ਅਤੇ ਬੇਗਮ ਮੁੜ ਲਾਹੌਰ ਦੀ ਗਵਰਨਰ ਬਣ ਗਈ। ਮਾਰਚ, 1756 ਵਿੱਚ ਦਿੱਲੀ ਦੇ ਵਜ਼ੀਰ ਇਮਾਦ-ਉਲ-ਮੁਲਕ ਨੇ ਬੇਗਮ ਨੂੰ ਕੈਦ ਕਰ ਲਿਆ। ਉਸਦੀ ਜ਼ਾਇਦਾਦ ਜ਼ਬਤ ਕਰ ਲਈ ਅਤੇ 30 ਲੱਖ ਸਾਲਾਨਾ ਇਵਜ਼ ਵਿੱਚ ਲਾਹੌਰ ਅਤੇ ਮੁਲਤਾਨ ਦੀ ਹਕੂਮਤ ਅਦੀਨਾ ਬੇਗ ਨੂੰ ਸੌਂਪ ਦਿੱਤੀ ਅਤੇ ਉਸਦੇ ਨਾਇਬ ਵੱਲੋਂ ਜੈਮਲ-ਉਦ-ਦੀਨ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ। 1756 ਵਿੱਚ ਖਵਾਜਾ ਅਬਦੁੱਲਾ ਨੇ ਦੁਰਾਨੀ ਦੇ ਲਸ਼ਕਰ ਨੂੰ ਨਾਲ ਲੈ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਜੈਮਲ-ਉਦ-ਦੀਨ ਖ਼ਾ ਨੂੰ ਲਾਹੌਰ ਤੋਂ ਭਜਾ ਕੇ ਆਪ ਲਾਹੌਰ ਦਾ ਗਵਰਨਰ ਬਣ ਬੈਠਾ।

ਮੀਰ ਮੰਨੂੰ ਦੀ ਮੌਤ 1753 ਤੋਂ ਲੈ ਕੇ 1756 ਤੱਕ ਲਾਹੌਰ ਦੇ 9 ਹਾਕਮ ਬਦਲੇ ਅਤੇ ਦੇਸ਼ ਵਿਚ ਲਾ-ਕਾਨੂੰਨੀ ਅਤੇ ਬਦ-ਅਮਨੀ ਦਾ ਮਾਹੌਲ ਬਣਿਆ ਰਿਹਾ। ਮੁਲਤਾਨ ਅਤੇ ਚਾਰ ਮਹਿਲ (ਔਰੰਗਾਬਾਦ, ਗੁਜਰਾਤ, ਸਿਆਲਕੋਟ ਅਤੇ ਪਸਰੂਰ) ਪਹਿਲਾਂ ਹੀ ਦੁਰਾਨੀ ਦੇ ਅਧੀਨ ਸਨ। ਅਦੀਨਾ ਬੇਗ ਵੀ ਆਪਣੀ



Sri Satguru Jagjit Singh Ji Elibrary NamdhariElibrary@gmail.com

ਸੁਤੰਤਰ ਹਕੂਮਤ ਚਲਾ ਰਿਹਾ ਸੀ। ਇਸ ਲਈ ਲਾਹੌਰ ਦੀ ਹਕੂਮਤ ਤਾਂ ਲਾਹੌਰ ਦੇ ਇਰਦ-ਗਿਰਦ ਤੱਕ ਹੀ ਸੀਮਿਤ ਹੋ ਗਈ ਸੀ। ਰਾਜ ਦੇ ਛੋਟੇ-ਛੋਟੇ ਸਰਦਾਰ ਵੀ ਆਪਣੇ-ਆਪਣੇ ਇਲਾਕਿਆਂ ਵਿੱਚ ਸੁਤੰਤਰ ਹੋਣ ਲੱਗੇ।

ਸੂਬੇ ਦੀ ਇਸ ਕਾਨੂੰਨ ਰਹਿਤ ਅਤੇ ਗੜਬੜ ਵਾਲੀ ਹਾਲਤ ਨੂੰ ਵੇਖ ਕੇ ਸਿੱਖਾਂ ਦਾ ਆਪਣੀ ਤਾਕਤ ਨੂੰ ਮਜ਼ਬੂਤ ਕਰਨਾ ਸੁਭਾਵਿਕ ਹੀ ਸੀ। ਉਹ ਮੁੜ ਨਵੇਂ ਵਿਸ਼ਵਾਸ਼ਾਂ ਅਤੇ ਪੂਰਨ ਸੁਤੰਤਰਤਾ ਪ੍ਰਾਪਤ ਕਰਨ ਲਈ ਤਤਪਰ ਹੋ ਗਏ। ਮੀਰ ਮੰਨੂੰ ਦੀ ਮੌਤ ਪਿਛੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਹੁਣ ਉਹ ਛੇਤੀ ਹੀ ਆਪਣੀ ਮਾਤ-ਭੂਮੀ ਦੇ ਸੁਆਮੀ ਬਣ ਜਾਣਗੇ। ਸਿੰਘਾ ਦੀ ਗਿਣਤੀ ਵਿੱਚ ਬੜਾ ਵਾਧਾ ਹੋਇਆ ਅਤੇ ਪੱਗਾਂ ਦਾੜੀਆਂ ਵਾਲੇ ਜੱਥਿਆਂ ਨੇ ਉਨ੍ਹਾਂ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ, ਜੋ ਉਨ੍ਹਾਂ ਨੂੰ ਫੜਾਉਣ ਵਿੱਚ ਹਕੂਮਤ ਦਾ ਸਾਥ ਦੇ ਰਹੇ ਸਨ। ਉਨ੍ਹਾਂ ਦਾ ਘਰ-ਘਾਟ ਲੁੱਟ ਕੇ ਸਿੰਘਾਂ ਨੇ ਆਪਣੀ ਤਾਕਤ ਵਿੱਚ ਵਾਧਾ ਕਰ ਲਿਆ।

ਮੀਰ ਮੰਨੂੰ ਨੇ 'ਰਾਮ ਰਾਉਣੀ' ਦੇ ਜਿਸ ਕਿਲ੍ਹੇ ਨੂੰ ਢਾਹ ਦਿੱਤਾ ਸੀ, ਉਸ ਨੂੰ ਜੱਸਾ ਸਿੰਘ (ਰਾਮਗੜੀਆ) ਦੀ ਅਗਵਾਈ ਵਿੱਚ ਮੁੜ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਇਸਦਾ ਨਾਂ ਰਾਮਗੜ੍ਹ ਰੱਖ ਦਿੱਤਾ। ਉਨ੍ਹਾਂ ਨੇ ਇਸ ਸਥਾਨ ਨੂੰ ਆਪਣਾ ਪੱਕਾ ਹੈਡਕੁਆਰਟਰ ਬਣਾ ਕੇ ਲਾਹੌਰ ਦੇ ਆਸ-ਪਾਸ ਹੱਲੇ ਬੋਲਣੇ ਸ਼ੁਰੂ ਕਰ ਦਿੱਤੇ। ਕਾਸਿਮ ਖ਼ਾਂ ਜਿਸਨੂੰ ਪੱਟੀ ਦਾ ਫ਼ੌਜਦਾਰ ਬਣਾਇਆ ਗਿਆ ਸੀ, ਨੂੰ ਸਿੰਘਾਂ ਨੇ ਕਾਫ਼ੀ ਹੈਰਾਨ ਕੀਤਾ ਅਤੇ 8000 ਦੀ ਗਿਣਤੀ ਵਿੱਚ ਉਸਦੀ ਫ਼ੌਜ ਵਿੱਚ ਭਰਤੀ ਹੋ ਗਏ। ਜਦੋਂ ਬਹੁਤ ਸਾਰੇ ਸ਼ਸਤਰ, ਤੋੜੇਦਾਰ ਬੰਦੂਕਾਂ, ਤੀਰ-ਕਮਾਨ ਅਤੇ ਹੋਰ ਬਹੁਤ ਸਾਰਾ ਲੜਾਈ ਦਾ ਸਾਜੋ-ਸਾਮਾਨ ਉਨ੍ਹਾਂ ਦੇ ਹੱਥ ਆ ਗਿਆ ਤਾਂ ਉਨ੍ਹਾਂ ਨੇ ਕਾਸਿਮ ਖ਼ਾਂ ਦਾ ਸਾਥ ਛੱਡ ਦਿੱਤਾ।

ਪਰ ਉਹ ਐਮਨਾਬਾਦ ਦੇ ਹਾਕਮ ਖ਼ਵਾਜਾ ਮਿਰਜ਼ਾ ਉੱਤੇ ਚੜ੍ਹਾਈ ਕਰਕੇ ਉਸਨੂੰ ਸਰ ਨਾ ਕਰ ਸਕੇ, ਪਰ ਖ਼ਵਾਜਾ ਮਿਰਜ਼ਾ ਆਪਣੇ ਗੁਆਂਢ ਵਿੱਚ ਚੜ੍ਹਤ ਸਿੰਘ ਦੀ ਤਾਕਤ ਨੂੰ ਵੱਧਣ ਤੋਂ ਰੋਕ ਨਾ ਸਕਿਆ, ਫਿਰ ਚੜ੍ਹਤ ਸਿੰਘ ਅਤੇ ਜੈ ਸਿੰਘ ਨੇ ਲਾਹੌਰ ਸ਼ਹਿਰ ਦੇ ਸ਼ਾਹ ਆਲਮੀ ਦਰਵਾਜ਼ੇ ਰਾਹੀਂ ਸ਼ਹਿਰ ਵਿੱਚ ਦਾਖਲ ਹੋ ਕੇ ਅਮੀਰ ਦੁਕਾਨਦਾਰਾਂ ਅਤੇ ਬੇਗਮ ਦੇ ਪਰੀ ਮਹਿਲ ਤੇ ਰੰਗ ਮਹਿਲ ਦੀ ਖ਼ੂਬ ਲੁੱਟ ਮਾਰ ਕੀਤੀ। ਮੁਈਨ ਖ਼ਾਂ ਨੇ ਥੋੜ੍ਹਾ ਬਹੁਤ ਮੁਕਾਬਲਾ ਕੀਤਾ ਅਤੇ ਕੁਝ ਸਿੰਘ ਵੀ ਮਾਰੇ ਗਏ।

ਸਾਲ 1754 ਦੇ ਅੰਤ ਵਿੱਚ 'ਦਲ ਖਾਲਸਾ' ਨੇ ਅੰਬਾਲੇ ਅਤੇ ਸਰਹਿੰਦ ਦੇ ਇਲਾਕੇ ਉੱਤੇ ਹੱਲਾ ਕਰਕੇ ਠੇਕਰੀਵਾਲਾ ਨੂੰ ਚੱਲੇ ਗਏ। ਅੰਮ੍ਰਿਤਸਰ ਆਪਣੇ ਹੈਡਕੁਆਰਟਰ ਪਹੁੰਚ ਕੇ ਸਿੰਘ ਲਾਹੌਰ ਦੇ ਹਾਕਮਾਂ ਦੀ ਨੀਂਦ ਹਰਾਮ ਕਰਦੇ ਰਹੇ।



Sri Satguru Jagjit Singh Ji Elibrary NamdhariElibrary@gmail.com

ਸਿੰਘਾਂ ਨੂੰ ਨਾਲ ਮਿਲਾ ਕੇ 50,000 ਦਾ ਲਸ਼ਕਰ ਜੋੜ ਕੇ ਅਦੀਨਾ ਬੇਗ ਨੇ ਕੁਤਬ ਖ਼ਾਂ ਰੋਹੀਲੇ ਵਿਰੁੱਧ ਲੜਾਈ ਕਰਕੇ 11 ਅਪ੍ਰੈਲ, 1755 ਨੂੰ ਉਸਨੂੰ ਮਾਰ ਦਿੱਤਾ। ਅਦੀਨਾ ਬੇਗ ਨੇ ਸ਼ਾਹਬਾਦ, ਥਾਨੇਸਰ, ਘੁੜਾਮ, ਮਨਸੂਰਪੁਰ ਅਤੇ ਮੁਸਤਫਾਬਾਦ ਦੇ ਸ਼ਹਿਰਾਂ ਨੂੰ ਸਰ ਕੀਤਾ। ਦਿੱਲੀ ਦੇ ਬਾਦਸ਼ਾਹ ਆਲਮਗੀਰ ਦੂਜੇ ਵੱਲੋਂ ਉਸਨੂੰ 'ਜ਼ਫ਼ਰਜੰਗ' ਬਹਾਦਰ ਦਾ ਖਿਤਾਬ ਦਿੱਤਾ ਗਿਆ।

ਥਾਨੇਸਰ ਵਿਖੇ ਅਦੀਨਾ ਬੇਗ ਦਾ ਸਾਥ ਛੱਡ ਕੇ ਸਿੰਘ ਜੈਪੁਰ ਦੇ ਰਾਜੇ ਮਾਧੋਦਾਸ ਦੇ ਇਲਾਕੇ ਵਿੱਚ ਜਾ ਦਾਖਲ ਹੋਏ ਅਤੇ ਉੱਥੇ ਗੜਬੜ ਜਾ ਕੀਤੀ। ਜੈਪੁਰ ਦੇ ਰਾਜੇ ਨੇ ਮਰਾਠਿਆਂ ਕੋਲੋਂ ਸਹਾਇਤਾ ਪ੍ਰਾਪਤ ਕਰ ਲਈ। ਇਸ ਉੱਤੇ ਸਿੰਘ ਵਾਪਿਸ ਪੰਜਾਬ ਪਰਤ ਆਏ। ਸਿੰਘਾਂ ਨੇ ਅਦੀਨਾ ਬੇਗ ਦੀ ਕੀਤੀ ਗਈ ਸਹਾਇਤਾ ਦੇ ਬਦਲੇ ਵਿੱਚ ਫਤੇਹਾਬਾਦ ਦਾ ਇਲਾਕਾ ਜਾਗੀਰ ਵਜੋਂ ਲੈ ਲਿਆ। ਅਪ੍ਰੈਲ 1756 ਵਿੱਚ ਉਨ੍ਹਾਂ ਨੇ ਲਾਹੌਰ ਦੇ ਹਾਕਮ ਸਯਦ ਜੈਮਲ-ਉਦ-ਦੀਨ ਖ਼ਾਂ ਨੂੰ ਚੰਗਾ ਪ੍ਰੇਸ਼ਾਨ ਕੀਤਾ ਅਤੇ ਬੜੇ ਆਰਾਮ ਨਾਲ ਉਹ ਅਪਰ ਬਾਰੀ ਦੁਆਬ ਵਿੱਚ ਕਲਾਨੌਰ, ਬਟਾਲਾ ਅਤੇ ਅੰਮ੍ਰਿਤਸਰ ਉੱਤੇ ਆਪਣਾ ਅਧਿਕਾਰ ਕਾਇਮ ਕਰ ਬੈਠੇ, ਜੋ ਆਗਾਮੀ ਕਾਲ ਵਿੱਚ ਉਨ੍ਹਾਂ ਦਾ ਮਜ਼ਬੂਤ ਗੜ੍ਹ ਬਣ ਗਿਆ।

### ਦਲ ਖਾਲਸੇ ਦਾ ਰਾਖੀ ਪ੍ਰਬੰਧ

ਇਨ੍ਹਾਂ ਗੜਬੜ ਤੇ ਲਾ-ਕਾਨੂੰਨੀ ਦੀ ਹਾਲਤ ਵਿੱਚ ਦਿੱਲੀ ਅਤੇ ਲਾਹੌਰ ਦੋਵੇਂ ਹੀ ਲੋਕਾਂ ਦੀ ਰੱਖਿਆ ਕਰਨ ਤੋਂ ਅਸਮਰਥ ਸਨ। ਕਰਾਂ ਨੇ ਕਾਸ਼ਤਕਾਰਾਂ ਦਾ ਕਚੂਮਰ ਕੱਢ ਰਖਿਆ ਸੀ। ਸੜਕਾਂ ਉੱਤੇ ਧਾੜਵੀ ਲੁਟੇਰੇ ਮਾਰ-ਧਾੜ ਕਰਦੇ ਹਰਲ-ਹਰਲ ਕਰਦੇ ਫਿਰ ਰਹੇ ਸਨ। ਇਸ ਲਈ ਵਣਜ ਵਪਾਰ ਦਾ ਧੰਦਾ ਵੀ ਲਗਭਗ ਠੱਪ ਹੋ ਚੁੱਕਾ ਸੀ। ਅਜਿਹੀ ਡਾਵਾਂਡੋਲ ਹਾਲਤ ਵਿੱਚ ਲੋਕਾਂ ਨੂੰ ਆਪਣੀ ਜਾਨ-ਮਾਲ ਦੀ ਸੁਰੱਖਿਆ ਦੀ ਲੋੜ ਸੀ। 'ਦਲ ਖਾਲਸਾ' ਨੇ ਇਸ ਦੌਰ ਵਿੱਚ ਰਾਖੀ ਪ੍ਰਬੰਧ ਸਥਾਪਿਤ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਬਾਹਰਲੇ ਅਤੇ ਅੰਦਰਲੇ ਖ਼ਤਰਿਆਂ ਤੋਂ ਸੁਰੱਖਿਅਤ ਕਰ ਦਿੱਤਾ।

ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਤੋਂ ਉਨ੍ਹਾਂ ਦੀ ਆਮਦਨ ਦਾ ਪੰਜਵਾਂ ਹਿੱਸਾ ਲੈ ਕੇ ਦਲ ਖਾਲਸਾ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰ ਦਿੰਦਾ ਸੀ। ਪਿੰਡ ਜਾਂ ਸ਼ਹਿਰ ਦਾ ਮੁਖੀ ਜਾਂ ਬਹੁਤੇ ਪਤਵੰਤੇ ਰਲ ਕੇ ਸਿੰਘਾਂ ਨੂੰ ਰਾਖੀ ਦੀ ਇਹ ਨੀਯਤ ਕੀਤੀ ਗਈ ਰਕਮ ਨਗਦ ਜਾਂ ਜਿਨਸ ਦੇ ਰੂਪ ਵਿੱਚ ਤਾਰ ਦਿੰਦੇ ਸਨ ਅਤੇ ਦਲ ਖਾਲਸਾ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਖ਼ਤਰਿਆਂ ਤੋਂ ਬੇਖਤਰ ਕਰ ਦਿੰਦਾ ਸੀ। ਛੇਤੀ ਹੀ ਪੰਜਾਬ ਦੇ ਪੰਜਾਂ ਦੁਆਬਿਆਂ ਵਿੱਚੋਂ ਚੌਹਾਂ ਵਿੱਚ ਇਹ ਪ੍ਰਬੰਧ ਲਾਗੂ ਹੋ ਗਿਆ। ਕਈ ਵਾਰ ਇਸ ਪ੍ਰਬੰਧ ਨੂੰ ਹੋਰ ਸੁਚਾਲੂ ਅਤੇ ਚੁਸਤ ਬਣਾਉਣ ਲਈ ਇੱਕ ਜਾਂ ਦੋ ਤੋਂ ਵੱਧ ਦਲਾਂ ਦੇ ਮੁਖੀ ਮਿਲ ਕੇ ਵੀ ਇਸ ਪ੍ਰਬੰਧ ਨੂੰ



Sri Satguru Jagjit Singh Ji Elibrary NamdhariElibrary@gmail.com

ਕਾਰਜਸ਼ੀਲ ਬਣਾਉਣ ਵਿੱਚ ਸਫ਼ਲ ਹੋਏ। ਅੰਮ੍ਰਿਤਸਰ ਵਿੱਚ ਬਹੁਤ ਸਾਰੇ ਸੈਨਿਕ ਜੱਥੇ ਲੋੜ ਪੈਣ 'ਤੇ ਸਹਾਇਤਾ ਲਈ ਰੱਖ ਲਏ ਗਏ। ਨਿਸ਼ਾਨਵਾਲੀਏ ਅਤੇ ਦੱਲੇਵਾਲੀਏ ਸਰਦਾਰ ਇਸ ਉਦੇਸ਼ ਅਤੇ ਗੁਰੂ ਕੀ ਨਗਰੀ ਅੰਮ੍ਰਿਤਸਰ ਦੀ ਹਿਫਾਜਤ ਲਈ ਮੁਕੱਰਰ ਹੋਏ। ਕਰੋੜਾ ਸਿੰਘ ਅਤੇ ਦੀਪ ਸਿੰਘ (ਸ਼ਹੀਦਾਂ ਦੀ ਮਿਸਲ) ਦੀਆਂ ਮਿਸਲਾਂ ਸਤਲੁਜ ਦੇ ਦੱਖਣੀ ਕੰਢੇ ਤੱਕ ਸੁਰੱਖਿਆ ਪ੍ਰਦਾਨ ਕਰਦੀਆਂ ਸਨ। ਸਿੰਘਪੁਰੀਏ ਅਤੇ ਆਹਲੂਵਾਲੀਆ ਮਿਸਲ 'ਘਾਰਾ' ਅਰਥਾਤ ਸਤਲੁਜ ਅਤੇ ਬਿਆਸ ਦੇ ਸੰਗਮ ਤੋਂ ਹੇਠਲੇ ਇਲਾਕੇ ਦੀ ਸੰਭਾਲ ਕਰਦੀ ਸੀ। ਜੈ ਸਿੰਘ ਕਨ੍ਹਈਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਅੰਮ੍ਰਿਤਸਰ ਤੋਂ ਉੱਤਰ ਵੱਲ ਰਿਆੜਕੀ ਦੇ ਇਲਾਕੇ ਨੂੰ ਆਪਣੇ ਜ਼ੁੰਮੇ ਲੈ ਬੈਠੇ। ਨਕਈ ਮਿਸਲ ਨੇ ਲਾਹੌਰ ਤੋਂ ਦੱਖਣ ਵੱਲ ਦੇ ਇਲਾਕੇ ਨੂੰ ਸਾਂਭ ਲਿਆ। ਚੜ੍ਹਤ ਸਿੰਘ ਸ਼ੁਕਰਚੱਕੀਆ ਅਤੇ ਹਰੀ ਸਿੰਘ ਭੰਗੀ, ਜਿਨ੍ਹਾਂ ਦੇ ਦਲ ਬੜੇ ਸ਼ਕਤੀਸ਼ਾਲੀ ਸਨ, ਰਚਨਾ ਅਤੇ ਚੱਜ ਦੁਆਬ ਦੇ ਸ਼ਤਰੂਆਂ ਦੇ ਬਹੁ-ਗਿਣਤੀ ਵਾਲੇ ਇਲਾਕੇ ਨੂੰ ਆਪਣੇ ਪੇਟੇ ਪਾ ਬੈਠੇ।

ਇਨ੍ਹਾਂ ਸਰਦਾਰਾਂ ਨੇ ਆਪਣੇ-ਆਪਣੇ ਇਲਾਕੇ ਵਿੱਚ ਵਿਸ਼ੇਸ਼ ਥਾਵਾਂ ਨੂੰ ਚੁਣ ਕੇ ਆਪਣੇ ਸੈਨਿਕ ਟਿਕਾਣੇ ਬਣਾ ਲਏ। ਰਾਖੀ ਪ੍ਰਬੰਧ ਨੂੰ ਸੁਚਾਲੂ ਕਰਨ ਨਾਲ ਦਲ ਖ਼ਾਲਸੇ ਦੇ ਇਨ੍ਹਾਂ ਕਦਮਾਂ ਨੇ ਉਨ੍ਹਾਂ ਦੀ ਆਰਥਿਕ ਅਤੇ ਮਾਲੀ ਹਾਲਤ ਨੂੰ ਜਿੱਥੇ ਬਲਵਾਨ ਬਣਾਇਆ, ਉੱਥੇ ਉਨ੍ਹਾਂ ਨੇ ਉਨ੍ਹਾਂ ਇਲਾਕਿਆਂ ਦੀ ਵੀ ਨਿਸ਼ਾਨਦੇਹੀ ਕਰ ਲਈ, ਜਿੱਥੇ ਉਨ੍ਹਾਂ ਨੇ ਕੁਝ ਸਮਾਂ ਪਿਛੋਂ ਆਪਣੀ ਹਕੂਮਤ ਕਾਇਮ ਕਰ ਲੈਣ ਦੇ ਯੋਗ ਹੋ ਜਾਣਾ ਸੀ। ਸਿੱਟੇ ਵਜੋਂ ਸਿੱਖ ਇਨ੍ਹਾਂ ਇਲਾਕਿਆਂ ਦੇ ਸੁਭਾਵਿਕ ਹੀ ਕਾਰਮੁਖਤਾਰ ਅਤੇ ਹਾਕਮ ਬਣ ਗਏ। ਨਵੰਬਰ, 1756 ਨੂੰ ਅਹਿਮਦ ਸ਼ਾਹ ਦੁਰਾਨੀ ਦੇ ਚੌਥੇ ਹੱਲੇ ਨੇ ਪੰਜਾਂ ਮਹੀਨਿਆਂ ਲਈ ਗੜਬੜ ਅਤੇ ਲਾ-ਕਾਨੂੰਨੀ ਦੀ ਅਜਿਹੀ ਹਾਲਤ ਪੈਦਾ ਕਰ ਦਿੱਤੀ, ਜਿਸ ਵਿੱਚ ਉਨ੍ਹਾਂ ਨੂੰ ਆਪਣੀ ਸ਼ਕਤੀ ਵਿੱਚ ਹੋਰ ਵਾਧਾ ਕਰਨ ਦਾ ਢੁਕਵਾਂ ਮੌਕਾ ਮਿਲ ਗਿਆ।

### ਦੁਰਾਨੀ ਦਾ ਚੌਥਾ ਹੱਲਾ (ਨਵੰਬਰ 1756-ਅਪ੍ਰੈਲ 1757)

ਅਹਿਮਦ ਸ਼ਾਹ ਦੁਰਾਨੀ ਨੂੰ ਚੌਥਾ ਹਮਲਾ ਕਰਨ ਲਈ ਮੁਗਲਾਨੀ ਬੇਗਮ, ਨਾਜ਼ੀਬ-ਉਦ-ਦੌਲਾ ਅਤੇ ਬਾਦਸ਼ਾਹ ਆਲਮਗੀਰ ਦੂਜਾ ਵੱਲੋਂ ਸੱਦੇ ਭੇਜੇ ਗਏ। ਅਹਿਮਦ ਸ਼ਾਹ ਦੁਰਾਨੀ ਨਵੰਬਰ, 1756 ਦੇ ਆਰੰਭ ਵਿੱਚ ਪੇਸ਼ਾਵਰ ਪਹੁੰਚ ਕੇ ਅੱਧ ਨਵੰਬਰ ਵਿੱਚ ਹੀ ਸਿੰਧ ਪਾਰ ਕੇ 20 ਦਸੰਬਰ ਨੂੰ ਲਾਹੌਰ ਪਹੁੰਚ ਗਿਆ। ਉਥੋਂ ਸਰਦਾਰਾਂ ਅਤੇ ਅਹਿਲਕਾਰਾਂ ਵੱਲੋਂ ਨਜ਼ਰਾਨੇ ਵਸੂਲ ਕਰਕੇ 10 ਜਨਵਰੀ, 1757 ਨੂੰ ਸਤਲੁਜ ਪਾਰ ਕਰਕੇ ਮਾਰੋ-ਮਾਰ ਕਰਦਾ ਹੋਇਆ ਦਿੱਲੀ ਪੁੱਜਾ। ਇਸ ਹਮਲੇ ਵਿੱਚ ਉਸਨੂੰ ਕਿਸੇ ਵੀ ਵੱਡੀ ਸੈਨਿਕ ਟੱਕਰ ਦਾ ਸਾਹਮਣਾ ਨਹੀਂ ਕਰਨਾ ਪਿਆ। ਦਿੱਲੀ ਦੇ ਹਾਕਮਾਂ ਨੇ ਉਸ ਅੱਗੇ ਗੋਡੇ ਟੇਕ ਦਿੱਤੇ।



Sri Satguru Jagjit Singh Ji Elibrary NamdhariElibrary@gmail.com

ਦੁਰਾਨੀ ਨੇ ਦਿੱਲੀ ਆ ਕੇ ਬੜੀ ਕਰੂਰਤਾ ਨਾਲ ਰਾਜਧਾਨੀ ਦੀ ਤਬਾਹੀ ਕੀਤੀ। ਅਹਿਲਕਾਰਾਂ ਅਤੇ ਅਮੀਰਾਂ ਦੇ ਘਰਾਂ ਦੀ ਪੁਟਾਈ ਕੀਤੀ। ਉਨ੍ਹਾਂ ਦੇ ਘਰਾਂ ਦੀਆਂ ਛੱਤਾਂ ਨੂੰ ਮਾਲ-ਖਜ਼ਾਨਾ ਲੱਭਣ ਲਈ ਤੋੜਿਆ ਗਿਆ ਅਤੇ ਉਨ੍ਹਾਂ ਦੇ ਹਰਮਾਂ ਵਿੱਚੋਂ ਸੋਹਣੀਆਂ ਇਸਤਰੀਆਂ ਨੂੰ ਕਾਬੂ ਕਰ ਲਿਆ ਗਿਆ। ਇਸ ਸਾਰੀ ਬੇਸ਼ਰਮੀ ਦੀ ਕਾਰਵਾਈ ਵਿੱਚ ਮੁਗਲਾਨੀ ਬੇਗਮ ਨੇ ਸੂਹਾਂ ਦੇ ਕੇ ਦੁਰਾਨੀ ਦਾ ਪੂਰਾ-ਪੂਰਾ ਸਾਥ ਦਿੱਤਾ। ਅੰਤ ਵਿੱਚ ਸਾਰੇ ਸ਼ਹਿਰ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਅਫਗਾਨਾਂ ਨੂੰ ਖੁੱਲ੍ਹੀ ਲੁੱਟਮਾਰ ਕਰਨ ਲਈ ਹੁਕਮ ਕੀਤਾ ਗਿਆ, ਜਿਨ੍ਹਾਂ ਨੇ ਬੜੀ ਸਖ਼ਤੀ ਕਰਕੇ ਹਰ ਘਰ ਤੋਂ ਧਨ ਪਦਾਰਥ ਵਸੂਲ ਕੀਤਾ। ਇਸਤਰੀ ਪੁਰਸ਼ਾਂ ਉੱਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਗਿਆ। ਕਈਆਂ ਨੇ ਡਰ ਦੇ ਮਾਰੇ ਪੱਤ ਬਚਾਉਣ ਲਈ ਜ਼ਹਿਰ ਖਾ ਲਈ ਅਤੇ ਕਈ ਖੂਹਾਂ, ਟੋਬਿਆਂ ਅਤੇ ਦਰਿਆਵਾਂ ਵਿੱਚ ਡੁੱਬ ਕੇ ਮਰ ਗਏ। ਅਜਿਹੀ ਮਾਰਧਾੜ ਪੂਰਾ ਇੱਕ ਮਹੀਨਾ ਜਾਰੀ ਰਹੀ। ਇਹ ਕਾਰਵਾਈ ਕੇਵਲ ਰਾਜਧਾਨੀ ਦਿੱਲੀ ਤੱਕ ਹੀ ਸੀਮਿਤ ਨਾ ਰਹੀ, ਸਗੋਂ ਮਥੁਰਾ ਅਤੇ ਬਿੰਦਰਾਬਨ ਦੇ ਇਲਾਕਿਆਂ ਵਿੱਚ ਵੀ ਲੁੱਟ-ਮਾਰ, ਕਤਲੇਆਮ ਅਤੇ ਇਸਤਰੀਆਂ ਦੀ ਪੱਤ ਲੁੱਟਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਗਈ।

ਜਦੋਂ ਦੇਸ਼ ਦੀ ਸਰਕਾਰ ਲੋਕਾਂ ਦੀ ਕੋਈ ਸਹਾਇਤਾ ਨਾ ਕਰ ਸਕੀ ਤਾਂ ਕੁਦਰਤ ਨੇ ਆ ਕੇ ਉਨ੍ਹਾਂ ਦੀ ਬਹੁੜੀ ਕੀਤੀ। ਦੁਰਾਨੀ ਦੀਆਂ ਛਾਉਣੀਆਂ ਵਿੱਚ ਹੈਜ਼ੇ ਦੀ ਮਹਾਂਮਾਰੀ ਫੈਲ ਗਈ ਅਤੇ ਲਗਭਗ 150 ਆਦਮੀ ਰੋਜ਼ ਮੌਤ ਦੀ ਬਲੀ ਚੜ੍ਹਨ ਲੱਗੇ। ਸਿੱਟੇ ਵਜੋਂ ਉਸਨੂੰ ਦਿੱਲੀ ਛੱਡਣ ਲਈ ਮਜ਼ਬੂਰ ਹੋਣਾ ਪਿਆ। ਜਾਂਦੇ ਜਾਂਦੇ ਉਸਨੇ ਮੁਹੰਮਦ ਸ਼ਾਹ ਦੀ 16 ਸਾਲ ਦੀ ਸ਼ਹਿਜ਼ਾਦੀ ਹਜਰਤ ਬੇਗਮ ਨਾਲ ਜ਼ੋਰਾ-ਜਬਰੀ ਨਿਕਾਹ ਪੜ੍ਹਾ ਲਿਆ ਅਤੇ 17 ਹੋਰ ਸ਼ਾਹੀ ਹਰਮ ਦੀਆਂ ਔਰਤਾਂ ਅਤੇ 400 ਬਾਂਦੀਆਂ ਨੂੰ ਆਪਣੇ ਨਾਲ ਲੈ ਗਿਆ। ਇੱਕ ਮਹੀਨਾ ਪਹਿਲਾਂ ਉਸਨੇ ਆਲਮਗੀਰ ਦੂਜੇ ਦੀ ਲੜਕੀ ਨਾਲ ਆਪਣੇ ਪੁੱਤਰ ਤੈਮੂਰ ਦੀ ਸ਼ਾਦੀ ਕੀਤੀ ਸੀ। ਇਨ੍ਹਾਂ ਕੁਆਰੀਆਂ ਨੂੰ ਲੈ ਜਾਣ ਤੋਂ ਬਿਨਾਂ ਉਸਨੇ ਸਰਹਿੰਦ ਦੇ ਸੂਬੇ ਨੂੰ ਆਪਣੀ ਸਲਤਨਤ ਵਿੱਚ ਮਿਲਾ ਲਿਆ ਅਤੇ ਅਬਦੁਲ ਸਮੱਦ ਖ਼ਾਂ ਮੁਹੰਮਦ ਜਈ ਨੂੰ ਉਸਦਾ ਗਵਰਨਰ ਮੁਕੱਰਰ ਕਰ ਦਿੱਤਾ। ਦਿੱਲੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਉਸਨੇ ਮੁਗਲਾਨੀ ਬੇਗਮ ਦੀ ਬੇਨਤੀ ਉੱਤੇ ਇਮਾਦ-ਉਦ-ਮੁਲਕ ਨੂੰ ਦਿੱਲੀ ਦਾ ਵਜ਼ੀਰ ਥਾਪਿਆ ਅਤੇ ਨਜ਼ੀਬ-ਉਦ-ਦੌਲਾ ਨੂੰ ਹਿੰਦੁਸਤਾਨ ਦਾ ਮੀਰ ਬਖਸ਼ੀ ਥਾਪ ਕੇ ਦਿੱਲੀ ਵਿੱਚ ਆਪਣੀ ਕਠਪੁਤਲੀ ਹਕੂਮਤ ਕਾਇਮ ਕਰ ਲਈ। ਅਜਿਹੇ ਵਿਦੇਸ਼ੀ ਹਲਿਆਂ ਦੇ ਸਮੇਂ ਸਾਰਾ ਦੇਸ਼ ਹੀ ਹਫੜਾ-ਦਫੜੀ ਦਾ ਸ਼ਿਕਾਰ ਹੋ ਗਿਆ ਸੀ। ਸਰਕਾਰ



Sri Satguru Jagjit Singh Ji Elibrary NamdhariElibrary@gmail.com

ਦਾ ਕੋਈ ਵੀ ਪ੍ਰਬੰਧ ਕਾਇਮ ਨਾ ਰਹਿ ਸਕਿਆ। ਸਾਰੇ ਦੇਸ਼ ਵਿੱਚ ਜ਼ਿਮੀਂਦਾਰ ਸੜਕਾਂ 'ਤੇ ਜੱਥੇ ਬਣਾ ਕੇ ਲੁੱਟ ਲੈਂਦੇ ਸਨ ਅਤੇ ਸਰਕਾਰ ਤੋਂ ਬਾਗ਼ੀ ਹੋ ਚੁੱਕੇ ਸਨ। ਵੱਡੇ-ਵੱਡੇ ਸਰਦਾਰ ਵੀ ਇਸ ਕੰਮ ਵਿੱਚ ਪਿੱਛੇ ਨਾ ਰਹੇ। ਕੁੰਜਪੁਰਾ ਦੇ ਨਜ਼ਾਬਤ ਖਾਨ ਨੇ ਆਪਣੇ ਫੌਜੀਆਂ ਦੇ ਸਿਰਾਂ ਉਤੇ ਟੋਪੀਆਂ ਪਹਿਨਾ ਦਿੱਤੀਆਂ ਅਤੇ ਦੁਰਾਨੀ ਦੇ ਸੈਨਿਕਾਂ ਦਾ ਭੇਸ ਬਣਾ ਕੇ ਲੁੱਟਮਾਰ ਕਰਨ ਲੱਗਾ। ਅਜਿਹੀ ਹਾਲਤ ਵਿੱਚ ਸਿੱਖ ਵੀ ਆਪਣੇ-ਆਪਣੇ ਇਲਾਕੇ ਵਿੱਚ ਪੂਰੀ ਸੁਰੱਖਿਆ ਪ੍ਰਦਾਨ ਨਾ ਕਰ ਸਕੇ ਅਤੇ ਦੁਰਾਨੀ ਵਾਲੇ ਰਾਹ ਦੇ ਨੇੜੇ-ਤੇੜੇ ਦੇ ਲੋਕ ਆਪਣੇ ਘਰ ਬਾਰ ਛੱਡ ਕੇ ਜੰਗਲਾਂ ਅਤੇ ਪਹਾੜਾਂ ਤੇ ਹੋਰ ਸੁਰੱਖਿਅਤ ਥਾਵਾਂ ਉੱਤੇ ਚੱਲੇ ਗਏ। ਸਿੱਖਾਂ ਨੇ ਵੀ ਉਨ੍ਹਾਂ ਲੋਕਾਂ ਨੂੰ ਖ਼ੂਬ ਲੁੱਟਿਆ, ਜਿਹੜੇ ਉਨ੍ਹਾਂ ਦੇ ਰਾਖੀ ਪ੍ਰਬੰਧ ਅਧੀਨ ਨਹੀਂ ਆਏ ਸਨ। ਸਯਦ ਜੈਮਲ-ਉਦ-ਦੀਨ ਜਦੋਂ ਲਾਹੌਰ ਤੋਂ ਦਿੱਲੀ ਵੱਲ ਨੱਠ ਕੇ ਜਾ ਰਿਹਾ ਸੀ, ਤਾਂ ਸਿੱਖਾਂ ਨੇ ਉਸਨੂੰ ਫਿਲੌਰ ਜਾ ਕੇ ਘੇਰ ਲਿਆ ਅਤੇ ਉਸਦਾ ਸਾਰਾ ਮਾਲ ਖ਼ਜ਼ਾਨਾ ਲੁੱਟ ਲਿਆ। ਜਲੰਧਰ ਦੁਆਬ ਖਾਲੀ ਪਿਆ ਸੀ, ਕਿਉਂ ਜੋ ਅਦੀਨਾ ਬੇਗ ਭੱਜ ਕੇ ਹਾਂਸੀ ਹਿਸਾਰ ਵੱਲ ਚੱਲਾ ਗਿਆ। ਇਸ ਲਈ ਸਿੰਘਾਂ ਨੂੰ ਉਨ੍ਹਾਂ ਲੋਕਾਂ ਨੂੰ ਸਬਕ ਸਿਖਾਉਣ ਦਾ ਚੰਗਾ ਮੌਕਾ ਮਿਲ ਗਿਆ, ਜਿਨ੍ਹਾਂ ਨੇ ਉਨ੍ਹਾਂ ਵਿਰੁੱਧ ਅਦੀਨਾ ਬੇਗ ਦੀ ਮਦਦ ਕੀਤੀ ਸੀ। ਦਿੱਲੀ ਤੋਂ ਵਾਪਿਸ ਜਾ ਰਹੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੂੰ ਕਈ ਥਾਵਾਂ ਤੇ ਘੇਰ ਕੇ ਲੁੱਟ ਲਿਆ ਗਿਆ, ਇੱਥੋਂ ਤੱਕ ਕਿ ਉਸਦੇ ਪੁੱਤਰ ਤੈਮੂਰ ਨੂੰ ਵੀ ਨਹੀਂ ਸੀ ਬਖਸ਼ਿਆ ਗਿਆ।

ਮਾਰਚ 1757 ਵਿੱਚ ਮਰਾਠੀ ਪੱਤਰ 'ਰਾਜਵਾੜੇ' ਦੇ ਹਵਾਲੇ ਨਾਲ ਡਾ: ਹਰੀ ਰਾਮ ਗੁਪਤਾ ਨੇ ਲਿਖਿਆ ਹੈ [1*]ਕਿ ਤੈਮੂਰ ਜਦੋਂ ਦਿੱਲੀ ਤੋਂ ਲਾਹੌਰ ਵੱਲ ਜਾ ਰਿਹਾ ਸੀ ਤਾਂ ਪਟਿਆਲੇ ਦੇ ਆਲਾ ਸਿੰਘ ਨੇ ਉਸ ਦਾ ਰਾਹ ਰੋਕ ਕੇ ਸਨੌਰ ਅਤੇ ਮਲੇਰਕੋਟਲੇ ਵਿਖੇ ਉਸਦਾ ਕਾਫ਼ੀ ਮਾਲ-ਖ਼ਜ਼ਾਨਾ ਕਾਬੂ ਕਰ ਲਿਆ, ਇੱਥੋਂ ਤੱਕ ਅਫਵਾਹ ਫੈਲ ਗਈ ਕਿ ਧਾੜਵੀਆਂ ਨੇ ਸ਼ਹਿਜ਼ਾਦੇ ਨੂੰ ਮਾਰ ਦਿੱਤਾ ਹੈ। ਦਿੱਲੀ ਤੋਂ ਵਾਪਸ ਜਾਂਦੇ ਹੋਏ ਅਹਿਮਦ ਸ਼ਾਹ ਦੇ ਲਸ਼ਕਰ ਨੂੰ ਵੀ ਚਨਾਬ ਦਰਿਆ ਤੱਕ ਕਈ ਵਾਰ ਸਿੱਖਾਂ ਨੇ ਲੁੱਟਿਆ। ਅਹਿਮਦ ਸ਼ਾਹ ਜਦੋਂ ਕੁਝ ਦਿਨ ਲਾਹੌਰ ਟਿੱਕਿਆ ਤਾਂ ਉਸਨੇ ਫ਼ੌਜਾਂ ਭੇਜ ਕੇ ਅੰਮ੍ਰਿਤਸਰ ਸ਼ਹਿਰ ਦੀ ਲੁੱਟਮਾਰ ਕਰਵਾਈ। ਹਰਿਮੰਦਰ ਦੀ ਇਮਾਰਤ ਨੂੰ ਢਹਿ-ਢੇਰੀ ਕਰ ਦਿੱਤਾ ਅਤੇ ਅੰਮ੍ਰਿਤ ਸਰੋਵਰ ਨੂੰ ਭਰਵਾ ਦਿੱਤਾ। ਸਿੱਖਾਂ ਨੇ ਜੰਮੂ ਦੀਆਂ ਪਹਾੜੀਆਂ ਅਤੇ ਸਾਂਦਲ ਬਾਰ ਦੀਆਂ ਬਾਰਾਂ ਵਿੱਚ ਜਾ ਪਨਾਹ ਲਈ। ਇਨ੍ਹਾਂ ਥਾਵਾਂ ਤੇ ਅਬਦਾਲੀ ਦੀਆਂ ਫ਼ੌਜਾਂ ਦਾ ਪਹੁੰਚਣਾ ਬੜਾ ਕਠਿਨ ਸੀ। ਅਬਦਾਲੀ ਇਸ ਕਾਰਨ ਬੜਾ ਖਫ਼ਾ ਸੀ ਅਤੇ ਉਹ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 131



Sri Satguru Jagjit Singh Ji Elibrary NamdhariElibrary@gmail.com

ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ, ਪਰ ਸਖ਼ਤ ਗਰਮੀ ਦੇ ਮੌਸਮ ਅਤੇ ਅਫਗਾਨਿਸਤਾਨ ਦੇ ਉਸਦੇ ਰਾਜ ਵਿੱਚ ਗੜਬੜ ਹੋ ਜਾਣ ਕਾਰਨ ਅਬਦਾਲੀ ਨੂੰ ਅਫਗਾਨਿਸਤਾਨ ਪਰਤਣਾ ਪਿਆ। ਸਿੱਖਾਂ ਵਿਰੁੱਧ ਮੁਹਿੰਮ ਨੂੰ ਤੇਜ਼ ਕਰਨ ਲਈ ਉਸਨੇ ਜੰਮੂ ਦੇ ਰਾਜੇ ਰਣਜੀਤ ਦੇਵ ਨੂੰ ਆਪਣੇ ਅਧਿਕਾਰ ਖੇਤਰ ਦੇ ਤਿੰਨ ਪਰਗਨੇ (ਜ਼ਫਰਵਾਲ, ਸਨਖਤਰਾ, ਔਰੰਗਾਬਾਦ) ਦੇ ਦਿੱਤੇ। ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਅਤੇ ਜਹਾਨ ਖ਼ਾਂ ਨੂੰ ਉਸਦੀ ਸੈਨਾ ਦਾ ਮੁਖੀ ਅਤੇ ਕਾਰਮੁਖਤਾਰ ਥਾਪ ਦਿੱਤਾ, ਦਸ ਹਜ਼ਾਰ ਸੁਸਿੱਖਿਅਤ ਫ਼ੌਜੀਆਂ ਦੀ ਨਫਰੀ ਨੂੰ ਉਸਦੇ ਹਵਾਲੇ ਕਰਕੇ ਉਸਨੇ ਤੈਮੂਰ ਸ਼ਾਹ ਨੂੰ ਤੁਰਕੀ, ਈਰਾਨੀ ਅਤੇ ਅਫਗਾਨਾਂ ਵਿੱਚੋਂ ਹੋਰ ਫ਼ੌਜੀ ਭਰਤੀ ਕਰਨ ਲਈ ਆਦੇਸ਼ ਕਰ ਦਿੱਤੇ। ਅਜਿਹਾ ਪੱਕਾ ਪ੍ਰਬੰਧ ਕਰਕੇ ਉਹ ਵਾਪਸ ਕੰਧਾਰ ਪਰਤ ਗਿਆ।

1739 ਤੋਂ 1756 ਤੱਕ ਸਿੰਘਾਂ ਨੇ ਮੁਗਲਾਂ ਨਾਲ ਚੰਗਾ ਸੰਘਰਸ਼ ਕੀਤਾ ਅਤੇ ਬੜੀ ਨਿਰਾਸ਼ਾਮਈ ਅਤੇ ਕਮਜ਼ੋਰ ਹਾਲਤ ਤੋਂ ਉੱਚਾ ਉੱਠ ਕੇ ਸੰਘਰਸ਼ ਤੇ ਮੁਗਲਾਂ ਦੇ ਤਸ਼ੱਦਦ ਨੇ ਉਨ੍ਹਾਂ ਨੂੰ ਹੋਰ ਬਲਵਾਨ ਬਣਾ ਦਿੱਤਾ। ਕਦੀ ਭਾਜੜਾਂ ਅਤੇ ਕਦੀ ਘਰੀਂ ਪਰਤਣਾ ਅਤੇ ਫਿਰ ਤਸ਼ੱਦਦ ਦਾ ਸ਼ਿਕਾਰ ਹੋ ਜਾਣਾ। ਅਨੇਕ ਪ੍ਰਕਾਰ ਦੀਆਂ ਸਖ਼ਤੀਆਂ ਨੂੰ ਝੱਲਦੇ ਹੋਏ ਸਿੰਘ, ਦਲ ਖਾਲਸਾ ਦੇ ਰੂਪ ਵਿੱਚ ਆਪਣੇ ਆਪ ਨੂੰ ਪੱਕੇ ਪੈਰੀਂ ਜਥੇਬੰਦ ਕਰਨ ਵਿੱਚ ਸਫਲ ਹੋ ਗਏ। ਪਰ 1748 ਤੋਂ ਪਿਛੋਂ ਉਨ੍ਹਾਂ ਨੂੰ ਉੱਤਰ-ਪੱਛਮ ਵੱਲੋਂ ਆਏ ਇੱਕ ਹੋਰ ਸ਼ਕਤੀਸ਼ਾਲੀ ਦੁਸ਼ਮਣ (ਅਬਦਾਲੀ) ਦਾ ਟਾਕਰਾ ਕਰਨਾ ਪਿਆ, ਜਿਸ ਨੇ ਕਈ ਵਾਰ ਸਿੰਘਾਂ ਦੇ ਪਵਿੱਤਰ ਸਥਾਨਾਂ ਦੀ ਬੇਹੁਰਮਤੀ ਕੀਤੀ, ਪਰ ਜਦੋਂ ਵੀ ਮੌਕਾ ਬਣਦਾ ਸਿੰਘ ਇਕੱਠੇ ਹੋ ਕੇ ਅਬਦਾਲੀ ਦੇ ਲਸ਼ਕਰ ਉੱਤੇ ਟੁੱਟ ਪੈਂਦੇ ਅਤੇ ਉਸ ਦਾ ਮਾਲ ਮੱਤ੍ਹਾ ਲੁੱਟ ਕੇ ਲੈ ਜਾਂਦੇ। ਡਾ. ਹਰੀ ਰਾਮ ਗੁਪਤਾ ਦਾ ਵਿਚਾਰ ਹੈ ਕਿ ਜੇਕਰ ਅਬਦਾਲੀ ਵਰਗਾ ਉਸ ਸਮੇਂ ਦਾ ਏਸ਼ੀਆ ਦਾ ਸਭ ਤੋਂ ਬਲਕਾਰ ਸਮਰਾਟ ਉਨ੍ਹਾਂ ਦੇ ਰਾਹ ਦਾ ਰੋੜਾ ਨਾ ਬਣਦਾ ਤਾਂ ਉਹ 10 ਸਾਲ ਪਹਿਲਾਂ ਪੰਜਾਬ ਵਿੱਚ ਆਪਣੀ ਹਕੂਮਤ ਸਥਾਪਿਤ ਕਰ ਲੈਂਦੇ।

ਇਸ ਦੌਰਾਨ ਉਸਨੇ ਦਿੱਲੀ ਦੀ ਮੁਗਲ ਹਕੂਮਤ ਨੂੰ ਲਗਭਗ ਮਰਨਾਊ ਕਰ ਦਿੱਤਾ ਸੀ ਅਤੇ ਪਾਣੀਪਤ ਦੀ ਤੀਜੀ ਲੜਾਈ (14 ਜਨਵਰੀ, 1761) ਵਿੱਚ ਮਰਾਠਿਆਂ ਦੀ ਤਾਕਤ ਨੂੰ ਦਬਾ ਦਿੱਤਾ ਸੀ, ਪਰ 1762 ਦੀ ਉਸ ਦੀ ਮੁਹਿੰਮ ਨਿਰੋਲ ਸਿੰਘਾਂ ਨੂੰ ਕੁਚਲਣ ਲਈ ਸੀ, ਜਿਨ੍ਹਾਂ ਨੂੰ ਕਿ ਉਹ ਪੰਜਾਬ ਉੱਤੇ ਕਬਜ਼ਾ ਕਰ ਲੈਣ ਦੇ ਰਾਹ ਵਿੱਚ ਵੱਡਾ ਰੋੜਾ ਸਮਝਦਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਮਲੇਰਕੋਟਲੇ ਦੇ ਨੇੜੇ ਕੁਪ ਰਹੀੜਾ ਦੇ ਸਥਾਨ ਉੱਤੇ ਲਗਭਗ 20,000 ਸਿੰਘਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਸਾਕੇ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਕਰਕੇ ਜਾਣਿਆ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

1*ਬਾਬਾ ਦੀਪ ਸਿੰਘ ਦੀ ਸ਼ਹੀਦੀ

ਪੰਜਾਬ ਦੇ ਸਿੱਖ ਇਤਿਹਾਸ ਵਿੱਚ 11 ਨਵੰਬਰ, 1757 ਵਾਲੇ ਦਿਨ ਬਾਬਾ ਦੀਪ ਸਿੰਘ ਦੀ ਹੋਈ ਸ਼ਹੀਦੀ ਬਹੁਤ ਮਹਾਨਤਾ ਰੱਖਦੀ ਹੈ। ਬਾਬਾ ਦੀਪ ਸਿੰਘ ਦਾ ਜਨਮ 1682 ਵਿੱਚ ਪਿੰਡ ਪੋਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਿਤਾ ਭਾਈ ਭਗਤਾ ਅਤੇ ਮਾਤਾ ਜੂਣੀ ਦੇ ਘਰ ਹੋਇਆ। ਬਚਪਨ ਵਿੱਚ ਹੀ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਹਜ਼ੂਰੀ ਵਿੱਚ ਆ ਗਿਆ ਅਤੇ ਭਾਈ ਮਨੀ ਸਿੰਘ ਦੀ ਸਰਪ੍ਰਸਤੀ ਵਿੱਚ ਗੁਰਬਾਣੀ ਨੂੰ ਪੜ੍ਹਨ ਪੜ੍ਹਾਉਣ ਵਿੱਚ ਜੁੱਟ ਗਿਆ। ਇੱਥੇ ਹੀ ਉਸਨੇ ਅੰਮ੍ਰਿਤਪਾਨ ਕੀਤਾ। 1704 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਛੱਡਣ ਤੋਂ ਪਿੱਛੋਂ ਉਹ 1706 ਵਿੱਚ ਤਲਵੰਡੀ ਸਾਬੋ ਦਮਦਮਾ ਸਾਹਿਬ ਆ ਗਿਆ।

ਜਦੋਂ 1733 ਵਿੱਚ ਸਿੰਘਾਂ ਦੇ ਦੋ ਦਲ ਬੁੱਢਾ ਦਲ ਅਤੇ ਤਰੁਣਾ ਦਲ ਬਣੇ ਤਾਂ ਬਾਬਾ ਦੀਪ ਸਿੰਘ ਵੀ ਇਸ ਦਲ ਵਿੱਚ ਸ਼ਾਮਲ ਸਨ, ਜਿਨ੍ਹਾਂ ਦੇ ਜ਼ਿੰਮੇ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਦਾ ਕੰਮ ਸੌਂਪਿਆ ਗਿਆ। 1748 ਵਿੱਚ ਜਦੋਂ ਦਲ ਖਾਲਸਾ ਅਤੇ ਮਿਸਲਾਂ ਹੋਂਦ ਵਿੱਚ ਆਈਆਂ ਤਾਂ ਬਾਬਾ ਦੀਪ ਸਿੰਘ ਵੀ ਇੱਕ ਮਿਸਲ ਦਾ ਮੁੱਖੀ ਥਾਪਿਆ ਗਿਆ, ਜਿਸ ਦੇ ਜ਼ਿੰਮੇ ਸਤਲੁਜ ਤੋਂ ਦੱਖਣ ਵੱਲ ਦੇ ਇਲਾਕੇ ਸ਼ਾਮਲ ਸਨ। ਆਪ ਦਾ ਹੈਡਕੁਆਟਰ ਦਮਦਮਾ ਸਾਹਿਬ ਵਿਖੇ ਹੀ ਸੀ, ਜਿੱਥੇ ਅੱਜ ਵੀ ਤਖਤ ਸਾਹਿਬ ਦੇ ਨੇੜੇ 'ਬੁਰਜ ਬਾਬਾ ਦੀਪ ਸਿੰਘ' ਸਥਿਤ ਹੈ, ਜੋ ਉਨ੍ਹਾਂ ਦਾ ਨਿਵਾਸ ਸਥਾਨ ਸੀ। ਦਮਦਮਾ ਸਾਹਿਬ ਵਿਖੇ ਹੀ ਟਿੱਕ ਕੇ ਬਾਬਾ ਦੀਪ ਸਿੰਘ ਨੇ ਗੁਰਮਤਿ ਦੀ ਟਕਸਾਲ ਨੂੰ ਜਾਰੀ ਰੱਖਿਆ।

ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਹ ਖ਼ਬਰ ਪੁੱਜੀ ਕਿ ਅਬਦਾਲੀ ਦੇ ਪੁੱਤਰ, ਲਾਹੌਰ ਦੇ ਗਵਰਨਰ ਤੈਮੂਰ ਸ਼ਾਹ ਤੇ ਉਸ ਦੇ ਜਰਨੈਲ ਜਹਾਨ ਖ਼ਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਕੀਤੀ ਹੈ ਅਤੇ ਸਰੋਵਰ ਨੂੰ ਭਰਵਾ ਦਿੱਤਾ ਹੈ ਤਾਂ ਆਪ ਜੀ ਦਾ ਖ਼ੂਨ ਖੌਲ ਉੱਠਿਆ ਅਤੇ ਆਪ 500 ਸਿੰਘਾਂ ਦਾ ਸ਼ਹੀਦੀ ਜਥਾ ਲੈ ਕੇ ਮਾਲਵੇ ਦੇ ਪਿੰਡਾਂ ਵਿੱਚੋਂ ਹੁੰਦੇ ਹੋਏ ਤਰਨਤਾਰਨ ਪੁੱਜੇ, ਜਿੱਥੇ ਉਨ੍ਹਾਂ ਦੇ ਨਾਲ 5000 ਦੇ ਕਰੀਬ ਉਹ ਸਿਰਲੱਥ ਯੋਧੇ ਤਿਆਰ ਹੋਏ, ਜੋ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਹਾਲ ਕਰਕੇ ਦੀਵਾਲੀ ਦਾ ਪੁਰਬ ਉੱਥੇ ਮਨਾਉਣ ਦੀ ਪ੍ਰਤੀਗਿਆ ਕਰ ਚੁੱਕੇ ਸਨ। ਉਨ੍ਹਾਂ ਨੇ ਸ਼ਹੀਦੀ ਗਾਨੇ ਬੰਨ ਕੇ ਕੇਸਰੀ ਬਾਣੇ ਪਹਿਨ ਲਏ। ਜਦੋਂ ਮੁਗਲ ਹਾਕਮਾਂ ਨੂੰ ਇਸ ਜੱਥੇ ਦੇ ਆਉਣ ਦੀ ਖ਼ਬਰ ਪੁੱਜੀ ਤਾਂ ਜਹਾਨ ਖ਼ਾਂ ਵੀ ਵੱਡੀ ਸੈਨਾ ਲੈ ਕੇ ਟਾਕਰੇ ਉੱਤੇ ਆਇਆ। ਉਸਨੇ ਪਿਛੋਂ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 135



Sri Satguru Jagjit Singh Ji Elibrary NamdhariElibrary@gmail.com

ਸਹਾਇਤਾ ਲਈ ਅਤੈ ਖ਼ਾਂ ਨੂੰ ਵੀ ਸੈਨਾ ਲੈ ਕੇ ਨਿਸ਼ਚਿਤ ਸਥਾਨ ਤੇ ਪੁੱਜਣ ਦੀ ਤਾਕੀਦ ਕਰ ਦਿੱਤੀ ਸੀ।

ਅੰਮ੍ਰਿਤਸਰ ਤੋਂ ਦੱਖਣ ਵੱਲ ਅੱਠ ਮੀਲ ਦੀ ਦੂਰੀ ਉੱਤੇ ਗੋਲਵੜ ਦੇ ਸਥਾਨ ਉੱਤੇ ਦੋਵਾਂ ਦਲਾਂ ਦਾ ਟਾਕਰਾ ਹੋਇਆ। ਇਸ ਘਮਸਾਨ ਦੀ ਲੜਾਈ ਵਿੱਚ ਸਿੰਘ ਬੜੀ ਬਹਾਦਰੀ ਨਾਲ ਲੜਦੇ ਹੋਏ ਅੱਗੇ ਵੱਧ ਰਹੇ ਸਨ ਅਤੇ ਜਹਾਨ ਖ਼ਾਂ ਦੀ ਸੈਨਾ ਵਿੱਚ ਭੱਜਦੜ ਮਚ ਰਹੀ ਸੀ। ਜਹਾਨ ਖ਼ਾਂ ਨੇ ਗੁੱਸੇ ਵਿੱਚ ਆ ਕੇ ਆਪਣੀ ਹੀ ਸੈਨਾ ਦੇ ਉਨ੍ਹਾਂ ਬੰਦਿਆਂ ਨੂੰ ਮਾਰ ਦਿੱਤਾ ਜੋ ਭੱਜਣ ਦਾ ਯਤਨ ਕਰ ਰਹੇ ਸਨ। ਐਨ ਮੌਕੇ ਤੇ ਅਤੈ ਖ਼ਾਂ ਦਾ ਤਾਜ਼ਾਦਮ ਦਸਤਾ ਪਹੁੰਚ ਗਿਆ, ਜਿਸਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ। ਬਾਬਾ ਦੀਪ ਸਿੰਘ ਭਾਵੇਂ ਜ਼ਖ਼ਮੀ ਹੋ ਗਏ ਸਨ, ਪਰ ਆਪਣੇ ਲਏ ਗਏ ਪ੍ਰਣ ਨੂੰ ਪੂਰੀ ਤਰ੍ਹਾਂ ਨਿਭਾ ਦਿੱਤਾ ਅਤੇ ਸ਼੍ਰੀ ਹਰਿਮੰਦਰ ਸਾਹਿਬ ਦੇ ਪਰਕਰਮਾ ਵਿੱਚ ਹੀ ਜਾ ਕੇ ਸ਼ਹੀਦੀ ਪਾਈ, ਇੱਥੇ ਹੁਣ ਵੀ ਉਨ੍ਹਾਂ ਦੀ ਸ਼ਹੀਦੀ ਸਥਾਨ ਦੀ ਯਾਦ ਕਾਇਮ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਰਾਮਸਰ ਦੇ ਨੇੜੇ ਉਸ ਸਥਾਨ 'ਤੇ ਕੀਤਾ ਗਿਆ, ਜਿੱਥੇ ਹੁਣ 'ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ' ਸਥਾਪਿਤ ਹੈ। ਬਾਬਾ ਦੀਪ ਸਿੰਘ ਜੀ ਨਾਲ ਜਿਹੜੇ ਹੋਰ ਸਿੰਘ ਸ਼ਹੀਦ ਹੋਏ, ਉਨ੍ਹਾਂ ਦੇ ਨਾਮ ਸਨ — ਸੱਜਣ ਸਿੰਘ ਬਹਾਦਰ, ਭਾਈ ਰਾਮ ਸਿੰਘ, ਅੱਖੜ ਸਿੰਘ, ਹੀਰਾ ਸਿੰਘ ਆਦਿ।

[1*]ਇਸ ਦੌਰਾਨ ਦਸੰਬਰ 1757 ਵਿੱਚ ਹੀ ਇੱਕ ਹੋਰ ਵੱਡੀ ਘਟਨਾ ਵਾਪਰੀ, ਜਿਸ ਦਾ ਇਤਿਹਾਸਿਕ ਮਹੱਤਵ ਇਸ ਕਰਕੇ ਵੀ ਹੈ ਕਿ ਇਸ ਦੇ ਸਿੱਟੇ ਵਜੋਂ ਅਦੀਨਾ ਬੇਗ ਦਲ ਖਾਲਸਾ ਅਤੇ ਮਰਾਠਿਆਂ ਵਿਚਕਾਰ ਨਵੀਂ ਸਫ਼ਬੰਦੀ ਕਾਇਮ ਹੋਈ, ਜਿਨ੍ਹਾਂ ਨੇ ਰਲ ਕੇ ਦੁਰਾਨੀ ਵੱਲੋਂ ਥਾਪੇ ਗਏ ਸ਼ਾਸਕਾਂ ਵਿਰੁੱਧ ਸੰਘਰਸ਼ ਕਰਕੇ ਉਨ੍ਹਾਂ ਨੂੰ ਲਾਹੌਰ ਤੋਂ ਚਲੇ ਜਾਣ ਲਈ ਮਜ਼ਬੂਰ ਕਰ ਦਿੱਤਾ। ਇਸ ਘਟਨਾ ਦਾ ਸੰਬੰਧ ਕਰਤਾਰਪੁਰ ਦੇ ਸੋਢੀ ਵਡਭਾਗ ਸਿੰਘ ਨਾਲ ਹੈ, ਜੋ ਸਿੱਖਾਂ ਵਿੱਚ ਸਤਿਕਾਰਯੋਗ ਧਾਰਮਿਕ ਨੇਤਾ ਕਰਕੇ ਵੀ ਜਾਣਿਆ ਜਾਂਦਾ ਸੀ। ਸਰਹੰਦ ਤੋਂ ਫੌਜੀ ਦਸਤਿਆਂ ਸਮੇਤ ਦੋ ਸਰਦਾਰ ਲਾਹੌਰ ਨੂੰ ਜਾ ਰਹੇ ਸਨ, ਕਰਤਾਰਪੁਰ ਵਿਖੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਜਦੋਂ ਇਸ ਘਟਨਾ ਦੀ ਖ਼ਬਰ ਲਾਹੌਰ ਜਹਾਨ ਖ਼ਾਂ ਨੂੰ ਪੁੱਜੀ ਤਾਂ ਉਸ ਨੇ ਆਪਣੇ ਕਰਮਚਾਰੀਆਂ ਨੂੰ ਪੁੱਛ-ਪੜਤਾਲ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਭੇਜਿਆ। ਉਸ ਸਮੇਂ ਦੇ ਜਲੰਧਰ ਦੇ ਹਾਕਮ ਨਾਸਿਰ ਅਲੀ ਨਾਲ ਰਲ ਕੇ ਕਰਤਾਰਪੁਰ ਦੀ ਤਬਾਹੀ ਕੀਤੀ ਗਈ। ਇੱਥੇ ਗਊ ਹੱਤਿਆ ਵੀ ਵੱਡੀ ਗਿਣਤੀ ਵਿੱਚ ਕੀਤੀ ਗਈ। ਲੋਕਾਂ ਨੂੰ ਕਤਲ ਕੀਤਾ ਗਿਆ ਅਤੇ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 137



Sri Satguru Jagjit Singh Ji Elibrary NamdhariElibrary@gmail.com

ਗੁਰਦੁਆਰਾ ਥੰਮ ਸਾਹਿਬ ਦੀ ਬੇਹੁਰਮਤੀ ਕੀਤੀ ਗਈ। ਪੁੱਛ-ਗਿੱਛ ਸਮੇਂ ਸੋਢੀ ਵਡਭਾਗ ਸਿੰਘ ਦਾ ਅਪਮਾਨ ਕੀਤਾ ਗਿਆ। ਇਸ ਘਟਨਾ ਨਾਲ ਸਿੰਘਾਂ ਵਿੱਚ ਬੜਾ ਰੋਸ ਫੈਲ ਗਿਆ। ਉਹ ਆਪਣੇ ਪਹਾੜੀ ਸਥਾਨਾਂ ਤੋਂ ਬਾਹਰ ਆ ਗਏ ਅਤੇ ਅਦੀਨਾ ਬੇਗ ਨਾਲ ਸਮਝੌਤਾ ਕਰਕੇ ਜਲੰਧਰ ਸ਼ਹਿਰ ਨੂੰ ਆਪਣੀ ਮਾਰ-ਧਾੜ ਅਤੇ ਲੁੱਟਮਾਰ ਦਾ ਨਿਸ਼ਾਨਾ ਬਣਾਇਆ।

**ਉੱਤਰ ਭਾਰਤ ਵਿੱਚ ਮਰਾਠਿਆਂ ਦਾ ਰਾਜਨੀਤਿਕ ਸ਼ਕਤੀ ਵਜੋਂ ਉਭਰਨਾ**

ਅਹਿਮਦ ਸ਼ਾਹ ਦੁਰਾਨੀ ਆਪਣੇ ਚੌਥੇ ਹਮਲੇ ਸਮੇਂ ਦਿੱਲੀ ਤੋਂ ਜਾਣ ਸਮੇਂ ਨਜੀਬ-ਉਦ-ਦੌਲਾ ਨੂੰ ਮੀਰ ਬਖਸ਼ੀ ਅਤੇ ਆਪਣਾ ਕਾਰਮੁਖਤਿਆਰ ਮੁਕੱਰਰ ਕਰ ਗਿਆ ਸੀ। ਆਲਮਗੀਰ ਦੂਜੇ ਦੇ ਵਜ਼ੀਰ ਇਮਾਦ ਉਲ-ਮੁਲਕ ਜੋ ਨਬੀਬ-ਉ-ਦੌਲਾ ਦੇ ਹੱਥੋਂ ਬੜਾ ਦੁਖੀ ਹੋ ਚੁੱਕਾ ਸੀ, ਨੇ ਮਰਾਠਿਆਂ ਨੂੰ ਆਪਣੀ ਸਹਾਇਤਾ ਲਈ ਸੱਦ ਭੇਜਿਆ। ਇਸ ਉੱਤੇ ਪੇਸ਼ਵਾ ਬਾਲਾ ਜੀ ਬਾਜੀਰਾਓ ਨੇ ਰਘੂਨਾਥ ਰਾਓ ਦੀ ਅਗਵਾਈ ਹੇਠ ਮਰਾਠਾ ਸੈਨਾ ਦਿੱਲੀ ਭੇਜ ਦਿੱਤੀ। ਮਰਾਠਿਆਂ ਨੇ ਨਜੀਬ-ਉ-ਦੌਲਾ ਨੂੰ ਦਿੱਲੀ ਤੋਂ ਕੱਢ ਦਿੱਤਾ। ਜਲੰਧਰ ਦਾ ਹਾਕਮ ਅਦੀਨਾ ਬੇਗ ਤੈਮੂਰ ਸ਼ਾਹ ਅਤੇ ਜਹਾਨ ਖ਼ਾਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਉਸਨੇ ਸਿੱਖਾਂ ਅਤੇ ਮਰਾਠਿਆਂ ਨਾਲ ਮਿਲ ਕੇ ਅਜਿਹਾ ਕੀਤਾ। ਸਿੱਖਾਂ ਨਾਲ ਸੁਲ੍ਹਾ ਕਰ ਲਈ ਅਤੇ ਮਰਾਠਿਆਂ ਨੂੰ ਪੰਜਾਬ ਵਿੱਚ ਆਉਣ ਲਈ ਸੱਦਾ ਦੇ ਦਿੱਤਾ। ਇਹ ਤੈਅ ਕਰ ਲਿਆ ਕਿ ਉਨ੍ਹਾਂ ਦੀ ਫ਼ੌਜ ਦੇ ਕੂਚ ਸਮੇਂ ਇੱਕ ਲੱਖ ਰੁਪਿਆ ਰੋਜ਼ਾਨਾ ਅਤੇ ਪੜਾਅ ਸਮੇਂ 50,000 ਰੁਪਏ ਰੋਜ਼ਾਨਾ ਦੇਵੇਗਾ। ਇਸ ਤਰ੍ਹਾਂ ਇਹ ਤਿਕੜੀ ਜਹਾਨ ਖ਼ਾਂ ਅਤੇ ਤੈਮੂਰ ਸ਼ਾਹ ਨੂੰ ਲਾਹੌਰ ਤੋਂ ਭਜਾ ਦੇਣ ਵਿੱਚ ਸਫ਼ਲ ਹੋ ਗਈ। ਅਦੀਨਾ ਬੇਗ ਨੇ ਮਰਾਠਿਆਂ ਨੂੰ 75 ਲੱਖ ਰੁਪਏ ਸਾਲਾਨਾ ਦੇਣ ਦਾ ਵਾਅਦਾ ਕੀਤਾ ਅਤੇ ਆਪ ਲਾਹੌਰ ਦਾ ਸ਼ਾਸਕ ਬਣ ਬੈਠਾ, ਪਰ ਸਤੰਬਰ 1758 ਵਿੱਚ ਉਸ ਦੀ ਮੌਤ ਪਿਛੋਂ ਮਰਾਠਾ ਸਰਦਾਰ ਸਾਂਭਾ ਜੀ ਲਾਹੌਰ ਉੱਤੇ ਅਧਿਕਾਰ ਜਮਾ ਬੈਠਾ। ਜਦੋਂ ਅਹਿਮਦਸ਼ਾਹ ਅਬਦਾਲੀ ਨੂੰ ਇਨ੍ਹਾਂ ਘਟਨਾਵਾਂ ਦਾ ਪਤਾ ਲੱਗਾ ਤਾਂ ਉਸਨੇ 60,000 ਦੀ ਵੱਡੀ ਸੈਨਾ ਲੈ ਕੇ ਪੰਜਾਬ ਉੱਤੇ ਪੰਜਵਾਂ ਹਮਲਾ ਕਰਨ ਦੀ ਤਿਆਰੀ ਕਰ ਲਈ। ਸਾਂਭਾ ਜੀ ਲਾਹੌਰ ਛੱਡ ਕੇ ਭੱਜ ਗਿਆ ਅਤੇ ਅਹਿਮਦ ਸ਼ਾਹ ਮਾਰੋਮਾਰ ਕਰਦਾ ਹੋਇਆ ਦਿੱਲੀ ਦੇ ਨੇੜੇ ਪੁੱਜ ਗਿਆ, ਜਿੱਥੇ ਕੁਝ ਥਾਵਾਂ 'ਤੇ ਮਰਾਠੇ ਸਰਦਾਰਾਂ ਨਾਲ ਉਸ ਦੀਆਂ ਝੜਪਾਂ ਵੀ ਹੋਈਆਂ। ਦਸੰਬਰ, 1759 ਈ: ਵਿੱਚ ਤਰਾਵੜੀ ਦੇ ਸਥਾਨ ਤੇ 9 ਜਨਵਰੀ, 1760 ਨੂੰ ਦਿੱਲੀ ਦੇ ਨੇੜੇ ਦੱਤਾ ਜੀ ਨਾਲ ਅਤੇ ਮਾਰਚ 1760 ਵਿੱਚ ਸਿਕੰਦਰਾਬਾਦ ਵਿਖੇ ਮਲਹਾਰ ਰਾਓ ਹੋਲਕਾਰ ਨਾਲ ਹੋਈਆਂ



Sri Satguru Jagjit Singh Ji Elibrary NamdhariElibrary@gmail.com

ਲੜਾਈਆਂ ਵਿੱਚ ਮਰਾਠਿਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਅਗਸਤ 1760 ਵਿੱਚ ਸਦਾਸ਼ਿਵਰਾਓ ਨੇ ਦਿੱਲੀ ਉੱਤੇ ਜਿੱਤ ਪ੍ਰਾਪਤ ਕਰ ਲਈ। ਕੁਝ ਸਮੇਂ ਪਿਛੋਂ ਉਸਨੇ ਕੁੰਜਪੁਰਾਂ ਨੂੰ ਵੀ ਜਿੱਤ ਲਿਆ। ਅਹਿਮਦ ਸ਼ਾਹ ਅਬਦਾਲੀ ਨੇ ਮਰਾਠਿਆਂ ਦੀਆਂ ਇਨ੍ਹਾਂ ਜਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਨਾਲ ਸੁਲ੍ਹਾ ਕਰਨ ਦਾ ਮਨ ਬਣਾਇਆ। ਪਰ ਮਰਾਠੇ ਕਿਸੇ ਤਰ੍ਹਾਂ ਵੀ ਅਬਦਾਲੀ ਦਾ ਪੰਜਾਬ ਉੱਤੇ ਅਧਿਕਾਰ ਮੰਨਣ ਨੂੰ ਤਿਆਰ ਨਹੀਂ ਸਨ। ਸਿੱਟੇ ਵਜੋਂ 14 ਜਨਵਰੀ, 1761 ਨੂੰ ਪਾਣੀਪਤ ਦੇ ਇਤਿਹਾਸਿਕ ਮੈਦਾਨ ਉੱਤੇ ਦੋਵਾਂ ਧਿਰਾਂ ਵਿਚਕਾਰ ਘਮਸਾਣ ਦਾ ਯੁੱਧ ਹੋਇਆ, ਜਿਸ ਨੂੰ ਇਤਿਹਾਸ ਵਿੱਚ ਪਾਣੀਪੱਤ ਦੀ ਤੀਜੀ ਲੜਾਈ ਕਰਕੇ ਜਾਣਿਆ ਜਾਂਦਾ ਹੈ। ਇਸ ਲੜਾਈ ਵਿੱਚ ਮਰਾਠਿਆਂ ਦਾ ਬਹੁਤ ਭਾਰੀ ਨੁਕਸਾਨ ਹੋਇਆ।

ਉਨ੍ਹਾਂ ਦੇ ਕਈ ਹਜ਼ਾਰ ਸੈਨਿਕ ਮਾਰੇ ਗਏ। ਮਰਾਠਾ ਸੈਨਾ ਦਾ ਮੁੱਖ ਸੈਨਾਪਤੀ ਸਦਾ ਸ਼ਿਵਰਾਓ ਭਾਓ ਅਤੇ ਪੇਸ਼ਵਾ ਦਾ ਪੁੱਤਰ ਵਿਸ਼ਵਾਸ ਰਾਓ ਵੀ ਮਾਰੇ ਗਏ। ਪੇਸ਼ਵਾ ਬਾਲਾਜੀ ਬਾਜੀਰਾਓ ਨੂੰ ਇਸ ਹਾਰ ਦਾ ਏਨਾ ਦੁੱਖ ਹੋਇਆ ਕਿ ਉਹ ਵੀ ਕੁਝ ਮਹੀਨਿਆਂ ਪਿਛੋਂ ਕਾਲਵਾਸ ਹੋ ਗਿਆ। ਪਾਣੀਪਤ ਦੀ ਤੀਜੀ ਲੜਾਈ ਦੇ ਸਿੱਟੇ ਵਜੋਂ ਮਰਾਠਿਆਂ ਦੀ ਸ਼ਕਤੀ ਏਨੀ ਕਮਜ਼ੋਰ ਪੈ ਗਈ ਕਿ ਉਨ੍ਹਾਂ ਨੇ ਪੰਜਾਬ ਉੱਤੇ ਆਪਣਾ ਅਧਿਕਾਰ ਸਥਾਪਿਤ ਕਰਨ ਦਾ ਵਿਚਾਰ ਤਿਆਗ ਦਿੱਤਾ। ਇਸ ਸਮੇਂ ਪੰਜਾਬ ਵਿੱਚ ਇਕੋ ਇੱਕ ਸ਼ਕਤੀ ਸਿੰਘਾਂ ਦੀ ਹੀ ਰਹਿ ਗਈ ਸੀ, ਜੋ ਕਿਸੇ ਸਮੇਂ ਵਿੱਚ ਅਬਦਾਲੀ ਦਾ ਟਾਕਰਾ ਕਰਨ ਵਿੱਚ ਪੂਰੀ ਤਰ੍ਹਾਂ ਸਮਰੱਥ ਸੀ।

ਜਦੋਂ ਅਹਿਮਦ ਸ਼ਾਹ ਅਬਦਾਲੀ ਪਾਣੀਪਤ ਦੀ ਲੜਾਈ ਤੋਂ ਪਿਛੋਂ ਵਾਪਸ ਅਫਗਾਨਿਸਤਾਨ ਨੂੰ ਪਰਤ ਰਿਹਾ ਸੀ ਤਾਂ ਸਿੰਘਾਂ ਦੇ ਦਲਾਂ ਨੇ ਉਸ ਦੀ ਫ਼ੌਜ ਉੱਤੇ ਕਈ ਛਾਪਾਮਾਰ ਹੱਲੇ ਕਰਕੇ ਬਹੁਤ ਸਾਰਾ ਧਨ-ਪਦਾਰਥ ਲੁੱਟ ਲਿਆ ਅਤੇ ਲਗਭਗ 2000 ਦੇ ਕਰੀਬ ਉਨ੍ਹਾਂ ਇਸਤਰੀਆਂ ਨੂੰ ਵੀ ਰਿਹਾਅ ਕਰਵਾਇਆ, ਜਿਨ੍ਹਾਂ ਨੂੰ ਅਹਿਮਦ ਸ਼ਾਹ ਬੰਦੀ ਬਣਾ ਕੇ ਆਪਣੇ ਨਾਲ ਲੈ ਕੇ ਜਾ ਰਿਹਾ ਸੀ। ਇਨ੍ਹਾਂ ਬੰਦੀ ਬਣਾਈਆਂ ਗਈਆਂ ਇਸਤਰੀਆਂ ਨੂੰ ਸਿੰਘਾਂ ਨੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਕੇ ਜਿੱਥੇ ਉਨ੍ਹਾਂ ਦੇ ਦੁਖੜਿਆਂ ਦਾ ਅੰਤ ਕੀਤਾ, ਉੱਥੇ ਲੋਕਾਂ ਕੋਲੋਂ ਵੀ ਇਸ ਉਪਕਾਰ ਕਾਰਨ ਜੱਸ ਖੱਟਿਆ।

ਅਹਿਮਦ ਸ਼ਾਹ ਨੇ ਵਾਪਸ ਜਾਣ ਤੋਂ ਪਹਿਲਾਂ ਵੱਖ-ਵੱਖ ਸੂਬਿਆਂ ਵਿੱਚ ਗਵਰਨਰ ਅਤੇ ਨਾਇਬ ਨਿਯੁਕਤ ਕੀਤੇ। ਲਾਹੌਰ ਵਿੱਚ ਖ਼ਵਾਜਾ ਉਬੇਦ ਖ਼ਾਂ ਨੂੰ; ਸਰਹਿੰਦ ਵਿੱਚ ਜੈਨ ਖ਼ਾਂ ਨੂੰ; ਜਲੰਧਰ ਦੁਆਬ ਵਿੱਚ ਸਆਦਤ ਯਾਰ ਖ਼ਾਂ ਅਤੇ ਸਾਦਿਕ ਖ਼ਾਂ ਦੋ ਭਰਾਵਾਂ ਨੂੰ ਅਤੇ ਚਾਰ ਮਹੱਲ ਦੇ ਇਲਾਕੇ ਖ਼ਵਾਜਾ ਮਿਰਜ਼ਾ ਖ਼ਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਸੌਂਪ ਦਿੱਤੇ। ਇਨ੍ਹਾਂ ਨੂੰ ਅਬਦਾਲੀ ਨੇ ਹੁਕਮ ਜ਼ਾਰੀ ਕੀਤਾ ਕਿ ਸਾਰੇ ਰਲਕੇ ਸਿੰਘਾਂ ਦੀ ਤਾਕਤ ਨੂੰ ਦਬਾਉਣ ਵਿੱਚ ਇੱਕ-ਦੂਜੇ ਨਾਲ ਸਹਿਯੋਗ ਕਰਨ।

ਸਿੰਘਾਂ ਨੇ ਅਬਦਾਲੀ ਦਾ ਚਨਾਬ ਤੱਕ ਪਿੱਛਾ ਕੀਤਾ। ਫਿਰ ਉਨ੍ਹਾਂ ਨੇ ਪੰਜਾਬ ਵਿੱਚ ਅਬਦਾਲੀ ਵੱਲੋਂ ਨਵੇਂ ਥਾਪੇ ਗਏ ਸ਼ਾਸ਼ਕਾਂ ਵਿਰੁੱਧ ਸੰਘਰਸ਼ ਨੂੰ ਤੇਜ਼ ਕਰ ਦਿੱਤਾ। ਸਿਆਲਕੋਟ ਉੱਤੇ ਹੱਲਾ ਬੋਲ ਕੇ ਉੱਥੇ ਦੇ ਹਾਕਮ ਖ਼ਵਾਜਾ ਮਿਰਜ਼ਾ ਖ਼ਾਂ ਨੂੰ ਹਰਾਇਆ। ਜਲੰਧਰ ਵਿਖੇ ਦੋਵਾਂ ਪਠਾਣ ਸਰਦਾਰਾਂ ਸਆਦਤ ਯਾਰ ਅਤੇ ਸਾਦਿਕ ਖ਼ਾਂ ਨੂੰ ਉਥੋਂ ਭਜਾ ਦਿੱਤਾ ਅਤੇ ਸਰਹਿੰਦ ਉੱਤੇ ਚੜ੍ਹਾਈ ਕਰ ਦਿੱਤੀ। ਜੈਨ ਖ਼ਾਂ ਉਸ ਸਮੇਂ ਸਰਹਿੰਦ ਵਿਖੇ ਨਹੀਂ ਸੀ, ਪਰ ਮਲੇਰਕੋਟਲੇ ਦੇ ਹਾਕਮ ਭੀਖਨ ਖ਼ਾਂ ਨੇ ਸਿੰਘਾਂ ਦਾ ਟਾਕਰਾ ਕੀਤਾ। ਜੈਨ ਖ਼ਾਂ ਦੀ ਫ਼ੌਜ ਦੇ ਸਰਹਿੰਦ ਪਹੁੰਚਣ ਤੋਂ ਪਹਿਲਾਂ ਸਿੰਘ ਉਥੋਂ ਕੂਚ ਕਰ ਗਏ। ਸਿੰਘਾਂ ਨੇ ਮਲੇਰਕੋਟਲੇ ਦੇ ਭੀਖਣ ਖ਼ਾਂ ਵਿਰੁੱਧ ਹੱਲਾ ਬੋਲ ਕੇ ਇਸ ਸ਼ਹਿਰ ਨੂੰ ਉਜਾੜ ਦਿੱਤਾ।

ਅਹਿਮਦ ਸ਼ਾਹ ਨੇ ਨੂਰ-ਉ-ਦੀਨ ਦੀ ਅਗਵਾਈ ਵਿੱਚ ਵੱਡੀ ਸੈਨਾ ਭੇਜੀ, ਪਰ ਚੜ੍ਹਤ ਸਿੰਘ ਸ਼ੁਕਰਚੱਕੀਆ ਦੀ ਅਗਵਾਈ ਵਿੱਚ ਸਿੰਘਾਂ ਨੇ ਪਹਿਲਾਂ ਚਿਨਾਬ ਦੇ ਕੰਢੇ ਅਤੇ ਫਿਰ ਸਿਆਲਕੋਟ ਵਿਖੇ ਉਸ ਨੂੰ ਕਰਾਰੀ ਹਾਰ ਦਿੱਤੀ। ਨੂਰ-ਉ-ਦੀਨ ਨੂੰ ਮੰਗਤੇ ਦੇ ਭੇਸ ਵਿੱਚ ਜਾਨ ਬਚਾ ਕੇ ਉਥੋਂ ਨੱਸਣਾ ਪਿਆ।

ਨੂਰ-ਉ-ਦੀਨ ਦੀ ਹਾਰ ਦਾ ਬਦਲਾ ਲੈਣ ਲਈ ਖ਼ਵਾਜਾ ਉਬੈਦ ਖ਼ਾਂ ਨੇ ਲਾਹੌਰ ਤੋਂ ਚੜ੍ਹਤ ਸਿੰਘ ਵਿਰੁੱਧ ਵੱਡੀ ਸੈਨਾ ਲੈ ਕੇ ਗੁਜਰਾਂਵਾਲੇ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਬਾਰੇ ਖ਼ਬਰ ਸੁਣਦਿਆਂ ਸਾਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ, ਹਰੀ ਸਿੰਘ ਭੰਗੀ ਆਦਿ ਕਈ ਹੋਰ ਸਿੱਖ ਸਰਦਾਰ ਚੜ੍ਹਤ ਸਿੰਘ ਦੀ ਸਹਾਇਤਾ ਲਈ ਪੁੱਜੇ। ਉਬੈਦ ਖ਼ਾਂ ਹਾਰ ਖਾਹ ਕੇ ਲਾਹੌਰ ਭੱਜ ਗਿਆ। ਗੁਜਰਾਂਵਾਲੇ ਦੀ ਜਿੱਤ ਤੋਂ ਉਤਸ਼ਾਹ ਪ੍ਰਾਪਤ ਕਰਕੇ ਸਿੰਘਾਂ ਨੇ ਲਾਹੌਰ ਉੱਤੇ ਹੱਲਾ ਬੋਲ ਦਿੱਤਾ। ਖ਼ਵਾਜਾ ਉਬੈਦ ਖ਼ਾਂ ਲੜਾਈ ਵਿੱਚ ਮਾਰਿਆ ਗਿਆ ਅਤੇ ਪੰਜਾਬ ਦੀ ਰਾਜਧਾਨੀ ਉੱਤੇ ਨਵੰਬਰ, 1761 ਅਰਥਾਤ ਪਾਣੀਪਤ ਦੀ ਲੜਾਈ ਤੋਂ ਕੇਵਲ 10 ਮਹੀਨੇ ਪਿਛੋਂ ਸਿੰਘਾਂ ਦਾ ਕਬਜ਼ਾ ਹੋ ਗਿਆ। ਇਸ ਅਵਸਰ ਉੱਤੇ ਜੱਸਾ ਸਿੰਘ ਆਹਲੂਵਾਲੀਆ ਨੇ 'ਸੁਲਤਾਨ-ਉਲ-ਕੌਮ' ਦੀ ਉਪਾਧੀ ਧਾਰਨ ਕੀਤੀ ਅਤੇ ਆਪਣੇ ਨਾਂ ਦੇ ਸਿੱਕੇ ਜਾਰੀ ਕੀਤੇ, ਜਿਸ ਉੱਤੇ ਇਹ ਸ਼ਬਦ ਅੰਕਿਤ ਸਨ "ਸਿੱਖ ਕਾ ਜ਼ਾਦ ਦਾਰ ਜਹਾਨ ਬਾਫਜ਼ਲੇ-ਏ-ਅਕਾਲ, ਮੁਲ ਕੋ ਅਹਿਮਦ ਗਰਿਫਤ ਜੱਸਾ ਕਲਾਲ।" ਅਹਿਮਦ ਸ਼ਾਹ ਦੇ ਮੁਲਕ ਉੱਤੇ ਕਬਜ਼ਾ ਕਰਕੇ ਜੱਸਾ ਕਲਾਲ ਨੇ ਇਸ ਦੀ ਯਾਦ ਵਿੱਚ ਸਿੱਕਾ ਜਾਰੀ ਕੀਤਾ, ਪਰ [1*]ਤੇਜਾ ਸਿੰਘ ਅਤੇ ਗੰਡਾ ਸਿੰਘ 'ਸਿੱਖਾਂ ਦੇ ਸੰਖੇਪ ਇਤਿਹਾਸ ਵਿੱਚ'

[1*] ਤੇਜਾ ਸਿੰਘ ਅਤੇ ਗੰਡਾ ਸਿੰਘ, ਏ ਹਿਸਟਰੀ ਆਫ ਦ ਸਿੱਖਸ (1469-1765), ਪੰਨਾ 161



Sri Satguru Jagjit Singh Ji Elibrary NamdhariElibrary@gmail.com

ਇਸ ਸਿੱਕੇ ਨੂੰ ਬਣਾਉਟੀ ਦੱਸਦੇ ਹਨ, ਜੋ ਅਹਿਮਦ ਸ਼ਾਹ ਨੂੰ ਉਕਸਾਉਣ ਲਈ ਕੁਝ ਮੁਸਲਮਾਨਾਂ ਨੇ ਆਪਣੇ ਵੱਲੋਂ ਘੜ ਕੇ ਭੇਜਿਆ ਸੀ। ਅਸਲੀ ਸਿੱਕੇ ਉੱਤੇ ਇਹ ਸ਼ਬਦ ਲਿਖੇ ਹੋਏ ਸਨ :

ਦੇਗ, ਤੇਗ਼ ਫਤਹੇ ਨੁਸਰਤ ਬੇਦ ਰੰਗ
ਯਾਫ਼ਤ ਅਜ਼ ਨਾਨਕ ਗੁਰ ਗੋਬਿੰਦ ਸਿੰਘ

1*ਡਾ. ਹਰੀ ਰਾਮ ਗੁਪਤਾ ਅਨੁਸਾਰ ਸਿੰਘਾਂ ਵੱਲੋਂ ਘੜਿਆ ਗਿਆ ਇਹ ਦੂਜਾ ਸਿੱਕਾ ਸੀ। ਪਹਿਲਾ ਸਿੱਕਾ ਬੰਦਾ ਸਿੰਘ ਬਹਾਦਰ ਨੇ ਜਾਰੀ ਕੀਤਾ ਸੀ।

ਲਾਹੌਰ ਉੱਤੇ ਕਬਜ਼ਾ ਕਰਕੇ ਸਿੰਘਾਂ ਨੇ ਜਨਵਰੀ, 1762 ਨੂੰ ਜੰਡਿਆਲਾ ਗੁਰੂ ਦੇ ਆਕਿਲ ਦਾਸ ਤੋਂ ਬਦਲਾ ਲੈਣਾ ਚਾਹਿਆ, ਜਿਸਨੇ ਸਦਾ ਅਹਿਮਦ ਸ਼ਾਹ ਦਾ ਸਾਥ ਦਿੱਤਾ ਸੀ, ਉਸਨੂੰ ਆਪਣੇ ਉੱਤੇ ਹਮਲੇ ਦੀ ਖ਼ਬਰ ਹੋ ਗਈ ਅਤੇ ਉਸਨੇ ਆਪਣੇ ਦੂਤ ਅਹਿਮਦ ਸ਼ਾਹ ਵੱਲ ਭੇਜ ਕੇ ਸਹਾਇਤਾ ਲਈ ਬੇਨਤੀ ਕੀਤੀ। ਅਹਿਮਦਸ਼ਾਹ ਨੂੰ ਪਹਿਲਾਂ ਵੀ ਖ਼ਬਰਾਂ ਪੁੱਜ ਗਈਆਂ ਸਨ ਕਿ ਸਿੰਘਾਂ ਨੇ ਪੰਜਾਬ ਵਿੱਚ ਗੜਬੜ ਕਰਕੇ ਉਸ ਵੱਲੋਂ ਨਿਯੁਕਤ ਕੀਤੇ ਗਏ ਸ਼ਾਸ਼ਕਾਂ ਦਾ ਸਫਾਇਆ ਕਰ ਦਿੱਤਾ ਹੈ ਅਤੇ ਪੰਜਾਬ ਦੀਆਂ ਬਹੁਤ ਸਾਰੀਆਂ ਥਾਵਾਂ ਉੱਤੇ ਉਨ੍ਹਾਂ ਨੇ ਕਬਜ਼ਾ ਕਰ ਲਿਆ ਹੈ। ਉਸਨੇ ਆਕਿਲ ਦਾਸ ਨੂੰ ਰੋਹਤਾਸ ਵਿਖੇ ਸਦ ਭੇਜਿਆ। ਇਸ ਦੌਰਾਨ ਸਿੰਘਾਂ ਨੇ ਜੰਡਿਆਲੇ ਉੱਤੇ ਚੜ੍ਹਾਈ ਕਰ ਦਿੱਤੀ। ਅਹਿਮਦ ਸ਼ਾਹ ਰੋਹਤਾਸ ਤੋਂ ਕੂਚ ਕਰਕੇ ਬੜੀ ਤੇਜ਼ ਗਤੀ ਨਾਲ ਚਹੁੰ ਦਿਨਾਂ ਵਿੱਚ ਹੀ ਲਾਹੌਰ ਪਹੁੰਚ ਗਿਆ ਅਤੇ ਬਿਨਾਂ ਰੋਕ-ਟੋਕ ਲਾਹੌਰ ਉੱਤੇ ਕਾਬਜ਼ ਹੋ ਗਿਆ। ਸਿੰਘਾਂ ਨੇ ਜੰਡਿਆਲਾ ਗੁਰੂ ਦੇ ਕਿਲ੍ਹੇ ਨੂੰ ਘੇਰਾ ਪਾਈ ਰਖਿਆ, ਪਰ ਡਾ. ਹਰੀ ਰਾਮ ਗੁਪਤਾ ਅਨੁਸਾਰ ਕਿਲ੍ਹੇ ਦੀਆਂ ਦੀਵਾਰਾਂ ਤੋਂ ਸਿੰਘਾਂ ਉੱਤੇ ਗਊ ਮਾਸ ਸੁੱਟਿਆ ਗਿਆ। ਉਨ੍ਹਾਂ ਨੂੰ ਦੁਰਾਨੀ ਦੇ ਹਲੇ ਦਾ ਵੀ ਖਤਰਾ ਸੀ। ਅਹਿਮਦ ਸ਼ਾਹ ਨੂੰ ਜੰਡਿਆਲੇ ਪਹੁੰਚਣ 'ਤੇ ਪਤਾ ਲੱਗਿਆ ਕਿ ਸਿੱਖ ਸਰਹਿੰਦ ਵੱਲ ਚਲੇ ਗਏ ਹਨ ਅਤੇ ਇਸ ਸਮੇਂ ਮਲੇਰਕੋਟਲਾ ਦੇ ਨੇੜੇ ਹਨ। ਅਬਦਾਲੀ ਨੇ ਬੜੀ ਤੇਜ਼ੀ ਨਾਲ ਮਲੇਰਕੋਟਲਾ ਵੱਲ ਕੂਚ ਕੀਤਾ ਅਤੇ 4 ਫਰਵਰੀ, 1762 ਨੂੰ ਲੁਧਿਆਣਾ ਪਹੁੰਚ ਗਿਆ। ਇੱਥੇ ਉਸ ਨੂੰ ਪਤਾ ਲੱਗਿਆ ਕਿ ਸਿੱਖ ਮਲੇਰਕੋਟਲਾ ਤੋਂ 9 ਕਿਲੋਮੀਟਰ ਦੀ ਦੂਰੀ ਉੱਤੇ 'ਕੁਪ ਰਹੀੜਾ' ਦੇ ਸਥਾਨ ਉੱਤੇ ਡੇਰੇ ਲਾਈ ਬੈਠੇ ਹਨ। ਉਸਨੇ ਆਪਣੇ ਦੂਤਾਂ ਰਾਹੀਂ ਜੈਨ ਖ਼ਾਂ ਨੂੰ ਹੁਕਮ ਭੇਜਿਆ ਕਿ ਉਹ ਆਪਣੀ ਸੈਨਾ ਨਾਲ ਤੁਰੰਤ ਕੁੱਪ ਪਹੁੰਚ ਜਾਏ। ਅਬਦਾਲੀ ਆਪ ਆਪਣੀ ਸੈਨਾ ਨਾਲ ਲੈ ਕੇ 5 ਫਰਵਰੀ ਨੂੰ ਸਵੇਰੇ ਹੀ ਕੁੱਪ ਪਹੁੰਚ ਗਿਆ।

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 179



Sri Satguru Jagjit Singh Ji Elibrary NamdhariElibrary@gmail.com

**ਵੱਡਾ ਘੱਲੂਘਾਰਾ (5 ਫਰਵਰੀ, 1762)**

5 ਫਰਵਰੀ, 1762 ਨੂੰ ਉਹ ਵਿਕਰਾਲ ਘਟਨਾ ਵਾਪਰੀ, ਜਿਸ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਕਰਕੇ ਜਾਣਿਆ ਜਾਂਦਾ ਹੈ। ਇਸ ਸਮੇਂ ਸਿੱਖ ਕੁੱਪ ਦੇ ਸਥਾਨ ਉੱਤੇ ਡੇਰਾ ਲਾਈ ਬੈਠੇ ਸਨ। ਇਸਤਰੀਆਂ ਬਾਲ ਬੱਚਿਆਂ ਸਮੇਤ ਉਨ੍ਹਾਂ ਦੀ ਗਿਣਤੀ 50,000 ਦੇ ਕਰੀਬ ਸੀ। ਉਨ੍ਹਾਂ ਦਾ ਲੜਾਈ ਦਾ ਜੰਗੀ ਸਾਮਾਨ ਕੁੱਪ ਤੋਂ 6 ਕਿਲੋਮੀਟਰ ਦੂਰ 'ਗਰਮਾ' ਦੇ ਸਥਾਨ ਉੱਤੇ ਸੀ। ਅਹਿਮਦ ਸ਼ਾਹ ਅਬਦਾਲੀ ਨੇ ਬੜੇ ਵਿਉਂਤਬੰਦ ਢੰਗ ਨਾਲ ਸਿੰਘਾਂ ਉੱਤੇ ਅਚਾਨਕ ਹੱਲਾ ਕੀਤਾ ਅਤੇ ਤਿੰਨਾਂ ਪਾਸਿਆਂ ਤੋਂ ਉਨ੍ਹਾਂ ਨੂੰ ਘੇਰ ਲਿਆ। ਜਹਾਨ ਖ਼ਾਂ ਨੇ ਮੁਹਰਲੇ ਪਾਸੋਂ ਤੋਂ ਘੇਰਾ ਪਾ ਲਿਆ ਸੀ। ਦੂਜੀ ਬਾਹੀ ਉੱਤੇ ਵਲੀ ਖ਼ਾਂ ਦੀ ਫ਼ੌਜ ਸੀ। ਅਬਦਾਲੀ ਆਪਣੀ ਸੁਰਖ ਵਰਦੀਧਾਰੀ ਫ਼ੌਜ ਨਾਲ ਤੋਪਖ਼ਾਨੇ ਅਤੇ ਜ਼ਮੂਰਦੀਆਂ ਨਾਲ ਲੈਸ ਹੋ ਕੇ ਤੇਜ਼ ਗਤੀ ਨਾਲ ਪਿਛਲੇ ਬੰਨਿਓ ਅੱਗੇ ਵੱਧ ਰਿਹਾ ਸੀ। ਸਿੰਘਾਂ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ। ਦੁਸ਼ਮਣ ਦੀ ਫ਼ੌਜ ਦਾ ਅੰਦਾਜ਼ਾ ਲਾ ਕੇ ਸਿੰਘਾਂ ਨੇ ਆਪਣੇ ਪਰਿਵਾਰਾਂ ਨੂੰ ਵਿਚਕਾਰ ਰੱਖ ਲਿਆ ਅਤੇ ਆਲੇ-ਦੁਆਲੇ ਘੇਰਾ ਪਾ ਕੇ 'ਗੁਰਮ' ਪਿੰਡ ਵੱਲ ਵੱਧਣ ਲੱਗੇ। ਉਨ੍ਹਾਂ ਦਾ ਖਿਆਲ ਸੀ ਕਿ ਇਸ ਤਰ੍ਹਾਂ ਲੜਦੇ-ਲੜਦੇ ਉਹ ਬਰਨਾਲੇ ਪਹੁੰਚ ਜਾਣਗੇ, ਜਿਥੋਂ ਆਲਾ ਸਿੰਘ ਕੋਲੋਂ ਸਹਾਇਤਾ ਮਿਲਣ ਦੀ ਉਨ੍ਹਾਂ ਨੂੰ ਪੱਕੀ ਆਸ ਸੀ। ਪਿਛਲੇ ਪਾਸੋਂ ਤੋਂ ਅਬਦਾਲੀ ਬੜੇ ਤੇਜ਼ ਅਤੇ ਜ਼ੋਰਦਾਰ ਹਮਲੇ ਕਰਵਾ ਰਿਹਾ ਸੀ। ਸਿੰਘ ਵੀ ਬਹਾਦਰੀ ਨਾਲ ਲੜ ਰਹੇ ਸਨ, ਪਰ ਉਨ੍ਹਾਂ ਦਾ ਪਰਿਵਾਰਾਂ ਦੁਆਲੇ ਘੇਰਾ ਬਹੁਤੀ ਦੇਰ ਦੁਸ਼ਮਣ ਦੀ ਫ਼ੌਜ ਅੱਗੇ ਟਿਕ ਨਾ ਸਕਿਆ। ਇਸ ਲਈ ਅਬਦਾਲੀ ਦੀ ਸੈਨਾ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘਾਂ ਦੇ ਪਰਿਵਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਪਰ ਸਿੰਘਾਂ ਨੇ ਆਪਣੇ ਸਰਦਾਰਾਂ ਦੀ ਅਗਵਾਈ ਵਿੱਚ ਬੜੇ ਹੌਸਲੇ ਅਤੇ ਦਲੇਰੀ ਨਾਲ ਦੁਸ਼ਮਣ ਨਾਲ ਮੁਕਾਬਲਾ ਜਾਰੀ ਰੱਖਿਆ। ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਤੇ ਹੋਰ ਸਰਦਾਰਾਂ ਨੇ ਰਲ ਕੇ ਤਲਵਾਰਾਂ ਸੂਤ ਲਈਆਂ ਅਤੇ ਦੁਸ਼ਮਣਾਂ ਨੂੰ ਵੱਡੀ ਗਿਣਤੀ ਵਿੱਚ ਮਾਰ ਮੁਕਾਇਆ। ਸਿੰਘ ਬਰਨਾਲੇ ਵੱਲ ਅੱਗੇ ਵੱਧਦੇ ਜਾ ਰਹੇ ਸਨ ਅਤੇ ਅਬਦਾਲੀ ਦੀ ਸੈਨਾ ਪੂਰੇ ਤਾਨ ਨਾਲ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ।

ਸਿੰਘ ਬਹਾਦਰੀ ਨਾਲ ਲੜਦੇ-ਲੜਦੇ 'ਰਾਹਿਲ' ਪਿੰਡ ਪਹੁੰਚ ਗਏ, ਜਿੱਥੇ ਉਨ੍ਹਾਂ ਦਾ ਖਿਆਲ ਸੀ ਕਿ ਲੋਕ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਸ਼ਰਣ ਦੇਣਗੇ, ਪਰ ਪਿੰਡ ਵਾਸੀਆਂ ਨੇ ਡਰਦਿਆਂ ਮਾਰਿਆਂ ਘਰਾਂ ਦੇ ਬੂਹੇ ਬੰਦ ਕਰ ਲਏ। ਸਿੰਘਾਂ ਨੂੰ ਪਾਥੀਆਂ ਦੇ ਢੇਰਾਂ (ਗਹੂਰਿਆਂ), ਤੂੜੀ ਦੇ ਮੂਸਲਾਂ ਅਤੇ ਲਾਸ਼ਾਂ ਦੇ



Sri Satguru Jagjit Singh Ji Elibrary NamdhariElibrary@gmail.com

ਹੇਠਾਂ ਲੁੱਕ ਕੇ ਜਾਣ ਬਚਾਉਣੀ ਪਈ। ਸਿੰਘ ਤੇਜ਼ ਗਤੀ ਨਾਲ ਪਿੱਛੇ ਹੱਟ ਰਹੇ ਸਨ, ਕਿਉਂ ਜੋ ਪਰਿਵਾਰਾਂ ਦੀ ਚਿੰਤਾ ਮੁੱਕ ਚੁੱਕੀ ਸੀ। ਸ਼ਾਮ ਤੱਕ ਉਹ ਕੁਤਬਾ ਪਿੰਡ ਪਹੁੰਚ ਗਏ, ਜਿੱਥੇ ਪਾਣੀ ਦੀ ਢਾਬ ਸੀ। ਇੱਥੇ ਉਨ੍ਹਾਂ ਨੇ ਆਪਣੀ ਪਿਆਸ ਬੁਝਾਈ ਅਤੇ ਘੋੜਿਆਂ ਨੂੰ ਵੀ ਪਾਣੀ ਪਿਆਇਆ। ਰਾਤ ਪੈਣ ਤੱਕ ਅਬਦਾਲੀ ਦੀ ਸੈਨਾ ਵੀ ਥੱਕ ਚੁੱਕੀ ਸੀ ਅਤੇ ਉਸਨੇ ਅੱਗੇ ਲੜਾਈ ਕਰਨੀ ਇਹ ਜਾਣ ਕੇ ਉੱਚਿਤ ਨਾ ਸਮਝੀ ਕਿ ਸਿੰਘਾਂ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਹੈ ਅਤੇ ਉਹ ਦੁਬਾਰਾ ਉੱਠਣ ਜੋਗੇ ਨਹੀਂ ਰਹੇ। ਇਸ ਘੱਲੂਘਾਰੇ ਵਿੱਚ 20,000 ਦੇ ਲਗਭਗ ਸਿੰਘ ਸ਼ਹੀਦ ਹੋਏ। ਇਸ ਵੱਡੇ ਘੱਲੂਘਾਰੇ ਵਿੱਚ ਸਿੰਘਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ।

### ਆਲਾ ਸਿੰਘ ਅਤੇ ਅਬਦਾਲੀ

ਸਿੰਘਾਂ ਦਾ ਖ਼ਿਆਲ ਸੀ ਕਿ ਬਾਬਾ ਆਲਾ ਸਿੰਘ ਉਨ੍ਹਾਂ ਦੀ ਸਹਾਇਤਾ ਕਰੇਗਾ, [1*]ਪਰ ਉਹ ਦੁਬਿਧਾ ਵਿੱਚ ਫਸ ਗਿਆ। ਇੱਕ ਬੰਨ੍ਹੇ ਉਨ੍ਹਾਂ ਉਸ ਦਾ ਸਹਿਧਰਮੀ ਸਿੱਖ ਭਾਈਚਾਰਾ ਸੀ, ਜਿਸ ਨੂੰ ਅਹਿਮਦਸ਼ਾਹ ਦੀਆਂ ਫ਼ੌਜਾਂ ਨੇ ਬਹੁਤ ਵੱਡੀ ਹਾਨੀ ਪਹੁੰਚਾਈ ਸੀ। ਦੂਜੇ ਬੰਨੇ ਉਸ ਦਾ ਆਪਣੀ ਰਿਆਸਤ ਨੂੰ ਬਚਾਉਣ ਦਾ ਵਿਚਾਰ ਸੀ। ਉਹ ਪਹਿਲੀਆਂ ਮੁਹਿੰਮਾਂ ਵਿੱਚ ਵੀ ਅਹਿਮਦ ਸ਼ਾਹ ਨੂੰ ਨਕਦ ਰਕਮਾਂ ਦਾ ਭੁਗਤਾਨ ਕਰਕੇ ਅਤੇ ਉਸਨੂੰ ਨਿਸ਼ਚਿਤ ਸਲਾਨਾ ਕਰ ਭਰਦਾ ਰਿਹਾ ਸੀ। ਮਲੇਰਕੋਟਲੇ, ਰਾਏਕੋਟ ਅਤੇ ਹੋਰ ਅਫ਼ਗਾਨ ਅਹਿਲਕਾਰਾਂ ਨੇ ਉਸ ਵਿਰੁੱਧ ਅਹਿਮਦਸ਼ਾਹ ਦੇ ਕੰਨ ਭਰੇ ਕਿ ਉਹ ਗੁਪਤ ਰੂਪ ਵਿੱਚ ਮਾਝੇ ਦੇ ਸਿੰਘਾਂ ਦੀ ਸਹਾਇਤਾ ਕਰਦਾ ਰਿਹਾ ਹੈ ਅਤੇ ਜੇਕਰ ਉਸ ਆਲਾ ਸਿੰਘ ਨੂੰ ਫੜ ਕੇ ਲਿਆਂਦਾ ਜਾਵੇ ਤਾਂ 50 ਲੱਖ ਦੀ ਰਕਮ ਹਰਜ਼ਾਨੇ ਵਜੋਂ ਉਸ ਕੋਲੋਂ ਵਸੂਲ ਕੀਤੀ ਜਾ ਸਕਦੀ ਹੈ। ਅਹਿਮਦ ਸ਼ਾਹ ਨੇ ਆਲਾ ਸਿੰਘ ਨੂੰ ਬੁਲਾ ਭੇਜਿਆ ਪਰ ਉਹ ਕੁਝ ਚਿਰ ਟਾਲ-ਮਟੋਲ ਕਰਦਾ ਰਿਹਾ।

ਆਲਾ ਸਿੰਘ ਨਜ਼ਾਮ-ਉਲ-ਦੌਲਾ ਦੀ ਸਹਾਇਤਾ ਨਾਲ ਅਹਿਮਦ ਸ਼ਾਹ ਅੱਗੇ ਪੇਸ਼ ਹੋ ਗਿਆ। ਅਹਿਮਦਸ਼ਾਹ ਨੇ ਉਸ ਦੇ ਕੇਸ਼ ਕੱਟਣ ਦਾ ਹੁਕਮ ਕੀਤਾ, ਪਰ ਉਸ ਨੇ ਸਵਾ ਲੱਖ ਰੁਪਿਆ ਦੇ ਕੇ ਆਪਣੇ ਕੇਸ਼ਾਂ ਨੂੰ ਪਤਿਤ ਹੋਣ ਤੋਂ ਬਚਾ ਲਿਆ ਅਤੇ 5 ਲੱਖ ਰੁਪਏ ਦੀ ਰਕਮ ਅਹਿਮਦ ਸ਼ਾਹ ਨੂੰ ਭੇਟ ਕੀਤੀ ਅਤੇ ਅੱਗੇ ਤੋਂ ਵੀ ਸਾਲਾਨਾ 5 ਲੱਖ ਰੁਪਿਆ ਦੇਣਾ ਪ੍ਰਵਾਨ ਕਰ ਲਿਆ। ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ ਇਸ ਅਵਸਰ ਉੱਤੇ ਖਿਲਤ ਵੀ ਦਿੱਤੀ ਅਤੇ 'ਰਾਜਾ' ਦੀ ਉਪਾਧੀ ਵੀ ਪ੍ਰਦਾਨ ਕੀਤੀ।

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 183



Sri Satguru Jagjit Singh Ji Elibrary NamdhariElibrary@gmail.com

### ਅਹਿਮਦ ਸ਼ਾਹ ਦੀ ਧਾਰਮਿਕ ਕੱਟੜਤਾ ਦਾ ਦਰਦਨਾਕ ਪ੍ਰਦਰਸ਼ਣ

ਸਰਹਿੰਦ ਤੋਂ ਅਹਿਮਦਸ਼ਾਹ ਦੀ ਵਾਪਸੀ ਦਾ ਦ੍ਰਿਸ਼ ਉਸ ਦੇ ਅੰਦਰਲੇ ਉਸ ਨਫਰਤ ਦੇ ਜ਼ਜ਼ਬੇ ਦਾ ਪ੍ਰਗਟਾ ਕਰ ਰਿਹਾ ਸੀ, ਜੋ ਇੱਕ ਕੱਟੜ ਪ੍ਰਸਤ ਹੁਕਮਰਾਨ ਸਮਰਾਟ ਵਿੱਚ ਹੋ ਸਕਦਾ ਹੈ। ਉਸ ਦੀ ਸਰਹਿੰਦ ਤੋਂ ਵਾਪਸੀ ਦਾ ਦ੍ਰਿਸ਼ ਬੜਾ ਭਿਆਨਕ ਸੀ। 50 ਗੱਡਿਆਂ ਵਿੱਚ ਸਿੱਖਾਂ ਦੇ ਵੱਢੇ ਹੋਏ ਸਿਰ ਰੱਖੇ ਹੋਏ ਸਨ ਅਤੇ ਸੈਂਕੜੇ ਸਿੰਘਾਂ ਨੂੰ ਬੰਦੀ ਬਣਾ ਕੇ ਜ਼ੰਜ਼ੀਰਾਂ ਵਿੱਚ ਜਕੜਿਆ ਹੋਇਆ ਸੀ।

ਅੰਮ੍ਰਿਤਸਰ ਪੁੱਜ ਕੇ ਉਸਨੇ ਹਰਿਮੰਦਰ ਸਾਹਿਬ ਨੂੰ ਢਹਿ-ਢੇਰੀ ਕਰ ਦੇਣ ਦਾ ਮਨਸੂਬਾ ਬਣਾਇਆ ਅਤੇ ਮਨਚਾਹੇ ਢੰਗ ਨਾਲ ਅੰਮ੍ਰਿਤ ਸਰੋਵਰ ਨੂੰ ਅਪਵਿੱਤਰ ਹੀ ਨਹੀਂ ਕੀਤਾ ਸਗੋਂ ਆਪਣੇ ਵੱਲੋਂ ਇਸ ਸਥਾਨ ਨੂੰ ਮਲੀਆ ਮੇਟ ਕਰਨ ਦਾ ਯਤਨ ਵੀ ਕੀਤਾ। ਬਾਰੂਦ ਦੇ ਬਕਸੇ ਹਰਿਮੰਦਰ ਸਾਹਿਬ ਦੀ ਇਮਾਰਤ ਹੇਠਾਂ ਰੱਖ ਕੇ ਉਸ ਨੂੰ ਉਡਾ ਦਿੱਤਾ ਗਿਆ। ਆਲੇ-ਦੁਆਲੇ ਦੇ ਮਕਾਨਾਂ ਨੂੰ ਢਾਹ ਕੇ ਮਲਬੇ ਨਾਲ ਅੰਮ੍ਰਿਤ ਸਰੋਵਰ ਨੂੰ ਪੂਰ ਦਿੱਤਾ ਗਿਆ। ਕੇਵਲ ਇੱਥੇ ਹੀ ਬਸ ਨਹੀਂ, ਸਗੋਂ ਗਊਆਂ ਦਾ ਬੱਧ ਕਰਕੇ ਉਨ੍ਹਾਂ ਦਾ ਲਹੂ ਇਸ ਸਥਾਨ 'ਤੇ ਡੋਲ੍ਹਿਆ ਗਿਆ।

3 ਮਾਰਚ, 1762 ਨੂੰ ਅਬਦਾਲੀ ਲਾਹੌਰ ਪੁੱਜਾ। ਸ਼ਹਿਰ ਦੇ ਦਰਵਾਜ਼ਿਆਂ ਉੱਤੇ ਸਿੰਘਾਂ ਦੇ ਸਿਰਾਂ ਨੂੰ ਚਿਣ ਕੇ ਰੱਖ ਦਿੱਤਾ ਗਿਆ ਅਤੇ ਸ਼ਹਿਰ ਦੀਆਂ ਮਸਜਿਦਾਂ ਦੀ ਸ਼ੁਧੀ ਲਈ ਸਿੰਘਾਂ ਦੀ ਰਤ ਨਾਲ ਉਨ੍ਹਾਂ ਨੂੰ ਧੋਤਾ ਗਿਆ। ਕੀ ਇਹ ਸਭ ਕੁਝ ਪਾਕ ਰਸੂਲ ਦੀ ਰੂਹ ਨੂੰ ਤਸਕੀਨ ਦੇਣ ਲਈ ਹੀ ਕੀਤਾ ਗਿਆ ਸੀ?

ਅਹਿਮਦ ਸ਼ਾਹ ਅਬਦਾਲੀ ਮਾਰਚ-ਦਸੰਬਰ 1762 ਤੱਕ ਲਾਹੌਰ ਵਿੱਚ ਹੀ ਰਿਹਾ। ਇਸ ਦੌਰਾਨ ਦਿੱਲੀ ਦੇ ਬਾਦਸ਼ਾਹ ਦੇ ਨੁਮਾਇੰਦੇ ਨਾਜੀਬ ਅਤੇ ਯਾਕੂਬ ਅਲੀ ਖ਼ਾਂ ਵੀ ਉਸ ਦੇ ਨਾਲ ਸਨ। ਉਸਨੇ ਮਰਾਠੇ ਸਰਦਾਰਾਂ ਬਾਪੂ ਅਤੇ ਪਰਸ਼ੋਤਮ ਮਹਾਂਦੇਵ ਨਾਲ ਵੀ ਸੁਲ੍ਹਾ ਕਰ ਲਈ ਅਤੇ ਪੇਸ਼ਵਾ ਨੂੰ ਰਾਜਾ ਪਰਵਾਨ ਕਰਕੇ ਉਸਨੂੰ ਸ਼ਾਹੀ ਪੁਸ਼ਾਕ ਉੱਤੇ ਕੇਸਰ ਦਾ ਪੰਜਾ ਲਾ ਕੇ ਘੋੜੇ ਤੇ ਹਾਥੀ ਭੇਜੇ। ਸ਼ਾਹ ਆਲਿਮ ਨੂੰ ਦਿੱਲੀ ਦਾ ਬਾਦਸ਼ਾਹ ਪ੍ਰਵਾਨ ਕਰਕੇ ਉਸਨੇ ਇਲਾਕੇ ਦੇ ਜ਼ਿਮੀਂਦਾਰਾਂ ਨੂੰ ਬੁਲਾ ਭੇਜਿਆ ਅਤੇ ਆਪਣੇ ਸਭ ਤੋਂ ਵੱਡੇ ਸ਼ਤਰੂ ਸਿੱਖਾਂ ਦੀ ਹਸਤੀ ਮਿਟਾਉਣ ਲਈ ਮਨਸੂਬੇ ਬਣਾਏ।

ਅਬਦਾਲੀ ਨੇ ਕਸ਼ਮੀਰ ਨੂੰ ਦੁਬਾਰਾ ਫਤਹਿ ਕਰ ਲਿਆ। ਇਸ ਸੰਬੰਧ ਵਿੱਚ ਜੰਮੂ ਦੇ ਰਣਜੀਤ ਦੇਵ ਅਤੇ ਨੌਰ-ਉਦ-ਦੀਨ ਦੀ ਅਗਵਾਈ ਵਿੱਚ ਲਸ਼ਕਰ ਭੇਜੇ ਗਏ। ਕੁਝ ਮਹੀਨੇ ਬਰਸਾਤ ਦੇ ਮੌਸਮ ਕਾਰਨ ਵਾਦੀ ਤੱਕ ਪਹੁੰਚਣਾ ਮੁਸ਼ਕਿਲ ਸੀ। ਸਤੰਬਰ 1762 ਵਿੱਚ ਕਸ਼ਮੀਰ ਨੂੰ ਦੁਬਾਰਾ ਫਤਹਿ ਕਰਕੇ ਉਸਨੂੰ



Sri Satguru Jagjit Singh Ji Elibrary NamdhariElibrary@gmail.com

ਦੁਰਾਨੀ ਦੇ ਰਾਜ ਵਿੱਚ ਮਿਲਾ ਲਿਆ ਗਿਆ ਅਤੇ ਸਰਬੁਲੰਦ ਖ਼ਾਂ ਨੂੰ ਉਸਦਾ ਗਵਰਨਰ ਥਾਪਿਆ ਗਿਆ।

'ਕੁਪ' ਵਿੱਚ ਭਾਰੀ ਜਾਨੀ ਤੇ ਮਾਲੀ ਨੁਕਸਾਨ ਉਠਾਉਣ ਤੋਂ ਪਿਛੋਂ ਸਿੰਘਾਂ ਦੇ ਦਲਾਂ ਨੇ ਮਾਲਵੇ ਰੁਖ ਕੀਤਾ। ਪਰ ਉਥੋਂ ਦੇ ਬਰਾੜਾਂ ਨੇ ਉਨ੍ਹਾਂ ਨੂੰ ਢੋਈ ਨਾ ਦਿੱਤੀ, ਸਗੋਂ ਉਨ੍ਹਾਂ ਦਾ ਵਿਰੋਧ ਕਰਨ ਦੀ ਠਾਣ ਲਈ, ਜਿਸ ਤੇ ਉਨ੍ਹਾਂ ਵੱਲੋਂ ਸਿੰਘਾਂ ਨਾਲ ਕੀਤੀ ਗਈ ਬਦ-ਸਲੂਕੀ ਦੇ ਵੇਰਵੇ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚੋਂ ਮਿਲ ਜਾਂਦੇ ਹਨ।

ਬਹੁਤ ਸਾਰੇ ਕੱਚੇ ਪਿੱਲੇ ਸਿੱਖ ਉਨ੍ਹਾਂ ਦਾ ਸਾਥ ਛੱਡ ਗਏ। ਉਨ੍ਹਾਂ ਦੇ ਭਗੌੜੇ ਹੋਣ ਨੂੰ ਸਿਦਕੀ ਸਿੰਘਾਂ ਨੇ ਇਹ ਆਖ ਕੇ ਤਸੱਲੀ ਪ੍ਰਗਟ ਕੀਤੀ ਕਿ "ਖੋਟ ਝੜ ਪਿਆ ਹੈ।" ਸਿੰਘਾਂ ਨੇ ਮੁਕਤਸਰ ਵਿਖੇ ਇਕੱਠੇ ਹੋ ਕੇ ਇਹ ਗੁਰਮਤਾ ਕੀਤਾ ਕਿ ਸਿੰਘ ਅੰਮ੍ਰਿਤਸਰ ਦੇ ਪਵਿੱਤਰ ਧਾਮ ਦੇ ਅਬਦਾਲੀ ਵੱਲੋਂ ਕੀਤੇ ਗਏ ਅਪਮਾਨ ਦਾ ਬਦਲਾ ਜ਼ਰੂਰ ਲੈਣਗੇ ਅਤੇ ਇਸ ਮਨੋਰਥ ਦੀ ਪੂਰਤੀ ਲਈ ਸਿਰ ਧੜ ਦੀ ਬਾਜ਼ੀ ਲਾ ਕੇ ਆਪਣੀਆਂ ਜਾਨਾਂ ਤੱਕ ਨਿਛਾਵਰ ਕਰ ਦੇਣਗੇ। ਇਸ ਨੂੰ ਗੁਰੂ ਸਾਹਿਬ ਦੇ ਪਵਿੱਤਰ ਆਦੇਸ਼ ਵਜੋਂ ਪ੍ਰਵਾਨ ਕੀਤਾ ਗਿਆ।

1*"ਇਨ੍ਹਾਂ ਤਬਾਹੀਆਂ ਨੇ ਉਨ੍ਹਾਂ ਦੇ ਹੌਸਲੇ ਪਸਤ ਨਹੀਂ ਕੀਤੇ, ਸਗੋਂ ਹਰ ਅਸਫ਼ਲਤਾ ਨੇ ਉਨ੍ਹਾਂ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਭਰ ਦਿੱਤਾ। ਇਸ ਸੰਬੰਧ ਵਿੱਚ ਮੈਲਕਾਮ ਦਾ ਕਥਨ ਹੈ "ਸਿੱਖ ਕੌਮ ਜਿਵੇਂ ਉਨ੍ਹਾਂ ਦੇ ਪੂਰਵਲੇ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ। ਸਦਾ ਹੀ ਦੱਬੀ ਅਗਨੀ ਵਿੱਚੋਂ ਪ੍ਰਚੰਡ ਜਵਾਲਾ ਬਣ ਕੇ ਉਭਰੀ ਹੈ। ਜਦੋਂ ਵੀ ਉਨ੍ਹਾਂ ਨੂੰ ਦਬਾਉਣ ਦਾ ਯਤਨ ਕੀਤਾ ਗਿਆ। ਉਹ ਪੂਰੀ ਸ਼ਾਨ ਨਾਲ ਮੁੜ ਖੜ੍ਹੇ ਹੋਏ। ਹਰ ਹਾਰ ਪਿਛੋਂ ਉਨ੍ਹਾਂ ਨੇ ਵਧੇਰੇ ਏਕਤਾ ਅਤੇ ਪੱਕੇ ਇਰਾਦੇ ਦਾ ਸਬੂਤ ਦੇ ਕੇ ਸ਼ਤਰੂ ਨਾਲ ਲੋਹਾ ਲੈਣ ਦੀ ਅਜਿੱਤ ਭਾਵਨਾ ਦਾ ਪ੍ਰਗਟਾਵਾ ਕੀਤਾ।" 'ਕੁੱਪ' ਦੀ ਹਾਰ ਬਾਰੇ ਵੀ ਉਨ੍ਹਾਂ ਦਾ ਵਿਚਾਰ ਸੀ ਕਿ ਉਨ੍ਹਾਂ ਕੋਲ ਤੋਪਖਾਨੇ ਦਾ ਨਾ ਹੋਣਾ ਅਤੇ ਟੱਬਰਾਂ ਅਰਥਾਤ ਬਾਲ-ਬੱਚਿਆਂ ਅਤੇ ਇਸਤਰੀਆਂ ਦਾ ਨਾਲ ਹੋਣਾ, ਉਨ੍ਹਾਂ ਦੀ ਹਾਰ ਦਾ ਕਾਰਨ ਬਣਿਆ ਸੀ, ਨਾ ਤਾਂ ਉਨ੍ਹਾਂ ਕੋਲ ਦਲੇਰ ਆਗੂਆਂ ਦੀ ਘਾਟ ਸੀ ਅਤੇ ਨਾ ਹੀ ਬੀਰ ਯੋਧਿਆਂ ਦੀ। ਇਹੋ ਕਾਰਨ ਹੈ ਕਿ ਉਹ ਬਹੁਤ ਛੇਤੀ ਮੁੜ ਇੱਕ ਨਵੀਂ ਬਲਕਾਰ ਸ਼ਕਤੀ ਵਜੋਂ ਜਥੇਬੰਦ ਹੋ ਗਏ।

1762 ਦਾ ਸਾਲ ਅਹਿਮਦ ਸ਼ਾਹ ਦੁਰਾਨੀ ਦੇ ਸਮਰੱਥਕਾਂ ਅਤੇ ਉਸਦੇ ਸਭ ਤੋਂ ਕੌੜੇ ਸ਼ਤਰੂਆਂ ਅਰਥਾਤ ਸਿੱਖਾਂ ਦੇ ਪਰਸਪਰ ਟਾਕਰਿਆਂ ਅਤੇ ਲੁਕਨ-ਮੀਚੀਆਂ ਦੀ ਖੇਡ ਵਾਂਗ ਜਦੋਂ ਦਾਅ ਲੱਗਿਆ ਦੁਸ਼ਮਣ ਨੂੰ ਹੈਰਾਨ ਅਤੇ ਪਰੇਸ਼ਾਨ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 188



Sri Satguru Jagjit Singh Ji Elibrary NamdhariElibrary@gmail.com

ਕਰਨ ਦਾ ਦੌਰ ਸੀ। ਦੁਰਾਨੀ ਸਮਝਦਾ ਸੀ ਕਿ ਕੁੱਪ ਦੇ ਵੱਡੇ ਘੱਲੂਘਾਰੇ ਪਿਛੋਂ ਸਿੰਘ ਉਸਦੇ ਜਥੇ ਤੋਂ ਡਰ ਜਾਣਗੇ ਪਰ ਅਜਿਹਾ ਨਹੀਂ ਹੋਇਆ। ਸਿੰਘਾਂ ਨੇ ਅਬਦਾਲੀ ਵਿਰੁੱਧ ਸੰਘਰਸ਼ ਹੋਰ ਤਿੱਖਾ ਕਰ ਦਿੱਤਾ। ਕੁਝ ਚਿਰ ਮਾਲਵੇ ਦੇ ਪਿੰਡਾਂ ਅਤੇ ਲੱਖੀ ਜੰਗਲ ਵਿੱਚ ਬਿਸਰਾਮ ਕਰਕੇ ਸਿੰਘਾਂ ਨੇ ਮੁੜ ਨਵੇਂ ਸਿਰਿਉਂ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾ। 'ਕੁੱਪ' ਦੀ ਲੜਾਈ ਵਿੱਚ ਸ਼ਾਮਿਲ ਹੋਏ ਹਰ ਸਿੱਖ ਦੇ ਜਿਸਮ ਨੂੰ ਕੋਈ ਨਾ ਕੋਈ ਫੱਟ ਲੱਗਾ ਸੀ। ਪਰ ਫਿਰ ਵੀ ਸਿੰਘਾਂ ਦੇ ਸਿਦਕੀ ਅਤੇ ਫੌਲਾਦੀ ਇਰਾਦੇ ਵਿੱਚ ਕੋਈ ਫਰਕ ਨਾ ਪਿਆ। ਉਹ ਮਰਨ ਮਾਰਨ ਦੇ ਫੈਸਲਾਕੁਨ ਟਾਕਰੇ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਸਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਸਰਹਿੰਦ ਉੱਤੇ ਹੱਲਾ ਬੋਲਿਆ। ਜੈਨ ਖ਼ਾਂ ਨੇ ਉਨ੍ਹਾਂ ਨੂੰ 50,000 ਰੁਪਏ ਦਾ ਨਜ਼ਰਾਨਾ ਦੇ ਕੇ ਪਿੱਛਾ ਛੁਡਾਇਆ। ਹਰਨੌਲਗੜ੍ਹ ਦੀ ਲੜਾਈ ਵਿੱਚ ਉਸਨੂੰ ਹਾਰ ਹੋਈ। ਸਿੰਘਾਂ ਨੇ ਕਰਨਾਲ ਅਤੇ ਪਾਣੀਪਤ ਜਾ ਡੇਰੇ ਲਗਾਏ। ਉਨ੍ਹਾਂ ਦਾ ਦਬਦਬਾ ਇਥੋਂ ਤੱਕ ਸੀ ਕਿ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ ਦੀ ਸੈਨਾ ਜਿਹੜੀ ਲਾਹੌਰ ਵੱਲ ਜਾ ਰਹੀ ਸੀ, ਨੂੰ ਜਦ ਪਤਾ ਲੱਗਾ ਕਿ ਸਿੰਘਾਂ ਦੀ ਛਾਉਣੀ ਇਸ ਇਲਾਕੇ ਵਿੱਚ ਹੈ ਤਾਂ ਉਹ ਵਾਪਿਸ ਸੋਨੀਪਤ ਨੂੰ ਪਰਤ ਗਏ। ਅਹਿਮਦ ਸ਼ਾਹ, ਜੈਨ ਖ਼ਾਂ ਦੀ ਸਹਾਇਤਾ ਲਈ ਪਹੁੰਚ ਨਾ ਸਕਿਆ। ਇਸ ਲਈ ਸਿੰਘਾਂ ਦੇ ਹੌਸਲੇ ਹੋਰ ਵੀ ਵੱਧ ਗਏ। ਲੱਖੀ ਜੰਗਲ ਦੇ ਟਾਕਰੇ ਵਿੱਚ ਵੀ ਦੁਰਾਨੀ ਦੀ ਸੈਨਾ ਨੂੰ ਹਾਰ ਹੋਈ ਸੀ। ਸਿੰਘਾਂ ਨੇ ਜਲੰਧਰ ਦੁਆਬ ਦੇ ਮੁਸਲਮਾਨ ਹਾਕਮਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਅਤੇ ਦੀਵਾਲੀ ਦੇ ਮੌਕੇ 17 ਅਕਤੂਬਰ, 1762 ਨੂੰ ਅੰਮ੍ਰਿਤਸਰ ਵਿਖੇ ਵੱਡੀ ਗਿਣਤੀ ਵਿੱਚ ਜੋੜ ਮੇਲਾ ਕਰਨ ਦਾ ਫ਼ੈਸਲਾ ਕੀਤਾ। ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਬਰਬਾਦੀ ਨੂੰ ਵੇਖ ਕੇ ਉਨ੍ਹਾਂ ਦੇ ਮਨ ਵਿੱਚ ਹੋਰ ਰੋਸ ਵੱਧ ਗਿਆ। ਜਦ ਅਬਦਾਲੀ ਨੂੰ ਪਤਾ ਲੱਗਾ ਕਿ ਸਿੰਘ 60,000 ਦੀ ਵੱਡੀ ਗਿਣਤੀ ਵਿੱਚ ਅੰਮ੍ਰਿਤਸਰ ਇਕੱਠੇ ਹੋਏ ਹਨ ਤਾਂ ਜਿੰਨੀ ਵੀ ਸੈਨਾ ਉਸ ਸਮੇਂ ਲਾਹੌਰ ਸੀ, ਆਪਣੇ ਨਾਲ ਲੈ ਕੇ ਅੰਮ੍ਰਿਤਸਰ ਵੱਲ ਵਧਿਆ। 16 ਅਕਤੂਬਰ, 1762 ਨੂੰ ਸਿੰਘਾਂ ਦੇ ਦਲਾਂ ਤੇ ਅਹਿਮਦਸ਼ਾਹ ਦੀ ਫ਼ੌਜ ਵਿੱਚ ਬੜਾ ਵੱਡਾ ਟਾਕਰਾ ਹੋਇਆ। ਉਸ ਦਿਨ ਪੂਰਨ ਸੂਰਜ ਗ੍ਰਹਿਣ ਸੀ। ਸਿੰਘ ਬੜੀ ਬਹਾਦਰੀ ਨਾਲ ਲੜੇ। ਅਫਗਾਨਾਂ ਵੱਲੋਂ ਵੀ ਕੋਈ ਕਸਰ ਬਾਕੀ ਨਾ ਛੱਡੀ ਗਈ। ਸ਼ਾਮ ਨੂੰ ਜਦੋਂ ਲੜਾਈ ਬੰਦ ਹੋਈ ਤਾਂ ਦੋਵੇਂ ਦਲ ਆਪਣੀਆਂ-ਆਪਣੀਆਂ ਛਾਉਣੀਆਂ ਵਿੱਚ ਚੱਲੇ ਗਏ। ਪਰ ਅਗਲੇ ਦਿਨ ਸਿੰਘਾਂ ਨੂੰ ਇਹ ਵੇਖ ਕੇ ਬੜੀ ਪ੍ਰਸੰਨਤਾ ਹੋਈ ਕਿ ਦੁਰਾਨੀ ਰਾਤ ਦੇ ਹਨੇਰੇ ਵਿੱਚ ਹੀ ਆਪਣੀ ਫ਼ੌਜ ਸਮੇਤ ਲਾਹੌਰ ਨੂੰ ਕੂਚ ਕਰ ਗਿਆ ਹੈ। ਇਸ ਨਾਲ ਸਿੰਘਾਂ ਦੇ ਹੌਸਲੇ ਹੋਰ ਵੀ ਵੱਧ ਗਏ। ਉਨ੍ਹਾਂ ਨੇ ਲਾਹੌਰ ਦੇ ਨੇੜੇ ਦੇ



Sri Satguru Jagjit Singh Ji Elibrary NamdhariElibrary@gmail.com

ਇਲਾਕਿਆਂ ਵਿੱਚ ਵੀ ਲੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਭਾਵੇਂ ਕਸ਼ਮੀਰ ਉੱਤੇ ਦੁਰਾਨੀ ਦਾ ਦੁਬਾਰਾ ਕਬਜ਼ਾ ਹੋਣ ਕਰਕੇ ਉਸਦੀ ਫੌਜ ਵਾਪਿਸ ਲਾਹੌਰ ਆ ਗਈ ਸੀ। ਮੁਲਤਾਨ ਅਤੇ ਹੋਰ ਥਾਵਾਂ ਦੇ ਹਾਕਮ ਵੀ ਉਸ ਬੁਲਾ ਭੇਜੇ ਸਨ। ਸਿੰਘਾਂ ਦੇ ਵਿਦਰੋਹ ਨੂੰ ਦਬਾਉਣ ਲਈ ਉਸ ਲਈ ਮਨਸੂਬੇ ਬਣਾਏ ਅਤੇ ਅੰਤ 12 ਦਸੰਬਰ, 1762 ਨੂੰ ਆਪਣੇ ਅਧਿਕਾਰ ਖੇਤਰ ਵਿੱਚ ਨਵੇਂ ਅਧਿਕਾਰੀਆਂ ਨੂੰ ਨਿਯੁਕਤ ਕਰਕੇ ਉਹ ਅਫਗਾਨਿਸਤਾਨ ਨੂੰ ਵਾਪਿਸ ਚਲਾ ਗਿਆ। ਸਿੰਘਾਂ ਨੇ ਚਨਾਬ ਅਤੇ ਜੇਹਲਮ ਤੱਕ ਉਸਦੀਆਂ ਫ਼ੌਜਾਂ ਦਾ ਪਿੱਛਾ ਕੀਤਾ ਅਤੇ ਛਾਪਾਮਾਰ ਹੱਲਿਆਂ ਦੁਆਰਾ ਉਸਨੂੰ ਹੈਰਾਨ-ਪਰੇਸ਼ਾਨ ਕਰੀ ਰਖਿਆ। ਇਸ ਸਮੇਂ ਸਾਰੇ ਪੰਜਾਬ ਵਿੱਚ ਸਿੰਘਾਂ ਨੇ ਗੜਬੜ ਮਚਾ ਰੱਖੀ ਸੀ ਅਤੇ ਵਣਜ ਵਪਾਰ ਅਤੇ ਹੋਰ ਸਾਰੇ ਸਾਧਨ ਸੜਕਾਂ ਉੱਤੇ ਖ਼ਤਰਿਆਂ ਦੇ ਕਾਰਨ ਮੰਦੇ ਪੈ ਚੁੱਕੇ ਸਨ। ਇੱਥੋਂ ਤੱਕ ਕਿ ਆਟੇ ਵਰਗੀ ਜ਼ਰੂਰੀ ਵਸਤੂ ਮਹਿੰਗੀ ਹੋ ਗਈ ਸੀ। ਅਬਦਾਲੀ ਨੇ ਤਾਂ ਇੱਥੋਂ ਤੱਕ ਹੁਕਮ ਚਾੜ੍ਹ ਦਿੱਤੇ ਸਨ ਕਿ ਜਿਹੜੇ ਹਿੰਦੂ ਵਿਅਕਤੀ ਦੇ ਸਿਰ ਉੱਤੇ ਕੇਸ ਹੋਣ ਉਸਨੂੰ ਵੀ ਕਤਲ ਕਰ ਦਿੱਤਾ ਜਾਵੇ। ਇਸ ਦੌਰਾਨ ਸਿੰਘਾਂ ਨੇ ਵੀ ਮੁਸਲਮਾਨਾਂ ਦੇ ਮਕਬਰਿਆਂ ਅਤੇ ਖ਼ਾਨਗਾਹਾਂ ਨੂੰ ਢਹਿ ਢੇਰੀ ਕਰਨਾ ਸ਼ੁਰੂ ਕਰ ਦਿੱਤਾ ਸੀ।

**ਦਲ ਖਾਲਸੇ ਲਈ ਫੈਸਲਾਕੁੰਨ ਸੰਘਰਸ਼ ਦਾ ਕਾਲ ਜਨਵਰੀ 1763-1767**

ਅਗਲੇ 5-6 ਸਾਲ ਦਲ ਖਾਲਸੇ ਅਤੇ ਵਿਦੇਸ਼ੀ ਅਫ਼ਗਾਨ ਸ਼ਕਤੀ ਵਿਚਕਾਰ ਪਰਸਪਰ ਸੰਘਰਸ਼ ਦੇ ਨਿਰਣਾਇਕ ਸਾਲ ਸਨ। ਅਹਿਮਦ ਸ਼ਾਹ ਅਬਦਾਲੀ ਆਪਣੇ ਅੰਤਿਮ ਹਲਿਆਂ ਵਿਚ ਆਪਣੀ ਖੁੱਸ ਚੁਕੀ ਸਾਖ ਨੂੰ ਬਹਾਲ ਕਰਨਾ ਚਾਹੁੰਦਾ ਸੀ। ਦੂਜੇ ਬੰਨੇ ਹਥਿਆਰਬੰਦ ਸਿੰਘਾਂ ਦੇ ਜਥੇ ਆਪਣੀ ਮਾਤ ਭੂਮੀ ਨੂੰ ਵਿਦੇਸ਼ੀ ਹਾਕਮਾਂ ਤੋਂ ਸਦਾ ਲਈ ਸੁਤੰਤਰ ਕਰਨਾ ਚਾਹੁੰਦੇ ਸਨ ਅਤੇ ਫੈਸਲਾਕੁੰਨ ਲੜਾਈ ਲੜ ਰਹੇ ਸਨ।

1762 ਵਿਚ ਅਬਦਾਲੀ ਦੇ ਅਫਗਾਨਿਸਤਾਨ ਪਰਤ ਜਾਣ ਪਿਛੋਂ ਸਿੰਘਾਂ ਨੇ ਆਪਣੇ ਦਲਾਂ ਨੂੰ ਦੋ ਭਾਗਾਂ ਵਿਚ ਵੰਡ ਲਿਆ। ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਬੁੱਢਾ ਦਲ, ਡੱਲੇਵਾਲੀਆ, ਕਰੋੜਾ ਸਿੰਘੀਆਂ, ਨਿਸ਼ਾਨਵਾਲਾ, ਸ਼ਹੀਦ ਸਿੰਘ ਪੁਰੀਆ ਅਤੇ ਆਹਲੂਵਾਲੀਆ ਮਿਸਲਾਂ ਨੇ ਜਥੇਬੰਦ ਹੋ ਕੇ ਬਿਆਸ ਤੋਂ ਪੂਰਬ ਵਲ ਦੇ ਇਲਾਕੇ ਨੂੰ ਸੋਧਣਾ ਸ਼ੁਰੂ ਕਰ ਦਿੱਤਾ। ਤਰੁਣਾ ਦਲ ਜਿਸ ਵਿਚ-ਭੰਗੀ, ਕਨ੍ਹਈਆ, ਨਕਈ, ਰਾਮਗੜੀਆ ਅਤੇ ਸ਼ੁਕਰਚੱਕੀਆ ਮਿਸਲਾਂ ਸ਼ਾਮਲ ਸਨ, ਨੇ ਕੇਂਦਰੀ ਤੇ ਪੱਛਮੀ ਪੰਜਾਬ ਵਲ ਧਿਆਨ ਕੇਂਦਰਿਤ ਕੀਤਾ।

ਉਨ੍ਹਾਂ ਨੇ ਛੇਤੀ ਹੀ ਲਾਹੌਰ ਉੱਤੇ ਕਬਜ਼ਾ ਕਰ ਲਿਆ ਤਾਂ ਜੋ ਉਨ੍ਹਾਂ ਮੁਸਲਿਮ ਅਹਿਲਕਾਰਾਂ ਨੂੰ ਸਬਕ ਸਿਖਾਇਆ ਜਾ ਸਕੇ ਜੋ ਸਿੰਘਾਂ ਨੂੰ ਸਜ਼ਾਵਾਂ



Sri Satguru Jagjit Singh Ji Elibrary NamdhariElibrary@gmail.com

ਦੇ ਕੇ ਕਤਲ ਕਰਦੇ ਰਹੇ ਸਨ। ਇਸ ਬਾਰੇ ਫੋਸਟਰ ਦੇ ਸ਼ਬਦ ਵਰਣਨਯੋਗ ਹਨ-ਉਹ ਸਿੰਘਾਂ ਦੇ ਲਾਹੌਰ ਉੱਤੇ ਕਾਬਜ ਹੋਣ ਨੂੰ "ਅਸਾਧਾਰਨ ਘਟਨਾ ਦਸਦਾ ਹੈ" ਜਿੱਥੇ ਓਨ੍ਹਾਂ ਨੇ ਮਸਜਿਦਾਂ ਅਤੇ ਮਕਬਰਿਆਂ ਵਿਚ ਬਦਲਾ ਲੈਣ ਦੀ ਭਾਵਨਾ ਨਾਲ ਆਪਣੇ ਘੋੜੇ ਬੰਨ੍ਹੇ ਅਤੇ ਉਨ੍ਹਾਂ ਵਿਚ ਸੂਰਾਂ ਦਾ ਖ਼ੂਨ ਵਹਾਇਆ। ਉਨ੍ਹਾਂ ਨੇ ਮੁਸਲਮਾਨ ਬੰਦੀਆਂ ਕੋਲੋਂ ਅੰਮ੍ਰਿਤ ਸਰੋਵਰ ਵਿਚ ਸੁੱਟੇ ਗਏ ਮਲਬੇ ਨੂੰ ਬਾਹਰ ਸੁਟਵਾਇਆ। ਸਿੱਖਾਂ ਦੇ ਮਨ ਵਿਚ ਭਾਵੇਂ ਬਦਲਾ ਲੈਣ ਦੀ ਭਾਵਨਾ ਮਚ ਰਹੀ ਸੀ, ਫਿਰ ਵੀ ਉਨ੍ਹਾਂ ਨੇ ਕਿਸੇ ਬੰਦੇ ਦੇ ਖ਼ੂਨ ਨਾਲ ਹਥ ਨਹੀਂ ਰੰਗੇ।

**ਕਸੂਰ ਦੀ ਫਤਹਿ**

[1*]10 ਅਪ੍ਰੈਲ 1763 ਨੂੰ ਸਿੰਘ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਵਿਸਾਖੀ ਦਾ ਪੂਰਬ ਅੰਮ੍ਰਿਤਸਰ ਮਨਾ ਰਹੇ ਸਨ। ਇਸ ਸਮੇਂ ਕੁਝ ਬ੍ਰਾਹਮਣਾਂ ਨੇ ਆ ਕੇ ਫਰਿਆਦ ਕੀਤੀ ਕਿ ਉਨ੍ਹਾਂ ਵਿਚੋਂ ਇਕ ਬ੍ਰਾਹਮਣ ਦੀ ਪਤਨੀ ਨੂੰ ਉਸਮਾਨ ਖਾਂ ਨੇ ਖੋਹ ਕੇ ਆਪਣੇ ਘਰ ਬਿਠਾ ਲਿਆ ਹੈ।

ਸ. ਹਰੀ ਸਿੰਘ ਭੰਗੀ ਨੇ ਉਸਦੀ ਸਹਾਇਤਾ ਕਰਨ ਦਾ ਵਚਨ ਦਿੱਤਾ ਪਰ ਕੁਝ ਸਰਦਾਰ ਅਫ਼ਗਾਨਾਂ ਦੀ ਸ਼ਕਤੀ ਨੂੰ ਵਧੇਰੇ ਸਮਝ ਕੇ ਇਹ ਕਾਰਵਾਈ ਕਰਨ ਤੋਂ ਝਿੱਜਕ ਰਹੇ ਸਨ। ਸਿੰਘਾਂ ਨੇ ਨਿਰਣਾ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲਿਆ ਅਤੇ ਕਸੂਰ ਉੱਤੇ ਲੜਾਈ ਕਰਨ ਦਾ ਫੈਸਲਾ ਕੀਤਾ। ਕਸੂਰ ਤਕ ਜਾਂਦਿਆਂ ਸਿੰਘਾਂ ਦੀ ਗਿਣਤੀ 24,000 ਤਕ ਪਹੁੰਚ ਗਈ ਸੀ। ਸਿੰਘਾਂ ਨੇ ਪਹਿਲਾਂ ਵਪਾਰੀਆਂ ਦੇ ਭੇਸ ਵਿਚ ਕੁਝ ਸੂਹੀਏ ਭੇਜੇ। ਜਦੋਂ ਮਈ ਦੀ ਤਿੱਖੀ ਗਰਮੀ ਵਿਚ ਲੋਕ ਘਰਾਂ ਵਿਚ ਆਰਾਮ ਕਰ ਰਹੇ ਸਨ ਤਾਂ ਸਿੰਘਾਂ ਨੇ ਦੁਪਹਿਰ ਵੇਲੇ ਸ਼ਹਿਰ ਉਤੇ ਹੱਲਾ ਬੋਲ ਦਿੱਤਾ। ਉਸਮਾਨ ਖਾਂ 500 ਬੰਦੇ ਲੈ ਕੇ ਟਾਕਰਾ ਕਰਨ ਆਇਆ ਤਾਂ ਮਾਰਿਆ ਗਿਆ ਅਤੇ ਬ੍ਰਾਹਮਣ ਦੀ ਪਤਨੀ ਉਸ ਨੂੰ ਵਾਪਸ ਦਿਵਾਈ ਗਈ। ਸ਼ਹਿਰ ਦਾ ਮੁਖੀ ਗੁਲਾਮ ਮੁਹੀਆਂ-ਉਦ-ਦੀਨ ਖਾਂ ਮਾਰਿਆ ਗਿਆ ਅਤੇ ਉਸਦੇ ਭਤੀਜੇ ਹਾਮੀਦ ਖ਼ਾਂ ਨੇ 4 ਲੱਖ ਨਜ਼ਰਾਨਾ ਦੇ ਕੇ ਆਪਣੀ ਜਾਨ ਬਖਸ਼ਾਈ। ਸਿੰਘਾਂ ਦੇ ਹੱਥ ਸ਼ਹਿਰ ਦੀ ਲੁੱਟ-ਮਾਰ ਵਿਚੋਂ ਬਹੁਤ ਸਾਰਾ ਧਨ ਪਦਾਰਥ-ਸੋਨਾ, ਚਾਂਦੀ ਤੇ ਹੀਰੇ ਜਵਾਹਰ ਹੱਥ ਲੱਗੇ। ਇਥੋਂ ਤਕ ਕਿ ਸਾਰੇ ਹੀ ਧਨਵਾਨ ਬਣ ਗਏ। ਜੱਸਾ ਸਿੰਘ ਰਾਮਗੜ੍ਹੀਆ ਦੇ ਹੱਥ ਸੋਨਾ, ਚਾਂਦੀ ਤੇ ਹੋਰ ਨਕਦ ਮਾਲ ਇੰਨਾਂ ਲੱਗਾ ਕਿ ਉਸਨੂੰ ਇਕ ਮੰਜੇ ਤੇ ਰੱਖ ਕੇ ਚੌਹਾਂ ਬੰਦਿਆਂ ਨੇ ਮਸਾਂ ਚੁੱਕ ਕੇ ਲਿਆਂਦਾ। ਅੰਮ੍ਰਿਤਸਰ ਦੇ ਨੇੜੇ ਆ ਕੇ ਉਸ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 196



Sri Satguru Jagjit Singh Ji Elibrary NamdhariElibrary@gmail.com

ਧਨ ਦੌਲਤ ਨੂੰ ਇਕ ਥਾਂ ਦਬਾ ਦਿੱਤਾ, ਜਿਸਦਾ ਪਿਛੋਂ ਜਾ ਕੇ ਜੱਸਾ ਸਿੰਘ ਨੂੰ ਵੀ ਥਾਉਂ ਪਤਾ ਨਾ ਲਗ ਸਕਿਆ।

ਰਾਮਗੜ੍ਹੀਆਂ ਤੇ ਕਨ੍ਹਈਆਂ ਨੇ ਇਸ ਲੁੱਟ-ਮਾਰ ਦੇ ਮਾਲ ਨੂੰ ਬਰਾਬਰ ਬਰਾਬਰ ਵੰਡ ਲਿਆ। ਦੂਜੇ ਬੰਨੇ ਜੱਸਾ ਸਿੰਘ ਆਹਲੂਵਾਲੀਆ ਨੇ ਸਾਰਾ ਧਨ ਪਦਾਰਥ ਆਪਣੇ ਪੇਟੇ ਪਾ ਲਿਆ, ਜਿਸ ਕਾਰਨ ਸਰਦਾਰਾਂ ਵਿਚ ਆਪਸ ਵਿਚ ਅਣ-ਬਣ ਵੀ ਹੋ ਗਈ।

ਜੂਨ 1763 ਵਿਚ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਉਸ ਦੇ ਸਾਥੀ ਮਿਸਲਦਾਰਾਂ ਨੇ ਜੋ ਬੁੱਢਾ ਦਲ ਵਿਚ ਸ਼ਾਮਲ ਸਨ, ਜਲੰਧਰ ਦੁਆਬ ਉੱਤੇ ਚੜ੍ਹਾਈ ਕੀਤੀ। ਜਲੰਧਰ ਦਾ ਗਵਰਨਰ ਸਆਦਤ ਯਾਰ ਖਾਂ ਡਰਦਾ ਹੋਇਆ ਰਾਜਧਾਨੀ 'ਚੋਂ ਬਾਹਰ ਹੀ ਨਾ ਨਿਕਲਿਆ। ਸ਼ਹਿਰ ਤੇ ਪਿੰਡਾਂ ਦੇ ਲੋਕ ਡਰਦੇ ਮਾਰੇ ਘਰਾਂ ਵਿਚੋਂ ਬਾਹਰ ਨਹੀਂ ਸਨ ਨਿਕਲਦੇ। ਸਿੰਘਾਂ ਨੇ ਆਪਣੀ ਤਾਕਤ ਨੂੰ ਸਥਿਰ ਕਰਕੇ ਮਲੇਰਕੋਟਲੇ ਤੇ ਚੜ੍ਹਾਈ ਕਰਨ ਦਾ ਮਤਾ ਕੀਤਾ।

ਦੂਜੇ ਬੰਨੇ ਇਹ ਪਤਾ ਲੱਗਾ ਕਿ ਅਹਿਮਦਸ਼ਾਹ ਦੁਰਾਨੀ ਨੇ ਪੰਜਾਬ ਦੇ ਸਮਾਂਚਾਰਾਂ ਨੂੰ ਸੁਣ ਕੇ ਆਪਣੇ ਫ਼ੌਜਦਾਰ ਜਹਾਨ ਖ਼ਾਂ ਨੂੰ ਪੰਜਾਬ ਵੱਲ ਭੇਜਿਆ ਹੈ। ਸਿੰਘਾਂ ਨੂੰ ਉਸ ਬਾਰੇ ਉਦੋਂ ਹੀ ਪਤਾ ਲੱਗਾ ਗਿਆ ਸੀ ਜਦੋਂ ਉਹ ਅਟਕ ਤੋਂ ਸਿੰਧ ਨੂੰ ਪਾਰ ਕਰਕੇ ਅੱਗੇ ਪੰਜਾਬ ਵੱਲ ਵਧ ਰਿਹਾ ਸੀ। ਉਸ ਦੇ ਚਿਨਾਬ ਨੂੰ ਪਾਰ ਕਰਨ ਉੱਤੇ ਵਜੀਰਾਬਾਦ ਦੇ ਨੇੜੇ ਉਸ ਦੀ ਫ਼ੌਜ ਨਾਲ ਸਿੰਘਾਂ ਨੇ ਟਾਕਰਾ ਕੀਤਾ। ਜਹਾਨ ਖ਼ਾਂ ਹਾਰ ਖਾਹ ਕੇ ਸਿਆਲਕੋਟ ਨੂੰ ਚਲਾ ਗਿਆ। ਸਿੰਘਾਂ ਨੇ ਪਿੱਛਾ ਕਰਕੇ ਉਸ ਨੂੰ ਜਾ ਘੇਰਿਆ। ਲੜਾਈ ਵਿਚ ਜਹਾਨ ਖ਼ਾਂ ਦੀ ਹਾਰ ਹੋਈ। ਸਿੰਘਾਂ ਨੇ ਉਸ ਦੀ ਫ਼ੌਜ ਦਾ ਬਹੁਤ ਨੁਕਸਾਨ ਕੀਤਾ। ਸਿੰਘਾਂ ਦੀ ਇਹ ਇਕ ਆਚਰਨਿਕ ਵਿਸ਼ੇਸ਼ਤਾ ਸੀ ਕਿ ਉਹ ਇਸਤਰੀਆਂ ਉਤੇ ਹੱਥ ਨਹੀਂ ਸਨ ਉਠਾਉਂਦੇ। ਉਨ੍ਹਾਂ ਨੇ ਜਹਾਨ ਖ਼ਾਂ ਦੇ ਪਰਿਵਾਰ ਨੂੰ ਸੁਰੱਖਿਅਤ ਜੰਮੂ ਭਿਜਵਾ ਦਿੱਤਾ। ਜਹਾਨ ਖ਼ਾਂ ਵਾਪਸ ਪਿਸ਼ਾਵਰ ਨੂੰ ਚਲਾ ਗਿਆ।

ਨਵੰਬਰ ਦੇ ਅੰਤ ਤੱਕ ਸਿੰਘਾਂ ਦੇ ਦਲ ਅੰਮ੍ਰਿਤਸਰ ਆ ਇਕੱਤਰ ਹੋਏ ਤਾਂ ਜੋ ਗੁਰੂ ਦੇ ਦਰਬਾਰ ਵਿਚ ਸਿੰਘਾਂ ਦੇ ਦਲਾਂ ਵਲੋਂ ਪ੍ਰਾਪਤ ਕੀਤੀਆਂ ਜਿੱਤਾਂ ਲਈ ਸ਼ੁਕਰਾਨਾ ਕੀਤਾ ਜਾਵੇ। ਇੱਥੇ ਹੀ ਲੰਮੀ ਸੋਚ ਵਿਚਾਰ ਤੋਂ ਪਿਛੋਂ ਮਲੇਰਕੋਟਲੇ ਉਤੇ ਹੱਲਾ ਬੋਲਣ ਦੀ ਵਿਉਂਤ ਬਣਾਈ ਗਈ। ਦਸੰਬਰ 1763 ਨੂੰ ਮਲੇਰਕੋਟਲੇ ਉਤੇ ਅਚਾਨਕ ਹੱਲਾ ਕੀਤਾ ਗਿਆ। ਭੀਖਣ ਖ਼ਾਂ ਬੜੀ ਦਲੇਰੀ ਨਾਲ ਕੁਝ ਘੋੜ ਚੜੇ ਤੇ ਪੈਦਲ ਸੈਨਿਕ ਲੈ ਕੇ ਮੁਕਾਬਲੇ ਲਈ ਆ ਡਟਿਆ ਪਰ ਛਾਤੀ ਵਿਚ ਗੋਲੀ ਲੱਗਣ ਕਾਰਨ ਉਹ ਉਸੇ ਥਾਂ ਦਮ ਤੋੜ ਗਿਆ। ਸਿੰਘਾਂ ਨੇ ਦੂਜੀ ਵਾਰ ਮਲੇਰਕੋਟਲੇ ਦੇ ਨਗਰ ਨੂੰ ਢਹਿ ਢੇਰੀ ਕੀਤਾ ਅਤੇ ਬਹੁਤ ਸਾਰਾ ਧਨ



Sri Satguru Jagjit Singh Ji Elibrary NamdhariElibrary@gmail.com

ਪਦਾਰਥ ਲੁੱਟ-ਮਾਰ ਵਜੋਂ ਉਨ੍ਹਾਂ ਦੇ ਹੱਥ ਲੱਗਿਆ। ਇਸ ਪਿਛੋਂ ਉਨ੍ਹਾਂ ਨੇ ਕੁਝ ਹੋਰ ਮਾਅਰਕੇ ਮਾਰਨ ਦੀ ਤਜਵੀਜ਼ ਬਣਾਈ। ਇਸ ਵਾਰ ਨਿਸ਼ਾਨਾ ਖੇੜੀ ਦੇ ਗੰਗੂ ਬ੍ਰਾਹਮਣ ਅਤੇ ਮੁਰਿੰਡੇ ਦੇ ਰੰਗੜਾ ਜਾਨੀ ਖ਼ਾਂ ਤੇ ਮਾਨੀ ਖ਼ਾਂ ਤੋਂ ਬਦਲਾ ਲੈਣਾ ਸੀ, ਜਿਨ੍ਹਾਂ ਨੇ ਮਾਤਾ ਗੁਜ਼ਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਸੂਬੇ ਅੱਗੇ ਪੇਸ਼ ਕਰਨ ਵਿਚ ਮੁਖ਼ਬਰੀ ਕੀਤੀ ਸੀ। ਜੱਸਾ ਸਿੰਘ ਆਹਲੂਵਾਲੀਆ ਪਹਿਲਾਂ ਤਾਂ ਇਸ ਮੁਹਿੰਮ ਲਈ ਰਜ਼ਾਮੰਦ ਨਹੀਂ ਸੀ ਹੋਇਆ ਪਰ ਘੜੂੰਏ ਤੇ ਸਲਾਂਡੀ ਦੇ ਸਿੰਘਾਂ ਦੇ ਸੁਝਾ ਦੇਣ ਉੱਤੇ ਇਸ ਮੁਹਿੰਮ ਲਈ ਤਿਆਰ ਹੋ ਗਿਆ। ਸਿੰਘਾਂ ਨੇ ਪਹਿਲਾਂ ਖੇੜੀ ਪਹੁੰਚ ਕੇ ਗੰਗੂ ਬ੍ਰਾਹਮਣ ਦੇ ਪਰਿਵਾਰ ਨੂੰ ਪਾਰ ਬੁਲਾਇਆ ਅਤੇ ਫਿਰ ਮੁਰਿੰਡੇ ਵੱਲ ਅੱਗੇ ਵਧੇ। ਮੁਰਿੰਡੇ ਦੇ ਕੁਝ ਮੁਸਲਮਾਨ ਪਹਿਲਾਂ ਤਾਂ ਸਿੰਘਾਂ ਦੇ ਕੁਝ ਬੰਦਿਆਂ ਨੂੰ ਵੇਖ ਕੇ ਹਾਸਾ ਬਿਖੇੜਾ ਕਰਦੇ ਰਹੇ ਪਰ ਜਦੋਂ ਉਨ੍ਹਾਂ ਨੂੰ ਸਿੱਖਾਂ ਦੀ ਮੁਰਿੰਡੇ ਉੱਤੇ ਚੜ੍ਹਾਈ ਦਾ ਪਤਾ ਲੱਗਿਆ ਤਾਂ ਉਹ ਸ਼ਹਿਰ ਵਿਚ ਦਰਵਾਜ਼ੇ ਬੰਦ ਕਰਕੇ ਸ਼ਹਿਰ ਦੇ ਅੰਦਰ ਜਾ ਵੜੇ। ਸਿੰਘਾਂ ਦੇ ਦਲਾਂ ਨੇ ਖਾਈ ਪਾਰ ਕਰਕੇ ਫਸੀਲ ਟੱਪ ਕੇ ਦਰਵਾਜ਼ੇ ਉਤੇ ਖੜੇ ਪਹਿਰੇਦਾਰਾਂ ਨੂੰ ਪਾਰ ਬੁਲਾਇਆ ਅਤੇ ਸਿੰਘਾਂ ਦੇ ਅੰਦਰ ਜਾਣ ਲਈ ਦਰਵਾਜ਼ਾ ਖੋਲ੍ਹ ਦਿੱਤਾ। ਸਿੰਘਾਂ ਦੇ ਦਲਾਂ ਨੇ ਜਾਨੀ ਖ਼ਾਂ ਤੇ ਮਾਨੀ ਖ਼ਾਂ ਦੇ ਪਰਿਵਾਰ ਨੂੰ ਪਾਰ ਬੁਲਾਇਆ ਅਤੇ ਫਿਰ ਨਗਰ ਦੀਆਂ ਤੀਵੀਆਂ, ਬਜ਼ੁਰਗਾਂ, ਬੱਚਿਆਂ ਅਤੇ ਹਿੰਦੂਆਂ ਨੂੰ ਪਾਸੇ ਕਰਕੇ ਬਾਕੀ ਵਸੋਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਥੋਂ ਸਿੰਘਾਂ ਦੇ ਦਲਾਂ ਨੇ ਕੁਰਾਲੀ ਉਤੇ ਜਾ ਹੱਲਾ ਬੋਲਿਆ, ਜਿਥੇ ਸਰਹੰਦ ਦਾ ਦੀਵਾਨ ਆਲੇ ਦੁਆਲੇ ਦੇ ਇਲਾਕੇ ਵਿਚੋਂ ਮਾਲੀਆ ਉਗਰਾਹ ਕੇ ਡੇਰਾ ਲਾਈ ਬੈਠਾ ਸੀ। ਉਸ ਕੋਲੋਂ ਸਾਰਾ ਮਾਲ ਖੋਹ ਲਿਆ ਗਿਆ।

ਜਦੋਂ ਸਰਹੰਦ ਦੇ ਸੂਬੇਦਾਰ ਜਹਾਨ ਖਾਂ ਨੂੰ ਸਿੰਘਾਂ ਦੀਆਂ ਇਨ੍ਹਾਂ ਕਾਰਵਾਈਆਂ ਬਾਰੇ ਖ਼ਬਰਾਂ ਪੁੱਜੀਆਂ ਤਾਂ ਉਸ ਨੇ ਪਟਿਆਲਾ ਨਰੇਸ਼ ਆਲਾ ਸਿੰਘ ਨੂੰ ਵਿਚ ਪਾ ਕੇ ਸਿੰਘਾਂ ਦੇ ਗੁਜ਼ਾਰੇ ਲਈ ਜਗੀਰ ਦੀ ਪੇਸ਼ਕਸ਼ ਕਰਕੇ ਸੁਲਾ ਕਰਨੀ ਚਾਹੀ ਪਰ ਸਿੰਘਾਂ ਨੂੰ ਇਹ ਜਗੀਰਾਂ ਪ੍ਰਵਾਨ ਨਹੀਂ ਸਨ, ਉਨ੍ਹਾਂ ਦਾ ਕਹਿਣਾ ਸੀ – "ਅਸੀਂ ਸਿੰਘ ਹਾਂ, ਜ਼ੈਨ ਖਾਂ ਤੁਰਕ ਹੈ ਤੇ ਦੋਵੇਂ ਧਿਰਾਂ ਦਾ ਕਦੀ ਵੀ ਏਕਾ ਨਹੀਂ ਹੋ ਸਕਦਾ। ਸਤਿਗੁਰੂ ਨੇ ਆਪ ਸਾਨੂੰ ਪਾਤਸ਼ਾਹੀ ਬਖਸ਼ੀ ਹੈ ਅਤੇ ਅਸੀਂ ਆਪਣੇ ਸਿਰਾਂ ਦਾ ਮੁੱਲ ਤਾਰ ਕੇ ਇਸ ਨੂੰ ਵਿਹਾਜਿਆ ਹੈ।"

### 1*ਸਰਹਿੰਦ ਦੀ ਫਤਹਿ 14 ਜਨਵਰੀ 1764

ਹੁਣ ਤਕ ਮਾਝੇ ਦੇ ਜਟ ਤੇ ਹੋਰ ਕੌਮਾਂ ਸਿੱਖੀ ਧਾਰਨ ਕਰ ਚੁੱਕੀਆਂ ਸਨ। ਸਿੰਘਾਂ ਦੇ ਦਲਾਂ ਦੀ ਚੜ੍ਹਦੀ ਕਲਾ ਨੂੰ ਵੇਖ ਕੇ ਮਾਲਵੇ ਦੇ ਲੋਕ ਵੀ ਸਿੰਘਾਂ

---

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 200



Sri Satguru Jagjit Singh Ji Elibrary NamdhariElibrary@gmail.com

ਨਾਲ ਆ ਰਲੇ ਸਨ। ਸਿੰਘਾਂ ਦੀ ਸਰਹਿੰਦ ਉੱਤੇ ਚੜ੍ਹਾਈ ਨੂੰ ਸੁਣ ਕੇ ਆਲੇ ਦੁਆਲੇ ਦੇ ਲੋਕ ਵੀ ਲੁੱਟ-ਮਾਰ ਦੀ ਆਸ ਨਾਲ ਸਿੰਘਾਂ ਨਾਲ ਆ ਰਲੇ ਸਨ। ਸਿੰਘਾਂ ਦੀ ਗਿਣਤੀ ਲਗਭਗ 50,000 ਦੇ ਕਰੀਬ ਪਹੁੰਚ ਚੁੱਕੀ ਸੀ। ਸਿੰਘਾਂ ਦੇ ਦਲ ਤਿੰਨਾਂ ਥਾਵਾਂ ਤੇ ਠਹਿਰੇ ਹੋਏ ਸਨ। ਬੁੱਢਾ ਦਲ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠਾਂ ਸਿੰਘ ਭਾਗਣਪੁਰ ਛਾਉਣੀ ਪਾਈ ਬੈਠਾ ਸੀ। ਦੂਜੀਆਂ ਪੰਜ ਮਿਸਲਾਂ (ਤਰੁਣ ਦਲ) ਪੰਜਾ ਵਿਚ ਅਤੇ ਫੂੱਲਕੀਆਂ ਮਿਸਲ ਵਾਲੇ ਹਾਲੀ ਪਟਿਆਲੇ ਵਿਚ ਹੀ ਸਨ। ਜਦੋਂ ਜੈਨ ਖਾਂ ਨੂੰ ਪਤਾ ਲੱਗਾ ਤਾਂ ਉਹ ਆਪਣੀ ਫ਼ੌਜ ਨੂੰ ਲੈ ਕੇ ਪਿੰਡ ਪੀਰ ਜ਼ੈਨ ਖ਼ਾਂ ਮੁਨੀਆਰਾ ਆ ਗਿਆ। ਸਿੰਘਾਂ ਦੇ ਸਾਰੇ ਦਲ ਉਥੇ ਆ ਗਏ ਤੇ ਦੋਹਾਂ ਧਿਰਾਂ ਵਿਚ ਘਮਸਾਨ ਦਾ ਯੁੱਧ ਹੋਇਆ। ਜ਼ੈਨ ਖ਼ਾਂ ਸਿੰਘਾਂ ਦੇ ਘੇਰੇ ਵਿਚ ਆ ਗਿਆ। ਜ਼ੈਨ ਖ਼ਾਂ ਨੇ ਸਿੰਘਾਂ ਦਾ ਧਿਆਨ ਦੂਜੇ ਪਾਸੇ ਕਰਨ ਲਈ ਆਪਣੇ ਤੋਪਖ਼ਾਨੇ ਦੀ ਬੁਛਾੜ ਕੀਤੀ ਤਾਂ ਜੋ ਉਹ ਦੂਜੇ ਬੰਨਿਉਂ ਬਚ ਕੇ ਨਿਕਲ ਜਾਵੇ ਪਰ ਬੁੱਢਾ ਦਲ ਨੇ ਉਸ ਨੂੰ ਛੇਤੀ ਹੀ ਘੇਰ ਲਿਆ ਅਤੇ ਉਹ ਗੋਲੀ ਲੱਗਣ ਨਾਲ ਮਰ ਗਿਆ। ਇਸ ਉੱਤੇ ਉਸਦੀ ਫ਼ੌਜ ਵਿਚ ਭਾਜੜ ਪੈ ਗਈ ਅਤੇ ਜਿੱਧਰ ਨੂੰ ਜਿਸ ਦਾ ਦਾਅ ਲੱਗਿਆ, ਉਹ ਉੱਧਰ ਨੂੰ ਹੀ ਨੱਠ ਉਠਿਆ। ਸਿੰਘਾਂ ਨੇ ਸਰਹਿੰਦ ਪਹੁੰਚ ਕੇ ਪਹਿਲਾਂ ਅਸਲੇ ਖਾਨੇ ਉੱਤੇ ਕਬਜ਼ਾ ਕੀਤਾ ਫਿਰ ਸ਼ਹਿਰ ਦੇ ਕੁਝ ਹਿੱਸੇ ਨੂੰ ਅੱਗ ਲਾ ਦਿੱਤੀ ਅਤੇ ਦੂਜੇ ਹਿੱਸੇ ਨੂੰ ਢਹਿ-ਢੇਰੀ ਕਰ ਦਿੱਤਾ। ਫਿਰ ਉਹ ਕਿਲ੍ਹੇ ਵਲ ਵਧੇ ਅਤੇ ਉਸਦੀ ਭੰਨ ਤੋੜ ਕਰਕੇ ਉਸ ਸਥਾਨ ਤੇ ਪਹੁੰਚ ਕੇ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ; ਉਸ ਸਥਾਨ ਉੱਤੇ ਥੜ੍ਹਾ ਬਣਾ ਕੇ ਸਿੰਘਾਂ ਨੇ ਗੁਰਬਾਣੀ ਦਾ ਪਾਠ ਆਰੰਭ ਕਰਾ ਦਿੱਤਾ ਅਤੇ ਉਸ ਸਥਾਨ ਦਾ ਨਾਂ ਫਤਿਹਗੜ੍ਹ ਸਾਹਿਬ ਰਖ ਦਿੱਤਾ। ਸਿੰਘਾਂ ਨੇ ਬਿਰਧਾਂ, ਬਚਿਆਂ ਅਤੇ ਇਸਤਰੀਆਂ ਤੋਂ ਬਿਨਾਂ ਬਾਕੀ ਦੀ ਵਸੋਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ। ਹਰ ਘਰ ਦੀ ਤਲਾਸ਼ੀ ਲਈ ਗਈ। ਛੱਤਾਂ ਅਤੇ ਫ਼ਰਸ਼ਾਂ ਨੂੰ ਤੋੜਿਆ ਗਿਆ ਤੇ ਜੋ ਵੀ ਮਾਲ ਖ਼ਜ਼ਾਨਾ ਸਿੰਘਾਂ ਦੇ ਹੱਥ ਆਇਆ ਉਸ ਨੂੰ ਕਾਬੂ ਕਰ ਲਿਆ ਗਿਆ। ਇਹ ਇਤਿਹਾਸਕ ਘਟਨਾ 14 ਜਨਵਰੀ 1764 ਨੂੰ ਵਾਪਰੀ।

### ਹੰਨੇ ਹੰਨੇ ਮੀਰੀ

ਸਰਹਿੰਦ ਦੀ ਜਿੱਤ ਪਿਛੋਂ ਸਿੰਘਾਂ ਦੇ ਕਬਜ਼ੇ ਵਿਚ ਇਸ ਸੂਬੇ ਦਾ ਵਿਸ਼ਾਲ ਭਾਗ ਆ ਗਿਆ, ਜੋ ਇਕ ਬੰਨੇ ਸਿਰਮੌਰ ਦੀਆਂ ਪਹਾੜੀਆਂ ਤੋਂ ਲੈ ਕੇ ਰਾਜਸਥਾਨ ਦੇ ਰੇਗ਼ਤਾ ਤੱਕ ਅਤੇ ਉਤਰ ਵਿਚ ਸਤਲੁਜ ਤੋਂ ਲੈ ਕੇ ਪਾਨੀਪਤ ਤਕ ਫੈਲਿਆ ਹੋਇਆ ਸੀ। ਸਿੰਘ ਸਰਦਾਰਾਂ ਨੇ ਆਪਣੇ ਆਪਣੇ ਘੋੜਿਆਂ ਨੂੰ ਸਾਰੇ ਇਲਾਕਿਆਂ ਵਿਚ ਫੇਰਿਆ ਅਤੇ ਜਿੱਥੇ ਜਿੱਥੇ ਵੀ ਉਨ੍ਹਾਂ ਨੇ ਘੋੜਾ ਫੇਰਿਆ



Sri Satguru Jagjit Singh Ji Elibrary NamdhariElibrary@gmail.com

ਉਹ ਇਲਾਕਾ ਉਸ ਸਰਕਾਰ ਦੇ ਅਧੀਨ ਹੋ ਗਿਆ। ਪਿੰਡਾਂ ਦੇ ਲੋਕਾਂ ਵਿਸ਼ੇਸ਼ ਕਰਕੇ ਮੁਖੀਆਂ ਤੋਂ ਸਿੰਘ ਪਰਸ਼ਾਦੇ ਅਤੇ ਗੁੜ, ਸ਼ੱਕਰ ਦੀ ਮੰਗ ਕਰਦੇ, ਜਿਸਦਾ ਭਾਵ ਇਹ ਸੀ ਕਿ ਉਨ੍ਹਾਂ ਲੋਕਾਂ ਨੇ ਉਨ੍ਹਾਂ ਦੀ ਅਧੀਨਗੀ ਪ੍ਰਵਾਨ ਕਰ ਲਈ ਹੈ। ਉਂਜ ਵੀ ਇਸ ਇਲਾਕੇ ਵਿਚ ਗੁਰੂ ਤੇਗ਼ ਬਹਾਦਰ ਦੇ ਸਮੇਂ ਤੋਂ ਹੀ ਸਿੰਘਾਂ ਦਾ ਬੜਾ ਰਸੂਖ ਸੀ ਅਤੇ ਉਹ ਉਨ੍ਹਾਂ ਦੇ ਨਰਮ ਅਤੇ ਹਮਦਰਦੀ ਭਰੇ ਲੋਕਹਿੱਤਕਾਰੀ ਵਤੀਰੇ ਅਤੇ ਕਲਿਆਣਕਾਰੀ ਆਦਰਸ਼ਾਂ ਤੋਂ ਜਾਣੂ ਸਨ। ਬਾਬਾ ਬੰਦੇ ਬਹਾਦਰ ਦੇ ਸਮੇਂ ਵੀ ਇਸ ਇਲਾਕੇ ਦੀ ਪਰਜਾ ਨੇ ਸੁਤੰਤਰਤਾ ਦਾ ਰਸ ਮਾਣਿਆ ਸੀ। ਰਾਜਧਾਨੀ ਦਿੱਲੀ ਤਕ ਪੁੱਜਣ ਲਈ ਇਸ ਸੂਬੇ ਵਿਚੋਂ ਲੰਘਣਾ ਪੈਂਦਾ ਸੀ ਸੋ ਸਰਹਿੰਦ ਦੀ ਰਿਆਸਤ ਉਤੇ ਸਿੰਘਾਂ ਦਾ ਕਬਜ਼ਾ ਇਤਿਹਾਸਿਕ, ਭੂਗੋਲਿਕ ਤੇ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਬੜੀ ਮਹੱਤਤਾ ਰਖਦਾ ਸੀ। ਇਸ ਇਲਾਕੇ ਦਾ ਕੁਲ ਖੇਤਰਫ਼ਲ 350 ਕਿ. ਮੀਟਰ ਲੰਬਾ ਅਤੇ 250 ਕਿ. ਮੀਟਰ ਚੌੜਾ ਸੀ।

ਦਲ ਖਾਲਸੇ ਦੇ ਬਹੁਤ ਸਾਰੇ ਸਰਦਾਰਾਂ ਨੇ ਇਸ ਵਿਸ਼ਾਲ ਇਲਾਕੇ ਵਿਚ ਵੱਖ ਵੱਖ ਥਾਵਾਂ ਤੇ ਕਬਜ਼ੇ ਕਰ ਲਏ ਅਤੇ ਆਪਣਾ ਆਪਣਾ ਅਧਿਕਾਰ ਸਥਾਪਿਤ ਕਰ ਲਿਆ। ਲਗਭਗ ਸਾਰੇ ਮੁਖੀ ਸਰਦਾਰਾਂ ਨੇ ਵੱਡੀਆਂ ਵੱਡੀਆਂ ਮੱਲਾਂ ਮਾਰ ਲਈਆਂ ਅਤੇ ਆਪਣੇ ਅਧਿਕਾਰ ਨੂੰ ਸਥਾਈ ਬਣਾ ਲਿਆ, ਜਿਥੇ ਉਨ੍ਹਾਂ ਦੇ ਵਾਰਸ, ਡਾ. ਹਰੀ ਰਾਮ ਗੁਪਤਾ ਅਨੁਸਾਰ ਹੁਣ ਤਕ ਉਸ ਭੂਮੀ ਦੇ ਮਾਲਕ ਹਨ। ਫੂਲਕੀਆਂ ਰਿਆਸਤ ਦੇ ਬਾਬਾ ਆਲਾ ਸਿੰਘ ਪਟਿਆਲਾ ਨੇ ਸਰਹਿੰਦ ਦੇ ਇਲਾਕੇ ਨੂੰ ਆਪਣੇ ਪੇਟੇ ਪਾ ਲਿਆ ਅਤੇ ਨਾਭੇ ਦੇ ਹਮੀਰ ਸਿੰਘ ਨੇ ਭਾਦਸੋਂ, ਅਮਲੋਹ ਅਤੇ ਹੋਰ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ, ਜਿਸ ਜਿਸ ਸਰਦਾਰ ਨੇ ਜਿਸ ਜਿਸ ਖੇਤਰ ਉਤੇ ਕਬਜ਼ਾ ਕੀਤਾ, ਉਸਦੇ ਵੇਰਵੇ ਵਿਸਥਾਰ ਸਹਿਤ ਡਾ. ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ ਸਿਖ ਇਤਿਹਾਸ ਭਾਗ ਦੂਜਾ ਵਿਚ ਪੰਨਾ 204-211 ਤਕ ਦਿੱਤੇ ਹੋਏ ਹਨ। ਕੁਝ ਮੁਸਲਮਾਨ ਅਤੇ ਹਿੰਦੂ ਜਗੀਰਦਾਰਾਂ ਨੇ ਵੀ ਸਿੰਘਾਂ ਨੂੰ ਮੁਆਵਜ਼ੇ ਦੇ ਕੇ ਆਪਣੇ ਅਧਿਕਾਰ ਖੇਤਰ ਨੂੰ ਸੁਰੱਖਿਅਤ ਰਖਿਆ। ਇਨ੍ਹਾਂ ਵਿਚੋਂ ਮਲੇਰਕੋਟਲੇ ਦੇ 96, ਰਾਏਕੋਟ ਦੇ ਰਾਏ ਕੱਲੇ ਦੇ ਵਾਰਿਸ਼ਾਂ ਨੇ ਲੁਧਿਆਣਾ, ਜਗਰਾਉਂ ਅਤੇ ਫਿਰੋਜ਼ਪੁਰ ਦੇ ਇਲਾਕੇ ਆਪਣੇ ਅਧੀਨ ਰੱਖੇ। ਗਰੀਬ ਦਾਸ ਜਿਸਦੇ ਵਡੇਰੇ ਮਾਲ ਅਧਿਕਾਰੀ ਸਨ ਨੇ ਮਨੀਮਾਜਰੇ ਦੇ ਇਲਾਕੇ ਨੂੰ ਆਪਣੇ ਅਧਿਕਾਰ ਵਿਚ ਰਖਿਆ ਅਤੇ ਪਿੰਜੌਰ ਦੇ ਖ਼ੂਬਸੂਰਤ ਇਲਾਕੇ ਨੂੰ ਵੀ ਆਪਣੇ ਅਧਿਕਾਰ ਵਿਚ ਲੈ ਲਿਆ। ਇਹ ਸਿੰਘਾਂ ਦੇ ਰਾਜਨੀਤਿਕ ਤੇ ਪ੍ਰਸ਼ਾਸਨਿਕ ਦ੍ਰਿਸ਼ਟੀਕੋਣ ਦੀ ਜਿਉਂਦੀ ਜਾਗਦੀ ਮਿਸਾਲ ਮੰਨੀ ਜਾ ਸਕਦੀ ਹੈ, ਜਿਸ ਨੇ ਇਤਿਹਾਸ ਦੇ ਉਸ ਕਾਲ ਵਿਚ, ਜਿਸ ਵਿਚ ਸਦੀਆਂ



Sri Satguru Jagjit Singh Ji Elibrary NamdhariElibrary@gmail.com

ਤਕ ਵਿਦੇਸ਼ੀ ਮੁਸਲਿਮ ਬੰਸਾਂ ਦਾ ਕਬਜ਼ਾ ਰਿਹਾ ਅਤੇ ਜਿਸ ਵਿਚ ਅਨੇਕ ਦੌਰ ਗੈਰ ਮੁਸਲਮਾਨਾਂ ਉਤੇ ਕਹਿਰਾਂ ਦੇ ਜ਼ੁਲਮ ਅਤੇ ਤਸੱਦਦ ਦੀਆਂ ਘਟਨਾਵਾਂ ਨਾਲ ਭਰੇ ਪਏ ਸਨ ਅਤੇ ਜਿਸ ਵਿਚ ਧਾਰਮਿਕ ਕੱਟੜਤਾ ਅਤੇ ਸੌੜੇ ਤੇ ਕੌੜੇ ਧਾਰਮਿਕ ਨਫ਼ਰਤ ਤੇ ਤੁਅੱਸਬ ਦਾ ਬੋਲਬਾਲਾ ਰਿਹਾ ਸੀ ਦੇ ਟਾਕਰੇ ਉਤੇ ਸਿੰਘਾਂ ਦੇ ਇਸ ਰਾਜ ਕਾਲ ਵਿਚ ਨਵਾਂ ਪਰਿਵਰਤਨ ਆ ਗਿਆ ਸੀ, ਜੋ ਇਸਲਾਮੀ ਸ਼ਾਸ਼ਨ ਕਾਲ ਦੀ ਤੁਲਨਾ ਵਿਚ ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਨਾਲ ਭਰਪੂਰ ਸੀ। ਰਾਜਨੀਤਿਕ ਤੌਰ ਤੇ ਇਹ ਗੁਣਾਤਮਕ ਪਰਿਵਰਤਨ ਸਿੱਖ ਗੁਰੂ ਸਾਹਿਬਾਨ ਦੀ ਦੇਣ ਸੀ, ਜੋ ਗੁਰੂ ਤੇਗ ਬਹਾਦਰ ਦੇ ਸ਼ਬਦਾਂ ਵਿਚ :

"ਭੈ ਕਾਹੂੰ ਕੋ ਦੇਤ ਨੈ, ਨੈ ਭੈ ਮਾਨਤ ਆਣ"

ਅਤੇ ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਵਿਚ :

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"

ਦੇ ਸੁਨਹਿਰੀ ਅਸੂਲਾਂ ਉੱਤੇ ਸਥਾਪਿਤ ਹੋਇਆ। ਇਸ ਤੋਂ ਬਿਨਾਂ ਇਹ ਸ਼ਾਸ਼ਨ ਪ੍ਰਬੰਧ ਵਿਦੇਸ਼ੀ ਸਾਮਰਾਜ ਦਾ ਵਿਰੋਧੀ ਅਤੇ ਸੁਦੇਸ਼ ਵਿਚ ਸੁਤੰਤਰਤਾ ਦਾ ਹਾਮੀ ਸੀ। ਇਸ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਇਹ ਬਾਦਸ਼ਾਹਾਂ ਦੀ ਨਿਰੰਕੁਸ਼ਤਾ ਦੀ ਤੁਲਨਾ ਵਿਚ ਪਰਜਾਤੰਤਰੀ ਸੁਭਾ ਵਾਲਾ ਸੀ। ਸਰਹਿੰਦ ਨੂੰ ਫਤੇਹ ਕਰਕੇ ਸਿੰਘਾਂ ਨੇ ਲਾਹੌਰ ਵੱਲ ਵੱਧਣ ਦਾ ਫੈਸਲਾ ਕੀਤਾ। ਜਲੰਧਰ ਦਾ ਹਾਕਮ ਜ਼ੈਨ ਖ਼ਾਂ ਦੀ ਮੌਤ ਦੀ ਖ਼ਬਰ ਸੁਣ ਕੇ ਪਹਿਲਾਂ ਹੀ ਡਰਿਆ ਹੋਇਆ ਸੀ। ਉਹ ਰਾਜਧਾਨੀ ਛੱਡ ਦੇ ਭੱਜ ਗਿਆ। ਸਿੰਘਾਂ ਨੇ ਦੁਆਬੇ ਦੀ ਲੁੱਟ ਮਾਰ ਕਰਕੇ ਫਰਵਰੀ 1764 ਵਿਚ ਲਾਹੌਰ ਉਤੇ ਧਾਵਾ ਕੀਤਾ। ਲਾਹੌਰ ਦੇ ਹਾਕਮ ਕਾਬਲੀ ਮਲ ਨੇ ਡਰਦੇ ਹੋਇਆਂ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਦਿੱਤੇ। ਸਿੰਘ ਦਿੱਲੀ ਦਰਵਾਜ਼ੇ ਰਾਹੀਂ ਸ਼ਹਿਰ ਦੇ ਅੰਦਰ ਜਾ ਵੜੇ। ਇਹ ਸਭ ਕੁਝ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਹੋਇਆ। ਕਾਬਲੀ ਮਲ ਨੂੰ ਕਿਹਾ ਗਿਆ ਕਿ ਉਹ ਉਨ੍ਹਾਂ ਸਾਰੇ ਗਊ ਬੱਧ ਕਰਨ ਵਾਲੇ ਬੁਚੜਾਂ ਨੂੰ ਕਤਲ ਕਰਵਾ ਦੇਵੇ ਪਰ ਉਸਦਾ ਇਹ ਉੱਤਰ ਸੀ ਕਿ ਇਹ ਗੱਲ ਉਹ ਨਹੀਂ ਕਰ ਸਕੇਗਾ, ਕਿਉਂ ਜੋ ਉਹ ਮੁਸਲਿਮ ਬਾਦਸ਼ਾਹ ਦਾ ਮੁਲਾਜ਼ਮ ਹੈ ਅਤੇ ਅਜਿਹਾ ਕਰਨ ਨਾਲ ਉਸਨੂੰ ਸ਼ਾਹੀ ਕਰੋਪੀ ਦਾ ਸ਼ਿਕਾਰ ਹੋਣਾ ਪਵੇਗਾ। ਜਦੋਂ ਸਿੰਘ ਸ਼ਹਿਰ ਦੇ ਅੰਦਰ ਜਾ ਵੜੇ ਤਾਂ ਕਾਬਲੀ ਮਲ ਨੇ ਡਰਦੇ ਮਾਰੇ ਕੁਝ ਗਊ ਬੱਧ ਕਰਨ ਵਾਲੇ ਬੁਚੜਾਂ ਦੇ ਨਕ, ਕੰਨ ਅਤੇ ਹੱਥ ਵੱਢ ਦਿੱਤੇ ਅਤੇ ਉਨ੍ਹਾਂ ਨੂੰ ਸ਼ਹਿਰੋਂ ਬਾਹਰ ਕੱਢ ਦਿੱਤਾ ਅਤੇ ਸਿੱਖਾਂ ਨੂੰ ਬਹੁਤ ਸਾਰਾ ਧਨ ਦੇ ਕੇ ਉਸਨੇ ਰਾਜਧਾਨੀ ਨੂੰ ਸੁਰੱਖਿਅਤ ਕਰ ਲਿਆ। ਲਾਹੌਰ ਦਰਬਾਰ ਵਿਚ ਹਰੀ ਸਿੰਘ ਭੰਗੀ ਨੇ ਆਪਣਾ ਰੈਜ਼ੀਡੈਂਟ (ਨਿਗਰਾਨ) ਟੇਕ ਚੰਦ ਨਿਯੁਕਤ ਕਰ ਦਿੱਤਾ ਜੋ ਕਾਬਲੀ ਮਲ ਦੇ ਹਰ ਕਾਰਜ ਦੀ ਨਿਗਰਾਨੀ ਕਰਦਾ



Sri Satguru Jagjit Singh Ji Elibrary NamdhariElibrary@gmail.com

ਸੀ ਅਤੇ ਸਰਕਾਰ ਕੋਲੋਂ 10 ਰੁਪਏ ਰੋਜ਼ ਭੱਤਾ ਲੈਂਦਾ ਸੀ। ਇਹ ਘਟਨਾ 6 ਫਰਵਰੀ 1764 ਵਿਚ ਵਾਪਰੀ। ਇਸ ਸਮੇਂ ਸੋਭਾ ਸਿੰਘ ਨੇ ਨਿਆਜ ਬੇਗ ਪਰਗਨੇ ਵਿਚ ਜੋ ਮੁਲਤਾਨ, ਲਾਹੌਰ ਦੀ ਸੜਕ ਉੱਤੇ ਸੀ, ਆਪਣਾ ਥਾਣਾ ਬਣਾ ਲਿਆ ਅਤੇ ਮੁਲਤਾਨ ਵਲੋਂ ਆਉਂਦੀਆਂ ਸਾਰੀਆਂ ਚੀਜ਼ਾਂ ਵਸਤਾਂ ਨੂੰ ਲੁੱਟਣ ਲੱਗਾ ਪਰ ਇਸ ਉਤੇ ਕਾਬਲੀ ਮਲ ਨੇ ਮੁਲਤਾਨ, ਲਾਹੌਰ ਸੜਕ ਦੀ ਚੁੰਗੀ ਉਸਦੇ ਹਵਾਲੇ ਕਰ ਦਿੱਤੀ ਤਾਂ ਜੋ ਉਹ ਮੁਲਤਾਨ ਵੱਲੋਂ ਆਉਂਦੀਆਂ ਸਾਰੀਆਂ ਚੀਜ਼ਾਂ ਉੱਤੇ ਮਸੂਲ ਉਗਰਾਹ ਸਕੇ।

ਇਸ ਪਿਛੋਂ ਤਰੁਣਾ ਦਲ ਦੋ ਭਾਗਾਂ ਵਿਚ ਵੰਡਿਆ ਗਿਆ। ਚੜ੍ਹਤ ਸਿੰਘ ਸੁਕਰਚੱਕੀਆ ਨੇ ਰਚਨਾ ਤੇ ਚੱਜ ਦੁਆਬ ਵਲ ਵੱਧਣਾ ਸ਼ੁਰੂ ਕੀਤਾ ਅਤੇ ਹਰੀ ਸਿੰਘ ਭੰਗੀ ਮੁਲਤਾਨ ਵਲ ਅੱਗੇ ਵਧਿਆ। ਚੜ੍ਹਤ ਸਿੰਘ ਨੇ ਰੋਹਤਾਸ ਦੇ ਕਿਲ੍ਹੇ ਨੂੰ ਘੇਰਾ ਜਾ ਪਾਇਆ, ਜਿੱਥੋਂ ਦਾ ਕਾਰਦਾਰ ਸਰਫ਼ਰਾਜ਼ ਖ਼ਾਂ ਜੋ ਅਹਿਮਦ ਸ਼ਾਹ ਦੁਰਾਨੀ ਦਾ ਥਾਪਿਆ ਹੋਇਆ ਸੀ। ਉਸ ਨੇ ਸ਼ਹਿਰ ਦੀ ਕਿਲ੍ਹਾਬੰਦੀ ਕਰਕੇ ਸਿੰਘਾਂ ਦੇ ਦਲਾਂ ਉਤੇ ਤੋਪਾਂ ਦੀ ਮਾਰ ਸ਼ੁਰੂ ਕਰ ਦਿੱਤੀ। ਘੇਰਾ ਟੁਟਦਾ ਨਾ ਵੇਖ ਕੇ ਸਿੰਘਾਂ ਨੇ ਜੁਗਤੀ ਵਜੋਂ ਆਪਣੇ ਦਲਾਂ ਨੂੰ ਪਿਛੇ ਹਟਾ ਲਿਆ। ਸਰਫ਼ਰਾਜ਼ ਖ਼ਾਂ ਨੇ ਸ਼ਹਿਰੋਂ ਬਾਹਰ ਆ ਕੇ ਉਨ੍ਹਾਂ ਦਾ ਪਿੱਛਾ ਕੀਤਾ। ਚੜ੍ਹਤ ਸਿੰਘ ਦੀ ਸੈਨਾ ਨੇ ਉਸਨੂੰ ਘੇਰੇ ਵਿਚ ਲੈ ਲਿਆ। ਸਿੰਘਾਂ ਦੇ ਦਲ ਸ਼ਹਿਰ ਦੇ ਅੰਦਰ ਜਾ ਵੜੇ ਅਤੇ ਹੋਰ ਫੌਜ ਉਨ੍ਹਾਂ ਦੀ ਸਹਾਇਤਾ ਲਈ ਆ ਗਈ। ਸਰਫ਼ਰਾਜ ਖ਼ਾਂ ਨੂੰ ਆਪਣੇ ਥੋੜ੍ਹੇ ਜਿਹੇ ਲਸ਼ਕਰ ਨਾਲ ਸ਼ਹਿਰ ਤੋਂ ਬਾਹਰ ਜਾਣ ਦੀ ਆਗਿਆ ਦੇ ਦਿੱਤੀ ਗਈ। ਰੋਹਤਾਸ ਤੋਂ ਸਰਫ਼ਰਾਜ਼ ਖ਼ਾਂ ਨੇ ਕਸ਼ਮੀਰ ਦੇ ਗਵਰਨਰ ਸਰਬੁਲੰਦ ਖ਼ਾਂ ਤੋਂ ਸਹਾਇਤਾ ਦੀ ਮੰਗ ਕੀਤੀ ਸੀ। ਉਹ 12,000 ਦੀ ਫੌਜ ਲੈ ਕੇ ਅਟਕ ਪਹੁੰਚਿਆ ਹੀ ਸੀ ਕਿ ਚੜ੍ਹਤ ਸਿੰਘ ਨੇ ਉਸਨੂੰ ਜਾ ਘੇਰਿਆ। ਬਹੁਤ ਸਾਰੇ ਅਫ਼ਗਾਨ ਫੌਜੀ ਭੱਜ ਗਏ। ਸਰਬੁਲੰਦ ਖ਼ਾਂ ਨੂੰ ਪਕੜ ਕੇ ਰੋਹਤਾਸ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ, ਜਿੱਥੇ ਉਸਨੂੰ 2,00,000 ਦਾ ਤਵਾਨ ਭਰਨ ਤੇ ਛੱਡ ਦਿੱਤਾ ਗਿਆ। ਇਸ ਤੋਂ ਪਿਛੋਂ ਚੜ੍ਹਤ ਸਿੰਘ ਨੇ ਧਨੀ, ਪੋਠੋਹਾਰ, ਚੱਕਵਾਲ, ਜਲਾਲਪੁਰ, ਸਈਅਦਪੁਰ ਦੇ ਇਲਾਕਿਆਂ ਨੂੰ ਸਰ ਕਰ ਲਿਆ ਅਤੇ ਲੂਣ ਦੀਆਂ ਖ਼ਾਨਾਂ ਤਕ ਦਾ ਇਲਾਕਾ ਜਾ ਮੱਲਿਆ। ਚੜ੍ਹਤ ਸਿੰਘ ਨੇ ਆਪਣੇ ਕਈ ਸਰਦਾਰਾਂ ਨੂੰ ਇਹ ਇਲਾਕੇ ਸੌਂਪ ਦਿੱਤੇ, ਜਿੱਥੇ ਉਨ੍ਹਾਂ ਨੇ ਕਿਲ੍ਹਿਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਬਹੁਤ ਸਾਰਾ ਇਲਾਕਾ ਚੜ੍ਹਤ ਸਿੰਘ ਦੇ ਅਧਿਕਾਰ ਵਿਚ ਆ ਗਿਆ।

ਦੂਜੇ ਬੰਨੇ ਸ. ਹਰੀ ਸਿੰਘ ਭੰਗੀ ਅਤੇ ਹੀਰਾ ਸਿੰਘ ਨਕਈ ਨੇ ਮੁਲਤਾਨ ਤੇ ਹੋਰ ਇਲਾਕੇ ਨੂੰ ਕਬਜ਼ੇ ਵਿਚ ਕਰ ਲਿਆ। ਇਥੋਂ ਤਕ ਕਿ ਡੇਰਿਆਂ ਦੇ



Sri Satguru Jagjit Singh Ji Elibrary NamdhariElibrary@gmail.com

ਇਲਾਕਿਆਂ ਤਕ ਸਿੰਘ ਜਾ ਪਹੁੰਚੇ। ਇਸ ਤੋਂ ਪਿਛੋਂ ਸਿੰਘਾਂ ਨੇ ਝੰਗ, ਚਨਿਓਟ ਅਤੇ ਹੋਰ ਇਲਾਕਿਆਂ ਉਤੇ ਕਬਜਾ ਕਰ ਲਿਆ।

ਕਾਜ਼ੀ ਨੂਰ ਮੁਹੰਮਦ ਨੇ ਸਿੰਘਾਂ ਵਲੋਂ ਇਸ ਇਲਾਕੇ ਵਿਚ ਕੀਤੀ ਮਾਰਧਾੜ ਬਾਰੇ ਬਹੁਤ ਕੁਝ ਲਿਖਿਆ ਹੈ। ਉਹ ਨਫ਼ਰਤ ਨਾਲ ਸਿੰਘਾਂ ਨੂੰ 'ਸਗ' ਅਰਥਾਤ ਕੁੱਤੇ ਹੀ ਕਹਿੰਦਾ ਹੈ ਅਤੇ ਮੁਸਲਮਾਨ ਹਾਕਮਾਂ ਨਾਲ ਹਮਦਰਦੀ ਕਰਦਾ ਹੋਇਆ ਉਨ੍ਹਾਂ ਦੇ ਦੁਖੜਿਆਂ ਦਾ ਬਿਰਤਾਂਤ ਪੇਸ਼ ਕਰਦਾ ਹੈ। ਉਹ ਲਿਖਦਾ ਹੈ – 'ਇਨ੍ਹਾਂ ਸਗਾਂ (ਸਿੰਘਾਂ) ਨੇ ਮੁਲਤਾਨ ਦੀ ਏਨੀ ਤਬਾਹੀ ਕੀਤੀ ਹੈ ਅਤੇ ਇਸ ਤਰ੍ਹਾਂ ਮਾਲ ਧਨ ਲੁੱਟਿਆ ਹੈ ਕਿ ਮੇਰੀ ਰੂਹ ਇਸ ਦਾ ਬਿਆਨ ਕਰਨ ਤੋਂ ਕਾਸਰ ਹੈ। ਦੀਨਦਾਰੋ ! – ਬਾਬੇ ਆਦਮ ਦੇ ਆਗਮਨ ਤੋਂ ਲੈ ਕੇ ਹੁਣ ਤੱਕ ਮੁਲਤਾਨ ਤੋਂ ਬਿਨਾਂ ਕਿਸੇ ਨੇ ਅਜਿਹੀ ਤਬਾਹੀ ਨਹੀਂ ਵੇਖੀ ਹੋਣੀ ਪਰ ਖ਼ੁਦਾ ਦੀ ਰਜ਼ਾ ਅਨੁਸਾਰ ਸਾਨੂੰ ਹਾਰ ਮੰਨਣੀ ਪਈ ਹੈ।'

ਇਸ ਤੋਂ ਪਿਛੋਂ ਸ਼ਿਆਲਾਂ ਦੇ ਇਲਾਕੇ ਝੰਗ, ਖ਼ੁਸ਼ਾਬ, ਚਨਿਓਟ ਉਤੇ ਭੰਗੀ ਸਰਦਾਰ ਝੰਡਾ ਸਿੰਘ ਨੇ ਕਬਜ਼ਾ ਕਰਕੇ ਇਸ ਦਾ ਪ੍ਰਬੰਧ ਭੰਗੀ ਸਰਦਾਰ ਕਰਮ ਸਿੰਘ ਦੂਲੋ ਨੂੰ ਸੌਂਪ ਦਿੱਤਾ। ਅੱਗੇ ਜਾ ਕੇ ਨੂਰ ਮੁਹੰਮਦ ਸਿੰਘਾਂ ਹੱਥੋਂ ਚਨਿਓਟ ਦੀ ਤਬਾਹੀ ਦਾ ਵਰਣਨ ਕਰਦਾ ਹੈ। ਅੰਤ ਵਿਚ ਉਹ ਲਿਖਦਾ ਹੈ ਕਿ 'ਸਿੰਘਾਂ ਨੇ ਸਰਹਿੰਦ, ਲਾਹੌਰ ਤੇ ਪੰਜਾਬ ਦੇ ਹੋਰ ਇਲਾਕਿਆਂ ਮੁਲਤਾਨ, ਝੰਗ, ਖ਼ੁਸ਼ਾਬ, ਚਨਾਬ ਤਕ ਸਾਰੇ ਦੇਸ਼ ਨੂੰ ਆਪਸ ਵਿਚ ਵੰਡ ਲਿਆ ਹੈ। ਉਸ ਦਾ ਸੰਕੇਤ ਸਿੱਖ ਮਿਸ਼ਲਾਂ ਦੇ ਇਲਾਕਿਆਂ ਦੀ ਵੰਡ ਵੱਲ ਜਾਪਦਾ ਹੈ। ਅਜਿਹੇ ਸਮੇਂ ਬਾਰੇ ਪ੍ਰਸਿੱਧ ਸੂਫ਼ੀ ਕਵੀ ਬਾਬਾ ਬੁਲ੍ਹੇ ਸ਼ਾਹ ਨੇ ਲਿਖਿਆ ਸੀ :

ਭੂਰਿਆਂ ਵਾਲੇ ਰਾਜੇ ਕੀਤੇ
ਮੁਗਲਾਂ ਜ਼ਹਿਰ ਪਿਆਲੇ ਪੀਤੇ।

ਅਤੇ ਪੰਜਾਬ ਦਾ ਪ੍ਰਸਿੱਧ ਸ਼ਾਇਰ ਵਾਰਿਸ਼ ਸ਼ਾਹ ਲਿਖਦਾ ਹੈ :

'ਹਾਕਮ ਦੇਸ ਦੇ ਜੱਟ ਸਰਦਾਰ ਹੋਏ,
ਘਰ-ਘਰ ਨਵੀਂ ਸਰਕਾਰ ਹੋਈ,

## ਅਹਿਮਦ ਸ਼ਾਹਦੁਰਾਨੀ ਦਾ ਸੱਤਵਾਂ ਹੱਲਾ

[1*]ਸਿੰਘਾਂ ਦੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਮੱਲ੍ਹਾ ਮਾਰਨ ਅਤੇ ਅਧਿਕਾਰ ਸਥਾਪਿਤ ਕਰ ਲੈਣ ਦੀਆਂ ਖ਼ਬਰਾਂ ਸੁਣ ਕੇ ਅਹਿਮਦ ਸ਼ਾਹ ਦੁਰਾਨੀ ਨੇ ਇਕ ਵਾਰ ਫਿਰ 18,000 ਦੀ ਅਫ਼ਗਾਨੀ ਫ਼ੌਜ ਨਾਲ 1764 ਵਿਚ ਪੰਜਾਬ ਉੱਤੇ ਹੱਲਾ ਬੋਲ ਦਿੱਤਾ। ਉਸਨੇ ਬਿਨਾਂ ਰੋਕ ਟੋਕ ਦੇ ਐਮਨਾਬਾਦ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 215



Sri Satguru Jagjit Singh Ji Elibrary NamdhariElibrary@gmail.com

ਆ ਕੇ ਡੇਰੇ ਲਾ ਲਏ, ਜਿੱਥੇ ਨਾਸਿਰ ਖ਼ਾਂ ਬਲੋਚ 12000 ਦੀ ਫ਼ੌਜ ਨਾਲ ਉ
ਨਾਲ ਆ ਰਲਿਆ। ਦੁਰਾਨੀ ਦੇ ਆਉਣ ਦੀ ਖਬਰ ਸੁਣ ਕੇ ਸਿੰਘ ਲਾਹੌਰ
ਛੱਡ ਕੇ ਆਪਣੇ ਪੁਰਾਣੇ ਇਲਾਕਿਆਂ ਵਿਚ ਪਹੁੰਚ ਗਏ। ਦੁਰਾਨੀ ਬਿਨਾਂ
ਟੋਕ ਲਾਹੌਰ ਪਹੁੰਚ ਗਿਆ, ਜਿੱਥੇ ਉਸਨੇ ਆਪਣੇ ਸਰਦਾਰਾਂ ਨਾਲ ਸਿੰਘਾਂ
ਸੋਧਣ ਦੀ ਵਿਉਂਤ ਬਣਾਈ। ਇਕ ਦਿਨ ਦੁਰਾਨੀ ਦੇ ਸੂਹੀਆਂ ਦੇ ਜੱਥੇ ਉ
ਸਿੰਘਾਂ ਨੇ ਅਚਾਨਕ ਹੱਲਾ ਬੋਲ ਦਿੱਤਾ। ਇਸ ਪਿਛੋਂ ਦੁਰਾਨੀ ਦੇ ਗੁੱਸੇ
ਪਾਰਾ ਹੋਰ ਚੜ੍ਹ ਗਿਆ। ਉਸਨੇ ਨਾਸਿਰ ਖ਼ਾਂ ਦੀ ਸਹਾਇਤਾ ਲਈ ਹੋਰ ਸੈ
ਭੇਜੀ। ਘਮਸਾਨ ਦੇ ਯੁੱਧ ਵਿਚ ਨਾਸਿਰ ਖ਼ਾਂ ਦਾ ਘੋੜਾ ਜ਼ਖਮੀ ਹੋ ਗਿਆ ਅ
ਦੋਵੇਂ ਫੌਜਾਂ ਆਪਣੇ ਆਪਣੇ ਟਿਕਾਣੇ ਤੇ ਵਾਪਿਸ ਪਹੁੰਚ ਗਈਆਂ। ਨੂਰ ਮੁਹੰ
ਜੋ ਇਕ ਤਰ੍ਹਾਂ ਦਾ ਉਸ ਸਮੇਂ ਦਾ ਅਖ਼ਬਾਰ ਨਵੀਸ ਸੀ ਅਤੇ ਦੁਰਾਨੀ ਦੀ ਸੈ
ਦੇ ਨਾਲ ਨਾਲ ਰਿਹਾ ਸੀ, ਆਪਣੇ ਜੰਗਨਾਮੇ ਵਿਚ ਦੁਰਾਨੀ ਦੇ ਇਸ ਹਮਲੇ
ਪੂਰੇ ਪੂਰੇ ਵੇਰਵੇ ਦਿੰਦਾ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਉਸਦਾ ਜੰਗਨਾਮਾ ਵਿਸ਼
ਮਹੱਤਤਾ ਵਾਲਾ ਦਸਤਾਵੇਜ਼ ਹੈ।

ਲਾਹੌਰ ਤੋਂ ਵਾਪਸ ਪਰਤ ਕੇ ਸਿੰਘਾਂ ਨੇ ਗੁਰੂ ਚੱਕ (ਅੰਮ੍ਰਿਤਸਰ) ਵਿ
ਡੇਰਾ ਲਾਇਆ। ਦੁਰਾਨੀ ਨੂੰ ਜਦੋਂ ਇਸ ਦਾ ਪਤਾ ਲੱਗਾ ਤਾਂ ਉਹ ਵੱ
ਲਸ਼ਕਰ ਲੈ ਕੇ ਗੁਰੂ ਚੱਕ ਨੂੰ ਢਹਿ ਢੇਰੀ ਕਰਨ ਦੇ ਇਰਾਦੇ ਨਾਲ ਉ
ਪਹੁੰਚਿਆ। ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਕਿ ਜਿਹੜਾ ਅਹਿਮਦ ਸ਼
ਦੁਰਾਨੀ ਲਾਹੌਰ ਤੋਂ 225 ਕਿ. ਮੀ. ਦਾ ਫਾਸਲਾ 36 ਘੰਟਿਆਂ ਵਿਚ ਮੁ
ਕੇ 'ਕੁਪ' ਪਹੁੰਚ ਗਿਆ ਸੀ, ਉਸ ਨੂੰ 50 ਕਿ. ਮੀ. ਤਕ ਅੰਮ੍ਰਿਤਸਰ ਪਹੁੰਚ
ਵਿਚ 4 ਦਿਨ ਲੱਗੇ। ਥਾਂ-ਥਾਂ ਤੇ ਸਿੰਘਾਂ ਨੇ ਉਸਦਾ ਟਾਕਰਾ ਕੀਤਾ।
ਜਦੋਂ ਉਹ ਅੰਮ੍ਰਿਤਸਰ ਪਹੁੰਚਿਆ ਤਾਂ ਸਿੰਘਾਂ ਦੇ ਦਲ ਉਥੋਂ ਕੂਚ ਕਰ ਚੁ
ਸਨ। ਰਾਮਨਗਰ ਦੇ ਕਿਲ੍ਹੇ ਵਿਚ ਕੇਵਲ 30 ਸਿੰਘ ਹਰਿਮੰਦਰ ਸਾਹਿਬ
ਰਖਿਆ ਲਈ ਉੱਥੇ ਸਨ, ਜਿਨਾਂ ਨੇ ਦੁਰਾਨੀ ਦੀ ਸੈਨਾ ਨੂੰ ਚੰਗੇ ਹੱਥ ਵਿ
ਕੇ ਸ਼ਹੀਦੀਆਂ ਪਾਈਆਂ ਸਨ ਕਿਉਂ ਜੋ ਉਹ ਪਹਿਲਾਂ ਹੀ ਮਰਨ-ਮਾਰਨ
ਪੱਕੀ ਧਾਰ ਕੇ ਉੱਥੇ ਰਹੇ ਸਨ। ਦੁਰਾਨੀ ਦੀ ਸੈਨਾ ਨੇ ਆਲੇ ਦੁਆਲੇ ਦੇ ਸਿੰ
ਦੀ ਭਾਲ ਕਰਨ ਲਈ ਬੜੇ ਘੋੜੇ ਦੌੜਾਏ ਪਰ ਉਨ੍ਹਾਂ ਨੂੰ ਸਿੰਘਾਂ ਦਾ ਕੋਈ
ਜੱਥਾ ਨਾ ਮਿਲ ਸਕਿਆ। ਦੁਰਾਨੀ ਸ਼ਹਿਰ ਦੀਆਂ ਕਈ ਇਮਾਰਤਾਂ ਨੂੰ ਢ
ਢੇਰੀ ਕਰਕੇ ਵਾਪਿਸ ਲਾਹੌਰ ਆ ਗਿਆ।

ਦੁਰਾਨੀ 'ਜੰਡਿਆਲਾ ਗੁਰੂ' ਦੇ ਆਕਿਲ ਦਾਸ ਦੀ ਸਹਾਇਤਾ ਲ
ਪੁੱਜਾ। ਇੱਥੇ ਸਿੰਘਾਂ ਦੀ ਸੈਨਾ ਨਾਲ ਤਿੱਖਾ ਟਾਕਰਾ ਹੋਇਆ ਅਤੇ ਦੁਰਾਨੀ
ਸੈਨਾ ਦਾ ਕਮਾਂਡਰ ਰਹੀਮ ਖ਼ਾਂ ਬਖਸ਼ੀ ਮਾਰਿਆ ਗਿਆ ਅਤੇ ਅਫਗਾਨਾਂ



Sri Satguru Jagjit Singh Ji Elibrary NamdhariElibrary@gmail.com

ਹਾਰ ਦਾ ਮੂੰਹ ਵੇਖਣਾ ਪਿਆ। ਸਿੰਘ ਦੁਰਾਨੀ ਨਾਲੋਂ ਆਹਮੋ ਸਾਹਮਣੇ ਟਾਕਰਾ ਨਹੀਂ ਸਨ ਕਰਨਾ ਚਾਹੁੰਦੇ। ਉਨ੍ਹਾਂ ਨੇ ਸਮੇਂ ਦੀ ਸਥਿਤੀ ਨੂੰ ਮੁੱਖ ਰਖ ਕੇ ਛਾਪਾਮਾਰ ਯੁੱਧ ਨੀਤੀ ਨੂੰ ਅਪਨਾਉਣਾ ਹੀ ਠੀਕ ਸਮਝਿਆ ਸੀ। ਦੁਰਾਨੀ ਨੇ ਅੱਪਰ ਬਾਰੀ ਦੋਆਬ ਦੇ ਰਸਤੇ ਸਰਹਿੰਦ ਨੂੰ ਜਾਣ ਦਾ ਮਾਰਗ ਚੁਣਿਆ ਕਿਉਂ ਜੋ ਇਹ ਸਿੰਘਾਂ ਦਾ ਉਪਜਾਊ ਇਲਾਕਾ ਸੀ। ਅਗਲੀ ਲੜਾਈ ਬਟਾਲਾ ਵਿਖੇ ਸਰਬੁਲੰਦ ਖ਼ਾਂ ਨਾਲ ਹੋਈ, ਜਿੱਥੇ ਉਹ ਜ਼ਖਮੀ ਹੋ ਗਿਆ ਅਤੇ ਦੁਰਾਨੀਆਂ ਦੀ ਹਾਰ ਹੋਈ। ਇਸ ਪਿਛੋਂ ਅਦੀਨਾ ਨਗਰ ਵਿਖੇ ਟਾਕਰਾ ਹੋਇਆ, ਜਿੱਥੇ ਸ਼ਾਹੀ ਸੈਨਾਂ ਨੂੰ ਥੋੜੀ ਕਾਮਯਾਬੀ ਜ਼ਰੂਰ ਮਿਲੀ। ਦੁਰਾਨੀ ਦੇ ਹੁਕਮ ਨਾਲ ਰਿਆੜਕੀ ਦੇ ਇਲਾਕੇ ਨੂੰ ਪੂਰੀ ਤਰ੍ਹਾਂ ਉਜਾੜ ਦਿੱਤਾ ਗਿਆ, ਜਿਥੇ ਦੁਰਾਨੀ ਦੀ ਸੈਨਾ ਨੇ ਗੁੜ ਤੇ ਤਿਲਾਂ ਦਾ ਬੜਾ ਸੁਆਦ ਮਾਣਿਆ ਅਤੇ ਗਊ ਹੱਤਿਆ ਕਰਨ ਵਿਚ ਵੀ ਕੋਈ ਕਸਰ ਬਾਕੀ ਨਾ ਛੱਡੀ।

ਦੁਰਾਨੀ ਦੀ ਸੈਨਾ ਬਿਆਸ ਪਾਰ ਕਰਕੇ ਜਦੋਂ ਜਲੰਧਰ ਦੁਆਬੇ ਵਿਚ ਪਹੁੰਚੀ ਤਾਂ ਉਥੋਂ ਦੇ ਬਹੁਤ ਸਾਰੇ ਵਾਸੀ ਭਰੇ ਭਰਾਤੇ ਘਰਾਂ ਨੂੰ ਛੱਡ ਕੇ ਆਪਣੀਆਂ ਇਸਤਰੀਆਂ ਤੇ ਬਚਿਆਂ ਸਮੇਤ ਪਹਾੜਾਂ ਸੰਘਣੇ ਜੰਗਲਾਂ ਅਤੇ ਸਤਲੁਜ ਤੋਂ ਦੱਖਣ ਵਲ ਸੁਰੱਖਿਅਤ ਟਿਕਾਣਿਆਂ ਵਲ ਚਲੇ ਗਏ। ਦੁਆਬੇ ਵਿਚ ਵੀ ਸਿੰਘਾਂ ਨਾਲ ਜਹਾਨ ਖ਼ਾਨ ਦੇ ਲਸ਼ਕਰ ਦਾ ਸਖਤ ਮੁਕਾਬਲਾ ਹੋਇਆ ਅਤੇ ਸਿੰਘਾਂ ਨੇ ਉਸਦੀ ਸੈਨਾ ਦਾ ਭਾਰੀ ਨੁਕਸਾਨ ਕੀਤਾ। ਫਿਰ ਕੁੰਜਪੁਰਾ ਤੋਂ ਹੁੰਦੇ ਹੋਏ ਅਫ਼ਗਾਨ ਫ਼ੌਜ ਨੇ ਰੋਪੜ ਦੇ ਪੱਤਣ ਤੋਂ ਸਤਲੁਜ ਨੂੰ ਪਾਰ ਕੀਤਾ ਪਰ ਸਿੰਘਾਂ ਨੇ ਅਚਾਨਕ ਹੱਲਾ ਬੋਲ ਕੇ ਉਨ੍ਹਾਂ ਦੇ ਮਾਲ ਅਸਬਾਬ ਨੂੰ ਖ਼ੂਬ ਲੁਟਿਆ। ਉਹ ਬਹੁਤ ਧੀਮੀ ਗਤੀ ਨਾਲ ਸਰਹਿੰਦ ਵੱਲ ਅੱਗੇ ਵੱਧ ਰਿਹਾ ਸੀ। ਡਾ. ਹਰੀ ਰਾਮ ਗੁਪਤਾ ਅਨੁਸਾਰ ਉਹ ਸਿੰਘਾਂ ਨਾਲ ਟੱਕਰ ਲੈਣ ਤੋਂ ਕੰਨੀ ਕਤਰਾਉਂਦਾ ਸੀ ਅਤੇ ਕੇਵਲ ਆਪਣੀ ਸਾਖ਼ ਨੂੰ ਹੀ ਕਾਇਮ ਰੱਖਣਾ ਚਾਹੁੰਦਾ ਸੀ।

ਜਦੋਂ ਵੀ ਸਿੰਘਾਂ ਦੇ ਦਲ ਉਸ ਨਾਲ ਟਾਕਰਾ ਕਰਨ ਲਈ ਆਉਂਦੇ ਤਾਂ ਦੁਰਾਨੀ ਉਨ੍ਹਾਂ ਉਤੇ ਹੱਲਾ ਬੋਲਣ ਦੀ ਥਾਂ ਬਚਾਓ ਦੀ ਲੜਾਈ ਹੀ ਲੜਦਾ। ਉਸ ਨੇ ਸਿੰਘਾਂ ਦੇ ਇਲਾਕੇ ਵਿਚੋਂ ਦੀ ਲੰਘਣ ਦੀ ਬਜਾਏ ਪਹਾੜੀ ਰਸਤਿਆਂ ਰਾਹੀਂ ਹੀ ਜਾਣਾ ਉਚਿਤ ਸਮਝਿਆ। ਕੁੰਜਪੁਰਾ ਵਿਖੇ ਹੀ ਉਹ ਕੁਝ ਦਿਨਾਂ ਲਈ ਰੁਕਿਆ ਜਿਥੇ ਉਸ ਨੇ ਸਿੰਘਾਂ ਵਿਰੁੱਧ ਸੰਗਰਾਮ ਕਰਨ ਲਈ ਨਵੇਂ ਸਿਰਿਓਂ ਵਿਚਾਰ ਕੀਤੀ। ਉਸ ਦੇ ਕੁਝ ਅਧਿਕਾਰੀ ਵੀ ਸਿੰਘਾਂ ਦੇ ਅਚਾਨਕ ਕੀਤੇ ਗਏ ਹੱਲਿਆਂ ਤੋਂ ਸਹਿਮੇ ਹੋਏ ਸਨ। ਗਰਮੀਆਂ ਅਤੇ ਬਰਸਾਤ ਦੀਆਂ ਰੁੱਤਾਂ ਵਿਚ ਦੁਰਾਨੀ ਲਈ ਇੱਥੇ ਠਹਿਰਨਾ ਔਖਾ ਸੀ। ਇਸ ਲਈ ਦੁਰਾਨੀ ਨੇ ਆਪਣੇ ਦੇਸ਼ ਨੂੰ ਪਰਤਣ ਦਾ ਹੀ ਫੈਸਲਾ ਕਰ ਲਿਆ।



Sri Satguru Jagjit Singh Ji Elibrary NamdhariElibrary@gmail.com

ਜਦੋਂ ਚਾਰ ਪੜਾਅ ਕਰਕੇ ਦੁਰਾਨੀ ਕੁੰਜਪੁਰਾ ਤੋਂ ਸਰਹਿੰਦ ਪੁੱਜਾ ਤਾਂ ਇਸ ਰੌਣਕ ਵਾਲੇ ਸ਼ਹਿਰ ਦੀ ਸਿੰਘਾਂ ਹੱਥੋਂ ਕੀਤੀ ਗਈ ਬਰਬਾਦੀ ਦੇ ਦ੍ਰਿਸ਼ਾਂ ਨੂੰ ਵੇਖ ਕੇ ਉਹ ਬੜਾ ਦੁਖੀ ਹੋਇਆ।

ਦੁਰਾਨੀ ਦੇ ਆਉਣ ਦੀ ਖ਼ਬਰ ਸੁਣ ਕੇ ਆਲਾ ਸਿੰਘ ਬਹੁਤ ਸਾਰੇ ਕੀਮਤੀ ਤੋਹਫ਼ੇ ਲੈ ਕੇ ਉਸ ਨੂੰ ਆ ਮਿਲਿਆ। ਦੋਵੇਂ ਹੀ ਨੀਤੀਵਾਨ ਸਨ। ਆਲਾ ਸਿੰਘ ਦੁਰਾਨੀ ਹੱਥੋਂ ਆਪਣੇ ਰਾਜ ਦੀ ਤਬਾਹੀ ਨੂੰ ਬਚਾਉਣਾ ਚਾਹੁੰਦਾ ਸੀ ਅਤੇ ਅਹਿਮਦਸ਼ਾਹ ਸਿੰਘਾਂ ਤੋਂ ਬਚਾਅ ਦਾ ਕੋਈ ਰਾਹ ਲੱਭਣਾ ਚਾਹੁੰਦਾ ਸੀ। ਉਸ ਦਾ ਇਹ ਵੀ ਖਿਆਲ ਸੀ ਕਿ ਆਲਾ ਸਿੰਘ ਨਾਲ ਸੁਲਹ ਕਰਕੇ ਸ਼ਾਇਦ ਉਹ ਸਿੰਘਾਂ ਵਿਚ ਦੁਫੇੜ ਪਾਉਣ ਵਿਚ ਸਫ਼ਲ ਹੋ ਜਾਵੇਗਾ, ਇੰਝ ਮਾਝੇ ਤੇ ਮਾਲਵੇ ਦੇ ਸਿੱਖਾਂ ਵਿਚ ਪਾਟਕ ਪੈ ਜਾਵੇਗਾ। ਆਲਾ ਸਿੰਘ ਨੇ ਦੁਰਾਨੀ ਨੂੰ ਬਚਨ ਦਿੱਤਾ ਕਿ ਜੇ ਉਹ ਇਸ ਇਲਾਕੇ ਦਾ ਅਧਿਕਾਰ ਉਸ ਨੂੰ ਸੌਂਪ ਦੇਵੇ ਅਤੇ ਇਕ ਸਾਲ ਦਾ ਮਾਲਿਆ ਮਾਫ਼ ਕਰ ਦੇਵੇ ਤਾਂ ਉਹ ਇਸ ਸ਼ਹਿਰ ਤੇ ਇਲਾਕੇ ਨੂੰ ਮੁੜ ਆਬਾਦ ਕਰ ਦੇਵੇਗਾ। ਦੁਰਾਨੀ ਦੇ ਪੁੱਛਣ ਉਤੇ ਉਸ ਨੇ ਉਤਰ ਦਿੱਤਾ ਕਿ ਸਿੰਘਾਂ ਨੂੰ ਗੁਰੂ ਸਾਹਿਬ ਦਾ ਵਰ ਹੈ ਕਿ ਜੇ ਇਕ ਸਿੰਘ ਮਾਰਿਆ ਜਾਵੇਗਾ ਤਾਂ ਉਸ ਦੀ ਥਾਂ ਦੋ ਸਿੰਘ ਆ ਕੇ ਮੱਲ ਲੈਣਗੇ।

ਦੁਰਾਨੀ ਨੇ ਆਲਾ ਸਿੰਘ ਨੂੰ ਖ਼ਿਲਅਤ ਬਖਸੀ ਤੇ 3½ ਲੱਖ ਰੁਪਏ ਸਾਲਾਨਾ ਦੀ ਰਕਮ ਦੇ ਭੁਗਤਾਨ ਕਰਨ ਦੀ ਸ਼ਰਤ ਉਤੇ ਉਸ ਨੂੰ ਸਰਹੰਦ ਦੇ ਇਲਾਕੇ ਦੇ ਅਧਿਕਾਰ ਸੌਂਪ ਦਿੱਤੇ। ਆਲਾ ਸਿੰਘ ਨੂੰ ਇਸ ਇਲਾਕੇ ਦਾ ਮੁਖੀ ਪ੍ਰਵਾਨ ਕਰ ਲਿਆ ਗਿਆ।

ਜਦੋਂ ਸਿੰਘਾਂ ਨੂੰ ਆਲਾ ਸਿੰਘ ਦੇ ਦੁਰਾਨੀ ਨਾਲ ਇਸ ਸਮਝੌਤੇ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਆਲਾ ਸਿੰਘ ਉਤੇ ਚੜ੍ਹਾਈ ਕਰ ਦਿੱਤੀ। ਲੰਘਾਲੇਲੀ ਦੇ ਸਥਾਨ ਤੇ ਲੜਾਈ ਹੋਈ, ਜਿਸ ਵਿਚ ਹਰੀ ਸਿੰਘ ਭੰਗੀ ਮਾਰਿਆ ਗਿਆ, ਹੋ ਸਕਦਾ ਸੀ ਕਿ ਇਹ ਝਗੜਾ ਹੋਰ ਵੱਧ ਜਾਂਦਾ ਪਰ ਜੱਸਾ ਸਿੰਘ ਆਹਲੂਵਾਲੀਆ ਨੇ ਇਹ ਸੋਚ ਕੇ ਕਿ ਅਜਿਹਾ ਕਰਨ ਨਾਲ ਮਾਲਵੇ ਤੇ ਮਾਝੇ ਦੇ ਸਿੰਘਾਂ ਵਿਚ ਘਰੋਗੀ ਜੰਗ ਸ਼ੁਰੂ ਹੋ ਜਾਵੇਗਾ। ਸਿੰਘਾਂ ਨੂੰ ਆਲਾ ਸਿੰਘ ਵਿਰੁੱਧ ਹੋਰ ਕਾਰਵਾਈ ਕਰਨ ਤੋਂ ਰੋਕ ਦਿੱਤਾ।

[1*]ਦੁਰਾਨੀ ਤੇ ਸਿੰਘਾਂ ਦੀ ਆਹਮੋ ਸਾਹਮਣੇ ਹੋਈ ਜੰਗ

ਹੁਣ ਤਕ ਸਿੰਘ ਦੁਸ਼ਮਣ ਦੀ ਸੈਨਿਕ ਸ਼ਕਤੀ ਨੂੰ ਆਪਣੇ ਤੋਂ ਵਧੇਰੇ ਸ਼ਕਤੀਸ਼ਾਲੀ ਜਾਣ ਕੇ ਮੁਗਲਾਂ ਤੇ ਦੁਰਾਨੀ ਦੇ ਲਸ਼ਕਰਾਂ ਵਿਰੁੱਧ ਛਾਪਾਮਾਰ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 220



Sri Satguru Jagjit Singh Ji Elibrary NamdhariElibrary@gmail.com

ਯੁੱਧ ਨੀਤੀ ਨੂੰ ਹੀ ਅਪਨਾਉਂਦੇ ਆ ਰਹੇ ਸਨ। ਪਰ ਨਵੀਆਂ ਮੱਲ੍ਹਾਂ ਤੇ ਜਿੱਤਾਂ ਨੇ ਉਨ੍ਹਾਂ ਦੇ ਹੌਸਲੇ ਵਧਾ ਦਿੱਤੇ ਸਨ। ਤਰਨਾ ਦਲ ਦੇ ਨਾਲ ਬੁੱਢਾ ਦਲ ਵੀ ਦਿੱਲੀ ਤੋਂ ਦੁਰਾਨੀ ਦੇ ਟਾਕਰੇ ਲਈ ਆ ਰਲਿਆ ਸੀ। ਇਸ ਲਈ ਸਿੰਘਾਂ ਨੇ ਦੁਰਾਨੀ ਵਿਰੁੱਧ ਆਹਮੋਂ ਸਾਹਮਣੇ ਸਿੱਧੀ ਲੜਾਈ ਕਰਨ ਦਾ ਫੈਸਲਾ ਕਰ ਲਿਆ।

ਮਾਰਚ 1765 ਨੂੰ ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਆਪਣੇ ਲਾਮ ਲਸ਼ਕਰ ਸਮੇਤ ਮਾਛੀਵਾੜੇ ਤੋਂ ਸਤਲੁਜ ਨੂੰ ਪਾਰ ਕੀਤਾ ਤਾਂ ਹਾਲੀਂ ਉਹ ਤਿੰਨ ਕਿਲੋਮੀਟਰ ਵੀ ਅੱਗੇ ਨਹੀਂ ਸੀ ਗਿਆ ਕਿ ਸਿੰਘਾਂ ਨੇ ਤਿੰਨਾਂ ਪਾਸਿਆਂ ਤੋਂ ਉਸ ਨੂੰ ਘੇਰਾ ਪਾ ਲਿਆ। ਦੁਰਾਨੀ ਤੇ ਸਿੰਘਾਂ ਵਿਚਕਾਰ ਆਹਮੋਂ ਸਾਹਮਣੇ ਘਮਸਾਨ ਦਾ ਯੁੱਧ ਹੋਇਆ ਜੋ 7 ਦਿਨਾਂ ਤੱਕ ਚਲਦਾ ਰਿਹਾ। ਦੁਰਾਨੀ ਨੇ ਆਪਣੇ ਸੈਨਿਕ ਕਮਾਂਡਰਾਂ ਨੂੰ ਪੱਕੀ ਯੁਕਤ ਅਨੁਸਾਰ ਜੰਗ ਦੇ ਮੈਦਾਨ ਵਿਚ ਲਿਆ ਖੜਾ ਕੀਤਾ ਅਤੇ ਹੁਕਮ ਕੀਤਾ ਕਿ ਉਹ ਅੱਗੇ ਨਾ ਵਧਣ ਅਤੇ ਆਪਣੇ ਆਪਣੇ ਸਥਾਨਾਂ ਤੇ ਡਟੇ ਰਹਿਣ। ਸਿੰਘਾਂ ਨੇ ਵੀ ਆਪਣੇ ਦਲਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਟਾਕਰਾ ਕਰਨ ਲਈ ਪੂਰੀ ਤਿਆਰੀ ਕੀਤੀ ਹੋਈ ਸੀ।

ਉਹ ਅੱਗੇ ਵੱਧਦੇ ਹੱਲਾ ਬੋਲ ਕੇ ਫਿਰ ਪਿਛਾਂਹ ਨੂੰ ਮੁੜ ਜਾਂਦੇ। ਇਹ ਉਨ੍ਹਾਂ ਦੀ ਲੜਾਈ ਦੀ ਰਣਨੀਤੀ ਸੀ। ਜਦੋਂ ਦੁਰਾਨੀ ਦੇ ਲਸ਼ਕਰ ਉਨ੍ਹਾਂ ਦਾ ਪਿੱਛਾ ਕਰਦੇ ਤਾਂ ਉਹ ਵਾਪਸ ਮੁੜ ਕੇ ਬਿਜਲੀ ਦੀ ਤੇਜ਼ੀ ਨਾਲ ਦੁਰਾਨੀ ਦੇ ਲਸ਼ਕਰ ਉਤੇ ਟੁੱਟ ਪੈਂਦੇ। ਇਹੋ ਰਣਨੀਤੀ ਸਿੰਘਾਂ ਨੇ ਦੁਰਾਨੀ ਨਾਲ ਹੋਏ ਸੱਤਾਂ ਦਿਨਾਂ ਦੇ ਯੁੱਧ ਵਿਚ ਅਪਨਾਈ ਰੱਖੀ।

ਨੂਰਮਹਿਲ ਅਤੇ ਕਪੂਰਥਲੇ ਦੇ ਸਥਾਨਾਂ ਉਤੇ ਵੀ ਦੁਰਾਨੀਆਂ ਤੇ ਸਿੰਘਾਂ ਵਿਚਕਾਰ ਤਕੜੇ ਮੁਠ ਭੇੜ ਹੋਏ। ਜਦੋਂ ਦੁਰਾਨੀ ਦੇ ਲਸ਼ਕਰ ਨੇ ਬੇੜੀਆਂ ਦੇ ਪੁਲ ਰਾਹੀਂ ਬਿਆਸ ਨੂੰ ਪਾਰ ਕੀਤਾ ਤਾਂ 30,000 ਸਿੰਘਾਂ ਦੇ ਦਲਾਂ ਨੇ ਉਨ੍ਹਾਂ ਉਤੇ ਹੱਲਾ ਬੋਲ ਦਿੱਤਾ ਪਰ ਆਪਣੀ ਪੁਰਾਣੀ ਯੁੱਧ ਨੀਤੀ ਅਨੁਸਾਰ ਹੀ ਉਹ ਦੁਰਾਨੀ ਦੀ ਸੈਨਾ ਨੂੰ ਪ੍ਰੇਸ਼ਾਨ ਕਰਦੇ ਰਹੇ। ਦੁਰਾਨੀ ਲਾਹੌਰ ਪੁੱਜ ਕੇ ਰਾਵੀ ਨੂੰ ਪਾਰ ਕਰਕੇ ਰੋਹਤਾਸ ਤਕ ਪਹੁੰਚ ਗਿਆ। ਉਥੇ ਉਸ ਨੇ ਨਾਸਿਰ ਖਾਂ ਦਾ ਧੰਨਵਾਦ ਕੀਤਾ। ਉਸ ਨੂੰ ਕੁਇਟਾ ਦੇ ਇਲਾਕੇ ਦਾ ਖੁਦਮੁਖਤਿਆਰ ਹਾਕਮ ਬਣਾ ਦਿੱਤਾ। ਕਈ ਹੋਰ ਇਲਾਕੇ ਉਸ ਦੇ ਸੁਪੁਰਦ ਕਰ ਦਿੱਤੇ ਪਰ ਕੁਝ ਇਲਾਕਿਆਂ ਨੂੰ ਨਾਸਿਰ ਖ਼ਾਂ ਨੇ ਇਸ ਲਈ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂ ਜੋ ਉਥੇ ਸਿੰਘਾਂ ਦਾ ਕਬਜ਼ਾ ਹੋਣ ਕਰਕੇ ਉਹ ਖਾਹ-ਮਖਾਹ ਦੀ ਸਿੰਘਾਂ ਨਾਲ ਲੜਾਈ ਛੇੜਨਾ ਨਹੀਂ ਸੀ ਚਾਹੁੰਦਾ। ਦੁਰਾਨੀ ਦਾ ਇਹ ਸੱਤਵਾਂ (ਸੰਨ 1765) ਹੱਲਾ ਬਿਲਕੁਲ ਅਸਫਲਤਾ ਵਾਲਾ ਹੀ ਸੀ, ਜਿਸ ਵਿਚ ਉਸ ਨੂੰ ਕੋਈ ਵੀ ਵੱਡੀ ਪ੍ਰਾਪਤੀ ਨਹੀਂ ਸੀ ਹੋਈ ਸਗੋਂ ਸਿੰਘਾਂ ਦੇ ਦਲਾਂ ਤੋਂ ਉਸ ਦੀ ਫ਼ੌਜ ਤੇ ਧਨ ਪਦਾਰਥ ਨੂੰ



Sri Satguru Jagjit Singh Ji Elibrary NamdhariElibrary@gmail.com

ਬਹੁਤ ਵੱਡੀ ਹਾਨੀ ਹੋਈ। ਨੂਰ ਮੁਹੰਮਦ ਜੋ ਇਸ ਹੱਲੇ ਦੇ ਵੇਰਵਿਆਂ ਦਾ ਜ਼ਿਕਰ ਕਰਦਾ ਹੈ, ਜਿੱਥੇ ਥਾਂ ਪਰ ਥਾਂ ਸਿੰਘਾਂ ਨੂੰ ਨਫ਼ਰਤ ਨਾਲ ਸੱਗ (ਕੁੱਤੇ) ਅਤੇ ਕਾਫ਼ਰ (ਈਮਾਨ ਰਹਿਤ) ਕਹਿੰਦਾ ਹੈ। ਉਥੇ ਉਨ੍ਹਾਂ ਦੀ ਬਹਾਦਰੀ ਦੀ ਵੀ ਸ਼ਲਾਘਾ ਕਰਦਾ ਹੈ।

[1*]ਇਸੇ ਲੇਖਕ ਨੂਰ ਮੁਹੰਮਦ ਨੇ ਉਸ ਸਮੇਂ ਦੇ ਪੰਜਾਬ ਦੇ ਉਨ੍ਹਾਂ ਇਲਾਕਿਆਂ ਦਾ ਵੇਰਵੇ ਸਹਿਤ ਬਿਓਰਾ ਦਿੱਤਾ ਹੈ, ਜਿਨ੍ਹਾਂ ਉੱਤੇ ਸਿੰਘ ਸਰਦਾਰਾਂ ਅਰਥਾਤ ਮਿਸਲਾਂ ਦਾ ਕਬਜ਼ਾ ਹੋ ਚੁੱਕਾ ਸੀ। ਉਸ ਦੇ ਦੱਸੇ ਹੋਏ ਵੇਰਵੇ ਅਨੁਸਾਰ :-

1. ਚਿਨਾਓਟ - ਝੰਡਾ ਸਿੰਘ
2. ਚੱਠਿਆਂ ਦਾ ਇਲਾਕਾ ਤੇ ਝੰਗ - ਹਰੀ ਸਿੰਘ ਭੰਗੀ।
3. ਵੀਰ ਪਾਲ - ਕਰਮ ਸਿੰਘ
4. ਪਾਰੋਲ - ਜੈ ਸਿੰਘ
5. ਕਲਾਨੌਰ ਤੇ ਜਲੰਧਰ ਦੁਆਬ - ਜੱਸਾ ਸਿੰਘ ਰਾਮਗੜੀਆ ਤੇ ਜੱਸਾ ਸਿੰਘ ਆਹਲੂਵਾਲੀਆ ਦੇ ਸਾਂਝੇ ਕਬਜੇ ਅਧੀਨ।
6. ਵਣੀਆ ਕੇ - ਗੁੱਜਰ ਸਿੰਘ ਤੇ ਲਹਿਣਾ ਸਿੰਘ
7: ਦਰਿਆ ਬਿਆਸ ਤੱਕ ਦਾ ਇਲਾਕਾ - ਸੋਭਾ ਸਿੰਘ
8. ਅਦੀਨਾ ਨਗਰ - ਵਸਾਵਾ ਸਿੰਘ ਤੇ ਉਸ ਦਾ ਸਾਥੀ ਐਮਨਾਬਾਦ ਤੋਂ ਲੈ ਕੇ ਦਰਿਆ ਦੇ ਕੰਢਿਆਂ ਤੱਕ ਦਾ ਇਲਾਕਾ ਵੀ ਸਿੰਘਾਂ ਦੇ ਅਧੀਨ ਸੀ।
9. ਰੋਹਤਾਂਸ - ਚਤਰ ਸਿੰਘ ਸ਼ੁਕਰਚੱਕੀਆ
10. ਦੀਪਾਲਪੁਰ - ਨੱਥਾ ਸਿੰਘ ਤੇ ਜੱਸਾ ਸਿੰਘ ਦੇ ਭਰਾ ਤੇ ਕਰਮ ਸਿੰਘ

ਉਪਰੋਕਤ ਸਾਰੇ ਇਲਾਕਿਆਂ ਉਤੇ ਸਿੰਘਾਂ ਦਾ ਕਬਜ਼ਾ ਹੋ ਚੁੱਕਾ ਸੀ।

ਨੂਰ ਮੁਹੰਮਦ ਅਨੁਸਾਰ ਉਪਰ ਦੱਸੇ ਇਲਾਕਿਆਂ ਤੋਂ ਬਿਨਾਂ ਨਾਮਵਰ ਸਰਦਾਰਾਂ ਜਿਨ੍ਹਾਂ ਨੂੰ ਨੂਰ ਮੁਹੰਮਦ ਨਫ਼ਰਤ ਨਾਲ ਪੁਕਾਰਦਾ ਹੈ, ਨੇ ਵੀ ਕਈ ਹੋਰ ਇਲਾਕਿਆਂ ਵਿਚ ਜਗੀਰਾਂ ਮੱਲ੍ਹ ਲਈਆਂ ਸਨ।

ਸਰਹੰਦ ਤੋਂ ਲਾਹੌਰ ਮੁਲਤਾਨ ਅਤੇ ਡੇਰਾਜਾਤ (ਜਹਾਨ ਦਾਦ ਖ਼ਾਂ, ਡੇਰਾ ਗਾਜੀਖਾਹ, ਡੇਰਾ ਇਸਮਾਈਲ ਖ਼ਾਹ ਆਦਿ) ਤੱਕ ਸਿੰਘਾਂ ਦਾ ਕਬਜ਼ਾ ਹੋ ਚੁੱਕਾ ਸੀ। ਉਨ੍ਹਾਂ ਨੇ ਸਾਰੇ ਦੇਸ਼ ਨੂੰ ਹੀ ਆਪਸ ਵਿਚ ਵੰਡ ਲਿਆ ਸੀ। ਉਹ ਸੁਤੰਤਰਤਾ ਦਾ ਆਨੰਦ ਮਾਣ ਰਹੇ ਸਨ ਅਤੇ ਉਨ੍ਹਾਂ ਨੂੰ ਕਿਸੇ ਐਰ-ਗੈਰ ਦਾ ਡਰ ਭਉ ਨਹੀਂ ਸੀ ਰਿਹਾ ਅਰਥਾਤ ਉਹ ਪੂਰੀ ਤਰ੍ਹਾਂ ਆਪਣੇ ਆਪਣੇ ਇਲਾਕਿਆਂ ਵਿਚ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 225



Sri Satguru Jagjit Singh Ji Elibrary NamdhariElibrary@gmail.com

ਆਜ਼ਾਦ ਸਨ। ਇਸ ਬਾਰੇ ਵੀ ਪੰਜਾਬੀ ਦਾ ਪ੍ਰਸਿੱਧ ਕਵੀ ਸਯਦ ਵਾਰਿਸ ਸ਼ਾਹ ਆਪਣੀ ਸੁਪ੍ਰਸਿੱਧ ਰਚਨਾ 'ਹੀਰ' ਦੇ ਅੰਤ ਵਿਚ ਇੰਝ ਲਿਖਦਾ ਹੈ :

ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ
ਘਰ ਘਰ ਨਵੀਂ ਸਰਕਾਰ ਹੋਈ।
ਪਿਆ ਦੇਸ਼ ਦੇ ਵਿਚ ਹੈ ਬੜਾ ਰੌਲਾ
ਭੂਤ ਮੰਡਲੀ ਇਕ ਦੋ ਚਾਰ ਹੋਈ
ਅਸ਼ਰਾਫ਼ ਖ਼ਵਾਰ ਕਮੀਨ ਜਾਤਾਂ
ਜਿਮੀਂਦਾਰ ਨੂੰ ਵਡੀ ਬਹਾਰ ਹੋਈ :

ਅਹਿਮਦ ਸ਼ਾਹ ਦੁਰਾਨੀ ਦੇ ਸੱਤਵੇਂ ਹੱਲੇ 1764-65 ਦੇ ਸਮੇਂ ਸਿੰਘਾਂ ਦਾ ਪਾਸਾ ਭਾਰੀ ਰਿਹਾ। ਮਾਰਚ 1765 ਵਿਚ ਅਬਦਾਲੀ ਦੇ ਵਾਪਿਸ ਅਫ਼ਗਾਨਿਸਤਾਨ ਚਲੇ ਜਾਣ ਉਤੇ ਸਿੰਘਾਂ ਨੇ 10 ਅਪ੍ਰੈਲ 1765 ਨੂੰ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਖੇ ਵੱਡਾ ਜੋੜ ਮੇਲਾ ਕੀਤਾ। ਹੁਣ ਤਕ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਜਾਂ ਤਾਂ ਅਹਿਮਦਸ਼ਾਹ ਪੰਜਾਬ ਉਤੇ ਕੋਈ ਹੋਰ ਹੱਲਾ ਨਹੀਂ ਕਰੇਗਾ ਅਤੇ ਜੇ ਉਸਨੇ ਕੋਈ ਅਜਿਹੀ ਗਲਤੀ ਕੀਤੀ ਤਾਂ ਉਸਦਾ ਸਖ਼ਤੀ ਨਾਲ ਮੁਕਾਬਲਾ ਕੀਤਾ ਜਾਵੇਗਾ। ਹੁਣ ਸਿੰਘ ਆਪਣੇ ਆਪ ਨੂੰ ਉਸਦੇ ਬਰਾਬਰ ਦੀ ਤਾਕਤ ਸਮਝਣ ਲੱਗ ਪਏ ਸਨ। ਉਨ੍ਹਾਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਜੋ ਸੁਤੰਤਰਤਾ ਉਨ੍ਹਾਂ ਨੇ ਇੰਨੀਆਂ ਵੱਡੀਆਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਹੈ। ਹੁਣ ਸਥਾਈ ਹੀ ਹੋਵੇਗੀ ਤੇ ਛੇਤੀ ਹੀ ਉਹ ਇਸ ਦੇਸ਼ ਦੀ ਸਰਵ ਉੱਚ ਸੱਤਾ ਦੇ ਮਾਲਿਕ ਹੋ ਜਾਣਗੇ।

ਸਿੰਘਾਂ ਨੇ ਅੰਮ੍ਰਿਤ ਸਰੋਵਰ ਨੂੰ ਸਾਫ਼ ਕੀਤਾ। ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਮੁੜ ਉਸਾਰਿਆ ਅਤੇ ਪੱਕੀ ਗੁਰ ਮਰਿਆਦਾ ਕਾਇਮ ਕੀਤੀ। ਗ੍ਰੰਥੀ ਸਿੰਘ ਨਿਯੁਕਤ ਕੀਤੇ ਗਏ। ਗੁਰਬਾਣੀ ਦੇ ਕੀਰਤਨ ਦਾ ਆਰੰਭ ਹੋਇਆ। ਲੰਗਰ ਚਾਲੂ ਕੀਤਾ ਗਿਆ ਅਤੇ ਸਿੰਘਾਂ ਦੀ ਪੱਕੀ ਰਿਹਾਇਸ਼ ਲਈ ਸ਼ਹਿਰ ਵਿਚ ਵੱਖ ਵੱਖ ਮਿਸਲਾਂ ਨੇ ਆਪਣੇ ਆਪਣੇ ਕੱਟੜੇ ਉਸਾਰ ਲਏ।

1*ਸਿੰਘਾਂ ਨੇ ਗੁਰਮਤਾ ਕਰਕੇ ਰਾਜਧਾਨੀ ਲਾਹੌਰ ਉੱਤੇ ਕਬਜ਼ਾ ਕਰਨ ਦੀ ਵਿਉਂਤ ਬਣਾਈ। ਲਾਹੌਰ ਦਾ ਗਵਰਨਰ ਕਾਬਲੀ ਮਲ ਸਿੰਘਾਂ ਦਾ ਮੁੜ ਟਾਕਰਾ ਕਰਨ ਲਈ ਜੰਮੂ ਦੇ ਇਲਾਕੇ ਵਿਚ ਡੋਗਰਿਆਂ ਦੀ ਭਰਤੀ ਕਰ ਰਿਹਾ ਸੀ। ਉਸਦਾ ਭਤੀਜਾ ਅਮੀਰ ਸਿੰਘ ਹੀ ਸ਼ਹਿਰ ਦੇ ਪ੍ਰਬੰਧ ਨੂੰ ਚਲਾ ਰਿਹਾ ਸੀ। ਗੁੱਜਰ ਸਿੰਘ ਅਤੇ ਲਹਿਣਾ ਸਿੰਘ ਭੰਗੀ ਸਰਦਾਰਾਂ ਨੇ ਬਾਗ ਬਾਨਪੁਰੇ ਜਾ ਡੇਰੇ ਲਾਏ ਅਤੇ ਸਥਾਨਕ ਵੱਸੋਂ ਦੀ ਸਹਾਇਤਾ ਨਾਲ ਰਾਤ ਨੂੰ ਚੁੱਪ ਚਾਪ ਕਿਲ੍ਹੇ ਦੀ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 228



Sri Satguru Jagjit Singh Ji Elibrary NamdhariElibrary@gmail.com

ਕੰਧ ਵਿਚ ਪਾੜ ਲਗਾ ਕੇ ਅੰਦਰ ਚਲੇ ਗਏ। ਕੁਝ ਸੈਨਿਕ ਵੀ ਉਨ੍ਹਾਂ ਦੇ ਨਾਲ ਸਨ। ਅਮੀਰ ਸਿੰਘ ਨੂੰ ਬੰਦੀ ਬਣਾ ਕੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਗਿਆ। ਦੱਖਣ ਵਲੋਂ ਸੋਭਾ ਸਿੰਘ ਸ਼ਹਿਰ ਦੇ ਅੰਦਰ ਆ ਗਿਆ। ਉਸਨੇ ਦੀਵਾਨ ਲਖਪਤ ਰਾਏ ਦੇ ਭਤੀਜੇ ਮੇਘਰਾਜ ਖਤਰੀ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ। ਤਿੰਨਾਂ ਸਰਦਾਰਾਂ ਦੇ ਜਥਿਆਂ ਨੇ ਜਦੋਂ ਸ਼ਹਿਰ ਦੀ ਲੁੱਟ-ਮਾਰ ਕਰਨੀ ਚਾਹੀ ਤਾਂ ਲਾਹੌਰ ਦੇ ਪਤਵੰਤੇ ਸ਼ਹਿਰੀਆਂ ਨੇ ਗੁੱਜਰ ਸਿੰਘ ਤੇ ਲਹਿਣਾ ਸਿੰਘ ਕੋਲ ਜਾ ਬੇਨਤੀ ਕੀਤੀ ਕਿ ਇਸ ਸ਼ਹਿਰ ਨੂੰ ਲੁੱਟ-ਮਾਰ ਤੋਂ ਬਚਾਇਆ ਜਾਵੇ। ਉਨ੍ਹਾਂ ਦਾ ਕਹਿਣਾ ਸੀ-"ਇਹ ਸ਼ਹਿਰ ਤਾਂ ਗੁਰੂ ਕਾ ਭੰਗੂੜਾ ਹੈ, ਜੇ ਤੁਸੀਂ ਇਸਦੀ ਰਖਿਆ ਕਰੋਗੇ ਤਾਂ ਖੁਸ਼ਹਾਲ ਹੋ.ਜਾਵੋਗੇ ਪਰ ਜੇ ਤੁਸੀਂ ਇਸ ਦੀ ਬਰਬਾਦੀ ਕਰੋਗੇ ਤਾਂ ਤੁਹਾਨੂੰ ਵੀ ਕੋਈ ਨਫਾ ਨਹੀਂ ਹੋਵੇਗਾ।

ਇਨ੍ਹਾਂ ਸਰਦਾਰਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਤਾਂ ਜੋ ਸ਼ਹਿਰ ਵਿਚ ਕੋਈ ਬਾਹਰੋਂ ਲੁਟੇਰਾ ਨਾ ਆ ਸਕੇ ਅਤੇ ਐਲਾਨ ਕਰ ਦਿੱਤਾ ਕਿ ਕੋਈ ਵੀ ਸ਼ਹਿਰ ਦੀ ਲੁੱਟ-ਮਾਰ ਨਾ ਕਰੇ। ਦੋਵੇਂ ਸਰਦਾਰ ਆਪ ਘੋੜਿਆਂ ਤੇ ਸਵਾਰ ਹੋ ਕੇ ਅਤੇ ਹੱਥਾਂ ਵਿਚ ਲਾਠੀਆਂ ਫੜ ਕੇ ਲੁਟੇਰਿਆਂ ਨੂੰ ਦੰਡ ਦੇਣ ਲਈ ਬਜ਼ਾਰਾਂ ਤੇ ਗਲੀਆਂ ਵਿਚ ਆ ਗਏ। ਸੋਭਾ ਸਿੰਘ ਨੂੰ ਵੀ ਸ਼ਹਿਰ ਦੇ ਦੱਖਣੀ ਭਾਗ ਦਾ ਮੁਖਤਿਆਰ ਥਾਪ ਕੇ ਨਾਲ ਮਿਲਾ ਲਿਆ ਗਿਆ ਅਤੇ ਛੇਤੀ ਹੀ ਸਾਰੇ ਸ਼ਹਿਰ ਵਿਚ ਅਮਨ ਅਮਾਨ ਹੋ ਗਿਆ। ਗੁੱਜਰ ਸਿੰਘ ਨੇ ਸ਼ਹਿਰ ਦੇ ਪੂਰਬੀ ਭਾਗ ਨੂੰ ਮਲ ਲਿਆ ਤੇ ਆਪਣਾ ਹੈਡਕੁਆਟਰ ਕਿਲ੍ਹਾ ਗੁੱਜਰ ਸਿੰਘ ਨੂੰ ਬਣਾ ਲਿਆ। ਲਹਿਣਾ ਸਿੰਘ ਕੇਂਦਰੀ ਭਾਗ ਉਤੇ ਕਾਬਜ਼ ਹੋ ਗਿਆ ਅਤੇ ਸੋਭਾ ਸਿੰਘ ਦੱਖਣੀ ਭਾਗ ਮੱਲ ਬੈਠਾ। ਜਦੋਂ ਚੜ੍ਹਤ ਸਿੰਘ ਨੂੰ ਪਤਾ ਲੱਗਾ, ਉਸਨੇ ਵੀ ਆਪਣਾ ਹਿੱਸਾ ਮੰਗਿਆ ਪਰ ਇਨ੍ਹਾਂ ਸਰਦਾਰਾਂ ਨੇ ਜ਼ਮਜ਼ਮਾ ਤੋਪ ਜੋ ਉਸ ਸਮੇਂ ਸ਼ਾਹੀਬੁਰਜ ਵਿਚ ਸੀ ਉਸ ਨੂੰ ਲੈ ਜਾਣ ਲਈ ਕਿਹਾ। ਲਾਹੌਰ ਉਤੇ ਕਾਬਜ਼ ਸਰਦਾਰਾਂ ਦਾ ਇਹ ਖਿਆਲ ਸੀ ਕਿ ਏਡੀ ਭਾਰੀ ਤੋਪ ਨੂੰ ਉਹ ਲਿਜਾਂ ਨਹੀਂ ਸਕੇਗਾ ਪਰ ਚੜ੍ਹਤ ਸਿੰਘ ਆਪਣੇ 2000 ਫੌਜੀਆਂ ਦੀ ਸਹਾਇਤਾ ਨਾਲ ਇਸ ਤੋਪ ਨੂੰ ਖਿੱਚ ਕੇ ਆਪਣੇ ਕਿਲ੍ਹੇ ਗੁਜਰਾਂਵਾਲੇ ਵਿਚ ਲੈ ਗਿਆ।

ਕਾਬਲੀ ਮੱਲ ਨੂੰ ਵੀ ਲਾਹੌਰ ਵੱਲ ਵਾਪਸ ਆਉਣ ਸਮੇਂ ਰਾਹ ਵਿਚ ਘੇਰ ਕੇ ਮਾਰ ਦਿੱਤਾ ਗਿਆ। ਇਸ ਜਿੱਤ ਦੀ ਖੁਸ਼ੀ ਵਿਚ ਸਿੰਘਾਂ ਨੇ 1765 ਵਿਚ ਆਪਣਾ ਚਾਂਦੀ ਦਾ ਸਿੱਕਾ ਜਾਰੀ ਕੀਤਾ ਜਿਸ ਉਤੇ ਇਹ ਸ਼ਬਦ ਅੰਕਿਤ ਸਨ :

ਦੇਗੁ ਤੇਗੁ ਫਤੇਹ ਨੁਸਰਤ ਬੇਦਰੰਗ



Sri Satguru Jagjit Singh Ji Elibrary NamdhariElibrary@gmail.com

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਇਸ ਸਿੱਕੇ ਨੂੰ ਗੋਬਿੰਦਸ਼ਾਹੀ ਕਿਹਾ ਜਾਂਦਾ ਸੀ ਨਾ ਕੇ ਨਾਨਕਸ਼ਾਹੀ। ਨਾਨਕ ਸ਼ਾਹੀ ਨਾਮ ਪਿਛੋਂ ਜਾ ਕੇ ਪ੍ਰਚਲਿਤ ਹੋਇਆ

ਡਾ. ਹਰੀ ਰਾਮ ਗੁਪਤਾ ਦਾ ਵਿਚਾਰ ਹੈ ਕਿ ਦੇਗ (ਲੰਗਰ) ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚਲਾਇਆ ਜਾ ਰਿਹਾ ਸੀ। 'ਤੇਗ' ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਦਾ ਚਿੰਨ੍ਹ ਸੀ ਅਤੇ ਫਤੇਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਬਖਸ਼ੀ ਸੀ। ਅਗਲੇ ਕੁਝ ਮਹੀਨਿਆਂ ਵਿਚ ਸਿੰਘਾਂ ਨੇ ਆਪਣੇ ਆਪਣੇ ਇਲਾਕਿਆਂ ਵਿਚ ਅਮਨ ਸ਼ਾਂਤੀ ਬਹਾਲ ਕਰ ਦਿੱਤੀ ਅਤੇ ਉਨ੍ਹਾਂ ਦਾ ਵਤੀਰਾ ਮੁਸਲਮਾਨਾਂ ਵੱਲ ਵੀ ਭਰਾਤਰੀ ਭਾਵ ਵਾਲਾ ਸੀ। ਜਿਸ ਨਾਲ ਮੁਸਲਮਾਨ ਵੀ ਸਿੰਘਾਂ ਨੂੰ ਅਪਣੱਤ ਨਾਲ ਵੇਖਣ ਲੱਗੇ ਅਤੇ ਦੁਰਾਨੀ ਵਰਗੇ ਧਾਵਾਕਾਰਾਂ ਨੂੰ ਸਿੰਘਾਂ ਵਾਂਗ ਹੀ ਪੰਜਾਬੀਆਂ ਦਾ ਦੁਸ਼ਮਣ ਸਮਝਣ ਲੱਗ ਪਏ। 1*ਖੁਸ਼ਵੰਤ ਸਿੰਘ ਆਪਣੀ ਪੁਸਤਕ ਸਿੱਖ ਇਤਿਹਾਸ ਵਿਚ ਪੰਜਾਬ ਵਿਚ ਇਸ ਪਰਿਵਰਤਨ ਨੂੰ ਬੜੀ ਮਹੱਤਵਪੂਰਨ ਘਟਨਾ ਮੰਨਦਾ ਹੋਇਆ ਲਿਖਦਾ ਹੈ :

"ਲਾਹੌਰ ਦੇ ਮੁਸਲਮਾਨਾਂ ਨੂੰ ਹੁਣ ਖਾਲਸੇ ਦਾ ਕੋਈ ਡਰ ਭਉ ਨਹੀਂ ਸੀ ਰਿਹਾ। ਪਿੰਡਾਂ ਦੇ ਆਪਣੇ ਸਹਿਧਰਮੀਆਂ ਸਮਾਨ ਉਹ ਹੁਣ ਸਿੰਘਾਂ ਨੂੰ ਕਾਫ਼ਰਾਂ ਦੀ ਥਾਂ ਆਪਣੇ ਪੰਜਾਬੀ ਭਰਾ ਸਮਝਣ ਲੱਗ ਪਏ ਸਨ ਅਤੇ ਸਿੰਘਾਂ ਵਾਂਗ ਹੀ ਅਬਦਾਲੀ ਨੂੰ ਦੀਨ ਦੇ ਰਾਖੇ ਦੀ ਥਾਂ ਵਿਦੇਸ਼ੀ ਮੰਨਣ ਲੱਗ ਪਏ ਸਨ। ਉਨ੍ਹਾਂ ਦੇ ਹਿਰਦਿਆਂ ਵਿਚ ਆਈ ਇਸ ਤਬਦੀਲੀ ਨੇ 34 ਸਾਲਾਂ ਪਿਛੋਂ ਰਣਜੀਤ ਸਿੰਘ ਦੀ ਸਫ਼ਲਤਾ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ।"

ਇਨ੍ਹਾਂ ਕੁਝ ਮਹੀਨਿਆਂ ਦੇ ਸਮੇਂ ਵਿਚ ਹੀ ਸਿੰਘਾਂ ਨੇ ਪਾਕਪਟਨ ਤੇ ਮੁਲਤਾਨ ਦੇ ਇਲਾਕਿਆਂ ਦੇ ਬਹੁਤ ਸਾਰੇ ਭਾਗਾਂ ਨੂੰ ਆਪਣੇ ਅਧੀਨ ਕਰ ਲਿਆ ਸੀ। ਹੁਣ ਜਦੋਂ ਉਨ੍ਹਾਂ ਨੂੰ ਕੁਝ ਸਮੇਂ ਲਈ ਅਬਦਾਲੀ ਦੇ ਹਮਲੇ ਦਾ ਡਰ ਨਾ ਰਿਹਾ ਤਾਂ ਸਿੰਘਾਂ ਨੇ ਆਪਣੇ-2 ਇਲਾਕੇ ਵਿਚ ਆਪਣੀ ਸੈਨਿਕ ਸ਼ਕਤੀ ਨੂੰ ਵੀ ਮਜਬੂਤ ਕੀਤਾ ਅਤੇ ਆਪਣੇ ਆਪਣੇ ਇਲਾਕਿਆਂ ਦੀ ਪਰਜਾ ਨਾਲ ਬਿਨਾਂ ਵਿਤਕਰੇ ਤੇ ਭਿੰਨ-ਭੇਦ ਦੇ ਮੁਸਲਮਾਨਾਂ ਨਾਲ ਵੀ ਪ੍ਰੇਮ ਤੇ ਭਾਈਚਾਰੇ ਵਾਲਾ ਵਿਹਾਰ ਕੀਤਾ। ਇਸ ਸਮੇਂ ਦੌਰਾਨ ਗੰਗਾ ਦੁਆਬ, ਦਿੱਲੀ, ਰੀਵਾੜੀ ਅਤੇ ਧੌਲਪੁਰ ਅਤੇ ਪੱਛਮ ਵਿਚ ਪਾਕਪਟਨ ਅਤੇ ਮੁਲਤਾਨ ਵਲ ਉਨ੍ਹਾਂ ਨੇ ਨਵੀਆਂ ਮੱਲਾਂ ਮਾਰੀਆਂ।

ਦਸੰਬਰ 1766 ਵਿਚ ਅਬਦਾਲੀ ਨੇ ਪੰਜਾਬ ਉੱਤੇ ਅੱਠਵੀਂ ਵਾਰ ਮੁੜ ਧਾਵਾ ਕੀਤਾ। ਬੰਗਾਲ ਅਤੇ ਬਿਹਾਰ ਦੇ ਅੰਗਰੇਜ਼ਾਂ ਹੱਥੋਂ ਗੱਦੀਉਂ ਲਾਹੇ ਗਏ

1* ਖੁਸ਼ਵੰਤ ਸਿੰਘ, ਹਿਸਟਰੀ ਆਫ ਦੀ ਸਿੱਖਸ, ਜਿਲਦ ਪਹਿਲੀ, ਪੰਨਾ 161-162



Sri Satguru Jagjit Singh Ji Elibrary NamdhariElibrary@gmail.com

ਨਵਾਬ ਮੀਰ ਕਾਸਿਮ ਨੇ ਆਪਣੇ ਵਕੀਲਾਂ ਰਾਹੀਂ ਅਹਿਮਦ ਸ਼ਾਹ ਕੋਲੋਂ ਸਹਾਇਤਾ ਦੀ ਮੰਗ ਕੀਤੀ ਪਰ ਜਿਹਾ ਕਿ ਲਾਰਡ ਕਲਾਈਵ ਨੂੰ ਲਿਖੇ ਗਏ ਪੱਤਰਾਂ ਤੋਂ ਪਤਾ ਲੱਗਦਾ ਹੈ, ਅਹਿਮਦਸ਼ਾਹ ਦਾ ਆਪਣੇ ਅਠਵੇਂ ਹਮਲੇ ਸਮੇਂ ਅਸਲੀ ਉਦੇਸ਼ ਪੰਜਾਬ ਵਿਚ ਸਿੱਖਾਂ ਦੀ ਤਾਕਤ ਨੂੰ ਖਤਮ ਕਰਨਾ ਹੀ ਸੀ। ਦਸੰਬਰ 1766 ਵਿਚ ਉਸਨੇ ਸਿੰਧ ਪਾਰ ਕਰਕੇ ਰੋਹਤਾਸ ਵਲ ਰੁਖ ਕੀਤਾ ਪਰ ਉਸਤੋਂ 20 ਕਿ: ਮੀਟਰ ਦੀ ਦੂਰੀ ਉੱਤੇ ਬਿਗਾਈ ਵਿਖੇ ਉਸਦੀ ਪਹਿਲੀ ਟੱਕਰ ਸਿੰਘਾਂ ਨਾਲ ਹੋਈ, ਜਿਥੇ ਬੱਲਮ ਸਿੰਘ ਨੇ 7-8 ਹਜ਼ਾਰ ਦੀ ਸੈਨਾ ਨਾਲ ਉਸਦਾ ਮੁਕਾਬਲਾ ਕੀਤਾ ਪਰ ਇਸ ਵਿਚ ਉਸਨੂੰ ਸਫਲਤਾ ਨਾ ਮਿਲ ਸਕੀ। ਉਹ ਮਾਰਿਆ ਗਿਆ ਅਤੇ ਬਹੁਤ ਸਾਰੇ ਸਿੰਘਾਂ ਨੂੰ ਜਾਨਾਂ ਦੀ ਹਾਨੀ ਉਠਾਉਣੀ ਪਈ ਅਤੇ ਜੇਹਲਮ ਦਰਿਆ ਨੂੰ ਪਾਰ ਕਰਦਿਆਂ ਹੋਇਆ ਕਈ ਦਰਿਆ ਵਿਚ ਵੀ ਡੁੱਬ ਗਏ। ਇਸ ਵਾਰ ਦੁਰਾਨੀ ਸਿੰਘਾਂ ਦੇ ਇਲਾਕੇ ਵਿਚੋਂ ਲੰਘਣ ਦੀ ਥਾਂ ਪਹਿਲਾਂ ਦਿੱਲੀ ਪਹੁੰਚਣਾ ਚਾਹੁੰਦਾ ਸੀ। ਤਾਂ ਜੋ ਉਥੋਂ ਦਾ ਪ੍ਰਬੰਧ ਠੀਕ ਕਰਕੇ ਉਹ ਵਾਪਸੀ ਉੱਤੇ ਸਿੰਘਾ ਨਾਲ ਦੋ ਹੱਥ ਕਰੇ ਪਰ ਇਸ ਵਾਰ ਉਸਦੀ ਕਿਸਮਤ ਵਿਚ ਦਿੱਲੀ ਤਕ ਪਹੁੰਚਣਾ ਨਹੀਂ ਸੀ ਲਿਖਿਆ ਹੋਇਆ। ਜੇਹਲਮ ਦਰਿਆ ਪਾਰ ਕਰਨ ਉਤੇ ਸਿੰਘਾਂ ਨੇ ਮੁੜ ਉਸ ਨਾਲ ਲੋਹਾ ਲਿਆ ਪਰ ਇਸ ਵਾਰ ਵੀ ਬਹੁਤੀ ਸਫ਼ਲਤਾ ਹਾਸਿਲ ਨਾ ਹੋ ਸਕੀ। ਇਸ ਇਲਾਕੇ ਦੇ ਕੁਝ ਮੁਸਲਿਮ ਸਰਦਾਰ ਵੀ ਉਸਦੀ ਸੈਨਾ ਨਾਲ ਆ ਮਿਲੇ। ਅਬਦਾਲੀ ਪਹਿਲਾਂ ਸਿਆਲਕੋਟ ਪਹੁੰਚਿਆ। ਉਸਨੇ ਘੋਇਨਕੀ ਵਿਖੇ ਡੇਰਾ ਕੀਤਾ ਅਤੇ ਉਥੋਂ ਦੇ ਸਰਦਾਰਾਂ ਕੋਲੋਂ ਡੇਢ ਲੱਖ ਦਾ ਹਰਜਾਨਾ ਵਸੂਲ ਕੀਤਾ ਕਿਉਂ ਜੋ ਉਨ੍ਹਾਂ ਦੇ ਇਲਾਕੇ ਵਿਚ ਸਿੰਘਾਂ ਨੂੰ ਪਨਾਹ ਦਿੱਤੀ ਗਈ ਸੀ। ਉਸਨੇ ਆਪਣੇ ਇਸ ਕਾਰਿੰਦੇ ਸਾਅਦਤ ਯਾਰ ਖ਼ਾਂ ਨੂੰ ਇਹ ਕੰਮ ਸੌਂਪ ਦਿੱਤਾ। ਉਸਨੇ ਇਹ ਐਲਾਨ ਕਰ ਦਿੱਤਾ ਕਿ ਸਿੰਘਾਂ ਨੂੰ ਫੜ ਕੇ ਲਿਆਂਦਾ ਜਾਵੇ ਤਾਂ ਜੋ ਉਨ੍ਹਾਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਜਾਣ। ਇਸ ਤੋਂ ਸਾਬਿਤ ਹੁੰਦਾ ਹੈ ਕਿ ਅਹਿਮਦ ਸ਼ਾਹ ਦੁਰਾਨੀ ਦੇ ਦਿੱਲ ਵਿਚ ਸਿੰਘਾਂ ਵਿਰੁੱਧ ਸਭ ਤੋਂ ਵੱਧ ਨਫ਼ਰਤ ਭਰੀ ਹੋਈ ਸੀ ਤੇ ਉਹੋ ਹੀ ਉਸਦੇ ਰਾਹ ਦੇ ਸਭ ਤੋਂ ਵੱਡੇ ਰੋੜੇ ਸਨ।

ਡਸਕੇ ਪਹੁੰਚ ਕੇ ਉਸਦੇ ਵਜ਼ੀਰ ਸ਼ਾਹ ਵਲੀ ਖਾਂ ਨੇ ਉਸਨੂੰ ਸਲਾਹ ਦਿੱਤੀ ਕਿ ਇਸ ਇਲਾਕੇ ਦੇ ਜਿਮੀਂਦਾਰ ਉਸ ਤੋਂ ਬੜੇ ਡਰੇ ਹੋਏ ਸਨ ਅਤੇ ਜੇ ਇਨ੍ਹਾਂ ਨਾਲ ਕੋਈ ਸਖ਼ਤੀ ਦਾ ਸਲੂਕ ਕੀਤਾ ਗਿਆ ਤਾਂ ਉਹ ਉਸ ਨਾਲ ਕੋਈ ਸਹਿਯੋਗ ਨਹੀਂ ਕਰਨਗੇ। ਇਸ ਇਲਾਕੇ ਵਿਚੋਂ ਵੀ ਦੁਰਾਨੀ ਦੇ 3 ਲੱਖ ਰੁਪਿਆ ਉਗਰਾਹਿਆ। ਜਦੋਂ ਅਹਿਮਦਸ਼ਾਹ ਐਮਨਾਬਾਦ ਤੇ ਫੈਜਲਾਬਾਦ ਤੋਂ ਹੁੰਦਾ ਹੋਇਆ ਰਾਵੀ ਪਾਰ ਕਰਕੇ ਲਾਹੌਰ ਕੋਲ ਪੁੱਜਾ ਤਾਂ ਸੋਭਾ ਸਿੰਘ, ਲਹਿਣਾ ਸਿੰਘ, ਗੁੱਜਰ



Sri Satguru Jagjit Singh Ji Elibrary NamdhariElibrary@gmail.com

ਸਿੰਘ, ਹੀਰਾ ਸਿੰਘ ਅਤੇ ਅਜਾਇਬ ਸਿੰਘ ਸ਼ਹਿਰ ਛੱਡ ਕੇ ਕਸੂਰ ਅਤੇ ਹੋਰ ਨੇੜੇ ਦੇ ਇਲਾਕਿਆਂ ਵਿਚ ਚਲੇ ਗਏ।

[1]*22 ਦਸੰਬਰ 1766 ਨੂੰ ਅਹਿਮਦਸ਼ਾਹ ਦੇ ਸਾਹਮਣੇ ਲਾਹੌਰ ਦੇ ਪਤਵੰਤੇ ਸ਼ਹਿਰੀ ਪੇਸ਼ ਹੋਏ, ਜਿਨ੍ਹਾਂ ਨੇ ਇਹ ਬੇਨਤੀ ਕੀਤੀ "ਲਹਿਣਾ ਸਿੰਘ ਬੜਾ ਚੰਗਾ ਅਤੇ ਪਰਜਾ ਨਾਲ ਹਮਦਰਦੀ ਕਰਨ ਵਾਲਾ ਹਾਕਮ ਸੀ। ਤਾਕਤ ਵਿਚ ਹੁੰਦੇ ਹੋਇਆਂ ਵੀ ਉਸਨੇ ਮੁਸਲਮਾਨਾਂ ਤੇ ਹਿੰਦੂਆਂ ਵਿਚ ਕੋਈ ਵਿਤਕਰਾ ਨਹੀਂ ਸੀ ਕੀਤਾ। ਈਦ-ਉਲ ਜ਼ੁਹਾ ਦੇ ਤਿਉਹਾਰ ਉਤੇ ਉਸਨੇ ਕਾਜ਼ੀਆਂ, ਮੁਫ਼ਤੀਆਂ ਤੇ ਮਸੀਤਾਂ ਤੇ ਮੌਲਵੀਆਂ ਨੂੰ ਦਸਤਾਰਾਂ ਵੰਡੀਆਂ ਸਨ ਅਤੇ ਸਾਰੇ ਸ਼ਹਿਰੀਆਂ ਦਾ ਬੜਾ ਸਤਿਕਾਰ ਕੀਤਾ ਸੀ। ਇਸ ਉਤੇ ਅਹਿਮਦਸ਼ਾਹ ਨੇ ਬੜੀ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਉਸਨੇ ਸਪਸ਼ਟ ਤੌਰ ਉਤੇ ਇਸ ਤੱਥ ਨੂੰ ਅਨੁਭਵ ਕਰ ਲਿਆ ਸੀ ਕਿ ਸਿੰਘਾਂ ਨੂੰ ਜਿੰਨਾ ਘੱਟ ਦਬਾਇਆ ਜਾਵੇਗਾ, ਉਨ੍ਹਾਂ ਹੀ ਉਹ ਘੱਟ ਖ਼ਤਰਨਾਕ ਸਾਬਿਤ ਹੋਣਗੇ।

ਉਸਨੇ ਲਹਿਣਾ ਸਿੰਘ ਨੂੰ ਇਕ ਪੱਤਰ ਲਿਖ ਕੇ ਲਾਹੌਰ ਦੀ ਗਵਰਨਰੀ ਉਸਨੂੰ ਸੌਂਪਣੀ ਚਾਹੀ। ਨਾਲ ਹੀ ਕਾਬਲ ਦੇ ਸੁੱਕੇ ਮੇਵਿਆਂ ਦੀ ਸੁਗਾਤ ਭੇਜੀ। ਲਹਿਣਾ ਸਿੰਘ ਨੇ ਮੋਦਾ ਦੇ ਰਹਿਮਤੁੱਲਾ ਬੇਗ ਰਾਹੀ ਇਸ ਪੱਤਰ ਦਾ ਉੱਤਰ ਭੇਜਿਆ, ਜਿਸ ਵਿਚ ਲਿਖਿਆ ਗਿਆ ਸੀ, ਤੁਹਾਡੀ ਪੇਸ਼ਕਸ਼ ਨੂੰ ਪਰਵਾਨ ਕਰਕੇ ਉਹ ਆਪਣੇ ਸਿੱਖ ਭਾਈਚਾਰੇ ਦੀਆਂ ਨਜ਼ਰਾਂ ਵਿਚੋਂ ਡਿਗ ਪਏਗਾ। ਲਹਿਣਾ ਸਿੰਘ ਨੇ ਉਸਦੇ ਕਾਬਲ ਦੇ ਸੁੱਕੇ ਮੇਵੇ ਵੀ ਵਾਪਿਸ ਭੇਜ ਦਿੱਤੇ ਅਤੇ ਆਪਣੇ ਵਲੋਂ ਕੁਝ ਖੁਰਦਰੇ ਅਨਾਜ (ਕਣਕ ਦੇ ਦਾਣੇ) ਭੇਜ ਕੇ ਇਹ ਅਖਵਾ ਭੇਜਿਆ "[2]*ਸੁੱਕੇ ਫਲ ਤਾਂ ਬਾਦਸ਼ਾਹਾਂ ਦਾ ਆਹਾਰ ਹੁੰਦਾ ਹੈ, ਅਸੀਂ ਤਾਂ ਇਹੋ ਜਿਹਾ ਮੋਟਾ ਠੁੱਲ੍ਹਾ ਅਨਾਜ ਖਾਣ ਵਾਲੇ ਹਾਂ।"

ਅਹਿਮਦ ਸ਼ਾਹ ਨੇ ਇਕ ਹਫਤਾ ਲਾਹੌਰ ਰਹਿ ਕੇ ਅੱਗੇ ਜਾਣ ਦੀ ਤਿਆਰੀ ਕੀਤੀ। ਉਸ ਨਾਲ 50,000 ਦਾ ਲਸ਼ਕਰ, ਘੋੜ ਚੜੇ, ਹਾਥੀ ਜ਼ੰਜ਼ੀਰਾਂ ਤੇ ਤੋਪਾਂ ਸਨ। ਸਿੰਘ ਉਸਦੀ ਸੈਨਾ ਤੋਂ ਕੁਝ ਕੋਹਾਂ ਦੀ ਵਿੱਥ ਉੱਤੇ ਆਪਣੀਆਂ ਸੈਨਾਵਾਂ ਜਥੇਬੰਦ ਕਰਕੇ ਖੜੇ ਸਨ। ਸਿੱਧੀ ਟੱਕਰ ਲੈਣ ਦੀ ਥਾਂ ਉਹ ਛਾਪਾਮਾਰ ਯੁੱਧ ਨੀਤੀ ਦੀ ਵਰਤੋਂ ਨੂੰ ਹੀ ਉਚਿਤ ਸਮਝਦੇ ਸਨ। ਉਸਨੇ ਆਪਣੇ ਕੁਝ ਸੈਨਿਕ ਗੁਰੂਕੇ ਚੱਕ (ਅੰਮ੍ਰਿਤਸਰ) ਵਲ ਭੇਜੇ। ਆਪ ਉਸਨੇ ਫਤਿਹਾਬਾਦ ਜਾ ਡੇਰਾ ਲਾਇਆ, ਜਿੱਥੇ ਕੁਝ ਸਿੰਘ ਹੀ ਕਿਲ੍ਹੇ ਵਿਚ ਮੌਜੂਦ ਸਨ, ਜਿੱਥੇ ਉਸਨੇ ਲੁਟ-ਮਾਰ ਤੇ ਮਾਰ-ਧਾੜ ਵੀ ਕਰਵਾਈ। ਅਬਦਾਲੀ ਦੇ ਲਾਹੌਰ ਤੋਂ ਕੂਚ ਕਰਨ

[1]* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 238
[2]* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 239



Sri Satguru Jagjit Singh Ji Elibrary NamdhariElibrary@gmail.com

ਪਿਛੋਂ ਚੜ੍ਹਤ ਸਿੰਘ, ਲਹਿਣਾ ਸਿੰਘ ਅਤੇ ਕੁਝ ਹੋਰ ਸਰਦਾਰ ਜੋ ਨੇੜੇ ਹੀ ਇਕੱਠੇ ਹੋਏ ਸਨ, ਨੇ ਲਾਹੌਰ ਉਤੇ ਧਾਵਾ ਕਰ ਦਿੱਤਾ ਅਤੇ ਦੁਰਾਨੀ ਦੇ ਮਾਲ-ਅਸਬਾਬ ਅਤੇ ਖ਼ਜਾਨੇ ਉਤੇ ਹੱਲਾ ਬੋਲ ਦਿੱਤਾ। ਬਹੁਤ ਸਾਰਾ ਮਾਲ ਅਸਬਾਬ ਸਿੰਘ ਲੁੱਟ ਕੇ ਲੈ ਗਏ। ਸ਼ਾਹ ਦਾ ਨਜ਼ਦੀਕੀ ਰਿਸ਼ਤੇਦਾਰ (Brother in law) ਜਿਸਨੂੰ ਉਸ ਸਮੇਂ ਲਾਹੌਰ ਦਾ ਪ੍ਰਬੰਧ ਸੌਂਪਿਆ ਗਿਆ ਸੀ, ਸਿੰਘਾਂ ਨਾਲ ਟੱਕਰ ਲੈਣ ਤੋਂ ਅਸਮਰਥ ਸੀ। ਇਸ ਲਈ ਉਸਨੇ ਦੁਰਾਨੀ ਨੂੰ ਲਿਖ ਭੇਜਿਆ ਸੀ ਕਿ ਉਸਦੀ ਸਹਾਇਤਾ ਲਈ ਛੇਤੀ ਆਵੇ ਨਹੀਂ ਤਾਂ ਉਸ ਦਾ ਅਤੇ ਉਸਦੇ ਪਰਿਵਾਰ ਦਾ ਵੱਡਾ ਨੁਕਸਾਨ ਹੋਵੇਗਾ। ਅਹਿਮਦਸ਼ਾਹ ਨੂੰ ਜਦੋਂ ਖ਼ਬਰ ਹੋਈ ਤਾਂ ਉਸਨੇ ਵਾਪਿਸ ਆ ਕੇ ਆਪਣਾ ਡੇਰਾ ਲਾਹੌਰ ਤੋਂ ਕੁਝ ਦੂਰੀ ਉਤੇ ਮੁਹੰਮਦ ਤੂਲੀ ਵਿਖੇ ਲਾ ਲਿਆ। ਇਸ ਦੌਰਾਨ ਸਿੰਘ ਲੁੱਟ ਦਾ ਮਾਲ ਲੈ ਕੇ ਲਾਹੌਰ ਤੋਂ 30-40 ਕਿ: ਮੀਟਰ ਦੀ ਦੂਰੀ ਉਤੇ ਪਹੁੰਚ ਚੁੱਕੇ ਸਨ।

ਅਹਿਮਦਸ਼ਾਹ ਵਲੋਂ ਇਸ ਸਮੇਂ ਵੀ ਸਿੰਘਾਂ ਨਾਲ ਕੀਤੀ ਗਈ ਸੁਲਹ ਦੀ ਪੇਸ਼ਕਸ਼ ਨੂੰ ਵੀ ਠੁਕਰਾ ਦਿੱਤਾ ਗਿਆ। ਚੰਬੇ ਦੇ ਰਾਜੇ ਦਾ ਵਕੀਲ ਸਾਅਦਤ-ਯਾਰ ਖ਼ਾਂ ਜਦੋਂ ਇਹ ਤਜਵੀਜ਼ ਸਿੰਘਾਂ ਕੋਲ ਲੈ ਕੇ ਪੁੱਜਾ ਕਿ ਅਹਿਮਦ ਸ਼ਾਹ ਦਾ ਇਰਾਦਾ, ਉਨ੍ਹਾਂ ਦੇ ਇਲਾਕੇ ਉਤੇ ਕਬਜ਼ਾ ਕਰਨ ਦਾ ਨਹੀਂ। ਉਹ ਦਿੱਲੀ ਪਹੁੰਚਣਾ ਚਾਹੁੰਦਾ ਹੈ ਅਤੇ ਲਾਹੌਰ ਨੂੰ ਉਨ੍ਹਾਂ ਨੇ ਹਵਾਲੇ ਕਰਨ ਤੋਂ ਬਿਨਾਂ ਹੋਰ ਇਲਾਕੇ ਵੀ ਕੁਝ ਸ਼ਰਤਾਂ ਉਤੇ ਉਨ੍ਹਾਂ ਨੂੰ ਸੌਂਪਣਾ ਚਾਹੁੰਦਾ ਹੈ। ਸਿੰਘਾਂ ਨੇ ਇਨ੍ਹਾਂ ਦੋਹਾਂ ਵਿਚੋਲਿਆਂ ਦਾ ਨਿਰਾਦਰ ਕਰਕੇ ਅਹਿਮਦ ਸ਼ਾਹ ਦੀਆਂ ਤਜਵੀਜ਼ਾਂ ਨੂੰ ਠੁਕਰਾ ਦਿੱਤਾ ਤੇ ਉਹ ਵਾਪਿਸ ਪਰਤ ਗਏ। ਕੋਟ ਨੂਰ-ਉਦ-ਦੀਨ ਪੁੱਜ ਕੇ ਅਹਿਮਦਸ਼ਾਹ ਨੇ ਸਿੱਖ ਸਰਦਾਰ ਝੰਡਾ ਸਿੰਘ, ਜੱਸਾ ਸਿੰਘ (ਆਹਲੂਵਾਲੀਆ) ਅਤੇ ਖੁਸ਼ਹਾਲ ਸਿੰਘ ਆਦਿ ਨੂੰ ਲਿਖਵਾ ਭੇਜਿਆ ਕਿ ਜੇ ਉਹ ਚਾਹੁਣ ਤਾਂ ਉਹ ਉਸਦੀ ਫੌਜ ਵਿਚ ਭਰਤੀ ਹੋ ਸਕਦੇ ਹਨ। ਜੇ ਉਨ੍ਹਾਂ ਨੂੰ ਅਜਿਹਾ ਮਨਜ਼ੂਰ ਨਹੀਂ ਤਾਂ ਉਹ ਸਿੱਧਾ ਨਿਤਰ ਕੇ ਉਸ ਨਾਲ ਮੈਦਾਨ ਵਿਚ ਆਉਣ ਪਰ ਸਿੰਘ ਉਸਦੇ ਲਸ਼ਕਰ ਤੋਂ 20-25 ਮੀਲਾਂ ਦੀ ਵਿੱਥ ਉਤੇ ਦੋਹੀਂ ਬੰਨੀ ਮੋਰਚੇ ਮੱਲੀ ਬੈਠੇ ਸਨ। ਉਨ੍ਹਾਂ ਦਾ ਨਿਸ਼ਾਨਾ ਵੀ ਅਹਿਮਦਸ਼ਾਹ ਨਾਲ ਸਿੱਧੀ ਟੱਕਰ ਲੈਣ ਦੀ ਥਾਂ ਉਸਨੂੰ ਹੈਰਾਨ ਪ੍ਰੇਸ਼ਾਨ ਕਰਨ ਦਾ ਵਧੇਰੇ ਸੀ।

17 ਜਨਵਰੀ 1767 ਨੂੰ ਜਹਾਨ ਖ਼ਾਂ 15,000 ਘੋੜ ਚੜਿਆਂ ਦਾ ਹਰਾਵਲ ਦਸਤਾ ਲੈ ਕੇ ਅੰਮ੍ਰਿਤਸਰ ਵਲ ਵਧਿਆ। ਏਥੇ ਚੜ੍ਹਤ ਸਿੰਘ, ਹੀਰਾ ਸਿੰਘ, ਲਹਿਣਾ ਸਿੰਘ ਅਤੇ ਗੁਜਰ ਸਿੰਘ ਸਾਰੇ ਰਲ ਕੇ ਬੈਠੇ ਸਨ। ਜਦੋਂ ਉਨ੍ਹਾਂ ਨੂੰ ਜਹਾਨ ਖ਼ਾਂ ਦੀ ਚੜ੍ਹਾਈ ਦੀ ਸੂਹ ਮਿਲੀ ਤਾਂ ਉਹ ਅਗਲਵਾਂਢੀ ਹੋ ਕੇ ਟਾਕਰੇ ਲਈ ਅੱਗੇ ਵਧੇ। 5-6 ਹਜ਼ਾਰ ਦੀ ਅਫ਼ਗਾਨੀ ਸੈਨਾ ਨੂੰ ਮਰਵਾ ਕੇ



Sri Satguru Jagjit Singh Ji Elibrary NamdhariElibrary@gmail.com

ਜ਼ਹਾਨ ਖ਼ਾਂ ਭੱਜਣ ਲਈ ਮਜ਼ਬੂਰ ਹੋ ਗਿਆ। ਅਹਿਮਦਸ਼ਾਹ ਆਪ ਫੌਜ ਲੈ ਕੇ ਜਹਾਨ ਖ਼ਾਂ ਦੀ ਸਹਾਇਤਾ ਲਈ ਵਧਿਆ ਪਰ ਉਸਨੂੰ ਵੀ ਹਾਰ ਹੋਈ। ਅਹਿਮਦਸ਼ਾਹ ਦਾ ਮਾਲ-ਅਸਬਾਬ ਜਲਾਲਾਬਾਦ ਵਿਖੇ ਸੀ। ਇਸ ਉੱਤੇ ਸਿੰਘਾਂ ਨੇ ਹੱਲਾ ਬੋਲਿਆ ਪਰ ਨਾਸਿਰ ਖ਼ਾਂ ਨੇ ਉਸਦੀ ਪੂਰੀ ਤਰ੍ਹਾਂ ਰੱਖਿਆ ਕੀਤੀ ਅਤੇ ਸਿੰਘ ਜੰਗਲਾਂ ਵੱਲ ਚਲੇ ਗਏ। ਚੜ੍ਹਤ ਸਿੰਘ, ਗੁੱਜਰ ਸਿੰਘ ਅਤੇ ਚਾਰ ਪੰਜ ਹੋਰ ਸਰਦਾਰ ਪੈਦਲ ਸੈਨਾ ਅਤੇ ਘੋੜ ਚੜ੍ਹਿਆ ਸਮੇਤ ਗੁਰੂ ਕੇ ਚੱਕ ਹੀ ਟਿਕੇ ਰਹੇ। 17 ਜਨਵਰੀ ਨੂੰ ਹੀ ਦੁਰਾਨੀ ਬਿਆਸ ਦਰਿਆ ਪਾਰ ਕਰਕੇ ਜਲੰਧਰ ਦੁਆਬ ਵਿਚ 18 ਜਨਵਰੀ ਨੂੰ ਮੁਹਾਰੀਵਾਲ ਪਹੁੰਚ ਗਿਆ ਜਿੱਥੇ ਨਾਜਿਬ ਉਦ-ਦੌਲਾ, ਮੀਰ ਕਾਸਿਮ, ਜਵਾਹਰ ਸਿੰਘ ਜੱਟ ਅਤੇ ਰਾਜਾ ਮਾਧੋ ਸਿੰਘ ਆਦਿ ਦੇ ਵਕੀਲ ਉਸਨੂੰ ਆ ਮਿਲੇ ਅਤੇ ਨਜ਼ਰਾਨੇ ਭੇਟ ਕੀਤੇ। ਆਲਾ ਸਿੰਘ ਦੇ ਪੋਤਰਿਆਂ ਅਮਰ ਸਿੰਘ ਅਤੇ ਹਿੰਮਤ ਸਿੰਘ ਦੇ ਵਕੀਲ ਨੇ ਵੀ ਆ ਕੇ 5,000 ਨਕਦ ਅਤੇ 2 ਘੋੜੇ ਨਜ਼ਰਾਨੇ ਵਜੋਂ ਅਹਿਮਦ ਸ਼ਾਹ ਅੱਗੇ ਪੇਸ਼ ਕੀਤੇ। ਸ਼ਾਹ ਵਲੀ ਖ਼ਾਂ ਤੇ ਜਹਾਨ ਖ਼ਾਂ ਨੂੰ 2-2 ਹਜ਼ਾਰ ਰੁਪਏ ਨਜ਼ਰਾਨੇ ਵਜੋਂ ਦਿੱਤੇ ਗਏ। ਕੱਲੇ ਦਾ ਵਕੀਲ ਵੀ ਆ ਗਿਆ। ਇਨ੍ਹਾਂ ਸਭ ਵਕੀਲਾਂ ਨੂੰ ਅਹਿਮਦ ਸ਼ਾਹ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਮਾਲਿਕ ਆਪ ਆ ਕੇ ਉਸਦੀ ਹਾਜ਼ਰੀ ਭਰਨ।

ਸਿੰਘਾਂ ਦੀ ਦੁਰਾਨੀ ਉੱਤੇ ਜਿੱਤ ਦੀ ਖਬਰ ਸੁਣ ਕੇ ਅੰਗਰੇਜ਼ ਗਵਰਨਰ ਲਾਰਡ ਕਲਾਈਵ ਨੇ ਕਲਕੱਤੇ ਤੋਂ ਅਵਧ ਦੇ ਨਵਾਬ ਵਜੀਰ ਨੂੰ 19 ਫਰਵਰੀ ਨੂੰ ਮੁਰਾਸਲਾ ਭੇਜਿਆ, ਜਿਸ ਵਿਚ ਇਹ ਲਿਖਿਆ ਹੋਇਆ ਸੀ ਕਿ ਉਸ (ਲਾਰਡ ਕਲਾਈਵ) ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਅਹਿਮਦ ਸ਼ਾਹ ਦੇ ਅੱਗੇ ਵਧਣ ਵਿਚ ਸਿੱਖਾਂ ਨੇ ਰੋਕ ਪਾ ਦਿੱਤੀ ਹੈ। ਜੇ ਉਹ ਇਸ ਤਰ੍ਹਾਂ ਹੀ ਉਸਦੇ ਰਸਦ ਪਾਣੀ ਦੀ ਪੂਰਤੀ ਵਿਚ ਵਿਘਨ ਪਾਉਂਦੇ ਰਹੇ ਤਾਂ ਅਹਿਮਦ ਸ਼ਾਹ ਨੂੰ ਬਿਨਾਂ ਲੜੇ ਹੀ ਤਬਾਹੀ ਦਾ ਮੂੰਹ ਵੇਖਣਾ ਪਵੇਗਾ।

ਅਜਿਹੀ ਹਾਲਤ ਵਿਚ ਜਾਂ ਤਾਂ ਉਹ ਵਾਪਿਸ ਦੇਸ਼ ਨੂੰ ਪਰਤ ਜਾਵੇਗਾ ਜਾਂ ਫਿਰ ਉਸ ਨੂੰ ਬੜਾ ਸ਼ਰਮਸਾਰ ਹੋਣਾ ਪਵੇਗਾ, ਜਿੰਨਾ ਚਿਰ ਤਕ ਉਹ ਸਿੱਖਾਂ ਨੂੰ ਦਬਾ ਨਹੀਂ ਦਿੰਦਾ ਜਾਂ ਉਨ੍ਹਾਂ ਨਾਲ ਕੋਈ ਸੁਲ੍ਹਾ-ਸਮਝੌਤਾ ਨਹੀਂ ਕਰ ਲੈਂਦਾ ਉਹ ਹਿੰਦੁਸਤਾਨ ਵਲ ਅੱਗੇ ਨਹੀਂ ਵਧ ਸਕਦਾ। ਇਸੇ ਦੀ ਸੰਭਾਵਨਾ ਵਧੇਰੇ ਹੈ ਕਿਉਂ ਜੋ ਸਿੰਘਾਂ ਦੇ ਦਿਲਾਂ ਵਿਚ ਵੀ ਗੁਰੂ ਦੇ ਚੱਕ ਦੀ ਤਬਾਹੀ ਕਾਰਨ ਸ਼ਾਹ ਵਿਰੁੱਧ ਬੜਾ ਰੋਸ ਹੈ। ਪਰ ਦੂਜੇ ਬੰਨੇ ਲਾਰਡ ਕਲਾਈਵ ਸ਼ਾਹ ਵਲੀ ਖ਼ਾਂ ਨੂੰ ਲਿਖੇ ਮੁਰਾਸਲੇ ਵਿਚ ਉਪਰੋਕਤ ਪੱਤਰ ਦੇ ਬਿਲਕੁਲ ਉਲਟ ਲਿਖਦਾ ਹੈ - ਖ਼ੁਦਾ ਦਾ ਸ਼ੁਕਰ ਹੈ ਕਿ ਸ਼ਾਹ (ਅਹਿਮਦ) ਦੇ ਚੰਗੇ ਭਾਗਾਂ ਅਤੇ ਸੁਘੜ ਨੀਤੀ ਨੂੰ ਅਪਨਾਉਣ ਕਰਕੇ ਵਿਸ਼ਵਾਸਘਾਤੀ ਸਿੱਖਾਂ ਨੂੰ ਆਪਣੇ ਕੀਤੇ ਬੁਰੇ ਕਰਮਾਂ



Sri Satguru Jagjit Singh Ji Elibrary NamdhariElibrary@gmail.com

ਕਾਰਨ ਸਜ਼ਾ ਮਿਲੀ ਹੈ। ਸ਼ਾਹ ਦੀ ਅਜਮਤ ਸੰਸਾਰ ਦੇ ਚੌਹਾਂ ਕੋਣਿਆਂ ਵਿਚ ਦੂਰ ਦੂਰ ਤਕ ਫੈਲ ਗਈ ਹੈ ਤੇ ਦੀਨਦਾਰਾਂ ਨੂੰ ਕਾਫਰਾਂ ਦੇ ਜੁਲਮ ਤੋਂ ਨਿਜਾਤ ਮਿਲੀ ਹੈ।" ਉਸਦਾ ਇਹ ਵੀ ਵਿਚਾਰ ਸੀ ਕਿ ਜੇ ਰੋਹੀਲੇ ਅੰਤ ਜੱਟ ਸਿੱਖਾਂ ਦੀ ਸਹਾਇਤਾ ਕਰਨ ਲੱਗ ਪੈਣ ਤਾਂ ਅਹਿਮਦਸ਼ਾਹ ਨੂੰ ਹਾਰ ਦਾ ਮੂੰਹ ਵੇਖ ਕੇ ਸ਼ਰਮਸਾਰ ਹੋਣਾ ਪਵੇਗਾ।

ਇਨ੍ਹਾਂ ਉਕਤ ਪੱਤਰਾਂ ਤੇ ਲਾਰਡ ਕਲਾਈਵ ਦੇ ਰੋਹੀਲੇ ਜੱਟਾਂ ਬਾਰੇ ਪ੍ਰਗਟਾਏ ਗਏ ਵਿਚਾਰਾਂ ਤੋਂ ਅੰਗਰੇਜ਼ਾਂ ਦੀ ਦੋਰੰਗਲੀ ਹੀ ਨਹੀਂ ਸਗੋਂ ਤਿੰਨ ਰੰਗਲੀ ਕੂਟਨੀਤੀ ਦਾ ਪਤਾ ਚਲ ਜਾਂਦਾ ਹੈ। ਇਹ ਲਿਖਤਾਂ ਇਸ ਗੱਲ ਵੱਲ ਵੀ ਸੰਕੇਤ ਕਰਦੀਆਂ ਹਨ ਕਿ ਅੰਗਰੇਜ਼ਾਂ ਦੀ ਕੂਟਨੀਤੀ ਕਿੰਨੀ ਖਤਰਨਾਕ ਤੇ ਚਲਾਕੀ ਭਰੀ ਸੀ ਕਿ ਉਹ ਕਿਤੇ ਅੱਗ ਲਾਉਣ ਅਤੇ ਕਿਤੇ ਅੱਗ ਬੁਝਾਉਣ ਦਾ ਭਰਮ ਭੁਲੇਖਾ ਪਾ ਕੇ ਇਕ ਦੂਜੇ ਨੂੰ ਲੜਾਉਣ ਵਿਚ ਕਿੰਨੇ ਮਾਹਿਰ ਸਨ, ਇਸੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨਾਲ ਉਨ੍ਹਾਂ ਨੇ ਪਿਛੋਂ ਜਾ ਕੇ ਸਾਰੇ ਹਿੰਦੁਸਤਾਨ ਨੂੰ ਬਰਤਾਨਵੀ ਸਾਮਰਾਜ ਦੀ ਗੁਲਾਮ ਬਸਤੀ ਬਣਾ ਲਿਆ ਸੀ।

[1*]ਦੁਰਾਨੀ ਦੀ ਹਾਲਤ ਬੜੀ ਕਮਜੋਰ ਹੋ ਚੁੱਕੀ ਸੀ। ਉਸਨੇ ਨੂਰ ਮਹਿਲ ਆ ਡੇਰਾ ਲ਼ਾਇਆ, ਜਿੱਥੇ ਸ਼ਾਹ ਵਲੀ ਖਾਂ ਦੀ ਵਿਚੋਲਗੀ ਕਾਰਨ ਕੁਝ ਜਿਮੀਂਦਾਰਾਂ ਨੇ ਉਸਦੀ ਹਾਜਰੀ ਜ਼ਰੂਰ ਭਰੀ ਅਤੇ ਨਜ਼ਰਾਨੇ ਵੀ ਭੇਟ ਕੀਤੇ ਪਰ ਅਹਿਮਦ ਸ਼ਾਹ ਦੀ ਕਮਜ਼ੋਰ ਹਾਲਤ ਬਾਰੇ ਇਕ ਹੋਰ ਮੁਰਾਸਲੇ ਵਿਚ ਉਲੇਖ ਕੀਤਾ ਗਿਆ ਹੈ। "ਸ਼ਾਹ (ਅਬਦਾਲੀ) ਦਾ ਦਬਦਬਾ ਕੇਵਲ ਉਸੇ ਇਲਾਕੇ ਤਕ ਹੀ ਸੀਮਤ ਹੈ, ਜਿੱਥੇ ਉਸਦੀਆਂ ਫੌਜਾਂ ਨੇ ਟਿਕਾਣੇ ਮੱਲੇ ਹੋਏ ਸਨ। ਇਸ ਇਲਾਕੇ ਦੇ ਜਿਮੀਂਦਾਰ, ਸਿੱਖਾਂ ਨੂੰ ਇੰਨਾ ਪਿਆਰ ਕਰਦੇ ਹਨ ਕਿ ਉਸ (ਸ਼ਾਹੀ ਫੌਜ) ਵਲੋਂ ਤਬਾਹ ਕੀਤੇ ਗਏ ਸਥਾਨਾਂ ਦੀ ਰਾਤੋਂ ਰਾਤ ਮੁਰੰਮਤ ਕਰ ਦਿੰਦੇ ਹਨ ਅਤੇ ਸਿੰਘਾਂ ਦੀ ਖਾਤਰ ਤਵਾਜੋਂ ਵੀ ਕਰਦੇ ਸਨ। ਰਾਤ ਬਿਸਰਾਮ ਕਰਕੇ ਸਿੰਘ ਫਿਰ ਦਿਨ ਚੜ੍ਹਨ ਨਾਲ ਸ਼ਾਹੀ ਸੈਨਾ ਨੂੰ ਜਿੱਚ ਤੇ ਪ੍ਰੇਸ਼ਾਨ ਕਰਨ ਲੱਗ ਪੈਂਦੇ ਹਨ। ਜੇ ਸ਼ਾਹ ਦੋਵਾਂ ਦਰਿਆਵਾਂ ਸਤਲੁਜ ਤੇ ਬਿਆਸ ਦੇ ਦਰਮਿਆਨ ਹੀ ਟਿਕਿਆ ਰਿਹਾ ਤਾਂ ਉਹ ਉਸਦੀ ਸੈਨਾ ਦੇ ਨੇੜੇ ਤੇੜੇ ਰਹਿ ਕੇ ਇਸੇ ਯੁੱਧ ਨੀਤੀ ਨੂੰ ਹੀ ਜਾਰੀ ਰੱਖਣਗੇ ਪਰ ਜੇ ਉਹ ਸਰਹਿੰਦ ਵਲ ਅੱਗੇ ਵਧਿਆ ਤਾਂ ਸਿੱਖ ਉਸ ਦੁਆਰਾ ਛੱਡੇ ਇਲਾਕੇ ਉੱਤੇ ਮੁੜ ਕਾਬਜ਼ ਹੋ ਜਾਣਗੇ। ਜਦੋਂ ਅਬਦਾਲੀ ਨੇ ਮਾਛੀਵਾੜੇ ਤੋਂ ਸਤਲੁਜ ਨੂੰ ਪਾਰ ਕੀਤਾ ਤਾਂ ਸਿੰਘਾਂ ਨੇ ਉਸਨੂੰ ਫਿਰ ਜਿੱਚ ਕਰਨਾ ਸ਼ੁਰੂ ਕਰ ਦਿੱਤਾ।

ਅਹਿਮਦ ਸ਼ਾਹ ਨੇ ਸਿੰਘਾਂ ਨੂੰ ਦਬਾਉਣ ਦੇ ਬੜੇ ਯਤਨ ਕੀਤੇ ਪਰ ਉਸਦੀ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 242



Sri Satguru Jagjit Singh Ji Elibrary NamdhariElibrary@gmail.com

ਕੋਈ ਪੇਸ਼ ਨਾ ਗਈ ਕਿਉਂ ਜੋ ਸਿੰਘ ਉਸ ਨਾਲ ਸਿੱਧੀ ਟੱਕਰ ਨਹੀਂ ਸਨ ਲੈਂਦੇ। ਸਿੰਘਾਂ ਨੇ ਨਾਸਿਰ ਖ਼ਾਂ ਦੀ ਸੈਨਾ ਦਾ ਚੋਖਾ ਨੁਕਸਾਨ ਕੀਤਾ ਅਤੇ ਅਹਿਮਦਸ਼ਾਹ ਉਸ ਨਾਲ ਇੰਨਾ ਨਰਾਜ਼ ਹੋਇਆ ਕਿ ਉਸਨੇ ਉਸਨੂੰ ਆਪਣੀ ਹਾਜਰੀ ਭਰਨ ਤੋਂ ਵੀ ਰੋਕ ਦਿੱਤਾ। ਅਹਿਮਦਸ਼ਾਹ ਮਕੜੀ, ਗਿੱਦਾਹ, ਪਟਿਆਲ ਤੇ ਬਨੂੜ ਤੋਂ ਹੁੰਦਾ ਹੋਇਆ ਇਸਮਾਇਲਾਬਾਦ ਪੁੱਜਾ, ਜਿੱਥੇ ਨਾਜੀਬ-ਉਦ-ਦੌਲਾ ਵੀ ਉਸਨੂੰ ਆ ਮਿਲਿਆ। ਸ਼ਾਹ ਨੇ ਬਹੁਤ ਸਾਰੇ ਜ਼ਿਮੀਂਦਾਰਾਂ ਦੇ ਵਕੀਲਾਂ ਉੱਤੇ ਇਸ ਗੱਲੋਂ ਨਾਰਾਜ਼ਗੀ ਜ਼ਾਹਿਰ ਕੀਤੀ ਕਿ ਸਿੱਖਾਂ ਵਿਰੁੱਧ ਮੁਹਿੰਮਾਂ ਵਿਚ ਕੋਈ ਵੀ ਉਸ ਦੀ ਮਦਦ ਲਈ ਨਹੀਂ ਆਇਆ ਤੇ ਹੁਣ ਉਹ ਦਿੱਲੀ ਤੇ ਚੜ੍ਹਾਈ ਕਰੇਗਾ। ਨਾਜੀਬ-ਉਦ-ਦੌਲਾ ਨੇ ਯਾਕੂਬ ਅਲੀ ਖ਼ਾਂ ਅਤੇ ਰਾਉ ਮੇਘਰਾਜ ਨਾਲ ਛੇ ਘੰਟਿਆਂ ਦੇ ਸਲਾਹ ਮਸ਼ਵਰੇ ਪਿਛੋਂ ਅਹਿਮਦ ਸ਼ਾਹ ਅੱਗੇ ਇਹ ਅਰਜ਼ ਕੀਤੀ - "ਜੇ ਹਜੂਰ ਦਿੱਲੀ ਵੱਲ ਅੱਗੇ ਵੱਧੇ ਤਾਂ ਇਲਾਕੇ ਦੇ ਸਾਰੇ ਜਿਮੀਂਦਾਰ ਅਤੇ ਲੋਕ ਡਰਦੇ ਹੋਏ ਉਥੋਂ ਪਹਿਲਾਂ ਹੀ ਭਜ ਜਾਣਗੇ ਤੇ ਸਾਰਾ ਮੁਲਕ ਉਜੜ ਜਾਵੇਗਾ। ਮੈਂ ਹਜੂਰ ਦੇ ਸਾਹਮਣੇ ਪੇਸ਼ ਹੋ ਗਿਆ ਹਾਂ ਅਤੇ ਮੈਂ ਤੁਹਾਨੂੰ ਆਪਣੀ ਰਾਏ ਦੱਸ ਦਿੱਤੀ ਹੈ। ਜੇ ਤੁਸੀਂ ਅੱਗੇ ਜਾਣਾ ਹੀ ਹੈ ਤਾਂ ਮੇਰੀ ਇਹ ਬੇਨਤੀ ਹੈ ਕਿ ਪਹਿਲਾਂ ਮੇਰੀ ਬਲੀ ਲੈ ਲਉ ਤੇ ਫਿਰ ਜੋ ਹਜੂਰ ਦੀ ਮਰਜ਼ੀ ਹੈ ਕਰੋ।"

ਨਾਜੀਬ-ਉਦ-ਦੌਲਾ ਦੀਆਂ ਦਲੀਲਾਂ ਨੂੰ ਸੁਣ ਕੇ ਅਤੇ ਪਿਛਲੇ ਬੰਨਿਉਂ ਸਿੱਖਾਂ ਵਲੋਂ ਕੀਤੇ ਜਾ ਰਹੇ ਧਾਵਿਆਂ ਕਾਰਨ ਸ਼ਾਹ ਨੇ ਵਾਪਿਸ ਜਾਣ ਦਾ ਹੀ ਇਰਾਦਾ ਬਣਾ ਲਿਆ। ਇਸਮਾਇਲਾਬਾਦ ਤੋਂ ਉਹ 18 ਮਾਰਚ ਨੂੰ ਅੰਬਾਲਾ ਆ ਗਿਆ ਅਤੇ ਉਥੇ ਆ ਕੇ ਉਸਨੇ ਪਟਿਆਲੇ ਦੇ ਰਾਜੇ ਅਮਰ ਸਿੰਘ ਕੋਲੋਂ 9 ਲੱਖ ਦੀ ਰਕਮ ਵਸੂਲ ਕੀਤੀ।

ਅਹਿਮਦ ਸ਼ਾਹ ਨੇ ਅਮਰ ਸਿੰਘ ਨੂੰ ਰਾਜਾ-ਏ-ਰਾਜਗਾਨ ਦਾ ਖਿਤਾਬ ਬਖਸਿਆ। ਇਸ ਇਤਿਹਾਸਿਕ ਘਟਨਾ ਅਤੇ ਪਟਿਆਲਾ ਨਰੇਸ਼ ਅਮਰ ਸਿੰਘ ਦੇ ਅਹਿਮਦਸ਼ਾਹ ਦੁਰਾਨੀ ਦੇ ਸਭ ਤੋਂ ਪ੍ਰਮੁੱਖ ਚਹੇਤੇ ਤੇ ਬਾਮਜ਼ਈ ਹੋਣ ਬਾਰੇ ਬੜੇ ਦਿਲਚਸਪ ਵੇਰਵੇ ਮਿਲਦੇ ਹਨ।

[1*]"ਅਹਿਮਦ ਸ਼ਾਹ ਹੁਣ ਸਰਹਿੰਦ ਪਹੁੰਚ ਗਿਆ ਅਤੇ ਰਾਹ ਵਿਚ ਉਸਨੇ ਨਾਜਿਬ ਉਦ-ਦੌਲਾ ਨੂੰ ਬੜੀਆਂ ਬਖਸ਼ਿਸ਼ਾਂ ਕੀਤੀਆਂ। ਨਾਜਿਬ-ਉਦ-ਦੌਲਾ ਨੇ ਸ਼ਾਹ ਨੂੰ 2 ਲੱਖ ਬਣਦੀ ਰਕਮ ਭੇਂਟ ਕੀਤੀ। ਸ਼ਾਹ ਨੇ ਉਸਨੂੰ ਤੁਰਕੀ ਘੋੜਾ ਭੇਟ ਕੀਤਾ ਅਤੇ ਉਸਨੂੰ ਹਿੰਦੁਸਤਾਨ ਦੀ ਸਰਵ-ਉੱਚ ਸਤਾ ਉਤੇ ਨਿਯੁਕਤ ਕਰ ਦਿੱਤਾ ਅਤੇ ਜ਼ਬੀਤਾ ਖ਼ਾਂ ਨੂੰ ਵਜੀਰ ਸ਼ਾਹ ਵਾਲੀ ਖਾਂ ਦਾ ਸਹਿਕਰਮੀ ਥਾਪ ਦਿੱਤਾ। ਨਾਜਿਬ ਨੇ ਸ਼ਾਹ ਨੂੰ ਆਪਣੇ ਉੱਤੇ ਮਿਹਰਬਾਨ ਵੇਖ ਕੇ ਜ਼ਬੀਤਾ ਖਾ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 243



Sri Satguru Jagjit Singh Ji Elibrary NamdhariElibrary@gmail.com

ਨੂੰ ਸਰਹਿੰਦ ਦਾ ਇਲਾਕਾ ਦੇਣ ਲਈ ਤਜਵੀਜ਼ ਪੇਸ਼ ਕੀਤੀ। ਪਰ ਸ਼ਾਹ ਨੇ ਇਸਦਾ ਕੋਈ ਉੱਤਰ ਨਾ ਦਿੱਤਾ ਪਰ ਕੁਝ ਹੋਰ ਸੋਚ ਕੇ ਅਹਿਮਦਸ਼ਾਹ ਨੇ ਇਹ ਗੱਲ ਪ੍ਰਵਾਨ ਕਰ ਲਈ ਅਤੇ ਜ਼ਬੀਤਾ ਖ਼ਾਂ ਨੂੰ ਸਰਹਿੰਦ ਦੇ ਕਿਲ੍ਹੇ ਦਾ ਅਧਿਕਾਰ ਸੌਂਪ ਦਿੱਤਾ।

ਅਮਰ ਸਿੰਘ ਜੋ ਇਸ ਇਲਾਕੇ ਦਾ ਮਾਲਿਕ ਸੀ, ਨੂੰ ਨਾਜਿਬ-ਉਦ-ਦੌਲਾ ਨੇ ਨਜ਼ਰਬੰਦ ਕਰ ਲਿਆ। ਨਾਜਿਬ ਨੇ ਇਕ ਦਿਨ ਅਮਰ ਸਿੰਘ ਨੂੰ ਕਿਹਾ "ਰਾਜਾ ! ਤੇਰਾ ਪਟਿਆਲੇ ਦਾ ਕਿਲ੍ਹਾ ਕਿਸੇ ਕੰਮ ਦਾ ਨਹੀਂ। ਇਸਦੇ ਬਦਲੇ ਮੈਂ ਤੈਨੂੰ ਪੱਥਰਗੜ੍ਹ ਦਾ ਕਿਲ੍ਹਾ ਦਿੰਦਾ ਹਾਂ ਜੋ ਬਹੁਤ ਸੁਰੱਖਿਅਤ ਹੈ।" ਅਮਰ ਸਿੰਘ ਨੇ ਇਹ ਗੱਲ ਭਾਂਪ ਲਈ ਕਿ ਉਸਨੂੰ ਨਾਜ਼ਿਬਾਬਾਦ ਇਕ ਕੈਦੀ ਵਜੋਂ ਲਿਜਾਇਆ ਜਾਵੇਗਾ। ਉਹ ਬੜਾ ਨਿਰਾਸ਼ ਹੋਇਆ ਅਤੇ ਉਸਨੂੰ ਆਪਣੀ ਜਾਨ ਦੀ ਵੀ ਚਿੰਤਾ ਲੱਗ ਗਈ ਪਰ ਉਸਦੀ ਦਾਦੀ ਰਾਣੀ ਫੱਤੋ, ਜੋ ਆਲਾ ਸਿੰਘ ਦੀ ਵਿਧਵਾ ਸੀ ਅਤੇ ਬੜੀ ਸੂਝਵਾਨ ਇਸਤਰੀ ਸੀ, ਵਜੀਰ ਸ਼ਾਹ ਵਲੀ ਖ਼ਾਂ ਨੂੰ ਨਿੱਜੀ ਤੌਰ ਤੇ ਜਾ ਮਿਲੀ ਅਤੇ ਉਸਦੇ ਪੈਰਾਂ ਉੱਤੇ ਆਪਣੇ ਸਿਰ ਦੀ ਚਾਦਰ ਰੱਖ ਕੇ ਨਾਜਿਬ ਦੀ ਕੈਦ ਤੋਂ ਅਮਰ ਸਿੰਘ ਨੂੰ ਰਿਹਾਅ ਕਰਵਾਉਣ ਲਈ ਬੇਨਤੀ ਕੀਤੀ। ਉਸ ਨੇ ਵਜੀਰ ਨੂੰ ਨਜ਼ਰ ਵਜੋਂ ਕੁਝ ਹੋਰ ਕੀਮਤੀ ਵਸਤਾਂ ਵੀ ਭੇਟ ਕੀਤੀਆਂ। ਵਜੀਰ ਨੇ ਸ਼ਾਹ ਨੂੰ ਰਜ਼ਾਮੰਦ ਕਰਾ ਲਿਆ ਕਿ ਉਹ ਅਮਰ ਸਿੰਘ ਨੂੰ ਸਰਹਿੰਦ ਦਾ ਫ਼ੌਜਦਾਰ ਥਾਪ ਦੇਵੇ, ਜੋ ਉਹਦੇ ਲਈ ਸਭ ਤੋਂ ਯੋਗ ਹੈ ਅਤੇ ਉਹ ਸਤਲੁਜ ਤੋਂ ਪਾਰ ਦੇ ਸਿੱਖਾਂ ਨੂੰ ਠੱਲ੍ਹ ਪਾ ਸਕਦਾ ਹੈ। ਅਗਲੀ ਭਲਕ ਸ਼ਾਹ ਨੇ ਅਮਰ ਸਿੰਘ ਨੂੰ ਨਾਜਿਬ-ਉਦ-ਦੌਲਾ ਦੇ ਘਰ ਤੋਂ ਬੁਲਾ ਲਿਆ ਅਤੇ ਉਸਨੂੰ ਸ਼ਾਹੀ ਸਰੋਪਾ, ਝੰਡਾ ਅਤੇ ਮਛਲੀ ਵਾਲਾ ਚਿੰਨ੍ਹ ਬਖਸ਼ ਕੇ ਸਰਹਿੰਦ ਦਾ ਸੂਬੇਦਾਰ ਥਾਪ ਦਿੱਤਾ ਅਤੇ ਰਾਜਾ-ਏ-ਰਾਜਗਾਨ ਦਾ ਖਿਤਾਬ ਵੀ ਬਖਸਿਆ।

ਖੁਸ਼ਵਕਤ ਰਾਏ ਅਨੁਸਾਰ ਅਮਰ ਸਿੰਘ ਦੇ ਸਿਰ ਇਸ ਗੱਲ ਦਾ ਵੀ ਸਿਹਰਾ ਬੱਝਦਾ ਹੈ ਕਿ ਉਸਨੇ ਅਫ਼ਗਾਨਾਂ ਕੋਲੋਂ ਬਹੁਤ ਸਾਰੇ ਕੈਦੀਆਂ ਨੂੰ ਰਿਹਾਅ ਕਰਵਾ ਲਿਆ ਸੀ। ਅਮਰ ਸਿੰਘ ਅਬਦਾਲੀ ਦਾ ਸਭ ਤੋਂ ਵਫ਼ਾਦਾਰ ਸਹਿਯੋਗੀ ਬਣ ਗਿਆ ਅਤੇ ਆਪਣੇ ਆਪ ਨੂੰ ਸ਼ਾਹ ਵਲੀ ਖਾਂ ਦੀ ਨਿਆਈਂ ਅਮਰ ਸਿੰਘ ਬਾਮੀਜ਼ੈ (Bamizai) ਅਖਵਾਉਣ ਲੱਗਾ।" ਅਮਰ ਸਿੰਘ ਨੇ ਆਪਣੀ ਮੋਹਰ ਉੱਤੇ ਬਾਮੀਜ਼ੈ 'Amar Singh Bamizai' ਲਿਖਵਾ ਲਿਆ ਸੀ।

[1*]ਹੁਸੈਨ ਸ਼ਾਹੀ ਦੇ ਕਰਤਾ ਦਾ ਕਥਨ ਹੈ - "ਉਸ ਦਿਨ ਤੋਂ ਲੈ ਕੇ ਅਜ 1798 ਤਕ ਸ਼ਾਹ ਦਾ ਸਿੱਕਾ ਹੀ ਅਮਰ ਸਿੰਘ ਦੇ ਪਰਿਵਾਰ ਵਿਚ ਪ੍ਰਚਲਿਤ ਰਿਹਾ ਹੈ। ਜਿਹੜਾ ਵੀ ਉਸਦਾ ਉੱਤਰਅਧਿਕਾਰੀ ਬਣਿਆ। ਉਸਨੇ ਉਸੇ ਸਿੱਕੇ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 244



Sri Satguru Jagjit Singh Ji Elibrary NamdhariElibrary@gmail.com

ਨੂੰ ਹੀ ਜਾਰੀ ਕੀਤਾ ਅਤੇ ਆਪਣੇ ਆਪ ਨੂੰ ਦੁਰਾਨੀ ਸ਼ਹਿਨਸ਼ਾਹ ਦੀ ਹੀ ਪਰਜਾ ਸਮਝਿਆ। ਅਮਰ ਸਿੰਘ ਨੇ ਆਪਣੇ ਸਿੱਕੇ ਉੱਤੇ ਅਮਰ ਸਿਘ ਬਾਮੀਜ਼ੈ (Bamizai) ਅੰਕਿਤ ਕਰਵਾਇਆ ਕਿਉਂ ਜੋ ਸ਼ਾਹ ਵਲੀ ਖ਼ਾਂ ਵੀ ਅਫ਼ਗਾਨ ਦਾ ਬਾਮੀਜ਼ੈ ਸੀ।"

[1]*ਸਰਹਿੰਦ ਤੋਂ ਅਬਦਾਲੀ ਨੇ ਮਾਛੀਵਾੜੇ ਪਹੁੰਚ ਕੇ ਕਈ ਮੁਹਿੰਮਾਂ ਸਿੱਖਾਂ ਵਿਰੁੱਧ ਭੇਜੀਆਂ ਅਤੇ ਡੇਢ ਮਹੀਨਾ ਇਸ ਸਥਾਨ ਤੇ ਰੁਕਿਆ ਰਿਹਾ। ਉਸਨੇ ਮਨੀਮਾਜਰੇ ਤੇ ਹੋਰ ਇਲਾਕਿਆਂ ਵਿਚ ਜਿੱਥੇ ਸਿੰਘਾਂ ਦੇ ਛੁਪਣ ਸਥਾਨ ਸਨ, ਵੱਲ ਅਫ਼ਜ਼ਲ ਖਾਂ ਨੂੰ ਭੇਜਿਆ। ਅਫ਼ਜ਼ਲ ਖ਼ਾਂ ਨੇ ਸਿੱਖਾਂ ਦਾ ਬਹੁਤ ਜਾਨੀ ਨੁਕਸਾਨ ਕੀਤਾ ਅਤੇ ਕਈ ਇਸਤਰੀ ਪੁਰਸ਼ ਬੰਦੀ ਬਣਾਕੇ ਲੈ ਆਇਆ, ਜਿਨ੍ਹਾਂ ਨੂੰ ਉਸਨੇ ਬੜੇ ਤੁੱਛ ਮੁੱਲ ਉੱਤੇ ਆਪਣੇ ਕੈਂਪ ਵਿਚ ਆ ਕੇ ਵੇਚ ਦਿੱਤਾ ਪਰ ਇਸ ਮੁਹਿੰਮ ਵਿਚ ਸਿੱਖਾਂ ਦਾ ਕੋਈ ਆਗੂ ਕਾਬੂ ਨਾ ਆਇਆ। ਇਸ ਤੋਂ ਪਿਛੋਂ ਉਸਨੇ ਆਨੰਦਪੁਰ ਅਤੇ ਕੀਰਤਪੁਰ ਵਿਚ ਤਬਾਹੀ ਮਚਾਈ ਅਤੇ ਕਤਲੇਆਮ ਕੀਤਾ। ਸ਼ਾਹ ਆਲਮ ਨੂੰ ਨਾਜੀਬ ਉਦ-ਦੌਲਾ ਨੇ ਇਕ ਮੁਰਾਸਲੇ ਵਿਚ ਲਿਖਿਆ ਸ਼ਾਹ ਨੇ ਕਾਫਰਾਂ ਦੇ ਧਾਰਮਿਕ ਸਥਾਨ ਮਾਖੋਵਾਲ (ਆਨੰਦਪੁਰ ਸਾਹਿਬ) ਤੇ ਚੜ੍ਹਾਈ ਕੀਤੀ, ਜਿੱਥੇ ਉਸ ਨੇ ਇਸ ਫਿਰਕੇ ਦੇ ਲੋਕਾਂ ਨੂੰ ਢੰਡ ਦੇਣਾ ਸ਼ੁਰੂ ਕੀਤਾ ਜੋ ਹਾਲੀਂ ਵੀ ਜਾਰੀ ਹੈ।

[1]*11 ਮਈ 1767 ਨੂੰ ਅਹਿਮਦ ਸ਼ਾਹ ਨੇ ਨਾਜਿਬ ਉਦ-ਦੌਲਾ ਦੀ ਖ਼ਰਾਬ ਸਿਹਤ ਨੂੰ ਵੇਖ ਕੇ ਉਸਨੂੰ ਛੁੱਟੀ ਦੇ ਦਿੱਤੀ ਪਰ ਸਿੰਘਾਂ ਨੇ ਅਬਦਾਲੀ ਦੇ ਟਿਕਾਣੇ ਨੂੰ ਨੇੜਿਉਂ ਹੀ ਪਾਰ ਕਰਕੇ ਸਰਹਿੰਦ ਦੇ ਇਲਾਕੇ ਨੂੰ ਲੁੱਟ ਲਿਆ। ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਰੋਹੀ ਦੇ ਜੰਗਲ ਵਿਚ ਛੱਡ ਕੇ ਆਪ ਬਰੀਆਂ ਘਾਟ ਤੋਂ ਜਮਨਾ ਦਰਿਆ ਨੂੰ ਪਾਰ ਕਰਕੇ ਨਾਜਿਬ ਦੇ ਇਲਾਕੇ ਉੱਤੇ ਟੁੱਟ ਪਏ। ਇਸ ਇਲਾਕੇ ਦਾ ਬਚਾਅ ਕਰਨ ਲਈ ਕੋਈ ਵੀ ਸਿੱਖਾਂ ਦਾ ਟਾਕਰਾ ਕਰਨ ਵਾਲਾ ਨਹੀਂ ਸੀ। ਉਨ੍ਹਾਂ ਨੇ ਅਮਬੇਤਾ ਅਤੇ ਨਨੌਤਾ ਵਿਚ ਜਾ ਤਬਾਹੀ ਮਚਾਈ। ਬਾਰਾਹ ਸਾਦਤ ਤੋਂ ਹੁੰਦੇ ਹੋਏ ਉਨ੍ਹਾਂ ਨੇ ਮੇਰਠ ਨੂੰ ਘੇਰਾ ਪਾ ਲਿਆ। ਜਦੋਂ ਨਾਜੀਬ ਨੂੰ ਪਤਾ ਲੱਗਾ ਤਾਂ ਉਸ ਨੇ ਅਹਿਮਦਸ਼ਾਹ ਤੋਂ ਸਹਾਇਤਾ ਦੀ ਮੰਗ ਕੀਤੀ, ਜਿਸਨੇ ਜਹਾਨ ਖ਼ਾਂ ਨੂੰ ਭੇਜਿਆ ਉਹ ਜ਼ਬੀਤਾ ਖ਼ਾਂ ਨੂੰ ਨਾਲ ਲੈ ਕੇ ਤਿੰਨਾਂ ਦਿਨਾਂ ਵਿਚ ਮੇਰਠ ਪਹੁੰਚ ਗਿਆ।

ਸਿੰਘਾਂ ਨੂੰ ਉਸਦੇ ਆਉਣ ਦੀ ਸੂਹ ਮਿਲ ਗਈ ਸੀ। ਉਨ੍ਹਾਂ ਵਿਚੋਂ ਬਹੁਤ ਸਾਰੇ ਸਿੰਘ ਉਥੋਂ ਖਿਸਕ ਗਏ ਅਤੇ ਜਿਹੜੇ ਰਹਿ ਗਏ ਉਨ੍ਹਾਂ ਦਾ ਬਹੁਤ ਜਾਨੀ ਨੁਕਸਾਨ ਹੋਇਆ। ਕਈ ਸਿੱਖ ਸ਼ਾਮਲੀ ਅਤੇ ਕੈਰਾਨਾਂ ਦੇ ਨੇੜੇ ਤੇੜੇ ਘੇਰੇ ਗਏ।

[1]* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਵ ਦ ਸਿੱਖਸ, ਜਿਲਦ ਦੂਜੀ, ਪੰਨਾ 245



Sri Satguru Jagjit Singh Ji Elibrary NamdhariElibrary@gmail.com

ਸਿੱਖਾਂ ਦਾ ਆਗੂ ਮਾਰਿਆ ਗਿਆ ਅਤੇ ਇਸ ਲੜਾਈ ਵਿਚ ਬਘੇਲ ਸਿੰਘ ਵੀ ਜ਼ਖਮੀ ਹੋ ਗਿਆ। ਦੂਜੇ ਬੰਨੇ ਸਿੰਘਾਂ ਹੱਥੋਂ ਬਹੁਤ ਸਾਰੇ ਮੁਸਲਮਾਨ ਵੀ ਮਾਰੇ ਗਏ। ਇਨ੍ਹਾਂ ਵਿਚੋਂ ਮੁਹੰਮਦ ਖ਼ਾਂ ਦਾ ਪੁੱਤਰ, ਸ਼ੇਖ ਅੱਲ੍ਹਾ ਯਾਰ ਖ਼ਾਂ ਵੀ ਮਾਰਿਆ ਗਿਆ। ਮਸਕਿਨ ਦੇ ਕਹਿਣ ਅਨੁਸਾਰ-ਇਸ ਲੜਾਈ ਵਿਚ 9000 ਸਿੰਘ ਮਾਰੇ ਗਏ ਅਤੇ ਜੋ ਬਾਕੀ ਬਚੇ ਉਥੋਂ ਭੱਜ ਗਏ। ਸੱਤਾਂ ਦਿਨਾਂ ਪਿਛੋਂ ਇਹ ਸੈਨਾ ਅਹਿਮਦ ਸ਼ਾਹ ਦੀ ਛਾਉਣੀ ਵਿਚ ਵਾਪਿਸ ਪਰਤ ਆਈ।

ਨਾਜਿਬ ਸਤਲੁਜ ਤੇ ਸ਼ਾਹ ਨੂੰ ਛੱਡ ਕੇ ਮੁਸਤਫਾਬਾਦ ਹੁੰਦਾ ਹੋਇਆ ਸਿੱਖਾਂ ਦੇ ਇਲਾਕਿਆਂ ਨੂੰ ਲਤਾੜਦਾ ਹੋਇਆ ਸਰਸਵਤੀ ਨਦੀ ਤੱਕ ਪਹੁੰਚ ਗਿਆ। 30 ਜੁਲਾਈ ਨੂੰ ਉਹ ਦਿੱਲੀ ਪੁੱਜ ਗਿਆ। ਦੂਜੇ ਬੰਨੇ ਅਹਿਮਦ ਸ਼ਾਹ ਦੁਰਾਨੀ ਗਰਮੀ ਦੇ ਮੌਸਮ ਅਤੇ ਚੜ੍ਹ ਰਹੇ ਪੰਜਾਬ ਦੇ ਦਰਿਆਵਾਂ ਨੂੰ ਵੇਖ ਕੇ ਵਾਪਿਸ ਆਪਣੇ ਦੇਸ਼ ਨੂੰ ਪਰਤ ਗਿਆ। ਰਾਹ ਵਿਚ ਸਿੰਘਾਂ ਦੇ ਦਲਾਂ ਨੇ ਉਸਨੂੰ ਬੜਾ ਪ੍ਰੇਸ਼ਾਨ ਕੀਤਾ। ਇਹ ਅਹਿਮਦ ਸ਼ਾਹ ਦਾ ਅੰਤਿਮ ਹੱਲਾ ਸੀ। ਜਿਸ ਵਿਚ ਉਸਨੂੰ ਸਿਵਾਏ ਬਦਨਾਮੀ ਦੇ ਹੋਰ ਕੁਝ ਵੀ ਹਾਸਿਲ ਨਹੀਂ ਸੀ ਹੋਇਆ। ਆਪਣੇ ਵੱਲੋਂ ਸਿੱਖਾਂ ਨੂੰ ਦਬਾਉਣ ਲਈ ਲਗਾਤਾਰ ਅਤੇ ਜ਼ੋਰਦਾਰ ਯਤਨ ਕਰਨ ਦੇ ਬਾਵਜੂਦ ਉਹ ਆਪਣੇ ਉਦੇਸ਼ ਵਿਚ ਸਫ਼ਲ ਨਾ ਹੋ ਸਕਿਆ। ਇਸ ਸਮੇਂ ਤੱਕ ਸਿੱਖ ਆਪਣੇ ਭਾਈਚਾਰੇ ਦੇ ਤਾਣੇ-ਬਾਣੇ ਨੂੰ ਬੜਾ ਮਜ਼ਬੂਤ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਦਿਲਾਂ ਵਿਚ ਅਜਿੱਤ ਭਾਵਨਾ ਦੀ ਦ੍ਰਿੜਤਾ ਵਿਆਪਕ ਸੀ।

ਅਹਿਮਦ ਸ਼ਾਹ ਅਬਦਾਲੀ ਦੇ ਵਾਪਿਸ ਚਲੇ ਜਾਣ ਪਿਛੋਂ ਸਿੰਘਾਂ ਦੇ ਦਲ ਸਾਰੇ ਇਲਾਕਿਆਂ ਵਿਚ ਫੈਲ ਗਏ ਅਤੇ ਉਨ੍ਹਾਂ ਨੇ ਮੁੜ ਇਨ੍ਹਾਂ ਇਲਾਕਿਆਂ ਉੱਤੇ ਕਬਜ਼ੇ ਕਰ ਲਏ। ਗੁਜਰ ਸਿੰਘ, ਲਹਿਣਾ ਸਿੰਘ ਤੇ ਸੋਭਾ ਸਿੰਘ ਨੇ ਲਾਹੌਰ ਦੇ ਨੇੜੇ ਸ਼ਾਲੀਮਾਰ ਬਾਗ ਵਿਚ ਆ ਡੇਰੇ ਲਾਏ ਅਤੇ ਦੁਰਾਨੀ ਦੇ ਥਾਪੇ ਗਵਰਨਰ ਦਾਦਨ ਖ਼ਾਂ ਨੂੰ ਲਾਹੌਰ ਨੂੰ ਖਾਲੀ ਕਰ ਦੇਣ ਦਾ ਸੱਦਾ ਭੇਜਿਆ। ਦਾਦਨ ਖ਼ਾਂ ਨੇ ਸ਼ਹਿਰ ਦੇ ਪਤਵੰਤਿਆਂ ਦੀ ਸਭਾ ਬੁਲ੍ਹਾ ਕੇ ਉਨ੍ਹਾਂ ਦੀ ਸਲਾਹ ਪੁੱਛੀ। ਉਨ੍ਹਾਂ ਨੇ ਸਰਬਸੰਮਤੀ ਨਾਲ ਉਸਨੂੰ ਇਹ ਮਸ਼ਵਰਾ ਦਿੱਤਾ ਕਿ ਉਹ ਸਿੱਖਾਂ ਦੇ ਰਾਜ ਵਿਚ ਪੂਰੀ ਤਰ੍ਹਾਂ ਖੁਸ਼ ਤੇ ਸੰਤੁਸ਼ਟ ਹਨ। ਦਾਦਨ ਖ਼ਾਂ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਦੇ ਗੁੱਸੇ ਤੋਂ ਬਚ ਕੇ ਉਨ੍ਹਾਂ ਨਾਲ ਸੁਲ੍ਹਾ ਸਫਾਈ ਕਰਕੇ ਜਾਗੀਰ ਜਾਂ ਕੋਈ ਹੋਰ ਰਿਆਇਤਾਂ ਲੈ ਕੇ ਸ਼ਹਿਰ ਛੱਡ ਜਾਵੇ। ਜੇ ਉਹ ਅਜਿਹਾ ਨਹੀਂ ਕਰੇਗਾ ਤਾਂ ਲੋਕ ਆਪ ਹੀ ਸ਼ਹਿਰ ਦੇ ਦਰਵਾਜ਼ੇ ਸਿੰਘਾਂ ਦੇ ਸੁਆਗਤ ਲਈ ਖੋਲ੍ਹ ਦੇਣਗੇ ਜਾਂ ਫਿਰ ਸਿੰਘ ਆਪ ਹੀ ਸ਼ਹਿਰ ਦੀਆਂ ਦੀਵਾਰਾਂ ਪਾੜ ਕੇ ਅੰਦਰ ਆ ਵੜਨਗੇ।"

ਦਾਦਨ ਖ਼ਾਂ ਉਨ੍ਹਾਂ ਦੀ ਸਲਾਹ ਮੰਨ ਕੇ ਸਿੰਘਾਂ ਦੇ ਡੇਰੇ ਪੁੱਜ ਗਿਆ। ਸਿੰਘਾਂ ਨੇ ਉਸ ਨਾਲ ਬੜਾ ਚੰਗਾ ਸਲੂਕ ਕੀਤਾ। ਉਸਨੂੰ ਅਦਬ-ਸਤਿਕਾਰ



Sri Satguru Jagjit Singh Ji Elibrary NamdhariElibrary@gmail.com

ਦਿੱਤਾ। ਉਸਨੂੰ 20 ਰੁਪਏ ਰੋਜ਼ਾਨਾ ਭੱਤਾ ਦੇ ਕੇ ਤੋਰ ਦਿੱਤਾ ਅਤੇ ਆਪ ਸ਼ਹਿਰ ਉਤੇ ਕਾਬਜ਼ ਹੋ ਗਏ।

[1*]ਇਸ ਸਮੇਂ ਸਿੰਘਾਂ ਦੇ ਦਲਾਂ ਨੇ ਹੁਣ ਉਨ੍ਹਾਂ ਇਲਾਕਿਆਂ ਨੂੰ ਸਰ ਕਰਨਾ ਸ਼ੁਰੂ ਕਰ ਦਿੱਤਾ, ਜਿਹੜੇ ਹਾਲੀ ਉਨ੍ਹਾਂ ਦੇ ਕਬਜ਼ੇ ਵਿਚ ਨਹੀਂ ਸਨ ਆਏ। ਪੱਛਮ ਵਿਚ ਸ. ਗੁੱਜਰ ਸਿੰਘ ਲੂਣ ਦੀਆਂ ਖਾਨਾਂ ਦੇ ਇਲਾਕੇ ਤੱਕ ਪੁੱਜ ਗਿਆ ਅਤੇ ਗੱਖੜ ਜੰਜੂਆਂ ਅਤੇ ਅਵਾਨ ਕਬੀਲਿਆਂ ਨੂੰ ਹਰਾ ਕੇ ਇਸ ਇਲਾਕੇ ਵਿਚ ਮਿਲਖਾ ਸਿੰਘ ਨੂੰ ਆਪਣਾ ਸਰਬਰਾਹ ਥਾਪ ਦਿੱਤਾ, ਜਿਸਨੇ ਰਾਵਲ ਪਿੰਡੀ ਜੋ ਉਸ ਸਮੇਂ ਬੜਾ ਅਣਜਾਣਿਆ ਜਿਹਾ ਸਥਾਨ ਸੀ, ਦੀ ਕਿਲ੍ਹੇ ਬੰਦੀ ਕਰਕੇ ਆਲੇ-ਦੁਆਲੇ ਦੀ ਥਾਂ ਨੂੰ ਮੱਲ੍ਹ ਲਿਆ। ਜਿਥੋਂ ਉਸਨੂੰ 3 ਲੱਖ ਸਾਲਾਨਾ ਦੀ ਆਮਦਨ ਹੋਣ ਲੱਗੀ। ਉਸ ਦਾ ਦਬਦਬਾ ਹਜ਼ਾਰੇ ਤੱਕ ਦੇ ਕਬੀਲਿਆਂ ਉਤੇ ਵੀ ਕਾਇਮ ਹੋ ਗਿਆ। ਮਰੀ ਪਹਾੜਾਂ ਦਾ ਇਲਾਕਾ ਉਸ ਸਮੇਂ ਤਕ ਆਜ਼ਾਦ ਹੀ ਰਿਹਾ ਪਰ ਬਾਕੀ ਹੋਰ ਇਲਾਕੇ ਵਿਚ ਸਿੰਘਾਂ ਦਾ ਅਧਿਕਾਰ ਕਾਇਮ ਹੋ ਗਿਆ। ਪੂਰਬ ਦੇ ਖੇਤਰ ਵਿਚ ਭਾਈ ਦੇਸੂ ਸਿੰਘ ਨੇ ਕੈਥਲ ਦੇ ਇਲਾਕੇ ਉਤੇ ਸੰਖੇਪ ਜਿਹੇ ਸੰਘਰਸ਼ ਪਿਛੋਂ ਕਬਜ਼ਾ ਕਰ ਲਿਆ। ਭੀਖ ਬਖਸ਼ੀ ਇਸ ਸੰਘਰਸ਼ ਵਿਚ ਮਾਰਿਆ ਗਿਆ ਅਤੇ ਉਸਦੇ ਭਰਾ ਨਿਆਮਤ ਖ਼ਾਂ ਨਾਲ ਸਿੰਘਾਂ ਨੇ ਚੰਗਾ ਵਰਤਾਉ ਕੀਤਾ ਅਤੇ ਉਸਨੂੰ ਉਸ ਇਲਾਕੇ ਵਿਚ ਕੁਝ ਜਾਗੀਰ ਵੀ ਦੇ ਦਿੱਤੀ।

ਇਸੇ ਸਮੇਂ ਬੁੱਧ ਸਿੰਘ ਸਿੰਘ ਪੁਰੀਏ ਨੇ ਜਲੰਧਰ ਦੁਆਬ ਦੇ ਬਹੁਤ ਸਾਰੇ ਨਗਰਾਂ-ਜਲੰਧਰ, ਬੁਲੰਦਗੜ੍ਹ, ਹੈਬਤਪੁਰ, ਨੂਰਪੁਰ ਅਤੇ ਬਹਿਰਾਮਪੁਰ ਉਤੇ ਮੱਲ੍ਹਾਂ ਮਾਰ ਲਈਆਂ, ਜਿਸਦੀ ਸਾਲਾਨਾ ਆਮਦਨ ਤਿੰਨ ਲੱਖ ਦੇ ਕਰੀਬ ਸੀ।

ਡਾ. ਹਰੀ ਰਾਮ ਗੁਪਤਾ ਅਨੁਸਾਰ 1768 ਵਿਚ ਸਿੰਘਾਂ ਨੇ ਆਪਣੇ ਸਾਰੇ ਸ਼ਤਰੂਆਂ ਉਤੇ ਫਤੇਹ ਪਾ ਲਈ। ਉਨ੍ਹਾਂ ਨੇ ਪੰਜਾਬ ਦੇ ਬਹੁਤ ਵੱਡੇ ਭਾਗ ਉਤੇ ਕਬਜ਼ਾ ਕਰ ਲਿਆ। ਇਹ ਇਲਾਕੇ ਪੂਰਬ ਵਿਚ ਜਮਨਾ ਤੋਂ ਉਰਾਰ ਬੂੜੀਆ ਅਤੇ ਕਰਨਾਲ ਤੋਂ ਲੈ ਕੇ ਦਰਿਆ ਸਿੰਧ ਅਟੱਕ ਅਤੇ ਭੱਖਰ ਤਕ ਫੈਲੇ ਹੋਏ ਸਨ। ਦੱਖਣ ਵਿਚ ਮੁਲਤਾਨ ਅਤੇ ਸਿੰਧ ਦੇ ਨੇੜਲੇ ਇਲਾਕਿਆਂ ਤੋਂ ਲੈ ਕੇ ਉੱਤਰ ਵਿਚ ਸ਼ਿਵਾਲਿਕ ਪਰਬਤਮਾਲਾ ਦੇ ਭਿੰਬਰ, ਜੰਮੂ ਅਤੇ ਕਾਂਗੜੇ ਤਕ ਪਹੁੰਚ ਗਏ ਸਨ, ਜਿਨ੍ਹਾਂ ਵਿਚ ਕਿਤੇ ਕਿਤੇ ਕੁਝ ਅਜ਼ਾਦ ਇਲਾਕੇ ਵੀ ਕੁਝ ਮੁਖੀਆਂ ਅਧੀਨ ਸਨ।

### ਅਹਿਮਦਸ਼ਾਹ ਦੁਰਾਨੀ ਦੇ ਹੱਲਿਆਂ ਦਾ ਅੰਤ

ਅਹਿਮਦ ਸ਼ਾਹ ਦੁਰਾਨੀ ਨੇ 1768-69 ਵਿਚ ਮੁੜ ਪੰਜਾਬ ਵਲ ਚੜ੍ਹਾਈ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 248



Sri Satguru Jagjit Singh Ji Elibrary NamdhariElibrary@gmail.com

ਕੀਤੀ ਪਰ ਸਿੰਘਾਂ ਨੇ ਉਸਨੂੰ ਜੇਹਲਮ ਤੋਂ ਅੱਗੇ ਨਹੀਂ ਵਧਣ ਦਿੱਤਾ। ਦਸਵੀਂ ਵਾਰ ਉਸਦੇ ਰਾਹ ਵਿਚ ਉਸਦੇ ਲਸ਼ਕਰ ਉੱਤੇ ਸਰਹੱਦ ਦੇ ਆਜ਼ਾਦ ਕਬੀਲਿਆਂ ਨੇ ਹੱਲੇ ਬੋਲ ਦਿੱਤੇ। ਉਸ ਦੇ ਆਪਣੇ ਮੁਲਕ ਵਿਚ ਗੜਬੜ ਸੀ। ਉਸ ਕੋਲ ਆਪਣੀ ਫੌਜ ਦੀਆਂ ਤਨਖਾਹਾਂ ਤਾਰਨ ਲਈ ਰਕਮਾਂ ਨਹੀਂ ਸਨ। ਇਸ ਲਈ ਉਹ ਬਾਰ ਬਾਰ ਹਿੰਦੁਸਤਾਨ ਉੱਤੇ ਹੱਲੇ ਕਰਨ ਦੀ ਵਿਉਂਤ ਬਣਾ ਲੈਂਦਾ ਸੀ ਪਰ ਦਸਵੀਂ ਵਾਰ ਉਹ ਪਸ਼ੌਰ ਤੋਂ ਅੱਗੇ ਨਾ ਵੱਧ ਸਕਿਆ ਅਤੇ ਵਾਪਿਸ ਪਰਤ ਗਿਆ। ਫਿਰ 11ਵੀਂ ਵਾਰ ਉਸ ਨੇ ਮੁੜ ਚੜ੍ਹਾਈ ਕੀਤੀ ਪਰ ਇਸ ਵਾਰ ਵੀ ਉਸ ਨੂੰ ਨਿਰਾਸ਼ ਮੁੜਨਾ ਪਿਆ। ਉਸ ਨੂੰ ਪੈਸੇ ਦੀ ਭੁਖ ਸੀ ਜੋ ਪੂਰੀ ਨਾ ਹੋ ਸਕੀ। ਉਸਦੀ ਫੌਜ ਦਾ ਮੁਖੀ ਜਹਾਨ ਖ਼ਾਂ 17 ਮਾਰਚ 1770 ਨੂੰ ਫੌਤ ਹੋ ਗਿਆ।

"ਹੁਣ ਅਬਦਾਲੀ ਹਿੰਦੁਸਤਾਨ ਵਲ ਲਲਚਾਈਆਂ ਹੋਈਆਂ ਅੱਖਾਂ ਨਾਲ ਹੀ ਤੱਕ ਰਿਹਾ ਸੀ ਅਤੇ ਆਪਣੀਆਂ ਪਿਛਲੀਆਂ ਪ੍ਰਾਪਤੀਆਂ ਨੂੰ ਯਾਦ ਕਰ ਰਿਹਾ ਸੀ। ਉਸ ਕੋਲ ਹੁਣ ਸਿੰਘਾਂ ਨਾਲ ਲੜਨ ਲਈ ਤਾਕਤ ਬਾਕੀ ਨਹੀਂ ਸੀ ਰਹੀ। ਇਸ ਲਈ ਉਹ ਬੜੇ ਭਾਰੇ ਦਿਲ ਨਾਲ ਨਿਰਾਸ਼ ਹੋ ਕੇ ਆਪਣੇ ਵਤਨ ਨੂੰ ਪਰਤ ਗਿਆ।"

ਅਹਿਮਦਸ਼ਾਹ ਦੁਰਾਨੀ ਨੇ 12ਵੀਂ ਵਾਰ ਹਿੰਦ ਤੇ ਚੜ੍ਹਾਈ ਕਰਨ ਦਾ ਅਸਫਲ ਯਤਨ ਕੀਤਾ। ਕਦੀ ਉਹ ਗਰਮੀਆਂ ਵਿਚ ਅਤੇ ਕਈ ਬਰਸਾਤਾਂ ਵਿਚ ਹਮਲਾ ਕਰਨ ਦੀ ਸੋਚਦਾ ਰਿਹਾ। ਅਗਸਤ 1771 ਵਿਚ ਇਹ ਅਫ਼ਵਾਹ ਆਮ ਫੈਲ ਗਈ ਕਿ ਅਹਿਮਦ ਸ਼ਾਹ 12ਵੀਂ ਵਾਰ ਚੜ੍ਹਾਈ ਕਰਕੇ ਆ ਰਿਹਾ ਹੈ, ਪਰ ਜਰਨਲ ਬਾਰਕਰ ਨੇ ਝੰਡਾ ਸਿੰਘ ਨੂੰ ਪੱਤਰ ਲਿਖ ਕੇ ਸੂਚਿਤ ਕਰ ਦਿੱਤਾ ਸੀ ਕਿ ਅਹਿਮਦ ਸ਼ਾਹ ਅਬਦਾਲੀ ਹੁਣ ਸਿੰਘਾਂ ਤੋਂ ਡਰਦਾ ਹੋਇਆ ਅੱਗੇ ਨਹੀਂ ਵੱਧ ਸਕੇਗਾ। ਅਹਿਮਦ ਸ਼ਾਹ ਅਬਦਾਲੀ ਦਾ ਦੇਹਾਂਤ 14 ਅਪ੍ਰੈਲ 1772 ਨੂੰ ਹੋਇਆ, ਐਨ ਉਸੇ ਦਿਨ ਸਿੱਖਾਂ ਨੇ ਸਿੰਧ ਦਰਿਆ ਨੂੰ ਪਾਰ ਕਰਕੇ ਪੇਸ਼ਾਵਰ ਨੂੰ ਲੁਟ ਲਿਆ।

### ਸਿੰਘਾਂ ਦੀ ਜਿੱਤ ਦੇ ਡੰਕੇ

1708 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਵਿਖੇ ਰਹੱਸਮਈ ਢੰਗ ਨਾਲ ਗੁਪਤਵਾਸ ਵਿਚ ਚਲੇ ਜਾਣ ਪਿਛੋਂ 6 ਦਹਾਕਿਆਂ ਦੇ ਸਮੇਂ ਵਿਚ ਹੀ ਸਿੱਖਾਂ ਨੇ ਆਪਣੀ ਅਸਾਧਾਰਨ ਬੀਰਤਾ, ਅਦੁੱਤੀ ਕੁਰਬਾਨੀ, ਕਈ ਦਮਨਕਾਰੀ ਅਸਹਿ ਕਸ਼ਟ ਆਦਿ ਝੱਲਣ ਤੋਂ ਪਿਛੋਂ ਗੁਰੂ ਦੇ ਬਚਨਾਂ ਉਤੇ ਭਰੋਸਾ ਰੱਖ ਕੇ ਅਤੇ ਆਪਣੇ ਦੁਸ਼ਮਣਾਂ ਵਿਰੁੱਧ ਤਿੱਖਾ ਕ੍ਰਾਂਤੀਕਾਰੀ ਸੰਗਰਾਮ ਕਰਨ ਪਿਛੋਂ ਪੂਰਨ ਸਫਲਤਾ ਦੇ ਆਦਰਸ਼ ਨੂੰ ਨਾ ਕੇਵਲ ਪ੍ਰਾਪਤ ਹੀ ਕਰ ਲਿਆ ਸਗੋਂ



Sri Satguru Jagjit Singh Ji Elibrary NamdhariElibrary@gmail.com

ਲਗਭਗ ਪੂਰੀ ਇਕ ਸਦੀ ਲਈ ਜਦੋਂ ਤਕ ਕਿ ਪੰਜਾਬ ਅੰਗਰੇਜ਼ਾਂ ਦੇ ਸਾਮਰਾਜੀ ਅਧਿਕਾਰ ਹੇਠਾਂ ਨਾਂ ਆਇਆ, ਆਪਣੀ ਕੌਮੀ ਸੁਤੰਤਰਤਾ ਨੂੰ ਸੁਰੱਖਿਅਤ ਕਰ ਲਿਆ। ਇਸੇ ਦੌਰ ਵਿਚ ਹੀ ਪੰਜਾਬ ਨੇ ਇਕ ਰਾਸ਼ਟਰ ਜਾਂ ਰਾਸ਼ਟਰੀਅਤਾ ਦੇ ਰੂਪ ਵਿਚ ਉਭਰਨ ਦੀ ਨੀਂਹ ਰੱਖੀ।

ਸਿੰਘਾਂ ਦੀ ਇਸ ਚੜ੍ਹਦੀ ਕਲਾ ਦਾ ਵਰਣਨ ਜਿੱਥੇ ਕਈ ਲੇਖਕਾਂ ਨੇ ਕੀਤਾ ਹੈ, ਉੱਥੇ ਪੰਜਾਬ ਦੇ ਦੋ ਵੱਡੇ ਸਮਕਾਲੀ ਸੂਫ਼ੀ ਦਰਵੇਸ਼ ਬਾਬਾ ਬੁਲ੍ਹੇ ਸ਼ਾਹ (1680-1758) ਅਤੇ ਮਹਾਨ ਕਿੱਸਾਕਾਰ ਸਯਦ ਵਾਰਿਸ ਸ਼ਾਹ (1735-1784) ਨੇ ਬੜੇ ਸਨਮਾਨ ਵਜੋਂ ਕੀਤਾ ਹੈ :

ਭੂਰਿਆਂ ਵਾਲੇ ਰਾਜੇ ਕੀਤੇ
ਮੁਗ਼ਲਾਂ ਜ਼ਹਿਰ ਪਿਆਲੇ ਪੀਤੇ (ਬਾਬਾ ਬੁਲ੍ਹੇ ਸ਼ਾਹ)

[1]*ਸੰਨ ਯਾਰਾਂ ਸੌ ਅੱਸੀਆਂ ਨਬੀ ਹਿਜ਼ਰਤ, ਲੰਮੇ ਦੇਸ਼ ਦੇ ਵਿਚ ਤਿਆਰ ਹੋਈ ਅਠਾਰਾਂ ਸੈ ਬਾਈਸੀਆਂ ਸੰਮਤਾਂ ਦਾ, ਰਾਜੇ ਬਿਕ੍ਰਮਾਜੀਤ ਦੇ ਸਾਰ ਹੋਈ। ਤਦੋਂ ਦੇਸ ਦੇ ਜੱਟ ਸਰਦਾਰ ਆਹੇ, ਘਰੋਂ ਘਰੀਂ ਜਾਂ ਨਵੀਂ ਸਰਕਾਰ ਹੋਈ। ਅਸ਼ਰਾਫ ਖ਼ਰਾਬ, ਕਮੀਣ ਤਾਜ਼ੀ, ਜ਼ਿਮੀਂਦਾਰ ਨੂੰ ਵਡੀ ਬਹਾਰ ਹੋਈ। ਚੋਰ ਚੌਧਰੀ ਯਾਰ ਨੇ ਪਾਕ-ਦਾਮਨ ਭੂਤ ਮੰਡਲੀ ਇਕ ਥੂੰ ਚਾਰ ਹੋਈ ਵਾਰਿਸ ਸ਼ਾਹ ਜਿਨ੍ਹਾਂ ਕਿਹਾ ਪਾਕ ਕਲਮਾ ਬੇੜੀ ਤਿਨ੍ਹਾਂ ਦੀ ਆਕਬਤ ਪਾਰ ਹੋਈ।

ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਨੇ ਇਸ ਲੰਮੇ ਤੇ ਮੁਸ਼ਕਲਾਂ ਭਰੇ ਬੀਰ ਸੰਗਰਾਮ ਦੇ ਅੰਤਿਮ ਸਾਰ ਵਜੋਂ ਜੋ ਸਿੱਟਾ ਪੇਸ਼ ਕੀਤਾ ਹੈ।

ਉਹ ਬੜਾ ਮਹੱਤਵਪੂਰਨ ਅਤੇ ਸੁਨਹਿਰੀ ਅੱਖਰਾਂ ਵਿਚ ਵਰਣਨ ਯੋਗ ਹੈ :

[2]*ਸਿੱਖਾਂ ਦੇ ਕੇਵਲ ਦੋ ਹੀ ਬਾਹਰਲੇ ਦੁਸ਼ਮਣ ਸਨ- ਦਿੱਲੀ ਤੇ ਲਾਹੌਰ ਦੀ ਮੁਗ਼ਲ ਸਰਕਾਰ ਅਤੇ ਅਹਿਮਦਸ਼ਾਹ ਅਬਦਾਲੀ, ਮੁਗ਼ਲ ਸਰਕਾਰ ਦਾ ਤਾਂ ਉਦੋਂ ਹੀ ਭੋਗ ਪੈ ਗਿਆ ਸੀ, ਜਦੋਂ ਅਹਿਮਦ ਸ਼ਾਹ ਪੰਜਾਬ ਦਾ ਮਾਲਕ ਬਣ ਗਿਆ ਸੀ। ਦੁਰਾਨੀ ਨੇ ਸਿੰਘਾਂ ਨੂੰ ਦਬਾਉਣ ਲਈ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪਰ ਹੁਣ ਉਹ ਬੁੱਢਾ ਹੋ ਚੁੱਕਾ ਸੀ ਅਤੇ ਨੱਕ ਦੇ ਅਸਾਧ ਕੈਂਸਰ ਰੋਗ ਦਾ ਸ਼ਿਕਾਰ ਹੋ ਗਿਆ ਸੀ, ਜਿਸ ਕਾਰਨ ਉਸ ਦੀ ਮੌਤ ਵੀ ਹੋ ਗਈ ਸੀ। ਹਿੰਦੁਸਤਾਨ ਦੇ ਉਸ ਦੇ ਸਹਿਯੋਗੀ ਇਕ ਇਕ ਕਰਕੇ ਉਸ ਦਾ ਸਾਥ ਛੱਡ ਗਏ ਸਨ ਅਤੇ ਉਸ ਦੀ ਅੰਤਿਮ ਮੁਹਿੰਮ ਸਮੇਂ ਕੇਵਲ ਨਜ਼ੀਬ ਉਦ-ਦੌਲ ਤੋਂ ਬਿਨਾਂ ਕਿਸੇ ਹੋਰ ਨੇ ਉਸ ਦੀ ਹਾਜ਼ਰੀ ਨਹੀਂ ਸੀ ਭਰੀ। ਉਸ ਦਾ ਹਿੰਦੁਸਤਾਨ ਵਿਚੋਂ

---

[1]* ਪਿਆਰਾ ਸਿੰਘ ਪਦਮ (ਹੀਰ ਵਾਰਿਸ ਸ਼ਾਹ), ਪੰਨਾ 234

[2]* ਡਾ: ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿਖਸ, ਜਿਲਦ II, ਪੰਨਾ 250



Sri Satguru Jagjit Singh Ji Elibrary NamdhariElibrary@gmail.com

ਉਗਰਾਹਿਆ ਜਾਣ ਵਾਲਾ ਮਾਲੀਆ ਲਗਾਤਾਰ ਘਟਦਾ ਜਾ ਰਿਹਾ ਸੀ। ਇਥੋਂ ਤਕ ਅਮੀਰ ਉਲ-ਉਮਰਾ [1*]ਨਾਜ਼ਿਬ ਉਦ-ਦੌਲਾ ਜੋ ਉਸ ਦੇ ਕਾਰਮੁਖ ਤਿਆਰ ਵਜੋਂ ਉਸ ਦੇ ਸਾਮਰਾਜ ਦਾ ਸਰਵਉੱਚ ਅਧਿਕਾਰੀ ਸੀ, ਨੇ ਵੀ ਕੇਵਲ ਸੱਤਾਂ ਸਾਲਾਂ ਵਿਚ ਕੇਵਲ ਦੋ ਲੱਖ ਰੁਪਏ ਦਿੱਤੇ ਸਨ ਜਦੋਂ ਕਿ ਇਨ੍ਹਾਂ ਵਰ੍ਹਿਆਂ ਦਾ ਕਰਦੇ ਰੂਪ ਵਿਚ ਕੁਲ ਧਨ 2 ਕਰੋੜ 80 ਲੱਖ ਰੁਪਏ ਬਣਦਾ ਹੈ। ਧੰਨ ਦੀ ਘਾਟ ਕਾਰਨ ਉਸ ਦੇ ਲਸ਼ਕਰ ਨੂੰ ਤਨਖਾਹ ਮਿਲਨੀ ਵੀ ਮੁਸ਼ਕਲ ਸੀ, ਜਿਸ ਕਾਰਨ ਉਨ੍ਹਾਂ ਵਿਚੋਂ ਬਹੁਤ ਸਾਰੇ ਬਗਾਵਤ ਕਰ ਗਏ ਸਨ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਹਿੰਦੁਸਤਾਨ ਦੀ ਸ੍ਰੇਸ਼ਟ ਜਨਤਾ ਦਾ ਇਕ ਵੱਡਾ ਭਾਗ ਸਿੱਖਾਂ ਦੇ ਰੂਪ ਵਿਚ ਜੋ ਹੁਣ ਉਸ ਦੇ ਬਰਾਬਰ ਆ ਖੜਾ ਹੋਇਆ ਸੀ। ਉਹ ਹੁਣ ਆਪਣੀ ਤਾਕਤ ਬਾਰੇ ਪੂਰੀ ਤਰ੍ਹਾਂ ਸੁਚੇਤ ਹੋ ਚੁੱਕਾ ਸੀ ਅਤੇ ਉਸ ਦੀ ਸ਼ਕਤੀ ਨੂੰ ਤੋੜਨ ਲਈ ਜੁਟਿਆ ਹੋਇਆ ਸੀ ਅਤੇ ਉਸ ਨੂੰ ਵਿਸ਼ੇਸ਼ ਅਧਿਕਾਰੀ ਵਾਲੀ ਸਤਾ ਤੋਂ ਹੇਠਾਂ ਡੇਗ ਕੇ ਆਪ ਉਸ ਦੀ ਥਾਂ ਮੱਲਣ ਲਈ ਤੱਤਪਰ ਸੀ। ਇਕ ਸੱਚੇ ਨੀਤੀਵਾਨ ਵਜੋਂ ਅਬਦਾਲੀ ਨੂੰ ਆਪਣੀਆਂ ਸੀਮਾਵਾਂ ਦਾ ਗਿਆਨ ਹੋ ਚੁੱਕਾ ਸੀ, ਉਸ ਨੇ ਇਨ੍ਹਾਂ ਲੋਕਾਂ ਨੂੰ ਸ਼ਾਂਤ ਕਰਨ ਦਾ ਵੀ ਯਤਨ ਕੀਤਾ, ਜਿਨ੍ਹਾਂ ਦੇ ਹਮਲਿਆਂ ਨੂੰ ਹੋਰ ਝੱਲਣ ਦੀ ਉਸ ਕੋਲ ਸ਼ਕਤੀ ਬਾਕੀ ਨਹੀਂ ਸੀ ਰਹੀ। ਇਥੋਂ ਤਕ ਕਿ ਉਸ ਨੇ ਹੁਣ ਆਪਣਾ ਰੁਖ਼ ਸਿੰਧ ਦੇ ਪੱਛਮ ਵੱਲ ਨੂੰ ਕਰ ਲਿਆ ਸੀ ਅਤੇ ਬਾਕੀ ਦੇ ਪੰਜਾਬ ਨੂੰ ਇਸ ਦੀ ਰਾਜਧਾਨੀ ਸਮੇਤ ਆਪਣੇ ਸਭ ਤੋਂ ਵੱਡੇ ਦੁਸ਼ਮਣਾਂ-ਸਿੱਖਾਂ ਲਈ ਹੀ ਛੱਡ ਦਿੱਤਾ ਸੀ। ਅੱਗੋਂ ਤੋਂ ਉੱਤਰ ਪੱਛਮ ਵੱਲੋਂ ਕੀਤੇ ਜਾਣ ਵਾਲੇ ਉਤੇਰਿਤੀ ਹੱਲਿਆ ਨੂੰ ਪੂਰੀ ਤਰ੍ਹਾਂ ਠੱਲ੍ਹ ਪਾ ਦਿੱਤੀ ਗਈ ਸੀ।

ਅਠਾਰ੍ਹਵੀਂ ਸਦੀ ਦੇ ਅੰਤ ਤਕ ਇਸ ਸਮੇਂ ਦੇਸ਼ ਵਿਚ ਸਥਾਪਿਤ ਹੋਈ ਸ਼ਾਂਤੀ ਦਾ ਯੁੱਗ ਇਕ ਨੁਕਤੇ ਤੋਂ ਕਦੀ ਕਦਾਈ ਹੀ ਭੰਗ ਹੋਇਆ।

ਅਬਦਾਲੀ ਦੇ ਸਭ ਤੋਂ ਵੱਡੇ ਅਧਿਕਾਰੀ ਨਾਜਿਬ ਉਦ ਦੌਲਾ ਨੇ ਵੀ ਆਪਣੇ ਆਪ ਨੂੰ ਇਸ ਨਵੀਂ ਉਭਰੀ ਸ਼ਕਤੀ ਅਰਥਾਤ ਹਥਿਆਰਬੰਦ ਕੌਮ ਅੱਗੇ ਆਪਣੀ ਬੇਵੱਸੀ ਨੂੰ ਪ੍ਰਵਾਨ ਕਰ ਲਿਆ ਸੀ।

ਇਸ ਪ੍ਰਕਾਰ ਸਿੱਖਾਂ ਨੂੰ ਪਿਛਲੇ ਸੱਤਰ ਸਾਲਾਂ ਦੇ ਕਸ਼ਟਾਂ ਭਰੇ ਸੰਗਰਾਮਾਂ ਪਿਛੋਂ ਫਤੇਹ ਨਸੀਬ ਹੋਈ ਸੀ ਅਤੇ ਉਨ੍ਹਾਂ ਦੇ ਦੱਬੇ ਕੁਚਲੇ ਜਾਣ ਦੇ ਲੰਮੇ ਯੁਗ ਦੇ ਦੁੱਖਾਂ ਕਸ਼ਟਾਂ ਦਾ ਅੰਤ ਹੋ ਚੁੱਕਾ ਸੀ। ਹੁਣ ਉਨ੍ਹਾਂ ਦਾ ਸੁਤੰਤਰਤਾ ਦਾ ਸੁਪਨਾ ਸਾਕਾਰ ਹੋ ਗਿਆ ਸੀ। ਉਹ ਬੜੀ ਦ੍ਰਿੜਤਾ ਨਾਲ ਕਦਮ-ਬ-ਕਦਮ ਅੱਗੇ ਵਧੇ ਸਨ ਅਤੇ ਦਹਿਸ਼ਤ ਤੇ ਤਬਾਹੀਆਂ ਦੇ ਬੇਅੰਤ ਝੱਖੜਾ ਵਿਚ ਵੀ ਅਡੋਲ ਰਹੇ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1469-1799), ਪੰਨਾ 210



Sri Satguru Jagjit Singh Ji Elibrary NamdhariElibrary@gmail.com

ਸਨ। ਭਾਵੇਂ ਬਹੁਤ ਸਾਰੇ ਹੱਲੇ ਉਨ੍ਹਾਂ ਦੇ ਜੋਸ਼ ਨੂੰ ਮੱਠਾ ਪਾਉਣ ਅਤੇ ਉਨ੍ਹਾਂ ਦੇ ਅੱਗੇ ਵੱਧਣ ਵਿਚ ਰੋਕਾਂ ਪਾਉਣ ਲਈ ਕੀਤੇ ਗਏ, ਇਥੋਂ ਤਕ ਕਿ ਉਨ੍ਹਾਂ ਦਾ ਸਰਵਨਾਸ਼ ਕਰ ਦੇਣ ਦੇ ਵੀ ਸਿਰਤੋੜ ਯਤਨ ਕੀਤੇ ਗਏ। ਦਿਨੋ ਦਿਨ ਦੁਸ਼ਮਣਾਂ ਦੇ ਹੱਲਿਆਂ ਦੀਆਂ ਕਾਂਗਾਂ ਚੜ੍ਹਦੀਆਂ ਰਹੀਆਂ। ਅਸਮਾਨ ਤੋਂ ਵੀ ਕਈ ਕਹਿਰਾਂ ਦੇ ਝੱਖੜ ਝੁਲ ਕੇ ਖ਼ਤਮ ਹੋ ਜਾਂਦੇ ਰਹੇ। ਹੇਠੋਂ ਅਤੇ ਉਪਰੋਂ ਉਨ੍ਹਾਂ ਦੀ ਸ਼ਕਤੀ ਨੂੰ ਤੋੜਨ ਦੇ ਅਨੇਕ ਯਤਨ ਕੀਤੇ ਗਏ। ਇਹ ਸਾਰੀਆਂ ਵਿਰੋਧੀ ਮਾਰਾਂ ਉਨ੍ਹਾਂ ਨੂੰ ਸਹਿਣਿਆਂ ਪਈਆਂ ਪਰ ਇਹ ਸਭ ਕੁਝ ਸਿੰਘਾਂ ਦੇ ਉਸ ਭਰੋਸੇ ਤੇ ਸੁਤੰਤਰਤਾ ਦੇ ਆਦਰਸ਼ਾਂ ਦਾ ਕੁਝ ਵੀ ਵਿਗਾੜ ਨਾ ਸਕੇ ਜੋ ਚਟਾਨ ਵਰਗੇ ਮਜ਼ਬੂਤ ਆਧਾਰਾਂ ਤੇ ਖੜੇ ਸਨ। ਇਹ ਅੰਤਰੀਵ ਬਲ ਉਨ੍ਹਾਂ ਨੂੰ ਉਸ ਭਵਿੱਖ ਬਾਣੀ ਵਿਚੋਂ ਮਿਲਿਆ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿੱਤੀ ਸੀ ਉਹ (ਸਿੰਘ) ਇਕ ਦਿਨ ਕੌਮ ਦਾ ਰੂਪ ਧਾਰਨ ਕਰ ਲੈਣਗੇ। ਉਨ੍ਹਾਂ ਦੇ ਦ੍ਰਿੜ ਤੇ ਅਜਿੱਤ ਸੰਘਰਸ਼ ਬਲ ਦੀ ਆਤਮਾ ਨਾ ਕੇਵਲ ਉਨ੍ਹਾਂ ਨੂੰ ਖ਼ੂਨੀ ਦਮਨ ਚੱਕਰਾਂ ਦੇ ਤੂਫ਼ਾਨਾਂ ਵਿਚੋਂ ਜੋ ਉਨ੍ਹਾਂ ਨੂੰ ਪੂਰੀ ਤਰ੍ਹਾਂ ਕੁਚਲਣ ਲਈ ਚਲਾਏ ਜਾਣਗੇ ਵਿਚੋਂ ਸੁਰੱਖਿਅਤ ਉਭਾਰ ਹੀ ਨਹੀਂ ਲਵੇਗੀ ਸਗੋਂ ਉਨ੍ਹਾਂ ਨੂੰ ਖਤਮ ਕਰਨ ਦੇ ਹਰ ਯਤਨ ਪਿਛੋਂ ਉਹ (ਸਿੰਘ) ਨਵੀਂ ਸ਼ਕਤੀ ਲੈ ਕੇ ਉਠ ਖੜੇ ਹੋਣਗੇ।

ਲਗਭਗ ਇਕ ਸਦੀ ਤੱਕ ਵਿਦੇਸ਼ੀ ਗੁਲਾਮੀ ਵਿਰੁੱਧ ਸਿੰਘਾਂ ਨੇ ਆਪਣੀ ਮਾਤ ਭੂਮੀ ਦੀ ਸੁਤੰਤਰਤਾ ਨੂੰ ਪ੍ਰਾਪਤ ਕਰਨ ਲਈ ਸ਼ਾਨਦਾਰ ਸੰਗਰਾਮ ਕੀਤਾ, ਜਿਸ ਨੂੰ ਵਿਦੇਸ਼ੀ ਹਾਕਮਾਂ ਦੀਆਂ ਕਈ ਰਾਜਵੰਸ਼ਾਂ ਨੇ ਲਗਭਗ 8 ਸਦੀਆਂ ਤੋਂ ਗੁਲਾਮ ਬਣਾਈ ਰੱਖਿਆ ਸੀ। ਇਸ ਦੌਰਾਨ ਕੱਟੜਧਰਮੀ ਇਸਲਾਮੀ ਜ਼ਬਰ ਦਾ ਤੇ ਜ਼ੁਲਮ ਦੀ ਨਿਰਦੇਤਾ ਦਾ ਉਨ੍ਹਾਂ ਨੂੰ ਸ਼ਿਕਾਰ ਹੋਣਾ ਪਿਆ। ਗ਼ੈਰ ਮੁਸਲਮਾਨਾਂ ਨੂੰ ਵਿਦੇਸ਼ੀ ਹਾਕਮ ਕਦੀ ਵੀ ਆਪਣੀ ਪਰਜਾ ਮੰਨਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਲਈ ਨਾ ਕੋਈ ਕਾਨੂੰਨ ਸੀ ਅਤੇ ਨਾ ਕੋਈ ਨਿਆਂ। ਧਾਰਮਿਕ ਤੁਅੱਸਬ ਦੀ ਨਫਰਤ ਨੇ ਉਨ੍ਹਾਂ ਦੀ ਜੀਵਨ ਸਤਾ ਨੂੰ ਲਗਭਗ ਨਿਰਜਿੰਦ ਕਰ ਛੱਡਿਆ ਸੀ। ਉਨ੍ਹਾਂ ਉਤੇ ਧਾਰਮਿਕ ਜ਼ੇਜ਼ੀਏ ਤੇ ਟੈਕਸ ਲਗਾਏ ਜਾਂਦੇ ਸਨ। ਧਾਰਮਿਕ ਸਥਾਨ ਢਹਿ ਢੇਰੀ ਕਰ ਦਿੱਤੇ ਜਾਂਦੇ ਸਨ ਅਤੇ ਉਹ ਆਜ਼ਾਦੀ ਨਾਲ ਕਿਸੇ ਵੀ ਆਪਣੇ ਤਿਉਹਾਰ ਨੂੰ ਨਹੀਂ ਸੀ ਮਨਾ ਸਕਦੇ।

ਜਦੋਂ ਕੋਈ ਵਿਦੇਸ਼ੀ ਹੱਲਾ ਹੁੰਦਾ ਤਾਂ ਨਿਰਦੋਸ਼ ਜਨਤਾ ਦੀ ਤਬਾਹੀ ਆ ਜਾਂਦੀ। ਲੁੱਟਾਂ ਮਾਰਾਂ, ਧਾੜੇ, ਬੇਪੱਤੀਆਂ, ਨਾਰੀ ਜਾਤੀ ਦਾ ਅਪਮਾਨ ਅਤੇ ਅਨੇਕ ਮੁਸੀਬਤਾਂ ਉਨ੍ਹਾਂ ਦੇ ਨਿੱਤ ਦੇ ਜੀਵਨ ਦਾ ਭਾਗ ਬਣ ਗਏ ਸਨ। ਕਦੀ ਕਦੀ ਉਨ੍ਹਾਂ ਨੂੰ ਕਿਸੇ ਲੋਕ ਹਿੱਤਕਾਰੀ ਸਮਰਾਟ ਦੇ ਕਾਲ ਵਿਚ ਸੁੱਖ ਦਾ ਸਾਹ ਭਾਵੇਂ ਆ ਗਿਆ ਹੋਵੇ ਪਰ ਬਹੁਤਾ ਸਮਾਂ ਗੁਲਾਮੀ ਵਾਲਾ ਹੀ ਸੀ। ਭਾਵੇਂ



Sri Satguru Jagjit Singh Ji Elibrary NamdhariElibrary@gmail.com

ਅਜਿਹੇ ਕਹਿਰਾਂ ਦੇ ਜ਼ੁਲਮ ਵਿਰੁੱਧ ਜਨਤਾ ਦੀਆਂ ਧੀਮੀਆਂ ਆਵਾਜ਼ਾਂ ਉਭਰੀਆਂ। ਭਗਤੀ ਮਤ ਨੇ ਕੁਝ ਚੇਤਨਾ ਪ੍ਰਦਾਨ ਕੀਤੀ ਅਤੇ ਫਿਰ ਸਿੱਖ ਗੁਰੂ ਸਾਹਿਬਾਨ ਨੇ ਇਸ ਸ਼ਾਂਤ ਕ੍ਰਾਂਤੀ ਨੂੰ ਸਹਿਜੇ ਸਹਿਜੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੇ ਰੂਪ ਵਿਚ ਹਥਿਆਰਬੰਦ ਇਨਕਲਾਬ ਦਾ ਰੂਪ ਦੇ ਦਿੱਤਾ।

1699 ਦਾ ਗੁਰੂ ਗੋਬਿੰਦ ਸਿੰਘ ਜੀ ਦਾ ਸਿਰਜਿਆ ਗਿਆ ਬੀਰ ਖਾਲਸਾ ਹੀ ਇਸ ਦੇਸ਼ ਨੂੰ ਕਈ ਦਹਾਕਿਆਂ ਦੇ ਸੰਗਰਾਮਾਂ ਪਿੱਛੋਂ ਸੁਤੰਤਰ ਕਰਵਾਉਣ ਵਿਚ ਸਫਲ ਹੋ ਗਿਆ।

ਜੇ ਡੂੰਘਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਸ ਇਨਕਲਾਬੀ ਹਥਿਆਰਬੰਦ ਲੋਕ ਸੰਗਰਾਮ ਦੇ ਕਈ ਨੁਕਤੇ ਉਭਰ ਕੇ ਸਾਹਮਣੇ ਆ ਜਾਂਦੇ ਹਨ :

ਜ਼ੁਲਮ ਦਾ ਰਾਜ ਸਦਾ ਕਾਇਮ ਨਹੀਂ ਰਹਿੰਦਾ। ਹਾਕਮਾਂ ਦੇ ਜ਼ੁਲਮ ਹੀ ਉਨ੍ਹਾਂ ਦੇ ਵਿਨਾਸ਼ ਦਾ ਕਾਰਨ ਬਣ ਜਾਂਦੇ ਹਨ। ਮੁਗਲ ਵੰਸ਼ ਦੇ ਅੰਤਿਮ ਸ਼ਕਤੀਸ਼ਾਲੀ ਸਮਰਾਟ ਔਰੰਗਜ਼ੇਬ ਦੇ ਕਾਲ ਵਿਚ ਹੀ ਮੁਗਲ ਸਲੱਤਨਤ ਦੇ ਪਤਨ ਦੇ ਬੀਜ ਬੀਜੇ ਜਾ ਚੁੱਕੇ ਸਨ। ਵੱਡੀ ਨਫਰੀ ਵਿਚ ਫੌਜ ਦਾ ਖਰਚ ਹਾਕਮਾਂ ਤੇ ਉਨ੍ਹਾਂ ਦੇ ਕਾਰਿੰਦਿਆਂ ਵੱਲੋਂ ਪਰਜਾ ਉਤੇ ਢਾਹੇ ਗਏ ਜ਼ੁਲਮ, ਧਾਰਮਿਕ ਨਫ਼ਰਤ ਤੇ ਔਰੰਗਜ਼ੇਬ ਦੀ ਹਿੰਦੁਸਤਾਨ ਨੂੰ ਦਾਰਉਲ ਇਸਲਾਮ ਬਣਾਉਣ ਦੀ ਕੱਟੜ ਨੀਤੀ ਇਸ ਦਾ ਕਾਰਨ ਬਣੀ। ਭਾਰਤ ਦੀਆਂ ਬਹੁ ਧਰਮੀ ਸਭਿਆਚਾਰਕ ਪਰੰਪਰਾਵਾਂ ਤੇ ਵੱਖ ਵੱਖ ਧਰਮਾਂ ਦੀਆਂ ਸਹਿਹੋਂਦ ਨੂੰ ਅਪਨਾਉਣ ਵਾਲੀ ਸਹਿਣਸ਼ੀਲਤਾ ਇਸ ਏਕਤਾਵਾਦੀ ਧਾਰਮਿਕ ਕੱਟੜਤਾ ਦੇ ਵਿਰੋਧ ਵਿਚ ਗੁਪਤ ਜਾਂ ਸਿੱਧੇ ਢੰਗਾਂ ਨਾਲ ਲੜ ਰਹੀ ਸੀ। ਇਸ ਸਾਰੇ ਧਾਰਮਿਕ ਵਿਦਰੋਹ ਦੀ ਭਾਵਨਾ ਅਤੇ ਅਧਿਆਤਮਿਕ ਇਨਕਲਾਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਨਵਾਂ ਕ੍ਰਾਂਤੀਕਾਰੀ ਸਰੂਪ ਬਖਸ਼ ਦਿੱਤਾ ਅਤੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਸਭ ਮਨੁੱਖ ਬਰਾਬਰ ਹਨ ਦਾ ਨਾਅਰਾ ਬੁਲੰਦ ਕਰ ਦਿੱਤਾ। ਜ਼ੁਲਮ ਦਾ ਟਾਕਰਾ ਲੋਕਾਂ ਨੂੰ ਆਪਣੇ ਪੈਰਾਂ ਉਤੇ ਖਲੋ ਕੇ ਹਥਿਆਰਬੰਦ ਹੋ ਕੇ ਕਰਨਾ ਪਵੇਗਾ। ਜ਼ੁਲਮ ਦਾ ਸ਼ਿਕਾਰ ਹੋ ਰਹੀ ਗਰੀਬ ਜਨਤਾ ਨੂੰ ਆਪਣੀ ਮੁਕਤੀ ਦਾ ਰਾਹ ਜਥੇਬੰਦ ਹੋ ਕੇ ਲੱਭਣਾ ਪਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦੀ ਮੁਕਤੀ-ਸੈਨਾ ਖਾਲਸਾ ਪੰਥ ਨੂੰ ਸਾਜ਼ ਦਿੱਤਾ ਸੀ।

ਉਂਝ ਤਾਂ ਵਿਦੇਸ਼ੀ ਗੁਲਾਮੀ ਦੇ ਜ਼ੁਲਮਾਂ ਦੇ ਝੱਖੜ ਸਦਾ ਹੀ ਝੁੱਲਦੇ ਰਹੇ ਪਰ ਮੁਗਲਾਂ ਦੇ ਅੰਤਿਮ ਕਾਲਾਂ ਵਿਚ ਅਤੇ ਵਿਸ਼ੇਸ਼ ਕਰਕੇ 18ਵੀਂ ਸਦੀ ਵਿਚ ਇਨ੍ਹਾਂ ਦਾ ਪਰਕੋਪ ਸਭ ਹੱਦਾਂ ਬੰਨ੍ਹੇ ਮਾਤ ਕਰ ਗਿਆ।

ਡਾ. ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਵਿਚ ਮੁਗਲਾਂ ਅਤੇ ਫਿਰ ਵਿਦੇਸ਼ੀ ਅਫ਼ਗਾਨਾਂ, ਦੁਰਾਨੀਆਂ ਦੇ ਸ਼ਾਸਨ ਕਾਲਾਂ ਵਿਚ ਬੇਗੁਨਾਹ



Sri Satguru Jagjit Singh Ji Elibrary NamdhariElibrary@gmail.com

ਪਰਜਾ ਉਤੇ ਹੋਏ ਅਤਿਆਚਾਰਾਂ ਦਾ ਦਰਦਨਾਕ ਬਿਰਤਾਂਤ ਪੇਸ਼ ਕੀਤਾ ਹੈ।

ਇਸ ਦੌਰਾਨ ਹਜ਼ਾਰਾਂ ਹੀ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿਚ ਸਿੰਘਾਂ ਤੇ ਹੋਰ ਪੰਜਾਬੀਆਂ ਨੇ ਆਪਣੇ ਸ਼ੀਸ਼ ਵਾਰ ਕੇ ਸੁਤੰਤਰਤਾ ਨੂੰ ਪ੍ਰਾਪਤ ਕੀਤਾ ਸੀ। ਇਨ੍ਹਾਂ ਸ਼ਹੀਦੀਆਂ ਤੇ ਕੁਰਬਾਨੀਆਂ ਦੇ ਕੁਝ ਵੇਰਵੇ ਇੱਥੇ ਦਿੱਤੇ ਜਾਂਦੇ ਹਨ :

ਔਰੰਗਜ਼ੇਬ ਦੇ ਕਾਲ ਵਿਚ ਗੈਰ ਮੁਸਲਮਾਨਾਂ ਨੂੰ ਪਰਜਾ ਸਮਝਿਆ ਹੀ ਨਹੀਂ ਸੀ ਜਾਂਦਾ। ਉਨ੍ਹਾਂ ਦੀ ਹੈਸੀਅਤ ਗੁਲਾਮਾਂ ਵਾਲੀ ਸੀ। ਉਨ੍ਹਾਂ ਨੂੰ ਗੈਰ ਮੁਸਲਮ ਹੋਣ ਕਾਰਨ ਭਾਰੇ ਕਰਾਂ ਤੇ ਜ਼ਜ਼ੀਏ ਦੇਣੇ ਪੈਂਦੇ ਸਨ। ਉਨ੍ਹਾਂ ਦੇ ਧਾਰਮਿਕ ਸਥਾਨ ਢਾਹ ਦਿੱਤੇ ਗਏ ਸਨ। ਐਮਨਾਬਾਦ ਵਿਚ ਚਿੰਤਾ ਮਨ ਮੰਦਰ ਵਿਚ ਗਊ ਹੱਤਿਆ ਕਰਕੇ ਮਸਜਿਦ ਉਸਾਰੀ ਗਈ ਸੀ। ਅਜਿਹਾ ਵਰਤਾਰਾ ਸਾਰੇ ਹਿੰਦੁਸਤਾਨ ਵਿਚ ਵਰਤ ਰਿਹਾ ਸੀ। ਜ਼ਬਰਦਸਤੀ ਧਰਮ ਬਦਲੀ ਕਰਵਾਈ ਜਾ ਰਹੀ ਸੀ, ਜਿਹੜਾ ਕਲਮਾ ਕਬੂਲ ਨਾ ਕਰਦਾ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। 1675 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਦਾ ਉਘਾ ਪ੍ਰਮਾਣ ਹੈ। ਔਰੰਗੇਜ਼ੇਬ ਦੇ ਕਾਲ ਵਿਚ 50,000 ਦੇ ਕਰੀਬ 'ਸਤਨਾਮੀ', ਬੱਚੇ, ਨਰ-ਨਾਰੀ ਅਤੇ ਲਗਭਗ ਇਨੀ ਹੀ ਗਿਣਤੀ ਵਿਚ ਆਗਰਾ-ਦਿੱਲੀ ਤੇ ਭਰਤਪੁਰ ਦੇ ਨੇੜੇ ਲੋਕਾਂ ਨੂੰ ਕਤਲ ਕੀਤਾ ਗਿਆ।

ਇਨ੍ਹਾਂ ਬੇਗੁਨਾਹਾਂ ਹੱਤਿਆਵਾਂ ਦੀ ਗਿਣਤੀ ਲਗਭਗ 2 ਲੱਖ ਦੇ ਕਰੀਬ ਹੋ ਜਾਂਦੀ ਹੈ। ਇਸ ਵਿਚ ਵੱਖ ਵੱਖ ਜੰਗਾਂ ਵਿਚ ਮਾਰੇ ਗਏ ਲੋਕ ਵੀ ਸ਼ਾਮਲ ਹਨ।

ਹੁਣ ਜੇ ਸਿੰਘਾਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਵੱਲ ਝਾਤ ਮਾਰੀਏ ਤਾਂ ਉਨ੍ਹਾਂ ਦੀ ਗਿਣਤੀ ਵੀ ਹੈਰਾਨ ਕਰ ਦੇਣ ਵਾਲੀ ਹੈ। ਗੁਰੂ ਗੋਬਿੰਦ ਸਿੰਘ ਜਿਨ੍ਹਾਂ ਨੇ ਦੇਸ਼ ਦੀ ਸੁਤੰਤਰਤਾ ਲਈ ਹਥਿਆਰਬੰਦ ਆਵਾਜ਼ ਉਠਾਈ ਦੇ ਸਮੇਂ ਹੋਏ ਜੰਗਾਂ, ਯੁੱਧਾਂ ਵਿਚ 5000 ਸਿੰਘਾਂ ਨੇ ਸ਼ਹੀਦੀਆਂ ਪਾਈਆਂ।

ਬੰਦੇ ਦੀ ਸ਼ਹਾਦਤ 1716 ਤੋਂ ਪਿਛੋਂ ਦੇ ਵੇਰਵੇ ਨਿਮਨ ਲਿਖਤ ਹਨ :-

ਅਬਦੁੱਲ ਸਮੱਦ ਖ਼ਾਂ ਦੇ ਗਵਰਨਰੀ ਰਾਜ (1713-1726) ਵਿਚ ਲਗਭਗ 20,000 ਸਿੱਖ ਕਤਲ ਕੀਤੇ ਗਏ। ਜ਼ਕਰਿਆ ਖ਼ਾਂ (1726-45) ਦੇ ਕਾਲ ਵਿਚ ਵੀ ਲਗਭਗ ਇੰਨੇ ਹੀ ਸਿੰਘ ਮਾਰੇ ਗਏ। ਯਾਹੀਆ ਖ਼ਾਂ (1746-47) ਦੇ ਕਾਲ ਵਿਚ 10,000 ਸਿੰਘ ਛੋਟੇ ਘੱਲੂਘਾਰੇ ਵਿਚ ਮਾਰੇ ਗਏ। ਸ਼ਾਹਨਵਾਜ਼ ਖ਼ਾਂ ਦੇ ਸਮੇਂ ਇਕ ਹਜ਼ਾਰ ਸਿੰਘ ਮਾਰੇ ਗਏ। ਮੁਇਨ-ਉਲ-ਮੁਲਕ ਦੇ ਕਾਲ (1748-53) ਵਿਚ 30,000 ਤੋਂ ਵੀ ਵਧੇਰੇ ਸਿੰਘਾਂ ਦਾ ਕਤਲ ਹੋਇਆ। ਉਪਰੋਕਤ ਸਾਰੇ ਤੁਰਕ ਹਾਕਮ ਸਨ ਪਰ ਅਦੀਨਾ ਬੇਗ ਜੋ ਪੰਜਾਬੀ ਸੀ, ਉਸ ਦੇ ਹੱਥੋਂ ਲਗਭਗ 5000 ਸਿੰਘ ਕਤਲ ਕੀਤੇ ਗਏ।



Sri Satguru Jagjit Singh Ji Elibrary NamdhariElibrary@gmail.com

ਅਹਿਮਦਸ਼ਾਹ ਦੁਰਾਨੀ ਅਤੇ ਉਸ ਦੇ ਗਵਰਨਰਾਂ ਨੇ (1753-1767) ਦੇ ਸਮੇਂ ਵਿਚ 60,000 ਸਿੰਘ ਸ਼ਹੀਦ ਕੀਤੇ। ਦੁਰਾਨੀ ਦੇ ਨਾਇਬ ਨਾਜੀਬ ਉਦ-ਦੌਲਾ ਨੇ ਵੀ 20,000 ਸਿੰਘਾਂ ਨੂੰ ਮਾਰ ਮੁਕਾਇਆ। ਉਸ ਦੇ ਨਿੱਕੇ ਮੋਟੇ ਅਹਿਲਕਾਰਾਂ ਨੇ ਵੀ ਲਗਭਗ 4,000 ਸਿੰਘਾਂ ਨੂੰ ਕਤਲ ਕੀਤਾ। ਇਸ ਪ੍ਰਕਾਰ ਇਨ੍ਹਾਂ ਸਾਰੀਆਂ ਕੁਰਬਾਨੀਆਂ ਦੀ ਗਿਣਤੀ 2,00,000 ਤੋਂ ਵੀ ਵੱਧ ਜਾਂਦੀ ਹੈ।

ਸਾਰੰਸ਼ ਵਜੋਂ ਇਹ ਆਖਿਆ ਜਾ ਸਕਦਾ ਹੈ ਕਿ ਸਿੱਖਾਂ ਦੇ ਕਾਰਨਾਮਿਆਂ ਦੀ ਬੀਰ ਗਾਥਾ ਦਿਲ ਤੇ ਦਿਮਾਗ, ਗਿਆਨ ਤੇ ਕਰਮ, ਕਥਨੀ ਤੇ ਕਰਨੀ, ਸ਼ਬਦਾਂ ਤੇ ਕਾਰਨਾਮਿਆਂ, ਨਿਰਜਿੰਦ ਤੇ ਸਜਿੰਦ ਵਿਸ਼ਵਾਸਾਂ ਦੇ ਪਾੜਿਆਂ ਵੱਲ ਵਿਸ਼ੇਸ਼ ਤੌਰ ਤੇ ਧਿਆਨ ਕੇਂਦਰਿਤ ਕਰਵਾਉਂਦੀ ਹੈ।

ਅਸੀਂ ਸਿੱਖਾਂ ਦੇ ਇਸ ਬਿਰਤਾਂਤ ਨੂੰ ਜਿਸ ਵਿਚ ਉਨ੍ਹਾਂ ਦਾ ਸਥਾਨ ਕੌਮ ਵਜੋਂ ਸਿਰਮੌਰ ਸੀ, ਉਤੇ ਸਮਾਪਤ ਕਰਦੇ ਹਾਂ। ਇਨ੍ਹਾਂ ਨੇ ਬਦੀ ਵਿਰੁੱਧ ਨੇਕੀ ਦਾ ਸੰਗਰਾਮ ਮੰਡਿਆ। ਇਹ ਬਾਦਸ਼ਾਹਾਂ ਦੇ ਅਖੌਤੀ ਰੱਬੀ ਅਧਿਕਾਰਾਂ ਦੇ (ਅਖੌਤੀ ਦਾਵਿਆਂ) ਵਿਰੁੱਧ ਲੋਕ ਇੱਛਾ ਦੀ ਸਰਵ ਉੱਚ ਪ੍ਰਭੂਤਾ ਦਾ ਸੰਗਰਾਮ ਸੀ। ਇਹ ਨਿਰੰਕੁਸ਼ਤਾ ਵਿਰੁੱਧ ਸੁਤੰਤਰਤਾ ਦੀ ਉਹ ਜੰਗ ਸੀ, ਜਿਨ੍ਹਾਂ ਨੇ ਕਈ ਪਿਛਲੀਆਂ ਪੀੜ੍ਹੀਆਂ ਵਲੋਂ ਸਹੇ ਗਏ ਜ਼ੁਲਮਾਂ, ਸਿਤਮਾਂ, ਬੇਪੱਤੀਆਂ, ਅਪਮਾਨਾਂ ਅਤੇ ਗੁਲਾਮੀ ਦੇ ਭੋਗੇ ਜੀਵਨ ਦਾ ਬਦਲਾ ਲਿਆ। ਉਨ੍ਹਾਂ ਨੇ ਆਪਣੀ ਮਾਤ ਭੂਮੀ ਨੂੰ ਵਿਦੇਸ਼ੀ ਗੁਲਾਮੀ ਤੋਂ ਮੁਕਤੀ ਦਿਵਾਈ ਅਤੇ ਉਨ੍ਹਾਂ ਸ਼ਾਨਦਾਰ ਪਰੰਪਰਾਵਾਂ ਨੂੰ ਸਥਾਪਿਤ ਕੀਤਾ ਜੋ ਬੜੀਆਂ ਮਹਾਨ ਅਤੇ ਪਵਿੱਤਰ ਸਨ। ਉਨ੍ਹਾਂ ਨੇ ਆਪਣੀ ਸੰਤਾਨ ਨੂੰ ਉਹ ਬੇਦਾਗ ਵਿਰਸਾ ਪ੍ਰਦਾਨ ਕੀਤਾ ਜਿਸ ਦੀ ਧਰਤੀ ਉੱਤੇ ਕੋਈ ਇਕ ਵੀ ਵਿਦੇਸ਼ੀ ਸੈਨਿਕ ਬਾਕੀ ਨਹੀਂ ਸੀ ਰਿਹਾ।

ਉਨ੍ਹਾਂ ਨੇ ਇਸ ਧਰਤ ਨੂੰ 'ਬੀਰ ਭੂਮੀ' ਹੋਣ ਦਾ ਗੌਰਵ ਪ੍ਰਦਾਨ ਕੀਤਾ। ਕੇਵਲ ਉਨ੍ਹਾਂ ਦਾ ਹੀ ਇਹ ਸੁਭਾਗ ਸੀ ਕਿ ਉਨ੍ਹਾਂ ਨੇ ਵਿਦੇਸ਼ੀ ਹੱਲਿਆਂ ਦੀ ਯਲਗ਼ਾਰ ਨੂੰ ਸਦੀਵੀ ਤੌਰ ਤੇ ਠੱਲ੍ਹ ਪਾ ਦਿੱਤੀ, ਜਿਨ੍ਹਾਂ ਨੇ ਪੂਰੀਆਂ ਅੱਠ ਸਦੀਆਂ ਤੱਕ ਇਸ ਭੂਮੀ ਨੂੰ ਆਪਣੇ ਪੈਰਾਂ ਥੱਲੇ ਮਧੋਲੀ ਰੱਖਿਆ ਸੀ।

ਇਸ ਸਭ ਕੁਝ ਦੇ ਫਲਸਰੂਪ ਉੱਤਰ ਭਾਰਤ ਦੇ ਸਾਰੇ ਲੋਕਾਂ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਜਨਤਾ ਨੂੰ ਉਨ੍ਹਾਂ ਦਾ ਸ਼ੁਕਰਗੁਜਾਰ ਹੋਣਾ ਚਾਹੀਦਾ ਹੈ।

ਪਾਠਕ ਜਨੋ ! ਲੋਕ ਕਹਿੰਦੇ ਹਨ ਕਿ ਕਰਾਮਾਤਾਂ ਦਾ ਯੁੱਗ ਬੀਤ ਗਿਆ ਹੈ ਪਰ ਕੀ ਇਹ ਸੱਚਮੁੱਚ ਦੀਆਂ ਕਰਾਮਾਤਾਂ ਨਹੀਂ ਸਨ ? ਇਸ ਸੁਤੰਤਰਤਾ ਪ੍ਰਾਪਤੀ ਦੇ ਸੰਗਰਾਮ ਵਿਚ ਸ੍ਰੀ ਅੰਮ੍ਰਿਤਸਰ ਦੀ ਦੇਣ ਬਹੁਤ ਹੀ ਮਹਾਨ, ਸ਼ਾਨਦਾਰ ਅਤੇ ਅੱਤ ਦੀ ਪਵਿੱਤਰ ਹੈ। ਇਹ ਤਾਂ ਸਿੱਖਾਂ ਦੇ ਪਵਿੱਤਰ ਧਰਮ ਦਾ ਉਹ ਪੰਘੂੜਾ ਹੈ, ਜਿਸ ਨੇ ਗੁਲਾਮੀ ਦੀਆਂ ਹੱਡੀਆਂ ਨੂੰ ਚੂਰ ਚੂਰ ਕਰਕੇ ਮਨੁੱਖ



Sri Satguru Jagjit Singh Ji Elibrary NamdhariElibrary@gmail.com

ਜਾਤੀ ਨੂੰ ਪਰਮ ਪਵਿੱਤਰ ਕਰ ਦਿੱਤਾ ਸੀ। ਗੁਰੂ ਸਾਹਿਬਾਨ ਦੱਬੇ ਕੁਚਲੇ ਲੋਕਾਂ ਦੇ ਗਿਆਨ ਤੇ ਮੁਕਤੀਦਾਤਾ ਸਨ। ਨਿਰੰਕੁਸ਼ ਤੇ ਜ਼ੁਲਮੀ ਸਰਕਾਰਾਂ ਨੇ ਜਿਨ੍ਹਾਂ ਲੋਕਾਂ ਨੂੰ ਆਪਣੇ ਜ਼ੁਲਮਾਂ, ਸਿਤਮਾਂ ਨਾਲ ਤਾਰ ਤਾਰ ਕਰ ਦਿੱਤਾ ਹੋਇਆ ਸੀ ਅਤੇ ਜ਼ੁਲਮਾਂ ਦੇ ਭਾਰ ਥੱਲੇ ਦਬਾ ਲਿਆ ਸੀ। ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੇ ਸੰਦੇਸ਼ਾਂ ਨੇ ਮੁੜ ਉਭਾਰ ਲਿਆ। ਇਸ ਧਰਮ ਤੇ ਕਰਮ ਭੂਮੀ ਨੇ ਉਹ ਲੋਕ ਨਾਇਕ ਪੈਦਾ ਕੀਤੇ ਜੋ ਸੁਤੰਤਰਤਾ ਦੇ ਸੰਗਰਾਮ ਦੇ ਮੁਹਰਲੇ ਦਲਾਂ ਵਿਚੋਂ ਸਨ, ਸਭ ਲਈ ਚਾਨਣ ਮੁਨਾਰੇ ਸਨ। ਇਨ੍ਹਾਂ ਬੀਰ ਸਪੁੱਤਾਂ ਦੀ ਸ਼ਹੀਦੀ ਗਾਥਾ ਸਭ ਲਈ ਇਕ ਆਦਰਸ਼ ਪ੍ਰਮਾਣ ਸਥਾਪਿਤ ਕਰਦੀ ਹੈ। ਇਸ ਦੇ ਮੋਟੇ ਮੋਟੇ ਕਾਰਨਾਮੇ ਹੀ ਨਹੀਂ ਸਗੋਂ ਨਿੱਕੇ ਨਿੱਕੇ ਵੇਰਵੇ ਵੀ ਦਿਲਾਂ ਦੇ ਖਜ਼ਾਨਿਆਂ ਵਿਚ ਸਾਂਭਣ ਯੋਗ ਹਨ। ਇਕ ਸ਼ਬਦ ਵਿਚ ਕਹਿਣਾ ਹੋਵੇ ਤਾਂ ਸ੍ਰੀ ਅੰਮ੍ਰਿਤਸਰ ਸਿੰਘਾਂ ਦਾ ਧਾਰਮਿਕ ਨਿਸ਼ਾਨ ਸੀ।

ਇਨ੍ਹਾਂ ਦੀ ਸੂਰਬੀਰਤਾ ਤੇ ਖੁਲ੍ਹੇ ਡੁਲ੍ਹੇ ਪੌਣ ਪਾਣੀ ਨੇ ਇਨ੍ਹਾਂ ਨੂੰ ਸੁਡੌਲ ਜੁੱਸੇ ਤੇ ਸਿਹਤ ਬਖਸ਼ੀ, ਜਿਨਾਂ ਦੀਆਂ ਜੰਘਾਂ ਬੜੀਆਂ ਮਜਬੂਤ ਅਤੇ ਦਮ ਪੱਕੇ ਹੋਏ ਸਨ। ਹੁਨਾਲ ਦੀਆਂ ਭਖਦੀਆਂ ਲੋਆਂ, ਸਿਆਲਾਂ ਦੀਆਂ ਕਕਰੀਲੀਆਂ ਹਵਾਵਾਂ, ਬਰਸਾਤ ਦੇ ਮਹੋਲੇਧਾਰ ਮੀਂਹ ਅਤੇ ਇਸ ਪ੍ਰਕਾਰ ਦੀਆਂ ਹੋਰ ਕੁਦਰਤੀ ਰੋਕਾਂ ਦੀ ਉਨ੍ਹਾਂ ਨੇ ਕਦੀ ਪਰਵਾਹ ਨਹੀਂ ਸੀ ਕੀਤੀ। ਜੰਗ ਸਮੇਂ ਵੀ ਉਨ੍ਹਾਂ ਨੇ ਭੁੱਜੇ ਹੋਏ ਬਦਾਮ (ਛੋਲੇ) ਖਾਹ ਕੇ ਅਤੇ ਠੰਡਾ ਜਲ ਛੱਕ ਕੇ ਗੁਜਾਰਾ ਕਰ ਲਿਆ। ਉਹ ਇਕ ਦਿਨ ਵਿਚ 200 ਕਿ. ਮੀਟਰ ਤੱਕ ਦੀ ਘੋੜਸਵਾਰੀ ਕਰ ਲੈਂਦੇ ਸਨ ਅਤੇ ਉਨ੍ਹਾਂ ਦੇ ਬਲਵਾਨ ਜੁੱਸੇ ਦੁਸ਼ਮਣਾਂ ਦੇ ਦਿਲ ਹਿਲਾ ਦਿੰਦੇ ਸਨ।

ਸਿੰਘਾਂ ਦੇ ਮਨਾਂ ਵਿਚ ਵੀ ਸਦਾ ਸਹਿਜ ਸ਼ਾਂਤੀ ਵਾਲਾ ਸੰਤੁਲਨ ਕਾਇਮ ਰਹਿੰਦਾ ਸੀ। ਹਰ ਸਿੱਖ ਆਪਣੇ ਧਰਮ ਖਾਤਰ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਸੀ। ਉਨ੍ਹਾਂ ਦੀ ਸਫਲਤਾ ਨੇ ਉਨ੍ਹਾਂ ਵਿਚ ਕਦੀ ਅਭਿਮਾਨ ਨਹੀਂ ਸੀ ਆਉਣ ਦਿੱਤਾ ਅਤੇ ਉਹ ਸਦਾ ਨਿਮਰਤਾ ਤੇ ਸਦ ਵਿਹਾਰ ਦੇ ਪੁੰਜ ਬਣੇ ਰਹੇ।

ਕਾਜ਼ੀ ਨੂਰ ਮੁਹੰਮਦ, ਜੋ ਜੰਗ ਦੇ ਮੈਦਾਨ ਵਿਚ ਸ਼ਤਰੂ ਸੈਨਾ ਨਾਲ ਰਿਹਾ। ਉਨ੍ਹਾਂ ਦੀ ਬੜੀ ਪ੍ਰਸ਼ੰਸਾ ਕਰਦਾ ਹੈ। ਭਾਵੇਂ ਧਾਰਮਿਕ ਤੁਅੱਸ਼ਬ ਕਾਰਨ ਉਹ ਉਨ੍ਹਾਂ ਨੂੰ ਫਾਰਸੀ ਜ਼ੁਬਾਨ ਵਿਚ ਸੱਗ ਅਰਥਾਤ ਕੁੱਤਾ ਕਹਿੰਦਾ ਹੈ, ਸਿੱਖ ਨਹੀਂ ਪਰ ਉਹ ਇਸ ਗੱਲ ਨੂੰ ਵੀ ਪ੍ਰਵਾਨ ਕਰਦਾ ਹੈ ਕਿ ਜੰਗ ਤੇ ਪ੍ਰੇਮ ਵਿਚ ਹਰ ਚੀਜ਼ ਜਾਇਜ਼ ਹੁੰਦੀ ਹੈ। ਜੰਗ ਦੇ ਮੈਦਾਨ ਵਿਚ ਵੀ ਉਨ੍ਹਾਂ ਨੇ ਕਦੀ ਨੈਤਿਕਤਾ ਦਾ ਪੱਲਾ ਹੱਥੋਂ ਨਹੀਂ ਸੀ ਛੱਡਿਆ ਅਤੇ ਉਹ ਆਪਣੇ ਸਦ ਵਿਹਾਰ ਅਤੇ ਬੀਰਤਾ ਦੇ ਕਾਰਨ ਸ਼ਲਾਘਾ ਦੇ ਪਾਤਰ ਹਨ। ਇਸ ਸੁਤੰਤਰਤਾ ਦੀ ਜੰਗ ਵਿਚ ਸਿੱਖ



Sri Satguru Jagjit Singh Ji Elibrary NamdhariElibrary@gmail.com

ਬੀਬੀਆਂ ਦਾ ਭਾਗ ਵੀ ਬੜਾ ਸ਼ਾਨਦਾਰ ਹੈ। ਉਹ ਆਪਣੀ ਪਤੀਆਂ ਤੇ ਪੁੱਤਰਾਂ ਨੂੰ ਖਿੜੇ ਮੱਥੇ ਜੰਗ ਦੇ ਮੈਦਾਨ ਵਿਚ ਭੇਜ ਦੀਆਂ ਅਤੇ ਆਪਣੇ ਸੁਡੌਲ ਸਰੀਰਾਂ ਤੇ ਕਿਰਤੀ ਹੱਥਾਂ ਨਾਲ ਘਰ ਦਾ ਸਾਰਾ ਕਾਰਜ ਨਿਭਾਉਂਦੀਆਂ ਤੇ ਲੜਾਈਆਂ ਵਿਚ ਵੀ ਪਿੱਛੇ ਨਾ ਰਹਿੰਦੀਆਂ। ਜਾਰਜ ਥਾਮਸ, ਜਿਸਨੇ ਆਪ ਹਾਂਸੀ ਵਿਖੇ ਸਿੱਖਾਂ ਵਿਰੁੱਧ ਲੜਾਈ ਵਿਚ ਭਾਗ ਲਿਆ। ਸਿੰਘਣੀਆਂ ਦੀ ਬੜੀ ਤਾਰੀਫ ਕਰਦਾ ਹੈ।

ਇਸ ਸੰਘਰਸ਼ ਵਿਚ ਪੰਜਾਬ ਦੇ ਹਿੰਦੂਆਂ ਨੇ ਵੀ ਸਿੰਘਾਂ ਦਾ ਪੂਰਾ ਪੂਰਾ ਸਾਥ ਦਿੱਤਾ। ਹਿੰਦੂ ਜਨਤਾ ਵੀ ਮੁਗਲਾਂ ਅਤੇ ਅਫ਼ਗਾਨਾ ਦੇ ਅਤਿਆਚਾਰਾਂ ਤੇ ਜ਼ੁਲਮਾਂ ਤੋਂ ਦੁਖੀ ਸੀ। ਇਸ ਲਈ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਨੇ ਸਿੰਘਾਂ ਦੇ ਦਲਾਂ ਵਿਚ ਭਰਤੀ ਹੋ ਕੇ ਉਨ੍ਹਾਂ ਦਾ ਸਾਥ ਨਿਭਾਇਆ। ਉਸ ਵਕਤ ਦੇਸ਼ ਦੀ ਹਾਲਤ ਅਜਿਹੀ ਸੀ ਕਿ ਸਭ ਲੋਕ ਭਾਵੇਂ ਉਹ ਕਿਸੇ ਪੇਸ਼ੇ ਦੇ ਵੀ ਕਿਉਂ ਨਾ ਹੋਣ, ਕਿਰਤੀ, ਕਿਸਾਨ ਅਤੇ ਸ਼ਿਲਪੀ ਆਦਿ ਹਥਿਆਰਬੰਦ ਹੋਣ ਤੋਂ ਬਿਨਾਂ ਸੜਕਾਂ ਉੱਤੇ ਨਹੀਂ ਸਨ ਜਾਂਦੇ। ਸਿੰਘ ਸਰਦਾਰਾਂ ਨੇ ਆਪਣੇ ਇਲਾਕਿਆਂ ਵਿਚ ਲੋਕਾਂ ਨੂੰ ਚੰਗਾ ਰਾਜ ਪ੍ਰਬੰਧ ਦਿੱਤਾ। ਕਿਸੇ ਉੱਤੇ ਕੋਈ ਜ਼ੁਲਮ ਤਸ਼ੱਦਦ ਨਹੀਂ ਕੀਤਾ ਸਗੋਂ ਹਰ ਫਿਰਕੇ ਨਾਲ ਰਵਾਦਾਰੀ ਦਾ ਸਲੂਕ ਕੀਤਾ। ਲਾਹੌਰ ਦੇ ਮੁਸਲਮਾਨਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਇਥੋਂ ਤਕ ਕਹਿ ਦਿੱਤਾ ਸੀ ਕਿ ਉਹ ਲਹਿਣਾ ਸਿੰਘ ਦੇ ਰਾਜ ਵਿਚ ਬੜੇ ਖੁਸ਼ ਹਨ। ਇਸ ਲਈ ਅਬਦਾਲੀ ਨੂੰ ਉਸ ਨੂੰ ਲਾਹੌਰ ਦਾ ਗਵਰਨਰ ਬਣਾ ਦੇਣਾ ਚਾਹੀਦਾ ਹੈ। ਇਸ ਬੇਨਤੀ ਉੱਤੇ ਦੁਰਾਨੀ ਦੇ ਸਿੰਘਾਂ ਨੂੰ ਅਜਿਹਾ ਅਧਿਕਾਰ ਦੇਣ ਲਈ ਲਿਖ ਵੀ ਭੇਜਿਆ ਪਰ ਉਨ੍ਹਾਂ ਨੇ ਇਹ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ। ਸਿੰਘਾਂ ਦੇ ਇਲਾਕਿਆਂ ਵਿਚ ਬਹੁਤ ਸਾਰੇ ਗੁਆਂਢੀ ਰਾਜਾਂ ਨਾਲੋਂ ਵਧੇਰੇ ਚੰਗਾ ਪ੍ਰਬੰਧ ਪ੍ਰਚਲਿਤ ਸੀ ਭਾਵੇਂ ਇਹ ਸਰਕਾਰ ਇਕ ਤਰ੍ਹਾਂ ਦੀ ਅਸਥਾਈ ਹੀ ਸੀ ਫਿਰ ਵੀ ਇਸ ਵਿਚ ਕਿਸੇ ਨੂੰ ਦਬਾਇਆ ਨਹੀਂ ਸੀ ਗਿਆ। ਨਾ ਹੀ ਕਿਸੇ ਨਾਲ ਜ਼ੋਰ ਜ਼ਬਰਦਸਤੀ ਕੀਤੀ ਗਈ। 1788 ਵਿਚ ਜ਼ੇਮਜ ਬਰਾਊਨ ਲਿਖਦਾ ਹੈ ਕਿ ਉਹ ਬਹੁਤ ਥੋੜ੍ਹਾ ਕਰ ਉਗਰ ਲੈਂਦੇ ਹਨ ਅਤੇ ਉਹ ਵੀ ਜਿਨਸਾਂ ਵਿਚ ਅਤੇ ਕਿਸੇ ਵੀ ਝਗੜੇ ਵਿਚ ਉਨ੍ਹਾਂ ਦੇ ਸੈਨਿਕਾਂ ਨੇ ਕਿਸੇ ਦੀ ਪਤਨੀ ਦੇ ਸਾਹਮਣੇ ਉਸ ਦੇ ਘਰਵਾਲੇ ਦੀ ਬੇਇੱਜਤੀ ਨਹੀਂ ਸੀ ਕੀਤੀ।



Sri Satguru Jagjit Singh Ji Elibrary NamdhariElibrary@gmail.com

12

# ਗੁਰੂ ਸਿੰਘ ਕੌਣ ਸਨ ?

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਦੇ ਸਮੇਂ ਦੇ ਸਮਾਚਾਰਾਂ ਦਾ ਵਰਣਨ ਕਰਦੇ ਹੋਏ ਅਸੀਂ ਕੁਝ ਪ੍ਰਮਾਣ ਦੇ ਕੇ ਇਹ ਸਿੱਧ ਕੀਤਾ ਸੀ ਕਿ ਪੁਰਾਤਨ ਸਮਕਾਲੀ ਕਵੀਆਂ ਨੇ ਨੰਦੇੜ ਵਿਖੇਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੀ ਘਟਨਾ ਨੂੰ ਸਵੀਕਾਰ ਨਹੀਂ ਕੀਤਾ ਸੀ ਸਗੋਂ ਉਥੋਂ ਕੁਮੈਤ ਘੋੜੇ ਸਮੇਤ ਸਦੇਹ ਅਲੋਪ ਹੋ ਜਾਣ ਦੇ ਪ੍ਰਮਾਣ ਵਧੇਰੇ ਠੀਕ ਪ੍ਰਤੀਤ ਹੁੰਦੇ ਹਨ। ਇਨ੍ਹਾਂ ਲੇਖਕਾਂ ਵਿਚ ਭਾਈ ਸੁੱਖਾ ਸਿੰਘ, ਭਾਈ ਕੋਇਰ ਸਿੰਘ, ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਆਦਿ ਸਭ ਨੇ ਇਕ ਤੱਥ ਨੂੰ ਸਵੀਕਾਰ ਕੀਤਾ ਹੈ ਕਿ ਗੁਰੂ ਸਾਹਿਬ ਦੇ ਅੰਗੀਠੇ ਵਿਚੋਂ ਇਕ ਛੋਟੀ ਕਰਦ ਤੋਂ ਬਿਨਾਂ ਕੋਈ ਅਸਥੀ ਜਾਂ ਕੋਈ ਹੋਰ ਸ਼ਸਤਰ ਚਿਖਾ ਵਿਚੋਂ ਪ੍ਰਾਪਤ ਨਹੀਂ ਸੀ ਹੋ ਸਕਿਆ।

ਇਕ ਲੱਕੜਹਾਰੇ ਤੇ ਉਦਾਸੀ ਸਾਧੂ ਤੇ ਪੰਜਾਬ ਤੋਂ ਆਏ ਚਾਰ ਸਿੰਘਾਂ ਨੇ ਵੀ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਇਨ੍ਹਾਂ ਤੋਂ ਬਿਨਾਂ ਰੁਸਤਮ ਰਾਓ ਤੇ ਬਾਲਾਰਾਓ ਦੋ ਮਰਹੱਟੇ ਸਰਦਾਰਾਂ ਨੂੰ ਸਿਤਾਰੇ ਦੇ ਕਿਲ੍ਹੇ ਵਿਚੋਂ ਕੈਦ ਤੋਂ ਰਿਹਾਅ ਕਰਵਾਉਣਾ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਜੀ ਨੰਦੇੜ ਤੋਂ ਸੁਰੱਖਿਅਤ ਨਿਕਲ ਕੇ ਪੰਜਾਬ ਵੱਲ ਆ ਗਏ ਸਨ।

ਨਾਮਧਾਰੀ ਪੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਪਿਛੋਂ 'ਨਰ ਨਾਟਕ' ਦੀ ਵਰਤੋਂ ਕਰਕੇ ਪੰਜਾਬ ਵੱਲ ਆ ਜਾਣ ਬਾਰੇ ਸੰਤ ਤਰਨ ਸਿੰਘ ਵਹਿਮੀ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜੋਂ ਬਾਅਦ ਦਾ ਜੀਵਨ' ਨਿਧਾਨ ਸਿੰਘ ਆਲਿਮ 'ਗੁਰੂ ਪਦ ਪ੍ਰਕਾਸ਼' ਅਤੇ ਸੰਤ ਇੰਦਰ ਸਿੰਘ ਚੱਕਰਵਰਤੀ 'ਮਾਲਵੇਂਦਰ ਮਹਾਂਕਾਵਿ' ਵਿਚ ਅਤੇ ਅਮਰ ਭਾਰਤੀ ਆਦਿ ਨੇ ਗੁਰੂ ਜੀ ਦੇ ਨੰਦੇੜ ਤੋਂ ਪਿਛੋਂ ਦੇ ਜੀਵਨ ਸਮਾਚਾਰਾਂ ਨੂੰ ਵੇਰਵੇ ਸਹਿਤ ਬਿਆਨ ਕੀਤਾ ਹੈ। ਜੇ ਨਾਮਧਾਰੀ ਲੇਖਕਾਂ ਦੇ ਮਤ ਨੂੰ ਇਕ ਪਾਸੇ ਛੱਡ ਕੇ ਵਾਚਿਆ ਜਾਵੇ ਤਾਂ ਭਾਈ ਕਾਨ੍ਹ ਸਿੰਘ ਨਾਭਾ ਅਤੇ ਮਹੰਤ ਸੁਮੇਰ ਸਿੰਘ ਪਟਨਾ ਵਰਗੇ ਪ੍ਰਮੁੱਖ ਸਿੱਖ



Sri Satguru Jagjit Singh Ji Elibrary NamdhariElibrary@gmail.com

ਵਿਦਵਾਨਾਂ ਦੇ ਹਵਾਲਿਆਂ ਦੁਆਰਾ ਵੀ ਇਸ ਸੰਬੰਧੀ ਕੁਝ ਤੱਥ ਪ੍ਰਗਟਾਏ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਗੁਰੂ ਸ਼ਬਦ ਰਤਨਾਕਰ (ਮਹਾਨ ਕੋਸ਼) ਵਿਚ ਵੀ ਕੁਝ ਸੰਕੇਤ ਕੀਤੇ ਹਨ ਪਰ ਉਨ੍ਹਾਂ ਦੀ ਰਚਨਾ 'ਜੀਵਨ ਬਾਬਾ ਅਜਾਪਾਲ ਸਿੰਘ ਜੀ' ਵਿਚ ਇਸ ਗੱਲ ਦਾ ਵੇਰਵੇ ਸਹਿਤ ਜ਼ਿਕਰ ਕੀਤਾ ਗਿਆ ਹੈ ਕਿ ਬਾਬਾ ਅਜਾਪਾਲ ਸਿੰਘ ਹੀ ਗੁਰੂ ਗੋਬਿੰਦ ਸਿੰਘ ਸਨ ਜੋ ਨੰਦੇੜ ਤੋਂ ਪਿਛੋਂ ਕਈ ਸਥਾਨਾਂ ਤੇ ਗੁਪਤ ਰੂਪ ਵਿਚ ਨਿਵਾਸ ਕਰਦੇ ਰਹੇ ਸਨ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚੋਂ ਨਿਮਨ ਲਿਖਤ ਪ੍ਰਮਾਣ ਵਧੇਰੇ ਧਿਆਨ ਯੋਗ ਹੈ।

[1*]"ਅਜਾਪਾਲ ਸਿੰਘ ਬਾਬਾ -"ਮਹਾਂਪੁਰਸ਼ ਬਾਬਾ ਅਜਾਪਾਲ ਸਿੰਘ ਕੌਣ ਸਨ, ਕਿਸ ਵੰਸ਼ ਅਤੇ ਨਗਰ ਵਿਚ ਪ੍ਰਗਟੇ, ਇਸ ਦਾ ਕਿਸੇ ਨੂੰ ਪਤਾ ਨਹੀਂ। ਇਹ ਮਹਾਂਪ੍ਰਤਾਪੀ ਸ਼ਸਤਰ ਵਿਦਯਾ ਦੇ ਆਚਾਰਯ, ਨਾਮ ਦੇ ਰਸੀਏ ਤਪ ਦੀ ਮੂਰਤੀ ਹੋਏ ਹਨ। ਸੰਮਤ 1812 ਵਿਚ ਰਾਜਪੂਤਾਨੇ ਦੇ ਭਾਦਰਾ ਨਗਰ ਵਿਚ ਕਿਸੇ ਰਾਜਪੂਤ ਰਈਸ ਦੀ ਸਹਾਇਤਾ ਕਰਨੀ ਅਤੇ ਜੀਂਦ ਪਟਿਆਲੇ ਪਾਸ ਜੰਗਲ ਵਿਚ ਨਿਵਾਸ ਕਰਨਾ ਸੁਣਿਆ ਗਿਆ ਹੈ ਪਰ ਪੂਰੀ ਕਥਾ ਨਹੀਂ ਮਿਲਦੀ।

ਬਾਬਾ ਜੀ ਨੇ ਸੰਮਤ 1830 ਵਿਚ ਨਾਭੇ ਕੋਲ ਇਕ ਝਿੜੀ ਵਿਚ ਨਿਵਾਸ ਕੀਤਾ, ਜਿੱਥੇ ਉਹ ਪਰਲੋਕ ਗਮਨ ਤੀਕ ਰਹੇ। ਇੱਥੇ ਰਹਿ ਕੇ ਆਪ ਨੇ ਸਿੱਖ ਧਰਮ ਅਤੇ ਸ਼ਸਤ੍ਰ ਵਿਦਯਾ ਦਾ ਪੂਰਣ ਪ੍ਰਚਾਰ ਕੀਤਾ।"

ਇਸੇ ਪ੍ਰਕਰਨ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੇ ਦੋ ਲੇਖ 1916 ਵਿਚ ਪੰਜਾਬੀ ਭੈਣ ਅਤੇ 1927 ਵਿਚ ਫੁਲਵਾੜੀ ਵਿਚ ਪ੍ਰਕਾਸ਼ਿਤ ਹੋਏ ਜਿਸ ਦਾ ਸਿਰਲੇਖ - 'ਇਤਿਹਾਸ ਦੇ ਅਣਲਿਖੇ ਪਤਰੇ' ਸੀ।

ਭਾਈ ਕਾਨ੍ਹ ਸਿੰਘ ਨਾਭੇ ਦੇ ਵਡੇਰੇ ਬਾਬਾ ਸਰੂਪ ਸਿੰਘ ਜੀ ਨੇ ਬਾਬਾ ਅਜਾਪਾਲ ਸਿੰਘ ਜੀ ਦੀ ਨਿਸ਼ਕਾਮ ਸੇਵਾ ਕੀਤੀ। ਬਾਬਾ ਅਜਾਪਾਲ ਸਿੰਘ ਕਈ ਵਾਰ ਆਪਣੇ ਆਪ ਨੂੰ ਗੁਰੂ ਸਿੰਘ ਕਹਿ ਕੇ ਸੰਬੋਧਨ ਕਰਦੇ ਹੁੰਦੇ ਸਨ। ਮਹਾਨ ਕੋਸ਼ ਅਨੁਸਾਰ ਬਾਬਾ ਸਰੂਪ ਸਿੰਘ (ਭਾਈ ਕਾਨ੍ਹ ਸਿੰਘ ਦੇ ਵਡੇਰਿਆਂ ਵਿਚੋਂ ਸਨ) ਪਿਥੋਂ ਦੇ ਨਿਵਾਸੀ ਸਨ ਜੋ ਨਾਭੇ ਆ ਕੇ ਨਾਭਾਪਤੀ ਹਮੀਰ ਸਿੰਘ ਦੇ ਮੁਲਾਜ਼ਮ ਰਹੇ ਅਤੇ ਪਿਛੋਂ ਬਾਬਾ ਜੀ ਦੀ ਨਿਸ਼ਕਾਮ ਸੇਵਾ ਕਰਦੇ ਰਹੇ।

ਬਾਬਾ ਅਜਾਪਾਲ ਸਿੰਘ ਜੀ ਨੂੰ ਸ਼ਸਤਰਾਂ ਅਤੇ ਘੋੜਿਆਂ ਨਾਲ ਬੜਾ ਪ੍ਰੇਮ ਸੀ। ਪਟਿਆਲਾ ਨਿਵਾਸ ਸਮੇਂ ਮਾਈ ਆਸ ਕੌਰ ਨੇ ਜਦੋਂ ਬਾਬਾ ਜੀ ਦੀ ਸੇਵਾ ਵਿਚ 500 ਰੁਪਏ ਭੇਟ ਕੀਤੇ ਤਾਂ ਉਨ੍ਹਾਂ ਨੇ ਇਹ ਭੇਟਾਂ ਪ੍ਰਵਾਨ ਨਹੀਂ ਸੀ ਕੀਤੀ ਅਤੇ ਕਿਹਾ ਸਾਨੂੰ ਭੇਟਾਂ ਲੈਣ ਦਾ ਹੁਕਮ ਨਹੀਂ ਹੈ। ਇਸ ਮਾਇਆ ਦੀ

[1*] ਮਹਾਨ ਕੋਸ਼, ਤੀਜਾ ਵਾਰ 1974, ਪੰਨਾ 47



Sri Satguru Jagjit Singh Ji Elibrary NamdhariElibrary@gmail.com

ਬੰਦੂਕ ਬਣਾ ਦਿਓ। ਆਪ ਨੇ ਉਸ ਤੋੜੇਦਾਰ ਬੰਦੂਕ ਨੂੰ, ਜਿਸ ਵਿਚ ਕਈ ਧਾਤਾਂ ਦਾ ਪ੍ਰਯੋਗ ਕੀਤਾ ਸੀ, ਜਿਸ ਦਾ ਬੱਟ ਦੰਦ ਖੰਡ ਦਾ ਸੀ, ਭੇਟਾ ਵਜੋਂ ਪ੍ਰਵਾਨ ਕਰ ਲਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਚੋਂ ਗੁਪਤ ਢੰਗ ਨਾਲ ਅਲੋਪ ਹੋ ਗਏ ਅਤੇ ਇਸ ਪਿਛੋਂ ਗੁਪਤ ਰਹਿ ਕੇ ਰੁਸਤਮ ਰਾਓ ਤੇ ਬਾਲਾ ਰਾਓ ਨੂੰ ਸਿਤਾਰੇ ਦੇ ਕਿਲੇ ਵਿਚੋਂ ਰਿਹਾਅ ਕਰਵਾਇਆ। ਇਸ ਘਟਨਾ ਦਾ ਜ਼ਿਕਰ ਮਹਾਨ ਕੋਸ਼ ਵਿਚ ਜਨਵਾਰਾ (ਜਨਵਾੜਾ) ਐਂਟਰੀ ਹੇਠ ਕੀਤਾ ਗਿਆ, ਭਾਵੇਂ ਇਸ ਘਟਨਾ ਦੀ ਮਿਤੀ ਨਹੀਂ ਦਿੱਤੀ ਗਈ ਪਰ ਇਹ ਘਟਨਾ ਨਿਸ਼ਚੇ ਹੀ ਨੰਦੇੜ ਦੇ ਸਾਕੇ ਤੋਂ ਪਿਛੋਂ ਦੀ ਹੈ।

1*"ਜਨਵਾਰਾ - ਹੈਦਰਾਬਾਦ ਦੱਖਣ ਦੇ ਰਾਜ ਵਿਚ ਬਿਦਰ ਦੇ ਪਾਸ ਇਕ ਨਗਰ, ਜਿਸ ਦੇ ਰਈਸ ਰੁਸਤਮਰਾਇ ਅਤੇ ਬਾਲਾਰਾਇ ਨੂੰ ਦਸ਼ਮੇਸ਼ ਨੇ ਕੈਦ ਤੋਂ ਛੁਡਾਇਆ ਸੀ।"

ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ (ਜੀਵਨ ਬਾਬਾ ਅਜਾਪਾਲ ਸਿੰਘ ਜੀ) ਵੀ ਇਸ ਸੰਬੰਧ ਵਿਚ ਕੁਝ ਦਿਲਚਸਪ ਤੱਥਾਂ ਨੂੰ ਸਾਹਮਣੇ ਲਿਆਂਦੀ ਹੈ।

2*"ਬਾਬਾ ਅਜਾਪਾਲ ਸਿੰਘ ਜੀ ਪਟਿਆਲੇ ਤੋਂ ਆ ਕੇ ਇਥੇ ਝਿੜੀ ਵਿਚ ਰੇਰੂ ਹੇਠ ਤੰਬੂ ਲਾ ਕੇ ਸਭ ਸ਼ਸਤ੍ਰ ਤੇ ਨੌਬਤ ਸਾਹਿਬ ਅੰਦਰ ਰਖਕੇ ਮਹਾਰਾਜ ਭੀ ਤੰਬੂ ਦੇ ਅੰਦਰ ਬਿਰਾਜੇ। ਬਾਬਾ ਸਾਹਿਬ ਜੀ ਨੂੰ ਦੋ ਦਿਨ ਹੋ ਗਏ ਆਇਆਂ, ਤੀਜੇ ਦਿਨ ਬਾਬਾ ਸਾਹਿਬ ਜੀ ਨੇ ਫੁਰਮਾਯਾ ਸੇਵਾਂ ਅਜ ਗੁਰੂ ਸਿੰਘ ਜੀ ਦਾ ਹੁਕਮ ਹੈ ਕਿ ਨੌਬਤ ਸਾਹਿਬ ਬਜਾਓ। ਬਾਬਾ ਸਾਹਿਬ ਜੀ ਜਿਸ ਦਿਨ ਨੌਬਤ ਸਾਹਿਬ ਵਜੌਂਦੇ ਆਥਣ ਵਕਤ ਇਸਨਾਨ ਕਰਕੇ ਨਵਾਂ ਪੁਸ਼ਾਕਾ ਚੋਲਾ ਪਹਿਨ ਕੇ ਰਹਿਰਾਸ ਪੜ੍ਹਕੇ ਅਰਦਾਸ ਕਰਕੇ ਨੌਬਤ ਸਾਹਿਬ ਬਜੌਣ ਲਗਦੇ। ਇਕ ਰਸ ਸੂਰਜ ਨਿਕਲਦੇ ਤਕ ਬਜਾਂਉਦੇ ਰਹੇ। ਬਾਬਾ ਸਾਹਿਬ ਜੀ ਨੇ ਇਸ਼ਨਾਨ ਕਰਕੇ ਨਵਾਂ ਪੁਸ਼ਾਕਾ ਚੋਲਾ ਪਹਿਣ ਕੇ ਦਸਤਾਰਾ ਸਜਾ ਕੇ ਬਜਾਉਣੀਆਂ ਸ਼ੁਰੂ ਕੀਤੀਆਂ। ਦਿਨ ਚੜ੍ਹਦੇ ਤਕ ਇਕ ਰਸ ਬਜਾਈਆਂ ਸਾਰੇ ਸ਼ਹਿਰ ਵਿਚ ਹੈਰਾਨਗੀ ਫੈਲ ਗਈ। ਰਾਤ ਐਸੀ ਸੁਰੀਲੀ ਰਸਦਾਇਕ ਆਵਾਜ਼ ਕਿਥੋਂ ਆਈ ਅਰ ਸਾਰੀ ਰਾਤ ਇਕ ਰਸ ਬਜਾਈ। ਰਾਜਾ ਹਮੀਰ ਸਿੰਘ ਨੇ ਦਰਿਆਫਤ ਕੀਤਾ ਅਰ ਅਹਿਲਕਾਰਾਂ ਨੇ ਅਰਜ ਕੀਤੀ ਜੋ ਮਹਾਤਮਾ ਪਟਿਆਲੇ ਬਿਰਾਜਦੇ ਸੀ ਉਹ ਮਹਾਤਮਾ ਐਥੇ ਆ ਬਿਰਾਜੇ ਹਨ। ਕਈ ਤਾਂ ਦਸਦੇ ਹਨ ਕਿ ਮਹਾਰਾਜ ਦੇ ਸ਼ਾਹਿਬਜ਼ਾਦੇ ਹਨ, ਕੋਈ ਮਹਾਰਾਜ ਦਸਵੇਂ ਪਾਤਸ਼ਾਹ ਕੌਂਹਦਾ ਹੈ, ਕੋਈ ਦਸਵੇਂ ਗੁਰੂ ਜੀ ਦੇ ਨਾਲ

1* ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਤੀਜੀ ਵਾਰ, ਪੰਨਾ 504

2* ਜੀਵਨ ਬਾਬਾ ਅਜਾਪਾਲ ਸਿੰਘ ਜੀ, ਭਾਈ ਕਾਨ ਸਿੰਘ ਨਾਭਾ, ਪੰਨਾ 5



Sri Satguru Jagjit Singh Ji Elibrary NamdhariElibrary@gmail.com

ਦੇ ਦਸਦਾ ਹੈ ਪਰ ਹਨ ਪੂਰਨ ਪੁਰਖ। [1*]ਰਾਜਾ ਹਮੀਰ ਸਿੰਘ ਬਾਬਾ ਸਾਹਿਬ ਜੀ ਦਾ ਪਤਾ ਲੈਣ ਸਵਾਰ ਹੋ ਕੇ ਮਹਾਰਾਜ ਦੇ ਦਰਸ਼ਨਾਂ ਵਾਸਤੇ ਆਇਆ।" ਆਪ ਜੀ ਨੇ ਫੁਰਮਾਇਆ "ਸਾਨੂੰ ਗੁਰੂ ਸਿੰਘ ਜੀ ਦੀ ਆਗਿਆ ਏਥੇ ਹੀ ਰਹਿਣ ਦੀ ਹੈ। ਹੁਣ ਅਸੀਂ ਇੱਥੇ ਹੀ ਨਿਵਾਸ ਕਰਾਂਗੇ ਸਾਡੇ ਰਹਿਣ ਵਾਸਤੇ ਜਗਾ ਬਣਾ ਦਿਓ.... ਮਹਾਰਾਜ ਜੀ ਦਾ ਹੁਕਮ ਸੁਣਕੇ ਬਹੁਤ ਛੇਤੀ ਮਕਾਨ-ਤੇ ਕੂਈ ਤਿਆਰ ਕਰਵਾ ਦਿੱਤੇ ਗਏ।"

ਬਹੁਤ ਲੰਮੇ ਚਿਰ ਲਈ ਬਾਬਾ ਸਰੂਪ ਸਿੰਘ ਜੀ ਜੋ ਪਿਥੋਂ ਦੇ ਜੰਮਪਲ ਸਨ ਨੇ, ਬਾਬਾ ਜੀ ਦੀ ਨਿਸ਼ਕਾਮ ਸੇਵਾ ਕੀਤੀ। ਬਾਬਾ ਅਜਾਪਾਲ ਸਿੰਘ ਜੀ ਬਾਰੇ ਸਰੂਪ ਸਿੰਘ ਜੀ ਦੇ ਮਨ ਵਿਚ ਵੀ ਕਈ ਸ਼ੰਕੇ ਪੈਦਾ ਹੋਏ ਸਨ। ਪਰ ਬਾਬਾ ਜੀ ਨੇ ਆਪ ਹੀ ਇਕ ਦਿਨ ਉਨ੍ਹਾਂ ਦੇ ਸਾਰੇ ਸੰਸੇ ਨਿਵਾਰ ਦਿੱਤੇ :

[2*]"ਇਕ ਦਿਨ ਬਾਬਾ ਸਰੂਪ ਸਿੰਘ ਜੀ ਦੇ ਚਿਤ ਵਿਚ ਫੁਰਨਾ ਫੁਰਿਆ ਕਿ ਬਾਬਾ ਸਾਹਿਬ ਜੀ ਦਸਮ ਗੁਰੂ ਜੀ ਹਨ ਯਾ ਸਾਹਿਬਜ਼ਾਦੇ ਹਨ। ਅਰਜ ਕਰੀਏ ਪਰ ਸੰਗਦੇ ਪੁਛ ਨਾ ਸਕਣ। ਏਸ ਤਰ੍ਹਾਂ ਦਾ ਫੁਰਨਾ ਤਾਂ ਕਈ ਵਾਰ ਫੁਰਿਆ ਸੀ ਪਰ ਉਸ ਦਿਨ ਬੜਾ ਹੀ ਤੀਬਰ ਫੁਰਿਆ। ਉੱਤੋਂ ਬਾਬਾ ਸਾਹਿਬ ਜੀ ਨੇ ਚੁਬਾਰੇ ਤੋਂ ਹਾਕ ਮਾਰੀ ਸੇਵਾਂ! ਸਰੂਪ ਸਿੰਘ ਜੀ ਕੋ ਉਪਰ ਹਮਾਰੇ ਪਾਸ ਭੇਜਣਾ। ਮਾਈ ਸੇਵਾਂ ਨੇ ਬਾਬਾ ਸਰੂਪ ਸਿੰਘ ਜੀ ਨੂੰ ਕਿਹਾ। ਬਾਬਾ ਸਰੂਪ ਸਿੰਘ ਜੀ ਉਤੇ ਗਏ। ਜਾ ਕੇ ਬਾਬਾ ਸਾਹਿਬ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਉਸ ਵਕਤ ਮਹਾਰਾਜ ਪਲੰਘ ਪਰ ਬਿਰਾਜ ਰਹੇ ਸੀ। ਬਾਬਾ ਸਰੂਪ ਸਿੰਘ ਜੀ ਮੱਥਾ ਟੇਕ ਕੇ ਦੋਵੇਂ ਹੱਥ ਜੋੜ ਕੇ ਖੜੇ ਹੋ ਗਏ। ਅਰਜ਼ ਕੀਤੀ ਮਹਾਰਾਜ ਜੀ ਦਾਸ ਨੂੰ ਕੀ ਹੁਕਮ ਹੈ। ਮਹਾਰਾਜ ਨੇ ਫੁਰਮਾਯਾ ਸਾਡੇ ਖੁਰਕ ਹੁੰਦੀ ਹੈ। ਆਪ ਦੇਖੋ ਕੋਈ ਜੀਵ ਨਾ ਹੋਵੇ। ਬਾਬਾ ਸਰੂਪ ਸਿੰਘ ਜੀ ਪਲੰਘ ਕੋਲ ਬੈਠਕੇ ਦੇਖਣ ਲੱਗੇ। ਬਾਬਾ ਸਾਹਿਬ ਜੀ ਦੇ ਸਰੀਰ ਪਰ ਬੜੇ ਬੜੇ ਕੇਸ ਸੀ। ਜੀਵ ਤਾਂ ਕੋਈ ਮਿਲਿਆ ਨਹੀਂ ਪਰ ਵੱਖੀ ਪਰ ਬੜਾ ਘਾਓ ਦੇਖਿਆ। ਬੜਾ ਸ਼ਸ਼ਤਰ ਦਾ ਘਾਓ ਲੱਗਿਆ ਹੋਯਾ ਅਰ ਜ਼ਖਮ ਮਿਲਿਆ ਹੋਯਾ। ਘਾਓ ਨੂੰ ਦੇਖਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ ਕੀਤੀ। ਮਹਾਰਾਜ ਜੀ ਇਹ ਘਾਓ ਕਿਥੋਂ ਲਗਿਆ ਹੈ।

---

[1*] ਬਾਬਾ ਹਮੀਰ ਸਿੰਘ ਫੂਲ ਵੰਸ਼ ਵਿਚੋਂ ਤਿਲੋਕ ਦਾ ਪੜੋਤਾ ਸੀ। ਇਸ ਨੇ 1755 ਵਿਚ ਨਾਭੇ ਨਗਰ ਨੂੰ ਵਸਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ 1763 ਵਿਚ ਸਰਹੰਦ ਦੇ ਜੈਨ ਖਾਨ ਨੂੰ ਮਾਰਨ ਵੇਲੇ ਇਹ ਆਪਣੇ ਖਾਲਸਾ ਭਾਈਆਂ ਦੇ ਨਾਲ ਸੀ ਅਤੇ ਇਸ ਫਤੇ ਵਿਚ ਅਮਲੋਹ ਦਾ ਇਲਾਕਾ ਇਸ ਦੇ ਹੱਥ ਆਇਆ। ਰਾਜਾ ਹਮੀਰ ਸਿੰਘ ਦੀ ਮੌਤ 1783 ਵਿਚ ਹੋਈ-ਮਹਾਨ ਕੋਸ਼, ਪੰਨਾ 261

[2*] ਜੀਵਨ ਬਾਬਾ ਅਜਾਪਾਲ ਸਿੰਘ ਜੀ ਕਰਤਾ ਭਾਈ ਕਾਨ੍ਹ ਸਿੰਘ ਨਾਭਾ, ਪੰਨਾ 31



Sri Satguru Jagjit Singh Ji Elibrary NamdhariElibrary@gmail.com

ਸੁਣਕੇ ਮਹਾਰਾਜ ਨੇ ਫੁਰਮਾਯਾ, "ਇਹ ਉਹੀ ਘਾਓ ਹੈ ਜੋ ਦੱਖਣ ਮੈਂ ਪਠਾਣ ਨੇ ਮਾਰਿਆ ਸੀ।" ਇਹ ਸੁਣਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਨ ਨਿਸ਼ਚਾ ਹੋ ਗਿਆ ਕਿ ਕਲਗੀਧਰ ਪੰਥ ਦੇ ਵਾਲੀ ਦਸਵੇਂ ਪਾਤਸ਼ਾਹ ਹਨ। ਫੇਰ ਕਦੇ ਮਨ ਨਹੀਂ ਡੋਲਿਆ ਚਰਨਾਂ ਵਿਚ ਮੱਥਾ ਟੇਕ ਕੇ ਹੇਠਾਂ ਉਤਰ ਆਏ।"

ਨਾਭੇ ਵਿਚ ਨਿਵਾਸ ਕਰਨ ਦੇ ਸਮੇਂ ਆਪ ਜੀ ਦੇ ਦਰਸ਼ਨਾਂ ਲਈ ਕੁਝ ਸਿੰਘ ਆਉਂਦੇ ਜਾਂਦੇ ਵੀ ਰਹੇ ਸਨ। ਇਕ ਵਾਰ ਆਪ ਲੁਧਿਆਣੇ ਵੀ ਗਏ। ਆਪ ਮੁੱਖ ਤੇ ਰੁਮਾਲ ਬੰਨ੍ਹੀ ਰੱਖਦੇ ਸਨ। ਆਪ ਜੀ ਦਾ ਦੇਹਾਂਤ ਵੀ ਇਸੇ ਸਥਾਨ ਤੇ ਜੇਠ ਸੁਦੀ ਪੰਚਮੀ ਸੰਮਤ 1869 (1812 ਈਸਵੀਂ) ਵਿਚ ਹੋਇਆ। ਆਪ ਜੀ ਦਾ ਦਾਹ ਸਸਕਾਰ ਉਨ੍ਹਾਂ ਦੇ ਕੀਤੇ ਗਏ ਹੁਕਮਾਂ ਅਨੁਸਾਰ ਹੀ ਕੀਤਾ ਗਿਆ ਅਤੇ ਆਪ ਜੀ ਦੀ ਭਸਮ ਨੂੰ ਆਪ ਜੀ ਦੇ ਆਦੇਸ਼ ਅਨੁਸਾਰ ਬਾਬਾ ਸਰੂਪ ਸਿੰਘ, ਕੇਸਰਾ ਸਿੰਘ ਤੇ ਬਾਘ ਸਿੰਘ ਲੈ ਕੇ ਰੋਪੜ ਪਹੁੰਚੇ ਜਿੱਥੇ ਭਸਮ ਨੂੰ ਸਤਲੁਜ ਨਦੀ ਵਿਚ ਜਲ ਪ੍ਰਵਾਹ ਕਰ ਦਿੱਤਾ ਗਿਆ।

ਸੰਤ ਤਰਨ ਸਿੰਘ ਵਹਿਮੀ ਤੇ ਹੋਰ ਲੇਖਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਈ ਹੋਰ ਥਾਵਾਂ ਤੇ ਦਰਸ਼ਨ ਦੇਣ ਦੇ ਸਮਾਚਾਰਾਂ ਨੂੰ ਵੀ ਅੰਕਿਤ ਕੀਤਾ ਹੈ।

ਉਪਰੋਕਤ ਪੁਸਤਕ ਤੇ ਹੋਰ ਹਵਾਲਿਆਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 18ਵੀਂ ਸਦੀ ਦੇ ਸਮਾਚਾਰਾਂ ਨੂੰ ਆਪਣੀ ਅੱਖੀਂ ਨਿਹਾਰਿਆ ਤੇ ਵੇਖਿਆ ਹੈ, ਭਾਵੇਂ ਆਪ ਜੀ ਨੇ ਪੰਜ ਭੂਤਕ ਰੂਪ ਵਿਚ ਆਪਣੇ ਆਪ ਨੂੰ ਜਗਤ ਦੇ ਸਾਹਮਣੇ ਪ੍ਰਗਟ ਨਹੀਂ ਹੋਣ ਦਿੱਤਾ ਪਰ ਆਪ ਜੀ ਦੀ ਆਤਮਿਕ ਅਗਵਾਈ ਅਸ਼ੀਰਵਾਦ ਦੇ ਰੂਪ ਵਿਚ ਖਾਲਸੇ ਨੂੰ ਜ਼ਰੂਰ ਪ੍ਰਾਪਤ ਹੁੰਦੀ ਰਹੀ।

[1*]ਸ਼ਬਦ 'ਗੁਰੂ ਸਿੰਘ' ਬਾਰੇ ਸੰਤ ਤਰਨ ਸਿੰਘ ਵਹਿਮੀ ਦਾ ਵਿਚਾਰ ਹੈ ਕਿ 'ਕਟਾਹ ਕੁੰਡਲ' ਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਗੁਰੂ ਅਤੇ ਸਿੰਘ ਸ਼ਬਦ ਦੇ ਵਿਚਕਾਰ ਗੋਬਿੰਦ ਸ਼ਬਦ ਲਾਉਣ ਨਾਲ ਇਹ ਸ਼ਬਦ ਗੁਰੂ ਗੋਬਿੰਦ ਸਿੰਘ ਦਾ ਹੀ ਸੂਚਕ ਹੈ ਕਿਉਂਕਿ ਬਾਕੀ ਗੁਰੂ ਸਾਹਿਬਾਨ ਦੀ ਤੁਲਨਾ ਵਿਚ ਸਿੰਘ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਹੀ ਵਰਤਿਆ ਗਿਆ।

ਗੁਰੂ ਸਿੰਘ, ਕਟਾਹ ਕੁੰਡਲ ਦੇ ਭਾਵ ਨਾਲ ਜਿਵੇਂ ਕੜਾਹੇ ਦੇ ਦੋਵੇਂ ਕੁੰਡੇ ਪਕੜ ਲਿਆਂ ਸਾਰਾ ਬਾਕੀ ਦਾ ਕੜਾਹਾ ਵਿਚ ਆ ਜਾਂਦਾ ਹੈ ਤਿਵੇਂ ਗੁਰੂ ਸਿੰਘ ਕਹਿਣ ਨਾਲ (ਭਾਵ) ਆਦਿ ਅੰਤ ਦੇ ਅੱਖਰ ਕਿਹਾ ਗੋਬਿੰਦ ਆਪੇ ਵਿਚ ਆ ਗੁਰੂ ਗੋਬਿੰਦ ਸਿੰਘ ਜੀ ਅਰਥ ਬਣ ਜਾਂਦਾ ਹੈ।

---

[1*] ਤਰਨ ਸਿੰਘ ਵਹਿਮੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ, ਪੰਨਾ 203



Sri Satguru Jagjit Singh Ji Elibrary NamdhariElibrary@gmail.com

# 13

## ਮਹਾਰਾਜਾ ਰਣਜੀਤ ਸਿੰਘ ਦਾ ਆਰੰਭਿਕ ਜੀਵਨ

[1*]ਮਹਾਰਾਜਾ ਰਣਜੀਤ ਸਿੰਘ ਦਾ ਜਨਮ ਗੁਜਰਾਂਵਾਲਾ ਵਿਖੇ 13 ਨਵੰਬਰ 1780 ਨੂੰ ਪਿਤਾ ਸ. ਮਹਾਂ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ ਹੋਇਆ। ਉਹ ਸ਼ੁਕਰ ਚੱਕੀਆ ਮਿਸਲ ਦੇ ਸੰਸਥਾਪਕ ਚੜ੍ਹਤ ਸਿੰਘ ਦਾ ਪੋਤਰਾ ਸੀ। ਇਕਲੌਤੀ ਸੰਤਾਨ ਹੋਣ ਕਰਕੇ ਉਸਨੂੰ ਵਧੇਰੇ ਲਾਡ ਪਿਆਰ ਮਿਲਿਆ। ਇਸ ਲਈ ਉਸਦੀ ਸਿੱਖਿਆ ਵੱਲ ਵਧੇਰੇ ਧਿਆਨ ਨਾ ਦਿੱਤਾ ਗਿਆ। ਹਾਲੀ ਉਹ 6 ਸਾਲ ਦਾ ਹੀ ਸੀ ਜਦੋਂ ਉਸ ਦੀ ਮੰਗਣੀ ਜੈ ਸਿੰਘ ਕਨ੍ਹਈਆ ਦੀ ਪੋਤਰੀ ਮਹਿਤਾਬ ਕੌਰ ਨਾਲ ਕਰ ਦਿੱਤੀ ਗਈ। ਛੋਟੀ ਉਮਰ ਵਿਚ ਹੀ ਸੀਤਲਾ ਮਾਤਾ ਦੇ ਕਰੋਪ ਕਾਰਨ ਉਸਦੀ ਖੱਬੀ ਅੱਖ ਜਾਂਦੀ ਰਹੀ ਸੀ। ਦਸ ਸਾਲ ਦੀ ਉਮਰ ਵਿਚ ਹੀ ਰਣਜੀਤ ਸਿੰਘ ਨੇ ਆਪਣੇ ਬਾਪ ਨਾਲ ਸੈਨਿਕ ਕਾਰਵਾਈਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ, ਸਿੱਟੇ ਵਜੋਂ ਉਹ ਯੁੱਧ ਕਲਾ ਵਿਚ ਪ੍ਰਬੀਨ ਹੋ ਗਿਆ। 15 ਅਪ੍ਰੈਲ 1790 ਵਿਚ ਪਿਤਾ ਸ. ਮਹਾਂ ਸਿੰਘ ਦਾ ਦੇਹਾਂਤ ਹੋ ਗਿਆ। 1792-97 ਤਕ ਲੰਗਭਗ 5 ਸਾਲ ਉਸ ਦੀ ਮਲਵੈਣ ਮਾਤਾ ਹੀ ਮਿਸਲ ਦਾ ਕਾਰਵਿਹਾਰ ਚਲਾਉਂਦੀ ਰਹੀ। ਸਾਰਾ ਪ੍ਰਬੰਧ ਦੀਵਾਨ ਲਖਪਤ ਰਾਏ ਦੇ ਹੱਥਾਂ ਵਿਚ ਚਲਦਾ ਰਿਹਾ। 1796 ਵਿਚ ਰਣਜੀਤ ਸਿੰਘ ਦਾ ਵਿਆਹ ਮਹਿਤਾਬ ਕੌਰ ਨਾਲ ਹੋ ਗਿਆ ਤੇ ਉਸ ਦੀ ਸੱਸ ਸਦਾ ਕੌਰ ਵੀ ਸ਼ੁਕਰਚਕੀਆ ਮਿਸਲ ਦੇ ਪ੍ਰਬੰਧ ਵਿਚ ਹੱਥ ਵਟਾਉਣ ਲੱਗੀ। ਸਦਾ ਕੌਰ ਅਸਾਧਾਰਨ ਯੋਗਤਾ ਵਾਲੀ ਇਸਤਰੀ ਸੀ ਤੇ ਸਾਰੇ ਪੰਜਾਬ ਨੂੰ ਆਪਣੇ ਅਧੀਨ ਕਰ ਲੈਣ ਦੀ ਇੱਛਾ ਰਖਦੀ ਸੀ। 1797 ਵਿਚ ਰਣਜੀਤ ਸਿੰਘ ਨੇ ਸ਼ੁਕਰਚਕੀਆ ਮਿਸਲ ਦਾ ਪ੍ਰਬੰਧ ਆਪਣੇ ਪਿਤਾ ਦੇ ਮਾਮੇ ਦਲ ਸਿੰਘ ਦੀ ਸਹਾਇਤਾ ਨਾਲ ਆਪਣੇ ਹੱਥਾਂ ਵਿਚ

---

[1*] ਪ੍ਰਸਿੱਧ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਦਾ ਮਤ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਉਸ ਦੇ ਨਾਨਕੇ ਪਿੰਡ ਬਡਰੁੱਖਾਂ (ਹੁਣ ਜ਼ਿਲ੍ਹਾ ਸੰਗਰੂਰ) ਵਿਚ ਹੋਇਆ ਸੀ।
ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 6-7



Sri Satguru Jagjit Singh Ji Elibrary NamdhariElibrary@gmail.com

ਲੈ ਲਿਆ। ਰਣਜੀਤ ਸਿੰਘ ਦੀ ਸ਼ਖਸੀਅਤ ਵਿਚ ਦਿੱਲ ਤੇ ਦਿਮਾਗ ਦੀਆਂ ਕਈ ਖ਼ੂਬੀਆਂ ਮੌਜੂਦ ਸਨ ਜੋ ਕੁਦਰਤ ਵਲੋਂ ਉਸਨੂੰ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਸਦਕਾ ਉਹ ਪੰਜਾਬ ਵਿਚ ਵਿਸ਼ਾਲ ਸਾਮਰਾਜ ਸਥਾਪਿਤ ਕਰਨ ਕਰਕੇ ਪੰਜਾਬ ਦੀ ਜਨਤਾ ਦਾ ਰਾਸ਼ਟਰ ਨਾਇਕ ਬਣ ਗਿਆ।

ਉਸ ਬਾਰੇ ਪੰਜਾਬ ਦਾ ਕੌਮੀ ਕਵੀ ਸ਼ਾਹ ਮੁਹੰਮਦ ਇਸ ਤਰ੍ਹਾਂ ਲਿਖਦਾ ਹੈ :-

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰਜ ਕੇ ਰਾਜ ਕਮਾਇ ਗਿਆ।

1797 ਵਿਚ ਜਦੋਂ ਰਣਜੀਤ ਸਿੰਘ ਨੇ ਆਪਣੀ ਮਿਸਲ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ ਤਾਂ ਮਿਸਲ ਦੇ ਅਧੀਨ ਚੱਜ ਅਤੇ ਰਚਨਾ ਦੁਆਬ ਦੇ ਕੁਝ ਪਰਗਨੇ ਹੀ ਸਨ। ਉਸਦੀ ਮਿਸਲ ਦਾ ਖੇਤਰ ਗੁਜਰਾਂਵਾਲਾ, ਵਜ਼ੀਰਾਬਾਦ, ਸਿਆਲਕੋਟ, ਰੋਹਤਾਸ ਅਤੇ ਪਿੰਡੀ ਦਾਦਨ ਖ਼ਾਨ ਤਕ ਹੀ ਸੀਮਿਤ ਸੀ। ਜੰਮੂ ਤੋਂ ਉਹ ਕਰ ਜ਼ਰੂਰ ਉਗਰਾਉਂਦਾ ਸੀ ਪਰ ਉਸਦੇ ਕਿਸੇ ਭਾਗ ਉੱਤੇ ਉਸ ਦਾ ਕਬਜ਼ਾ ਨਹੀਂ ਸੀ। ਰਣਜੀਤ ਸਿੰਘ ਦਾ ਆਪਣੇ ਸਹਿਧਰਮੀਆਂ ਨਾਲ ਵਿਹਾਰ ਚੰਗਾ ਸੀ। ਉਸ ਸਮੇਂ ਸਾਰੀਆਂ ਮਿਸਲਾਂ ਵਿਚੋਂ ਭੰਗੀ ਮਿਸਲ ਵਧੇਰੇ ਤਾਕਤਵਰ ਸੀ, ਜਿਸਦਾ ਅਧਿਕਾਰ ਖੇਤਰ ਲਾਹੌਰ, ਅੰਮ੍ਰਿਤਸਰ, ਗੁਜਰਾਤ ਤੇ ਸਿਆਲਕੋਟ ਤਕ ਪਸਰਿਆ ਹੋਇਆ ਸੀ ਪਰ ਉਸ ਸਮੇਂ ਦੇ ਭੰਗੀ ਸਰਦਾਰ ਸੁਯੋਗ ਅਤੇ ਨੀਤੀ ਨਿਪੁੰਨ ਨਹੀਂ ਸਨ। ਲਹਿਣਾ ਸਿੰਘ, ਗੁੱਜਰ ਸਿੰਘ, ਗੁਲਾਬ ਸਿੰਘ ਆਦਿ ਭੰਗੀ ਸਰਦਾਰਾਂ ਦਾ ਆਪਸ ਵਿਚ ਕੋਈ ਵਧੇਰੇ ਸੁਚੱਜਾ ਸਹਿਚਾਰ ਨਹੀਂ ਸੀ। ਸ਼ਾਹ ਜ਼ਮਾਨ ਦੇ ਬਾਰ ਬਾਰ ਹੱਲਿਆਂ ਨੇ ਭੰਗੀ ਸਰਦਾਰਾਂ ਨੂੰ ਕਮਜ਼ੋਰ ਕਰ ਦਿੱਤਾ ਸੀ। ਜੱਸਾ ਸਿੰਘ ਰਾਮਗੜ੍ਹੀਆ ਜੋ ਸਤਲੁਜ ਦੇ ਆਰ-ਪਾਰ ਕਾਬਜ਼ ਸੀ, ਹੁਣ ਬਿਰਧ ਹੋ ਚੁੱਕਾ ਸੀ, ਉਹ ਰਣਜੀਤ ਸਿੰਘ ਦਾ ਟਾਕਰਾ ਨਹੀਂ ਸੀ ਕਰ ਸਕਦਾ। ਸ. ਜੱਸਾ ਸਿੰਘ ਆਹਲੂਵਾਲੀਆ ਦੇ ਕਾਲਵੱਸ 20 ਅਕਤੂਬਰ 1783 ਹੋਣ ਪਿਛੋਂ ਉਸਦਾ ਉੱਤਰ ਅਧਿਕਾਰੀ ਫਤੇਹ ਸਿੰਘ ਉਸ ਵਰਗਾ ਸ਼ਕਤੀਸ਼ਾਲੀ ਨਹੀਂ ਸੀ ਰਿਹਾ। ਕਨ੍ਹਈਆ ਮਿਸਲ ਦੇ ਸ. ਜੈ ਸਿੰਘ ਤੇ ਗੁਰਬਖਸ਼ ਸਿੰਘ ਕਾਲਵਾਸ ਹੋ ਚੁੱਕੇ



Sri Satguru Jagjit Singh Ji Elibrary NamdhariElibrary@gmail.com

ਸਨ ਤੇ ਮਾਤਾ ਸਦਾ ਕੌਰ ਰਣਜੀਤ ਸਿੰਘ ਨੂੰ ਚੜ੍ਹਦੀਕਲਾ ਵਿਚ ਲਿਆਉਣ ਲਈ ਸਹਾਈ ਹੋ ਰਹੀ ਸੀ। ਬਾਕੀ ਸਰਦਾਰ ਵੀ ਐਸ਼ਪ੍ਰਸਤ ਹੋ ਗਏ ਸਨ ਤੇ ਉਨ੍ਹਾਂ ਵਿਚੋਂ ਕੋਈ ਵੀ ਰਣਜੀਤ ਸਿੰਘ ਦੇ ਟਾਕਰੇ ਵਿਚ ਖੜਾ ਹੋਣ ਜੋਗਾ ਨਹੀਂ ਸੀ ਰਿਹਾ। ਸੱਚ ਤਾਂ ਇਹ ਹੈ ਕਿ ਮਿਸਲਾਂ ਵਿਚ ਹੁਣ ਉਹ ਚੜ੍ਹਦੀਕਲਾ ਵਾਲੀ ਭਾਵਨਾ ਨਾ ਰਹਿ ਕੇ, ਜੋ ਇਸਦੇ ਆਰੰਭਿਕ ਕਾਲ ਵਿਚ ਸੀ, ਜਿਸ ਵਿਚ ਪਰਜਾਤੰਤਰੀ ਤੇ ਏਕਤਾ ਦੀ ਭਾਵਨਾ ਵਧੇਰੇ ਬਲਵਾਨ ਸੀ, ਹੁਣ ਰਾਜਬੰਸੀ ਬਣ ਚੁੱਕੀ ਸੀ ਤੇ ਇਸ ਵਿਚ ਰਾਜਤੰਤਰੀ ਜਾਂ ਸਾਮੰਤਵਾਦੀ ਕਮਜ਼ੋਰੀਆਂ ਪੈਦਾ ਹੋ ਚੁੱਕੀਆਂ ਸਨ।

ਫੂਲਕੀਆ ਰਿਆਸਤ ਦੇ ਹਾਕਮ ਸ. ਸਾਹਿਬ ਸਿੰਘ ਵੀ ਸਤਲੁਜ ਨੂੰ ਪਾਰ ਕਰਨ ਦਾ ਹੌਸਲਾ ਨਹੀਂ ਸਨ ਰੱਖਦੇ। ਇਸ ਲਈ ਰਣਜੀਤ ਸਿੰਘ ਨੂੰ, ਜਿਨ੍ਹਾਂ ਚਿਰ ਤਕ ਉਹ ਸਤਲੁਜ ਦੇ ਪੱਛਮ ਵੱਲ ਆਪਣਾ ਧਿਆਨ ਕੇਂਦਰਿਤ ਕਰ ਸਕਦਾ ਸੀ, ਉਸ ਨੂੰ ਸਤਲੁਜ ਤੋਂ ਪੂਰਬ ਵੱਲ ਦੀਆਂ ਰਿਆਸਤਾਂ ਦਾ ਕੋਈ ਖਤਰਾ ਨਹੀਂ ਸੀ ਪਰ ਦੂਜੇ ਬੰਨੇ ਹੁਣ ਮੱਲ੍ਹਾਂ ਮੱਲ੍ਹਣ ਦਾ ਨਹੀਂ ਮੱਲ੍ਹਾ ਮਾਰਨ ਦਾ ਯੁੱਗ ਸ਼ੁਰੂ ਹੋ ਚੁੱਕਾ ਸੀ। ਬਾਈ ਧਾਮ ਮੁਖੀ, ਕਟੋਚ ਆਦਿ ਪਹਾੜੀ ਰਾਜੇ ਵੀ ਪੰਜਾਬ ਵਿਚ ਆਪਣੀ ਸੱਤਾ ਸਥਾਪਿਤ ਕਰਨ ਵਿਚ ਰੁਚੀ ਰਖਦੇ ਸਨ। ਕਾਂਗੜੇ ਦਾ ਕਟੋਚ ਰਾਜਪੂਤ ਸੰਸਾਰ ਚੰਦ ਵੀ ਪੰਜਾਬ ਦੇ ਮੈਦਾਨਾਂ ਵਿਚ ਆਪਣਾ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਇਸ ਲਈ ਉਸ ਦਾ ਟਾਕਰਾ ਰਣਜੀਤ ਸਿੰਘ ਨਾਲ ਹੋ ਸਕਦਾ ਸੀ ਜੋ ਆਪ ਸਾਰੇ ਪੰਜਾਬ ਉਤੇ ਮੱਲ ਮਾਰਨੀ ਚਾਹੁੰਦਾ ਸੀ। ਨੇਪਾਲ ਦੇ ਗੋਰਖੇ ਵੀ ਅਮਰ ਸਿੰਘ ਥਾਪਾ ਦੀ ਅਗਵਾਈ ਵਿਚ ਪੱਛਮ ਵੱਲ ਵੱਧ ਕੇ ਸ਼ਿਮਲੇ ਦੀਆਂ ਪਹਾੜੀਆਂ ਉਤੇ ਕਬਜ਼ਾ ਕਰਨਾ ਚਾਹੁੰਦੇ ਸਨ। ਇਸ ਸਮੇਂ ਤਾਕਤ ਵਿਚ ਆਉਣ ਲਈ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਤੇ ਮਰਾਠਿਆਂ ਵੱਲੋਂ ਕੋਈ ਖਤਰਾ ਨਹੀਂ ਸੀ। 1797 ਵਿਚ ਦਿੱਲੀ ਉੱਤੇ ਦੌਲਤ ਰਾਓ ਸਿੰਧੀਆ ਦਾ ਰਾਜ ਸੀ ਜੋ ਫਰਾਂਸੀਸੀ ਅਫ਼ਸਰਾਂ ਦੀ ਸਹਾਇਤਾ ਨਾਲ ਆਪਣੀ ਸ਼ਕਤੀ ਨੂੰ ਨਵੇਂ ਸਿਰਿਓਂ ਸੰਗਠਿਤ ਕਰ ਰਿਹਾ ਸੀ। ਮਰਾਠਾ ਸਰਦਾਰ ਧਾਰਾ ਰਾਓ ਸਤਲੁਜ ਦੇ ਦੇਖਣ ਵੱਲ ਦੇ ਇਲਾਕੇ ਮਾਲਵੇ ਉੱਤੇ ਭਾਵੇਂ ਚੜ੍ਹ ਆਇਆ ਸੀ ਪਰ ਉਸ ਦਾ ਉਦੇਸ਼ ਉਥੇ ਮੱਲ ਮਾਰਨ ਦੀ ਥਾਂ ਲੁੱਟ ਮਾਰ ਕਰਨ ਤਕ ਹੀ ਸੀਮਿਤ ਸੀ। ਸਤਲੁਜ ਦੇ ਉੱਤਰ ਵੱਲ ਸਿੱਖਾਂ ਦੇ ਇਲਾਕਿਆਂ ਵੱਲ ਵੱਧਣ ਦਾ ਉਨ੍ਹਾਂ ਦਾ ਕੋਈ ਵਿਚਾਰ ਨਹੀਂ ਸੀ। 1799 ਵਿਚ ਜਦੋਂ ਰਣਜੀਤ ਸਿੰਘ ਨੇ ਸਾਰੇ ਪੰਜਾਬ ਨੂੰ ਸਰ ਕਰ ਲੈਣ ਦਾ ਇਰਾਦਾ ਬਣਾਇਆ ਤਾਂ ਮਰਾਠੇ ਉਸ ਦਾ ਵਿਰੋਧ ਕਰਨ ਨੂੰ ਤਿਆਰ ਨਹੀਂ ਸਨ। ਇਸ ਸਮੇਂ ਤੱਕ ਅੰਗਰੇਜ਼ ਵੀ ਬਹੁਤ ਦੂਰ ਸਨ। ਅੰਗਰੇਜ਼ ਹਾਲੀਂ ਦਿੱਲੀ ਦੇ ਨੇੜੇ-



Sri Satguru Jagjit Singh Ji Elibrary NamdhariElibrary@gmail.com

ਤੇੜੇ ਹੀ ਪੁੱਜੇ ਸਨ ਕਿ ਸਤਲੁਜ ਦੇ ਦੱਖਣ ਵੱਲ ਦੀਆਂ ਸਿੱਖ ਰਿਆਸਤਾਂ ਉਨ੍ਹਾਂ ਦੇ ਰਾਹ ਵਿਚ ਰੋਕ ਪਾ ਸਕਦੀਆਂ ਸਨ।

ਪਰ ਦੂਜੇ ਬੰਨ੍ਹੇ ਸਰਹੱਦ ਦੇ ਉੱਤਰ ਪੱਛਮੀ ਭਾਗਾਂ ਵਿਚ ਪਠਾਣਾਂ ਤੇ ਅਫਗਾਨਾਂ ਦੇ ਅਧਿਕਾਰ ਕਸੂਰ ਮੁਲਤਾਨ, ਪਿਸ਼ਾਵਰ, ਅਟਕ, ਕਸ਼ਮੀਰ ਦੇ ਸਥਾਨਾਂ ਉੱਤੇ ਸਨ ਜੋ ਕਿਸੇ ਤਰ੍ਹਾਂ ਵੀ ਸਾਰੇ ਪੰਜਾਬ ਨੂੰ ਕਿਸੇ ਸਿੱਖ ਹੁਕਮਰਾਨ ਦੇ ਅਧੀਨ ਕਰ ਦੇਣ ਦੇ ਵਿਰੋਧੀ ਸਨ। ਇਸ ਲਈ ਰਣਜੀਤ ਸਿੰਘ ਦੇ ਪੰਜਾਬ ਉਤੇ ਕਬਜ਼ਾ ਕਰਨ ਦੇ ਰਾਹ ਵਿਚ ਇਨ੍ਹਾਂ ਮੁਸਲਮਾਨ ਸਰਦਾਰਾਂ ਨਾਲ ਟੱਕਰ ਵਿਚ ਆ ਜਾਣਾ ਬੜਾ ਸੁਭਾਵਿਕ ਹੀ ਸੀ। ਕਸੂਰ ਦੇ ਨਿਜ਼ਾਬ ਉਦ-ਦੀਨ ਨੇ ਸਭ ਤੋਂ ਪਹਿਲਾਂ ਰਣਜੀਤ ਸਿੰਘ ਦੀ ਇਸ ਚਾਲ ਨੂੰ ਕਹਿਰੀ ਅੱਖ ਨਾਲ ਤੱਕਿਆ ਸੀ। ਮੁਜ਼ਫਰ ਖ਼ਾਂ ਵੀ ਰਣਜੀਤ ਸਿੰਘ ਦੇ ਮੁਲਤਾਨ ਉਤੇ ਕਾਬਜ਼ ਹੋਣ ਦੇ ਰਾਹ ਵਿਚ ਟੱਕਰ ਲੈਣ ਨੂੰ ਤਿਆਰ ਸੀ ਪਰ ਜੇ ਉਹ ਉੱਤਰ ਪੱਛਮ ਵੱਲ ਵੱਧਣਾ ਚਾਹੁੰਦਾ ਤਾਂ ਸਰਹੱਦ ਦੇ ਸਾਰੇ ਸਰਦਾਰ, ਜਿਨ੍ਹਾਂ ਦੀ ਪਿੱਠ ਉੱਤੇ ਅਫ਼ਗਾਨ ਸਲਤਨਤ ਵੀ ਖੜੀ ਸੀ, ਨਾਲ ਮੁਕਾਬਲਾ ਹੋਣਾ ਕੁਦਰਤੀ ਸੀ।

ਅਫ਼ਗਾਨ ਤਾਂ ਸਦਾ ਹੀ ਆਪਣੇ ਆਪ ਨੂੰ ਪੰਜਾਬ ਦੇ ਮਾਲਿਕ ਹੀ ਸਮਝਦੇ ਰਹੇ ਸਨ, ਇਸ ਲਈ ਉਨ੍ਹਾਂ ਵਲੋਂ ਸਖਤ ਮੁਕਾਬਲੇ ਦੀ ਤਕੜੀ ਸੰਭਾਵਨਾ ਬਣੀ ਹੋਈ ਸੀ। 1752 ਵਿਚ ਅਹਿਮਦਸ਼ਾਹ ਅਬਦਾਲੀ ਨੇ ਪੰਜਾਬ ਉਤੇ ਕਬਜ਼ਾ ਕਰਕੇ ਉਸ ਨੂੰ ਆਪਣੇ ਅਫ਼ਗਾਨ ਸਾਮਰਾਜ ਨਾਲ ਮਿਲਾ ਲਿਆ ਸੀ ਪਰ ਸਿੰਘਾਂ ਨੇ ਵੀ ਜੱਥੇਬੰਦ ਹੋ ਕੇ ਅਹਿਮਦ ਸ਼ਾਹ ਨੂੰ ਮੈਦਾਨੋਂ ਕੱਢ ਦਿੱਤਾ ਸੀ। ਅਹਿਮਦਸ਼ਾਹ ਦੇ ਉੱਤਰ ਅਧਿਕਾਰੀ ਤੈਮੂਰ ਸ਼ਾਹ ਨੇ ਵੀ ਮੁੜ ਪੰਜਾਬ ਉਤੇ ਕਬਜ਼ਾ ਕਰਨ ਦੇ ਕਈ ਯਤਨ ਕੀਤੇ ਪਰ ਉਸ ਨੂੰ ਕੋਈ ਸਫਲਤਾ ਨਾ ਮਿਲੀ। 1793 ਵਿਚ ਤੈਮੂਰ ਸ਼ਾਹ ਦੀ ਮੌਤ ਪਿਛੋਂ ਉਸਦਾ ਉੱਤਰ ਅਧਿਕਾਰੀ ਸ਼ਾਹ ਜ਼ਮਾਨ ਜੋ ਰਣਜੀਤ ਸਿੰਘ ਵਾਂਗ ਨੌਜਵਾਨ ਹੀ ਸੀ, ਪੰਜਾਬ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ। 1795 ਵਿਚ ਉਸ ਨੇ ਦੋ ਹੱਲੇ ਕਰਕੇ ਹਸਨ ਅਬਦਾਲ ਤੱਕ ਕਬਜ਼ਾ ਕਰ ਲਿਆ ਸੀ।

1797 ਵਿਚ ਆਪਣੇ ਤੀਜੇ ਹੱਲੇ ਸਮੇਂ ਉਹ ਲਾਹੌਰ ਉਤੇ ਕਬਜ਼ਾ ਕਰਕੇ ਦਿੱਲੀ ਤਕ ਪਹੁੰਚ ਗਿਆ ਪਰ ਉਸ ਦੇ ਆਪਣੇ ਰਾਜ ਵਿਚ ਗੜਬੜ ਹੋ ਜਾਣ ਕਾਰਨ ਉਸ ਨੂੰ ਬਹੁਤ ਛੇਤੀ ਵਾਪਸ ਪਰਤਣਾ ਪਿਆ। ਵਾਪਸ ਪਰਤਣ ਤੋਂ ਪਹਿਲਾਂ ਉਸ ਨੇ ਅਹਿਮਦ ਖ਼ਾਂ ਸ਼ਾਹੰਚੀ ਨੂੰ ਆਪਣਾ ਕਾਇਮ ਮੁਕਾਮ ਹਾਕਮ ਥਾਪ ਦਿੱਤਾ ਸੀ।

1798 ਵਿਚ ਸ਼ਾਹ ਜਮਾਨ ਨੇ ਪੰਜਾਬ ਉੱਤੇ ਚੌਥੀ ਵਾਰ ਹੱਲਾ ਬੋਲਿਆ। ਲਾਹੌਰ ਉਤੇ ਕਬਜ਼ਾ ਕਰਨ ਲਈ ਉਸ ਨੂੰ ਸਖ਼ਤ ਟਾਕਰੇ ਦਾ ਸਾਹਮਣਾ ਕਰਨਾ



Sri Satguru Jagjit Singh Ji Elibrary NamdhariElibrary@gmail.com

ਪਿਆ। ਇਸ ਸਮੇਂ ਸ਼ਾਹ ਜਮਾਨ ਰਣਜੀਤ ਸਿੰਘ ਦੇ ਬੀਰ ਕਰਤੱਵਾਂ ਤੋਂ ਬੜਾ ਪ੍ਰਭਾਵਿਤ ਹੋਇਆ, ਜਿਸ ਨੇ ਲਾਹੌਰ ਦੇ ਕਿਲ੍ਹੇ ਦੇ ਸੁਮਨ ਬੁਰਜ ਦੇ ਨੇੜੇ ਆ ਕੇ ਅਫ਼ਗਾਨਾਂ ਦੀ ਬਹੁਤ ਸੈਨਾ ਨੂੰ ਮਾਰ ਮੁਕਾਇਆ। ਲਾਹੌਰ ਉਤੇ ਕਬਜ਼ਾ ਕਰਕੇ ਸ਼ਾਹ ਜਮਾਨ ਨੂੰ ਆਪਣੇ ਮਤਰੇਏ ਭਰਾ ਦੀ ਬਗਾਵਤ ਕਾਰਨ ਛੇਤੀ ਹੀ ਕਾਬਲ ਵਾਪਸ ਜਾਣਾ ਪਿਆ। ਵਾਪਸੀ ਸਮੇਂ ਜੇਹਲਮ ਵਿਚ ਹੜ੍ਹ ਆ ਜਾਣ ਕਾਰਨ ਉਸ ਦੀਆਂ ਬਹੁਤ ਸਾਰੀਆਂ ਤੋਪਾਂ ਜੇਹਲਮ ਵਿਚ ਰੁੜ੍ਹ ਗਈਆਂ ਸਨ।

ਸ਼ਾਹ ਜਮਾਨ ਵਲੋਂ ਰਣਜੀਤ ਸਿੰਘ ਨੂੰ ਇਹ ਅਖਵਾ ਭੇਜਿਆ ਗਿਆ ਸੀ ਕਿ ਜੇ ਉਹ ਤੋਪਾਂ ਭਿਜਵਾ ਦੇਵੇ ਤਾਂ ਉਸ ਨੂੰ ਲਾਹੌਰ ਉਤੇ ਕਬਜ਼ਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ। ਰਣਜੀਤ ਸਿੰਘ ਨੇ 15 ਤੋਪਾਂ ਦਰਿਆ ਵਿਚੋਂ ਕਢਵਾ ਕੇ ਸ਼ਾਹ ਜਮਾਨ ਨੂੰ ਭਿਜਵਾ ਦਿੱਤੀਆਂ।

ਸ਼ਾਹ ਜ਼ਮਾਨ ਬੜਾ ਪ੍ਰਸੰਨ ਹੋਇਆ ਤੇ ਉਸ ਨੇ ਰਣਜੀਤ ਸਿੰਘ ਨੂੰ ਖਿਲਅਤ ਭੇਜੀ। ਉਸ ਨੂੰ ਕਾਨੂੰਨੀ ਤੌਰ ਤੇ ਲਾਹੌਰ ਉਤੇ ਹਕੂਮਤ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਪਰ ਇਸ ਪ੍ਰਵਾਨਗੀ ਮਿਲਣ ਤੋਂ ਪਹਿਲਾਂ ਹੀ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ ਸੀ। ਰਣਜੀਤ ਸਿੰਘ ਨੇ ਜੁਲਾਈ 1799 ਵਿਚ ਆਪਣੀ ਅਤੇ ਆਪਣੀ ਸੱਸ ਦੀ ਸੈਨਾ ਨਾਲ ਲਾਹੌਰ ਉੱਤੇ ਚੜ੍ਹਾਈ ਕਰ ਦਿੱਤੀ ਸੀ। ਉਸ ਸਮੇਂ ਲਾਹੌਰ ਉਤੇ ਭੰਗੀ ਮਿਸਲ ਦੇ ਤਿੰਨ ਸਰਦਾਰਾਂ ਸਾਹਿਬ ਸਿੰਘ, ਮੇਹਰ ਸਿੰਘ ਤੇ ਚੇਤ ਸਿੰਘ ਦਾ ਕਬਜ਼ਾ ਸੀ। ਜਦੋਂ ਰਣਜੀਤ ਸਿੰਘ ਲਾਹੌਰ ਦੇ ਨੇੜੇ ਪਹੁੰਚਿਆ ਤਾਂ ਉਸ ਨੂੰ ਸੂਚਨਾ ਮਿਲੀ ਕਿ ਚੇਤ ਸਿੰਘ ਤੇ ਲਾਹੌਰ ਦੇ ਖਤਰੀਆਂ ਤੇ ਮੁਸਲਿਮ ਚੌਧਰੀਆਂ ਵਿਚਕਾਰ ਪਰਸਪਰ ਮਤਭੇਦ ਹਨ। ਰਣਜੀਤ ਸਿੰਘ ਅਤੇ ਉਸ ਦੀ ਸੱਸ ਨੇ ਇਸ ਨਾਚਾਕੀ ਦਾ ਪੂਰਾ ਪੂਰਾ ਲਾਭ ਉਠਾਇਆ। ਇਸ ਲਈ ਬਿਨਾਂ ਕਿਸੇ ਵੱਡੇ ਸੰਘਰਸ਼ ਦੇ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਮੁਹੰਮਦ ਲਤੀਫ ਅਨੁਸਾਰ ਮੁਸਲਮਾਨ ਚੌਧਰੀਆਂ ਨੇ ਲਾਹੌਰੀ ਗੇਟ ਦੇ ਦਰਵਾਜ਼ੇ ਖੋਲ ਦਿੱਤੇ ਸਨ। ਹਥਿਆਰਬੰਦ ਮੁਕਾਬਲੇ ਦੀ ਕੋਈ ਸੰਭਾਵਨਾ ਬਾਕੀ ਨਹੀਂ ਸੀ ਰਹੀ। ਰਣਜੀਤ ਸਿੰਘ ਦੇ ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਸਾਹਿਬ ਸਿੰਘ ਤੇ ਮੇਹਰ ਸਿੰਘ ਸ਼ਹਿਰ ਛੱਡ ਕੇ ਜਾ ਚੁੱਕੇ ਸਨ।

ਚੇਤ ਸਿੰਘ ਨੇ ਥੋੜਾ ਟਾਕਰਾ ਜ਼ਰੂਰ ਕੀਤਾ ਪਰ 7 ਜੁਲਾਈ 1799 ਨੂੰ ਉਸ ਨੇ ਵੀ ਹਥਿਆਰ ਸੁੱਟ ਦਿੱਤੇ। ਸਿੱਟੇ ਵਜੋਂ ਰਣਜੀਤ ਸਿੰਘ ਦਾ ਲਾਹੌਰ ਉਤੇ ਪੂਰਨ ਅਧਿਕਾਰ ਸਥਾਪਿਤ ਹੋ ਗਿਆ।

ਲਾਹੌਰ ਉਤੇ ਕਬਜ਼ਾ ਕਰਨ ਪਿਛੋਂ ਲਾਹੌਰ ਦੇ ਸ਼ਹਿਰੀਆਂ ਨੇ ਰਣਜੀਤ ਸਿੰਘ ਦਾ ਆਪਣੇ ਮੁਕਤੀਦਾਤਾ ਵਜੋਂ ਸੁਆਗਤ ਕੀਤਾ। ਇਸ ਸਮੇਂ ਰਣਜੀਤ



Sri Satguru Jagjit Singh Ji Elibrary NamdhariElibrary@gmail.com

ਸਿੰਘ ਨੇ ਆਪਣੀ ਸੈਨਾ ਨੂੰ ਮਹੱਤਵਪੂਰਨ ਹੁਕਮ ਜਾਰੀ ਕੀਤੇ। ਪਹਿਲਾਂ ਇਹ ਕਿ ਕਿਸੇ ਵੀ ਸ਼ਹਿਰੀ ਨੂੰ ਮਾਰਿਆ ਤੇ ਲੁਟਿਆ ਨਾ ਜਾਵੇ। ਦੂਜੇ ਹੁਕਮ ਰਾਹੀਂ ਉਸ ਨੇ ਸਾਰੀ ਪਰਜ਼ਾ ਨੂੰ ਸੁਰੱਖਿਆ ਦੇਣ ਦਾ ਵਚਨ ਦਿੱਤਾ। ਉਸ ਨੇ ਸਾਰੇ ਵਪਾਰੀਆਂ, ਦਸਤਕਾਰਾਂ, ਦੁਕਾਨਦਾਰਾਂ ਨੂੰ ਆਪਣਾ ਕਾਰ ਵਿਹਾਰ ਸ਼ੁਰੂ ਕਰਨ ਲਈ ਕਿਹਾ। ਰਣਜ਼ੀਤ ਸਿੰਘ ਨੇ ਇਸ ਸਮੇਂ ਆਪਣਾ ਸਿੱਕਾ ਵੀ ਜਾਰੀ ਕੀਤਾ ਪਰ ਇਸ ਉਤੇ ਉਸ ਨੇ ਆਪਣਾ ਨਾਮ ਨਹੀਂ ਉਕਰਾਇਆ। ਇਨ੍ਹਾਂ ਸਿੱਕਿਆਂ ਨੂੰ 'ਨਾਨਕ ਸ਼ਾਹੀ' ਸਿੱਕਿਆਂ ਦਾ ਨਾਮ ਦਿੱਤਾ ਗਿਆ ਅਤੇ ਇਸ ਉਤੇ ਸ਼ਬਦ 'ਅਕਾਲ ਸਹਾਏ' ਅੰਕਿਤ ਕਰਵਾਏ ਗਏ। ਇਸ ਤਰ੍ਹਾਂ ਰਣਜੀਤ ਸਿੰਘ ਨੂੰ ਲਾਹੌਰ ਸ਼ਹਿਰ ਦੇ ਨਵੇਂ ਹਾਕਮ ਵਜੋਂ ਪਰਜਾ ਵੱਲੋਂ ਨਿੱਘਾ ਹੁੰਗਾਰਾ ਮਿਲਿਆ। ਲਾਹੌਰ ਉਤੇ ਕਬਜ਼ਾ ਰਣਜੀਤ ਸਿੰਘ ਦੀ ਚੜ੍ਹਦੀ ਕਲਾ ਵਿਚ ਆਉਣ ਦਾ ਪਹਿਲਾ ਵੱਡਾ ਪੜਾਅ ਸੀ। ਪਰ ਉਸ ਦਾ ਰਾਜਨੀਤਿਕ ਨਿਸ਼ਾਨਾ ਹੋਰ ਉਚਾਰੇ ਸੀ, ਉਹ ਪੰਜਾਬ ਵਿਚ ਧਾਰਮਿਕ ਖਾਲਸਾ ਰਾਜ ਦੀ ਥਾਂ ਪੰਜਾਬੀਆਂ ਦਾ ਸਾਂਝਾ ਰਾਸ਼ਟਰੀ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਗੁਣਾਤਮਿਕ ਦ੍ਰਿਸ਼ਟੀਕੋਣ ਤੋਂ ਇਹ ਨਿਸ਼ਾਨਾ ਉਸ ਦੀ ਧਰਮ ਨਿਰਪੇਖ ਨੀਤੀ ਦਾ ਪ੍ਰਤੀਕ ਸੀ। ਪ੍ਰਮੁੱਖ ਇਤਿਹਾਸਕਾਰ ਸ. ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿਚ :

[1*]"ਥੋੜ੍ਹੇ ਸਮੇਂ ਵਿਚ ਹੀ ਰਣਜੀਤ ਸਿੰਘ ਨੇ ਲਾਹੌਰ ਤੇ ਪੰਜਾਬ ਦੇ ਲੋਕਾਂ ਨੂੰ ਇਹ ਯਕੀਨ ਦਿਵਾ ਦਿੱਤਾ ਕਿ ਉਹ ਪੰਜਾਬ ਵਿਚ ਸਿੱਖ ਰਾਜ ਨਹੀਂ ਸਗੋਂ ਪੰਜਾਬੀਆਂ ਦਾ ਰਾਜ ਕਾਇਮ ਕਰਨਾ ਚਾਹੁੰਦਾ ਹੈ, ਜਿਸ ਵਿਚ ਮੁਸਲਿਮ, ਹਿੰਦੂ ਅਤੇ ਸਿੱਖ ਸਭ ਉਤੇ ਇਕ ਸਮਾਨ ਕਾਨੂੰਨ ਲਾਗੂ ਹੋਵੇਗਾ ਅਤੇ ਸਭ ਦੇ ਅਧਿਕਾਰ ਤੇ ਕਰਤੱਵ ਸਮਾਨ ਹੋਣਗੇ।"

## 18ਵੀਂ ਸਦੀ ਦੇ ਇਤਿਹਾਸਕ ਸਮਾਚਾਰਾਂ ਉੱਤੇ ਪੁਨਰ ਝਾਤ

18ਵੀਂ ਸਦੀ ਦੀ ਅੰਤਿਮ ਚੌਥਾਈ ਵਿਚ ਚਾਰ ਪ੍ਰਮੁੱਖ ਨੇਤਾ ਸਨ। ਉੱਤਰ ਵਿਚ ਅਹਿਮਦ ਸ਼ਾਹ ਅਬਦਾਲੀ, ਉਸ ਦਾ ਕਰਿੰਦਾ ਨਾਜੀਬ-ਉਦ-ਦੌਲਾ ਦਿੱਲੀ ਵਿਚ ਭਰਤਪੁਰ ਦਾ ਜਾਟ ਰਾਜਾ ਸੂਰਜਮੱਲ ਅਤੇ ਪੇਸ਼ਵਾ ਬਾਲਾ ਜੀ ਰਾਉ ਜਿਸਦਾ ਤੋਰਾ ਟਿੱਕਾ ਅਟਕ ਤੱਕ ਸੀ। ਜਨਵਰੀ 1761 ਵਿਚ ਨਾਜੀਬ ਅਤੇ ਅਹਿਮਦਸ਼ਾਹ ਨੇ ਭਾਰਤੀ ਮੁਸਲਮਾਨਾਂ ਦੀ ਸਹਾਇਤਾ ਨਾਲ ਬਾਲਾ ਜੀ ਬਾਜੀਰਾਉ ਨੂੰ ਪਾਣੀਪਤ ਦੀ ਲੜਾਈ ਵਿਚ ਸ਼ਿਕਸਤ ਦਿੱਤੀ ਅਤੇ ਇਸ ਪਿਛੋਂ ਛੇਤੀ ਹੀ ਉਹ ਮਰ ਗਿਆ। ਨਾਜੀਬ ਨੇ ਸੂਰਜਮਲ ਨੂੰ ਦਸੰਬਰ 1763 ਵਿਚ ਮਾਰ ਦਿੱਤਾ।

---

[1*] ਖੁਸ਼ਵੰਤ ਸਿੰਘ, ਹਿਸਟਰੀ ਆਵ ਦ ਸਿੱਖਸ, ਜਿਲਦ ਪਹਿਲੀ, ਪੰਨਾ 203



Sri Satguru Jagjit Singh Ji Elibrary NamdhariElibrary@gmail.com

ਅੱਧੀ ਸਦੀ ਤਕ ਤਾਂ ਸਿੱਖਾਂ ਦਾ ਦਮਨ ਕੀਤਾ ਜਾਂਦਾ ਰਿਹਾ, ਮੁਗਲਾਂ ਤੇ ਅਫਗਾਨਾਂ ਨੇ ਉਨ੍ਹਾਂ ਦੇ ਲਗਭਗ 2 ਲੱਖ ਬੰਦਿਆਂ ਨੂੰ ਬੁਰੀ ਤਰ੍ਹਾਂ ਕਤਲ ਕਰ ਦਿੱਤਾ ਸੀ ਪਰ ਹਰ ਵਾਰੀ ਦੱਬੀ ਅੱਗ ਦੀ ਤਰ੍ਹਾਂ ਉਹ ਮੁੜ ਚਮਕ ਉਠਦੇ ਸਨ। ਉਨ੍ਹਾਂ ਨੇ ਉਤਰ ਪੱਛਮੀ ਸਰਹੱਦ ਉੱਤੇ ਲੋਹੇ ਦੀ ਕੰਧ ਉਸਾਰ ਦਿੱਤੀ, ਜਿਸ ਕਾਰਨ ਉਤਰ-ਪੱਛਮ ਵਲੋਂ ਕੀਤੇ ਜਾਣ ਵਾਲੇ ਹੱਲੇ ਸਦਾ ਲਈ ਬੰਦ ਹੋ ਗਏ। 1767 ਪਿਛੋਂ ਅਬਦਾਲੀ ਲਈ ਆਪਣੇ ਦੇਸ਼ ਨੂੰ ਮੁੜਨਾ ਵੀ ਮੁਸ਼ਕਲ ਹੋ ਗਿਆ ਸੀ। ਅਬਦਾਲੀ ਅਪਰੈਲ 1772 ਵਿਚ ਨਿਰਾਸ਼, ਟੁੱਟੇ ਹੋਏ ਦਿਲ ਵਾਲੀ ਹਾਲਤ ਵਿਚ ਮਰਿਆ।

ਨਾਜੀਬ ਨੇ ਹਿੰਦੁਸਤਾਨ ਵਿਚ ਇਸਲਾਮੀ ਝੰਡਾ 1757-1770 ਤਕ ਬੁਲੰਦ ਕਰੀ ਰਖਿਆ। ਸਿੱਖਾਂ ਨੇ ਨਾਜੀਬ ਦੇ ਇਲਾਕੇ ਦਿੱਲੀ ਅਤੇ ਗੰਗਾ ਦੋਆਬ ਵਿਚ ਤਾਬੜ ਤੋੜ ਚੜ੍ਹਾਈਆਂ ਕੀਤੀਆਂ ਅਤੇ ਉਹ ਵੀ ਨਿਰਾਸ਼ਾ ਵਿਚ ਹੀ ਅਕਤੂਬਰ 1770 ਨੂੰ ਕਬਰ ਦੀ ਗੋਦ ਵਿਚ ਜਾ ਸਮਾਇਆ। ਉਸ ਦਾ ਪੁੱਤਰ ਜਬੀਤਾ ਖ਼ਾਂ, ਧਰਮ ਸਿੰਘ ਦੇ ਨਾਂ ਹੇਠ ਸਿੰਘ ਸਜ ਗਿਆ ਅਤੇ ਉਸ ਨੇ ਜੱਸਾ ਸਿੰਘ ਰਾਮਗੜ੍ਹੀਏ ਦੇ ਇਲਾਕੇ ਤਲਵਾੜੇ ਵਿਚ ਜਾ ਸ਼ਰਨ ਲਈ। ਅਬਦਾਲੀ ਨਾਜੀਬ, ਬਾਲਾਜੀ ਰਾਉ ਅਤੇ ਸੂਰਜਮੱਲ ਦੇ ਉਤਰਾਧਿਕਾਰੀ ਸਿੰਘ ਸਰਦਾਰਾਂ ਦੇ ਟਾਕਰੇ ਵਿਚ ਬੜੇ ਅਦਨੇ ਜਿਹੇ ਰਹਿ ਗਏ ਸਨ। ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ ਇਨਾਂ ਨਿਤਾਣਾ ਹੋ ਗਿਆ ਸੀ ਕਿ ਉਹ ਆਪਣੀ ਢਹਿੰਦੀ ਕਲਾ ਵਾਲੀ ਮੁਗਲ ਸ਼ਕਤੀ ਨੂੰ ਬਚਾਉਣ ਤੋਂ ਅਸਮਰੱਥ ਸੀ।

ਮੁਸਲਿਮ ਹਕੂਮਤਾਂ ਵਿਚ ਵਾਰ ਕਰਕੇ ਰਾਜ ਭਾਗ ਦੇ ਮਾਲਕ ਮੱਧ ਏਸ਼ੀਆ ਤੇ ਈਰਾਨ ਤੋਂ ਆਏ ਹਾਕਮ ਹੀ ਸਨ। ਹੁਣ ਇਸ ਪ੍ਰਥਾ ਨੂੰ ਸਿੱਖਾਂ ਨੇ ਬੰਦ ਕਰ ਦਿੱਤਾ ਸੀ। 18ਵੀਂ ਸਦੀ ਦੇ ਅੰਤਿਮ 25 ਸਾਲਾਂ ਵਿਚ ਕੋਈ ਵੀ ਅਜਿਹਾ ਮੁਸਲਿਮ ਸਰਦਾਰ ਤੇ ਫੌਜੀ ਜਰਨੈਲ ਉੱਤਰ ਪੱਛਮ ਵੱਲੋਂ ਆ ਕੇ ਆਪਣਾ ਅਧਿਕਾਰ ਸਥਾਪਿਤ ਨਾ ਕਰ ਸਕਿਆ। ਰਾਜਪੂਤ ਸਰਦਾਰ ਮੁਗਲਾਂ ਦੇ ਅਧੀਨ ਲੜਦੇ ਲੜਦੇ ਆਪਣੀ ਸ਼ਕਤੀ ਗਵਾ ਚੁੱਕੇ ਸਨ।

ਕਿਸੇ ਕਵੀ ਨੇ ਮੁਗਲਾਂ ਦੀ ਢਹਿੰਦੀ ਕਲਾ ਤੇ ਸਿੱਖਾਂ ਦੀ ਚੜ੍ਹਦੀ ਕਲਾ ਬਾਰੇ ਇਹ ਕਵਿਤਾ ਉਚਾਰੀ ਹੈ :

"ਉਧਰ ਦਿੱਲੀ ਕੀ ਸਲਤਨਤ ਮੇ ਫਤੂਰ,
ਇਧਰ ਸ਼ਾਹਾਂ-ਏ-ਕਾਬਲ ਕੀ ਨਜਰੋਂ ਸੇ ਦੂਰ"

## ਸਿੱਖਾਂ ਦੇ ਹੱਕ ਵਿਚ ਜਾਂਦੇ ਕੁਝ ਪੱਖ

ਇਸ ਸਮੇਂ ਸਾਰੇ ਹਿੰਦੁਸਤਾਨ ਵਿਚ ਸਿਖ ਹੀ ਸਭ ਤੋਂ ਵੱਡੀ ਸ਼ਕਤੀ ਸਨ। ਉਹ ਆਪਣੇ ਧਰਮ ਉਤੇ ਆਧਾਰਿਤ ਲੋਕਤੰਤਰੀ ਪਰੰਪਰਾਵਾਂ ਅਤੇ ਬਰਾਬਰੀ



Sri Satguru Jagjit Singh Ji Elibrary NamdhariElibrary@gmail.com

ਦੇ ਭਾਈਚਾਰੇ ਵਿਚ ਬਝੇ ਹੋਏ ਸਨ। ਮੁਸਲਿਮ ਇਤਿਹਾਸਕਾਰ ਇਮਾਦ-ਉਸ-ਸਾਦਤ ਦਾ ਕਥਨ : "ਵਿਲਾਇਤੀ ਕਿਰਚਾਂ ਦੇ ਟਾਕਰੇ ਉਤੇ ਸਿੰਘਾਂ ਦੀਆਂ ਜੰਘਾਂ ਵਿਚ ਸ਼ੇਰਾਂ ਵਰਗਾ ਬਲ ਤੇ ਸ਼ਕਤੀ ਸੀ। ਉਹ 900 ਕਦਮਾਂ ਤਕ ਆਪਣੀਆਂ ਬੰਦੂਕਾਂ ਦੇ ਤੋੜੇ ਦਾਗ ਸਕਦੇ ਸਨ ਤੇ ਹਰ ਕੋਈ 200 ਕੋਹ ਤੱਕ ਘੋੜਸਵਾਰੀ ਕਰ ਸਕਦਾ ਸੀ।"

ਜਾਰਜ ਥਾਮਸ ਦਾ ਕਥਨ ਹੈ :

"ਸਾਰੇ ਹਿੰਦੁਸਤਾਨ ਵਿਚ ਉਨ੍ਹਾਂ ਵਰਗਾ ਕੋਈ ਘੋੜਸਵਾਰ ਨਹੀਂ ਸੀ, ਜੋ ਨੰਗੇ ਪਿੰਡੇ ਤੇ ਚਮਕਦੇ ਸ਼ਸਤਰਾਂ ਨਾਲ ਅਨੋਖੀ ਸ਼ਾਨ ਵਿਚ ਘੁੰਮਦੇ ਸਨ।"

1754 ਵਿਚ ਤਹਿਮਾਸ ਖ਼ਾਂ ਮਿਸਕਿਨ ਨੇ ਆਪਣੀ ਅੱਖੀਂ ਵੇਖਿਆ ਕਿ 3 ਘੋੜ ਸਵਾਰਾਂ ਨੇ ਮੁਗਲਾਂ ਦੀ ਪੂਰੀ ਰਜਮੈਂਟ ਨੂੰ ਅੱਗੇ ਲਾ ਲਿਆ ਸੀ। ਕਾਜ਼ੀ ਨੂਰ ਮੁਹੰਮਦ 1765 ਵਿਚ ਲਿਖਦਾ ਹੈ, "ਸਿੱਖ ਆਪਣੀ ਪਤਨੀ ਤੋਂ ਬਿਨਾਂ ਕਿਸੇ ਹੋਰ ਤ੍ਰੀਮਤ ਵੱਲ ਅੱਖ ਚੁੱਕ ਕੇ ਨਹੀਂ ਵੇਖਦੇ" ਮੇਜਰ ਪੋਲੀਅਰ ਨੇ ਮਈ 1776 ਵਿਚ ਦਿੱਲੀ ਵਿਖੇ ਲਿਖਿਆ ਹੈ ਕਿ ਸਿੰਘਾਂ ਦੇ 50 ਘੋੜ ਚੜ੍ਹਿਆਂ ਅੱਗੇ ਨਜ਼ਫ ਖ਼ਾਂ ਦੇ 500 ਜਵਾਨ ਇਨ੍ਹਾਂ ਨਾਲ ਟਾਕਰਾ ਕਰਨ ਦਾ ਹੌਸਲਾ ਨਹੀਂ ਸਨ ਕਰ ਸਕਦੇ।

ਸਰਜਾਦੂ ਨਾਥ ਸਰਕਾਰ ਦਾ ਕਥਨ ਹੈ ਹੱਥੋਂ ਹੱਥ ਲੜਾਈ ਵਿਚ ਹਰ ਸਿੱਖ ਯੋਧਾ ਆਪਣੀ ਸਿਖਲਾਈ, ਚਰਿੱਤਰ ਅਤੇ ਜਥੇਬੰਦੀ ਕਾਰਨ ਦੂਜਿਆਂ ਉੱਤੇ ਭਾਰੂ ਸੀ।

1783 ਵਿਚ ਜਾਰਜ ਫਾਸਟਰ ਸਿੰਘਾਂ ਦੇ ਚਰਿੱਤਰ ਬਾਰੇ ਲਿਖਦਾ ਹੈ, "ਉਨ੍ਹਾਂ ਦੀ ਜਿੱਤ ਹੋਰ ਕਿਸੇ ਕੌਮ ਦੇ ਟਾਕਰੇ ਉਤੇ ਵਧੇਰੇ ਬੇਜੋੜ ਸੀ, ਉਹ ਹਰ ਮੁਸੀਬਤ ਨੂੰ ਖਿੜੇ ਮੱਥੇ ਝਲ ਸਕਦੇ ਸਨ ਅਤੇ ਜ਼ਖਮਾਂ ਦੀ ਕਦੀ ਪਰਵਾਹ ਨਹੀਂ ਸਨ ਕਰਦੇ। ਸਿੱਖਾਂ ਵਿਚ ਅਜਿਹੀ ਕੋਈ ਆਚਰਨਿਕ ਖਰਾਬੀ ਨਹੀਂ ਸੀ ਜੋ ਉਸ ਸਮੇਂ ਦੇ ਮੁਸਲਮਾਨ ਸਰਦਾਰਾਂ ਵਿਚ ਆ ਚੁੱਕੀ ਸੀ। ਸਰ ਲੈਪਲ ਗ੍ਰਿਫਿਨ ਨੇ ਲਿਖਿਆ ਹੈ – ਸਿੰਘਾਂ ਦੇ ਹੱਕ ਵਿਚ ਜਿਹੜੀ ਗੱਲ ਜਾਂਦੀ ਹੈ, ਉਹ ਇਹ ਹੈ ਕਿ ਉਹ ਮੱਧ ਏਸ਼ੀਆ ਦੇ ਘੋੜ ਸਵਾਰ ਲੁਟੇਰਿਆਂ ਅਤੇ ਬੰਗਾਲ ਦੇ ਡਾਕੂਆਂ ਦੇ ਟਾਕਰੇ ਉੱਤੇ ਬਹੁਤ ਉੱਚੇ ਕਿਰਦਾਰ ਦੇ ਮਾਲਕ ਸਨ। ਉਹ ਇਨਸਾਨਾਂ ਵਾਂਗੂ ਲੁੱਟਮਾਰ ਜਾਂ ਧਾੜੇ ਮਾਰਦੇ ਸਨ, ਰਾਕਸ਼ਾਂ ਵਾਂਗੂ ਨਹੀਂ। ਸਿੱਖਾਂ ਦੇ ਇਤਿਹਾਸ ਵਿਚ ਇਸਤਰੀਆਂ ਨੂੰ ਦੁੱਖ ਦੇਣ ਦੀ ਕੋਈ ਵੀ ਘਟਨਾ ਨਹੀਂ ਮਿਲਦੀ, ਜਿਨ੍ਹਾਂ ਬਾਰੇ ਕਿ ਦੱਖਣੀ ਭਾਰਤ ਦਾ ਇਤਿਹਾਸ ਭਰਿਆ ਪਿਆ ਹੈ" ਮੁਗਲ ਹਾਕਮਾਂ ਨੇ ਵੀ ਇਸ ਸੰਬੰਧ ਵਿਚ ਕੋਈ ਕਸਰ ਨਹੀਂ ਸੀ ਛੱਡੀ। ਲਾਹੌਰ ਦਾ ਸ਼ਹੀਦਗੰਜ ਅਤੇ ਸਿੱਖਾਂ ਦੀ ਅਰਦਾਸ ਵਿਚ ਬੀਬੀਆਂ ਉਤੇ ਢਾਹੇ



Sri Satguru Jagjit Singh Ji Elibrary NamdhariElibrary@gmail.com

ਗਏ ਜ਼ੁਲਮਾਂ ਦਾ ਵਰਣਨ ਇਸਦੀ ਮੂਹੋਂ ਬੋਲਦੀ ਤਸਵੀਰ ਹੈ, ਜਿਨ੍ਹਾਂ ਮਾਈਆਂ ਬੀਬੀਆਂ ਨੇ ਸਵਾ ਸਵਾ ਮਣ ਦੇ ਪੀਸਣੇ ਪੀਸੇ, ਬੱਚਿਆਂ ਦੇ ਟੋਟਿਆਂ ਦੇ ਹਾਰ ਗਲੇ ਵਿਚ ਪਵਾਏ, ਅਸਹਿ ਅਤੇ ਅਕਹਿ ਜ਼ੁਲਮ ਸਹੇ, ਜਿਨ੍ਹਾਂ ਕਦੀ ਧਰਮ ਨਹੀਂ ਹਾਰਿਆ, ਤਿਨ੍ਹਾਂ ਦੀ ਸਿੱਖੀ ਸਿਦਕ, ਭਰੋਸੇ ਤੇ ਕਮਾਈ ਨੂੰ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ।

ਸਿੱਖਾਂ ਨੇ ਆਪਣੇ ਅਧੀਨ ਇਲਾਕਿਆਂ ਵਿਚ ਚੰਗੀ ਸਰਕਾਰ ਲੋਕਾਂ ਨੂੰ ਦਿੱਤੀ। ਉਨ੍ਹਾਂ ਨੇ ਕਾਸ਼ਤਕਾਰਾਂ ਤੇ ਵਪਾਰੀਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਅਤੇ ਉਨ੍ਹਾਂ ਕੋਲੋਂ ਕੇਵਲ ਨਾਂ ਮਾਤਰ ਕਰ ਹੀ ਉਗਰਾਹਿਆ। ਜੇਮਸ ਬ੍ਰਾਊਨ ਲਿਖਦਾ ਹੈ "ਉਹ ਬੜਾ ਨਿਗੂਣਾ ਜਿਹਾ ਕਰ ਲੈਂਦੇ ਸਨ ਅਤੇ ਉਹ ਵੀ ਜਿਨਸਾ ਦੇ ਰੂਪ ਵਿਚ ਕਿਸੇ ਵੀ ਵਿਆਹੇ ਹੋਏ ਪੁਰਸ਼ ਨੂੰ ਕੋਈ ਕਸ਼ਟ ਨਹੀਂ ਸਨ ਦਿੰਦੇ। ਇਕ ਹੋਰ ਗੱਲ ਇਹ ਸੀ ਕਿ ਬਹੁਤੇ ਸਿੱਖ ਸਰਦਾਰ ਤਾਂ ਲੜਾਈਆਂ ਭਿੜਾਈਆਂ ਵਿਚ ਹੀ ਰੁੱਝੇ ਰਹਿੰਦੇ ਸਨ ਅਤੇ ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਦੀਆਂ ਸਰਦਾਰਨੀਆਂ ਹੀ ਪ੍ਰਬੰਧ ਸੰਭਾਲਦੀਆਂ ਸਨ।

### ਸਿੱਖਾਂ ਦੇ ਵਿਰੁੱਧ ਜਾਣ ਵਾਲੇ ਕੁਝ ਪੱਖ

ਉਨ੍ਹਾਂ ਵਿਚ ਸੁਤੰਤਰਤਾ ਦੀ ਬਲਵਾਨ ਭਾਵਨਾ ਮੌਜੂਦ ਸੀ ਅਤੇ ਹਰ ਸਰਦਾਰ ਬਰਾਬਰ ਦਾ ਹੱਕ ਰਖਦਾ ਸੀ। ਮਿਸਲਦਾਰ ਸਰਦਾਰ ਤਾਂ ਸੈਨਿਕ ਕਾਰਵਾਈਆਂ ਸਮੇਂ ਹੀ ਉਨ੍ਹਾਂ ਦੀ ਅਗਵਾਈ ਕਰਦੇ ਸਨ ਜਾਂ ਫਿਰ ਉਨ੍ਹਾਂ ਦੇ ਪਰਸਪਰ ਝਗੜਿਆਂ ਦਾ ਪੰਚ ਫੈਸਲਾ ਕਰਦੇ ਸਨ। ਇਸ ਤੋਂ ਬਿਨਾਂ ਕੋਈ ਸਰਦਾਰ ਉਨ੍ਹਾਂ ਉਤੇ ਕੋਈ ਧੌਂਸ ਨਹੀਂ ਸੀ ਜਮਾਂਉਦਾ, ਪਰ ਸਾਰੇ ਆਪਣੇ ਆਪਣੇ ਮਿਸਲਦਾਰ ਦਾ ਸਤਿਕਾਰ ਕਰਦੇ ਸਨ। ਉਹ ਕੇਵਲ ਉਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਸਨ ਜੋ ਸਾਰੇ ਪੰਥ ਦੀ ਭਲਾਈ ਲਈ ਹੋਣ ਜਾਂ ਕਿਸੇ ਦੇ ਨਿਜੀ ਹਿੱਤ ਵਿਚ ਹੋਣ।

ਜਾਰਜ ਫਾਸਟਰ ਨੇ 1783 ਵਿਚ ਲਿਖਿਆ ਹੈ, "ਭਾਵੇਂ ਸਿੱਖ ਸੈਨਾ ਵਿਚ ਹੁਕਮ ਜਾਰੀ ਕੀਤੇ ਜਾਂਦੇ ਸਨ ਅਤੇ ਹਰ ਕੋਈ ਹੁਕਮ ਦੀ ਪਾਲਣਾ ਕਰਦਾ ਸੀ ਪਰ ਹੁਕਮ ਨਾ ਮੰਨਣ ਦੀ ਸੂਰਤ ਵਿਚ ਕੋਈ ਢੰਡ ਨਹੀਂ ਸੀ ਦਿੱਤਾ ਜਾਂਦਾ।"

ਜੇ ਕੋਈ ਥੋੜੀ ਅਵੱਗਿਆ ਕਰਦਾ ਤਾਂ ਉਹ ਇਕ ਮਿਸਲਦਾਰ ਦੇ ਦਲ ਨੂੰ ਛੱਡ ਕੇ ਦੂਜੇ ਦੇ ਦਲ ਵਿਚ ਚਲਿਆ ਜਾਂਦਾ, ਜਿੱਥੇ ਉਸਦਾ ਸੁਆਗਤ ਹੁੰਦਾ ਸੀ। ਇਸ ਲਈ ਹਰ ਛੋਟੇ ਤੋਂ ਛੋਟਾ ਘੋੜ ਸਵਾਰ ਜਾਂ ਦਲ ਦਾ ਮੈਂਬਰ ਆਪਣੇ ਆਪ ਵਿਚ ਪੂਰੀ ਤਰ੍ਹਾਂ ਸੁਤੰਤਰ ਸੀ।

ਜਾਰਜ ਫਾਸਟਰ ਦਾ ਮੱਤ ਹੈ ਕਿ ਨਾਗਰਿਕ ਖੇਤਰ ਵਿਚ ਵੀ ਹਰ ਇਕ ਨੂੰ ਬਰਾਬਰ ਦਾ ਅਧਿਕਾਰ ਸੀ। ਖਾਲਸਾ ਭਾਈਚਾਰੇ ਵਿਚ ਕੋਈ ਵੱਡਾ ਛੋਟਾ ਨਹੀਂ ਸੀ। ਪੰਥ ਦੇ ਵੱਡੇ ਇਕੱਠ ਜਾਂ ਗੁਰਮਤੇ ਵਿਚ ਵੀ ਹਰ ਇਕ ਨੂੰ ਆਪਣੇ



Sri Satguru Jagjit Singh Ji Elibrary NamdhariElibrary@gmail.com

ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਸੀ। ਹਰ ਇਕ ਦੀ ਗੱਲ ਧਿਆਨ ਨਾਲ ਸੁਣੀ ਜਾਂਦੀ ਸੀ। ਗੁਰਮੱਤੇ ਵਿਚ ਵਿਚਾਰ ਖੁੱਲ੍ਹੇ ਤੌਰ ਤੇ ਕੀਤੇ ਜਾਂਦੇ ਸਨ ਅਤੇ ਫੈਸਲੇ ਬਹੁ ਸੰਮਤੀ ਨਾਲ ਕੀਤੇ ਜਾਂਦੇ ਸਨ ਭਾਵੇਂ ਬਹੁਤੀ ਵਾਰ ਨਿਰਣੇ ਸਰਬ ਸੰਮਤੀ ਨਾਲ ਹੀ ਹੋਇਆ ਕਰਦੇ ਸਨ।

ਪਰ ਪੰਥ ਨੂੰ ਸਾਂਝੇ ਖਤਰੇ ਅਤੇ ਕਿਸੇ ਭੀੜ ਦੇ ਸਮੇਂ ਵਿਅਕਤੀਗਤ ਸੁਤੰਤਰਤਾ ਬਹੁਤ ਹੱਦ ਤਕ ਹਾਨੀਕਾਰਕ ਵੀ ਸੀ ਕਿਉਂ ਜੋ ਇਸ ਨਾਲ ਕਿਸੇ ਸਾਂਝੀ ਕਮਾਨ ਜਾਂ ਆਗੂ ਨੂੰ ਮੰਨਣ ਵਿਚ ਇਹ ਗੱਲ ਰੋੜਾ ਬਣਦੀ ਸੀ। ਕਿਸੇ ਸਾਂਝੇ ਨੁਕਤੇ ਜਾਂ ਆਦਰਸ਼ ਦੀ ਪ੍ਰਾਪਤੀ ਲਈ ਮੁਖੀ ਦੀ ਹੋਂਦ ਅਤੇ ਉਸ ਦੇ ਹੁਕਮਾਂ ਦੀ ਪਾਲਣਾ ਬੜੀ ਆਵਸ਼ਕ ਹੁੰਦੀ ਹੈ। ਆਪੋ ਧਾਪੀ ਵਾਲੀ ਨਿੱਜੀ ਸੁਤੰਤਰਤਾ ਬਹੁਤੀ ਵਾਰ ਅਰਾਜਕਤਾ ਵਾਲੀ ਸਥਿਤੀ ਪੈਦਾ ਕਰ ਦਿੰਦੀ ਹੈ। ਮਿਸਲਾਂ ਦੇ ਬਹੁਤਾਂ ਚਿਰ ਕਾਇਮ ਨਾ ਰਹਿ ਸਕਣ ਦਾ ਕਾਰਨ ਇਹ ਵੀ ਸੀ।

ਰਾਜਨੀਤਿਕ ਏਕਤਾ ਅਤੇ ਸੰਗਠਨ ਲਈ ਉਚੇਰੇ ਅਧਿਕਾਰੀਆਂ ਪ੍ਰਤੀ ਵਫ਼ਾਦਾਰੀ ਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਬੜੀ ਜ਼ਰੂਰੀ ਗੱਲ ਹੁੰਦੀ ਹੈ ਪਰ ਸਿੱਖਾਂ ਵਿਚ ਇਸ ਗੱਲ ਦੀ ਬੜੀ ਘਾਟ ਸੀ।

## ਗੁੱਟਬੰਦੀ/ਧੜੇਬੰਦੀਆਂ ਦੇ ਵਿਖਰੇਵੇਂ

ਬੇਮੁਹਾਰੀ ਖੁੱਲ੍ਹ ਜਾਂ ਸੁਤੰਤਰਤਾ ਦੀ ਭਾਵਨਾ ਨੇ ਮਿਸਲਦਾਰਾਂ ਤੇ ਸਰਦਾਰਾਂ ਵਿਚ ਧੜੇਬੰਦੀਆਂ ਤੇ ਝਗੜੇ ਪੈਦਾ ਕਰ ਦਿੱਤੇ। ਕਈ ਵਾਰ ਤਾਂ ਇਕੋ ਮਿਸਲ ਦੇ ਸਰਦਾਰ ਆਪਸ ਵਿਚ ਧੰਨ ਦੌਲਤ ਦੀ ਵੰਡ ਤੇ ਸ਼ਕਤੀ ਤੇ ਸ਼ਾਨ ਦੀ ਖਾਤਰ ਇਕ ਦੂਜੇ ਨਾਲ ਲੜ ਪੈਂਦੇ। ਕਈ ਵਾਰ ਇਕੋ ਜਥੇ ਦੇ ਮੈਂਬਰਾਂ ਵਿਚ ਪਾਟੋਧਾੜ ਹੋ ਜਾਂਦੀ ਸੀ, ਜਿਸ ਕਾਰਨ ਮਿਸਲਾਂ ਆਪਣੇ ਆਪ ਨੂੰ ਬਹੁਤਾ ਚਿਰ ਸਥਿਰ ਨਾ ਰੱਖ ਸਕੀਆਂ। ਮਿਸਲਾਂ ਦੇ ਆਗੂਆਂ ਵਿਚ ਆਪਸ ਵਿਚ ਕਈ ਲੜਾਈਆਂ ਹੋਈਆਂ। ਉਨ੍ਹਾਂ ਨੇ ਇਕ ਦੂਜੇ ਦੇ ਇਲਾਕੇ ਨੂੰ ਮੱਲਿਆ/ਹੜੱਪਿਆ ਇਸ ਦੇ ਕਈ ਉਦਾਹਰਣ ਮਿਲਦੇ ਹਨ : ਜੱਸਾ ਸਿੰਘ ਰਾਮਗੜ੍ਹੀਆ ਤੇ ਜੈ ਸਿੰਘ ਕਨ੍ਹੱਈਆ ਮਿਸਲ ਦੇ ਸਰਦਾਰਾਂ ਦਾ ਇਲਾਕਾ ਹੁਸ਼ਿਆਰਪੁਰ ਤੇ ਗੁਰਦਾਸਪੁਰ ਇਕ ਦੂਜੇ ਨਾਲ ਲੱਗਦੇ ਸਨ। ਉਹ ਕਈ ਥਾਵਾਂ ਤੇ ਇਕ ਦੂਜੇ ਦੇ ਅੰਦਰ ਤੱਕ ਚਲੇ ਜਾਂਦੇ ਸਨ। ਇਨ੍ਹਾਂ ਤੋਂ ਦੋਵਾਂ ਸਰਦਾਰਾਂ ਵਿਚ ਕਈ ਵਾਰ ਲੜਾਈਆਂ ਹੋਈਆਂ। 1763 ਵਿਚ ਕਸੂਰ ਦੀ ਲੁੱਟ ਸਮੇਂ ਵੀ ਇਨ੍ਹਾਂ ਦਾ ਝਗੜਾ ਇੱਥੋਂ ਤਕ ਵਧਿਆ ਕਿ ਦੋਵੇਂ ਇਕ ਦੂਜੇ ਦੇ ਦੁਸ਼ਮਣ ਬਣ ਗਏ।

ਅਕਤੂਬਰ 1765 ਵਿਚ ਨਾਜੀਬ ਉਦ ਦੋਲਾ ਦੇ ਇਲਾਕੇ ਤੇ ਜਦੋਂ ਸਿੱਖਾਂ ਨੇ ਹੱਲਾ ਬੋਲਿਆ ਤਾਂ ਪਟਿਆਲਾ ਨਰੇਸ਼ ਅਮਰ ਸਿੰਘ ਨੇ ਨਾਜ਼ੀਮ ਉਦ ਦੌਲਾ ਦੀ ਸਹਾਇਤਾ ਕੀਤੀ।



Sri Satguru Jagjit Singh Ji Elibrary NamdhariElibrary@gmail.com

1774 ਵਿਚ ਰਣਜੀਤ ਦੇਵ ਅਤੇ ਬ੍ਰਿਜ ਰਾਜ ਦੇਵ ਦੋਵਾਂ ਪਿਉ ਪੁੱਤਰਾਂ ਦਾ ਝਗੜਾ ਹੋ ਗਿਆ। ਝੰਡਾ ਸਿੰਘ ਭੰਗੀ ਨੇ ਰਣਜੀਤ ਦੇਵ ਦੀ ਅਤੇ ਸ਼ੁਕਰ ਚੱਕਰੀਆ ਅਤੇ ਕਨ੍ਹੱਈਆਂ ਨੇ ਉਸ ਦੇ ਪੁੱਤਰ ਦੀ ਸਹਾਇਤਾ ਕੀਤੀ। ਇਸ ਝਗੜੇ ਵਿਚ ਝੰਡਾ ਸਿੰਘ ਮਾਰਿਆ ਗਿਆ।

ਭੰਗੀ ਮਿਸਲ ਦੇ ਸਰਦਾਰ ਨੰਦ ਸਿੰਘ ਦੀ ਵਿਧਵਾ ਦਾ ਪਠਾਨਕੋਟ ਉਤੇ ਕਬਜ਼ਾ ਸੀ। ਉਸ ਨੇ ਕਨ੍ਹੱਈਆ ਮਿਸਲ ਦੇ ਕਿਸੇ ਨੌਜਵਾਨ ਨਾਲ ਆਪਣੀ ਧੀ ਦਾ ਵਿਆਹ ਕਰ ਦਿੱਤਾ ਅਤੇ ਪਠਾਨਕੋਟ ਦਾਜ ਵਜੋਂ ਦੇ ਦਿੱਤਾ। ਝੰਡਾ ਸਿੰਘ ਦੇ ਉੱਤਰਅਧਿਕਾਰੀ ਗੰਡਾ ਸਿੰਘ ਨੇ ਪਠਾਨਕੋਟ ਉੱਤੇ ਆਪਣਾ ਦਾਵਾ ਜਤਾਇਆ। ਕਨ੍ਹੱਈਆ ਮਿਸਲ ਵਾਲੇ ਪਠਾਨਕੋਟ ਨੂੰ ਛੱਡਣ ਨੂੰ ਤਿਆਰ ਨਹੀਂ ਸਨ। ਇਸ ਲੜਾਈ ਵਿਚ ਗੰਡਾ ਸਿੰਘ ਮਾਰਿਆ ਗਿਆ। ਉਸ ਦੇ ਪੁੱਤਰ ਚਤਰ ਸਿੰਘ ਨੇ ਵੀ ਪਠਾਨਕੋਟ ਉੱਤੇ ਮੁੜ ਕਬਜ਼ਾ ਕਰਨ ਦਾ ਯਤਨ ਕੀਤਾ ਪਰ ਉਹ ਵੀ ਮਾਰਿਆ ਗਿਆ। ਇਸ ਤਰ੍ਹਾਂ ਬਹੁਤ ਸ਼ਕਤੀਸ਼ਾਲੀ ਸਿੱਖ ਮਿਸਲਾਂ ਦਾ ਛੇਤੀ ਹੀ ਪਤਨ ਹੋਣ ਲੱਗ ਪਿਆ।

1775 ਵਿਚ ਜੱਸਾ ਸਿੰਘ ਰਾਮਗੜੀਆ ਭੰਗੀਆਂ ਨਾਲ ਰੱਲ ਕੇ ਕਨ੍ਹੱਈਆਂ ਤੇ ਸ਼ੁੱਕਰਚੱਕੀਆ ਨਾਲ ਦੀਨਾ ਨਗਰ ਵਿਚ ਲੜ ਪਿਆ।

ਜੱਸਾ ਸਿੰਘ ਆਹਲੂਵਾਲੀਆ ਨੇ ਜੱਸਾ ਸਿੰਘ ਰਾਮਗੜੀਆਂ ਦੇ ਇਲਾਕੇ ਜਹੂਰ ਨੂੰ ਕਬਜ਼ੇ ਵਿਚ ਲੈ ਲਿਆ ਅਤੇ ਉਸ ਨੂੰ ਕਰੋੜੀ ਮਿਸਲ ਦੇ ਸਰਦਾਰ ਬਘੇਲ ਸਿੰਘ ਨੂੰ ਦੇ ਦਿੱਤਾ।

ਕੁਝ ਚਿਰ ਪਿਛੋਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆਂ ਦੇ ਬੰਦਿਆਂ ਦੇ ਕਾਬੂ ਆ ਗਿਆ ਪਰ ਰਾਮਗੜ੍ਹੀਆਂ ਨੇ ਆਪਣੇ ਬੰਦਿਆਂ ਦੀ ਲਾਹਣ ਭਾਹਣ ਕੀਤੀ ਅਤੇ ਆਹਲੂਵਾਲੀਆ ਸਰਦਾਰਾਂ ਨੂੰ ਕਈ ਸੁਗਾਤਾਂ ਦੇ ਕੇ ਆਪਣੇ ਬੰਦਿਆਂ ਦੀ ਨਿਗਰਾਨੀ ਵਿਚ ਉਸ ਨੂੰ ਘਰ ਭੇਜ ਦਿੱਤਾ।

ਜੱਸਾ ਸਿੰਘ ਆਹਲੂਵਾਲੀਆ ਨੇ ਇਸ ਗੱਲ ਨੂੰ ਨਾ ਭੁਲਾਇਆ ਅਤੇ ਰਾਮਗੜ੍ਹੀਏ ਦੇ ਇਲਾਕੇ ਤੇ ਮੱਲ੍ਹਮਾਰ ਕੇ ਉਸ ਨੂੰ ਹਿਸਾਰ ਦੇ ਰੇਤੜਾ ਵੱਲ ਭਜਾ ਦਿੱਤਾ।

1779 ਵਿਚ ਬਘੇਲ ਸਿੰਘ ਨੇ ਜੀਂਦ ਦੇ ਰਾਜੇ ਗਜਪਤ ਸਿੰਘ ਨੂੰ ਮੁਗ਼ਲਾਂ ਕੋਲ ਗਿਰਫਤਾਰ ਕਰਵਾ ਦਿੱਤਾ। ਜੀਂਦ ਦੇ ਰਾਜਪਤ ਸਿੰਘ ਨੇ ਕੈਥਲ ਦੇ ਰਾਜੇ ਦੇਸੂ ਸਿੰਘ ਨੂੰ ਅਬਦੁਲ ਅਹਿਦ ਖਾਨ ਕੋਲ ਗਿਰਫਤਾਰ ਕਰਵਾ ਦਿੱਤਾ। ਜੋ ਸਿੰਘ ਕਨ੍ਹੱਈਆ ਅਤੇ ਸ਼ੁਕਰਚੱਕੀਆਂ ਨੇ ਕਈ ਇਲਾਕੇ ਫਤਹਿ ਕੀਤੇ ਪਰ ਪਿਛੋਂ ਉਹ ਜੰਮੂ ਦੀ ਲੁੱਟ ਸਮੇਂ ਮਾਲ ਦੀ ਵੰਡ ਕਾਰਨ ਇਕ ਦੂਜੇ ਨਾਲ ਲੜ ਪਏ।

ਮਾਰਚ 1783 ਵਿਚ ਦਿੱਲੀ ਦੇ ਲਾਲ ਕਿਲੇ ਦੇ ਦੀਵਾਨੇ ਆਮ ਦੋਵੇਂ



Sri Satguru Jagjit Singh Ji Elibrary NamdhariElibrary@gmail.com

ਜੱਸਾ ਸਿੰਘ ਸਰਦਾਰ ਆਪਸ ਵਿਚ ਇਸ ਕਰਕੇ ਲੜ ਪਏ ਕਿਉਂ ਜੋ ਜੱਸਾ ਸਿੰਘ ਆਹਲੂਵਾਲੀਆ ਦਾ ਸਨਮਾਨ ਕੀਤਾ ਜਾ ਰਿਹਾ ਸੀ। 1787 ਵਿਚ ਗੁਲਾਮ ਕਾਦਰ ਰੋਹੀਲੇ ਨੇ ਦਿੱਲੀ ਉਤੇ ਹੱਲਾ ਬੋਲ ਦਿੱਤਾ। ਲਾਡਵੇ ਦੇ ਗੁਰਦਿਤ ਸਿੰਘ ਅਤੇ ਛਲੌਡੀ ਦੇ ਬਘੇਲ ਸਿੰਘ ਨੇ ਅਤੇ ਕਈ ਹੋਰ ਸਿੱਖ ਸਰਦਾਰ ਵੀ ਉਨ੍ਹਾਂ ਦੇ ਨਾਲ ਰਲ ਗਏ ਪਰ ਥਨੇਸਰ ਦੇ ਭੰਗਾ ਸਿੰਘ ਨੇ ਸ਼ਾਹ ਆਲਮ ਦੂਜੇ ਦੀ ਮੱਦਦ ਕੀਤੀ।

**ਕਿਸੇ ਵੀ ਕੀਤੇ ਗਏ ਅਹਿਦਨਾਮੇ ਤੋਂ ਮੁਕਰ ਜਾਣਾ**

ਸਿੱਖ ਕਿਸੇ ਵੀ ਅਹਿਦਨਾਮੇ ਜਾਂ ਸੰਧੀ ਨੂੰ ਕਰਕੇ ਛੇਤੀ ਮੁਕਰ ਜਾਂਦੇ ਸਨ। ਇਸ ਕਰਕੇ ਉਨ੍ਹਾਂ ਉਤੇ ਭਰੋਸਾ ਕਰਨਾ ਮੁਸ਼ਕਲ ਸੀ। 30 ਮਾਰਚ 1785 ਉਨ੍ਹਾਂ ਨੇ ਮਾਧੋਰਾਓ ਸਿੰਧੀਆਂ ਨਾਲ ਇਕਰਾਰਨਾਮਾ ਕੀਤਾ ਪਰ ਛੇਤੀ ਹੀ ਉਨ੍ਹਾਂ ਦੇ ਵਕੀਲ ਅਨੂਪ ਸ਼ਹਿਰ ਦੇ ਕਮਾਂਡਰ ਅਤੇ ਲਖਨਊ ਵਿਖੇ ਮੇਜਰ ਵਿਲੀਅਮ ਪਾਲਮਰ ਇਸ ਅਹਿਦਨਾਮੇ ਨੂੰ ਤੋੜਨ ਬਾਰੇ ਦੱਸਣ ਗਏ।

ਇਸੇ ਤਰ੍ਹਾਂ ਜਦੋਂ ਉਨ੍ਹਾਂ ਦਾ ਇਕ ਵਕੀਲ ਬਜਾਜੀ ਵੇਚਣ ਵਾਲੇ ਦੇ ਭੇਸ ਵਿਚ ਸਿੰਧੀਆਂ ਦੇ ਰੈਜ਼ੀਡੈਂਟ ਜੇਮਜ਼ ਐਂਡਰਸਨ (Anduson) ਨੂੰ ਮਿਲਨ ਗਿਆ ਤਾਂ ਉਸ ਨੇ ਸਾਫ ਕਹਿ ਦੱਤਾ ਕਿ ਸਿੰਧੀਆਂ ਤਾ ਉਸ ਦਾ ਪੱਕਾ ਮਿੱਤਰ ਹੈ। ਉਪਰੋਕਤ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਕੇਵਲ ਲੜਾਕੂ ਯੋਧੇ ਹੀ ਸਨ ਅਤੇ ਉਹ ਯੋਧੇ ਹੁੰਦੇ ਹੋਏ ਸੁਘੱੜ ਨੀਤੀਵਾਨ ਨਹੀਂ ਸਨ।

**ਪੰਜਾਬ ਤੋਂ ਬਾਹਰ ਕਿਸੇ ਵੀ ਇਲਾਕੇ ਨੂੰ ਨਾਲ ਰਲਾਉਣ ਦੀ ਇੱਛਾ ਦੀ ਘਾਟ**

ਸਿੱਖਾਂ ਕੋਲ ਰਾਜਨੀਤਿਕ ਦ੍ਰਿਸ਼ਟੀ ਦਾ ਅਭਾਵ ਸੀ। ਪੰਜਾਬ ਦੀਆਂ ਹੱਦਾਂ ਤੋਂ ਬਾਹਰ ਉਹ ਕਿਸੇ ਵੀ ਇਲਾਕੇ ਉੱਤੇ ਕਬਜ਼ਾ ਕਰਨ ਦੀ ਇੱਛਾ ਨਹੀਂ ਸਨ ਰੱਖਦੇ। ਉਹ ਗੁਆਂਢੀ ਪ੍ਰਦੇਸ਼ਾਂ ਨੂੰ ਕੇਵਲ ਲੁੱਟ-ਮਾਲ ਦਾ ਸਾਧਨ ਹੀ ਮੰਨਦੇ ਸਨ ਜਾਂ ਫਿਰ ਰਾਖੀ ਜਾਂ ਸੁਰੱਖਿਆ ਦੇ ਪ੍ਰਬੰਧ ਲਈ ਕੁਝ ਰਕਮਾਂ ਵਸੂਲਣ ਦਾ ਸਾਧਨ। ਗੰਗਾ, ਦੁਆਬ ਅਤੇ ਰੋਹੇਲ ਖੰਡ ਦਾ ਬਹੁਤ ਸਾਰਾ ਸੋਨਾ ਉਨ੍ਹਾਂ ਨੇ ਲੁੱਟ ਲਿਆਂਦਾ ਸੀ, ਦੂਜੇ ਉਹ ਦੁਧਾਰੂ ਮੱਝਾਂ, ਗਾਵਾਂ ਨੂੰ ਆਪਣੇ ਨਾਲ ਹਿੱਕ ਲਿਆਂਦੇ ਸਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ (ਸਿੱਖਾਂ) ਦੀ ਫੌਜੀ ਯੋਗਤਾ ਤਾਂ ਮਹਾਨ ਸੀ ਪਰ ਉਨ੍ਹਾਂ ਦੀ ਰਾਜਨੀਤਿਕ ਅੰਤਰ ਦ੍ਰਿਸ਼ਟੀ ਨਾਂਹ ਹੋਣ ਦੇ ਬਰਾਬਰ ਸੀ। ਬਹੁਤ ਸਾਰਾ ਸੋਨਾ ਅਤੇ ਦੁਧਾਰੂ ਮੱਝਾਂ ਦੀ ਬੇਅੰਤ ਪ੍ਰਾਪਤੀ ਨੇ ਉਨ੍ਹਾਂ ਦੀ ਦ੍ਰਿਸ਼ਟੀ ਨੂੰ ਧੁੰਦਲਾ ਕਰ ਦਿੱਤਾ ਸੀ। ਘਰ ਪਰਤਣ ਦੀ ਇੱਛਾ ਨੇ ਉਨ੍ਹਾਂ ਦੇ ਬੁੱਧਬਲ ਨੂੰ ਮਾਂਦਾ ਪਾ ਦਿੱਤਾ ਸੀ।

ਸਿੰਘਾਂ ਦਾ ਵਿੱਤ ਪ੍ਰਬੰਧ ਦਾ ਵੀ ਕੋਈ ਪੱਕਾ ਨਿਯਮ ਨਿਸ਼ਚਿਤ ਨਹੀਂ



Sri Satguru Jagjit Singh Ji Elibrary NamdhariElibrary@gmail.com

ਸੀ। ਆਪਣੇ ਅਧੀਨ ਕਰਮਚਾਰੀਆਂ ਜਾਂ ਸੈਨਿਕਾਂ ਨੂੰ ਅਦਾਇਗੀ ਕਰਨ ਦੇ ਕਈ ਢੰਗ ਪ੍ਰਚਲਿਤ ਸਨ। ਕੋਈ ਨਿਸ਼ਚਿਤ ਮਾਸਿਕ ਤਨਖਾਹ ਨਹੀਂ ਸੀ ਦਿੱਤੀ ਜਾਂਦੀ। ਹੱਲੇ ਗੁੱਲ੍ਹੇ ਵਿਚ ਜੋ ਲੁੱਟਮਾਰ ਦਾ ਮਾਲ ਪ੍ਰਾਪਤ ਹੁੰਦਾ, ਉਸ ਵਿਚੋਂ ਉਨ੍ਹਾਂ ਨੂੰ ਹਿੱਸਾ ਦੇ ਦਿੱਤਾ ਜਾਂਦਾ। ਕਈ ਵਾਰ ਨਕਦ ਅਦਾਇਗੀ ਵੀ ਕੀਤੀ ਜਾਂਦੀ ਸੀ ਅਤੇ ਕਈ ਵਾਰ ਜ਼ਮੀਨ ਵਿਚੋਂ ਹਿੱਸਾ ਦੇ ਦਿੱਤਾ ਜਾਂਦਾ ਸੀ ਪਰ ਵਧੇਰੇ ਪ੍ਰਚਲਿਤ ਢੰਗ ਫਸਲਾਂ ਦੇ ਆਉਣ ਸਮੇਂ ਜਿਨਸਾਂ ਦੇ ਰੂਪ ਵਿਚ ਬਣਦਾ ਹਿੱਸਾ ਦੇ ਦਿੱਤਾ ਜਾਂਦਾ ਸੀ। ਕਣਕ, ਕਪਾਹ, ਗੁੜ, ਖੰਡ, ਚਾਰਾ ਅਤੇ ਹੋਰ ਸਭ ਜਿਨਸਾਂ ਆਦਿ ਦੇ ਦਿੱਤੀਆਂ ਜਾਂਦੀਆਂ ਸਨ।

ਸਿੰਘਾਂ ਨੂੰ ਅਸ਼ਤਰ ਸ਼ਸਤਰ ਜੋ ਹੱਲੇ ਅਤੇ ਬਚਾਉ ਵਿਚ ਕੰਮ ਆਉਂਦੇ ਸਨ ਤੇ ਨਾਲ ਨਾਲ ਰਸਦ ਪਾਣੀ ਦਾ ਸਮਾਨ ਵੀ ਦੇ ਦਿੱਤਾ ਜਾਂਦਾ ਸੀ। ਜੋ ਖੱਚਰਾਂ ਜਾਂ ਲਾਦੂ ਜਾਨਵਰਾਂ ਤੇ ਰੱਖਿਆ ਜਾਂਦਾ ਸੀ। ਇਨ੍ਹਾਂ ਹਥਿਆਰਾਂ ਵਿਚ ਤਲਵਾਰਾਂ ਖੰਡੇ, ਬਰਛੇ, ਤੋੜੇਦਾਰ ਬੰਦੂਕਾਂ, ਤੋਪਾਂ, ਤੀਰ ਕਮਾਨ ਆਦਿ ਵੀ ਸ਼ਾਮਲ ਹੁੰਦੇ ਸਨ। ਤਲਵਾਰ ਤੇ ਬੰਦੂਕ ਚਲਾਉਣ ਦੀ ਕਲਾ ਵਿਚ ਸਿੰਘ ਬੜੇ ਪ੍ਰਵੀਨ ਸਨ। ਸਰਦਾਰਾਂ ਨੂੰ ਕੇਵਲ ਉਨ੍ਹਾਂ ਦੇ ਚੰਗੇ ਘੋੜਿਆਂ ਅਤੇ ਸੁੰਦਰ ਚਮਕਦੇ ਸ਼ਸਤਰਾਂ ਦੁਆਰਾ ਹੀ ਪਛਾਣਿਆ ਜਾ ਸਕਦਾ ਸੀ। ਆਪਣੇ ਪੜਾਓ ਸਮੇਂ ਉਨ੍ਹਾਂ ਕੋਲ ਕੋਈ ਤੰਬੂ ਨਹੀਂ ਸਨ ਹੁੰਦੇ। ਸਰਦਾਰਾਂ ਦੇ ਲਈ ਤੰਬੂ ਜਾਂ ਸਾਏਬਾਨ ਲਾ ਦਿੱਤੇ ਜਾਂਦੇ ਸਨ ਪਰ ਵਧੇਰੇ ਸੈਨਿਕ ਭੋਂ ਉੱਤੇ ਹੀ ਕੰਬਲ ਵਛਾ ਕੇ ਆਰਾਮ ਕਰਦੇ ਸਨ। ਉਹ ਹਨਾਲ ਵਿਚ ਸੂਤੀ ਕੱਪੜੇ ਪਾਉਂਦੇ ਅਤੇ ਸਿਆਲ ਵਿਚ ਗਰਮ ਕੰਬਲ ਉਪਰ ਲੈ ਲੈਂਦੇ। ਲੋੜ ਪੈਣ ਤੇ ਕੰਬਲਾਂ ਨੂੰ ਕਾਠੀ ਹੇਠਲੇ ਤਾਰੂਆਂ ਵਾਂਗ ਵੀ ਵਰਤ ਲੈਂਦੇ। ਯੁੱਧ ਦੇ ਖੇਤਰ ਵਿਚ ਸਿੰਘ ਛਾਪਾਮਾਰ ਢੰਗ ਨੂੰ ਹੀ ਅਪਨਾਉਂਦੇ ਰਹੇ। 1765 ਤੋਂ ਪਿਛੋਂ ਉਨ੍ਹਾਂ ਨੇ ਆਪਣੇ ਆਪ ਨੂੰ ਸਿੱਧੇ ਤੇ ਆਹਮੋ ਸਾਹਮਣੇ ਟਾਕਰਿਆਂ ਲਈ ਵੀ ਤਿਆਰ ਕਰ ਲਿਆ ਸੀ। ਸਿੰਘਾਂ ਦੇ ਘੋੜੇ ਇੰਨੇ ਸਿਖਾਏ ਹੋਏ ਹੁੰਦੇ ਸਨ ਕਿ ਉਨ੍ਹਾਂ ਦੇ ਹੱਥਾਂ ਦੇ ਸੰਕੇਤਾਂ ਨਾਲ ਹੀ ਉਹ ਖੜੇ ਹੋ ਜਾਂਦੇ ਜਾਂ ਜਿਵੇਂ ਸਵਾਰ ਚਾਹੁੰਦੇ, ਉਸੇ ਤਰ੍ਹਾਂ ਦਾ ਕਾਰਜ ਕਰਦੇ। ਸਿੰਘ ਅਜਿਹਾ ਨਿਸ਼ਾਨਾ ਸੇਧਦੇ ਕਿ ਕੋਈ ਵੀ ਵਾਰ ਖਾਲੀ ਨਹੀਂ ਸੀ ਜਾਂਦਾ ਅਤੇ ਠੀਕ ਨਿਸ਼ਾਨੇ ਨੂੰ ਜਾ ਢੁੰਡਦਾ। ਉਨ੍ਹਾਂ ਦੀ ਯੁੱਧ ਕਲਾ ਦੇ ਦਿਲਚਸਪ ਵੇਰਵੇ ਡਾ. ਹਰੀ ਰਾਮ ਗੁਪਤਾ ਦੀ ਪੁਸਤਕ ਸਿੱਖ ਇਤਿਹਾਸ ਭਾਗ ਦੂਜਾ ਵਿਚ ਦਿੱਤੇ ਗਏ ਹਨ। ਹੱਥੋਂ ਹੱਥ ਦੀ ਲੜਾਈ ਵਿਚ ਵੀ ਉਹ ਬੇਜੋੜ ਸਨ।

ਸਿੰਘਾਂ ਦਾ ਦਬਦਬਾ ਇੰਨਾ ਸੀ ਕਿ ਜਦੋਂ ਵੀ ਉਹ ਕਿਸੇ ਪਿੰਡ ਜਾਂ ਨਗਰ ਉਤੇ ਚੜ੍ਹਾਈ ਕਰਦੇ ਤੇ ਲੋਕਾਂ ਕੋਲੋਂ ਬਹੁਤ ਥੋੜ੍ਹੇ ਸਮੇਂ ਵਿਚ ਲੱਖਾਂ ਰੁਪਏ ਉਗਰਾਹ ਲੈਂਦੇ, ਜਿਸ ਪਿੰਡ ਜਾਂ ਨਗਰ ਉਤੇ ਹੱਲਾ ਬੋਲਣਾ ਹੁੰਦਾ ਸਭ ਤੋਂ



Sri Satguru Jagjit Singh Ji Elibrary NamdhariElibrary@gmail.com

ਪਹਿਲਾਂ ਉਹ ਰਾਖੀ ਦੀ ਮੰਗ ਕਰਦੇ ਜੇ ਲੋਕ ਉਨ੍ਹਾਂ ਦੀ ਮੰਗ ਪੂਰੀ ਕਰ ਦਿੰਦੇ ਤਾਂ ਉਹ ਉਨ੍ਹਾਂ ਨੂੰ ਕੁਝ ਵੀ ਨਹੀਂ ਸਨ ਕਹਿੰਦੇ ਪਰ ਇਨਕਾਰ ਕਰਨ ਦੀ ਹਾਲਤ ਵਿਚ ਉਹ ਉਸ ਨਗਰ ਨੂੰ ਤਬਾਹ ਕਰ ਦਿੰਦੇ ਅਤੇ ਬਹੁਤ ਸਾਰੀਆਂ ਚੀਜ਼ਾਂ, ਵਸਤਾਂ ਦੇ ਨਾਲ ਨਾਲ ਬੰਦਿਆਂ ਨੂੰ ਵੀ ਕੈਦੀ ਬਣਾ ਲੈਂਦੇ, ਜਿਨ੍ਹਾਂ ਨੂੰ ਨਕਦ ਰਕਮਾਂ ਦੇ ਭੁਗਤਾਨ ਪਿਛੋਂ ਛੱਡ ਦਿੰਦੇ। ਕਈ ਵਾਰ ਉਨ੍ਹਾਂ ਨੇ ਦੁਸ਼ਮਣ ਵੱਲੋਂ ਫੜੀਆਂ ਗਈਆਂ ਇਸਤਰੀਆਂ ਨੂੰ ਵਾਪਸ ਉਨ੍ਹਾਂ ਦੇ ਘਰੋ ਘਰੀ ਪਹੁੰਚਾਇਆ।

**ਭੋਜਨ :** ਇਨ੍ਹਾਂ ਸਿੰਘਾਂ ਦਾ ਭੋਜਨ ਵੀ ਬੜਾ ਸਾਧਾ ਹੁੰਦਾ ਸੀ ਛਾਹ ਵੇਲੇ ਰੋਟੀ ਤੇ ਲੱਸੀ-ਪਾਣੀ ਨਾਲ ਸਾਰ ਲੈਂਦੇ ਸਨ। ਸ਼ਾਮ ਵੇਲੇ ਦਾਲ, ਸਬਜ਼ੀ ਦੀ ਵਰਤੋਂ ਕਰਦੇ ਸਨ ਪਰ ਜੰਗਾਂ ਯੁੱਧਾਂ ਵਿਚ ਭੁੱਝੇ ਮੋਠਾਂ ਤੇ ਛੋਲਿਆਂ ਨਾਲ ਹੀ ਆਪਣੀ ਭੁੱਖ ਨੂੰ ਸ਼ਾਂਤ ਕਰ ਲੈਂਦੇ ਸਨ। ਦੁੱਧ ਉਨ੍ਹਾਂ ਦਾ ਵੱਡਾ ਆਹਾਰ ਸੀ, ਜਿਸ ਤੋਂ ਬਣੇ ਪਦਾਰਥਾਂ ਦੀ ਵੀ ਉਹ ਖੁਲ੍ਹੀ ਵਰਤੋਂ ਕਰਦੇ ਸਨ।

**ਪਹਿਰਾਵਾ :** ਇਨ੍ਹਾਂ ਸਿੰਘਾਂ ਦਾ ਪਹਿਰਾਵਾ ਵੀ ਬੜਾ ਸਾਦਾ ਹੁੰਦਾ ਸੀ। ਪੱਗੜੀ ਸਾਫ਼ਾ, ਕਛਹਿਰਾ, ਪਜਾਮਾ, ਕੁੜਤਾ ਹੁੰਦੇ ਸਨ ਅਤੇ ਕੁੜਤੇ ਉਤੇ ਕਮਰਕੱਸਾ ਕੀਤਾ ਹੁੰਦਾ ਸੀ। ਸਿਆਲ ਵਿਚ ਭੂਰੇ ਜਾਂ ਗਰਮ ਕੱਪੜੇ ਦੀ ਬੁੱਕਲ ਮਾਰ ਲੈਂਦੇ ਸਨ। ਅਮੀਰ ਸਿੰਘਾਂ ਦੇ ਕੱਪੜੇ ਵਧੇਰੇ ਸਾਫ, ਰੰਗਦਾਰ ਹੁੰਦੇ ਸਨ ਅਤੇ ਉਨ੍ਹਾਂ ਦੇ ਸੋਨੇ ਦੇ ਕੜੇ ਕੈਂਠੇ, ਬੁਗ੍ਹਤੀਆਂ ਵੀ ਪਾਈਆਂ ਹੁੰਦੀਆਂ ਸਨ।

ਸਿੰਘਾਂ ਦੀਆਂ ਇਸਤਰੀਆਂ ਘਰਾਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀਆਂ ਸਨ। ਘਰ ਦੇ ਸਾਰੇ ਕੰਮਕਾਜ ਵਿਚ ਉਹ ਨਿਪੁੰਨ ਸਨ। ਘਰ ਦੀ ਸੰਭਾਲ ਵੀ ਉਨ੍ਹਾਂ ਦੇ ਜ਼ਿੰਮੇ ਹੁੰਦੀ ਸੀ। ਮਰਦਾਂ ਨਾਲੋਂ ਭਾਵੇਂ ਕਈ ਕਾਰਨਾਂ ਸਦਕਾ ਜਿਵੇਂ ਬਾਲ ਵਿਆਹ, ਵਧੇਰੇ ਜਣੇਪੇ, ਚੰਗੀ ਖੁਰਾਕ ਦੀ ਥੁੜ ਕਾਰਨ ਇਸਤਰੀਆਂ ਦੇ ਜੁੱਸੇ ਉਨ੍ਹਾਂ ਜਿੰਨੇ ਬਲਵਾਨ ਨਹੀਂ ਸਨ ਫਿਰ ਵੀ ਉਹ ਸਾਰੀਆਂ ਘਰੇਗੀ ਜ਼ਿੰਮੇਵਾਰੀਆਂ ਨਿਭਾਉਂਦੀਆਂ ਸਨ ਅਤੇ ਜੰਗਾਂ ਦੇ ਸਮੇਂ ਵੀ ਉਨ੍ਹਾਂ ਦਾ ਸਾਥ ਦਿੰਦੀਆਂ ਸਨ। ਵਿਆਹ ਸ਼ਾਦੀਆਂ ਸਮੇਂ ਉਹ ਗਹਿਣੇ ਗੱਟੇ ਅਤੇ ਚੰਗੇ ਪਹਿਰਾਵੇ ਪਹਿਨਣ ਦੀਆਂ ਸ਼ੌਕੀਨ ਸਨ। ਸੁਤੰਤਰਤਾ ਦੇ ਘੋਲ ਵਿਚ ਉਨ੍ਹਾਂ ਦਾ ਪਾਇਆ ਯੋਗਦਾਨ ਕੋਈ ਘੱਟ ਮਹੱਤਤਾ ਵਾਲਾ ਨਹੀਂ ਸੀ। ਉਨ੍ਹਾਂ ਦੀ ਦੇਸ਼ ਭਗਤੀ, ਵਫਾਦਾਰੀ ਉਤੇ ਮਾਣ ਕੀਤਾ ਜਾ ਸਕਦਾ ਹੈ। ਉਹ ਬੀਰਤਾ ਤੇ ਸੇਵਾ ਉਪਕਾਰ ਤੇ ਕੁਰਬਾਨੀ ਦੀਆਂ ਪੁੰਜ ਸਨ। ਸਿੰਘ ਤਿਉਹਾਰਾਂ ਦੇ ਵੀ ਬੜੇ ਸ਼ੌਕੀਨ ਸਨ। ਦੀਵਾਲੀ ਤੇ ਵਿਸਾਖੀ ਦੇ ਅਵਸਰ ਉੱਤੇ ਅੰਮ੍ਰਿਤਸਰ, ਹੋਲੇ ਸਮੇਂ ਆਨੰਦਪੁਰ, ਚੇਤ ਤੇ ਸਾਵਣ ਦੀ ਮੱਸਿਆ ਉੱਤੇ ਤਰਨਤਾਰਨ, ਗੋਇੰਦਵਾਲ ਅਤੇ ਹੋਰ ਧਾਰਮਿਕ ਸਥਾਨਾਂ ਉੱਤੇ ਵੱਡੇ ਵੱਡੇ ਪੁਰਬ ਸ਼ਰਧਾ ਨਾਲ ਮਨਾਏ ਜਾਂਦੇ ਸਨ।

ਡਾ. ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਦੀ



Sri Satguru Jagjit Singh Ji Elibrary NamdhariElibrary@gmail.com

ਤੀਜੀ ਜਿਲਦ ਦੇ 20ਵੇਂ ਕਾਂਡ ਵਿਚ 1737 ਤੋਂ 1788 ਤੱਕ ਸ਼ਾਹੀ ਰਾਜਧਾਨੀ ਦਿੱਲੀ ਉਤੇ ਵਿਦੇਸ਼ੀਆਂ ਤੇ ਸੁਦੇਸ਼ੀਆਂ ਵੱਲੋਂ ਕੀਤੀ ਗਈ ਲੁੱਟ, ਮਾਰਧਾੜ, ਤਬਾਹੀ ਅਤੇ ਸ਼ਹਿਰ ਨੂੰ ਢਹਿ ਢੇਰੀ ਕਰਨ ਦੀਆਂ ਦਰਦਨਾਕ ਵਾਰਦਾਤਾਂ ਨੂੰ ਕਾਨੀਬੰਦ ਕੀਤਾ ਹੈ। ਇਸ ਕਾਲ ਦੌਰਾਨ 51 ਸਾਲਾਂ ਵਿਚ 52 ਵਾਰ ਦਿੱਲੀ ਵਿਚ ਲੁੱਟ ਤੇ ਮਾਰਧਾੜ ਦੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਵਿਚ ਸ਼ਹਿਰ ਵਾਸੀਆਂ, ਇਸਤਰੀਆਂ, ਮਰਦਾਂ, ਅਮੀਰਾਂ ਗਰੀਬਾਂ ਅਤੇ ਗੱਲ ਕੀ ਹਰ ਸ਼ਹਿਰੀ ਨੂੰ ਭਿਅੰਕਰ ਤਬਾਹੀ ਦਾ ਸਾਹਮਣਾ ਕਰਨਾ ਪਿਆ। ਨਾ ਕਿਸੇ ਅਮੀਰ ਵਜ਼ੀਰ ਨੂੰ ਬਖਸਿਆ ਗਿਆ ਨਾ ਕਿਸੇ ਗਰੀਬ ਦਾ ਲਿਹਾਜ਼ ਕੀਤਾ ਗਿਆ। ਸਭ ਤੋਂ ਵੱਧ ਅਪਮਾਨ ਇਸਤਰੀ ਜਾਤੀ ਦਾ ਹੋਇਆ, ਜਿਨ੍ਹਾਂ ਨੂੰ ਨਿਰਵਸਤਰ ਕਰਕੇ ਉਨ੍ਹਾਂ ਦੀ ਦਿਨ-ਦਿਹਾੜੇ ਪੱਤ ਲੁੱਟੀ ਗਈ, ਇੱਥੋਂ ਤਕ ਕਿ ਸਹਿਜ਼ਾਦੀਆਂ ਨੂੰ ਵੀ ਕਾਸੇ ਫੜ ਕੇ ਰੋਟੀ ਖਾਤਰ ਦਰ ਦਰ ਮੰਗਣਾ ਪਿਆ। ਬਹੁਤ ਸਾਰੀਆਂ ਇਸਤਰੀਆਂ ਆਪਣੀ ਪਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰ ਕੇ ਮਰ ਗਈਆਂ। ਵੱਖ ਵੱਖ ਧਿਰਾਂ ਵਲੋਂ ਕੀਤੀਆਂ ਗਈਆਂ ਇਨ੍ਹਾਂ ਅਮਾਨਵੀ ਕਾਰਵਾਈਆਂ ਦੇ ਵੇਰਵੇ ਇਸੇ ਲੇਖਕ ਨੇ ਇਸ ਤਰ੍ਹਾਂ ਦਿੱਤੇ ਹਨ।

"ਭਾਰਤ ਦੀ ਰਾਜਧਾਨੀ ਦਿੱਲੀ ਨੂੰ 1737 ਤੋਂ 1788 ਤੱਕ ਦਰਦਨਾਕ ਤਬਾਹੀ ਨੂੰ ਝੱਲਣਾ ਪਿਆ। ਜਮਨਾ ਤੋਂ ਅੰਦਰਲੇ ਸ਼ਹਿਰ ਨੂੰ ਗ੍ਰਦਿਸ਼ਾਂ ਦਾ ਸ਼ਿਕਾਰ ਹੋਣਾ ਪਿਆ। ਨਾਦਰਸ਼ਾਹ ਨੇ 2 ਵਾਰ ਦਿੱਲੀ ਵਿਚ ਲੁੱਟਮਾਰ ਤੇ ਮਾਰਧਾੜ ਕੀਤੀ। ਅਹਿਮਦਸ਼ਾਹ ਦੁਰਾਨੀ ਨੇ 5 ਵਾਰ ਰੋਹਿਲਾ ਅਫਗਾਨਾਂ ਨੇ 6 ਵਾਰ, ਮੁਗਲ ਸਰਕਾਰ ਦੇ ਤੁਰਕੀ ਸਿਪਾਹੀਆਂ ਨੇ 9 ਵਾਰ, ਇਕਵਾਰ ਬਹਾਦਰ ਖ਼ਾਂ ਬਲੋਚ ਨੇ, ਦੋ ਵਾਰ ਗੁਜਰਾਂ ਨੇ, ਤਿੰਨ ਵਾਰ ਜਾਟਾਂ ਨੇ, 10 ਵਾਰ ਮਰਾਠਿਆਂ ਨੇ, 14 ਵਾਰ ਸਿੱਖਾਂ ਨੇ ਅਰਥਾਤ 51 ਸਾਲਾਂ ਵਿਚ 52 ਵਾਰ ਦਿੱਲੀ ਨੂੰ ਲੁਟਿਆ ਪੁਟਿਆ ਅਤੇ ਤਬਾਹ ਕੀਤਾ ਗਿਆ। ਇਨ੍ਹਾਂ ਸਾਰੀਆਂ ਇਤਿਹਾਸਿਕ ਬਰਬਾਦੀਆਂ ਦੇ ਦਰਦਨਾਕ ਵੇਰਵੇ ਲੇਖਕ ਨੇ ਇਸ ਅਧਿਆਇ ਵਿਚ ਦਿੱਤੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਲੂ ਦੇ ਕੰਡੇ ਖੜੇ ਹੋ ਜਾਂਦੇ ਹਨ ਅਤੇ ਜਿਨ੍ਹਾਂ ਦਾ ਵਰਣਨ ਸਭਿਯਾ ਭਾਸ਼ਾ ਵਿਚ ਕਰਨਾ ਬੜਾ ਕਠਿਨ ਹੈ।

ਪਰ ਅੱਗੇ ਜਾ ਕੇ ਇਹ ਲੇਖਕ ਇਨ੍ਹਾਂ ਮਾਰਧਾੜਾਂ ਦੀਆਂ ਘਟਨਾਵਾਂ ਉਤੇ ਆਪਣੀ ਟਿੱਪਣੀ ਕਰਦਾ ਹੋਇਆ ਲਿਖਦਾ ਹੈ, "ਪਾਠਕ ਭਲੀ ਪ੍ਰਕਾਰ ਇਸ ਤੱਥ ਤੋਂ ਕਾਇਲ ਹੋ ਜਾਣਗੇ ਕਿ ਦੋ ਗੱਲਾਂ ਕਰਕੇ ਇਨ੍ਹਾਂ ਮਾਰਧਾੜ ਦੀਆਂ ਘਟਨਾਵਾਂ ਵਿਚ ਸਿੱਖਾਂ ਦਾ ਰਿਕਾਰਡ ਬਾਕੀਆਂ ਨਾਲੋਂ ਚੰਗੇਰਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨੇ ਧਰਤੀ ਥੱਲੇ ਦੱਬੇ ਹੋਏ ਮਾਲ ਧਨ ਦੀ ਪੁੱਛ ਪੜਤਾਲ ਵਿਚ ਕਿਸੇ ਵੀ ਵਿਅਕਤੀ ਉੱਤੇ ਜ਼ਬਰ ਤੇ ਤਸ਼ੱਦਦ ਨਹੀਂ ਸੀ ਕੀਤਾ।



Sri Satguru Jagjit Singh Ji Elibrary NamdhariElibrary@gmail.com

ਦੂਜਾ, ਉਨ੍ਹਾਂ ਕਿਸੇ ਵੀ ਨਾਰੀ ਦੀ ਬੇਪੱਤੀ ਨਹੀਂ ਸੀ ਕੀਤੀ। ਸਿੱਖ ਇਨਸਾਨਾਂ ਵਾਂਗ ਲੁੱਟਮਾਰ ਕਰਦੇ ਸਨ ਨਾ ਕਿ ਰਾਕਸ਼ਾਂ ਵਾਂਗ। ਸਮਕਾਲੀ ਤਜ਼ਕਰਿਆਂ ਜੋ ਵਧੇਰੇ ਕਰਕੇ ਫਾਰਸੀ ਅੱਖਰਾਂ ਵਿਚ ਮੁਸਲਮਾਨਾਂ ਤੇ ਮਰਾਠਿਆਂ ਦੇ ਕਾਰਿੰਦਿਆਂ ਵੱਲੋਂ ਲਿਖੇ ਗਏ ਸਨ, ਵਿਚ ਦਿੱਲੀ ਅਤੇ ਉੱਤਰੀ ਭਾਰਤ ਦੇ ਕਈ ਸਥਾਨਾਂ ਬਾਰੇ ਵਰਣਨ ਕੀਤਾ ਗਿਆ ਹੈ। ਇਨ੍ਹਾਂ ਵਿਚ ਇਸ ਗੱਲ ਨੂੰ ਖਾਸ ਤੌਰ ਤੇ ਬਿਆਨ ਕੀਤਾ ਗਿਆ ਹੈ ਕਿ ਸਿੰਘਾਂ ਨੇ ਜਿੱਥੇ ਕਿ ਉਨ੍ਹਾਂ ਉਤੇ ਕੋਈ ਬਾਹਰੀ ਬੰਧਨ ਨਹੀਂ ਸੀ। ਉਨ੍ਹਾਂ ਨੇ ਕਿਸੇ ਵੀ ਇਸਤਰੀ ਉਤੇ ਉਂਗਲ ਨਹੀਂ ਉਠਾਈ। ਇਨ੍ਹਾਂ ਮੁਹਿੰਮਾਂ ਵਿਚ ਸਿੱਖਾਂ ਦੀਆਂ ਇਸਤਰੀਆਂ ਉਨ੍ਹਾਂ ਦੇ ਨਾਲ ਨਹੀਂ ਸਨ ਹੁੰਦੀਆਂ। ਅਜਿਹੀ ਹਾਲਤ ਵਿਚ ਵੀ ਸਿੱਖਾਂ ਨੇ ਨਾਰੀ ਦੇ ਸੰਬੰਧ ਵਿਚ ਆਪਣੇ ਆਪ ਉਤੇ ਬੜਾ ਕਰੜਾ ਜ਼ਬਤ ਰੱਖਿਆ ਸੀ।

ਇਨ੍ਹਾਂ ਗੱਲਾਂ ਕਰਕੇ ਉਨ੍ਹਾਂ ਦਿਨਾਂ ਵਿਚ ਸਿੱਖਾਂ ਦੀ ਤੁਲਨਾ ਵਿਚ ਉਸ ਸਮੇਂ ਸੰਸਾਰ ਦਾ ਕੋਈ ਵੀ ਹੋਰ ਸੈਨਿਕ ਉਨ੍ਹਾਂ ਦਾ ਸਾਨੀ ਨਹੀਂ ਸੀ। ਇਹ ਸੀ – ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦਾ ਕਿਰਦਾਰ ਜੋ ਮਨੁੱਖਤਾ ਦਾ ਸਭ ਤੋਂ ਵੱਡਾ ਮਹਾਨ ਨਾਇਕ ਸੀ। ਜੇ ਇਨ੍ਹਾਂ ਲੋਕਾਂ ਵਿਚ ਵਧੇਰੇ ਸੁੱਘੜ ਸਿਆਣਪ ਤੇ ਅੰਤਰ ਦ੍ਰਿਸ਼ਟੀ ਹੁੰਦੀ ਤਾਂ ਉਸ ਸਮੇਂ ਇਹ ਸਾਰੇ ਹਿੰਦੁਸਤਾਨ ਨੂੰ ਆਦਰਸ਼ਕ ਸਰਕਾਰ ਦੇ ਸਕਦੇ ਸਨ। ਜਦੋਂ ਕੋਈ ਵਿਦੇਸ਼ੀ ਹਮਲਾਵਾਰ ਆਉਂਦਾ ਤਾਂ ਉਸਦੇ ਨਾਲ 50,000 ਤੋਂ ਲੈ ਕੇ ਇੱਕ ਲੱਖ (1,00,000) ਤੱਕ ਦੀ ਫੌਜ ਹੁੰਦੀ, ਜਿਥੋਂ ਦੀ ਉਹ ਲੰਘਦੀ ਉਜਾੜ ਪਾਈ ਜਾਂਦੀ। ਆਮ ਤੌਰ ਤੇ ਇਹ ਵਿਦੇਸ਼ੀ ਹਮਲਾਵਰ ਜੀ. ਟੀ. ਰੋਡ (ਜਰਨੈਲੀ ਸੜਕ) ਰਾਹੀਂ ਹੀ ਪੰਜਾਬ ਵਿਚੋਂ ਲੰਘਦੇ ਹੋਏ ਦਿੱਲੀ ਨੂੰ ਜਾਂਦੇ ਸਨ। ਬਹੁਤੀ ਵਾਰੀ ਵਾਪਿਸੀ ਦਾ ਰਸਤਾ ਵੀ ਇਹੋ ਹੀ ਹੁੰਦਾ ਸੀ। ਸੜਕ ਦੇ ਦੋਹੀ ਪਾਸੀ 50 ਕਿ: ਮੀਟਰ ਤਕ ਇਹ ਵਿਦੇਸ਼ੀ ਸੈਨਾ ਤਬਾਹੀ ਕਰਦੀ ਹੋਈ ਉਜਾੜ ਪਾ ਜਾਂਦੀ ਸੀ। ਅਜਿਹੀ ਬਰਬਾਦੀ ਨੂੰ ਵੇਖ ਕੇ ਹੀ ਪ੍ਰਸਿੱਧ ਸੂਫ਼ੀ ਕਵੀ ਬਾਬਾ ਬੁਲ੍ਹੇ ਸ਼ਾਹ ਨੇ ਲਿਖਿਆ ਹੈ :

ਦਰ ਖੁੱਲ੍ਹਾ ਹਸ਼ਰ ਅਜ਼ਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ

ਡਾ. ਹਰੀ ਰਾਮ ਗੁਪਤਾ ਅਨੁਸਾਰ –ਇਹ ਵਿਦੇਸ਼ੀ ਧਾੜ 50,000 ਤੋਂ ਲੈ ਕੇ ਇਕ ਲੱਖ ਤਕ ਦੀ ਨਫਰੀ ਦੀ ਹੁੰਦੀ ਸੀ ਅਤੇ ਸੜਕ ਦੇ ਦੋਹੀਂ ਪਾਸੀ 50-50 ਕਿ. ਮੀਟਰ ਤਕ ਫੈਲੀ ਹੋਈ ਹੁੰਦੀ ਸੀ। ਇਨੇ ਵੱਡੇ ਖੇਤਰ ਵਿਚ ਉਨ੍ਹਾਂ ਦੇ ਜਾਣ ਪਿਛੋਂ ਜੀਵਨ ਦੀ ਕੋਈ ਵੀ ਨਿਸ਼ਾਨੀ ਦਿਖਾਈ ਨਹੀਂ ਸੀ ਦਿੰਦੀ। ਵਸਦੇ ਹੋਏ ਲੋਕ ਜਾਂ ਤਾਂ ਇਨ੍ਹਾਂ ਹਲਿਆਂ ਦੀ ਖਬਰ ਸੁਣ ਕੇ ਪਹਿਲਾਂ ਹੀ ਘਰ ਛੱਡ ਕੇ ਨੱਸ ਜਾਂਦੇ ਸਨ ਜਾਂ ਫਿਰ ਬੁਰੀ ਤਰ੍ਹਾਂ ਮਾਰੇ ਜਾਂਦੇ ਸਨ। ਉਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਦੇ ਪਸ਼ੂਆਂ ਨੂੰ ਜਾਂ ਤਾਂ ਭਾਰ ਬਰਦਾਰੀ ਲਈ ਵਰਤ ਲਿਆ ਜਾਂਦਾ ਸੀ ਜਾਂ ਉਨ੍ਹਾਂ ਨੂੰ ਮਾਰ ਕੇ ਖਾਹ ਲਿਆ ਜਾਂਦਾ ਸੀ। ਉਨ੍ਹਾਂ ਦੀਆਂ ਜਾਇਦਾਦਾਂ ਲੁੱਟ ਲਈਆਂ ਜਾਂਦੀਆਂ ਸਨ। ਘਰ ਦਾ ਲੱਕੜ ਤਿੰਬੜ, ਬੂਹੇ, ਬਾਰੀਆਂ ਕੋਠਿਆਂ ਦੇ ਸ਼ਤੀਰ ਤੇ ਕੜੀਆਂ ਬਾਲ ਲਏ ਜਾਂਦੇ ਸਨ ਜਾਂ ਸਿਆਲ ਵਿਚ ਅੱਗ ਸੇਕਣ ਦਾ ਕੰਮ ਦਿੰਦੇ ਸਨ। ਇਥੋਂ ਤਕ ਕਿ ਧਰਤੀ ਨੂੰ ਦਰਖਤਾਂ ਤੋਂ ਵਾਂਝਿਆਂ ਕਰ ਦਿੱਤਾ ਜਾਂਦਾ ਸੀ। (ਮਹਾਰਾਜਾ ਰਣਜੀਤ ਸਿੰਘ ਨੂੰ ਇਹ ਹੁਕਮ ਜਾਰੀ ਕਰਨਾ ਪਿਆ ਕਿ ਸਰਕਾਰ ਦੀ ਆਗਿਆ ਤੋਂ ਬਿਨਾਂ ਕੋਈ ਵੀ ਰੁੱਖ ਨਾ ਵੱਢੇ)। ਉਨ੍ਹਾਂ ਦੇ ਘੋੜਿਆਂ ਨੂੰ ਪੱਠੇ ਪਾਉਣ ਲਈ ਕੋਈ ਵੀ ਫਸਲ ਨਹੀਂ ਸੀ ਰਹਿਣ ਦਿੱਤੀ ਜਾਂਦੀ। ਇਥੋਂ ਤਕ ਕਿ ਖੂਹਾਂ ਦੇ ਪਾਣੀ ਵੀ ਸੁੱਕ ਜਾਂਦੇ ਸਨ। ਜਦੋਂ ਸਵੇਰੇ ਇਹ ਫੌਜਾਂ ਕੂਚ ਕਰਦੀਆਂ ਤਾਂ ਖੂਹ ਤੇ ਟੋਬੇ ਹੱਡੀਆਂ ਅਤੇ ਜਾਨਵਰਾਂ ਦੀਆਂ ਪੂਛਾਂ ਨਾਲ ਭਰੇ ਪਏ ਹੁੰਦੇ। ਬਹੁਤ ਸਾਰੇ ਘਰਾਂ ਨੂੰ ਅੱਗ ਲਾ ਦਿੱਤੀ ਜਾਂਦੀ। ਇਹ ਹਮਲਾਵਰ ਫੌਜੀ ਦਲ ਅਨਾਜ, ਚਾਰੇ ਅਤੇ ਨੱਢੇ ਨੱਢੀਆਂ ਦੀ ਭਾਲ ਵਿਚ ਦੂਰ ਦੂਰ ਤਕ ਚਲੇ ਜਾਂਦੇ।

ਵਸੋਂ ਦਾ ਬਹੁਤਾ ਭਾਗ ਦੂਰ ਦੂਰ ਤਕ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪਦਾ, ਜਿੱਥੇ ਕਿ ਇਸ ਧਾੜਵੀ ਫੌਜ ਦਾ ਪਹੁੰਚਣਾ ਬੜਾ ਕਠਿਨ ਸੀ, ਇਸ ਤਰ੍ਹਾਂ ਦੇ ਉਜਾੜੇ ਦੇ ਦ੍ਰਿਸ਼ ਹਰ ਥਾਂ ਨਜ਼ਰੀ ਪੈਂਦੇ ਸਨ। ਇਥੋਂ ਤਕ ਕਿ ਤਗੜੇ ਤੋਂ ਤਗੜੇ ਪੇਂਡੂ ਲੋਕ ਵੀ ਆਪਣੇ ਉਨ੍ਹਾਂ ਘਰਾਂ ਨੂੰ ਛੱਡਣ ਲਈ ਮਜਬੂਰ ਹੋ ਜਾਂਦੇ, ਜਿੱਥੇ ਕਿ ਉਨ੍ਹਾਂ ਦੇ ਵੱਡੇ ਵਡੇਰੇ ਸਦੀਆਂ ਤੋਂ ਰਹਿੰਦੇ ਆਏ ਸਨ। ਉਦਾਹਰਣ ਵਜੋਂ ਕੇਵਲ ਕਰਨਾਲ ਦੇ ਇਕੋ ਪਰਗਨੇ ਵਿਚੋਂ 221 ਪਿੰਡਾ ਵਿੱਚੋਂ 178 ਪਿੰਡਾਂ ਦੇ ਲੋਕਾਂ ਨੂੰ ਸਭ ਕੁਝ ਛੱਡ ਕੇ ਆਪਣੇ ਘਰਾਂ ਤੋਂ ਨੱਠਣਾ ਪਿਆ ਸੀ। ਹਰ ਵਾਰ ਇਨ੍ਹਾਂ ਧਾੜਵੀ ਫੌਜਾਂ ਦੀ ਰਵਾਨਗੀ ਲੋਕਾਂ ਨੂੰ ਆਪਣੀ ਜਾਨ ਬਚਾਉਣ ਲਈ ਨੱਠ ਜਾਣ ਦਾ ਹੋਕਾ ਦੇ ਦਿੰਦੀ ਸੀ। ਦੇਸ਼ ਉਤੇ ਕਿਸੇ ਵੀ ਹਾਕਮ ਦਾ ਕੁੰਡਾ ਨਹੀਂ ਸੀ ਰਹਿੰਦਾ। ਇਸ ਲਈ ਜਿਸ ਦੀ ਲਾਠੀ ਉਸ ਦੀ ਭੈਂਸ ਵਾਲਾ ਹਾਲ ਸੀ। ਅਰਥਾਤ ਤਕੜੇ ਦਾ ਹੀ ਸੱਤੀ ਵੀਹੀ ਸੌ ਸੀ। ਹਮਲਾਵਰਾਂ ਦੇ ਜਾਣ ਪਿਛੋਂ ਇਹ ਹਾਲ ਹੋ ਜਾਂਦਾ ਸੀ ਕਿ ਇਕ ਕਬੀਲਾ ਦੂਜੇ ਨਾਲ, ਇਕ ਸਰਦਾਰ ਦੂਜੇ ਨਾਲ ਅਤੇ ਇਕ ਪਿੰਡ ਦੂਜੇ ਪਿੰਡ ਨਾਲ ਲੜ ਪੈਂਦਾ। ਸਮਾਜ ਦਾ ਇਹ ਹਾਲ ਹੋ ਗਿਆ ਸੀ ਕਿ ਕੋਈ ਵੀ ਅਹਿਦਨਾਮਾ ਜਾਂ ਇਕਰਾਰ ਭਰੋਸੇਯੋਗ ਨਹੀਂ ਸੀ ਹੁੰਦਾ। ਅਜਿਹੀਆਂ ਸੰਧੀਆਂ ਕਰਕੇ ਬਾਰ ਬਾਰ ਉਨ੍ਹਾਂ ਨੂੰ ਤੋੜ ਦਿੱਤਾ ਜਾਂਦਾ ਸੀ।

ਸਰਕਾਰੀ ਅਹਿਲਕਾਰ ਲੋਕਾਂ ਦੀ ਰਖਿਆ ਕਰਨ ਦੀ ਥਾਂ ਉਲਟੇ ਉਨ੍ਹਾਂ ਦੀ ਰੱਤ ਨਿਚੋੜਦੇ ਸਨ। ਮਾਲੀਆ ਉਗਰਾਉਣ ਦਾ ਕੋਈ ਵੀ ਪੱਕਾ ਨੇਮ ਨਹੀਂ



Sri Satguru Jagjit Singh Ji Elibrary NamdhariElibrary@gmail.com

ਸੀ। ਸਰਕਾਰੀ ਅਹਿਲਕਾਰ ਜਦੋਂ ਮਾਲੀਆ ਲੈਣ ਆਉਂਦੇ ਤਾਂ ਲੋਕਾਂ ਦੇ ਸਿਰੋਂ ਖਾਂਦੇ-ਪੀਂਦੇ ਅਤੇ ਐਸ਼ ਕਰਦੇ ਅਤੇ ਉਦੋਂ ਹੀ ਖਹਿੜਾ ਛਡਦੇ ਜਦੋਂ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋ ਜਾਂਦੀਆਂ। ਜਦੋਂ ਵੱਡੇ ਅਹਿਲਕਾਰ ਚਲੇ ਜਾਂਦੇ ਤਾਂ ਛੋਟੇ ਮੁਨਸ਼ੀ ਮੁਸੱਦੀ ਉਨ੍ਹਾਂ ਤੋਂ ਬਚੇ-ਖੁਚੇ ਭੋਰਿਆਂ ਨੂੰ ਭੁੱਖੜਾਂ ਵਾਂਗ ਨਿਗਾਰਨ ਲਈ ਆ ਧਮਕਦੇ। ਅਜਿਹੇ ਸਮੇਂ ਸਾਰਾ ਅਰਥਚਾਰਾ ਭੰਗ ਹੋ ਜਾਂਦਾ। ਖੇਤੀਬਾੜੀ, ਵਣਜ, ਵਪਾਰ ਤੇ ਦਸਤਕਾਰੀ ਬਿਲਕੁਲ ਬਰਬਾਦ ਹੋ ਜਾਂਦੀ। ਪਿੰਡਾਂ ਦੀ ਤਬਾਹੀ ਤੋਂ ਬਿਨਾਂ ਲਾਹੌਰ ਸ਼ਹਿਰ ਨੂੰ ਇਸ ਕਾਲ ਵਿਚ ਵੱਡੀਆਂ ਮੁਸੀਬਤਾਂ ਦਾ ਸ਼ਿਕਾਰ ਹੋਣਾ ਪਿਆ। ਇੱਥੇ ਕੋਈ ਵੀ ਅਨੁਸ਼ਾਸ਼ਨ ਜਾਂ ਬੰਧੇਜ ਨਹੀਂ ਸੀ। ਇਸ ਅਭਾਗੇ ਸ਼ਹਿਰ ਵਿਚ ਹਰ ਤਰ੍ਹਾਂ ਨਾਲ ਅਰਾਜਕਤਾ ਦਾ ਪਹਿਰਾ ਹੋ ਜਾਂਦਾ। ਘਰਾਂ ਨੂੰ ਲੁੱਟ-ਪੁੱਟ ਲਿਆ ਜਾਂਦਾ ਤੇ ਲੋਕਾਂ ਨੂੰ ਅਨੇਕ ਪ੍ਰਕਾਰ ਦੀ ਬਦਸਲੂਕੀ ਨੂੰ ਝੱਲਣਾ ਪੈਂਦਾ। ਬਹੁਤ ਸਾਰੇ ਘਰ ਘਰਾਣਿਆਂ ਨੂੰ ਅਪਮਾਨ ਤੇ ਬੇਇਜਤੀ ਦੇ ਕਹਿਰ ਨੂੰ ਬਰਦਾਸ਼ਤ ਕਰਨਾ ਪੈਂਦਾ।

ਇਨ੍ਹਾਂ ਸਾਰੇ ਝੱਖੜ ਝੋਲਿਆਂ ਨੇ ਲੋਕਾਂ ਦੇ ਚਰਿੱਤਰ ਤੇ ਸੁਭਾ ਨੂੰ ਹੀ ਬਦਲ ਕੇ ਰੱਖ ਦਿੱਤਾ। ਲੋਕ ਇਕ ਦੂਜੇ ਦੇ ਖੂਨ ਦੇ ਪਿਆਸੇ, ਬਹੁਤ ਛੋਟੀ ਗਾਲੀ ਗਲੋਚ ਤੇ ਹਥਿਆਰਬੰਦ ਲੜਾਈ ਝਗੜੇ ਤਕ ਉਤਰ ਆਉਂਦੇ ਸਨ। ਚੋਰੀ ਚਕਾਰੀ ਮਾਰ ਧਾੜ ਅਤੇ ਕਿਸੇ ਬੇਗੁਨਾਹ ਨੂੰ ਕਤਲ ਕਰ ਦੇਣਾ ਆਮ ਗੱਲ ਹੋ ਗਈ ਸੀ। ਇਨ੍ਹਾਂ ਨੂੰ ਮਾੜਾ ਨਹੀਂ ਸੀ ਸਮਝਿਆ ਜਾਂਦਾ। ਸੁਰੱਖਿਆ ਦਾ ਇੰਨਾ ਅਭਾਵ ਸੀ ਕਿ ਕੋਈ ਵੀ ਰਾਹੀ ਪਾਂਧੀ ਬਿਨਾਂ ਹਥਿਆਰਾਂ ਤੋਂ ਘਰੋਂ ਬਾਹਰ ਨਹੀਂ ਸੀ ਨਿਕਲਦਾ। 18ਵੀਂ ਸਦੀ ਦੇ ਪੂਰਵ ਅੱਧ ਦੇ ਟਾਕਰੇ ਵਿਚ 1767 ਤੋਂ ਪਿਛੋਂ ਜਦੋਂ ਸਿੱਖ ਮਿਸਲਾਂ ਦਾ ਅਧਿਕਾਰ ਸਥਾਪਿਤ ਹੋਇਆ ਤਾਂ ਲੋਕਾਂ ਨੂੰ ਕੁਝ ਸੁੱਖ ਦਾ ਸਾਹ ਜ਼ਰੂਰ ਆਇਆ ਪਰ ਇਹ ਸਿੰਘ ਸਰਦਾਰ ਜਾਂ ਮਿਸਲਦਾਰ ਜੋ ਪਹਿਲਾਂ ਸਾਂਝੇ ਦੁਸ਼ਮਣ ਵਿਰੁੱਧ ਇਕੱਠੇ ਹੋ ਕੇ ਬੜੀ ਬਹਾਦਰੀ ਨਾਲ ਲੜੇ ਸਨ, ਹੁਣ ਆਪ ਸਾਮੰਤ ਯੁੱਗ ਦੀਆਂ ਬੁਰਾਈਆਂ ਤੇ ਕਮਜ਼ੋਰੀਆਂ ਦਾ ਸ਼ਿਕਾਰ ਹੁੰਦੇ ਜਾ ਰਹੇ ਸਨ। ਵਿਦੇਸ਼ੀ ਮੁਗਲਾਂ ਅਤੇ ਅਫਗਾਨਾਂ ਦੀ ਹਕੂਮਤ ਦੇ ਟਾਕਰੇ ਉਤੇ ਸਿੰਘ ਸਰਦਾਰਾਂ ਦੇ ਵਿਹਾਰ ਅਤੇ ਸ਼ਾਸਨ ਪ੍ਰਬੰਧ ਵਿਚ ਬਹੁਤ ਵੱਡਾ ਅੰਤਰ ਵੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਮੁਗਲਾਂ ਤੇ ਅਫਗਾਨਾਂ ਦੇ ਰਾਜ ਸਮੇਂ ਧਾਰਮਿਕ ਕੱਟੜਤਾ ਅਤੇ ਤਲਵਾਰ ਦੀ ਨੋਕ ਥੱਲੇ ਜਬਰਦਸਤੀ ਧਰਮ ਬਦਲੀ ਕਰਨ ਦਾ ਆਮ ਰਿਵਾਜ਼ ਸੀ ਪਰ ਸਿੰਘਾਂ ਦੇ ਰਾਜ ਵਿਚ ਕਿਸੇ ਨੂੰ ਵੀ ਨਾ ਤਾਂ ਜ਼ਬਰਦਸਤੀ ਧਰਮ ਬਦਲੀ ਕਰਵਾਈ ਗਈ ਅਤੇ ਨਾ ਹੀ ਕਿਸੇ ਬੇਗੁਨਾਹ ਨੂੰ ਮੌਤ ਜਾਂ ਫਾਂਸੀ ਦੀ ਸਜਾ ਦਿੱਤੀ ਗਈ, ਜਿੱਥੇ ਮੁਗਲਾਂ ਤੇ ਅਫਗਾਨਾਂ ਦੇ ਰਾਜ ਵਿਚ ਇਸਤਰੀ ਜਾਤੀ ਜ਼ਬਰਦਸਤ ਜ਼ੁਲਮ ਤੇ ਤਸ਼ੱਦਦ



Sri Satguru Jagjit Singh Ji Elibrary NamdhariElibrary@gmail.com

ਦਾ ਸ਼ਿਕਾਰ ਸੀ, ਉੱਥੇ ਸਿੰਘ ਸਰਦਾਰਾਂ ਦੇ ਰਾਜ ਵਿਚ ਕਿਸੇ ਵੀ ਇਸਤਰੀ ਨੂੰ ਅਪਮਾਨਿਤ ਨਹੀਂ ਸੀ ਕੀਤਾ ਗਿਆ। ਨਾ ਹੀ ਉਸਦੀ ਪੱਤ ਵਲ ਕਿਸੇ ਨੇ ਬੁਰੀ ਨਜ਼ਰ ਨਾਲ ਤੱਕਿਆ ਸੀ ਪਰ ਸਹਿਜੇ ਸਹਿਜੇ ਲੋਕ ਪੁਰਾਤਨ ਸਿੰਘਾਂ ਵਾਂਗ ਗੁਰੂ ਦੀ ਸਿੱਖਿਆ ਉਤੇ ਅਮਲ ਕਰਨ ਦੀ ਥਾਂ ਜਾਗੀਰਦਾਰੀ ਸਮਾਜ ਦੀਆਂ ਕੁਰੀਤੀਆਂ ਨੂੰ ਅਪਨਾਉਂਦੇ ਜਾ ਰਹੇ ਸਨ। 1799 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉਤੇ ਕਬਜ਼ਾ ਕਰਨ ਪਿਛੋਂ ਨਵੇਂ ਯੁੱਗ ਦਾ ਆਰੰਭ ਹੋ ਚੁੱਕਾ ਸੀ ਅਤੇ 19ਵੀਂ ਸਦੀ ਦੇ ਆਰੰਭ ਵਿਚ ਕੁਝ ਸਾਲਾਂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਵਿਸ਼ਾਲ ਸਾਮਰਾਜ ਸਥਾਪਿਤ ਕਰਨ ਵਿਚ ਸਫਲ ਹੋ ਗਿਆ, ਜਿਸ ਵਿਚ ਲੋਕਾਂ ਨੂੰ ਅਮਨ ਸ਼ਾਂਤੀ ਤੇ ਨਿਆਂ ਦਾ ਰਾਜ ਮਿਲਿਆ। ਇਸ ਰਾਜ ਦੀ ਵੱਡੀ ਵਿਸ਼ੇਸ਼ਤਾ ਇਸ ਦਾ ਰਾਸ਼ਟਰੀ ਕਿਰਦਾਰ ਅਤੇ ਧਰਮ ਨਿਰਪੱਖ ਨੀਤੀ ਸੀ, ਜਿਸਨੇ ਪੰਜਾਬ ਤੇ ਪੰਜਾਬੀਅਤ ਦੀ ਭਾਵਨਾ ਦੇ ਨੈਣ ਨਕਸ਼ਾਂ ਨੂੰ ਉਘਾੜਨਾ ਸ਼ੁਰੂ ਕਰ ਦਿੱਤਾ ਸੀ।



Sri Satguru Jagjit Singh Ji Elibrary NamdhariElibrary@gmail.com

## 14

# ਪੰਜਾਬ ਵਿੱਚ ਸਿੱਖ ਰਾਜ ਦੀ ਸਥਾਪਨਾ ਅਤੇ ਨਾਮ ਦੀ ਜੋਤ ਦਾ ਜਗਣਾ

2 ਨਵੰਬਰ 1780 ਨੂੰ ਸ਼ੁੱਕਰਚੱਕੀਆ ਮਿਸਲ ਦੇ ਮੁੱਖੀ ਸ: ਮਹਾਂ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ ਰਣਜੀਤ ਸਿੰਘ ਦਾ ਜਨਮ ਪੰਜ ਪਾਣੀਆਂ ਦੀ ਧਰਤੀ ਉੱਤੇ ਉਸ ਰਾਸ਼ਟਰ ਨਾਇਕ ਦਾ ਆਗਮਨ ਸੀ, ਜਿਸ ਨੇ ਲਗਭਗ ਅੱਧੀ ਸਦੀ ਤੱਕ ਪੰਜਾਬ ਦੇ ਉਸ ਖਿੱਤੇ ਵਿੱਚ ਵਿਸ਼ਾਲ ਸਿੱਖ ਰਾਜ ਦੀ ਸਥਾਪਨਾ ਕੀਤੀ ਸੀ ਅਤੇ ਆਪਣੀ ਰਾਜਨੀਤਿਕ ਸੂਝ-ਬੂਝ ਸਿਆਣਪ ਅਤੇ ਪ੍ਰਬੰਧਕੀ ਯੋਗਤਾ ਦੁਆਰਾ ਲੱਗਭਗ ਅੱਧੀ ਸਦੀ ਤੱਕ ਪੰਜਾਬ ਅਤੇ ਪੰਜਾਬੀਆਂ ਦੇ ਭਵਿੱਖ ਨੂੰ ਸੁਰੱਖਿਅਤ ਹੀ ਨਹੀਂ ਕੀਤਾ ਸਗੋਂ ਇਸ ਦੇਸ਼ ਦੀ ਆਨ-ਸ਼ਾਨ ਅਤੇ ਤੇਜ਼ ਪ੍ਰਤਾਪ ਨੂੰ ਸਦੀਆਂ ਤੱਕ ਯਾਦ ਰਹਿਣ ਵਾਲੇ ਇਤਿਹਾਸਿਕ ਯੁੱਗ ਵਿੱਚ ਬਦਲ ਦਿੱਤਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਇਤਿਹਾਸਕ ਯਾਦ ਨੂੰ ਇਤਿਹਾਸਕਾਰਾਂ ਨੇ ਜਿਸ ਤਰ੍ਹਾਂ ਵਰਣਨ ਕੀਤਾ ਹੈ, ਉਹ ਆਪਣੇ ਆਪ ਵਿੱਚ ਇੱਕ ਅਦੁੱਤੀ ਅਤੇ ਨਾ ਭੁੱਲਣ ਵਾਲਾ ਅੱਧੀ ਸਦੀ ਦਾ ਸ਼ਾਨਦਾਰ ਯੁੱਗ ਹੈ।

7 ਜੁਲਾਈ, 1799 ਨੂੰ ਰਣਜੀਤ ਸਿੰਘ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਉੱਤੇ ਕਬਜ਼ਾ ਕਰਨ ਨਾਲ ਅਤੇ ਫਿਰ 1801 ਦੀ ਵਿਸਾਖੀ ਵਾਲੇ ਸ਼ੁਭ ਦਿਹਾੜੇ ਮਹਾਰਾਜਾ ਦੀ ਪੱਦਵੀ ਧਾਰਨ ਕਰਨ ਨਾਲ ਪੰਜਾਬ ਦੇ ਇਸ ਮਹਾਂਨਾਇਕ ਨੂੰ ਇੱਕ ਹੋਰ ਵੱਡੀ ਪ੍ਰਾਪਤੀ ਹੋ ਗਈ। ਇਸੇ ਸਮੇਂ ਹੀ ਉਸਨੇ ਨਾਨਕਸ਼ਾਹੀ ਸਿੱਕਾ ਚਲਾਇਆ। ਇਨ੍ਹਾਂ ਸਭ ਘਟਨਾਵਾਂ ਦੇ ਪਿਛੋਕੜ ਵਿੱਚ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀ ਕਰਾਮਾਤੀ ਸ਼ਕਤੀ ਦੀ ਉਹ ਆਤਮਾ ਕੰਮ ਕਰ ਰਹੀ ਸੀ, ਜਿਸ ਦਾ ਸੰਚਾਲਨ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ 1469 ਈਸਵੀ ਵਿੱਚ ਹੋਇਆ ਸੀ। ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿੱਚੋਂ ਹੀ ਉਸ ਸਮੇਂ ਦੇ ਮੰਨੇ-ਪ੍ਰਮੰਨੇ ਗੁਰੂ ਘਰ ਦੇ ਅਨੰਨ ਸੇਵਕ ਬਾਬਾ ਸਾਹਿਬ ਸਿੰਘ ਬੇਦੀ ਨੇ



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਸਾਹਿਬ ਨੂੰ ਰਾਜ ਤਿਲਕ ਦੇਣ ਦੀ ਰਸਮ ਨੂੰ ਨਿਭਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਤਰ੍ਹਾਂ ਅਦੁੱਤੀ ਬਲੀਦਾਨ ਦੇ ਕੇ ਪੰਜਾਬ ਵਿੱਚ ਸਿੱਖ ਸ਼ਕਤੀ ਦਾ ਸੰਗਠਨ ਕੀਤਾ, ਉਸ ਨੂੰ ਇੱਕ ਨਵੀਂ ਅਸਪਾਤੀ ਸ਼ਕਤੀ ਪ੍ਰਦਾਨ ਕੀਤੀ ਅਤੇ ਗੌਰਵ ਅਤੇ ਨਿਮਰਤਾ ਦੇ ਸੇਵਾ ਭਾਵ ਨੂੰ ਇੱਕ ਥਾਂ ਸਮੋਇਆ। ਇਸ ਬਾਰੇ ਇਤਿਹਾਸਕ ਵਡਿਆਈ ਵਾਲੇ ਸਭਿਆਚਾਰਕ ਪਿਛੋਕੜ ਦੇ ਚਿਹਨ ਚੱਕਰ ਮਹਾਰਾਜਾ ਰਣਜੀਤ ਸਿੰਘ ਦੇ ਆਰੰਭਿਕ ਜੀਵਨ ਕਾਲ ਨਾਲ ਸੰਬੰਧਿਤ ਘਟਨਾਵਾਂ ਅਤੇ ਵੇਰਵਿਆਂ ਵਿੱਚ ਪ੍ਰਤੱਖ ਰੂਪ ਵਿੱਚ ਝਲਕਦੇ ਦਿਖਾਈ ਦਿੰਦੇ ਹਨ। ਮਹਾਰਾਜਾ ਦੀ ਪੱਦਵੀ ਪ੍ਰਾਪਤ ਕਰਕੇ ਰਣਜੀਤ ਸਿੰਘ ਨਾ ਵਿਸ਼ੇਸ਼ ਰਾਜ ਸਿੰਘਾਸਨ 'ਤੇ ਬਿਰਾਜਮਾਨ ਹੋਇਆ, ਸਗੋਂ ਰਾਮ ਚੰਦਰ ਦੇ ਭਰਾਤਾ ਭਰਤ ਸਮਾਨ ਗੁਰੂਆਂ ਦਾ ਭੌਰਾ ਬਣ ਕੇ ਨਿਰਭਉ ਤੇ ਨਿਰਵੈਰ ਦੇ ਗੁਰੂ ਨਾਨਕ ਸਾਹਿਬ ਦੇ ਆਦਰਸ਼ਾਂ ਉੱਤੇ ਪਹਿਰਾ ਦਿੰਦਾ ਰਿਹਾ। ਉਹ ਆਪਣੇ ਆਪ ਨੂੰ ਮਹਾਰਾਜਾ ਅਖਵਾਉਣ ਦੀ ਥਾਂ 'ਸਰਕਾਰ' 'ਸਿੰਘ ਸਾਹਿਬ' ਅਖਵਾ ਕੇ ਹੀ ਆਤਮਿਕ ਸੰਤੁਸ਼ਟੀ ਪ੍ਰਾਪਤ ਕਰਦਾ ਰਿਹਾ। ਇਸ ਕਾਲ ਦੇ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਨੇ ਵੀ ਆਪਣੀ ਸੁਪ੍ਰਸਿੱਧ ਰਚਨਾ 'ਜੰਗਨਾਮੇ' ਵਿੱਚ ਕਈ ਵਾਰ ਮਹਾਰਾਜਾ ਰਣਜੀਤ ਸਿੰਘ ਨੂੰ ਸਰਕਾਰ ਦੇ ਰੂਪ ਵਿੱਚ ਹੀ ਯਾਦ ਕੀਤਾ ਅਤੇ ਸ਼ਰਧਾਂਜਲੀ ਪੇਸ਼ ਕੀਤੀ ਹੈ।

1. ਪਿਛੋਂ ਇੱਕ ਸਰਕਾਰ ਦੇ ਖੇਡ ਚੱਲੀ
2. ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
   ਤੇਗਾਂ ਸਿੰਘਾਂ ਨੇ ਜਿਹੜੀਆਂ ਮਾਰੀਆਂ ਨੇ
3. ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ
   ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ

ਮਹਾਰਾਜਾ ਸਾਹਿਬ ਨੇ ਜਿਹੜਾ ਨਾਨਕਸ਼ਾਹੀ ਸਿੱਕਾ ਜਾਰੀ ਕੀਤਾ, ਉਸ ਉੱਤੇ ਵੀ ਆਪਣਾ ਨਾਮ ਅੰਕਿਤ ਨਹੀਂ ਕਰਵਾਇਆ, ਸਗੋਂ 'ਅਕਾਲ ਸਹਾਏ' ਦੀ ਕ੍ਰਿਪਾਲਤਾ ਨੂੰ ਚੇਤੇ ਰੱਖ ਕੇ ਯਾਫ਼ਤ ਅਜ਼ ਨਾਨਕ ਗੋਬਿੰਦ ਸਿੰਘ ਦੇ ਸ਼ਬਦਾਂ ਨੂੰ ਹੀ ਮੁੱਖ ਰੱਖਿਆ ਹੈ। ਵਿਹਾਰਕ ਨੀਤੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਭਾਵੇਂ ਕਈ ਹੋਰ ਨੁਕਤਿਆਂ ਨੂੰ ਅਪਨਾਇਆ ਹੋਵੇ, ਪਰ ਸਿਧਾਂਤ ਅਤੇ ਆਦਰਸ਼ ਰੂਪ ਵਿੱਚ ਗੁਰੂ ਸਾਹਿਬਾਨ ਦੀ ਕ੍ਰਿਤਗਤਾ ਨੂੰ ਹੀ ਸਨਮੁੱਖ ਰੱਖਿਆ ਹੈ। 20ਵੀਂ ਸਦੀ ਦੇ ਪ੍ਰਮੁੱਖ ਪੰਜਾਬੀ ਕਵੀ ਪ੍ਰੋ: ਪੂਰਨ ਸਿੰਘ ਨੇ ਸੱਚ ਹੀ ਕਿਹਾ ਹੈ :

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਜਿਉਂਦਾ ਸਾਰਾ ਗੁਰੂ ਦੇ ਨਾਂ ਤੇ

ਗੁਰੂ ਦਾ ਨਾਮ ਪੰਜਾਬ ਦੀ ਨਿਵੇਕਲੀ ਵਿਸ਼ੇਸ਼ਤਾ ਅਤੇ ਵਿਰਸਾ ਹੈ। ਸਿੱਖ



Sri Satguru Jagjit Singh Ji Elibrary NamdhariElibrary@gmail.com

ਗੁਰੂ ਸਾਹਿਬਾਨ ਨੇ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੀ ਮਾਨਵਤਾ ਨੂੰ ਅਕਾਲ ਪੁਰਖ ਦੇ ਨਾਮ ਦੁਆਰਾ ਨਦਰੀ-ਨਦਰ ਨਿਹਾਲ ਹੋਣ ਦੀ ਗੱਲ ਕੀਤੀ ਹੈ। ਪ੍ਰਸਿੱਧ ਸਿੱਖ ਕਵੀ ਭਾਈ ਗੁਰਦਾਸ ਆਪਣੀ 'ਵਾਰ' ਵਿੱਚ ਲਿਖਦੇ ਹਨ :

ਪਹਿਲਾ ਪਾਇਆ ਬਾਬੇ ਬਖਸ਼ਦਰ
ਪਿਛੋਂ ਦੀ ਫਿਰ ਘਾਲ ਕਮਾਈ
ਰੇਤ ਅੱਕ ਅਹਾਰ ਕਰ, ਰੋੜਾ ਕੀ ਗੁਰ ਕਰੀ ਵਿਛਾਈ
ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ
ਚੜ੍ਹਿਆ ਸੋਧਣ ਧਰਤਿ ਲੁਕਾਈ

'ਨੀਚਾ ਅੰਦਰ ਨੀਚ ਜਾਤ' ਦੀ ਸਨਿਮਰ ਭਾਵਨਾ ਵਿੱਚ ਵਿਚਰਨ ਵਾਲੇ ਮਹਾਨ ਗੁਰੂ ਨਾਨਕ ਨੇ 'ਵੱਡਿਆਂ ਸਿਉ ਕਿਆ ਰੀਸ' ਕਹਿ ਕੇ ਆਪਣੇ ਆਪ ਨੂੰ ਲੋਕਾਂ ਦਾ ਹਮਦਰਦ ਕਹਿ ਕੇ ਸੰਬੋਧਨ ਕੀਤਾ ਹੈ। ਅਜਿਹੀ ਭਾਵਨਾ ਮਹਾਰਾਜਾ ਰਣਜੀਤ ਸਿੰਘ ਵਿੱਚ ਕਿੰਨੀ ਮਾਤਰਾ ਵਿੱਚ ਮੌਜੂਦ ਸੀ, ਇਹ ਇੱਕ ਵੱਖਰਾ ਪ੍ਰਸ਼ਨ ਹੈ? ਗੁਰੂ ਆਸੇ ਦੇ ਬੇਗਮਪੁਰੇ ਅਤੇ ਆਨੰਦਪੁਰ ਦੇ ਦਾਰਸ਼ਨਿਕ ਅਤੇ ਮਨੋਵਿਗਿਆਨਿਕ ਅਤੇ ਅਧਿਆਤਮਿਕ ਸੰਕਲਪਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਸੰਸਾਰਕ ਪ੍ਰਸ਼ਾਸਨ ਕਿੰਨਾ ਸਥਿਰ ਰਿਹਾ ਅਤੇ ਕਿੰਨਾ ਇਸ ਤੋਂ ਦੂਰ ਚਲਾ ਗਿਆ, ਇਹ ਇੱਕ ਹੋਰ ਵਿਲੱਖਣ ਪ੍ਰਸ਼ਨ ਹੈ, ਪਰ ਸਾਮੰਤ ਯੁੱਗ ਦੀਆਂ ਹੋਣੀਆਂ ਅਤੇ ਸਮੁੱਚੇ ਅਧੋਗਤੀ ਵਾਲੀਆਂ ਵਿਗਠਨਕਾਰੀ ਸ੍ਵੈ-ਵਿਰੋਧਾਂ ਅਤੇ ਸਾਮੰਤ ਯੁੱਗ ਦੇ ਅੰਤਰੀਵ ਦੋਸ਼ਾਂ ਦਾ ਆਪਣੇ ਇਤਿਹਾਸਕ ਕਿਰਦਾਰ ਨੂੰ ਨਿਭਾਉਣਾ ਬੜਾ ਸੁਭਾਵਿਕ ਸੀ। 1712 ਤੋਂ ਲੈ ਕੇ 1721 ਤੱਕ ਜਿਸ ਤਰ੍ਹਾਂ ਮੁਗਲ ਸਾਮਰਾਜ ਦਾ ਸ਼ੀਰਾਜ਼ਾ ਵਿਖਰਨਾ ਸ਼ੁਰੂ ਹੋਇਆ, ਐਨ ਉਸੇ ਤਰ੍ਹਾਂ ਦਾ ਵਰਤਾਰਾ ਰਣਜੀਤ ਸਿੰਘ ਦੇ ਰਾਜਕਾਲ ਅਤੇ ਉਸ ਦੇ ਮਰਨ ਪਿਛੋਂ 1839 ਤੋਂ ਲੈ ਕੇ 1849 ਤੱਕ ਘਟਿਆ ਹੈ। ਇਸ ਇਤਿਹਾਸਕ ਬੁਰਾਈਆਂ ਦੇ ਵਿਊ ਚੱਕਰ ਤੋਂ ਬਚਣ ਲਈ ਕੇਵਲ ਇਕੋ ਹੀ ਔਸ਼ਧੀ ਸੀ, ਉਹ ਸੀ ਗੁਰੂ ਦੇ ਨਾਮ ਨੂੰ ਸਦਾ ਯਾਦ ਰੱਖਣਾ ਅਤੇ ਗੁਰੂ ਦੇ ਆਦਰਸ਼ਾਂ ਉੱਤੇ ਪਹਿਰਾ ਦੇਣਾ। ਗੁਰੂ ਸਾਹਿਬਾਨ ਨੇ ਆਤਮਿਕ ਲੋਕਤੰਤਰ ਦੀ ਭਾਵਨਾ ਨੂੰ ਦ੍ਰਿੜ੍ਹ ਕਰਵਾਇਆ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸ਼ਨ ਕਾਲ ਇੱਕ ਪੁਰਖੀ ਰਾਜਤੰਤਰ ਦਾ ਰੂਪ ਧਾਰਨ ਕਰ ਗਿਆ। ਜੇਕਰ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸਕ ਕਾਲ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸਹਿਜੇ ਹੀ ਸਿੱਧ ਹੋ ਜਾਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਨਮੁੱਖ ਮੁਗਲ ਸਾਮਰਾਜ ਦੇ ਅਕਬਰ ਕਾਲੀਨ ਰਾਜ ਪੱਧਤੀ ਦਾ ਸੰਕਲਪ ਹੀ ਆਦਰਸ਼ ਰੂਪ ਵਿੱਚ ਮੌਜੂਦ ਸੀ, ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਕ ਆਤਮਿਕ ਸਵਰਾਜ ਦਾ, ਜਿਸ ਵਿੱਚ ਆਪ



Sri Satguru Jagjit Singh Ji Elibrary NamdhariElibrary@gmail.com

ਜੀ ਦਾ ਕਥਨ ਹੈ "ਸਾਧ ਸਮੂਹ ਪ੍ਰਸੰਨ ਫਿਰੇ ਜਗੁ, ਸਤਰ ਸਭੈ ਅਵਲੋਕ ਚਪੈਂਗੇ" ਅਰਥਾਤ ਗੁਰੂ ਸਾਹਿਬਾਨ ਅਤੇ ਸਾਧ ਸਮੂਹ ਦੀ ਆਤਮਿਕ ਬਰਾਬਰੀ ਦੇ ਸਰੂਪ ਵਿੱਚ 'ਸੰਤ ਉਭਾਰਨ ਦੁਸ਼ਟ ਸੰਘਾਰਨ ਅਤੇ ਦੁਸ਼ਟ ਸਭਹਨ ਕੌ ਮੂਲ ਉਪਾਰਨ' ਦਾ ਧਾਰਮਿਕ ਸਵਰਾਜ ਸਥਾਪਿਤ ਕਰਨਾ ਲੋਚਦੇ ਸਨ।

ਸਾਮੰਤ ਯੁਗ ਦੀਆਂ ਬੁਰਾਈਆਂ ਨੂੰ ਅਤੇ ਅੰਤਰ ਵਿਰੋਧਾਂ ਨੂੰ ਦੂਰ ਕਰਨ ਅਤੇ ਇਨ੍ਹਾਂ ਉੱਤੇ ਕਾਬੂ ਪਾਉਣ ਦਾ ਇੱਕੋ ਇੱਕ ਮਾਰਗ ਸੀ, ਉਹ ਸੀ ਗੁਰੂ ਦੀ ਜੋਤ ਦਾ ਸਦਾ ਜਗਦੇ ਰਹਿਣਾ, ਜਿਸ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ ਲਗਭਗ ਉਸ ਸਮੇਂ ਪੰਜਾਬ ਵਿੱਚ ਇੱਕ ਹੋਰ ਮਹਾਂਪੁਰਸ਼ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਹੋਇਆ, ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨਿਵਾਜਿਆ ਅਤੇ ਭਵਿੱਖ ਦੇ ਸਤਿਗੁਰਾਂ ਦੇ ਕਰਤੱਵਾਂ ਦੀ ਸੋਝੀ ਕਾਰਵਾਈ ਭਾਵੇਂ ਇਹ ਇੱਕ ਇਤਿਹਾਸਕ ਸੰਜੋਗ ਸੀ ਜਾਂ ਅਕਾਲ ਪੁਰਖ ਦੀ ਕਰਾਮਾਤੀ ਸ਼ਕਤੀ ਦਾ ਚਮਤਕਾਰ। ਕੀ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿੱਚ ਸਾਮੰਤ ਯੁਗੀ ਬੁਰਾਈਆਂ ਅਤੇ ਅੰਤਰ ਵਿਰੋਧਾਂ ਤੋਂ ਬਚਣ ਲਈ ਗੁਰੂ ਜੋਤ ਦੀ ਨਾਮ ਦੀ ਸੰਸਕ੍ਰਿਤੀ ਨੂੰ ਮੁੜ ਪੱਕੇ ਪੈਰੀਂ ਸਥਾਪਿਤ ਕਰਨਾ ਬੜਾ ਜ਼ਰੂਰੀ ਸੀ ਅਤੇ ਇਹ ਕਾਰਜ ਪਹਿਲਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਅਤੇ ਪਿਛੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਿਭਾਇਆ।

ਨਾਮਧਾਰੀ ਗੁਰੂ ਪਰੰਪਰਾ ਵਿੱਚ ਸ੍ਰੀ ਸਤਿਗੁਰੂ ਬਾਲਕ ਸਿੰਘ ਨੂੰ ਯਾਰ੍ਹਵੀਂ ਪਾਤਸ਼ਾਹੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਰ੍ਹਵੀਂ ਪਾਤਸ਼ਾਹੀ ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਉਸ ਸਮੇਂ ਜਦੋਂ ਸਿੱਖ ਜਗਤ ਵਿੱਚ ਹਾਕਮ ਸ਼੍ਰੇਣੀ ਵਾਲੀਆਂ ਕਮਜ਼ੋਰੀਆਂ ਦੇ ਆ ਜਾਣ ਕਾਰਨ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੀ ਦੱਸੀ ਹੋਈ ਰਹਿਤ ਮਰਿਆਦਾ ਵਿੱਚ ਤਰੇੜਾਂ ਆਉਣ ਲੱਗੀਆਂ ਤਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਸਿੱਖੀ ਦੀ ਆਤਮਾ ਨੂੰ ਨਵੇਂ ਸਿਰਿਉਂ ਬਲ ਬਖਸ਼ਿਆ ਅਤੇ ਨਾਮ, ਬਾਣੀ, ਕਥਾ, ਕੀਰਤਨ ਦੇ ਪ੍ਰਵਾਹ ਰਾਹੀਂ ਖਿੜਕ ਰਹੀ ਸਿੱਖੀ ਦੀ ਆਤਮਾ ਨੂੰ ਨਵੀਂ ਸ਼ਕਤੀ ਅਤੇ ਤਾਣ ਬਖਸ਼ਿਆ, ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ — ਨਾਮ, ਬਾਣੀ, ਕਥਾ, ਕੀਰਤਨ ਸਿੱਖੀ ਦੇ ਇਹ ਚਾਰ ਥੰਮ੍ਹ ਹਨ। ਜਿਨ੍ਹਾਂ ਦੀ ਮੂਲ ਸੰਚਾਲਕ ਸ਼ਕਤੀ ਗੁਰੂ ਆਤਮਾ ਵਿੱਚ ਵਿਦਮਾਨ ਹੁੰਦੀ ਹੈ। ਗੁਰਸਿੱਖੀ ਦੇ ਸਮੁੱਚੇ ਤਾਣੇ-ਬਾਣੇ ਵਿੱਚ ਗੁਰੂ ਹੀ ਅਜਿਹੀ ਸੰਚਾਲਕ ਸ਼ਕਤੀ ਦਾ ਮੁੱਖ ਸਰੋਤ ਅਤੇ ਕੇਂਦਰ ਬਿੰਦੂ ਹੁੰਦਾ ਹੈ। ਅਧਿਆਤਮਿਕ ਰੂਪ ਵਿੱਚ ਅਕਾਲ ਪੁਰਖ ਦੀ ਜੋਤ ਗੁਰੂ ਆਤਮਾ ਵਿੱਚ ਜਗ ਰਹੀ ਹੁੰਦੀ ਹੈ। ਗੁਰੂ ਸਿੱਖੀ ਦੇ ਸਮੁੱਚੇ ਪਾਸਾਰ ਵਿੱਚ ਸਤਿਗੁਰੂ ਦਾ ਪਾਵਨ ਵਿਅਕਤੀਤੱਵ ਇੱਕ ਅਜਿਹਾ ਕੇਂਦਰ ਬਿੰਦੂ ਹੁੰਦਾ ਹੈ, ਜਿਸ ਦੇ ਦੁਆਲੇ



Sri Satguru Jagjit Singh Ji Elibrary NamdhariElibrary@gmail.com

ਸਾਰਾ ਸਿੱਖ ਜਗਤ ਪਰਕਰਮਾ ਕਰਦਾ ਹੈ ਅਤੇ ਉਸੇ ਸ਼ਕਤੀ ਕੇਂਦਰ ਤੋਂ ਸਭ ਕੁਝ ਪ੍ਰਾਪਤ ਕਰਕੇ ਆਪਣੀ ਹੋਂਦ ਅਤੇ ਪਾਸਾਰੇ ਨੂੰ ਜੀਵਨਧਾਰਾ ਦੇ ਸਰੂਪ ਵਿੱਚ ਸੁਰੱਖਿਅਤ ਕਰਕੇ ਨਿਰੰਤਰ ਪ੍ਰਵਾਹਿਤ ਕਰਦਾ ਰਹਿੰਦਾ ਹੈ। 18ਵੀਂ ਅਤੇ 19ਵੀਂ ਸਦੀ ਵਿੱਚ ਗੁਰੂ ਜੋਤ ਨੇ ਜਿਸ ਮਾਨਵੀ ਸਰੂਪ ਵਿੱਚ ਆਪਣੇ ਆਪ ਨੂੰ ਪ੍ਰਕਾਸ਼ਮਾਨ ਕੀਤਾ ਅਤੇ ਜਿਸ ਤਰ੍ਹਾਂ ਅਧਿਆਤਮਕ ਜੋਤ ਦਾ ਨਿਰੰਤਰ ਪ੍ਰਕਾਸ਼ ਬਿਨਾਂ ਰੋਕ-ਟੋਕ ਆਤਮਕ ਚਾਨਣ ਲੋਕਾਂ ਵਿੱਚ ਵਿਤਰਿਤ ਕਰਦਾ ਅਤੇ ਵੰਡਦਾ ਰਿਹਾ ਹੈ, ਇਸ ਦੇ ਇਤਿਹਾਸ ਨੂੰ ਵੀ ਜਾਨਣ, ਸਮਝਣ ਅਤੇ ਪ੍ਰਗਟ ਕਰਨ ਦੀ ਬੜੀ ਆਵਸ਼ਕਤਾ ਹੈ।

ਬਾਹਰੀ, ਸਮਾਜਿਕ ਅਤੇ ਰਾਜਨੀਤਿਕ ਰੂਪ ਵਿੱਚ 19ਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਦੇ ਇਤਿਹਾਸ ਵਿੱਚ ਆਉਣ ਨਾਲ ਨਿਰਸੰਦੇਹ ਇੱਕ ਨਵੇਂ ਯੁੱਗ ਦਾ ਆਰੰਭ ਹੋਇਆ। ਪੰਜਾਬ ਦੇ ਸਮੁੱਚੇ ਇਤਿਹਾਸ ਵਿੱਚ ਲਗਭਗ ਇੱਕ ਹਜ਼ਾਰ ਸਾਲ ਪਿਛੋਂ ਇਹ ਉਹ ਸਮਾਂ ਸੀ ਜਦੋਂ ਪੰਜਾਬੀਆਂ ਨੇ ਸੁਤੰਤਰਤਾ ਦੇ ਹੁਲਾਰੇ ਨੂੰ ਮਾਣਿਆ ਅਤੇ ਵੱਡੇ-ਵੱਡੇ ਇਤਿਹਾਸਕ ਕਾਰਨਾਮੇ ਕਰਕੇ ਜਿੱਤਾਂ ਅਤੇ ਮੱਲ੍ਹਾਂ ਮਾਰ ਕੇ ਪੰਜਾਬ ਵਿੱਚ ਇੱਕ ਵਿਸ਼ਾਲ ਰਾਜ ਨੂੰ ਸਥਾਪਿਤ ਕਰ ਲਿਆ, ਜਿਸ ਦੀ ਧਾਕ ਅਤੇ ਪ੍ਰਸਿੱਧੀ ਹਿੰਦ ਦੇ ਉਪ-ਮਹਾਂਦੀਪ ਤੋਂ ਬਿਨਾਂ ਯੂਰਪ ਦੇ ਦੇਸ਼ਾਂ ਤੱਕ ਫੈਲ ਗਈ ਸੀ, ਪਰ ਇਸ ਵਿਸ਼ਾਲ ਰਾਜ ਦੀ ਬਾਹਰੀ ਸ਼ਾਨ ਦੀ ਕੁੱਖ ਵਿੱਚ ਇਸ ਦੇ ਪਤਨ ਦੇ ਬੀਜ ਵੀ ਮੌਜੂਦ ਸਨ, ਜਿਸ ਦੇ ਪ੍ਰਤੱਖ ਪ੍ਰਮਾਣ 1839 ਤੋਂ ਪਿਛੋਂ 1849 ਦੇ ਇੱਕ ਦਹਾਕੇ ਦੇ ਅਲਪ ਸਮੇਂ ਵਿੱਚ ਦ੍ਰਿਸ਼ਟੀਗੋਚਰ ਹੋ ਗਏ। ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਅੱਧੀ ਸਦੀ ਦੇ ਇਸ ਸਮੇਂ ਵਿੱਚ ਸਿੱਖ ਕਿਰਦਾਰ ਅਤੇ ਚਰਿੱਤਰ ਦੀਆਂ ਕਈ ਉੱਚ ਕੋਟੀ ਦੀਆਂ ਮਿਸਾਲਾਂ ਵੀ ਮਿਲਦੀਆਂ ਹਨ, ਪਰ ਅੰਦਰੋਂ-ਅੰਦਰੀਂ ਇਸ ਮਨੁੱਖੀ ਸਮਾਜ ਵਿੱਚ ਆਈਆਂ ਆਚਰਨਿਕ ਕਮਜ਼ੋਰੀਆਂ ਅਤੇ ਕਿਸੇ ਉੱਚ ਕੋਟੀ ਦੇ ਰਾਜਨੀਤਿਕ ਆਦਰਸ਼ ਦੀ ਅਣਹੋਂਦ ਕਾਰਨ ਇਹ ਰਾਜ ਭਿਅੰਕਰ ਤਬਾਹੀ ਅਤੇ ਸੀਥਲਤਾ ਦਾ ਸ਼ਿਕਾਰ ਹੋ ਗਿਆ। ਗੁਰੂ ਸਾਹਿਬਾਨ ਦੀ ਆਤਮਿਕ, ਧਾਰਮਿਕ ਅਤੇ ਸਮਾਜਿਕ ਅਗਵਾਈ ਸਦਕਾ ਜਿਸ ਬੀਰ ਚਰਿੱਤਰ ਅਤੇ ਕੌਮੀ ਸੰਘਰਸ਼ ਨੇ ਅਦੁੱਤੀ ਕੁਰਬਾਨੀਆਂ ਦੇ ਕੇ ਆਪਣੇ ਦੇਸ਼ ਵਿੱਚ ਸੁਤੰਤਰ ਰਾਜ ਦੀ ਸਿਰਜਨਾ ਕੀਤੀ ਸੀ, ਉਹ ਸ਼ਕਤੀ ਸਮਾਜ ਵਿੱਚ ਆਈਆਂ ਮਨੁੱਖੀ ਕਮਜ਼ੋਰੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਸਰਦਾਰਾਂ ਅਤੇ ਹਾਕਮ ਸ਼੍ਰੇਣੀ ਵਿੱਚ ਆਈਆਂ ਆਚਰਨਿਕ ਬੁਰਾਈਆਂ ਕਾਰਨ ਵਿਦੇਸ਼ੀ ਸਾਮਰਾਜ ਅੱਗੇ ਗੋਡੇ ਟੇਕ ਬੈਠੀ, ਜਿਸ ਦੇ ਫਲਸਰੂਪ ਪੂਰੀ ਇੱਕ ਸਦੀ 1849 ਤੋਂ ਲੈ ਕੇ 1947 ਤੱਕ ਪੰਜਾਬ ਦੇ ਲੋਕਾਂ ਨੂੰ ਸਮੁੱਚੇ ਭਾਰਤ ਦੇ ਨਾਲ ਵਿਦੇਸ਼ੀ ਗੁਲਾਮੀ ਦੇ ਜ਼ਬਰ ਨੂੰ ਸਹਿਣਾ ਪਿਆ। ਇਤਿਹਾਸ ਦੇ ਇਸ ਸਾਰੇ 150 ਸਾਲ ਦੇ ਸਮੇਂ ਵਿੱਚ ਨਾਮਧਾਰੀ ਗੁਰੂ ਸਾਹਿਬਾਨ ਨੇ ਕੌਮੀ



Sri Satguru Jagjit Singh Ji Elibrary NamdhariElibrary@gmail.com

ਜਾਗ੍ਰਤੀ ਅਤੇ ਧਾਰਮਿਕ ਉਥਾਨ ਦੇ ਸੰਬੰਧ ਵਿੱਚ ਜੋ ਹਿੱਸਾ ਪਾਇਆ, ਉਸ ਦੇ ਇਤਿਹਾਸਕ ਕਰਤੱਵ ਨੂੰ ਸਮਝਣ ਅਤੇ ਉਸਦੀ ਨਵ-ਵਿਆਖਿਆ ਦੀ ਲੋੜ ਹੈ।

**ਸ੍ਰੀ ਸਤਿਗੁਰੂ ਬਾਲਕ ਸਿੰਘ ਜੀ (1785-1862)**

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜਨਮ 1785 ਈਸਵੀ 24 ਫਰਵਰੀ ਸੰਮਤ 1841 ਫਗਨ ਸੁਦੀ 15 ਨੂੰ ਪਿੰਡ ਸਰਵਾਲਾ, ਜ਼ਿਲ੍ਹਾ ਅਟਕ ਜੋ ਉਸ ਸਮੇਂ ਰਾਵਲ ਪਿੰਡੀ ਮੰਡਲ ਦਾ ਭਾਗ ਸੀ, ਵਿੱਚ ਹੋਇਆ। ਆਪ ਜੀ ਦੇ ਪਿਤਾ ਬਾਬਾ ਦਿਆਲ ਸਿੰਘ ਅਤੇ ਮਾਤਾ ਭਾਗਭਰੀ ਸਨ।[1*]ਸਿੱਖ ਐਨਸਾਈਕਲੋਪੀਡੀਆ ਵਿੱਚ ਆਪ ਜੀ ਦਾ ਜਨਮ ਪਿੰਡ ਛੋਈ ਵਿੱਚ ਲਿਖਿਆ ਹੈ, ਜਿਸ ਨੂੰ ਸੰਤ ਇੰਦਰ ਸਿੰਘ ਚੱਕਰਵ੍ਰਤੀ ਅਤੇ [2*]ਕਰਮ ਸਿੰਘ ਪਟਵਾਰੀ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਆਪ ਜੀ ਦਾ ਜਨਮ ਪਿੰਡ ਸਰਵਾਲਾ ਹੀ ਸੀ। ਛੋਈ ਵਿੱਚ ਉਨ੍ਹਾਂ ਦੇ ਪਿਤਾ ਜੀ ਦੁਕਾਨ ਕਰਦੇ ਸਨ। ਇਸ ਪਿੰਡ ਵਿੱਚ ਕੇਵਲ ਇਕੋ ਹੀ ਘਰ ਸਿੱਖਾਂ ਦਾ ਸੀ, ਬਾਕੀ ਸਾਰਾ ਪਿੰਡ ਮੁਸਲਮਾਨਾਂ ਦਾ ਹੀ ਸੀ। ਆਪ ਬੱਤਰਾ ਜਾਤੀ ਦੇ ਅਰੋੜੇ ਸਿੱਖਾਂ ਵਿੱਚੋਂ ਸਨ। ਬਾਬਾ ਦਿਆਲ ਸਿੰਘ ਨੇ ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰਬਾਣੀ ਦੇ ਵਾਕ 'ਬਿਸਰ ਗਈ ਸਭ ਤਾਤ ਪਰਾਈ' ਦੇ ਸ਼ਬਦ ਨੂੰ ਮੁੱਖ ਰੱਖ ਕੇ ਆਪ ਦਾ ਨਾਮ ਬਾਲਕ ਸਿੰਘ ਰੱਖਿਆ। ਕੁਝ ਪੁਰਾਤਨ ਗ੍ਰੰਥਾਂ ਵਿੱਚ ਗਿਆਰਵੇਂ ਗੁਰੂ ਜਾਮੇ ਦੇ ਗੁਪਤ ਰਹਿਣ ਬਾਰੇ ਸੰਕੇਤ ਮਿਲਦੇ ਹਨ। ਗੁਰਿਡਨਾਮਾ ਅਤੇ ਜਨਮ ਸਾਖੀ ਭਾਈ ਬਾਲਾ ਵਿੱਚ ਅਜਿੱਤੇ ਰੰਧਾਵੇ ਦੀ ਗੋਸ਼ਟਿ ਵਿੱਚ ਵੀ ਇਸੇ ਗੱਲ ਦਾ ਵਰਣਨ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਵੀ ਇਸ ਗੱਲ ਦਾ ਉਲੇਖ ਆਇਆ ਹੈ ਕਿ ਪੰਥ ਖ਼ਾਲਸਾ ਜੋ ਮੇਰੀ ਖੇਤੀ ਹੈ, ਉਸ ਦੀ ਰੱਖਿਆ ਲਈ ਉਹ ਗਿਆਰਵੇਂ ਸਰੂਪ ਵਿੱਚ ਅਵਤਾਰ ਧਾਰੇਗਾ। ਗੁਰੂ ਬਾਲਕ ਸਿੰਘ ਬਾਲ ਆਯੂ ਤੋਂ ਹੀ ਨਾਮ ਬਾਣੀ ਵਿੱਚ ਲੀਨ ਰਹਿੰਦੇ ਸਨ। ਅੱਠ ਸਾਲ ਦੀ ਉਮਰ ਵਿੱਚ ਆਪ ਗੁਰਮੁਖੀ ਅਤੇ ਮਹਾਜਨੀ ਅੱਖਰਾਂ 'ਲੰਡਿਆਂ' ਤੋਂ ਜਾਣੂ ਹੋ ਗਏ। ਆਪ ਜੀ ਦਾ ਵਿਆਹ ਬੀਬੀ ਤੋਤੀ ਜੀ ਨਾਲ ਹੋਇਆ। ਬੀਬੀ ਦਾਤੇ ਭੈਣ ਅਤੇ ਮੰਨਾ ਸਿੰਘ ਆਪ ਜੀ ਦਾ ਵੱਡਾ ਭਰਾ ਸੀ। ਪਿੰਡ ਸਰਵਾਲੇ ਤੋਂ ਛੋਈ ਨੂੰ ਜਾਂਦਿਆਂ ਹੋਇਆਂ ਰਾਹ ਵਿੱਚ ਹਰੋ ਨਦੀ ਦਾ ਰਮਣੀਕ ਸਥਾਨ ਹੈ, ਜਿੱਥੇ ਇਹ ਨਦੀ ਦਰਿਆ ਸਿੰਧ ਨਾਲ ਜਾ ਮਿਲਦੀ ਹੈ। ਇਸ ਸੰਗਮ ਦੇ ਸਥਾਨ ਉੱਤੇ ਸ਼੍ਰੀ ਬਾਲਕ ਸਿੰਘ ਜੀ ਨਾਮ ਬਾਣੀ ਵਿੱਚ ਮਸਤ ਹੋ ਕੇ ਸਮਾਧੀ ਇਸਥਿਤ ਬੈਠ ਜਾਂਦੇ ਅਤੇ ਸਿਮਰਨ ਵਿੱਚ ਲੀਨ ਰਹਿੰਦੇ। ਆਪ ਜੀ ਦੇ ਹਿਰਦੇ ਵਿੱਚ ਗੁਰੂ ਮਿਲਾਪ ਦੀ ਤਾਂਘ ਸਦਾ ਬਣੀ ਰਹਿੰਦੀ।

---

[1*] ਐਨਸਾਈਕਲੋਪੀਡੀਆ ਆਫ਼ ਸਿੱਖਿਜ਼ਮ, ਪੰਨਾ 265

[2*] ਕਰਮ ਸਿੰਘ ਪਟਵਾਰੀ, ਗੁਰ ਇਤਿਹਾਸ ਜਾਣਕਾਰੀ, ਪੰਨਾ 213



Sri Satguru Jagjit Singh Ji Elibrary NamdhariElibrary@gmail.com

*ਜਾਮੇ ਧਾਰੇ ਦਸ ਗੁਰੂ ਨਵਸਤ ਕਲਾ ਸੁਧਾਰ।*

*ਗੁਪਤ ਗਿਆਰ੍ਹਵਾਂ ਖੇਲਸੀ ਕੋਇਕ ਪਾਵੈ ਸਾਰ॥ (ਗੁਰਿੰਭਨਾਮਾ)*

ਤਾਂ ਅਜਿਹੇ ਰੰਧਾਵੇ ਅਰਦਾਸ ਕੀਤੀ, ਹੇ ਸੱਚੇ ਪਾਤਸ਼ਾਹ ਜੀ ਫੇਰ ਸਿੱਖ ਕਿਸਦੀ ਪੈਰੀਂ ਪੈਣਗੇ ਅਤੇ ਕਿਉਂ ਕਰ ਵਰਤਾਰਾ ਵਰਤੇਗਾ। ਫੇਰ ਗੁਰੂ ਆਪਣੇ ਘਰ ਜਾਮਾ ਲੈਣਗੇ ਕਿ ਹੋਰ ਵਰਤਣਗੇ। ਤਾਂ ਬਚਨ ਹੋਇਆ ਭਾਈ ਅਜਿਤਯਾ ਜਿੱਥੇ ਸ਼ਬਦ ਮੇਹਰਵਾਨ ਹੁੰਦਾ ਹੈ, ਤਿੱਥੇ ਹੀ ਬਖਸ਼ੇਗਾ। ਕਿਆ ਘਰ ਕਿਆ ਬਾਹਰ ਆਦਿ ਜੁਗਾਦੀ ਗੁਰੂ ਚੇਲੇ ਦੀ ਹੈ ਤੇ ਬੱਚਾ ਅਜਿੱਤਯਾ ਤੈਂ, ਜੋ ਪੁੱਛਿਆ ਹੈ ਕਿਉਂ ਵਰਤਾਰਾ ਵਰਤੇਗਾ ਸੋ ਭੀ ਜਦ ਦਸਵਾਂ ਜਾਮਾ ਹੋਵੇਗਾ, ਗਿਆਰ੍ਹਵਾਂ ਗੁਪਤ ਵਰਤੇਗਾ (ਜਨਮ ਸਾਖੀ ਭਾਈ ਬਾਲਾ ਸੰਮਤ 1952)

*ਬੇਰ ਗਿਆਰਵੀਂ ਹਮ ਚਲ ਆਵਹਿ॥*
*ਤਿਸਤੇ ਕੋਇਕ ਹਮ ਲਖ ਪਾਵਹਿ॥*
*ਪੰਥ ਖ਼ਾਲਸਾ ਖੇਤੀ ਮੇਰੀ॥*
*ਕਰੋਂ ਸੰਭਾਲਨ ਮੈ ਤਿਸ ਬੇਰੀ॥*

*(ਸ੍ਰੀ ਗੁਰੂ ਪ੍ਰਤਾਪ ਸੂਰਜ ਰੁਤ 5ਵੀਂ ਅੰਸੂ 38)*

ਪਿਤਾ ਦਿਆਲ ਸਿੰਘ ਵੱਲੋਂ ਗੁਰੂ ਸਾਹਿਬਾਨ ਦੀ ਮਹਿੰਮਾ ਦੀਆਂ ਵਾਰਤਾਵਾਂ ਸੁਣ-ਸੁਣ ਕੇ ਆਪ ਜੀ ਦੇ ਹਿਰਦੇ ਵਿੱਚ ਗੁਰੂ ਦਰਸ਼ਨ ਦੀ ਤਾਂਘ ਤੀਬਰ ਹੋ ਜਾਂਦੀ।

ਇੱਕ ਦਿਨ ਜਦੋਂ ਪ੍ਰਭਾਤ ਸਮੇਂ ਆਪ ਹਰੋ ਨਦੀ ਦੇ ਕੰਢੇ ਸਮਾਧੀ ਇਸਥਿਤ ਹੋ ਕੇ ਨਾਮ ਸਿਮਰਨ ਵਿੱਚ ਮਗਨ ਸਨ ਤਾਂ ਆਪ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਖਿਆਤ ਦਰਸ਼ਨ ਹੋਏ। ਆਪ ਜੀ ਦੀ ਅਰਾਧਨਾ ਸਫ਼ਲ ਹੋਈ।

ਨਾਮਧਾਰੀ ਪਰੰਪਰਾ ਅਨੁਸਾਰ ਉਸ ਸਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਨੂੰ ਗੁਰਿਆਈ ਵੀ ਬਖਸ਼ਿਸ਼ ਕੀਤੀ ਅਤੇ ਅੱਗੋਂ ਤੋਂ ਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਬਾਰੇ ਭਵਿੱਖਬਾਣੀ ਕੀਤੀ। [1*]ਸੰਤ ਇੰਦਰ ਸਿੰਘ ਚੱਕਰਵ੍ਰਤੀ ਦੇ ਸ਼ਬਦਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ :

"ਸਾਡਾ ਅੱਜ ਤੀਕ ਇਸ ਤਰ੍ਹਾਂ ਵਿਚਰਨਾ ਇੱਕ ਗੁਪਤ ਭੇਦ ਸੀ, ਜਿਸਦੇ ਪ੍ਰਗਟ ਕਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਇਹ ਪੁਛਣਾ ਚਾਹੀਦਾ ਹੀ ਹੈ। ਸਾਰਾਂਸ਼ ਇਹ ਹੈ ਕਿ ਪੰਥ ਦੇ ਉਧਾਰ ਅਤੇ ਸੇਵਕਾਂ ਦੀ ਮੁਕਤੀ ਨਮਿਤ ਹੁਣ ਤੀਕ ਗੁਪਤ ਹੋਇ ਵਰਤੇ ਹਾਂ।"

[1*] ਸੰਤ ਇੰਦਰ ਸਿੰਘ ਚੱਕਰਵਰਤੀ, ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ, ਪੰਨਾ 15



Sri Satguru Jagjit Singh Ji Elibrary NamdhariElibrary@gmail.com

1*ਕਰਮ ਸਿੰਘ ਪਟਵਾਰੀ ਵੀ ਆਪਣੀ ਪੁਸਤਕ ਗੁਰ-ਇਤਿਹਾਸ ਜਾਣਕਾਰੀ ਵਿੱਚ ਇਸ ਘਟਨਾ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਕਿ ਇਹ ਘਟਨਾ ਮਈ 1812 (ਵੈਸਾਖ ਸੁਦੀ 10 ਸੰਮਤ 1869 ਬਿ:) ਨੂੰ ਵਾਪਰੀ।

ਗੁਰੂ ਬਾਲਕ ਸਿੰਘ ਜੀ ਦੇ ਵੱਡੇ ਭਰਾ ਮੰਨਾ ਸਿੰਘ ਨੇ ਹਜ਼ਰੋਂ ਵਿਖੇ ਦੁਕਾਨ ਖੋਲ੍ਹ ਲਈ ਸੀ। ਸਾਰਾ ਪਰਿਵਾਰ ਹੀ ਹਜ਼ਰੋਂ ਵਿਖੇ ਨਿਵਾਸ ਕਰਨ ਲੱਗਾ। ਸਤਿਗੁਰੂ ਬਾਲਕ ਸਿੰਘ ਵੀ ਆਪਣੇ ਨਿੱਜ ਦੇ ਕਾਰ-ਵਿਹਾਰ ਵਜੋਂ ਇਸ ਦੁਕਾਨਦਾਰੀ ਦੀ ਕਿਰਤ-ਵਿਰਤ ਨੂੰ ਨਿਭਾਉਣ ਲੱਗੇ। ਆਪ ਜੀ ਨੂੰ ਇਸ ਗੱਲ ਦਾ ਉਚੇਚਾ ਅਹਿਸਾਸ ਸੀ ਕਿ ਜਿਹੜੀ ਗੁਰਤਾ ਦੀ ਕਾਰ ਦਸਮੇਸ਼ ਜੀ ਨੇ ਉਨ੍ਹਾਂ ਨੂੰ ਸੌਂਪੀ ਹੈ, ਉਸ ਦੇ ਕਰਤੱਵ ਦੀ ਪਾਲਣਾ ਕਰਨਾ ਵੀ ਆਪਦੇ ਸਿਰ ਉੱਤੇ ਭਾਰੀ ਜ਼ਿੰਮੇਵਾਰੀ ਹੈ। ਗੁਰੂ ਬਾਲਕ ਸਿੰਘ ਜੀ ਦੇ ਨਿੱਤ ਦੇ ਜੀਵਨ ਵਿੱਚ ਹੁਣ ਕਾਫ਼ੀ ਪਰਿਵਰਤਨ ਆ ਗਿਆ ਅਤੇ ਉਨ੍ਹਾਂ ਨੇ ਜਿੱਥੇ ਨਾਮ ਦੇ ਪ੍ਰਵਾਹ ਨੂੰ ਜਾਰੀ ਕੀਤਾ, ਉੱਥੇ ਗੁਰਬਾਣੀ ਦੀ ਕਥਾ, ਕੀਰਤਨ ਅਤੇ ਗੁਰਸਿੱਖੀ ਦੇ ਪਾਸਾਰ ਲਈ ਯਤਨ ਕਰਨੇ ਆਰੰਭ ਕਰ ਦਿੱਤੇ।

ਪਹਿਲਾਂ ਪਹਿਲ ਆਪ ਆਪਣੀ ਦੁਕਾਨ ਤੇ ਬੈਠ ਕੇ ਹੀ ਲੋਕਾਂ ਨੂੰ ਨਾਮ ਸਿਮਰਨ ਦਾ ਉਪਦੇਸ਼ ਕਰਦੇ ਸਨ। ਆਪ ਦੇ ਮਨੋਹਰ ਬਚਨਾਂ ਨੂੰ ਸੁਣਨ ਲਈ ਸੰਗਤ ਹੁੰਮ ਹੁੰਮਾ ਕੇ ਆਉਣ ਲੱਗੀ। ਵਿਹਾਰ ਵਿੱਚ ਜਦੋਂ ਕੋਈ ਆਪ ਕੋਲੋਂ ਕਰਜ਼ਾ ਲੈਣ ਆਉਂਦਾ ਤਾਂ ਆਪ ਧੇਲਾ ਵਿਆਜ ਮਿੱਥ ਕੇ ਗਹਿਣਾ ਆਪਣੇ ਕੋਲ ਰੱਖ ਲੈਂਦੇ ਅਤੇ ਪਿਛੋਂ ਕਰਜ਼ੇ ਦੀ ਰਕਮ ਵਸੂਲ ਕਰਨ ਲੱਗੇ ਗਹਿਣਾ ਵੀ ਮੋੜ ਦਿੰਦੇ ਅਤੇ ਵਿਆਜ ਵੀ ਨਹੀਂ ਲੈਂਦੇ ਸਨ। ਆਪ ਜੀ ਦੇ ਇੱਕ ਸ਼ਰਧਾਲੂ ਸਿੱਖ ਭਾਈ ਮੁੱਖਾ ਜੀ ਦੀ ਬੇਨਤੀ ਕਰਨ ਉੱਤੇ ਆਪ ਜੀ ਨੇ ਉਸ ਨੂੰ ਉਸ ਦੀ ਬਾਗੀਚੀ ਵਾਲੇ ਸਥਾਨ ਤੇ ਖੂਹੀ ਲਗਾਉਣ ਅਤੇ ਥੜਾ ਬਣਾਉਣ ਦੀ ਆਗਿਆ ਦੇ ਦਿੱਤੀ ਅਤੇ ਹੁਣ ਆਪ ਜੀ ਦਾ ਦੀਵਾਨ ਬਾਗੀਚੀ ਵਿੱਚ ਲੱਗਣ ਲੱਗਾ। ਸੰਗਤ ਦੀ ਗਿਣਤੀ ਵੱਧ ਜਾਣ ਉੱਤੇ ਸ਼ਰਧਾਲੂਆਂ ਨੇ ਧਰਮਸ਼ਾਲਾ ਵੀ ਬਣਾ ਦਿੱਤੀ ਅਤੇ ਗੁਰੂ ਬਾਲਕ ਸਿੰਘ ਦਾ ਨਿੱਤ ਕਰਮ ਇਹ ਬਣ ਗਿਆ ਕਿ ਸਵੇਰ ਦਾ ਦੀਵਾਨ ਧਰਮਸ਼ਾਲਾ ਵਿੱਚ ਲੱਗਦਾ ਅਤੇ ਸ਼ਾਮ ਨੂੰ ਬਾਗੀਚੀ ਵਾਲੇ ਸਥਾਨ ਤੇ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ। ਰਾਵਲਪਿੰਡੀ ਤੋਂ ਸਾਈਂ ਜਵਾਹਰ ਸਿੰਘ ਨੇ ਆ ਕੇ ਸ਼ਰਾਬ ਦੀ ਦੁਕਾਨ ਹਜ਼ਰੋਂ ਵਿਖੇ ਖੋਲ੍ਹ ਲਈ ਸੀ। ਕਲਾਲ ਹੋਣ ਕਰਕੇ ਇਹ ਉਨ੍ਹਾਂ ਦਾ ਪਿਤਾ ਪੁਰਖੀ ਕਿੱਤਾ ਸੀ, ਪਰ ਆਪ ਸਾਈਂ ਦੇ ਪਿਆਰੇ ਅਤੇ ਗੁਰੂ ਬਾਲਕ ਸਿੰਘ ਜੀ ਦੇ ਸ਼ਰਧਾਲੂ ਸਿੱਖ ਸਨ।

ਹਜ਼ਰੋਂ ਦੇ ਨੇੜੇ ਹੀ ਇੱਕ ਕਿਲ੍ਹਾ ਸੀ, ਜਿਸ ਵਿੱਚ ਲਾਹੌਰ ਦਰਬਾਰ ਦੀਆਂ

1* ਕਰਮ ਸਿੰਘ ਪਟਵਾਰੀ, ਗੁਰ ਇਤਿਹਾਸ ਜਾਣਕਾਰੀ, ਪੰਨਾ 184



Sri Satguru Jagjit Singh Ji Elibrary NamdhariElibrary@gmail.com

ਫ਼ੌਜਾਂ ਦੇ ਪਸ਼ੌਰ ਨੂੰ ਆਉਣ ਜਾਣ ਸਮੇਂ ਰਿਹਾਇਸ਼ ਦਾ ਪ੍ਰਬੰਧ ਸੀ। ਉੱਥੇ ਦੇ ਕਿਲ੍ਹੇਦਾਰ ਬਾਂਕਾ ਰਾਉ ਨੇ ਗੁਰੂ ਬਾਲਕ ਸਿੰਘ ਜੀ ਨੂੰ ਬੇਨਤੀ ਕਰਕੇ ਬੁਲਾ ਭੇਜਿਆ ਅਤੇ ਕਿਲ੍ਹੇ ਦੇ ਮੋਦੀਖਾਨੇ ਦਾ ਪ੍ਰਬੰਧ ਚਲਾਉਣ ਲਈ ਆਪ ਜੀ ਨੂੰ ਬੇਨਤੀ ਕੀਤੀ। ਗੁਰੂ ਬਾਲਕ ਸਿੰਘ ਜੀ ਨੇ ਵੀ ਇਸ ਕਾਰਜ ਨੂੰ ਥੋੜ੍ਹੇ ਸਮੇਂ ਲਈ ਹੀ ਨਿਭਾਇਆ।

### ਸਤਿਗੁਰੂ ਬਾਲਕ ਸਿੰਘ ਜੀ ਦਾ ਨਿੱਤ ਦਾ ਕਰਮ

ਗੁਰੂ ਬਾਲਕ ਸਿੰਘ ਜੀ ਸਵੇਰ ਦਾ ਦੀਵਾਨ ਧਰਮਸ਼ਾਲਾ ਵਿੱਚ ਲਗਾਉਂਦੇ ਸਨ, ਜਿੱਥੇ ਨਾਮ, ਬਾਣੀ, ਕਥਾ, ਕੀਰਤਨ ਦਾ ਪ੍ਰਵਾਹ ਨਿਰੰਤਰ ਚੱਲਦਾ ਰਹਿੰਦਾ ਸੀ। ਆਪ ਜੀ ਦਾ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕਰਨ ਦਾ ਢੰਗ ਬੜਾ ਅਨੁਪਮ ਸੀ ਅਤੇ ਸੰਗਤ ਇਕਾਗਰ ਚਿੱਤ ਹੋ ਕੇ ਆਪ ਜੀ ਦੇ ਪ੍ਰਵਚਨਾਂ ਨੂੰ ਸਰਵਣ ਕਰਦੀ ਸੀ। ਸ਼ਾਮ ਦਾ ਦੀਵਾਨ ਆਪ ਬਗੀਚੀ ਵਿੱਚ ਲਗਾਉਂਦੇ ਸਨ ਅਤੇ ਨਾਮ ਬਾਣੀ ਦਾ ਇਹ ਪ੍ਰਵਾਹ ਰਾਤ ਤੱਕ ਚੱਲਦਾ ਰਹਿੰਦਾ ਸੀ। [1*]"ਪਿਛਲੇ ਪਹਿਰ ਦੀ ਕਥਾ ਕਰਕੇ ਗੁਰੂ ਜੀ ਰਾਤ ਪਈ ਆਪਣੇ ਚੁਬਾਰੇ ਵਿੱਚ ਪੁੱਜ ਜਾਂਦੇ। ਲੋਕੀਂ ਆਪੋ ਆਪਣੇ ਘਰਾਂ ਨੂੰ ਚੱਲੇ ਜਾਂਦੇ। ਜਦ ਗੁਰੂ ਜੀ ਦੇਖਦੇ ਕਿ ਸਭ ਸਕੇ ਸਬੰਧੀ ਸੌਂ ਗਏ ਹਨ ਤਾਂ ਆਪ ਚੁਪ-ਚੁਪੀਤੇ ਉੱਠ ਬਾਹਰ ਨੂੰ ਚਲੇ ਜਾਂਦੇ ਅਤੇ ਚੇਲ ਨਦੀ (ਜੋ ਹਜ਼ਰੋਂ ਤੋਂ ਦੋ ਮੀਲ ਦੇ ਫ਼ਾਸਲੇ ਤੇ ਵਗਦੀ ਏ) 'ਤੇ ਪੁੱਜ ਚੌਕੜਾ ਮਾਰ ਸਮਾਧੀ ਵਿੱਚ ਲੀਨ ਹੋ ਜਾਂਦੇ। ਕਈ ਵਾਰ ਸਾਰੀ-ਸਾਰੀ ਰਾਤ ਹੀ ਬੈਠੇ ਰਹਿੰਦੇ ਅਤੇ ਕਈ ਵਾਰ ਅੰਮ੍ਰਿਤ ਵੇਲੇ ਘਰ ਪਹੁੰਚ ਚੁਬਾਰੇ ਵਿੱਚ ਜਾ ਬਿਰਾਜਦੇ।"

ਦੂਰ-ਦੂਰ ਤੋਂ ਹੁਣ ਸੰਗਤਾਂ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਪੁੱਜਦੀਆਂ ਅਤੇ ਨਾਮ ਦੀ ਦਾਤ ਪ੍ਰਾਪਤ ਕਰਕੇ ਕ੍ਰਿਤਾਰਥ ਹੁੰਦੀਆਂ। ਸਾਈਂ ਜਵਾਹਰ ਦੇ ਪੁੱਛਣ ਉੱਤੇ ਕਿ ਆਪ ਕਿਹੜਾ ਭਜਨ ਕਰਦੇ ਅਤੇ ਸੰਗਤਾਂ ਨੂੰ ਦੱਸਦੇ ਹੋ? ਆਪ ਜੀ ਨੇ ਉੱਤਰ ਦਿੱਤਾ :

[2*]"ਸਾਈਂ ਜੀ! ਜੋ ਗੁਰੂ ਸਾਹਿਬਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਿਆ ਹੈ, ਅਸੀਂ ਓਹੀ ਭਜਨ ਕਰਦੇ ਹਾਂ।"

### [3*]ਸਤਿਗੁਰੂ ਬਾਲਕ ਸਿੰਘ ਜੀ ਦੀ ਨਾਮ ਦੇਣ ਦੀ ਵਿਧੀ

ਗੁਰੂ ਬਾਲਕ ਸਿੰਘ ਜੀ ਆਪਣੇ ਸਿੱਖਾਂ ਨੂੰ ਤਿੰਨ ਤਰ੍ਹਾਂ ਨਾਲ ਭਜਨ ਦੱਸਿਆ ਕਰਦੇ ਸਨ — (1) ਕੰਨ ਵਿੱਚ ਗੁਪਤ (2) ਬਾਹਰ ਇਕੱਲਿਆਂ ਲਿਜਾ

---

[1*] ਕਿਰਤ ਇੰਦਰ ਸਿੰਘ ਚੱਕ੍ਰਵਰਤੀ, ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ, ਪੰਨਾ 21

[2*] ਉਪਰੋਕਤ, ਪੰਨਾ 62

[3*] ਉਪਰੋਕਤ, ਪੰਨਾ 85



Sri Satguru Jagjit Singh Ji Elibrary NamdhariElibrary@gmail.com

ਕੇ (3) ਆਕਾਸ਼ ਬਾਣੀ ਦੁਆਰਾ। ਜਿਹੜੇ ਸੰਗਤ ਵਿੱਚ ਪੁੱਛਦੇ, ਉਨ੍ਹਾਂ ਦੇ ਕੰਨ ਵਿੱਚ ਵਾਰੀ-ਵਾਰੀ ਗੁਪਤ ਸੁਣਾਂਦੇ। ਕਈ ਵਾਰ ਬਹੁਤ ਸਾਰੇ ਨਾਮ ਅਭਿਲਾਖੀਆਂ ਨੂੰ ਇਕੰਤ ਸਥਾਨ ਇਕੋ ਵਾਰ ਹੀ ਸੁਣਾ ਦਿੰਦੇ ਸਨ।

ਆਪ ਜੀ ਤੋਂ ਕਈ ਮੁਸਲਮਾਨਾਂ ਨੇ ਵੀ ਨਾਮ ਦੀ ਦੀਖਿਆ ਪ੍ਰਾਪਤ ਕੀਤੀ ਸੀ।

ਸਤਿਗੁਰੂ ਬਾਲਕ ਸਿੰਘ ਦੀ ਮਹਿਮਾ ਦੂਰ-ਦੂਰ ਤੱਕ ਫੈਲਦੀ ਗਈ ਅਤੇ ਦੂਰੋਂ-ਦੂਰੋਂ ਸੰਗਤਾਂ ਅਤੇ ਸ਼ਰਧਾਲੂ ਸਿੱਖ ਹਜ਼ਰੋਂ ਪੁੱਜ ਕੇ ਸਤਿਗੁਰੂ ਬਾਲਕ ਸਿੰਘ ਜੀ ਦੀ ਮਿਹਰ ਸਦਕਾ ਆਪਣਾ ਜੀਵਨ ਸਫ਼ਲ ਕਰਨ ਲੱਗੇ

**ਕੁਝ ਵਿਸ਼ੇਸ਼ ਘਟਨਾਵਾਂ**

ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਸਮਾਚਾਰਾਂ ਵਿੱਚ ਆਪ ਜੀ ਦੇ ਜੀਵਨੀਕਾਰਾਂ ਨੇ ਕੁਝ ਵਿਸ਼ੇਸ਼ ਘਟਨਾਵਾਂ ਦਾ ਵੀ ਵਰਣਨ ਕੀਤਾ ਹੈ।

**ਸੱਯਦਾਣੀ ਦਾ ਗੁਰੂ ਬਾਲਕ ਸਿੰਘ ਦਾ ਸੇਵਕ ਬਣਨਾ**

ਹਜ਼ਰੋਂ ਦੀ ਇੱਕ ਮੁਸਲਮਾਨ ਸੱਯਦਾਣੀ ਦੇ ਮਨ ਵਿੱਚ ਕੁਦਰਤ ਵੱਲੋਂ ਇਹ ਫੁਰਨਾ ਫੁਰਿਆ ਕਿ ਗੁਰੂ ਬਾਲਕ ਸਿੰਘ ਇਸ ਸਮੇਂ ਪ੍ਰਗਟ ਹੋਏ ਹਨ ਅਤੇ ਉਨ੍ਹਾਂ ਵੱਲੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਹਰ ਕੋਈ ਮੁਕਤ ਹੋ ਸਕਦਾ ਹੈ। ਇੱਕ ਇਸਤਰੀ ਨੇ ਆਪਣੇ ਘਰਦਿਆਂ ਨੂੰ ਬੇਨਤੀ ਕੀਤੀ ਕਿ ਉਸ ਨੇ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨੇ ਹਨ। ਘਰ ਵਿੱਚ ਪਰਦਾਦਾਰੀ ਸੀ, ਉਸ ਦੇ ਬਹੁਤ ਜ਼ੋਰ ਦੇਣ ਉੱਤੇ ਪਰਿਵਾਰ ਦੇ ਕੁਝ ਜੀਆਂ ਨੇ ਸਤਿਗੁਰੂ ਬਾਲਕ ਸਿੰਘ ਜੀ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਉਸ ਇਸਤਰੀ ਨੂੰ ਜ਼ਰੂਰ ਦਰਸ਼ਨ ਦੇਣ। ਸਤਿਗੁਰੂ ਬਾਲਕ ਸਿੰਘ ਜੀ ਉਸ ਦੇ ਘਰ ਪਹੁੰਚ ਗਏ। ਸਯਦਾਣੀ ਗੁਰੂ ਚਰਨਾਂ 'ਤੇ ਢਹਿ ਪਈ ਅਤੇ ਬੇਨਤੀ ਕਰਨ ਲੱਗੀ ਮਹਾਰਾਜ ਜੀ ਮੈਨੂੰ ਨਾਮ ਦੀ ਦਾਤ ਬਖਸ਼ੋ, ਜੋ ਸਭ ਨੂੰ ਮੁਕਤੀ ਬਖਸ਼ਿਸ਼ ਕਰਨ ਵਾਲੀ ਹੈ। ਗੁਰੂ ਬਾਲਕ ਸਿੰਘ ਜੀ ਨੇ ਫੁਰਮਾਨ ਕੀਤਾ ਕਿ ਮਾਤਾ! ਤੂੰ ਅੰਮ੍ਰਿਤ ਵੇਲੇ ਸਣਕੇਸ਼ੀ ਇਸ਼ਨਾਨ ਕਰਕੇ ਖੁਦਾ ਅੱਗੇ ਬੇਨਤੀ ਕਰੀਂ ਕਿ ਮੈਨੂੰ ਇਸ ਯੁੱਗ ਵਿੱਚ ਆਬਾਦਿਤ ਕਰਨ ਵਾਲੇ ਨਾਮ ਦੀ ਬਖਸ਼ਿਸ਼ ਕਰੋ। ਸਯਦਾਣੀ ਦੀ ਅਰਜ ਮਨਜੂਰ ਹੋਈ, ਉਸ ਨੂੰ ਨਾਮ ਦੀ ਦਾਤ ਪ੍ਰਾਪਤ ਹੋਈ ਅਤੇ ਉਹ ਸਤਿਗੁਰੂ ਬਾਲਕ ਸਿੰਘ ਜੀ ਦੀ ਅਪਾਰ ਸ਼ਰਧਾਲੂ ਬਣ ਗਈ। ਸਤਿਗੁਰੂ ਜੀ ਵੀ ਕਈ ਵਾਰ ਉਸ ਦੇ ਘਰ ਜਾ ਕੇ ਉਸ ਨੂੰ ਦਰਸ਼ਨ ਦੇ ਆਉਂਦੇ ਸਨ।

ਜਦੋਂ 1857 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖ਼ਾਲਸੇ ਦੀ ਸਾਜਣਾ ਕੀਤੀ ਤਾਂ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਇੱਕ ਦੋਸ਼ ਇਹ ਲਾਇਆ ਜਾਂਦਾ ਸੀ ਕਿ ਸਤਿਗੁਰੂ ਰਾਮ ਸਿੰਘ ਆਪਣੇ ਸੇਵਕਾਂ ਨੂੰ ਮੁਸਲਮਾਨੀ ਕਲਾਮ ਦੱਸਦੇ ਹਨ। ਸੰਤ ਇੰਦਰ ਸਿੰਘ ਚੱਕਰਵ੍ਤੀ ਅਤੇ ਗਿਆਨੀ ਗਿਆਨ ਸਿੰਘ



Sri Satguru Jagjit Singh Ji Elibrary NamdhariElibrary@gmail.com

ਦੇ ਮੱਤ ਅਨੁਸਾਰ ਸ਼ਾਇਦ ਇਹ ਸਯਦਾਨੀ ਵਾਲੀ ਘਟਨਾ ਹੀ ਇਸ ਨਿਰਆਧਾਰ ਦੋਸ਼ ਦਾ ਕਾਰਨ ਬਣੀ ਸੀ।

**1*ਹਜ਼ਰੋਂ ਵਿੱਚ ਅੱਗ ਲੱਗਣਾ**

ਇੱਕ ਵਾਰ ਹਜ਼ਰੋਂ ਵਿੱਚ ਅੱਗ ਲੱਗ ਗਈ। ਬਹੁਤ ਸਾਰੇ ਮਕਾਨ ਅਤੇ ਦੁਕਾਨਾਂ ਆਦਿ ਅਗਨੀ ਭੇਟ ਹੋਣ ਲੱਗੀਆਂ। ਸਤਿਗੁਰੂ ਜੀ ਦੀ ਦੁਕਾਨ ਵਾਲੇ ਗੁਆਂਢੀ ਨੇ ਅਰਜ਼ ਕੀਤੀ, ਮਹਾਰਾਜ ਜੀ ਇਸ ਅਗਨੀ ਨੂੰ ਸ਼ਾਂਤ ਕਰੋ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਤੂੰ ਬੈਠ ਕੇ ਭਜਨ ਕਰ। ਜਿੱਥੇ ਨਾਮ ਸਿਮਰਨ ਹੈ, ਉੱਥੇ ਅਗਨ ਵੀ ਪਹੁੰਚ ਨਹੀਂ ਸਕਦੀ। ਉਹ ਉਸੇ ਤਰ੍ਹਾਂ ਬੈਠ ਕੇ ਨਾਮ ਸਿਮਰਨ ਕਰਨ ਲੱਗਾ ਤਾਂ ਬਾਰਿਸ਼ ਦੇ ਆਉਣ ਕਾਰਨ ਉਸ ਦੀ ਦੁਕਾਨ ਤੋਂ ਪਰ੍ਹੇ ਹੀ ਅਗਨੀ ਸ਼ਾਂਤ ਹੋ ਗਈ। ਇਸ ਘਟਨਾ ਨਾਲ ਸਤਿਗੁਰੂ ਜੀ ਦੀ ਮਹਿਮਾ ਅਤੇ ਜਸ਼ ਹੋਰ ਵੀ ਫੈਲ ਗਿਆ।

ਗੁਰੂ ਬਾਲਕ ਸਿੰਘ ਜੀ ਦੇ ਸਾਖੀਕਾਰਾਂ ਨੇ ਕੁਝ ਹੋਰ ਘਟਨਾਵਾਂ ਦਾ ਵੀ ਵਰਣਨ ਕੀਤਾ ਹੈ, ਜਿਵੇਂ ਭਾਈ ਧਨੀ ਰਾਮ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਅੱਧਾ ਭਜਨ ਦੱਸਣਾ ਅਤੇ ਅੱਧਾ ਹਜ਼ਰੋਂ ਆਉਣ ਦੇ ਸਮੇਂ ਦੱਸਣ ਦੀ ਕ੍ਰਿਪਾ ਕਰਨੀ।

ਭਾਈ ਰਾਮ ਸਹਾਇ ਦੀ ਵਾਰਤਾ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਪ੍ਰਭੂ ਦੇ ਦਰਸ਼ਨ ਇਕੋ ਰੂਪ ਵਿੱਚ ਨਹੀਂ ਸਗੋਂ ਅਨੇਕ ਰੂਪ ਵਿੱਚ ਹੁੰਦੇ ਹਨ। ਇਸ ਸਮੇਂ ਸੋਢੀ ਅਤੇ ਬੇਦੀ ਆਪਣੇ ਆਪ ਨੂੰ ਗੁਰੂਵੰਸ਼ ਵਿੱਚੋਂ ਦੱਸ ਕੇ ਬਹੁਤ ਸਾਰੇ ਸਿੱਖਾਂ, ਸੇਵਕਾਂ ਕੋਲੋਂ ਭੇਟਾ ਲਿਆ ਕਰਦੇ ਸਨ। ਇੱਕ ਵਾਰ ਸੋਢੀ ਹੁਕਮ ਸਿੰਘ ਹਜ਼ਰੋਂ ਆਇਆ ਅਤੇ ਉਸਦੇ ਮਨ ਵਿੱਚ ਸ਼ੰਕਾ ਹੋਈ ਕਿ ਕਿਵੇਂ ਅਰੋੜਾ ਜਾਤੀ ਦਾ ਇੱਕ ਵਿਅਕਤੀ ਲੋਕਾਂ ਨੂੰ ਭਜਨ ਦੱਸ ਕੇ ਵਰਗਲਾਹ ਰਿਹਾ ਹੈ, ਪਰ ਜਦੋਂ ਉਹ ਸਤਿਗੁਰੂ ਬਾਲਕ ਸਿੰਘ ਜੀ ਦੇ ਦੀਵਾਨ ਵਿੱਚ ਗਿਆਨ ਚਰਚਾ ਕਰਨ ਲਈ ਹਾਜ਼ਰ ਹੋਇਆ ਤਾਂ ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਉਨ੍ਹਾਂ ਕੋਲੋਂ ਭਜਨ ਪੁੱਛ ਕੇ, ਉਨ੍ਹਾਂ ਦਾ ਸ਼ਰਧਾਲੂ ਸਿੱਖ ਬਣ ਗਿਆ।

ਹੋਤੀ ਮਰਦਾਨ ਦੇ ਭਾਈ ਸੰਤ ਸਿੰਘ ਨੇ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਨਾਮ ਦੀ ਬਖਸ਼ਿਸ਼ ਲਈ ਬੇਨਤੀ ਕੀਤੀ ਤਾਂ ਇਸ ਸਮੇਂ ਸਤਿਗੁਰੂ ਬਾਲਕ ਸਿੰਘ ਜੀ ਨੇ ਜੋ ਪ੍ਰਵਚਨ ਉਸ ਸਮੇਂ ਗੁਰੂ ਉਪਦੇਸ਼ ਵਜੋਂ ਉਸ ਨੂੰ ਕਹੇ ਉਸ ਵਿੱਚ ਸਤਿਗੁਰੂ ਬਾਲਕ ਸਿੰਘ ਜੀ ਦੇ ਅਧਿਆਤਮਕ ਦ੍ਰਿਸ਼ਟੀਕੋਣ ਦਾ ਸਾਰ ਆ ਜਾਂਦਾ ਹੈ। ਸੰਤ ਇੰਦਰ ਸਿੰਘ ਚੱਕਰਵ੍ਰਤੀ ਇਸ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ :

---

1* ਉਪਰੋਕਤ, ਪੰਨਾ 51-52



Sri Satguru Jagjit Singh Ji Elibrary NamdhariElibrary@gmail.com

[1*] "ਹੇ ਭਾਈ ਧਰਮਸ਼ਾਲਾ ਬਣਾ ਕੇ ਤਿਸ ਵਿਖੇ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ। ਅੰਮ੍ਰਿਤ ਵੇਲੇ ਸਣਕੇਸ਼ੀਂ ਅਸ਼ਨਾਨ ਕਰਕੇ ਪਹਿਲਾਂ ਗੁਰੂ ਮੰਤਰ ਦਾ ਅਭਿਆਸ ਕਰਨਾ, ਫੇਰ ਧਰਮਸ਼ਾਲਾ ਜਾ ਕੇ ਬਾਣੀ ਪੜ੍ਹਨੀ ਅਥਵਾ ਸਰਵਣ ਕਰਨੀ। ਦਿਨੇ ਰਾਤ ਆਪਣੀ ਕਿਰਤ ਵਿੱਚ ਤਤਪਰ ਰਹੋ ਪਰ ਸ੍ਰੀ ਗੁਰੂ ਜੀ ਦਾ ਇਹ ਵਾਕ ਸਦੀਵ ਯਾਦ ਰੱਖਣਾ ਕਿ 'ਕਾਰਜ ਕਾਮ ਬਾਟ ਘਾਟ ਜਪੀਜੈ, ਰਸਨਾ ਰਾਮ ਰਸਾਇਨ ਪੀਜੈ।' ਅਰਥਾਤ ਕਿਰਤ ਕਰਦਿਆਂ, ਤੁਰਦਿਆਂ, ਫਿਰਦਿਆਂ ਰਸਨਾ ਕਰਕੇ ਨਾਮ ਰੂਪ ਅੰਮ੍ਰਿਤ ਰਸ ਦਾ ਪਾਨ ਕਰਦੇ ਰਹੋ। ਰਾਤ ਨੂੰ ਫੇਰ ਧਰਮਸ਼ਾਲਾ ਵਿੱਚ ਜਾਵੋ। ਸਾਰੇ ਸਤਿਸੰਗੀ ਸਿੱਖ ਰਲਕੇ ਕਥਾ ਕੀਰਤਨ ਕਰਕੇ ਆਪਣੇ ਜੀਵਨ ਨੂੰ ਸਫ਼ਲ ਕਰੋ। ਫੇਰ ਰਾਤ ਨੂੰ ਘੜੀ ਦੋ ਘੜੀਆਂ ਸਿਮਰਨ ਭਜਨ ਕਰਕੇ ਕੀਰਤਨ ਸੋਹਿਲੇ ਦਾ ਪਾਠ ਕਰੋ। ਅਰ ਸਤਿਗੁਰੂ ਅੱਗੇ ਅਰਦਾਸ ਕਰਕੇ ਬਰਾਜ ਜਾਓ। ਕਿਰਤੀ ਸਿੱਖਾਂ ਵਾਸਤੇ ਇਹ ਹੁਕਮ ਹੈ। ਜੋ ਘਰ ਦਾ ਵਿਹਾਰ ਵੀ ਸਾਧਿਆ ਜਾਵੇ ਅਤੇ ਸ੍ਰੀ ਗੁਰੂ ਜੀ ਦੀ ਆਗਿਆ ਦਾ ਪਾਲਣ ਵੀ ਹੁੰਦਾ ਜਾਵੇ। ਭੁੱਖੇ ਨੂੰ ਅੰਨ, ਨੰਗੇ ਨੂੰ ਬਸਤਰ ਦੇਣਾ, ਅਰ ਦੁਖੀਏ ਦਾ ਦੁੱਖ ਨਵਿਰਤ ਕਰਨ ਹਿੱਤ ਉੱਦਮ ਕਰਨਾ, ਸੱਚ ਬੋਲਣਾ, ਪੂਜਾ ਦੇ ਧਾਨ ਨੂੰ ਵਿਹੁ ਕਰਕੇ ਸਮਝਣਾ। ਜਿਹੜੇ ਸਿੱਖ ਇਸ ਗੁਰਚਾਲੀ 'ਤੇ ਚਲਣਗੇ, ਉਹਨਾਂ ਦਾ ਜੀਵਨ ਸੱਚਾ ਸੁੱਚਾ ਅਤੇ ਉੱਚਾ ਹੋਵੇਗਾ। ਉਹਨਾਂ ਦਾ ਇਸ ਲੋਕ ਵਿੱਚ ਸਤਿਕਾਰ ਅਤੇ ਪ੍ਰਲੋਕ ਵਿੱਚ ਜੈ ਜੈ ਕਾਰ ਹੋਵੇਗੀ। ਜਨਮ ਮਰਨ ਕਟਿਆ ਜਾਵੇਗਾ, ਜਿਸ ਕਰਕੇ ਮਨੁੱਖਾ ਜਨਮ ਸਫ਼ਲਾ ਹੋਵੇਗਾ। ਯਾਦ ਰੱਖੋ ਜਿਹੜੇ ਸਿੱਖ ਸਤਿਗੁਰੂ ਦੀ ਕਹਿਣੀ ਤੇ ਅਮਲ ਕਰਨਗੇ, ਉਹ ਗੁਰੂ ਨੂੰ ਭਾਵਨਗੇ। ਉਹਨਾਂ ਦੀ ਸਹਾਇਤਾ ਗੁਰੂ ਕਰੇਗਾ। ਪਰਾਈ ਨਿੰਦਾ ਅਤੇ ਚੁਗਲੀ ਕਰਨ ਵਾਲੇ, ਝੂਠ ਬੋਲਣ ਵਾਲੇ, ਕਪਟੀ ਛਲੀਏ, ਮਨੁੱਖ ਦੋਹੀਂ ਜਹਾਨੀਂ ਜ਼ਰਦਰੂ ਹੋਣਗੇ। ਗੁਰੂ ਉਹਨਾਂ ਦੀ ਕਦਾਚਿਤ ਹਾਮੀ ਨਹੀਂ ਭਰਨਗੇ। ਭਾਵੇਂ ਉਹ ਆਪਣੇ ਆਪ ਨੂੰ ਸਿੱਖ ਵੀ ਕਹਾਉਣ ਅਤੇ ਮੰਨਣ ਪਰ "ਗੁਰੂ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ।" ਬਗਾਨਾ ਹੱਕ ਹੀ ਮੁਰਦਾਰ ਹੈ। ਜੇਕਰ ਇਸ ਤੋਂ ਬਾਜ ਨਹੀਂ ਆਵਨਗੇ ਤਾਂ ਗੁਰੂ ਜੀ ਦਾ ਕੋਈ ਵੀ ਜ਼ੁੰਮਾ ਨਹੀਂ।"

ਸਤਿਗੁਰੂ ਬਾਲਕ ਸਿੰਘ ਦੀ ਮਹਿਮਾ ਦੂਰ-ਦੂਰ ਤੱਕ ਫੈਲਣ ਲੱਗੀ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ। ਸਤਿਗੁਰੂ ਬਾਲਕ ਸਿੰਘ ਜੀ ਦੀ ਕਿਰਪਾ ਸਦਕਾ ਹਜ਼ਰੋ ਪੂਜਨੀਕ ਸਥਾਨ ਬਣ ਗਿਆ।

---

[1*] ਉਪਰੋਕਤ, ਪੰਨਾ 78-79



Sri Satguru Jagjit Singh Ji Elibrary NamdhariElibrary@gmail.com

## 15

# ਪੰਜਾਬ ਵਿੱਚ ਇੱਕ ਪੁਰਖੀ ਰਾਜਤੰਤਰ ਕਿ ਪੰਜਾਬੀਆਂ ਦਾ ਧਰਮ ਨਿਰਪੇਖ ਸਾਂਝਾ ਰਾਜ

12 ਅਪ੍ਰੈਲ, 1801 ਨੂੰ ਜਦੋਂ ਬਾਬਾ ਸਾਹਿਬ ਸਿੰਘ ਬੇਦੀ ਨੇ ਰਣਜੀਤ ਸਿੰਘ ਨੂੰ ਰਾਜ ਤਿਲਕ ਲਗਾ ਕੇ ਪੰਜਾਬ ਦੇ ਮਹਾਰਾਜੇ ਵਜੋਂ ਸਥਾਪਿਤ ਕਰ ਦਿੱਤਾ ਤਾਂ ਪੰਜਾਬ ਦੇ ਇਤਿਹਾਸ ਵਿੱਚ ਇੱਕ ਨਵੇਂ ਦੌਰ ਦਾ ਆਰੰਭ ਹੋਇਆ। ਲਗਭਗ ਇੱਕ ਹਜ਼ਾਰ ਸਾਲ ਪਿਛੋਂ ਪੰਜਾਬ ਵਿੱਚ ਇਹ ਇੱਕ ਨਵੇਂ ਯੁੱਗ ਦਾ ਆਰੰਭ ਸੀ।[1*]"ਰਣਜੀਤ ਸਿੰਘ ਨੇ (ਮਹਾਰਾਜਾ) ਦੀ ਇਹ ਪੱਦਵੀ ਨਾ ਤਾਂ ਮੁਗਲਾਂ ਅਤੇ ਨਾ ਹੀ ਅਫਗਾਨਾਂ ਤੋਂ ਹਾਸਿਲ ਕੀਤੀ ਸੀ, ਇਹ ਤਾਂ ਉਸ ਨੂੰ ਅਕਾਲ ਪੁਰਖ ਵੱਲੋਂ ਅਰਥਾਤ 'ਪੰਥ ਖ਼ਾਲਸਾ' ਵੱਲੋਂ ਮਿਲੀ ਸੀ। ਇਸ ਲਈ ਉਹ ਕਿਸੇ ਵੀ ਸੰਸਾਰਿਕ ਸਤਾ ਨੂੰ ਆਪਣੇ ਤੋਂ ਸ੍ਰੇਸ਼ਟ ਨਹੀਂ ਸੀ ਮੰਨਦਾ। ਇਹ ਪਦਵੀ ਉਸ ਨੂੰ ਉਸ ਪਰੰਪਰਾ ਵੱਲੋਂ ਬਖਸ਼ੀ ਗਈ ਸੀ ਅਤੇ ਇਹ ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗਈ ਦਾਤ ਸੀ, ਜੋ ਗੁਰੂ ਪਰੰਪਰਾ ਅਨੁਸਾਰ ਰਾਜਭਾਗ ਨੂੰ ਚਲਾਉਣ ਲਈ ਇਸ ਵਿਸ਼ੇਸ਼ ਪਦਵੀ ਲਈ ਚੁਣਿਆ ਗਿਆ ਸੀ। ਇਸ ਭਰੋਸੇ ਨਾਲ ਉਹ ਪੰਜਾਬ ਦੇ ਲੋਕਾਂ ਦੀ ਉਸ ਗਤੀਮਾਨ ਸ਼ਕਤੀ ਨੂੰ ਆਪਣੇ ਨਾਲ ਜੋੜਨ ਵਿੱਚ ਸਫ਼ਲ ਹੋਇਆ ਅਤੇ ਉਸਨੂੰ ਆਪਣੇ ਰਾਜ ਨਾਲ ਹੋਰ ਇਲਾਕੇ ਰਲਾਉਣ ਅਤੇ ਫਤਹਿ ਕਰਨ ਦਾ ਕੁਦਰਤੀ ਹੱਕ ਵੀ ਮਿਲ ਗਿਆ, ਇਸ ਸਪੱਸ਼ਟ ਨੀਤੀ ਨੂੰ ਮੁੱਖ ਰੱਖ ਕੇ ਹੀ ਉਸਨੇ ਆਪਣੇ ਰਾਜ ਦਾ ਵਿਸਥਾਰ ਕੀਤਾ।"

ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿੱਚ 27 ਜੂਨ, 1839 ਅਰਥਾਤ ਮਹਾਰਾਜਾ ਰਣਜੀਤ ਸਿੰਘ ਦੇ ਕਾਲਵਾਸ ਹੋਣ ਤੱਕ ਪੰਜਾਬੀਆਂ ਨੇ ਇਸ ਸਾਂਝੇ ਸੁਤੰਤਰ ਰਾਜ ਦੀ ਖੁਸ਼ਹਾਲੀ ਤੇ ਅਮਨ ਦੇ ਰਾਜ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਅਤੇ ਤਰੱਕੀ ਵੱਲ ਕਦਮ-ਬ-ਕਦਮ ਅੱਗੇ ਵੱਧਦੇ ਹੋਏ ਮਹਿਸੂਸ ਕੀਤਾ।

---

[1*] ਖੁਸ਼ਵੰਤ ਸਿੰਘ, ਦ ਹਿਸਟਰੀ ਆਫ ਦ ਸਿੱਖਸ, ਜਿਲਦ ਪਹਿਲੀ, ਪੰਨਾ 201-202



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਜੀ ਦੀ ਤੇਜ਼ ਪ੍ਰਤਾਪੀ ਸਖਸ਼ੀਅਤ ਵਿੱਚ ਜਿੱਥੇ ਅਨੇਕ ਗੁਣ ਮੌਜੂਦ ਸਨ, ਉੱਥੇ ਰਾਜਾਸ਼ਾਹੀ ਸਾਮੰਤ ਯੁੱਗ ਦੇ ਸੁਭਾਵਿਕ ਉਤਪੰਨ ਹੋਏ ਕਈ ਔਗੁਣ ਵੀ ਉਸ ਵਿੱਚ ਆ ਗਏ ਸਨ। ਨਿਮਰਤਾ, ਉਦਾਰਤਾ ਅਤੇ ਸਾਰੇ ਧਰਮਾਂ ਪ੍ਰਤੀ ਸਮ ਭਾਵ ਰੱਖਣ ਵਾਲੇ ਰਣਜੀਤ ਸਿੰਘ ਵਿੱਚ ਰਾਜਿਆਂ-ਮਹਾਰਾਜਿਆਂ ਵਾਲੀ ਸ਼ਾਨ-ਸ਼ੌਕਤ ਅਤੇ ਇਸ ਤੋਂ ਉਤਪੰਨ ਹੋਏ ਸੁਭਾਵਿਕ ਔਗੁਣਾਂ ਨੇ ਉਸ ਦੇ ਤੇਜ਼ ਪ੍ਰਤਾਪੀ ਵਿਅਕਤੀਤਵ ਵਿੱਚ ਇਨ੍ਹਾਂ ਰਾਜ ਭਾਗ ਅਤੇ ਰਾਜਮੱਦ ਤੋਂ ਉਤਪੰਨ ਹੋਏ ਕੁਝ ਆਚਰਨਿਕ ਔਗੁਣਾਂ ਨੇ ਇਸ ਵਿਸ਼ਾਲ ਰਾਜ ਨੂੰ ਅੰਦਰੋਂ ਅੰਦਰ ਘੁਣ ਲਾਉਣਾ ਵੀ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਰਾਜ ਦੇ ਪਤਨ ਦੇ ਚਿੰਨ੍ਹ ਰਣਜੀਤ ਸਿੰਘ ਦੇ ਜੀਵਨ ਕਾਲ ਵਿੱਚ ਹੀ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। ਬਾਹਰੋਂ ਵੇਖਿਆਂ ਤਾਂ ਇਸ ਰਾਜ ਦੀ ਸ਼ਕਤੀ ਅਤੇ ਸਮਰੱਥਾ ਬੜੀ ਵੱਡੀ ਅਤੇ ਮਜ਼ਬੂਤ ਦਿਖਾਈ ਦਿੰਦੀ ਸੀ, ਪਰ ਰਾਜਨੀਤੀ ਦੇ ਘੋਖਵੇਂ ਨੀਤੀਵਾਨਾਂ ਨੂੰ ਇਸ ਸਾਮਰਾਜ ਦੇ ਅੰਤਰ ਵਿਰੋਧ ਇਸ ਦੇ ਅਵਸ਼ਕ ਪਤਨ ਵੱਲ ਵੀ ਲੁਕਵਾਂ ਇਸ਼ਾਰਾ ਕਰਦੇ ਦਿਖਾਈ ਦੇ ਰਹੇ ਸਨ। ਰਣਜੀਤ ਸਿੰਘ ਦੇ ਜੀਵਨ ਕਾਲ ਵਿੱਚ ਤਾਂ ਇਹ ਅੰਤਰ ਵਿਰੋਧ ਉਸ ਦੇ ਬਲਵਾਨ ਵਿਅਕਤੀਤੱਵ; ਦੂਰਦਰਸ਼ਤਾ ਦੇ ਕਾਰਨ ਦੱਬੇ ਰਹੇ, ਪਰ ਉਸ ਦੇ ਅੱਖਾਂ ਮੀਟਦਿਆਂ ਹੀ ਇਸ ਸਾਮਰਾਜ ਦੇ ਅੰਤਰ ਵਿਰੋਧਾਂ ਨੇ ਆਪਣੀਆਂ ਚਾਲਾਂ ਤੇ ਵੱਖ-ਵੱਖ ਧੜਿਆਂ ਤੇ ਪ੍ਰਭੁਤਾਵਾਨ ਵਿਅਕਤੀਆਂ ਵੱਲੋਂ ਹੋਰ ਸ਼ਕਤੀ ਪ੍ਰਾਪਤ ਕਰਕੇ ਆਪਣੇ ਨਿੱਜੀ ਹਿੱਤਾਂ ਦੀ ਸਵਾਰਥ ਸਿੱਧੀ ਲਈ ਕੀਤੀਆਂ ਗਈਆਂ ਸਾਜ਼ਸ਼ਾਂ ਇੱਕ ਦੂਜੇ ਨੂੰ ਡੇਗਣ ਜਾਂ ਦੂਜੇ ਸ਼ਬਦਾਂ ਵਿੱਚ ਇੱਕੋ-ਦੂਜੇ ਨੂੰ ਮਾਰ ਕੇ ਅੱਗੇ ਵੱਧਣ ਦੀ ਪ੍ਰਵਿਰਤੀ ਨੇ ਪੂਰੀ ਇੱਕ ਸਦੀ ਦੀ ਅਣਥੱਕ ਘਾਲਣਾ ਅਤੇ ਰਣਤੱਤੇ ਸੰਗਰਾਮਾਂ ਦੁਆਰਾ ਸਥਾਪਿਤ ਕੀਤੇ ਗਏ ਇਸ ਸਾਂਝੇ ਸੁਤੰਤਰ ਪੰਜਾਬ ਰਾਜ ਦਾ ਜਿਸ ਨੂੰ ਦੂਜੇ ਸ਼ਬਦਾਂ ਵਿੱਚ ਸਿੱਖ ਰਾਜ ਜਾਂ ਖ਼ਾਲਸਾ ਰਾਜ ਨਾਂ ਨਾਲ ਯਾਦ ਕੀਤਾ ਜਾਂਦਾ ਸੀ; ਕੇਵਲ ਇੱਕ ਦਹਾਕੇ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਵਿਦੇਸ਼ੀ ਸਾਮਰਾਜ ਦਾ ਗੁਲਾਮ ਹੋ ਜਾਣਾ ਵੱਡੇ ਕੌਮੀ ਇਤਿਹਾਸਕ ਦੁਖਾਂਤ ਨੂੰ ਆਪਣੀ ਬੁੱਕਲ ਵਿੱਚ ਲਈ ਬੈਠਾ ਸੀ। ਇਤਿਹਾਸਕਾਰਾਂ ਲਈ ਇਹ ਇੱਕ ਅਧਿਐਨ ਦਾ ਰੋਚਕ ਵਿਸ਼ਾ ਹੋ ਸਕਦਾ ਹੈ, ਪਰ ਪੰਜਾਬ ਦੇ ਕੌਮੀ ਉਸਰੱਈਆਂ ਲਈ ਇਹ ਦਸ ਸਾਲ ਆਪਣੇ ਅੰਦਰ ਡੂੰਘੀ ਅੰਤਰ ਝਾਤ ਮਾਰਨ ਲਈ ਵੰਗਾਰਦੇ ਹਨ। ਜੇਕਰ ਇਸ ਦਾ ਕਾਰਨ ਗੁਰੂ ਸਾਹਿਬਾਨ ਦੇ ਆਦਰਸ਼ਾਂ ਤੋਂ ਥਿੜਕ ਜਾਣਾ ਸੀ ਜਾਂ ਪਦਾਰਥਕ ਸ਼ਕਤੀ ਅਤੇ ਖ਼ਾਲਸਾ ਸੈਨਾ ਦੇ ਮਜ਼ਬੂਤ ਸੰਗਠਨ ਤੇ ਸਦਾ ਵਿਜੇਈ ਹੋਣ ਦੀ ਭਾਵਨਾ ਪਿਛੇ ਕਿਸੇ ਰਣਜੀਤ ਸਿੰਘ ਵਰਗੇ ਰਾਸ਼ਟਰ ਨਾਇਕ ਦੀ ਘਾਟ ਸੀ ਜਾਂ ਗੁਰੂ



Sri Satguru Jagjit Singh Ji Elibrary NamdhariElibrary@gmail.com

ਸਾਹਿਬਾਨ ਦੁਆਰਾ ਦਰਸਾਏ ਗਏ ਸਾਂਝੀਵਾਲਤਾ ਅਤੇ ਨਿਰਮਿਤ ਕੌਮੀ ਆਚਰਣ ਤੋਂ ਦੂਰ ਚਲੇ ਜਾਣਾ ਆਦਿ। ਇਤਿਹਾਸਕਾਰਾਂ ਨੇ ਇਸ ਰਾਸ਼ਟਰੀ ਹਾਰ ਦੇ ਕਈ ਕਾਰਨਾਂ ਦਾ ਸੁਘੜ ਵਿਸ਼ਲੇਸ਼ਣ ਕੀਤਾ ਹੈ। ਪਰ ਇਸ ਦੀ ਅੰਤਰੀਵ ਤੈਹ ਤੱਕ ਪੁੱਜਣ ਦਾ ਯਤਨ ਨਹੀਂ ਕੀਤਾ ਅਸਲ ਵਿੱਚ ਇਸ ਕੌਮੀ ਹਾਰ ਤੋਂ ਬਚਣ ਲਈ ਕਿਸੇ ਅਧਿਆਤਮਕ ਸਤਾ ਦੇ ਸੂਰਜੀ ਪ੍ਰਕਾਸ਼ ਦੀ ਲੋੜ ਸੀ। ਸਿਆਣਿਆਂ ਦਾ ਕਥਨ ਹੈ ਕਿ ਜੇਕਰ ਸੂਰਜ ਵੱਲ ਮੂੰਹ ਕਰਕੇ ਤੁਰੇ ਜਾਓਗੇ ਤਾਂ ਸਦਾ ਤੁਹਾਨੂੰ ਚਾਨਣਾ ਰਾਹ ਹੀ ਦ੍ਰਿਸ਼ਟੀਗੋਚਰ ਹੋਵੇਗਾ, ਪਰ ਜੇਕਰ ਸੂਰਜ ਵੱਲ ਪਿੱਠ ਕਰ ਲਓਗੇ ਤਾਂ ਤੁਹਾਡਾ ਆਪਣਾ ਪਰਛਾਵਾਂ ਹੀ ਤੁਹਾਡੇ ਅੱਗੇ ਅੱਗੇ ਚਾਨਣ ਵਿੱਚ ਹਨੇਰੇ ਦਾ ਪ੍ਰਤੀਕ ਬਣਿਆ ਰਹੇਗਾ।

1*ਸਿੱਖ ਐਨਸਾਈਕਲੋਪੀਡੀਆ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕੁਝ ਨਿੱਜੀ ਆਚਰਨਿਕ ਗੁਣਾਂ ਬਾਰੇ ਨਿਮਨਲਿਖਤ ਸ਼ਬਦਾਂ ਵਿੱਚ ਉਲੇਖ ਕੀਤਾ ਗਿਆ ਹੈ। "ਮਹਾਰਾਜਾ ਦੀ ਪੱਦਵੀ ਗ੍ਰਹਿਣ ਕਰਨ ਸਮੇਂ ਰਣਜੀਤ ਸਿੰਘ ਨੇ ਨਾ ਤਾਂ ਰਾਜ ਮੁਕਟ ਦੇ ਕਿਸੇ ਚਿੰਨ੍ਹ ਨੂੰ ਧਾਰਨ ਕੀਤਾ ਅਤੇ ਨਾ ਹੀ ਉਹ ਕਿਸੇ ਰਾਜ ਸਿੰਘਾਸਨ ਤੇ ਬਿਰਾਜਮਾਨ ਹੋਇਆ। ਉਹ ਪਹਿਲਾਂ ਵਾਂਗ ਹੀ ਆਪਣੀ ਕੁਰਸੀ ਉੱਤੇ ਚੌਕੜੀ ਮਾਰ ਕੇ ਦਰਬਾਰ ਲਗਾਉਂਦਾ ਰਿਹਾ। ਉਸਨੇ ਨਾ ਤਾਂ ਆਪਣੇ ਸਿੱਕੇ ਉੱਤੇ ਆਪਣਾ ਨਾਮ ਲਿਖਵਾਇਆ ਅਤੇ ਨਾ ਹੀ ਆਪਣੀ ਮੂਰਤ ਉਸ ਉੱਤੇ ਉਕਰਵਾਈ। ਉਸ ਦੀ ਸ਼ਾਹੀ ਮੋਹਰ ਉੱਤੇ ਉਸ ਦਾ ਨਾਮ ਵੀ ਨਹੀਂ ਲਿਖਿਆ ਗਿਆ ਸੀ। ਉਸ ਦੀ ਤਾਜਪੋਸ਼ੀ ਸਮੇਂ ਭਾਵੇਂ ਵੱਡੇ-ਵੱਡੇ ਖਿਤਾਬ ਧਾਰਨ ਕਰਨ ਲਈ ਉਸ ਨੂੰ ਕਿਹਾ ਗਿਆ, ਪਰ ਉਸਨੇ ਆਪਣੇ ਆਪ ਨੂੰ ਸੰਬੋਧਨ ਕਰਨ ਲਈ 'ਸਿੰਘ ਸਾਹਿਬ' ਅਖਵਾਉਣਾ ਹੀ ਚੰਗਾ ਸਮਝਿਆ। ਆਪਣੀ ਸਰਕਾਰ ਨੂੰ ਕਿਸੇ ਨਿੱਜੀ ਰਾਜਵੰਸ਼ ਜਾਂ ਖਾਨਦਾਨ ਨਾਲ ਨਹੀਂ ਜੋੜਿਆ, ਸਗੋਂ 'ਸਰਕਾਰ ਖ਼ਾਲਸਾ' ਦੇ ਨਾਮ ਨੂੰ ਚੁਣਿਆ ਕਿ ਇਹ ਸਤਿਕਾਰਯੋਗ ਖ਼ਾਲਸੇ ਦੀ ਸਰਕਾਰ ਸੀ ਅਤੇ ਦਰਬਾਰ ਨੂੰ 'ਦਰਬਾਰ ਖ਼ਾਲਸਾ' ਜੀ ਕਰਕੇ ਸੱਦਿਆ ਜਾਂਦਾ ਸੀ। ਉਸ ਦੀ ਮੰਨਸ਼ਾ ਸਿੱਖ ਧਰਮ ਤੰਤਰ ਨੂੰ ਕਾਇਮ ਕਰਨਾ ਨਹੀਂ ਸੀ, ਸਗੋਂ ਇੱਕ ਅਜਿਹਾ ਸਾਂਝਾ ਰਾਜ ਸਥਾਪਿਤ ਕਰਨਾ ਸੀ, ਜਿਸ ਵਿੱਚ ਹਿੰਦੂ, ਮੁਸਲਮਾਨ, ਸਿੱਖਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਉੱਨਤੀ ਕਰਨ ਦੇ ਅਵਸਰ ਪ੍ਰਾਪਤ ਹੋਣ। ਉਸ ਦੇ ਮੰਤਰੀ ਮੰਡਲ ਵਿੱਚ ਹਿੰਦੂ, ਮੁਸਲਮਾਨ ਅਤੇ ਸਿੱਖ ਸਾਰੇ ਧਰਮਾਂ ਦੇ ਵਿਅਕਤੀ ਸ਼ਾਮਿਲ ਸਨ। ਉਸ ਦੀ ਫ਼ੌਜ ਵਿੱਚ (ਖ਼ਾਲਸਾ ਸੈਨਾ) ਭਾਵੇਂ ਮੁੱਖ ਰੂਪ ਵਿੱਚ ਸਿੱਖ ਹੀ ਕੇਂਦਰ ਬਿੰਦੂ ਸਨ, ਪਰ ਉਸ ਵਿੱਚ ਵਿਸ਼ੇਸ਼ ਕਰਕੇ ਤੋਪਖਾਨੇ ਵਿੱਚ ਬਹੁਤ ਸਾਰੇ ਮੁਸਲਮਾਨਾਂ ਦੇ ਦਸਤੇ ਮੌਜੂਦ ਸਨ ਅਤੇ ਹਿੰਦੂਆਂ ਦੀ ਵੀ

1* ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਤੀਜੀ, ਪੰਨਾ 481



Sri Satguru Jagjit Singh Ji Elibrary NamdhariElibrary@gmail com

ਵੱਡੀ ਨਫਰੀ ਸੀ। ਭਾਵੇਂ ਧਾਰਮਿਕ ਤੌਰ ਤੇ ਮਹਾਰਾਜਾ ਸਿੱਖ ਰਹੁ ਰੀਤ ਦਾ ਪਾਬੰਦ ਸੀ, ਪਰ ਉਹ ਮੁਸਲਮਾਨਾਂ ਅਤੇ ਹਿੰਦੂਆਂ ਦੇ ਧਾਰਮਿਕ ਉਤਸਵਾਂ ਵਿੱਚ ਵੀ ਵੱਖ-ਵੱਖ ਧਰਮਾਂ ਦੀ ਪਰਜਾ ਨਾਲ ਰਲ ਕੇ ਭਾਗ ਲੈਂਦਾ ਸੀ।

ਉਸ ਦੇ ਸਾਹਮਣੇ ਸਭ ਤੋਂ ਪਹਿਲਾਂ ਕਰਨਯੋਗ ਕਾਰਜ ਇਹ ਸੀ ਕਿ ਸਾਰੇ ਪੰਜਾਬ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲਿਆਂਦਾ ਜਾਵੇ। ਇਸ ਕਾਰਜ ਵਿੱਚ ਉਸ ਦੇ ਮੁੱਖ ਸਹਾਇਕ ਉਸ ਦੀ ਸੱਸ ਸਦਾ ਕੌਰ ਅਤੇ ਪੱਗਵੱਟ ਧਰਮ ਭਰਾ ਸ: ਫਤਹੇ ਸਿੰਘ ਆਹਲੂਵਾਲੀਆ ਭਾਈਵਾਲ ਸਨ।"

[1*]ਪ੍ਰਸਿੱਧ ਇਤਿਹਾਸਕਾਰ ਸ: ਖੁਸ਼ਵੰਤ ਸਿੰਘ ਵੀ ਉਪਰੋਕਤ ਦ੍ਰਿਸ਼ਟੀਕੋਣ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕਰਦਾ ਹੈ :

"ਉਸਦੀ ਸਰਕਾਰ" ਸਰਕਾਰ ਖਾਲਸਾ ਕਰਕੇ ਪ੍ਰਸਿੱਧ ਹੋਈ। ਇਸ ਨੂੰ ਦਰਬਾਰ ਖਾਲਸਾ ਕਰਕੇ ਵੀ ਜਾਣਿਆ ਜਾਣ ਲੱਗਾ। ਭਾਵੇਂ ਉਸਦੇ ਪ੍ਰਸ਼ੰਸਕ ਉਸਨੂੰ ਕਈ ਲਕਬ ਧਾਰਨ ਕਰਨ ਲਈ ਜ਼ੋਰ ਪਾਉਂਦੇ ਰਹੇ ਪਰ ਉਹ ਆਪਣੇ ਆਪ ਨੂੰ ਸਿੰਘ ਸਾਹਿਬ ਅਖਵਾ ਕੇ ਹੀ ਖੁਸ਼ ਹੁੰਦਾ ਸੀ। ਪੂਰਬ ਦੇ ਮਹਾਰਾਜੇ ਜਨਤਾ ਤੋਂ ਦੂਰ ਰਹਿਣ ਦਾ ਯਤਨ ਕਰਦੇ ਸਨ। ਪਰ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਗੱਲ ਪਸੰਦ ਨਹੀਂ ਸੀ। ਉਹ ਜਨਤਾ ਵਿਚੋਂ ਹੀ ਉਠਿਆ ਸੀ ਅਤੇ ਜਨਤਾ ਜਾਂ ਪੰਜਾਬੀਆਂ ਦਾ ਮਹਾਰਾਜਾ ਅਖਵਾ ਕੇ ਹੀ ਸੰਤੁਸ਼ਟ ਹੁੰਦਾ ਸੀ।"

### ਮਹਾਰਾਜਾ ਰਣਜੀਤ ਸਿੰਘ ਦਾ ਰਾਜਨੀਤਿਕ ਆਦਰਸ਼

ਮਹਾਰਾਜਾ ਰਣਜੀਤ ਸਿੰਘ ਜਿੱਥੇ ਬਲਵਾਨ ਵਿਅਕਤੀਤੱਵ ਦਾ ਸੁਆਮੀ ਸੀ, ਉੱਥੇ ਉਸਨੇ ਆਪਣੇ ਆਰੰਭਿਕ ਜੀਵਨ ਕਾਲ ਵਿੱਚ ਹੀ ਵਡੇਰੇ ਰਾਜਨੀਤਿਕ ਆਦਰਸ਼ ਸੁਨਿਸ਼ਚਿਤ ਕਰ ਲਏ ਸਨ। ਉਸਨੇ ਇੱਕ ਵਿਸ਼ਾਲ ਸਲਤਨਤ ਨੂੰ ਸਥਾਪਿਤ ਕਰਨ ਦਾ ਸੁਪਨਾ ਲਿਆ ਸੀ, ਜਿਸ ਵਿੱਚ ਪੰਜਾਬ ਦਾ ਵਡੇਰੇ ਭਾਗ ਅਤੇ ਵਿਸ਼ੇਸ਼ ਕਰਕੇ ਉਹ ਇਲਾਕੇ ਜੋ 18ਵੀਂ ਸਦੀ ਦੇ ਅੰਤ ਤੱਕ ਸਿੱਖ ਮਿਸਲਾਂ ਦੇ ਅਧੀਨ ਸਨ ਦਾ ਏਕੀਕਰਨ ਕਰਕੇ ਉਸ ਨੂੰ ਬਲਵਾਨ ਰਾਜਨੀਤਿਕ ਸੰਗਠਨ ਵਿੱਚ ਬੰਨਣਾ ਉਸਦੀ ਵਿਵਹਾਰਿਕ ਰਾਜਨੀਤੀ ਦਾ ਮੁੱਖ ਲਕਸ਼ ਸੀ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਅਠਾਰਵੀਂ ਸਦੀ ਦੇ ਮੱਧ ਵਿੱਚ ਜਦੋਂ ਪੰਜਾਬ ਵਿੱਚ ਸਿੱਖ ਮਿਸਲਾਂ ਦਾ ਜਨਮ ਹੋਇਆ ਅਤੇ ਉਨ੍ਹਾਂ ਨੇ ਸ਼ਕਤੀਸ਼ਾਲੀ ਰੂਪ ਵਿੱਚ ਉਭਰਨਾ ਸ਼ੁਰੂ ਕੀਤਾ ਤਾਂ ਉਸ ਸਮੇਂ ਗੁਰਮਤੇ ਵਰਗੀ ਸਿੱਖ ਪਰੰਪਰਾ ਨੇ ਉਨ੍ਹਾਂ ਨੂੰ ਸਿਧਾਂਤਕ ਅਤੇ ਵਿਵਹਾਰਿਕ ਰੂਪ ਵਿੱਚ ਵੱਖ-ਵੱਖ ਮਿਸਲਾਂ ਦੇ ਵੱਖਰੇ-ਵੱਖਰੇ ਅਧਿਕਾਰ ਖੇਤਰ ਹੁੰਦਿਆਂ ਹੋਇਆਂ

---

[1*] ਖੁਸ਼ਵੰਤ ਸਿੰਘ, ਦੇ ਹਿਸਟਰੀ ਆਫ ਦ ਸਿੱਖਸ, ਜਿਲਦ ਪਹਿਲੀ, ਪੰਨਾ 201



Sri Satguru Jagjit Singh Ji Elibrary NamdhariElibrary@gmail.com

ਵੀ ਸਿਧਾਂਤਕ ਤੌਰ ਤੇ ਇੱਕ ਰਾਜਨੀਤਿਕ ਇਕਾਈ ਵਿੱਚ ਪ੍ਰੋਈ ਰੱਖਿਆ ਅਤੇ ਉਨ੍ਹਾਂ ਨੇ ਅਬਦਾਲੀ ਅਤੇ ਉਸਦੇ ਉੱਤਰ ਅਧਿਕਾਰੀ ਅਫ਼ਗਾਨਾਂ ਦੇ ਵਿਦੇਸ਼ੀ ਹੱਲਿਆਂ ਸਮੇਂ ਸਾਂਝੀ ਛਾਪਾ ਮਾਰ ਯੁੱਧ ਨੀਤੀ ਨੂੰ ਅਪਨਾਈ ਰੱਖਿਆ ਅਤੇ ਯਮੁਨਾ ਤੋਂ ਪਾਰ ਦਿੱਲੀ ਤੱਕ ਆਪਣੇ ਅਧਿਕਾਰ ਖੇਤਰ ਦਾ ਪਸਾਰ ਕੀਤਾ।

ਸਿੱਖ ਮਿਸਲਾਂ ਦਾ ਇਹ ਰਾਜਨੀਤਿਕ ਸੰਗਠਨ ਖੁੱਲ੍ਹਾ-ਡੁੱਲ੍ਹਾ ਰਾਸ਼ਟਰ ਮੰਡਲ ਜਾਂ ਸੰਘ-ਰਾਜੀ ਢਾਂਚਾ ਸੀ, ਜਿਸ ਵਿੱਚ ਸਿੱਖ ਪਰੰਪਰਾਵਾਂ ਅਤੇ ਗੁਰੂ ਸਾਹਿਬਾਨ ਦੇ ਆਦਰਸ਼ਾਂ ਅਨੁਸਾਰ ਖ਼ਾਲਸਾਈ ਲੋਕਤੰਤਰ ਦੇ ਅੰਸ਼ ਮੌਜੂਦ ਸਨ, ਪਰ ਅਜਿਹਾ ਢਿੱਲਾ ਲੋਕਤੰਤਰ ਸਿੱਖ ਮਿਸਲਦਾਰਾਂ ਅਤੇ ਸਰਦਾਰਾਂ ਵਿੱਚ ਸਾਮੰਤ ਯੁਗ ਦੇ ਦੋਸ਼ਾਂ ਦੇ ਆ ਜਾਣ ਕਾਰਨ ਕਾਇਮ ਨਾ ਰਹਿ ਸਕਿਆ ਅਤੇ ਮਿਸਲਦਾਰ ਵੀ ਇੱਕ-ਦੂਜੇ ਨਾਲ ਲੜਨ ਲੱਗ ਪਏ। ਇੱਕ-ਦੂਜੇ ਦੇ ਇਲਾਕਿਆਂ ਦੀ ਖੋਹਾਮਾਈ ਦੀ ਰਾਜਨੀਤਿਕ ਖੇਡ ਵੀ ਆਰੰਭ ਹੋ ਗਈ। ਮਹਾਰਾਜਾ ਰਣਜੀਤ ਸਿੰਘ ਨੂੰ ਅਜਿਹਾ ਰਾਜਨੀਤਿਕ ਢਾਂਚਾ ਵਿਰਸੇ ਵਿੱਚ ਮਿਲਿਆ।

ਆਪਣੇ ਮੁੱਖ ਰਾਜਨੀਤਿਕ ਆਦਰਸ਼ ਅਰਥਾਤ ਪੰਜਾਬ ਦੇ ਵੱਖ-ਵੱਖ ਖੇਤਰਾਂ ਜਿਸ ਵਿੱਚ ਵੱਖ-ਵੱਖ ਸਰਦਾਰਾਂ ਦਾ ਰਾਜ ਅਧਿਕਾਰ ਸੀ, ਨੂੰ ਸਰ ਕਰਨ ਪਿਛੋਂ ਹੀ ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਦੇ ਏਕੀਕਰਨ ਅਤੇ ਵਿਸ਼ਾਲ ਰਾਜ ਦੀ ਸਥਾਪਨਾ ਦਾ ਸੁਪਨਾ ਪੂਰਾ ਹੋ ਸਕਦਾ ਸੀ। ਮੁੱਖ ਰੂਪ ਵਿੱਚ ਉਸ ਦੇ ਸਾਹਮਣੇ ਸਿੱਖ ਮਿਸਲਾਂ ਦੇ ਖੇਤਰ ਦਾ ਰਾਜਨੀਤਿਕ ਏਕੀਕਰਨ ਕਰਨ ਉਪਰੰਤ ਅਫ਼ਗਾਨਾਂ ਜਾਂ ਮੁਗਲਾਂ ਦੁਆਰਾ ਮੁਸਲਿਮ ਰਾਜਨੀਤਿਕ ਇਕਾਈਆਂ ਨੂੰ ਇਸ ਰਾਜ ਦਾ ਅੰਗ ਬਣਾਉਣਾ ਅਤੇ ਵਿਸ਼ੇਸ਼ ਕਰਕੇ ਅਫਗਾਨਿਸਤਾਨ ਦੇ ਅਮੀਰ ਸ਼ਾਸ਼ਕਾਂ ਦੀ ਲਲਚਾਈ ਅੱਖ ਤੋਂ ਪੰਜਾਬ ਨੂੰ ਬਚਾਉਣਾ ਬੜਾ ਜ਼ਰੂਰੀ ਸੀ। ਇਸ ਸੰਬੰਧ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੁਘੜ ਅਤੇ ਵਿਵਹਾਰਿਕ ਰਾਜਨੀਤਿਕ ਸੂਝ-ਬੂਝ ਦੀ ਵਰਤੋਂ ਕੀਤੀ ਅਤੇ ਸਹਿਜੇ-ਸਹਿਜੇ ਆਪਣੇ ਮਿਸ਼ਨ ਵੱਲ ਉਹ ਅੱਗੇ ਵੱਧਣ ਲੱਗਾ। ਇਸ ਸੰਬੰਧ ਵਿੱਚ ਆਪਣੇ ਆਦਰਸ਼ ਦੀ ਅੰਤਿਮ ਪ੍ਰਾਪਤੀ ਤੱਕ ਪਹੁੰਚਣ ਲਈ ਉਸਨੇ ਕਦਮ-ਬ-ਕਦਮ ਅੱਗੇ ਵਧਣਾ ਸ਼ੁਰੂ ਕੀਤਾ ਅਤੇ ਲਗਭਗ 1821 ਤੱਕ ਉਹ ਆਪਣੇ ਉਦੇਸ਼ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਵੀ ਹੋ ਗਿਆ। ਸੁਘੜ ਨੀਤੀਵਾਨ ਹੋਣ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਸ਼ੁਰੂ ਵਿੱਚ ਜਾਣ ਲਿਆ ਸੀ ਕਿ ਜੇਕਰ ਉਸਨੇ ਆਪਣੇ ਆਦਰਸ਼ਾਂ ਵਿੱਚ ਸਫ਼ਲ ਹੋਣਾ ਹੈ ਤਾਂ ਉਸ ਨੂੰ ਇੱਕ ਬਲਵਾਨ ਸੈਨਿਕ ਸੰਗਠਨ ਅਰਥਾਤ ਫ਼ੌਜ ਨੂੰ ਜਥੇਬੰਦ ਕਰਨਾ ਹੋਵੇਗਾ।

ਆਪਣੇ ਮੁੱਖ ਉਦੇਸ਼ ਦੀ ਪੂਰਤੀ ਲਈ ਸ਼ੁਰੂ ਸ਼ੁਰੂ ਵਿੱਚ ਉਸਦੀ ਸਹਾਇਤਾ ਉਸ ਦੀ ਸੱਸ ਮਾਤਾ ਸਦਾ ਕੌਰ ਅਤੇ ਉਸਦੇ ਪੱਗ-ਵੱਟ ਭਰਾ ਸ: ਫਤਹੇ ਸਿੰਘ



Sri Satguru Jagjit Singh Ji Elibrary NamdhariElibrary@gmail.com

ਆਹਲੂਵਾਲੀਆ ਨੇ ਕੀਤੀ।

ਆਪਣੇ ਉਦੇਸ਼ ਦੀ ਪੂਰਤੀ ਲਈ ਮਹਾਰਾਜੇ ਨੇ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਲਿਆ ਸੀ ਕਿ ਰਾਜਨੀਤਿਕ ਪ੍ਰਬੰਧ ਨੂੰ ਸੁਸੰਗਠਿਤ ਕਰਨ ਲਈ ਉਸ ਨੂੰ ਸੁਯੋਗ ਅਤੇ ਲਾਇਕ ਸਲਾਹਕਾਰਾਂ ਅਤੇ ਕੁਸ਼ਲ ਪ੍ਰਬੰਧਕਾਂ ਦੇ ਸਹਿਯੋਗ ਦੀ ਲੋੜ ਹੋਵੇਗੀ। ਆਪਣੇ ਮੰਤਵ ਦੀ ਪੂਰਤੀ ਲਈ ਮਹਾਰਾਜਾ ਸਾਹਿਬ ਨੇ ਇਨ੍ਹਾਂ ਸਾਰੇ ਨੀਤੀਵਾਨ ਪੱਖਾਂ ਦਾ ਉਪਯੋਗ ਕੀਤਾ, ਅਰਥਾਤ ਮਜ਼ਬੂਤ ਸੈਨਾ ਦਾ ਸੰਗਠਨ ਕਰਨਾ। ਸੂਝਵਾਨ ਸਲਾਹਕਾਰਾਂ ਅਤੇ ਪ੍ਰਬੰਧਕਾਂ ਦਾ ਸਹਿਯੋਗ ਪ੍ਰਾਪਤ ਕਰਨਾ। ਸਮੇਂ-ਸਮੇਂ ਸਿਰ ਉਤਪੰਨ ਹੋਈਆਂ ਰਾਜਨੀਤਿਕ ਪ੍ਰਸਥਿਤੀਆਂ ਤੇ ਉਲਝਣਾਂ ਦਾ ਇੱਕ ਸੁਘੜ ਨੀਤੀਵਾਨ ਵਾਂਗ ਟਾਕਰਾ ਕਰਨਾ। ਲੋੜ ਪੈਣ 'ਤੇ ਆਕਰਮਣ ਅਤੇ ਬਚਾਓ ਦੀ ਨੀਤੀ ਦੀ ਵਰਤੋਂ ਕਰਨਾ। ਰਣਜੀਤ ਸਿੰਘ ਦੀ ਸਖਸ਼ੀਅਤ ਵਿੱਚ ਜਿਹੜੀ ਦ੍ਰਿੜ੍ਹਤਾ ਦੇ ਗੁਣ ਮੌਜੂਦ ਸਨ, ਉਸਨੇ ਉਸ ਦੇ ਰਾਜਨੀਤਿਕ ਆਦਰਸ਼ਾਂ ਦੀ ਪ੍ਰਾਪਤੀ ਵਿੱਚ ਸਭ ਤੋਂ ਵੱਧ ਹਿੱਸਾ ਪਾਇਆ, ਪਰ ਇਸ ਤੋਂ ਬਿਨਾਂ ਉਸ ਵਿਰਲੀ ਉਦਾਰਤਾ ਦੇ ਗੁਣਾਂ ਨੇ ਵੀ ਉਸ ਨੂੰ ਅੱਗੇ ਵੱਧਣ ਵਿੱਚ ਬੜੀ ਸਹਾਇਤਾ ਕੀਤੀ। ਭਾਵੇਂ ਬਾਹਰਮੁਖੀ ਸਰੂਪ ਵਜੋਂ ਉਸ ਦੇ ਸਥਾਪਿਤ ਕੀਤੇ ਰਾਜ ਦਾ ਢਾਂਚਾ ਖ਼ਾਲਸਾਤੰਤਰ ਦੀ ਦੱਖ ਦਿੰਦਾ ਸੀ। ਉਸ ਦੀ ਹਕੂਮਤ ਨੂੰ ਸਰਕਾਰ ਖ਼ਾਲਸਾ ਅਤੇ ਦਰਬਾਰ ਖ਼ਾਲਸਾ ਦੇ ਨਾਮ ਨਾਲ ਸੱਦਿਆ ਜਾਂਦਾ ਸੀ, ਪਰ ਇਸ ਸਥਾਪਨਾ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਜਿਹੜੀ ਧਰਮ ਨਿਰਪੇਖਤਾ ਦੀ ਨੀਤੀ ਨੂੰ ਸਨਮੁੱਖ ਰੱਖਿਆ ਅਤੇ ਆਪਣੇ ਅਹਿਲਕਾਰਾਂ, ਅਧਿਕਾਰੀਆਂ, ਕਰਮਚਾਰੀਆਂ ਦੀ ਚੋਣ ਵਿੱਚ ਧਾਰਮਿਕ ਵਖਰੇਵਿਆਂ ਤੋਂ ਉੱਠ ਕੇ ਕੇਵਲ ਯੋਗਤਾ ਨੂੰ ਹੀ ਆਧਾਰ ਬਣਾਇਆ। ਉਸ ਦੇ ਇਸ ਗੁਣ ਨੇ ਵੀ ਉਸ ਦੀ ਸ਼ਕਤੀ ਨੂੰ ਵੱਧ ਤੋਂ ਵੱਧ ਬਲਸ਼ਾਲੀ ਬਣਾਉਣ ਵਿੱਚ ਸਹਾਇਤਾ ਕੀਤੀ।

ਜੇਕਰ ਮਹਾਰਾਜਾ ਰਣਜੀਤ ਸਿੰਘ ਦੇ ਸਮੁੱਚੇ ਰਾਜਨੀਤਿਕ ਵਿਧਾਨ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਇੱਕ ਨਿਰੰਕੁਸ਼ ਰਾਜਤੰਤਰ ਵਾਲੀ ਰਾਜ ਬਣਤਰ ਸੀ, ਜਿਸ ਵਿੱਚ ਕੇਂਦਰੀ ਸ਼ਕਤੀ ਮਹਾਰਾਜੇ ਦੇ ਆਪਣੇ ਵਿਅਕਤੀਤੱਵ ਉੱਤੇ ਹੀ ਕੇਂਦਰਿਤ ਸੀ। ਭਾਵੇਂ ਉਹ ਅਧੀਨਾਇਕ (Dictator) ਨਹੀਂ ਸੀ, ਉਸਦੀ ਉਦਾਰਤਾਵਾਦੀ ਨੀਤੀ ਨੇ ਉਸਨੂੰ ਅਜਿਹਾ ਬਣਨ ਤੋਂ ਰੋਕੀ ਰੱਖਿਆ, ਪਰ ਉਸ ਦੇ ਰਾਜਤੰਤਰ ਵਿੱਚ ਉਸ ਦੀ ਆਪਣੀ ਵਿਅਕਤੀਗਤ ਇੱਛਾ ਸ਼ਕਤੀ ਹੀ ਸਰਵ-ਉੱਚ ਤੱਤ ਸੀ। ਜਿਸ ਤਰ੍ਹਾਂ ਉਸਨੇ ਨਿਰੰਕਸ਼ਤਾ ਅਤੇ ਉਦਾਰਤਾ ਦਾ ਸੰਤੁਲਨ ਆਪਣੇ ਵਿਅਕਤੀਤਵ ਅਤੇ ਰਾਜਨੀਤਿਕ ਤਾਣੇ-ਬਾਣੇ ਵਿੱਚ ਕਾਇਮ ਰੱਖਿਆ, ਉਹ ਆਪਣੇ ਆਪ ਵਿੱਚ ਇੱਕ ਨਿਵੇਕਲੀ ਪਛਾਣ ਸੀ, ਜਿਸ ਨੂੰ ਉਸ ਦੇ ਸੰਪਰਕ



Sri Satguru Jagjit Singh Ji Elibrary NamdhariElibrary@gmail.com

ਵਿੱਚ ਆਏ ਵਿਦੇਸ਼ੀ ਚਿੰਤਕ ਵੀ ਪ੍ਰਵਾਨ ਕਰਦੇ ਹਨ। ਆਪਣੇ ਉਪਰੋਕਤ ਵਿਅਕਤੀਗਤ ਗੁਣਾਂ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਨੇ ਸਮੇਂ-ਸਮੇਂ ਸਿਰ ਜਿਸ ਵਿਵਹਾਰਿਕ ਨੀਤੀ ਨੂੰ ਅਪਨਾਇਆ, ਉਹ ਵੀ ਉਸਦੀ ਸੂਝ-ਬੂਝ ਦਾ ਇੱਕ ਅਦੁੱਤੀ ਪ੍ਰਮਾਣ ਸੀ, ਜਿਸ ਦੇ ਫਲਸਰੂਪ ਉਸ ਨੂੰ ਆਪਣੇ ਮੁੱਖ ਆਦਰਸ਼ ਅਰਥਾਤ ਪੰਜਾਬ ਵਿੱਚ ਵਿਸ਼ਾਲ ਰਾਜ ਨੂੰ ਸਥਾਪਿਤ ਕਰਨ ਵਿੱਚ ਸਫ਼ਲਤਾ ਪ੍ਰਾਪਤ ਹੋਈ। ਆਪਣੇ ਵਿਅਕਤੀਗਤ ਆਦਰਸ਼ਾਂ ਦੀ ਪੂਰਤੀ ਲਈ ਉਸਦੀ ਆਪਣੀ ਮਜ਼ਬੂਤ ਇੱਛਾ ਸ਼ਕਤੀ, ਇਰਾਦੇ ਦੀ ਦ੍ਰਿੜ੍ਹਤਾ ਦੇ ਨਾਲ-ਨਾਲ ਵਿਵਹਾਰਿਕ ਰਾਜਨੀਤੀ ਦੇ ਸਮੇਂ-ਸਮੇਂ ਸਿਰ ਅਪਨਾਈ ਗਈ ਪੈਂਤੜੇਬਾਜ਼ੀ ਵਿੱਚ ਵੀ ਉਸਦੀ ਰਾਜਨੀਤਿਕ ਸੁਘੜਤਾ ਸਪੱਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ, ਕਿਉਂ ਜੋ ਇਰਾਦੇ ਦੀ ਪਕਿਆਈ ਅਤੇ ਨਿਰੰਕੁਸ਼ ਉਦਾਰਦਾ ਦੇ ਗੁਣਾਂ ਦੇ ਹੁੰਦਿਆਂ ਹੋਇਆਂ ਵੀ ਜੇਕਰ ਉਹ ਵਿਵਹਾਰਿਕ ਰਾਜਨੀਤੀ ਵਿੱਚ ਸਿਆਣਾ ਅਤੇ ਦੂਰ-ਅੰਦੇਸ਼ ਨਾ ਹੁੰਦਾ ਤਾਂ ਸ਼ਾਇਦ ਉਹ ਆਪਣੇ ਵਿਸ਼ਾਲ ਰਾਜ ਸਥਾਪਤੀ ਦੇ ਉਦੇਸ਼ ਵਿੱਚ ਸਫ਼ਲ ਨਾ ਹੋ ਸਕਦਾ। ਇੱਕ ਹੋਰ ਗੁਣ ਜੋ ਉਸ ਦੀ ਸਫ਼ਲਤਾ ਅਤੇ ਰਾਜਨੀਤਿਕ ਸੂਝ-ਬੂਝ ਦਾ ਪ੍ਰਮਾਣ ਹੈ, ਉਹ ਸੀ ਪੰਜਾਬ ਦੀ ਸਮਾਜਿਕ ਬਣਤਰ, ਜੋ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਦੀਆਂ ਤੋਂ ਚਲੀ ਆ ਰਹੀ ਸੀ, ਨੂੰ ਪ੍ਰਚੱਲਿਤ ਰਹਿਣ ਦੇਣਾ ਅਤੇ ਲੋਕ ਭਲਾਈ ਦੇ ਆਦਰਸ਼ਾਂ ਨੂੰ ਸਨਮੁੱਖ ਰੱਖਣਾ। ਇਹੋ ਕਾਰਨ ਹੈ ਕਿ ਉਸ ਦੇ ਰਾਜਕਾਲ ਵਿੱਚ ਸਭ ਧਰਮਾਂ ਹਿੰਦੂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈ ਤੇ ਹੋਰ ਹਰ ਪ੍ਰਕਾਰ ਦੀਆਂ ਬਰਾਦਰੀਆਂ - ਜੱਟਾਂ, ਰਾਜਪੂਤਾਂ, ਡੋਗਰਿਆਂ ਅਤੇ ਮੁਸਲਮਾਨਾਂ ਦੇ ਫਿਰਕਿਆਂ ਵਿੱਚ ਸਦਭਾਵਨਾ ਕਾਇਮ ਰਹੀ ਅਤੇ ਲਗਭਗ 40 ਸਾਲ ਅਰਥਾਤ ਮਹਾਰਾਜੇ ਦੀ ਪਦਵੀ ਧਾਰਨ ਕਰਨ ਅਰਥਾਤ 1801 ਤੋਂ ਲੈ ਕੇ ਮਹਾਰਾਜੇ ਦੀ ਮ੍ਰਿਤੂ 27 ਜੂਨ, 1839 ਤੱਕ ਉਸਨੇ ਪੰਜਾਬ ਨੂੰ ਸ਼ਾਂਤੀ, ਖੁਸ਼ਹਾਲੀ ਅਤੇ ਅਮਨ ਦਾ ਰਾਜ ਪ੍ਰਦਾਨ ਕੀਤਾ। ਲੋਕਾਂ ਨੂੰ ਸਰਕਾਰੀ ਕਰਮਚਾਰੀਆਂ ਦੀ ਲੁੱਟ-ਖਸੁੱਟ ਅਤੇ ਵਿਦੇਸ਼ੀ ਆਕਰਮਣਕਾਰੀਆਂ ਦੇ ਹੱਲਿਆਂ ਤੋਂ ਨਾ ਕੇਵਲ ਬਚਾਈ ਰੱਖਿਆ, ਸਗੋਂ ਉੱਤਰ-ਪੱਛਮ ਵੱਲੋਂ ਹੁੰਦੇ ਆਕਰਮਣਾਂ ਨੂੰ ਲੱਗਭਗ ਬੰਦ ਹੀ ਕਰਵਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਗਤ ਚਰਿੱਤਰ ਅਤੇ ਆਦਰਸ਼ਕ ਰਾਜ ਪ੍ਰਬੰਧ ਬਾਰੇ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਦੇ ਇਹ ਵਾਕ ਬੜੇ ਮਹੱਤਵਪੂਰਨ ਹਨ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।



Sri Satguru Jagjit Singh Ji Elibrary NamdhariElibrary@gmail.com

ਹੋਰ ਦੇਸ਼ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰਜ ਕੇ ਰਾਜ ਕਮਾਇ ਗਿਆ।

ਜਿਨ੍ਹਾਂ ਪੜਾਵਾਂ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਰਾਜਕਾਲ ਵਿੱਚੋਂ ਲੰਘਣਾ ਪਿਆ ਹੈ, ਉਨ੍ਹਾਂ ਵੱਖ-ਵੱਖ ਪੜ੍ਹਾਵਾਂ ਦਾ ਅਧਿਐਨ ਵੀ ਬੜਾ ਜ਼ਰੂਰੀ ਜਾਪਦਾ ਹੈ।

1801 ਤੋਂ 1821 ਤੱਕ ਮਹਾਰਾਜਾ ਰਣਜੀਤ ਸਿੰਘ ਆਪਣੇ ਵਿਸ਼ਾਲ ਸਾਮਰਾਜ ਨੂੰ ਸਥਾਪਿਤ ਕਰਨ ਵਿੱਚ ਸਫ਼ਲ ਹੋ ਗਿਆ ਸੀ। 1801 ਤੋਂ ਹੀ ਉਸ ਨੇ ਇਸ ਥੰਨ੍ਹੇ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ। ਇੱਕ ਚਤਰ ਕੂਟਨੀਤੀ ਵਿੱਚ ਨਿਪੁੰਨ ਹੋਣ ਦੇ ਪ੍ਰਮਾਣ ਵਜੋਂ ਉਸਨੇ ਆਪਣੇ ਆਦਰਸ਼ ਵਿੱਚ ਸਹਿਜੇ-ਸਹਿਜੇ ਅੱਗੇ ਵੱਧਣ ਨੂੰ ਹੀ ਉੱਚਿਤ ਸਮਿਝਆ।

[1*]"ਸ਼ੁਕਰਚੱਕੀਆ ਮਿਸਲ ਦਾ ਸਰਦਾਰ ਬਣਨ ਤੋਂ ਝੱਟ ਹੀ ਪਿਛੋਂ ਉਸਨੇ ਇਹ ਅਨੁਭਵ ਕਰ ਲਿਆ ਸੀ ਕਿ ਉਸ ਲਈ ਸਾਰੀਆਂ ਮਿਸਲਾਂ ਨਾਲ ਇਕਦਮ ਲੋਹਾ ਲੈਣਾ ਸਿਆਣਪ ਦਾ ਕੰਮ ਨਹੀਂ ਹੋਵੇਗਾ। 1799 ਈਸਵੀ ਵਿੱਚ ਜਦੋਂ ਉਸਨੇ ਲਾਹੌਰ ਨੂੰ ਜਿੱਤ ਲਿਆ ਤਾਂ ਕਈ ਸਰਦਾਰਾਂ ਨੇ ਮਿਲ ਕੇ ਉਸ ਵਿਰੁੱਧ ਇੱਕ ਗੁੱਟ ਬਣਾ ਲਿਆ ਸੀ। ਇਸ ਤੋਂ ਰਣਜੀਤ ਸਿੰਘ ਨੇ ਸਬਕ ਸਿਖ ਲਿਆ। ਇਸ ਲਈ ਉਸਨੇ ਸੋਚ-ਵਿਚਾਰ ਕੇ ਇਹ ਨੀਤੀ ਅਪਣਾਈ ਕਿ ਸ਼ਕਤੀਸ਼ਾਲੀ ਮਿਸਲਾਂ ਨਾਲ ਪਹਿਲਾਂ ਮਿੱਤਰਤਾ ਦੇ ਸੰਬੰਧ ਕਾਇਮ ਕੀਤੇ ਜਾਣ ਅਤੇ ਉਨ੍ਹਾਂ ਦੀ ਮਦਦ ਨਾਲ ਕਮਜ਼ੋਰ ਮਿਸਲਾਂ ਦੇ ਇਲਾਕਿਆਂ ਨੂੰ ਜਿੱਤ ਲਿਆ ਜਾਵੇ ਅਤੇ ਉਸ ਪਿਛੋਂ ਢੁੱਕਵਾਂ ਮੌਕਾ ਤਾੜ ਕੇ ਇਨ੍ਹਾਂ ਤਾਕਤਵਰ ਮਿੱਤਰ-ਮਿਸਲਾਂ ਦੇ ਇਲਾਕਿਆਂ ਉੱਤੇ ਵੀ ਸਹਿਜੇ-ਸਹਿਜੇ ਕਬਜ਼ਾ ਕਰ ਲਿਆ ਜਾਵੇ।"

ਕਨ੍ਹਈਆ ਮਿਸਲ ਅਤੇ ਆਹਲੂਵਾਲੀਆ ਮਿਸਲ ਨਾਲ ਸੰਯੁਕਤ ਜੁੱਟ ਬਣਾ ਕੇ ਮਹਾਰਾਜੇ ਨੇ ਆਪਣੀ ਸ਼ਕਤੀ ਨੂੰ ਮਜ਼ਬੂਤ ਕਰ ਲਿਆ। ਉਸ ਨੇ ਨੀਤੀ ਵਜੋਂ ਸ਼ਕਤੀਸ਼ਾਲੀ ਮਿਸਲਾਂ ਨਾਲ ਟੱਕਰ ਲੈਣੀ ਮੁਨਾਸਿਬ ਨਾ ਸਮਝੀ। 1803 ਵਿੱਚ ਜੱਸਾ ਸਿੰਘ ਰਾਮਗੜ੍ਹੀਆ ਦੇ ਦੇਹਾਂਤ ਤੋਂ ਪਿਛੋਂ ਉਸ ਦੇ ਉਤਰਾਧਿਕਾਰੀ ਜੋਧ ਸਿੰਘ ਨਾਲ ਵੀ ਰਣਜੀਤ ਸਿੰਘ ਨੇ ਸੁਖਾਵੇਂ ਸੰਬੰਧ ਕਾਇਮ ਕਰ ਲਏ ਅਤੇ ਜੋਧ ਸਿੰਘ ਨੇ ਕਈ ਮੁਹਿੰਮਾਂ ਵਿੱਚ ਰਣਜੀਤ ਸਿੰਘ ਦਾ ਪੂਰਾ-ਪੂਰਾ ਸਾਥ ਨਿਭਾਇਆ। ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ਾ ਕਰਨ ਪਿਛੋਂ ਭੰਗੀ ਸਰਦਾਰਾਂ ਨੇ ਜੁੱਟ ਬਣਾ ਕੇ ਭਸੀਨ ਵਿਖੇ ਟਾਕਰਾ ਕਰਨ ਦਾ ਅਸਫ਼ਲ

[1*] ਡਾ. ਏ. ਸੀ. ਅਰੋੜਾ, ਏ ਹਿਸਟਰੀ ਆਫ਼ ਸਿੱਖਸ (1799-1966), ਪੰਨਾ 20



Sri Satguru Jagjit Singh Ji Elibrary NamdhariElibrary@gmail.com

ਯਤਨ ਕੀਤਾ। 1805 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਗੁਲਾਬ ਸਿੰਘ ਭੰਗੀ ਦੀ ਵਿਧਵਾ ਮਾਈ ਸੁੱਖਾਂ ਅਤੇ ਉਸਦੇ ਪੁੱਤਰ ਗੁਰਦਿੱਤ ਸਿੰਘ ਨੂੰ ਹਰਾ ਕੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ। ਇਹ ਇੱਕ ਮਹੱਤਵਪੂਰਨ ਇਤਿਹਾਸਕ ਘਟਨਾ ਸੀ, ਜਿਸ ਨਾਲ ਮਹਾਰਾਜੇ ਨੇ ਹੁਣ ਸਿੱਖਾਂ ਦੇ ਧਾਰਮਿਕ ਕੇਂਦਰੀ ਸਥਾਨ ਉੱਤੇ ਅਧਿਕਾਰ ਪ੍ਰਾਪਤ ਕਰ ਲਿਆ। ਇਸ ਸਮੇਂ ਹੀ ਅਕਾਲੀ ਫੂਲਾ ਸਿੰਘ ਦੀ ਸਰਦਾਰੀ ਹੇਠ 2000 ਤੋਂ ਵੱਧ ਅਕਾਲੀ ਸਿੰਘ ਰਣਜੀਤ ਸਿੰਘ ਦੇ ਨਾਲ ਆ ਮਿਲੇ, ਜਿਨ੍ਹਾਂ ਨੇ ਆਗਾਮੀ ਕਾਲ ਵਿੱਚ ਕਈ ਮੁਹਿੰਮਾਂ ਨੂੰ ਸਰ ਕਰਨ ਵਿੱਚ ਬੜੀ ਬਹਾਦਰੀ ਨਾਲ ਰਣਜੀਤ ਸਿੰਘ ਦਾ ਸਾਥ ਦਿੱਤਾ।

**ਪੰਜਾਬ ਵਿੱਚ ਵਿਸ਼ਾਲ ਸੁਤੰਤਰ ਰਾਜ ਦੀ ਸਥਾਪਨਾ**

ਆਪਣੇ ਰਾਜਕਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਵੱਡੀ ਪ੍ਰਾਪਤੀ ਪੰਜਾਬ ਵਿੱਚ ਵਿਸ਼ਾਲ ਸੁਤੰਤਰ ਰਾਜ ਨੂੰ ਸਥਾਪਿਤ ਕਰ ਦੇਣਾ ਸੀ। ਇਸ ਰਾਜਨੀਤਿਕ ਆਦਰਸ਼ ਦੀ ਪ੍ਰਾਪਤੀ ਲਈ ਉਸ ਨੂੰ ਲੰਮਾ ਸੰਘਰਸ਼ ਕਰਨਾ ਪਿਆ ਅਤੇ ਰਾਜਨੀਤਿਕ ਤੌਰ ਤੇ ਨੀਤੀ ਵਜੋਂ ਕਈ ਪੈਂਤੜੇ ਅਪਨਾਉਣੇ ਪਏ। ਇਨ੍ਹਾਂ ਤੋਂ ਰਣਜੀਤ ਸਿੰਘ ਦੀ ਵਿਅਕਤੀਗਤ ਸੁਘੜਤਾ ਅਤੇ ਰਾਜਨੀਤਿਕ ਸੂਝ-ਬੂਝ ਦਾ ਪ੍ਰਤੱਖ ਪ੍ਰਮਾਣ ਮਿਲ ਜਾਂਦਾ ਹੈ। ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਉਸ ਨੂੰ ਕੁਝ ਹੋਰ ਵਿਅਕਤੀਆਂ, ਸਹਿਯੋਗੀਆਂ ਅਤੇ ਸਲਾਹਕਾਰਾਂ ਦਾ ਸਹਿਯੋਗ ਪ੍ਰਾਪਤ ਸੀ। ਇਸ ਉਪਰੋਕਤ ਆਦਰਸ਼ ਦੀ ਪ੍ਰਾਪਤੀ ਲਈ ਸਮੇਂ ਸਮੇਂ ਸਿਰ ਉਤਪੰਨ ਹੋਈਆਂ ਘਟਨਾਵਾਂ ਅਤੇ ਕਈ ਪੜਾਵਾਂ ਅਨੁਸਾਰ ਉਸਨੂੰ ਆਪਣੀ ਨੀਤੀ ਦਾ ਨਿਰਧਾਰਨ ਕਰਨਾ ਪਿਆ। ਅੱਡ-ਅੱਡ ਟੁਕੜਿਆਂ ਵਿੱਚ ਵੰਡੇ ਹੋਏ ਪੰਜਾਬ ਦੇ ਇਸ ਭੂ-ਖੰਡ ਨੂੰ ਜਿਸ ਵਿੱਚ ਅਨੇਕ ਪ੍ਰਕਾਰ ਦੇ ਹਾਕਮ ਸ਼ਾਸ਼ਨ ਚਲਾ ਰਹੇ ਸਨ, ਦਾ ਏਕੀਕਰਨ ਕਰ ਸਕਣਾ ਕੋਈ ਸੌਖਾ ਕਾਰਜ ਨਹੀਂ ਸੀ। ਇਸ ਵਿੱਚ ਦ੍ਰਿੜ੍ਹਤਾ, ਸੈਨਿਕ ਸੰਗਰਾਮਾਂ ਅਤੇ ਦੂਰਦਰਸ਼ਤਾ ਵਾਲੀ ਨੀਤੀ ਹੀ ਸਹਾਈ ਹੋ ਸਕਦੀ ਸੀ। ਸਮੇਂ-ਸਮੇਂ ਸਿਰ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਸਾਰੀਆਂ ਰਾਜਨੀਤਿਕ ਯੁਗਤਾਂ ਦੀ ਵਰਤੋਂ ਕਰਕੇ ਆਪਣੇ ਉਦੇਸ਼ ਵਿੱਚ ਸਫ਼ਲਤਾ ਨੂੰ ਪ੍ਰਾਪਤ ਕੀਤਾ। ਸਥਾਪਿਤ ਸਿੱਖ ਮਿਸਲਾਂ, ਜਿਨ੍ਹਾਂ ਦੀ ਰਾਜਨੀਤਿਕ ਪ੍ਰਭੂਤਾ ਅਤੇ ਸ਼ਕਤੀ ਭਾਵੇਂ ਹੁਣ ਮਾਂਦੀ ਪੈ ਚੁੱਕੀ ਸੀ, ਪਰ ਹਾਲੀਂ ਵੀ ਉਹ ਆਪਣੀ ਸ਼ਕਤੀ ਤੇ ਪ੍ਰਭੂਤਾ ਦੀ ਰੱਖਿਆ ਲਈ ਸੰਘਰਸ਼ ਕਰ ਸਕਦੇ ਸਨ, ਇਕੱਲੇ ਇਕੱਲੇ ਜਾਂ ਮਿਲ ਕੇ। ਇਸ ਸੰਬੰਧ ਵਿੱਚ ਰਣਜੀਤ ਸਿੰਘ ਨੇ ਛੋਟੀਆਂ ਮਿਸਲਾਂ ਉੱਤੇ ਤਾਂ ਸਿੱਧੇ ਤੌਰ ਤੇ ਕਬਜ਼ਾ ਕਰ ਲਿਆ ਅਤੇ ਤਾਕਤਵਰ ਮਿਸਲਾਂ ਦੇ ਆਗੂਆਂ ਦੀ ਮ੍ਰਿਤੂ ਪਿਛੋਂ ਉਨ੍ਹਾਂ ਦੇ ਵਾਰਿਸਾਂ ਤੋਂ ਉਨ੍ਹਾਂ ਦੇ ਇਲਾਕੇ ਖੋਹ ਕੇ ਆਪਣੇ ਪੇਟੇ ਪਾ ਲਏ। ਇਸ ਸੰਬੰਧ ਵਿੱਚ ਕੀਤੇ ਗਏ ਯਤਨਾਂ ਦਾ ਵੀ ਬੜਾ ਰੌਚਿਕ ਇਤਿਹਾਸ



Sri Satguru Jagjit Singh Ji Elibrary NamdhariElibrary@gmail.com

ਹੈ; ਜਿਸ ਦੇ ਵੇਰਵੇ ਪ੍ਰਮੁੱਖ ਇਤਿਹਾਸਕਾਰਾਂ ਨੇ ਦਿੱਤੇ ਹਨ। ਇੱਥੇ ਇੱਕ ਵੱਡਾ ਪ੍ਰਸ਼ਨ ਉੱਠਦਾ ਹੈ ਕਿ ਕੀ ਇਨ੍ਹਾਂ ਛੋਟੀਆਂ ਸਿੱਖ ਰਿਆਸਤਾਂ (ਮਿਸਲਾਂ) ਉੱਤੇ ਇੱਕ ਪੁਰਖੀ ਸ਼ਾਸਕ ਦਾ ਕਬਜ਼ਾ ਕਰ ਲੈਣਾ ਨੈਤਿਕ ਤੌਰ ਤੇ ਜਾਇਜ਼ ਸੀ, ਕਿਉਂਕਿ ਉਹ ਸਾਰੇ ਮਿਸਲਦਾਰ ਉਸ ਦੇ ਸਹਿ-ਧਰਮੀ ਸਨ ਅਤੇ ਮਹਾਰਾਜਾ ਆਪ ਆਪਣੇ ਆਪ ਨੂੰ 'ਸਰਕਾਰ ਖ਼ਾਲਸਾ' ਦਾ ਸ਼ਾਸਕ ਦੱਸਦਾ ਸੀ। ਜੇਕਰ ਇਨ੍ਹਾਂ ਇਤਿਹਾਸਕ ਤੱਥਾਂ ਤੇ ਘਟਨਾਵਾਂ ਦਾ ਤਾਰਕਿਕ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਾਮੰਤ ਯੁੱਗ ਦੀ ਇਹ ਸਥਾਪਿਤ ਮਰਿਆਦਾ ਹੀ ਬਣ ਚੁੱਕੀ ਸੀ ਕਿ ਆਪਣੀ ਬਲਵਾਨ ਸ਼ਕਤੀ ਦੁਆਰਾ ਦੂਜੇ ਦੇ ਇਲਾਕਿਆਂ ਉੱਤੇ ਕਬਜ਼ਾ ਕਰ ਲੈਣਾ ਅਤੇ ਇਸ ਤਰ੍ਹਾਂ ਦੀਆਂ ਮੱਲ੍ਹਾਂ ਮਾਰ ਕੇ ਆਪਣੇ ਰਾਜ ਦਾ ਵਿਸਥਾਰ ਕਰ ਲੈਣਾ; ਸਾਮੰਤ ਯੁੱਗ ਦੀ ਪਰੰਪਰਾ ਅਨੁਸਾਰ ਨਿੰਦਣੀ ਨਹੀਂ ਸੀ। ਮੱਧਕਾਲ ਦੇ ਸਾਰੇ ਸੰਸਾਰ ਦਾ ਇਤਿਹਾਸ ਅਜਿਹੀਆਂ, ਵੀਰ ਭਾਵੀ ਘਟਨਾਵਾਂ, ਕੀਤੇ ਗਏ ਯੁੱਧਾਂ ਅਤੇ ਇੱਕ-ਦੂਜੇ ਦੇ ਇਲਾਕੇ ਉੱਤੇ ਕਬਜ਼ਾ ਕਰਕੇ ਆਪਣੇ ਰਾਜ ਦਾ ਵਿਸਥਾਰ ਕਰਨ ਦੀਆਂ ਕਾਰਵਾਈਆਂ ਨਾਲ ਭਰਿਆ ਪਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇੱਕ-ਇੱਕ ਕਰਕੇ ਢੁਕਵੇਂ ਸਮੇਂ ਅਨੁਸਾਰ ਇਨ੍ਹਾਂ ਸਿੱਖ ਮਿਸਲਾਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲੈ ਲਿਆ।

1805 ਵਿੱਚ ਅੰਮ੍ਰਿਤਸਰ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲੈਣ ਪਿਛੋਂ 1808 ਵਿੱਚ ਸਿਆਲਕੋਟ ਅਤੇ 1809 ਵਿੱਚ ਗੁਜਰਾਤ ਦੇ ਸਾਹਿਬ ਸਿੰਘ ਭੰਗੀ ਸਰਦਾਰਾਂ ਨੂੰ ਹਾਰ ਦੇ ਕੇ ਉਨ੍ਹਾਂ ਦੇ ਇਲਾਕੇ ਆਪਣੇ ਕਬਜ਼ੇ ਵਿੱਚ ਕਰ ਲਏ। 1807 ਵਿੱਚ ਡੱਲੇਵਾਲੀਆ ਮਿਸਲ; 1809 ਵਿੱਚ ਕਰੋੜ ਸਿੰਘੀਆ ਮਿਸਲ; 1811 ਵਿੱਚ ਨਕੱਈ ਮਿਸਲ ਅਤੇ ਫ਼ੈਜ਼ਲ ਪੁਰੀਆ ਮਿਸਲ ਨੂੰ ਵੀ ਆਪਣੇ ਅਧਿਕਾਰ ਖੇਤਰ ਵਿੱਚ ਲੈ ਲਿਆ।

1811-13 ਵਿੱਚ ਉਸਨੇ ਕਨ੍ਹਈਆ ਮਿਸਲ ਦੇ ਵੀ ਬਹੁਤ ਸਾਰੇ ਇਲਾਕੇ ਆਪਣੇ ਨਾਲ ਰਲਾ ਲਏ ਅਤੇ ਇਥੋਂ ਤੱਕ ਕਿ ਆਪਣੀ ਸਹਾਇਕ ਸੱਸ ਸਦਾ ਕੌਰ ਨੂੰ ਵੀ 1821 ਵਿੱਚ ਕੈਦ ਕਰ ਲਿਆ, ਜਿਸ ਨੂੰ ਕੇਵਲ ਵਦਨੀ ਦੇ ਇਲਾਕੇ ਦੀ ਹੀ ਛੋਟ ਦੇ ਦਿੱਤੀ। ਇਸੇ ਤਰ੍ਹਾਂ 1815 ਵਿੱਚ ਰਾਮਗੜ੍ਹੀਆ ਮਿਸਲ ਦੇ ਸਰਦਾਰ ਜੋਧ ਸਿੰਘ ਦੀ ਮੌਤ ਪਿਛੋਂ ਉਸ ਦੇ ਇਲਾਕੇ ਉੱਤੇ ਵੀ ਕਬਜ਼ਾ ਕਰ ਲਿਆ। ਆਹਲੂਵਾਲੀਆ ਮਿਸਲ ਦਾ ਮੁਖੀ ਸ: ਫ਼ਤਹਿ ਸਿੰਘ ਨਾਲ 1805 ਵਿੱਚ ਤਰਨਤਾਰਨ ਦੇ ਸਥਾਨ ਉੱਤੇ ਪੱਗ ਵਟਾ ਕੇ ਮਹਾਰਾਜੇ ਨੇ ਉਸ ਨੂੰ ਪੱਕੇ ਤੌਰ ਤੇ ਆਪਣਾ ਸਹਿਯੋਗੀ ਬਣਾ ਲਿਆ। ਪਰ 1825-26 ਵਿੱਚ ਉਸ ਨਾਲ ਕੁਝ ਮਤਭੇਦ ਹੋ ਜਾਣ ਕਰਕੇ ਉਸ ਦੇ ਵੀ ਕੁਝ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਕੇਵਲ ਸਤਲੁਜ ਤੋਂ ਪੂਰਵ ਵੱਲ ਦੀ ਫੂਲਕੀਆਂ ਮਿਸਲ ਹੀ ਸੁਰੱਖਿਅਤ ਰਹੀ, ਜਿਨ੍ਹਾਂ ਦੇ



Sri Satguru Jagjit Singh Ji Elibrary NamdhariElibrary@gmail.com

ਰਿਆਸਤੀ ਮੁਖੀਆਂ ਨੇ ਆਪਣੇ ਆਪ ਨੂੰ ਅੰਗਰੇਜ਼ਾਂ ਦੀ ਸੁਰੱਖਿਆ ਅਧੀਨ ਕਰ ਲਿਆ ਸੀ ਅਤੇ ਅੰਮ੍ਰਿਤਸਰ ਦੀ 1809 ਦੀ ਅੰਗਰੇਜ਼ਾਂ ਨਾਲ ਕੀਤੀ ਗਈ ਸੰਧੀ ਅਨੁਸਾਰ ਰਣਜੀਤ ਸਿੰਘ ਦੇ ਰਾਜ ਦੀ ਪੂਰਵੀ ਹੱਦ ਸਤਲੁਜ ਦਰਿਆ ਤੱਕ ਸੀਮਿਤ ਕਰ ਦਿੱਤੀ ਗਈ ਸੀ। ਨਹੀਂ ਤਾ ਰਣਜੀਤ ਸਿੰਘ ਦਾ ਉਨ੍ਹਾਂ ਨੂੰ ਵੀ ਆਪਣੇ ਤਹਿਤ ਵਿੱਚ ਲੈ ਆਉਣਾ ਕੋਈ ਔਖੀ ਗੱਲ ਨਹੀਂ ਸੀ।

ਇਸੇ ਤਰ੍ਹਾਂ ਮਹਾਰਾਜੇ ਨੇ ਕਸੂਰ (1807), ਮੁਲਤਾਨ (1818), ਅਟਕ (1813), ਕਸ਼ਮੀਰ (1819) ਅਤੇ ਪਿਸ਼ਾਵਰ (1834) ਅਤੇ ਡੇਰਿਆਂ (1820-21) ਦੇ ਇਲਾਕੇ ਆਪਣੇ ਰਾਜ ਵਿੱਚ ਸ਼ਾਮਲ ਕਰ ਲਏ ਸਨ। ਇਸ ਉਦੇਸ਼ ਲਈ ਉਸ ਨੂੰ ਸੈਨਿਕ ਕਾਰਵਾਈਆਂ ਵੀ ਕਰਨੀਆਂ ਪਈਆਂ ਅਤੇ ਲਗਾਤਾਰ ਸੈਨਿਕ ਦ੍ਰਿਸ਼ਟੀ ਤੋਂ ਚੌਕਸ ਰਹਿਣਾ ਪਿਆ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਕਾਲ ਵਿੱਚ ਪੰਜਾਬ ਵਿੱਚ ਇੱਕ ਵਿਸ਼ਾਲ ਸਾਮਰਾਜ ਸਥਾਪਿਤ ਕਰਨ ਵਿੱਚ ਕਾਮਯਾਬ ਹੋ ਗਿਆ। ਇਸ ਵਿਸ਼ਾਲ ਸਾਮਰਾਜ ਦੀਆਂ ਹੱਦਾਂ [1*]"ਉੱਤਰ-ਪੱਛਮ ਵਿੱਚ ਸੁਲੇਮਾਨ ਪਰਬਤ ਸ਼੍ਰੇਣੀਆਂ ਨੂੰ ਛੂਹਣ ਲੱਗ ਪਈਆਂ ਸਨ। ਉੱਤਰ ਵਿੱਚ ਉਸ ਦੇ ਰਾਜ ਦਾ ਵਿਸਥਾਰ ਲਦਾਖ ਅਤੇ ਇਸਕਰੂਦ ਤੱਕ ਸੀ। ਪੂਰਬ ਵਿੱਚ ਉਸ ਦਾ ਰਾਜ ਸਤਲੁਜ ਦਰਿਆ ਤੱਕ ਅਤੇ ਦੱਖਣ-ਪੱਛਮ ਵੱਲ ਸ਼ਿਕਾਰਪੁਰ ਤੱਕ ਫੈਲਿਆ ਹੋਇਆ ਸੀ। ਮਹਾਰਾਜਾ ਦੇ ਰਾਜ-ਕਾਲ ਦੇ ਅੰਤਲੇ ਵਰ੍ਹਿਆਂ ਵਿੱਚ ਉਸਦੇ ਰਾਜ ਦਾ ਕੁੱਲ ਖੇਤਰਫਲ 1,00,000 ਵਰਗ ਮੀਲ ਤੋਂ ਵੱਧ ਸੀ।"

ਇੱਕ ਅਨੁਮਾਨ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਾਲਾਨਾ ਆਮਦਨ 3,02,27,762 ਰੁਪਏ ਸੀ, ਜਿਸ ਵਿੱਚੋਂ ਬਹੁਤਾ ਭਾਗ ਭਾਵ 1,27,96,482 ਰੁਪਏ ਸੈਨਾ ਉੱਤੇ ਖ਼ਰਚ ਹੁੰਦੇ ਸਨ।

**1809 ਦੀ ਅੰਗਰੇਜ਼ਾਂ ਨਾਲ ਕੀਤੀ ਗਈ ਇਤਿਹਾਸਕ ਸੰਧੀ**

18ਵੀਂ ਸਦੀ ਵਿੱਚ ਹੀ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਨੇ ਆਪਣੇ ਵਪਾਰਿਕ ਹਿੱਤਾਂ ਤੋਂ ਛੁੱਟ ਰਾਜਨੀਤਿਕ ਉਦੇਸ਼ਾ ਦੀ ਪ੍ਰਾਪਤੀ ਅਰਥਾਤ ਹਿੰਦੁਸਤਾਨ ਵਿੱਚ ਆਪਣੇ ਬਸਤੀਵਾਦੀ ਸਾਮਰਾਜ ਨੂੰ ਕਾਇਮ ਕਰਨ ਦੇ ਕੇਵਲ ਸੁਪਨੇ ਹੀ ਨਹੀਂ ਲਏ ਸਨ, ਸਗੋਂ ਇਸ ਸੰਬੰਧ ਵਿੱਚ ਅਮਲ ਕਰਨਾ ਵੀ ਸ਼ੁਰੂ ਕਰ ਦਿੱਤਾ ਸੀ। ਇੱਕ ਤਾਂ ਈਸਟ ਇੰਡੀਆ ਕੰਪਨੀ ਬਰਤਾਨੀਆ ਵਿੱਚ ਉਦਯੋਗਿਕ ਕ੍ਰਾਂਤੀ ਦੀ ਦੇਣ ਸੀ ਅਤੇ ਦੂਜੇ ਬਰਤਾਨੀਆ ਵਿੱਚ ਹੋਏ ਉਦਯੋਗਿਕ ਵਿਕਾਸ ਨੇ ਉਨ੍ਹਾਂ ਦੀ ਆਰਥਿਕ ਸ਼ਕਤੀ ਨੂੰ ਬਲਵਾਨ ਕਰ ਦਿੱਤਾ ਸੀ। ਤੀਜੇ, ਬਰਤਾਨਵੀ ਅਧਿਕਾਰੀ ਰਾਜਨੀਤਿਕ ਚਾਲਬਾਜੀ ਵਿੱਚ ਬੜੇ ਚਤੁਰ ਅਤੇ ਚਲਾਕ ਸਨ, ਉਨ੍ਹਾਂ ਨੇ ਸਾਰੇ ਸਾਮਰਾਜੀ ਹੱਥ ਕੰਡੇ ਵਰਤ ਕੇ 18ਵੀਂ ਸਦੀ ਦੇ ਅੰਤ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 40



Sri Satguru Jagjit Singh Ji Elibrary NamdhariElibrary@gmail.com

ਤੱਕ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਸੀ। ਕੁਝ ਜ਼ਬਰਦਸਤੀ ਅਤੇ ਧਿਗੋਜ਼ੋਰੀ ਨਾਲ ਫ਼ੌਜੀ ਕਾਰਵਾਈਆਂ ਕਰਕੇ; ਕੁਝ ਰਿਆਸਤਾਂ ਦੇ ਮੁਖੀਆਂ ਦੇ ਸਰਬਰਾਹਾਂ ਨੂੰ ਗੱਦੀਓਂ ਲਾਹੁਣ ਦੇ ਹੱਥ ਕੰਢੇ ਵਰਤ ਕੇ ਅਤੇ ਆਪਣੀ ਸੈਨਿਕ ਸ਼ਕਤੀ ਮਜ਼ਬੂਤ ਕਰਕੇ 18ਵੀਂ ਸਦੀ ਦੇ ਅੰਤ ਤੱਕ ਮੁਗਲਾਂ, ਮਰਹੱਟਿਆਂ ਅਤੇ ਰੋਹੀਲਿਆਂ ਨੂੰ ਸਿਕਸ਼ਤ ਦੇ ਕੇ ਉਹ ਦਿੱਲੀ ਤੱਕ ਆਪਣਾ ਰਾਜ ਅਧਿਕਾਰ ਕਾਇਮ ਕਰ ਚੁੱਕੇ ਸਨ। ਜੇਕਰ ਯੂਰਪ ਵਿੱਚ ਨੀਪੋਲੀਅਨ ਬੋਨਾਪਾਰਟ ਵਰਗੇ ਬਲਵਾਨ ਅਧੀਨਾਇਕ ਨਾਲ ਉਨ੍ਹਾਂ ਦਾ ਟਾਕਰਾ ਨਾ ਹੁੰਦਾ ਤਾਂ ਸ਼ਾਇਦ ਉਹ ਸਾਰੇ ਹਿੰਦੁਸਤਾਨ ਵਿੱਚ ਆਪਣਾ ਬਸਤੀਵਾਦੀ ਸਾਮਰਾਜ ਕਾਇਮ ਕਰਨ ਵਿੱਚ ਪਹਿਲਾਂ ਹੀ ਸਫ਼ਲ ਹੋ ਜਾਂਦੇ। ਉਨ੍ਹਾਂ ਨੂੰ ਇਹ ਖ਼ਤਰਾ ਸਦਾ ਹੀ ਭਾਸਦਾ ਰਿਹਾ ਕਿ ਜੇਕਰ ਨੀਪੋਲੀਅਨ ਨੇ ਏਸ਼ੀਆ ਮਹਾਂਦੀਪ ਨੂੰ ਜਿੱਤਣ ਦਾ ਰੁਖ ਕੀਤਾ ਤਾਂ ਰੂਸ ਅਫ਼ਗਾਨਿਸਤਾਨ ਅਤੇ ਈਰਾਨ ਨੂੰ ਉਸ ਦੇ ਵਿਰੋਧ ਵਿੱਚ ਖੜ੍ਹਾ ਕਰਨਾ ਅਤੇ ਆਪਣੇ ਪੱਖੀ ਬਣਾਉਣਾ ਬੜਾ ਆਵਸ਼ਕ ਸੀ। ਕੂਟ ਨੀਤੀ ਵਿੱਚ ਬਰਤਾਨੀਆ ਦੇ ਸਾਮਰਾਜੀ ਅਧਿਕਾਰੀਆਂ ਦਾ ਕੋਈ ਵਿਰਲਾ ਹੀ ਟਾਕਰਾ ਕਰ ਸਕਦਾ ਸੀ।

1800 ਈਸਵੀ ਵਿੱਚ ਈਸਟ ਇੰਡੀਆ ਕੰਪਨੀ ਨੇ ਯੂਸਫ਼ ਅਲੀ ਨੂੰ ਆਪਣਾ ਦੂਤ ਬਣਾ ਕੇ ਲਾਹੌਰ ਭੇਜਿਆ ਸੀ, ਕਿਉਂ ਜੋ ਉਸ ਸਮੇਂ ਤੱਕ ਹਾਲੀਂ ਉਹ ਨੈਪੋਲੀਅਨ ਦੇ ਭੈਅ ਤੋਂ ਮੁਕਤ ਨਹੀਂ ਹੋਏ ਸਨ। 1803 ਵਿੱਚ ਅੰਗਰੇਜ਼ਾਂ ਨੇ ਮਰਹੱਟਿਆਂ ਨੂੰ ਹਰਾ ਕੇ ਦਿੱਲੀ ਤੱਕ ਆਪਣਾ ਅਧਿਕਾਰ ਖੇਤਰ ਵਧਾ ਲਿਆ। ਜਸਵੰਤ ਰਾਏ ਹੋਲਕਰ ਅੰਗਰੇਜ਼ਾਂ ਵਿਰੁੱਧ ਰਣਜੀਤ ਸਿੰਘ ਤੋਂ ਸਹਾਇਤਾ ਲੈਣਾ ਚਾਹੁੰਦਾ ਸੀ, ਪਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਮੁਖੀ ਸਰਦਾਰਾਂ ਸ: ਫਤਹਿ ਸਿੰਘ ਆਹਲੂਵਾਲੀਆ, ਫ਼ਕੀਰ ਅਜ਼ੀਜ਼-ਉ-ਦੀਨ ਦੀ ਸਲਾਹ ਉੱਤੇ ਅੰਗਰੇਜ਼ਾਂ ਨਾਲ ਟੱਕਰ ਲੈਣੀ ਮੁਨਾਸਿਬ ਨਾ ਸਮਝੀ, ਪਰ ਵਿੱਚ ਵਿਚਾਲਾ ਕਰਕੇ ਜਸਵੰਤ ਰਾਏ ਦੀ ਅੰਗਰੇਜ਼ਾਂ ਨਾਲ ਸੁਲ੍ਹਾ ਕਰਵਾ ਦਿੱਤੀ ਅਤੇ ਕੁਝ ਇਲਾਕੇ ਉਸ ਨੂੰ ਵਾਪਸ ਵੀ ਕਰਵਾ ਦਿੱਤੇ। ਪੰਜਾਬ ਆਪਣੇ ਵਿਸ਼ਾਲ ਰਾਜ ਅਤੇ ਪੰਜਾਬ ਦੇ ਸਿੱਖ ਇਲਾਕੇ ਦੇ ਏਕੀਕਰਨ ਵਿੱਚ ਸਤਲੁਜ ਤੋਂ ਪੂਰਵ ਵੱਲ ਦੀਆਂ ਰਿਆਸਤਾਂ ਵੱਡੀ ਰੋਕ ਸਨ। ਰਣਜੀਤ ਸਿੰਘ ਨੇ ਇਨ੍ਹਾਂ ਰਿਆਸਤਾਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲੈਣ ਦਾ ਮਨਸੂਬਾ ਤਾਂ ਬਣਾਇਆ, ਪਰ ਇਨ੍ਹਾਂ ਕੋਲੋਂ ਸਲਾਨਾ ਕਰ ਵਸੂਲ ਕਰਕੇ ਹੀ ਉਸ ਨੂੰ ਸੰਤੁਸ਼ਟ ਹੋਣਾ ਪਿਆ। ਇਨ੍ਹਾਂ ਰਿਆਸਤਾਂ ਨੇ ਏਸੇ ਵਿੱਚ ਹੀ ਆਪਣੀ ਸੁਰੱਖਿਆ ਅਤੇ ਸਲਾਮਤੀ ਅਨੁਭਵ ਕੀਤੀ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ ਆਕਰਮਣ ਤੋਂ ਬਚਣ ਲਈ ਅੰਗਰੇਜ਼ਾਂ ਦੇ ਸ਼ਰਨਾਗਤ ਹੋ ਜਾਣ। ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਸੁਰੱਖਿਆ ਪ੍ਰਦਾਨ ਕਰ ਦਿੱਤੀ। ਈਸਟ ਇੰਡੀਆ ਕੰਪਨੀ ਹੁਣ ਮਹਾਰਾਜਾ ਰਣਜੀਤ ਸਿੰਘ ਨਾਲ ਸਮਝੌਤਾ ਕਰਨਾ ਚਾਹੁੰਦੀ ਸੀ। ਇਸ ਉਦੇਸ਼ ਲਈ ਉਨ੍ਹਾਂ ਨੇ ਚਾਰਲਸ ਮੈਂਟਕਾਫ ਅਤੇ ਅਖਤਰ ਲੋਨੀ ਵਰਗੇ ਨੀਤੀਵਾਨਾਂ ਨੂੰ ਗੱਲਬਾਤ ਕਰਨ ਲਈ ਦੂਤ ਬਣਾ ਕੇ ਭੇਜਿਆ। ਸਿੱਟੇ ਵਜੋਂ 25 ਅਪਰੈਲ, 1809 ਨੂੰ ਅੰਗਰੇਜ਼ਾਂ ਤੇ ਲਾਹੌਰ ਦਰਬਾਰ ਵਿਚਕਾਰ ਸੰਧੀ ਹੋ ਗਈ, ਜਿਸ ਦੀਆਂ ਸ਼ਰਤਾਂ ਅਨੁਸਾਰ ਇਸ ਸੰਧੀ ਦੇ ਦੂਰਦਰਸ਼ੀ ਸਿੱਟੇ ਨਿਕਲੇ।

ਇਸ ਸੰਧੀ ਅਨੁਸਾਰ ਸਤਲੁਜ ਦਰਿਆ ਨੂੰ ਰਣਜੀਤ ਸਿੰਘ ਦੇ ਰਾਜ ਦੀ ਪੂਰਬੀ ਹੱਦ ਨਿਸ਼ਚਿਤ ਕੀਤਾ ਗਿਆ ਅਤੇ ਸਤਲੁਜ ਤੋਂ ਪੂਰਬ ਵੱਲ ਦੀਆਂ ਰਿਆਸਤਾਂ ਨੂੰ ਅੰਗਰੇਜ਼ਾਂ ਵੱਲੋਂ ਸੁਰੱਖਿਆ ਪ੍ਰਾਪਤ ਹੋਣ ਜਾਣ ਕਾਰਨ ਰਣਜੀਤ ਸਿੰਘ ਦੇ ਸਤਲੁਜ ਤੋਂ ਪੂਰਬ ਵੱਲ ਦੇ ਇਲਾਕਿਆਂ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰਨ ਦੇ ਸੁਪਨੇ ਖੇਰੂੰ-ਖੇਰੂੰ ਹੋ ਗਏ। ਅੰਗਰੇਜ਼ਾਂ ਨੇ ਲੁਧਿਆਣੇ ਵਿੱਚ ਆਪਣੀ ਛਾਉਣੀ ਪੱਕੀ ਕਰ ਲਈ, ਜਿਸ ਦਾ ਟਾਕਰਾ ਕਰਨ ਲਈ ਸਤਲੁਜ ਦੇ ਪੱਛਮ ਵੱਲ ਮਹਾਰਾਜਾ ਰਣਜੀਤ ਸਿੰਘ ਨੂੰ ਫਿਲੌਰ ਵਿਖੇ ਕਿਲ੍ਹਾ ਬਣਾ ਕੇ ਆਪਣੀ ਸੈਨਿਕ ਛਾਉਣੀ ਬਣਾਉਣੀ ਪਈ।

ਇਸ ਸੰਧੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਪੂਰਬੀ ਹੱਦ ਕਿਉਂ ਜੋ ਸਤਲੁਜ ਦਰਿਆ ਨੂੰ ਨਿਸ਼ਚਿਤ ਕਰ ਦਿੱਤਾ ਸੀ, ਇਸ ਲਈ ਉਸ ਦਾ ਸਾਰਾ ਧਿਆਨ ਹੁਣ ਉਤਰੀ ਪੱਛਮੀ ਪੰਜਾਬ ਵੱਲ ਹੋ ਗਿਆ। ਇਸ ਸੰਬੰਧ ਵਿੱਚ ਉਸ ਨੂੰ ਕਈ ਸੈਨਿਕ ਸੰਗਰਾਮ ਕਰਨੇ ਪਏ। ਪਰ 1821 ਤੱਕ ਉਹ ਕਾਂਗੜਾ ਅਤੇ ਉਸ ਦੇ ਨੇੜੇ-ਤੇੜੇ ਦੀਆਂ ਪੂਰਬ ਦੀਆਂ ਰਿਆਸਤਾਂ ਤੋਂ ਬਿਨਾਂ ਜੰਮੂ, ਮੁਲਤਾਨ, ਕਸੂਰ, ਕਸ਼ਮੀਰ ਅਤੇ ਅਟਕ ਤੇ ਡੇਹਰਿਆਂ ਦੇ ਇਲਾਕੇ ਨੂੰ ਆਪਣੇ ਰਾਜ ਵਿੱਚ ਸ਼ਾਮਲ ਕਰਨ ਵਿੱਚ ਸਫ਼ਲ ਹੋ ਗਿਆ। ਪਿਛੋਂ ਉਸਨੇ ਕਸ਼ਮੀਰ, ਲਦਾਖ ਅਤੇ ਪਿਸ਼ਾਵਰ ਤੱਕ ਅਫ਼ਗਾਨਿਸਤਾਨ ਦੀ ਉੱਤਰ-ਪੱਛਮੀ ਹੱਦ ਤੱਕ ਆਪਣੇ ਰਾਜ ਦਾ ਵਿਸਥਾਰ ਕਰ ਲਿਆ। ਦੂਜੇ ਬੰਨ੍ਹੇ ਦੱਖਣ-ਪੱਛਮ ਵੱਲ ਦਰਿਆ ਸਿੰਧ ਤੱਕ ਉਸ ਦੇ ਰਾਜ ਦਾ ਪਾਸਾਰ ਹੋ ਗਿਆ।

**ਰਣਜੀਤ ਸਿੰਘ ਦੀ ਆਦਰਸ਼ਕ ਨੀਤੀ**

ਸ਼ੁਰੂ ਸ਼ੁਰੂ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਨੇ ਇਹ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ ਕਿ ਮਜ਼ਬੂਤ ਸੈਨਿਕ ਸ਼ਕਤੀ ਦੇ ਸੰਗਠਨ ਤੋਂ ਬਿਨਾਂ ਉਹ ਆਪਣੇ ਸਥਾਪਿਤ ਰਾਜ ਨੂੰ ਸਥਿਰ ਨਹੀਂ ਰੱਖ ਸਕੇਗਾ। ਆਪਣੀ ਸਾਰੀ ਆਯੂ ਵਿੱਚ ਉਸਨੇ ਆਪਣੇ ਰਾਜ ਦੀ ਸੈਨਿਕ ਸ਼ਕਤੀ ਨੂੰ ਬਲਵਾਨ ਬਣਾਉਣ ਵੱਲ ਉਚੇਚਾ ਧਿਆਨ ਦਿੱਤਾ ਅਤੇ ਉਸ ਦੇ ਰਾਜ ਦੇ ਵਿਸਥਾਰ ਤੇ ਸਥਿਰਤਾ ਲਈ ਉਸ ਵੱਲੋਂ ਸੰਗਠਿਤ ਕੀਤੀ ਗਈ ਬਲਵਾਨ ਸੈਨਿਕ ਸ਼ਕਤੀ ਦਾ ਸ਼ਾਇਦ



Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਵੱਡਾ ਹੱਥ ਸੀ।

ਮਹਾਰਾਜਾ ਰਣਜੀਤ ਸਿੰਘ ਵਿੱਚ ਇੱਕ ਪ੍ਰਸ਼ਾਸ਼ਕ ਵਜੋਂ ਕਈ ਗੁਣ ਅਤੇ ਖੂਬੀਆਂ ਮੌਜੂਦ ਸਨ। ਉਸਨੇ ਜਦੋਂ ਵੀ ਕਿਸੇ ਇਲਾਕੇ ਜਾਂ ਰਿਆਸਤ ਨੂੰ ਜਿੱਤ ਕੇ ਆਪਣੇ ਰਾਜ ਨਾਲ ਮਿਲਾਇਆ ਤਾਂ ਉੱਥੋਂ ਦੇ ਹਾਰੇ ਹੋਏ ਹੁਕਮਰਾਨਾਂ ਨੂੰ ਕਈ ਵਾਰ ਤਾਂ ਉਥੋਂ ਦਾ ਪ੍ਰਸ਼ਾਸਨ ਹੀ ਸੰਭਾਲ ਦਿੱਤਾ ਅਤੇ ਬਹੁਤੀ ਵਾਰ ਗੁਜ਼ਾਰੇ ਜੋਗੀਆਂ ਵੱਡੀਆਂ-ਵੱਡੀਆਂ ਜਗੀਰਾਂ ਦੇ ਕੇ ਸੰਤੁਸ਼ਟ ਕਰ ਦਿੱਤਾ। ਕਸੂਰ ਦੇ ਹਾਕਮ ਨਵਾਬ ਨਿਜ਼ਾਮ-ਉਦ-ਦੀਨ ਨੂੰ ਕਸੂਰ ਦੀ ਜਿੱਤ ਪਿਛੋਂ ਮੰਮਦੋਟ ਦੇ ਇਲਾਕੇ ਵਿੱਚ ਵੱਡੀ ਜਗੀਰ ਦੇ ਦਿੱਤੀ ਸੀ। ਇਸੇ ਤਰ੍ਹਾਂ ਉਸ ਨੇ ਬਾਕੀ ਦੇ ਸਰਦਾਰਾਂ ਅਤੇ ਮਿਸਲਾਂ ਦੇ ਮੁਖੀਆਂ ਨਾਲ ਅਜਿਹਾ ਹੀ ਵਿਹਾਰ ਕੀਤਾ, ਜਿਸ ਨਾਲ ਮਹਾਰਾਜਾ ਰਣਜੀਤ ਸਿੰਘ ਅਰਥਾਤ ਖ਼ਾਲਸਾ ਦਰਬਾਰ ਅਤੇ ਉਨ੍ਹਾਂ ਵਿਚਾਲੇ ਕਿਸੇ ਕਿਸਮ ਦੀ ਕੁੜੱਤਣ ਪੈਦਾ ਨਾ ਹੋ ਸਕੀ।

ਮਹਾਰਾਜਾ ਰਣਜੀਤ ਸਿੰਘ ਵਿੱਚ ਇੱਕ ਹੋਰ ਆਚਰਨਿਕ ਗੁਣ ਆਪਣੇ ਰਾਜ ਦੀ ਸਾਰੀ ਪਰਜਾ ਪ੍ਰਤੀ ਧਾਰਮਿਕ ਪੱਖਪਾਤ ਤੋਂ ਉੱਚਾ ਉੱਠ ਕੇ ਸਮ ਦ੍ਰਿਸ਼ਟੀ ਰੱਖਣਾ ਅਤੇ ਸਭ ਧਰਮਾਂ ਨਾਲ ਇਕਸਾਰ ਵਰਤਾਓ ਕਰਨਾ ਸੀ। ਇਸ ਲਈ ਉਸ ਦਾ ਰਾਜ ਉਸ ਧਾਰਮਿਕ ਖਿਚੋਤਾਣ ਅਤੇ ਤੁਅਸਬ ਤੋਂ ਸਦਾ ਬਚਿਆ ਰਿਹਾ, ਜੋ 18ਵੀਂ ਸਦੀ ਅਤੇ ਉਸ ਤੋਂ ਪਹਿਲਾਂ ਸਾਰੇ ਇਸਲਾਮੀ ਸ਼ਾਸ਼ਨ ਕਾਲ ਵਿੱਚ ਵੱਡੀ ਲਾਹਨਤ ਸੀ, ਜਿਸ ਕਾਰਨ ਹਜ਼ਾਰਾਂ ਨਹੀਂ ਸਗੋਂ ਲੱਖਾਂ ਲੋਕਾਂ ਨੂੰ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋ ਕੇ ਮੌਤ ਦੇ ਘਾਟ ਉਤਰਨਾ ਪਿਆ। ਇਸ ਦੇ ਉਲਟ ਸੱਚ ਤਾਂ ਇਹ ਹੈ ਕਿ ਭਾਵੇਂ ਮਹਾਰਾਜਾ ਰਣਜੀਤ ਸਿੰਘ ਆਪਣੇ ਧਰਮ-ਕਰਮ ਵਿੱਚ ਸਿੱਖ ਮਰਿਆਦਾ ਜਾਂ ਧਰਮ ਦਾ ਅਨਿਨ ਉਪਾਸ਼ਕ ਸੀ, ਪਰ ਉਸਨੇ ਮੁਸਲਮਾਨਾਂ, ਹਿੰਦੂਆਂ, ਈਸਾਈਆਂ ਦੀ ਧਾਰਮਿਕ ਮਰਿਆਦਾ ਦਾ ਪੂਰਨ ਸਤਿਕਾਰ ਕੀਤਾ ਅਤੇ ਸਿੱਖ ਧਰਮ ਸਥਾਨਾਂ ਸਮਾਨ ਦੂਜੇ ਧਰਮਾਂ ਦੇ ਮੁੱਖ ਸਥਾਨਾਂ ਨੂੰ ਵੱਡੀਆਂ-ਵੱਡੀਆਂ ਜਗੀਰਾਂ, ਸੁਰੱਖਿਆ ਅਤੇ ਇਮਾਰਤਾਂ ਬਣਾਉਣ ਲਈ ਨਾ ਕੇਵਲ ਖੁੱਲ੍ਹ ਦਿੱਤੀ, ਸਗੋਂ ਇਸ ਪੱਖ ਤੋਂ ਉਨ੍ਹਾਂ ਦੀ ਵਿੱਤੀ ਸਹਾਇਤਾ ਵੀ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿੱਚ ਕਿਸੇ ਨੂੰ ਵੀ ਜ਼ਬਰਦਸਤੀਂ ਧਰਮ ਬਦਲੀ ਨਹੀਂ ਕਰਨੀ ਪਈ, ਨਾ ਹੀ ਕਿਸੇ ਨੂੰ ਫੌਜੀ ਕਾਰਵਾਈ ਤੋਂ ਬਿਨਾਂ ਮੌਤ ਦੀ ਸਜ਼ਾ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੀ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸਫ਼ਲਤਾ ਦਾ ਵੱਡਾ ਕਾਰਨ ਉਸ ਦੇ ਸੁਯੋਗ ਅਧਿਕਾਰੀ ਜਾਂ ਮੰਤਰੀ ਮੰਡਲ ਦੇ ਮੁਖੀ ਸਨ। ਇਸ ਮੰਤਰੀ ਮੰਡਲ ਵਿੱਚ ਸਾਰੇ ਧਰਮਾਂ ਦੇ ਸੁਘੜ ਅਤੇ ਦਾਨਸ਼ਵਰ ਵਿਅਕਤੀ ਸਨ, ਜੋ ਆਪਣੇ-ਆਪਣੇ ਕਾਰਜ ਖੇਤਰ ਵਿੱਚ ਬੜੇ ਨਿਪੁੰਨ ਅਤੇ ਮਾਹਿਰ ਸਨ। ਮਹਾਰਾਜਾ



Sri Satguru Jagjit Singh Ji Elibrary NamdhariElibrary@gmail.com

ਰਣਜੀਤ ਸਿੰਘ ਦੀ ਇੱਕ ਹੋਰ ਵਿਸ਼ੇਸ਼ਤਾ ਆਪਣੇ ਅਹਿਲਕਾਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਚੁਣਨਾ ਅਤੇ ਉੱਚਿਤ ਪੱਦਵੀ ਉੱਤੇ ਨਿਯੁਕਤ ਕਰਨਾ ਸੀ। ਇਸ ਸੰਬੰਧ ਵਿੱਚ ਉਸਨੇ ਧਾਰਮਿਕ ਪੱਖਪਾਤ ਅਤੇ ਜਾਤ-ਪਾਤ ਅਤੇ ਸਿਫ਼ਾਰਿਸ਼ਾਂ ਨੂੰ ਕਦੀ ਵੀ ਧਿਆਨ ਵਿੱਚ ਨਹੀਂ ਲਿਆਂਦਾ, ਸਗੋਂ ਉਨ੍ਹਾਂ ਦੀ ਯੋਗਤਾ ਅਤੇ ਕੁਸ਼ਲਤਾ ਨੂੰ ਹੀ ਸਦਾ ਸਾਹਮਣੇ ਰੱਖਿਆ ਹੈ। ਇਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਬੜੀ ਸੁਹਿਰਦਤਾ ਨਾਲ ਆਪਣੀ ਰਾਜ ਭਗਤੀ ਅਤੇ ਸੁਹਿਰਦ ਸੇਵਾ ਭਾਵ ਦਾ ਅਦੁੱਤੀ ਪ੍ਰਮਾਣ ਸਥਾਪਿਤ ਕੀਤਾ। ਇਸ ਸੰਬੰਧ ਵਿੱਚ ਡਾ: ਏ.ਸੀ. ਅਰੋੜਾ ਲਿਖਦਾ ਹੈ : [1*]"ਅਸਲ ਵਿੱਚ ਲੋਕ-ਹਿੱਤਾਂ ਦੇ ਕੰਮਾਂ ਵਿੱਚ ਉਹ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਵਿੱਚ ਕੋਈ ਭੇਦ-ਭਾਵ ਨਹੀਂ ਰੱਖਦਾ ਸੀ। ਉੱਚ ਸਰਕਾਰੀ ਪੱਦਵੀਆਂ ਉੱਤੇ ਲੋਕਾਂ ਨੂੰ ਨਿਯੁਕਤ ਕਰਨ ਸਮੇਂ ਮਹਾਰਾਜਾ ਧਰਮ, ਜ਼ਾਤ, ਰੰਗ ਆਦਿ ਦੇ ਭੇਦ ਭਾਵ ਵੱਲ ਕੋਈ ਧਿਆਨ ਨਹੀਂ ਦਿੰਦਾ ਸੀ। ਆਮ ਤੌਰ ਤੇ ਯੋਗਤਾ ਦੇ ਆਧਾਰ 'ਤੇ ਹੀ ਸਰਕਾਰੀ ਨੌਕਰੀਆਂ ਦਿੱਤੀਆਂ ਜਾਂਦੀਆਂ ਸਨ। ਮਹਾਰਾਜੇ ਦਾ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼-ਉ-ਦੀਨ ਇੱਕ ਮੁਸਲਮਾਨ ਸੀ। ਉਸ ਦੇ ਦੋ ਭਰਾ ਨੂਰ-ਉ-ਦੀਨ ਅਤੇ ਇਮਾਮ-ਉ-ਦੀਨ ਵੀ ਉੱਚੀਆਂ ਪੱਦਵੀਆਂ ਤੇ ਲੱਗੇ ਹੋਏ ਸਨ। ਡਾ: ਭਗਤ ਸਿੰਘ ਨੇ ਆਪਣੀਆਂ ਖੋਜਾਂ ਦੇ ਆਧਾਰ ਤੇ ਲਿਖਿਆ ਹੈ ਕਿ ਰਣਜੀਤ ਸਿੰਘ ਦੇ ਰਾਜ ਵਿੱਚ 92 ਮੁਸਲਮਾਨ ਭਿੰਨ-ਭਿੰਨ ਵਿਭਾਗਾਂ ਵਿੱਚ ਉੱਚ ਕਰਮਚਾਰੀ ਸਨ। ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਧਿਆਨ ਸਿੰਘ ਡੋਗਰਾ ਰਾਜਪੂਤ ਸੀ। ਉਸ ਦੇ ਦੋ ਭਰਾ - ਗੁਲਾਬ ਸਿੰਘ ਅਤੇ ਸੁਚੇਤ ਸਿੰਘ ਵੀ ਲਾਹੌਰ ਦਰਬਾਰ ਦੇ ਮਹੱਤਵਪੂਰਨ ਅਧਿਕਾਰੀਆਂ ਵਿੱਚੋਂ ਸਨ। ਦੀਵਾਨ ਭਵਾਨੀਦਾਸ, ਗੰਗਾ ਰਾਮ ਅਤੇ ਦੀਨਾ ਨਾਥ ਜੋ ਵੱਖ-ਵੱਖ ਸਮਿਆਂ ਵਿੱਚ ਰਣਜੀਤ ਸਿੰਘ ਦੇ ਵਿੱਤ ਮੰਤਰੀ ਰਹੇ, ਹਿੰਦੂ ਸਨ। ਇਸੇ ਤਰ੍ਹਾਂ ਰਣਜੀਤ ਸਿੰਘ ਦੇ ਤਿੰਨ ਮੁੱਖ ਸੈਨਿਕ ਅਧਿਕਾਰੀ, ਦੀਵਾਨ ਮੋਹਕਮ ਚੰਦ, ਮਿਸਰ ਦੀਵਾਨ ਚੰਦ ਅਤੇ ਦੀਵਾਨ ਰਾਮ ਦਿਆਲ ਅਤੇ ਦੋ ਸੂਬਿਆਂ ਦੇ ਨਾਜ਼ਿਮ, ਮੁਲਤਾਨ ਦਾ ਸਾਵਨ ਮੱਲ ਅਤੇ ਕਸ਼ਮੀਰ ਦਾ ਮੋਤੀ ਰਾਮ ਵੀ ਹਿੰਦੂ ਸਨ। ਵੈਂਤੂਰਾ, ਅਲਾਰਡ, ਕੋਰਟ, ਗਾਰਡਨਰ ਆਦਿ ਯੂਰਪੀ ਈਸਾਈ ਰਣਜੀਤ ਸਿੰਘ ਦੀ ਸੈਨਾ ਦੇ ਸਭ ਤੋਂ ਪ੍ਰਮੁੱਖ ਅਧਿਕਾਰੀਆਂ ਵਿੱਚੋਂ ਸਨ। ਹਰੀ ਸਿੰਘ ਨਲਵਾ, ਅੱਤਰ ਸਿੰਘ, ਦੇਸਾ ਸਿੰਘ ਅਤੇ ਲਹਿਣਾ ਸਿੰਘ ਮਹਾਰਾਜੇ ਦੇ ਦਰਬਾਰ ਦੇ ਪ੍ਰਮੁੱਖ ਸੈਨਿਕ ਅਤੇ ਪ੍ਰਸ਼ਾਸਕ ਸਿੱਖ ਅਧਿਕਾਰੀ ਸਨ। ਅਜਿਹਾ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 70



Sri Satguru Jagjit Singh Ji Elibrary NamdhariElibrary@gmail com

ਪ੍ਰਤੀਤ ਹੁੰਦਾ ਹੈ ਕਿ ਲਾਹੌਰ ਦਰਬਾਰ ਦੇ ਸਭ ਤੋਂ ਉੱਚੇ ਅਧਿਕਾਰੀਆਂ ਵਿੱਚ ਗ਼ੈਰ-ਸਿੱਖਾਂ ਦੀ ਗਿਣਤੀ ਸਿੱਖਾਂ ਤੋਂ ਕਿਤੇ ਵਧੀਕ ਸੀ। ਇਸ ਤੋਂ ਮਹਾਰਾਜੇ ਦੀ ਉਦਾਰਤਾ ਦਾ ਸਭ ਤੋਂ ਵੱਡਾ ਸਬੂਤ ਮਿਲਦਾ ਹੈ।"

ਇਸ ਸਾਰੇ ਕੁਝ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਇੱਕ ਪੁਰਖੀ ਨਿਰੰਕੁਸ਼ ਸਮਰਾਟ ਸੀ। ਆਪਣੇ ਰਾਜ ਦਾ ਉਹ ਸਰਵ-ਉੱਚ ਪ੍ਰਭੁਤਾ ਸਪੰਨ ਏਕਾਅਧਿਕਾਰੀ ਸੀ। ਸਾਰੇ ਰਾਜ ਵਿੱਚ ਉਸ ਦਾ ਇੱਕ ਪੁਰਖੀ ਸ਼ਾਸ਼ਨ ਚੱਲਦਾ ਸੀ। ਉਸ ਦੇ ਬਹੁਤ ਸਾਰੇ ਨੇਮ ਵੀ ਉਸ ਦੇ ਆਪਣੇ ਬਣਾਏ ਹੋਏ ਸਨ। ਕੋਈ ਵੀ ਉਸ ਦੇ ਹੁਕਮਾਂ ਦੀ ਅਦੂਲੀ ਨਹੀਂ ਸੀ ਕਰ ਸਕਦਾ ਅਤੇ ਉਸ ਦੀ ਮਰਜ਼ੀ ਤੋਂ ਬਿਨਾਂ ਉਸ ਦੇ ਰਾਜ ਵਿੱਚ ਪੱਤਾ ਵੀ ਨਹੀਂ ਸੀ ਝੁਲ ਸਕਦਾ, ਪਰ ਇਤਨੀ ਸ਼ਕਤੀ ਆਪਣੇ ਨਿੱਜ ਵਿੱਚ ਕੇਂਦਰਤ ਕਰਨ ਦੇ ਬਾਵਜੂਦ ਉਹ ਸਭ ਦਾ ਸਹਿਯੋਗ ਲੈਂਦਾ ਸੀ ਅਤੇ ਕਿਸੇ ਉੱਤੇ ਵੀ ਆਪਣੀ ਸਖਸ਼ੀਅਤ ਨੂੰ ਭਾਰੂ ਨਹੀਂ ਸੀ ਹੋਣ ਦਿੰਦਾ, ਸਗੋਂ ਸਾਰੇ ਉਸ ਦੀ ਅਪਣਤ ਦੀ ਭਾਵਨਾ ਵਿੱਚ ਪ੍ਰੋਤੇ ਹੋਏ ਉਸ ਨਾਲ ਪ੍ਰੇਮ ਵੀ ਕਰਦੇ ਸਨ; ਉਸ ਦਾ ਸਤਿਕਾਰ ਵੀ ਕਰਦੇ ਸਨ ਅਤੇ ਉਸ ਨੂੰ ਆਪਣਾ ਹਿੱਤਕਾਰੀ ਮੰਨਦੇ ਸਨ। ਇਸ ਸੰਬੰਧ ਵਿੱਚ [1*]ਡਾ: ਹਰੀ ਰਾਮ ਗੁਪਤਾ ਮਹਾਰਾਜਾ ਰਣਜੀਤ ਸਿੰਘ ਦੇ ਹਰਮਨ ਪਿਆਰੇ ਹੋਣ ਦੇ ਕਾਰਨਾਂ ਦਾ ਉਲੇਖ ਇਸ ਪ੍ਰਕਾਰ ਕਰਦਾ ਹੈ :

1. ਰਣਜੀਤ ਸਿੰਘ ਨੇ ਲੋਕਾਂ ਦੇ ਨਿੱਜੀ ਰੀਤੀ-ਰਿਵਾਜ਼ਾਂ, ਪਰੰਪਰਾਵਾਂ ਵਿੱਚ ਕਦੀ ਦਖਲ ਨਹੀਂ ਸੀ ਦਿੱਤਾ, ਸਗੋਂ ਉਨ੍ਹਾਂ ਦਾ ਸਦਾ ਸਤਿਕਾਰ ਕੀਤਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਿਆ।
2. ਪਿੰਡਾਂ ਵਿੱਚ ਪੰਚਾਇਤਾਂ ਨੂੰ ਪ੍ਰਬੰਧ ਚਲਾਉਣ ਦੀ ਪੂਰੀ-ਪੂਰੀ ਆਜ਼ਾਦੀ ਸੀ।
3. ਉਹ ਹਰ ਧਰਮ ਦਾ ਸਮਾਨ ਸਤਿਕਾਰ ਕਰਦਾ ਸੀ।
4. ਉਸਨੇ ਕਦੀ ਵੀ ਹੋਰ ਧਰਮਾਂ ਦੇ ਲੋਕਾਂ ਨੂੰ ਸਿੱਖ ਮਤ ਧਾਰਨ ਕਰਨ ਲਈ ਮਜ਼ਬੂਰ ਨਹੀਂ ਸੀ ਕੀਤਾ।
5. ਉਹ ਮੁਲਾਜ਼ਮ ਰੱਖਣ ਸਮੇਂ ਨਿਰਪੱਖਤਾ ਦੀ ਦ੍ਰਿਸ਼ਟੀ ਤੋਂ ਨਿਯੁਕਤੀਆਂ ਕਰਦਾ ਸੀ ਅਤੇ ਉਮੀਦਵਾਰਾਂ ਦੀ ਯੋਗਤਾ ਅਤੇ ਚਰਿੱਤਰ ਨੂੰ ਵੀ ਸਨਮੁੱਖ ਰੱਖਦਾ ਸੀ।
6. ਸਭ ਧਰਮਾਂ ਦੇ ਧਾਰਮਿਕ ਸਥਾਨਾਂ ਦਾ ਬਰਾਬਰ ਦਾ ਖਿਆਲ ਰੱਖਿਆ ਜਾਂਦਾ ਸੀ।
7. ਹਰ ਆਦਮੀ ਨਾਲ ਬਰਾਬਰ ਦਾ ਨਿਆਂ ਕੀਤਾ ਜਾਂਦਾ ਸੀ।
8. ਉਹ ਸਭ ਧਰਮਾਂ ਦੇ ਮੇਲਿਆਂ, ਮੁਸਾਇਬਿਆਂ ਅਤੇ ਉਤਸਵਾਂ ਵਿੱਚ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ (1799-1839, ਜਿਲਦ ਪੰਜਵੀਂ, ਪੰਨਾ 59.



Sri Satguru Jagjit Singh Ji Elibrary NamdhariElibrary@gmail.com

ਹਿੱਸਾ ਲੈਂਦਾ ਸੀ।

9. ਉਸਨੇ ਖੇਤੀਬਾੜੀ, ਵਣਜ-ਵਪਾਰ ਅਤੇ ਉਦਯੋਗਾਂ ਦੀ ਉੱਨਤੀ ਕਰਨ ਵਿੱਚ ਯੋਗਦਾਨ ਪਾਇਆ।
10. ਉਹ ਆਪਤੀ ਸਮੇਂ ਹੜ੍ਹਾਂ, ਮਹਾਂਮਾਰੀ ਅਤੇ ਕਾਲਾਂ ਦੇ ਸਮੇਂ ਆਪਣੀ ਪਰਜਾ ਦੀ ਖੁੱਲ੍ਹੇ ਦਿਲ ਨਾਲ ਮਦਦ ਕਰਦਾ ਸੀ।
11. ਉਸਨੇ ਸੈਨਿਕਾਂ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਕਿਸੇ ਵੀ ਸ਼ਹਿਰੀ ਨੂੰ ਤੰਗ ਨਾ ਕਰਨ ਅਤੇ ਨਾ ਹੀ ਉਨ੍ਹਾਂ ਦਾ ਕੋਈ ਨੁਕਸਾਨ ਕਰਨ।
12. ਸਾਰੇ ਝਗੜੇ ਸ਼ਾਸ਼ਤਰਾਂ, ਸ਼ਰੀਅਤ ਅਤੇ ਪੁਰਾਣੀ ਸਥਾਪਿਤ ਰਹੁ-ਰੀਤ ਅਨੁਸਾਰ ਨਜਿੱਠੇ ਜਾਂਦੇ ਸਨ। ਇਸ ਨਾਲ ਸਾਰੇ ਧਿਰ ਸੰਤੁਸ਼ਟ ਹੋ ਜਾਂਦੇ ਸਨ।
13. ਹਰ ਵਿਅਕਤੀ ਅਤੇ ਉਸਦੀ ਸੰਪਤੀ ਦੀ ਪੂਰਨ ਸੁਰੱਖਿਆ ਦੀ ਜ਼ਾਮਨੀ ਦਿੱਤੀ ਜਾਂਦੀ ਸੀ।

## ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦਾ ਇਤਿਹਾਸਿਕ ਗੌਰਵ

ਪੰਜਾਬ ਦੇ 10ਵੀਂ ਸਦੀ ਦੇ ਅੰਤ ਵਿੱਚ ਮੁਸਲਿਮ ਸ਼ਾਸ਼ਨ ਕਾਲ ਵਿੱਚ ਆ ਜਾਣ ਪਿਛੋਂ ਲਗਭਗ 8 ਸਦੀਆਂ ਪਿਛੋਂ ਪੰਜਾਬ ਨੇ ਆਪਣੀ ਸੁਤੰਤਰਤਾ ਨੂੰ ਪੂਰਨ ਰੂਪ ਵਿੱਚ ਮੁੜ ਪ੍ਰਾਪਤ ਕੀਤਾ। ਇਸ ਸੁਤੰਤਰਤਾ ਪ੍ਰਾਪਤੀ ਲਈ ਇੱਕ ਸਦੀ ਤੱਕ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਸੰਘਰਸ਼ ਕਰਨਾ ਪਿਆ, ਅਤੇ ਲੱਖਾਂ ਦੀ ਗਿਣਤੀ ਵਿੱਚ ਕੁਰਬਾਨੀਆਂ ਦੇਣੀਆਂ ਪਈਆਂ। ਅਸਹਿ ਅਤੇ ਅਕਹਿ ਕਸ਼ਟਾਂ ਦੇ ਦੌਰ ਵਿੱਚੋਂ ਲੰਘਣਾ ਪਿਆ। 18ਵੀਂ ਸਦੀ ਦੇ ਅੱਧ ਵਿੱਚ ਸਿੱਖ ਮਿਸਲਾਂ ਦੇ ਕਾਇਮ ਹੋ ਜਾਣ ਨਾਲ ਇਸ ਸੁਤੰਤਰਤਾ ਦੀ ਨੀਂਹ ਰੱਖੀ ਗਈ, ਜਿਸ ਦਾ ਆਧਾਰ ਅਤੇ ਸਰੂਪ ਖੁੱਲ੍ਹੇ ਸਿੱਖ ਰਾਸ਼ਟਰ ਮੰਡਲ ਵਾਲਾ ਸੀ, ਪਰ ਇਸ ਸਭ ਦਾ ਸਿਹਰਾ ਮਹਾਰਾਜਾ ਰਣਜੀਤ ਸਿੰਘ ਦੇ ਬਲਵਾਨ ਵਿਅਕਤੀਤਵ ਅਤੇ ਦੂਰਦਰਸ਼ਤਾ ਨੂੰ ਜਾਂਦਾ ਹੈ, ਜਿਸਨੇ ਆਪਣੇ ਜੀਵਨ ਕਾਲ ਵਿੱਚ ਕਈ ਸੰਗਰਾਮ ਮੰਡ ਕੇ ਆਪਣੀ ਰਾਜਨੀਤਿਕ ਸੁਘੜਤਾ ਦਾ ਪ੍ਰਮਾਣ ਦੇ ਕੇ ਇਸ ਵਿਸ਼ਾਲ ਸੁਤੰਤਰ ਰਾਜ ਨੂੰ ਹੋਂਦ ਵਿੱਚ ਲਿਆਂਦਾ। ਪੰਜਾਬ ਦੇ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜਕਾਲ ਹੀ ਵਿਸ਼ੇਸ਼ ਇਤਿਹਾਸਕ ਯੁੱਗ ਦੀ ਵਿਸ਼ੇਸ਼ਤਾ ਦਾ ਧਾਰਨੀ ਹੈ, ਕਿਉਂ ਜੋ 18ਵੀਂ ਸਦੀ ਦੇ ਮੱਧ ਤੱਕ ਅਤੇ ਫਿਰ 1849 ਤੋਂ ਲੈ ਕੇ 1947 ਤੱਕ ਜਦੋਂ ਪੰਜਾਬ ਬਰਤਾਨਵੀ ਸਾਮਰਾਜ ਦੇ ਅਧੀਨ ਚੱਲਾ ਗਿਆ, ਸਦੀਆਂ ਦੇ ਸਮੇਂ ਦੀ ਇਸ ਇਤਿਹਾਸਕ ਕਾਲੀ ਚਾਦਰ ਉੱਤੇ ਸੁਨਹਿਰੀ ਦੱਖ ਦੇਣ ਵਾਲਾ ਕਾਲ ਹੈ। ਇਸ ਯੁੱਗ ਦਾ ਨਿਵੇਕਲਾ ਗੌਰਵ ਪੰਜਾਬ ਦੇ ਸਮੁੱਚੇ ਇਤਿਹਾਸ ਨੂੰ ਜਗਮਗਾਈ ਬੈਠਾ ਹੈ ਅਤੇ ਹਰ ਪੰਜਾਬ ਪ੍ਰੇਮੀ ਲਈ



Sri Satguru Jagjit Singh Ji Elibrary NamdhariElibrary@gmail.com

ਮਾਣ ਕਰਨ ਯੋਗ ਸਮੇਂ ਦੀ ਯਾਦ ਨੂੰ ਤਾਜ਼ਾ ਕਰਵਾ ਦਿੰਦਾ ਹੈ। ਇਸ ਇਤਿਹਾਸਕ ਕਾਲ ਦੇ ਗੌਰਵ ਦੇ ਕਈ ਮੁੱਖ ਕਾਰਨ ਮੰਨੇ ਜਾ ਸਕਦੇ ਹਨ।

(ੳ) ਰਣਜੀਤ ਸਿੰਘ ਦਾ ਬਲਵਾਨ ਵਿਅਕਤੀਤੱਵ : ਸਾਰੇ ਪ੍ਰਮੁੱਖ ਇਤਿਹਾਸਕਾਰ ਇਸ ਗੱਲ ਉੱਤੇ ਇਕਮਤ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੀ ਵਿਅਕਤੀਗਤ ਵਿਸ਼ੇਸ਼ਤਾ, ਜਿਸ ਵਿੱਚ ਇਰਾਦੇ ਦੀ ਦ੍ਰਿੜਤਾ, ਦੂਰਦਰਸ਼ਤਾ, ਉਦਾਰਤਾਵਾਦੀ ਦ੍ਰਿਸ਼ਟੀਕੋਣ ਅਤੇ ਰਾਜਸੀ ਸ਼ਕਤੀ ਤੇ ਸ਼ਾਸ਼ਨ ਪ੍ਰਬੰਧ ਦਾ ਉੱਚਿਤ ਸੰਗਠਨ ਅਤੇ ਵਿਉਂਤਬੰਦੀ ਦੇ ਸਦਗੁਣ ਇਸ ਸੁਤੰਤਰ ਰਾਜ ਦੇ ਮੁੱਖ ਆਧਾਰ ਅਤੇ ਕਾਰਨ ਸਿੱਧ ਹੋਏ।

(ਅ) ਭਾਵੇਂ ਵਾਸਤਵ ਵਿੱਚ ਮਹਾਰਾਜਾ ਰਣਜੀਤ ਸਿੰਘ ਅਰਥਾਤ ਖ਼ਾਲਸਾ ਦਰਬਾਰ ਦਾ ਸਰੂਪ ਨਿਰੰਕੁਸ਼ ਰਾਜਤੰਤਰ ਵਾਲਾ ਸੀ। ਲਗਭਗ ਸਾਰੀਆਂ ਉੱਚ-ਸ਼ਕਤੀਆਂ ਮਹਾਰਾਜੇ ਦੇ ਨਿੱਜ ਉੱਤੇ ਕੇਂਦਰਿਤ ਸਨ, ਪਰ ਫਿਰ ਵੀ ਉਸ ਦੀ ਉਦਾਰਤਾਵਾਦੀ ਨੀਤੀ ਨੇ ਨਿਰੰਕੁਸ਼ਤਾ ਅਤੇ ਉਦਾਰਤਾ ਦਾ ਇੱਕ ਅਜਿਹਾ ਸੰਤੁਲਨ ਸਥਾਪਿਤ ਕੀਤਾ, ਜਿਸਨੇ ਉਸ ਦੇ ਰਾਜ ਨੂੰ ਅੱਧੀ ਸਦੀ ਤੱਕ ਅਡੋਲਤਾ ਪ੍ਰਦਾਨ ਕੀਤੀ।

(ੲ) ਮਹਾਰਾਜਾ ਰਣਜੀਤ ਸਿੰਘ ਦੇ ਮੰਤਰੀ ਮੰਡਲ ਅਤੇ ਸਲਾਹਕਾਰਾਂ ਵਿੱਚ ਜਿਹੜੇ ਵੱਖ-ਵੱਖ ਧਰਮਾਂ ਅਤੇ ਅਕੀਦਿਆਂ ਨਾਲ ਜੁੜੇ ਹੋਏ ਵਿਸ਼ੇਸ਼ ਵਿਅਕਤੀ ਸ਼ਾਮਲ ਸਨ। ਉਹ ਸਾਰੇ ਮਹਾਰਾਜੇ ਦੀ ਸਖਸ਼ੀਅਤ ਦੇ ਸੁਹਿਰਦ ਰੂਪ ਵਿੱਚ ਵਫ਼ਾਦਾਰ ਸੁਯੋਗ ਵਿਅਕਤੀ ਸਨ ਅਤੇ ਅਜਿਹੀ ਵਫ਼ਾਦਾਰੀ ਨੂੰ ਉਨ੍ਹਾਂ ਨੇ ਆਪਣੇ ਜੀਵਨ ਦੇ ਅੰਤ ਤੱਕ ਨਿਭਾਇਆ। ਫ਼ਕੀਰ-ਅਜ਼ੀਜ਼-ਉ-ਦੀਨ (ਵਿਦੇਸ਼ ਮੰਤਰੀ) ਅਤੇ ਉਸਦੇ ਭਰਾ ਮੰਤਰੀ (ਨੂਰ-ਉ-ਦੀਨ ਅਤੇ ਇਮਾਮ-ਉ-ਦੀਨ) ਦੀਵਾਨ ਭਵਾਨੀਦਾਸ, ਗੰਗਾ ਰਾਮ ਅਤੇ ਦੀਨਾ ਨਾਥ, ਦੀਵਾਨ ਮੁਹਕਮ ਚੰਦ, ਮਿਸਰ ਦੀਵਾਨ ਚੰਦ ਅਤੇ ਦੀਵਾਨ ਰਾਮ ਦਿਆਲ, ਸ. ਦੇਸ਼ਾ ਸਿੰਘ, ਸਰਦਾਰ ਹਰੀ ਸਿੰਘ ਨਲੂਵਾ, ਸ. ਸ਼ਾਮ ਸਿੰਘ ਅਟਾਰੀ, ਮੁਹੰਮਦ ਗੌਸ, ਅਤਰ ਸਿੰਘ, ਲਹਿਣਾ ਸਿੰਘ ਵਰਗੇ ਸੈਨਿਕ ਅਧਿਕਾਰੀ ਅਤੇ ਖੁਸ਼ਹਾਲ ਸਿੰਘ, ਸਾਵਨ ਮੱਲ, ਮੋਤੀ ਰਾਮ, ਚੰਗੇ ਰਾਜ ਪ੍ਰਬੰਧਕ ਆਦਿ ਸ਼ਾਮਲ ਸਨ। ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ, ਜਿਸ ਨੂੰ ਇਕੱਲੇ ਨੂੰ ਹੀ ਰਾਜਾ ਦਾ ਖਿਤਾਬ ਦਿੱਤਾ ਗਿਆ ਸੀ ਅਤੇ ਉਸ ਦੇ ਰਾਜਪੂਤ ਡੋਗਰੇ ਭਰਾ : ਸੁਚੇਤ ਸਿੰਘ ਅਤੇ ਗੁਲਾਬ ਸਿੰਘ ਜੋ ਮਹਾਰਾਜੇ ਦੇ ਕਾਲ ਵਾਸ ਹੋਣ ਤੋਂ ਪਿਛੋਂ ਲਾਹੌਰ ਸਰਕਾਰ ਦੇ ਪਤਨ ਲਈ ਅਨੇਕ ਸਾਜ਼ਿਸ਼ਾਂ ਅਤੇ ਗੋਂਦਾਂ ਦੇ ਕਰਤੇ-ਧਰਤੇ ਸਨ - ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿੱਚ ਪੂਰਨ ਤੌਰ ਤੇ ਵਫ਼ਾਦਾਰੀ ਦਾ ਦਮ ਭਰਦੇ ਰਹੇ।



Sri Satguru Jagjit Singh Ji Elibrary NamdhariElibrary@gmail.com

(ਸ) ਸ਼ਕਤੀਸ਼ਾਲੀ ਸੈਨਿਕ ਸ਼ਕਤੀ ਦੀ ਹੋਂਦ : ਮੱਧਕਾਲ ਅਤੇ ਵਿਸ਼ੇਸ਼ ਕਰਕੇ ਸਾਮੰਤ ਯੁੱਗ ਦਾ ਸਾਰਾ ਇਤਿਹਾਸ ਸੈਨਿਕ ਸ਼ਕਤੀ ਦੇ ਬਲਬੂਤੇ ਉੱਤੇ ਹੀ ਜਿੱਤਾਂ ਪ੍ਰਾਪਤ ਕਰਕੇ ਆਪਣੇ-ਆਪਣੇ ਰਾਜਾਂ ਨੂੰ ਮਜ਼ਬੂਤ ਕਰਦਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪੱਖ ਨੂੰ ਵੀ ਕਦੀ ਨਜ਼ਰ-ਅੰਦਾਜ ਨਹੀਂ ਸੀ ਕੀਤਾ ਅਤੇ 1802 ਤੋਂ ਹੀ ਆਪਣੀ ਸੈਨਿਕ ਸ਼ਕਤੀ ਨੂੰ ਮਜਬੂਤ ਕਰਨ ਦੇ ਯਤਨ ਕੀਤੇ।

ਯੂਰਪੀਅਨ ਫੌਜੀ ਅਫ਼ਸਰਾਂ ਨੇ ਰਣਜੀਤ ਸਿੰਘ ਦੀ ਫ਼ੌਜ ਦੀ ਸਿਖਲਾਈ ਨੂੰ ਨਿਯਮਿਤ ਰੂਪ ਵਿੱਚ ਪੱਛਮੀ ਲੀਹਾਂ ਉੱਤੇ ਸੰਗਠਿਤ ਕਰਨ ਦਾ ਯਤਨ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪ ਸਭ ਤੋਂ ਵੱਧ ਇਸ ਵੱਲ ਧਿਆਨ ਦਿੱਤਾ ਅਤੇ ਫ਼ੌਜ ਦੀ ਨਿਯਮਿਤ ਕਵਾਇਦ (ਅਭਿਆਸ) ਨੂੰ ਨਿੱਜੀ ਨਿਗਰਾਨੀ ਹੇਠ ਰੱਖਿਆ। ਸਾਰੇ ਸੈਨਿਕ ਬਲਾਂ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡਿਆ। ਯਥਾ-ਪੈਦਲ ਫ਼ੌਜ, ਘੋੜ ਸਵਾਰ ਫ਼ੌਜ, ਰਸਾਲਾ ਫ਼ੌਜ, ਤੋਪਖਾਨੇ ਦੇ ਬੇੜੇ ਅਤੇ ਹਜ਼ੂਰੀ ਸੈਨਾ। ਇਸ ਤੋਂ ਬਿਨਾਂ ਜਾਗੀਰਦਾਰਾਂ ਦੇ ਅਧੀਨ ਅਨਿਯਮਿਤ ਸੈਨਾ ਦੀ ਗਿਣਤੀ ਵੀ ਕਾਇਮ ਰੱਖੀ, ਜੋ ਸਮੇਂ ਸਿਰ ਲੋੜ ਪੈਣ ਉੱਤੇ ਸੱਦੀ ਜਾਂਦੀ ਸੀ, ਇਥੋਂ ਤੱਕ ਕਿ ਅਕਾਲੀ ਫੂਲਾ ਸਿੰਘ ਦੀ ਅਕਾਲ ਸੈਨਾ ਵੀ ਮਹਾਰਾਜੇ ਦੇ ਸਮੇਂ ਦੀਆਂ ਵੱਡੀਆਂ-ਵੱਡੀਆਂ ਮੁਹਿੰਮਾਂ ਵਿੱਚ ਸ਼ਾਮਿਲ ਹੁੰਦੀ ਰਹੀ ਹੈ। ਸੈਨਿਕ ਸ਼ਕਤੀ ਨੂੰ ਹੋਰ ਬਲਵਾਨ ਬਣਾਉਣ ਲਈ ਮਹਾਰਾਜਾ ਸਾਹਿਬ ਨੇ ਯੂਰਪੀ ਅਤੇ ਵਿਦੇਸ਼ੀ ਅਫ਼ਸਰਾਂ ਨੂੰ ਵੱਡੀਆਂ-ਵੱਡੀਆਂ ਤਨਖਾਹਾਂ ਦੇ ਕੇ ਉੱਚੇ ਅਹੁੱਦਿਆਂ ਉੱਤੇ ਲਗਾਇਆ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਨੂੰ ਜ਼ਬਰਦਸਤ ਲੜਾਕੂ ਸ਼ਕਤੀ ਪ੍ਰਦਾਨ ਕੀਤੀ। ਭਾਵੇਂ ਇਨ੍ਹਾਂ ਉੱਤੇ ਨਿਯੁਕਤੀ ਸਮੇਂ ਕਰੜੀਆਂ ਸ਼ਰਤਾਂ ਜਿਵੇਂ ਕੇਸ ਦਾਹੜੀ ਰੱਖਣਾ, ਗਊ ਮਾਸ ਅਤੇ ਤੰਬਾਕੂ ਦੀ ਵਰਤੋਂ ਨਾ ਕਰਨਾ ਅਤੇ ਪੰਜਾਬ ਵਿੱਚ ਸਥਾਨਕ ਔਰਤਾਂ ਨਾਲ ਸ਼ਾਦੀਆਂ ਕਰਨਾ ਆਦਿ ਲਾਗੂ ਕੀਤੀਆਂ ਗਈਆਂ ਸਨ।

26 ਅਕਤੂਬਰ, 1831 ਵਿੱਚ ਜਦੋਂ ਰੋਪੜ ਦੇ ਸਥਾਨ ਤੇ ਉਸ ਸਮੇਂ ਦੇ ਅੰਗਰੇਜ਼ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿੰਗ ਨਾਲ ਮੁਲਾਕਾਤ ਕੀਤੀ ਤਾਂ ਅੰਗਰੇਜ਼ ਅਧਿਕਾਰੀ ਵੀ ਲਾਹੌਰ ਦਰਬਾਰ ਦੀ ਸੈਨਿਕ ਸ਼ਕਤੀ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਵੇਖ ਕੇ ਹੈਰਾਨ ਰਹਿ ਗਏ ਸਨ। ਇਹ ਸੈਨਾ ਮਹਾਰਾਜਾ ਸਾਹਿਬ ਦੇ ਪੂਰਨ ਅਨੁਸ਼ਾਸਨ ਵਿੱਚ ਸੀ ਅਤੇ ਇਨ੍ਹਾਂ ਨੂੰ ਕਰੜੇ ਹੁਕਮ ਦਿੱਤੇ ਗਏ ਸਨ ਕਿ ਉਹ ਚੜ੍ਹਾਈ ਅਤੇ ਕੂਚ ਦੇ ਸਮੇਂ ਪਰਜ਼ਾ ਦਾ ਕੋਈ ਨੁਕਸਾਨ ਨਾ ਕਰਨ। ਹਾਲਾਂ ਕਿ ਇਤਿਹਾਸ ਗਵਾਹ ਹੈ ਕਿ ਮੁਗਲਾਂ ਅਤੇ ਪਠਾਣਾਂ ਦੇ ਫ਼ੌਜੀ ਲਸ਼ਕਰ, ਜਿਥੋਂ ਦੀ ਵੀ ਲੰਘਦੇ ਸਨ, ਉਥੋਂ ਦੀ ਬਰਬਾਦੀ ਕਰਦੇ ਜਾਂਦੇ ਸਨ।



Sri Satguru Jagjit Singh Ji Elibrary NamdhariElibrary@gmail.com

(ਹ) ਰਣਜੀਤ ਸਿੰਘ ਨੇ ਆਪਣੇ ਰਾਜ ਦੀ ਚਾਰ ਸੂਬਿਆਂ ਵਿੱਚ ਲਾਹੌਰ, ਮੁਲਤਾਨ, ਕਸ਼ਮੀਰ, ਪਿਸ਼ਾਵਰ ਵਿੱਚ ਵੰਡ ਕਰਕੇ ਇਨ੍ਹਾਂ ਦੇ ਹਾਕਮ, ਸੂਬੇਦਾਰ ਜਾਂ ਨਾਜ਼ਿਮ ਅਤੇ ਉਨ੍ਹਾਂ ਦੇ ਅੱਗੇ ਕਾਰਦਾਰ ਅਤੇ ਹੋਰ ਅਮਲੇ ਫੈਲੇ ਦਾ ਤਾਣਾ-ਬਾਣਾ ਇਸ ਤਰ੍ਹਾਂ ਮਜ਼ਬੂਤ ਕਰ ਦਿੱਤਾ ਕਿ ਹਰ ਕਿਸੇ ਨੂੰ ਸਮਾਜਿਕ ਨਿਆਂ ਅਤੇ ਸੁਰੱਖਿਆ ਪ੍ਰਾਪਤ ਹੋ ਗਈ। ਕਰ ਉਗਰਾਉਣ ਦਾ ਪ੍ਰਬੰਧ ਵੀ ਸੁਖੈਨ ਕਰ ਦਿੱਤਾ ਗਿਆ ਅਤੇ ਅਮਨ ਸ਼ਾਂਤੀ ਦਾ ਪਹਿਰਾ ਇਥੋਂ ਤੱਕ ਮਜ਼ਬੂਤ ਹੋ ਗਿਆ ਕਿ ਅਠਾਰਵੀਂ ਸਦੀ ਦੀ ਤੁਲਨਾ ਵਿੱਚ ਜਿਥੇ ਕੋਈ ਵੀ ਬਿਨਾਂ ਹਥਿਆਰ ਤੋਂ ਸਫ਼ਰ ਨਹੀਂ ਸੀ ਕਰ ਸਕਦਾ, ਹੁਣ ਬਿਨਾਂ ਹਥਿਆਰ ਤੋਂ ਬੇਖ਼ਤਰ ਯਾਤਰਾ ਕਰ ਸਕਦਾ ਸੀ। ਸਮੁੱਚੇ ਮੱਧਕਾਲ ਦੇ ਇਤਿਹਾਸ ਵਿੱਚ ਇਹ ਕੋਈ ਨਿਗੂਣੀ ਪ੍ਰਾਪਤੀ ਵਾਲੀ ਗੱਲ ਨਹੀਂ ਸੀ।

(ਕ) ਨਿਆਂ ਪ੍ਰਬੰਧ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕੋਈ ਬਹੁਤ ਪਰਿਵਰਤਨ ਨਹੀਂ ਸੀ ਲਿਆਂਦਾ। ਮੁਗਲਾਂ ਦੇ ਸਮੇਂ ਸਥਾਪਿਤ ਵੱਖ-ਵੱਖ ਧਰਮਾਂ ਦੀ ਮਰਿਯਾਦਾ ਅਤੇ ਪੰਚਾਇਤੀ ਪ੍ਰਬੰਧ ਅਨੁਸਾਰ ਲੋਕਾਂ ਨੂੰ ਛੇਤੀ ਨਿਆਂ ਮਿਲ ਜਾਂਦਾ ਸੀ। ਰਣਜੀਤ ਸਿੰਘ ਦੇ ਸਮੇਂ ਦੀ ਨਿਆਂ ਪ੍ਰਬੰਧ ਦੀ ਇਹ ਸਭ ਤੋਂ ਸ਼ਾਨਦਾਰ ਦੇਣ ਸੀ ਕਿ ਇਸ ਕਾਲ ਵਿੱਚ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ। ਜੁਰਮਾਨੇ ਵੀ ਦੋਸ਼ੀ ਦੀ ਹੈਸੀਅਤ ਨੂੰ ਮੁੱਖ ਰੱਖ ਕੇ ਕੀਤੇ ਜਾਂਦੇ ਸਨ। ਭਾਵੇਂ ਅਦਾਲਤੀ ਫੈਸਲਿਆਂ ਵਿੱਚ ਦੋਹਾਂ ਧਿਰਾਂ ਨੂੰ ਦੋਸ਼ੀ ਨੂੰ ਜੁਰਮਾਨਾ ਤੇ ਜਿੱਤਣ ਵਾਲੇ ਨੂੰ ਸ਼ੁਕਰਾਨਾ ਦੇਣਾ ਪੈਂਦਾ ਸੀ। ਇਹ ਮਹਾਰਾਜਾ ਦੀ ਸਿਆਣਪ ਸੀ ਕਿ ਉਸਨੇ ਨਿਆਂ ਪ੍ਰਬੰਧ ਵਿੱਚ ਕੋਈ ਬਹੁਤੀ ਦਖਲ ਅੰਦਾਜ਼ੀ ਨਹੀਂ ਕੀਤੀ। ਨਿਆਂ ਪ੍ਰਾਪਤ ਕਰਨ ਲਈ ਮਹਾਰਾਜਾ ਸਾਹਿਬ ਤੱਕ ਨਿੱਜੀ ਅਪੀਲ ਕੀਤੀ ਜਾ ਸਕਦੀ ਸੀ।

(ਖ) ਇਸ ਕਾਲ ਵਿੱਚ ਅਮਨ ਸ਼ਾਂਤੀ ਦੇ ਕਾਰਨ ਪੰਜਾਬ ਦੀ ਆਰਥਿਕ ਉੱਨਤੀ ਅਤੇ ਵਣਜ-ਵਪਾਰ ਵਿੱਚ ਵੀ ਵਾਧਾ ਹੋਇਆ। ਭਾਵੇਂ ਪੰਜਾਬ ਵਧੇਰੇ ਕਰਕੇ ਖੇਤੀਬਾੜੀ ਪ੍ਰਧਾਨ ਰਾਜ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿੱਚ ਆਰਥਿਕ ਪੱਖ ਤੋਂ ਕੁਝ ਉਦਯੋਗਾਂ ਅਤੇ ਦਸਤਕਾਰੀ ਦੇ ਕੰਮਾਂ ਵਿੱਚ ਕਾਫ਼ੀ ਉੱਨਤੀ ਹੋਈ। ਸੈਨਾ ਲਈ ਬਣਾਏ ਜਾਂਦੇ ਹਥਿਆਰ, ਕਸ਼ਮੀਰ ਦੇ ਸ਼ਾਲ, ਮੁਲਤਾਨ, ਅੰਮ੍ਰਿਤਸਰ ਲਾਹੌਰ ਦੇ ਤਜ਼ਾਰਤੀ ਕੇਂਦਰਾਂ ਵਿੱਚ ਕਾਫ਼ੀ ਵਾਧਾ ਹੋਇਆ। ਜਦੋਂ ਕਦੀ ਵੀ ਕਿਸੇ ਸਥਾਨ ਤੇ ਕਾਲ ਪੈਂਦਾ ਤਾਂ ਸਰਕਾਰੀ ਤੌਰ ਤੇ ਲੋਕਾਂ ਦੀ ਸਹਾਇਤਾ ਲਈ ਸਰਕਾਰੀ ਭੰਡਾਰਾਂ ਵਿੱਚੋਂ ਅੰਨ-ਧੰਨ ਵੰਡਿਆ ਜਾਂਦਾ। ਸੈਨਾ ਲਈ ਸ਼ਸਤਰ ਨਿਰਮਾਣ ਦੇ ਧੰਦੇ ਵੀ ਸਥਾਪਿਤ ਕੀਤੇ ਗਏ। ਸਮੁੱਚੇ ਤੌਰ ਤੇ ਇਸ ਆਰਥਿਕ ਉੱਨਤੀ ਨੂੰ ਮੁੱਖ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਕਾਲ ਪੰਜਾਬ ਵਾਸੀਆਂ ਲਈ ਅਮਨ ਅਤੇ ਖੁਸ਼ਹਾਲੀ ਦਾ ਕਾਲ ਸੀ।



Sri Satguru Jagjit Singh Ji Elibrary NamdhariElibrary@gmail.com

(ਗ) **ਸਭਿਆਚਾਰਕ ਉੱਨਤੀ :** ਮਹਾਰਾਜਾ ਸਾਹਿਬ ਨੇ ਪੰਜਾਬ ਦੀ ਸਭਿਆਚਾਰਕ ਉੱਨਤੀ ਵੱਲ ਵੀ ਧਿਆਨ ਦਿੱਤਾ। ਬਹੁਤ ਸਾਰੇ ਨਵੇਂ ਕਿਲ੍ਹੇ ਅਤੇ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ। ਇਨ੍ਹਾਂ ਇਮਾਰਤਾਂ ਵਿੱਚ ਸੁੰਦਰ ਕੰਧ ਚਿੱਤਰ ਅਤੇ ਨਿਕਾਸੀ ਵੱਲ ਉਚੇਚਾ ਧਿਆਨ ਦਿੱਤਾ ਗਿਆ। ਕੁਝ ਬਾਗਾਂ ਅਤੇ ਸੈਰਗਾਹਾਂ ਦਾ ਨਿਰਮਾਣ ਵੀ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿੱਚ ਪੱਛਮੀ ਢੰਗ ਦੇ ਵਿੱਦਿਅਕ ਸਕੂਲ ਵੀ ਸਥਾਪਿਤ ਕਰਨ ਦੇ ਯਤਨ ਕੀਤੇ। ਇਸ ਉਦੇਸ਼ ਲਈ ਲਾਹੌਰ ਵਿੱਚ ਜਾਉਨ ਲਾਰੀ ਵੱਲੋਂ ਅੰਗਰੇਜ਼ੀ ਸਕੂਲ ਖੋਲ੍ਹਣ ਲਈ 1811 ਵਿੱਚ ਪ੍ਰਬੰਧ ਕੀਤਾ ਗਿਆ, ਪਰ ਪਿਛੋਂ ਜਦੋਂ ਮਹਾਰਾਜਾ ਸਾਹਿਬ ਨੇ ਉਨ੍ਹਾਂ ਦੀ ਇਸ ਨੀਤੀ ਨੂੰ ਤਾੜ ਲਿਆ ਕਿ ਉਹ ਅੰਗਰੇਜ਼ੀ ਦੀ ਪੜ੍ਹਾਈ ਦੁਆਰਾ ਈਸਾਈ ਮੱਤ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਤਾਂ ਇਹ ਸਕੂਲ ਬੰਦ ਕਰ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਤੋਂ ਬਿਨਾਂ ਕਈ ਹਿੰਦੂ ਮੰਦਰਾਂ ਅਤੇ ਮਸਜ਼ਿਦਾਂ ਦੀ ਵੀ ਸਹਾਇਤਾ ਕੀਤੀ ਗਈ ਅਤੇ ਉਨ੍ਹਾਂ ਦੇ ਨਾਂ ਤੇ ਜਾਗੀਰਾਂ ਵੀ ਲਗਾ ਦਿੱਤੀਆਂ ਗਈਆਂ।

(ਘ) ਅੰਗਰੇਜ਼ਾਂ ਤੋਂ ਬਿਨਾਂ ਬਹੁਤ ਸਾਰੇ ਯੂਰਪੀ ਦੇਸ਼ਾਂ ਦੇ ਸੈਲਾਨੀ ਅਤੇ ਅਧਿਕਾਰੀ ਲਾਹੌਰ ਦਰਬਾਰ ਵਿੱਚ ਆਉਂਦੇ ਰਹੇ ਅਤੇ ਹਰ ਕਿਸੇ ਨੇ ਮਹਾਰਾਜਾ ਦੀ ਗੱਲਬਾਤ ਕਰਨ ਅਤੇ ਵਿਦੇਸ਼ੀਆਂ ਕੋਲੋਂ ਵਿਸ਼ੇਸ਼ ਢੰਗ ਦੀਆਂ ਪੁੱਛਾਂ ਕਰਕੇ ਆਪਣੀ ਜਾਣਕਾਰੀ ਵਿੱਚ ਵਾਧਾ ਕਰਨ ਦੀ ਰੁੱਚੀ ਦੀ ਪ੍ਰਸੰਸਾ ਕੀਤੀ ਹੈ। ਵਿਸ਼ੇਸ਼ ਅਵਸਰਾਂ ਉੱਤੇ ਜਿਵੇਂ ਰੋਪੜ ਅਤੇ ਫਿਰੋਜ਼ਪੁਰ ਵਿਖੇ ਅੰਗਰੇਜ਼ ਗਵਰਨਰ ਜਨਰਲ ਨਾਲ ਮੁਲਾਕਾਤਾਂ ਸਮੇਂ ਅਤੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਾਨ ਨੂੰ ਆਪਣੇ ਪੂਰੇ ਜੋਬਨ ਅਤੇ ਸਿਖਰ 'ਤੇ ਵੇਖਿਆ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਅੰਤਿਮ ਇੱਛਾ ਆਪਣੇ ਰਾਜ ਦਾ ਵਿਸਥਾਰ ਸਿੰਧ ਅਤੇ ਉਸ ਤੋਂ ਪਾਰ ਦੇ ਇਲਾਕੇ ਦੀਆਂ ਅਰਬ ਸਾਗਰ ਦੀਆਂ ਹੱਦਾਂ ਤੱਕ ਫੈਲਾਉਣਾ ਸੀ। ਪਰ ਉਸ ਦੀ ਬੀਮਾਰੀ ਅਤੇ ਅੰਗਰੇਜ਼ਾਂ ਦੀ ਕੂਟਨੀਤੀ ਜੋ ਪੰਜਾਬ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਰਲਾਉਣ ਨੂੰ ਲਲਚਾਈਆਂ ਅੱਖਾਂ ਨਾਲ ਵੇਖ ਰਹੀ ਸੀ। ਉਸ ਦੇ ਇਸ ਮੰਤਵ ਦੀ ਪੂਰਤੀ ਵਿੱਚ ਵੱਡੀ ਰੋਕ ਸਿੱਧ ਹੋਈ।

ਫਿਰ ਵੀ ਸਮੁੱਚੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੇ 40-50 ਵਰ੍ਹੇ ਪੰਜਾਬ ਦੇ ਇਤਿਹਾਸ ਦੀ ਸ਼ਾਨ ਤੇ ਗੌਰਵ ਦੇ ਪ੍ਰਤੀਕ ਹਨ। ਇਸ ਕਾਲ ਵਿੱਚ ਪੰਜਾਬ ਦੀ ਰਾਸ਼ਟਰੀਅਤਾ ਦੀ ਭਾਵਨਾ ਬਲਵਾਨ ਹੋਈ ਅਤੇ ਸਮੁੱਚੇ ਹਿੰਦੁਸਤਾਨ ਵਿੱਚ ਪੰਜਾਬ ਨੂੰ ਇੱਕ ਨਿਵੇਕਲੇ ਰਾਸ਼ਟਰੀ ਰਾਜ ਵਜੋਂ ਮਾਨਤਾ ਪ੍ਰਾਪਤ ਹੋਈ। ਇਸ ਕਾਲ ਦੇ ਇਤਿਹਾਸ ਵਿੱਚ ਪੰਜਾਬ ਇੱਕ ਵੱਖਰੇ ਅਤੇ ਵਿਲੱਖਣ ਰਾਸ਼ਟਰ ਵਜੋਂ ਉਭਰਿਆ, ਭਾਵੇਂ ਇਸ ਵਿੱਚ ਵੀ ਕੋਈ ਸੰਦੇਹ



Sri Satguru Jagjit Singh Ji Elibrary NamdhariElibrary@gmail.com

ਨਹੀਂ ਕਿ ਇਸ ਵਿੱਚ ਸਮੁੱਚੇ ਭਾਰਤੀ ਸਭਿਆਚਾਰ ਦੇ ਉਹ ਸਾਰੇ ਵਿਸ਼ੇਸ਼ ਅੰਸ਼ ਮੌਜੂਦ ਸਨ, ਜਿਨ੍ਹਾਂ ਨੂੰ ਭਾਰਤੀ ਇਤਿਹਾਸ ਅਤੇ ਸਭਿਆਚਾਰ ਦਾ ਗੌਰਵ ਜਾਂ ਵਿਰਸਾ ਮੰਨਿਆ ਜਾ ਸਕਦਾ ਹੈ।

## ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਤੱਵ ਦੇ ਕੁਝ ਹੋਰ ਪੱਖ

ਮਹਾਰਾਜਾ ਰਣਜੀਤ ਸਿੰਘ ਦਾ ਵਿਅਕਤੀਤਵ ਕਈ ਪ੍ਰਕਾਰ ਦੇ ਅੰਤਰ ਵਿਰੋਧਾਂ ਦਾ ਗੱਠਜੋੜ ਹੁੰਦਾ ਹੋਇਆ ਵੀ ਬੜਾ ਬਲਵਾਨ, ਪ੍ਰਭਾਵਸ਼ਾਲੀ ਅਤੇ ਤੇਜ਼ ਪ੍ਰਤਾਪੀ ਸੀ। ਅਨੇਕ ਪ੍ਰਕਾਰ ਦੇ ਸਦਗੁਣਾਂ ਦਾ ਅਸਾਧਾਰਨ ਸਮੂਹ ਹੁੰਦਾ ਹੋਇਆ ਵੀ ਉਹ ਉਤਨੀਆਂ ਹੀ ਵੱਡੀਆਂ ਆਚਰਨਿਕ ਕਮਜ਼ੋਰੀਆਂ ਨੂੰ ਆਪਣੇ ਵਿੱਚ ਲਈ ਬੈਠਾ ਸੀ। ਆਚਰਨਿਕ ਚੰਗਿਆਈਆਂ ਅਤੇ ਬੁਰਿਆਈਆਂ, ਕਮਜ਼ੋਰੀਆਂ ਦੀਆਂ ਇਹ ਦੋਵੇਂ ਰੇਖਾਵਾਂ ਅੰਤਿਮ ਸਿੱਖਰਾਂ ਨੂੰ ਛੋਹਣ ਵਾਲੀਆਂ ਸਨ। ਉਸ ਦੇ ਇਨ੍ਹਾਂ ਆਚਰਨਿਕ ਵਿਰੋਧਾਭਾਸਾਂ ਦੇ ਮਨੋਵਿਗਿਆਨਕ ਅਤੇ ਵਿਵੇਕਸ਼ੀਲ ਵਿਸ਼ਲੇਸ਼ਣ ਦੁਆਰਾ ਉਸ ਵੱਲੋਂ ਸਥਾਪਿਤ ਕੀਤੇ ਗਏ ਸ਼ਕਤੀਸ਼ਾਲੀ ਰਾਜ ਦੇ ਇਤਿਹਾਸਕ ਗੌਰਵ ਦੇ ਨਾਲ-ਨਾਲ ਉਸ ਦੇ ਅੰਤਰਗਤ ਛੁਪੀਆਂ ਹੋਈਆਂ ਕਈ ਤਰੁੱਟੀਆਂ ਵੱਲ ਧਿਆਨ ਦਿਵਾਉਂਦੀਆਂ ਹਨ, ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਉਸ ਦੇ ਕਾਲਵਾਸ ਹੋਣ ਪਿਛੋਂ ਇੱਕ ਦਹਾਕੇ ਦੇ ਥੋੜ੍ਹੇ ਸਮੇਂ ਵਿੱਚ ਹੀ ਇਸ ਵਿਸ਼ਾਲ ਰਾਜ ਦੇ ਪਤਨ ਦਾ ਕਾਰਨ ਬਣੀਆਂ। ਸਮਕਾਲੀ ਅਤੇ ਪਿਛੋਂ ਦੇ ਇਤਿਹਾਸਕਾਰਾਂ ਨੇ ਉਸ ਦੀ ਸਖਸ਼ੀਅਤ ਦਾ ਵਰਣਨ ਕਰਨ ਸਮੇਂ ਲੋੜ ਤੋਂ ਵਧੇਰੇ ਆਦਰਸ਼ੀਕਰਨ ਕੀਤਾ ਹੈ। ਉਦਾਹਰਣ ਵਜੋਂ ਰਣਜੀਤ ਸਿੰਘ 'ਲੋਹ ਪੁਰਸ਼' ਤਾਂ ਸੀ, ਪਰ ਉਹ 'ਯੁੱਗ ਪੁਰਸ਼' ਨਹੀਂ ਸੀ। ਉਸ ਦੀ ਸਖਸ਼ੀਅਤ ਦੇ ਲੋਹ ਪੁਰਸ਼, ਮਜ਼ਬੂਤ ਇਰਾਦਿਆਂ, ਬਲਵਾਨ ਇੱਛਾ ਸ਼ਕਤੀ ਅਤੇ ਹੋਰ ਆਚਰਨਿਕ ਗੁਣਾਂ ਨੇ ਉਸ ਦੀ ਸਖਸ਼ੀਅਤ ਨੂੰ ਉਹ ਚਮਤਕਾਰੀ ਗੁਣ ਪ੍ਰਦਾਨ ਕੀਤੇ, ਜੋ ਇਸ ਮਜ਼ਬੂਤ ਅਤੇ ਵਿਸ਼ਾਲ ਰਾਜ ਨੂੰ ਕਾਇਮ ਕਰਨ ਵਿੱਚ ਸਹਾਈ ਹੋਏ; ਭਾਵੇਂ ਆਪਣੇ ਸਮੇਂ ਦੀਆਂ ਵਿਆਪਕ ਪ੍ਰਸਥਿਤੀਆਂ ਦਾ ਮਹਾਰਾਜੇ ਨੇ ਵੱਧ ਤੋਂ ਵੱਧ ਲਾਭ ਹੀ ਨਹੀਂ ਉਠਾਇਆ, ਸਗੋਂ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਢਾਲ ਕੇ ਉਨ੍ਹਾਂ ਉੱਤੇ ਕਾਬੂ ਵੀ ਪਾਇਆ, ਪਰ ਉਸ ਦੀ ਵਿਰਾਟ ਇਤਿਹਾਸਕ ਪ੍ਰਾਪਤੀ ਤੇ ਦੇਣ ਵਿੱਚ, ਉਸ ਦੀ ਸ਼ਕਤੀਵਰ ਸਖਸ਼ੀਅਤ ਦਾ ਸਭ ਤੋਂ ਵੱਡਾ ਯੋਗਦਾਨ ਹੈ। ਉਸ ਦੀ ਦੂਰਦਰਸ਼ਤਾ ਵਿਵਹਾਰਿਕ ਨੀਤੀ ਵਿੱਚ ਨਿਪੁੰਨਤਾ ਸ਼ਤਰੂਆਂ ਨੂੰ ਵੀ ਖਿਮਾ ਕਰ ਦੇਣ ਦੀ ਸਿਆਣਪ ਤੇ ਜਿੱਤ ਦੀ ਸੂਰਤ ਵਿੱਚ ਉਨ੍ਹਾਂ ਨੂੰ ਕੋਈ ਹਾਨੀ ਦੀ ਤਲਾਫ਼ੀ ਕਰ ਦੇਣ ਵਾਲੇ ਅਦੁੱਤੀ ਗੁਣ ਨੇ ਉਸ ਨੂੰ ਪੰਜਾਬੀਆਂ ਦਾ ਹਰਮਨ ਪਿਆਰਾ ਰਾਸ਼ਟਰ ਨਾਇਕ ਬਣਾਉਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ। ਉਸ ਦਾ ਧਰਮ ਨਿਰਪੇਖ ਉਦਾਰ



Sri Satguru Jagjit Singh Ji Elibrary NamdhariElibrary@gmail.com

ਦ੍ਰਿਸ਼ਟੀਕੋਣ, ਘੋਖਵੀਂ ਅੰਤਰ ਦ੍ਰਿਸ਼ਟੀ ਦੁਆਰਾ ਯੋਗ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਚੋਣ ਕਰ ਸਕਣ ਅਤੇ ਪਰਜ਼ਾ ਦੇ ਹਿੱਤ ਨੂੰ ਸਨਮੁੱਖ ਰੱਖ ਕੇ ਚਲਾਇਆ ਗਿਆ ਸ਼ਾਸ਼ਨ ਪ੍ਰਬੰਧ, ਉਸ ਦੇ ਸਮੁੱਚੇ ਰਾਜਨੀਤਿਕ ਦ੍ਰਿਸ਼ਟੀਕੋਣ ਦੇ ਸ਼ਲਾਘਾਯੋਗ ਅਤੇ ਆਦਰਸ਼ਕ ਪੱਖ ਸਨ। ਉਸ ਦੀ ਬਲਵਾਨ ਯਾਦ ਸ਼ਕਤੀ ਅਤੇ ਬਾਰੀਕ ਬੀਨੀ ਨਾਲ ਹਰ ਘਟਨਾ ਅਤੇ ਪ੍ਰਵ੍ਰਿਤੀ ਨੂੰ ਸਮਝ ਲੈਣ ਦੀ ਪ੍ਰਬੀਨਤਾ, ਉਸ ਦੇ ਵਿਅਕਤੀਗਤ ਜੀਵਨ ਨੂੰ ਚਾਰ-ਚੰਨ ਲਗਾਉਣ ਵਾਲੇ ਗੁਣ ਸਨ। ਆਪਣੇ ਮੰਤਰੀ ਮੰਡਲ, ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਿਆਣੀ ਚੋਣ ਅਤੇ ਉਨ੍ਹਾਂ ਸਭ ਕੋਲੋਂ ਉੱਚਿਤ ਕਾਰਜ ਕਰਵਾਉਣ ਦੀ ਬੇਮਿਸਾਲ ਸੂਝ ਮਹਾਰਾਜੇ ਦੀ ਸਖਸ਼ੀਅਤ ਦੇ ਹੋਰ ਚਮਤਕਾਰੀ ਪੱਖ ਸਨ। ਧਾਰਮਿਕ ਰਵਾਦਾਰੀ ਪਰਸਪਰ ਮਨੁੱਖੀ ਵਿਵਹਾਰ ਵਿੱਚ ਸਹਿਣਸ਼ੀਲਤਾ ਅਤੇ ਰਾਜ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਕੀਤੇ ਗਏ ਚੰਗੇ ਕਾਰਜਾਂ ਦੀ ਪ੍ਰਸੰਸਾ ਅਤੇ ਉਨ੍ਹਾਂ ਨੂੰ ਇਨਾਮਾਂ, ਸਨਮਾਨਾਂ ਅਤੇ ਜਗੀਰਾਂ ਦੀ ਬਖਸ਼ਿਸ਼ ਆਦਿ ਗੁਣਾਂ ਨੇ ਮਹਾਰਾਜੇ ਦੀ ਸਖਸ਼ੀਅਤ ਨੂੰ ਸੂਰਜੀ ਪ੍ਰਕਾਸ਼ ਵਾਲੀ ਸੋਭਾ ਬਖਸ਼ੀ। ਅਜਿਹੇ ਸ਼ਾਸਨ ਪ੍ਰਬੰਧ ਵਿੱਚ ਅਜਿਹੀ ਸ਼ਲਾਘਾਯੋਗ ਨੀਤੀ ਦੁਆਰਾ ਮਹਾਰਾਜੇ ਨੇ ਖ਼ਾਲਸਾ ਦਰਬਾਰ ਦੁਆਲੇ ਸੱਜਣ ਪੁਰਸ਼ਾਂ ਦੀ ਬਹੁ-ਗਿਣਤੀ ਨੂੰ ਨਾਲ ਜੋੜਿਆ ਅਤੇ ਬਹੁਤ ਘੱਟ ਲੋਕਾਂ ਨੂੰ ਨਿਰਾਸ਼ ਜਾਂ ਅਸੰਤੁਸ਼ਟ ਹੋਣ ਦਾ ਭਾਗੀ ਬਣਾਇਆ। ਸੈਨਿਕ ਸ਼ਕਤੀ ਨੂੰ ਯੁੱਗ ਅਨੁਸਾਰ ਨਵੀਨ ਰੂਪ ਵਿੱਚ ਢਾਲ ਕੇ ਉਸ ਨੇ ਆਪਣੇ ਪਿਛੇ ਇੱਕ ਅਜਿਹੀ ਸ਼ਕਤੀਸ਼ਾਲੀ ਖ਼ਾਲਸਾ ਸੈਨਾ ਦੀ ਧਿਰ ਕਾਇਮ ਕਰ ਲਈ, ਜਿਸ ਦੇ ਦਬਦਬੇ ਤੋਂ ਅੰਗਰੇਜ਼ ਸਾਮਰਾਜੀ ਅਧਿਕਾਰੀ ਵੀ ਭੈ ਖਾਂਦੇ ਸਨ। ਇਨ੍ਹਾਂ ਗੁਣਾਂ ਤੋਂ ਬਿਨਾਂ ਮਹਾਰਾਜਾ ਸਾਹਿਬ ਵਿਦੇਸ਼ੀ ਕੂਟਨੀਤੀ ਦੀ ਵਰਤੋਂ ਵਿੱਚ ਵੀ ਬੜੇ ਨਿਪੁੰਨ ਸਨ; ਭਾਵੇਂ ਇਸ ਵਿੱਚ ਉਨ੍ਹਾਂ ਦੇ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ੁ ਦੀਨ ਦੀ ਦਾਨਾਈ ਅਤੇ ਅਦੁੱਤੀ ਵਿਵਹਾਰਿਕ ਕੌਸ਼ਲ ਦਾ ਵੀ ਵੱਡਾ ਯੋਗਦਾਨ ਰਿਹਾ। ਰਸਮੀ ਤੌਰ ਤੇ ਨਿਰਅੱਖਰ ਹੁੰਦਿਆਂ ਹੋਇਆ ਵੀ ਮਹਾਰਾਜਾ ਸਾਹਿਬ ਨੇ ਉੱਚ ਕੋਟੀ ਦੇ ਸੂਝਵਾਨਾਂ ਅਤੇ ਵਿਸ਼ਾਲ ਗਿਆਨ ਭੰਡਾਰ ਅਤੇ ਸੋਚ ਜਗਾਊ, ਜਗਿਆਸਾ ਦਾ ਪ੍ਰਮਾਣ ਦੇ ਕੇ ਵੱਡੇ-ਵੱਡੇ ਕੂਟਨੀਤੀ ਦੇ ਮਾਹਿਰਾਂ ਨੂੰ ਵੀ ਹੈਰਾਨ ਕਰ ਦਿੱਤਾ ਸੀ। ਮਹਾਰਾਜਾ ਸਾਹਿਬ ਦੇ ਇਨ੍ਹਾਂ ਵਿਲੱਖਣ ਅਤੇ ਆਚਰਨਿਕ ਗੁਣਾਂ ਸਦਕਾ ਜਿੱਥੇ ਇਹ ਸ਼ਕਤੀਸ਼ਾਲੀ ਸਾਮਰਾਜ ਹੋਂਦ ਵਿੱਚ ਆਇਆ, ਉੱਥੇ ਮਹਾਰਾਜਾ ਰਣਜੀਤ ਸਿੰਘ ਦੇ ਨਿੱਜੀ ਗੁਣਾਂ ਨੇ ਉਸ ਦੇ ਰਾਜ ਨੂੰ ਸਥਿਰਤਾ ਵੀ ਬਖਸ਼ੀ।

ਪ੍ਰਮੁੱਖ ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਗਤ ਆਚਰਨਿਕ ਗੁਣਾਂ ਬਾਰੇ ਸੁੰਦਰ ਅਤੇ ਸਾਰਥਿਕ ਟਿੱਪਣੀਆਂ ਕੀਤੀਆਂ ਹਨ।



Sri Satguru Jagjit Singh Ji Elibrary NamdhariElibrary@gmail.com

ਡਾ: ਹਰੀ ਰਾਮ ਗੁਪਤਾ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਗਤ ਆਚਰਨ ਸੰਬੰਧੀ ਇਸ ਤਰ੍ਹਾਂ ਉਲੇਖ ਕਰਦਾ ਹੈ :

[1*]"ਇੱਕ ਮਨੁੱਖ ਵਜੋਂ, ਸੂਰਬੀਰ, ਵਿਜੈਈ ਜਰਨੈਲ, ਪ੍ਰਸ਼ਾਸ਼ਕ, ਹੁਕਮਰਾਨ ਅਤੇ ਨੀਤੀਵਾਨ ਦੇ ਰੂਪ ਵਿੱਚ ਮਹਾਰਾਜਾ ਰਣਜੀਤ ਸਿੰਘ ਸੰਸਾਰ ਦੇ ਮਹਾਨ ਸਮਰਾਟਾਂ ਵਿੱਚ ਮਹਾਨਤਮ ਪਦਵੀ ਦਾ ਸੁਆਮੀ ਹੈ। ਉਹ ਅਜਿਹਾ ਨਿਰੰਕਸ਼ ਬਾਦਸ਼ਾਹ ਸੀ, ਜੋ ਆਪਣੀ ਇੱਛਾ ਨੂੰ ਧੌਂਸ ਦੇ ਰੂਪ ਵਿੱਚ ਕਿਸੇ ਉੱਤੇ ਠੋਸਦਾ ਨਹੀਂ ਸੀ। ਉਸਦੇ ਜੀਵਨੀਕਾਰ ਸਰ ਲਿਪਲ ਗਿਫ਼ਨ (Sir Lepel Griffin) ਅਨੁਸਾਰ, "ਨਿਰਸੰਦੇਹ ਉਸਦਾ ਨਾਂ ਜੂਲੀਅਸ ਸੀਜ਼ਰ ਤੋਂ ਲੈ ਕੇ ਨੈਪੋਲੀਅਨ ਬੋਨਾਪਾਰਟ ਤੱਕ ਹੋਏ ਮਹਾਨ ਸਮਰਾਟਾਂ ਵਿੱਚ ਗਿਣਿਆ ਜਾਂਦਾ ਹੈ।"

"ਉਸਦੇ ਸਾਰੇ ਸਮਕਾਲੀ ਉਸਨੂੰ ਇੱਕ ਅਸਾਧਾਰਨ ਪੁਰਸ਼, ਵਿਸ਼ਿਸ਼ਟ ਬੁੱਧੀਵੇਤਾ, ਗਤੀਸ਼ੀਲ, ਬਲਵਾਨ, ਬੀਰਪੁਰਸ਼, ਧੀਰਜਵਾਨ, ਉਦਾਰਚਿਤ ਅਤੇ ਦਿਆਲੂ ਮੰਨਦੇ ਹਨ।"

ਉਸਦੀ ਸਰਕਾਰ ਸੈਨਿਕ ਤਾਨਾਸ਼ਾਹੀ ਵਾਲੀ ਨਹੀਂ ਸੀ। ਉਹ ਆਪਣੀ ਇੱਛਾ ਅਨੁਸਾਰ ਹੁਕਮਾਂ ਦੀ ਪਾਲਣਾ ਕਰਵਾਉਣਾ ਅਤੇ ਸਮਰੱਥ ਅਧਿਕਾਰੀਆਂ ਦੇ ਹੁਕਮ ਵਿੱਚ ਚੱਲਣ ਨੂੰ ਉੱਚਿਤ ਸਮਝਦਾ ਸੀ। ਭਰਾਤੀਅਤਾ ਅਤੇ ਵਫ਼ਾਦਾਰੀ ਉਸਦੀ ਸਖਸ਼ੀਅਤ ਵਿੱਚ ਇਸ ਤਰ੍ਹਾਂ ਘੁਲੇ-ਮਿਲੇ ਸਨ ਕਿ ਉਸ ਵਿੱਚ ਪੂਰਨ ਇਕਸੁਰਤਾ ਵਿਦਮਾਨ ਸੀ।

ਉਸਦੇ ਪੰਜਾਬ ਰਾਜ ਵਿੱਚ ਪੰਜਾਬੀਆਂ ਤੋਂ ਬਿਨਾਂ ਪਠਾਨ, ਬਲੋਚ, ਮੁਲਤਾਨੀ, ਸਿੰਧੀ, ਕਸ਼ਮੀਰੀ, ਤਿਬਤੀ, ਡੋਗਰੇ, ਰਾਜਪੂਤ ਅਤੇ ਬਹੁਤ ਸਾਰੇ ਹੋਰ ਸਾਂਝੇ ਭਾਈਵਾਲ ਸਨ।

[2*]"ਮਹਾਰਾਜਾ ਰਣਜੀਤ ਸਿੰਘ ਦੀ ਯਾਦ ਸ਼ਕਤੀ ਬੜੀ ਬਲਵਾਨ ਸੀ। ਉਸਨੂੰ ਬੀਤੀਆਂ ਘਟਨਾਵਾਂ ਦੇ ਨਿੱਕੇ-ਨਿੱਕੇ ਵੇਰਵੇ ਵੀ ਯਾਦ ਰਹਿੰਦੇ ਸਨ। ਉਹ ਬਾਹਰੋਂ ਆਈਆਂ ਰਕਮਾਂ, ਉਨ੍ਹਾਂ ਦੀਆਂ ਤਫਸੀਲਾਂ ਅਤੇ ਘਾਟਿਆਂ-ਵਾਧਿਆਂ ਤੋਂ ਪੂਰੀ ਤਰ੍ਹਾਂ ਜਾਣੂ ਹੁੰਦਾ ਸੀ। ਉਸਨੂੰ ਆਪਣੀ ਪਰਜਾ ਦੇ ਅਹਿਲਕਾਰਾਂ ਅਤੇ ਵਿਦੇਸ਼ੀ ਦੂਤਾਂ ਦੇ ਨਾਂ ਪੂਰੀ ਤਰ੍ਹਾਂ ਯਾਦ ਹੁੰਦੇ ਸਨ। ਉਸਨੂੰ ਆਪਣੇ ਰਾਜ ਖੇਤਰ ਦੇ ਸਾਰੇ ਕਸਬਿਆਂ, ਮਹਾਂਨਗਰਾਂ ਅਤੇ ਉੱਥੇ ਨਿਯੁਕਤ ਕੀਤੇ ਗਏ ਅਫ਼ਸਰਾਂ ਅਤੇ ਉਨ੍ਹਾਂ ਦੀਆਂ ਤਨਖਾਹਾਂ ਬਾਰੇ ਸਾਰੇ ਵੇਰਵੇ ਜ਼ਬਾਨੀ ਚੇਤੇ ਹੁੰਦੇ ਸਨ। ਇਥੋਂ ਤੱਕ ਕਿ ਉਹ ਆਪਣੇ ਹਾਥੀਆਂ, ਘੋੜਿਆਂ ਅਤੇ ਹਥਿਆਰਾਂ ਦੇ ਨਾਂ ਵੀ ਯਾਦ ਰੱਖਦਾ ਸੀ। ਉਹ ਆਪਣੇ ਰਾਜ ਵਿਚਲੇ ਮਾਲੀਏ ਦੀ ਨਿੱਕੀ ਤੋਂ ਨਿੱਕੀ ਗੱਲ

---

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 596

[2*] ਉਪਰੋਕਤ, ਪੰਨਾ 588



Sri Satguru Jagjit Singh Ji Elibrary NamdhariElibrary@gmail.com

ਨੂੰ ਵੀ ਘੋਖਦਾ ਪੜਤਾਲਦਾ ਸੀ। ਇਮਾਨਦਾਰ ਅਫ਼ਸਰਾਂ ਨੂੰ ਉਹ ਇਨਾਮ ਦਿੰਦਾ ਅਤੇ ਭ੍ਰਿਸ਼ਟ ਅਧਿਕਾਰੀਆਂ ਨੂੰ ਸਜ਼ਾਵਾਂ ਵੀ ਦਿੰਦਾ ਸੀ।"

1*ਮਹਾਰਾਜਾ ਰਣਜੀਤ ਸਿੰਘ ਦਾ ਮਨ ਬੜਾ ਸੁਚੇਤ ਅਤੇ ਸਕਰਮਕ ਸੀ। ਉਹ ਆਪਣੇ ਗਵਰਨਰਾਂ ਅਤੇ ਵਿਦੇਸ਼ਾਂ ਵਿੱਚੋਂ ਆਏ ਦੂਤਾਂ ਵੱਲੋਂ ਭੇਜੀਆਂ ਗਈਆਂ ਰਿਪੋਰਟਾਂ ਨੂੰ ਬਹੁਤ ਸ਼ਤਾਬੀ ਸਮਝ ਲੈਂਦਾ ਸੀ ਅਤੇ ਉਸੇ ਸਮੇਂ ਉਨ੍ਹਾਂ ਬਾਰੇ ਹੁਕਮ ਜਾਂ ਆਪਣੇ ਵਿਚਾਰ ਪ੍ਰਗਟ ਕਰ ਦਿੰਦਾ ਸੀ। ਫਿਰ ਤੁਰੰਤ ਹਦਾਇਤਾਂ ਵੀ ਲਿਖਵਾ ਦਿੰਦਾ ਅਤੇ ਜੇਕਰ ਕੋਈ ਲਿਖਣ ਜਾਂ ਪੜ੍ਹਨ ਸਮੇਂ ਉਸਦੀ ਕਿਸੇ ਗੱਲ ਨੂੰ ਛੱਡ ਜਾਂਦਾ ਤਾਂ ਉਹ ਇੱਕ ਦਮ ਉਸਨੂੰ ਟੋਕ ਦਿੰਦਾ ਅਤੇ ਉਸ ਵੱਲੋਂ ਕੀਤੀ ਗਈ ਭੁੱਲ ਜਾਂ ਗਲਤੀ ਦੀ ਸੋਧ ਕਰਵਾ ਦਿੰਦਾ। ਆਪਣੇ ਆਦਮੀਆਂ ਨਾਲ ਤਾਂ ਉਹ ਪੰਜਾਬੀ ਵਿੱਚ ਗੱਲ ਕਰਦਾ ਸੀ, ਪਰ ਦੂਜੇ ਪ੍ਰਾਂਤਾਂ ਜਾਂ ਵਿਦੇਸ਼ਾਂ ਵੱਲੋਂ ਆਏ ਵਿਅਕਤੀਆਂ ਨਾਲ ਹਿੰਦੁਸਤਾਨੀ ਵਿੱਚ ਬੋਲਦਾ ਸੀ ਅਤੇ ਵਿਦੇਸ਼ੀਆਂ ਨਾਲ ਗੱਲਬਾਤ ਕਰਨ ਲਈ ਉਸਨੇ ਦੋ ਭਾਸ਼ੀਏ ਰੱਖੇ ਹੋਏ ਸਨ। ਉਹ ਵਿਦੇਸ਼ੀ ਅਤੇ ਸੁਦੇਸ਼ੀ ਖ਼ਬਰਾਂ ਨੂੰ ਜਾਨਣ ਲਈ ਬੜਾ ਉਤਸੁਕ ਰਹਿੰਦਾ ਸੀ। ਉਹ ਅਰਸ਼ ਫ਼ਰਸ਼, ਨਰਕ, ਸੁਵਰਗ ਆਦਿ ਅਨੇਕ ਵਿਸ਼ਿਆਂ ਉੱਤੇ ਪ੍ਰਸ਼ਨ ਪੁੱਛਦਾ ਅਤੇ ਆਪਣੇ ਵਿਚਾਰ ਦੱਸ ਦਿੰਦਾ ਸੀ। ਉਹ ਘੰਟਿਆਂ ਬੱਧੀ ਆਉਣ ਵਾਲੇ ਦਰਬਾਰੀਆਂ ਅਤੇ ਵਿਦੇਸ਼ੀਆਂ ਤੋਂ ਸਵਾਲ ਪੁੱਛਦਾ ਰਹਿੰਦਾ ਅਤੇ ਜੇਕਰ ਕਿਸੇ ਵਿਦੇਸ਼ੀ ਨੂੰ ਉਸਦੇ ਸਵਾਲ ਦੀ ਸਮਝ ਨਾ ਪੈਂਦੀ ਤਾਂ ਜਮਾਂਦਾਰ ਖ਼ੁਸ਼ਹਾਲ ਸਿੰਘ ਉਸਦੇ ਵਿਚਾਰਾਂ ਨੂੰ ਸਪੱਸ਼ਟ ਕਰਕੇ ਸਮਝਾ ਦਿੰਦਾ।

2*ਉਹ ਸ੍ਰੋਤਿਆਂ ਕੋਲੋਂ ਸੁਆਲ ਪੁੱਛਦਾ ਅਤੇ ਆਪਣੇ ਵਿਚਾਰ ਦੱਸ ਦਿੰਦਾ। ਉਸਦੀ ਗੱਲਬਾਤ ਜੀਵੰਤ, ਕਲਪਨਾ ਭਰਪੂਰ ਅਤੇ ਖੁੱਲ੍ਹੀ-ਡੁਲ੍ਹੀ ਸਪੱਸ਼ਟ ਹੁੰਦੀ ਸੀ। ਉਹ ਆਪਣਾ ਉੱਤਰ ਇੰਨੇ ਥੋੜ੍ਹੇ ਅਤੇ ਗਿਣਤੀ-ਮਿਣਤੀ ਦੇ ਸ਼ਬਦਾਂ ਵਿੱਚ ਦਿੰਦਾ ਕਿ ਉਹ ਸ੍ਰੋਤਿਆਂ ਦੇ ਮਨਾਂ ਵਿੱਚ ਵਸ ਜਾਂਦਾ ਸੀ। ਉਹ ਨਿੱਕੇ ਤੋਂ ਨਿੱਕੇ ਅਤੇ ਵੱਡੇ ਤੋਂ ਵੱਡੇ ਮਸਲੇ ਨੂੰ ਬਹੁਤ ਬਾਰੀਕਬੀਨੀ ਨਾਲ ਘੋਖਦਾ-ਪੜਤਾਲਦਾ ਸੀ। ਉਹ ਦੂਜੇ ਦੀ ਮਨ ਦੀ ਗੱਲ ਇੱਕਦਮ ਬੁਝ ਲੈਂਦਾ ਸੀ ਅਤੇ ਆਪ ਜੋ ਬਚਨ ਕਰਦਾ ਉਹ ਪੂਰਾ-ਸੂਰਾ ਅਤੇ ਤੋਲ ਵਿੱਚ ਉਸਦੀ ਇੱਛਾ ਸ਼ਕਤੀ ਦਾ ਪ੍ਰਤੀਕ ਹੁੰਦਾ ਸੀ। ਆਪ ਉਹ ਪੜ੍ਹ ਅਤੇ ਲਿਖ ਨਹੀਂ ਸੀ ਸਕਦਾ; ਨਾ ਹੀ ਆਪਣੇ ਦਸਤਖਤ ਕਰ ਸਕਦਾ ਸੀ। ਸਰਕਾਰੀ ਦਸਤਾਵੇਜ਼ਾਂ ਉੱਤੇ ਉਹ ਸੱਜੇ ਹੱਥ ਦੀ ਹਥੇਲੀ ਨੂੰ ਕੇਸਰੀ ਰੰਗ ਵਿੱਚ ਲੱਗਾ ਦਿੰਦਾ ਸੀ।

1*ਰਣਜੀਤ ਸਿੰਘ ਆਪਣੇ ਦਰਬਾਰੀਆਂ ਨਾਲ ਸਦਾ ਸ਼ਿਸ਼ਟਾਚਾਰ ਵਾਲਾ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 587
2* ਉਪਰੋਕਤ, ਪੰਨਾ 588



Sri Satguru Jagjit Singh Ji Elibrary NamdhariElibrary@gmail.com

ਵਿਹਾਰ ਕਰਦਾ ਸੀ। ਜਦੋਂ ਕੋਈ ਵੱਡਾ ਵਿਅਕਤੀ ਰਣਜੀਤ ਸਿੰਘ ਦੇ ਸਨਮੁੱਖ ਹੁੰਦਾ ਤਾਂ ਉਹ ਖੜ੍ਹਾ ਹੋ ਕੇ ਉਸਦਾ ਸਤਿਕਾਰ ਕਰਦਾ। ਕਈਆਂ ਨੂੰ ਉਹ ਜੱਫੀ ਪਾ ਕੇ ਮਿਲਦਾ ਅਤੇ ਮਹਾਂਪੁਰਸ਼ਾਂ ਨੂੰ ਆਪਣੇ ਨਾਲ ਹੀ ਬਿਠਾ ਲੈਂਦਾ। ਉਹ ਸਖ਼ਤ ਸਜ਼ਾਵਾਂ ਵੀ ਦਿੰਦਾ, ਪਰ ਜੇਕਰ ਕੋਈ ਉਸ ਅੱਗੇ ਪੇਸ਼ ਹੋ ਕੇ ਆਪਣੀ ਭੁੱਲ ਜਾਂ ਗਲਤੀ ਮੰਨ ਲੈਂਦਾ ਤਾਂ ਉਸ ਨੂੰ ਉਹ ਕੇਵਲ ਬਖਸ਼ਦਾ ਹੀ ਨਹੀਂ ਸੀ, ਸਗੋਂ ਕੁਝ ਰਿਆਇਤਾਂ ਦੇ ਕੇ ਉਸਦੇ ਮਨ ਨੂੰ ਜਿੱਤ ਲੈਂਦਾ।

ਆਮ ਤੌਰ ਤੇ ਉਹ ਬੜਾ ਨਰਮ ਦਿਲ ਸੁਭਾਅ ਦਾ ਸੀ ਅਤੇ ਹਰ ਇੱਕ ਨਾਲ ਦਿਆਲੂਆਂ ਵਾਲਾ ਸਲੂਕ ਕਰਦਾ ਸੀ।

ਰਣਜੀਤ ਸਿੰਘ ਦੀ ਉਦਾਰਤਾ ਵਾਲੀ ਨੀਤੀ ਨੇ ਮੁਸਲਮਾਨ ਤਬਕੇ ਨੂੰ ਵੀ ਆਪਣੇ ਨਾਲ ਜੋੜ ਲਿਆ ਸੀ। ਉਹ ਕੁਰਾਨ ਸ਼ਰੀਫ ਦਾ ਸਤਿਕਾਰ ਕਰਦਾ ਸੀ ਅਤੇ ਮਸਜਿਦਾਂ ਨੂੰ ਖੁੱਲ੍ਹੇ ਦਿਲ ਨਾਲ ਜਗੀਰਾਂ ਦਿੰਦਾ ਸੀ। ਓਲਮਾਵਾਂ ਨੂੰ ਨਗਦ ਇਨਾਮ ਦੇ ਕੇ ਉਤਸ਼ਾਹਿਤ ਕਰਦਾ ਸੀ। ਮੁਸਲਮਾਨਾਂ ਦੀਆਂ ਧਾਰਮਿਕ ਅਦਾਲਤਾਂ ਵਿੱਚ ਦਖਲ-ਅੰਦਾਜ਼ੀ ਨਹੀਂ ਸੀ ਕੀਤੀ ਜਾਂਦੀ। ਮੁਸਲਮਾਨਾਂ ਨਾਲ ਵੀ ਬਰਾਬਰ ਦਾ ਨਿਆਂ ਹੁੰਦਾ ਸੀ। ਗਊ ਕੁਸ਼ੀ ਤੋਂ ਬਿਨਾਂ ਉਨ੍ਹਾਂ ਨੂੰ ਸਭ ਤਰ੍ਹਾਂ ਦੀ ਧਾਰਮਿਕ ਆਜ਼ਾਦੀ ਸੀ। ਉਹ ਉੱਚੀ ਬਾਂਗ ਦੇ ਸਕਦੇ ਸਨ। ਇੱਕ ਵਾਰ ਕੁਰਾਨ ਸ਼ਰੀਫ ਦੀ ਇੱਕ ਸੁੰਦਰ ਲਿਖਤ ਲਈ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਲਿਖਾਰੀ ਨੂੰ 10,000 ਰੁਪਿਆ ਦਿੱਤਾ ਸੀ। ਇਸ ਘਟਨਾ ਦਾ ਵਰਣਨ ਫ਼ਕੀਰ ਸਯਦ ਵਹਿਦੁ-ਦੀਨ ਨੇ ਵਿਸਥਾਰ ਨਾਲ ਕੀਤਾ ਹੈ :

[2*]"ਇੱਕ ਵਾਰ ਫ਼ਕੀਰ ਅਜ਼ੀਜ਼ੁਦੀਨ ਅਤੇ ਮਹਾਰਾਜਾ ਸਾਹਿਬ ਬਾਹਰ ਭ੍ਰਮਣ ਕਰ ਰਹੇ ਸਨ। ਇੱਕ ਗੱਡੇ ਉੱਤੇ ਵੱਡੀ ਪੁਸਤਕ ਰੱਖ ਕੇ ਇੱਕ ਵਿਅਕਤੀ ਜਾ ਰਿਹਾ ਸੀ। ਮਹਾਰਾਜਾ ਸਾਹਿਬ ਦੇ ਪੁੱਛਣ ਉੱਤੇ ਉਸ ਨੇ ਦੱਸਿਆ ਕਿ ਇਹ ਉਸ ਦੇ ਹੱਥਾਂ ਦੀ ਤਿਆਰ ਕੀਤੀ ਗਈ ਕੁਰਾਨ ਸ਼ਰੀਫ ਦੀ ਸੁੰਦਰ ਹੱਥ ਲਿਖਤ ਹੈ। ਇਸ ਉੱਤੇ ਮੇਰੀ ਸਾਰੀ ਉਮਰ ਦੀ ਮਿਹਨਤ ਖ਼ਰਚ ਹੋਈ ਹੈ, ਪਰ ਕੋਈ ਵੀ ਮੁਸਲਮਾਨ ਨਵਾਬ ਇਸ ਦਾ ਪੂਰਾ ਮਿਹਨਤਾਨਾ ਨਹੀਂ ਦੇ ਸਕਿਆ। ਇਸ ਲਈ ਮੈਂ ਨਜ਼ਾਮ ਹੈਦਰਾਬਾਦ ਕੋਲ ਜਾ ਰਿਹਾ ਹਾਂ। ਮਹਾਰਾਜਾ ਸਾਹਿਬ ਦੇ ਪੁੱਛਣ ਤੇ ਉਸਨੇ ਉਸ ਦਾ ਮੁੱਲ 10,000 ਰੁਪਏ ਦੱਸਿਆ। ਮਹਾਰਾਜਾ ਸਾਹਿਬ ਨੇ ਫ਼ਕੀਰ ਅਜ਼ੀਜ਼ੁਦੀਨ ਨੂੰ ਇਹ ਰਕਮ ਸ਼ਾਹੀ ਖ਼ਜ਼ਾਨੇ ਵਿੱਚੋਂ ਭੁਗਤਾਨ ਕਰਨ ਲਈ ਕਿਹਾ ਅਤੇ ਇਹ ਕੁਰਾਨ ਸ਼ਰੀਫ ਫ਼ਕੀਰ ਸਾਹਿਬ ਦੇ ਹਵਾਲੇ ਕਰ ਦਿੱਤਾ। ਮਹਾਰਾਜਾ ਸਾਹਿਬ ਦੇ ਕਹਿਣ ਉੱਤੇ ਇਸ ਪਵਿੱਤਰ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 589

[2*] ਫ਼ਕੀਰ ਸੱਯਦ ਵਹਿਦੁਦੀਨ, ਦ ਰਿਅਲ ਰਣਜੀਤ ਸਿੰਘ, ਪੰਨਾ 21-22



Sri Satguru Jagjit Singh Ji Elibrary NamdhariElibrary@gmail.com

ਪੁਸਤਕ ਵਿੱਚੋਂ ਫ਼ਕੀਰ ਸਾਹਿਬ ਨੇ Sura Yusuf ਵਿੱਚੋਂ ਕੁਝ ਆਇਤਾਂ ਪੜ੍ਹ ਕੇ ਸੁਣਾਈਆਂ। ਮਹਾਰਾਜਾ ਸਾਹਿਬ ਦਾ ਉੱਤਰ ਸੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅਜਿਹੇ ਪ੍ਰਵਚਨ ਮਿਲਦੇ ਹਨ। ਮਹਾਰਾਜਾ ਸਾਹਿਬ ਨੇ ਇਸ ਪਵਿੱਤਰ ਗ੍ਰੰਥ ਨੂੰ ਆਪਣੇ ਮਸਤਕ 'ਤੇ ਛੋਹਾਇਆ।"

ਇਸ ਅਵਸਰ ਉੱਤੇ ਮਹਾਰਾਜਾ ਸਾਹਿਬ ਦੇ ਸ਼ਬਦ ਸਨ :

"ਪਰਮਾਤਮਾ ਦੀ ਇਹ ਰਜ਼ਾ ਸੀ ਕਿ ਮੈਂ ਸਭ ਧਰਮਾਂ ਨੂੰ ਇਕੋ ਅੱਖ ਨਾਲ ਤੱਕਾਂ। ਇਸੇ ਕਾਰਨ ਹੀ ਰੱਬ ਨੇ ਮੇਰੀ ਦੂਜੀ ਅੱਖ ਦੀ ਰੌਸ਼ਨੀ ਖੋਹ ਲਈ ਸੀ। ਇਹ ਇੱਕ ਪਵਿੱਤਰ ਗ੍ਰੰਥ ਹੈ। ਮੈਂ ਕੇਵਲ ਉਸ ਲੇਖਕ ਨੂੰ ਮੇਵਾ ਫ਼ਲ ਹੀ ਨਹੀਂ ਦਿੱਤਾ, ਸਗੋਂ ਪਰਮਾਤਮਾ ਦਾ ਸ਼ੁਕਰਾਨਾ ਵੀ ਕੀਤਾ ਹੈ।"

ਖੁਸ਼ਵੰਤ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਨਿੱਜੀ ਆਚਰਨਿਕ ਗੁਣਾਂ ਬਾਰੇ ਇਸ ਤਰ੍ਹਾਂ ਵਰਣਨ ਕਰਦਾ ਹੈ :

1*"ਰਣਜੀਤ ਸਿੰਘ ਵਿੱਚ ਪੰਜਾਬੀ ਸੁਭਾ ਦੇ ਸਾਰੇ ਗੁਣ-ਔਗੁਣ ਮੌਜੂਦ ਸਨ। ਉਸ ਦੀਆਂ ਆਦਤਾਂ ਬੜੀਆਂ ਸਿੱਧੀਆਂ-ਸਾਦੀਆਂ ਸਨ। ਉਹ ਜਿਨ੍ਹਾਂ ਲੋਕਾਂ ਨੂੰ ਦਿਲੋਂ ਚਾਹੁੰਦਾ ਸੀ, ਉਨ੍ਹਾਂ ਨਾਲ ਖੁੱਲ੍ਹੀਆਂ ਗੱਲਾਂ ਕਰਦਾ ਅਤੇ ਬੜੀ ਗਰਮਜੋਸ਼ੀ ਨਾਲ ਪੇਸ਼ ਆਉਂਦਾ, ਭਾਵੇਂ ਉਹ ਬਾਦਸ਼ਾਹ ਬਣ ਗਿਆ ਸੀ, ਪਰ ਫਿਰ ਵੀ ਉਸਨੇ ਉਨ੍ਹਾਂ ਸਿੱਧੇ ਸਾਦੇ ਜੱਟਾਂ ਅਤੇ ਕਿਸਾਨਾਂ ਨੂੰ ਆਪਣੇ ਆਪ ਤੋਂ ਵੱਖਰਾ ਨਹੀਂ ਸਮਝਿਆ ਸੀ, ਜਿਨ੍ਹਾਂ ਵਿੱਚ ਉਹ ਜੰਮਿਆ-ਪਲਿਆ ਸੀ। ਉਹ ਸਖ਼ਤ ਸਜ਼ਾ ਦੇਣ ਦੇ ਵਿਰੁੱਧ ਸੀ। ਉਸਨੇ ਆਪਣੇ ਸਾਰੇ ਰਾਜ ਕਾਲ ਵਿੱਚ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ।"

ਆਪਣੀਆਂ ਪ੍ਰਾਪਤੀਆਂ ਬਾਰੇ ਮਹਾਰਾਜਾ ਰਣਜੀਤ ਸਿੰਘ ਦਾ ਸਵੈ-ਕਥਨ ਬੜਾ ਸਾਰਥਕ ਅਤੇ ਮਹੱਤਵਪੂਰਨ ਹੈ :

2*"ਮੇਰਾ ਰਾਜ ਇੱਕ ਮਹਾਨ ਰਾਜ ਹੈ। ਇਹ ਛੋਟਾ ਜਿਹਾ ਹੁੰਦਾ ਸੀ। ਹੁਣ ਬਹੁਤ ਵੱਡਾ ਹੈ। ਉਸ ਸਮੇਂ ਇਹ ਕਈ ਟੁਕੜਿਆਂ ਵਿੱਚ ਖਿੰਡਰਿਆ-ਪੁੰਡਰਿਆ ਅਤੇ ਟੁੱਟਾ-ਭੱਜਾ ਹੁੰਦਾ ਸੀ। ਹੁਣ ਇਸਨੂੰ ਇੱਕ ਸੂਤਰ ਵਿੱਚ ਸਥਿਰ ਕਰ ਦਿੱਤਾ ਗਿਆ ਹੈ। ਇਸ ਦੀ ਖੁਸ਼ਹਾਲੀ ਹੋਰ ਵਧੇਗੀ ਅਤੇ ਮੈਂ ਇਸ ਨੂੰ ਸੰਯੁਕਤ ਰੂਪ ਵਿੱਚ ਆਪਣੇ ਉਤਰਾਧਿਕਾਰੀਆਂ ਨੂੰ ਦਿੱਤਾ ਹੈ। ਤੈਮੂਰ ਦੇ ਅਸੂਲਾਂ ਨੇ ਮੇਰੀ ਅਗਵਾਈ ਕੀਤੀ ਹੈ, ਜਿਸ ਬਾਰੇ ਉਹ ਦਾਅਵਾ ਕਰਦਾ ਸੀ। ਉਹ ਮੈਂ ਕਰ ਵਿਖਾਇਆ ਹੈ। ਦੈਵੀ ਸੰਜੋਗ ਅਤੇ ਰੱਬੀ ਮਿਹਰ ਸਦਕਾ ਮੈਂ ਇਸ ਵਿੱਚ ਬੀਰਤਾ ਦਾ ਵਾਧਾ ਕੀਤਾ ਹੈ ਅਤੇ ਆਪਣੀ ਖੁੱਲ੍ਹ ਦਿਲੀ ਅਤੇ

2* ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦ ਸਿੱਖਸ, ਜਿਲਦ ਪਹਿਲੀ, ਪੰਨਾ 293

1* ਉਪਰੋਕਤ, ਪੰਨਾ 295-296



Sri Satguru Jagjit Singh Ji Elibrary NamdhariElibrary@gmail.com

ਅਨੁਸ਼ਾਸ਼ਿਤ ਨੀਤੀਆਂ ਦੁਆਰਾ ਆਪਣੀ ਸਰਕਾਰ ਨੂੰ ਚਲਾਇਆ ਅਤੇ ਪੱਕੇ ਪੈਰਾਂ 'ਤੇ ਖੜ੍ਹਾ ਕੀਤਾ ਹੈ। ਮੈਂ ਬਹਾਦਰਾਂ ਨੂੰ ਇਨਾਮ ਦਿੱਤੇ ਅਤੇ ਜਿੱਥੇ ਵੀ ਮੈਨੂੰ ਸੁਯੋਗ ਅਤੇ ਗੁਣਵਾਨ ਵਿਅਕਤੀ ਮਿਲਿਆ, ਮੈਂ ਉਸ ਦੀ ਕਦਰ ਕੀਤੀ। ਜੰਗ ਦੇ ਮੈਦਾਨ ਵਿੱਚ ਮੈਂ ਯੋਧਿਆਂ ਦੀ ਸ਼ਲਾਘਾ ਕੀਤੀ। ਆਪਣੀਆਂ ਫ਼ੌਜਾਂ ਨਾਲ ਮੈਂ ਖ਼ਤਰਿਆਂ ਅਤੇ ਮੁਸ਼ਕਿਲਾਂ ਦਾ ਭਾਈਵਾਲ ਬਣਿਆ। ਰਣ ਖੇਤਰ ਅਤੇ ਮੰਤਰੀ ਮੰਡਲ ਵਿੱਚ ਮੈਂ ਪੱਖਪਾਤ ਨੂੰ ਆਪਣੀ ਆਤਮਾ ਤੋਂ ਦੂਰ ਰੱਖਿਆ। ਮੈਂ ਆਪਣੇ ਸੁੱਖ-ਆਰਾਮ ਦਾ ਕਦੀ ਵੀ ਖਿਆਲ ਨਹੀਂ ਕੀਤਾ। ਸ਼ਾਹੀ ਪਹਿਰਾਵਾ ਪਹਿਣ ਕੇ ਮੈਂ ਸਦਾ ਸਭ ਗੱਲਾਂ ਦਾ ਧਿਆਨ ਰੱਖਿਆ। ਮੈਂ ਫ਼ਕੀਰਾਂ ਅਤੇ ਪਾਵਨ ਪੁਰਸ਼ਾਂ ਨੂੰ ਦਾਨ ਅਤੇ ਬਖਸ਼ਿਸ਼ਾਂ ਕਰਦਾ ਰਿਹਾ ਅਤੇ ਉਨ੍ਹਾਂ ਦੀਆਂ ਅਸੀਸਾਂ ਮੈਨੂੰ ਪ੍ਰਾਪਤ ਹੋਈਆਂ। ਮੈਂ ਦੋਸ਼ੀਆਂ ਅਤੇ ਨਿਰਦੋਸ਼ਾਂ ਦੋਹਾਂ ਨਾਲ ਨਿਆਂ ਕੀਤਾ ਅਤੇ ਜਿਨ੍ਹਾਂ ਨੇ ਮੇਰੇ ਵਿਰੁੱਧ ਸਾਜ਼ਿਸ਼ਾਂ ਕੀਤੀਆਂ ਸਨ, ਮੈਂ ਉਨ੍ਹਾਂ ਸਭ ਨਾਲ ਵੀ ਰਹਿਮ ਦਿਲੀ ਨਾਲ ਪੇਸ਼ ਆਇਆ ਅਤੇ ਸਭ ਨੂੰ ਖਿਮਾ ਕਰ ਦਿੱਤਾ। ਅਕਾਲ ਪੁਰਖ ਆਪਣੇ ਸੇਵਕ 'ਤੇ ਬੜਾ ਮਿਹਰਬਾਨ ਰਿਹਾ ਹੈ ਅਤੇ ਮੇਰੀ ਸ਼ਕਤੀ ਵਿੱਚ ਵਾਧਾ ਕਰਦਾ ਰਿਹਾ ਹੈ। ਇਥੋਂ ਤੱਕ ਕਿ ਹੁਣ ਮੇਰੇ ਰਾਜ ਦਾ ਖੇਤਰ ਚੀਨ ਦੀਆਂ ਸਰਹੱਦਾਂ, ਅਫ਼ਗਾਨਾਂ ਦੇ ਇਲਾਕੇ ਤੱਕ, ਜਿਸ ਵਿੱਚ ਮੁਲਤਾਨ ਅਤੇ ਸਤਲੁਜ ਤੋਂ ਪਾਰ ਦੇ ਉਪਜਾਊ ਇਲਾਕੇ ਸ਼ਾਮਿਲ ਹਨ, ਤੱਕ ਫੈਲਿਆ ਹੋਇਆ ਹੈ।"......

[1*]"ਉਸਨੇ ਵਿਧਵਾਵਾਂ, ਯਤੀਮਾਂ ਅਤੇ ਲੋੜਵੰਦਾਂ ਦੀ ਸਦਾ ਮਦਦ ਕੀਤੀ ਅਤੇ ਦੁਸ਼ਮਣਾਂ ਨਾਲ ਵੀ ਸਦਾ ਆਦਮੀਆਂ ਵਾਲਾ ਵਿਹਾਰ ਕੀਤਾ, ਰਾਕਸ਼ ਵਾਲਾ ਨਹੀਂ। ਉਸ ਵਿਚਲੇ ਔਗੁਣ ਵੀ ਬੜੇ ਵੱਡੇ ਸਨ, ਜੋ ਕਿ ਉਸ ਸਮੇਂ ਦੇ ਕਾਰਨ ਸਨ ਪਰ ਉਸ ਦੇ ਗੁਣ ਉਸਦੇ ਆਪਣੇ ਸਨ।"

## ਮਹਾਰਾਜਾ ਰਣਜੀਤ ਸਿੰਘ ਦੀ ਸਖਸ਼ੀਅਤ ਦਾ ਤੱਤਕਾਲਕ ਇਤਿਹਾਸ ਉੱਤੇ ਪਿਆ ਪ੍ਰਭਾਵ

ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀਸ਼ਾਲੀ ਸਖਸ਼ੀਅਤ ਤੇ ਉਸਦੇ ਵਿਅਕਤੀਗਤ ਆਚਰਨਿਕ ਸਦਗੁਣਾਂ ਨੇ ਉਸਦੇ ਰਾਜ ਦੇ ਸੰਗਠਨ ਵਿੱਚ ਜਿੱਥੇ ਬਲਵਾਨ ਅਤੇ ਨਿਰਣੈ-ਜਨਕ ਹਿੱਸਾ ਪਾਇਆ, ਉੱਥੇ ਉਸਦੀ ਸਖਸ਼ੀਅਤ ਵਿੱਚ ਕਈ ਅਜਿਹੀਆਂ ਆਚਰਨਿਕ ਕਮਜ਼ੋਰੀਆਂ ਵੀ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਹਨ, ਜਿਨ੍ਹਾਂ ਕਾਰਨ ਉਸ ਦੇ ਜੀਵਨ ਕਾਲ ਵਿੱਚ ਤਾਂ ਉਸ ਵੱਲੋਂ ਸਥਾਪਿਤ ਸਾਮਰਾਜ ਆਪਣੀ ਪੂਰੀ ਸ਼ਾਨ ਵਿੱਚ ਕਾਇਮ ਰਿਹਾ, ਪਰ ਉਸ ਦੇ 183

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਤੀਜੀ, ਪੰਨਾ 588



Sri Satguru Jagjit Singh Ji Elibrary NamdhariElibrary@gmail.com

ਵਿੱਚ ਅਕਾਲ ਚਲਾਣੇ ਪਿਛੋਂ ਕੇਵਲ 10 ਸਾਲਾਂ ਅਰਥਾਤ 1849 ਤੱਕ ਵਿਦੇਸ਼ੀ ਸਾਮਰਾਜੀ ਸ਼ਕਤੀ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਅਤੇ ਕੁਝ ਸਾਲ ਪਿਛੋਂ ਬਰਤਾਨਵੀ ਸਾਮਰਾਜ ਦੇ ਅਧੀਨ ਚਲਾ ਗਿਆ। ਇਸ ਸਾਮਰਾਜੀ ਗੁਲਾਮੀ ਜੋ ਹਿੰਦੁਸਤਾਨ ਦੇ ਲੋਕਾਂ ਨਾਲ ਪੰਜਾਬ ਦੇ ਵਾਸੀਆਂ ਨੂੰ ਵੀ ਲੱਗਭਗ ਇੱਕ ਸਦੀ 1849 ਤੋਂ 1947 ਤੱਕ ਭੋਗਣੀ ਪਈ। ਇਸ ਦੇ ਕਾਰਨ ਰਣਜੀਤ ਸਿੰਘ ਕਾਲ ਦੇ ਇਤਿਹਾਸਕ ਸਮਾਚਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਨਿੱਜ ਵਿੱਚ ਕੁਝ ਦੂਸ਼ਿਤ ਪ੍ਰਵਿਰਤੀਆਂ ਦੇ ਆ ਜਾਣ ਵਿਚੋਂ ਲੱਭੇ ਜਾ ਸਕਦੇ ਹਨ। ਇਸ ਇਤਿਹਾਸਕ ਪਤਨ ਦੇ ਬਾਹਰਮੁਖੀ ਕਾਰਨ ਵੀ ਬੜੇ ਡੂੰਘੇ ਅਤੇ ਵਿਆਪਕ ਪ੍ਰਭਾਵ ਪਾਉਣ ਵਾਲੇ ਸਨ, ਪਰ ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਤੱਵ ਵਿੱਚ ਗੌਣ ਰੂਪ ਵਿੱਚ ਆ ਗਏ। ਕੁਝ ਦੂਸ਼ਿਤ ਪੱਖਾਂ ਦਾ ਵੀ ਇਸ ਰਾਜਨੀਤਿਕ ਅਤੇ ਇਤਿਹਾਸਕ ਅਧੋਗਤੀ ਵਿੱਚ ਕਾਫ਼ੀ ਵੱਡਾ ਹੱਥ ਸੀ। ਸੌ ਫੀਸਦੀ ਰੂਪ ਵਿੱਚ ਤਾਂ ਨਿੱਜੀ ਦੋਸ਼ਾਂ ਨੂੰ ਇਸ ਪਤਨ ਦਾ ਕਾਰਨ ਤਾਂ ਭਾਵੇਂ ਨਹੀਂ ਠਹਿਰਾਇਆ ਜਾ ਸਕਦਾ, ਪਰ ਫਿਰ ਵੀ ਜੇਕਰ ਮਹਾਰਾਜਾ ਰਣਜੀਤ ਸਿੰਘ ਆਪਣੇ ਨਿੱਜੀ ਜੀਵਨ ਵਿੱਚ ਕੁਝ ਹੋਰ ਸੰਜਮ ਅਤੇ ਸ੍ਵੈ-ਕਾਬੂ ਵੱਲ ਵਧੇਰੇ ਸੁਚੇਤ ਰਹਿੰਦਾ ਅਤੇ ਆਪਣੀਆਂ ਇਤਿਹਾਸਕ ਜ਼ਿੰਮੇਵਾਰੀਆਂ ਵੱਲ ਉਚੇਚਾ ਧਿਆਨ ਦਿੰਦਾ ਤਾਂ ਸ਼ਾਇਦ ਇਸ ਇਤਿਹਾਸਕ ਕੌਮੀ ਦੁਖਾਂਤ ਅਤੇ ਰਾਜਨੀਤਿਕ ਹਾਰ ਤੋਂ ਬਚਿਆ ਜਾ ਸਕਦਾ ਸੀ। ਕਈ ਵਾਰ ਤਾਂ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਇਤਿਹਾਸ ਨੇ ਆਪਣੇ ਆਪ ਨੂੰ ਮੁੜ ਦੁਹਰਾਇਆ ਹੋਵੇ। ਰਣਜੀਤ ਸਿੰਘ ਕਾਲ ਦੇ ਸਮਾਜਿਕ ਇਤਿਹਾਸ ਦੇ ਚਰਿੱਤਰ ਅਤੇ ਮਹਾਰਾਜਾ ਸਾਹਿਬ ਦੇ ਨਿੱਜੀ ਜੀਵਨ ਦੀਆਂ ਕਈ ਪ੍ਰਤੱਖ ਅਤੇ ਅਪ੍ਰਤੱਖ ਕਮਜ਼ੋਰੀਆਂ ਦਾ ਤਾਰਕਿਕ ਵਿਸ਼ਲੇਸ਼ਣ ਇਸ ਯੁੱਗ ਦੀਆਂ ਇਤਿਹਾਸਕ ਵਿਸ਼ੇਸ਼ਤਾਵਾਂ ਨੂੰ ਸਮਝਣ ਵਿੱਚ ਕਾਫ਼ੀ ਹੱਦ ਤੱਕ ਸਹਾਈ ਹੋ ਸਕਦਾ ਹੈ, ਜੋ ਇਸ ਵਿਸ਼ਾਲ ਰਾਜ ਦੀ ਇਤਿਹਾਸਕ ਹੋਣੀ ਤੇ ਕੌਮੀ ਦੁਖਾਂਤ ਦਾ ਕਾਰਨ ਬਣਿਆ।

ਆਪਣੇ ਸਾਰੇ ਜੀਵਨ ਕਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਆਪ ਨੂੰ ਕੌਮ ਅਤੇ ਪਰਜਾ ਦਾ ਸੇਵਕ ਸਮਝਿਆ, ਪਰ ਉਸਨੇ ਰਾਜਨੀਤਿਕ ਆਦਰਸ਼ਾਂ ਵਿੱਚ ਉਸ ਖ਼ਾਲਸਾਈ ਤੰਤਰ ਨੂੰ ਸਨਮੁੱਖ ਰੱਖਣ ਦਾ ਵਿਖਾਵਾ ਤਾਂ ਕੀਤਾ, ਪਰ ਉਸ ਦੇ ਨਿੱਗਰ ਅਤੇ ਸਥਾਈ ਅੰਸ਼ਾਂ ਵੱਲੋਂ ਅੱਖਾਂ ਮੁੰਦ ਲਈਆਂ, ਨਾ ਤਾਂ ਮਿਸ਼ਲ ਕਾਲ ਦੇ ਗੁਰਮਤੇ ਵਾਲੀ, ਸਾਂਝੀਵਾਲਤਾ ਵਾਲੀ ਪਰੰਪਰਾ ਕਾਇਮ ਰਹੀ ਅਤੇ ਨਾ ਹੀ ਸਿੱਖ ਮਿਸ਼ਨ ਕਾਲ ਦੇ ਰਾਸ਼ਟਰ ਮੰਡਲ ਵਾਲੀ ਸਮੂਹਿਕ ਭਰਾਤਰੀ ਭਾਵਨਾ ਅੱਗੇ ਤੁਰ ਸਕੀ। ਇਸ ਦੀ ਥਾਂ ਸਮਰਾਟ ਦੇ ਨਿੱਜੀ ਜੀਵਨ ਉੱਤੇ ਸਭ ਸ਼ਕਤੀਆਂ ਕੇਂਦਰਿਤ ਹੋ ਗਈਆਂ ਅਤੇ ਸਮੂਹਿਕ ਰਾਸ਼ਟਰ ਮੰਡਲ ਦੇ



Sri Satguru Jagjit Singh Ji Elibrary NamdhariElibrary@gmail.com

ਖ਼ਾਲਸਾ ਤੰਤਰ ਦੀ ਥਾਂ ਇਹ ਰਾਜ ਇੱਕ ਪੁਰਖੀ ਨਿਰੰਕਸ਼ ਰਾਜ ਤੰਤਰ ਦਾ ਰੂਪ ਧਾਰਨ ਕਰ ਗਿਆ। ਮੰਦਭਾਗਾਂ ਨੂੰ ਮਹਾਰਾਜਾ ਸਾਹਿਬ ਨੇ ਖ਼ਾਲਸਾਈ ਆਦਰਸ਼ਾਂ ਦੀ ਥਾਂ ਇਸਲਾਮੀ ਕਾਲ ਦੇ ਪ੍ਰਮੁੱਖ ਬਾਦਸ਼ਾਹਾਂ ਵਾਲੀਆਂ ਨੀਤੀਆਂ ਨੂੰ ਹੀ ਸਾਹਮਣੇ ਰੱਖਿਆ। ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਮਹਾਰਾਜਾ ਸਾਹਿਬ ਦੇ ਸਨਮੁੱਖ ਖ਼ਾਲਸਾ ਤੰਤਰ ਦੇ ਲੋਕ ਪੱਖੀ ਸਰੂਪ ਦੀ ਥਾਂ ਮੁਗਲ ਬਾਦਸ਼ਾਹਾਂ ਅਤੇ ਵਿਸ਼ੇਸ਼ ਕਰਕੇ ਅਕਬਰ ਵਾਲੀ ਉਦਾਰ ਨੀਤੀ ਨੂੰ ਆਪਣਾ ਮਾਡਲ ਬਣਾ ਲਿਆ ਹੋਵੇ। ਮੁਗਲ ਦਰਬਾਰ ਵਾਲੀ ਸ਼ਾਨ-ਸ਼ੌਕਤ ਲਾਹੌਰ ਦਰਬਾਰ ਦੇ ਪ੍ਰਚਲਨ ਵਿੱਚ ਵੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ। ਜਿਸ ਤਰ੍ਹਾਂ ਦੇ ਇਤਿਹਾਸਕ ਪ੍ਰਦਰਸ਼ਨ 1831 ਦੀ ਲਾਰਡ ਵਿਲੀਅਮ ਬੈਂਟਿੰਗ ਨਾਲ ਮੁਲਾਕਾਤ ਸਮੇਂ ਅਤੇ ਫਿਰ 1838 ਵਿਚ ਫਿਰੋਜ਼ਪੁਰ ਵਿਖੇ ਲਾਰਡ ਆਕਲੈਂਡ ਨਾਲ ਮੁਲਾਕਾਤ ਸਮੇਂ ਮਹਾਰਾਜਾ ਸਾਹਿਬ ਦੇ ਨਿੱਜੀ ਆਦੇਸ਼ਾਂ ਅਨੁਸਾਰ ਕੀਤੇ ਗਏ, ਉਸ ਤੋਂ ਮਹਾਰਾਜਾ ਸਾਹਿਬ ਦਾ ਪਰਜਾ ਪਾਲਕ ਹਿੱਤਾਂ ਦੀ ਥਾਂ ਸਮਰਾਟ ਸ਼ਾਹੀ ਵਾਲੇ ਕੀਤੇ ਗਏ ਅਤੇ ਬੇਲੋੜੇ ਆਡੰਬਰਾਂ ਦੀ ਤਸਵੀਰ ਸਾਹਮਣੇ ਆਉਂਦੀ ਹੈ। ਮਾਰਚ 1837 ਵਿੱਚ ਆਪਣੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਜਿਹੜਾ ਆਡੰਬਰੀ ਪ੍ਰਦਰਸ਼ਨ ਕੀਤਾ ਗਿਆ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚੋਂ ਲੱਭ ਸਕਣੀ ਬੜੀ ਮੁਸ਼ਕਿਲ ਹੈ। ਇਹ ਆਡੰਬਰੀ ਪ੍ਰਵਿਰਤੀ ਕੇਵਲ ਬਾਹਰਮੁਖੀ ਰੂਪ ਵਿੱਚ ਦਿਖਾਈ ਨਹੀਂ ਦਿੰਦੀ, ਸਗੋਂ ਮਹਾਰਾਜਾ ਸਾਹਿਬ ਦੇ ਨਿੱਜੀ ਵਿਹਾਰ, ਆਚਾਰ ਅਤੇ ਪਰਿਵਾਰਿਕ ਜੀਵਨ ਦੇ ਪੱਖਾਂ ਉੱਤੇ ਵੀ ਝਾਤੀ ਮਾਰਿਆਂ ਵੇਖੀ ਜਾ ਸਕਦੀ ਹੈ। ਮਹਾਰਾਜਾ ਸਾਹਿਬ ਦੇ ਖਾਣ-ਪਾਣ, ਨਿੱਜੀ ਤੌਰ ਤੇ ਕੀਤੀਆਂ ਗਈਆਂ ਸ਼ਾਦੀਆਂ, ਦਰਬਾਰ ਦੀ ਸ਼ਾਨ-ਸ਼ੌਕਤ ਅਤੇ ਨਿੱਜੀ ਰਾਗ-ਰੰਗ ਦੀਆਂ ਮਹਿਫ਼ਲਾਂ ਤੋਂ ਇਹੋ ਤੱਥ ਪ੍ਰਮਾਣਿਤ ਹੋ ਜਾਂਦੇ ਹਨ ਕਿ ਇਨ੍ਹਾਂ ਪ੍ਰਦਰਸ਼ਨੀਆਂ ਤੋਂ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਸਮਰਾਟ ਹੋਣ ਦੀ ਭਾਵਨਾ ਦੀ ਤਾਂ ਤੁਸ਼ਟੀ ਹੋ ਜਾਂਦੀ ਹੈ, ਪਰ ਇਨ੍ਹਾਂ ਪ੍ਰਦਰਸ਼ਨੀਆਂ, ਆਡੰਬਰਾਂ ਅਤੇ ਉਚੇਚ ਵਿੱਚ ਜਿੰਨੀ ਸ਼ਾਹੀ ਖ਼ਜ਼ਾਨੇ ਦੀ ਰਕਮ ਖ਼ਰਚ ਹੁੰਦੀ ਸੀ, ਉਸ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਸਰਕਾਰ ਜਾਂ ਖ਼ਾਲਸਾ ਦਰਬਾਰ ਦੀ ਪਰਜਾ ਪਾਲਕ ਨੀਤੀ ਦੀ ਤੁਲਨਾ ਵਿੱਚ ਸਾਮੰਤਵਾਦੀ ਸ਼ਾਨ ਹੀ ਵਧੇਰੇ ਦ੍ਰਿਸ਼ਟੀਗੋਚਰ ਹੁੰਦੀ ਹੈ।

ਡਾ: ਹਰੀ ਰਾਮ ਗੁਪਤਾ, ਸ: ਖੁਸ਼ਵੰਤ ਸਿੰਘ, ਡਾ: ਏ.ਸੀ. ਅਰੋੜਾ ਅਤੇ ਡਾ: ਭਗਤ ਸਿੰਘ, ਕਨਿੰਘਮ ਅਤੇ ਉਸ ਸਮੇਂ ਦੇ ਸਮਕਾਲੀ ਇਤਿਹਾਸਕਾਰ ਨੇ ਇਸ ਸੰਬੰਧ ਵਿੱਚ ਜੋ ਪ੍ਰਕਾਸ਼ ਪਾਇਆ ਹੈ, ਉਸ ਤੋਂ ਇਹ ਅਨੁਮਾਨ ਲਗਾਉਣਾ ਕੋਈ ਕਠਿਨ ਨਹੀਂ ਸੀ ਕਿ ਇਸ ਬਲਵਾਨ ਸਲਤਨਤ ਨੂੰ ਰਣਜੀਤ ਸਿੰਘ ਤੋਂ ਪਿਛੋਂ ਸਥਿਰ ਰੱਖ ਸਕਣਾ ਕੋਈ ਸੌਖੀ ਗੱਲ ਨਹੀਂ ਸੀ, ਦੂਜੇ ਬੰ



Sri Satguru Jagjit Singh Ji Elibrary NamdhariElibrary@gmail.com

ਉਦੋਂ ਇਹ ਸ਼ੱਕ ਹੋਰ ਵੀ ਪੱਕਾ ਹੋ ਜਾਂਦਾ ਹੈ। ਜਦੋਂ ਕਿ ਅੰਗਰੇਜ਼ ਸਾਮਰਾਜੀਆਂ ਦੀਆਂ ਸਾਮਰਾਜਵਾਦੀ ਰੁਚੀਆਂ ਰਣਜੀਤ ਸਿੰਘ ਦੇ ਜੀਵਨ-ਕਾਲ ਤੋਂ ਹੀ ਪੰਜਾਬ ਨੂੰ ਆਪਣੇ ਸਾਮਰਾਜ ਨਾਲ ਰਲਾਉਣ ਦੀਆਂ ਸੋਚਾਂ ਹੀ ਨਹੀਂ ਸਨ ਸੋਚ ਰਹੀਆਂ ਸਗੋਂ ਸਹਿਜੇ-ਸਹਿਜੇ ਮੌਕੇ ਅਨੁਸਾਰ ਇਸ ਬੰਨੇ ਕੁਝ ਠੋਸ ਕਦਮ ਵੀ ਪੁੱਟ ਰਹੀਆਂ ਸਨ, ਤਾਂ ਜੋ ਸਮਾਂ ਆਉਣ ਉੱਤੇ ਉਹ ਮਹਾਰਾਜਾ ਰਣਜੀਤ ਸਿੰਘ ਦੇ ਸਥਾਪਿਤ ਖ਼ਾਲਸਾ ਰਾਜ ਨੂੰ ਆਪਣੇ ਸਾਮਰਾਜ ਦਾ ਅੰਗ ਬਣਾ ਸਕੇ। ਇਸ ਸੰਬੰਧ ਵਿੱਚ ਇਸ ਵਿਸ਼ੇ ਉੱਤੇ ਹੋਰ ਵਿਚਾਰ ਕਰਨਾ ਉੱਚਿਤ ਪ੍ਰਤੀਤ ਹੁੰਦਾ ਹੈ, ਤਾਂ ਜੋ ਰਣਜੀਤ ਸਿੰਘ ਕਾਲ ਦੇ ਇਤਿਹਾਸਕ ਕਿਰਦਾਰ ਨੂੰ ਵਧੇਰੇ ਗਹੁ ਨਾਲ ਵਾਚਿਆ ਜਾ ਸਕੇ। ਇਨ੍ਹਾਂ ਇਤਿਹਾਸਕ ਪ੍ਰਵਿਰਤੀਆਂ ਜੋ ਅੱਗੇ ਜਾ ਕੇ ਪੰਜਾਬ ਰਾਜ ਦੀ ਅਧੋਗਤੀ ਤੇ ਪਤਨ ਦਾ ਕਾਰਨ ਬਣੀਆਂ ਨੂੰ ਦੋਹਾਂ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ। ਪਹਿਲੇ ਪੱਖ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਖਸ਼ੀ ਜੀਵਨ ਨਾਲ ਸੰਬੰਧਿਤ ਹੈ। ਦੂਜਾ, ਉਸ ਕਾਲ ਦੀਆਂ ਪਦਾਰਥਕ ਅਤੇ ਬਾਹਰੀ ਪ੍ਰਵਿਰਤੀਆਂ ਦਾ ਹੈ, ਜਿਸ ਵੱਲ ਰਣਜੀਤ ਸਿੰਘ ਤੇ ਉਸ ਦੇ ਉੱਤਰਾਧਿਕਾਰੀਆਂ ਨੇ ਉੱਚਿਤ ਧਿਆਨ ਦੇਣ ਦੀ ਕਦੀ ਖੇਚਲ ਨਹੀਂ ਸੀ ਕੀਤੀ। ਜੇਕਰ ਕਿਸੇ ਦਾ ਵਿਅਕਤੀਗਤ ਧਿਆਨ ਇਸ ਬੰਨੇ ਗਿਆ ਵੀ ਹੈ ਤਾਂ ਉਸਨੇ ਇਸ ਦਾ ਟਾਕਰਾ ਕਰਨ ਲਈ ਥੋੜ੍ਹਾ ਬਹੁਤਾ ਯਤਨ ਵੀ ਕੀਤਾ ਹੈ, ਤਾਂ ਉਸ ਸਮੇਂ ਤੱਕ ਪ੍ਰਸਥਿਤੀਆਂ ਉਨ੍ਹਾਂ ਸ਼ਾਸ਼ਕਾਂ ਦੇ ਹੱਥੋਂ ਬਾਹਰ ਜਾ ਚੁੱਕੀਆਂ ਸਨ। ਅਜਿਹੇ ਇਤਿਹਾਸਕ ਪਿਛੋਕੜ ਉੱਤੇ ਡੂੰਘੀ ਝਾਤ ਮਾਰਨ ਦੀ ਅਵਸ਼ਕਤਾ ਪ੍ਰਤੀਤ ਹੁੰਦੀ ਹੈ।

ਇਸਦਾ ਇੱਕ ਉਦਾਹਰਣ ਮਾਰਚ, 1837 ਵਿੱਚ ਮਹਾਰਾਜਾ ਸਾਹਿਬ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਤੋਂ ਹੀ ਪ੍ਰਗਟ ਹੋ ਜਾਂਦਾ ਹੈ।

ਮਹਾਰਾਜਾ ਸਾਹਿਬ ਨੇ ਇਸ ਵਿਆਹ ਦੀਆਂ ਤਿਆਰੀਆਂ 1837 ਦੇ ਸ਼ੁਰੂ ਵਿੱਚ ਹੀ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸਨੇ ਆਪਣੇ ਮੰਤਰੀਆਂ, ਸਰਦਾਰਾਂ ਨੂੰ ਇਹ ਕਹਿ ਦਿੱਤਾ ਸੀ ਕਿ ਇਹ ਵਿਆਹ ਇੰਨਾ ਸ਼ਾਨਦਾਰ ਹੋਣਾ ਚਾਹੀਦਾ ਹੈ ਕਿ ਜਿਹੜਾ ਵੀ ਇਸ ਨੂੰ ਵੇਖੇ ਕਈ ਪੀੜ੍ਹੀਆਂ ਤੱਕ ਉਸ ਦੇ ਪੋਤੇ ਪੜਪੋਤੇ ਯਾਦ ਰੱਖਣ। ਗਵਰਨਰ ਜਨਰਲ ਹਿੰਦ ਲਾਰਡ ਆਕਲੈਂਡ, ਸਰ ਚਾਰਲਸ ਮੈਟਕਾਫ, ਗਵਰਨਰ ਆਗਰਾ ਅਤੇ ਜਨਰਲ ਸਰ ਹੈਨਰੀ ਫੇਨ ਹਿੰਦੀ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਤੋਂ ਬਿਨਾਂ ਉਸ ਸਮੇਂ ਦੀਆਂ ਬਹੁਤ ਸਾਰੀਆਂ ਦੇਸੀ ਰਿਆਸਤਾਂ ਦੇ ਮੁਖੀਆਂ ਨੂੰ ਸੱਦੇ ਪੱਤਰ ਭੇਜੇ ਗਏ। ਕਮਾਂਡਰ-ਇਨ-ਚੀਫ਼ ਹੈਨਰੀ ਫੇਨ ਅੰਗਰੇਜ਼ੀ ਸਰਕਾਰ ਵੱਲੋਂ ਇਸ ਵਿਆਹ ਵਿੱਚ ਸ਼ਾਮਿਲ ਹੋਇਆ, ਜਿਸ ਦਾ ਸੁਆਗਤ ਬੜੀ ਸ਼ਾਨ ਨਾਲ ਕੀਤਾ



Sri Satguru Jagjit Singh Ji Elibrary NamdhariElibrary@gmail.com

ਗਿਆ, ਜਿਸ ਦੀ ਅਗਵਾਈ ਲਈ ਸਹਿਜ਼ਾਦਾ ਸ਼ੇਰ ਸਿੰਘ ਨੂੰ ਉਚੇਚੇ ਤੌਰ ਤੇ ਭੇਜਿਆ ਗਿਆ ਸੀ। ਬਰਾਤ ਅੰਮ੍ਰਿਤਸਰ ਤੋਂ ਰਵਾਨਾ ਹੋਈ। ਇਸ ਸ਼ਾਦੀ ਉੱਤੇ ਲੱਖਾਂ ਰੁਪਏ ਖਰਚ ਹੋਏ ਅਤੇ ਬਹੁਤ ਸਾਰੀਆਂ ਰਸਮਾਂ, ਰੀਤਾਂ ਵੱਡੀ ਸ਼ਾਨ ਨਾਲ ਨਿਭਾਈਆਂ ਗਈਆਂ। ਲੱਖਾਂ ਰੁਪਏ ਅਤੇ ਮੋਹਰਾਂ ਦੀ ਸੋਟ ਕੀਤੀ ਗਈ। ਇਸ ਵਿਆਹ ਦੀ ਸਜ-ਧਜ ਅਤੇ ਸ਼ਾਨ ਦਾ ਅਨੁਮਾਨ ਰਾਜਾ ਧਿਆਨ ਸਿੰਘ ਅਤੇ ਉਸ ਦੇ ਪੁੱਤਰ ਹੀਰਾ ਸਿੰਘ ਦੀਆਂ ਪੁਸ਼ਾਕਾਂ ਤੋਂ ਵੀ ਲਾਇਆ ਜਾ ਸਕਦਾ ਹੈ।

ਸਭ ਤੋਂ ਚੰਗੀ ਅਤੇ ਵਧੀਆ ਪੁਸ਼ਾਕ ਪ੍ਰਧਾਨ ਮੰਤਰੀ ਦੇ ਬੇਟੇ ਦੀ ਸੀ, ਜੋ ਇੱਕ ਸੁਣੱਖਾ ਅਤੇ ਮਹਾਰਾਜੇ ਦੇ ਮੂੰਹ ਚਿੱਤ ਲੱਗਣ ਵਾਲਾ ਕੁਮਾਰ ਸੀ। ਉਸਨੂੰ ਤੇ ਹੀਰਿਆਂ ਦਾ ਢੇਰ ਹੀ ਕਹਿਣਾ ਚਾਹੀਦਾ ਹੈ। ਉਸ ਦੀ ਧੌਣ, ਬਾਂਹਵਾਂ ਅਤੇ ਲੱਤਾਂ ਹਾਰਾਂ, ਕੰਗਣਾਂ ਅਤੇ ਕੜਿਆਂ ਨਾਲ ਭਰੀਆਂ ਪਈਆਂ ਸਨ, ਜੋ ਮੋਤੀਆਂ, ਹੀਰਿਆਂ, ਜ਼ਮੁਰਦਾਂ ਨਾਲ ਜੜੇ ਹੋਏ ਸਨ। ਇਹ ਚੀਜ਼ਾਂ ਇਸ ਤਰ੍ਹਾਂ ਇੱਕ-ਦੂਜੇ ਉਪਰ ਚੜ੍ਹੀਆਂ ਹੋਈਆਂ ਸਨ ਕਿ ਇਨ੍ਹਾਂ ਦੇ ਵਿਚਕਾਰਲਾ ਬਦਨ ਦਾ ਕੋਈ ਭਾਗ ਵੀ ਨਜ਼ਰ ਨਹੀਂ ਸੀ ਆਉਂਦਾ।

[1*]"ਕਮਾਂਡਰ-ਇਨ-ਚੀਫ਼ ਦੇ ਸੁਆਗਤ ਲਈ ਜਿਹੜੀ ਪਾਰਟੀ ਅੰਮ੍ਰਿਤਸਰ ਤੋਂ ਪੰਜ ਮੀਲ ਦੀ ਦੂਰੀ ਉੱਤੇ ਪਹੁੰਚੀ, ਉਸ ਵਿੱਚ 3,000 ਘੋੜ ਸਵਾਰ ਸਨ, ਜੋ ਸ਼ਾਨਦਾਰ ਪੁਸ਼ਾਕਾਂ ਅਤੇ ਘੋੜਿਆਂ ਦੇ ਸੁੰਦਰ ਸ਼ਿੰਗਾਰ ਨਾਲ ਸੱਜੇ ਹੋਏ ਸਨ, ਪਰ ਸਭ ਤੋਂ ਵੱਧ ਸ਼ਾਨ ਵੱਡੇ ਵਜ਼ੀਰ ਰਾਜਾ ਧਿਆਨ ਸਿੰਘ ਦੀ ਸੀ - ਜਿਸ ਦਾ ਸਰੀਰ ਸਿਰ ਤੋਂ ਲੈ ਕੇ ਪੈਰਾਂ ਤੱਕ ਹੀਰੇ ਜਵਾਹਰਾਂ ਦੀਆਂ ਲੜੀਆਂ ਨਾਲ ਢਕਿਆ ਹੋਇਆ ਸੀ। ਇੱਥੋਂ ਤੱਕ ਕਿ ਉਸ ਦੇ ਘੋੜੇ ਦੀਆਂ ਵਾਗਾਂ ਤੇ ਕਾਠੀ ਸੋਨੇ-ਚਾਂਦੀ ਨਾਲ ਮੜ੍ਹੀਆਂ ਹੋਈਆਂ ਸਨ ਅਤੇ ਕਾਠੀ ਉਪਰ ਪਾਇਆ ਗਿਆ ਕੱਪੜਾ ਚਾਂਦੀ ਦੀਆਂ ਤਾਰਾਂ ਨਾਲ ਕੱਢਿਆ ਹੋਇਆ ਸੀ।"

ਇਸ ਵਿਆਹ ਉੱਤੇ 50 ਲੱਖ ਰੁਪਏ ਦਾ ਤੰਬੋਲ ਇਕੱਠਾ ਹੋਇਆ। [2*]ਇਹ ਅਨੁਮਾਨ ਲਗਾਇਆ ਗਿਆ ਸੀ ਕਿ ਇਸ ਵਿਆਹ ਨੂੰ ਵੇਖਣ ਲਈ 6 ਲੱਖ ਦੇ ਕਰੀਬ ਲੋਕ ਇਕੱਠੇ ਹੋਏ ਸਨ। ਕਈ ਲੋਕ ਭੀੜ ਵਿੱਚ ਮਿੱਧੇ ਜਾਣ ਕਾਰਨ ਆਪਣੀਆਂ ਜਾਨਾਂ ਗੁਵਾ ਬੈਠੇ ਸਨ।

ਮਹਾਰਾਜਾ ਸਾਹਿਬ ਨੇ ਇਸ ਵਿਆਹ ਦੇ ਅਵਸਰ ਤੇ ਹਰ ਜੀਅ ਨੂੰ ਇੱਕ-ਇੱਕ ਰੁਪਿਆ ਵੰਡਣ ਦਾ ਹੁਕਮ ਦਿੱਤਾ ਸੀ। ਲੋਕਾਂ ਦੀ ਏਨੀ ਵਹੀਰ ਇਕੱਠੀ ਹੋ ਗਈ ਸੀ ਕਿ ਰਕਮ ਵੰਡਦਿਆਂ-ਵੰਡਦਿਆਂ 8 ਘੰਟੇ ਲੱਗੇ ਸਨ।

---

1* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ 387

2* ਉਪਰੋਕਤ, ਪੰਨਾ 389



Sri Satguru Jagjit Singh Ji Elibrary NamdhariElibrary@gmail.com

ਸ: ਸ਼ਾਮ ਸਿੰਘ ਅਟਾਰੀ ਵੱਲੋਂ ਜਿਹੜਾ ਇਸ ਵਿਆਹ ਵਿੱਚ ਦਾਜ-ਦਹੇਜ ਦਿੱਤਾ ਗਿਆ, ਉਸ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਗਿਆ ਹੈ :

1*"ਦਾਜ ਵਿੱਚ 101 ਘੋੜੇ, ਜੋ ਸੋਨੇ ਅਤੇ ਚਾਂਦੀ ਦੇ ਸਾਜਾਂ ਨਾਲ ਸ਼ਿੰਗਾਰੇ ਹੋਏ ਸਨ। 101 ਗਊਆਂ, 101 ਮੱਝਾਂ, 10 ਊਠ, 11 ਹਾਥੀ, ਸੋਨੇ ਅਤੇ ਚਾਂਦੀ ਦੇ ਗਹਿਣੇ ਹਜ਼ਾਰਾਂ ਰੁਪਇਆਂ ਦੇ, ਸੋਨੇ ਅਤੇ ਚਾਂਦੀ ਦੇ ਬਰਤਨ, ਕੀਮਤੀ ਨੱਗ, ਮੁਲਤਾਨ ਦੀ ਸਿਲਕ (ਰੇਸ਼ਮ) ਦੀਆਂ ਕੀਮਤੀ ਚੀਜ਼ਾਂ, ਬਨਾਰਸ ਦੀ ਸੁਨਹਿਰੀ ਅਤੇ ਲਾਲ ਕੀਮ ਖਾਬ ਅਤੇ 500 ਜੋੜੇ ਸ਼ਾਲਾਂ ਦੇ ਸਨ। ਇਹ ਸ਼ਾਲਾਂ ਬੜੀਆਂ ਸੁੰਦਰ ਅਤੇ ਕਸ਼ਮੀਰ ਦੀ ਅਦੁੱਤੀ ਕਾਰਾਗਰੀ ਦਾ ਨਮੂਨਾ ਸਨ। ਬਹੁਤ ਸਾਰੇ ਹੀਰੇ ਬੜੇ ਕੀਮਤੀ ਅਤੇ ਦੁਰਲੱਭ ਸਨ। ਜਨਾਨਾ ਭੂਸ਼ਨ ਤੇ ਜੋੜੇ ਹੀ ਇੱਕ ਏਕੜ ਧਰਤੀ ਉੱਤੇ ਰੱਖੇ ਹੋਏ ਸਨ। ਡਿਨਰ ਦਾ ਮੁਕੰਮਲ ਸੈਟ ਅਤੇ ਧੋਣ ਵਾਲੇ ਬਰਤਨ ਸਭ ਚਾਂਦੀ ਦੇ ਮੀਨਾਕਾਰੀ ਵਾਲੇ ਸਨ।"

ਇਸ ਅਵਸਰ ਉੱਤੇ ਸ਼ਾਲਾਮਾਰ ਬਾਗ ਵਿੱਚ ਇੱਕ ਰੰਗਾ-ਰੰਗ ਮਹਿਫ਼ਿਲ ਸਜ਼ਾਈ ਗਈ, ਜਿਸ ਵਿੱਚ 80 ਨਿਰਤਕੀਆਂ ਨੇ ਭਾਗ ਲਿਆ, ਕਿਉਂ ਜੋ ਹੋਲੀ ਦਾ ਤਿਉਹਾਰ ਵੀ ਸੀ, ਇਸ ਲਈ ਗੁਲਾਲ ਅਤੇ ਰੰਗਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਸ ਮੌਕੇ ਤੇ ਮਹਾਰਾਜਾ ਸਾਹਿਬ ਨੇ ਕਮਾਂਡਰ-ਇਨ-ਚੀਫ਼ ਤੋਂ ਇਹ ਪੁੱਛਿਆ ਕਿ ਕੀ ਤੁਸੀਂ ਅਜਿਹਾ ਬਾਗ ਕਿਸੇ ਹੋਰ ਥਾਂ 'ਤੇ ਵੇਖਿਆ ਹੈ? ਹੈਨਰੀ ਫੇਨ ਨੇ ਉੱਤਰ ਦਿੱਤਾ ਕਿ ਪੈਰਿਸ ਵਿੱਚ ਇੱਕ ਸੁੰਦਰ ਬਾਗ ਹੈ, ਜਿਸ ਉੱਤੇ ਲੱਖਾਂ ਰੁਪਏ ਖ਼ਰਚ ਹੋਏ ਹਨ। ਫਿਰ ਮਹਾਰਾਜਾ ਸਾਹਿਬ ਨੇ ਪੁੱਛਿਆ ਕਿ ਤੁਸੀਂ ਕੰਵਰ ਨੌਨਿਹਾਲ ਸਿੰਘ ਵਰਗਾ ਕੋਈ ਹੋਰ ਵਿਆਹ ਵੇਖਿਆ ਹੈ ਤਾਂ ਹੈਨਰੀ ਫੇਨ ਨੇ ਉੱਤਰ ਦਿੱਤਾ - ਨਹੀਂ, ਜਦੋਂ ਮੈਂ ਇਸ ਵਿਆਹ ਬਾਰੇ ਗਵਰਨਰ ਜਨਰਲ ਨੂੰ ਦੱਸਾਂਗਾ ਤਾਂ ਉਨ੍ਹਾਂ ਨੂੰ ਇਸ ਦਾ ਬੜਾ ਪਛਤਾਵਾ ਲੱਗੇਗਾ ਕਿ ਉਹ ਆਪ ਇਸ ਸ਼ਾਨਦਾਰ ਵਿਆਹ ਵਿੱਚ ਸ਼ਾਮਲ ਕਿਉਂ ਨਹੀਂ ਹੋਏ।

ਇਸ ਮੌਕੇ ਉੱਤੇ ਗਵਰਨਰ ਜਨਰਲ ਵੱਲੋਂ ਵੀ ਕੀਮਤੀ ਤੋਹਫੇ ਭੇਜੇ ਗਏ ਸਨ। ਸਰ ਹੈਨਰੀ ਫ਼ੇਨ ਦੀ ਵਿਦਾਇਗੀ ਸਮੇਂ ਮਹਾਰਾਜਾ ਸਾਹਿਬ ਵੱਲੋਂ ਵੀ ਕਈ ਮੌੜਵੀਆਂ ਕੀਮਤੀ ਸੁਗਾਤਾਂ ਗਵਰਨਰ ਜਨਰਲ ਨੂੰ ਭੇਜੀਆਂ ਗਈਆਂ ਅਤੇ ਹੈਨਰੀ ਫ਼ੇਨ ਨੂੰ ਵੀ, ਜਿਸ ਨੇ ਕੰਵਰ ਨੌਨਿਹਾਲ ਸਿੰਘ ਦੀ ਫ਼ੌਜ ਦੀ ਪਰੇਡ ਦੀ ਬੜੀ ਪ੍ਰਸੰਸਾ ਕੀਤੀ ਸੀ, ਨੂੰ ਵੀ ਕੀਮਤੀ ਸੁਗਾਤਾਂ ਦੇ ਕੇ ਸ਼ਾਨਦਾਰ ਵਿਦਾਇਗੀ ਦਿੱਤੀ ਗਈ।

---

1* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ 390

1* ਫਕੀਰ ਸੱਯਦ ਵਹੀਦੁਦੀਨ, ਦ ਰਿਅਲ ਰਣਜੀਤ ਸਿੰਘ, ਪੰਨਾ 194-195



Sri Satguru Jagjit Singh Ji Elibrary NamdhariElibrary@gmail.com

## ਮਹਾਰਾਜਾ ਰਣਜੀਤ ਸਿੰਘ ਦੇ ਨਿੱਜੀ ਜੀਵਨ ਦੇ ਕੁਝ ਵਿਸ਼ੇਸ਼ ਪੱਖ

ਮਹਾਰਾਜਾ ਰਣਜੀਤ ਸਿੰਘ ਦਾ ਸਮੁੱਚਾ ਵਿਅਕਤੀਤੱਵ ਵਿਰੋਧਾਭਾਸ਼ੀ ਗੁਣਾਂ ਦੋਸ਼ਾਂ ਦਾ ਜਟਿਲ ਸਮੂਹ ਸੀ। ਜਿੱਥੇ ਉਸ ਨੂੰ ਪੰਜਾਬ ਦੇ ਲੋਕ ਜੀਵਨ ਅਤੇ ਸਭਿਆਚਾਰ ਨਾਲ ਅਥਾਹ ਪ੍ਰੇਮ ਅਤੇ ਅਪਣੱਤ ਸੀ, ਉੱਥੇ ਉਹ ਸਾਧਾਰਨ ਪੰਜਾਬ ਦੇ ਜੱਟਾਂ ਅਤੇ ਕਿਰਸਾਨਾਂ ਦੇ ਸਿੱਧੇ-ਸਾਦੇ ਜੀਵਨ ਦੀ ਤੁਲਨਾ ਵਿੱਚ ਰਾਜ ਸ਼ਾਹੀ ਸ਼ਾਨ-ਸ਼ੌਕਤ ਨੂੰ ਅਪਨਾ ਬੈਠਾ ਸੀ। ਮੁਗਲ ਸਮਰਾਟ ਔਰੰਗਜ਼ੇਬ ਨੇ ਭਾਵੇਂ ਆਪਣੇ ਰਾਜਕਾਲ ਵਿੱਚ ਬੜੇ ਜ਼ੁਲਮ ਢਾਹੇ ਪਰ ਆਪਣੇ ਨਿੱਜੀ ਜੀਵਨ ਵਿੱਚ ਉਸਨੇ ਸਿੱਧੇ-ਸਾਦੇ ਸੰਜਮੀ ਜੀਵਨ ਨਾਲ ਹੀ ਨਿਰਭਾ ਕੀਤਾ। ਅਹਿਮਦ ਸ਼ਾਹ ਅਬਦਾਲੀ ਨੇ ਜਦੋਂ ਦਸੰਬਰ 1766 ਵਿੱਚ ਭੰਗੀ ਸਰਦਾਰ ਲਹਿਣਾ ਸਿੰਘ ਨੂੰ ਲਾਹੌਰ ਦੀ ਗਵਰਨਰੀ ਦੀ ਪੇਸ਼ਕਸ਼ ਕੀਤੀ ਅਤੇ ਆਪਣੇ ਪੁੱਤਰ ਦੇ ਨਾਲ ਅਫ਼ਗਾਨਿਸਤਾਨ ਦੇ ਸੁੱਕੇ ਮੇਵੇ ਅਤੇ ਹੋਰ ਉਪਹਾਰ ਭੇਜੇ ਤਾਂ ਸ: ਲਹਿਣਾ ਸਿੰਘ ਨੇ ਜਿਹੜਾ ਉੱਤਰ ਮੋੜੇ ਦੇ ਰਹਿਮ ਤੁੱਲਾ ਬੇਗ ਰਾਹੀਂ ਅਹਿਮਦਸ਼ਾਹ ਅਬਦਾਲੀ ਨੂੰ ਭੇਜਿਆ, ਉਹ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ, ਜਿਸ ਵਿੱਚੋਂ ਮਿਸਲ ਕਾਲ ਦੇ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ ਦੀ ਸਪੱਸ਼ਟ ਝਲਕ ਦਿਖਾਈ ਦਿੰਦੀ ਹੈ। ਡਾ: ਹਰੀ ਰਾਮ ਗੁਪਤਾ ਇਸ ਦਾ ਉਲੇਖ ਇਨ੍ਹਾਂ ਸ਼ਬਦਾਂ ਰਾਹੀਂ ਕਰਦਾ ਹੈ :

[1*]"ਤੁਹਾਡੀ ਪੇਸ਼ਕਸ਼ ਨੂੰ ਪ੍ਰਵਾਨ ਕਰਕੇ ਉਹ (ਲਹਿਣਾ ਸਿੰਘ) ਆਪਣੇ ਸਿੱਖ ਭਾਈਚਾਰੇ ਦੀਆਂ ਨਜ਼ਰਾਂ ਵਿੱਚੋਂ ਡਿੱਗ ਪਵੇਗਾ। ਲਹਿਣਾ ਸਿੰਘ ਨੇ ਉਸ ਦੇ ਕਾਬਲ ਦੇ ਸੁੱਕੇ ਮੇਵੇਂ ਵੀ ਵਾਪਿਸ ਭੇਜ ਦਿੱਤੇ ਅਤੇ ਆਪਣੇ ਵੱਲੋਂ ਕੁਝ ਖੁਰਦਰੇ ਅਨਾਜ (ਕਣਕ ਦੇ ਦਾਣੇ) ਭੇਜ ਕੇ ਇਹ ਅਖਵਾ ਭੇਜਿਆ ਕਿ ਸੁੱਕੇ ਫ਼ਲ ਤਾਂ ਬਾਦਸ਼ਾਹਾਂ ਦਾ ਆਹਾਰ ਹੁੰਦਾ ਹੈ। ਅਸੀਂ ਤਾਂ ਇਹੋ ਜਿਹਾ ਮੋਟਾ ਠੁੱਲਾ ਅਨਾਜ ਖਾਣ ਵਾਲੇ ਹਾਂ।"

[2*]ਰਣਜੀਤ ਸਿੰਘ ਸ਼ਰਾਬ ਦਾ ਖੁੱਲ੍ਹਾ ਪ੍ਰਯੋਗ ਕਰਦਾ ਸੀ। Hugel ਅਨੁਸਾਰ ਇਹ ਸ਼ਰਾਬ ਬਰਾਂਡੀ ਅਤੇ ਤਰ੍ਹਾਂ-ਤਰ੍ਹਾਂ ਦੇ ਜਾਨਵਰਾਂ ਦੇ ਮਾਸ ਨੂੰ ਮਿਲਾ ਕੇ ਕਸ਼ੀਦ ਕੀਤੀ ਜਾਂਦੀ, ਪਰ ਇਸ ਵਿੱਚ ਗਊ ਮਾਸ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ ਅਤੇ ਕਈ ਤਰ੍ਹਾਂ ਦੇ ਮੋਤੀ ਮਾਣਕ ਅਤੇ ਜੜੀ-ਬੂਟੀਆਂ ਪਾਈਆਂ ਜਾਂਦੀਆਂ ਸਨ। ਹੁਗਲ (Hugel) ਤਾਂ ਇਸ ਨੂੰ ਰਾਕਸ਼ਾਂ ਵਾਲਾ ਮੱਦ ਪਿਆਲਾ ਦੱਸਦਾ ਹੈ, ਜਿਸ ਦਾ ਨਸ਼ਾ ਬਹੁਤ ਤੇਜ਼ ਹੁੰਦਾ ਸੀ।

ਸ਼ਰਾਬ ਦੇ ਨਸ਼ੇ ਤੋਂ ਬਿਨਾਂ ਮਹਾਰਾਜਾ ਸਾਹਿਬ ਅਫ਼ੀਮ ਦੀ ਵਰਤੋਂ ਵੀ

[1*] ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ II, ਪੰਨਾ 239

[2*] ਉਪਰੋਕਤ, ਜਿਲਦ V, ਪੰਨਾ 580-581



Sri Satguru Jagjit Singh Ji Elibrary NamdhariElibrary@gmail com

ਕਰਦੇ ਸਨ। ਉਨ੍ਹਾਂ ਦੇ ਆਪਣੇ 15 ਜੁਲਾਈ, 1837 ਦੇ ਇਕਬਾਲੀਆ ਬਿਆਨ ਅਨੁਸਾਰ, ਪਹਿਲਾਂ ਉਹ 8 ਚਾਵਲ ਅਤੇ ਪਿਛੋਂ 3 ਚਾਵਲਾਂ ਦੇ ਵਜ਼ਨ ਬਰਾਬਰ ਰੋਜ਼ਾਨਾ ਅਫ਼ੀਮ ਦੀ ਵਰਤੋਂ ਕਰਦੇ ਸਨ।

### ਪਹਿਰਾਵੇ ਦੀ ਸਾਦਗੀ ਅਤੇ ਸ਼ਾਨ

[1*]ਰਣਜੀਤ ਸਿੰਘ ਸਾਦੀ ਪੁਸ਼ਾਕ ਪਹਿਨਦਾ ਸੀ। ਗਰਮੀਆਂ ਵਿੱਚ ਢਾਕੇ ਦੀ ਮਲਮਲ ਅਤੇ ਸਿਆਲ ਵਿੱਚ ਪੀਲਾ ਜਾਂ ਹਰਾ ਪਸ਼ਮੀਨਾ। ਉਸ ਦੀ ਦਸਤਾਰ ਲੰਮੀ ਹੁੰਦੀ ਸੀ, ਜੋ ਉਸਦੇ ਮੱਥੇ ਵੱਲ ਵਧੀ ਹੋਈ ਹੁੰਦੀ ਸੀ ਅਤੇ ਪਿਛਲੇ ਬੰਨੇ ਪੱਲਾ ਛੱਡਿਆ ਹੁੰਦਾ ਸੀ। ਕਈ ਵਾਰ ਪੱਗ ਉੱਤੇ ਰੁਮਾਲ ਬੰਨ ਲੈਂਦੇ ਸਨ। ਚਿੱਟੀ ਮਲਮਲ ਦੀ ਕਮੀਜ਼, ਕਮਰ ਦੁਆਲੇ ਕਮਰਕੱਸਾ, ਕਛਹਿਰਾ ਅਤੇ ਪਜਾਮਾ, ਲਾਲ ਜਾਂ ਸੁਨਹਿਰੀ ਜੁੱਤੀ, ਸਿਆਲ ਵਿੱਚ ਗਰਮ ਪਜ਼ਾਮਾ ਅਤੇ ਕਈ ਵਾਰ ਜੁਰਾਬਾਂ ਵੀ ਪਹਿਨ ਲੈਂਦੇ ਸਨ। ਵਿਸ਼ੇਸ਼ ਅਵਸਰਾਂ ਸਮੇਂ ਉਹ ਅੰਗਰੱਖਾ ਪਹਿਨਦੇ ਸਨ।

ਆਮ ਦਿਨਾਂ ਵਿੱਚ ਉਹ ਕੋਈ ਗਹਿਣਾ ਨਹੀਂ ਸੀ ਪਹਿਨਦੇ, ਪਰ ਵਿਸ਼ੇਸ਼ ਅਵਸਰਾਂ ਉੱਤੇ ਹੀਰੇ-ਜਵਾਹਰਾਤ ਪਹਿਨ ਕੇ ਸ਼ਿੰਗਾਰ ਕਰ ਲੈਂਦੇ ਸਨ। ਉਹ ਪੱਗ ਦੇ ਸਾਹਮਣੇ ਵੱਡਾ ਹੀਰਾ ਪਹਿਨ ਲੈਂਦੇ ਸਨ। ਸੋਨੇ ਅਤੇ ਮੋਤੀਆਂ ਦੇ ਹਾਰ ਵੀ ਪਹਿਨਦੇ ਸਨ। ਕਈ ਵਾਰ ਕੜੇ ਅਤੇ ਬਾਹਵਾਂ ਉੱਤੇ ਬਾਜੂਬੰਦ ਵੀ ਪਹਿਣ ਲੈਂਦੇ ਸਨ। ਕਈ ਵਾਰ ਕੋਹਿਨੂਰ ਹੀਰਾ ਵੀ ਖੱਬੀ ਬਾਂਹ ਉੱਤੇ ਬੰਨਿਆ ਹੁੰਦਾ ਸੀ। ਕਮਰਬੰਦ ਹੇਠਾਂ, ਉਹ ਕਟਾਰ ਜਾਂ ਹੋਰ ਸ਼ਸ਼ਤਰ ਜਿਨ੍ਹਾਂ ਦੀਆਂ ਮੁੱਠਾਂ ਸੁਨਹਿਰੀ ਅਤੇ ਰਤਨਾਂ ਜੜੀਆਂ ਹੁੰਦੀਆਂ ਸਨ, ਪਹਿਨਦੇ ਸਨ। ਉਨ੍ਹਾਂ ਦੀ ਤਲਵਾਰ ਉੱਤੇ ਕੀਮਤੀ ਪੱਥਰ ਜੜੇ ਹੁੰਦੇ ਸਨ। ਕਈ ਵਾਰ ਉਹ 2 ਪਿਸਤੌਲਾਂ ਪਹਿਨਦੇ ਸਨ। ਉਨ੍ਹਾਂ ਨੇ 1836 ਵਿੱਚ Hugel ਨੂੰ ਕਿਹਾ, "ਜਦੋਂ ਆਪਣੇ ਦੇਸ਼ ਜਾਵੋ ਤਾਂ ਮੈਨੂੰ ਦੋ ਪਿਸਤੌਲਾਂ ਭੇਜ ਦੇਣਾ।" ਮਹਾਰਾਜਾ ਰਣਜੀਤ ਸਿੰਘ ਆਪਣੇ ਦਰਬਾਰੀਆਂ ਅਤੇ ਅਹਿਲਕਾਰਾਂ ਨੂੰ ਵੀ ਚੰਗੀ ਪੁਸ਼ਾਕ ਪਹਿਨਣ ਦੀ ਤਾਕੀਦ ਕਰਦੇ ਹੁੰਦੇ ਸਨ। ਕਿਸੇ ਵੀ ਭੱਦੀ ਪੁਸ਼ਾਕ ਪਹਿਨਣ ਵਾਲੇ ਬੰਦੇ ਨੂੰ ਮਹਾਰਾਜੇ ਸਾਹਮਣੇ ਪੇਸ਼ ਨਹੀਂ ਸੀ ਕੀਤਾ ਜਾਂਦਾ।

### ਪਰਿਵਾਰਿਕ ਜੀਵਨ

ਭਾਰਤੀ ਸਮਾਜ ਵਿੱਚ ਹਜ਼ਾਰਾਂ ਸਾਲਾਂ ਤੋਂ ਪੁਰਸ਼ ਪ੍ਰਧਾਨ ਸਮਾਜ ਪ੍ਰਚੱਲਿਤ ਰਿਹਾ ਹੈ ਅਤੇ ਇਸਤਰੀ ਜਾਤੀ ਸਦਾ ਪੁਰਸ਼ ਸਮਾਜ ਦੀ ਦਬੇਲ ਰਹੀ ਹੈ। ਬਹੁ-ਪਤਨੀ ਪ੍ਰਬੰਧ ਸਾਰੇ ਸਾਮੰਤ ਯੁੱਗ ਵਿੱਚ ਪ੍ਰਚੱਲਿਤ ਰਿਹਾ ਹੈ। ਸਮਾਜਿਕ ਦ੍ਰਿਸ਼ਟੀ ਤੋਂ ਇਸ ਬਹੁ-ਪਤਨੀ ਪ੍ਰਬੰਧ ਉੱਤੇ ਕੋਈ ਆਲੋਚਨਾਤਮਿਕ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 582



Sri Satguru Jagjit Singh Ji Elibrary NamdhariElibrary@gmail.com

ਟਿੱਪਣੀ ਕਰਨ ਤੋਂ ਸੰਕੋਚ ਕਰਦੇ ਹੋਏ ਜੇਕਰ ਇਸ ਨੂੰ ਉਸ ਕਾਲ ਦੀ ਪ੍ਰਚੱਲਿਤ ਰੀਤੀ ਮੰਨ ਵੀ ਲਿਆ ਜਾਵੇ ਤਾਂ ਵੀ ਮਹਾਰਾਜਾ ਰਣਜੀਤ ਸਿੰਘ ਦੇ ਨਿੱਜੀ ਜੀਵਨ ਵਿੱਚ ਇਸ ਬਹੁ-ਪਤਨੀ ਰਿਵਾਜ਼ ਅਨੁਸਾਰ ਜੋ ਦੋਸ਼ ਉਤਪੰਨ ਹੋਏ, ਉਸ ਦਾ ਖ਼ਾਲਸਾ ਦਰਬਾਰ ਦੇ ਕਾਰਜ ਉੱਤੇ ਜ਼ਰੂਰ ਅਸਰ ਪਿਆ ਹੋਵੇਗਾ। ਇਸ ਤੋਂ ਮਹਾਰਾਜੇ ਦੇ ਸੁਯੋਗ ਉੱਤਰਅਧਿਕਾਰੀ ਦੀ ਚੋਣ ਸੰਬੰਧੀ ਦੀ ਅਣਗਹਿਲੀ ਦਾ ਪਤਾ ਲੱਗ ਜਾਂਦਾ ਹੈ, ਜੋ ਮਹਾਰਾਜਾ ਰਣਜੀਤ ਸਿੰਘ ਵੱਲੋਂ ਵਿਸ਼ਾਲ ਰਾਜ ਦੇ ਪਤਨ ਦਾ ਇੱਕ ਮੁੱਖ ਕਾਰਨ ਬਣਿਆ। 1*ਡਾ: ਭਗਤ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰਿਕ ਜੀਵਨ ਸੰਬੰਧੀ ਵਿਸਥਾਰ ਪੂਰਵਕ ਵੇਰਵੇ ਦਿੱਤੇ ਹਨ :

"ਰਣਜੀਤ ਸਿੰਘ ਦੀਆਂ ਬਹੁਤ ਸਾਰੀਆਂ ਪਤਨੀਆਂ ਸਨ, ਜਿਨ੍ਹਾਂ ਨਾਲ ਉਸਨੇ ਆਨੰਦ ਕਾਰਜ, ਚਾਦਰ ਪਾਉਣਾ ਅਤੇ ਅਜਿਹੇ ਹੋਰ ਢੰਗ ਤਰੀਕਿਆਂ ਨਾਲ ਵਿਆਹ ਕੀਤੇ ਸਨ। ਉਸ ਦੇ ਘਰ ਕਈ ਪੁੱਤਰ ਪੈਦਾ ਹੋਏ ਸਨ।"

**ਰਣਜੀਤ ਸਿੰਘ ਦੀਆਂ ਪਤਨੀਆਂ**

1. ਮਹਾਰਾਣੀ ਮਹਿਤਾਬ ਕੌਰ ਜੋ ਸਰਦਾਰ ਗੁਰਬਖਸ਼ ਸਿੰਘ ਘਨੱਈਆ ਅਤੇ ਰਾਣੀ ਸਦਾ ਕੌਰ ਦੀ ਪੁੱਤਰੀ ਸੀ, ਜਿਸ ਨਾਲ ਰਣਜੀਤ ਸਿੰਘ ਦਾ 1796 ਈ: ਵਿੱਚ ਵਿਆਹ ਹੋਇਆ ਸੀ। ਉਹ ਈਸ਼ਰ ਸਿੰਘ, ਸ਼ੇਰ ਸਿੰਘ ਅਤੇ ਤਾਰਾ ਸਿੰਘ ਦੀ ਮਾਂ ਸੀ। ਉਸ ਦੀ ਮੌਤ 1813 ਵਿੱਚ ਹੋਈ ਸੀ।
2. ਰਾਣੀ ਰਾਜ ਕੌਰ, ਜਿਸਨੂੰ ਦਾਤਾਰ ਕੌਰ ਵੀ ਕਹਿੰਦੇ ਹਨ ਅਤੇ ਜੋ ਮਾਈ ਨਕੈਣ ਦੇ ਨਾਂ ਨਾਲ ਵੀ ਮਸ਼ਹੂਰ ਸੀ, ਰਣ ਸਿੰਘ ਨਕੱਈ ਦੀ ਪੁੱਤਰੀ ਅਤੇ ਗਿਆਨ ਸਿੰਘ ਨਕੱਈ ਦੀ ਭੈਣ ਸੀ। ਇਸ ਦਾ ਵਿਆਹ 1798 ਈ: ਵਿੱਚ ਹੋਇਆ ਸੀ ਅਤੇ ਇਹ ਮਹਾਰਾਜਾ ਖੜਕ ਸਿੰਘ ਦੀ ਮਾਤਾ ਸੀ।
3. ਰਾਣੀ ਰੂਪ ਕੌਰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕੋਟ ਸਈਦ ਮਹਿਮੂਦ ਦੇ ਨੰਬਰਦਾਰ ਜੈ ਸਿੰਘ ਦੀ ਪੁੱਤਰੀ ਸੀ। ਉਸ ਦਾ ਰਣਜੀਤ ਸਿੰਘ ਨਾਲ ਵਿਆਹ 1815 ਵਿੱਚ ਹੋਇਆ ਸੀ।
4. ਰਾਣੀ ਲੱਛਮੀ ਦਾ ਵਿਆਹ 1820 ਈ: ਵਿੱਚ ਹੋਇਆ ਸੀ। ਉਹ ਦੇਸਾ ਸਿੰਘ ਵੱਡਾ-ਪੱਗਾ ਦੀ ਧੀ ਸੀ, ਜੋ ਗੁਜਰਾਂਵਾਲੇ ਦੇ ਪਿੰਡ ਜੋਗਕੀ ਖ਼ਾਂ ਦਾ ਸੰਧੂ ਜੱਟ ਸੀ।
5. ਰਾਣੀ ਮਹਿਤਾਬ ਦੇਵੀ ਜਿਸ ਨੂੰ ਰਾਣੀ ਕਟੋਚਾਂ ਜਾਂ ਗਦਣ ਵੀ

1* ਡਾ. ਭਗਤ ਸਿੰਘ, ਮਹਾਰਾਜਾ ਰਣਜੀਤ ਸਿੰਘ, ਪੰਨਾ 27, 28, 29



Sri Satguru Jagjit Singh Ji Elibrary NamdhariElibrary@gmail com

ਕਹਿੰਦੇ ਸਨ, ਕਾਂਗੜੇ ਦੇ ਰਾਜਾ ਸੰਸਾਰ ਚੰਦ ਕਟੋਰ ਦੀ ਧੀ ਸੀ। ਉਸ ਦਾ ਮਹਾਰਾਜਾ ਨਾਲ ਵਿਆਹ 1829 ਈ: ਵਿੱਚ ਹੋਇਆ ਸੀ ਅਤੇ ਉਹ 1839 ਈ: ਵਿੱਚ ਮਹਾਰਾਜਾ ਦੇ ਮਰਨ ਸਮੇਂ ਉਸ ਦੇ ਨਾਲ ਹੀ ਸਤੀ ਹੋ ਗਈ ਸੀ।

6. ਰਾਣੀ ਰਾਜ ਬੰਸੋ ਮਹਿਤਾਬ ਦੇਵੀ ਦੀ ਭੈਣ ਅਤੇ ਰਾਜਾ ਸੰਸਾਰ ਚੰਦ ਦੀ ਦੂਜੀ ਧੀ ਸੀ। ਉਸ ਦਾ ਵਿਆਹ ਵੀ 1829 ਈ: ਵਿੱਚ ਹੋਇਆ ਸੀ ਅਤੇ ਉਸ ਦੀ ਮੌਤ 1835 ਈ: ਵਿੱਚ ਹੋ ਗਈ ਸੀ।
7. ਰਾਣੀ ਰਾਜ ਦੇਵੀ ਮੀਆਂ ਪਦਮ ਸਿੰਘ ਦੀ ਧੀ ਸੀ। ਉਹ ਵੀ 1839 ਈ: ਵਿੱਚ ਮਹਾਰਾਜਾ ਦੇ ਨਾਲ ਹੀ ਸਤੀ ਹੋ ਗਈ ਸੀ।
8. ਰਾਣੀ ਦਵਨੋ ਬਟਾਲਾ ਦੇ ਚਿੱਬ ਖਤਰੀ ਸਨਦ-ਭਾਗੀ ਦੀ ਧੀ ਸੀ। 1839 ਈ: ਵਿੱਚ ਮਹਾਰਾਜਾ ਦੇ ਨਾਲ ਹੀ ਸਤੀ ਹੋ ਗਈ ਸੀ।
9. ਰਾਣੀ ਹਰਦੇਵੀ ਜ਼ਿਲ੍ਹਾ ਗੁਰਦਾਸਪੁਰ ਦੇ ਅਟਲਗੜ੍ਹ ਦੇ ਚੌਧਰੀ ਰਾਮ ਸਾਲੇਰੀਆ ਰਾਜਪੂਤ ਦੀ ਧੀ ਸੀ। ਉਹ ਵੀ 1839 ਈ: ਵਿੱਚ ਮਹਾਰਾਜਾ ਦੇ ਨਾਲ ਹੀ ਸਤੀ ਹੋ ਗਈ ਸੀ।
10. ਰਾਣੀ ਰਾਮ ਦੇਵੀ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਛਛਰੀਵਾਲਾ ਦੇ ਕੌਰ ਸਿੰਘ ਦੀ ਧੀ ਸੀ। ਉਹ ਮਹਾਰਾਜਾ ਦੇ ਜਿਉਂਦਿਆਂ ਹੀ ਮਰ ਗਈ ਸੀ।
11. ਰਾਣੀ ਦੇਵੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜਸਵਾਂ ਪਿੰਡ ਦੇ ਵਜ਼ੀਰ ਨਕ੍ਹੂਦਾ ਦੀ ਧੀ ਸੀ।
12. ਰਾਣੀ ਮੋਰਾਂ ਵਿਆਹ ਤੋਂ ਪਹਿਲਾਂ ਲਾਹੌਰ ਦੀ ਇੱਕ ਮੁਸਲਮਾਨ ਨਾਚੀ ਸੀ। 1802 ਈ: ਵਿੱਚ ਉਸ ਦਾ ਮਹਾਰਾਜਾ ਨਾਲ ਵਿਆਹ ਹੋਇਆ। ਉਹ ਇੱਕ ਯਾਤਰਾ ਸਮੇਂ ਮਹਾਰਾਜਾ ਦੇ ਨਾਲ ਹਰਦੁਆਰ ਵੀ ਗਈ ਸੀ।
13. ਰਾਣੀ ਗੁਲ ਬਹਾਰ ਬੇਗ਼ਮ ਵਿਆਹ ਤੋਂ ਪਹਿਲਾਂ ਅੰਮ੍ਰਿਤਸਰ ਵਿੱਚ ਰਹਿੰਦੀ ਸੀ। ਮਹਾਰਾਜਾ ਨੇ 1833 ਈ: ਵਿੱਚ ਉਸ ਨਾਲ ਵਿਆਹ ਕੀਤਾ। 1863 ਈ: ਵਿੱਚ ਉਸ ਦੀ ਮ੍ਰਿਤੂ ਹੋ ਗਈ ਸੀ।
14. ਰਾਣੀ ਰਤਨ ਕੌਰ ਗੁਜਰਾਤ ਦੇ ਸਾਹਿਬ ਸਿੰਘ ਭੰਗੀ ਦੀ ਵਿਧਵਾ ਸੀ। ਸਾਹਿਬ ਸਿੰਘ ਦੀ ਮੌਤ ਤੋਂ ਬਾਅਦ ਰਣਜੀਤ ਸਿੰਘ ਨੇ 1811 ਈ: ਵਿੱਚ ਉਸ ਨੂੰ ਆਪਣੇ ਹਰਮ ਵਿੱਚ ਦਾਖ਼ਲ ਕਰ ਲਿਆ। ਉਸਨੇ ਕੰਵਰ ਮੁਲਤਾਨਾ ਸਿੰਘ ਨੂੰ ਜਨਮ ਦਿੱਤਾ ਸੀ।
15. ਰਾਣੀ ਦਯਾ ਕੌਰ ਵੀ ਗੁਜਰਾਤ ਦੇ ਸਾਹਿਬ ਸਿੰਘ ਦੀ ਵਿਧਵਾ



Sri Satguru Jagjit Singh Ji Elibrary NamdhariElibrary@gmail.com

ਸੀ। ਉਸ ਨੂੰ ਵੀ ਰਣਜੀਤ ਸਿੰਘ ਨੇ ਆਪਣੇ ਹਰਮ ਵਿੱਚ ਸ਼ਾਮਲ ਕਰ ਲਿਆ ਅਤੇ ਉਸਨੇ ਦੋ ਪੁੱਤਰਾਂ - ਕਸ਼ਮੀਰਾ ਸਿੰਘ ਅਤੇ ਪਿਸ਼ੌਰਾ ਸਿੰਘ ਨੂੰ ਜਨਮ ਦਿੱਤਾ ਸੀ। ਉਹ 1843 ਈ: ਵਿੱਚ ਅਕਾਲ ਚਲਾਣਾ ਕਰ ਗਈ ਸੀ।

16. ਰਾਣੀ ਚੰਦ ਕੌਰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਚੈਨਪੁਰ ਦੇ ਇੱਕ ਜੱਟ ਜੈ ਸਿੰਘ ਦੀ ਲੜਕੀ ਸੀ। ਉਸ ਦਾ 1815 ਈ: ਵਿੱਚ ਮਹਾਰਾਜਾ ਨਾਲ ਵਿਆਹ ਹੋਇਆ ਅਤੇ 1840 ਵਿੱਚ ਉਸ ਦੀ ਮੌਤ ਹੋ ਗਈ।
17. ਰਾਣੀ ਮਹਿਤਾਬ ਕੌਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਮੱਲਾ ਦੇ ਜੱਟ ਸੁਜਾਨ ਸਿੰਘ ਦੀ ਧੀ ਸੀ। ਮਹਾਰਾਜਾ ਨਾਲ ਉਸਦਾ ਵਿਆਹ 1822 ਈ: ਵਿੱਚ ਹੋਇਆ ਸੀ।
18. ਰਾਣੀ ਸਮਣ ਕੌਰ ਮਾਲਵੇ ਦੇ ਇਲਾਕੇ ਦੇ ਇੱਕ ਜੱਟ ਸੂਬਾ ਸਿੰਘ ਦੀ ਧੀ ਸੀ। ਮਹਾਰਾਜਾ ਨੇ ਉਸ ਨਾਲ 1832 ਈ: ਵਿੱਚ ਵਿਆਹ ਕੀਤਾ ਸੀ।
19. ਰਾਣੀ ਗੁਲਾਬ ਕੌਰ ਜ਼ਿਲ੍ਹਾ ਅੰਮ੍ਰਿਤਸਰ 'ਦੇ ਪਿੰਡ ਜਗਦੇਵ ਦੇ ਇੱਕ ਜੱਟ ਦੀ ਧੀ ਸੀ। ਉਸ ਦੀ ਮੌਤ 1838 ਵਿੱਚ ਹੋਈ ਸੀ।
20. ਰਾਣੀ ਜਿੰਦ ਕੌਰ ਜੋ ਰਾਣੀ ਜਿੰਦਾਂ ਦੇ ਨਾਂ ਨਾਲ ਪ੍ਰਸਿੱਧ ਹੈ। ਸਰਦਾਰ ਮੰਨਾ ਸਿੰਘ ਔਲਖ ਦੀ ਧੀ ਸੀ। ਉਸ ਦਾ 1835 ਈ: ਵਿੱਚ ਮਹਾਰਾਜਾ ਨਾਲ ਵਿਆਹ ਹੋਇਆ ਅਤੇ 1863 ਈ: ਵਿੱਚ ਉਸ ਦੀ ਮੌਤ ਹੋਈ ਸੀ। ਉਹ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਸੀ।

### ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ

ਮਹਾਰਾਜਾ ਰਣਜੀਤ ਸਿੰਘ ਦੇ ਅੱਠ ਪੁੱਤਰ ਸਨ :

1. ਖੜਕ ਸਿੰਘ, ਜੋ ਮਹਾਰਾਜਾ ਦਾ ਸਭ ਤੋਂ ਵੱਡਾ ਪੁੱਤਰ ਸੀ। 1802 ਈ: ਵਿੱਚ ਰਾਣੀ ਰਾਜ ਕੌਰ ਤੋਂ ਪੈਦਾ ਹੋਇਆ ਸੀ। ਉਹ 1839 ਈ: ਵਿੱਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦੀ ਗੱਦੀ 'ਤੇ ਬੈਠਾ ਅਤੇ 5 ਨਵੰਬਰ, 1840 ਈ: ਨੂੰ ਉਸ ਦੀ ਮੌਤ ਹੋ ਗਈ।
2. ਸ਼ੇਰ ਸਿੰਘ 1807 ਈ: ਵਿੱਚ ਰਾਣੀ ਮਹਿਤਾਬ ਕੌਰ ਤੋਂ ਬਟਾਲੇ ਵਿੱਚ ਪੈਦਾ ਹੋਇਆ ਸੀ। ਉਹ 1841 ਈ: ਵਿੱਚ ਖੜਕ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਰਾਜ ਦਾ ਮਹਾਰਾਜਾ ਬਣਿਆ। 15



Sri Satguru Jagjit Singh Ji Elibrary NamdhariElibrary@gmail.com

ਸਤੰਬਰ, 1843 ਈ: ਨੂੰ ਅਜੀਤ ਸਿੰਘ ਸੰਧਾਂਵਾਲੀਆ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ।

3. ਤਾਰਾ ਸਿੰਘ ਵੀ 1807 ਈ: ਵਿੱਚ ਹੀ ਰਾਣੀ ਮਹਿਤਾਬ ਕੌਰ ਤੋਂ ਪੈਦਾ ਹੋਇਆ ਸੀ। ਉਹ ਸ਼ੇਰ ਸਿੰਘ ਦਾ ਜੌੜਾ ਭਰਾ ਸੀ ਅਤੇ ਬਹੁਤ ਸਾਰਾ ਸਮਾਂ ਸ਼ੇਰ ਸਿੰਘ ਦੇ ਨਾਲ ਹੀ ਰਿਹਾ। ਸਤੰਬਰ 1859 ਈ: ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਸੂਹਾ ਦੇ ਸਥਾਨ ਤੇ ਉਸ ਦੀ ਮੌਤ ਹੋਈ।
4. ਈਸ਼ਰ ਸਿੰਘ 1804 ਈ: ਵਿੱਚ ਰਾਣੀ ਮਹਿਤਾਬ ਕੌਰ ਤੋਂ ਪੈਦਾ ਹੋਇਆ ਸੀ ਅਤੇ ਡੇਢ ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ ਸੀ।
5. ਪਿਸ਼ੌਰਾ ਸਿੰਘ ਰਾਣੀ ਦਯਾ ਕੌਰ ਤੋਂ ਪੈਦਾ ਹੋਇਆ ਸੀ। ਅਗਸਤ 1844 ਈ: ਨੂੰ ਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦੇ ਜੋ ਲਾਹੌਰ ਦਰਬਾਰ ਵਿੱਚ ਪ੍ਰਧਾਨ ਮੰਤਰੀ ਸੀ, ਹੁਕਮ ਨਾਲ ਫ਼ਤਹਿ ਖ਼ਾਂ ਟਿਵਾਣਾ ਅਤੇ ਸਰਦਾਰ ਚਤਰ ਸਿੰਘ ਹੱਥੋਂ ਅਟਕ ਦੇ ਸਥਾਨ 'ਤੇ ਕਤਲ ਹੋ ਗਿਆ ਸੀ।
6. ਕਸ਼ਮੀਰਾ ਸਿੰਘ ਵੀ ਰਾਣੀ ਦਯਾ ਕੌਰ ਤੋਂ ਪੈਦਾ ਹੋਇਆ ਸੀ। ਮਹਾਰਾਜਾ ਖੜਕ ਸਿੰਘ ਦੀ ਮੌਤ ਤੋਂ ਬਾਅਦ ਉਹ ਨੌਰੰਗਾਬਾਦ ਦੇ ਸੰਤ ਬਾਬਾ ਬੀਰ ਸਿੰਘ ਪਾਸ ਚਲਾ ਗਿਆ ਸੀ, ਜਿੱਥੇ ਜੁਲਾਈ 1843 ਈ: ਨੂੰ ਲਾਹੌਰ ਦੀ ਫ਼ੌਜ ਨੇ ਉਸ ਨੂੰ ਕਤਲ ਕਰ ਦਿੱਤਾ ਸੀ।
7. ਮੁਲਤਾਨਾ ਸਿੰਘ 1819 ਈ: ਵਿੱਚ ਰਤਨ ਕੌਰ ਤੋਂ ਪੈਦਾ ਹੋਇਆ। ਜ਼ਿਲ੍ਹਾ ਅੰਮ੍ਰਿਤਸਰ ਦੇ ਅਜਨਾਲਾ ਪਰਗਨਾ ਵਿੱਚ ਵਨੀਆਂ ਕੇ ਦੇ ਸਥਾਨ ਤੇ ਉਸ ਨੂੰ ਜਾਗੀਰ ਮਿਲੀ ਹੋਈ ਸੀ। 1846 ਈ: ਵਿੱਚ ਉਸ ਦੀ ਮੌਤ ਹੋ ਗਈ ਅਤੇ ਉਸ ਦੇ ਪਿੱਛੇ ਉਸ ਦੇ ਤਿੰਨ ਪੁੱਤਰ ਸਨ - ਕਿਸ਼ਨ ਸਿੰਘ, ਕੇਸਰ ਸਿੰਘ ਅਤੇ ਅਰਜਨ ਸਿੰਘ।
8. ਦਲੀਪ ਸਿੰਘ 6 ਸਤੰਬਰ 1838 ਈ: ਨੂੰ ਰਾਣੀ ਜਿੰਦਾਂ ਤੋਂ ਪੈਦਾ ਹੋਇਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰਿਕ ਜੀਵਨ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਦੀਆਂ ਪਤਨੀਆਂ ਵੱਖ-ਵੱਖ ਧਰਮਾਂ -ਸਿੱਖ, ਹਿੰਦੂ, ਮੁਸਲਮਾਨ ਅਤੇ ਵੱਖ-ਵੱਖ ਜਾਤੀਆਂ ਵਿੱਚੋਂ ਸਨ। ਉਸ ਦੇ ਘਰ ਹੋਏ 8 ਪੁੱਤਰ 5 ਮਾਵਾਂ ਤੋਂ ਜਨਮੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਸਮੇਂ 7 ਪੁੱਤਰ ਜੀਵਤ ਸਨ। ਮਹਾਰਾਜਾ ਸਾਹਿਬ ਦੇ ਘਰ ਕਿਸੇ ਵੀ ਧੀ ਦਾ ਜਨਮ ਨਹੀਂ ਸੀ



Sri Satguru Jagjit Singh Ji Elibrary NamdhariElibrary@gmail.com

ਹੋਇਆ, ਇਹ ਬੜੀ ਹੈਰਾਨੀ ਦੀ ਗੱਲ ਹੈ?

ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਗਤ ਜੀਵਨ ਵਿੱਚ ਇਹ ਸਭ ਤੋਂ ਵੱਡੀ ਘਾਟ ਰਹੀ ਕਿ ਉਹ ਆਪਣੇ ਦੇ ਪਿਛੋਂ ਦੇ ਵਾਰਿਸ ਨੂੰ ਰਾਜ ਪ੍ਰਬੰਧ ਦੇ ਕਾਰਜ ਵਿੱਚ ਸੁਸਿੱਖਿਅਤ ਅਤੇ ਪ੍ਰਬੀਨ ਨਾ ਕਰ ਸਕਿਆ, ਸਗੋਂ ਇਸ ਦੇ ਵਿਪਰੀਤ ਉਹ ਆਪ ਕੁਰੁਚੀਆਂ ਦਾ ਵਧੇਰੇ ਆਦੀ ਹੋ ਜਾਣ ਕਾਰਨ ਵਧੇਰੇ ਸ਼ਰਾਬ, ਅਫ਼ੀਮ ਦੀ ਵਰਤੋਂ ਕਰਦਾ ਅਤੇ ਰਖੇਲਾਂ ਤੇ ਨਿਰਤਕੀਆਂ ਦੀ ਸੰਗਤ ਵਿੱਚ ਮਨ ਪਰਚਾਉਂਦਾ ਸੀ। ਉਸਦੀ ਸੰਤਾਨ ਵਿੱਚ ਵੀ ਇਹੋ ਕੁਰੀਤੀਆਂ ਆ ਗਈਆਂ। ਖੜਕ ਸਿੰਘ ਤਾਂ ਜਨਮ ਤੋਂ ਹੀ ਕਮਜ਼ੋਰ ਸੀ ਅਤੇ ਫਿਰ ਮਹਾਰਾਜਾ ਨੇ ਆਪਣੇ ਵਾਲੇ ਵੈਲ ਉਸ ਨੂੰ ਲਾ ਦਿੱਤੇ ਸਨ। ਨੌਜਵਾਨ ਕੰਵਰ ਨੌਨਿਹਾਲ ਸਿੰਘ ਦੀ ਆਪਣੀ ਪਤਨੀ ਬਹੁਤ ਸੁੰਦਰ ਸੀ। ਸ਼ੇਰ ਸਿੰਘ ਵੀ ਰੰਗ-ਰਲੀਆਂ ਵਿੱਚ ਮਸਤ ਸੀ ਅਤੇ ਦੂਜੇ ਸਹਿਜ਼ਾਦਿਆਂ ਦੀ ਰਣਜੀਤ ਸਿੰਘ ਦੀ ਨਿਗਾ ਵਿੱਚ ਕੋਈ ਪੁੱਛ ਪ੍ਰਤੀਤ ਹੀ ਨਹੀਂ ਸੀ ਅਤੇ ਲਾਹੌਰ ਦਰਬਾਰ ਵਿੱਚ ਉਨ੍ਹਾਂ ਦਾ ਕੋਈ ਵੀ ਸਥਾਨ ਨਹੀਂ ਸੀ। ਇਸ ਲਈ ਕੋਈ ਵੀ ਉਸਦਾ ਉੱਤਰਾਧਿਕਾਰੀ ਬਰਤਾਨੀਆ ਵਰਗੇ ਸ਼ਕਤੀਸ਼ਾਲੀ ਦਿਉ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦਰਬਾਰ ਵਿਸ਼ੇਸ਼ ਕਰਕੇ ਉਸ ਦਾ ਨਿੱਜੀ ਜੀਵਨ ਰੰਗ ਤਮਾਸ਼ੇ ਦੇ ਇੰਦਰ ਜਾਲ ਵਿੱਚ ਕਾਫ਼ੀ ਹੱਦ ਤੱਕ ਘਿਰ ਚੁੱਕਾ ਸੀ। ਗੁਰੂ ਨਾਨਕ ਦੇ ਵਾਕ ਅਨੁਸਾਰ ਇਹ ਅਵਸਥਾ ਕੁਝ ਇਹੋ ਜਿਹੀ ਬਣ ਚੁੱਕੀ ਸੀ :

*ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥*

*(ਆਦਿ ਗ੍ਰੰਥ, ਪੰਨਾ 417)*

1*ਭਾਵੇਂ ਮਹਾਰਾਜਾ ਰਣਜੀਤ ਸਿੰਘ ਸੁਰਤ ਦੇ ਪੱਖ ਤੋਂ ਤਾਂ ਆਪਣੇ ਆਖਰੀ ਦਮਾਂ ਤੱਕ ਸੁਚੇਤ ਰਿਹਾ, ਪਰ ਰੰਗ-ਤਮਾਸ਼ੇ ਦੇ ਸੰਸਾਰ ਵਿੱਚ ਸਦਾ ਗਲਤਾਨ ਰਿਹਾ। ਵੇਡ ਦੇ ਕਥਨ ਅਨੁਸਾਰ : "ਜਦੋਂ 1831 ਵਿੱਚ ਕੈਪਟਨ ਵੇਡ ਮਹਾਰਾਜਾ ਸਾਹਿਬ ਨੂੰ ਦੀਨਾ ਨਗਰ ਵਿਖੇ ਮਿਲਣ ਗਿਆ। ਉਸਨੇ ਮਹਾਰਾਜਾ ਸਾਹਿਬ ਨੂੰ ਨਹਿਰ ਕੰਢੇ ਛਾਂ ਦਾਰ ਰੁੱਖਾਂ ਦੀ ਛਾਵੇਂ ਆਪਣੇ ਸਰਦਾਰਾਂ ਨਾਲ ਬੈਠਿਆ ਹੋਇਆ ਤੱਕਿਆ, ਜਿੱਥੇ 30 ਨਿਰਤਕੀਆਂ ਦਾ ਝੁਰਮਟ ਸੀ। ਉਹ ਨਿਰਤਕੀਆਂ ਉੱਤੇ ਬਹੁਤ ਧਨ ਖ਼ਰਚ ਕਰਦਾ ਸੀ ਅਤੇ ਉਹ ਵੱਡੀ ਗਿਣਤੀ ਵਿੱਚ ਉਸ ਦੇ ਦਰਬਾਰ ਵਿੱਚ ਹੁੰਦੀਆਂ ਸਨ। ਇਨ੍ਹਾਂ ਦੀ ਗਿਣਤੀ 150 ਸੀ। ਇਹ ਸਾਰੀਆਂ 12 ਤੋਂ 20 ਸਾਲ ਦੀ ਉਮਰ ਦੀਆਂ ਸਨ ਅਤੇ ਅਤਿ ਸੁੰਦਰ

1* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 591-92



Sri Satguru Jagjit Singh Ji Elibrary NamdhariElibrary@gmail.com

ਅਤੇ ਮਨਮੋਹਣੀਆਂ ਸਨ, ਇਨ੍ਹਾਂ ਦੇ ਨਾਜ਼-ਨਖਰੇ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੰਦੇ ਸਨ। ਇੱਥੋਂ ਤੱਕ ਕਿ ਉਨ੍ਹਾਂ ਦੇ ਨੈਣਾਂ ਦਾ ਇੱਕ ਕਟਾਸ਼, ਪਾਦਰੀਆਂ ਦੇ ਮਨਾਂ ਨੂੰ ਵੀ ਨਸ਼ਿਆ ਦਿੰਦਾ ਸੀ।

ਇਸੇ ਤਰ੍ਹਾਂ ਨਵੰਬਰ 1838 ਵਿੱਚ ਜਦੋਂ ਫਿਰੋਜ਼ਪੁਰ ਵਿਖੇ ਮਹਾਰਾਜਾ ਸਾਹਿਬ ਦੀ ਮੁਲਾਕਾਤ ਲਾਰਡ ਔਕਲੈਂਡ ਨਾਲ ਹੋਈ ਸੀ ਤਾਂ ਇਸ ਬਾਰੇ ਸ: ਖੁਸ਼ਵੰਤ ਸਿੰਘ ਇੰਝ ਲਿਖਦਾ ਹੈ :

[1*]"ਇਸ ਤਿੰਨ-ਪੱਖੀ ਸੰਧੀ ਦੀਆਂ ਸ਼ਰਤਾਂ ਤਾਂ ਪਹਿਲਾਂ ਹੀ ਤੈਅ ਹੋ ਚੁੱਕੀਆਂ ਸਨ। ਇਸ ਲਈ ਫਿਰੋਜ਼ਪੁਰ ਦੀ ਮੁਲਾਕਾਤ ਤਾਂ ਕੇਵਲ ਰੰਗ-ਤਮਾਸ਼ੇ, ਸ਼ਰਾਬ ਦੀਆਂ ਮਹਿਫ਼ਲਾਂ ਅਤੇ ਨਾਚ-ਗਾਣੇ ਦੇ ਵੇਖਣ-ਚਾਖਣ ਅਤੇ ਆਨੰਦ ਮਾਣਨ ਲਈ ਹੀ ਰੱਖੀ ਗਈ ਸੀ।"

ਇਸ ਤੋਂ ਥੋੜ੍ਹੇ ਚਿਰ ਪਿਛੋਂ ਮਹਾਰਾਜਾ ਸਾਹਿਬ ਅਧਰੰਗ ਦਾ ਸ਼ਿਕਾਰ ਹੋ ਗਿਆ ਸੀ ਅਤੇ ਉਸਨੇ ਆਪਣੇ ਪਤਵੰਤੇ ਪਰਹੁਣੇ ਲਾਰਡ ਔਕਲੈਂਡ ਨੂੰ ਬਿਸਤਰੇ ਉੱਤੇ ਲੇਟਿਆਂ ਹੀ ਵਿਦਾ ਕੀਤਾ।

ਡਾ: ਏ. ਸੀ. ਅਰੋੜਾ ਮਹਾਰਾਜਾ ਰਣਜੀਤ ਸਿੰਘ ਦੀਆਂ ਆਚਰਨਿਕ ਕਮਜ਼ੋਰੀਆਂ ਬਾਰੇ ਇੰਝ ਵਰਣਨ ਕਰਦਾ ਹੈ :

ਸੁੰਦਰੀ ਤੇ ਸੁਰਾ (ਸ਼ਰਾਬ) ਉਸਦੇ ਆਚਰਣ ਦੀਆਂ ਵਿਸ਼ੇਸ਼ ਕਮਜ਼ੋਰੀਆਂ ਸਨ। ਉਹ ਸੁੰਦਰ ਇਸਤਰੀਆਂ ਦੀ ਸੰਗਤ ਵਿੱਚ ਬੜਾ ਖੁਸ਼ ਰਹਿੰਦਾ ਸੀ। ਮੈੱਗਰੇਗਰ ਲਿਖਦਾ ਹੈ ਕਿ ਹੋਰ ਪੂਰਬੀ ਰਾਜਿਆਂ ਵਾਂਗ ਰਣਜੀਤ ਸਿੰਘ ਨੇ ਕਾਫ਼ੀ ਗਿਣਤੀ ਵਿੱਚ ਨਾਚੀਆਂ ਰੱਖੀਆਂ ਹੋਈਆਂ ਸਨ ਅਤੇ ਉਨ੍ਹਾਂ ਉੱਤੇ ਉਹ ਬਹੁਤ ਧਨ ਖ਼ਰਚ ਕਰਦਾ ਸੀ। ਰਣਜੀਤ ਸਿੰਘ ਸ਼ਰਾਬ ਵੀ ਪੀਂਦਾ ਸੀ। ਵਿਦੇਸ਼ੀ ਯਾਤਰੀਆਂ ਨੂੰ ਵੀ ਉਹ ਆਪਣੀ ਮਦੁਸ਼ਾਲਾ (ਸ਼ਰਾਬਖਾਨੇ) ਵਿੱਚ ਬੁਲਾਂਦਾ ਸੀ ਅਤੇ ਉਨ੍ਹਾਂ ਸਾਹਮਣੇ ਆਮ ਤੌਰ ਤੇ ਸ਼ਰਾਬਨੋਸ਼ੀ ਦੀ ਪ੍ਰਸੰਸਾ ਕਰਦਾ ਸੀ, ਮਹਾਰਾਜਾ ਅਫ਼ੀਮ ਦੀ ਵਰਤੋਂ ਵੀ ਕਰਦਾ ਸੀ।

[2*]ਪੁਸਤਕ ਅਸਲ ਰਣਜੀਤ ਸਿੰਘ (The Real Ranjit Singh) ਦਾ ਕਰਤਾ ਫਕੀਰ ਸਯਦ ਵਹੀਹੁਦੀਨ ਰਣਜੀਤ ਸਿੰਘ ਦੇ ਰਹਿਣਵਾਸ (ਹਰਮ) ਦੇ ਸੰਬੰਧ ਵਿੱਚ ਬਹੁਤ ਸਾਰੇ ਵੇਰਵੇ ਦਿੰਦਾ ਹੈ, ਜਿਨ੍ਹਾਂ ਵਿੱਚੋਂ ਕੁਝ ਚੋਣਵੇਂ ਹਵਾਲੇ ਇੱਥੇ ਦਿੱਤੇ ਜਾਂਦੇ ਹਨ।

[3*]ਭਾਵੇਂ ਰਣਜੀਤ ਸਿੰਘ ਦਾ ਰਹਿਣਵਾਸ, ਦੂਜੇ ਪੂਰਬੀ ਮਹਾਰਾਜਿਆਂ ਦੀ

---

[1*] ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦ ਸਿੱਖਸ, ਜਿਲਦ ਪਹਿਲੀ, ਪੰਨਾ 288

[2*] ਫਕੀਰ ਵਹੀਦੁਦੀਨ, ਦ ਰਿਅਲ ਰਣਜੀਤ ਸਿੰਘ, ਪੰਨਾ 169

[3*] ਫਕੀਰ ਵਹੀਦੁਦੀਨ, ਦ ਰਿਅਲ ਰਣਜੀਤ ਸਿੰਘ, ਪੰਨਾ 175



Sri Satguru Jagjit Singh Ji Elibrary NamdhariElibrary@gmail.com

ਤੁਲਨਾ ਵਿੱਚ ਬਰਾਬਰੀ ਤੇ ਨਹੀਂ ਪੁੱਜਦਾ ਫਿਰ ਵੀ ਉਸਦੇ ਰਹਿਣਵਾਸ ਵਿੱਚ 46 ਇਸਤਰੀਆਂ ਸਨ, ਜਿਨ੍ਹਾਂ ਨੂੰ ਕਰਤਾ ਨੇ ਚਾਰ ਵਰਗਾਂ ਵਿੱਚ ਵੰਡਿਆ ਹੈ। ਪਹਿਲੇ ਵਰਗ ਵਿੱਚ ਉਹ 9 ਪਤਨੀਆਂ ਆਉਂਦੀਆਂ ਹਨ, ਜਿਨ੍ਹਾਂ ਨਾਲ ਮਹਾਰਾਜਾ ਸਾਹਿਬ ਨੇ ਸਿੱਖ ਮਰਿਯਾਦਾ ਨਾਲ ਸ਼ਾਦੀਆਂ ਕੀਤੀਆਂ। ਦੂਜੇ ਵਰਗ ਵਿੱਚ ਉਹ 9 ਵਿਧਵਾ ਇਸਤਰੀਆਂ ਆਉਂਦੀਆਂ ਹਨ, ਜਿਨ੍ਹਾਂ ਨੂੰ ਮਹਾਰਾਜਾ ਸਾਹਿਬ ਨੇ ਚਾਦਰ ਦੀ ਰਸਮ ਨਾਲ ਅਪਨਾਇਆ ਸੀ। ਤੀਜੇ ਵਰਗ ਵਿੱਚ 7 ਕੰਚਨੀਆਂ (Courtesans) ਸਨ ਇਨ੍ਹਾਂ ਸਭ ਨੂੰ ਰਾਣੀਆਂ ਦਾ ਦਰਜਾ ਪ੍ਰਾਪਤ ਸੀ। ਪਰ ਚੌਥਾ ਵਰਗ ਰਖੇਲਾਂ (Concubines) ਦਾ ਸੀ, ਜਿਨ੍ਹਾਂ ਨੂੰ ਪਤਨੀਆਂ ਦਾ ਦਰਜਾ ਪ੍ਰਾਪਤ ਨਹੀਂ ਸੀ।

ਇਸੇ ਲੇਖਕ ਨੇ ਇਸ ਰੰਗ ਮਹਿਲ ਬਾਰੇ ਕੁਝ ਹੋਰ ਰੰਗ ਤਮਾਸ਼ਿਆਂ ਨਾਲ ਸੰਬੰਧਿਤ ਰੌਚਿਕ ਘਟਨਾਵਾਂ ਦਾ ਵਰਣਨ ਵੀ ਕੀਤਾ ਹੈ :

[1*]ਮਹਾਰਾਜਾ ਕਈ ਵਾਰ ਇਕੱਲਾ ਹੁੰਦਾ ਸੀ ਅਤੇ ਕਈ ਵਾਰ ਵਿਸ਼ੇਸ਼ ਮਹਿਮਾਨ ਪਰਾਹੁਣੇ ਵੀ ਉਸ ਦੇ ਨਾਲ ਸ਼ਾਮਿਲ ਹੁੰਦੇ ਸਨ। ਮਹਾਰਾਜਾ ਸਾਹਿਬ ਨਾਚ-ਗਾਣਿਆਂ ਦਾ ਵੀ ਆਨੰਦ ਮਾਣਦੇ ਹੋਏ ਨਾਲੋਂ-ਨਾਲ ਮਦਰਾ ਦੇ ਪਿਆਲੇ ਦਾ ਵੀ ਆਨੰਦ ਮਾਣਦੇ ਸਨ। ਨ੍ਰਿਤਕੀਆਂ ਜਾਮ ਪੇਸ਼ ਕਰਦੀਆਂ ਸਨ। ਉਨ੍ਹਾਂ ਦੇ ਨਾਚ ਗਾਣੇ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਨਗਦ ਇਨਾਮ, ਗਹਿਣੇ ਅਤੇ ਜਾਗੀਰਾਂ ਵੀ ਬਖਸ਼ ਦਿੰਦੇ ਸਨ।

[2*]ਮਹਾਰਾਜਾ ਸਾਹਿਬ ਕਦੀ-ਕਦੀ ਮਹਾਰਾਣੀਆਂ ਦਾ ਦਰਬਾਰ ਲਗਾ ਲੈਂਦੇ ਸਨ। ਇੱਕ ਵਾਰ ਉਨ੍ਹਾਂ ਨੇ ਆਪਣੀ ਇੱਕ ਨ੍ਰਿਤਕੀ ਅੱਲ੍ਹਾ ਜਵਾਈ ਨੂੰ ਪੁੱਛਿਆ ਕਿ ਤੇਰੀਆਂ ਮਹਾਰਾਣੀਆਂ ਵਿੱਚੋਂ ਕਿਹੜੀ ਸਭ ਤੋਂ ਸੋਹਣੀ ਹੈ ਇਸ ਉੱਤੇ ਅੱਲ੍ਹਾ ਜਵਾਈ ਨੇ ਥੋੜ੍ਹੀ ਜਿਹੀ ਝਿਜਕ ਮਹਿਸੂਸ ਕੀਤੀ। ਜੇਕਰ ਉਹ ਇੱਕ ਦਾ ਨਾਮ ਲਵੇਗੀ ਤਾਂ ਦੂਜੀਆਂ ਉਸ ਤੋਂ ਨਰਾਜ਼ ਹੋ ਜਾਣਗੀਆਂ ਪਰ ਮਹਾਰਾਜਾ ਸਾਹਿਬ ਨੇ ਜ਼ਿੱਦ ਕੀਤੀ ਕਿ ਤੂੰ ਸੌਹ ਖਾ ਕੇ ਦੱਸ ਕਿਹੜੀ ਰਾਣੀ ਸਭ ਤੋਂ ਸੋਹਣੀ ਹੈ। ਉਸਨੇ ਰਾਜ ਬੰਸੋ ਵੱਲ ਇਸ਼ਾਰਾ ਕਰਕੇ ਕਿਹਾ "ਇਹ ਮਹਾਰਾਣੀ ਸਾਹਿਬਾ ਤਾਂ ਚੰਦਰਮਾ ਹੈ ਅਤੇ ਹਰਮ ਦੀਆਂ ਦੂਜੀਆਂ ਰਾਣੀਆਂ ਤਾਰਿਆਂ ਸਮਾਨ ਹਨ।" ਰਣਜੀਤ ਸਿੰਘ ਨੇ ਕਿਹਾ, [3*]"ਸ਼ਾਇਦ ਤੂੰ ਠੀਕ ਆਖਦੀ ਹੈਂ। ਪਰ ਤੇਰੇ ਖਿਆਲ ਵਿੱਚ ਮਹਾਰਾਣੀ ਮੋਰਾਂ ਸਰਕਾਰ ਵੀ ਮਹਾਰਾਣੀ ਰਾਜ ਬੰਸੋ ਜਿੰਨੀ ਸੋਹਣੀ ਨਹੀਂ?" (ਚੇਤੇ ਰਹੇ ਕਿ ਮਹਾਰਾਣੀ ਮੋਰਾਂ ਨਾਲ ਸਰਕਾਰ ਨੇ 22 ਸਾਲ ਦੀ ਉਮਰ ਵਿੱਚ ਪਿਆਰ ਵਿਆਹ ਰਚਾਇਆ

[1*] ਉਪਰੋਕਤ, ਪੰਨਾ 171-172
[2*]
[3*] ਉਪਰੋਕਤ, ਪੰਨਾ 177-178



Sri Satguru Jagjit Singh Ji Elibrary NamdhariElibrary@gmail.com

ਸੀ ਅਤੇ ਉਹ ਮੋਰਾਂ ਨੂੰ ਪਹਿਲੀ ਵਾਰ ਵੇਖ ਕੇ ਉਸ ਉੱਤੇ ਮੋਹਿਤ ਹੋ ਗਿਆ ਸੀ। ਮੋਰਾਂ ਅੰਮ੍ਰਿਤਸਰ ਦੇ ਵੇਸਵਾ ਘਰਾਣੇ ਵਿੱਚੋਂ ਸੀ ਅਤੇ ਮੋਰਾਂ ਨੂੰ ਵਿਆਹ ਲਈ ਮਹਾਰਾਜਾ ਸਾਹਿਬ ਸ਼ਾਲਾਮਾਰ ਬਾਗ ਤੋਂ ਬੜੀ ਧੂੰਮ-ਧਾਮ ਨਾਲ ਜੰਝ ਲੈ ਕੇ ਚੜ੍ਹਿਆ ਸੀ। ਮਹਾਰਾਜੇ ਨੇ ਮੋਰਾਂ ਦੇ ਨਾਮ ਦਾ ਸਿੱਕਾ ਵੀ ਚਾਲੂ ਕੀਤਾ ਸੀ। ਜਿਸ ਉੱਤੇ ਇੱਕ ਬੰਨ੍ਹੇ ਮੋਰ ਦਾ ਚਿੱਤਰ ਸੀ। ਪੰਜਾਬੀ ਵਿੱਚ ਮੋਰ ਦਾ ਬਹੁ ਵਚਨ ਮੋਰਾਂ ਹੁੰਦਾ ਹੈ।)

ਮਹਾਰਾਜਾ ਸਾਹਿਬ ਵੱਲੋਂ ਰਾਣੀ ਰਾਜ ਬੰਸੋ ਨੂੰ ਜੋ ਉੱਚੇ ਖਾਨਦਾਨ ਨਾਲ ਸੰਬੰਧ ਰੱਖਦੀ ਸੀ ਅਤੇ ਰਾਜਾ ਸੰਸਾਰ ਚੰਦ ਦੀ ਪੁੱਤਰੀ ਸੀ, ਨੂੰ ਆਪਣੇ ਪਤੀ ਵੱਲੋਂ ਮੋਰਾਂ ਜੋ ਵੇਸ਼ਵਾ ਸੀ ਨਾਲ ਤੁਲਨਾ ਕਰਨ ਨਾਲ ਉਸ ਉੱਤੇ ਉਸ ਨੂੰ ਏਨਾ ਦੁੱਖ ਹੋਇਆ ਕਿ ਉਸਨੇ ਆਪਣੇ ਕਮਰੇ ਵਿੱਚ ਜਾ ਕੇ ਬਹੁਤ ਸਾਰੀ ਅਫ਼ੀਮ ਖਾ ਕੇ ਆਤਮ-ਘਾਤ ਕਰ ਲਿਆ। ਮਹਾਰਾਜਾ ਸਾਹਿਬ ਨੂੰ ਇਸ ਘਟਨਾ ਦਾ ਬੜਾ ਦੁੱਖ ਹੋਇਆ ਅਤੇ ਉਸਨੇ ਅਗਲੇ ਦਿਨ ਆਪਣੇ ਹੱਥੀਂ ਚੰਦਨ ਦੀ ਚਿਖਾ ਸਜਾ ਕੇ ਉਸ ਦਾ ਦਾਹ ਸਸਕਾਰ ਕੀਤਾ। ਇਸ ਦੁਖਾਂਤਕ ਘਟਨਾ ਪਿਛੋਂ ਮਹਾਰਾਜਾ ਸਾਹਿਬ ਨੇ ਆਪਣੇ ਹਰਮ ਵਿੱਚ ਘਟ ਹੀ ਮਹਾਰਾਣੀਆਂ ਦਾ ਦਰਬਾਰ ਲਗਾਇਆ ਸੀ।

1*ਇਸੇ ਲੇਖਕ ਦਾ ਕਥਨ ਹੈ : "ਇਸ ਰਾਗ-ਰੰਗ ਦੀ ਮਹਿਫਲ ਵਿੱਚ ਕੋਈ ਵੀ ਗੱਲ ਨੀਵੀਂ ਪੱਧਰ ਦੀ ਨਹੀਂ ਸੀ ਹੁੰਦੀ। ਇਸ ਨੂੰ ਨਿਰੋਲ ਆਯਾਸ਼ੀ ਕਹਿਣਾ ਵੀ ਠੀਕ ਨਹੀਂ, ਕਿਉਂਕਿ ਇਸ ਵਿੱਚ ਸੁਹਜ ਸੁੰਦਰਤਾ ਅਤੇ ਸ਼ਾਹੀ ਦਰਬਾਰੀ ਮਿਆਰਾਂ ਅਤੇ ਸ਼ਿਸ਼ਟਾਚਾਰ ਦਾ ਖ਼ਿਆਲ ਰੱਖਿਆ ਜਾਂਦਾ ਸੀ।"

ਲੇਖਕ ਨੇ ਇੱਕ ਹੋਰ ਘਟਨਾ ਦਾ ਵੀ ਵਰਣਨ ਕੀਤਾ ਹੈ। ਜਦੋਂ ਫ਼ਕੀਰ ਅਜ਼ੀਜ਼ੁਦੀਨ ਕਿਸੇ ਜ਼ਰੂਰੀ ਕਾਰਜ ਲਈ ਮਹਾਰਾਜਾ ਸਾਹਿਬ ਦੀ ਹਾਜਰੀ ਭਰਨ ਗਿਆ, 2*"ਮਹਾਰਾਜਾ ਸਾਹਿਬ ਇੱਕ ਥੜੇ 'ਤੇ ਬੈਠੇ ਸੁਮਨ ਬੁਰਜ ਦੇ ਸਾਹਮਣੇ ਵਾਲੇ ਤਲਾਅ ਦਾ ਨਜ਼ਾਰਾ ਮਾਣ ਰਹੇ ਸਨ ਅਤੇ ਨਾਲ-ਨਾਲ ਪ੍ਰਸਿੱਧ ਗਾਇਕਾ ਬਿਲੋ ਦੇ ਗਾਣਿਆਂ ਦਾ ਆਨੰਦ ਵੀ ਮਾਣ ਰਹੇ ਸਨ। ਮਹਾਰਾਜਾ ਸਾਹਿਬ ਜਦੋਂ ਇਸ ਗੀਤ ਦੇ ਆਨੰਦ ਨੂੰ ਪੂਰਨ ਲਿਵਲੀਨ ਅਵਸਥਾ ਵਿੱਚ ਮਾਣ ਰਹੇ ਸਨ ਤਾਂ ਫ਼ਕੀਰ ਸਾਹਿਬ ਨੇੜੇ ਕੁਰਸੀ 'ਤੇ ਬੈਠ ਗਏ ਅਤੇ ਗੀਤ ਦੀ ਸਮਾਪਤੀ ਦਾ ਇੰਤਜਾਰ ਕਰਨ ਲੱਗੇ। ਉਸ ਸਮੇਂ ਬਿਲੋ ਹਾਫਿਜ਼ ਦੀ ਮਸ਼ਹੂਰ ਗ਼ਜ਼ਲ ਆਪਣੇ ਪੂਰੇ ਅੰਦਾਜ਼ ਵਿੱਚ ਗਾ ਰਹੀ ਸੀ। ਗ਼ਜ਼ਲ ਦੇ ਬੋਲਾਂ ਅਤੇ ਗਾਣੇ ਦੀਆਂ ਸੁਰਾਂ ਵਿੱਚ ਅਧਿਆਤਮਿਕ ਅਤੇ ਸੁਹਜ ਆਨੰਦ ਇੱਕ-ਦੂਜੇ ਨਾਲ ਘੁਲੇ-ਮਿਲੇ ਹੋਏ ਸਨ। ਅਜਿਹੇ ਮਧੁਰ ਸੰਗੀਤ ਦਾ ਉਸ ਅਤਿ ਦੇ ਸੰਵੇਦਨਸ਼ੀਲ,

1* ਫਕੀਰ ਵਹੀਦੁਦੀਨ, ਦ ਰਿਅਲ ਰਣਜੀਤ ਸਿੰਘ, ਪੰਨਾ 177-178
2* ਉਪਰੋਕਤ, ਪੰਨਾ 172



Sri Satguru Jagjit Singh Ji Elibrary NamdhariElibrary@gmail.com

ਰਹੱਸਵਾਦੀ, ਫ਼ਕੀਰ ਸਾਹਿਬ 'ਤੇ ਏਨਾ ਅਸਰ ਹੋਇਆ ਕਿ ਉਹ ਅੱਲ੍ਹਾ-ਹੂ-ਅਕਬਰ ਕਹਿੰਦੇ ਹੋਇਆਂ ਹਾਲ ਪੈ ਗਿਆ ਅਤੇ ਉਨ੍ਹਾਂ ਨੇ ਤਲਾਅ ਵਿੱਚ ਛਾਲ ਮਾਰ ਦਿੱਤੀ। ਕਾਫ਼ੀ ਸਮੇਂ ਤੱਕ ਉਹ ਬੇਹੋਸ਼ ਪਏ ਰਹੇ। ਸ਼ਾਹੀ ਹਕੀਮਾਂ ਦੇ ਯਤਨਾਂ ਸਦਕਾ ਉਨ੍ਹਾਂ ਦੀ ਹੋਸ਼ ਪਰਤੀ। ਇਸ ਘਟਨਾ ਪਿਛੋਂ ਜਦੋਂ ਵੀ ਫ਼ਕੀਰ ਸਾਹਿਬ ਅਜਿਹੀ ਮਹਿਫ਼ਲ ਵਿੱਚ ਆਉਂਦੇ ਤਾਂ ਉਨ੍ਹਾਂ ਦੀ ਆਮਦ ਸਮੇਂ ਮਹਾਰਾਜਾ ਸਾਹਿਬ ਤਾੜੀ ਮਾਰ ਕੇ ਮਹਿਫ਼ਲ ਨੂੰ ਸ਼ਾਂਤ ਕਰ ਦਿੰਦੇ ਅਤੇ ਫ਼ਕੀਰ ਸਾਹਿਬ ਦੀ ਗੱਲ ਵੱਲ ਧਿਆਨ ਦਿੰਦੇ। ਹਰਮ ਦੀਆਂ ਬਹੁਤ ਸਾਰੀਆਂ ਰਾਣੀਆਂ ਪਰਦਾਦਾਰ ਸਨ। ਕੇਵਲ ਮਹਾਰਾਣੀ ਮੋਰਾਂ ਅਤੇ ਮਹਾਰਾਣੀ ਗੁਲ ਬਹਾਰ ਨੰਗੇ ਮੂੰਹ ਮਹਾਰਾਜਾ ਸਾਹਿਬ ਨਾਲ ਹਾਥੀ ਉੱਤੇ ਬੈਠ ਕੇ ਬਾਹਰ ਜਾਂਦੀਆਂ ਹੁੰਦੀਆਂ ਸਨ। ਇਸੇ ਲੇਖਕ ਦਾ ਮਤ ਹੈ ਕਿ ਰਾਣੀ ਮੋਰਾਂ ਰਾਜਨੀਤਿਕ ਕਾਰਜਾਂ ਵਿੱਚ ਦਖਲ ਨਹੀਂ ਸੀ ਦਿੰਦੀ, ਪਰ ਰਾਣੀ ਗੁਲ ਬੁਹਾਰ ਬੜੀ ਚਤਰ ਬੁੱਧ ਅਤੇ ਬੋਲਚਾਲ ਦੇ ਹੁਨਰ ਵਿੱਚ ਬੜੀ ਨਿਪੁੰਨ ਸੀ।"

ਮਹਾਰਾਜਾ ਸਾਹਿਬ ਨੇ ਆਪਣੀਆ ਮੁਸਲਮ ਰਾਣੀਆਂ ਦੇ ਧਰਮ ਦਾ ਪੂਰਾ ਸਤਿਕਾਰ ਕੀਤਾ। ਗੁਲ ਬਹਾਰ ਬੇਗਮ ਲਾਹੌਰ ਦੀ ਵੇਸਵਾ ਸੀ। ਸੋਹਣੀ ਹੋਣ ਦੇ ਨਾਲ-ਨਾਲ ਉਹ ਬੜੀ ਹਾਜ਼ਰ ਜਵਾਬ ਅਤੇ ਬੁੱਧੀਮਾਨ ਸੀ। ਮਹਾਰਾਜਾ ਉਸ ਤੋਂ ਸਲਾਹ ਲੈ ਲੈਂਦਾ ਸੀ। ਉਹ ਨੰਗੇ ਮੂੰਹ ਬਾਹਰ ਆ ਜਾਂਦੀ ਸੀ ਅਤੇ ਮਹਾਰਾਜਾ ਸਾਹਿਬ ਨਾਲ ਹਾਥੀ ਉੱਤੇ ਸਵਾਰ ਹੁੰਦੀ ਸੀ। ਉਸ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਉਸਨੇ ਇੱਕ ਮੁਸਲਮਾਨ ਲੜਕੇ ਨੂੰ ਗੋਦ ਲਿਆ ਸੀ, ਜਿਸ ਦੀ ਸੰਤਾਨ ਹੁਣ ਵੀ ਲਾਹੌਰ ਵਿੱਚ ਰਹਿੰਦੀ ਹੈ। ਉਸਨੇ ਇੱਕ ਮਸਜਿਦ ਵੀ ਬਣਾਈ ਸੀ, ਜੋ ਹੁਣ ਵੀ ਮੌਜੂਦ ਹੈ। ਪੰਜਾਬ ਦੇ ਅੰਗਰੇਜ਼ੀ ਅਧਿਕਾਰ ਵਿੱਚ ਰਲੇਵੇਂ ਪਿਛੋਂ ਉਸ ਨੂੰ 12,000 ਸਾਲਾਨਾ ਪੈਨਸ਼ਨ ਦਿੱਤੀ ਜਾਂਦੀ ਰਹੀ, ਜੋ ਉਸ ਦੀ ਮ੍ਰਿਤੂ 1863 ਤੱਕ ਜਾਰੀ ਰਹੀ।

ਮਹਾਰਾਜਾ ਸਾਹਿਬ ਨੇ ਇੱਕ ਚਲਦੇ-ਫਿਰਦੇ ਰੰਗ-ਮਹਿਲ ਦਾ ਨਿਰਮਾਣ ਵੀ ਕਰਵਾਇਆ ਸੀ। ਜੋ ਰਣਜੀਤ ਸਿੰਘ ਦੇ ਰਾਜ-ਮਹਿਲ ਦਾ ਇੱਕ ਹੋਰ ਅਜੂਬਾ ਸੀ। ਇਹ ਬੰਗਲਾ ਚਾਂਦੀ ਦੀਆਂ ਦੀਵਾਰਾਂ ਦਾ ਬਣਿਆ ਹੋਇਆ ਸੀ, ਜਿਸ ਦੀ ਛੱਤ ਸੁੰਦਰ ਚਾਂਦਨੀਆਂ ਜੋ ਰੰਗ-ਬਰੰਗੇ ਸ਼ਾਲਾਂ ਦੀਆਂ ਬਣੀਆਂ ਹੋਈਆਂ ਸਨ, ਦੀ ਸੀ, ਜਿਸ ਨੂੰ ਅੰਦਰੋਂ ਰੰਗ ਬਰੰਗੇ ਗਲੀਚੇ, ਗੁਦੇਲੇ ਅਤੇ ਬਹੁ ਰੰਗ ਸਾਜ-ਸਮਾਨਾ ਨਾਲ ਸ਼ਿੰਗਾਰਿਆ ਗਿਆ ਸੀ, ਜਿਸ ਵਿੱਚ ਬਹੁ-ਰੰਗੇ ਫਨੂਸ ਲਗਾਏ ਗਏ ਸਨ। ਇਸ ਮਹਿਲ ਨੂੰ ਅੱਠ ਹਾਥੀ ਖਿੱਚਦੇ ਸਨ। ਇਹ ਧਰਤੀ ਤੋਂ ਇੰਨਾ ਉੱਚਾ ਸੀ ਕਿ ਪੌੜੀਆਂ ਦੁਆਰਾ ਹੀ ਚੜ੍ਹਿਆ ਅਤੇ ਉਤਰਿਆ ਜਾਂਦਾ ਸੀ। ਸ਼ਾਹੀ ਘਰਾਣੇ ਦੇ ਬੱਚਿਆਂ ਅਤੇ ਉਨ੍ਹਾਂ ਦੇ ਹਮਜੋਲੀ ਇਸ ਦਾ ਖੂਬ ਅਨੰਦ



Sri Satguru Jagjit Singh Ji Elibrary NamdhariElibrary@gmail.com

ਮਾਣਦੇ ਸਨ ਅਤੇ ਮਹਾਰਾਜਾ ਸਾਹਿਬ ਇਸ ਸ਼ੁਗਲ ਵਿੱਚ ਬੱਚਿਆਂ ਨਾਲ ਆਪ ਵੀ ਸ਼ਾਮਿਲ ਹੁੰਦੇ ਸਨ।

1*ਮਹਾਰਾਜਾ ਸਾਹਿਬ ਦੇ ਰਾਜ ਮਹਿਲਾਂ ਦੀ ਇਹ ਸ਼ਾਨੋ-ਸ਼ੌਕਤ, ਮੁਗਲਾਂ ਅਤੇ ਹੋਰ ਪੂਰਬੀ ਰਾਜਿਆਂ, ਮਹਾਰਾਜਿਆਂ ਦੇ ਮੌਜ ਮੇਲਿਆਂ ਅਤੇ ਰੰਗ-ਤਮਾਸ਼ਿਆਂ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ। ਅਜਿਹੇ ਮਾਡਲ ਨੂੰ ਹੀ ਮਹਾਰਾਜਾ ਸਾਹਿਬ ਨੇ ਅਪਨਾਇਆ ਸੀ। ਇਨ੍ਹਾਂ ਰੰਗ ਮਹਿਫਲਾਂ, ਨਾਚ-ਗਾਣਿਆਂ ਦੀ ਤੁਲਨਾ ਵਿੱਚ ਮਹਾਰਾਜਾ ਸਾਹਿਬ ਨੇ ਕਦੀ ਗੁਰੂ ਕੀਰਤਨ ਅਤੇ ਗੁਰਮਤਿ ਸੰਗੀਤ ਦਾ ਆਨੰਦ ਵੀ ਮਾਣਿਆ ਹੈ ਕਿ ਨਹੀਂ? ਇਸ ਗੱਲ ਦੇ ਵੇਰਵੇ ਮਹਾਰਾਜਾ ਸਾਹਿਬ ਦੇ ਜੀਵਨ ਸਮਾਚਾਰਾਂ ਵਿੱਚੋਂ ਘੱਟ ਹੀ ਮਿਲਦੇ ਹਨ।

ਸੰਸਾਰਿਕ ਰੁਚੀਆਂ ਵਾਲੇ ਭੜਕੀਲੇ ਅਤੇ ਉਤੇਜਨਾ ਭਰਪੂਰ ਸੰਸਾਰਿਕ ਸੰਗੀਤ ਦੀ ਤੁਲਨਾ ਵਿੱਚ ਭਾਵੇਂ ਇਸ ਦੇ ਸੁਹਜ ਸੁਆਦ ਨੂੰ ਵੀ ਨਿਕਾਰਿਆ ਨਹੀਂ ਜਾ ਸਕਦਾ। ਅਧਿਆਤਮਿਕ ਸੰਗੀਤ ਉਸ ਕਾਲ ਤੱਕ ਵੀ ਆਪਣੀ ਉੱਚੀ ਸ਼ਾਨਦਾਰ ਮਰਿਯਾਦਾ ਨੂੰ ਸਥਾਪਿਤ ਕਰੀ ਬੈਠਾ ਸੀ। ਗੁਰੂ ਬਾਬੇ ਦੇ ਘਰ ਨੇ ਗੁਰਬਾਣੀ ਅਤੇ ਸੰਗੀਤ ਦਾ ਅਜਿਹਾ ਨਾਤਾ ਜੋੜਿਆ ਹੈ ਕਿ ਗੁਰਮਤਿ ਸੰਗੀਤ ਦਾ ਸੁਹਜ ਆਨੰਦ ਹੀ ਸਰੋਤਿਆਂ ਨੂੰ ਅਦਭੁਤ ਵਿਸਮਾਦ ਮੰਡਲ ਅਤੇ ਉੱਚ ਆਤਮਿਕ ਉੱਚਾਈਆਂ ਵੱਲ ਲੈ ਜਾਂਦਾ ਹੈ।

ਆਪਣੇ ਅਕਾਲ ਚਲਾਣੇ ਤੋਂ ਥੋੜ੍ਹਾ ਚਿਰ ਪਹਿਲਾਂ 1838-39 ਵਿੱਚ ਤਾਂ ਮਹਾਰਾਜਾ ਸਾਹਿਬ ਦੀ ਹਾਲਤ ਤਾਂ ਆਸਾ ਦੀ ਵਾਰ ਦੀ ਸਤਾਰਵੀਂ ਪਉੜੀ ਸਮਾਨ ਹੋ ਗਈ ਸੀ :

*ਤੁਰੇ ਪਲਾਣੇ ਪਉਣ ਵੇਗ ਹਰਿ ਰੰਗੀ ਹਰਮ ਸਵਾਰਿਆ।*
*ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ।*
*ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ।*
*ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ।*
*ਜਰੁ ਆਈ ਜੋਬਨਿ ਹਾਰਿਆ।*

(ਪਉੜੀ 17)

ਬਾਹਰਮੁਖੀ ਪੱਖ ਤੋਂ ਵੇਖਿਆਂ ਵੀ ਕਈ ਸਮਾਚਾਰ ਅਤੇ ਪ੍ਰਵਿਰਤੀਆਂ ਇਸ ਗੱਲ ਦੀ ਸਾਖੀ ਭਰਦੀਆਂ ਹਨ ਕਿ ਬਾਹਰੋਂ ਦਿਖਾਈ ਦਿੰਦੇ ਇਸ ਮਜ਼ਬੂਤ ਰਾਜ-ਸੰਗਠਨ ਦੇ ਅੰਦਰਵਾਰ ਕਈ ਅਜਿਹੀਆਂ ਪ੍ਰਵਿਰਤੀਆਂ ਕਾਰਜਸ਼ੀਲ ਸਨ, ਜਿਨ੍ਹਾਂ ਦਾ ਪ੍ਰਭਾਵ ਸਮਾਂ ਆਉਣ ਨਾਲ ਅਵੱਸ਼ ਪ੍ਰਗਟ ਹੋਣਾ ਸੀ।

ਲਾਹੌਰ ਦਰਬਾਰ ਦਾ ਰਾਜਨੀਤਿਕ ਅਤੇ ਪ੍ਰਬੰਧਕੀ ਢਾਂਚਾ ਵਿਭਿੰਨ ਧਰਮਾਂ,

1* ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 99



Sri Satguru Jagjit Singh Ji Elibrary NamdhariElibrary@gmail.com

ਜਾਤੀਆਂ, ਇਲਾਕਿਆਂ ਦੇ ਵਿਅਕਤੀਆਂ ਉੱਤੇ ਆਧਾਰਿਤ ਸੀ, ਜਿਨ੍ਹਾਂ ਵਿਚਲੇ ਅੰਤਰ ਵਿਰੋਧ ਭਾਵੇਂ ਉਪਰਲੀ ਸਤਾ ਤੇ ਦਿਖਾਈ ਨਹੀਂ ਸਨ ਦਿੰਦੇ ਅਤੇ ਮਹਾਰਾਜੇ ਦੇ ਜੀਵਨ ਕਾਲ ਵਿੱਚ ਉਸ ਦੇ ਵਿਅਕਤੀਗਤ ਦਬਦਬੇ ਅਧੀਨ ਪ੍ਰਤੱਖ ਰੂਪ ਵਿੱਚ ਸਾਹਮਣੇ ਨਾ ਆ ਸਕੇ, ਪਰ ਕਿਸੇ ਸਮੇਂ ਵੀ ਇਨ੍ਹਾਂ ਦੀਆਂ ਵਿਸਫੋਟਕ ਸੰਭਾਵਨਾਵਾਂ ਦੇ ਗਤੀਸ਼ੀਲ ਹੋਣ ਤੋਂ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ। ਇੱਕ ਬੰਨ੍ਹੇ ਹਿੰਦੂ ਰਾਜਪੂਤ ਅਤੇ ਡੋਗਰੇ ਪੂਰਬੀਏ ਅਤੇ ਦੂਜੇ ਬੰਨ੍ਹੇ ਪੰਜਾਬ ਦੇ ਜੱਟ ਸਰਦਾਰ ਅਤੇ ਪੁਰਾਣੇ ਮਿਸਲਦਾਰਾਂ ਦੇ ਖ਼ਾਨਦਾਨਾਂ ਦੇ ਅਹਿਲਕਾਰ ਅਤੇ ਕਰਮਚਾਰੀ ਮੁਸਲਿਮ ਅਧਿਕਾਰੀ ਤੇ ਮਨਸਵਦਾਰ ਅਤੇ ਵਿਦੇਸ਼ੀ ਅਧਿਕਾਰੀਆਂ ਦਾ ਸਮੂਹ ਸਭ ਵਣ-ਵਣ ਦੀਆਂ ਲੱਕੜੀਆਂ ਸਨ, ਜੋ ਮਹਾਰਾਜਾ ਸਾਹਿਬ ਨੇ ਆਪਣੇ ਤੰਤਰ ਨਾਲ ਜੋੜ ਲਈਆਂ ਸਨ। ਮਹਾਰਾਜਾ ਸਾਹਿਬ ਦੇ ਅੱਖਾਂ ਮੀਟਦਿਆਂ ਹੀ ਇਹ ਅੰਤਰ ਵਿਰੋਧ ਨਾ ਕੇਵਲ ਗਤੀਸ਼ੀਲ ਹੀ ਹੋਏ, ਸਗੋਂ ਇਨ੍ਹਾਂ ਦਾ ਬਹੁਤ ਵਿਆਪਕ ਅਤੇ ਘਾਤਕ ਪ੍ਰਭਾਵ ਪਿਆ। ਇਨ੍ਹਾਂ ਅਹਿਲਕਾਰਾਂ ਵਿੱਚ ਦੇਸ਼ ਭਗਤੀ ਜਾਂ ਰਾਜ ਭਗਤੀ ਦੀ ਥਾਂ ਉਨ੍ਹਾਂ ਦੇ ਆਪਣੇ ਵਿਸ਼ੇਸ਼ ਹਿੱਤ ਪ੍ਰਧਾਨ ਹੋ ਗਏ ਸਨ, ਇੱਥੋਂ ਤੱਕ ਕਿ ਇਸ ਅੰਤਰ ਵਿਰੋਧੀ ਖਿਚੋਤਾਣ ਤੋਂ ਬਚਣ ਲਈ ਸ: ਸ਼ਾਮ ਸਿੰਘ ਅਟਾਰੀ ਅਤੇ ਲਹਿਣਾ ਸਿੰਘ ਮਜੀਠੀਆ ਵਰਗੇ ਉੱਘੇ ਸਰਦਾਰ ਆਪਣੇ-ਆਪਣੇ ਘਰੀਂ ਜਾ ਬੈਠੇ ਸਨ ਜਾਂ ਉਪਰਾਮ ਹੋ ਕੇ ਪੰਜਾਬ ਵਿੱਚੋਂ ਪਲਾਇਣ ਕਰ ਗਏ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਜਿਹੜੀ ਵੱਡੀ ਸ਼ਕਤੀਸ਼ਾਲੀ ਸੈਨਾ ਦਾ ਸੰਗਠਨ ਕੀਤਾ ਸੀ, ਉਨ੍ਹਾਂ ਦੀਆਂ ਤਨਖਾਹਾਂ ਦੀ ਅਦਾਇਗੀ ਲਈ ਲਾਹੌਰ ਦਰਬਾਰ ਦਾ ਖਜ਼ਾਨਾ ਵਧੇਰੇ ਕਰਕੇ ਖਾਲ੍ਹੀ ਹੀ ਰਹਿੰਦਾ ਸੀ। ਮਹਾਰਾਜਾ ਸਾਹਿਬ ਦੇ ਸਮੇਂ ਵੀ ਫ਼ੌਜੀਆਂ ਦੀਆਂ ਤਨਖਾਹਾਂ ਦੇ ਬਕਾਇਆ ਦੀਆਂ ਅਦਾਇਗੀਆਂ ਦਾ ਭੁਗਤਾਨ ਕਈ-ਕਈ ਮਹੀਨੇ ਪਛੜ ਕੇ ਕੀਤਾ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਕਾਲਵਾਸ ਪਿਛੋਂ ਇਹ ਸੈਨਿਕ ਰਜਮੈਂਟਾ ਜ਼ੋਰ ਤੇ ਧੌਂਸ ਨਾਲ ਆਪਣੀਆਂ ਤਨਖਾਹਾਂ ਵਿੱਚ ਵਾਧਾ ਕਰਵਾਉਂਦੀਆਂ ਰਹੀਆਂ ਅਤੇ ਰਾਜਨੀਤਿਕ ਮਾਮਲਿਆਂ ਅਤੇ ਫ਼ੌਜੀ ਕਾਰਵਾਈਆਂ ਵਿੱਚ ਵੀ ਦਖਲ ਦਿੰਦੀਆਂ ਰਹੀਆਂ ਅਤੇ ਇੰਝ ਅਰਾਜਿਕਤਾ ਦਾ ਕਾਰਨ ਵੀ ਬਣੀਆਂ।

ਮਹਾਰਾਜਾ ਸਾਹਿਬ ਦੇ ਕੁਝ ਨਿੱਜੀ ਸ਼ੌਕ ਅਤੇ ਦੁਰਲੱਭ ਵਸਤੂਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਸਰਕਾਰੀ ਖਜ਼ਾਨੇ ਉੱਤੇ ਵਾਫ਼ਰ ਖ਼ਰਚ ਤੇ ਭਾਰੀ ਬੋਝ ਦਾ ਵੀ ਕਾਰਨ ਬਣੇ। ਉਦਾਹਰਣ ਵਜੋਂ ਲੈਲੀ ਘੋੜੀ ਅਤੇ ਕੋਹਿਨੂਰ ਹੀਰੇ ਦੀ ਪ੍ਰਾਪਤੀ ਲਈ ਮਹਾਰਾਜਾ ਸਾਹਿਬ ਵੱਲੋਂ ਕੀਤੇ ਗਏ ਯਤਨ, ਇਨ੍ਹਾਂ ਦੇ ਪ੍ਰਤੱਖ ਉਦਾਹਰਣ ਹਨ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਸਾਹਿਬ ਆਪਣੇ ਯੂਰਪੀ ਪਰਾਹੁਣਿਆਂ ਨੂੰ ਇਹ ਗੱਲ ਬੜੇ ਮਾਣ ਨਾਲ ਦੱਸਦੇ ਹੁੰਦੇ ਸਨ ਕਿ ਲੈਲੀ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ 60 ਲੱਖ ਰੁਪਏ ਖਰਚਣੇ ਪਏ ਸਨ ਅਤੇ 12,000 ਸੈਨਿਕਾਂ ਦੀ ਬਲੀ ਦੇਣੀ ਪਈ ਸੀ। ਇਸੇ ਤਰ੍ਹਾਂ ਕੋਹਿਨੂਰ ਹੀਰੇ ਦੀ ਪ੍ਰਾਪਤੀ ਲਈ ਕਈ ਹੀਲੇ-ਵਸੀਲੇ ਕਰਨੇ ਪਏ ਸਨ।

ਇਸੇ ਪ੍ਰਸੰਗ ਵਿੱਚ ਪੁਸਤਕ ਅਸਲੀ ਰਣਜੀਤ ਸਿੰਘ ਦਾ ਕਰਤਾ ਇੱਕ ਘਟਨਾ ਬਾਰੇ ਇਸ ਤਰ੍ਹਾਂ ਬਿਆਨ ਕਰਦਾ ਹੈ :

1*"ਇੱਕ ਵਾਰ ਸ਼ੇਰ ਸਿੰਘ ਨੇ ਆਪਣਾ ਇੱਕ ਨਿੱਜੀ ਨੌਕਰ ਭੇਜ ਕੇ ਰਾਣੀ ਰਾਜ ਕੌਰ ਨੂੰ ਬੇਨਤੀ ਕੀਤੀ ਕਿ ਉਹ ਮਾਤਾ ਵਜੋਂ ਉਸ ਦੇ ਚਰਨ ਸਪਰਸ਼ ਕਰਨਾ ਚਾਹੁੰਦਾ ਹੈ। ਰਾਣੀ ਰਾਜ ਕੌਰ ਦਾ ਕਹਿਣਾ ਸੀ ਕਿ ਮੈਂ ਇੱਕ ਧੋਬੀ ਦੇ ਪੁੱਤਰ ਨੂੰ ਮੱਥਾ ਟੇਕਣ ਦੀ ਆਗਿਆ ਕਿਵੇਂ ਦੇ ਸਕਦੀ ਹਾਂ? ਜਾਹ ਉਸ ਨੂੰ ਕਹਿ ਦੇ ਕਿ ਉਹ ਇਸ ਤਰ੍ਹਾਂ ਦੀਆਂ ਚਾਲਾਂ ਨਾਲ ਮਹਾਰਾਜੇ ਦਾ ਪੁੱਤਰ ਨਹੀਂ ਬਣ ਸਕਦਾ। ਫ਼ਕੀਰ ਨੂਰੁਦੀਨ ਇਸ ਸਮੇਂ ਹਾਜ਼ਰ ਸੀ। ਉਸਨੇ ਸੁਣ ਕੇ ਕਿਹਾ, ਮਹਾਰਾਣੀ ਸਾਹਿਬਾ। ਤੁਹਾਨੂੰ ਅਜਿਹੇ ਬਚਨ ਨਹੀਂ ਸਨ ਕਹਿਣੇ ਚਾਹੀਦੇ; ਇਸ ਤਰ੍ਹਾਂ ਰੱਬ ਨਰਾਜ਼ ਹੋ ਜਾਂਦਾ ਹੈ। ਰਾਜ ਕੌਰ ਨੇ ਇਸ ਗੱਲ ਨੂੰ ਟਾਲ ਦਿੱਤਾ। ਥੋੜ੍ਹੇ ਸਮੇਂ ਪਿਛੋਂ ਰਾਜ ਕੌਰ ਪਰਲੋਕ ਸਿਧਾਰ ਗਈ। ਕੁਝ ਸਮੇਂ ਪਿਛੋਂ ਮਹਾਰਾਜਾ ਸਾਹਿਬ ਦਾ ਵੀ ਦੇਹਾਂਤ ਹੋ ਗਿਆ। ਇਸ ਘਟਨਾ ਤੋਂ ਦੋ ਸਾਲਾਂ ਦੇ ਅੰਦਰ-ਅੰਦਰ ਹੀ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਵੀ ਇਕੋ ਦਿਨ ਗੁਜ਼ਰ ਗਏ।

ਮਹਾਰਾਜਾ, ਮਹਾਰਾਣੀ ਦੀ ਮੌਤ ਦੀ ਖ਼ਬਰ ਸੁਣ ਕੇ ਬੜਾ ਨਿਰਾਸ਼ ਹੋਇਆ ਅਤੇ ਉਨ੍ਹਾਂ ਨੇ ਸੋਕਾਤਰ ਹੋ ਕੇ ਇਹ ਸ਼ਬਦ ਕਹੇ, "ਮੌਤ ਨੇ ਸ਼ਾਹੀ ਪਰਿਵਾਰ ਉੱਤੇ ਵੀ ਆਪਣਾ ਵਾਰ ਕਰ ਦਿੱਤਾ ਹੈ।" ਇਹ ਸ਼ੋਕਮਈ ਸ਼ਬਦ ਸੁਣ ਕੇ ਫ਼ਕੀਰ ਨੂਰੁਦੀਨ ਵੀ ਕੰਬ ਉੱਠਿਆ।

2*ਮਹਾਰਾਜੇ ਦਾ ਘੋੜ ਸਵਾਰੀ ਦਾ ਸ਼ੌਕ ਇੰਨਾ ਵਧੇਰੇ ਸੀ ਕਿ ਉਨ੍ਹਾਂ ਦੇ ਅਸਤਬਲ ਵਿੱਚ 1,000 ਘੋੜੇ ਉਨ੍ਹਾਂ ਦੀ ਨਿੱਜੀ ਵਰਤੋਂ ਲਈ ਰੱਖੇ ਗਏ ਸਨ, ਜਿਸ ਉੱਤੇ ਸਵਾਰੀ ਸਮੇਂ ਪਾਉਣ ਵਾਲਾ ਸਜਾਵਟੀ ਸਾਮਾਨ ਵੀ ਬੜਾ ਕੀਮਤੀ ਅਤੇ ਬਹੁਮੁੱਲਾ ਹੁੰਦਾ ਸੀ। ਮਹਾਰਾਜਾ ਸਾਹਿਬ ਦਾ ਸ਼ਿਕਾਰ ਦਾ ਸ਼ੌਕ ਵੀ ਇੰਤਹਾ ਤੱਕ ਪਹੁੰਚਿਆ ਹੋਇਆ ਸੀ।

ਮਹਾਰਾਜਾ ਸਾਹਿਬ ਦੇ ਕਾਲਵਾਸ ਹੋਣ ਸਮੇਂ ਤੱਕ ਉਨ੍ਹਾਂ ਦੇ 7 ਪੁੱਤਰ ਜੀਵਤ ਸਨ। ਉਨ੍ਹਾਂ ਸਭ ਦੇ ਮੂੰਹ ਅਤੇ ਹਿੱਤ ਵੱਖਰੇ-ਵੱਖਰੇ ਸਨ। ਉਹ ਵੱਖਰੀਆਂ-ਵੱਖਰੀਆਂ ਮਾਤਾਵਾਂ ਤੋਂ ਜਨਮੇ ਸਨ। ਜੇਕਰ ਮਹਾਰਾਜਾ ਸਾਹਿਬ

1* ਫ਼ਕੀਰ ਵਹੀਦੁਦੀਨ, ਦ ਰਿਅਲ ਰਣਜੀਤ ਸਿੰਘ, ਪੰਨਾ 170-171

2* ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 586



Sri Satguru Jagjit Singh Ji Elibrary NamdhariElibrary@gmail.com

ਆਪਣੀ ਸੰਤਾਨ ਨੂੰ ਇੱਕ ਸੂਤਰ ਵਿੱਚ ਪ੍ਰੋ ਕੇ ਰੱਖਦੇ ਅਤੇ ਸਭਨਾਂ ਵਿੱਚ ਭਰਪਣ ਦਾ ਜਜ਼ਬਾ ਉਤਪੰਨ ਕੀਤਾ ਗਿਆ ਹੁੰਦਾ ਤਾਂ ਸ਼ਾਇਦ ਇਹ ਵੰਸ਼ਜ ਇਸ ਵਿਸ਼ਾਲ ਰਾਜ ਦੇ ਬਚਾ ਲਈ ਢਾਲ ਬਣ ਸਕਦੇ ਅਤੇ ਮਹਾਰਾਜਾ ਦਲੀਪ ਸਿੰਘ ਤੋਂ ਬਿਨਾਂ ਵਾਰੋ-ਵਾਰੀ ਮਾਰੇ ਨਾ ਜਾਂਦੇ। ਡਾ: ਹਰੀ ਰਾਮ ਗੁਪਤਾ ਦੇ ਇਸ ਵਿਚਾਰ ਨਾਲ ਸਹਿਮਤ ਹੋਣਾ ਕਠਿਨ ਜਾਪਦਾ ਹੈ ਕਿ ਜੇਕਰ ਮਹਾਰਾਜਾ ਸਾਹਿਬ ਚਾਹੁੰਦੇ ਤਾਂ ਆਪਣੇ ਪੁੱਤਰਾਂ ਨੂੰ ਵੱਖ-ਵੱਖ ਇਲਾਕੇ ਦੇ ਕੇ ਅੰਗਰੇਜ਼ਾਂ ਦੀ ਸੁਰੱਖਿਆ ਵਿੱਚ ਲਿਆ ਸਕਦੇ ਸਨ ਅਤੇ ਇੰਝ ਇਹ ਰਾਜ ਭਾਵੇਂ ਛੋਟੀਆਂ-ਛੋਟੀਆਂ ਰਿਆਸਤਾਂ ਵਿੱਚ ਹੀ ਵੰਡੇ ਜਾਂਦੇ, ਪਰ ਭਾਰਤ ਦੀਆਂ ਹੋਰ ਰਿਆਸਤਾਂ ਅਤੇ ਵਿਸ਼ੇਸ਼ ਕਰਕੇ ਸਤਲੁਜ ਤੋਂ ਪੂਰਬ ਦੀਆਂ ਸਿੱਖ ਰਿਆਸਤਾਂ ਸਮਾਨ ਆਪਣੇ ਆਪ ਨੂੰ ਹੋਰ ਲੰਬੇ ਸਮੇਂ ਤੱਕ ਕਾਇਮ ਰੱਖ ਸਕਦੀਆਂ ਸਨ। ਪਰ ਅਜਿਹਾ ਕਰਨ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਵੱਲੋਂ ਕਾਇਮ ਕੀਤੇ ਗਏ ਵਿਸ਼ਾਲ ਰਾਜ ਦਾ ਸੰਕਲਪ ਕਈ ਟੁਕੜਿਆਂ ਵਿੱਚ ਵੰਡੀ ਗਈ, ਇਸ ਹੋਣੀ ਨਾਲ ਖੰਡਿਤ ਨਾ ਹੋ ਜਾਂਦਾ। ਇਸ ਸੰਬੰਧ ਵਿੱਚ ਜਰਮਨ ਸੈਲਾਨੀ ਬੈਰਨ ਚਾਰਲਸ ਹਿਊਗਲ ਦਾ ਇਹ ਕਥਨ ਬੜਾ ਢੁਕਵਾਂ ਪ੍ਰਤੀਤ ਹੁੰਦਾ ਹੈ, ਜੋ ਉਸਨੇ ਜਨਵਰੀ 1836 ਵਿੱਚ ਲਾਹੌਰ ਤੋਂ ਲਿਖਿਆ ਹੈ :

[1*]"ਰਣਜੀਤ ਸਿੰਘ ਦੀ ਮੌਤ ਪਿਛੋਂ ਸਿੱਖ ਸਾਮਰਾਜ ਦਾ ਕੀ ਬਣੇਗਾ? ਰਣਜੀਤ ਸਿੰਘ ਨੇ ਇਸ ਬਾਰੇ ਕਦੇ ਚਿੰਤਾ ਵੀ ਨਹੀਂ ਸੀ ਕੀਤੀ। ਬਾਹਰਮੁਖੀ ਤੌਰ ਤੇ ਤਾਂ ਉਹ ਜਿਸ ਧਰਮ ਦਾ ਅਨੁਯਾਈ ਸੀ, ਉਸ ਉੱਤੇ ਪੂਰਨ ਭਰੋਸਾ ਰੱਖਦਾ ਸੀ। ਉਸਨੇ ਤਾਂ ਆਪਣੇ ਜੀਉਂਦੇ ਜੀ ਵਣ-ਵਣ ਦੀ ਲੱਕੜੀ ਨੂੰ ਇੱਕ ਥਾਂ ਸੰਗਠਿਤ ਕਰ ਦਿੱਤਾ ਸੀ, ਪਰ ਉਸ ਪਿਛੋਂ ਸਿੱਖ ਭਾਈਚਾਰਾ ਇਸ ਰਾਜ ਦਾ ਵਾਰਿਸ ਸੀ, ਉਸਨੇ ਇਸ ਬੰਨੇ ਕਦੀ ਵੀ ਧਿਆਨ ਨਹੀਂ ਦਿੱਤਾ ਕਿ ਉਸਦਾ ਉੱਤਰਾਧਿਕਾਰੀ ਕੌਣ ਹੋਵੇਗਾ ਅਤੇ ਉਸਨੂੰ ਕਿਸ ਤਰ੍ਹਾਂ ਦੀ ਸਿੱਖਿਆ ਦੀਖਿਆ ਦੀ ਲੋੜ ਹੈ।"

### [2*]ਸ਼ਾਨਦਾਰ ਇਤਿਹਾਸਕ ਯੁੱਗ ਦਾ ਅੰਤ

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੇ ਅੰਤਿਮ ਸਾਲ ਵਿਅਕਤੀਗਤ ਰੂਪ ਵਿੱਚ ਉਸ ਲਈ ਬਹੁਤੇ ਸੁਖਾਵੇਂ ਨਹੀਂ ਸਨ ਰਹੇ। 1834 ਵਿੱਚ ਮਹਾਰਾਜਾ ਸਾਹਿਬ ਨੂੰ ਲਕਵਾ ਹੋ ਗਿਆ। ਇਲਾਜ ਕਰਵਾਉਣ ਨਾਲ ਉਸਦੀ ਸਿਹਤ ਵਿੱਚ ਕੁਝ ਸੁਧਾਰ ਤਾਂ ਹੋਇਆ, ਪਰ ਉਹ ਪਹਿਲਾਂ ਵਾਲੀ ਤਾਬ ਵਿੱਚ ਨਾ ਆ ਸਕਿਆ। ਕਈ ਵਾਰ ਤਾਂ ਉਨ੍ਹਾਂ ਦੇ ਬੋਲ ਵੀ ਥਿੜਕਦੇ ਸਨ ਅਤੇ ਸਪੱਸ਼ਟ ਨਹੀਂ

[1*] ਡਾ. ਹਰੀ ਰਾਮ ਗੁਪਤਾ, ਹਿਸਟਰੀ ਆਫ ਦ ਸਿੱਖਸ, ਜਿਲਦ ਪੰਜਵੀਂ, ਪੰਨਾ 597
[2*] ਉਪਰੋਕਤ, ਪੰਨਾ 532



Sri Satguru Jagjit Singh Ji Elibrary NamdhariElibrary@gmail.com

ਹੁੰਦੇ ਸਨ। ਇਸ ਸਿਹਤ ਦੇ ਵਿਗਾੜ ਦਾ ਮੁੱਖ ਕਾਰਨ "ਸ਼ਰਾਬ ਅਤੇ ਅਫ਼ੀਮ ਦਾ ਵਧੇਰੇ ਸੇਵਨ ਅਤੇ ਦਾਸੀਆਂ ਬਾਂਦੀਆਂ ਅਤੇ ਨ੍ਰਿਤਕੀਆਂ ਨਾਲ ਵਧੇਰੇ ਸਹਿਚਾਰ ਸੀ।"

ਇਸ ਤੋਂ ਬਿਨਾਂ ਇੱਕ ਹੋਰ ਕਾਰਨ ਪ੍ਰਬੰਧਕ ਕਾਰਜਾਂ ਦੇ ਨਿੱਕੇ-ਨਿੱਕੇ ਵੇਰਵਿਆਂ ਵੱਲ ਵਧੇਰੇ ਧਿਆਨ ਦੇਣਾ ਵੀ ਸੀ।

ਜਦੋਂ 1838 ਵਿੱਚ ਲਾਰਡ ਆਕਲੈਂਡ ਨਾਲ ਮਹਾਰਾਜਾ ਸਾਹਿਬ ਨੂੰ ਕੁਝ ਹਫ਼ਤੇ ਗੁਜ਼ਾਰਨੇ ਪਏ ਤਾਂ ਰੰਗ-ਬਰੰਗੀਆਂ ਮਹਿਫ਼ਲਾਂ ਅਤੇ ਤੇਜ਼ ਸ਼ਰਾਬਾਂ ਦੇ ਸੇਵਨ ਵਿੱਚ ਮਹਾਰਾਜੇ ਨੂੰ ਅਧਰੰਗ ਦੇ ਰੋਗ ਨੇ ਆ ਘੇਰਿਆ, ਜੋ ਉਸ ਦੀ ਮ੍ਰਿਤੂ ਦਾ ਕਾਰਨ ਬਣਿਆ। ਰੋਗ ਦਾ ਹੱਲਾ ਇੰਨਾ ਮਾਰੂ ਸੀ ਕਿ 31 ਦਸੰਬਰ, 1838 ਨੂੰ ਮਹਾਰਾਜਾ ਸਾਹਿਬ ਨੇ ਆਪਣੇ ਇੱਕ ਪਤਵੰਤੇ ਮਹਿਮਾਨ ਨੂੰ ਬਿਸਤਰੇ ਉੱਤੇ ਲੇਟਿਆਂ ਹੋਇਆਂ ਹੀ ਵਿਦਾ ਕੀਤਾ।

5 ਜਨਵਰੀ, 1839 ਨੂੰ ਮਹਾਰਾਜਾ ਸਾਹਿਬ ਦੀ ਸਿਹਤ ਹੋਰ ਵੀ ਵਿਗੜ ਗਈ। ਉਨ੍ਹਾਂ ਦੀ ਆਵਾਜ਼ ਮੱਧਮ ਪੈ ਗਈ ਅਤੇ ਗੋਡਿਆਂ ਵਿੱਚ ਦਰਦ ਸ਼ੁਰੂ ਹੋ ਗਈ। ਉਨ੍ਹਾਂ ਨੂੰ ਜਲੋਧਰ ਅਤੇ ਬੁਖਾਰ ਹੋ ਗਿਆ। ਕੋਈ ਵੀ ਔਸ਼ਧੀ ਨਾ ਅਸਰ ਕਰਦੀ ਅਤੇ ਦਿਨੋਂ-ਦਿਨ ਹਾਲਤ ਮਾੜੀ ਪੈਂਦੀ ਗਈ। ਇਸਦੇ ਬਾਵਜੂਦ ਮਹਾਰਾਜਾ ਮਾਨਸਿਕ ਤੌਰ ਤੇ ਸੁਚੇਤ ਸੀ ਅਤੇ ਲੇਟਿਆਂ-ਲੇਟਿਆਂ ਹੀ ਅੱਖ ਦੇ ਸੰਕੇਤ ਨਾਲ ਕਈ ਪੁੱਛਾਂ ਕਰ ਲੈਂਦਾ ਸੀ। ਡਾ: ਹਰੀ ਰਾਮ ਗੁਪਤਾ ਅਨੁਸਾਰ :

"ਜਦੋਂ ਉਹ ਸੱਜੇ ਤਕਦੇ ਤਾਂ ਫ਼ਕੀਰ ਅਜ਼ੀਜ਼ੁਦੀਨ ਤੋਂ ਅੰਗਰੇਜ਼ਾਂ ਬਾਰੇ ਪੁੱਛ ਕਰ ਰਹੇ ਹੁੰਦੇ। ਜਦੋਂ ਖੱਬੇ ਤਕਦੇ ਤਾਂ ਅਫ਼ਗਾਨਿਸਤਾਨ ਬਾਰੇ ਜਾਣਨਾ ਚਾਹੁੰਦੇ ਅਤੇ ਜਦੋਂ ਵਿਚਕਾਰ ਵੇਖਦੇ ਤਾਂ ਆਪਣੇ ਰਾਜ ਬਾਰੇ ਪੁੱਛ ਰਹੇ ਹੁੰਦੇ।"

ਸਿਹਤਯਾਬੀ ਲਈ ਇਲਾਜ, ਦਾਨ-ਪੁੰਨ, ਪੂਜਾ ਪਾਠ ਅਤੇ ਅਰਦਾਸਾਂ ਨਿੱਤ ਕਰਵਾਈਆਂ ਜਾਂਦੀਆਂ। ਲੱਖਾਂ ਰੁਪਏ ਇਸ ਉਦੇਸ਼ ਲਈ ਖਰਚੇ ਗਏ। ਇੱਥੋਂ ਤੱਕ ਕਿ ਇੱਕ ਵਾਰ ਤਾਂ ਮਹਾਰਾਜਾ ਸਾਹਿਬ ਕੋਹਿਨੂਰ ਹੀਰਾ ਵੀ ਜਗਨਨਾਥ ਦੇ ਮੰਦਰ ਜਾਂ ਸ੍ਰੀ ਹਰਿਮੰਦਰ ਸਾਹਿਬ ਭੇਟ ਕਰਨ ਲਈ ਤਿਆਰ ਹੋ ਗਏ ਸਨ। ਖੁਸ਼ਹਾਲ ਸਿੰਘ ਅਤੇ ਰਾਜਾ ਧਿਆਨ ਸਿੰਘ ਨੇ ਹੀਰੇ ਨੂੰ ਸ਼ਾਹੀ ਖਜ਼ਾਨੇ ਵਿੱਚੋਂ ਮੰਗਵਾ ਭੇਜਿਆ ਸੀ। ਮਿਸਰ ਬੇਲੀ ਰਾਮ ਨੇ ਇਹ ਕਹਿ ਕੇ ਹੀਰਾ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਤਾਜ ਦੀ ਜ਼ਾਇਦਾਦ ਹੈ। ਇਸ ਲਈ ਇਹ ਖੈਰਾਇਤ ਵਿੱਚ ਨਹੀਂ ਦਿੱਤਾ ਜਾ ਸਕਦਾ।

ਮਹਾਰਾਜਾ ਸਾਹਿਬ ਬਹੁਤ ਸਾਰੇ ਗਹਿਣੇ ਪਹਿਣ ਕੇ ਦਾਨ ਕਰ ਦਿੰਦੇ। ਸਿਹਤ ਵਿੱਚ ਸੁਧਾਰ ਨਾ ਹੁੰਦਾ ਵੇਖ ਕੇ ਅਤੇ ਅੰਤਿਮ ਸਮੇਂ ਨੂੰ ਨੇੜੇ ਪੁੱਜਾ ਜਾਣ ਕੇ 21



Sri Satguru Jagjit Singh Ji Elibrary NamdhariElibrary@gmail.com

ਜੂਨ, 1839 ਨੂੰ ਮਹਾਰਾਜਾ ਸਾਹਿਬ ਨੇ ਆਪਣਾ ਉੱਤਰਾਧਿਕਾਰੀ ਮਹਾਰਾਜਾ ਖੜਕ ਸਿੰਘ ਨੂੰ ਥਾਪ ਦਿੱਤਾ ਅਤੇ ਰਾਜਾ ਧਿਆਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਕੇ ਉਸ ਨੂੰ ਖੜਕ ਸਿੰਘ ਦਾ ਵਫ਼ਾਦਾਰ ਰਹਿਣ ਲਈ ਤਾਕੀਦ ਕੀਤੀ।

1*27 ਜੂਨ, 1839 ਨੂੰ ਮਹਾਰਾਜਾ ਸਾਹਿਬ ਦੇ ਸਵਾਸ ਪੂਰੇ ਹੋ ਗਏ ਅਤੇ ਪੰਜਾਬ ਦੇ ਇਸ ਮਹਾਨ ਰਾਸ਼ਟਰਨਾਇਕ 'ਸ਼ੇਰ-ਏ-ਪੰਜਾਬ' ਦਾ ਅੰਤ ਹੋ ਗਿਆ। ਮਹਾਰਾਜਾ ਸਾਹਿਬ ਨਾਲ ਪੰਜਾਬ ਦੇ ਉਸ ਸ਼ਾਨਦਾਰ ਯੁੱਗ ਦਾ ਅੰਤ ਵੀ ਹੋ ਗਿਆ, ਜਿਸ ਦੀ ਨੀਂਹ ਉਸਨੇ ਆਪ ਹੀ 40 ਸਾਲ ਪਹਿਲਾਂ ਲਾਹੌਰ ਦੇ ਕਬਜ਼ੇ ਸਮੇਂ ਰੱਖੀ ਸੀ, ਜਿਸ ਦੀ ਸ਼ਾਨ ਨੂੰ ਚਮਕਾਉਣ ਲਈ ਉਸਨੇ ਆਪਣਾ ਸਾਰਾ ਜੀਵਨ ਲੇਖੇ ਲਾ ਦਿੱਤਾ ਸੀ।

ਅਗਲੇ ਦਿਨ ਮਹਾਰਾਜਾ ਸਾਹਿਬ ਦੀ ਦੇਹ ਦਾ ਅੰਤਿਮ ਸੰਸਕਾਰ ਪੂਰੇ ਸ਼ਾਹੀ ਸਨਮਾਨਾਂ ਨਾਲ ਕੀਤਾ ਗਿਆ, ਜਿਸ ਦਾ ਵਿਸਥਾਰ ਪੂਰਵਕ ਵਰਣਨ ਬਹੁਤ ਸਾਰੇ ਇਤਿਹਾਸਕਾਰਾਂ ਨੇ ਕੀਤਾ ਹੈ। ਇਸ ਉਦੇਸ਼ ਲਈ ਬਹੁਮੁੱਲੀ ਚਿਖਾ ਤਿਆਰ ਕੀਤੀ ਗਈ ਅਤੇ ਸ਼ਾਹੀ ਬਵਾਨ ਕੱਢਿਆ ਗਿਆ।ਮਹਾਰਾਜੇ ਦੇ ਮ੍ਰਿਤਕ ਸਰੀਰ ਨੂੰ ਗੁਲਾਬ ਜਲ ਨਾਲ ਇਸ਼ਨਾਨ ਕਰਵਾ ਕੇ ਤੇ ਉਸ ਨੂੰ ਸੁਗੰਧੀਆਂ ਮਲ ਕੇ ਕੀਮਤੀ ਪੁਸ਼ਾਕ ਅਤੇ ਗਹਿਣੇ ਪੁਆਏ ਗਏ, ਜੋ ਉਹ ਆਪਣੇ ਜੀਵਨ ਸਮੇਂ ਪਹਿਨਦੇ ਹੁੰਦੇ ਸਨ।

ਇਸ ਮਾਤਮੀ ਜਲੂਸ ਵਿੱਚ ਹਜ਼ਾਰਾਂ ਲੋਕ ਸ਼ਾਮਲ ਸਨ। ਅਰਥੀ ਉੱਤੇ ਰੁਪਇਆਂ ਅਤੇ ਮੋਹਰਾਂ ਦੀ ਸੋਟ ਕੀਤੀ ਜਾ ਰਹੀ ਸੀ। ਮਹਾਰਾਜਾ ਸਾਹਿਬ ਦੇ ਰਹਿਣਵਾਸ ਦੀਆਂ ਉਹ ਰਾਣੀਆਂ ਜਿਨ੍ਹਾਂ ਕਦੇ ਬਾਹਰ ਪੈਰ ਨਹੀਂ ਸੀ ਪਾਇਆ, ਚਿੱਟੀ ਰੇਸ਼ਮੀ ਪੁਸ਼ਾਕ ਪਹਿਨ ਕੇ ਨੰਗੀ ਪੈਰੀਂ ਅਰਥੀ ਦੇ ਪਿੱਛੇ-ਪਿੱਛੇ ਜਾ ਰਹੀਆਂ ਸਨ ਅਤੇ ਆਪਣੇ ਬਹੁਮੁੱਲੇ ਗਹਿਣੇ ਉਤਾਰ ਕੇ ਦਾਨ ਕਰ ਰਹੀਆਂ ਸਨ। ਮਹਾਰਾਜਾ ਸਾਹਿਬ ਦੀ ਦੇਹ ਨਾਲ 4 ਰਾਣੀਆਂ (ਰਾਣੀ ਮਹਿਤਾਬ ਦੇਵੀ, ਜਿਸ ਨੂੰ ਰਾਣੀ ਕਟੋਚਾਂ ਜਾਂ ਗਦਣ ਵੀ ਕਹਿੰਦੇ ਸਨ, ਹਰ ਦੇਵੀ, ਰਾਣੀ ਰਾਜ ਕੌਰ, ਰਾਣੀ ਈਸ਼ਰ ਕੌਰ) ਅਤੇ 7 ਦਾਸੀਆਂ ਜਿਨ੍ਹਾਂ ਦੀ ਉਮਰ 14-15 ਸਾਲਾਂ ਦੀ ਸੀ, ਸਤੀ ਹੋਈਆਂ।

2*ਰਾਣੀ ਕਟੋਚਾਂ ਦੀ ਅਗਵਾਈ ਵਿੱਚ ਚਾਰ ਰਾਣੀਆਂ ਚਿਤਾ ਤੱਕ ਪਹੁੰਚੀਆਂ। ਰਾਣੀ ਕਟੋਚਾਂ ਮਹਾਰਾਜੇ ਸਾਹਿਬ ਦੇ ਸਿਰ ਵਾਲੇ ਬੰਨ੍ਹੇ ਬੈਠ ਗਈ ਅਤੇ ਮਹਾਰਾਜਾ ਸਾਹਿਬ ਦਾ ਸੀਸ ਆਪਣੀ ਗੋਦੀ ਵਿੱਚ ਟਿਕਾ ਲਿਆ। ਬਾਕੀ ਤਿੰਨ ਰਾਣੀਆਂ ਉਸ ਦੇ ਇਰਦ-ਗਿਰਦ ਬੈਠ ਗਈਆਂ। ਸਤ ਦਾਸੀਆਂ ਬਾਹਰਵਾਰ ਚੱਕਰ ਵਿੱਚ ਬੈਠ ਗਈਆਂ। ਜਦੋਂ ਹਾਲੀਂ ਚਿਤਾ ਨੂੰ ਅਗਨੀ ਨਹੀਂ

1* ਮੁਹੰਮਦ ਲਤੀਫ਼, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ 409

2* ਫ਼ਕੀਰ ਸਯਦ ਵਹੀਦੁਦੀਨ, ਦਰਿਅਲ ਰਣਜੀਤ ਸਿੰਘ, ਪੰਨਾ 205



Sri Satguru Jagjit Singh Ji Elibrary NamdhariElibrary@gmail.com

ਸੀ ਵਿਖਾਈ ਗਈ ਤਾਂ ਕਟੋਚਾਂ ਨੇ ਖੜਕ ਸਿੰਘ ਅਤੇ ਧਿਆਨ ਸਿੰਘ ਨੂੰ ਕੋਲ ਬੁਲਾ ਲਿਆ। ਉਸ ਨੇ ਧਿਆਨ ਸਿੰਘ ਦਾ ਹੱਥ ਪਕੜ ਕੇ ਮਹਾਰਾਜਾ ਸਾਹਿਬ ਦੀ ਛਾਤੀ 'ਤੇ ਰੱਖ ਦਿੱਤਾ ਅਤੇ ਉਸਨੇ ਉੱਚੀ ਬੋਲ ਕੇ ਇਹ ਸੁਗੰਧ ਖਾਣ ਲਈ ਕਿਹਾ ਕਿ ਉਹ ਖੜਕ ਸਿੰਘ ਦਾ ਵਫਾਦਾਰ ਰਹਿ ਕੇ ਉਸ ਦੀ ਸਹਾਇਤਾ ਕਰਦਾ ਰਹੇ। ਫਿਰ ਉਸਨੇ ਖੜਕ ਸਿੰਘ ਤੋਂ ਵੀ ਉਸੇ ਤਰ੍ਹਾਂ ਦਾ ਪ੍ਰਣ ਲਿਆ ਕਿ ਉਹ ਧਿਆਨ ਸਿੰਘ ਦਾ ਕਦੀ ਵਿਰੋਧ ਨਹੀਂ ਕਰੇਗਾ। ਇਸ ਉਪਰੰਤ ਖੜਕ ਸਿੰਘ ਨੇ ਚਿਤਾ ਨੂੰ ਅਗਨੀ ਵਿਖਾਈ। ਕੁਝ ਚਿਰ ਪਿਛੋਂ ਥੋੜ੍ਹੀ ਜਿਹੀ ਬੂੰਦਾ-ਬਾਂਦੀ ਹੋਈ। ਇੱਕ ਕਬੂਤਰਾਂ ਦਾ ਜੋੜਾ ਆਕਾਸ਼ ਤੋਂ ਉੱਡਦਾ-ਉੱਡਦਾ ਚਿਤਾ ਵਿੱਚ ਡਿਗ ਕੇ ਸੜ ਗਿਆ।

ਰਾਜਾ ਧਿਆਨ ਸਿੰਘ ਨੇ ਵੀ ਦੋ-ਤਿੰਨ ਵਾਰ ਮਹਾਰਾਜਾ ਸਾਹਿਬ ਦੇ ਨਾਲ ਸੜਨ ਦਾ ਯਤਨ ਕੀਤਾ, ਪਰ ਕੁਝ ਵਿਅਕਤੀਆਂ ਨੇ ਉਨ੍ਹਾਂ ਨੂੰ ਫੜ ਕੇ ਰੋਕ ਲਿਆ।

[1*]ਇਸ ਮਾਤਮੀ ਕਰੁਣਾਮਈ ਦ੍ਰਿਸ਼ ਦਾ ਵਰਣਨ ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ 'ਦੀ ਹਿਸਟਰੀ ਆਫ ਦ ਸਿਖਸ' ਵਿਚ ਡਾ: ਹੋਨਿੰਗ ਬਰਗਰ ਦੇ ਹਵਾਲੇ ਨਾਲ ਇੰਝ ਕੀਤਾ ਹੈ :

"ਬ੍ਰਾਹਮਣ ਸ਼ਾਸਤਰਾਂ ਦਾ ਉਚਾਰਨ ਕਰ ਰਹੇ ਸਨ। ਸਿੱਖਾਂ ਦੇ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਤੋਂ ਬਾਣੀ ਦਾ ਪਾਠ ਕਰ ਰਹੇ ਸਨ ਅਤੇ ਮੁਸਲਮਾਨ ਯਾ ਅੱਲਾ, ਯਾ ਅੱਲਾ, ਯਾ ਅੱਲਾ ਬੋਲ ਰਹੇ ਸਨ। ਇਹ ਪ੍ਰਾਥਨਾਵਾਂ ਇੱਕ ਘੰਟੇ ਤੱਕ ਜਾਰੀ ਰਹੀਆਂ। ਅਖਬਾਰ ਨਵੀਸ ਲਿਖਦਾ ਹੈ, "10 ਵਜੇ ਦਾ ਸਮਾਂ ਜੋ ਬ੍ਰਾਹਮਣਾਂ ਨੇ ਨਿਸ਼ਚਿਤ ਕੀਤਾ ਹੋਇਆ ਸੀ। ਕੰਵਰ ਖੜਕ ਸਿੰਘ ਨੇ ਚਿਤਾ ਨੂੰ ਅਗਨੀ ਦਿਖਾਈ ਅਤੇ ਪੰਜਾਬ ਦਾ ਮਹਾਰਾਜਾ, 4 ਰਾਣੀਆਂ ਅਤੇ 7 ਦਾਸੀਆਂ ਸਮੇਤ ਭਸਮ ਦੀ ਢੇਰੀ ਹੋ ਗਿਆ। ਹਰ ਕੋਈ ਗ਼ਮ ਵਿੱਚ ਡੁੱਬਾ ਹੋਇਆ ਸੀ। ਇਸ ਦੁੱਖ ਦੇ ਸਮੇਂ ਦਾ ਵਰਣਨ ਕਰਨ ਸਮੇਂ ਦਿਲ ਡੋਬੂ ਖਾਣ ਲੱਗ ਪੈਂਦਾ ਹੈ। ਮਹਿਲਾਂ ਵਿੱਚ ਰਾਣੀਆਂ ਦੇ ਮਾਤਮੀ ਰੋਣ-ਧੋਣ ਅਤੇ ਹਰ ਉਮਰ ਅਤੇ ਧਰਮ ਦੇ ਲੋਕਾਂ ਦੇ ਗ਼ਮ ਵਿੱਚ ਡੁੱਬਿਆਂ ਦੀਆਂ ਭੁਬਾਂ ਸੁਣਾਈ ਦੇ ਰਹੀਆਂ ਸਨ।"

13 ਦਿਨ ਪਿਛੋਂ ਮਹਾਰਾਜਾ ਸਾਹਿਬ ਦੀਆਂ ਅਸਤੀਆਂ ਸ਼ਾਹੀ ਸਨਮਾਨਾਂ ਨਾਲ ਜਲੂਸ ਦੀ ਸ਼ਕਲ ਵਿੱਚ ਹਰਿਦੁਆਰ ਲਈ ਰਵਾਨਾ ਕੀਤੀਆਂ ਗਈਆਂ। ਲਾਹੌਰ ਦੇ ਗਲੀ ਬਾਜ਼ਾਰਾਂ ਵਿੱਚ ਲੋਕਾਂ ਦੀ ਭਾਰੀ ਭੀੜ ਇਸ ਮਾਤਮੀ ਦ੍ਰਿਸ਼ ਨੂੰ ਵੇਖ ਰਹੀ ਸੀ। ਲੋਕ ਕੋਠਿਆਂ ਦੀਆਂ ਛੱਤਾਂ ਤੋਂ ਫੁੱਲਾਂ ਦੀ ਵਰਖਾ ਕਰ ਰਹੇ ਸਨ। ਦਿੱਲੀ ਦਰਵਾਜ਼ੇ 'ਤੇ ਪਹੁੰਚ ਕੇ ਤੋਪਾਂ ਦੀ ਸਲਾਮੀ ਨਾਲ ਇਹ ਮਾਤਮੀ

[1*] ਖੁਸ਼ਵੰਤ ਸਿੰਘ, ਦ ਹਿਸਟਰੀ ਆਫ ਦ ਸਿੱਖਸ, ਜਿਲਦ ਪਹਿਲੀ, ਪੰਨਾ 289-290



Sri Satguru Jagjit Singh Ji Elibrary NamdhariElibrary@gmail.com

ਜਲੂਸ ਸਮਾਪਤ ਹੋਇਆ। ਇਤਿਹਾਸਕਾਰਾਂ ਨੇ ਇਹ ਵੀ ਵਰਣਨ ਕੀਤਾ ਹੈ ਕਿ ਪੰਜਾਬ ਤੋਂ ਬਾਹਰ ਵੀ ਜਿਥੋਂ-ਜਿਥੋਂ ਵੀ ਇਹ ਅਸਤੀਆਂ ਦਾ ਜਲੂਸ ਗੁਜਰਿਆ, ਉਸ ਦਾ ਢੁੱਕਵਾਂ ਸੁਆਗਤ ਕੀਤਾ ਗਿਆ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੀਵਨ ਖੇਡ ਦੇ ਸਮਾਪਤ ਹੋਣ ਨਾਲ ਹੀ ਉਸ ਸ਼ਾਨੰਦਾਰ ਇਤਿਹਾਸਕ ਯੁੱਗ ਦਾ ਅੰਤ ਹੋ ਗਿਆ, ਜਿਸ ਵਿੱਚ ਪੰਜਾਬ ਦੇ ਲੋਕਾਂ ਨੇ ਪੂਰਨ ਸੁਤੰਤਰਤਾ ਅਤੇ ਅਮਨ-ਚੈਨ ਦੇ ਖ਼ੁਸ਼ਹਾਲੀ ਭਰੇ ਪਰਸਪਰ ਅੰਤਰ-ਜਾਤੀ ਪ੍ਰੇਮ ਦੇ ਯੁੱਗ ਨੂੰ ਮਾਣਿਆ ਸੀ, ਜਿਸ ਨੂੰ ਪੰਜਾਬ ਦੇ ਸਮੁੱਚੇ ਇਤਿਹਾਸ ਵਿੱਚ ਵੱਡਾ ਗੌਰਵ ਪ੍ਰਾਪਤ ਹੈ ਅਤੇ ਜਿਸ ਦੀ ਸੁਹਾਵਣੀ ਯਾਦ ਅੱਜ ਵੀ ਪੰਜਾਬ ਵਾਸੀਆਂ ਨੂੰ ਨਹੀਂ ਭੁੱਲੀ।



Sri Satguru Jagjit Singh Ji Elibrary NamdhariElibrary@gmail.com

# 16

# ਸਤਿਗੁਰ ਰਾਮ ਸਿੰਘ ਜੀ ਦਾ ਆਗਮਨ

ਪੰਜਾਬ ਤੇ ਭਾਰਤ ਦੇ ਇਤਿਹਾਸ ਵਿੱਚ ਹੀ ਨਹੀਂ ਸਗੋਂ ਸੰਸਾਰ ਭਰ ਦੇ ਧਾਰਮਿਕ ਇਤਿਹਾਸ ਤੇ ਨਵ-ਅਧਿਆਤਮਿਕ ਪ੍ਰਕਾਸ਼ ਦੀ ਦ੍ਰਿਸ਼ਟੀ ਤੋਂ ਸ੍ਰੀ ਸਤਿਗੁਰ ਰਾਮ ਸਿੰਘ ਜੀ ਦਾ ਅਵਤਾਰ ਧਾਰਨ ਨਵੇਕਲੀ ਮਹਾਨਤਾ ਅਤੇ ਅਦੁੱਤੀ ਗੌਰਵ ਦਾ ਧਾਰਨੀ ਹੈ। ਆਪ ਜੀ ਦੀ ਵਿਅਕਤੀਗਤ ਸਾਧਨਾ, ਆਤਮ ਸੰਜਮ, ਦੂਰਦਰਸ਼ਤਾ ਅਤੇ ਕੀਤੇ ਗਏ ਕਲਿਆਣਕਾਰੀ ਯਤਨਾਂ ਸਦਕਾ ਵਿਸ਼ਵ ਭਰ ਦੇ ਧਾਰਮਿਕ ਅਤੇ ਸੁਤੰਤਰਤਾ ਦੇ ਇਤਿਹਾਸ ਵਿੱਚ ਇੱਕ ਨਵੀਂ ਜੋਤੀ ਦਾ ਪ੍ਰਕਾਸ਼ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਨਾਲ ਸੰਸਾਰ ਭਰ ਦੇ ਆਤਮਿਕ ਅਤੇ ਸਮਾਜਿਕ ਸੁਤੰਤਰਤਾ ਦੇ ਇਤਿਹਾਸ ਵਿੱਚ ਇੱਕ ਨਵੇਂ ਯੁੱਗ ਦਾ ਸੂਤਰਪਾਤ ਹੋਇਆ ਹੈ। ਇਸ ਸੰਬੰਧੀ ਇਤਿਹਾਸਕਾਰਾਂ ਨੇ ਹਾਲੀਂ ਪੂਰੀ ਖੋਜ ਨਹੀਂ ਕੀਤੀ। ਆਪ ਦੇ ਵਿਅਕਤੀਗਤ ਕਰਤੱਵਾਂ, ਯੋਗਦਾਨ, ਕਥਨੀ, ਕਰਨੀ ਅਤੇ ਕੀਰਤੀ ਨੂੰ ਨਵੇਂ ਸਿਰਿਉਂ ਵਾਚਣ ਦੀ ਲੋੜ ਹੈ ਤਾਂ ਜੋ ਸੰਸਾਰ ਦੇ ਧਾਰਮਿਕ ਇਤਿਹਾਸ ਅਤੇ ਵਿਸ਼ੇਸ਼ ਕਰਕੇ ਗੁਰਮਤਿ ਦੇ ਨਿਰੰਕਾਰੀ ਅਤੇ ਨਿਰੰਜਨੀ ਪ੍ਰਕਾਸ਼ ਵਿੱਚ ਆਪ ਦੇ ਦਿੱਤੇ ਗਏ ਯੋਗਦਾਨ ਨੂੰ ਨਵੇਂ ਸਿਰਿਉਂ ਵਾਚਿਆ ਅਤੇ ਸਮਝਿਆ ਜਾਵੇ ਤਾਂ ਜੋ ਉਨ੍ਹਾਂ ਦੇ ਇਤਿਹਾਸਕ ਯੋਗਦਾਨ ਦਾ ਪੂਰਨ ਅਤੇ ਨਿਰਪੱਖ ਮੁਲਾਂਕਣ ਕੀਤਾ ਜਾ ਸਕੇ।

**ਗੁਰੂ ਰਾਮ ਸਿੰਘ ਦੇ ਜਨਮ ਸਮੇਂ ਦਾ ਇਤਿਹਾਸਕ ਪਿਛੋਕੜ**

ਜਿਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਪ੍ਰਗਟ ਹੋਏ, ਪੰਜਾਬ ਦੇ ਇਤਿਹਾਸ ਵਿੱਚ ਉਹ ਇੱਕ ਨਵੇਕਲੇ ਯੁੱਗ ਦੇ ਆਰੰਭ ਦਾ ਸਮਾਂ ਸੀ। 1799 ਵਿੱਚ ਸ਼ੁਕਰਚੱਕੀਆ ਮਿਸਲ ਦੇ ਮੁਖੀ ਰਣਜੀਤ ਸਿੰਘ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਉੱਤੇ ਕਬਜ਼ਾ ਕਰ ਲੈਣ ਨਾਲ ਅਤੇ 1801 ਵਿੱਚ 'ਮਹਾਰਾਜਾ' ਦੀ ਪੱਦਵੀ ਧਾਰਨ ਕਰ ਲੈਣ ਸਦਕਾ ਪੰਜਾਬ ਦੇ ਇਤਿਹਾਸ ਵਿੱਚ ਇੱਕ ਸ਼ਾਨਦਾਰ ਨਵੇਂ ਯੁੱਗ ਦਾ ਆਰੰਭ ਹੋ ਚੁੱਕਾ ਸੀ। 1799 ਤੋਂ ਲੈ ਕੇ 1821 ਤੱਕ ਮਹਾਰਾਜਾ



Sri Satguru Jagjit Singh Ji Elibrary NamdhariElibrary@gmail.com

ਰਣਜੀਤ ਸਿੰਘ ਨੇ ਪੰਜਾਬ ਅਤੇ ਉੱਤਰ-ਪੱਛਮੀ ਹਿੰਦੁਸਤਾਨ ਵਿੱਚ ਇੱਕ ਵਿਸ਼ਾਲ ਸੁਤੰਤਰ ਸਲਤਨਤ ਨੂੰ ਪੱਕੇ ਪੈਰਾਂ ਤੇ ਖੜ੍ਹਾ ਕਰ ਦਿੱਤਾ ਸੀ। ਇੱਥੋਂ ਤੱਕ ਕਿ ਹਿੰਦੁਸਤਾਨ ਤੋਂ ਬਿਨਾਂ ਏਸ਼ੀਆ ਮਹਾਂਦੀਪ ਅਤੇ ਇਸ ਤੋਂ ਵੀ ਪਰੇ ਯੂਰਪ ਦੇ ਦੇਸ਼ਾਂ ਤੱਕ ਪੰਜਾਬ ਦੇ ਇਸ ਖ਼ਾਲਸਾ ਰਾਜ ਦੀ ਮਹਿਮਾ ਫੈਲ ਚੁੱਕੀ ਸੀ। ਨੈਪੋਲੀਅਨ ਦੀ ਹਾਰ ਪਿਛੋਂ ਬਹੁਤ ਸਾਰੇ ਯੂਰਪ ਦੇ ਫ਼ੌਜੀ ਜਰਨੈਲ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਅਤੇ ਸਰਪ੍ਰਸਤੀ ਵਿੱਚ ਆ ਕੇ ਆਪਣੇ ਧੰਨ ਭਾਗ ਸਮਝਦੇ ਸਨ। ਪੰਜਾਬ ਵਾਸੀਆਂ ਲਈ 19ਵੀਂ ਸਦੀ ਦੇ ਪਹਿਲੇ 25 ਸਾਲ ਸ਼ਾਨਦਾਰ ਇਤਿਹਾਸਕ ਗੌਰਵ ਨੂੰ ਆਪਣੇ ਵਿੱਚ ਸਮਾਈ ਬੈਠੇ ਹਨ। ਮਹਾਰਾਜਾ ਰਣਜੀਤ ਸਿੰਘ ਦੀ ਬਲਵਾਨ ਸਖਸ਼ੀਅਤ ਅਤੇ ਉਸ ਦੇ ਰਾਜ ਪ੍ਰਬੰਧ ਨਾਲ ਜੁੜੇ ਵਫ਼ਾਦਾਰ ਅਤੇ ਸੁਯੋਗ ਅਹਿਲਕਾਰਾਂ ਦੇ ਸਦਕਾ ਪੰਜਾਬ ਦਾ ਇਤਿਹਾਸ ਨਵੀਂ ਸ਼ਾਨ ਵਿੱਚ ਚਮਕਣ ਲੱਗ ਪਿਆ ਸੀ। ਅਜਿਹੀ ਚੜ੍ਹਦੀਕਲਾ ਦੇ ਇਤਿਹਾਸਕ ਯੁੱਗ ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਹੋਇਆ ਅਤੇ ਇਨ੍ਹਾਂ ਅਨੁਸਾਰੀ ਹਾਲਤਾਂ ਨੇ ਉਨ੍ਹਾਂ ਦੀ ਸੋਚ ਤੇ ਦ੍ਰਿਸ਼ਟੀਕੋਣ ਨੂੰ ਪ੍ਰਪੱਕ ਕਰਨ ਵਿੱਚ ਵੱਡੀ ਭੂਮਿਕਾ ਨੂੰ ਨਿਭਾਇਆ। ਇਸ ਵਿੱਚ ਵੀ ਕੋਈ ਸੰਦੇਹ ਨਹੀਂ ਕਿ ਆਪ ਆਪਣੀ ਸੰਸਾਰਿਕ ਜੀਵਨ ਯਾਤਰਾ ਦੀ ਪੂਰਤੀ ਲਈ ਕੁਝ ਰੱਬੀ ਸੰਦੇਸ਼ ਅਤੇ ਵਿਸ਼ੇਸ਼ ਕਰਨਯੋਗ ਕਾਰਜਾਂ ਦੀ ਟੌਅ ਲੈ ਕੇ ਹੀ ਇਸ ਸੰਸਾਰ ਵਿੱਚ ਪ੍ਰਗਟ ਹੋਏ ਸਨ।

**ਜਨਮ, ਬਚਪਨ ਅਤੇ ਮੁੱਢਲੇ ਸਮਾਚਾਰ**

ਲੁਧਿਆਣੇ ਤੋਂ ਚੰਡੀਗੜ੍ਹ ਨੂੰ ਜਾਣ ਵਾਲੀ ਸੜਕ ਉੱਤੇ ਲੁਧਿਆਣੇ ਤੋਂ ਪੰਦਰਾਂ ਮੀਲ ਦੀ ਦੂਰੀ 'ਤੇ ਰਾਮਪੁਰ ਕਟਾਣੀ ਦੇ ਬੱਸ ਅੱਡੇ ਤੋਂ ਉੱਤਰ ਵੱਲ ਦੋ ਕਿਲੋਮੀਟਰ ਦੀ ਦੂਰੀ ਉੱਤੇ ਸ੍ਰੀ ਭੈਣੀ ਸਾਹਿਬ ਦਾ ਪਵਿੱਤਰ ਨਗਰ ਇਸਥਿਤ ਹੈ। ਇਸ ਨਗਰ ਤੋਂ ਪੱਛਮ ਦੀ ਬਾਹੀ ਦੋ ਕਿਲੋਮੀਟਰ ਦੀ ਵਿੱਥ ਉੱਤੇ ਹੀ ਰਾਈਆਂ ਪਿੰਡ ਵਾਕਿਆ ਹੈ, ਜਿਸ ਦੇ ਨੇੜਿਓਂ ਮਾਛੀਵਾੜੇ ਨੂੰ ਜਾਣ ਵਾਲੀ ਸੜਕ ਲੰਘਦੀ ਹੈ।

ਇਸੇ ਪਿੰਡ ਰਾਈਆਂ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਬਸੰਤ ਪੰਚਮੀ ਵਾਲੇ ਸ਼ੁਭ ਦਿਹਾੜੇ 3 ਫਰਵਰੀ, 1816 (ਸੰਮਤ 1872 ਬਿਕਰਮੀ) ਨੂੰ ਅੰਮ੍ਰਿਤ ਵੇਲੇ ਹੋਇਆ। ਆਪ ਜੀ ਤੋਂ ਪਹਿਲਾਂ ਇਸ ਘਰ ਵਿੱਚ ਦੋ ਬੀਬੀਆਂ ਦਾ ਜਨਮ ਹੋ ਚੁੱਕਾ ਸੀ। ਸੋ ਪਹਿਲੇ ਪੁੱਤਰ ਦੇ ਜਨਮ ਉੱਤੇ ਬਾਬਾ ਜੱਸਾ ਸਿੰਘ ਨੇ ਬੜੀ ਖੁਸ਼ੀ ਮਨਾਈ ਅਤੇ ਪਿੰਡ ਵਿੱਚ ਗੁੜ ਵੰਡਿਆ। ਪਿੰਡ ਵਾਲਿਆਂ ਨੇ ਆ ਕੇ ਵਧਾਈਆਂ ਦਿੱਤੀਆਂ।

ਆਪ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਰਾਮ ਨਾਮ ਦਾ ਭਜਨ ਕਰਦੇ



Sri Satguru Jagjit Singh Ji Elibrary NamdhariElibrary@gmail.com

ਹੁੰਦੇ ਸਨ ਅਤੇ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਪਿਤਾ ਬਾਬਾ ਲੱਧਾ ਸਿੰਘ ਕਿਸੇ ਹੋਰ ਪਿੰਡ ਤੋਂ ਆ ਕੇ ਇੱਥੇ ਵਸੇ ਸਨ। ਆਪ ਜੀ ਦੀ ਮਾਤਾ ਦਾ ਨਾਂ ਸਦਾ ਕੌਰ ਸੀ। ਬਾਬਾ ਜੱਸਾ ਸਿੰਘ ਪਿੰਡ ਵਿੱਚ ਲੁਹਾਰਾਂ ਤਰਖਾਣਾਂ ਦਾ ਕਾਰਜ ਕਰਦੇ ਸਨ ਅਤੇ ਆਪਣੇ ਇਸ ਕਾਰਜ ਵਿੱਚ ਕਾਫ਼ੀ ਨਿਪੁੰਨ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਸਮੇਂ ਦੀਆਂ ਕੁਝ ਅਲੌਕਿਕ ਘਟਨਾਵਾਂ ਦਾ ਵਰਣਨ ਪੁਸਤਕ ਸਤਿਗੁਰੂ ਬਿਲਾਸ ਦੇ ਕਰਤਾ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਕੀਤਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ਕਿਸੇ ਈਸ਼ਵਰੀ ਕਾਰਜ ਨੂੰ ਸਿਰੇ ਚਾੜ੍ਹਨ ਲਈ ਸੰਸਾਰ ਵਿੱਚ ਪ੍ਰਗਟ ਹੋਏ ਸਨ। ਮਾਤਾ ਸਦਾ ਕੌਰ ਵੀ ਸ਼ੀਲਵੰਤ ਸੁਭਾ ਦੀ ਇਸਤਰੀ ਸਨ ਅਤੇ ਥੋੜ੍ਹਾ ਵੱਡਾ ਹੋ ਕੇ ਬਚਪਨ ਵਿੱਚ ਹੀ ਬਾਲ ਰਾਮ ਸਿੰਘ ਜੀ ਨੂੰ ਗੁਰਮੁਖੀ ਦੇ ਪੈਂਤੀ ਅੱਖਰਾਂ ਦੀ ਪਛਾਣ ਆਪਦੀ ਮਾਤਾ ਜੀ ਨੇ ਹੀ ਕਰਵਾਈ ਸੀ। ਆਪ ਜਦੋਂ ਹਾਲੀਂ ਕੁਝ ਮਹੀਨਿਆਂ ਦੇ ਹੀ ਸਨ ਤਾਂ ਮਾਤਾ ਜੀ ਨਾਲ ਆਪਣੇ ਨਾਨਕੇ ਪਿੰਡ ਨੰਗਲ ਗਏ। ਜਦੋਂ ਬਾਬਾ ਜੱਸਾ ਸਿੰਘ ਉਨ੍ਹਾਂ ਨੂੰ ਰਾਈਆਂ ਵਾਪਸ ਲਿਆਉਣ ਲਈ ਪੁੱਜੇ ਤਾਂ ਨਾਨੀ ਨੇ ਕਿਹਾ ਮੈਂ ਤਾਂ ਬਾਲ ਨੂੰ ਉਦੋਂ ਹੀ ਭੇਜਾਂਗੀ ਜਦੋਂ ਇਹ ਤੁਰਨ ਲੱਗ ਜਾਵੇਗਾ। ਉਦੋਂ ਹਾਲੀਂ ਬਾਲ ਰਾਮ ਸਿੰਘ ਰਿੜਦੇ ਹੀ ਸਨ ਪਰ ਨਾਨੀ ਦਾ ਇਹ ਬੋਲ ਸੁਣ ਕੇ ਆਪ ਇੱਕਦਮ ਖੜ੍ਹੇ ਹੋ ਗਏ ਅਤੇ ਚਾਰ-ਪੰਜ ਕਦਮ ਤੁਰਦਿਆਂ ਵੀ ਪੁੱਟੇ। ਬਾਬਾ ਜੱਸਾ ਸਿੰਘ ਨੂੰ ਬੜੀ ਖੁਸ਼ੀ ਹੋਈ ਅਤੇ ਉਹ ਖੁਸ਼ੀ-ਖੁਸ਼ੀ ਬਾਲ ਰਾਮ ਸਿੰਘ ਨੂੰ ਲੈ ਕੇ ਵਾਪਸ ਰਾਈਆਂ ਪਿੰਡ ਆ ਗਏ।

ਰਾਮ ਸਿੰਘ ਅਦਭੁੱਤ ਛਬੀ ਵਾਲੇ ਸੁੰਦਰ ਸਰੂਪ ਵਾਲੇ ਬਾਲ ਸਨ। ਸੰਤ [1*]ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿੱਚ :

"ਸਰੀਰ ਮੈਂ ਗੰਧ ਨਹੀਂ ਹੈ ਜੈਸੇ ਜੀਆਂ ਕੇ ਜੋੜ ਤੇ ਗੰਧਾਂ ਹੈਨ। ਸਰੂ ਵਾਂਗ ਸਰੀਰ ਪਤਲਾ, ਸੂਖਮ ਅੰਗ ਪਤਲੇ ਹੈਂ। ............... ਨੱਕ ਤਿੱਖਾ ਖੰਡੇ ਕੀ ਨਿਆਈ ਹੈ। ਨੇਤਰ ਸੂਰਜ ਚੰਦ੍ਰਮਾ ਦੀ ਤਰਹ ਦੂਰੋਂ ਹੀ ਮੋਹਦੇ ਹੈਂ। ਦੋਨੋਂ ਬੁੱਲ ਸੂਖਮ ਪਤਲੇ ਫੁੱਲ ਗੁਲਾਬ ਦੀ ਤਰਹ ਹੈ।"

ਦਾਈ ਰਹਮਤੋ ਵੀ ਗੁਰੂ ਰਾਮ ਸਿੰਘ ਜੀ ਦੇ ਜਨਮ ਸਮੇਂ ਇਸ ਬਾਲ ਨੂੰ 'ਖਾਕੀ' ਨਹੀਂ 'ਨੂਰੀ' ਦੱਸਦੀ ਹੈ।

ਰਾਈਆਂ ਦੋ ਪੱਤੀਆਂ ਵਾਲਾ ਪਿੰਡ ਸੀ। ਬਾਬਾ ਜੱਸਾ ਸਿੰਘ ਨੇ ਪਿੰਡ ਦੇ ਜ਼ਿਮੀਂਦਾਰਾਂ ਦੇ ਕਹਿਣ ਉੱਤੇ ਆਪਣੀ ਵਸੋਂ ਭੈਣੀ ਵਿਖੇ ਲੈ ਆਂਦੀ ਸੀ, ਜਿੱਥੇ ਰਾਮ ਸਿੰਘ ਜੀ ਨੇ ਆਪਣਾ ਬਚਪਨ ਅਤੇ ਜਵਾਨੀ ਦੇ ਕਈ ਸਾਲ ਗੁਜਾਰੇ ਸਨ। ਭੈਣੀ ਵਿੱਚ ਹੀ ਵਸੋਂ ਲਿਆ ਕੇ ਬਾਬਾ ਜੱਸਾ ਸਿੰਘ ਦਾ ਪਰਿਵਾਰ ਇੱਥੇ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 98-99



Sri Satguru Jagjit Singh Ji Elibrary NamdhariElibrary@gmail.com

ਹੀ ਪੱਕੇ ਤੌਰ ਤੇ ਰਹਿਣ ਲੱਗ ਪਿਆ ਸੀ ਅਤੇ ਇੱਥੇ ਹੀ ਉਸ ਨੇ ਆਪਣਾ ਕਾਰਖਾਨਾ ਜਾਂ ਕਾਰੋਬਾਰ ਦਾ ਅੱਡਾ ਕਾਇਮ ਕਰ ਲਿਆ ਸੀ।

ਰਾਮ ਸਿੰਘ ਜੀ ਦੇ ਜੀਵਨ ਦੇ ਪਹਿਲੇ 20-21 ਸਾਲ ਇਸੇ ਪਿੰਡ ਵਿੱਚ ਹੀ ਬਤੀਤ ਹੋਏ ਸਨ। ਪਿੰਡ ਵਾਲੇ ਅਤੇ ਆਹਰੇ-ਬਾਹਰੇ ਦੇ ਲੋਕ ਜੋ ਆਪਣੇ ਕੰਮ-ਕਾਜ ਅਤੇ ਵਾਹੀ ਜੋਤੀ ਦੇ ਸੰਦ ਬਣਾਉਣ ਲਈ ਬਾਬਾ ਜੱਸਾ ਸਿੰਘ ਦੇ ਅੱਡੇ 'ਤੇ ਆਉਂਦੇ ਸਨ; ਆਪ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਕਈ ਘਰੋਗੀ ਗੱਲਾਂ ਵਿੱਚ ਉਨ੍ਹਾਂ ਦੀ ਸਲਾਹ ਵੀ ਲੈਂਦੇ ਸਨ।

ਰਾਮ ਸਿੰਘ ਜੀ ਦੇ ਜਨਮ ਤੋਂ ਤਿੰਨ ਸਾਲ ਪਿਛੋਂ ਉਨ੍ਹਾਂ ਦੇ ਛੋਟੇ ਭਰਾ ਬੁੱਧ ਸਿੰਘ ਜੀ ਦਾ ਜਨਮ ਅੱਸੂ ਸੁਧੀ ਤੀਜ, ਸੰਮਤ 1876 ਬਿ:, 1819 ਈਸਵੀ ਵਿੱਚ ਦਿਨ ਬੁੱਧਵਾਰ ਨੂੰ ਹੋਇਆ। ਬੁੱਧਵਾਰ ਨੂੰ ਜਨਮ ਲੈਣ ਕਾਰਨ ਆਪ ਜੀ ਦਾ ਨਾਮ ਬੁੱਧ ਸਿੰਘ ਰੱਖਿਆ ਗਿਆ।

ਉਨ੍ਹਾਂ ਦਿਨਾਂ ਵਿੱਚ ਛੋਟੀ ਉਮਰ ਵਿੱਚ ਹੀ ਮੰਗਣੇ ਅਤੇ ਵਿਆਹ ਕਰ ਦਿੱਤੇ ਜਾਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਮੰਗਣੀ 1821 ਵਿੱਚ ਧਰੌੜ ਦੇ ਸਾਹਿਬ ਸਿੰਘ ਦੀ ਪੁੱਤਰੀ ਬੀਬੀ ਜੱਸਾਂ ਨਾਲ ਹੋਈ। 1823 ਵਿੱਚ ਜਦੋਂ ਸਤਿਗੁਰੂ ਰਾਮ ਸਿੰਘ ਜੀ 7 ਸਾਲ ਦੇ ਸਨ ਤਾਂ ਉਨ੍ਹਾਂ ਦਾ ਵਿਆਹ ਵੀ ਕਰ ਦਿੱਤਾ ਗਿਆ।

ਛੋਟੇ ਭਾਈ ਬੁੱਧ ਸਿੰਘ ਜੀ ਦੀ ਮੰਗਣੀ ਅਤੇ ਵਿਆਹ ਵੀ ਛੋਟੀ ਉਮਰ ਵਿੱਚ ਹੀ ਮਾਦਪੁਰ ਵਿਖੇ ਹੋਇਆ। ਉਨ੍ਹਾਂ ਦੀ ਧਰਮ ਪਤਨੀ ਦਾ ਨਾਂ ਸਾਹਬੋ ਸੀ।

ਉਨ੍ਹਾਂ ਦਿਨਾਂ ਵਿੱਚ ਪਿੰਡਾਂ ਦਾ ਜੀਵਨ ਬੜਾ ਸਿੱਧਾ-ਸਾਦਾ ਅਤੇ ਸਦੀਆਂ ਤੋਂ ਆਪਣੀ ਤੋਰੇ ਤੁਰਿਆ ਆ ਰਿਹਾ ਸੀ। ਖੇਤੀਬਾੜੀ ਅਤੇ ਪਸ਼ੂ ਪਾਲਣ ਹੀ ਪ੍ਰਮੁੱਖ ਕਿੱਤੇ ਸਨ। ਪਿੰਡ ਵਿੱਚੋਂ ਹੀ ਸਿਵਾਏ ਲੂਣ ਤੇ ਲੋਹੇ ਦੇ ਬਾਕੀ ਸਭ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ।

ਦੋਹਾਂ ਭਰਾਵਾਂ ਦਾ ਆਪਸ ਵਿੱਚ ਬੜਾ ਪ੍ਰੇਮ ਸੀ। ਬੁੱਧ ਸਿੰਘ ਜੀ ਨੇ ਆਪਣੇ ਵੱਡੇ ਭਾਈ ਰਾਮ ਸਿੰਘ ਜੀ ਦਾ ਕਦੀ ਵੀ ਆਖਾ ਨਹੀਂ ਸੀ ਮੋੜਿਆ।

ਬਾਲ ਵਰੇਸ ਤੋਂ ਹੀ ਰਾਮ ਸਿੰਘ ਜੀ ਦੀ ਲਗਨ ਭਜਨ ਬੰਦਗੀ ਵੱਲ ਸੀ। ਜਦੋਂ ਆਪ ਆਪਣੇ ਹਾਣੀਆਂ ਨਾਲ ਪਸ਼ੂ ਚਾਰਨ ਲਈ ਖੇਤਾਂ ਤੇ ਚਰਾਂਦਾ ਵਿੱਚ ਜਾਂਦੇ ਤਾਂ ਆਪ ਇਕਾਂਤ ਵਿੱਚ ਬੈਠ ਕੇ ਰੱਬੇ ਦੇ ਤਾਲ ਉੱਤੇ ਭਜਨ ਕਰਦੇ ਰਹਿੰਦੇ, ਜਾਂ ਬਾਣੀ ਦੇ ਬੋਲ ਉਚਾਰਦੇ ਰਹਿੰਦੇ। ਆਪਣੇ ਦੂਜੇ ਸਾਥੀਆਂ ਨੂੰ ਵੀ ਆਪ ਅਜਿਹਾ ਕਰਨ ਲਈ ਕਹਿੰਦੇ। ਪਿੰਡ ਦੇ ਆਪਣੇ ਹਾਣੀ ਲਹਿਣਾ ਸਿੰਘ ਜੀ ਨਾਲ ਆਪ ਜੀ ਦਾ ਬੜਾ ਸਨੇਹ ਸੀ। ਇਹੋ ਪ੍ਰੇਮ ਪਿਛੋਂ ਜਾ ਕੇ ਕਈ-ਕਈ ਰਾਤਾਂ ਇਕੱਠਿਆਂ ਭਜਨ-ਬੰਦਗੀ ਕਰਨ ਵਿੱਚ ਵੀ ਲੱਗਾ ਰਹਿੰਦਾ ਸੀ।



Sri Satguru Jagjit Singh Ji Elibrary NamdhariElibrary@gmail.com

ਪੈਂਤੀ ਅੱਖਰਾਂ ਦੀ ਪਛਾਣ ਤਾਂ ਰਾਮ ਸਿੰਘ ਜੀ ਨੂੰ ਉਨ੍ਹਾਂ ਦੀ ਮਾਤਾ ਜੀ ਨੇ ਕਰਵਾ ਦਿੱਤੀ ਸੀ। ਕੁਝ ਸਮੇਂ ਲਈ ਆਪ ਜੀ ਨੂੰ ਬਿਲਗੇ ਇੱਕ ਉਦਾਸੀ ਸਾਧੂਆਂ ਦੇ ਡੇਰੇ ਵਿੱਦਿਆ ਗ੍ਰਹਿਣ ਕਰਨ ਲਈ ਭੇਜਿਆ ਗਿਆ, ਪਰ ਆਪ ਜੀ ਕੁਝ ਚਿਰ ਪਿਛੋਂ ਵਾਪਸ ਪਿੰਡ ਆ ਗਏ ਅੰਤੇ ਆਪਣੇ ਭਾਈ ਬੁੱਧ ਸਿੰਘ ਜੀ ਨੂੰ ਕਿਹਾ :

1*"ਪੜ੍ਹਨਾ ਕੀ ਥਾ ਸੈਲ ਕਰਨ ਗਏ ਸੇ ਸੋ ਕਰ ਆਏ ਹੈਂ।"

ਆਪ ਜੀ ਨੇ ਆਪਣੇ ਜੀਵਨ ਦੇ ਪਹਿਲੇ 20 ਸਾਲ ਪਿੰਡ ਵਿੱਚ ਹੀ ਗੁਜਾਰੇ ਸਨ ਅਤੇ ਇੱਥੇ ਰਹਿ ਕੇ ਜਿੱਥੇ ਆਪ ਨਾਮ-ਬਾਣੀ ਨਾਲ ਜੁੜੇ ਰਹਿੰਦੇ, ਉੱਥੇ ਘਰ ਦੇ ਕੰਮਕਾਜ ਖੇਤੀਬਾੜੀ ਅਤੇ ਬਾਬਾ ਜੱਸਾ ਸਿੰਘ ਦੇ ਕਾਰਖਾਨੇ ਦੇ ਕਾਰੋਬਾਰ ਵਿੱਚ ਵੀ ਹੱਥ ਵਟਾਉਂਦੇ। ਜਦੋਂ ਕੋਈ ਸਾਧੂ, ਸੰਤ ਪਿੰਡ ਵਿੱਚ ਆਉਂਦਾ ਤਾਂ ਆਪ ਉਸ ਨੂੰ ਨਮਸਕਾਰ ਕਰਦੇ ਅਤੇ ਘਰ ਵਿੱਚ ਜੋ ਕੁਝ ਹੁੰਦਾ ਉਸ ਨੂੰ ਦੇ ਦਿੰਦੇ। ਆਪ ਜੀ ਦੇ ਘਰ ਦੋ ਬੇਟੀਆਂ ਅਤੇ ਇੱਕ ਲੜਕੇ ਨੇ ਜਨਮ ਲਿਆ। ਲੜਕਾ ਛੋਟੀ ਉਮਰ ਵਿੱਚ ਹੀ ਕਾਲਵਾਸ ਹੋ ਗਿਆ ਸੀ। ਛੋਟਾ ਭਾਈ ਬੁੱਧ ਸਿੰਘ ਗੱਡੇ ਤੇ ਜਾ ਕੇ ਦੂਰੋਂ-ਦੂਰੋਂ ਜਿਨਸਾਂ ਖਰੀਦ ਲਿਆਂਦਾ ਸੀ ਅਤੇ ਇਸ ਤਰ੍ਹਾਂ ਥੋੜ੍ਹਾ ਬਹੁਤ ਵਣਜ-ਵਪਾਰ ਵੀ ਕਰ ਲੈਂਦਾ ਸੀ।

**ਲਾਹੌਰ ਦਾ ਸੈਨਿਕ ਜੀਵਨ**

ਉਨ੍ਹਾਂ ਨੇ ਆਪਣੇ ਜੀਵਨ ਦੇ ਪਹਿਲੇ 20 ਸਾਲ ਪਿੰਡ ਵਿੱਚ ਹੀ ਰਹਿ ਕੇ ਉਸ ਸਾਰੇ ਸਮਾਜਿਕ, ਆਰਥਿਕ, ਭਾਈਚਾਰਕ ਅਤੇ ਅਧਿਆਤਮਿਕ ਜੀਵਨ ਦੇ ਅਨੁਭਵ ਨੂੰ ਚੰਗੀ ਤਰ੍ਹਾਂ ਜਾਣ-ਬੁਝ ਲਿਆ ਸੀ, ਜੋ ਉਸ ਸਮੇਂ ਦਾ ਵਿਆਪਕ ਵਿਹਾਰ ਬਣ ਚੁੱਕਾ ਸੀ। ਆਮ ਤੌਰ ਤੇ ਭਾਰਤ ਦਾ ਵਧੇਰੇ ਭਾਗ ਪਿੰਡਾਂ ਦੇ ਸਮਾਜਿਕ ਜੀਵਨ ਦੀ ਬਣਤਰ ਵਾਲਾ ਹੀ ਸੀ, ਜਿਸ ਵਿੱਚ ਸਦੀਆਂ ਦੇ ਬੀਤਣ ਨਾਲ ਹੀ ਕੋਈ ਬਹੁਤਾ ਪਰਿਵਰਤਨ ਨਹੀਂ ਸੀ ਹੋਇਆ। ਪਿੰਡਾਂ ਦੇ ਸਮਾਜਿਕ ਜੀਵਨ ਦਾ ਅਨੁਭਵ ਹੁਣ ਭਰ ਜਵਾਨੀ ਵਿੱਚ ਪਹੁੰਚ ਚੁੱਕੇ ਰਾਮ ਸਿੰਘ ਜੀ ਨੂੰ ਪੂਰਨ ਤੌਰ ਤੇ ਹੋ ਚੁੱਕਾ ਸੀ। ਇਸ ਸਮਾਜਿਕ ਅਤੇ ਪਦਾਰਥਕ ਪੇਂਡੂ ਜੀਵਨ ਦੇ ਅਨੁਭਵ ਨੂੰ ਉਨ੍ਹਾਂ ਨੇ ਪੂਰੀ ਤਰ੍ਹਾਂ ਨਿਰਖ ਪਰਖ ਲਿਆ ਸੀ, ਕਿਉਂ ਜੋ ਆਪ ਦੇ ਵਿਅਕਤੀਤੱਵ ਵਿੱਚ ਉਹ ਸਾਰੇ ਅਦੁੱਤੀ ਗੁਣ ਵਿਦਮਾਨ ਸਨ, ਜਿਨ੍ਹਾਂ ਨੇ ਪਿੱਛੋਂ ਜਾ ਕੇ ਅਸਾਧਾਰਨ ਇਤਿਹਾਸਕ ਪਰਿਵਰਤਨਾਂ ਦਾ ਕਾਰਨ ਬਣਨਾ ਸੀ। ਇਸ ਸਮੇਂ ਜਦੋਂ ਆਪ ਭਰ ਜਵਾਨੀ ਵਿੱਚ ਪੈਰ ਪਾ ਚੁੱਕੇ ਸਨ; ਆਪ ਦੇ ਜੀਵਨ ਵਿੱਚ ਇੱਕ ਨਵਾਂ ਮੋੜ ਆਇਆ। ਆਪ ਜੀ ਦਾ ਰਾਇਪੁਰ ਵਾਲਾ ਭੈਣਵਈਆ ਕਾਬਲ ਸਿੰਘ ਲਾਹੌਰ ਦਰਬਾਰ ਦੀ ਸਰਕਾਰੀ ਨੌਕਰੀ ਵਿੱਚ ਤੋਪਖਾਨੇ ਵਿੱਚ

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 103



Sri Satguru Jagjit Singh Ji Elibrary NamdhariElibrary@gmail.com

ਮੁਲਾਜ਼ਮ ਸੀ। ਜਦੋਂ ਉਹ ਛੁੱਟੀ ਆਇਆ ਤਾਂ ਭੈਣੀ ਆ ਕੇ ਆਪਣੇ ਸਹੁਰੇ ਪਰਿਵਾਰ ਨੂੰ ਵੀ ਮਿਲਣ ਆਇਆ। ਉਸ ਦੇ ਸੁਝਾਅ ਉੱਤੇ ਹੀ 20-21 ਸਾਲ ਦੇ ਸਤਿਗੁਰੂ ਰਾਮ ਸਿੰਘ ਜੀ ਨੂੰ ਕਾਬਲ ਸਿੰਘ ਦੇ ਨਾਲ ਹੀ ਲਾਹੌਰ ਭੇਜ ਦਿੱਤਾ ਗਿਆ। ਕਾਬਲ ਸਿੰਘ ਨੇ ਉਨ੍ਹਾਂ ਨੂੰ ਕੰਵਰ ਨੌਨਿਹਾਲ ਸਿੰਘ ਦੀ ਨਵੀਂ ਬਣੀ ਪਲਟਨ ਵਿੱਚ ਭਰਤੀ ਕਰਵਾ ਦਿੱਤਾ। ਇਸ ਤਰ੍ਹਾਂ ਇੱਥੇ ਉਨ੍ਹਾਂ ਨੂੰ ਉਸ ਸਮੇਂ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਲੋਕ ਜੀਵਨ ਅਤੇ ਸਰਕਾਰੀ ਸੇਵਾ ਦੇ ਸੈਨਿਕ ਜੀਵਨ ਦੇ ਅਨੁਭਵ ਨਾਲ ਵੀ ਜੋੜ ਦਿੱਤਾ ਗਿਆ। ਪੰਜਾਬ ਦੇ ਪੇਂਡੂ, ਸ਼ਹਿਰੀ ਅਤੇ ਸੈਨਿਕ ਜੀਵਨ ਦੇ ਅਨੁਭਵ ਦੇ ਨਾਲ ਉਨ੍ਹਾਂ ਨੂੰ ਧਾਰਮਿਕ ਅਤੇ ਸਭਿਆਚਾਰਕ ਜੀਵਨ ਦਾ ਵੀ ਅਨੁਭਵ ਹੋਣ ਲੱਗਾ।

ਪਿੰਡਾਂ ਦੇ ਜੀਵਨ ਵਿੱਚ ਕੁਦਰਤੀ ਮਰਿਯਾਦਾ ਅਤੇ ਸਮਾਜਿਕ ਬੰਧੇਜ ਮੌਜੂਦ ਸੀ ਅਤੇ ਲਾਹੌਰ ਦੇ ਸ਼ਹਿਰੀ ਜੀਵਨ ਵਿੱਚ ਰਾਜਧਾਨੀ ਵਾਲੀ ਚਟਕ-ਮਟਕ ਵੀ ਮਿਲ ਜਾਂਦੀ ਸੀ। ਇਸ ਲਈ ਇਸ ਵਿਸ਼ਾਲ ਜੀਵਨ ਦੇ ਅਨੁਭਵ ਨੇ ਭਰ ਜਵਾਨ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਵਿੱਚ ਨਵੀਂ ਸੋਚ ਅਤੇ ਸੂਝ-ਬੂਝ ਨੂੰ ਪ੍ਰਚੰਡ ਕਰ ਦਿੱਤਾ। ਆਪ ਜੀ ਦੇ ਮਨ ਮਸਤਕ ਵਿੱਚ ਯੁੱਗਾ ਅਨੁਕੂਲ ਨਵੇਂ ਦ੍ਰਿਸ਼ਟੀਕੋਣ ਦਾ ਨਿਰਮਾਣ ਹੋਣ ਲੱਗਾ। ਸੈਨਿਕ ਜੀਵਨ ਵਿੱਚ ਕਰੜੇ ਅਨੁਸ਼ਾਸ਼ਨ ਦੀ ਪਾਲਣਾ ਕਰਨੀ ਜ਼ਰੂਰੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜਕਾਲ ਵਿੱਚ ਸ਼ਕਤੀਸ਼ਾਲੀ ਸੈਨਾ ਨੂੰ ਸੰਗਠਿਤ. ਕੀਤਾ ਅਤੇ ਉਸ ਅੰਦਰ ਵਿਜੇਈ ਭਾਵਨਾ ਨੂੰ ਸੁਦ੍ਰਿੜ ਕਰਵਾ ਦਿੱਤਾ ਸੀ, ਪਰ ਸਹਿਜੇ ਸਹਿਜੇ ਪੰਜਾਬ ਦੇ ਜਨ-ਸਾਧਾਰਨ ਦੇ ਜੀਵਨ ਵਿੱਚ ਅਤੇ ਸਰਕਾਰ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਸ਼ਹਿਰ ਦੇ ਕਾਰੋਬਾਰੀਆਂ ਵਿੱਚ ਇਸ ਅਪੂਰਬ ਆਈ ਖੁਸ਼ਹਾਲੀ ਦੇ ਨਾਲ-ਨਾਲ ਜੋ ਬੁਰਾਈਆਂ ਆ ਚੁੱਕੀਆਂ ਸਨ, ਉਨ੍ਹਾਂ ਨੂੰ ਕੋਈ ਸੁੱਘੜ ਸੁਜਾਨ ਦ੍ਰਿਸ਼ਟੀਵਾਨ ਹੀ ਸਮਝ ਸਕਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੈਨਿਕ ਜੀਵਨ ਦੇ 9 ਸਾਲਾਂ ਵਿੱਚ ਬਹੁਤ ਕੁਝ ਜਾਣਿਆ, ਬੁਝਿਆ ਅਤੇ ਪ੍ਰਾਪਤ ਕੀਤਾ ਅਤੇ ਕਿਸੇ ਲੰਮੀ ਨਦਰ ਵਾਲੇ ਦ੍ਰਿਸ਼ਟੀਕੋਣ ਦਾ ਵੀ ਨਿਰਮਾਣ ਕੀਤਾ, ਜੋ ਪਿਛੋਂ ਜਾ ਕੇ ਨਵੀਂ ਕ੍ਰਾਂਤੀਕਾਰੀ ਸ਼ਕਤੀ ਦੇ ਰੂਪ ਵਿੱਚ ਉਜਾਗਰ ਹੋਇਆ।

ਸਤਿਗੁਰੂ ਰਾਮ ਸਿੰਘ ਜੀ ਦੀ ਭਜਨ ਬੰਦਗੀ ਅਤੇ ਨਾਮ ਬਾਣੀ ਵੱਲ ਪ੍ਰਵਿਰਤੀ ਤਾਂ ਆਰੰਭਿਕ ਜੀਵਨ ਤੋਂ ਹੀ ਵਿਦਮਾਨ ਸੀ, ਪਰ ਇਨ੍ਹਾਂ ਕੁਝ ਕੁ ਸਾਲਾਂ ਦੇ ਲਾਹੌਰ ਦੇ ਜੀਵਨ ਨੇ ਆਪ ਜੀ ਦੇ ਬੌਧਿਕ ਅਤੇ ਸਮਾਜਿਕ ਜੀਵਨ ਦੇ ਦ੍ਰਿਸ਼ਟੀਕੋਣ ਨੂੰ ਪ੍ਰਪੱਕ ਕਰਨ ਵਿੱਚ ਵੱਡੀ ਭੂਮਿਕਾ ਨੂੰ ਨਿਭਾਇਆ। ਜਿੱਥੇ ਉਸ ਸਮੇਂ ਦੇ ਫ਼ੌਜੀ ਅਫ਼ਸਰਾਂ ਅਤੇ ਸੈਨਿਕਾਂ ਵਿੱਚ ਬੜੀ ਖੁੱਲ੍ਹ ਖੇਡ ਅਤੇ ਰੰਗ-



Sri Satguru Jagjit Singh Ji Elibrary NamdhariElibrary@gmail.com

ਤਮਾਸ਼ੇ ਦੀ ਭਾਵਨਾ ਪੂਰੇ ਜ਼ੋਰਾਂ ਤੇ ਸੀ, ਉੱਥੇ ਸਤਿਗੁਰੂ ਰਾਮ ਸਿੰਘ ਜੀ ਵਰਗੇ ਸੁਚੇਤ ਵਿਅਕਤੀਆਂ ਦੇ ਮਨਾਂ ਵਿੱਚ ਦਿਨੋਂ-ਦਿਨ ਸਮਾਜਿਕ ਅਤੇ ਆਚਰਨਿਕ ਤੌਰ ਤੇ ਇਸ ਵਿਗੜਦੀ ਹਾਲਤ ਨੂੰ ਵੇਖ ਕੇ ਚਿੰਤਾ ਵੀ ਵਧਦੀ ਜਾਂ ਰਹੀ ਸੀ। ਨਾਮ ਬਾਣੀ ਵਿੱਚ ਰਤੇ ਰਹਿਣ ਕਾਰਨ ਅਤੇ ਗੁਰਸਿੱਖੀ ਦੇ ਸੁਜਿੰਦ ਅਨੁਭਵ ਨੇ ਆਪ ਜੀ ਦੇ ਜੀਵਨ ਨੂੰ ਸੂਝਵਾਨ ਸਾਥੀਆਂ ਲਈ ਨਿਵੇਕਲੀ ਮਰਿਯਾਦਾ ਦਾ ਧਾਰਨੀ ਬਣਾ ਦਿੱਤਾ। ਆਪ ਨਿੱਜੀ ਤੌਰ ਤੇ ਨਾਮ ਬਾਣੀ ਵਿੱਚ ਮਗਨ ਰਹਿੰਦੇ ਅਤੇ ਆਲੇ-ਦੁਆਲੇ ਦੀਆਂ ਨਿਘਰ ਰਹੀਆਂ ਹਾਲਤਾਂ ਨੂੰ ਵੇਖ ਕੇ ਚਿੰਤਾ ਗ੍ਰਸਤ ਹੋ ਜਾਂਦੇ। ਆਪ ਜੀ ਦੇ ਕੁਝ ਨਿਕਟਵਰਤੀ ਸੰਗੀ ਸਾਥੀ ਆਪ ਜੀ ਦੇ ਅਨੁਸਾਰੀ ਹੋ ਕੇ ਚੱਲਣ ਨੂੰ ਆਪਣਾ ਸੁਭਾਗ ਸਮਝਣ ਲੱਗ ਪਏ। ਉਨ੍ਹਾਂ ਨੂੰ ਆਪ ਜੀ ਵਿੱਚੋਂ ਇੱਕ ਉੱਚ ਕੋਟੀ ਦੇ ਅਧਿਆਤਮਿਕ ਮਹਾਂਪੁਰਸ਼ ਅਤੇ ਆਦਰਸ਼ਿਕ ਆਗੂ ਦੇ ਸ਼ੁਭ ਗੁਣ ਦਿਖਾਈ ਦੇਣ ਲੱਗੇ। ਆਪ ਜੀ ਨੇ ਆਪਣੇ ਸਾਥੀਆਂ ਨੂੰ ਵੀ ਨਾਮ ਬਾਣੀ, ਭਗਤੀ ਭਾਵਨਾ, ਦੀਨ ਦੁਖੀਆਂ ਦੀ ਸਹਾਇਤਾ ਅਤੇ ਲੋਕ ਕਲਿਆਣ ਦੇ ਮਾਰਗ ਨਾਲ ਜੋੜ ਲਿਆ। ਇਸ ਸਮੇਂ ਆਪ ਜੀ ਨੂੰ ਕੁਝ ਨਿਕਟਵਰਤੀ ਸਹਿਯੋਗੀ ਅਤੇ ਸਾਧਕ ਮਿਲ ਗਏ, ਜੋ ਪਿਛੋਂ ਜਾ ਕੇ ਉਨ੍ਹਾਂ ਦੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਵਿੱਚ ਬਹੁਤ ਹੱਦ ਤੱਕ ਸਹਾਈ ਹੋਏ। ਇਸ ਸਮੇਂ ਜਿਨ੍ਹਾਂ-ਜਿਨ੍ਹਾਂ ਆਪ ਜੀ ਦੇ ਸਹਿਕਰਮੀਆਂ ਅਤੇ ਸਹਿਯੋਗੀਆਂ ਨੇ ਆਪ ਜੀ ਦੇ ਪਾਵਨ ਵਿਅਕਤੀਤੱਵ ਵਿੱਚੋਂ ਆਪਣੇ ਅਧਿਆਤਮਿਕ ਨੇਤਾ ਹੋਣ ਦੀ ਪਛਾਣ ਕੀਤੀ, ਉਨ੍ਹਾਂ ਵਿੱਚ ਕਾਹਨ ਸਿੰਘ (ਸਪੁੱਤਰ ਭਾਈ ਨੱਥਾ ਸਿੰਘ, ਪਿੰਡ ਚੱਕ ਰਿਆਸਤ ਮਲੇਰਕੋਟਲਾ); ਜਮੀਤ ਸਿੰਘ (ਸਪੁੱਤਰ ਸ: ਝੰਡਾ ਸਿੰਘ ਪਿੰਡ ਗਿੱਲ, ਜ਼ਿਲ੍ਹਾ ਸਿਆਲਕੋਟ); ਧਿਆਨ ਸਿੰਘ ਮਾਲਵੇ ਦਾ; ਦੂਲਾ ਸਿੰਘ ਰਾਜੇਆਣੇ ਦਾ; ਜੀਤ ਸਿੰਘ ਠਰੂ ਦਾ; ਰਾਜਾ ਸਿੰਘ ਤਰਾਂਡੀ ਦਾ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਸਤਿਸੰਗੀਆਂ ਦੇ ਸਦਕਾ ਇਸ ਪਲਟਨ ਨੂੰ 'ਭਗਤਾਂ' ਅਰਥਾਤ 'ਸੰਤਾਂ ਦੀ ਪਲਟਣ' ਕਰਕੇ ਵੀ ਜਾਣਿਆ ਜਾਣ ਲੱਗਾ। ਇਹ ਸਾਰੇ ਵਿਅਕਤੀ ਆਪਣੇ ਆਗੂ ਸਤਿਗੁਰੂ ਰਾਮ ਸਿੰਘ ਜੀ ਦੀ ਵਡਿਆਈ ਅਤੇ ਆਤਮਿਕ ਗੌਰਵ ਦੇ ਸੱਚੇ ਦਿਲੋਂ ਉਪਾਸ਼ਕ ਬਣ ਗਏ ਸਨ। ਇਨ੍ਹਾਂ ਸਭ ਨੂੰ ਭਾਈ ਰਾਮ ਸਿੰਘ ਜੀ ਨੇ ਆਪਣੇ ਸ਼ਰਧਾਲੂਆਂ ਦੇ ਰੂਪ ਵਿੱਚ ਨਵੀਂ ਸਤਿਸੰਗਤ ਦੀ ਮਰਿਯਾਦਾ ਵਿੱਚ ਪ੍ਰੋ ਦਿੱਤਾ। ਇਹ ਸਾਰੇ ਆਪ ਜੀ ਨੂੰ ਭਾਈ ਰਾਮ ਸਿੰਘ ਜੀ ਕਹਿ ਕੇ ਸੰਬੋਧਨ ਕਰਨ ਲੱਗੇ ਅਤੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਇੱਛਾ ਪੂਰਤੀ ਕਰਨ ਵਿੱਚ ਸਹਾਈ ਹੁੰਦੇ। ਇਹ ਸਾਰੇ ਵਿਅਕਤੀ ਭਾਈ ਰਾਮ ਸਿੰਘ ਜੀ ਨੂੰ ਆਪਣਾ ਅਧਿਆਤਮਿਕ ਨੇਤਾ ਮੰਨਦੇ ਸਨ ਅਤੇ ਉਨ੍ਹਾਂ ਦਾ ਸਤਿਕਾਰ ਗੁਰੂ ਦੀ ਨਿਆਈਂ ਕਰਦੇ ਸਨ। ਉਨ੍ਹਾਂ ਦੇ ਬਚਨਾਂ



Sri Satguru Jagjit Singh Ji Elibrary NamdhariElibrary@gmail.com

ਦੀ ਪਾਲਣਾ ਕਰਨ ਵਿੱਚ ਆਪਣਾ ਸੁਭਾਗ ਮੰਨਦੇ ਸਨ। ਭਾਵੇਂ ਇਸ ਸਮੇਂ ਤੱਕ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਵੱਲੋਂ ਸਥਾਪਿਤ ਪੰਜਾਬ ਵਿਚਲੇ ਖ਼ਾਲਸਾ ਰਾਜ ਜੋ ਸਮੂਹ ਪੰਜਾਬ ਵਾਸੀਆ ਦੀ ਪ੍ਰਭੁਤਾ ਤੇ ਸ਼ਾਨ ਦਾ ਪ੍ਰਤੀਕ ਸੀ, ਦੇ ਅੰਦਰ ਉਸ ਲੱਗ ਚੁੱਕੇ ਆਚਰਨਿਕ ਦੋਸ਼ਾਂ ਦੇ ਅੰਦਰਲੇ ਘੁਣ ਤੋਂ ਕੋਈ ਵਿਰਲਾ ਹੀ ਸੁਚੇਤ ਸੀ, ਜੋ ਇਸ ਵਿਸ਼ਾਲ ਰਾਜ ਦੀ ਦੁਖਾਂਤਕ ਹੋਣੀ ਤੋਂ ਇਸ ਨੂੰ ਬਚਾ ਸਕਦਾ। ਅਜਿਹੀ ਆਉਣ ਵਾਲੀ ਇਤਿਹਾਸਕ ਹੋਣੀ ਦੀ ਕਲਪਨਾ ਕਰਕੇ ਗੁਰੂ ਰਾਮ ਸਿੰਘ ਵਰਗੇ ਅਧਿਆਤਮਕ ਮਹਾਂਪੁਰਸ਼ ਦੀ ਚਿੰਤਾ ਦਿਨੋਂ-ਦਿਨ ਵਧ ਰਹੀ ਸੀ। ਆਪ ਸਿੱਖੀ ਬਾਣੇ ਵਿੱਚ ਆਚਰਨਿਕ ਤੌਰ ਤੇ ਪਤਨ ਗ੍ਰਸਤ, ਰੰਗ ਤਮਾਸ਼ਿਆਂ ਅਤੇ ਵਿਸ਼ੇ-ਵਿਕਾਰਾਂ ਦੀ ਅਗਨੀ ਵਿੱਚ ਸੜ ਰਹੇ ਪਰ ਆਪਣੀ ਆਉਣ ਵਾਲੀ ਹੋਣੀ ਤੋਂ ਅਨਜਾਣ, ਵਾਪਰਨ ਵਾਲੀ ਤਰਾਸ਼ਦੀ ਨੂੰ ਵੇਖ ਕੇ ਮਾਨਸਿਕ ਅਤੇ ਆਤਮਿਕ ਤੌਰ ਤੇ ਦੁਖੀ ਹੋ ਰਹੇ ਸਨ ਅਤੇ ਡੂੰਘੀ ਨਜ਼ਰ ਨਾਲ ਸੋਚ ਰਹੇ ਸਨ ਕਿ ਕਿਸ ਤਰ੍ਹਾਂ ਪੰਜਾਬ ਦੇ ਸਮਾਜ ਤੇ ਸਿੱਖ ਜਗਤ ਨੂੰ ਇਸ ਆਉਣ ਵਾਲੀ ਦੁਖਾਂਤਕ ਹੋਣੀ ਤੋਂ ਬਚਾਇਆ ਜਾ ਸਕੇ। ਇਸ ਬਚਾ ਦਾ ਇੱਕੋ-ਇੱਕ ਰਾਹ ਸੀ ਕਿ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਰਹੁ ਰੀਤ ਅਤੇ ਗੁਰ ਮਰਿਯਾਦਾ ਨੂੰ ਪੱਕੇ ਪੈਰਾਂ ਤੇ ਨਵ-ਨਿਰਮਿਤ ਕੀਤਾ ਜਾਵੇ। ਪਰ ਉਸ ਸਮੇਂ ਦੇ ਹਾਲਾਤ ਗੁਰੂ ਗੋਬਿੰਦ ਸਿੰਘ ਵਾਲੀ ਗੁਰੂ ਖ਼ਾਲਸੇ ਦੀ ਸਿੱਖੀ ਤੋਂ ਉਲਟ ਪਾਸੇ ਨੂੰ ਜਾ ਰਹੇ ਸਨ। ਲਾਹੌਰ ਦਰਬਾਰ ਵਿੱਚ, ਫ਼ੌਜ ਤੇ ਆਮ ਸ਼ਹਿਰੀਆਂ ਵਿੱਚ ਰਾਗ ਰੰਗ ਦੀਆਂ ਮਹਿਫ਼ਲਾਂ, ਸ਼ਰਾਬ, ਅਫ਼ੀਮ ਅਤੇ ਹੋਰ ਨਸ਼ਿਆਂ ਦਾ ਸੇਵਨ ਅਤੇ ਬਹੁ-ਇਸਤਰੀ ਗਾਮੀ ਦੁਰਾਚਾਰ ਵੱਡੇ ਪੈਮਾਨੇ ਤੇ ਫ਼ੈਲ ਰਿਹਾ ਸੀ। ਲੋਕ ਅਖਾਣ ਯਥਾ ਰਾਜਾ ਤਥਾ ਪਰਜਾ ਸੱਚ ਸਿੱਧ ਹੋ ਰਿਹਾ ਸੀ। ਅਮੀਰ ਅਤੇ ਸਰਕਾਰੀ ਅਹਿਲਕਾਰਾਂ ਵਿੱਚ ਧਨ-ਦੌਲਤ ਦੀ ਪ੍ਰਦਰਸ਼ਨੀ ਬਹੁਤ ਵੱਧ ਚੁੱਕੀ ਸੀ।

ਇਸ ਗੱਲ ਦਾ ਪੱਕਾ ਪ੍ਰਮਾਣ ਤਾਂ ਨਹੀਂ ਮਿਲਦਾ ਕਿ ਕੰਵਰ ਨੌਨਿਹਾਲ ਸਿੰਘ ਦੀ ਜਿਸ ਪਲਟਨ ਵਿੱਚ ਗੁਰੂ ਰਾਮ ਸਿੰਘ ਜੀ ਮੁਲਾਜ਼ਮ ਸਨ, ਉਹ ਕਦੋਂ ਹੋਂਦ ਵਿੱਚ ਆਈ ਸੀ, ਪਰ ਇਸ ਗੱਲ ਦਾ ਹਵਾਲਾ ਇਤਿਹਾਸਕਾਰਾਂ ਨੇ ਦਿੱਤਾ ਹੈ ਕਿ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਉਸ ਤੋਂ ਪਿਛੋਂ ਕੀਤੇ ਗਏ ਲਾਹੌਰ ਦੇ ਜਸ਼ਨਾਂ ਵਿੱਚ ਅੰਗਰੇਜ਼ੀ ਸਰਕਾਰ ਦੇ ਕਮਾਂਡਰ-ਇਨ-ਚੀਫ਼ ਹੈਨਰੀ ਫ਼ੇਨ ਤੋਂ ਕੰਵਰ ਨੌਨਿਹਾਲ ਸਿੰਘ ਦੀ ਪਲਟਨ ਦਾ ਮੁਆਇਨਾ ਕਰਵਾਇਆ ਗਿਆ ਸੀ।

ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਦੀ ਸ਼ਾਨ ਭਾਵੇਂ ਸਿਖ਼ਰ ਉੱਤੇ ਸੀ, ਪਰ ਉਸ ਦੇ ਅੰਦਰਲੇ ਨਿਘਾਰ ਨੂੰ ਰਾਜਨੀਤਿਕ ਚਿੰਤਕਾਂ ਨੇ ਜ਼ਰੂਰ ਤਾੜ ਲਿਆ ਸੀ। ਚਾਰਲਸ ਹੀਗਲ ਨੇ ਤਾਂ ਇੱਥੋਂ ਤੱਕ ਚਿੰਤਾ ਪ੍ਰਗਟ



Sri Satguru Jagjit Singh Ji Elibrary NamdhariElibrary@gmail.com

ਕਰ ਦਿੱਤੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਛੋਂ ਇਸ ਰਾਜ ਦਾ ਕੀ ਬਣੇਗਾ?

ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਜਿਸ ਤਰ੍ਹਾਂ ਅੰਗਰੇਜ਼ੀ ਪਰਾਹੁਣਿਆਂ ਦਾ ਸੁਆਗਤ ਅਤੇ ਸਨਮਾਨ ਕੀਤਾ ਗਿਆ; ਜਿਸ ਤਰ੍ਹਾਂ ਦੀ ਪਰਾਹੁਣਾਚਾਰੀ ਅਤੇ ਕੀਮਤੀ ਸੁਗਾਤਾਂ ਦੇ ਆਦਾਨ-ਪ੍ਰਦਾਨ ਦਾ ਵਿਖਾਵਾ ਕੀਤਾ ਗਿਆ, ਉਸ ਤੋਂ ਪੰਜਾਬ ਵਿੱਚ ਦਿਨੋਂ-ਦਿਨ ਵੱਧ ਰਹੇ ਅੰਗਰੇਜ਼ੀ ਪ੍ਰਭਾਵ ਬਾਰੇ ਅਨੁਮਾਨ ਲਗਾਉਣਾ ਕੋਈ ਕਠਿਨ ਗੱਲ ਨਹੀਂ ਸੀ। ਅਜਿਹੇ ਮਾਹੌਲ ਨੂੰ ਵੇਖ ਕੇ ਅਤੇ ਨਿਰਖ ਪਰਖ ਕੇ ਹੀ ਗੁਰੂ ਰਾਮ ਸਿੰਘ ਜੀ ਨੇ ਇਹ ਭਵਿੱਖਬਾਣੀ ਕਰ ਦਿੱਤੀ।

[1*]"ਲਾਹੌਰ ਵਿੱਚ ਵੀ ਗੋਰਿਆਂ ਦੇ ਅੰਗਰੇਜ਼ੀ ਵਾਜੇ ਵਜਣਗੇ। ਇੱਥੇ ਆ ਕੇ ਫ਼ਰੰਗੀਆਂ ਫਤੂਰ ਪਾਉਣਾ ਹੈ। ਗਦਾਰਾਂ ਕਾਰਨ ਸਾਰਾ ਰਾਜ-ਭਾਗ ਨਸ਼ਟ ਹੋ ਜਾਣਾ ਹੈ।"

ਚੁਗਲਖੋਰਾਂ ਨੇ ਇਹ ਸ਼ਿਕਾਇਤ ਮਹਾਰਾਜਾ ਸਾਹਿਬ ਦੇ ਅੱਗੇ ਜਾ ਕੀਤੀ ਕਿ ਮਸਤਾਨਾ ਇਸ ਤਰ੍ਹਾਂ ਦੇ ਕੁਬਚਨ ਬੋਲ ਰਿਹਾ ਹੈ। ਮਹਾਰਾਜਾ ਸਾਹਿਬ ਨੇ ਕੋਤਵਾਲ ਦੂਲਾ ਸਿੰਘ ਨੂੰ ਹੁਕਮ ਦੇ ਕੇ ਰਾਮ ਸਿੰਘ ਜੀ ਨੂੰ ਸੱਦ ਭੇਜਿਆ ਅਤੇ ਆਪ ਜੀ ਨੇ ਮਹਾਰਾਜਾ ਸਾਹਿਬ ਦੇ ਰੂ-ਬ-ਰੂ ਵੀ ਇਹੀ ਗੱਲ ਨਿਰਭੈ ਹੋ ਕੇ ਕਹਿ ਦਿੱਤੀ। ਮਹਾਰਾਜਾ ਸਾਹਿਬ ਨੇ ਗੁੱਸੇ ਵਿੱਚ ਆ ਕੇ ਆਪ ਜੀ ਨੂੰ ਕੁਝ ਸਮੇਂ ਲਈ ਕੈਦ ਕਰ ਦਿੱਤਾ, ਪਰ ਫਿਰ ਇਹ ਸੋਚ ਕੇ ਕਿ ਭਗਤ ਸੰਤ ਮਸਤਾਨਾ ਹੈ; ਇਸ ਦੀ ਆਖੀ ਕਿਤੇ ਸੱਚ ਨਾ ਹੋ ਜਾਵੇ। ਉਸਨੇ ਰਾਮ ਸਿੰਘ ਜੀ ਨੂੰ ਰਿਹਾਅ ਕਰ ਦਿੱਤਾ ਅਤੇ ਅੰਗਰੇਜ਼ੀ ਇਲਾਕੇ ਵਿੱਚੋਂ ਅੰਗਰੇਜ਼ੀ ਬੈਂਡ ਵਾਜੇ ਮੰਗਵਾ ਕੇ ਲਾਹੌਰ ਦੇ ਮੁੱਖ ਸਥਾਨਾਂ, ਕਿਲ੍ਹੇ ਅਤੇ ਹੋਰ ਥਾਵਾਂ ਤੇ ਵੀ ਵਜਵਾਏ।

ਇਸ ਸਮੇਂ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਸਾਥੀ ਆਪਣਾ ਲੰਗਰ ਸੁੱਕੀ ਰਸਦ ਲੈ ਕੇ ਆਪ ਤਿਆਰ ਕਰਦੇ ਸਨ। ਰਾਮ ਸਿੰਘ ਜੀ ਤਾਂ ਬਹੁਤੀ ਵਾਰ ਮਸਤਾਨਾ ਬਿਰਤੀ ਵਿੱਚ ਹੁੰਦੇ ਸਨ। ਅੰਮ੍ਰਿਤ ਵੇਲੇ ਸਕੇਸ਼ ਇਸ਼ਨਾਨ ਕਰਕੇ ਪਦਮ ਆਸਣ ਸਥਿਤ ਹੋ ਕੇ ਭਜਨ ਕਰਨਾ, ਆਸਾ ਦੀ ਵਾਰ ਦਾ ਕੀਰਤਨ ਕਰਨਾ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਕਹਿਣਾ ਆਪ ਜੀ ਦਾ ਨਿਤਨੇਮ ਬਣ ਗਿਆ ਸੀ। ਇਸ ਸਮੇਂ ਆਪ ਨੇ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੀ ਬਾਣੀ ਦੇ ਅਧਿਐਨ ਵੱਲ ਵੀ ਉਚੇਚਾ ਧਿਆਨ ਦਿੱਤਾ। ਜਿਸ ਕਿਸੇ ਨੂੰ ਵੀ ਬਾਣੀ ਦੀ ਤੁੱਕ ਭੁੱਲ ਜਾਂਦੀ ਤਾਂ ਆਪ ਉਸ ਨੂੰ 15 ਵਾਰ ਬਾਰ-ਬਾਰ ਪੜਨ ਲਈ ਕਹਿ ਦਿੰਦੇ; ਫਿਰ ਉਸ ਨੂੰ ਉਹ ਤੁੱਕ ਕਦੀ ਨਹੀਂ ਸੀ ਭੁੱਲਦੀ। ਇਸ ਦੌਰ ਦੇ ਕਈ ਹੋਰ ਸਮਾਚਾਰ ਵੀ ਮਿਲਦੇ ਹਨ, ਜੋ ਗੁਰੂ ਰਾਮ ਸਿੰਘ ਜੀ ਦੇ ਉਸ ਸਮੇਂ ਦੇ

[1*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 19



Sri Satguru Jagjit Singh Ji Elibrary NamdhariElibrary@gmail.com

ਜੀਵਨ ਉੱਤੇ ਪ੍ਰਕਾਸ਼ ਪਾਉਂਦੇ ਹਨ। ਮਸਤਾਨਾ ਬਿਰਤੀ ਵਿੱਚ ਆਪ ਮਕਬਰਿਆਂ ਤੇ ਚੜ੍ਹ ਜਾਂਦੇ ਅਤੇ ਸੜਾਂ ਜੰਗ ਨਾਲ ਬੂਟਿਆਂ ਟਹਿਣੀਆਂ ਨੂੰ ਵੱਢਦੇ ਹੋਏ ਇਹ ਕਹਿ ਦਿੰਦੇ ਕਿ ਅਸੀਂ ਮਲੇਛ ਖ਼ਾਲਸੇ ਦਾ ਨਾਸ਼ ਕਰਨਾ ਹੈ। ਇਹ ਮਲੇਛ ਖ਼ਾਲਸਾ ਕਿਹੜਾ ਸੀ ? ਉਹ ਜਿਸ ਨੇ ਬਾਣਾ ਤਾਂ ਸਿੱਖੀ ਵਾਲਾ ਪਾਇਆ ਸੀ, ਪਰ ਆਚਰਨਿਕ ਪੱਖ ਤੋਂ ਉਹ ਸਿੱਖੀ ਮਾਰਗ ਤੋਂ ਥਿੜਕ ਚੁੱਕੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਜਿਊਂਦੇ ਜੀਅ ਤਾਂ ਲਾਹੌਰ ਦਰਬਾਰ ਦੀ ਖ਼ਾਲਸਾਈ ਸ਼ਾਨ ਦੀ ਦਿੱਖ ਤਾਂ ਕਾਇਮ ਰਹੀ ਅਤੇ ਮਹਾਰਾਜਾ ਸਾਹਿਬ ਦੇ ਬਲਵਾਨ ਵਿਅਕਤੀਤੱਵ ਦੇ ਪ੍ਰਭਾਵ ਨੇ ਸਾਰੇ ਆਚਰਨਿਕ ਦੋਸ਼ਾਂ ਉੱਤੇ ਪਰਦਾ ਪਾਈ ਰੱਖਿਆ, ਪਰ 27 ਜੂਨ, 1839 ਦੇ ਮਹਾਰਾਜਾ ਸਾਹਿਬ ਦੇ ਅੱਖਾਂ ਮੀਟਣ ਤੋਂ ਪਿਛੋਂ ਸਹਿਜੇ-ਸਹਿਜੇ ਲਾਹੌਰ ਦਰਬਾਰ ਦਾ ਸ਼ਿਰਾਜ਼ਾ ਵੀ ਬਿਖਰਨਾ ਸ਼ੁਰੂ ਹੋ ਗਿਆ ਅਤੇ ਅਗਲੇ ਕੁਝ ਸਾਲਾਂ ਵਿੱਚ ਸੱਤਾ ਦੇ ਭੁੱਖਿਆਂ ਵੱਖ-ਵੱਖ ਟੋਲਿਆਂ ਵਿੱਚ ਖਿਚੋਤਾਣ ਅਤੇ ਅੰਤਰ ਵਿਰੋਧ ਇੰਨੇ ਵੱਧ ਗਏ ਕਿ ਪੰਜਾਬ ਦੇ ਇਸ ਸ਼ਾਨਦਾਰ ਇਤਿਹਾਸ ਨੂੰ 5-6 ਸਾਲਾਂ ਦੇ ਸਮੇਂ ਵਿੱਚ ਹੀ ਅਜਿਹਾ ਗ੍ਰਹਿਣ ਲੱਗਾ ਕਿ ਜਿਸ ਦੀ ਕਰੂਰਤਾਂ ਤੇ ਯੁੱਗ ਗਰਦੀ ਦੀ ਮਿਸਾਲ ਕੇਵਲ ਮੁਗਲ ਕਾਲ ਦੇ ਉਸ ਸਮੇਂ ਦੇ ਕੁਝ ਸਾਲਾਂ ਨਾਲ ਕੀਤੀ ਜਾ ਸਕਦੀ ਹੈ; ਜਿਸ ਵਿੱਚ ਬਹਾਦਰ ਸ਼ਾਹ ਦੀ ਮੌਤ ਪਿਛੋਂ ਮੁਹੰਮਦ ਸ਼ਾਹ ਰੰਗੀਲੇ ਦੇ ਗੱਦੀ ਨਸ਼ੀਨ ਹੋਣ ਤੱਕ 9 ਸਾਲਾਂ ਵਿੱਚ ਕਈ ਮੁਗਲ ਬਾਦਸ਼ਾਹ ਅਤੇ ਉਨ੍ਹਾਂ ਦੇ ਵਜ਼ੀਰ ਅਮੀਰ ਕਤਲ ਕੀਤੇ ਗਏ ਸਨ।

### ਸਤਿਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ

ਪੰਜਾਬ ਦੇ ਇਤਿਹਾਸ ਦੇ ਹਾਲਾਤ ਦਿਨੋਂ-ਦਿਨ ਵਿਗੜਦੇ ਗਏ। ਮਹਾਰਾਜਾ ਖੜਕ ਸਿੰਘ ਦੇ ਚਹੇਤੇ ਚੇਤ ਸਿੰਘ ਬਾਜਵਾ ਦੇ 8 ਅਕਤੂਬਰ, 1839 ਨੂੰ ਕਤਲ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿੱਚ ਬੁਰਛ-ਗਰਦੀ ਦਾ ਦੌਰ ਸ਼ੁਰੂ ਹੋ ਗਿਆ। ਇਸ ਹੱਤਿਆ ਦੇ ਸੰਬੰਧ ਵਿੱਚ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਕਵੀ ਸ਼ਾਹ ਮੁਹੰਮਦ ਨੇ ਖ਼ੂਨ ਦੇ ਹੰਝੂ ਕੇਰਦਿਆ ਹੋਇਆਂ, ਇਸ ਤਰ੍ਹਾਂ ਦੀ ਭਵਿੱਖਬਾਣੀ ਮਹਾਰਾਜਾ ਖੜਕ ਸਿੰਘ ਦੇ ਮੂੰਹੋਂ ਅਖਵਾਈ ਹੈ :

> [1*]ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
> ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
> ਖੜਕ ਸਿੰਘ ਮਹਾਰਾਜਾ ਨੇ ਢਾਹ ਮਾਰੀ,
> ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।

---

[1*] ਸੀਤਾ ਰਾਮ ਕੋਹਲੀ, ਸੇਵਾ ਸਿੰਘ ਗਿਆਨੀ, ਪੁਸਤਕ ਵਾਰ ਸ਼ਾਹ ਮੁਹੰਮਦ (ਜੰਗ ਹਿੰਦ ਪੰਜਾਬ), ਪੰਨਾ 137



Sri Satguru Jagjit Singh Ji Elibrary NamdhariElibrary@gmail.com

ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ ਕਰਾਰ ਮੀਆਂ। 6।
ਮੇਰੇ ਬੈਠਿਆਂ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ।
ਪਿਛੇ ਸਾਡੇ ਭੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ
ਖ਼ਾਲੀ ਨਹੀਂ ਜਾਣਾ ਇੱਕ ਵਾਰ ਮੀਆਂ। 7।

ਉਹੋ ਗੱਲ ਹੀ ਹੋਈ। 5 ਨਵੰਬਰ, 1840 ਨੂੰ ਮਹਾਰਾਜਾ ਖੜਕ ਸਿੰਘ ਕਾਲ ਵਾਸ ਹੋ ਗਿਆ ਅਤੇ ਉਸੇ ਦਿਨ ਹੀ ਉਸ ਦੇ ਦਾਹ ਸੰਸਕਾਰ ਕਰਨ ਪਿਛੋਂ ਕੰਵਰ ਨੌਨਿਹਾਲ ਸਿੰਘ ਵੀ ਕਿਲ੍ਹੇ ਦੇ ਦਰਵਾਜ਼ੇ ਦੇ ਛੱਜੇ ਦੇ ਡਿੱਗਣ ਨਾਲ ਜਿਸ ਨੂੰ ਕਿਸੇ ਸਾਜਿਸ਼ ਅਧੀਨ ਕੀਤਾ ਕਾਰਾ ਵੀ ਮੰਨਿਆ ਜਾਂਦਾ ਹੈ, ਜ਼ਖਮੀ ਹੋ ਕੇ ਚਲ ਵੱਸਿਆ। ਮਹਾਰਾਣੀ ਚੰਦ ਕੌਰ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਰਾਜਗੱਦੀ ਮੱਲ੍ਹਣ ਦਾ ਵਾਦ-ਵਿਵਾਦ ਕੁਝ ਚਿਰ ਚੱਲਦਾ ਰਿਹਾ। ਦੋਹਾਂ ਦੀਆਂ ਸੈਨਾਵਾਂ ਦੀ ਭਿੜੰਤ ਵੀ ਹੋਈ। ਆਖਿਰ ਇੱਕ ਸਮਝੌਤੇ ਪਿਛੋਂ ਮਹਾਰਾਣੀ ਚੰਦ ਕੌਰ ਨੂੰ ਇੱਕ ਵੱਡੀ ਜਾਗੀਰ ਦੇ ਦਿੱਤੀ ਗਈ ਅਤੇ 20 ਜਨਵਰੀ, 1841 ਨੂੰ ਸ਼ੇਰ ਸਿੰਘ ਪੰਜਾਬ ਦੀ ਰਾਜਗੱਦੀ ਉੱਤੇ ਬੈਠਾ, ਜਿਸ ਨੂੰ ਬਾਬਾ ਬਿਕਰਮ ਸਿੰਘ ਨੇ 27 ਜਨਵਰੀ, 1841 ਨੂੰ ਰਾਜ-ਤਿਲਕ ਲਗਾ ਕੇ ਰਸਮੀ ਤੌਰ ਤੇ ਮਹਾਰਾਜਾ ਥਾਪ ਦਿੱਤਾ। ਮਹਾਰਾਣੀ ਚੰਦ ਕੌਰ ਅਤੇ ਸ਼ੇਰ ਸਿੰਘ ਦੇ ਝਗੜੇ ਵਿੱਚ ਸੰਧਾਵਾਲੀਏ ਸਰਦਾਰਾਂ ਅਤੇ ਡੋਗਰੇ ਭਰਾਵਾਂ ਨੇ ਕਈ ਰਾਜਨੀਤਿਕ ਪੈਂਤੜੇ ਬਦਲੇ ਅਤੇ ਦੋ ਵਿਰੋਧੀ ਤਾਕਤਾਂ ਵਜੋਂ ਸਾਹਮਣੇ ਆ ਗਏ। ਰਾਜਭਾਗ ਦੇ ਇਨ੍ਹਾਂ ਪਰਿਵਰਤਨਾਂ ਵਿੱਚ ਸੈਨਾ ਦੀ ਭੂਮਿਕਾ ਬਹੁਤ ਵੱਡੀ ਸੀ। ਸੈਨਾ ਵਿੱਚ ਵਧੇਰੇ ਤਲਬ ਅਤੇ ਇਨਾਮ-ਕਰਾਮ ਲੈਣ ਦੀ ਲਾਲਸਾ ਬਹੁਤ ਵੱਧ ਗਈ ਸੀ। ਮਹਾਰਾਜਾ ਸ਼ੇਰ ਸਿੰਘ ਨੂੰ ਆਪਣੇ ਰਾਜਕਾਲ ਦੇ ਪਹਿਲੇ ਕੁਝ ਮਹੀਨਿਆਂ ਵਿੱਚ ਹੀ ਫ਼ੌਜ ਨੂੰ 95 ਲੱਖ ਰੁਪਏ ਤਲਬਾਂ ਵਜੋਂ ਤਾਰਨੇ ਪਏ ਸਨ। ਮਹਾਰਾਜਾ ਸ਼ੇਰ ਸਿੰਘ ਵਿੱਚ ਵੀ ਉਹ ਰਾਜਨੀਤਿਕ ਸੁਘੜਤਾ ਪ੍ਰਗਟ ਨਾ ਹੋ ਸਕੀ, ਜੋ ਅਜਿਹੇ ਸਮੇਂ ਲੋੜੀਂਦੀ ਸੀ। "ਕਾਸ਼! ਉਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਵਿਅਕਤੀਗਤ ਗੁਣ ਮੌਜੂਦ ਹੁੰਦੇ। ਜਿਸ ਕੰਵਰ ਨੌਨਿਹਾਲ ਸਿੰਘ ਵਿੱਚ ਰਾਜਨੀਤਿਕ ਸੂਝ-ਬੂਝ ਦੇ ਗੁਣ ਮੌਜੂਦ ਸਨ, ਉਹ ਵੀ ਸਾਜਿਸ਼ੀ ਹੱਤਿਆ ਦਾ ਸ਼ਿਕਾਰ ਹੋ ਚੁੱਕਾ ਸੀ।"



Sri Satguru Jagjit Singh Ji Elibrary NamdhariElibrary@gmail.com

ਫ਼ੌਜ ਵਿੱਚ ਅਨੁਸ਼ਾਸਨ ਹੀਣਤਾ ਵੱਧਦੀ ਜਾ ਰਹੀ ਸੀ। ਸੈਨਿਕ ਅਧਿਕਾਰੀਆਂ ਦੀ ਤੁਲਨਾ ਵਿੱਚ ਫ਼ੌਜ ਵਿੱਚ ਪੰਚਾਇਤਾਂ ਬਣ ਗਈਆਂ ਸਨ, ਜੋ ਛਿੱਤਰ ਦੇ ਜ਼ੋਰ ਨਾਲ ਵਧੇਰੇ ਤਲਬਾਂ ਦੀ ਮੰਗ ਕਰਦੀਆਂ ਸਨ। ਇੱਥੋਂ ਤੱਕ ਕਿ ਇਹ ਅਰਾਜਕਤਾ ਫੈਲ ਚੁੱਕੀ ਸੀ ਕਿ ਫ਼ੌਜੀਆਂ ਨੇ ਲਾਹੌਰ ਵਿੱਚ ਵੀ ਲੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ ਸੀ। ਅਜਿਹੇ ਸਮੇਂ ਹੀ ਕੰਵਰ ਨੌਨਿਹਾਲ ਵਾਲੀ ਰਜਮੈਂਟ ਨੂੰ ਸਰਹੱਦ ਦੀ ਬਗਾਵਤ ਨੂੰ ਸਰ ਕਰਨ ਲਈ ਅਤੇ ਉਥੋਂ ਦੀ ਸੈਨਾ ਨੂੰ ਤਨਖ਼ਾਹਾਂ ਦੇਣ ਲਈ ਕੁਝ ਖ਼ਜ਼ਾਨੇ ਦੀ ਰਕਮ ਦੇ ਕੇ ਫ਼ੌਜ ਨੂੰ ਪਸ਼ੌਰ ਵੱਲ ਕੂਚ ਕਰਨ ਲਈ ਕਿਹਾ ਗਿਆ।

ਹੁਣ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਾਲਾ ਸੈਨਿਕ ਜ਼ਬਤ ਖ਼ਤਮ ਹੋ ਚੁੱਕਾ ਸੀ। ਉਸ ਸਮੇਂ ਕਿਸੇ ਵੀ ਫ਼ੌਜ ਦੀ ਟੁਕੜੀ ਦਾ ਇਹ ਹੌਂਸਲਾ ਨਹੀਂ ਸੀ ਪੈਂਦਾ ਕਿ ਉਹ ਜਨਤਾ ਨੂੰ ਲੁੱਟਮਾਰ ਦਾ ਸ਼ਿਕਾਰ ਬਣਾਵੇ, ਪਰ ਮਹਾਰਾਜਾ ਸਾਹਿਬ ਦੇ ਅਕਾਲ ਚਲਾਣੇ ਤੋਂ ਕੁਝ ਸਾਲ ਪਿਛੋਂ ਹੀ ਫੌਜ ਵਿੱਚ ਸ਼ੁਤਰ ਬੇਮੁਹਾਰ ਵਾਲੀ ਹਾਲਤ ਪੈਦਾ ਹੋ ਚੁੱਕੀ ਸੀ। ਇਸ ਸੈਨਾ ਵਿੱਚ ਸੰਤਾਂ, ਭਗਤਾਂ ਵਾਲੀ ਰਜਮੈਂਟ ਦਾ ਜਥਾ ਵੀ ਸ਼ਾਮਿਲ ਸੀ, ਪਰ ਮਨਚਲੇ ਫੌਜੀਆਂ ਨੂੰ ਇਨ੍ਹਾਂ ਮੁੱਠੀ ਪਰ ਜ਼ਬਤ ਵਿੱਚ ਰਹਿਣ ਵਾਲੇ ਜਥੇ ਦੀ ਕੀ ਪ੍ਰਵਾਹ ਸੀ। ਰਸਤੇ ਵਿੱਚ ਲੁੱਟਮਾਰ, ਫ਼ਸਲਾਂ ਦੇ ਉਜਾੜੇ ਅਤੇ ਹੋਰ ਰੱਜ ਕੇ ਬਰਬਾਦੀ ਕੀਤੀ ਜਾਂਦੀ ਰਹੀ। ਵਜ਼ੀਰਾਬਾਦ ਤੋਂ ਗੁਜਰਾਤ ਅਤੇ ਗੁਜਰਾਤ ਤੋਂ ਪੋਠੋਹਾਰ ਤੱਕ ਅਜਿਹੀਆਂ ਅਫ਼ਵਾਹਾਂ ਉੱਡਦੀਆਂ ਰਹੀਆਂ ਕਿ ਫ਼ੌਜ ਦੀ ਲੁੱਟਮਾਰ ਤੋਂ ਕਿਵੇਂ ਬਚਿਆ ਜਾਵੇ? ਇਸ ਫ਼ੌਜ ਨੇ ਬੋਲੀ ਦੇ ਸਥਾਨ ਤੇ ਆ ਕੇ ਪੜਾਅ ਕੀਤਾ। ਇੱਥੇ ਉਸ ਦਾ ਮਿਲਾਪ ਪਸ਼ੌਰ ਤੋਂ ਖ਼ਜ਼ਾਨਾ ਲੈਣ ਆਈ ਫ਼ੌਜ ਨਾਲ ਹੋਇਆ। ਰਸਤੇ ਵਿੱਚ ਖ਼ਜ਼ਾਨੇ ਵਾਲੀਆਂ ਪੇਟੀਆਂ ਤੋੜਨ ਦਾ ਵੀ ਮਨਸੂਬਾ ਬਣਾਇਆ ਗਿਆ, ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਸਿਰੇ ਨਾ ਚੜ੍ਹ ਸਕਿਆ। ਸਰਕਾਰੀ ਖ਼ਜ਼ਾਨਾ ਪਸ਼ੌਰ ਵਾਲੀ ਫ਼ੌਜ ਦੇ ਹਵਾਲੇ ਕਰਕੇ ਲਾਹੌਰ ਵਾਲੀ ਫ਼ੌਜ ਨੇ ਹਜ਼ਰੋਂ ਦੇ ਕਿਲ੍ਹੇ ਵਿੱਚ ਆ ਕੇ ਡੇਰੇ ਲਾ ਲਏ। ਹਾਲੀਂ ਤੱਕ ਫ਼ੌਜੀਆਂ ਨੂੰ ਤਨਖ਼ਾਹ ਨਹੀਂ ਸੀ ਮਿਲੀ।

ਇਸ ਇਲਾਕੇ ਵਿੱਚ ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਇੱਕ ਮਹਾਂਪੁਰਸ਼ ਅਧਿਆਤਮਿਕ ਆਗੂ ਵਜੋਂ ਪੂਰੀ ਤਰ੍ਹਾਂ ਫੈਲੀ ਹੋਈ ਸੀ। ਫ਼ੌਜੀਆਂ ਦੀ ਇੱਕ ਟੋਲੀ, ਜਿਸ ਦਾ ਆਗੂ ਸ: ਜਮੀਤ ਸਿੰਘ ਗਿੱਲ (ਸਿਆਲਕੋਟ) ਸੀ, ਸਭ ਤੋਂ ਪਹਿਲਾਂ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਿਆ। ਉਹ ਸ੍ਰੀ ਰਾਮ ਸਿੰਘ ਜੀ ਦੇ ਨਿਕਟਵਰਤੀ ਸਾਥੀਆਂ ਵਿੱਚੋਂ ਸੀ।

ਜਦੋਂ ਜਮੀਤ ਸਿੰਘ ਗਿੱਲ ਸਤਿਗੁਰੂ ਬਾਲਕ ਸਿੰਘ ਜੀ ਦੇ ਦੀਵਾਨ



Sri Satguru Jagjit Singh Ji Elibrary NamdhariElibrary@gmail.com

ਵਿੱਚ ਹਾਜ਼ਰ ਹੋਇਆ ਤਾਂ ਉਸਨੂੰ ਉਨ੍ਹਾਂ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਹੋਈ।

ਸੰਤ ਇੰਦਰ ਸਿੰਘ ਚੱਕਰਵਰਤੀ ਦੇ ਕਥਨ ਅਨੁਸਾਰ ਬਾਬਾ ਜਮੀਤ ਸਿੰਘ [1*]'ਸੋਹੰ' ਦਾ ਭਜਨ ਕਰਦੇ ਹੁੰਦੇ ਸਨ। ਜਦੋਂ ਬਾਬਾ ਜਮੀਤ ਸਿੰਘ ਨੇ ਗੁਰੂ ਬਾਲਕ ਸਿੰਘ ਅੱਗੇ ਭਜਨ ਲੈਣ ਦੀ ਬੇਨਤੀ ਕੀਤੀ ਤਾਂ ਆਪ ਜੀ ਨੇ ਫੁਰਮਾਇਆ :

"ਭਾਈ 'ਸੋਹੰ' ਆਦਿ ਜੋ ਨਾਮ ਸਨ, ਉਹ ਪਿਛਲੇਰੇ ਜੁਗਾਂ ਦੇ ਜਾਪ ਸਨ, ਪਰ ਕਲਿਯੁਗ ਵਿੱਚ ਏਹਨਾਂ ਚਹੁੰ ਅੱਖਰਾਂ ਵਿੱਚ ਹੀ ਸੱਤ ਸੱਤਾ ਹੈ।"

ਬਾਬਾ ਜਮੀਤ ਸਿੰਘ ਦੇ ਬੇਨਤੀ ਕਰਨ ਉੱਤੇ ਸਤਿਗੁਰੂ ਬਾਲਕ ਸਿੰਘ ਜੀ ਨੇ ਉਨ੍ਹਾਂ ਦੇ ਕੰਨ ਵਿੱਚ ਗੁਰਮੰਤਰ (ਭਜਨ) ਦੀ ਦਾਤ ਬਖਸ਼ ਦਿੱਤੀ ਅਤੇ ਬਚਨ ਕੀਤਾ :

"ਗੁਪਤ ਜਪਣਾ ਅਤੇ ਗੁਪਤ ਹੀ ਰੱਖਣਾ"

ਗੁਰਮੰਤਰ ਨੂੰ ਸਰਵਣ ਕਰਕੇ ਬਾਬਾ ਜਮੀਤ ਸਿੰਘ ਦੀ ਆਤਮਾ ਅਡੋਲ ਹੋ ਗਈ ਅਤੇ ਵਾਪਸ ਫ਼ੌਜ ਵਿੱਚ ਆ ਕੇ ਉਨ੍ਹਾਂ ਨੇ ਸਤਿਗੁਰੂ ਬਾਲਕ ਸਿੰਘ ਜੀ ਦੀ ਗੁਰ ਮਹਿਮਾ ਦਾ ਵਰਣਨ ਕੀਤਾ। ਹੋਰ ਫ਼ੌਜੀ ਜੱਥੇ ਵੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਜਾਣ ਲੱਗੇ।

ਈਸਵੀ 1841 (ਬਿਕਰਮੀ 1898) ਦੇ ਅੱਸੂ ਦੀ ਸੰਗਰਾਂਦ ਨੂੰ ਸ਼੍ਰੀ ਰਾਮ ਸਿੰਘ ਜੀ ਆਪਣੇ 20-25 ਫ਼ੌਜੀ ਸਾਥੀਆਂ ਨਾਲ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਆਏ। ਇਹ ਇੱਕ ਅਦੁੱਤੀ ਅਤੇ ਆਲੌਕਿਕ ਮਿਲਾਪ ਦੀ ਘੜੀ ਸੀ। ਸ਼੍ਰੀ ਦਸਮੇਸ਼ ਜੀ ਦੀ ਵਿਰੋਸਾਈ ਹੋਈ ਗੁਰੂ ਜੋਤ ਸਤਿਗੁਰੂ ਬਾਲਕ ਸਿੰਘ ਜੀ ਦੇ ਅਧਿਆਤਮਿਕ ਸਰੂਪ ਵਿੱਚ ਹਰੋ ਨਦੀ ਦੀ ਘਟਨਾ ਨੂੰ ਯਾਦ ਕਰਕੇ ਗੁਰੂ ਰਾਮ ਸਿੰਘ ਜੀ ਨੂੰ ਬਖਸ਼ਿਸ਼ ਕਰਨ ਵਾਲੀ ਸੀ। ਸੰਜੋਗ ਦੀ ਘੜੀ ਆ ਗਈ ਸੀ। ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਰਾਮ ਸਿੰਘ ਜੀ ਨੂੰ ਠਾਕੁਰ ਜੀ ਕਹਿ ਕੇ ਬੁਲਾਇਆ ਅਤੇ ਕਿਹਾ, ਆਉ ਠਾਕੁਰ ਜੀ ਅਸੀਂ ਤਾਂ ਤੁਹਾਡੀ ਉਡੀਕ ਵਿੱਚ ਸਾਂ। ਸ੍ਰੀ ਰਾਮ ਸਿੰਘ ਸਨਿਮਰ ਸਰੂਪ ਹੱਥ ਜੋੜ ਕੇ ਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਦਾ ਧਿਆਨ ਧਰ ਰਹੇ ਸਨ। ਆਪ ਜੀ ਨੇ ਉੱਠ ਕੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਆਪਣੀ ਗਲਵੱਕੜੀ ਵਿੱਚ ਘੁੱਟ ਲਿਆ। ਸੰਗਤ ਨੂੰ ਇਹ ਬਚਨ ਕੀਤਾ ਕਿ ਅਸੀਂ ਇਨ੍ਹਾਂ ਠਾਕੁਰਾਂ ਦੀ ਹੀ ਉਡੀਕ ਕਰ ਰਹੇ ਸਾਂ। ਸ੍ਰੀ ਰਾਮ ਸਿੰਘ ਜੀ ਨੇ ਨਿਰਮਾਣ ਹੋ ਕੇ ਬੇਨਤੀ ਕੀਤੀ ਕਿ ਆਪ ਕੋਲ ਰੱਬੀ ਰਹਿਮਤ ਦਾ ਖ਼ਜ਼ਾਨਾ ਮੌਜੂਦ ਹੈ। ਮੈਂ ਤਾਂ ਕੇਵਲ ਆਪ ਦਾ ਨਿਮਾਣਾ ਜਿਹਾ ਦਾਸ ਹਾਂ। ਗੁਰੂ ਬਾਲਕ ਸਿੰਘ ਜੀ ਨੇ ਰਾਮ ਸਿੰਘ ਜੀ ਦੇ ਮੱਥੇ ਉੱਤੇ ਹੱਥ ਧਰ ਕੇ ਉਨ੍ਹਾਂ ਦੇ ਕੰਨਾਂ

[1*] ਸੰਤ ਇੰਦਰ ਸਿੰਘ ਚੱਕ੍ਰਵਰਤੀ, ਨਾਮਧਾਰੀ ਇਤਿਹਾਸ-ਭਾਗ ਪਹਿਲਾ, ਪੰਨਾ 140



Sri Satguru Jagjit Singh Ji Elibrary NamdhariElibrary@gmail.com

ਵਿੱਚ ਗੁਰਮੰਤਰ ਦਾ ਨਾਮ ਗੁੰਜਾ ਦਿੱਤਾ ਅਤੇ ਫੁਰਮਾਇਆ ਕਿ ਇਹ ਨਾਮ ਦਾ ਗੱਫਾ ਅੱਗੇ ਤੋਂ ਤੁਸੀਂ ਹੀ ਵਰਤਾਉਣਾ ਹੈ। ਇਸ ਪ੍ਰਕਾਰ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰੂ ਜੋਤ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਹਿਰਦੇ ਅੰਦਰ ਪ੍ਰਕਾਸ਼ਮਾਨ ਕਰ ਦਿੱਤਾ ਅਤੇ ਬਚਨ ਕੀਤਾ, 1*"ਠਾਕੁਰ ਜੀ ਏਹ ਤੁਹਾਡੀ ਅਮਾਨਤ ਸੀ ਤੁਹਾਨੂੰ ਹੀ ਸੌਂਪ ਦਿੱਤੀ ਹੈ।"

ਸੰਗਤ ਨੂੰ ਆਦੇਸ਼ ਕੀਤਾ, "ਅਸਾਂ ਤੁਹਾਨੂੰ ਇਹਨਾਂ (ਠਾਕਰਾਂ) ਦੇ ਮਗਰ ਲਾਇਆ ਹੈ ਅਤੇ ਪੱਲਾ ਫੜਾਇਆ ਹੈ। ਜਿਹੜਾ ਹੁਕਮ ਇਹ ਦੇਣ ਸਤਿ ਕਰਕੇ ਮੰਨਣਾ। ਇਹਨਾਂ ਸੰਤ ਖ਼ਾਲਸਾ ਪ੍ਰਗਟ ਕਰਨਾ ਹੈ। ਇਹ ਹੁਕਮ ਧੁਰ ਦਰਗਾਹ ਦਾ ਹੈ।"

ਸਤਿਗੁਰੂ ਰਾਮ ਸਿੰਘ, ਸਤਿਗੁਰੂ ਬਾਲਕ ਸਿੰਘ ਜੀ ਤੋਂ ਗੁਰਤਵ ਦੀ ਦਾਤ ਪ੍ਰਾਪਤ ਕਰਕੇ ਆਪਣੇ ਸਾਥੀਆਂ ਸਮੇਤ ਆਪਣੇ ਡੇਰੇ ਪਰਤ ਆਏ।

ਇਨ੍ਹਾਂ ਫੌਜੀਆਂ ਨੇ ਸਤਿਗੁਰੂ ਬਾਲਕ ਸਿੰਘ ਜੀ ਅੱਗੇ ਬੇਨਤੀ ਕੀਤੀ ਕਿ ਸਾਨੂੰ ਪਿਛਲੀਆਂ ਤਨਖ਼ਾਹਾਂ ਨਹੀਂ ਮਿਲੀਆਂ। ਸਤਿਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ ਕਿ ਤਨਖ਼ਾਹਾਂ ਤਬਦੇ ਹੀ ਮਿਲ ਜਾਣਗੀਆਂ। 2*ਲਾਹੌਰ ਤੋਂ ਹੁਕਮ ਆਇਆ ਕਿ ਕੁਲੰਕ ਦੇ ਕਿਲ੍ਹੇ ਉੱਤੇ ਧਾਵਾ ਬੋਲ ਦਿਓ। ਇਸ ਕਿਲ੍ਹੇ ਦੇ ਸਰ ਹੋਣ ਪਿਛੋਂ ਫ਼ੌਜੀਆਂ ਨੂੰ ਤਨਖ਼ਾਹਾਂ ਵੀ ਮਿਲ ਗਈਆਂ। ਸਭ ਫ਼ੌਜੀਆਂ ਨੇ 2-2 ਰੁਪਏ ਚੰਦਾ ਇਕੱਠਾ ਕਰਕੇ ਸੈਂਕੜੇ ਰੁਪਏ ਜੋੜ ਕੇ ਸਤਿਗੁਰੂ ਬਾਲਕ ਸਿੰਘ ਜੀ ਅੱਗੇ ਜਾ ਭੇਟ ਕੀਤੇ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਬਚਨ ਅਨੁਸਾਰ ਫ਼ੌਜੀਆਂ ਨੂੰ ਤਨਖ਼ਾਹਾਂ ਮਿਲ ਗਈਆਂ ਹਨ। ਸਤਿਗੁਰੂ ਬਾਲਕ ਸਿੰਘ ਜੀ ਨੇ ਮਾਇਆ ਦੀ ਭੇਟਾ ਲੈਣੀ ਪ੍ਰਵਾਨ ਨਹੀਂ ਕੀਤੀ ਅਤੇ ਬਚਨ ਕੀਤਾ ਕਿ ਇਹ ਮਾਇਆ ਆਪਣੇ ਬਾਲ-ਬੱਚਿਆਂ ਨੂੰ ਭੇਜ ਦਿਓ। ਸਾਡੀ ਸੇਵਾ ਇਹੋ ਹੈ, "ਨਾਮ ਜਪੋ ਤੇ ਵੰਡ ਛਕੋ। ਆਪਣੀ ਕਮਾਈ ਵਿੱਚੋਂ ਇੱਕ-ਇੱਕ ਪ੍ਰਸ਼ਾਦਾ ਦੋਏ ਵੇਲੇ ਕੱਢ ਕੇ ਜਿੱਥੇ ਸਾਧੂ ਮਹਾਤਮਾ ਦਾ ਡੇਰਾ ਹੋਵੇ, ਪਹੁੰਚਾ ਕੇ ਉਹਨਾਂ ਦੀ ਸੇਵਾ ਕਰਿਆ ਕਰੋ। ਭੁੱਖੇ ਨੂੰ ਅੰਨ ਅਤੇ ਨੰਗੇ ਨੂੰ ਬਸਤਰ ਦੇਣਾ ਆਪਣਾ ਕਰਤੱਵ ਸਮਝੋ। ਰਾਗੀ ਰਖ ਕੇ ਦੋ ਵੇਲੇ ਦੀਵਾਨ ਸੁਣਿਆ ਕਰੋ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਅਤੇ ਕਰਨ ਦਾ ਬੜਾ ਮਹਾਤਮ ਹੁੰਦਾ ਹੈ, ਪਰੰਤੂ ਪੜ੍ਹਨ ਅਤੇ ਸੁਣਨ ਵਾਲੇ ਸਰਬ ਨੇ ਸਨਕੇਸ਼ੀ ਇਸ਼ਨਾਨ ਕਰੇ ਬਿਨਾਂ ਨਹੀਂ ਬੈਠਣਾ। ਨਹੀਂ ਤੇ ਸਗੋਂ ਦੋਸ਼ ਲੱਗਦਾ ਹੈ।"

ਦਰਿਆ ਅਟਕ ਵਿੱਚ ਹੜ੍ਹ ਆਇਆ ਹੋਇਆ ਸੀ। ਪਹਾੜੀਆਂ ਦੀਆਂ ਸਿੱਖਰਾਂ ਤੱਕ ਪਾਣੀ ਮਾਰ ਕਰਨ ਲੱਗਾ। ਸੈਨਿਕਾਂ ਨੇ ਗੁਰੂ ਬਾਲਕ ਸਿੰਘ ਜੀ

1* ਸੰਤ ਇੰਦਰ ਸਿੰਘ ਚੱਕ੍ਰਵਰਤੀ, ਨਾਮਧਾਰੀ ਇਤਿਹਾਸ-ਭਾਗ ਪਹਿਲਾ, ਪੰਨਾ 146

1* ਉਪਰੋਕਤ, ਪੰਨਾ 148



Sri Satguru Jagjit Singh Ji Elibrary NamdhariElibrary@gmail.com

ਦੇ ਚਰਨਾਂ ਵਿੱਚ ਅਰਦਾਸ ਕੀਤੀ ਤਾਂ ਪਾਣੀ ਛੇਤੀ ਹੀ ਲੱਥ ਗਿਆ। ਜਿਨ੍ਹਾਂ ਸਿੰਘਾਂ ਨੇ ਸਤਿਗੁਰੂ ਰਾਮ ਸਿੰਘ ਜੀ ਨਾਲ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਕੇ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ, ਉਨ੍ਹਾਂ ਵਿੱਚੋਂ ਕੁਝ ਵਿਸ਼ੇਸ਼ ਸਿੰਘਾਂ ਦੇ ਨਾਂ ਇਹ ਹਨ :

ਬਾਬਾ ਕਾਹਨ ਸਿੰਘ ਜੀ ਸੂਬੇਦਾਰ (ਮੇਜਰ) ਚੱਕ ਕਲ੍ਹਾਂ, ਰਿਆਸਤ ਮਲੇਰਕੋਟਲਾ, ਬਾਬਾ ਮਤਾਬ ਸਿੰਘ ਜੀ ਉਬੋਕੇ, ਦੂਲਾ ਸਿੰਘ ਰਾਜੇ ਆਣੀਆਂ, ਅਣੋਖ ਸਿੰਘ ਬਿਲੀਆਂ ਜ਼ਿਲ੍ਹਾ ਜਲੰਧਰ, ਬਘੇਲ ਸਿੰਘ ਰਾਜਾ ਜੰਗ ਜ਼ਿਲ੍ਹਾ ਲਾਹੌਰ, ਜੋਤਾ ਸਿੰਘ ਜੀ ਢਪਈ, ਮਤਾਬ ਸਿੰਘ ਜੀ ਹਠੂਰ ਜ਼ਿਲ੍ਹਾ ਲੁਧਿਆਣਾ, ਬੁੱਧ ਸਿੰਘ ਜੀ ਗੁਜਰਵਾਲ, ਜ਼ਿਲ੍ਹਾ ਲੁਧਿਆਣਾ, ਕਾਹਨ ਸਿੰਘ ਫਿਰੋਜ਼ਪੁਰ, ਹਰਸਾ ਸਿੰਘ ਕੰਗਨਪੁਰ ਆਦਿ।

ਇਸ ਸਮੇਂ ਆਪ ਜੀ ਨਾਲ 25 ਸਿੰਘ ਜਥੇ ਨਾਲ ਗਏ ਦੱਸੇ ਜਾਂਦੇ ਹਨ। ਵਾਪਸੀ ਸਮੇਂ ਫਿਰ ਇਸ ਫ਼ੌਜੀ ਜਥੇ ਨੇ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਰਸਤੇ ਵਿੱਚ ਹਸਨ ਅਬਦਾਲ ਵਿਖੇ ਪੰਜਾ ਸਾਹਿਬ ਦੇ ਦਰਸ਼ਨ ਕਰਕੇ ਫ਼ੌਜ ਵਾਪਸ ਲਾਹੌਰ ਪਹੁੰਚ ਗਈ।

ਇਸ ਸਮੇਂ ਤੱਕ ਲਾਹੌਰ ਵਿੱਚ ਬੇਚੈਨੀ ਅਤੇ ਅਰਾਜਕਤਾ ਦਾ ਪਹਿਰਾ ਦਿਨੋਂ-ਦਿਨ ਵੱਧਦਾ ਜਾ ਰਿਹਾ ਸੀ। ਚੇਤ ਸਿੰਘ ਬਾਜਵਾ ਦਾ ਕਤਲ 8 ਅਕਤੂਬਰ, 1839 ਨੂੰ ਕੀਤਾ ਗਿਆ। ਮਹਾਰਾਜਾ ਖੜਕ ਸਿੰਘ ਦਾ ਦੇਹਾਂਤ 5 ਨਵੰਬਰ, 1840 ਨੂੰ ਹੋਇਆ ਅਤੇ ਉਸੇ ਦਿਨ ਕੰਵਰ ਨੌਨਿਹਾਲ ਸਿੰਘ ਦੀ ਕਿਲ੍ਹੇ ਦੇ ਦਰਵਾਜ਼ੇ ਉੱਤੋਂ ਛੱਜਾ ਡਿੱਗਣ ਕਾਰਨ ਮੌਤ ਹੋ ਗਈ। ਉਸ ਦੇ ਨਾਲ ਹੀ ਗੁਲਾਬ ਸਿੰਘ ਦਾ ਪੁੱਤਰ ਊਧਮ ਸਿੰਘ ਡੋਗਰਾ ਵੀ ਮਾਰਿਆ ਗਿਆ। ਮਹਾਰਾਣੀ ਚੰਦ ਕੌਰ 12 ਨਵੰਬਰ, 1840 ਤੋਂ 18 ਜਨਵਰੀ, 1841 ਤੱਕ ਰਾਜ ਕਰਕੇ 12 ਜੂਨ, 1842 ਨੂੰ ਗੋਲੀਆਂ ਹੱਥੋਂ ਮਰਵਾ ਦਿੱਤੀ ਗਈ। ਇਹ ਸਾਰੇ ਸਮਾਚਾਰ ਲਾਹੌਰ ਦਰਬਾਰ ਦੇ ਹਿੱਤਕਾਰੀਆਂ ਲਈ ਆਉਣ ਵਾਲੇ ਬੁਰੇ ਦਿਨਾਂ ਵੱਲ ਇਸ਼ਾਰਾ ਕਰਦੇ ਸਨ।

ਲਾਹੌਰ ਪੁੱਜ ਕੇ ਗੁਰੂ ਰਾਮ ਸਿੰਘ ਜੀ ਦਾ ਅਜਿਹੀਆਂ ਹਾਲਤਾਂ ਨੂੰ ਵੇਖ ਕੇ ਦੁਖੀ ਹੋਣਾ ਬੜਾ ਸੁਭਾਵਿਕ ਹੀ ਸੀ। ਉਨ੍ਹਾਂ ਨੇ ਸਪੱਸ਼ਟ ਰੂਪ ਵਿੱਚ ਸਿੱਖ ਵਰਦੀਧਾਰੀ ਸੈਨਿਕਾਂ ਨੂੰ ਮਲੇਛ ਖ਼ਾਲਸਾ ਕਹਿ ਕੇ ਬੁਲਾਇਆ। ਇਹ ਬਾਹਰੋਂ ਸਿੱਖ ਸਰੂਪ ਵਾਲੇ ਅਤੇ ਅੰਦਰੋਂ ਆਚਰਨਿਕ ਤੌਰ ਤੇ ਖੋਖਲੇ ਹੋ ਚੁੱਕੇ ਗੁਰੂ ਰਾਮ ਸਿੰਘ ਜੀ ਦੀਆਂ ਨਜ਼ਰਾਂ ਵਿੱਚ ਮਲੇਛ ਖ਼ਾਲਸਾ ਸਨ, ਜਿਨ੍ਹਾਂ ਦਾ ਆਚਰਨ ਇਸ ਹੱਦ ਤੱਕ ਭ੍ਰਸ਼ਟ ਹੋ ਚੁੱਕਾ ਸੀ ਕਿ ਸਿਵਾਏ ਮਾਸ, ਸ਼ਰਾਬ, ਚੰਮ-ਖੁਸ਼ੀਆਂ, ਭੋਗ-ਬਿਲਾਸ ਅਤੇ ਰੰਗ-ਤਮਾਸ਼ੇ ਦੇ ਹੋਰ ਕੋਈ ਗੱਲ ਉਨ੍ਹਾਂ ਨੂੰ ਸੁੱਝਦੀ ਹੀ



Sri Satguru Jagjit Singh Ji Elibrary NamdhariElibrary@gmail.com

ਨਹੀਂ ਸੀ। ਗੁਰੂ ਰਾਮ ਸਿੰਘ ਵਰਗੇ ਸੰਵੇਦਨਸ਼ੀਲ ਮਹਾਂਪੁਰਖ ਲਈ ਅਜਿਹੀਆਂ ਹਾਲਤਾਂ ਨੂੰ ਸਵੀਕਾਰ ਕਰਨਾ ਅਸੰਭਵ ਹੋ ਰਿਹਾ ਸੀ। ਕਦੀ ਆਪ ਮਸਤਾਨਾ ਬਿਰਤੀ ਵਿੱਚ ਹੁੰਦੇ ਅਤੇ ਕਦੀ ਦਾਨਾ ਬਿਰਤੀ ਵਿੱਚ ਬਚਨ ਕਰਦੇ :

1*"ਸੁਣ ਉਏ ਜਮੀਤ ਸਿੰਘਾ, ਜੋ ਗਊ ਗ਼ਰੀਬ ਕੀ ਰੱਛਿਆ ਕਰੇਗਾ ਸੋ ਬਚੇਗਾ। ਹੋਰ ਲੋਹੇ ਕਾ ਸੁਹਾਗਾ ਫਿਰੇਗਾ। ਜੋ ਵੱਡੇ-ਵੱਡੇ ਅਫ਼ਸਰ ਸੇ ਸੋ ਮੁੰਡੇ ਰੱਖਣੇ ਲਗੇ ਨਾਲੇ ਨੀਚ ਜਾਤਾਂ ਕੋ ਰਮਣੇ ਲੱਗੇ। ਬੁਧ ਭਰਿਸ਼ਟ ਹੋਇ ਗਈ। ਸ੍ਰੀ ਸਤਿਗੁਰੂ ਅੰਤਰਜਾਮੀ ਜੀ ਉਹਨਾਂ ਨੂੰ ਸੁਣਾਇ ਕੇ ਬਚਨ ਕਰਨਾ ਹੇ ਗੁਰੂ ਜੀ ਏਸ ਸਫ਼ ਨੂੰ ਵਲੇਟ ਲੈ। ਸਭ ਨੇ ਨਿੱਕੇ ਵੱਡੇ ਪਾਪਾਂ ਉੱਤੇ ਲੱਕ ਬੰਨ੍ਹ ਲਿਆ ਹੈ। ਬਚਨ ਬਲਾਸਾਂ ਨਾਲ ਸਮਝਾਂਦੇ ਰਹੇ ਨਾ ਸਮਝੇ। ਸਗੋਂ ਦੂਣੇ ਪਾਪ ਕਰਨੇ ਲੱਗੇ। ਚੋਰੀ ਯਾਰੀ ਬਹੁਤ ਕਰਨੇ ਲੱਗੇ। ਜੇੜ੍ਹਾ ਛੁੱਟੀ ਲੈ ਕੇ ਜਾਵੇ, ਉਸ ਨੂੰ ਦੋ ਜਣੇ ਰਲ ਕੇ ਜਾਇ ਕੇ ਰਸਤੇ ਮੇ ਲੁੱਟ ਲੈਣ। ਦਾਦ ਫਰਿਯਾਦ ਕੋਈ ਨਾ ਸੀ ਸੁਣਦਾ, ਕਿਉਂਕਿ ਵੱਡਿਆਂ ਛੋਟਿਆਂ ਕੀ ਬੁਧ ਭਰਿਸ਼ਟ ਹੋਇ ਗਈ ਹੈ। ਪੰਜੇ ਐਬ ਸ਼ਰਈ ਨੇਮ ਧਰਮ ਛੱਡ ਕੇ ਜ਼ੁਲਮੀਆਂ ਤੇ ਲੱਕ ਬੱਧਾ ਹੈ।"

ਕਈ ਵਾਰ ਮਸਤਾਨਾ ਬਿਰਤੀ ਵਿੱਚ ਆ ਕੇ ਗੁਰੂ ਰਾਮ ਸਿੰਘ ਦੋ ਇੱਟਾਂ ਲੈ ਕੇ ਆਪਸ ਵਿੱਚ ਰਗੜ ਕੇ ਕਹਿੰਦੇ ਅਸੀਂ ਮਲੇਛ ਖ਼ਾਲਸੇ ਦਾ ਨਾਸ਼ ਕਰ ਰਹੇ ਹਾਂ। ਇਸੇ ਤਰ੍ਹਾਂ ਮਿੱਟੀ ਦਾ ਲਾਹੌਰ ਬਣਾ ਕੇ ਢਾਹ ਦੇਣਾ ਅਤੇ ਕਹਿਣਾ "ਉਹ ਲਾਹੌਰ ਮਾਰ ਲੀਆ ਹੈ।" ਬਾਹਰ ਉਜਾੜ ਵਿੱਚ ਜਾ ਕੇ ਚਾਰ ਢੇਰੀਆਂ ਬਣਾ ਕੇ ਅੱਗ ਲਗਾ ਦਿੰਦੇ ਅਤੇ ਵਿੱਚ ਖੜ੍ਹੇ ਹੋ ਕੇ ਰਾਜਿਆਂ ਦੇ ਨਾਮ ਲੈ ਲੈ ਕੇ ਤਿਹੱਥੜਾ ਪਿਟਦੇ।

2*ਇੱਕ ਦਿਨ ਮਸਤਾਨੀ ਬਿਰਤੀ ਵਿੱਚ ਕਾਹਨ ਸਿੰਘ ਨੂੰ ਕਹਿਣ ਲੱਗੇ 'ਦੀਵਾ ਬਾਲ'। "ਮੋਟੀ ਵੱਟੀ ਪਾ ਕੇ ਜਲਾਇ ਕੇ ਧਰਿਆ। ਸ੍ਰੀ ਸਤਿਗੁਰੂ ਜੀ ਦੋਨੋਂ ਹੱਥ ਇਕੱਠੇ ਮਾਰੇ ਦੋਹਾਂ ਪਾਸਿਆਂ ਥੀਂ। ਵੱਟੀ ਬੁਝਾਇ ਕੇ ਬਚਨ ਕੀਤਾ ਲਾਹੌਰ ਦਾ ਦੀਵਾ ਗੁਲ ਹੋਇ ਗਿਆ ਹੈ। ਫੇਰ ਬਚਨ ਕੀਤਾ ਕਾਹਨ ਸਿੰਘ ਹੁਣ ਮਲੇਛਾਂ ਮੈਂ ਤਲਵਾਰ ਛੇਤੀ ਖੜਕੇਗੀ, ਕਾਰ ਤੋਰ ਦਿੱਤੀ ਹੈ।"

**ਕਾਬਲ ਸਿੰਘ ਦਾ ਗੁਰੂ ਰਾਮ ਸਿੰਘ ਜੀ ਨੂੰ ਤੋਪ ਨਾਲ ਬੰਨਣਾ**

ਫ਼ੌਜੀਆਂ ਨੇ ਕਾਬਲ ਸਿੰਘ ਕੋਲ ਸ਼ਿਕਾਇਤ ਕੀਤੀ ਕਿ ਤੁਹਾਡਾ ਰਿਸ਼ਤੇਦਾਰ ਅਜਿਹੀਆਂ ਗੱਲਾਂ ਕਰ ਰਿਹਾ ਹੈ। ਉਸਨੇ ਗੁੱਸੇ ਵਿੱਚ ਆ ਕੇ ਗੁਰੂ ਰਾਮ ਸਿੰਘ ਜੀ ਨੂੰ ਰੱਸੇ ਨਾਲ ਤੋਪ ਅੱਗੇ ਬੰਨ੍ਹ ਦਿੱਤਾ। ਕਾਹਨ ਸਿੰਘ ਨੇ ਵੇਖ ਕੇ ਕਿਹਾ :

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 114-115

2* ਉਪਰੋਕਤ, ਪੰਨਾ 124



Sri Satguru Jagjit Singh Ji Elibrary NamdhariElibrary@gmail.com

[1]*"ਕਾਬਲ ਸਿੰਘਾ ਤੈਨੇ ਇਹ ਗੱਲ ਮਾੜੀ ਕੀਤੀ ਹੈ। ਤੂੰ ਤਾਂ ਆਪਣਾ ਸੈਂ, ਤੈਨੇ ਤੋਪ ਨਾਲ ਕਿਉਂ ਬਨ੍ਹਣੇ ਸੇ। ਤੈਨੂੰ ਇਹ ਗੱਲ ਨਾ ਚਾਹੀਦੀ ਸੀ, ਤੂੰ ਤਾਂ ਸਕਾ ਸੈਂ।" ਕਾਹਨ ਸਿੰਘ ਨੇ ਝੱਟ-ਪੱਟ ਕੁੱਲ ਰੱਸੇ ਵੱਢ ਦਿੱਤੇ। ਸਤਿਗੁਰੂ ਜੀ ਕਾਬਲ ਸਿੰਘ ਕੋ ਸਰਾਫ ਦਿੱਤਾ, ਤੂੰ ਵੀ ਤੋਪ ਅੱਗੇ ਉਡੇਂਗਾ। ਕਾਬਲ ਸਿੰਘ 12 ਤੋਪਾਂ ਦਾ ਅਫ਼ਸਰ ਸੀ। (ਮੁਦਕੀ ਦੀ ਲੜਾਈ ਸਮੇਂ ਕਾਬਲ ਸਿੰਘ ਤੋਪ ਦੇ ਗੋਲੇ ਨਾਲ ਹੀ ਮਾਰਿਆ ਗਿਆ ਸੀ)

ਕਾਬਲ ਸਿੰਘ ਨੇ ਬਾਬਾ ਜੱਸਾ ਸਿੰਘ ਨੂੰ ਲਿਖ ਭੇਜਿਆ ਕਿ ਰਾਮ ਸਿੰਘ ਕਮਲਾ ਹੋਇਆ ਫਿਰਦਾ ਹੈ। ਇਸਨੂੰ ਪਹਿਨਣ ਅਤੇ ਖਾਣ-ਪੀਣ ਦੀ ਕੋਈ ਸੁੱਧ-ਬੁੱਧ ਨਹੀਂ ਰਹੀ। ਇਹ ਚਿੱਠੀ ਸੁਣ ਕੇ ਬਾਬਾ ਜੱਸਾ ਸਿੰਘ ਲਾਹੌਰ ਗਏ ਅਤੇ ਗੁਰੂ ਰਾਮ ਸਿੰਘ ਜੀ ਨੂੰ 12 ਦਿਨਾਂ ਦੀ ਛੁੱਟੀ ਲੈ ਕੇ ਆਪਣੇ ਨਾਲ ਹੀ ਭੈਣੀ ਲੈ ਆਏ। ਪਰਿਵਾਰ ਵਿੱਚ ਬੜੀ ਖੁਸ਼ੀ ਹੋਈ। ਛੁੱਟੀ ਕੱਟ ਕੇ ਜਦੋਂ ਵਾਪਸ ਲਾਹੌਰ ਪਹੁੰਚੇ ਤਾਂ ਹਾਲਾਤ ਦਿਨੋਂ-ਦਿਨ ਹੋਰ ਭੈੜੇ ਹੀ ਹੁੰਦੇ ਜਾ ਰਹੇ ਸਨ। ਸੰਤ ਸੰਤੋਖ ਸਿੰਘ ਬਾਹੋਵਾਲ ਨੇ ਆਪਣੀ ਪੁਸਤਕ 'ਸਤਿਗੁਰੂ ਬਿਲਾਸ' ਵਿੱਚ ਇਹ ਹਵਾਲਾ ਵੀ ਦਿੱਤਾ ਕਿ ਮਹਾਰਾਜਾ ਸ਼ੇਰ ਸਿੰਘ ਨੇ ਵੀ ਆਪ ਜੀ ਨੂੰ ਬੰਦੀ ਬਣਾ ਕੇ ਬੇੜੀਆਂ ਪਵਾ ਦਿੱਤੀਆਂ ਸਨ। ਇਸ ਘਟਨਾ ਨਾਲ ਕਰਤਾ ਨੇ ਕੁਝ ਕਰਾਮਾਤੀ ਘਟਨਾਵਾਂ ਦਾ ਵਰਣਨ ਵੀ ਕੀਤਾ ਹੈ, ਜਿਨ੍ਹਾਂ ਦੇ ਕਾਰਨ ਮਹਾਰਾਜਾ ਸ਼ੇਰ ਸਿੰਘ ਨੂੰ ਵੀ ਗੁਰੂ ਰਾਮ ਸਿੰਘ ਜੀ ਨੂੰ ਬੰਦੀ ਮੁਕਤ ਕਰਨਾ ਪਿਆ।

ਇੱਥੇ ਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਦੋ ਘਟਨਾਵਾਂ ਦਾ ਵਰਣਨ ਕਰਨਾ ਉੱਚਿਤ ਪ੍ਰਤੀਤ ਹੁੰਦਾ ਹੈ। ਜਿਸ ਤੋਂ ਸਾਫ਼ ਪ੍ਰਗਟ ਹੋ ਜਾਵੇਗਾ ਕਿ ਉਸ ਸਮੇਂ ਦਾ ਵਰਤ ਵਰਤਾਰਾ ਕਿਹੋ ਜਿਹਾ ਸੀ।

**ਮਲੇਛ ਖ਼ਾਲਸਾ**

ਇਹ ਪ੍ਰਸੰਗ ਸੰਤ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿੱਚ ਹੀ ਇੱਥੇ ਦਿੱਤਾ ਜਾ ਰਿਹਾ ਹੈ :

[2]*"ਏਕ ਦਿਨ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਲਿਆ ਓਏ ਕਾਨ੍ਹਿਆ ਮਾਰੀ ਬਰਦੀ ਪਾਈਏ। ਸਾਰੀ ਬਰਦੀ ਅੱਗੇ ਰੱਖੀ। ਬਰਦੀ ਪਹਿਰ ਕੇ ਗੁਰੂ ਜੀ ਜੰਗਲ ਮੈ ਜਾਇ ਕੇ ਭਜਨ ਕਰਦੇ ਰਹੇ। ਜਾ ਉੱਠ ਕੇ ਤੁਰਨ ਲੱਗੇ ਤਾਂ ਦੋ ਬੁਰਛੇ ਸ੍ਰੀ ਸਤਿਗੁਰੂ ਜੀ ਕੇ ਸਾਹਮਣੇ ਖਲੋਇਕੇ ਕਹਿਣ ਲੱਗੇ ਬਰਦੀ ਅਰ ਗਹਿਣੇ ਲਾਹ ਕੇ ਰੱਖ ਦਿਓ। ਬਚਨ ਕੀਤਾ ਇਕੋ ਫ਼ੌਜ ਕੇ ਰਹਿਣੇ ਵਾਲੇ ਹੈਂ। ਤੁਸੀਂ ਭੀ ਸਿੱਖ ਹੋ ਅਸੀਂ ਭੀ ਉਸ ਗੁਰੂ ਕੇ ਸਿੱਖ ਹੈਂ। ਬੁਰਛਿਆਂ ਨੇ ਕਿਹਾ ਕਿ ਬਹੁਤੀਆਂ

[1]* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 112

[2]* ਉਪਰੋਕਤ, ਪੰਨਾ 115



Sri Satguru Jagjit Singh Ji Elibrary NamdhariElibrary@gmail.com

ਗੱਲਾਂ ਨਾ ਕਰ, ਸਭ ਕੁਛ ਲਾਹ ਕੇ ਰੱਖ ਦਿਓ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਗੱਜ ਕੇ ਜੇਕਰ ਜ਼ੋਰ ਨਾਲ ਮੰਗੋ ਤਾਂ ਮੈਂ ਭੀ ਨਹੀਂ ਦੇਂਦਾ ਹਾਂ। ਜੇਕਰ ਆਪਣੀਆਂ ਜੜ੍ਹਾਂ ਪਟਾਉਣੀਆਂ ਹੈਨ ਤਾਂ ਲੈ ਲਵੋ। ਬੁਰਛੇ ਬੋਲੇ ਜੜ੍ਹਾਂ ਭਾਵੇਂ ਪੁੱਟੀਆਂ ਈ ਜਾਵਣ ਬਰਦੀ ਅਰ ਗਹਿਣੇ ਲਾਹ ਦਿਓ।

ਜਿਹੜੇ ਗਹਿਣੇ ਸੋਨੇ ਕੇ ਸੇ ਸੋ ਖਾਹ ਦੀਏ। ਬੁਰਛਿਆਂ ਨੇ ਕਹਿਆ ਕਿ ਬਸਤਰ ਭੀ ਉਤਾਰ ਦਿਓ। ਬਚਨ ਕੀਤਾ ਸਿਰੋਂ ਨੰਗਾ ਨਾ ਕਰਨਾ ਚਾਹੀਏ। ਬੁਰਛਿਆਂ ਨੇ ਕਿਹਾ ਕਿ ਅਸੀਂ ਨਹੀਂ ਛੱਡਣੇ ਹੈਂ। ਸੋ ਬਸਤਰ ਭੀ ਉਤਾਰ ਦੀਏ। ਸੀਸ ਪਰ ਦਸਤਾਰ ਸੀ, ਬੁਰਛਿਆਂ ਨੇ ਕਿਹਾ ਕਿ ਇਹ ਭੀ ਲਾਹ ਦਿਓ। ਬਚਨ ਕੀਤਾ ਤੁਹਾਨੂੰ ਗੁਰਾਂ ਕੀ ਸੌਗੰਧ ਹੈ ਜੇਕਰ ਤੁਸੀਂ ਸਿਰੋਂ ਨੰਗਾ ਕਰੋ। ਮਲੇਛਾਂ ਕਿਹਾ ਕਿ ਅਸਾਂ ਤੇ ਨਹੀਂ ਛੱਡਣੀ ਹੈ। ਫੁਰਤੀ ਨਾਲ ਲਾਹ ਕੇ ਦੋਨੋਂ ਹੱਥਾਂ ਨਾਲ ਧਰਤੀ ਪਰ ਮਾਰੀ ਦਸਤਾਰ ਤੇ ਬਚਨ ਕੀਤਾ ਮਲੇਛ ਪੰਥ ਕਾ ਨਾਸ। ਜੜ੍ਹਾਂ ਪੁੱਟੀਆਂ ਗਈਆਂ ਹੈ। .......ਸੰਤ ਖ਼ਾਲਸਾ ਵਧੇਗਾ ਅਤੇ ਮਲੇਛ ਖ਼ਾਲਸਾ ਘਟੇਗਾ। .......ਤੁਸੀਂ ਮਲੇਛ ਖ਼ਾਲਸਾ ਜ਼ੁਲਮੀਆਂ ਕਰਦੇ ਹੋ। ਤੁਹਾਡੀਆਂ ਜੜ੍ਹਾਂ ਅੱਜ ਥੀਂ ਪੁੱਟੀਆਂ ਗਈਆਂ ਹੈਂ। .........ਸ੍ਰੀ ਸਤਿਗੁਰੂ ਜੀ ਨਗਨ ਹੀ ਆਏ ਡੇਰੇ। ਸਿੰਘਾਂ ਪੁੱਛਿਆ ਤੁਹਾਡੇ ਬਸਤਰਾਂ, ਗਹਿਣਿਆਂ ਨੂੰ ਕੀ ਹੋਇਆ, ਤੁਸੀਂ ਨੰਗੇ ਹੀ ਆਏ ਹੋ ਡੇਰੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮਲੇਛਾਂ ਨੇ ਲੁਹਾ ਲਏ ਹੈਂ।"

ਮਹਾਰਾਜਾ ਰਣਜੀਤ ਸਿੰਘ ਦੇ ਕਾਲਵਾਸ ਹੋਣ ਪਿਛੋਂ ਸਤਿਗੁਰੂ ਬਿਲਾਸ ਦਾ ਲੇਖਕ ਉਸ ਸਮੇਂ ਦੀ ਦੁਰਦਸ਼ਾ ਬਾਰੇ ਇਸ ਪ੍ਰਕਾਰ ਲਿਖਦਾ ਹੈ :

[1*]"ਮਹਾਰਾਜਾ ਰਣਜੀਤ ਸਿੰਘ ਦੇ" ਪਿਛੋਂ ਜੋ ਜੋ ਨਿਕਟ-ਵਰਤੀ ਹਾਕਮ ਸੇ ਤਿਨ੍ਹਾਂ ਕਾ ਜ਼ੋਰ ਹੋਇਆ। ਮਾਸ ਸ਼ਰਾਬ ਕਬਾਬ ਬਹੁਤ ਖਾਣੇ ਲੱਗੇ। ਸ਼ੁਭ ਕਰਮ ਹਟਦੇ ਗਏ, ਮਾੜੇ ਕਰਮ ਸਰਬ ਲੋਕ ਕਰਨੇ ਲੱਗੇ। ਨੀਚ ਜਾਤਾਂ ਕੋ ਰਮਣੇ ਲਗੇ, ਮੁੰਡੇ ਅਤੇ ਵੇਸਵਾ ਕੇ ਜਾਨੇ ਲਗੇ। ਕਿਸੀ ਕਾ ਭੈ ਨਾ ਰਹਿਆ ਸਿਰ ਪਰ। ਆਪੋ ਆਪਣੇ ਹੁਕਮ ਚਲਾਉਣੇ ਲੱਗੇ। ਜ਼ੁਲਮੀਆਂ ਭੀ ਕਰਨੇ ਲੱਗੇ, ਪਰਤ੍ਰਿਆ ਕੀ ਸੇਜਾਂ ਜਾਨੇ ਲੱਗੇ। ਜ਼ੋਰ ਜ਼ੁਲਮ ਹੋਣ ਲੱਗਾ; ਪਰਜਾ ਬੜੀ ਦੁਖੀ ਹੋਈ। ਖ਼ਾਲਸਾ ਕਬੁੱਧੀ ਹੋਇਆ। ਚੰਗੇ ਕਰਮ ਛੱਡੇ ਅਤੇ ਮਾੜੇ ਕਰਮ ਕਰਨੇ ਲੱਗੇ। ਕਲਯੁਗ ਕਾ ਜ਼ੋਰ ਹੋਇਆ। ਸੰਕਰ ਬਰਨ ਹੋਨੇ ਲਗੇ, ਰੱਯਤ ਦੁਖੀ ਹੋਈ।"

**ਪੰਜਾਬ ਸਿੰਘ ਨੂੰ ਸਰਾਪ**

ਇੱਕ ਦਿਨ ਸਤਿਗੁਰੂ ਰਾਮ ਸਿੰਘ ਜੀ ਕੰਕਰ ਕੁੱਟੀ ਜਾ ਰਹੇ ਸਨ ਅਤੇ ਕਹਿ ਰਹੇ ਸਨ ਕਿ ਅਸੀਂ ਮਲੇਛ ਖ਼ਾਲਸੇ ਦਾ ਨਾਸ਼ ਕਰਨ ਲੱਗੇ ਹੋਏ ਹਾਂ। "ਏਨੇ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 104



Sri Satguru Jagjit Singh Ji Elibrary NamdhariElibrary@gmail.com

ਨੂੰ ਇੱਕ ਸੂਬੇਦਾਰ ਆਇਆ ਕਹਿਣ ਲੱਗਾ ਕੀ ਕੁੱਟਦੇ ਹੋ? ਬਚਨ ਕੀਤਾ ਮਲੇਛ ਖ਼ਾਲਸੇ ਨੂੰ ਵੱਢਣ ਟੁੱਕਣ ਲੱਗੇ ਹੋਏ ਹਾਂ। ਸਤਿਗੁਰੂ ਜੀ ਬਚਨ ਕੀਤਾ ਤੂੰ ਵਰ ਮੰਗ, ਜੋ ਮੰਗੇਗਾ ਸੋ ਦੇਵਾਂਗੇ। ਸੂਬੇਦਾਰ ਨੇ ਹਾਸੀ ਜਾਣੀ। ਕਹਿਣ ਲੱਗਾ ਹੋਰ ਤਾਂ ਕੁਛ ਨਹੀਂ ਲੋੜ ਇੱਕ ਕੰਜਰੀ, ਮਾਸ ਅਤੇ ਸ਼ਰਾਬ ਇਨ੍ਹਾਂ ਤਿੰਨਾਂ ਚੀਜ਼ਾਂ ਦੀ ਲੋੜ ਹੈ। ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇ ਕੇ ਬਚਨ ਕੀਤਾ - ਜਾ ਓ ਏ ਪੰਜਾਬਿਆ ਖ਼ਰਾਬਿਆ ਕੀ ਵਰ ਮੰਗਿਆ ਹੈ? ਗਲ ਕੇ ਮਰੇਂਗਾ ਘਾਹ ਵਾਂਗੂੰ ਚਲ ਜਾਵੇਂਗਾ। ਕੋਲੋਂ ਸਿੰਘਾਂ ਨੇ ਅਰਜ ਕਰੀ ਜੀ ਏਸਨੂੰ ਬਖਸ਼ੋ, ਬੇ-ਅਦਬੀ ਕੇ ਬੋਲ-ਕਬੋਲ ਕੀਤੇ ਹਨ। ਬਚਨ ਹੋਇਆ ਹੁਣ ਨਹੀਂ ਮੁੜਦਾ ਹੈ, ਵਾਕ ਪੂਰਾ ਹੋਇਕੇ ਰਹੇਗਾ।"

"ਜੈਸਾ ਵਰ ਮੰਗਿਆ ਤੈਸਾ ਹੀ ਮਿਲ ਗਿਆ। ਮਨਸਾ ਦੇਵੀ ਦੇ ਦਰਸ਼ਨ ਕਰਨ ਗਿਆ। ਪਹਾੜ ਮੇਂ ਆਤਸ਼ਕ ਨਾਲ ਬੀਮਾਰ ਹੋਇ ਗਿਆ; ਸਾਰਾ ਸਰੀਰ ਗਲ ਗਿਆ। ਨੌਕਰੀ ਛੱਡ ਕੇ ਘਰ ਨੂੰ ਚਲਾ ਗਿਆ। ਗਲ ਕੇ ਮਰ ਗਿਆ ਥੋੜ੍ਹੇ ਹੀ ਦਿਨਾਂ ਮੇਂ। ਘਾਸ ਵਾਂਗੂੰ ਜਲਾਇ ਦਿੱਤਾ।"

---

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 117



Sri Satguru Jagjit Singh Ji Elibrary NamdhariElibrary@gmail.com

## 17

# ਪੰਜਾਬ ਦੇ ਇਤਿਹਾਸ ਦੇ ਅਤਿ ਕਾਲੇ 10 ਸਾਲ

### (ੳ) ਪਹਿਲਾ ਦੌਰ 1839 ਤੋਂ 1845

27 ਜੂਨ, 1839 ਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕਾਲਵਾਸ ਹੋ ਗਿਆ। ਆਪਣੇ ਇਤਿਹਾਸਕ ਰਾਜ ਕਾਲ ਵਿੱਚ ਉਸਨੇ ਇੱਕ ਸਾਧਾਰਨ ਸ਼ੁਕਰਚੱਕੀਆ ਮਿਸਲ ਦੇ ਸਰਕਾਰ ਦੀ ਹੈਸੀਅਤ ਤੋਂ ਉੱਠ ਕੇ ਪੰਜਾਬ ਵਿੱਚ ਇੱਕ ਵਿਸ਼ਾਲ ਰਾਸ਼ਟਰੀ ਰਾਜ ਸਥਾਪਿਤ ਕਰ ਦਿੱਤਾ। ਕਹਿਣ ਨੂੰ ਤਾਂ ਭਾਵੇਂ ਇਹ ਖ਼ਾਲਸਾ ਰਾਜ ਸੀ ਅਤੇ ਲਾਹੌਰ ਦਰਬਾਰ ਨੂੰ ਵੀ ਖ਼ਾਲਸਾ ਦਰਬਾਰ ਕਰਕੇ ਜਾਣਿਆ ਜਾਂਦਾ ਸੀ, ਪਰ ਖ਼ਾਲਸੇ ਦੀ ਪ੍ਰਭੂਤਾ ਹੁੰਦਿਆਂ ਹੋਇਆਂ ਵੀ ਇਸ ਨੂੰ ਪੰਜਾਬੀਆਂ ਦਾ ਸਾਂਝਾ ਰਾਜ ਹੀ ਕਹਿਣਾ ਉੱਚਿਤ ਹੈ, ਕਿਉਂ ਜੋ ਸਭ ਪੰਜਾਬੀਆਂ ਦਾ ਉਸ ਨੂੰ ਨੈਤਿਕ ਸਮਰਪਣ ਪ੍ਰਾਪਤ ਸੀ। ਉਸ ਦੇ ਵਿਅਕਤੀਤੱਵ ਦੀ ਦ੍ਰਿੜਤਾ ਸੁੱਚੀ ਲਗਨ, ਆਤਮ ਵਿਸ਼ਵਾਸ ਅਤੇ ਸਭ ਵੱਲੋਂ ਮਿਲਵਰਤਨ ਪ੍ਰਾਪਤ ਕਰਨ ਦੀ ਯੋਗਤਾ ਕਾਰਨ ਉਹ ਇੱਕ ਨਿਰੰਕੁਸ਼ ਸਮਰਾਟ ਹੁੰਦਾ ਹੋਇਆ ਵੀ ਪੰਜਾਬੀਆਂ ਦਾ ਰਾਸ਼ਟਰ ਨਾਇਕ ਬਣ ਗਿਆ। ਉਸ ਦੀ ਮ੍ਰਿਤੂ ਸਮੇਂ ਪੰਜਾਬ ਰਾਜ ਦੀ ਸ਼ਾਨ ਸਿੱਖਰਾਂ ਉੱਤੇ ਸੀ, ਪਰ ਇਸ ਨੂੰ ਸੂਰਜ ਅਸਤ ਹੋਣ ਦੀ ਲਾਲੀ ਨਾਲ ਹੀ ਤੁਲਨਾ ਦਿੱਤੀ ਜਾ ਸਕਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਦੇ ਰਾਜਨੀਤਿਕ ਜੀਵਨ ਤੋਂ ਵੱਖ ਹੋਣ ਨਾਲ ਹੀ ਪੰਜਾਬ ਦੇ ਇਤਿਹਾਸ ਵਿੱਚ ਕਾਲੀ ਰਾਤ ਦਾ ਉਹ ਪਹਿਰਾ ਸ਼ੁਰੂ ਹੋਇਆ, ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿੱਚ ਘੱਟ ਹੀ ਮਿਲਦੀ ਹੈ। 1839 ਵਿੱਚ ਪੰਜਾਬ ਪੂਰੀ ਤਰ੍ਹਾਂ ਸੁਤੰਤਰ, ਏਸ਼ੀਆ ਦੀ ਸਭ ਤੋਂ ਵੱਡੀ ਸ਼ਕਤੀ ਸੀ, ਪਰ ਕੇਵਲ ਇੱਕ ਦਹਾਕੇ ਦੇ ਸਮੇਂ ਵਿੱਚ ਪੰਜਾਬ ਦੇ ਇਤਿਹਾਸ ਦੇ ਆਕਾਸ਼ ਉੱਤੇ ਅਜਿਹਾ ਗ੍ਰਹਿਣ ਲੱਗਾ ਕਿ 29 ਮਾਰਚ, 1849 ਨੂੰ ਅਰਥਾਤ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਉਣੇ ਤੋਂ ਦਸ ਸਾਲ ਤੋਂ ਵੀ ਘੱਟ ਸਮੇਂ ਵਿੱਚ ਪੰਜਾਬ ਅੰਗਰੇਜ਼ੀ ਸਾਮਰਾਜ ਦਾ ਗੁਲਾਮ ਬਣ ਗਿਆ। ਸਦੀਆਂ ਦੇ ਸੰਘਰਸ਼ ਪਿਛੋਂ ਪ੍ਰਾਪਤ ਕੀਤੀ ਗਈ



Sri Satguru Jagjit Singh Ji Elibrary NamdhariElibrary@gmail.com

ਆਜ਼ਾਦੀ ਕੇਵਲ 10 ਸਾਲ ਦੇ ਸਮੇਂ ਵਿੱਚ ਹੀ ਗੁਲਾਮੀ ਵਿੱਚ ਬਦਲ ਗਈ। ਇਤਿਹਾਸਕਾਰਾਂ ਦਾ ਮੱਤ ਹੈ ਕਿ ਇਸ ਦਾ ਕਾਰਨ 'ਸ਼ੇਰੇ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਅਤੇ ਉਸਦੇ ਉੱਤਰਅਧਿਕਾਰੀਆਂ ਮਹਾਰਾਜਾ ਖੜਕ ਸਿੰਘ (ਜੂਨ 1839 ਤੋਂ 5 ਨਵੰਬਰ, 1840), ਕੰਵਰ ਨੌਨਿਹਾਲ ਸਿੰਘ ਜੋ ਮਹਾਰਾਜਾ ਖੜਕ ਸਿੰਘ ਦੇ ਰਾਜਕਾਲ ਵਿੱਚ ਕੁਝ ਸਮੇਂ ਲਈ ਰਾਜ ਪ੍ਰਬੰਧ ਚਲਾਉਂਦਾ ਰਿਹਾ, ਭਾਵੇਂ ਇੱਕ ਸੁਯੋਗ ਪ੍ਰਬੰਧਕ ਅਤੇ ਆਪਣੇ ਬਾਬੇ ਰਣਜੀਤ ਸਿੰਘ ਵਾਲੇ ਕਈ ਗੁਣਾਂ ਦਾ ਮਾਲਕ ਸੀ, ਵੀ ਆਪਣੇ ਪਿਤਾ ਦੇ ਨਾਲ ਹੀ 5 ਨਵੰਬਰ, 1840 ਨੂੰ ਸ਼ਾਹੀ ਕਿਲ੍ਹੇ ਦੇ ਦਰਵਾਜੇ ਦੇ ਛੱਜੇ ਡਿੱਗਣ ਦੇ ਹਾਦਸੇ ਜਾਂ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ। ਜੇਕਰ ਇਹ ਹਾਦਸਾ ਨਾ ਵਾਪਰਦਾ ਤਾਂ ਇਤਿਹਾਸਕਾਰਾਂ ਦਾ ਮੱਤ ਹੈ ਕਿ ਪੰਜਾਬ ਰਾਜ ਨੂੰ ਇੱਕ ਸੁਯੋਗ ਅਤੇ ਸ਼ਕਤੀਸ਼ਾਲੀ ਹੁਕਮਰਾਨ ਪ੍ਰਾਪਤ ਹੋ ਜਾਂਦਾ, ਪਰ ਹੋਣੀ ਨੂੰ ਇਹ ਮਨਜ਼ੂਰ ਨਹੀਂ ਸੀ। ਇਸ ਤੋਂ ਪਿਛੋਂ ਕੁਝ ਸਮੇਂ ਲਈ ਕੰਵਰ ਨੌਨਿਹਾਲ ਸਿੰਘ ਦੀ ਮਾਤਾ ਮਹਾਰਾਣੀ ਚੰਦ ਕੌਰ (ਨਵੰਬਰ 1840 ਤੋਂ ਜਨਵਰੀ 1841) ਨੇ ਰਾਜ ਭਾਗ ਦਾ ਕਾਰਜ ਸੰਭਾਲੀ ਰੱਖਿਆ, ਪਰ ਆਪਣੀ ਅਯੋਗਤਾ ਕਾਰਨ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਟਕਰਾਉ ਅਤੇ ਦਰਬਾਰੀਆਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਕੇ ਉਹ ਵੀ ਆਪਣੇ ਦੁਖਾਂਤਿਕ ਅੰਤ ਤੱਕ ਪਹੁੰਚੀ।

20 ਜਨਵਰੀ, 1841 ਨੂੰ ਸ਼ੇਰ ਸਿੰਘ ਪੰਜਾਬ ਦਾ ਮਹਾਰਾਜਾ ਬਣਿਆ, ਪਰ ਉਸ ਦਾ ਦੁਖਾਂਤਕ ਅੰਤ ਵੀ 15 ਸਤੰਬਰ, 1843 ਨੂੰ ਕਰ ਦਿੱਤਾ ਗਿਆ। ਉਸੇ ਦਿਨ ਉਸ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਵੀ ਕਤਲ ਕਰ ਦਿੱਤਾ ਗਿਆ। ਇਹ ਪੰਜਾਬ ਦੇ ਇਤਿਹਾਸ ਦਾ ਅਤਿ ਕਾਲਾ ਦਿਨ ਸੀ, ਜਿਸ ਵਿੱਚ ਲਾਹੌਰ ਦਰਬਾਰ ਦੇ ਵਜੀਰ ਧਿਆਨ ਸਿੰਘ ਸਮੇਤ ਕਈ ਪ੍ਰਮੁੱਖ ਸਰਦਾਰ ਕਤਲ ਕੀਤੇ ਗਏ ਅਤੇ ਕੇਵਲ 5 ਸਾਲ ਦੀ ਬਾਲ ਉਮਰ ਵਿੱਚ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਦਲੀਪ ਸਿੰਘ (ਜਨਮ 6 ਸਤੰਬਰ, 1838) ਨੂੰ ਮਹਾਰਾਜਾ ਥਾਪਿਆ ਗਿਆ, ਜਿਸ ਦਾ ਸੰਵਿਧਾਨਕ ਰਾਜ ਅਧਿਕਾਰ 29 ਮਾਰਚ, 1849 ਤੱਕ ਸਥਾਪਿਤ ਰਿਹਾ। ਇਸ ਪਿਛੋਂ ਅੰਗਰੇਜ਼ੀ ਹਾਕਮਾਂ ਨੇ ਆਪਣੀ ਸਾਮਰਾਜਵਾਦੀ ਨੀਤੀ ਅਧੀਨ ਉਸਨੂੰ ਰਾਜ ਗੱਦੀ ਤੋਂ ਉਤਾਰ ਕੇ ਪੰਜਾਬ ਦੇ ਵਿਸ਼ਾਲ ਰਾਜ ਨੂੰ ਆਪਣੇ ਅੰਗਰੇਜ਼ੀ ਸ਼ਾਸ਼ਨ ਅਧੀਨ ਲੈ ਆਉਂਦਾ।

ਇਨ੍ਹਾਂ 10 ਸਾਲਾਂ ਦੇ ਕਾਲ ਨੂੰ ਦੋ ਭਾਗਾਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ :

(ੳ) ਅੰਗਰੇਜਾਂ ਅਤੇ ਸਿੰਘਾਂ ਦੀ ਲੜਾਈ ਤੋਂ ਪਹਿਲਾਂ ਦਾ ਸਮਾਂ ਅਰਥਾਤ 1839 ਤੋਂ ਨਵੰਬਰ 1845 ਤੱਕ



Sri Satguru Jagjit Singh Ji Elibrary NamdhariElibrary@gmail.com

(ਅ) ਦਸੰਬਰ 1845 ਤੋਂ 1849 ਤੱਕ (ਜਿਸ ਵਿੱਚ ਅੰਗਰੇਜ਼ਾਂ ਨਾਲ ਸਿੰਘਾਂ ਦੀਆਂ ਦੋ ਲੜਾਈਆਂ ਹੋਈਆਂ ਅਤੇ ਪੰਜਾਬ ਦੇ ਅੰਗਰੇਜ਼ੀ ਰਾਜ ਵਿੱਚ ਰਲੇਵੇਂ ਤੱਕ ਦਾ ਸਮਾਂ ਸ਼ਾਮਿਲ ਹੈ।

**1839 ਤੋਂ ਨਵੰਬਰ 1845 ਤੱਕ ਦੇ ਪ੍ਰਮੁੱਖ ਸਮਾਚਾਰ**

ਮਹਾਰਾਜਾ ਰਣਜੀਤ ਸਿੰਘ ਦੇ ਅੰਤ ਸਮੇਂ ਦੇ ਇਤਿਹਾਸਕ ਸਮਾਚਾਰਾਂ ਨੂੰ ਖੁਸ਼ਵੰਤ ਸਿੰਘ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

[1*]"ਪੰਜਾਬ ਦੇ ਮਹਾਰਾਜੇ ਰਣਜੀਤ ਸਿੰਘ ਦਾ ਦੇਹਾਂਤ 27 ਜੂਨ, 1839 ਦੇ ਲੌਢੇ ਪਹਿਰ ਨੂੰ ਹੋਇਆ। ਆਪਣੇ ਚਾਲੀ ਸਾਲਾਂ ਦੇ ਰਾਜਕਾਲ ਵਿੱਚ ਉਸਨੇ ਸਿੱਖਾਂ ਦੇ ਆਪਸ ਵਿੱਚ ਝਗੜਦੇ ਵੱਖ-ਵੱਖ ਭਾਗਾਂ ਨੂੰ ਇੱਕ ਸੂਤਰ ਵਿੱਚ ਪ੍ਰੋ ਦਿੱਤਾ ਅਤੇ ਪੰਜਾਬ ਵਾਸੀਆਂ ਨੂੰ ਇੱਕ ਖੁਸ਼ਹਾਲ, ਬਲਵਾਨ ਰਾਸ਼ਟਰ ਦੇ ਰੂਪ ਵਿੱਚ ਸੁਸੰਗਠਿਤ ਕਰ ਦਿੱਤਾ। ਗੁਰੂ ਨਾਨਕ ਦਾ ਹਿੰਦੂ ਮੁਸਲਮਾਨਾਂ ਨੂੰ ਇਕੱਠਾ ਕਰਨਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਇਨ੍ਹਾਂ ਲੋਕਾਂ ਨੂੰ ਬੀਰ ਭਾਵੀ ਯੋਧਿਆਂ ਦੇ ਭਾਈਚਾਰੇ ਵਿੱਚ ਜਥੇਬੰਦ ਕਰਨ ਦੇ ਸੁਪਨੇ ਅਤੇ ਆਦਰਸ਼ ਸਾਕਾਰ ਹੋ ਗਏ। ਪੰਜਾਬ ਹੁਣ ਵਿਦੇਸ਼ੀ ਸੈਨਾ ਜੋ ਹਿੰਦੁਸਤਾਨ ਉੱਤੇ ਆਪਣੀ ਪ੍ਰਭੂਤਾ ਸਥਾਪਿਤ ਕਰਨ ਦੀ ਲਾਲਸਾ ਰੱਖਦੀ ਸੀ, ਲਈ ਅਖਾੜਾ ਨਾ ਰਿਹਾ, ਸਗੋਂ ਇਸ ਦੇ ਉਲਟ ਪੰਜਾਬ ਹੁਣ ਹਿੰਦੁਸਤਾਨ ਦਾ ਇੱਕ ਸ਼ਕਤੀਸ਼ਾਲੀ ਰਾਜ ਹੀ ਨਹੀਂ ਸੀ ਸਗੋਂ ਏਸ਼ੀਆ ਦਾ ਸਭ ਤੋਂ ਮਜ਼ਬੂਤ/ਬਲਵਾਨ ਰਾਜ ਬਣ ਚੁੱਕਾ ਸੀ। ਪਠਾਣਾਂ ਅਤੇ ਅਫ਼ਗਾਨਾਂ ਦੀ ਕਈ ਸਦੀਆਂ ਦੀ ਗੁਲਾਮੀ ਪਿਛੋਂ ਪੰਜਾਬ ਹੁਣ ਉਨ੍ਹਾਂ ਦੇ ਇਲਾਕੇ ਅਤੇ ਵਿਸ਼ੇਸ਼ ਕਰਕੇ ਕਾਬਲ ਦੇ ਅਮੀਰ ਦੀ ਚੋਣ ਵਿੱਚ ਵੀ ਪੰਚਾਂ ਵਾਲੀ ਭੂਮਿਕਾ ਨੂੰ ਨਿਭਾ ਰਿਹਾ ਸੀ; ਪੰਜਾਬ ਹੁਣ ਉਨ੍ਹਾਂ ਦੇ ਇਲਾਕਿਆਂ ਤੱਕ ਆਪਣੀਆਂ ਹੱਦਾਂ ਨੂੰ ਲਿਜਾ ਚੁੱਕਾ ਸੀ।

ਪੰਜਾਬ ਨੇ ਚੀਨ ਦੀ ਹੱਦ ਤਿੱਬਤ ਤੱਕ ਆਪਣੇ ਰਾਜ ਦਾ ਵਿਸਥਾਰ ਕਰ ਲਿਆ ਸੀ। ਅੰਗਰੇਜ਼ਾਂ ਦੇ ਪੱਛਮ ਵੱਲ ਵਾਧੇ ਨੂੰ ਰੋਕ ਦਿੱਤਾ ਸੀ। ਕੋਈ ਵੀ ਹਮਲਾਵਰ ਪੰਜਾਬ ਉੱਤੇ ਚੜ੍ਹਾਈ ਕਰਨ ਦਾ ਹੌਸਲਾ ਨਹੀਂ ਸੀ ਰੱਖਦਾ ਅਤੇ ਨਾ ਹੀ ਉਨ੍ਹਾਂ ਦੀਆਂ ਭਰਪੂਰ ਪੱਕੀਆਂ ਕਣਕ ਦੀਆਂ ਫ਼ਸਲਾਂ ਨੂੰ ਉਜਾੜ ਸਕਦਾ ਸੀ।

ਪੰਜਾਬ ਦੀਆਂ ਸੜਕਾਂ ਉੱਤੇ ਸਫ਼ਰ ਕਰਨਾ ਹੁਣ ਖ਼ਤਰਨਾਕ ਨਹੀਂ ਸੀ ਰਿਹਾ। ਇੱਕ ਵਾਰ ਫਿਰ ਮੱਧ ਏਸ਼ੀਆ ਅਤੇ ਹਿੰਦੁਸਤਾਨ ਦੇ ਵਪਾਰੀਆਂ ਦੇ ਕਾਫ਼ਲੇ ਆਪਣੇ ਤਜਾਰਤੀ ਮਾਲ ਦਾ ਵਟਾਂਦਰਾ ਪੰਜਾਬ ਦੀਆਂ ਮੰਡੀਆਂ ਵਿੱਚ

---

[1*] ਖੁਸ਼ਵੰਤ ਸਿੰਘ, ਏ ਹਿਸਟਰੀ ਆਵ ਦ ਸਿੱਖਸ (1839-1988), ਜਿਲਦ 2, ਪੰਨਾ 3

[2*] ਉਪਰੋਕਤ, ਪੰਨਾ 3



Sri Satguru Jagjit Singh Ji Elibrary NamdhariElibrary@gmail.com

ਆ ਕੇ ਕਰਦੇ ਸਨ। ਇਹ ਉਸ ਬਲਵਾਨ ਵਿਅਕਤੀ ਦੇ ਕਾਰਨ ਸੰਭਵ ਹੋ ਸਕਿਆ ਜੋ ਆਮ ਜਨਤਾ ਵਿੱਚੋਂ ਹੀ ਉੱਠਿਆ ਸੀ ਅਤੇ ਹੁਣ ਉਨ੍ਹਾਂ ਦਾ ਨੇਤਾ ਸੀ। ਰਣਜੀਤ ਸਿੰਘ ਉਸ ਵੱਡੇ ਬੋਹੜ ਦੇ ਬ੍ਰਿਛ ਦੀ ਨਿਆਈਂ ਸੀ, ਜਿਸ ਦੀ ਠੰਡੀ ਛਾਂ ਸਾਰੇ ਇਲਾਕੇ ਉੱਤੇ ਫੈਲੀ ਹੋਈ ਸੀ। ਪਰ ਉਸ ਦੀ ਮੌਤ ਸਮੇਂ ਕੋਈ ਵੀ ਅਜਿਹਾ ਵਿਅਕਤੀ ਨਹੀਂ ਸੀ, ਜੋ ਇੱਕ ਉੱਤਰਅਧਿਕਾਰੀ ਦੇ ਰੂਪ ਵਿੱਚ ਇਸ ਰਾਜ ਦੀ ਹੋਣੀ ਦਾ ਮਸੀਹਾ ਬਣ ਸਕਦਾ।

ਕਹਿਣ ਨੂੰ ਤਾਂ ਭਾਵੇਂ "ਰਣਜੀਤ ਸਿੰਘ ਦੇ ਸੱਤ ਪੁੱਤਰ ਸਨ, ਜੋ ਵੱਖ-ਵੱਖ ਮਾਂਵਾਂ ਦੇ ਪੇਟੋਂ ਜੰਮੇ ਸਨ, ਪਰ ਉਨ੍ਹਾਂ ਵਿੱਚ ਭ੍ਰਾਤਰੀ ਭਾਵ ਦੀ ਥਾਂ ਭਰਾਮਾਰੂ ਭਾਵਨਾ ਵਧੇਰੇ ਵਿਆਪਕ ਸੀ।"

ਡਾ: ਹਰੀ ਰਾਮ ਗੁਪਤਾ ਦੇ ਮਤ ਦਾ ਖੰਡਨ ਪਹਿਲਾਂ ਵੀ ਕੀਤਾ ਜਾ ਚੁੱਕਾ ਹੈ ਕਿ ਜੇਕਰ ਮਹਾਰਾਜਾ ਰਣਜੀਤ ਸਿੰਘ ਆਪਣੇ ਸੱਤਾਂ ਪੁੱਤਰਾਂ ਨੂੰ ਵੱਖ-ਵੱਖ ਇਲਾਕੇ ਵੰਡ ਦਿੰਦਾ ਤਾਂ ਉਹ ਛੋਟੀਆਂ ਦੇਸੀ ਰਿਆਸਤਾਂ ਦੇ ਰੂਪ ਵਿੱਚ ਅੰਗਰੇਜ਼ਾਂ ਦੇ ਰਾਜ ਵਿੱਚ ਹੀ ਆਪਣੀ ਹੋਂਦ ਨੂੰ ਕਾਇਮ ਰੱਖ ਸਕਦੀਆਂ ਸਨ, ਪਰ ਅਜਿਹੀ ਹਾਲਤ ਵਿੱਚ ਇਨ੍ਹਾਂ ਰਿਆਸਤਾਂ ਦੀ ਸ਼ਕਤੀ ਖੱਸੀ ਕੀਤੇ ਗਏ ਬੈਲ ਸਮਾਨ ਹੀ ਹੋਣੀ ਸੀ। ਅਜਿਹੀ ਹਾਲਤ ਵਿੱਚ ਪੰਜਾਬ ਰਾਜ ਦਾ ਇੱਕ ਇਕਾਈ ਵਿੱਚ ਸੰਗਠਨ ਜੋ ਇਸ ਦੀ ਅਸਲ ਸ਼ਕਤੀ ਸੀ, ਨੂੰ ਵੀ ਕਾਇਮ ਨਹੀਂ ਸੀ ਰੱਖਿਆ ਜਾ ਸਕਦਾ।

**ਲਾਹੌਰ ਦਰਬਾਰ ਵਿੱਚ ਸਾਜ਼ਿਸ਼ਾਂ ਅਤੇ ਬੁਰਛਾਗਰਦੀ ਦਾ ਦੌਰ**

ਖ਼ਾਲਸਾ ਦਰਬਾਰ ਦੀ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ ਵਾਲੇ ਕਈ ਕਾਰਨ ਸਨ। ਸਭ ਤੋਂ ਪਹਿਲਾ ਤਾਂ ਰਾਜ ਦਰਬਾਰ ਵਿੱਚ ਦੋ ਵਿਰੋਧੀ ਧੜਿਆਂ ਦੀ ਹੋਂਦ ਸੀ। ਇੱਕ ਬੰਨ੍ਹੇ ਰਾਜਾ ਧਿਆਨ ਸਿੰਘ ਅਤੇ ਡੋਗਰਿਆਂ – ਗੁਲਾਬ ਸਿੰਘ, ਸੁਚੇਤ ਸਿੰਘ ਅਤੇ ਹੀਰਾ ਸਿੰਘ ਦਾ ਧੜਾ ਸੀ ਅਤੇ ਦੂਜੇ ਬੰਨ੍ਹੇ ਸੰਧਾਵਾਲੀਏ ਸਰਦਾਰ – ਅੱਤਰ ਸਿੰਘ, ਲਹਿਣਾ ਸਿੰਘ ਅਤੇ ਅਜੀਤ ਸਿੰਘ ਸਨ, ਜੋ ਮਹਾਰਾਜੇ ਰਣਜੀਤ ਸਿੰਘ ਦੇ ਭਾਈਚਾਰੇ ਵਿੱਚੋਂ ਸਨ। ਇਨ੍ਹਾਂ ਨੂੰ ਅਟਾਰੀਵਾਲੇ ਅਤੇ ਮਜੀਠੀਆਂ ਸਰਦਾਰਾਂ ਦੀ ਹਮਾਇਤ ਪ੍ਰਾਪਤ ਸੀ; ਇਨ੍ਹਾਂ ਨੂੰ ਮਝੈਲ ਧੜਾ ਵੀ ਕਿਹਾ ਜਾ ਸਕਦਾ ਹੈ, ਕਿਉਂ ਜੋ ਸਾਰੇ ਮਾਝੇ ਦੇ ਵਾਸੀ ਸਨ। ਇਨ੍ਹਾਂ ਦੋਹਾਂ ਧੜਿਆਂ ਵਿੱਚ ਵੱਧ ਤੋਂ ਵੱਧ ਸ਼ਕਤੀ ਪ੍ਰਾਪਤ ਕਰਨ ਦੀ ਲਾਲਸਾ ਮੌਜੂਦ ਸੀ। ਪੰਜਾਬ ਦਾ ਇੱਕ ਪ੍ਰਸਿੱਧ ਅਖਾਣ ਹੈ :

*ਸਾਹਨ ਸਾਹਨ ਭਿੜਣ ਲੱਗੇ, ਬੂਟਿਆਂ ਦਾ ਖਉ*

ਇਨ੍ਹਾਂ ਦੋਹਾਂ ਧੜਿਆਂ ਦੀ ਲੜਾਈ ਵਿੱਚ ਰਣਜੀਤ ਸਿੰਘ ਦੇ ਖਾਨਦਾਨੀ ਵਾਰਸਾਂ ਦਾ ਹੀ ਅੰਤ ਹੋਇਆ। ਇਹ ਮੁਗਲ ਕਾਲ ਦੇ ਦੋ ਧੜਿਆਂ (1712-



Sri Satguru Jagjit Singh Ji Elibrary NamdhariElibrary@gmail.com

1721) ਦੱਖਣੀ ਅਤੇ ਦੁਰਾਨੀ ਦੀ ਯਾਦ ਤਾਜ਼ਾ ਕਰਵਾ ਦਿੰਦੇ ਹਨ। ਇਸ ਸਾਜ਼ਿਸ਼ ਵਿੱਚ ਪੰਜਾਬ ਰਾਜ ਨੂੰ ਖ਼ਤਮ ਕਰਨ ਵਿੱਚ ਇੱਕ ਹੋਰ ਤੀਜਾ ਧੜਾ ਵੀ ਸੀ, ਉਹ ਸੀ ਅੰਗਰੇਜ਼। ਅੰਗਰੇਜ਼ੀ ਸਰਕਾਰ ਦੀ ਕੂਟਨੀਤੀ ਦਾ ਸੰਚਾਲਨ ਵੱਖ-ਵੱਖ ਸਮੇਂ ਆਏ ਗਵਰਨਰ ਜਰਨਲਾਂ ਅਤੇ ਹੋਰ ਅਧਿਕਾਰੀਆਂ ਨੇ ਗੁਪਤ ਅਤੇ ਪ੍ਰਗਟ ਰੂਪ ਵਿੱਚ ਕੀਤਾ। ਇਨ੍ਹਾਂ ਸਾਜ਼ਿਸ਼ਾਂ ਦਾ ਗੁਪਤ ਢੰਗ ਨਾਲ ਆਰੰਭ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਹੋ ਚੁੱਕਾ ਸੀ, ਪਰ ਇਹ ਸਭ ਕੁਝ ਉਸ ਦੇ ਵਿਰਾਟ ਵਿਅਕਤੀਤੱਵ ਦੀ ਪ੍ਰਭੁਤਾ ਦੇ ਪਰਛਾਵੇਂ ਥੱਲੇ ਦੱਬਿਆ ਰਿਹਾ।

ਇਸ ਬੁਰਛਾਗਰਦੀ ਦਾ ਆਰੰਭ ਮਹਾਰਾਜਾ ਖੜਕ ਸਿੰਘ ਦੇ ਰਾਜ ਕਾਲ ਵਿੱਚ ਆਰੰਭ ਹੋ ਗਿਆ ਸੀ, ਭਾਵੇਂ 21 ਜੂਨ, 1839 ਨੂੰ ਆਪਣੇ ਦੇਹਾਂਤ ਤੋਂ ਕੁਝ ਦਿਨ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਉੱਤਰਅਧਿਕਾਰੀ ਦੇ ਰੂਪ ਵਿੱਚ ਮਹਾਰਾਜਾ ਖੜਕ ਸਿੰਘ ਨੂੰ ਅਤੇ ਮਹਾਂਮੰਤਰੀ ਦੇ ਰੂਪ ਵਿੱਚ ਰਾਜਾ ਧਿਆਨ ਸਿੰਘ ਨੂੰ ਇੱਕ-ਦੂਜੇ ਦੇ ਹੱਥ ਫੜਾ ਕੇ ਸੁਗੰਧਾਂ ਲਈਆਂ ਸਨ ਕਿ ਉਹ ਇੱਕ-ਦੂਜੇ ਦੇ ਵਫ਼ਾਦਾਰ ਰਹਿਣਗੇ, ਪਰ ਛੇਤੀ ਹੀ ਮਹਾਰਾਜਾ ਖੜਕ ਸਿੰਘ ਨੇ ਵਜ਼ੀਰੀ ਦਾ ਕਾਰਜ ਆਪਣੀ ਪਤਨੀ ਈਸ਼ਰ ਕੌਰ ਦੇ ਇੱਕ ਰਿਸ਼ਤੇਦਾਰ ਚੇਤ ਸਿੰਘ ਬਾਜਵੇ ਨੂੰ ਸੌਂਪ ਦਿੱਤਾ, ਜੋ ਅਭਿਮਾਨੀ ਅਤੇ ਰਾਜ ਅਭਿਲਾਸੀ ਵੀ ਸੀ। ਧਿਆਨ ਸਿੰਘ ਲਈ ਇਹ ਗੱਲ ਅਸਹਿ ਸੀ, ਕਿਉਂ ਜੋ ਇਹ ਉਸ ਦੀ ਸ਼ਕਤੀ ਉੱਤੇ ਸਿੱਧਾ ਵਾਰ ਸੀ। ਉਸਨੇ ਮਹਾਰਾਣੀ ਚੰਦ ਕੌਰ ਦੇ ਸਪੁੱਤਰ ਕੰਵਰ ਨੌਨਿਹਾਲ ਸਿੰਘ ਨੂੰ ਆਪਣੇ ਪੱਖ ਵਿੱਚ ਕਰਨ ਦਾ ਯਤਨ ਕੀਤਾ। ਆਪਣੇ ਪਿਤਾ ਦੀ ਤੁਲਨਾ ਵਿੱਚ ਕੰਵਰ ਨੌਨਿਹਾਲ ਸਿੰਘ ਵਧੇਰੇ ਚਤਰ ਬੁੱਧ ਰਾਜ ਪ੍ਰਬੰਧ ਵਿੱਚ ਵਧੇਰੇ ਕੁਸ਼ਲ ਅਤੇ ਦੂਰ-ਅੰਦੇਸ਼ ਸੀ ਉਹ ਧਿਆਨ ਸਿੰਘ ਦੀ ਇਸ ਚਾਲ ਵਿੱਚ ਤਾਂ ਆ ਗਿਆ ਸੀ ਕਿ ਚੇਤ ਸਿੰਘ ਬਾਜਵਾ ਨੂੰ ਰਾਜਸਤਾ ਤੋਂ ਲਾਂਭੇ ਹਟਾਇਆ ਜਾਵੇ। ਉਸ ਸਮੇਂ ਦੀ ਸਭ ਤੋਂ ਵੱਡੀ ਰਾਜਨੀਤਿਕ ਚਾਲ ਇਹ ਹੁੰਦੀ ਸੀ ਕਿ ਕੌਣ ਅੰਗਰੇਜ਼ਾਂ ਨਾਲ ਸਾਜ-ਬਾਜ ਕਰਕੇ ਉਨ੍ਹਾਂ ਤੋਂ ਸਹਾਇਤਾ ਲੈਣੀ ਚਾਹੁੰਦਾ ਹੈ? ਖੜਕ ਸਿੰਘ ਦੇ ਸੰਬੰਧ ਵਿੱਚ ਇਹ ਅਫਵਾਹ ਫੈਲਾਈ ਗਈ ਕਿ ਉਹ ਅੰਗਰੇਜ਼ਾਂ ਨਾਲ ਗੁਪਤ ਸਾਜ-ਬਾਜ ਕਰਕੇ ਪੰਜਾਬ ਦੀ ਆਮਦਨ ਵਿੱਚੋਂ ਰੁਪਏ ਵਿੱਚੋਂ ਛੇ ਆਨੇ ਅੰਗਰੇਜ਼ਾਂ ਨੂੰ ਦੇ ਕੇ ਪੰਜਾਬ ਨੂੰ ਉਨ੍ਹਾਂ ਦੇ ਅਧੀਨ ਕਰਨਾ ਚਾਹੁੰਦਾ ਹੈ।

ਦੂਜੀ ਰਾਜ ਲਈ ਵੱਡੀ ਸਿਰਦਰਦੀ ਇਹ ਸੀ ਕਿ ਏਡੀ ਵੱਡੀ ਖ਼ਾਲਸਾ ਸੈਨਾ ਦੀਆਂ ਤਲਬਾਂ ਦਾ ਭੁਗਤਾਨ ਕਿਸ ਤਰ੍ਹਾਂ ਕੀਤਾ ਜਾਵੇ। ਸੈਨਾ ਦੇ ਬਕਾਏ ਦੀ ਅਦਾਇਗੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਦੋ-ਦੋ ਸਾਲ ਪੱਛੜ ਰਹਿੰਦੀ ਸੀ। ਇਤਿਹਾਸਕਾਰਾਂ ਦਾ ਮਤ ਹੈ ਕਿ 1821 ਤੋਂ ਪਿਛੋਂ ਫੌਜ ਨੇ ਕੋਈ



Sri Satguru Jagjit Singh Ji Elibrary NamdhariElibrary@gmail.com

ਵੱਡੀ ਜਿੱਤ ਪ੍ਰਾਪਤ ਨਹੀਂ ਸੀ ਕੀਤੀ, ਬਹੁਤੇ ਇਲਾਕੇ ਪਹਿਲਾਂ ਹੀ ਫ਼ਤਹਿ ਹੋ ਚੁੱਕੇ ਸਨ। ਇਹ ਵੱਡੀ ਸੈਨਾ ਆਮਦਨ ਦਾ ਸਾਧਨ ਨਹੀਂ ਸੀ, ਸਗੋਂ ਸ਼ਾਹੀ ਖ਼ਜ਼ਾਨੇ ਉੱਤੇ ਇੱਕ ਵੱਡਾ ਭਾਰ ਸੀ। ਖ਼ਾਲਸਾ ਸੈਨਾ ਵਿੱਚ ਅੰਗਰੇਜ਼ ਵਿਰੋਧੀ ਜਜ਼ਬਾ ਸ਼ੁਰੂ ਤੋਂ ਹੀ ਕੰਮ ਕਰ ਰਿਹਾ ਸੀ ਅਤੇ ਇਹ ਜਜ਼ਬਾ ਖ਼ਾਲਸਾ ਸੈਨਾ ਵਿੱਚ ਅੰਤਿਮ ਸਮੇਂ ਤੱਕ ਕਾਇਮ ਰਿਹਾ।

**ਲਾਹੌਰ ਦਰਬਾਰ ਵਿੱਚ ਕਤਲਾਂ ਦਾ ਸਿਲਸਿਲਾ**

ਸਭ ਤੋਂ ਪਹਿਲਾ ਕਤਲ ਖੜਕ ਸਿੰਘ ਦੇ ਚਹੇਤੇ ਚੇਤ ਸਿੰਘ ਬਾਜਵਾ ਦਾ 8 ਅਕਤੂਬਰ, 1839 ਨੂੰ ਕੀਤਾ ਗਿਆ, ਜਿਸ ਵਿੱਚ ਰਾਜਾ ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ, ਕੰਵਰ ਨੌਨਿਹਾਲ ਸਿੰਘ ਅਤੇ ਕਈ ਹੋਰ ਸ਼ਾਮਲ ਸਨ; ਜਿਨ੍ਹਾਂ ਨੇ ਖੜਕ ਸਿੰਘ ਦੇ ਸੌਣ ਵਾਲੇ ਕਮਰੇ ਵਿੱਚ ਜਾ ਕੇ ਉਸ ਦੇ ਸਾਹਮਣੇ ਚੇਤ ਸਿੰਘ ਦਾ ਕਤਲ ਕਰ ਦਿੱਤਾ। ਸਭ ਤੋਂ ਪਹਿਲਾ ਵਾਰ ਰਾਜਾ ਧਿਆਨ ਸਿੰਘ ਦੇ ਹੱਥੋਂ ਹੀ ਹੋਇਆ। ਇਸ ਕਤਲ ਪਿਛੋਂ ਮਹਾਰਾਜਾ ਖੜਕ ਸਿੰਘ ਦੇ ਰਾਜ ਅਧਿਕਾਰ ਸੀਮਿਤ ਕਰ ਦਿੱਤੇ ਗਏ। ਮਿਸਰ ਬੇਲੀ ਰਾਮ ਅਤੇ ਉਸਦੇ ਭਰਾਵਾਂ ਨੂੰ ਬੰਦੀਖਾਨੇ ਵਿੱਚ ਸੁੱਟ ਦਿੱਤਾ ਗਿਆ। ਕੰਵਰ ਨੌਨਿਹਾਲ ਸਿੰਘ ਨੇ ਰਾਜ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ। ਮਹਾਰਾਜਾ ਖੜਕ ਸਿੰਘ ਪ੍ਰਤੀ ਕੰਵਰ ਨੇ ਏਨੀ ਬੇਰੁੱਖੀ ਵਿਖਾਈ ਕਿ ਉਹ ਇੱਕ ਵਾਰ ਵੀ ਉਸ ਨੂੰ ਮਿਲਣ ਨਹੀਂ ਗਿਆ। ਕਾਫ਼ੀ ਚਿਰ ਬੀਮਾਰ ਰਹਿਣ ਪਿਛੋਂ 1*5 ਨਵੰਬਰ, 1840 ਨੂੰ ਮਹਾਰਾਜਾ ਖੜਕ ਸਿੰਘ ਦਾ ਦੇਹਾਂਤ ਹੋ ਗਿਆ ਅਤੇ ਜਦੋਂ ਮਹਾਰਾਜਾ ਖੜਕ ਸਿੰਘ ਦਾ ਦਾਹ ਸੰਸਕਾਰ ਕਰਕੇ ਕੰਵਰ ਨੌਨਿਹਾਲ ਸਿੰਘ ਕਿਲ੍ਹੇ ਵੱਲ ਆ ਰਿਹਾ ਸੀ, ਤਾਂ ਕਿਲ੍ਹੇ ਦੇ ਦਰਵਾਜੇ ਦੇ ਛੱਜੇ ਦੇ ਅਚਾਨਕ ਡਿੱਗਣ ਨਾਲ ਕੰਵਰ ਨੌਨਿਹਾਲ ਸਿੰਘ ਫੱਟੜ ਹੋ ਗਿਆ। ਗੁਲਾਬ ਸਿੰਘ ਦਾ ਪੁੱਤਰ ਊਧਮ ਸਿੰਘ ਥਾਂ 'ਤੇ ਹੀ ਮਾਰਿਆ ਗਿਆ। ਤਿੰਨ ਦਿਨ ਪਿਛੋਂ ਧਿਆਨ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਦਾ ਵੀ ਐਲਾਨ ਕਰ ਦਿੱਤਾ। ਕੰਵਰ ਨੌਨਿਹਾਲ ਸਿੰਘ ਹਾਦਸੇ ਦਾ ਸ਼ਿਕਾਰ ਹੋਇਆ ਜਾਂ ਸਾਜ਼ਿਸ਼ ਦਾ ਇਸ ਬਾਰੇ ਇਤਿਹਾਸਕਾਰਾਂ ਦੀ ਵੱਖ-ਵੱਖ ਰਾਏ ਹੈ।

ਕੰਵਰ ਨੌਨਿਹਾਲ ਸਿੰਘ ਦੀ ਮੌਤ ਪਿਛੋਂ ਰਾਜ ਦਰਬਾਰ ਦੇ ਮੁਖੀ ਵਜੋਂ

---

* ਗਾਰਡਨਰ ਤੇ ਕਾਰਮਾਈਕਲ ਸਮਿਥ ਜਿਹੇ ਲੇਖਕਾਂ ਅਨੁਸਾਰ ਨੌਨਿਹਾਲ ਸਿੰਘ ਦੀ ਮੌਤ ਦੁਰਘਟਨਾ ਕਾਰਨ ਨਹੀਂ ਸਗੋਂ ਧਿਆਨ ਸਿੰਘ ਰਾਹੀਂ ਰਚੀ ਗਈ ਸਾਜ਼ਿਸ਼ ਕਾਰਨ ਹੋਈ। ਗ੍ਰਿਫਿਨ ਮੁਹੰਮਦ ਲਤੀਫ, ਡਾ. ਬਰਕਤ ਰਾਏ ਚੋਪੜਾ ਤੇ ਪ੍ਰੋ. ਸੀਤਾ ਰਾਮ ਕੋਹਲੀ ਆਦਿ ਲੇਖਕ ਇਸ ਗੱਲ ਤੇ ਸਹਿਮਤ ਹਨ ਕਿ ਕੰਵਰ ਦੀ ਮੌਤ ਕੁਦਰਤੀ ਦੁਰਘਟਨਾ ਦਾ ਸਿੱਟਾ ਸੀ, ਡਾ ਏ. ਸੀ ਅਰੋੜਾ, ਪੰਜਾਬ ਦਾ ਇਤਿਹਾਸ (1799–1966), ਪੰਨਾ 120



Sri Satguru Jagjit Singh Ji Elibrary NamdhariElibrary@gmail.com

ਦੋ ਦਾਅਵੇਦਾਰ ਸਾਹਮਣੇ ਆਏ।[1]*ਇੱਕ ਰਾਣੀ ਚੰਦ ਕੌਰ ਸੀ, ਜਿਸ ਨੇ ਕੰਵਰ ਨੌਨਿਹਾਲ ਸਿੰਘ ਦੀ ਇੱਕ ਪਤਨੀ ਦੇ ਗਰਭਵਤੀ ਹੋਣ ਦਾ ਦਾਅਵਾ ਪੇਸ਼ ਕੀਤਾ ਅਤੇ ਉਸ ਦਾਅਵੇਦਾਰ ਦੇ ਜਨਮ ਤੱਕ ਇੱਕ ਸਰਬਰਾਹ ਦੇ ਰੂਪ ਵਿੱਚ ਰਾਜ ਅਧਿਕਾਰ ਸੰਭਾਲ ਬੈਠੀ। ਉਸ ਦਾ ਸ਼ਾਸਨ ਕਾਲ ਨਵੰਬਰ 1840 ਤੋਂ ਜਨਵਰੀ 1841 ਤੱਕ ਰਿਹਾ। ਦੂਜਾ ਦਾਅਵੇਦਾਰ ਕੰਵਰ ਸ਼ੇਰ ਸਿੰਘ ਸੀ, ਜਿਸਨੂੰ ਮਹਾਰਾਜਾ ਰਣਜੀਤ ਸਿੰਘ ਦੀ ਸੰਤਾਨ ਵਜੋਂ ਚੋਖਾ ਸਤਿਕਾਰ ਪ੍ਰਾਪਤ ਸੀ। ਗੱਲ ਇਥੋਂ ਤੱਕ ਵੱਧ ਗਈ ਕਿ ਰਾਜ ਅਧਿਕਾਰ ਪ੍ਰਾਪਤ ਕਰਨ ਲਈ ਦੋਹਾਂ ਧੜਿਆਂ ਵਿੱਚ ਲੜਾਈ ਜਨਵਰੀ 1841 ਵਿੱਚ ਹੋਈ। ਹੈਰਾਨੀ ਦੀ ਗੱਲ ਇਹ ਸੀ ਕਿ ਦੋਹਾਂ ਧੜਿਆਂ ਦੀ ਅਗਵਾਈ ਦੇ ਸੂਤਰਧਾਰ ਡੋਗਰੇ ਭਰਾ ਸਨ। ਗੁਲਾਬ ਸਿੰਘ ਕਿਲ੍ਹੇ ਦੇ ਅੰਦਰ ਰਾਣੀ ਚੰਦ ਕੌਰ ਦੀ ਸਹਾਇਤਾ ਕਰ ਰਿਹਾ ਸੀ ਅਤੇ ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਉਚੇਚਾ ਸੁਨੇਹਾ ਭੇਜ ਕੇ ਬੁਲਾਇਆ ਸੀ ਅਤੇ ਆਪ ਖੁੱਲ੍ਹੇ ਤੌਰ ਤੇ ਸ਼ੇਰ ਸਿੰਘ ਦੀ ਸਹਾਇਤਾ ਕਰ ਰਿਹਾ ਸੀ। ਇਸ ਲੜਾਈ ਵਿੱਚ ਦੋਹਾਂ ਧਿਰਾਂ ਦੇ ਕਈ ਸੈਨਿਕ ਮਾਰੇ ਗਏ। ਇਸ ਲੜਾਈ ਦਾ ਦ੍ਰਿਸ਼ ਬੜਾ ਭਿਆਨਕ ਸੀ। ਇਸ ਦੇ ਦਰਦਨਾਕ ਵੇਰਵੇ ਪੰਜਾਬ ਦੇ ਪ੍ਰਮੁੱਖ ਇਤਿਹਾਸਕਾਰ ਮੁਹੰਮਦ ਲਤੀਫ ਨੇ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿੱਚ ਦਿੱਤੇ ਹਨ। ਲਗਭਗ ਪੰਜ-ਛੇ ਦਿਨ ਚੱਲੀ ਲੜਾਈ ਵਿੱਚ ਸ਼ੇਰ ਸਿੰਘ ਦੀ ਫ਼ੌਜ ਦਾ ਚੋਖਾ ਜਾਨੀ ਨੁਕਸਾਨ ਹੋਇਆ। ਕਿਲ੍ਹੇ ਦੇ ਅੰਦਰ ਭਾਵੇਂ ਸੈਨਾ ਦੀ ਸੰਖਿਆ ਥੋੜ੍ਹੀ ਸੀ, ਪਰ ਫਿਰ ਵੀ ਉਨ੍ਹਾਂ ਨੇ ਸ਼ੇਰ ਸਿੰਘ ਦੀ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਤਰ੍ਹਾਂ ਫ਼ੌਜੀਆਂ ਹੱਥੋਂ ਲਾਹੌਰ ਸ਼ਹਿਰ ਦੀ ਵੀ ਬੜੀ ਤਬਾਹੀ ਹੋਈ। ਇਥੋਂ ਤੱਕ ਕਿ ਅਬਲਾ ਇਸਤਰੀਆਂ ਨੂੰ ਤੋਪਾਂ ਅੱਗੇ ਖਲ੍ਹਿਆਰ ਦਿੱਤਾ। ਕਿਲ੍ਹੇ ਦੇ ਬਾਹਰਵਾਰ ਹਜ਼ੂਰੀ ਦਰਵਾਜ਼ੇ ਦੇ ਸਾਹਮਣੇ ਦਾ ਖੌਫਨਾਕ ਦ੍ਰਿਸ਼ ਇਸ ਲੜਾਈ ਦੀ ਭਿਅੰਕਰ ਤਸਵੀਰ ਪੇਸ਼ ਕਰਦਾ ਹੈ। ਪੰਜਵੇਂ ਦਿਨ ਜਦੋਂ ਧਿਆਨ ਸਿੰਘ ਜੰਮੂ ਤੋਂ ਲਾਹੌਰ ਪਹੁੰਚਿਆ ਤਾਂ ਲੜਾਈ ਬੰਦ ਹੋਈ ਸਿੱਖਾਂ ਨੇ ਆਪਣੇ ਮੁਰਦੇ ਫੂਕਣੇ ਸ਼ੁਰੂ ਕਰ ਦਿੱਤੇ ਅਤੇ ਹਜ਼ੂਰੀ ਬਾਗ ਵਿੱਚੋਂ ਲਾਸ਼ਾਂ ਅਤੇ ਲੋਥਾਂ ਚੁੱਕ ਕੇ ਉਸ ਨੂੰ ਸਾਫ਼ ਕੀਤਾ ਗਿਆ। ਇਹ ਲੋਥਾਂ ਉਨ੍ਹ ਡੰਗਰਾਂ ਅਤੇ ਘੋੜਿਆਂ ਦੀਆਂ ਸਨ, ਜੋ ਜੰਗ ਵਿੱਚ ਮਾਰੇ ਗਏ ਸਨ ਅ ਜਿਨ੍ਹਾਂ ਨਾਲ ਸਾਰਾ ਹਜ਼ੂਰੀ ਬਾਗ ਭਰਿਆ ਪਿਆ ਸੀ। ਸਫ਼ਾਈ ਦਾ ਇਹ ਕੰ ਘੇਰੇ ਦੇ ਸਤਵੇਂ ਅਤੇ ਅਠਵੇਂ ਦਿਨ ਜਾਰੀ ਰਿਹਾ। [2]*ਅੰਕੜੇ ਦੱਸਦੇ ਹਨ ਕਿ ਘੇਰਾ ਘੱਤੂ ਧਿਰ ਦੇ 4786 ਆਦਮੀ, 610 ਘੋੜੇ, 320 ਬੈਲ ਮੋਏ, ਜ

[1]* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ 422

[2]* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ 428



Sri Satguru Jagjit Singh Ji Elibrary NamdhariElibrary@gmail.com

ਕਿ ਘਿਰੀ ਹੋਈ ਫ਼ੌਜ ਦੇ ਮਰਨ ਵਾਲਿਆਂ ਦੀ ਗਿਣਤੀ 130 ਤੋਂ ਜ਼ਿਆਦਾ ਨਹੀਂ ਸੀ। ਘੇਰੇ ਵਾਲੇ 6 ਦਿਨਾਂ ਦੇ ਅੰਦਰ ਸ਼ੇਰ ਸਿੰਘ ਨੇ ਖ਼ਾਲਸਈ ਫ਼ੌਜਾਂ ਵਿਚਕਾਰ ਇਨਾਮ ਅਤੇ ਸੁਗਾਤਾਂ ਦੇ ਰੂਪ ਵਿੱਚ 4 ਤੇ 5 ਲੱਖ ਰੁਪਏ ਦੇ ਵਿਚਕਾਰ ਵੰਡਿਆ, ਜਦ ਕਿ ਕਿਲ੍ਹੇ ਅੰਦਰ ਦੇ ਡੋਗਰਿਆਂ ਨੂੰ ਗੁਲਾਬ ਸਿੰਘ ਪਾਸੋਂ 100-100 ਰੁਪਏ ਇਨਾਮ ਮਿਲਿਆ। ਇਸ ਵਿੱਚ ਅਫ਼ਸਰਾਂ ਦਾ ਇਨਾਮ ਸ਼ਾਮਿਲ ਨਹੀਂ, ਜੋ ਇਸ ਤੋਂ ਕੁਝ ਵਧੀਕ ਹੀ ਸੀ। ਸਿੱਖ ਸਿਪਾਹੀਆਂ ਨੇ ਸ਼ਹਿਰ ਦੇ ਲਗਭਗ ਅੱਧੇ ਮਕਾਨ ਢਾਹ ਦਿੱਤੇ ਅਤੇ ਇਹ ਇਸ ਲਈ ਕੀਤਾ ਗਿਆ ਕਿਉਂਕਿ ਉਨ੍ਹਾਂ ਨੂੰ ਤੋਪਾਂ ਦੀ ਰਾਖੀ ਲਈ ਬਾਤਰੀਆਂ ਖੜ੍ਹੀਆਂ ਕਰਨ ਲਈ ਲੱਕੜਾਂ ਦੀ ਲੋੜ ਸੀ। ਇਸ ਤੋਂ ਛੁਟ ਉਨ੍ਹਾਂ ਹੋਰ ਵੀ ਅਕਹਿ ਅਤਿਆਚਾਰ ਕੀਤਾ। ਮੁਰਦਿਆਂ ਦੇ ਵੱਡੇ-ਵੱਡੇ ਢੇਰ ਲਾ ਕੇ ਉਨ੍ਹਾਂ ਨੂੰ ਅੱਗ ਲਾ ਦਿੱਤੀ ਗਈ। ਅੱਗ ਦੀਆਂ ਲਾਟਾਂ ਆਕਾਸ਼ ਨੂੰ ਛੂੰਹਦੀਆਂ ਸਨ ਅਤੇ ਮੁਰਦਾ ਲਾਸ਼ਾਂ ਦੀ ਬੋ ਹਵਾ ਵਿੱਚ ਫੈਲ ਰਹੀ ਸੀ। ਖ਼ੂੰਖਾਰ ਫ਼ੌਜੀ ਫੱਟੜਾਂ ਨੂੰ ਇਸ ਚਿਤਾ ਵਿੱਚ ਸੁੱਟ ਰਹੇ ਸਨ। ਇਨ੍ਹਾਂ ਮੰਦਭਾਗੇ ਲੋਕਾਂ ਦੀ ਜੋ ਅਜੇ ਜੀਉਂਦੇ ਸਨ, ਚੀਕ ਪੁਕਾਰ ਦਿਲ ਅੰਦਰ ਹੌਲ ਪੈਦਾ ਕਰਦੀ ਸੀ। ਉਹ ਰਹਿਮ ਲਈ ਰੋਂਦੇ ਕੁਰਲਾਂਦੇ ਸਨ, ਪਰ ਵਿਅਰਥ। ਉਨ੍ਹਾਂ ਦੇ ਤਰਲਿਆਂ ਦੇ ਉੱਤਰ ਵਿੱਚ ਉਹ ਹੱਸਦੇ ਅਤੇ ਆਖਦੇ ਸਨ ਕਿ ਤੁਸੀਂ ਸਵਰਗ ਵਿੱਚ ਜਾਣੋ ਡਰਦੇ ਹੋ? ਚੜ੍ਹ ਜਾਓ ਭਾਈ! ਚੜ੍ਹ ਜਾਓ! ਖੌਫ਼ ਕਾਸ ਗੱਲ ਦਾ। ਇਹ ਜ਼ੁਲਮ ਉਨ੍ਹਾਂ ਉੱਤੇ ਇਸ ਲਈ ਢਾਏ ਗਏ ਸਨ ਤਾਂ ਜੋ ਉਨ੍ਹਾਂ ਫ਼ੌਜੀ ਸਾਥੀਆਂ ਪਾਸ ਜੋ ਥੋੜ੍ਹਾ ਬਹੁਤ ਮਾਲ ਮੱਤਾ ਸੀ, ਉਹ ਹਥਿਆਇਆ ਜਾਵੇ।

ਡੋਗਰੇ ਭਰਾਵਾਂ ਨੇ ਦੋਹਾਂ ਧਿਰਾਂ ਵਿੱਚ ਸੁਲ੍ਹਾ ਕਰਵਾ ਦਿੱਤੀ, ਜਿਸ ਦੀਆਂ ਸ਼ਰਤਾਂ ਇਹ ਸਨ :

[1*]"ਮਹਾਰਾਣੀ ਚੰਦ ਕੌਰ ਲਾਹੌਰ ਦਾ ਕਿਲ੍ਹਾ ਸ਼ੇਰ ਸਿੰਘ ਦੇ ਹਵਾਲੇ ਕਰ ਦੇਵੇ ਅਤੇ ਲਾਹੌਰ ਦੇ ਤਖ਼ਤ ਦੇ ਦਾਅਵੇ ਤੋਂ ਦਸਤ ਬਰਦਾਰ ਹੋ ਜਾਏ। ਇਸ ਦੇ ਬਦਲੇ ਸ਼ੇਰ ਸਿੰਘ ਸਾਬਕਾ ਮਹਾਰਾਣੀ ਨੂੰ 9 ਲੱਖ ਰੁਪਏ ਦੀ ਜਾਗੀਰ ਜੰਮੂ ਪਹਾੜਾਂ ਦੇ ਨਾਲ ਲੱਗਦੀ ਦੇਵੇ ਅਤੇ ਗੁਲਾਬ ਸਿੰਘ ਉਸ ਦਾ ਮੁਖ਼ਤਿਆਰ ਬਣ ਕੇ ਜਾਗੀਰ ਦਾ ਬੰਦੋਬਸਤ ਕਰੇ। ਦੂਜੇ ਸ਼ੇਰ ਸਿੰਘ ਮਹਾਰਾਣੀ ਨਾਲ ਚਾਦਰ ਅੰਦਾਜ਼ੀ ਰਾਹੀਂ ਸ਼ਾਦੀ ਕਰਨ ਦਾ ਖ਼ਿਆਲ ਤਿਆਗ ਦੇਵੇ। ਤੀਜੇ ਡੋਗਰਾ ਫ਼ੌਜਾਂ ਨੂੰ ਸ਼ਹਿਰ ਅਤੇ ਕਿਲ੍ਹੇ ਵਿੱਚੋਂ ਨਿਕਲ ਜਾਣ ਦੀ ਆਗਿਆ ਦਿੱਤੀ ਜਾਏ ਅਤੇ ਉਨ੍ਹਾਂ ਨੂੰ ਕੋਈ ਹਾਨੀ ਨਾ ਪਹੁੰਚਾਈ ਜਾਏ। ਚੌਥੇ ਇਸ ਸੰਧੀ ਦੀਆਂ ਸ਼ਰਤਾਂ ਦੀ ਪੂਰਤੀ ਦੀ ਜ਼ਾਮਨੀ ਦਿੱਤੀ ਜਾਏ।"

[1*] ਮੁਹੰਮਦ ਲਤੀਫ਼, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 429



Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਸ਼ਰਤਾਂ ਦੀ ਪੂਰਤੀ ਦੇ ਨਾਲ ਹੀ ਗੁਲਾਬ ਸਿੰਘ ਲਾਹੌਰ ਦੇ ਸ਼ਾਹੀ ਖ਼ਜ਼ਾਨੇ ਵਿੱਚੋਂ ਬਹੁਤ ਸਾਰਾ ਧਨ ਅਤੇ ਹੋਰ ਪਦਾਰਥ ਆਪਣੇ ਨਾਲ ਜੰਮੂ ਨੂੰ ਲੈ ਗਿਆ। ਮੁਹੰਮਦ ਲਤੀਫ ਨੇ ਇਸ ਸ਼ਾਹੀ ਖ਼ਜ਼ਾਨੇ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ :

[1*]"ਰਾਜਾ ਗੁਲਾਬ ਸਿੰਘ ਮਹਾਰਾਣੀ ਚੰਦ ਕੌਰ ਦਾ ਸਾਰਾ ਧਨ ਅਤੇ ਕੀਮਤੀ ਵਸਤਾਂ ਇਸ ਬਹਾਨੇ ਲੈ ਗਿਆ ਕਿ ਉਹ ਮਹਾਰਾਣੀ ਦੀ ਅਮਾਨਤ ਰਹਿਣਗੀਆਂ। .........ਰਾਜ ਗੁਲਾਬ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਉਹ ਖ਼ਜ਼ਾਨੇ ਵੀ ਆਪਣੇ ਨਾਲ ਲੈ ਗਿਆ, ਜਿਹੜੇ ਕਿਲ੍ਹੇ ਵਿੱਚ ਮੌਜੂਦ ਸਨ। ਧਨ ਦੇ ਖ਼ਜ਼ਾਨੇ ਕਿੰਨੇ ਵੱਡੇ ਸਨ, ਇਸ ਦਾ ਅੰਦਾਜਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ 16 ਛਕੜੇ ਰੁਪਇਆਂ ਤੇ ਦੂਜੇ ਚਾਂਦੀ ਦੇ ਸਿੱਕੇ; 500 ਘੋੜ ਸਵਾਰਾਂ ਨੂੰ ਸੋਨੇ ਦੀਆਂ ਮੋਹਰਾਂ ਦਾ ਇੱਕ-ਇੱਕ ਥੈਲਾ ਅਤੇ ਉਸ ਦੇ ਅਰਦਲੀਆਂ ਦੇ ਸਪੁਰਦ ਕੀਮਤੀ ਜ਼ੇਵਰ, ਜਵਾਹਾਰਾਤ ਅਤੇ ਹੋਰ ਕੀਮਤੀ ਵਸਤਾਂ ਕਰਕੇ ਜੰਮੂ ਭੇਜੇ ਗਏ। ਵੱਡਮੁੱਲੇ ਪਸ਼ਮੀਨੇ ਅਤੇ ਕੀਮਤੀ ਪੁਸ਼ਾਕਾਂ ਅਤੇ ਰਣਜੀਤ ਸਿੰਘ ਤੇ ਸ਼ਾਹੀ ਤਬੇਲੇ ਦੇ ਕੀਮਤੀ ਅਤੇ ਨਾਦਰ ਘੋੜੇ ਵੀ ਗੁਲਾਬ ਸਿੰਘ ਲਾਹੌਰੋਂ ਜਾਣ ਸਮੇਂ ਹਥਿਆ ਕੇ ਲੈ ਗਿਆ।"

**ਰਾਣੀ ਚੰਦ ਕੌਰ ਦਾ ਦੁਖਦਾਈ ਅੰਤ (11 ਜੂਨ, 1842)**

ਰਾਣੀ ਚੰਦ ਕੌਰ ਨਿਰਾਸ਼ ਹੋ ਕੇ ਸ਼ਹਿਰ ਵਿੱਚ ਕੰਵਰ ਨੌਨਿਹਾਲ ਸਿੰਘ ਦੇ ਮਹਿਲ ਵਿੱਚ ਚੱਲੀ ਗਈ। ਧਿਆਨ ਸਿੰਘ ਨੇ ਆਪਣੇ ਇਲਾਕੇ ਵਿੱਚੋਂ ਟਹਿਲਣਾ ਮੰਗਵਾ ਕੇ ਉਸ ਦੀ ਸੇਵਾ ਲਈ ਰੱਖ ਦਿੱਤੀਆਂ। ਕੰਵਰ ਨੌਨਿਹਾਲ ਦੀ ਪਤਨੀ ਸਾਹਿਬ ਕੌਰ ਨੇ ਇੱਕ ਮੁਰਦਾ ਬੱਚੇ ਨੂੰ ਜਨਮ ਦਿੱਤਾ। ਇਸ ਨਾਲ ਰਾਣੀ ਚੰਦ ਕੌਰ ਦੀਆਂ ਰਹਿੰਦੀਆਂ ਆਸਾਂ ਉੱਤੇ ਵੀ ਪਾਣੀ ਫਿਰ ਗਿਆ। ਰਾਜਾ ਧਿਆਨ ਸਿੰਘ ਦੀ ਸ਼ਹਿ ਉੱਤੇ ਇਨ੍ਹਾਂ ਪਹਾੜੀ ਟਹਿਲਣਾਂ ਨੇ ਰਾਣੀ ਚੰਦ ਕੌਰ ਨੂੰ ਖਾਣੇ ਵਿੱਚ ਜ਼ਹਿਰ ਦੇਣਾ ਸ਼ੁਰੂ ਕਰ ਦਿੱਤਾ। 11 ਜੂਨ, 1842 ਨੂੰ ਇਨ੍ਹਾਂ ਲੂਣ ਹਰਾਮੀ ਦਾਸੀਆਂ ਨੇ ਰਾਣੀ ਚੰਦ ਕੌਰ ਦੇ ਸਿਰ ਵਿੱਚ ਲੂਣ ਘੋਟਣਾ ਮਾਰ-ਮਾਰ ਕੇ ਉਸ ਦਾ ਅੰਤ ਕਰ ਦਿੱਤਾ। ਇਹ ਸਾਜ਼ਿਸ਼ ਪ੍ਰਗਟ ਨਾ ਹੋ ਜਾਵੇ, ਇਸ ਦੇ ਡਰ ਤੋਂ ਰਾਜਾ ਧਿਆਨ ਸਿੰਘ ਨੇ ਉਨ੍ਹਾਂ ਦਾਸੀਆਂ ਦੀਆਂ ਜੀਭਾਂ ਕਟਵਾ ਦਿੱਤੀਆਂ ਅਤੇ ਪਿਛੋਂ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ।

ਮਹਾਰਾਜਾ ਸ਼ੇਰ ਸਿੰਘ 20 ਜਨਵਰੀ, 1841 ਨੂੰ ਪੰਜਾਬ ਦਾ ਮਹਾਰਾਜਾ ਬਣਿਆ। ਧਿਆਨ ਸਿੰਘ ਨੇ ਪ੍ਰਧਾਨ ਮੰਤਰੀ ਦਾ ਅਹੁੱਦਾ ਪ੍ਰਾਪਤ ਕੀਤਾ। ਸੰਧਾਂਵਾਲੀਏ ਸਰਦਾਰ ਅੱਤਰ ਸਿੰਘ ਅਤੇ ਲਹਿਣਾ ਸਿੰਘ ਤੋਂ ਬਿਨਾਂ ਸਭ ਨੇ

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 429



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਸ਼ੇਰ ਸਿੰਘ ਨੂੰ ਨਜ਼ਰਾਂ ਭੇਟ ਕੀਤੀਆਂ। ਸੰਧਾਵਾਲੀਏ ਸਰਦਾਰ ਰਾਣੀ ਚੰਦ ਕੌਰ ਦੇ ਹਮਾਇਤੀ ਸਨ; ਇਸ ਲਈ ਉਨ੍ਹਾਂ ਨੇ ਅੰਗਰੇਜ਼ੀ ਇਲਾਕੇ ਵਿੱਚ ਜਾ ਕੇ ਪਨਾਹ ਲੈ ਲਈ।

ਮਹਾਰਾਜਾ ਬਣਨ ਸਮੇਂ ਦੋਹਾਂ ਧਿਰਾਂ ਵਿੱਚ ਹੋਈ ਲੜਾਈ ਦੇ ਕਾਰਨ ਮਹਾਰਾਜਾ ਸ਼ੇਰ ਸਿੰਘ ਨੂੰ ਫ਼ੌਜਾਂ ਨੂੰ ਇਨਾਮ ਕਰਾਮ ਦੇਣ ਲਈ ਕਾਫ਼ੀ ਖ਼ਰਚ ਕਰਨਾ ਪਿਆ। ਸੈਨਿਕਾਂ ਵਿੱਚ ਇਨਾਮ ਵਜੋਂ ਵੰਡੀ ਗਈ ਰਕਮ 95 ਲੱਖ ਰੁਪਏ ਦੱਸੀ ਜਾਂਦੀ ਹੈ।

**ਪੰਜਾਬ ਦੇ ਇਤਿਹਾਸ ਦਾ ਅਤਿ ਖ਼ੂਨੀ ਦਿਹਾੜਾ**

15 ਸਤੰਬਰ, 1843 ਅੱਸੂ ਦੀ ਸੰਗਰਾਂਦ ਵਾਲਾ ਦਿਨ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਧ ਖ਼ੂਨੀ ਦਿਹਾੜਾ ਸੀ। ਇਸ ਮੰਦਭਾਗੇ ਦਿਨ ਉਹ ਸਾਜ਼ਿਸ਼ਾਂ ਆਪਣੀ ਸਿੱਖਰ 'ਤੇ ਪੁੱਜ ਗਈਆਂ, ਜਿਨ੍ਹਾਂ ਬਾਰੇ ਲਾਹੌਰ ਦਰਬਾਰ ਦੇ ਦੋਵੇਂ ਪਰਸਪਰ ਵਿਰੋਧੀ ਧੜੇ ਇੱਕ ਦੂਜੇ ਨੂੰ ਠੇਗਣ ਅਤੇ ਆਪਣੇ ਰਸਤੇ ਵਿੱਚੋਂ ਪਰੇ ਹਟਾਉਣ ਲਈ ਸਿਰ ਤੋੜ ਯਤਨ ਕਰ ਰਹੇ ਸਨ। ਮਹਾਰਾਜਾ ਸ਼ੇਰ ਸਿੰਘ ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਜੀਉਂਦਿਆਂ ਕਈ ਸਫ਼ਲਤਾਵਾਂ ਦੇ ਕਾਰਨ ਬੜਾ ਸਤਿਕਾਰਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਹੀ ਉਸ ਨੂੰ ਖੜਕ ਸਿੰਘ ਦੇ ਨਾਲ ਹੀ ਕੁਰਸੀ ਦਿੱਤੀ ਜਾਂਦੀ ਸੀ।

ਪਰ ਲਾਹੌਰ 'ਤੇ ਕਬਜ਼ਾ ਕਰਨ ਸਮੇਂ ਉਸ ਨੇ ਆਪਣੇ ਪਿਤਾ ਵਾਲੀ ਉਸ ਯੋਗਤਾ ਦਾ ਸਬੂਤ ਨਾ ਦਿੱਤਾ, ਜਿਸ ਦਾ ਪਰਮਾਣ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰਨ ਸਮੇਂ 1799 ਵਿੱਚ ਦਿੱਤਾ ਸੀ। ਉਸ ਦੇ ਹੁਕਮ ਨਾਲ ਉਸ ਸਮੇਂ ਸ਼ਹਿਰ ਵਿੱਚ ਨਾ ਕੋਈ ਲੁੱਟ ਮਾਰ ਹੀ ਹੋਈ, ਨਾ ਕੋਈ ਕਤਲ ਹੋਇਆ, ਸਗੋਂ ਸਭ ਸ਼ਹਿਰ ਵਾਸੀਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ। ਪਰ ਜਦੋਂ ਸ਼ੇਰ ਸਿੰਘ ਲਾਹੌਰ ਵਿੱਚ ਦਾਖਲ ਹੋਇਆ ਤਾਂ ਉਸ ਦੀ ਫ਼ੌਜ ਨੇ ਸ਼ਹਿਰ ਵਿੱਚ ਲੁੱਟਮਾਰ ਵੀ ਕੀਤੀ ਅਤੇ ਉਸ ਵੱਲੋਂ ਵੱਡੀਆਂ ਰਕਮਾਂ ਇਨਾਮ-ਕਰਾਮ ਵਜੋਂ ਪ੍ਰਾਪਤ ਕੀਤੀਆਂ ਗਈਆਂ। ਮਹਾਰਾਜਾ ਸ਼ੇਰ ਸਿੰਘ ਤਾਂ ਇਥੋਂ ਤੱਕ ਨਿਰਾਸ਼ ਹੋ ਗਿਆ ਸੀ ਕਿ ਉਸਨੇ ਹੱਥ ਖੜ੍ਹੇ ਕਰ ਲਏ ਅਤੇ ਕਿਹਾ, "ਕੱਚਾ ਪੱਕਾ ਸੰਭਾਲੋ, ਜਿਵੇਂ ਹੋ ਸਕਦਾ ਹੈ ਬੁੱਤਾ ਸਾਰੋ।"

ਭਾਵੇਂ ਉਸ ਦੇ ਰਾਜਕਾਲ ਵਿੱਚ ਕੁਝ ਵਰਣਨਯੋਗ ਘਟਨਾਵਾਂ ਵੀ ਹੋਈਆਂ, ਜਿਵੇਂ ਕਸ਼ਮੀਰ ਵਿੱਚ ਲਦਾਖ ਤੇ ਲੇਹ ਆਦਿ ਦੀਆਂ ਕਾਮਯਾਬੀਆਂ, ਪਰ ਇਸ ਸੰਘਰਸ਼ ਵਿੱਚ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਕੇਵਲ ਲੇਹ ਉੱਤੇ ਹੀ ਲਾਹੌਰ ਦਰਬਾਰ ਦਾ ਝੰਡਾ ਝੁਲਦਾ ਰਿਹਾ; ਬਾਕੀ ਇਲਾਕਾ ਜ਼ੋਰਾਵਰ ਸਿੰਘ ਦੀ ਮੁਹਿੰਮ ਦੇ ਫ਼ੇਲ ਹੋ ਜਾਣ ਕਾਰਨ ਅਤੇ ਗੁਲਾਬ ਸਿੰਘ ਵੱਲੋਂ ਸਹਾਇਤਾ



Sri Satguru Jagjit Singh Ji Elibrary NamdhariElibrary@gmail.com

ਭੇਜਣ ਕਾਰਨ ਏਨੀ ਕੁ ਹੀ ਸਫ਼ਲਤਾ ਜ਼ਰੂਰ ਮਿਲੀ ਕਿ ਚੀਨ ਨਾਲ ਹੱਦਾਂ ਨਿਸ਼ਚਿਤ ਹੋ ਗਈਆਂ ਅਤੇ ਵਪਾਰ ਵੀ ਪੰਜਾਬ ਨਾਲ ਖੁੱਲ੍ਹ ਗਿਆ, ਜੋ ਪਹਿਲਾਂ ਕੁੱਲੂ ਦੇ ਰਸਤੇ ਹੋਣ ਲੱਗ ਪਿਆ ਸੀ। 1838 ਵਿੱਚ ਹੋਈ ਤਿੰਨ ਪੱਖੀ ਸੰਧੀ ਜੋ ਸ਼ਾਹ ਸ਼ੁਜਾਹ ਨੂੰ ਕਾਬਲ ਦੇ ਤਖ਼ਤ ਉੱਤੇ ਬਿਠਾਉਣ ਲਈ ਅੰਗਰੇਜ਼ਾਂ ਨਾਲ ਹੋਈ ਸੀ, ਦਾ ਵੀ ਸ਼ਾਹ ਸ਼ੁਜਾਹ ਦੀ ਮੌਤ ਕਾਰਨ ਅੰਤ ਹੋ ਗਿਆ। ਲਾਹੌਰ ਦਰਬਾਰ ਨੇ ਦੋਸਤ ਮੁਹੰਮਦ ਦਾ ਜੋ ਕਾਬਲ ਦਾ ਅਮੀਰ ਸੀ, ਲਾਹੌਰ ਆਉਣ ਸਮੇਂ ਸ਼ਾਨਦਾਰ ਸੁਆਗਤ ਕੀਤਾ, ਪਰ ਸਤਲੁਜ ਤੋਂ ਪਾਰ ਅੰਗਰੇਜ਼ ਲਾਹੌਰ ਦਰਬਾਰ ਵਿਰੁੱਧ ਆਪਣੀ ਕੂਟਨੀਤੀ ਉੱਤੇ ਪੂਰੀ ਤਰ੍ਹਾਂ ਕਰਮਸ਼ੀਲ ਸਨ। ਇਹ ਡਰ ਭਾਸਣ ਲੱਗ ਪਿਆ ਸੀ ਕਿ ਜਿਵੇਂ ਮੇਜਰ ਬਰਾਡ ਫੁੱਟ ਨੇ ਕਾਬਲ ਨੂੰ ਜਾਣ ਸਮੇਂ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਸੀ ਅਤੇ ਜਿਵੇਂ ਮੇਜਰ ਨੇਪੀਅਰ ਨੇ ਚੁਪ-ਚਾਪ ਸਿੰਧ ਉੱਤੇ ਕਬਜ਼ਾ ਕਰ ਲਿਆ ਸੀ। ਇਸੇ ਤਰ੍ਹਾਂ ਕਿਸੇ ਨਾ ਕਿਸੇ ਦਿਨ ਲਾਹੌਰ ਦਰਬਾਰ ਨੂੰ ਵੀ ਅੰਗਰੇਜ਼ਾਂ ਦੀ ਕੂਟਨੀਤੀ ਦਾ ਸ਼ਿਕਾਰ ਹੋਣਾ ਪਵੇਗਾ। ਲੁਧਿਆਣੇ ਦਾ ਅੰਗਰੇਜ਼ ਪ੍ਰਤੀਨਿਧ ਮਿਸਟਰ ਕਲਾਰਕ ਸ਼ੇਰ ਸਿੰਘ ਦੇ ਰਾਜ ਨੂੰ ਮਾਨਤਾ ਤਾਂ ਦਿੰਦਾ ਸੀ, ਪਰ ਹੁਣ ਲਾਹੌਰ ਦਰਬਾਰ ਨਾਲ ਉਹ ਨਿੱਘੇ ਸੰਬੰਧ ਨਹੀਂ ਸਨ ਰਹੇ, ਜੋ ਸਵਰਗਵਾਸੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੁੰਦੇ ਸਨ।

ਰਾਣੀ ਚੰਦ ਕੌਰ ਦੇ ਹਮਾਇਤੀ ਸੰਧਾਵਾਲੀਏ ਸਰਦਾਰ ਅਜੀਤ ਸਿੰਘ, ਲਹਿਣਾ ਸਿੰਘ ਅਤੇ ਅੱਤਰ ਸਿੰਘ ਅੰਗਰੇਜ਼ੀ ਇਲਾਕੇ ਵਿੱਚ ਸ਼ਰਨ ਲਈ ਬੈਠੇ ਸਨ। ਮਿਸਟਰ ਕਲਾਰਕ ਨੇ ਲਾਹੌਰ ਦਰਬਾਰ ਕੋਲ ਸਿਫ਼ਾਰਿਸ਼ ਕੀਤੀ ਕਿ ਸੰਧਾਵਾਲੀਆਂ ਸਰਦਾਰਾਂ ਨੂੰ ਪੰਜਾਬ ਵਿੱਚ ਵਾਪਸ ਬੁਲਾ ਲਿਆ ਜਾਵੇ। [1*] "ਇਸ ਪਿਛੋਂ ਜੋ ਕੁਝ ਲਾਹੌਰ ਦਰਬਾਰ ਵਿੱਚ ਖ਼ੂਨੀ ਹੱਤਿਆ ਕਾਂਡ ਵਾਪਰਿਆ, ਉਸ ਬਾਰੇ ਇਹ ਨਿਰਣਾ ਕਰ ਸਕਣਾ, ਹੁਣ ਤੱਕ ਵੀ ਕਠਿਨ ਹੈ ਕਿ ਸੰਧਾਵਾਲੀਆਂ ਨੇ ਜੋ ਕੁਝ ਕੀਤਾ, ਉਹ ਉਨ੍ਹਾਂ ਦੀ ਆਪਣੀ ਚਾਲ ਸੀ ਜਾਂ ਇਸ ਪਿੱਛੇ ਅੰਗਰੇਜ਼ਾਂ ਦੀ ਸ਼ਹਿ ਜਾਂ ਹੱਥ ਸੀ।"

ਮਹਾਰਾਜਾ ਸ਼ੇਰ ਸਿੰਘ ਨੇ ਸੰਧਾਂਵਾਲੀਏ ਸਰਦਾਰਾਂ ਅਜੀਤ ਸਿੰਘ ਅਤੇ ਲਹਿਣਾ ਸਿੰਘ ਨੂੰ ਪੰਜਾਬ ਵਿੱਚ ਆਉਣ ਦੀ ਆਗਿਆ ਦੇ ਦਿੱਤੀ ਅਤੇ ਉਨ੍ਹਾਂ ਦੀਆਂ ਜਾਗੀਰਾਂ ਵਾਪਿਸ ਕਰ ਦਿੱਤੀਆਂ ਅਤੇ ਛੇਤੀ ਹੀ ਉਨ੍ਹਾਂ ਨਾਲ ਇਨ੍ਹਾਂ ਘੁੱਲ-ਮਿਲ ਗਿਆ ਕਿ ਹਰ ਮਾਮਲੇ ਵਿੱਚ ਉਨ੍ਹਾਂ ਦਾ ਸਲਾਹ-ਮਸ਼ਵਰਾ ਲੈਣ ਲੱਗ ਪਿਆ, ਪਰ ਦੂਜੇ ਬੰਨੇ ਰਾਜਾ ਧਿਆਨ ਸਿੰਘ ਲਈ ਸੰਧਾਂਵਾਲੀਏ ਸਰਦਾਰਾਂ ਦੀ ਸ਼ਕਤੀ ਦੇ ਵਧਣ ਕਾਰਨ ਚਿੰਤਾ ਕਰਨੀ ਸੁਭਾਵਿਕ ਹੀ ਸੀ। ਦੋਹਾਂ ਧਿਰਾਂ

[1*] ਖ਼ੁਸ਼ਵੰਤ ਸਿੰਘ, ਏ ਹਿਸਟਰੀ ਆਫ ਦ ਸਿੱਖਸ, ਜਿਲਦ ਪਹਿਲੀ, ਪੰਨਾ 8



Sri Satguru Jagjit Singh Ji Elibrary NamdhariElibrary@gmail.com

ਨੇ ਹੁਣ ਇਸ ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚੀਆਂ ਕਿ ਮਹਾਰਾਜਾ ਸ਼ੇਰ ਸਿੰਘ ਕੋਲੋਂ ਸੰਧਾਵਾਲੀਆਂ ਨੇ ਧਿਆਨ ਸਿੰਘ ਨੂੰ ਮਾਰ ਮੁਕਾਉਣ ਦੀ ਲਿਖਤੀ ਪ੍ਰਵਾਨਗੀ ਲੈ ਲਈ ਅਤੇ ਦੂਜੇ ਬੰਨ੍ਹੇ ਧਿਆਨ ਸਿੰਘ ਕੋਲੋਂ ਸੰਧਾਵਾਲੀਆਂ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਮਾਰਨ ਦੀ ਵੀ ਲਿਖਤੀ ਪ੍ਰਵਾਨਗੀ ਪ੍ਰਾਪਤ ਕਰ ਲਈ। ਪਰ ਦੋਵੇਂ ਧੜੇ ਮਹਾਰਾਜਾ ਸ਼ੇਰ ਸਿੰਘ ਤੋਂ ਛੁਟਕਾਰਾ ਪਾਉਣ ਲਈ ਇੱਕ ਮੱਤ ਸਨ। ਇਨ੍ਹਾਂ ਘਟਨਾਵਾਂ ਤੋਂ ਮਹਾਰਾਜਾ ਸ਼ੇਰ ਸਿੰਘ ਦੇ ਰਾਜਨੀਤੀ ਵਿੱਚ ਅਨਾੜੀ ਹੋਣ ਦਾ ਸਬੂਤ ਮਿਲ ਜਾਂਦਾ ਹੈ। ਮਹਾਰਾਜਾ ਸ਼ੇਰ ਸਿੰਘ ਦਾ ਹੁਣ ਬਹੁਤਾ ਸਮਾਂ ਰੰਗ-ਤਮਾਸ਼ੇ ਦੀਆਂ ਮਹਿਫ਼ਲਾਂ, ਸ਼ਰਾਬ ਦੇ ਦੌਰ ਅਤੇ ਨ੍ਰਿਤਕੀਆਂ ਦੀ ਸੰਗਤ ਵਿੱਚ ਗੁਜ਼ਰਨ ਲੱਗਾ।

15 ਸਤੰਬਰ, 1843 (ਅੱਸੂ ਦੀ ਸੰਗਰਾਂਦ) ਦਾ ਦਿਨ ਪੰਜਾਬ ਦੇ ਇਤਿਹਾਸ ਦਾ ਅਤਿ ਕਾਲਾ ਅਤੇ ਅਤਿ ਖ਼ੂਨੀ ਦਿਨ ਸੀ। ਇਸ ਦਿਨ ਸੰਧਾਵਾਲੀਆਂ ਸਰਦਾਰਾਂ ਅਜੀਤ ਸਿੰਘ ਅਤੇ ਲਹਿਣਾ ਸਿੰਘ ਨੇ ਵਿਸ਼ਵਾਸਘਾਤ ਕਰਕੇ ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰ ਦਿੱਤਾ। ਅਜੀਤ ਸਿੰਘ ਨੇ ਇਹ ਬਹਾਨਾ ਬਣਾ ਕੇ ਮਹਾਰਾਜਾ ਸਾਹਿਬ ਕੋਲ ਬੇਨਤੀ ਕੀਤੀ ਕਿ ਉਸ ਦੀ ਨਵੀਂ ਬਣਾਈ ਫ਼ੌਜ ਮੁਆਇਨੇ ਲਈ ਹਾਜ਼ਰ ਹੈ। ਇਸ ਸਮੇਂ ਮਹਾਰਾਜਾ ਸ਼ੇਰ ਸਿੰਘ ਸ਼ਾਹ ਬਲਾਵਲ ਦੇ ਆਪਣੇ ਸਥਾਨ ਉੱਤੇ ਬੈਠ ਕੇ ਪਹਿਲਾਂ ਪਹਿਲਵਾਨਾਂ ਦੀਆਂ ਕੁਸ਼ਤੀਆਂ ਵੇਖਦਾ ਰਿਹਾ ਅਤੇ ਉਨ੍ਹਾਂ ਨੂੰ ਇਨਾਮ ਦਿੰਦਾ ਰਿਹਾ। ਇਸ ਪਿਛੋਂ ਜਦੋਂ ਅਜੀਤ ਸਿੰਘ ਮਹਾਰਾਜੇ ਦੀ ਹਾਜ਼ਰੀ ਭਰਨ ਆਇਆ ਤਾਂ ਉਸਨੇ ਅੰਗਰੇਜ਼ੀ ਇਲਾਕੇ ਵਿੱਚੋਂ ਖਰੀਦ ਕੇ ਲਿਆਂਦੀ ਗਈ ਦੁਨਾਲੀ ਬੰਦੂਕ ਮਹਾਰਾਜਾ ਸਾਹਿਬ ਦੇ ਨਿਰੀਖਣ ਲਈ ਪੇਸ਼ ਕੀਤੀ, ਪਰ ਜਦੋਂ ਮਹਾਰਾਜਾ ਸ਼ੇਰ ਸਿੰਘ ਨੇ ਉਸ ਨੂੰ ਹੱਥ ਵਿੱਚ ਪੱਕੜ ਕੇ ਵੇਖਣਾ ਚਾਹਿਆ ਤਾਂ ਅਜੀਤ ਸਿੰਘ ਨੇ ਉਸ ਦਾ ਘੋੜਾ ਦਬਾ ਕੇ ਉਸ ਵਿੱਚ ਭਰੀਆਂ ਗੋਲੀਆਂ ਚਲਾ ਦਿੱਤੀਆਂ, ਜੋ ਮਹਾਰਾਜੇ ਦੀ ਛਾਤੀ ਵਿੱਚ ਵੱਜੀਆਂ। ਮਰਨ ਤੋਂ ਪਹਿਲਾਂ ਮਹਾਰਾਜਾ ਕੇਵਲ ਇਹ ਵਾਕ ਹੀ ਬੋਲ ਸਕਿਆ, "ਇਹ ਕੀ ਦਗਾ?"

ਹਥਿਆਰੇ ਅਜੀਤ ਸਿੰਘ ਨੇ ਇੱਥੇ ਹੀ ਬਸ ਨਹੀਂ ਕੀਤਾ ਸਗੋਂ ਮਹਾਰਾਜੇ ਦਾ ਸਿਰ ਵੀ ਤਲਵਾਰ ਨਾਲ ਧੜ ਤੋਂ ਵੱਖ ਕਰ ਦਿੱਤਾ। ਮਹਾਰਾਜੇ ਦੇ ਸ਼ਸਤਰ ਬਰਦਾਰ ਬੁੱਧ ਸਿੰਘ ਨੇ ਅਜੀਤ ਸਿੰਘ ਨਾਲ ਝੜਪ ਲਈ ਅਤੇ ਉਸ ਦੇ ਦੋ ਬੰਦਿਆਂ ਨੂੰ ਮਾਰ ਵੀ ਦਿੱਤਾ, ਪਰ ਉਸ ਦੀ ਆਪਣੀ ਤਲਵਾਰ ਟੁੱਟ ਗਈ। ਜਦੋਂ ਉਹ ਦੂਜੀ ਤਲਵਾਰ ਲੈਣ ਗਿਆ ਤਾਂ ਅਜੀਤ ਸਿੰਘ ਦੇ ਬੰਦਿਆਂ ਨੇ ਉਸ ਨੂੰ ਕਤਲ ਕਰ ਦਿੱਤਾ। ਇਸ ਤੋਂ ਪਿਛੋਂ ਅਜੀਤ ਸਿੰਘ ਦੇ ਸੈਨਿਕ ਮਹਾਰਾਜੇ ਦੇ ਭਵਨ ਵਿੱਚ ਦਾਖਲ ਹੋ ਗਏ ਅਤੇ ਉੱਥੇ ਵੀ ਕਾਫ਼ੀ ਕੱਟ-ਵੱਢ ਕੀਤੀ।



Sri Satguru Jagjit Singh Ji Elibrary NamdhariElibrary@gmail.com

ਇੱਥੇ ਮਾਰੇ ਗਏ ਬੰਦਿਆਂ ਦੀ ਗਿਣਤੀ ਪ੍ਰਾਪਤ ਨਹੀਂ ਹੋ ਸਕੀ।

ਇਸ ਸਥਾਨ ਦੇ ਨਾਲ ਦੇ ਬਾਗ ਵਿੱਚ ਮਹਾਰਾਜਾ ਸ਼ੇਰ ਸਿੰਘ ਦਾ 11 ਸਾਲ ਦਾ ਸਪੁੱਤਰ ਕੰਵਰ ਪ੍ਰਤਾਪ ਸਿੰਘ ਪਾਠ ਪੂਜਾ ਅਤੇ ਤੁਲਾ ਦਾਨ ਕਰ ਰਿਹਾ ਸੀ। ਲਹਿਣਾ ਸਿੰਘ ਨੇ ਉਸ ਨੂੰ ਵੀ ਕਤਲ ਕਰ ਦਿੱਤਾ। ਮਰਨ ਤੋਂ ਪਹਿਲਾਂ ਪ੍ਰਤਾਪ ਸਿੰਘ ਨੇ ਕਿਹਾ, [1*]"ਚਾਚਾ ਜੀ! ਰੱਬ ਦੇ ਵਾਸਤੇ ਮੈਨੂੰ ਨਾ ਮਾਰੋ, ਮੈਂ ਨੌਕਰ ਬਣਕੇ ਤੁਹਾਡੇ ਘੋੜਿਆਂ ਦੀ ਲਿਦ ਸਾਫ਼ ਕਰਾਂਗਾ।" ਲਹੂ ਦੇ ਤਿਹਾਏ ਲਹਿਣਾ ਸਿੰਘ ਨੇ ਆਖਿਆ, "ਐਸ ਵੇਲੇ ਕੌਣ ਕਿਸੇ ਦਾ ਚਾਚਾ ਏ।" ਇਹ ਕਹਿ ਕੇ ਕੌਰ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਇਸ ਸਮੇਂ ਮਗਰੋਂ ਜ਼ਾਲਮ ਸਿਪਾਹੀਆਂ ਨੇ ਆਪਣੀਆਂ ਤਲਵਾਰਾਂ ਨਾਲ ਬਾਲਕ ਦੇ ਸਰੀਰ ਨੂੰ ਟੋਟੇ-ਟੋਟੇ ਕਰ ਦਿੱਤਾ।

ਦੋਵੇਂ ਹਥਿਆਰੇ ਇਹ ਕਾਰੇ ਕਰਕੇ ਆਪਣੀ ਸੈਨਾ ਨਾਲ ਕਿਲ੍ਹੇ ਵੱਲ ਆ ਗਏ। ਇਧਰੋਂ ਰਾਜਾ ਧਿਆਨ ਸਿੰਘ ਪੂਜਾ ਪਾਠ ਕਰਕੇ ਸ਼ਾਹ ਬਲਾਵਲ ਵੱਲ ਜਾਣ ਵਾਲਾ ਸੀ। ਅਜੀਤ ਸਿੰਘ ਅਤੇ ਲਹਿਣਾ ਸਿੰਘ ਨੇ ਧਿਆਨ ਸਿੰਘ ਨੂੰ ਦੱਸ ਦਿੱਤਾ ਕਿ ਅਸੀਂ ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪ੍ਰਤਾਪ ਸਿੰਘ ਦਾ ਫ਼ਸਤਾ ਵੱਢ ਆਏ ਹਾਂ। ਧਿਆਨ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਏਡੀ ਛੇਤੀ ਇਹ ਕਾਰਾ ਕਰ ਦੇਣਗੇ। ਉਨ੍ਹਾਂ ਨੇ ਧਿਆਨ ਸਿੰਘ ਨੂੰ ਉਨ੍ਹਾਂ ਦੋਹਾਂ ਦੇ ਵੱਢੇ ਹੋਏ ਸਿਰ ਵਿਖਾਂ ਦਿੱਤੇ।

ਉਹ ਧਿਆਨ ਸਿੰਘ ਨੂੰ ਇਸ ਬਹਾਨੇ ਨਾਲ ਲੈ ਕੇ ਕਿਲ੍ਹੇ ਦੇ ਅੰਦਰ ਚੱਲੇ ਗਏ ਕਿ ਅੱਗੋਂ ਕੀ ਕਾਰਵਾਈ ਕੀਤੀ ਜਾਵੇ? ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਦੇ ਹੱਕ ਵਿੱਚ ਸੀ, ਜੋ ਕੁਝ ਚਿਰ ਉਸ ਦੀ ਨਿਗਰਾਨੀ ਵਿੱਚ ਜੰਮੂ ਰੱਖਿਆ ਗਿਆ ਸੀ। ਜਦੋਂ ਧਿਆਨ ਸਿੰਘ ਨੇ ਇਹ ਤਾੜ ਲਿਆ ਕਿ ਉਨ੍ਹਾਂ ਦੇ ਨਾਲ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਤਾਂ ਉਸਨੇ ਆਪਣੇ ਨਾਲ ਦੇ ਬੰਦਿਆਂ ਵੱਲ ਵੇਖਿਆ ਜੋ ਬੜੀ ਥੋੜ੍ਹੀ ਗਿਣਤੀ ਵਿੱਚ ਸਨ। ਫਿਰ ਵੀ ਆਪਣੇ ਅੰਦਰਲੇ ਡਰ ਨੂੰ ਲੁਕਾ ਕੇ ਅਤੇ ਹੌਸਲਾ ਰੱਖ ਕੇ ਉਹ ਕਿਲ੍ਹੇ ਦੇ ਅੰਦਰ ਚਲਾ ਗਿਆ। ਇੱਥੇ ਧਿਆਨ ਸਿੰਘ ਦੇ ਬੰਦਿਆਂ ਨੂੰ ਪਹਿਲੇ ਦਰਵਾਜ਼ੇ ਤੇ ਹੀ ਜਾਣ ਤੋਂ ਰੋਕ ਲਿਆ ਗਿਆ ਸੀ। ਕੇਵਲ ਇੱਕ ਨੌਜਵਾਨ ਹੀ ਉਸ ਦੇ ਨਾਲ ਅੰਦਰ ਜਾ ਸਕਿਆ। ਅਜੀਤ ਸਿੰਘ ਦੇ ਪੁੱਛਣ ਤੇ ਹੁਣ ਬਾਦਸ਼ਾਹ ਕਿਸ ਨੂੰ ਬਣਾਈਏ ਤਾਂ ਰਾਜਾ ਧਿਆਨ ਸਿੰਘ ਨੇ ਕਿਹਾ, "ਦਲੀਪ ਸਿੰਘ ਤੋਂ ਵਧੀਕ ਚੰਗੇਰਾ ਹੱਕਦਾਰ ਹੋਰ ਕਿਹੜਾ ਹੈ? ਇਸ ਤੇ ਅਜੀਤ ਸਿੰਘ ਨੇ ਫਿਰ ਆਖਿਆ, "ਚਲੋ ਉਸੇ ਨੂੰ ਹੀ ਬਾਦਸ਼ਾਹ ਬਣਾ ਲੈਂਦੇ ਹਾਂ

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 439



Sri Satguru Jagjit Singh Ji Elibrary NamdhariElibrary@gmail.com

ਅਤੇ ਤੁਸੀਂ ਉਸ ਦੇ ਵਜ਼ੀਰ ਬਣ ਜਾਓ ਪਰ ਅਸਾਂ ਜੋ ਇਹ ਸਾਰਾ ਕਾਰਾ ਕੀਤਾ ਹੈ, ਸਾਨੂੰ ਇਸ ਦੇ ਬਦਲੇ ਕੀ ਹੱਥ ਆਇਆ? ਰਾਜੇ ਨੂੰ ਇਸ ਛੇੜ-ਛਾੜ ਵਾਲੇ ਸੰਕੇਤ ਉੱਤੇ ਬੜਾ ਕ੍ਰੋਧ ਆਇਆ। ਇਸ ਲਈ ਉਹ ਉਥੋਂ ਚੱਲਣ ਲੱਗਾ। ਪਾਸ ਹੀ ਬਿਰਧ ਭਾਈ ਗੁਰਮੁੱਖ ਸਿੰਘ ਖੜ੍ਹਾ ਸੀ, ਉਸਨੇ ਆਖਿਆ, [1*]"ਗੱਲਾਂ ਕਰਨ ਨਾਲੋਂ ਅਮਲ ਕਰਨਾ ਚੰਗਾ ਹੈ। ਸ਼ੇਰ ਸਿੰਘ ਅਤੇ ਉਸਦੇ ਪੁੱਤਰ ਵਾਂਗ ਰਾਜੇ ਨੂੰ ਅਗਲੇ ਜਹਾਨ ਭੇਜੋਗੇ ਤਦ ਹੀ ਤੁਹਾਡਾ ਰਸਤਾ ਸਾਫ਼ ਹੋਵੇਗਾ।"

ਜਦ ਵਲਟੋਹਾ ਨਵਾਂ ਲਾਣਾ ਹੈ,
ਤਦ ਕੜਛਾ ਪੁਰਾਣਾ ਰੱਖਣ ਦਾ ਕੀ ਲਾਭ?

ਇਸ ਤੇ ਅਜੀਤ ਸਿੰਘ ਦੇ ਇਸ਼ਾਰੇ ਤੇ ਕਿਸੇ ਨੇ ਗੋਲੀ ਚਲਾ ਕੇ ਧਿਆਨ ਸਿੰਘ ਨੂੰ ਪਾਰ ਬੁਲਾ ਦਿੱਤਾ। ਦੂਜੀ ਗੋਲੀ ਵੀ ਚਲਾਈ ਗਈ ਸੀ, ਪਰ ਉਹ ਪਹਿਲੀ ਗੋਲੀ ਨਾਲ ਹੀ ਪ੍ਰਾਣ ਤਿਆਗ ਗਿਆ ਸੀ ਅਤੇ ਘੋੜੇ ਤੋਂ ਡਿੱਗ ਪਿਆ ਸੀ। ਉਸ ਦੇ ਮੁਸਲਮਾਨ ਅਰਦਲੀ ਨੇ ਕੁਝ ਮੁਕਾਬਲਾ ਕੀਤਾ, ਪਰ ਉਸ ਦੇ ਵੀ ਟੁਕੜੇ-ਟੁਕੜੇ ਕਰ ਦਿੱਤੇ ਗਏ। ਦੋਹਾਂ ਦੀਆਂ ਲਾਸ਼ਾਂ ਨੂੰ ਕੂੜੇ ਦੇ ਢੇਰ ਉੱਤੇ ਸੁੱਟ ਦਿੱਤਾ ਗਿਆ।

ਇਨ੍ਹਾਂ ਖ਼ੂਨੀ ਕਾਤਲਾਂ ਦੇ ਸਮਾਚਾਰਾਂ ਨੇ ਸ਼ਹਿਰ ਵਿੱਚ ਦਹਿਸ਼ਤ ਫੈਲਾ ਦਿੱਤੀ। ਲੋਕਾਂ ਨੇ ਦੁਕਾਨਾਂ ਅਤੇ ਮਕਾਨਾਂ ਦੇ ਬੂਹੇ ਬੰਦ ਕਰ ਲਏ ਅਤੇ ਸਾਰੇ ਸ਼ਹਿਰ ਵਿੱਚ ਸਹਿਮ ਛਾ ਗਿਆ। ਲਹਿਣਾ ਸਿੰਘ ਦਾ ਵਿਚਾਰ ਸੀ ਕਿ ਧਿਆਨ ਸਿੰਘ ਦਾ ਕਤਲ ਕਾਹਲੀ ਵਿੱਚ ਕੀਤਾ ਗਿਆ ਹੈ। ਚੰਗਾ ਹੁੰਦਾ ਜੇਕਰ ਸੁਚੇਤ ਸਿੰਘ, ਗੁਲਾਬ ਸਿੰਘ ਅਤੇ ਹੀਰਾ ਸਿੰਘ ਨੂੰ ਇਕੱਠਿਆਂ ਬੁਲਾ ਕੇ ਸਾਰਿਆਂ ਨੂੰ ਮਾਰ ਮੁਕਾ ਦਿੱਤਾ ਜਾਂਦਾ। ਇੱਕ ਫ਼ੌਜੀ ਟੁਕੜੀ ਨੂੰ ਇਹ ਸੰਦੇਸ਼ ਦੇ ਕੇ ਭੇਜਿਆ ਗਿਆ ਕਿ ਦੂਜੇ ਡੋਗਰੇ ਸਰਦਾਰਾਂ ਨੂੰ ਧਿਆਨ ਸਿੰਘ ਵੱਲੋਂ ਸੰਦੇਸ਼ ਦੇ ਕੇ ਕਿਲ੍ਹੇ ਦੇ ਅੰਦਰ ਬੁਲਾ ਲਿਆਉਣ, ਪਰ ਉਨ੍ਹਾਂ ਤੱਕ ਇਹ ਖ਼ਬਰਾਂ ਪਹਿਲਾਂ ਹੀ ਪਹੁੰਚ ਚੁੱਕੀਆਂ ਸਨ। ਉਨ੍ਹਾਂ ਨੇ ਰਾਜਾ ਧਿਆਨ ਸਿੰਘ ਦੇ ਲਿਖਤੀ ਹੁਕਮ ਦੀ ਮੰਗ ਕੀਤੀ। ਇਸ ਲਈ ਸੰਧਾਵਾਲੀਆਂ ਵੱਲੋਂ ਭੇਜੀ ਗਈ ਸੈਨਾ ਤਾਂ ਵਾਪਿਸ ਪਰਤ ਆਈ, ਪਰ ਡੋਗਰੇ ਸਰਦਾਰ ਹੁਣ ਸੰਧਾਵਾਲੀਆਂ ਤੋਂ ਬਦਲਾ ਲੈਣ ਦੀ ਵਿਉਂਤ ਬਣਾਉਣ ਲੱਗੇ ਅਤੇ ਇਸ ਉਦੇਸ਼ ਲਈ ਜਰਨੈਲ ਵੈਨਤੂਰਾ ਅਤੇ ਜਰਨੈਲ ਐਵੀਟੇਬਲ ਦੇ ਨਿਵਾਸ ਵੱਲ ਆ ਗਏ।

ਹੀਰਾ ਸਿੰਘ ਪਹਿਲਾਂ ਤਾਂ ਬੜਾ ਨਿਰਾਸ਼ ਹੋਇਆ, ਪਰ ਕੇਸਰੀ ਸਿੰਘ ਦੇ ਹੌਸਲਾ ਦੇਣ ਉੱਤੇ ਉਸਨੇ ਸੈਨਾ ਦੇ ਮੁੱਖੀਆਂ ਦੀ ਇਕੱਤਰਤਾ ਬੁਲਾਈ ਅਤੇ ਆਪਣੇ ਪਿਤਾ ਰਾਜਾ ਧਿਆਨ ਸਿੰਘ ਦੀ ਰਾਜ ਭਗਤੀ ਅਤੇ ਵੱਡੇ ਮਹਾਰਾਜੇ

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 440



Sri Satguru Jagjit Singh Ji Elibrary NamdhariElibrary@gmail.com

ਵੱਲੋਂ ਉਸ ਨੂੰ ਦਿੱਤੇ ਗਏ ਪਿਆਰ ਦਾ ਵਾਸਤਾ ਪਾ ਕੇ ਸੈਨਾ ਨੂੰ ਇਸ ਨਾਜ਼ੁਕ ਮੌਕੇ ਮਹਾਰਾਜੇ ਤੇ ਆਪਣੇ ਪਿਤਾ ਧਿਆਨ ਸਿੰਘ ਦਾ ਬਦਲਾ ਲੈਣ ਲਈ ਬੜੀ ਜਜ਼ਬਾਤੀ ਤਕਰੀਰ ਕੀਤੀ। ਫ਼ੌਜ ਇਕਦਮ ਉਸ ਦੀ ਸਹਾਇਤਾ ਲਈ ਤਿਆਰ ਹੋ ਗਈ। ਮੁਹੰਮਦ ਲਤੀਫ ਲਿਖਦਾ ਹੈ, [1*]"ਉਪਰੋਕਤ ਫ਼ੈਸਲੇ ਦੇ ਸਮੇਂ ਭਾਵੇਂ ਲਗਭਗ ਅੱਧੀ ਫ਼ੌਜ ਆਪਣਾ ਸ਼ਾਮ ਦਾ ਭੋਜਨ ਤਿਆਰ ਕਰਨ ਵਿੱਚ ਰੁਝੀ ਹੋਈ ਸੀ, ਪਰ ਢੋਲਾਂ ਅਤੇ ਬਿਗਲਾਂ ਦੀ ਆਵਾਜ਼ ਸੁਣ ਕੇ ਉਹ ਆਪਣਾ ਭੋਜਨ ਅਤੇ ਭਾਂਡੇ ਮੈਦਾਨ ਵਿੱਚ ਹੀ ਛੱਡ ਕੇ ਆਪਣੇ ਹਥਿਆਰ ਸਜਾਉਣ ਵਿੱਚ ਰੁਝ ਗਏ। ਉਹ ਰੋਟੀ ਖਾਣੀ ਵੀ ਭੁੱਲ ਗਏ। ਜਿਨ੍ਹਾਂ ਨੇ ਤਿਆਰੀ ਵਿੱਚ ਜ਼ਰਾ ਵੀ ਢਿੱਲ ਮੱਠ ਕੀਤੀ, ਉਹਨਾਂ ਨੂੰ ਬੰਦੂਕਾਂ ਦੀਆਂ ਹੁੱਝਾਂ ਮਾਰ-ਮਾਰ ਕੇ ਰੋਟੀਆਂ ਪਕਾਉਂਦਿਆਂ ਨੂੰ ਉਠਾ ਕੇ ਤਿਆਰ ਕੀਤਾ ਗਿਆ। ਇਸ ਤਰ੍ਹਾਂ ਥੋੜ੍ਹੇ ਜਿਹੇ ਸਮੇਂ ਦੇ ਅੰਦਰ ਹੀ ਅੰਦਰ 40 ਹਜ਼ਾਰ ਫ਼ੌਜ ਤਿਆਰ ਹੋ ਗਈ, ਜੋ ਵੈਰੀ ਵਿਰੁੱਧ ਕੂਚ ਬੋਲਣ ਲਈ ਬੜੀ ਬੇਸਬਰੀ ਨਾਲ ਰਾਜਾ ਹੀਰਾ ਸਿੰਘ ਦੇ ਹੁਕਮ ਦੀ ਉਡੀਕ ਕਰਨ ਲੱਗੀ। ਫ਼ੌਜ ਨੂੰ ਹੀਰਾ ਸਿੰਘ ਨੇ ਤਨਖ਼ਾਹਾਂ ਵਿੱਚ ਵਾਧਾ ਕਰਨ ਦਾ ਇਹ ਇਕਰਾਰ ਵੀ ਕੀਤਾ ਸੀ ਕਿ ਪੈਦਲ ਫ਼ੌਜ ਦੀ ਤਨਖ਼ਾਹ ਡਿਉਢੀ ਕਰ ਦੇਵੇਗਾ ਅਤੇ ਹਰ ਫ਼ੌਜੀ ਨੂੰ 12 ਰੁਪਏ ਮਹੀਨੇ ਅਤੇ ਹਰ ਇੱਕ ਘੋੜ ਚੜ੍ਹੇ ਨੂੰ 1 ਰੁਪਇਆ ਰੋਜ਼ਾਨਾ ਤਨਖਾਹ ਦੇਵੇਗਾ।

ਜਦੋਂ ਫ਼ੌਜ ਸ਼ਹਿਰ ਵਿੱਚ ਦਾਖਲ ਹੋਈ ਤਾਂ ਦੂਜੇ ਬੰਨ੍ਹੇ ਸੰਧਾਵਾਲੀਏ ਸਰਦਾਰਾਂ ਨੇ [2*]ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਦਲੀਪ ਸਿੰਘ ਨੂੰ ਮਹਾਰਾਜਾ ਅਤੇ ਅਜੀਤ ਸਿੰਘ ਨੂੰ ਵਜ਼ੀਰ ਹੋਣ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਨੇ ਕਿਲ੍ਹੇ ਬੰਦੀ ਕਰ ਲਈ, ਪਰ ਫ਼ੌਜ ਨੂੰ ਨਾਲ ਮਿਲਾਉਣ ਦਾ ਵੱਧ ਤਲਬਾ ਦੇ ਕੇ ਵੀ ਉਨ੍ਹਾਂ ਦਾ ਯਤਨ ਸਫ਼ਲ ਨਾ ਹੋ ਸਕਿਆ, ਕਿਉਂਕਿ ਜੋ ਹੀਰਾ ਸਿੰਘ ਵਾਂਗ ਸੰਧਾਵਾਲੀਏ ਸਰਦਾਰ ਫ਼ੌਜ ਦੇ ਸਾਹਮਣੇ ਆ ਕੇ ਐਲਾਨ ਨਾ ਕਰ ਸਕੇ। ਸਾਰੀ ਰਾਤ ਕਿਲ੍ਹੇ ਦੇ ਅੰਦਰੋਂ ਅਤੇ ਬਾਹਰੋਂ ਗੋਲਾਬਾਰੀ ਹੁੰਦੀ ਰਹੀ। ਅਗਲੇ ਦਿਨ ਬਾਹਰਲੀ ਸੈਨਾ ਕਿਲ੍ਹੇ ਦੇ ਅੰਦਰ ਜਾਣ ਵਿੱਚ ਸਫ਼ਲ ਹੋ ਗਈ ਅਤੇ ਘਮਸਾਣ ਦੀ ਲੜਾਈ ਪਿਛੋਂ ਸੰਧਾਵਾਲੀਆਂ ਦੀ ਹਾਰ ਹੋਈ। ਰਾਜਾ ਧਿਆਨ ਸਿੰਘ ਦੀ ਦੇਹ ਨੂੰ ਲਿਆਂਦਾ ਗਿਆ ਅਤੇ ਉਸ ਦੀ ਪਤਨੀ (ਹੀਰਾ ਸਿੰਘ ਦੀ ਮਤ੍ਰੇਈ ਮਾਂ) ਤੇ 10 ਦਾਸੀਆਂ ਸਤੀ ਹੋਣ ਲਈ ਤਿਆਰ ਹੋਈਆਂ। ਅਜੀਤ ਸਿੰਘ ਤੇ ਲਹਿਣਾ ਸਿੰਘ ਦੀਆਂ ਲਾਸ਼ਾਂ ਹੀਰਾਂ ਸਿੰਘ ਦੇ ਸਾਹਮਣੇ ਲਿਆਂਦੀਆਂ ਗਈਆਂ। ਉਨ੍ਹਾਂ ਦੇ ਟੁਕੜੇ-

[1*] ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 420

[2*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 443



Sri Satguru Jagjit Singh Ji Elibrary NamdhariElibrary@gmail.com

ਟੁਕੜੇ ਕਰਕੇ ਸ਼ਹਿਰ ਦੇ ਦਰਵਾਜਿਆਂ ਉੱਤੇ ਲਟਕਾਏ ਗਏ। ਧਿਆਨ ਸਿੰਘ ਦੇ ਦਾਹ ਸੰਸਕਾਰ ਸਮੇਂ [1]*ਮੁਹੰਮਦ ਲਤੀਫ ਇੱਕ ਦਸ ਸਾਲਾਂ ਪਹਾੜਨ ਕੁੜੀ ਦੇ ਨਾਲ ਸਤੀ ਹੋਣ ਬਾਰੇ ਵੀ ਵਰਣਨ ਕਰਦਾ ਹੈ, ਜਿਸ ਨੂੰ ਸਤੀ ਹੋਣ ਤੋਂ ਰੋਕਣ ਦਾ ਯਤਨ ਕੀਤਾ ਗਿਆ, ਪਰ ਉਹ ਕੁੜੀ ਸਤੀ ਹੋਣ ਲਈ ਇੰਨੀ ਉਤਾਵਲੀ ਸੀ ਕਿ ਉਹ ਕਿਸੇ ਦੇ ਰੋਕਿਆਂ ਵੀ ਸਤੀ ਹੋਣ ਤੋਂ ਨਾ ਰੁਕੀ। ਰਾਜਾ ਧਿਆਨ ਸਿੰਘ ਦੀ ਸਤੀ ਹੋਣ ਵਾਲੀ ਪਤਨੀ ਨੇ ਰਾਜਾ ਧਿਆਨ ਸਿੰਘ ਦੀ ਕਲਗੀ ਨੂੰ ਉਸਦੀ ਪੱਗੜੀ ਤੋਂ ਉਤਾਰ ਕੇ ਹੀਰਾ ਸਿੰਘ ਦੀ ਪੱਗੜੀ ਉੱਤੇ ਟੰਗ ਦਿੱਤਾ। ਅਜੀਤ ਸਿੰਘ ਅਤੇ ਲਹਿਣਾ ਸਿੰਘ ਦੇ ਕਾਤਲਾਂ ਨੂੰ ਵੱਡੇ-ਵੱਡੇ ਇਨਾਮ ਦਿੱਤੇ ਗਏ। ਕੇਵਲ ਏਨਾ ਹੀ ਨਹੀਂ ਸਗੋਂ ਬੇਮੁਹਾਰੀ ਫ਼ੌਜ ਨੇ ਕਿਲ੍ਹੇ ਦੇ ਅੰਦਰ ਅਤੇ ਬਾਹਰਵਾਰ ਵੱਡੇ ਪੱਧਰ 'ਤੇ ਲੁੱਟਮਾਰ ਕੀਤੀ। "ਇੱਥੇ ਹੀ ਬਸ ਨਹੀਂ ਸਗੋਂ ਸਾਧਾਰਨ ਸਿਪਾਹੀਆਂ ਨੇ ਵੀ ਇਨਾਮ ਅਤੇ ਲੁੱਟਮਾਰ ਵਜੋਂ ਸੋਨੇ ਚਾਂਦੀ ਨਾਲ ਆਪਣੀਆਂ ਜੇਬਾਂ ਭਰ ਲਈਆਂ। ਫ਼ੌਜ ਨੇ ਕਿਲ੍ਹੇ ਵਿੱਚ ਬੇਤਹਾਸ਼ਾ ਲੁੱਟ ਮਚਾ ਦਿੱਤੀ। ਉਨ੍ਹਾਂ ਨੇ ਰਾਣੀ ਚੰਦ ਕੌਰ ਦਾ ਘਰ ਲੁੱਟ ਲਿਆ। ਉਥੋਂ ਕੱਪੜੇ, ਸ਼ਾਲਾਂ ਅਤੇ ਗਹਿਣੇ ਭਾਰੀ ਗਿਣਤੀ ਵਿੱਚ ਉਨ੍ਹਾਂ ਦੇ ਹੱਥ ਲੱਗੇ। ਫ਼ੌਜ ਨੇ ਸ਼ਾਹੀ ਤੋਸ਼ਾ ਖਾਨਾ ਵੀ ਲੁੱਟ ਲਿਆ। ਮਤਲਬ ਕਿ ਕਿਲ੍ਹੇ ਦੇ ਅੰਦਰ ਉਨ੍ਹਾਂ ਨੂੰ ਜੋ ਕੁਝ ਵੀ ਨਜ਼ਰ ਆਇਆ, ਲੁੱਟ ਕੇ ਲੈ ਗਏ।" ਸ਼ਹਿਰ ਦੇ ਅੰਦਰ ਵੀ ਲੁੱਟਮਾਰ ਦਾ ਬਾਜ਼ਾਰ ਗਰਮ ਰਿਹਾ।

ਇਸ ਮੌਕੇ ਉੱਤੇ ਹੀਰਾ ਸਿੰਘ ਨੇ ਸੰਧਾਵਾਲੀਆਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ। ਉਨ੍ਹਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ। ਇਨ੍ਹਾਂ ਮਾਰੇ ਜਾਣ ਵਾਲੇ ਵਿਅਕਤੀਆਂ ਵਿੱਚ ਭਾਈ ਗੁਰਮੁੱਖ ਸਿੰਘ ਅਤੇ ਮਿਸਰ ਬੇਲੀ ਰਾਮ ਸ਼ਾਮਿਲ ਸਨ। ਸੰਧਾਵਾਲੀਆਂ ਵਿੱਚੋਂ ਕੇਵਲ ਸਰਦਾਰ ਸਮਸ਼ੇਰ ਸਿੰਘ ਨੂੰ ਹੀ ਬਖਸ਼ਿਆ ਗਿਆ, ਕਿਉਂ ਜੋ ਉਹ ਅਜੀਤ ਸਿੰਘ ਅਤੇ ਲਹਿਣਾ ਸਿੰਘ ਦਾ ਕੱਟੜ ਵੈਰੀ ਸੀ।

### ਦਲੀਪ ਸਿੰਘ ਨੂੰ ਰਾਜ ਗੱਦੀ

[2]*18 ਸਤੰਬਰ, 1843 ਨੂੰ ਦਲੀਪ ਸਿੰਘ ਨੂੰ ਪੰਜਾਬ ਦੇ ਮਹਾਰਾਜੇ ਵਜੋਂ

[1]* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 445

[2]* ਉਪਰੋਕਤ, ਪੰਨਾ 448

ਦਲੀਪ ਸਿੰਘ ਗੱਦੀ ਉਤੇ ਰਹੇ ਬੈਠਾ; ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜੱਲ੍ਹਾ ਉਸ ਦਾ ਖ਼ਾਸ ਵਜ਼ੀਰ ਹੈਸੀ, ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ, ਕਹੇ ਕੁਝ ਤੇ ਕੁਝ ਕਮਾਂਵਦਾ ਈ।
ਸ਼ਾਹ ਮੁਹੰਮਦਾ ਪੰਥ ਨੂੰ ਦੁਖ ਦੇਂਦਾ, ਹੀਰਾ ਸਿੰਘ ਦਾ ਨਾਸ਼ ਕਰਾਂਵਦਾ ਈ। 32

ਸੰਪਾਦਕ : ਸੀਤਾ ਰਾਮ ਕੋਹਲੀ, ਸੇਵਾ ਸਿੰਘ ਗਿਆਨੀ, ਵਾਰ ਸ਼ਾਹ ਮੁਹੰਮਦ ਅਥਵਾ ਜੰਗ ਹਿੰਦ ਪੰਜਾਬ, ਪੰਨਾ 150



Sri Satguru Jagjit Singh Ji Elibrary NamdhariElibrary@gmail.com

ਰਾਜ ਸਿੰਘਾਸਨ ਸੌਂਪਿਆ ਗਿਆ। ਹੀਰਾ ਸਿੰਘ ਉਸ ਦਾ ਮਹਾਂਮੰਤਰੀ ਬਣਿਆ। ਹੀਰਾ ਸਿੰਘ ਨੇ ਪਹਿਲਾਂ ਤਾਂ ਇਸ ਪੱਦਵੀ ਨੂੰ ਪ੍ਰਵਾਨ ਕਰਨ ਤੋਂ ਸੰਕੋਚ ਕੀਤਾ, ਪਰ ਪਿਛੋਂ ਸਰਦਾਰਾਂ ਅਤੇ ਫ਼ੌਜੀ ਪੰਚਾਂ ਦੇ ਕਹਿਣ ਉੱਤੇ ਵਜ਼ੀਰ ਬਣਨਾ ਪ੍ਰਵਾਨ ਕਰ ਲਿਆ।

ਮੁਹੰਮਦ ਲਤੀਫ ਲਿਖਦਾ ਹੈ :

"ਇਹ ਉਹ ਸਮਾਂ ਸੀ ਜਦ ਕਿ ਫ਼ੌਜ ਹੀ ਕਰਤਾ-ਧਰਤਾ ਬਣ ਚੁੱਕੀ ਸੀ। ਇਹ ਫ਼ੌਜ, ਜਿਸ ਨੂੰ ਚਾਹੇ ਰਾਜਗੱਦੀ ਉੱਤੇ ਬਿਠਾ ਦੇਵੇ ਅਤੇ ਜਿਨ੍ਹਾਂ ਨੂੰ ਚਾਹੇ ਗੱਦੀ ਉਤੋਂ ਲਾਹ ਦੇਵੇ। ......ਉਹ ਸ਼ਾਹੀ ਤਬੇਲੇ ਵਿੱਚੋਂ ਸਵਰਗੀ ਮਹਾਰਾਜਾ ਰਣਜੀਤ ਸਿੰਘ ਦੇ ਅਤਿ ਚੰਗੇ ਅਤੇ ਮਨਭਾਉਂਦੇ ਘੋੜੇ ਲੈ ਗਏ ਅਤੇ ਕਿਸੇ ਨੂੰ ਉਨ੍ਹਾਂ ਦੀ ਇਸ ਕਾਰਵਾਈ ਵਿਰੁੱਧ ਉਂਗਲੀ ਚੁੱਕਣ ਦਾ ਹੌਸਲਾ ਨਾ ਪਿਆ। ਬਾਦਸ਼ਾਹ ਦੀਆਂ ਸਭ ਸ਼ਾਹੀ ਗੱਡੀਆਂ, ਹਾਥੀ ਅਤੇ ਕੀਮਤੀ ਫਰਨੀਚਰ ਇਧਰ-ਉਧਰ ਖਿਲਾਰ ਦਿੱਤਾ ਗਿਆ। ਜਿਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਲਈ ਮਹਾਰਾਜੇ ਨੂੰ ਸਾਲਾਂ ਬੱਧੀ ਮਿਹਨਤ ਅਤੇ ਖਰਚ ਕਰਨੇ ਪਏ ਤੇ ਕਈ ਪਾਪੜ ਵੇਲਨੇ ਪਏ, ਉਹ ਸਭ ਹੁਣ ਖ਼ਾਲਸਾ ਫ਼ੌਜਾਂ ਦੇ ਰਹਿਮ ਉੱਤੇ ਸਨ। ਸ਼ੇਰ ਸਿੰਘ ਦੀ ਮੌਤ ਮਗਰੋਂ ਕੁਝ ਹਫ਼ਤਿਆਂ ਦੇ ਅੰਦਰ ਹੀ ਅੰਦਰ 35-40 ਲੱਖ ਦੀ ਰਕਮ ਸ਼ਾਹੀ ਖਜ਼ਾਨੇ ਵਿੱਚੋਂ ਚੋਰੀ ਛਿਪੇ ਹੀ ਉਡਾਂ ਲਈ ਗਈ। ਇਹ ਗੱਲ ਸਪੱਸ਼ਟ ਮੰਨੀ ਗਈ ਕਿ ਇਹ ਰਕਮ ਅਤੇ ਦੂਜੇ ਕੀਮਤੀ ਇਨਾਮ ਸ਼ਨਾਮ ਜੋ ਫ਼ੌਜ ਨੂੰ ਦਿੱਤੇ ਗਏ, ਉਹ ਉਸ ਰਕਮ ਦਾ ਅੱਠਵਾਂ ਭਾਗ ਵੀ ਨਹੀਂ ਸੀ, ਜੋ ਹੀਰਾ ਸਿੰਘ ਨੇ ਆਪਣੇ ਲਈ ਹਥਿਆਇਆ। ਜੋ ਬੇਅੰਤ ਧਨ-ਦੌਲਤ ਗੁਲਾਬ ਸਿੰਘ, ਸ਼ੇਰ ਸਿੰਘ ਦੀ ਤਖ਼ਤ ਨਸ਼ੀਨੀ ਤੋਂ ਪਹਿਲੋਂ ਆਪਣੇ ਪਹਾੜੀ ਵਤਨ ਨੂੰ ਲੈ ਗਿਆ, ਉਸ ਦਾ ਤੇ ਕਹਿਣਾ ਹੀ ਕੀ?"

ਹੀਰਾ ਸਿੰਘ ਦੀ ਵਜ਼ੀਰੀ ਕੋਈ ਫੁੱਲਾਂ ਦੀ ਸੇਜ ਨਹੀਂ ਸੀ, ਸਗੋਂ ਇਹ ਇੱਕ ਕੰਡਿਆਲਾ ਆਸ਼ਣ ਸੀ, ਜਿਸ ਉੱਤੇ ਉਸ ਨੂੰ ਬੈਠਣਾ ਪਿਆ। ਭਾਵੇਂ ਹੀਰਾ ਸਿੰਘ ਵਿੱਚ ਮਹਾਰਾਜਾ ਰਣਜੀਤ ਸਿੰਘ ਵਾਲੀ ਰਾਜਨੀਤਿਕ ਸੂਝ-ਬੂਝ ਵੀ ਮੌਜੂਦ ਸੀ, ਕਿਉਂ ਜੋ ਵੱਡੇ ਮਹਾਰਾਜੇ ਦਾ ਉਸ ਨੂੰ ਰੱਜ ਕੇ ਪਿਆਰ ਮਿਲਿਆ ਸੀ, ਪਰ ਉਸ ਵਿੱਚ ਆਪਣੇ ਪਿਤਾ ਵਾਲੇ ਆਚਰਨਿਕ ਦੋਸ਼ ਵੀ ਮੌਜੂਦ ਸਨ, ਜਿਸ ਦਾ ਸਬੂਤ ਇਤਿਹਾਸਕਾਰ ਮੁਹੰਮਦ ਲਤੀਫ ਦੇ ਉਪਰੋਕਤ ਕਥਨ ਤੋਂ ਹੀ ਸਪੱਸ਼ਟ ਰੂਪ ਵਿੱਚ ਮਿਲ ਜਾਂਦਾ ਹੈ। ਉਸ ਕੋਲੋਂ ਕਈ ਗਲਤੀਆਂ ਅਚੇਤ ਜਾਂ ਸੁਚੇਤ ਰੂਪ ਵਿੱਚ ਹੋ ਗਈਆਂ, ਜਿਸ ਦਾ ਉਸ ਨੂੰ ਕੌੜਾ ਫ਼ਲ ਭੋਗਣਾ ਪਿਆ। ਉਸ ਦੀ ਸਭ ਤੋਂ ਵੱਡੀ ਗਲਤੀ ਤਾਂ ਆਪਣੇ ਬਚਪਨ ਦੇ ਸਿੱਖਿਆ ਗੁਰੂ ਪੰਡਤ ਜਲ੍ਹੇ (ਜਿਸ ਦਾ ਅਸਲੀ ਨਾਂ ਜਵਾਲਾ ਸਹਾਏ) ਨੂੰ ਆਪਣਾ ਸਹਾਇਕ ਬਣਾਉਣਾ ਸੀ। ਜੰਮੂ



Sri Satguru Jagjit Singh Ji Elibrary NamdhariElibrary@gmail.com

ਦੇ ਡੋਗਰਿਆਂ ਦਾ ਇਹ ਪ੍ਰੋਹਤ ਬੜਾ ਚਲਾਕ ਅਤੇ ਅਭਿਮਾਨੀ ਸੀ। ਹੀਰਾ ਸਿੰਘ ਨੇ ਲਾਹੌਰ ਦਰਬਾਰ ਦੇ ਸ਼ਾਹੀ ਖਜ਼ਾਨੇ ਨੂੰ ਜਦੋਂ ਖਾਲ੍ਹੀ ਹੁੰਦਾ ਤੱਕਿਆ ਤਾਂ ਜੱਲ੍ਹੇ ਪੰਡਤ ਨੂੰ ਰਕਮਾਂ ਦੀ ਉਗਰਾਹੀ ਅਤੇ ਭੁਗਤਾਨ ਕਰਨ ਉੱਤੇ ਲਾ ਦਿੱਤਾ।

ਉਹ ਜ਼ਬਾਨ ਦਾ ਬੜਾ ਕੌੜਾ ਸੀ ਅਤੇ ਹਰ ਇੱਕ ਨੂੰ ਕੁਰੱਖਤ ਬੋਲਦਾ ਸੀ। ਉਸਨੇ ਸਰਦਾਰਾਂ ਤੇ ਫ਼ੌਜੀ ਪੰਚਾਂ ਨੂੰ ਵੀ ਬੁਰਾ-ਭਲਾ ਕਹਿਣਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਰਾਜ ਮਾਤਾ ਤੇ ਕਵੀ ਸ਼ਾਹ ਮੁਹੰਮਦ ਦੇ ਕਹਿਣ ਅਨੁਸਾਰ ਮਹਾਰਾਜੇ ਨੂੰ ਘੂਰਨ ਲੱਗ ਪਿਆ ਸੀ।

ਦਲੀਪ ਸਿੰਘ ਗੱਦੀ ਉੱਤੇ ਰਹੇ ਬੈਠਾ;
ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜੱਲ੍ਹਾ ਉਸ ਦਾ ਖ਼ਾਸ ਵਜ਼ੀਰ ਹੈਸੀ,
ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ,
ਕਹੇ ਕੁਝ ਤੇ ਕੁਝ ਕਮਾਂਵਦਾ ਈ।
ਸ਼ਾਹ ਮੁਹੰਮਦਾ ਪੰਥ ਨੂੰ ਦੁੱਖ ਦੇਂਦਾ,
ਹੀਰਾ ਸਿੰਘ ਦਾ ਨਾਸ਼ ਕਰਾਂਵਦਾਈ।

ਇਸੇ ਲਈ ਉਹ ਨਾ ਕੇਵਲ ਆਪ ਹੀ ਮੌਤ ਦਾ ਸ਼ਿਕਾਰ ਹੋਇਆ, ਸਗੋਂ ਪੰਜਾਬ ਦੇ ਇੱਕ ਲੋਕ ਅਖਾਣ ਅਨੁਸਾਰ :

"ਆਪ ਤਾਂ ਡੁੱਬੋਂ ਬਾਹਮਣਾ ਜਜ਼ਮਾਨ ਵੀ ਗਾਲੇ"

ਵਾਂਗ ਹੀਰਾ ਸਿੰਘ ਨੂੰ ਵੀ ਨਾਲ ਲੈ ਕੇ ਮਰਿਆ।

ਹੀਰਾ ਸਿੰਘ ਦੀ ਦੂਜੀ ਵੱਡੀ ਗਲਤੀ ਬਾਬਾ ਬੀਰ ਸਿੰਘ (1768-1844) ਦੇ ਨੌਰੰਗਾਬਾਦ ਦੇ ਡੇਰੇ ਉੱਤੇ ਫ਼ੌਜੀ ਕਾਰਵਾਈ ਕਰਨਾ ਸੀ। ਬਾਬਾ ਬੀਰ ਸਿੰਘ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਗੱਗੋਬੂਹਾ ਵਿੱਚ ਪਿਤਾ ਸੇਵਾ ਸਿੰਘ ਅਤੇ ਮਾਤਾ ਧਰਮ ਕੌਰ ਦੇ ਘਰ 1768 ਵਿੱਚ ਹੋਇਆ। ਉਸ ਦੇ ਪਿਤਾ ਸ: ਸੇਵਾ ਸਿੰਘ ਦੀ ਮੁਲਤਾਨ ਦੀ ਲੜਾਈ ਵਿੱਚ ਮੌਤ ਤੋਂ ਪਿਛੋਂ ਖ਼ਾਲਸਾ ਸੈਨਾ ਵਿੱਚ ਭਰਤੀ ਹੋ ਗਿਆ। ਉਸਨੇ ਪੇਸ਼ਾਵਰ ਤੇ ਕਸ਼ਮੀਰ ਦੀਆਂ ਮੁਹਿੰਮਾਂ ਵਿੱਚ ਭਾਗ ਲਿਆ। ਕਈ ਸਾਲ ਖ਼ਾਲਸਾ ਸੈਨਾ ਵਿੱਚ ਸੇਵਾ ਕਰਨ ਪਿਛੋਂ ਉਹ ਰਾਵਲਪਿੰਡੀ ਪਰਗਨੇ ਦੇ ਪਿੰਡ ਕਰੀ ਦੇ ਸੰਤ ਬਾਬਾ ਭਾਗ ਸਿੰਘ ਦੇ ਪ੍ਰਭਾਵ

---

1* ਸਿੰਘ ਜਲ੍ਹੇ ਦੇ ਹੱਥੋਂ ਜੋ ਤੰਗ ਆਏ, ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀ। ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ, ਬਾਰ੍ਹਾਂ ਜ਼ੋਰ ਦੇ ਨਾਲ ਕਰਾਂਵਦੇ ਨੀ। ਕਈ ਆਖਦੇ ਦਿਓ ਇਨਾਮ ਸਾਨੂੰ, ਲੈ ਕੇ ਬੁਤਕੀਆਂ ਚਾ ਗਲ ਪਾਂਵਦੇ ਨੀ, ਸ਼ਾਹ ਮੁਹੰਮਦਾ ਜੱਲ੍ਹੇ ਦੇ ਮਾਰਨੇ ਨੂੰ, ਪੰਜ ਕੌਂਸਲੀ ਚਾ ਬਣਾਂਵਦੇ ਨੀ। 37, ਸ਼ਾਹ ਮੁਹੰਮਦ - ਸੀਤਾ ਰਾਮ ਕੋਹਲੀ।



Sri Satguru Jagjit Singh Ji Elibrary NamdhariElibrary@gmail.com

ਥੱਲੇ ਫ਼ੌਜੀ ਨੌਕਰੀ ਤੋਂ ਤਿਆਗ ਪੱਤਰ ਦੇਣ ਪਿਛੋਂ ਧਰਮ ਪ੍ਰਚਾਰਕ ਬਣ ਗਿਆ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਤਰਨਤਾਰਨ ਤੋਂ 5 ਮੀਲ ਦੀ ਦੂਰੀ 'ਤੇ ਨੌਰੰਗਾਬਾਦ ਪਿੰਡ ਵਿੱਚ ਉਸਨੇ ਆਪਣਾ ਡੇਰਾ ਸਥਾਪਿਤ ਕਰ ਲਿਆ, ਜਿਸ ਨੂੰ ਸੰਤਪੁਰਾ ਕਰਕੇ ਜਾਣਿਆ ਜਾਂਦਾ ਸੀ। ਮਾਝੇ ਦੇ ਇਲਾਕੇ ਵਿੱਚ ਉਸ ਦੀ ਬੜੀ ਮਾਨਤਾ ਸੀ। [1]*ਸਿੱਖ ਐਨਸਾਈਕਲੋਪੀਡੀਆ ਅਨੁਸਾਰ ਇਸ ਦੇ ਡੇਰੇ ਵਿੱਚ 3000 ਘੋੜ ਚੜ੍ਹੇ ਅਤੇ 1200 ਪੈਦਲ ਫ਼ੌਜੀ ਰਹਿੰਦੇ ਸਨ ਅਤੇ ਲਗਭਗ 4-5 ਹਜ਼ਾਰ ਵਿਅਕਤੀ ਉਸ ਦੇ ਡੇਰੇ ਦੇ ਲੰਗਰ ਵਿੱਚੋਂ ਹਰ ਰੋਜ਼ ਪ੍ਰਸ਼ਾਦ ਛੱਕਦੇ ਸਨ। ਮਹਾਰਾਜਾ ਸ਼ੇਰ ਸਿੰਘ ਦੀ ਸੰਧਾਵਾਲੀਏ ਸਰਦਾਰਾਂ ਹੱਥੋਂ ਕੀਤੀ ਗਈ ਹੱਤਿਆ ਪਿਛੋਂ ਉਸ ਨੂੰ ਹੀਰਾ ਸਿੰਘ ਆਪਣਾ ਸਭ ਤੋਂ ਵੱਡਾ ਵਿਰੋਧੀ ਮੰਨਦਾ ਸੀ, ਭਾਵੇਂ ਉਹ ਕਿਸੇ ਰਾਜਨੀਤਿਕ ਧੜੇ ਵਿੱਚ ਸ਼ਾਮਿਲ ਨਹੀਂ ਸੀ, ਪਰ ਉਸ ਨੂੰ ਸ਼ੇਰੇ ਪੰਜਾਬ ਦੇ ਰਾਜ ਘਰਾਣੇ ਦੇ ਇਸ ਤਰ੍ਹਾਂ ਪੰਜਾਬ ਰਾਜ ਦੇ ਦੋਖੀਆਂ ਦੇ ਧੜਿਆਂ ਵੱਲੋਂ ਕੀਤੇ ਗਈ ਕੁਲ ਨਾਸ਼ ਦਾ ਵੱਡਾ ਦੁੱਖ ਸੀ। ਅੱਤਰ ਸਿੰਘ ਸੰਧਾਵਾਲੀਆਂ ਜੋ ਅੰਗਰੇਜ਼ ਰਾਜ ਵਿੱਚ ਚਲਿਆ ਗਿਆ ਸੀ। ਹੁਣ ਬਾਬਾ ਬੀਰ ਸਿੰਘ ਦੇ ਡੇਰੇ ਵਿੱਚ ਆ ਸ਼ਰਨਾਗਤ ਹੋਇਆ ਸੀ। ਇਸੇ ਤਰ੍ਹਾਂ ਕੰਵਰ ਕਸ਼ਮੀਰਾ ਸਿੰਘ ਅਤੇ ਕੰਵਰ ਪਸ਼ੌਰ ਸਿੰਘ, ਸ: ਹਰੀ ਸਿੰਘ ਨਲੂਏ ਦਾ ਪੁੱਤਰ ਜਵਾਹਰ ਸਿੰਘ ਅਤੇ ਦੀਵਾਨ ਵਿਸਾਖਾ ਸਿੰਘ ਵੀ ਬਾਬਾ ਬੀਰ ਸਿੰਘ ਦੇ ਡੇਰੇ ਆ ਪੁੱਜੇ। ਇਸ ਤਰ੍ਹਾਂ ਬਾਬਾ ਬੀਰ ਸਿੰਘ ਦਾ ਡੇਰਾ ਡੋਗਰਿਆਂ ਦੀ ਪ੍ਰਭੁਤਾ ਵਿਰੁੱਧ ਬਗਾਵਤ ਦਾ ਕੇਂਦਰ ਬਣ ਗਿਆ। ਹੀਰਾ ਸਿੰਘ ਨੇ ਆਪਣੇ ਲਈ ਖਤਰਾ ਜਾਣ ਕੇ ਸ: ਅੱਤਰ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰਾਂ ਕਸ਼ਮੀਰਾ ਸਿੰਘ ਅਤੇ ਪਸ਼ੌਰਾ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਦੇ ਵਿਰੁੱਧ ਰਾਜ ਦੇ ਦਾਅਵੇਦਾਰ ਮੁੜ ਖੜ੍ਹੇ ਹੋਣ ਦੇ ਡਰ ਤੋਂ ਮੀਆਂ ਲਾਭ ਸਿੰਘ ਦੀ ਕਮਾਨ ਹੇਠਾਂ ਇਨ੍ਹਾਂ ਪ੍ਰਮੁੱਖ ਵਿਅਕਤੀਆਂ ਨੂੰ ਗਿਰਫਤਾਰ ਕਰਕੇ ਲਾਹੌਰ ਲਿਆਉਣ ਲਈ ਫ਼ੌਜੀ ਚੜ੍ਹਾਈ ਕਰ ਦਿੱਤੀ। ਇਸ ਸੈਨਾ ਵਿੱਚ 20,000 ਪਿਆਦਾ ਫ਼ੌਜ ਅਤੇ 50 ਤੋਪਾਂ ਸਨ। ਜਦੋਂ 7 ਮਈ 1844 ਨੂੰ ਬਾਬਾ ਬੀਰ ਸਿੰਘ ਦੇ ਡੇਰੇ ਉੱਤੇ ਧਾਵਾ ਬੋਲਿਆ ਗਿਆ ਤਾਂ ਉਸ ਦਾ ਡੇਰਾ ਹਰੀਕੇ ਪੱਤਣ ਦੇ ਕੋਲ ਮੁੱਠਿਆਂ ਵਾਲਾ ਵਿਖੇ ਸੀ। ਬਾਬਾ ਬੀਰ ਸਿੰਘ ਨਹੀਂ ਸੀ ਚਾਹੁੰਦਾ ਕਿ ਖ਼ਾਲਸਾ ਸੈਨਾ ਦੇ ਦੋਹਾਂ ਧੜਿਆਂ ਵਿੱਚ ਲੜਾਈ ਹੋਵੇ। ਪਰ ਜਦੋਂ ਹਾਲੀਂ ਸੁਲ੍ਹਾ ਸਫਾਈ ਦੀ ਗੱਲ ਚੱਲ ਹੀ ਰਹੀ ਸੀ ਤਾਂ ਸਰਦਾਰ ਅੱਤਰ ਸਿੰਘ ਨੇ ਰੋਹ ਵਿੱਚ ਆ ਕੇ ਲਾਹੌਰ ਦਰਬਾਰ ਦੇ ਪ੍ਰਤੀਨਿੱਧ ਨੂੰ ਕਤਲ ਕਰ ਦਿੱਤਾ ਜਿਸ ਪਿਛੋਂ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿੱਚ ਬਾਬਾ ਬੀਰ ਸਿੰਘ ਅੱਤਰ ਸਿੰਘ, ਕੰਵਰ ਕਸ਼ਮੀਰਾ ਸਿੰਘ ਆਦਿ ਮਾਰੇ ਗਏ। ਬਹੁਤ ਸਾਰੇ ਬੰ

[1]* ਐਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਦੂਜੀ, ਪੰਨਾ 376-77



Sri Satguru Jagjit Singh Ji Elibrary NamdhariElibrary@gmail.com

ਦਰਿਆ ਪਾਰ ਕਰਦੇ ਹੋਏ ਡੁੱਬ ਕੇ ਮਰ ਗਏ। ਖ਼ਾਲਸਾ ਸੈਨਾ ਵਿੱਚ ਬਾਬਾ ਬੀਰ ਸਿੰਘ ਦੇ ਡੇਰੇ ਦੀ ਤਬਾਹੀ ਦਾ ਬਹੁਤ ਮਾੜਾ ਪ੍ਰਭਾਵ ਪਿਆ। ਲੋਕ ਹੀਰਾ ਸਿੰਘ ਦੇ ਵਿਰੁੱਧ ਹੋ ਗਏ। ਭਾਵੇਂ ਉਸ ਨੇ ਖ਼ਾਲਸਾ ਸੈਨਾ ਦੇ ਪੰਚਾਂ ਤੋਂ ਮਾਫ਼ੀ ਵੀ ਮੰਗੀ। ਪਰ ਸੈਨਾ ਵਿੱਚ ਬਾਬਾ ਬੀਰ ਸਿੰਘ ਅਤੇ ਕਸ਼ਮੀਰਾ ਸਿੰਘ ਬਾਰੇ ਬੜਾ ਰੋਸ ਸੀ। ਹੀਰਾ ਸਿੰਘ ਨੇ ਖ਼ਾਲਸਾ ਸੈਨਾ ਦੇ ਪੰਚਾਂ ਕੋਲੋਂ ਮਾਫ਼ੀ ਵੀ ਮੰਗੀ ਅਤੇ ਬਾਬਾ ਬੀਰ ਸਿੰਘ ਦੀ ਸਮਾਧ ਬਣਾਉਣ ਅਤੇ ਉਸ ਦੇ ਨਾਂ 5000 ਰੁਪਏ ਦੀ ਸਾਲਾਨਾ ਪੈਨਸ਼ਨ ਲਾਉਣ ਦਾ ਭਰੋਸਾ ਦਿਵਾਇਆ। ਪਰ ਖ਼ਾਲਸਾ ਸੈਨਾ ਨੇ ਉਸ ਨੂੰ ਦਿਲੋਂ ਮਾਫ਼ ਨਹੀਂ ਕੀਤਾ। ਇਸ ਘਟਨਾ ਦੇ ਵਾਪਰਨ ਤੋਂ ਇੱਕ ਸਾਲ ਦੇ ਅੰਦਰ-ਅੰਦਰ ਹੀ ਹੀਰਾ ਸਿੰਘ ਅਤੇ ਉਸ ਦੇ ਸਲਾਹਕਾਰ ਪੰਡਤ ਜੱਲ੍ਹੇ ਨੂੰ ਜੰਮੂ ਵੱਲ ਨੱਠਦਿਆਂ ਕਤਲ ਕਰ ਦਿੱਤਾ ਗਿਆ। ਜਨਰਲ ਕੋਰਟ ਦੀ ਉਸ ਪਲਟਨ ਨੂੰ ਜਿਸਨੇ ਬਾਬਾ ਬੀਰ ਸਿੰਘ ਦੇ ਡੇਰੇ ਤੇ ਚੜ੍ਹਾਈ ਕੀਤੀ ਸੀ ਨੂੰ 'ਗੁਰੂ ਮਾਰ' ਪਲਟਨ ਕਰਕੇ ਜਾਣਿਆ ਜਾਣ ਲੱਗਾ।

## ਮਹਾਰਾਣੀ ਜਿੰਦਾਂ ਦਾ ਸੁਚੇਤ ਸਿੰਘ ਨੂੰ ਬੁਲਾਵਾ

ਮਹਾਰਾਣੀ ਜਿੰਦਾਂ ਹੀਰਾ ਸਿੰਘ ਨੂੰ ਵਧੇਰੇ ਸਿਆਣਾ ਅਤੇ ਵਜ਼ੀਰੀ ਦੇ ਲਾਇਕ ਨਹੀਂ ਸੀ ਸਮਝਦੀ। ਪੰਡਤ ਜੱਲ੍ਹੇ ਦੇ ਰਾਜਮਾਤਾ ਅਤੇ ਮਹਾਰਾਜੇ ਪ੍ਰਤੀ ਵਤੀਰੇ ਦੇ ਕਾਰਨ ਕਰਕੇ ਵੀ ਉਹ ਉਨ੍ਹਾਂ ਉੱਤੇ ਖ਼ਫ਼ਾ ਸੀ। ਉਸ ਨੇ ਰਾਜਾ ਸੁਚੇਤ ਸਿੰਘ ਨੂੰ ਵਜ਼ੀਰੀ ਦੀ ਪੱਦਵੀ ਸੌਂਪਣੀ ਚਾਹੀ। ਇਸ ਉਦੇਸ਼ ਲਈ ਉਸ ਨੂੰ ਜੰਮੂ ਤੋਂ ਬੁਲਾ ਭੇਜਿਆ। ਇਸ ਤੋਂ ਪਹਿਲਾਂ ਕੰਵਰ ਪਿਸ਼ੌਰਾ ਸਿੰਘ ਅਤੇ ਕਸ਼ਮੀਰਾ ਸਿੰਘ ਨਾਲ ਖ਼ਾਲਸਾ ਫੌਜਾਂ ਦਾ ਟਾਕਰਾ ਹੋ ਚੁੱਕਾ ਸੀ, ਕਿਉਂਕਿ ਜੋ ਉਨ੍ਹਾਂ ਨੂੰ ਮਹਾਰਾਜ ਦਲੀਪ ਸਿੰਘ ਦੇ ਵਿਰੁੱਧ ਰਾਜ ਦੇ ਦਾਹਵੇਦਾਰ ਹੋਣ ਕਾਰਨ ਕਿਸੇ ਵੇਲੇ ਵੀ ਖ਼ਤਰਾ ਹੋ ਸਕਦਾ ਸੀ। ਇਸ ਮਨੋਰਥ ਲਈ ਕੰਵਰ ਕਸ਼ਮੀਰਾ ਸਿੰਘ ਅਤੇ ਪਸ਼ੌਰਾ ਸਿੰਘ ਨੂੰ ਰਾਜਧਾਨੀ ਲਿਆਉਣ ਦਾ ਮਨਸੂਬਾ ਬਣਾਇਆ ਗਿਆ। ਰਾਜਾ ਗੁਲਾਬ ਸਿੰਘ ਨੂੰ ਇਹ ਕੰਮ ਸੌਂਪਿਆ ਗਿਆ, ਪਰ ਖ਼ਾਲਸਾ ਸੈਨਾ ਦਾ ਇੱਕ ਵੱਡਾ ਭਾਗ ਮਹਾਰਾਜਾ ਰਣਜੀਤ ਸਿੰਘ ਦੇ ਇਨ੍ਹਾਂ ਦੋਹਾਂ ਸਪੁੱਤਰਾਂ ਨੂੰ ਸੁਰੱਖਿਅਤ ਵੇਖਣਾ ਚਾਹੁੰਦਾ ਸੀ ਅਤੇ ਉਨ੍ਹਾਂ ਦੀਆਂ ਜਾਗੀਰਾਂ ਵੀ ਬਹਾਲ ਕਰਵਾਉਣੀਆਂ ਚਾਹੁੰਦਾ ਸੀ। ਜੰਮੂ ਤੋਂ ਆਈ ਗੁਲਾਬ ਸਿੰਘ ਦੀ ਕਮਾਨ ਹੇਠਾਂ ਅਤੇ ਲਾਹੌਰ ਤੋਂ ਆਈ ਸੈਨਾ ਨਾਲ ਦੋਹਾਂ ਕੰਵਰਾਂ ਨੇ ਸਖ਼ਤ ਟਾਕਰਾ ਕੀਤਾ ਅਤੇ ਅੰਤ ਉਹ ਸਿਆਲਕੋਟ ਛੱਡਣ ਲਈ ਮਜ਼ਬੂਰ ਹੋ ਗਏ। ਉਹ ਬਾਬਾ ਬੀਰ ਸਿੰਘ ਦੇ ਡੇਰੇ ਪਹੁੰਚ ਗਏ, ਜਿਸ ਬਾਰੇ ਵਰਣਨ ਅਸੀਂ ਪਹਿਲਾਂ ਵੀ ਕਰ ਚੁੱਕੇ ਹਾਂ। ਮਹਾਰਾਣੀ ਜਿੰਦਾਂ, ਜਿਸਨੇ ਸੁਚੇਤ ਸਿੰਘ ਨੂੰ ਵਜ਼ੀਰੀ ਦੇਣ ਦਾ ਕੌਲ ਕਰਕੇ ਰਾਜਧਾਨੀ ਵਿੱਚ ਬੁਲਾਇਆ ਸੀ। ਪਰ ਹੀਰਾ ਸਿੰਘ ਇਸ



Sri Satguru Jagjit Singh Ji Elibrary NamdhariElibrary@gmail com

ਗੱਲ ਤੋਂ ਕਾਫ਼ੀ ਨਰਾਜ਼ ਸੀ। ਗੁਲਾਬ ਸਿੰਘ ਨੇ ਵੀ ਚਾਚੇ ਭਤੀਜੇ ਦੀ ਇਸ ਲੜਾਈ ਵਿੱਚ ਲੜਾਈ ਨੂੰ ਟਾਲਣ ਦੀ ਥਾਂ ਬਲਦੀ ਉੱਤੇ ਤੇਲ ਪਾਇਆ। ਸੁਚੇਤ ਸਿੰਘ ਦੀ ਬਹੁਤ ਸਾਰੀ ਜ਼ਾਇਦਾਦ ਆਪਣੇ ਪੇਟੇ ਪਾ ਲਈ ਅਤੇ ਆਪਣੇ ਸਭ ਤੋਂ ਛੋਟੇ ਪੁੱਤਰ ਰਾਮ ਭੀਰ ਸਿੰਘ ਨੂੰ ਉਸ ਦਾ ਮੁਤਬੰਨਾ ਬਣਾ ਦਿੱਤਾ। ਹੀਰਾ ਸਿੰਘ ਦਾ ਇਸ ਕਾਰਨ ਨਰਾਜ਼ ਹੋਣਾ ਬੜਾ ਕੁਦਰਤੀ ਸੀ, ਕਿਉਂ ਜੋ ਉਹ ਆਪਣੇ ਬੇਔਲਾਦ ਚਾਚੇ ਦਾ ਆਪ ਮੁਤਬੰਨਾ ਬਣਨਾ ਚਾਹੁੰਦਾ ਸੀ। ਪਰ ਸੁਚੇਤ ਸਿੰਘ ਇੱਕ ਅਣਖੀਲਾ ਯੋਧਾ ਸੀ। ਆਪਣੇ ਭਤੀਜੇ ਹੀਰਾ ਸਿੰਘ ਹੱਥੋਂ ਅਪਮਾਣ ਹੁੰਦਾ ਵੇਖ ਕੇ ਉਹ ਸਹਿ ਨਾ ਸਕਿਆ ਅਤੇ ਆਪਣੀ ਥੋੜ੍ਹੀ ਜਿਹੀ ਸੈਨਾ ਨਾਲ ਹੀ ਹੀਰਾ ਸਿੰਘ ਵੱਲੋਂ ਭੇਜੀ ਗਈ ਵੱਡੀ ਸੈਨਾ ਦਾ ਬੜੀ ਬਹਾਦਰੀ ਨਾਲ ਟਾਕਰਾ ਕਰਦਾ ਹੋਇਆ ਮਾਰਿਆ ਗਿਆ। ਇਸ ਦੀ ਅਦੁੱਤੀ ਬਹਾਦਰੀ ਬਾਰੇ ਮੁਹੰਮਦ ਲਤੀਫ਼ ਇੰਝ ਲਿਖਦਾ ਹੈ :

"ਸੁਚੇਤ ਸਿੰਘ ਬਹਾਦਰ ਤੇ ਦ੍ਰਿੜ੍ਹ ਵਿਸ਼ਵਾਸੀ ਯੋਧਾ ਸੀ। ਉਸਨੇ ਫ਼ੈਸਲਾ ਕੀਤਾ ਕਿ ਉਹ ਪਿੱਛੇ ਨਹੀਂ ਹਟੇਗਾ, ਸਗੋਂ ਅੰਤ ਤੀਕ ਡਟਿਆ ਰਹੇਗਾ। ਇਹ ਨਿਸ਼ਚਾ ਧਾਰ ਕੇ ਉਹ ਮੀਏਂ ਵੱਡੇ ਦੇ ਰੋਜ਼ੇ ਉੱਤੇ ਅੱਧੀ ਰਾਤ ਵੇਲੇ ਪਹੁੰਚਿਆ ਅਤੇ ਉੱਥੇ ਇਸ ਨਾਲ ਲਗਦੀ ਮਸੀਤ ਵਿੱਚ ਆਪਣਾ ਡੇਰਾ ਲਾ ਦਿੱਤਾ। ਜਿਹੜੀ ਥੋੜ੍ਹੀ ਜਿਹੀ ਫ਼ੌਜ ਉਹ ਆਪਣੇ ਨਾਲ ਲਿਆਇਆ ਸੀ, ਉਹ ਮਸੀਤ ਦੇ ਇਰਦ-ਗਿਰਦ ਖੜ੍ਹੀ ਕਰ ਦਿੱਤੀ।"

ਦੂਜੇ ਬੰਨ੍ਹੇ ਹੀਰਾ ਸਿੰਘ ਨੇ ਸੁਚੇਤ ਸਿੰਘ ਨੂੰ ਆਪਣਾ ਵੱਡਾ ਦੁਸ਼ਮਣ ਸਮਝ ਕੇ ਖ਼ਾਲਸਾ ਸੈਨਾ ਦੇ ਹਜ਼ਾਰਾਂ ਸੈਨਿਕਾਂ ਅਤੇ 56 ਤੋਪਾਂ ਸਮੇਤ ਉਸ ਉੱਤੇ ਹੱਲਾ ਕਰਨ ਦੀ ਵਿਉਂਤ ਬਣਾਈ। ਉਸਨੇ ਖ਼ਾਲਸਾ ਸੈਨਾ ਨੂੰ ਸੋਨੇ ਦੀਆਂ ਭੁਤਕੀਆਂ ਅਤੇ ਅਫ਼ਸਰਾਂ ਨੂੰ ਸੋਨੇ ਦੇ ਕੰਠੇ ਦੇਣ ਦਾ ਇਕਰਾਰ ਕੀਤਾ। ਹੀਰਾ ਸਿੰਘ ਨੇ ਸੁਚੇਤ ਸਿੰਘ ਨੂੰ ਫ਼ਰੰਗੀਆਂ ਦਾ ਮਿੱਤਰ ਅਤੇ ਖ਼ਾਲਸੇ ਦਾ ਦੁਸ਼ਮਣ ਦੱਸਿਆ। ਜਿਸ ਮੀਆਂ ਵੱਡੇ ਦੀ ਮਸੀਤ ਵਿੱਚ ਉਸ ਨੇ ਡੇਰਾ ਲਾਇਆ ਹੋਇਆ ਸੀ। ਸਾਰੀ ਰਾਤ ਸੁਚੇਤ ਸਿੰਘ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਰਿਹਾ। ਇਸ ਮਸੀਤ ਵਿੱਚ ਇੱਕ ਮਕਤੱਬ (ਧਾਰਮਿਕ ਮਦਰੱਸਾ ਜਾਂ ਸਕੂਲ) ਵੀ ਚੱਲਦਾ ਸੀ। ਕਈ ਅੰਨ੍ਹੇ ਹਾਫਿਜ਼ ਵੀ ਉੱਥੇ ਰਹਿੰਦੇ ਸਨ। ਖ਼ਤਰਾ ਸਾਹਮਣੇ ਆਉਂਦਾ ਵੇਖ ਕੇ ਮਸੀਤ ਦੇ ਸਜਾਦਾ ਨਸ਼ੀਨ ਮੀਆਂ ਸਰਫ਼ ਦੀਨ ਨੇ ਸੁਚੇਤ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਮਸੀਤ ਛੱਡ ਜਾਣ। ਪਰ ਸੁਚੇਤ ਸਿੰਘ ਨਾ ਮੰਨਿਆ। ਥੋੜ੍ਹੇ ਸਮੇਂ ਵਿੱਚ ਹੀ ਤੋਪਾਂ ਦੀ ਮਾਰ ਨਾਲ ਮਸੀਤ ਢਹਿ-ਢੇਰੀ ਹੋ ਗਈ। ਕੁਝ ਦਰਵੇਸ਼ ਤਾਂ ਬਚ ਕੇ ਨਿਕਲ ਗਏ, ਪਰ ਅੰਨ੍ਹੇ ਹਾਫਿਜ਼ ਵਿੱਚੇ ਹੀ ਮਾਰੇ ਗਏ। ਆਪਣੇ 40-45 ਸੈਨਿਕਾਂ ਦੇ ਨਾਲ ਰਾਜਾ ਸੁਚੇਤ ਸਿੰਘ ਨੇ ਬੜੀ



Sri Satguru Jagjit Singh Ji Elibrary NamdhariElibrary@gmail.com

ਬਹਾਦਰੀ ਦੇ ਨਾਲ ਖ਼ਾਲਸਾ ਸੈਨਾ ਦਾ ਟਾਕਰਾ ਕੀਤਾ। ਇੱਕ-ਇੱਕ ਨੂੰ ਆਪਣੇ ਨਾਲ ਲੜਨ ਲਈ ਵੰਗਾਰਿਆ। ਇੱਕ ਵਾਰ ਤਾਂ ਸੁਚੇਤ ਸਿੰਘ ਅਤੇ ਉਸ ਦੇ ਸਾਥੀ ਇੰਨੀ ਬਹਾਦਰੀ ਨਾਲ ਲੜੇ ਕਿ ਖ਼ਾਲਸਾ ਸੈਨਾ ਭੈਭੀਤ ਹੋ ਗਈ। 27 ਮਾਰਚ, 1844 ਨੂੰ ਸੁਚੇਤ ਸਿੰਘ ਅਤੇ ਉਸ ਦੇ ਸਾਥੀ ਬੜੀ ਬਹਾਦਰੀ ਨਾਲ ਦੁਸ਼ਮਣ ਦਾ ਟਾਕਰਾ ਕਰਦੇ ਹੋਏ ਮਾਰੇ ਗਏ। ਇਸ ਲੜਾਈ ਵਿੱਚ ਖ਼ਾਲਸਾ ਸੈਨਾ ਦੇ 160 ਜਵਾਨ ਮੋਏ ਅਤੇ ਫਟੜ ਹੋਏ। ਸੁਚੇਤ ਸਿੰਘ ਦੇ ਜਵਾਨਾਂ ਵਿੱਚ ਇੱਕ ਨੂੰ ਛੱਡ ਕੇ ਜੋ ਜ਼ਖ਼ਮੀ ਹੋਣ ਕਾਰਨ ਬਚ ਗਿਆ ਸੀ, ਬਾਕੀ ਸਭ 43 ਜਵਾਨ ਮਾਰੇ ਗਏ।

ਰਾਜਾ ਹੀਰਾ ਸਿੰਘ ਨੇ ਆਪਣੇ ਚਾਚੇ ਸੁਚੇਤ ਸਿੰਘ, ਰਾਏ ਕੇਸਰੀ ਸਿੰਘ (ਜਿਸਨੇ ਇਸ ਲੜਾਈ ਵਿੱਚ ਦੁਸ਼ਮਣ ਦੇ 30 ਬੰਦੇ ਮਾਰੇ ਸਨ) ਅਤੇ ਭੀਮ ਸੈਨ ਦੀਆਂ ਲਾਸ਼ਾਂ ਦਾ ਉੱਚਿਤ ਢੰਗ ਨਾਲ ਦਾਹ ਸਸਕਾਰ ਕਰਵਾਇਆ। ਰਾਜਾ ਸੁਚੇਤ ਸਿੰਘ ਦਾ ਸਸਕਾਰ ਉਸ ਦੇ ਭਤੀਜੇ ਮੀਆਂ ਊਧਮ ਸਿੰਘ ਦੀ ਸਮਾਧ ਕੋਲ ਕੀਤਾ ਗਿਆ। ਜੋ ਕੰਵਰ ਨੌਨਿਹਾਲ ਸਿੰਘ ਨਾਲ ਹਾਦਸੇ ਵਿੱਚ ਮਾਰਿਆ ਗਿਆ ਸੀ। ਮੈਕਗਰੇਗਰ ਅਨੁਸਾਰ ਰਾਜਾ ਸੁਚੇਤ ਸਿੰਘ ਨਾਲ ਉਸ ਦੀਆਂ ਪੰਜ ਰਾਣੀਆਂ ਸਤੀ ਹੋਈਆਂ ਸਨ, ਪਰ ਮੁਹੰਮਦ ਲਤੀਫ਼ ਇਸ ਗੱਲ ਦਾ ਖੰਡਨ ਕਰਦਾ ਹੋਇਆ ਲਿਖਦਾ ਹੈ ਕਿ ਰਾਜਾ ਸੁਚੇਤ ਸਿੰਘ ਨਾਲ ਜੰਮੂ ਤੋਂ ਕੋਈ ਰਾਣੀ ਨਾਲ ਨਹੀਂ ਸੀ ਆਈ। ਇਸ ਕਰਕੇ ਉਸ ਇਕੱਲੇ ਦਾ ਹੀ ਸਸਕਾਰ ਊਧਮ ਸਿੰਘ ਦੀ ਸਮਾਧ ਕੋਲ ਕੀਤਾ ਗਿਆ।

**ਹੀਰਾ ਸਿੰਘ ਅਤੇ ਪੰਡਤ ਜਲ੍ਹੇ ਨੂੰ ਪਾਰ ਬੁਲਾਣਾ**

ਹੀਰਾ ਸਿੰਘ ਰਾਜਾ ਸੁਚੇਤ ਸਿੰਘ ਨੂੰ ਕਤਲ ਕਰਕੇ ਇਹ ਸਮਝਦਾ ਸੀ ਕਿ ਉਸ ਦੀ ਵਜ਼ੀਰੀ ਹੁਣ ਸੁਰੱਖਿਅਤ ਹੈ, ਪਰ ਛੇਤੀ ਹੀ ਪਿਛੋਂ ਮਈ 1844 ਵਿੱਚ ਉਸ ਨੇ ਬਾਬਾ ਬੀਰ ਸਿੰਘ ਦੇ ਡੇਰੇ ਉੱਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ, ਜਿਸ ਬਾਰੇ ਵਰਣਨ ਪਿਛੇ ਕੀਤਾ ਜਾ ਚੁੱਕਾ ਹੈ। ਬਾਬਾ ਬੀਰ ਸਿੰਘ ਦੇ ਡੇਰੇ ਉੱਤੇ ਚੜ੍ਹਾਈ ਅਤੇ ਉਸ ਦੀ ਤਬਾਹੀ ਹੀਰਾ ਸਿੰਘ ਦੇ ਆਪਣੇ ਲਈ ਖ਼ਤਰੇ ਦੀ ਘੰਟੀ ਸਿੱਧ ਹੋਈ। ਉਸ ਨੇ ਪੰਡਤ ਜਲ੍ਹੇ ਨੂੰ ਬਹੁਤ ਸਾਰੇ ਅਧਿਕਾਰ ਸੌਂਪ ਦਿੱਤੇ ਸਨ ਅਤੇ ਆਪ ਇੱਕ ਤਰ੍ਹਾਂ ਨਾਲ ਜੱਲ੍ਹੇ ਦੇ ਹੱਥ ਵਿੱਚ ਕਠਪੁਤਲੀ ਬਣ ਚੁੱਕਾ ਸੀ। ਲਾਲ ਸਿੰਘ ਵੀ ਜੋ ਜਾਤ ਦਾ ਬ੍ਰਾਹਮਣ ਸੀ, ਜੱਲ੍ਹੇ ਨਾਲ ਪੱਗ ਵਟਾ ਚੁੱਕਾ ਸੀ, ਪਰ ਉਸ ਦੇ ਹੱਕ ਵਿੱਚ ਇਹ ਗੱਲ ਜਾਂਦੀ ਸੀ ਕਿ ਉਹ ਮਹਾਰਾਣੀ ਜਿੰਦਾਂ ਦਾ ਕ੍ਰਿਪਾ ਪਾਤਰ ਸੀ। ਜੱਲ੍ਹੇ ਦੀਆਂ ਵਧੀਕੀਆਂ ਤੋਂ ਸੈਨਾ ਦੇ ਮੁੱਖੀ, ਪੰਚ ਅਤੇ ਅਧਿਕਾਰੀ ਤੰਗ ਆ ਚੁੱਕੇ ਸਨ। ਇਥੋਂ ਤੱਕ ਕਿ ਉਹ ਰਾਜ ਮਾਤਾ ਮਹਾਰਾਣੀ ਜਿੰਦਾਂ ਵਿਰੁੱਧ ਵੀ ਊਲ-



Sri Satguru Jagjit Singh Ji Elibrary NamdhariElibrary@gmail.com

ਜਲੂਲ ਬੋਲ ਦਿੰਦਾ ਸੀ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਵੀ ਘੂਰਦਾ ਰਹਿੰਦਾ ਸੀ। ਖ਼ਾਲਸਾ ਸੈਨਾ ਅਤੇ ਖ਼ਾਲਸਾ ਦਰਬਾਰ ਦੇ ਅਧਿਕਾਰੀ ਅਤੇ ਜਾਗੀਰਦਾਰ ਸਰਦਾਰ ਜੱਲ੍ਹੇ ਤੇ ਹੀਰਾ ਸਿੰਘ ਦੇ ਗਠਜੋੜ ਤੋਂ ਛੇਤੀ ਤੋਂ ਛੇਤੀ ਛੁਟਕਾਰਾ ਪਾਉਣਾ ਚਾਹੁੰਦੇ ਸਨ।

ਇਸ ਉਦੇਸ਼ ਲਈ ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਅੱਗੇ ਆਇਆ। ਉਸ ਨੇ ਆਪਣਾ ਨਿਵਾਸ ਕੁਝ ਦਿਨਾਂ ਲਈ ਅੰਮ੍ਰਿਤਸਰ ਵਿਖੇ ਰੱਖਿਆ ਅਤੇ ਉਸ ਨੇ ਨਿਹੰਗਾਂ, ਅਕਾਲੀਆਂ ਅਤੇ ਹੋਰ ਸਰਦਾਰਾਂ ਨਾਲ ਜੱਲ੍ਹੇ ਅਤੇ ਹੀਰਾ ਸਿੰਘ ਤੋਂ ਛੁਟਕਾਰਾ ਪਾਉਣ ਦੀ ਵਿਉਂਤ ਬਣਾਈ।

ਜਦੋਂ ਜਵਾਹਰ ਸਿੰਘ ਲਾਹੌਰ ਵਾਪਸ ਆਇਆ ਤਾਂ ਬਹੁਤ ਸਾਰੇ ਖ਼ਾਲਸਾ ਸੈਨਾ ਦੇ ਮੁੱਖੀ ਅਤੇ ਸਿੱਖ ਸਰਦਾਰ ਜਿਨ੍ਹਾਂ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਸ: ਮੇਵਾ ਸਿੰਘ ਵੀ ਸ਼ਾਮਿਲ ਸਨ, ਇਸ ਮੁਹਿੰਮ ਵਿੱਚ ਸ਼ਾਮਲ ਹੋ ਗਏ। ਹੀਰਾ ਸਿੰਘ ਅਤੇ ਪੰਡਤ ਜੱਲ੍ਹੇ ਤੇ ਹੋਰ ਡੋਗਰੇ ਸਰਦਾਰਾਂ ਨੇ ਲਾਹੌਰ ਤੋਂ ਨੱਠ ਕੇ ਜੰਮੂ ਜਾਣ ਦੀ ਤਿਆਰੀ ਕੀਤੀ। ਬਹੁਤ ਸਾਰਾ ਧੰਨ-ਪਦਾਰਥ ਅਤੇ ਮਾਲ-ਮੱਤਾ ਲੈ ਕੇ ਉਹ ਲਾਹੌਰ ਤੋਂ ਨਿਕਲ ਤੁਰੇ ਅਤੇ ਰਾਵੀ ਤੋਂ ਪਾਰ ਹੋ ਗਏ। ਖ਼ਾਲਸਾ ਸੈਨਾ ਵੀ ਉਨ੍ਹਾਂ ਦਾ ਪਿੱਛਾ ਕਰਨ ਲੱਗੀ। ਪਿੰਡ ਭਾਰਗੜ੍ਹ ਕੋਲ ਜਾ ਕੇ ਡਗੋਂੜਿਆਂ ਨੂੰ ਘੇਰ ਲਿਆ ਗਿਆ। ਪਰ ਹੀਰਾ ਸਿੰਘ ਨੇ ਚਲਾਕੀ ਨਾਲ ਮੋਹਰਾਂ ਦੀ ਸੋਟ ਕਰਕੇ ਅਤੇ ਇਹ ਜਾਣ ਕੇ ਕਿ ਖ਼ਾਲਸਾ ਸੈਨਾ ਮਾਇਆ ਇਕੱਠੀ ਕਰਨ ਦੇ ਲੋਭ ਵਿੱਚ ਰੁੱਝ ਜਾਵੇਗੀ, ਆਪਣੇ ਸਫ਼ਰ ਨੂੰ ਜਾਰੀ ਰੱਖਿਆ। ਇੱਕ ਵਾਰ ਫਿਰ ਉਸਨੇ ਖ਼ਾਲਸਾ ਸੈਨਾ ਅੱਗੇ ਅਸ਼ਰਫੀਆਂ ਦੀ ਸੋਟ ਕੀਤੀ। ਉਹ ਅਜੇ ਥੋੜ੍ਹੀ ਦੂਰ ਹੀ ਗਏ ਸਨ ਕਿ ਜੱਲ੍ਹਾ ਪੰਡਤ ਘੋੜੇ ਤੋਂ ਡਿੱਗ ਪਿਆ। ਖ਼ਾਲਸਾ ਸੈਨਾ ਨੇ ਉੱਥੇ ਹੀ ਉਸ ਦੀ ਬੋਟੀ-ਬੋਟੀ ਕਰ ਦਿੱਤੀ। ਹੀਰਾ ਸਿੰਘ ਇੱਕ ਛੋਟੇ ਜਿਹੇ ਪਿੰਡ ਵਿੱਚ ਪਾਣੀ ਪੀਣ ਲਈ ਜਾ ਵੜਿਆ, ਪਰ ਖ਼ਾਲਸਾ ਸੈਨਾ ਨੇ ਉਸ ਪਿੰਡ ਨੂੰ ਘੇਰ ਕੇ ਅੱਗ ਲਗਾ ਦਿੱਤੀ। ਜਦੋਂ ਹੀਰਾ ਸਿੰਘ ਬਾਹਰ ਆਇਆ ਤਾਂ ਉਹ ਵੀ ਖ਼ਾਲਸਾ ਸੈਨਾ ਹੱਥੋਂ ਮਾਰਿਆ ਗਿਆ। ਇਹ ਘਟਨਾ 21 ਦਸੰਬਰ, 1844 ਨੂੰ ਵਾਪਰੀ। ਖ਼ਾਲਸਾ ਸੈਨਾ ਫ਼ਤਹਿ ਦੇ ਡੰਕੇ ਵਜਾਉਂਦੀ ਹੋਈ ਲਾਹੌਰ ਪਹੁੰਚੀ। ਮਹਾਰਾਣੀ ਜਿੰਦਾਂ ਦੇ ਭਾਈ ਜਵਾਹਰ ਸਿੰਘ ਦੇ ਵਜੀਰ ਹੋਣ ਦਾ ਐਲਾਨ ਕੀਤਾ ਗਿਆ। ਖ਼ਾਲਸਾ ਸੈਨਾ ਜੋ ਡੋਗਰੇ ਮੁਖੀਆਂ ਹੀਰਾ ਸਿੰਘ, ਜੱਲ੍ਹੇ, ਹੀਰਾ ਸਿੰਘ ਦੇ ਚਚੇਰੇ ਭਰਾ ਸੋਹਣ ਸਿੰਘ ਅਤੇ ਲਾਭ ਸਿੰਘ ਦੇ ਸਿਰ ਵੱਢ ਕੇ ਨਾਲ ਲੈ ਆਈ ਸੀ। ਇਨ੍ਹਾਂ ਦੇ ਸਿਰਾਂ ਨੂੰ ਲਾਹੌਰ ਦੇ ਵੱਖ-ਵੱਖ ਦਰਵਾਜ਼ਿਆਂ ਉੱਤੇ ਲਟਕਾਇਆ ਗਿਆ। ਕੇਵਲ ਮੀਆਂ ਲਾਭ ਸਿੰਘ ਦਾ ਸਿਰ ਹੀ ਸਰਦਾਰ ਮੇਵਾ ਸਿੰਘ ਨੇ ਜੋ ਕਦੀ ਲਾਭ ਸਿੰਘ ਦੇ



Sri Satguru Jagjit Singh Ji Elibrary NamdhariElibrary@gmail.com

ਅਧੀਨ ਰਿਹਾ ਸੀ, ਨੂੰ ਇਸ ਹਸ਼ਰ ਤੋਂ ਬਚਾ ਲਿਆ।

1*"ਉਨ੍ਹਾਂ ਨੇ ਪੰਡਤ ਜੱਲ੍ਹੇ ਦੇ ਸਿਰ ਨੂੰ ਦੂਜਿਆਂ ਸਿਰਾਂ ਵਾਂਗ ਦਰਵਾਜ਼ਿਆਂ ਵਿੱਚ ਲਟਕਾਉਣ ਨਾ ਦਿੱਤਾ, ਸਗੋਂ ਉਸਦੇ ਸਿਰ ਨੂੰ ਸ਼ਹਿਰ ਵਿੱਚ ਦੁਕਾਨ-ਦੁਕਾਨ ਤੇ ਘਰ-ਘਰ ਮੂਹਰੇ ਘਸੀਟਦੇ ਰਹੇ ਅਤੇ ਹਰ ਇੱਕ ਵੇਖਣ ਵਾਲੇ ਤੋਂ ਕੁਝ ਕੌਡਾਂ ਦਿਖਾਉਣ ਦਾ ਮੁੱਲ ਵਸੂਲ ਕਰਦੇ ਰਹੇ। ਜੱਲ੍ਹੇ ਪੰਡਤ ਹੱਥੋਂ ਲੋਕ ਐਨੇ ਤੰਗ ਹੋਏ ਆਏ ਸਨ ਕਿ ਤੀਵੀਆਂ ਤੀਕ ਉਸਦੇ ਸਿਰ ਨੂੰ ਵੇਖ ਕੇ ਥੁਕਦੀਆਂ ਅਤੇ ਆਖਦੀਆਂ — ਇਹ ਉਹੀ ਠੱਗ ਹੈ, ਜਿਸ ਨੇ ਹੀਰਾ ਸਿੰਘ ਪਾਸੋਂ ਆਪਣੇ ਚਾਚੇ ਸੂਰਬੀਰ ਸੁਚੇਤ ਸਿੰਘ ਨੂੰ ਮਰਵਾਇਆ ਸੀ। ਜਦ ਉਹ ਜੱਲ੍ਹੇ ਦੇ ਸਿਰ ਨੂੰ ਇਸ ਤਰ੍ਹਾਂ ਸਾਰੇ ਸ਼ਹਿਰ ਵਿੱਚ ਘਸੀਟ ਚੁੱਕੇ, ਤਦ ਉਸ ਨੂੰ ਕੂੜੇ ਦੇ ਇੱਕ ਢੇਰ ਉੱਤੇ ਸੁੱਟ ਦਿੱਤਾ, ਜਿੱਥੇ ਕਿ ਉਸਨੂੰ ਕਈ ਹਫ਼ਤਿਆਂ ਤੀਕ ਕਾਂ ਅਤੇ ਇੱਲਾਂ ਖਾਂਦੇ ਰਹੇ। ਉਸ ਰਾਹ ਤੋਂ ਲੰਘਣ ਵਾਲੇ ਲੋਕ ਉਸ ਉੱਤੇ ਥੁੱਕਦੇ ਸਨ।"

ਜੱਲ੍ਹੇ ਬਾਰੇ ਇਹ ਅਖਾਣ ਪ੍ਰਸਿੱਧ ਹੋ ਗਿਆ :

ਉਪਰ ਅੱਲ੍ਹਾ, ਹੇਠਾ ਜੱਲ੍ਹਾ
ਜੱਲ੍ਹੇ ਦੇ ਸਿਰ ਉਪਰ ਖੱਲਾ

ਇਹ ਸਾਰੇ ਸਿਰ ਇਕੱਠੇ ਕਰਕੇ ਧਿਆਨ ਸਿੰਘ ਦੀ ਹਵੇਲੀ ਵਿੱਚ ਸੁੱਟ ਦਿੱਤੇ ਗਏ। ਫਰਵਰੀ, 1846 ਵਿੱਚ ਜਦੋਂ ਰਾਜਾ ਗੁਲਾਬ ਸਿੰਘ ਗਵਰਨਰ ਜਨਰਲ ਨਾਲ ਲਾਹੌਰ ਆਇਆ ਤਾਂ ਇਨ੍ਹਾਂ ਸਿਰਾਂ ਦੀ ਸੰਭਾਲ ਕੀਤੀ।

**ਜਵਾਹਰ ਸਿੰਘ ਦੀ ਵਜ਼ੀਰੀ ਅਤੇ ਕਤਲ**

ਵਜ਼ੀਰ ਹੀਰਾ ਸਿੰਘ ਅਤੇ ਉਸ ਦੀ ਜੁੰਡਲੀ ਦੇ ਖ਼ਾਤਮੇ ਪਿਛੋਂ ਲਾਹੌਰ-ਦਰਬਾਰ ਦੀ ਵਜ਼ੀਰੀ ਦੀ ਪੱਦਵੀ ਲਈ ਕੋਈ ਵੀ ਦਾਅਵੇਦਾਰ ਅੱਗੇ ਨਹੀਂ ਸੀ ਆਉਣਾ ਚਾਹੁੰਦਾ। ਉਨ੍ਹਾਂ ਨੇ ਦੋ ਮਹਾਂਮੰਤਰੀਆਂ ਧਿਆਨ ਸਿੰਘ ਅਤੇ ਉਸ ਦੇ ਪੁੱਤਰ ਹੀਰਾ ਸਿੰਘ ਦਾ ਹਸ਼ਰ ਵੇਖ ਲਿਆ ਸੀ। ਇਸ ਸਮੇਂ ਲਾਹੌਰ ਦਰਬਾਰ ਵਿੱਚ ਜੇਕਰ ਕੋਈ ਸ਼ਕਤੀਸ਼ਾਲੀ ਧੜਾ ਸੀ ਤਾਂ ਉਹ ਫ਼ੌਜ ਦੀ ਪੰਚ ਕੌਂਸਲੀ ਹੀ ਸੀ। 2*"28 ਦਸੰਬਰ, 1844 ਈਸਵੀ ਨੂੰ ਸ਼ਾਸਨ-ਪ੍ਰਬੰਧ ਦਾ ਕੰਮ ਚਲਾਉਣ ਲਈ 10 ਮੈਂਬਰਾਂ ਦੀ ਇੱਕ ਕੌਂਸਿਲ ਕਾਇਮ ਕੀਤੀ ਗਈ। ਇਸ ਕੌਂਸਿਲ ਦੇ ਮੁੱਖ ਮੈਂਬਰ — ਜਵਾਹਰ ਸਿੰਘ, ਲਾਲ ਸਿੰਘ, ਭਾਈ ਰਾਮ ਸਿੰਘ, ਦੀਵਾਨ ਦੀਨਾ ਨਾਥ, ਭਗਤ ਰਾਮ ਅਤੇ ਸ਼ਾਮ ਸਿੰਘ ਅਟਾਰੀ ਵਾਲਾ ਆਦਿ ਸਨ।" ਪਰ ਇਹ ਕੌਂਸਿਲ ਤਸੱਲੀਬਖਸ਼ ਢੰਗ ਨਾਲ ਕੰਮ ਨਾ ਚਲਾ ਸਕੀ। ਇਸ ਲਈ 14 ਮਈ, 1845 ਨੂੰ ਰਾਣੀ ਜਿੰਦਾਂ ਦੇ ਭਾਈ ਸ: ਜਵਾਹਰ ਸਿੰਘ ਨੂੰ ਵਜ਼ੀਰੀ ਦੀ

1* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 462
2* ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 124



Sri Satguru Jagjit Singh Ji Elibrary NamdhariElibrary@gmail.com

ਪੱਦਵੀ ਸੰਭਾਲ ਦਿੱਤੀ ਗਈ। ਜੇਕਰ ਹੁਣ ਮਹਾਰਾਣੀ ਜਿੰਦਾਂ ਜਾਂ ਮਹਾਰਾਜਾ ਦਲੀਪ ਸਿੰਘ ਵਿਰੁੱਧ ਕੋਈ ਆਵਾਜ਼ ਉੱਠ ਸਕਦੀ ਸੀ ਤਾਂ ਉਹ ਕੰਵਰ ਪਸ਼ੌਰਾ ਸਿੰਘ ਦੀ ਸੀ, ਜੋ ਉਮਰ ਵਿੱਚ ਮਹਾਰਾਜਾ ਦਲੀਪ ਸਿੰਘ ਤੋਂ ਵੱਡਾ ਸੀ ਅਤੇ ਉਸਨੇ ਆਪਣੇ ਦਿਲੋਂ ਮਹਾਰਾਜਾ ਬਣਨ ਦੀ ਅਭਿਲਾਸ਼ਾ ਨੂੰ ਤਿਆਗਿਆ ਨਹੀਂ ਸੀ। ਪਹਿਲਾਂ ਉਹ ਲਾਹੌਰ ਤੋਂ ਆਪਣੀ ਗੁੱਜਰਾਂਵਾਲੇ ਦੀ ਜਗੀਰ ਉੱਤੇ ਗਿਆ ਅਤੇ ਫਿਰ ਸਰਹੱਦ ਦੇ ਇਲਾਕੇ ਵਿੱਚ ਚੱਲਾ ਗਿਆ। ਇਸ ਸਮੇਂ ਰਾਜਾ ਗੁਲਾਬ ਸਿੰਘ ਨੇ ਦੋਗਲੀ ਨੀਤੀ ਨੂੰ ਅਪਨਾਇਆ। ਪੰਜਾਬ ਦੇ ਲੋਕ ਅਖਾਣ ਅਨੁਸਾਰ ਚੋਰ ਨੂੰ ਕਹਿਣਾ ਸੰਨ੍ਹ ਲਾ ਦੇ ਅਤੇ ਸਾਧ (ਘਰ ਵਾਲੇ) ਨੂੰ ਕਹਿਣਾ ਖ਼ਬਰਦਾਰ ਹੋ ਜਾ। ਉਸਨੇ ਜਵਾਹਰ ਸਿੰਘ ਨੂੰ ਤਾਂ ਇਹ ਕਿਹਾ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਕੰਵਰ ਪਿਸ਼ੌਰਾ ਸਿੰਘ ਨੂੰ ਜੋ ਕਿਸੇ ਸਮੇਂ ਵੀ ਲਾਹੌਰ ਦਰਬਾਰ ਦੇ ਤਖ਼ਤ ਦਾ ਦਾਅਵਾ ਕਰ ਸਕਦਾ ਹੈ, ਨੂੰ ਮਹਾਰਾਜਾ ਦਲੀਪ ਸਿੰਘ ਦੇ ਰਸਤੇ ਵਿੱਚੋਂ ਹਟਾ ਦੇਵੇ। ਦੂਜੇ ਬੰਨ੍ਹੇ ਗੁਲਾਬ ਸਿੰਘ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਹੱਲਾਸ਼ੇਰੀ ਅਤੇ ਉਤਸ਼ਾਹ ਵੀ ਦਿੱਤਾ ਕਿ ਉਹ ਲਾਹੌਰ ਦੇ ਤਖ਼ਤ ਦੇ ਦਾਅਵੇ ਨੂੰ ਨਾ ਛੱਡੇ। ਸਰਹੱਦ ਦੇ ਇਲਾਕੇ ਵਿੱਚ ਜਾ ਕੇ ਉਸਨੇ ਆਪਣੇ ਨਾਲ ਮੁਸਲਮਾਨ ਸਰਦਾਰਾਂ ਅਤੇ ਇਥੋਂ ਤੱਕ ਕਿ ਕਾਬਲ ਦੇ ਅਮੀਰ ਦੋਸਤ ਮੁਹੰਮਦ ਖ਼ਾਂ ਨੂੰ ਵੀ ਆਪਣੀ ਸਹਾਇਤਾ ਕਰਨ ਲਈ ਕਿਹਾ।

ਇਸ ਸਮੇਂ ਵੀ ਇੱਕ ਹੋਰ ਘਟਨਾ ਦਾ ਵਰਣਨ ਕਰਨਾ ਵੀ ਜ਼ਰੂਰੀ.ਹੈ। ਮਹਾਰਾਣੀ ਜਿੰਦਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਮੰਗਣੀ 10 ਜੁਲਾਈ, 1845 ਨੂੰ ਸ: ਚਤਰ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਲ ਕਰ ਦਿੱਤੀ, ਤਾਂ ਜੋ ਉਸ ਨੂੰ ਇਨ੍ਹਾਂ ਸਰਦਾਰਾਂ ਦੀ ਹਮਾਇਤ ਪ੍ਰਾਪਤ ਹੋ ਜਾਵੇ। ਪਿਸ਼ੌਰਾ ਸਿੰਘ ਦੇ ਵਿਦਰੋਹ ਨੂੰ ਰੋਕਣ ਲਈ ਲਾਹੌਰ ਦਰਬਾਰ ਵੱਲੋਂ ਉਸ ਵਿਰੁੱਧ ਵੱਡੀ ਸੈਨਾ ਭੇਜੀ ਗਈ, ਪਰ ਖ਼ਾਲਸਾ ਸੈਨਾ ਦੇ ਵੱਡੇ ਭਾਗ ਵਿੱਚ ਕੰਵਰ ਪਿਸ਼ੌਰਾ ਸਿੰਘ ਦਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਕਾਰਨ ਬਹੁਤ ਸਤਿਕਾਰ ਤੇ ਮਾਨ ਕੀਤਾ ਜਾਂਦਾ ਸੀ। ਘੱਟੋ-ਘੱਟ ਕੋਈ ਵੀ ਉਸ ਨੂੰ ਜਾਨ ਤੋਂ ਮਾਰਨ ਲਈ ਤਿਆਰ ਨਹੀਂ ਸੀ। ਇਸ ਉਦੇਸ਼ ਲਈ ਮਹਾਰਾਜਾ ਦਲੀਪ ਸਿੰਘ ਦੇ ਨਵੇਂ ਬਣੇ ਸਹੁਰੇ ਸ: ਚਤਰ ਸਿੰਘ ਅਟਾਰੀ ਵਾਲੇ ਅਤੇ ਫ਼ਤਹਿ ਖ਼ਾਂ ਟਿਵਾਨਾ ਨੂੰ ਭੇਜਿਆ ਗਿਆ। ਇਸ ਦੌਰਾਨ ਕੰਵਰ ਪਿਸ਼ੌਰਾ ਸਿੰਘ ਨੇ ਅਟਕ ਦੇ ਕਿਲ੍ਹੇ ਨੂੰ ਸਰ ਕਰਕੇ ਉਸ ਵਿੱਚ ਡੇਰਾ ਜਮਾ ਲਿਆ ਸੀ।

ਸ: ਚਤਰ ਸਿੰਘ ਨੇ ਕੰਵਰ ਪਿਸ਼ੌਰਾ ਸਿੰਘ ਨਾਲ ਸਿੱਧੀ ਲੜਾਈ ਤਾਂ ਨਾ ਛੇੜੀ, ਪਰ ਚਿੱਠੀ ਪੱਤਰ ਰਾਹੀਂ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। ਪਿਸ਼ੌਰਾ ਸਿੰਘ ਨੂੰ ਭਰੋਸੇ ਵਿੱਚ ਲੈ ਕੇ ਅਤੇ ਉਸ ਨਾਲ ਕਈ ਇਕਰਾਰ ਕਰਕੇ ਸ: ਚਤਰ



Sri Satguru Jagjit Singh Ji Elibrary NamdhariElibrary@gmail.com

ਸਿੰਘ ਅਤੇ ਉਸ ਦੇ ਸਾਥੀਆਂ ਨੇ ਕੰਵਰ ਪਿਸ਼ੌਰਾ ਸਿੰਘ ਨੂੰ ਬੰਦੀ ਬਣਾ ਲਿਆ ਅਤੇ ਅਟਕ ਦੇ ਕਿਲ੍ਹੇ ਦੀ ਇੱਕ ਹਨੇਰੀ ਕੋਠੜੀ ਜਿਸ ਨੂੰ 'ਕਾਲੀ ਕੋਠੜੀ' ਕਰਕੇ ਸੱਦਿਆ ਜਾਂਦਾ ਰਿਹਾ ਹੈ, ਵਿੱਚ 12 ਸਤੰਬਰ, 1845 ਦੀ ਰਾਤ ਨੂੰ ਗਲ ਘੁਟ ਕੇ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਅਟਕ ਦਰਿਆ ਵਿੱਚ ਸੁੱਟ ਦਿੱਤਾ।

ਇਸ ਸਮੇਂ ਲਾਹੌਰ ਦਾ ਸਰਕਾਰੀ ਖ਼ਜ਼ਾਨਾ ਲਗਭਗ ਖਾਲ੍ਹੀ ਸੀ। ਰਾਣੀ ਜਿੰਦਾਂ ਅਤੇ ਵਜ਼ੀਰ ਜਵਾਹਰ ਸਿੰਘ ਵੱਲੋਂ ਸ਼ਾਹੀ ਕਿਲ੍ਹੇ ਦੇ ਤੋਸ਼ਾਖਾਨੇ ਦੇ ਸੋਨੇ ਦੇ ਬਰਤਨਾਂ ਨੂੰ ਢਾਲ ਕੇ ਫ਼ੌਜ ਨੂੰ ਇਨਾਮ ਦੇਣ ਲਈ ਬੁਤਕੀਆਂ ਅਤੇ ਕੈਂਠੇ ਬਣਵਾਏ ਗਏ।

ਦਰਬਾਰ ਇਸ ਤੱਥ ਤੋਂ ਜਾਣੂ ਸੀ ਕਿ ਗੁਲਾਬ ਸਿੰਘ ਸ਼ਾਹੀ ਖ਼ਜ਼ਾਨੇ ਵਿੱਚੋਂ ਬਹੁਤ ਸਾਰਾ ਮਾਲ ਧੰਨ ਅਤੇ ਕੀਮਤੀ ਪਦਾਰਥ, ਮਹਾਰਾਣੀ ਚੰਦ ਕੌਰ ਦੇ ਰਾਜ ਸਮੇਂ ਹੀ ਜੰਮੂ ਲੈ ਗਿਆ ਸੀ ਅਤੇ ਹੁਣ ਉਸਨੇ ਆਪਣੇ ਭਰਾ ਰਾਜਾ ਸੁਚੇਤ ਸਿੰਘ ਅਤੇ ਭਤੀਜੇ ਹੀਰਾ ਸਿੰਘ ਦੀ ਵੱਡੀ ਜ਼ਾਇਦਾਦ ਨੂੰ ਵੀ ਹੜੱਪ ਕਰ ਲਿਆ ਸੀ। 1*"ਲਾਹੌਰ ਦਰਬਾਰ ਨੇ ਰਾਜਾ ਗੁਲਾਬ ਸਿੰਘ ਤੋਂ ਮੰਗ ਕੀਤੀ ਕਿ ਉਹ 3 ਕਰੋੜ ਰੁਪਏ ਜੁਰਮਾਨਾ ਦੇਵੇ ਅਤੇ ਸਵਰਗੀ ਰਾਜਾ ਸੁਚੇਤ ਸਿੰਘ ਅਤੇ ਹੀਰਾ ਸਿੰਘ ਦੀ ਜ਼ਾਇਦਾਦ ਵਾਪਸ ਮੋੜੇ।" ਇਸ ਰਕਮ ਦੀ ਵਸੂਲੀ ਲਈ ਲਾਹੌਰ ਦਰਬਾਰ ਵੱਲੋਂ ਸੈਨਾ ਭੇਜੀ ਗਈ। ਇਹ ਸੈਨਾ ਕੁਝ ਦਿਨਾਂ ਮਗਰੋਂ ਜੰਮੂ ਜਾ ਪੁੱਜੀ, ਪਰ ਰਸਤੇ ਵਿੱਚ ਜਿਹੜੀ ਬਰਬਾਦੀ ਇਸ ਫ਼ੌਜ ਨੇ ਕੀਤੀ, ਉਸ ਦਾ ਹਾਲ ਪੜ੍ਹ ਕੇ ਬੰਦੇ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ, ਜਿਹੜੇ ਵੀ ਪਿੰਡ ਅਤੇ ਸ਼ਹਿਰ ਇਸ ਫ਼ੌਜ ਦੇ ਰਾਹ ਵਿੱਚ ਆਏ, ਉਨ੍ਹਾਂ ਦੀਆਂ ਇਸਤਰੀਆਂ ਅਤੇ ਧਨ ਪਦਾਰਥ ਸਭ ਲੁਟਿਆ ਗਿਆ। ਸੋਹਣ ਲਾਲ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ ਕਿ ਇੰਨੀ ਬਰਬਾਦੀ ਸ਼ਾਇਦ ਕਿਸੇ ਗ਼ਨੀਮ (ਡਾਕੂ, ਲੁਟੇਰੇ) ਦੀ ਫ਼ੌਜ ਨੇ ਵੀ ਨਾ ਕਦੇ ਕੀਤੀ ਹੋਵੇ। ਪਰ ਕੂਟਨੀਤੀ ਵਿੱਚ ਅਤਿ ਚਲਾਕ ਗੁਲਾਬ ਸਿੰਘ ਨੇ ਕੇਵਲ 98 ਲੱਖ ਰੁਪਏ ਦੇ ਕੇ ਹੀ ਖ਼ਾਲਸਾ ਦਰਬਾਰ ਤੋਂ ਖਹਿੜਾ ਛੁਡਾ ਲਿਆ ਅਤੇ ਬੜੀ ਅਧੀਨਗੀ ਨਾਲ ਮਾਫ਼ੀ ਵੀ ਮੰਗੀ। ਹੀਰਾ ਸਿੰਘ ਅਤੇ ਸੁਚੇਤ ਸਿੰਘ ਦੀ ਸੰਪਤੀ ਵੀ ਉਸ ਨੇ ਜਾਗੀਰਾਂ ਸਮੇਤ ਲਾਹੌਰ ਦਰਬਾਰ ਦੇ ਹਵਾਲੇ ਕਰ ਦਿੱਤੀ। ਇਸ ਮੁਹਿੰਮ ਵਿੱਚ ਸ: ਫ਼ਤਹਿ ਸਿੰਘ ਮਾਨ ਮਾਰਿਆ ਗਿਆ। ਗੁਲਾਬ ਸਿੰਘ ਨੂੰ ਲਾਹੌਰ ਲਿਆਂਦਾ ਗਿਆ, ਪਰ ਥੋੜ੍ਹੇ ਹੀ ਸਮੇਂ ਪਿਛੋਂ ਉਹ ਦਰਬਾਰ ਨੂੰ ਪਤਿਆ ਕੇ ਅਤੇ ਦਰਬਾਰ ਲਈ ਵਫ਼ਾਦਾਰ ਰਹਿਣ ਦਾ ਭਰੋਸਾ ਦੇ ਕੇ ਜੰਮੂ ਨੂੰ ਵਾਪਸ ਪਰਤ ਗਿਆ। ਉਸਨੇ ਅੰਗਰੇਜ਼ਾਂ ਨਾਲ ਗਾਂਢਾ-ਸਾਂਢਾ ਵੀ ਕਰ ਲਿਆ ਸੀ ਕਿ ਜੇਕਰ ਅੰਗਰੇਜ਼ਾਂ ਅਤੇ ਸਿੰਘਾਂ ਦੀ ਲੜਾਈ ਛਿੜੀ, ਜਿਸ

1* ਮੁਹੰਮਦ ਲਤੀਫ਼, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 464



Sri Satguru Jagjit Singh Ji Elibrary NamdhariElibrary@gmail.com

ਦੀ ਅੰਗਰੇਜ਼ ਲਾਰਡ ਐਲਨਬਰੋ ਦੇ ਗਵਰਨਰ ਜਨਰਲ ਹੋਣ ਦੇ ਸਮੇਂ 1842 ਤੋਂ ਹੀ ਤਿਆਰੀ ਕਰ ਰਹੇ ਸਨ ਤਾਂ ਉਹ ਇਸ ਸ਼ਰਤ ਉੱਤੇ ਅੰਗਰੇਜ਼ਾਂ ਦਾ ਪੱਖ ਪੂਰੇਗਾ ਕਿ ਜੰਮੂ ਦਾ ਸੁਤੰਤਰ ਰਾਜ ਉਸ ਨੂੰ ਦੇ ਦਿੱਤਾ ਜਾਵੇਗਾ।

ਜਦੋਂ ਕੰਵਰ ਪਿਸ਼ੌਰਾ ਸਿੰਘ ਦੀ ਮੌਤ ਦੀ ਖ਼ਬਰ ਲਾਹੌਰ ਪੁੱਜੀ ਤਾਂ ਵਜ਼ੀਰ ਜਵਾਹਰ ਸਿੰਘ ਨੇ ਵਾਜੇ-ਗਾਜੇ ਨਾਲ ਖ਼ੁਸ਼ੀਆਂ ਮਨਾਈਆਂ ਅਤੇ ਕਿਲ੍ਹੇ ਅਤੇ ਸ਼ਹਿ ਵਿੱਚ ਦੀਪਮਾਲਾ ਕਰਵਾਈ। ਪਰ ਫ਼ੌਜ ਦੀ ਪੰਚ ਕੌਂਸਲੀ ਜਵਾਹਰ ਸਿੰਘ ਨੂੰ ਕੰਵਰ ਪਿਸ਼ੌਰਾ ਸਿੰਘ ਦਾ ਹਤਿਆਰਾ ਮੰਨਦੀ ਸੀ ਅਤੇ ਉਸ ਨੂੰ ਉਸ ਦਾ ਦੰਡ ਦੇਣਾ ਚਾਹੁੰਦੀ ਸੀ। ਇਸ ਲਈ ਉਸ ਨੂੰ 21 ਸਤੰਬਰ, 1845 ਨੂੰ ਫ਼ੌਜੀ ਪੰਚਾਇਤ ਦੇ ਸਾਹਮਣੇ ਹਾਜ਼ਰ ਹੋਣ ਲਈ ਕਿਹਾ ਗਿਆ। ਦੂਜੇ ਬੰਨ੍ਹੇ ਗੁਲਾਬ ਸਿੰਘ ਦੇ ਬੰਦਿਆਂ ਨੇ ਜਵਾਹਰ ਸਿੰਘ ਨੂੰ ਸਜ਼ਾ ਦਿਵਾਉਣ ਲਈ ਖ਼ੁਫ਼ੀਆ ਤੌਰ ਤੇ ਤਕੜਾ ਪ੍ਰਚਾਰ ਕੀਤਾ ਸੀ।

15 ਸਤੰਬਰ, 1843 ਤੋਂ ਪਿਛੋਂ ਦੋ ਸਾਲ ਦੇ ਬੀਤਣ ਮਗਰੋਂ 21 ਸਤੰਬਰ, 1845 ਦਾ ਦਿਹਾੜਾ ਵੀ ਪੰਜਾਬ ਦੇ ਇਤਿਹਾਸ ਵਿੱਚ ਖ਼ੂਨੀ ਦਿਵਸ ਵਜੋਂ ਜਾਣਿਆ ਜਾਂਦਾ ਹੈ। ਫ਼ਰਕ ਕੇਵਲ ਇੰਨਾ ਹੈ ਕਿ 15 ਸਤੰਬਰ, 1843 ਨੂੰ ਪੰਜਾਬ ਦੇ ਮਹਾਰਾਜੇ ਸ਼ੇਰ ਸਿੰਘ ਨੂੰ ਕਤਲ ਕੀਤਾ ਗਿਆ ਸੀ, ਪਰ ਇੱਥੇ ਮਹਾਰਾਜੇ ਦੇ ਮਾਮੇ ਅਤੇ ਰਾਜ ਮਾਤਾ ਦੇ ਭਾਈ ਤੇ ਲਾਹੌਰ ਦਰਬਾਰ ਦੇ ਨਵੇਂ ਬਣੇ ਵਜ਼ੀਰ ਜਵਾਹਰ ਸਿੰਘ ਨੂੰ ਸ਼ਰੇਆਮ ਕਤਲ ਕੀਤਾ ਗਿਆ। ਵਜ਼ੀਰ ਦੇ ਇਸ ਕਤਲ ਦਾ ਹਾਲ ਇਤਿਹਾਸਕਾਰ ਮੁਹੰਮਦ ਲਤੀਫ਼ ਨੇ ਅਤਿ ਦਰਦਨਾਕ ਸੁਰ ਵਿੱਚ ਇਸ ਤਰ੍ਹਾਂ ਕਲਮਬੰਦ ਕੀਤਾ ਹੈ :

[1*]"ਜਵਾਹਰ ਸਿੰਘ ਹਾਥੀ ਤੇ ਸਵਾਰ ਸੀ ਅਤੇ ਹੌਸਲੇ ਨਾਲ ਅੱਗੇ ਵਧ ਰਿਹਾ ਸੀ ਕਿ ਅਚਾਨਕ ਬਿਗਲ ਵਜਣੇ, ਢੋਲ ਖੜਕਣੇ ਅਤੇ ਵਾਜੇ ਵਜਣੇ ਸ਼ੁਰੂ ਹੋ ਗਏ, ਜੋ ਗਿਣੀ ਮਿਥੀ ਕਾਰਵਾਈ ਲਈ ਇੱਕ ਇਸ਼ਾਰਾ ਸੀ। ਫ਼ੌਜ ਵਿੱਚ ਬੜਾ ਜੋਸ਼ ਫੈਲ ਗਿਆ ਅਤੇ ਫ਼ੌਜਾਂ ਨੇ ਜਵਾਹਰ ਸਿੰਘ ਦੇ ਹਾਥੀ ਨੂੰ ਉਥੇ ਹੀ ਰੋਕ ਲਿਆ। ਗੁੱਸੇ ਵਿੱਚ ਆਈ ਹੋਈ ਫ਼ੌਜ ਨੇ ਬਾਲਕ ਦਲੀਪ ਸਿੰਘ ਨੂੰ ਆਪਣੇ ਮਾਮੇ ਦੀ ਗੋਦ ਵਿੱਚੋਂ ਖੋਹ ਲਿਆ। ਜਵਾਹਰ ਸਿੰਘ ਨੇ ਫ਼ੌਜ ਦੇ ਰੂਬਰੂ ਆਪਣਾ ਸਿਰ ਝੁਕਾ ਦਿੱਤਾ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਸ ਦੀ ਇੱਕ ਗੱਲ ਸੁਣ ਲਈ ਜਾਏ, ਪਰ ਜੋਸ਼ ਵਿੱਚ ਭਰੇ ਹੋਏ ਫ਼ੌਜੀ ਉਸ ਦੀ ਕੋਈ ਗੱਲ ਵੀ ਸੁਣਨ ਲਈ ਤਿਆਰ ਨਹੀਂ ਸਨ। ............. ਫ਼ੌਜ ਨੇ ਗੁੱਸੇ ਵਿੱਚ ਆ ਕੇ ਜਵਾਹਰ ਸਿੰਘ ਨੂੰ ਸੰਗੀਨਾਂ ਨਾਲ ਮਾਰ ਮੁਕਾਇਆ। ......... ਫ਼ੌਜ ਨੇ ਉਸ ਦੀ ਲਾਸ਼ ਨੂੰ ਘਸੀਟ ਕੇ ਹਾਥੀ ਉੱਤੋਂ ਲਾਹ ਲਿਆ ਅਤੇ ਹਾਥੀ ਦੇ ਇਰਦ-

[1*] ਸੀਤਾ ਰਾਮ ਕੋਹਲੀ, ਸੇਵਾ ਸਿੰਘ ਗਿਆਨੀ, ਵਾਰ ਸ਼ਾਹ ਮੁਹੰਮਦ, ਪੰਨਾ 57



Sri Satguru Jagjit Singh Ji Elibrary NamdhariElibrary@gmail.com

ਗਿਰਦ ਦੇ ਲੋਕਾਂ ਨੇ ਉਸ ਦਾ ਕੀਮਾ ਬਣਾ ਦਿੱਤਾ। ਉਸੇ ਹੀ ਥਾਂ ਉੱਤੇ ਜਵਾਹਰ ਸਿੰਘ ਦੇ ਮੁਖੀ ਸਲਾਹਕਾਰ ਬਾਵਾ ਰਤਨ ਸਿੰਘ ਅਤੇ ਭਾਈ ਚੱਤੂ ਵੀ ਨਿਰਦਇਤਾ ਨਾਲ ਕਤਲ ਕੀਤੇ ਗਏ। ਨਕਦੀ, ਸੋਨਾ ਅਤੇ ਚਾਂਦੀ ਜੋ ਜਵਾਹਰ ਸਿੰਘ ਤੇ ਉਸਦੀ ਭੈਣ ਕਿਲ੍ਹੇ ਵਿੱਚੋਂ ਲਿਆਏ ਸਨ, ਉਹ ਸਭ ਫ਼ੌਜਾਂ ਨੇ ਲੁੱਟ ਲਿਆ।

ਰਾਜਮਾਤਾ ਅਤੇ ਉਸ ਨਾਲ ਆਈਆਂ ਗੋਲੀਆਂ ਨੂੰ ਇੱਕ ਵੱਖਰੇ ਤੰਬੂ ਵਿੱਚ ਲਿਜਾ ਕੇ, ਜੋ ਪਹਿਲਾਂ ਹੀ ਇਸ ਉਦੇਸ਼ ਲਈ ਲਾਇਆ ਗਿਆ ਸੀ, ਬੰਦੀ ਬਣਾ ਲਿਆ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਉਸ ਤੋਂ ਵੱਖ ਰੱਖਿਆ ਗਿਆ ਤਾਂ ਜੋ ਰਾਜ ਮਾਤਾ ਆਪਣੀ ਅਤੇ ਆਪਣੇ ਪੁੱਤਰ ਦੀ ਹੱਤਿਆ ਨਾ ਕਰ ਸਕੇ। ਰਾਣੀ ਸਾਰੀ ਰਾਤ ਰੋਂਦੀ ਤੇ ਵੈਣ ਪਾਉਂਦੀ ਰਹੀ। ਉਹ ਆਪਣੇ ਭਰਾ ਦੀ ਮੌਤ ਤੇ ਕੀਰਨੇ ਪਾਉਂਦੀ ਅਤੇ ਖ਼ਾਲਸੇ ਨੂੰ ਸਰਾਪ ਦਿੰਦੀ ਰਹੀ। ਦਿਨ ਚੜ੍ਹਨ ਉੱਤੇ ਉਸ ਨੂੰ ਆਪਣੇ ਭਰਾ ਦੀ ਫੀਤੀ-ਫੀਤੀ ਹੋਈ ਲਾਸ਼ ਨੂੰ ਵੇਖਣ ਦੀ ਆਗਿਆ ਦਿੱਤੀ ਗਈ। ਲਾਸ਼ ਨੂੰ ਵੇਖਣ ਸਾਰ ਹੀ ਉਸਨੇ ਮੁੜ ਦਰਦਨਾਕ ਕੀਰਨੇ ਪਾਉਣੇ ਸ਼ੁਰੂ ਕਰ ਦਿੱਤੇ। ਉਸ ਦਾ ਵਿਰਲਾਪ ਤੇ ਰੋਣਾ ਐਨਾ ਦਰਦਨਾਕ ਸੀ ਕਿ ਪਾਸ ਖੜ੍ਹੇ ਲੋਕਾਂ ਦੇ ਦਿਲ ਵੀ ਤਰਸ ਅਤੇ ਰਹਿਮ ਨਾਲ ਪੰਘਰ ਗਏ। ਉਹ ਦਿਲ ਕੰਬਾਊ ਵੈਣ ਤੇ ਕੀਰਨੇ ਪਾ ਰਹੀ ਸੀ। ਉਸਨੇ ਆਪਣੇ ਵਾਲ ਖੋਹ ਸੁਟੇ ਅਤੇ ਕਪੜੇ ਲੀਰੋ ਲੀਰ ਕਰ ਲਏ। ਉਹ ਹਤਿਆਰਿਆਂ ਨੂੰ ਸਰਾਪ ਵੀ ਦੇ ਰਹੀ ਸੀ ਪਰ ਉਸ ਦੀ ਇਸ ਦਰਦ ਭਰੀ ਅਤੇ ਤਰਸਯੋਗ ਹਾਲਤ ਨੂੰ ਵੇਖ ਕੇ ਵੀ ਸਮਕਾਲੀ ਕਵੀ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ ਸੈਨਿਕ ਉਸ ਤੋਂ ਵੱਡੀਆਂ ਤਲਬਾਂ ਦੀ ਮੰਗ ਕਰ ਰਹੇ ਸਨ।

[1*]ਮਾਈ ਕੈਦ ਕਨਾਤ ਦੇ ਵਿੱਚ ਕੀਤੀ,
ਕਿਸ ਨੂੰ ਰੋਇ ਕੇ ਪਈ ਸੁਣਾਵਣੀ ਹੈਂ।
ਤੇਰਾ ਕੌਣ ਹਿਮਾਇਤੀ ਸੁਨਣ ਵਾਲਾ,
ਜਿਸ ਨੂੰ ਪਾਇ ਕੇ ਵੈਣ ਦਿਖਾਵਣੀ ਹੈਂ।
ਕਿਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜਿਹੜੇ ਡੂੰਘੜੇ ਵੈਣ ਤੂੰ ਪਾਵਣੀ ਹੈਂ।
ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ,
ਸਾਡੇ ਜ਼ੋਰ 'ਤੇ ਰਾਜ ਕਮਾਵਣੀ ਹੈਂ।43

ਪਰ ਜਦੋਂ ਰਾਣੀ ਜਿੰਦ ਕੌਰ ਸਿੱਖ ਸਰਦਾਰਾਂ ਦੀ ਹਾਜ਼ਰੀ ਵਿੱਚ ਆਪਣੇ ਭਰਾ ਦਾ ਦਾਹ ਸਸਕਾਰ ਮਸਤੀ ਦਰਵਾਜ਼ੇ ਦੇ ਬਾਹਰ ਵਾਰ ਕਰ ਰਹੀ ਸੀ ਤਾਂ ਕਤਲ ਹੋਏ ਵਜ਼ੀਰ ਨਾਲ ਸਤੀ ਹੋਣ ਵਾਲੀਆਂ ਦੋ ਪਤਨੀਆਂ ਅਤੇ ਤਿੰਨ

1* . ਸੀਤਾ ਰਾਮ ਕੋਹਲੀ, ਸੇਵਾ ਸਿੰਘ ਗਿਆਨੀ, ਵਾਰ ਸ਼ਾਹ ਮੁਹੰਮਦ, ਜੰਗ ਹਿੰਦ ਪੰਜਾਬ, ਪੰਨਾ 155



Sri Satguru Jagjit Singh Ji Elibrary NamdhariElibrary@gmail.com

ਦਾਸੀਆਂ ਨਾਲ ਸੈਨਿਕਾਂ ਨੇ, ਜੋ ਦੁਰਵਿਹਾਰ ਕੀਤਾ, ਉਹ ਬੇਹੱਦ ਸ਼ਰਮਨਾਕ ਸੀ। ਮੁਹੰਮਦ ਲਤੀਫ਼ ਦੇ ਸ਼ਬਦਾਂ ਵਿੱਚ, 1*"ਸਤੀ ਦੀ ਹੌਲ ਉਪਜਾਊ ਰਸਮ ਸਮੇਂ ਸਿੱਖ ਸਿਪਾਹੀਆਂ ਦੀ ਇੱਕ ਗਾਰਦ ਉੱਥੇ ਮੌਜੂਦ ਸੀ, ਜਿਸਨੇ ਉਨ੍ਹਾਂ ਮੰਦ ਭਾਗੀਆਂ ਸਤੀਆਂ ਨਾਲ ਨਿਰਦਈ ਅਤੇ ਵਹਿਸ਼ੀਆਣਾ ਸਲੂਕ ਰਵਾ ਰਖਿਆ, ਜਿਸ ਦੀ ਮਿਸਾਲ ਕੌਮ ਦੇ ਇਤਿਹਾਸ ਵਿੱਚ ਨਹੀਂ ਮਿਲਦੀ। ਇਹ ਬੇਸਹਾਰਾ ਅਬਲਾਵਾਂ ਚੁਪਚਾਪ ਆਪਣੀ ਨਕਦੀ ਅਤੇ ਗਹਿਣੇ ਖੁੱਲ੍ਹੇ ਬਰਤਨਾਂ ਵਿੱਚ ਲੈ ਕੇ ਚਿਤਾ ਵੱਲ ਜਾ ਰਹੀਆਂ ਸਨ। ਇਨ੍ਹਾਂ ਦੀ ਨਕਦੀ ਤੇ ਉਹ ਬਰਤਨ ਚੁੱਕੀ ਲੋਕ ਦੋਹੀਂ ਪਾਸੀਂ ਨਾਲ-ਨਾਲ ਚੱਲ ਰਹੇ ਸਨ, ਜਿਨ੍ਹਾਂ ਵਿੱਚ ਦਾਨ ਦੇਣ ਵਾਲਾ ਧਨ ਸੀ ਕਿ ਸ਼ਸਤਰਧਾਰੀ ਇਨ੍ਹਾਂ ਜ਼ਾਲਮਾਂ ਨੇ ਉਹ ਦਾਨ ਪਾਤਰ ਲੁੱਟ ਲਏ। ਜਦ ਇਹ ਚਿਤਾ ਉਪਰ ਚੜ੍ਹ ਰਹੀਆਂ ਸਨ, ਤਦ ਇਸ ਗਾਰਦ ਦੇ ਇਨ੍ਹਾਂ ਲੁਟੇਰੇ ਧਾੜਵੀਆਂ ਨੇ ਉਨ੍ਹਾਂ ਦੇ ਨੱਕਾਂ ਤੇ ਕੰਨਾਂ ਦੇ ਗਹਿਣੇ ਵੀ ਖਿਚ ਕੇ ਲਾਹ ਲਏ। ਇਹ ਗਹਿਣੇ ਉਨ੍ਹਾਂ ਸਤੀਆਂ ਨੇ ਧਾਰਮਿਕ ਰੀਤੀ ਅਨੁਸਾਰ ਪਾਏ ਹੋਏ ਸਨ। ਇਨ੍ਹਾਂ ਦੇਵੀਆਂ ਨੇ ਇਸ ਅਪਮਾਨ ਵਿਰੁੱਧ ਜੋ ਰੋਸ ਕੀਤਾ, ਉਸ ਦੀ ਕਿਸੇ ਨੇ ਪ੍ਰਵਾਹ ਨਾ ਕੀਤੀ..........। ਇਸ ਲੁੱਟ-ਖਸੁੱਟ ਨਾਲ ਵੀ ਉਨ੍ਹਾਂ ਨਿਰਦਈਆਂ ਦੀ ਤਸੱਲੀ ਨਾ ਹੋਈ, ਤਦ ਉਨ੍ਹਾਂ ਨੇ ਚਿਤਾ ਉਪਰ ਚੜ੍ਹੀਆਂ ਹੋਈਆਂ ਇਨ੍ਹਾਂ ਦੇਵੀਆਂ ਦੀਆਂ ਮੁੰਦਰੀਆਂ ਅਤੇ ਖਫ਼ਨ ਦੇ ਵੱਡਮੁੱਲੇ ਭੋਸ਼ਨ ਵੀ ਖੋਹ ਲਏ। ਇਸ ਤੇ ਉਨ੍ਹਾਂ ਵਿਚਾਰੀਆਂ ਨੇ ਆਕਾਸ਼ ਵੱਲ ਹੱਥ ਚੁੱਕ ਕੇ ਸਾਰੀ ਸਿੱਖ ਕੌਮ ਨੂੰ ਹੀ ਸਰਾਪ ਦੇ ਦਿੱਤਾ।"

ਰਾਣੀ ਜਿੰਦਾਂ ਦਾ ਕਰੁਣਾਮਈ ਵਿਰਲਾਪ ਕਈ ਦਿਨਾਂ ਤੱਕ ਜਾਰੀ ਰਿਹਾ। ਉਹ ਗਲੀਆਂ ਬਾਜ਼ਾਰਾਂ ਵਿੱਚੋਂ ਵੈਣ ਪਾਉਂਦੀ ਆਪਣੇ ਭਰਾ ਦੀ ਸਮਾਧ ਉੱਤੇ ਜਾਂਦੀ ਰਹੀ। ਉਹ ਕਹਿੰਦੀ ਮੇਰਾ ਕਲੇਜਾ ਉਦੋਂ ਠੰਡਾ ਹੋਵੇਗਾ, ਜਦੋਂ ਮੇਰੇ ਭਰਾ ਦੇ ਕਾਤਲਾਂ ਨੂੰ ਸਜ਼ਾ ਦਿੱਤੀ ਜਾਵੇਗੀ। ਸਿੱਖ ਸਰਦਾਰਾਂ ਅਤੇ ਸੈਨਾ ਦੇ ਪੰਚਾਂ ਨੇ ਜਵਾਹਰ ਮਲ ਨੂੰ ਰਾਣੀ ਦੇ ਸਾਹਮਣੇ ਪੇਸ਼ ਕਰ ਦਿੱਤਾ, ਜੋ ਇਸ ਸਾਜਿਸ਼ ਦਾ ਸਰਗਨਾ ਸੀ। ਪ੍ਰਿਥੀ ਸਿੰਘ ਅਤੇ ਹੋਰ ਡੋਗਰੇ, ਜਿਨ੍ਹਾਂ ਨੇ ਇਸ ਉਦੇਸ਼ ਲਈ ਫ਼ੌਜਾਂ ਨੂੰ ਰਕਮਾਂ ਵੰਡੀਆਂ ਸਨ, ਰਾਤੋ-ਰਾਤ ਪਹਾੜਾਂ ਨੂੰ ਨੱਠ ਗਏ।

ਇਸ ਸਮੇਂ ਲਾਹੌਰ ਦਰਬਾਰ ਵਿੱਚ ਅਜਿਹੀ ਹਾਲਤ ਸੀ ਕਿ ਕੋਈ ਵੀ ਵਜ਼ੀਰੀ ਦਾ ਅਹੁੱਦਾ ਲੈਣ ਨੂੰ ਤਿਆਰ ਨਹੀਂ ਸੀ। ਰਾਜਾ ਗੁਲਾਬ ਸਿੰਘ ਨੇ ਵੀ ਸਿਰ ਫੇਰ ਦਿੱਤਾ ਸੀ। ਅਜਿਹੀ ਹਾਲਤ ਵਿੱਚ ਮਹਾਰਾਣੀ ਜਿੰਦਾਂ ਨੇ ਆਪ ਰਾਜ ਪ੍ਰਬੰਧ ਦਾ ਕਾਰਜ ਸੰਭਾਲ ਲਿਆ। ਦਰਬਾਰ ਦੇ ਹੁਕਮ ਆਪ ਜਾਰੀ ਕਰਦੀ ਰਹੀ। ਜਮਾਦਾਰ ਖੁਸ਼ਹਾਲ ਸਿੰਘ ਦੇ ਪੁੱਤਰ ਲਾਲ ਸਿੰਘ ਨੂੰ ਵਜ਼ੀਰ ਬਣਨ ਲਈ

1* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 470



Sri Satguru Jagjit Singh Ji Elibrary NamdhariElibrary@gmail.com

ਕਿਹਾ ਗਿਆ, ਪਰ ਉਸਨੇ ਵੀ ਨਾ ਕਰ ਦਿੱਤੀ। ਅਖੀਰ ਰਾਣੀ ਨੇ ਸੁਮਨ ਬੁਰਜ ਵਿੱਚ ਪੰਚਾਂ ਅਤੇ ਸਰਦਾਰਾਂ ਦੀ ਇਕੱਤਰਤਾ ਬੁਲਾਈ ਤੇ ਉਸ ਵਿੱਚ ਲਾਲ ਸਿੰਘ ਨੂੰ ਪ੍ਰਬੰਧਕ ਵਜ਼ੀਰ ਅਤੇ ਤੇਜ ਸਿੰਘ ਨੂੰ ਫ਼ੌਜ ਦਾ ਸੈਨਾਪਤੀ ਥਾਪਿਆ ਗਿਆ। ਇਸ ਸਮੇਂ ਫ਼ੌਜ ਦੀ ਤਾਕਤ ਬੇਪਨਾਹ ਹੱਦ ਤੱਕ ਵੱਧ ਚੁੱਕੀ ਸੀ। ਸਭ ਸੈਨਾ ਦੀ ਸ਼ਕਤੀ ਤੋਂ ਭੈ ਖਾਂਦੇ ਸਨ। ਰਾਜ ਦੇ ਕਈ ਇਲਾਕਿਆਂ ਵਿੱਚੋਂ ਬੇਚੈਨੀ ਦੀਆਂ ਖ਼ਬਰਾਂ ਆ ਰਹੀਆਂ ਸਨ। ਕਸ਼ਮੀਰ ਅਤੇ ਪਸ਼ੌਰ ਤੋਂ ਕੋਈ ਕਰ ਵਸੂਲ ਨਹੀਂ ਸੀ ਹੋ ਰਿਹਾ। ਸਤਲੁਜ ਪਾਰ ਤੋਂ ਅੰਗਰੇਜ਼ੀ ਸਰਕਾਰ ਦੀਆਂ ਵਧੀਕੀ ਦੀਆਂ ਖ਼ਬਰਾਂ ਪਹੁੰਚ ਰਹੀਆਂ ਸਨ। ਲਾਹੌਰ ਦਰਬਾਰ ਦੇ ਸਤਲੁਜ ਤੋਂ ਪਾਰ ਦੇ ਆਪਣੇ ਇਲਾਕਿਆਂ ਵਿੱਚ ਵੀ ਰਾਜ ਦੇ ਪ੍ਰਤੀਨਿਧਾਂ ਨੂੰ ਅੰਗਰੇਜ਼ ਅਫ਼ਸਰ ਲਾਂਘਾ ਨਹੀਂ ਸਨ ਦਿੰਦੇ। ਖ਼ਾਲਸਾ ਫ਼ੌਜ ਵਿੱਚ ਵੀ ਅਸ਼ਾਂਤੀ ਫੈਲ ਰਹੀ ਸੀ। ਇਸ ਲਈ ਉਸ ਦੀ ਸ਼ਕਤੀ ਨੂੰ ਘਟਾਉਣ ਲਈ ਵਿਉਂਤਾਂ ਸੋਚੀਆਂ ਜਾ ਰਹੀਆਂ ਸਨ ਅਤੇ ਸਾਰੀ ਸੋਚ-ਵਿਚਾਰ ਦਾ ਸਿੱਟਾ ਇਹ ਨਿਕਲ ਰਿਹਾ ਸੀ ਕਿ ਅੰਗਰੇਜ਼ਾਂ ਨਾਲ ਜੰਗ ਛੇੜੀ ਜਾਵੇ। ਖ਼ਾਲਸਾ ਸੈਨਾ ਨੂੰ ਆਪਣੀ ਅਜਿੱਤ ਹੋਣ ਦੀ ਭਾਵਨਾ ਉੱਤੇ ਹਾਲੀਂ ਵੀ ਪੂਰਾ ਵਿਸ਼ਵਾਸ ਸੀ। ਇਸ ਤੋਂ ਬਿਨਾਂ ਅੰਗਰੇਜ਼ੀ ਇਲਾਕੇ ਵਿੱਚ ਜਾ ਕੇ ਉਥੋਂ ਦੀ ਲੁੱਟ ਮਾਰ ਕਰਨ ਦਾ ਵਿਚਾਰ ਵੀ ਖ਼ਾਲਸਾ ਸੈਨਾ ਨੂੰ ਉਤਸ਼ਾਹ ਦੇ ਰਿਹਾ ਸੀ। ਖ਼ਾਲਸਾ ਸੈਨਾ ਲਈ ਅਜਿਹੀ ਦੇਸ਼ ਭਗਤੀ ਅਤੇ ਦੁਸ਼ਮਣ ਉੱਤੇ ਚੜ੍ਹਾਈ ਕਰਨ ਦੇ ਵਿਚਾਰਾਂ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ :

[1*]ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
ਚਲੋ ਜਾਕੇ ਫਰੰਗੀ ਨੂੰ ਮਾਰੀਏ ਜੀ।
ਇੱਕ ਵਾਰ ਜੇ ਸਾਮ੍ਹਣੇ ਹੋਇ ਸਾਡੇ,
ਇੱਕ ਘੜੀ ਵਿੱਚ ਮਾਰ ਉਤਾਰੀਏ ਜੀ।
ਭਾਈ ਵੀਰ ਸਿੰਘ ਜੇਹੇ ਅਸੀਂ ਨਹੀਂ ਛੱਡੇ,
ਅਸੀਂ ਕਦੀ ਨਾ ਉਸ ਤੋਂ ਹਾਰੀਏ ਜੀ।
ਸ਼ਾਹ ਮੁਹੰਮਦਾ ਮਾਰ ਕੇ ਲੁਧਿਆਣਾ
ਫ਼ੌਜਾਂ ਦਿੱਲੀ ਦੇ ਵਿੱਚ ਉਤਾਰੀਏ ਜੀ।56।
ਜ਼ਬਤ ਕਰਾਂਗੇ ਮਾਲ ਫ਼ਰੰਗੀਆਂ ਦੇ,
ਓਥੋਂ ਲਿਆਂਵਾਂਗੇ ਦੌਲਤਾਂ ਬੋਰੀਆਂ ਨੀ।
ਪਿਛੋਂ ਵੜਾਂਗੇ ਉਹਨਾਂ ਦੇ ਸਤਰ-ਖ਼ਾਨੇ,
ਬੰਨ੍ਹ ਲਿਆਵਾਂਗੇ ਉਹਨਾਂ ਦੀਆਂ ਗੋਰੀਆਂ ਨੀ।
ਕਾਬਲ ਵਿੱਚ ਪਠਾਣ ਜਿਉਂ ਅਲੀ ਅਕਬਰ,

[1*] ਸੀਤਾ ਰਾਮ ਕੋਹਲੀ, ਸੇਵਾ ਸਿੰਘ ਗਿਆਨੀ, ਵਾਰ ਸ਼ਾਹ ਮੁਹੰਮਦ, ਪੰਨਾ 162-163



Sri Satguru Jagjit Singh Ji Elibrary NamdhariElibrary@gmail.com

ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੰਠੇ,
ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ।57।

**1839 ਤੋਂ 1845 ਤੱਕ ਦੇ ਪੰਜਾਬ ਦੇ ਇਤਿਹਾਸ ਉੱਤੇ ਮੁੜਵੀਂ ਝਾਤ**

1839 ਵਿੱਚ ਮਹਾਰਾਜਾ ਰਣਜੀਤ ਸਿੰਘ ਜਿਸ ਨੇ ਪੰਜਾਬ ਨੂੰ ਇੱਕ ਸ਼ਕਤੀਸ਼ਾਲੀ ਰਾਜ ਬਣਾ ਦਿੱਤਾ ਸੀ, ਇਸ ਜਹਾਨ ਤੋਂ ਕੂਚ ਕਰ ਗਿਆ। ਪਰ ਉਸ ਤੋਂ ਪਿਛੋਂ 1839 ਤੋਂ ਲੈ ਕੇ 1845 ਤੱਕ ਪੰਜਾਬ ਰਾਜ ਨੂੰ ਜਿਸ ਯੁੱਗ ਗਰਦੀ ਅਤੇ ਬੁਰਛਾਗਰਦੀ ਦਾ ਸ਼ਿਕਾਰ ਹੋਣਾ ਪਿਆ, ਸੰਸਾਰ ਦੇ ਇਤਿਹਾਸ ਵਿੱਚ ਇਸ ਦੀ ਕੋਈ ਹੋਰ ਮਿਸਾਲ ਭਾਲ ਸਕਣਾ, ਜੇਕਰ ਅਸੰਭਵ ਨਹੀਂ ਤਾਂ ਅਤਿ ਕਠਿਨ ਜ਼ਰੂਰ ਹੈ। ਇਸ ਦੌਰਾਨ ਰਾਜ ਘਰਾਣੇ ਦੇ ਮਹਾਰਾਜਾ ਖੜਕ ਸਿੰਘ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਜ਼ਹਿਰ ਦੇ ਕੇ ਮਰਵਾਇਆ ਗਿਆ ਸੀ; ਉਸ ਦਾ ਪੁੱਤਰ ਕੰਵਰ ਨੌਨਿਹਾਲ ਸਿੰਘ ਵੀ ਦੁਖਦਾਈ ਹਾਦਸੇ ਜਾਂ ਸਾਜ਼ਿਸ਼ ਦਾ ਸ਼ਿਕਾਰ ਹੋਇਆ। ਮਹਾਰਾਣੀ ਚੰਦ ਕੌਰ ਅਤੇ ਉਸ ਦੀ ਨੂੰਹ ਸਾਹਿਬ ਕੌਰ (ਕੰਵਰ ਨੌਨਿਹਾਲ ਸਿੰਘ ਦੀ ਪਤਨੀ) ਦੀ ਹੱਤਿਆ ਕਰਵਾਈ ਗਈ। ਮਹਾਰਾਜਾ ਸ਼ੇਰ ਸਿੰਘ ਅਤੇ ਉਸਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ। ਇਸੇ ਤਰ੍ਹਾਂ ਮਹਾਰਾਜਾ ਦੇ ਪੁੱਤਰਾਂ ਕੰਵਰ ਕਸ਼ਮੀਰਾ ਸਿੰਘ ਅਤੇ ਕੰਵਰ ਪਿਸ਼ੌਰਾ ਸਿੰਘ ਨੂੰ ਵਜ਼ੀਰਾਂ ਵਿੱਚੋਂ ਚੇਤ ਸਿੰਘ ਬਾਜਵਾ, ਜਿਸ ਨੂੰ ਮਹਾਰਾਜਾ ਖੜਕ ਸਿੰਘ ਨੇ ਆਪਣਾ ਚਹੇਤਾ ਵਜ਼ੀਰ ਬਣਾ ਲਿਆ ਸੀ; ਰਾਜਾ ਧਿਆਨ ਸਿੰਘ, ਰਾਜਾ ਹੀਰਾ ਸਿੰਘ ਅਤੇ ਵਜ਼ੀਰ ਜਵਾਹਰ ਸਿੰਘ ਵਾਰੋ ਵਾਰੀ ਕਤਲ ਕੀਤੇ ਗਏ। ਇਨ੍ਹਾਂ ਸਾਜ਼ਿਸ਼ਾਂ ਵਿੱਚ ਹੀ ਸੰਧਾਵਾਲੀਏ ਸ: ਅਜੀਤ ਸਿੰਘ, ਲਹਿਣਾ ਸਿੰਘ ਅਤੇ ਬਾਬਾ ਬੀਰ ਸਿੰਘ ਦੇ ਡੇਰੇ ਵਿੱਚ ਸ: ਅੱਤਰ ਸਿੰਘ, ਬਾਬਾ ਬੀਰ ਸਿੰਘ ਸਮੇਤ ਮਾਰੇ ਗਏ। ਬਾਬਾ ਬੀਰ ਸਿੰਘ ਦਾ ਮਾਰਿਆ ਜਾਣਾ, ਇਸ ਕਾਲ ਦੀ ਸਭ ਤੋਂ ਵੱਧ ਮਹੱਤਤਾ ਵਾਲੀ ਘਟਨਾ ਸੀ। ਇਨ੍ਹਾਂ ਤੋਂ ਬਿਨਾਂ ਰਾਜਾ ਸੁਚੇਤ ਸਿੰਘ, ਜੱਲ੍ਹਾ ਪੰਡਤ, ਭਾਈ ਗੁਰਮੁੱਖ ਸਿੰਘ, ਰਾਏ ਕੇਸਰੀ ਵਰਗੇ ਨਾਮਵਰ ਵਿਅਕਤੀ ਵੀ ਕਤਲ ਹੋਏ।

ਸ਼ੇਰ ਸਿੰਘ ਦੇ ਲਾਹੌਰ ਉੱਤੇ ਕਬਜ਼ਾ ਕਰਨ ਸਮੇਂ ਦੋਹਾਂ ਧਿਰਾਂ ਸ਼ੇਰ ਸਿੰਘ ਅਤੇ ਰਾਣੀ ਚੰਦ ਕੌਰ ਦੇ ਹਜ਼ਾਰਾਂ ਬੰਦੇ ਲੜਾਈ ਵਿੱਚ ਮਾਰੇ ਗਏ। ਮਹਾਰਾਜਾ ਸ਼ੇਰ ਸਿੰਘ ਦੇ ਕਤਲ ਵਾਲੇ ਦਿਹਾੜੇ ਕੋਈ ਘੱਟ ਨਹੀਂ ਸੀ ਬੀਤੀ। ਸੈਂਕੜੇ ਆਦਮੀ ਮਾਰੇ ਗਏ ਸਨ। ਕਿਲ੍ਹੇ ਦੀ ਬਰਬਾਦੀ ਅਤੇ ਲਾਹੌਰ ਸ਼ਹਿਰ ਵਿੱਚ ਮਚੀ ਲੁੱਟ ਇਸ ਤੋਂ ਵੱਖਰੀ ਸੀ। ਇਹ ਸਾਰੀਆਂ ਮੰਦਭਾਗੀ ਘਟਨਾਵਾਂ ਸਨ। ਕੇਵਲ ਇੱਥੇ ਹੀ ਬਸ ਨਹੀਂ, ਜਿਸ ਤਰ੍ਹਾਂ ਇਨ੍ਹਾਂ ਵਿਅਕਤੀਆਂ ਦੇ ਧੜ ਤੋਂ ਵੱਖਰੇ ਕੀਤੇ ਸਿਰ, ਦਰਵਾਜ਼ਿਆਂ 'ਤੇ ਲਟਕਾਏ ਗਏ ਅਤੇ ਦਹਿਸ਼ਤ ਫੈਲਾਈ ਗਈ, ਉਹ ਮਹਾਰਾਜਾ ਰਣਜੀਤ ਸਿੰਘ ਦੀ ਸਾਰੀ



Sri Satguru Jagjit Singh Ji Elibrary NamdhariElibrary@gmail.com

ਕਰਨੀ, ਕੀਰਤੀ ਅਤੇ ਪ੍ਰਾਪਤੀ ਉੱਤੇ ਲੀਕ ਫੇਰਨ ਵਾਲੀ ਗੱਲ ਸੀ। 13 ਸਤੰਬਰ, 1845 ਨੂੰ ਵਜ਼ੀਰ ਜਵਾਹਰ ਸਿੰਘ ਦੇ ਕਤਲ ਦੇ ਦਿਹਾੜੇ ਉੱਤੇ ਵੀ ਕੋਈ ਘੱਟ ਦਰਦਨਾਕ ਘਟਨਾਵਾਂ ਨਹੀਂ ਸਨ ਵਾਪਰੀਆਂ।[1*]ਇੱਕ ਲੇਖਕ ਦੇ ਅਨੁਮਾਨ ਅਨੁਸਾਰ 1839 ਤੋਂ ਲੈ ਕੇ ਜਵਾਹਰ ਸਿੰਘ ਦੇ ਕਤਲ ਤੱਕ 36 ਰਾਜੇ, ਮਹਾਰਾਜੇ ਜਾਂ ਮੁੱਖ ਹਸਤੀਆਂ ਕਤਲ ਹੋਈਆਂ। ਇਹ ਗੱਲਾਂ ਮੁਗਲਾਂ ਅਤੇ ਦੁਰਾਨੀਆਂ ਦੇ ਹੱਲਿਆਂ ਦੇ ਸਮੇਂ ਦੀ ਯਾਦ ਤਾਜ਼ਾ ਕਰਵਾ ਦਿੰਦੀਆਂ ਸਨ।

ਖ਼ਾਲਸਾ ਸੈਨਾ ਦੀ ਸ਼ਕਤੀ ਇੰਨੀ ਵੱਧ ਚੁੱਕੀ ਸੀ ਕਿ ਕੋਈ ਵੀ ਕੰਮ ਫ਼ੌਜ ਨੂੰ ਨਗਦ ਇਨਾਮ ਤੇ ਤਨਖ਼ਾਹਾਂ ਵਿੱਚ ਵਾਧਾ ਤੇ ਕੈਂਠੇ, ਕੜੇ ਤੇ ਬੁਤਕੀਆਂ ਦੇਣ ਤੋਂ ਬਿਨਾਂ ਸਿਰੇ ਨਹੀਂ ਸੀ ਚੜ੍ਹਦਾ। ਇਸ ਤੋਂ ਬਿਨਾਂ ਮਹਾਰਾਣੀ ਜਿੰਦਾਂ ਉੱਤੇ ਇਹ ਦਬਾਅ ਵੀ ਪਾਇਆ ਗਿਆ ਕਿ ਜੇਕਰ ਉਨ੍ਹਾਂ ਦੀ ਗੱਲ ਨਾ ਮੰਨੀ ਗਈ ਤਾਂ ਉਹ ਮਹਾਰਾਜਾ ਸ਼ੇਰ ਸਿੰਘ ਦੇ ਸਪੁੱਤਰ ਨੂੰ ਰਾਜ ਗੱਦੀ ਸੌਂਪ ਦੇਣਗੇ। ਮਹਾਰਾਜਾ ਸ਼ੇਰ ਸਿੰਘ ਦੀ ਬੰਸਾਵਲੀ ਜੋ ਵਰਤਮਾਨ ਸਮੇਂ ਤੱਕ ਵੀ ਚੱਲਦੀ ਆ ਰਹੀ ਹੈ। ਅੱਗੇ ਦਿੱਤੇ ਚਿੱਤਰ ਦੁਆਰਾ ਜਾਣੀ ਜਾ ਸਕਦੀ ਹੈ।

ਸ਼ਾਹੀ ਕਿਲ੍ਹੇ ਦੇ ਅੰਦਰੋਂ ਲੁੱਟਮਾਰ ਅਤੇ ਧਨ-ਪਦਾਰਥ ਦਾ ਗਾਇਬ ਹੋ ਜਾਣਾ ਇੱਕ ਹੋਰ ਵੱਖਰੀ ਤਸਵੀਰ ਨੂੰ ਪੇਸ਼ ਕਰਦਾ ਹੈ। ਇਸ ਸੰਬੰਧ ਵਿੱਚ ਡੋਗਰਿਆਂ ਨੇ ਜੋ ਸ਼ਾਹੀ ਖ਼ਜ਼ਾਨੇ ਵਿੱਚੋਂ ਧਨ-ਪਦਾਰਥ ਜੰਮੂ ਖੜਿਆ, ਉਸ ਦੀ ਗਿਣਤੀ ਕਰਨੀ ਵੀ ਅਸੰਭਵ ਹੈ; ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਕੀਮਤੀ ਘੋੜੇ ਅਤੇ ਅਮੋਲਕ ਵਸਤਾਂ ਜੋ ਉਸ ਨੇ ਬੜੀਆਂ ਵੱਡੀਆਂ ਰਕਮਾਂ ਖਰਚ ਕੇ ਪ੍ਰਾਪਤ ਕੀਤੀਆਂ ਸਨ, ਨੂੰ ਵੀ ਲੁੱਟ ਕੇ ਲੈ ਗਏ। ਫ਼ੌਜ ਉੱਤੇ ਕਿਸੇ ਇੱਕ ਜਰਨੈਲ ਅਤੇ ਫ਼ੌਜੀ ਕਮਾਂਡਰਾਂ ਦਾ ਕੋਈ ਅਧਿਕਾਰ ਬਾਕੀ ਨਾ ਰਿਹਾ। ਫ਼ੌਜ ਵਿੱਚ ਅਨੁਸ਼ਾਸਨਹੀਣਤਾ ਫੈਲ ਗਈ। ਫ਼ੌਜੀ ਪੰਚ ਜੋ ਯੁੱਧ ਕਲਾ ਤੋਂ ਅਣਜਾਣ ਸਨ, ਸਭ ਫ਼ੈਸਲੇ ਮਨਮਰਜ਼ੀ ਅਨੁਸਾਰ ਕਰਨ ਲੱਗੇ। ਇਹ ਸ਼ੁਤਰ ਬੇਮੁਹਾਰ ਵਾਲੀ ਗੱਲ ਬਣ ਗਈ ਸੀ। ਖ਼ਾਲਸਾ ਫ਼ੌਜ ਵਿੱਚ ਲੁੱਟ-ਖਸੁੱਟ ਅਤੇ ਖੋਹਮਾਈ ਦਾ ਬਾਜ਼ਾਰ ਏਨਾ ਗਰਮ ਸੀ ਕਿ ਸਤਿਗੁਰੂ ਰਾਮ ਸਿੰਘ ਵਰਗੇ ਸੰਤ ਪੁਰਸ਼ ਤੋਂ ਵੀ ਫ਼ੌਜੀ ਤਲੰਗਿਆਂ ਨੇ ਸਾਰੀ ਵਰਦੀ ਲੁਹਾ ਲਈ ਸੀ ਅਤੇ ਉਹ ਨੰਗੇ ਪਿੰਡੇ ਹੀ ਆਪਣੇ ਫ਼ੌਜੀ ਡੇਰੇ ਵਾਪਿਸ ਪਹੁੰਚੇ ਸਨ। ਇਥੋਂ ਤੱਕ ਕਿ ਭੂਤਰੇ ਹੋਏ ਫ਼ੌਜੀ ਜ਼ਖ਼ਮੀ ਸਿਪਾਹੀਆਂ ਨੂੰ ਵੀ ਲੁੱਟ ਲੈਂਦੇ ਅਤੇ ਜਿਊਂਦਿਆਂ ਨੂੰ ਹੀ ਚਿਤਾ ਵਿੱਚ ਸੁੱਟ ਦਿੰਦੇ ਸਨ।

ਨਾਮ ਨੂੰ ਤਾਂ ਇਹ ਖ਼ਾਲਸਾ ਸੈਨਿਕ ਸਨ ਅਤੇ ਫ਼ੌਜ ਵਿੱਚ ਖ਼ਾਲਸਾਈ ਨਿਸ਼ਾਨ ਵੀ ਝੁਲਦਾ ਸੀ, ਪਰ ਇਸ ਵਿੱਚ ਗੁਰਮਤਿ ਦੀ ਰਹੁ ਰੀਤ ਅਤੇ ਰਹਿਤ

[1*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 20



Sri Satguru Jagjit Singh Ji Elibrary NamdhariElibrary@gmail.com




ਉਪਰਕੋਤ ਸ਼ਿਲਾਲੇਖ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਨਾਲ ਬੁੰਗਾ ਮਹਾਰਾਜਾ ਸ਼ੇਰ ਸਿੰਘ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰਕੇ 7 ਦਸੰਬਰ, 1997 ਨੂੰ ਲਗਾਇਆ ਗਿਆ।



Sri Satguru Jagjit Singh Ji Elibrary NamdhariElibrary@gmail.com

ਮਰਿਯਾਦਾ ਵਾਲੀ ਕੋਈ ਗੱਲ ਦਿਖਾਈ ਨਹੀਂ ਸੀ ਦੇਂਦੀ। ਵਿਖਾਵੇ ਦੀ ਪਾਠ ਪੂਜਾ ਤਾਂ ਕੀਤੀ ਜਾਂਦੀ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਪੜ੍ਹੀ ਜਾਂਦੀ ਸੀ, ਪਰ ਅਮਲ ਇਸ ਦੇ ਉਲਟ ਸੀ।

ਸਿੱਖ ਗੁਰੂ ਸਾਹਿਬਾਨ ਨੇ ਇਸਤਰੀਆਂ ਦੇ ਮ੍ਰਿਤਕਾਂ ਨਾਲ ਸਤੀ ਹੋਣ ਦਾ ਵਿਰੋਧ ਕੀਤਾ ਸੀ :

*ਸਤੀਆ ਏਹਿ ਨ ਆਖੀਅਨਿ ਜੋ ਮੜੀਆਂ ਲਗਿ ਜਲੰਨਿ॥*
*ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥*

*(ਆਦਿ ਗ੍ਰੰਥ 787)*

ਪਰ ਇੱਥੇ ਤਾਂ ਹਰ ਮਹਾਰਾਜੇ, ਵਜ਼ੀਰ ਅਤੇ ਸਰਦਾਰਾਂ, ਜਗੀਰਦਾਰਾਂ ਦੀਆਂ ਕਈ-ਕਈ ਪਤਨੀਆਂ ਸਨ ਅਤੇ ਜਿਹੜੀਆਂ ਇਸਤਰੀਆਂ ਆਪਣੇ ਪਤੀਆਂ ਨਾਲ ਦਾਸੀਆਂ ਸਮੇਤ ਸਤੀ ਹੋਈਆਂ, ਉਨ੍ਹਾਂ ਦੀ ਗਿਣਤੀ ਵੀ ਸੈਂਕੜਿਆਂ ਤੱਕ ਪੁੱਜ ਜਾਂਦੀ ਹੈ। ਬਹੁ-ਪਤਨੀ ਪ੍ਰਥਾ ਪ੍ਰਚੱਲਿਤ ਸੀ। ਇਸਤਰੀ ਜਾਤੀ ਦਾ ਸਤਿਕਾਰ ਨਾ ਮਾਤਰ ਵੀ ਨਹੀਂ ਸੀ ਕੀਤਾ ਜਾਂਦਾ।

ਗੁਰਬਾਣੀ ਦੇ ਮਹਾਂਵਾਕ ਅਨੁਸਾਰ :

*ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸ਼ੈ ਚਾਇ॥* *(ਪੰਨਾ 417)*

ਵਾਲਾ ਹਾਲ ਹੋ ਗਿਆ ਸੀ। ਇਥੋਂ ਤੱਕ ਕਿ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਮੇਜਰ ਬਰਾਡਫੁੱਟ ਜੋ ਲਾਹੌਰ ਵਿੱਚ ਅੰਗਰੇਜ਼ੀ ਸਰਕਾਰ ਦਾ ਪ੍ਰਤੀਨਿਧ ਸੀ, ਨੇ ਗਵਰਨਰ ਜਨਰਲ ਨੂੰ ਲਿਖ ਭੇਜਿਆ ਸੀ :

[1*]"ਲਾਹੌਰ ਵਿੱਚ ਸ਼ਰਾਬ ਦੇ ਅਤੇ ਸਾਜ਼ਿਸ਼ਾਂ ਦੇ ਦੌਰ ਚੱਲ ਰਹੇ ਹਨ। ਇਸ ਤੋਂ ਇੱਕ ਮਹੀਨੇ ਪਿਛੋਂ ਉਸ ਨੇ ਅਜਿਹਾ ਹੀ ਇੱਕ ਹੋਰ ਪੱਤਰ ਲਿਖਿਆ - "ਮੈਂ ਇਸ ਤਰ੍ਹਾਂ ਅਨੁਭਵ ਕਰਦਾ ਹਾਂ ਜਿਵੇਂ ਮੈਂ ਇੱਕ ਸਰਕਾਰ ਦਾ ਦੂਜੀ ਸਰਕਾਰ ਦੇ ਇਲਾਕੇ ਵਿੱਚ ਪ੍ਰਤੀਨਿਧ ਨਾ ਹੋ ਕੇ ਸਗੋਂ ਵੇਸਵਾ ਘਰ ਦਾ ਚੌਕੀਦਾਰ ਹੋਵਾਂ।"

ਸਾਰੇ ਰਾਜ ਵਿੱਚ ਵਣਜ ਵਪਾਰ ਨੂੰ ਢਾਹ ਲੱਗ ਚੁੱਕੀ ਸੀ। ਵਪਾਰੀ ਅਤੇ ਸੁਦਾਗਰਾਂ ਦੇ ਕਾਫਲੇ ਪਹਿਲਾਂ ਵਾਂਗ ਮੰਡੀਆਂ ਵਿੱਚ ਨਹੀਂ ਸਨ ਆਉਂਦੇ। ਪਿੰਡਾਂ ਵਿੱਚ ਵੀ ਲੁੱਟਮਾਰ ਸ਼ੁਰੂ ਹੋ ਗਈ ਸੀ ਅਤੇ ਸ਼ਾਹੀ ਖ਼ਜ਼ਾਨੇ ਵਿੱਚ ਦੂਜਿਆਂ ਸੂਬਿਆਂ ਤੋਂ ਕਰ ਆਉਣਾ ਬੰਦ ਹੋ ਗਿਆ ਸੀ।

ਮਹਾਰਾਜਾ ਸ਼ੇਰ ਸਿੰਘ ਦਾ ਬੰਸਾਵਾਲੀ ਨਾਮਾ ਦੇਣਾ ਹੈ, ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲਿਖੇ ਗਏ ਸੰਗਮਰਮਰ ਦੇ ਸ਼ਿਲਾਲੇਖ ਤੋਂ ਲਿਆ ਗਿਆ ਹੈ। 7 ਦਸੰਬਰ, 1977 ਨੂੰ ਸਥਾਪਿਤ ਕੀਤਾ ਗਿਆ।

---

[1*] ਖੁਸ਼ਵੰਤ ਸਿੰਘ, ਏ ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ ਪੰਨਾ 44



Sri Satguru Jagjit Singh Ji Elibrary NamdhariElibrary@gmail.com

# 18

# ਜੰਗ ਹਿੰਦ ਪੰਜਾਬ

**ਸਿੰਘਾਂ ਅਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ**

*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,*
*ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।* – *ਸ਼ਾਹ ਮੁਹੰਮਦ*

ਦਸੰਬਰ, 1845 ਵਿੱਚ ਅੰਗਰੇਜ਼ਾਂ ਅਤੇ ਸਿੰਘਾਂ ਵਿਚਕਾਰ ਪਹਿਲੀ ਜੰਗ ਹੋਈ। ਜਿਸ ਦਾ ਅੰਤ ਫਰਵਰੀ, 1846 ਤੋਂ ਪਿਛੋਂ ਸਭਰਾਓ ਦੇ ਮੋਰਚੇ ਪਿਛੋ ਹੋਇਆ। ਇਸ ਜੰਗ ਵਿੱਚ ਕੌਮੀ ਕਵੀ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ ਇੱਕ ਸਰਕਾਰ ਮਹਾਰਾਜਾ ਰਣਜੀਤ ਸਿੰਘ ਵਰਗੇ ਸ਼ਕਤੀਸ਼ਾਲੀ ਨੇਤਾ ਤੋਂ ਬਿਨ ਖ਼ਾਲਸਾ ਸੈਨਾ ਨੂੰ ਜਿੱਤ ਦੀ ਸੰਭਾਵਨਾ ਦੇ ਨੇੜੇ ਪੁੱਜ ਕੇ ਵੀ ਹਾਰ ਦਾ ਮੂੰ ਵੇਖਣਾ ਪਿਆ। ਇਸ ਜੰਗ ਦੀ ਹਾਰ ਨੇ ਲਾਹੌਰ ਦਰਬਾਰ ਅਤੇ ਪੰਜਾਬ ਸਰਕਾ ਦੀ ਪ੍ਰਭੁਤਾ ਦਾ ਅਜਿਹਾ ਲੱਕ ਤੋੜ ਕੇ ਰੱਖ ਦਿੱਤਾ ਕਿ ਮੁੜ ਕੇ ਪੰਜਾਬ ਦ ਇਹ ਸੁਤੰਤਰ ਰਾਜ ਲਗਭਗ 100 ਸਾਲ ਲਈ ਅੰਗਰੇਜ਼ੀ ਸਾਮਰਾਜ ਦਾ ਗ਼ੁਲਾ ਬਣ ਗਿਆ।

**ਚੜ੍ਹੋਖਤੀ ਕਿਸ ਧਿਰ ਵੱਲੋਂ ਹੋਈ**

1809 ਦੀ ਅੰਮ੍ਰਿਤਸਰ ਦੀ ਸੰਧੀ ਅਨੁਸਾਰ ਪੰਜਾਬ ਰਾਜ ਦੀ ਪੂਰਬੀ ਹੱਦ ਸਤਲੁਜ ਦਰਿਆ ਮਿੱਥੀ ਗਈ ਸੀ ਅਤੇ ਅੰਗਰੇਜ਼ਾਂ ਨੇ ਪੰਜਾਬ ਰਾਜ ਂ ਅੰਦਰਲੇ ਮਾਮਲਿਆਂ ਵਿੱਚ ਦਖਲ ਨਾ ਦੇਣ ਦਾ ਵਾਅਦਾ ਕੀਤਾ ਸੀ। ਮਹਾਰਾਜ ਰਣਜੀਤ ਸਿੰਘ ਦੇ ਸਮੇਂ ਦੋਹਾਂ ਸਰਕਾਰਾਂ ਦੇ ਸੰਬੰਧ ਸੁਖਾਵੇਂ ਅਤੇ ਮਿੱਤਰਤ ਵਾਲੇ ਬਣੇ ਰਹੇ, ਪਰ ਨਿਸ਼ਚੇ ਹੀ ਈਸਟ ਇੰਡੀਆ ਕੰਪਨੀ ਜਾਂ ਦੂਜੇ ਸ਼ਬਦ ਵਿੱਚ ਅੰਗਰੇਜ਼ੀ ਸਰਕਾਰ, ਸਾਮਰਾਜ ਦੀ ਵਿਸਥਾਰਵਾਦੀ ਨੀਤੀ ਉੱਤੇ 1826 27 ਤੋਂ ਹੀ ਅਮਲ ਕਰਨ ਲੱਗ ਪਈ ਸੀ। 1831 ਵਿੱਚ ਗਵਰਨਰ ਜਨਰ ਲਾਰਡ ਵਿਲੀਅਮ ਬੈਂਟਿੰਗ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੁਲਾਕਾ ਸਮੇਂ ਭਾਵੇਂ ਦੋਹਾਂ ਸਰਕਾਰਾਂ ਵੱਲੋਂ ਮਿੱਤਰਤਾ ਦਾ ਦਮ ਭਰਿਆ ਗਿਆ, ਪ



Sri Satguru Jagjit Singh Ji Elibrary NamdhariElibrary@gmail.com

ਇਸ ਪਿਛੋਂ ਅੰਗਰੇਜ਼ ਸਾਮਰਾਜੀਆਂ ਦੀ ਨੀਤੀ ਪੰਜਾਬ ਉੱਤੇ ਕਬਜ਼ਾ ਕਰਨ ਦੀ ਹੀ ਬਣ ਗਈ ਸੀ। ਸਹਿਜੇ-ਸਹਿਜੇ ਪੰਜਾਬ ਰਾਜ ਦੇ ਦੁਆਲੇ ਅੰਗਰੇਜ਼ ਆਪਣਾ ਘੇਰਾ ਮਜ਼ਬੂਤ ਕਰ ਰਹੇ ਸਨ। ਇਸੇ ਸਮੇਂ ਹੀ ਪੰਜਾਬ ਰਾਜ ਨੂੰ ਸਿੰਧ ਤੋਂ ਪਾਰ ਵਧਣ ਲਈ ਰੋਕ ਪਾ ਦਿੱਤੀ ਗਈ ਸੀ। ਅੰਗਰੇਜ਼ ਨੀਤੀਵਾਨ ਕੂਟਨੀਤੀ ਵਿੱਚ ਬੜੇ ਨਿਪੁੰਨ ਸਨ। ਆਪਣੀ ਇਸ ਸਾਮਰਾਜੀ ਅਭਿਲਾਸ਼ਾ ਨੂੰ ਉਹ ਪ੍ਰਗਟ ਹੀ ਨਹੀਂ ਸਨ ਹੋਣ ਦਿੰਦੇ, ਪਰ ਗੁਪਤ ਰੂਪ ਵਿੱਚ ਉਹ ਪੰਜਾਬ ਦੇ ਸੁਤੰਤਰ ਰਾਜ ਨੂੰ ਆਪਣੇ ਰਾਜ ਨਾਲ ਭਵਿੱਖ ਵਿੱਚ ਮਿਲਾ ਲੈਣ ਲਈ ਬੜੇ ਉਤਸਕ ਸਨ।

ਇਥੋਂ ਤੱਕ ਕਿ ਜਦੋਂ 1838 ਵਿੱਚ ਅੰਗਰੇਜ਼ੀ ਸਰਕਾਰ ਦਾ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫ਼ੇਨ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਅੰਗਰੇਜ਼ੀ ਸਰਕਾਰ ਦੇ ਪਤਵੰਤੇ ਪ੍ਰਾਹੁਣੇ ਵਜੋਂ ਸ਼ਾਮਿਲ ਹੋਇਆ ਤਾਂ ਉਸ ਨੇ ਪੰਜਾਬ ਦੀ ਸੈਨਿਕ ਸ਼ਕਤੀ ਅਤੇ ਸੈਨਿਕ ਮਹੱਤਤਾ ਵਾਲੇ ਸਾਰੇ ਨਕਸ਼ੇ ਨੂੰ ਚੰਗੀ ਤਰ੍ਹਾਂ ਘੋਖਣ ਪੜਤਾਲਣ ਦਾ ਯਤਨ ਕੀਤਾ। ਪਰ 1842 ਵਿੱਚ ਗਵਰਨਰ ਜਨਰਲ ਲਾਰਡ ਐਲਨਬਰੋ ਨੇ ਤਾਂ ਪੰਜਾਬ ਉੱਤੇ ਕਬਜ਼ਾ ਕਰਨ ਦੀ ਨੀਤੀ ਨੂੰ ਲੁਕਾ ਕੇ ਵੀ ਨਹੀਂ ਸੀ ਰੱਖਿਆ, ਸਗੋਂ ਖੁਲ੍ਹਮ ਖੁੱਲ੍ਹੇ ਇਸ ਮਨੋਰਥ ਲਈ ਤਿਆਰੀਆਂ ਸ਼ੁਰੂ ਕਰਵਾ ਦਿੱਤੀਆਂ ਸਨ। ਅੰਗਰੇਜ਼ੀ ਇਲਾਕੇ ਵਿੱਚ ਛਾਉਣੀਆਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਸੀ ਅਤੇ ਉਥੇ ਫ਼ੌਜਾਂ ਦੀ ਗਿਣਤੀ ਵਿੱਚ ਨਿਰੰਤਰ ਵਾਧਾ ਕੀਤਾ ਜਾ ਰਿਹਾ ਸੀ। ਇਸ ਸਾਰੀ ਸੈਨਿਕ ਤਿਆਰੀ ਅਤੇ ਵੱਖ-ਵੱਖ ਛਾਉਣੀਆਂ ਵਿੱਚ ਕੀਤੀ ਗਈ ਫ਼ੌਜੀ ਨਫ਼ਰੀ ਦੇ ਵਾਧੇ ਬਾਰੇ [1*]ਡਾ: ਗੰਡਾ ਸਿੰਘ ਨੇ ਆਪਣੀ ਪੁਸਤਕ 'ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ' ਵਿੱਚ ਵਿਸਥਾਰ ਪੂਰਵਕ ਵੇਰਵੇ ਦਿੱਤੇ ਹਨ। ਇਸ ਫ਼ੌਜ ਦੀ ਗਿਣਤੀ ਸਤਲੁਜ ਤੋਂ ਪੂਰਬ ਵੱਲ ਦੇ ਅੰਗਰੇਜ਼ੀ ਇਲਾਕੇ ਦੀਆਂ ਛਾਉਣੀਆਂ ਵਿੱਚ ਜੋ ਪਹਿਲਾਂ ਲਾਰਡ ਐਲਨਬਰੋ ਦੇ ਸਮੇਂ 17612 ਅਤੇ 66 ਤੋਪਾਂ ਸਨ। ਲਾਰਡ ਹਾਰਡਿੰਗ ਦੇ ਸਮੇਂ ਵਧ ਕੇ 40523 ਅਤੇ 94 ਤੋਪਾਂ ਹੋ ਗਈਆਂ ਸਨ।

ਇਨ੍ਹਾਂ ਛਾਉਣੀਆਂ ਵਿੱਚ ਫਿਰੋਜ਼ਪੁਰ, ਲੁਧਿਆਣਾ, ਅੰਬਾਲਾ, ਮੇਰਠ ਆਦਿ ਸ਼ਾਮਲ ਸਨ। ਇਥੋਂ ਤੱਕ ਕਿ ਲਾਰਡ ਐਲਨਬਰੋ ਦੇ ਸਮੇਂ ਤੋਂ ਹੀ ਬੰਬਈ ਵਿੱਚ ਅੰਗਰੇਜ਼ਾਂ ਨੇ ਸਤਲੁਜ ਪਾਰ ਕਰਨ ਖਾਤਰ ਪੁਲ ਲਈ ਬੇੜੀਆਂ ਵੀ ਤਿਆਰ ਕਰਵਾ ਲਈਆਂ ਸਨ। ਭਾਵੇਂ ਅੰਗਰੇਜ਼ ਗਵਰਨਰ ਜਨਰਲ ਆਪਣੇ ਵੱਖ-ਵੱਖ ਸਮੇਂ ਕੀਤੇ ਗਏ ਐਲਾਨਾਂ ਵਿੱਚ ਪੰਜਾਬ ਨਾਲ ਮਿੱਤਰਤਾ ਦੇ ਸੰਬੰਧ ਰੱਖਣ ਦਾ ਦਾਅਵਾ ਕਰਦਾ ਰਿਹਾ ਹੈ, ਪਰ ਉਸ ਦੀ ਅੰਦਰੂਨੀ ਮਨਸ਼ਾ ਇਸ ਦੇ ਬਿਲਕੁਲ ਉਲਟ ਸੀ। ਮੇਜਰ ਬਰਾਡ ਫੁੱਟ ਜੰਗ ਛੇਤੀ ਛੇੜਨ ਲਈ ਬੜਾ

[1*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 73-74



Sri Satguru Jagjit Singh Ji Elibrary NamdhariElibrary@gmail.com

ਉਤਾਵਲਾ ਸੀ। ਉਸਨੇ ਜਗਰਾਉਂ ਅਤੇ ਰਾਏਕੋਟ ਦੇ ਵਿਚਕਾਰ ਬਸੀਆਂ ਪਿੰਡ ਵਿੱਚ ਖਾਣੇ ਦਾਣੇ ਦੇ ਵੱਡੇ ਭੰਡਾਰ ਜਮ੍ਹਾ ਕਰ ਲਏ ਸਨ, ਤਾਂ ਜੋ ਜੰਗ ਛਿੜਨ ਸਮੇਂ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ।

ਇਸ ਸਮੇਂ ਅੰਗਰੇਜ਼ਾਂ ਵੱਲੋਂ ਕਈ ਹੋਰ ਵਧੀਕੀਆਂ ਵੀ ਹੋਈਆਂ। ਮੋਰਾ ਨਾਮੀ ਪਿੰਡ ਜੋ ਨਾਭੇ ਦੇ ਮਹਾਰਾਜੇ ਜਸਵੰਤ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਤਾ ਸੀ। ਰਣਜੀਤ ਸਿੰਘ ਨੇ ਇਸ ਨੂੰ ਸਰਦਾਰ ਧੰਨਾ ਸਿੰਘ ਮਲਵਈ ਨੂੰ ਦੇ ਦਿੱਤਾ ਸੀ ਅਤੇ ਪਿਛੋਂ ਮਹਾਰਾਜਾ ਦਵਿੰਦਰ ਸਿੰਘ ਨੇ ਅੰਗਰੇਜ਼ਾਂ ਦੀ ਸ਼ਹਿ ਉੱਤੇ ਇਸ ਨੂੰ ਜ਼ਬਤ ਕਰ ਲਿਆ ਸੀ। ਸਤਲੁਜ ਦਰਿਆ ਤੋਂ ਦੱਖਣ ਦੀ ਬਾਹੀ ਪੰਜਾਬ ਸਰਕਾਰ ਦੇ ਆਪਣੇ ਇਲਾਕੇ ਵਿੱਚ ਅੰਗਰੇਜ਼ਾਂ ਨੇ ਪੰਜਾਬ ਦੇ ਪ੍ਰਤੀਨਿਧਾਂ ਨੂੰ ਅੱਗੇ ਵੱਧਣ ਤੋਂ ਰੋਕ ਦਿੱਤਾ ਸੀ। ਜਦੋਂ ਕਿ ਇਹ ਇਲਾਕਾ ਲਾਹੌਰ ਦਰਬਾਰ ਦੇ ਅਧੀਨ ਹੀ ਚਲਿਆ ਆਉਂਦਾ ਸੀ। ਸ: ਸੁਚੇਤ ਸਿੰਘ ਦੀ 17 ਲੱਖ ਰੁਪਏ ਦੀ ਰਕਮ ਫਿਰੋਜ਼ਪੁਰ ਵਿਖੇ ਜਮ੍ਹਾ ਸੀ, ਅੰਗਰੇਜ਼ਾਂ ਨੇ ਲਾਹੌਰ ਦਰਬਾਰ ਵੱਲੋਂ ਇਸ ਰਕਮ ਨੂੰ ਮੰਗ ਭੇਜਣ ਉੱਤੇ ਵੀ ਇਸ ਨੂੰ ਨਹੀਂ ਸੀ ਦਿੱਤਾ: ਹਾਲਾਂਕਿ ਇਸ ਉੱਤੇ ਕਾਨੂੰਨੀ ਅਧਿਕਾਰ ਲਾਹੌਰ ਦਰਬਾਰ ਦਾ ਹੀ ਸੀ।

ਇਸ ਤੋਂ ਸਿੱਧ ਹੁੰਦਾ ਹੈ ਕਿ ਅੰਗਰੇਜ਼ੀ ਸਰਕਾਰ ਆਪਣੀ ਗਿਣੀ ਮਿਥੀ ਨੀਤੀ ਅਨੁਸਾਰ ਪੰਜਾਬ ਰਾਜ ਉੱਤੇ ਹਮਲਾ ਕਰਨ ਦੀ ਪੂਰੀ ਤਿਆਰੀ ਕਰ ਚੁੱਕੀ ਸੀ ਅਤੇ ਇਸ ਬਾਰੇ ਕਲਕੱਤਾ ਦੇ ਸਮਾਚਾਰ ਪੱਤਰਾਂ ਵਿੱਚ ਖੁੱਲੀ ਚਰਚਾ ਵੀ ਛਪਦੀ ਰਹੀ ਸੀ। ਉਨ੍ਹਾਂ ਨੇ ਇਸ ਹਮਲੇ ਦੀ ਅੰਤਿਮ ਤਾਰੀਕ ਨਵੰਬਰ 1845 ਤੋਂ ਪਿਛੋਂ ਦਾ ਸਮਾਂ ਵੀ ਮਿਥ ਲਿਆ ਸੀ।

11 ਫਰਵਰੀ, 1844 ਨੂੰ ਹੋਮ ਡਿਪਾਰਟਮੇਂਟ ਦੀ ਚਿੱਠੀ ਨੰਬਰ 12 ਜੋ ਵਿੱਚ ਲਾਰਡ ਐਲਨਬਰਾ ਨੇ ਇੰਗਲਿਸਤਾਨ ਦੀ ਸੀਕ੍ਰਟ ਕਮੇਟੀ ਨੂੰ ਲਿਖਿਆ [1*]"ਜਦ ਮੈਂ ਫ਼ੌਜ ਦੀ ਸਾਰੀ ਹਾਲਤ ਵੱਲ ਧਿਆਨ ਦਿੰਦਾ ਹਾਂ ਤਾਂ ਮੈਨੂੰ ਸਾਫ਼ ਮੰਨਣਾ ਪੈਂਦਾ ਹੈ ਕਿ ਜੇਕਰ (ਪੰਜਾਬ ਨਾਲ) ਟਾਕਰਾ ਹੋਰ ਪਿੱਛੇ ਨਹੀਂ ਪਾਇਆ ਜਾ ਸਕਦਾ ਤਾਂ ਮੈਂ ਘੱਟੋ-ਘੱਟ ਨਵੰਬਰ 1845 ਤੱਕ ਜ਼ਰੂਰ ਪਿਛੇ ਪਾਉਣਾ ਚਾਹੁੰਦਾ ਹਾਂ....... ਸਾਡੀ ਨੀਤੀ ਕੁਝ ਭੀ ਕਿਉਂ ਨਾ ਹੋਵੇ, ਟਾਕਰਾ ਅੰਤ ਹੋ ਕੇ ਰਹਿਣਾ ਹੈ। ਇਸ ਲਈ ਜੋ ਸਮਾਂ ਸਾਨੂੰ ਮਿਲ ਜਾਏ, ਉਸ ਵਿੱਚ ਚੁਪ-ਕਰੀਤੇ ਹੁਸ਼ਿਆਰੀ ਨਾਲ ਤਿਆਰੀ ਕਰੀ ਜਾਣੀ ਚਾਹੀਦੀ ਹੈ।"

ਪੰਜਾਬ ਦੇ ਇਤਿਹਾਸਕਾਰ ਮੁਹੰਮਦ ਲਤੀਫ਼ ਨੇ ਅੰਗਰੇਜ਼ਾਂ ਦੀ ਇਸ ਨੀਤੀ ਉੱਤੇ ਪੋਚਾ-ਪਾਚੀ ਪਾਉਣ ਦਾ ਯਤਨ ਕੀਤਾ ਹੈ ਕਿ ਲੜਾਈ ਦੀ ਪਹਿਲ ਅੰਗਰੇਜ਼ਾਂ ਵੱਲੋਂ ਨਹੀਂ ਸੀ ਹੋਈ। ਪਰ ਡਾ: ਗੰਡਾ ਸਿੰਘ ਪੰਜਾਬ ਉੱਤੇ

[1*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 65-66



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ਾਂ ਦਾ ਕਬਜ਼ਾ ਅਤੇ ਸ: ਖੁਸ਼ਵੰਤ ਸਿੰਘ ਸਿੱਖ ਇਤਿਹਾਸ ਵਿੱਚ ਇਸੇ ਮਤ ਨੂੰ ਦੁਹਰਾਉਂਦੇ ਹਨ ਕਿ ਅੰਗਰੇਜ਼ਾਂ ਦੀ ਨੀਤੀ ਪੰਜਾਬ ਰਾਜ ਵਿਰੁੱਧ ਜੰਗ ਛੇੜਨ ਅਤੇ ਚੜ੍ਹੋਖਤੀ ਜਾਂ ਪਹਿਲ ਕਰਨ ਬਾਰੇ ਕੋਈ ਗੁੱਝੀ ਛਿਪੀ ਨਹੀਂ ਸੀ ਰਹੀ। ਜਦੋਂ ਅੰਗਰੇਜ਼ੀ ਸਰਕਾਰ ਨੇ ਗਵਰਨਰ ਜਨਰਲ ਲਾਰਡ ਹਾਰਡਿੰਗ ਜੋ ਪ੍ਰਸਿੱਧ ਜੰਗੀ ਜਰਨੈਲ ਵੀ ਸੀ, ਨੂੰ ਇਸੇ ਮਨੋਰਥ ਲਈ ਗਵਰਨਰ ਜਨਰਲ ਬਣਾ ਕੇ ਭੇਜਿਆ ਸੀ। ਉਸਨੇ ਆਉਂਦਿਆਂ ਹੀ ਇਸ ਆਉਣ ਵਾਲੀ ਜੰਗ ਲਈ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਆਰੰਭ ਕਰਵਾ ਦਿੱਤੀ ਸੀ। ਉਹ ਆਪਣੀ ਗਿਣੀ-ਮਿੱਥੀ ਯੋਜਨਾ ਅਨੁਸਾਰ ਇਸੇ ਵੱਲ ਕਦਮ-ਬ-ਕਦਮ ਅੱਗੇ ਵੱਧ ਰਿਹਾ ਸੀ।

ਪਰ ਦੂਜੇ ਬੰਨ੍ਹੇ ਲਾਹੌਰ ਦਰਬਾਰ ਨੇ ਸਦਾ ਅੰਗਰੇਜ਼ਾਂ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸੁਲ੍ਹਾ ਸਫ਼ਾਈ ਦੀ ਨੀਤੀ ਨੂੰ ਜਾਰੀ ਰੱਖਿਆ ਅਤੇ ਇਸ ਗੱਲ ਦੀ ਦੂਰ-ਅੰਦੇਸ਼ੀ ਕਦੀ ਵੀ ਨਾ ਵਿਖਾਈ ਕਿ ਅੰਗਰੇਜ਼ਾਂ ਨੇ ਮੌਕਾ ਮਿਲਣ ਉੱਤੇ ਪੰਜਾਬ ਰਾਜ ਉੱਤੇ ਕਬਜ਼ਾ ਕਰਨ ਦੀ ਪੱਕੀ ਵਿਉਂਤ ਬਣਾਈ ਹੋਈ ਹੈ। ਸਗੋਂ ਸਮੇਂ-ਸਮੇਂ ਸਿਰ ਅੰਗਰੇਜ਼ੀ ਫ਼ੌਜਾਂ ਨੂੰ ਪੰਜਾਬ ਵਿੱਚੋਂ ਅਫ਼ਗਾਨਿਸਤਾਨ ਜਾਣ ਲਈ ਲਾਂਘਾ ਦਿੱਤਾ ਜਾਂਦਾ ਰਿਹਾ। ਇਸ ਦੇ ਉਲਟ ਅੰਗਰੇਜ਼ ਪੰਜਾਬ ਰਾਜ ਵਿੱਚ ਗੜਬੜੀ ਫੈਲਾਉਣ ਅਤੇ ਸਾਜ਼ਿਸ਼ਾਂ ਰਚਨ ਨੂੰ ਲੁਕਵੇਂ ਢੰਗ ਨਾਲ ਸਦਾ ਸ਼ਹਿ ਦਿੰਦੇ ਰਹੇ। 1845 ਵਿੱਚ ਅਜਿਹੇ ਹਾਲਾਤ ਪੈਦਾ ਹੋ ਗਏ, ਜਿਸ ਕਾਰਨ ਸਤਲੁਜ ਤੋਂ ਪਾਰ ਅੰਗਰੇਜ਼ੀ ਸਰਕਾਰ ਦੀਆਂ ਵਧੀਕੀਆਂ ਨੂੰ ਮੁੱਖ ਰਖ ਕੇ ਲਾਹੌਰ ਦਰਬਾਰ ਨੂੰ ਵੀ ਅੰਗਰੇਜ਼ਾਂ ਵਿਰੁੱਧ ਖ਼ਾਲਸਾ ਸੈਨਾ ਨੂੰ ਚੜ੍ਹਾਈ ਕਰਨ ਲਈ ਮਜ਼ਬੂਰ ਹੋਣਾ ਪਿਆ। ਇਸ ਦਾ ਸਭ ਤੋਂ ਨਵਾਂ ਕਾਰਨ ਤਾਂ ਮੇਜਰ ਬਰਾਡਫੁੱਟ ਅਤੇ ਨਿਕਲਸਨ ਦਾ ਪੰਜਾਬ ਦੇ ਅਧਿਕਾਰੀਆਂ ਤੇ ਵਿਸ਼ੇਸ਼ ਕਰਕੇ ਲਾਹੌਰ ਦਰਬਾਰ ਦੇ ਪ੍ਰਤੀਨਿਧ ਸ: ਲਾਲ ਸਿੰਘ ਅਦਾਲਤੀ ਨੂੰ ਸਤਲੁਜ ਦੇ ਪਾਰ ਦੇ ਆਪਣੇ ਹੀ ਇਲਾਕੇ ਵਿੱਚ ਜਾਣ ਤੋਂ ਰੋਕਣਾ ਸੀ। ਮੇਜਰ ਬਰਾਡਫੁੱਟ ਪੱਕਾ ਬਸਤੀਵਾਦੀ ਨੌਕਰਸ਼ਾਹ ਸੀ। ਪਹਿਲੀ ਗੋਲੀ ਇਸ ਸਮੇਂ ਹੀ ਅੰਗਰੇਜ਼ਾਂ ਵੱਲੋਂ ਚਲਾਈ ਗਈ ਸੀ।

[1*]"ਨਵੰਬਰ 1844 ਈਸਵੀ ਵਿੱਚ ਮੇਜਰ ਬਰਾਡਫੁੱਟ ਲੁਧਿਆਣਾ ਵਿਖੇ ਬ੍ਰਿਟਿਸ਼ ਏਜੰਟ ਨਿਯੁਕਤ ਹੋਇਆ। ਉਹ ਇੱਕ ਬੜਾ ਹੰਕਾਰੀ ਅਤੇ ਹੱਠੀ ਮਨੁੱਖ ਸੀ, ਜੋ ਸਿੱਖਾਂ ਪ੍ਰਤੀ ਘ੍ਰਿਣਾ ਦੀਆਂ ਭਾਵਨਾਵਾ ਰੱਖਦਾ ਸੀ। ਮਾਰਚ 1845 ਈ: ਵਿੱਚ ਜਦੋਂ ਲਾਹੌਰ ਸਰਕਾਰ ਦੇ ਲਾਲ ਸਿੰਘ ਅਦਾਲਤੀ ਨਾਮੀ ਕਰਮਚਾਰੀ ਨੇ ਆਪਣੇ ਪ੍ਰਸ਼ਾਸਨਿਕ ਕਰਤੱਵਾਂ ਦੀ ਪਾਲਣਾ ਲਈ ਇੱਕ ਘੋੜਸਵਾਰ ਸੈਨਿਕ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 130



Sri Satguru Jagjit Singh Ji Elibrary NamdhariElibrary@gmail.com

ਦਸਤੇ ਸਹਿਤ ਸਤਲੁਜ ਪਾਰ ਕਰਕੇ ਇਨ੍ਹਾਂ ਇਲਾਕਿਆਂ ਵਿੱਚ ਪ੍ਰਵੇਸ਼ ਕੀਤਾ ਤਾਂ ਬਰਾਡਫੁੱਟ ਨੇ ਉਸ ਨੂੰ ਤੁਰੰਤ ਵਾਪਸ ਮੁੜ ਜਾਣ ਲਈ ਮਜ਼ਬੂਰ ਕਰ ਦਿੱਤਾ। ਬਰਾਡਫੁੱਟ ਨੇ ਸੈਨਾ ਸਹਿਤ ਸਿੱਖਾਂ ਦਾ ਪਿਛਾ ਕੀਤਾ। ਇਸ ਝੜਪ ਵਿੱਚ ਇੱਕ ਸਿੱਖ ਸੈਨਿਕ ਮਾਰਿਆ ਗਿਆ। ਕਿਹਾ ਜਾਂਦਾ ਹੈ ਕਿ ਉਸ ਸਮੇਂ ਚਲਾਈ ਗਈ ਗੋਲੀ ਪਹਿਲੇ ਐਂਗਲੋ ਸਿੱਖ ਯੁੱਧ ਦੀ ਪਹਿਲੀ ਗੋਲੀ ਸੀ।"

ਦੂਜੇ ਪਾਸੇ ਹੁਣ ਲਾਹੌਰ ਦਰਬਾਰ ਕੋਲ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਕਿ ਉਹ ਅੰਗਰੇਜ਼ਾਂ ਵਿਰੁੱਧ ਜੰਗ ਦੀ ਤਿਆਰੀ ਕਰੇ। ਲਾਹੌਰ ਦਰਬਾਰ ਦਾ ਪ੍ਰਸ਼ਾਸਨ ਢਿੱਲਾ ਪੈ ਚੁੱਕਾ ਸੀ। ਫ਼ੌਜ ਦੇ ਪੰਚਾਂ ਦੇ ਹੱਥ ਵਿੱਚ ਹੀ ਸਾਰੀ ਸ਼ਕਤੀ ਕੇਂਦਰਿਤ ਹੋ ਗਈ ਸੀ। ਰਾਜ ਦਰਬਾਰ ਇਸ ਵੱਧ ਰਹੀ ਸੈਨਿਕ ਸ਼ਕਤੀ ਨੂੰ ਵੀ ਨੱਥ ਪਾਉਣਾ ਚਾਹੁੰਦਾ ਸੀ। ਦਰਬਾਰ ਕੋਲ ਫ਼ੌਜ ਦੀਆਂ ਤਲਬਾਂ ਤਾਰਨ ਲਈ ਵੀ ਖ਼ਜ਼ਾਨਾ ਖਾਲ੍ਹੀ ਹੋ ਚੁੱਕਾ ਸੀ। ਅਜਿਹੀ ਸਥਿਤੀ ਵਿੱਚ ਅੰਗਰੇਜ਼ਾਂ ਵੱਲੋਂ ਠੋਸੀ ਜਾ ਰਹੀ ਜੰਗ ਲਈ ਤਿਆਰੀ ਜ਼ਰੂਰੀ ਗੱਲ ਬਣ ਗਈ ਸੀ।

ਅਜਿਹੀ ਹਾਲਤ ਵਿੱਚ ਮਹਾਰਾਣੀ ਜਿੰਦਾਂ ਦੀ ਸਥਿਤੀ ਬੜੀ ਕਸੂਤੀ ਅਤੇ ਦੁਬਿਧਾਮਈ ਸੀ। ਮਮਤਾਵਸ ਉਹ ਨਾਬਾਲਗ ਮਹਾਰਾਜਾ ਦਲੀਪ ਸਿੰਘ ਦੀ ਰੱਖਿਆ ਲੋਚਦੀ ਸੀ ਅਤੇ ਵੱਧ ਚੁੱਕੀ ਖ਼ਾਲਸਾ ਸੈਨਾ ਦੀ ਸ਼ਕਤੀ ਨੂੰ ਵੀ ਘਟਾਉਣਾ ਚਾਹੁੰਦੀ ਜਾਂ ਉਨ੍ਹਾਂ ਦਾ ਧਿਆਨ ਅੰਗਰੇਜ਼ ਵਿਰੋਧੀ ਭਾਵਨਾ ਨਾਲ ਜੋੜਨਾ ਚਾਹੁੰਦੀ ਸੀ। ਇਨ੍ਹਾਂ ਹਾਲਤਾਂ ਨੂੰ ਮੁੱਖ ਰੱਖ ਕੇ ਹੁਣ ਲਾਹੌਰ ਦਰਬਾਰ ਵੱਲੋਂ ਵੀ ਅੰਗਰੇਜ਼ਾਂ ਵਿਰੁੱਧ ਨੇੜੇ ਭਵਿੱਖ ਵਿੱਚ ਹੋਣ ਵਾਲੇ ਯੁੱਧ ਲਈ ਤਿਆਰੀ ਕਰਨੀ ਜ਼ਰੂਰੀ ਹੋ ਗਈ ਸੀ।

3 ਨਵੰਬਰ, 1845 ਨੂੰ ਸ਼ਾਲਾਮਾਰ ਬਾਗ ਵਿੱਚ ਦਰਬਾਰ ਲਗਾਇਆ ਗਿਆ, ਜਿਸ ਵਿੱਚ ਦੀਵਾਨ ਦੀਨਾ ਨਾਥ ਨੇ ਉਨ੍ਹਾਂ ਸਾਰੇ ਕਾਰਨਾਂ ਬਾਰੇ ਵੇਰਵੇ ਦਿੱਤੇ, ਜੋ ਅੰਗਰੇਜ਼ਾਂ ਦੀਆਂ ਵਧੀਕੀਆਂ ਸੰਬੰਧੀ ਸਨ। ਇਸ ਦਰਬਾਰ ਵਿੱਚ ਹੀ ਇਹ ਨਿਰਣਾ ਲਿਆ ਗਿਆ ਕਿ ਅੰਗਰੇਜ਼ਾਂ ਵੱਲੋਂ ਜੰਗ ਸਾਡੇ ਉੱਤੇ ਠੋਸੀ ਜਾ ਰਹੀ ਹੈ। ਇਸ ਵਾਸਤੇ ਉਨ੍ਹਾਂ ਦੇ ਟਾਕਰੇ ਲਈ ਖ਼ਾਲਸਾ ਸੈਨਾ ਅਤੇ ਲਾਹੌਰ ਦਰਬਾਰ ਨੂੰ ਆਉਣ ਵਾਲੀ ਜੰਗ ਲਈ ਤਿਆਰ-ਬਰ-ਤਿਆਰ ਹੋ ਜਾਣਾ ਚਾਹੀਦਾ ਹੈ।

ਮਹਾਰਾਣੀ ਜਿੰਦਾਂ ਦੀ ਵੀ ਇਹੋ ਹੀ ਇੱਛਾ ਹੈ (ਪਰ ਕੌਣ ਜਾਣ ਸਕਦਾ ਹੈ ਕਿ ਉਸ ਦੀ ਮਨੋ ਸਥਿਤੀ ਉਸ ਸਮੇਂ ਇਸ ਲੋਕ ਅਖਾਣ ਵਰਗੀ ਸੀ :

ਸੱਪ ਦੇ ਮੂੰਹ ਕੋੜ੍ਹ ਕਿਰਲੀ
ਜੇਕਰ ਖਾਵੇ ਤਾਂ ਕੋੜ੍ਹੀ, ਜੇਕਰ ਥੁੱਕੇ ਤਾਂ ਕਲੰਕੀ

ਲਾਹੌਰ ਦਰਬਾਰ ਵੱਲੋਂ ਵੀ ਫ਼ੌਜੀ ਤਿਆਰੀਆਂ ਬੜੀ ਜ਼ੋਰ-ਸ਼ੋਰ ਨਾਲ



Sri Satguru Jagjit Singh Ji Elibrary NamdhariElibrary@gmail.com

ਸ਼ੁਰੂ ਹੋ ਗਈਆਂ। ਨਵੇਂ ਸ਼ਸਤਰ ਘੜੇ ਜਾਣ ਲੱਗੇ। ਤਲਵਾਰ ਅਤੇ ਬਰਛਿਆਂ ਨੂੰ ਨਵੇਂ ਸਿਰੋਂ ਸਿਕਲ ਕਰਵਾਇਆ ਗਿਆ। ਖ਼ਾਲਸਾ ਸੈਨਾ ਦਾ ਉਪਰਲੀ ਦ੍ਰਿਸ਼ਟੀ ਤੋਂ ਵੇਖਿਆਂ ਭਾਵੇਂ ਸ਼ੁਤਰ ਬੇਮੁਹਾਰ ਵਾਲਾ ਹਿਸਾਬ ਸੀ, ਪਰ ਫਿਰ ਵੀ ਖ਼ਾਲਸਾ ਸੈਨਾ ਦੇ ਸਿਪਾਹੀਆਂ ਵਿੱਚ ਖ਼ਾਲਸੇ ਦੇ ਅਜਿੱਤ ਹੋਣ ਦੀ ਭਾਵਨਾ ਮੌਜੂਦ ਸੀ ਅਤੇ ਖ਼ਾਲਸਾ ਫ਼ੌਜ ਦੇ ਬੇਸ਼ੁਮਾਰ ਸੈਨਿਕਾਂ ਵਿੱਚ ਦੇਸ਼ ਭਗਤੀ ਅਤੇ ਅੰਗਰੇਜ਼ਾਂ ਵਿਰੁੱਧ ਜ਼ਜਬਾ ਮੌਜੂਦ ਸੀ।

6 ਨਵੰਬਰ, 1845 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਉੱਤੇ ਖ਼ਾਲਸਾ ਸੈਨਾ ਅਤੇ ਲਾਹੌਰ ਦਰਬਾਰ ਦੇ ਕਰਤਿਆਂ ਧਰਤਿਆਂ ਦਾ ਵੱਡਾ ਇਕੱਠ ਕੀਤਾ ਗਿਆ। ਮਹਾਰਾਣੀ ਜਿੰਦਾਂ ਵੱਲੋਂ ਲਾਲ ਸਿੰਘ ਦੇ ਪ੍ਰਧਾਨ ਮੰਤਰੀ ਅਤੇ ਤੇਜ ਸਿੰਘ ਦੇ ਸੈਨਾਪਤੀ ਹੋਣ ਦਾ ਐਲਾਨ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਿਛੋਂ ਅਰਦਾਸਾ ਸੋਧ ਕੇ ਖ਼ਾਲਸਾ ਸੈਨਾ ਨੂੰ ਅੰਗਰੇਜ਼ਾਂ ਵਿਰੁੱਧ ਚੜ੍ਹਾਈ ਕਰਨ ਦਾ ਹੁਕਮ ਦਿੱਤਾ ਗਿਆ।

ਕਵੀ ਸ਼ਾਹ ਮੁਹੰਮਦ ਖ਼ਾਲਸਾ ਸੈਨਾ ਦੇ ਇਸ ਚੜ੍ਹਤ ਦਾ ਬਿਆਨ ਇਨ੍ਹਾਂ ਸ਼ਬਦਾਂ ਵਿੱਚ ਕਰਦਾ ਹੈ :

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ, ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜ਼ਮੂਰ-ਖ਼ਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।58।
ਸ਼ਾਮ ਸਿੰਘ ਸਰਦਾਰ ਨੇ ਕੂਚ ਕੀਤਾ,
ਜੱਲ੍ਹੇਵਾਲੀਏ ਬਣਤ ਬਣਾਂਵਦੇ ਨੀ।
ਆਏ ਹੋਰ ਪਹਾੜ ਦੇ ਸਭ ਰਾਜੇ,
ਜਿਹੜਾ ਤੇਗ਼ ਦੇ ਧਨੀ ਕਹਾਂਵਦੇ ਨੀ।
ਆਏ ਸਭ ਮਝੈਲ ਦੁਆਬੀਏ ਜੀ,
ਸੰਧਾਵਾਲੀਏ ਕਾਠੀਆਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮੰਟ,
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ।59।
ਮੰਜ਼ਹਰ ਅਲੀ ਤੇ ਮਾਘੇ ਖ਼ਾਂ ਕੂਚ ਕੀਤਾ,



Sri Satguru Jagjit Singh Ji Elibrary NamdhariElibrary@gmail com

ਤੋਪਾਂ ਸ਼ਹਿਰ ਥੀ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ,
ਤੋਪਾਂ ਨਾਲ ਇਮਾਮ-ਸ਼ਾਹ ਵਾਲੀਆਂ ਨੀ।
ਇਲਾਹੀ ਬਖ਼ਸ਼ ਪਟੋਲੀ ਲੇ ਮਾਂਜ ਕੇ ਜੀ,
ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਲਿਸ਼ਕ ਆਈਆਂ,
ਬਿਜਲੀ ਵਾਂਗ ਜੋ ਦੇਣ ਵਖਾਲੀਆਂ ਨੀ।60।
ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹੇ ਸੱਭੇ,
ਫ਼ੌਜਾਂ ਬੇਮੁਹਾਰੀਆਂ ਹੋਇ ਤੁਰੀਆਂ।
ਅੱਗੋ ਵਾਰ ਕੁਵਾਰ ਨਾ ਕਿਸੇ ਡਿੱਠਾ,
ਇੱਕ ਦੂਸਰੇ ਦੇ ਅੱਗੇ ਲੱਗ ਟੁਰੀਆਂ।
ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ,
ਵੰਗਾਂ ਪਹਿਨ ਖਲੋਤੀਆਂ ਨਹੀਂ ਕੁੜੀਆਂ।
ਸ਼ਾਹ ਮੁਹੰਮਦਾ ਵਰਜਦੇ ਜਾਂਦਿਆਂ ਨੂੰ,
ਫ਼ੌਜਾਂ ਹੋ ਮੁਹਾਣੀਆਂ ਕਦੋਂ ਮੁੜੀਆਂ।61।
ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸੇ,
ਸਭੇ ਗਭਰੂ ਨਾਲ ਹੰਕਾਰ ਤੁਰਦੇ।
ਉਠੇ ਦੋਹਾਂ ਦਰਿਆਵਾਂ ਤੇ ਨਹੀਂ ਅਟਕੇ,
ਪਤਨ ਲੰਘੇ ਨੀ ਜਾ ਫ਼ੀਰੋਜ਼ਪੁਰ ਦੇ।
ਅੱਗੋ ਛੇੜਿਆ ਨਹੀਂ ਫ਼ਰੰਗੀਆਂ ਨੇ,
ਦੁਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁਟੇ ਸੂਰਮੇ ਆਖ ਤੂੰ ਕਦੋਂ ਮੁੜਦੇ।

**ਗੁਰੂ ਰਾਮ ਸਿੰਘ ਜੀ ਨੂੰ ਫ਼ਤਹਿ ਦੀ ਅਰਦਾਸ ਕਰਨ ਲਈ ਸੈਨਿਕਾਂ ਵੱਲੋਂ ਬੇਨਤੀ ਕਰਨਾ**

ਇਸ ਸਮੇਂ ਗੁਰੂ ਰਾਮ ਸਿੰਘ ਜੀ ਆਪਣੇ ਪਿੰਡ ਭੈਣੀ ਵਿਖੇ ਛੁੱਟੀ ਆਏ ਹੋਏ ਸਨ। ਅੰਗਰੇਜ਼ਾਂ ਵਿਰੁੱਧ ਜੰਗ ਦਾ ਐਲਾਨ ਹੋਣ ਸਮੇਂ ਸਭ ਸੈਨਿਕਾਂ ਨੂੰ ਡਿਊਟੀ ਉੱਤੇ ਹਾਜ਼ਰ ਹੋਣ ਲਈ ਬੁਲਾ ਲਿਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਪੱਤਰ ਰਾਹੀਂ ਬੁਲਾਵਾ ਭੇਜਿਆ ਗਿਆ।

ਆਪ ਆਪਣੇ ਭਾਈ ਬੁੱਧ ਸਿੰਘ ਨਾਲ ਲਾਹੌਰ ਨੂੰ ਚੱਲ ਪਏ, ਜੋ ਰਸਤੇ ਵਿੱਚੋਂ ਉਨ੍ਹਾਂ ਦੇ ਕਹਿਣ ਅਨੁਸਾਰ ਵਾਪਸ ਮੁੜ ਗਏ ਸੀ। ਰਾਹ ਵਿੱਚ ਮੁਸਲਮਾਨਾਂ



Sri Satguru Jagjit Singh Ji Elibrary NamdhariElibrary@gmail.com

ਦੇ ਇੱਕ ਟੋਲੇ ਹੱਥੋਂ ਦੋਹਾਂ ਭਰਾਵਾਂ ਦੇ ਲੁੱਟੇ ਜਾਣ ਦਾ ਜ਼ਿਕਰ ਵੀ 'ਸਤਿਗੁਰੂ ਬਿਲਾਸ' ਦੇ ਕਰਤਾ ਨੇ ਕੀਤਾ ਹੈ। ਲਾਹੌਰ ਤੋਂ ਪਿੰਡ ਛੁੱਟੀ ਜਾਣ ਤੋਂ ਪਹਿਲਾਂ ਪੁਸਤਕ ਜੁਗ ਪਲਟਾਊ-ਸਤਿਗੁਰੂ ਦੇ ਕਰਤਾ ਅਨੁਸਾਰ ਆਪ ਇੱਕ ਵਾਰ ਮੁੜ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਹਜ਼ਰੋ ਗਏ ਸਨ।

ਲਾਹੌਰ ਵਿੱਚ ਜਿਹੜੀਆਂ ਘਟਨਾਵਾਂ ਵਾਪਰ ਰਹੀਆਂ ਸਨ ਅਤੇ ਜਿਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਦੇਸ਼ ਭਗਤੀ ਅਤੇ ਦੇਸ਼ ਪ੍ਰੇਮ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਦੇ ਹਿਰਦਿਆਂ ਨੂੰ ਝੰਜੋੜ ਦੇਣ ਵਾਲੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਵਰਗੇ ਸੰਵੇਦਨਸ਼ੀਲ ਵਿਅਕਤੀ ਅਤੇ ਤ੍ਰੈਕਾਲ ਦਰਸ਼ੀ ਲਈ ਇਹ ਭਵਿੱਖ ਦੇ ਵਾਪਰਨ ਵਾਲੇ ਕੌਮੀ ਦੁਖਾਂਤ ਦੀਆਂ ਸੂਚਕ ਵੀ ਸਨ। ਅਜਿਹੀ ਮਾਨਸਿਕ ਦਸ਼ਾ ਵਿੱਚ ਹੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਜਾਣਾ, ਉੱਚਿਤ ਹੀ ਪ੍ਰਤੀਤ ਹੁੰਦਾ ਹੈ।

ਛੁੱਟੀ ਕੱਟ ਕੇ ਜਦੋਂ ਗੁਰੂ ਰਾਮ ਸਿੰਘ ਆਪਣੀ ਰਜਮੈਂਟ ਵਿੱਚ ਆਏ ਤਾਂ ਜੰਗ ਦੀਆਂ ਤਿਆਰੀਆਂ ਹੋ ਰਹੀਆਂ ਸਨ। ਹਰ ਰਜਮੈਂਟ ਦੇ ਸੈਨਿਕਾਂ ਨੇ ਆਪਣੇ-ਆਪਣੇ ਡੇਰਿਆਂ ਵਿੱਚ ਲੜਾਈ ਵਿੱਚ ਜਾਣ ਤੋਂ ਪਹਿਲਾਂ ਅਰਦਾਸੇ ਸੋਧੇ। ਭਗਤਾਂ ਦੀ ਰਜਮੈਂਟ ਨੇ ਵੀ ਕੜਾਹ ਪ੍ਰਸਾਦਿ ਕਰਵਾ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਜੋ ਇੱਕ ਸ੍ਰੇਸ਼ਟ ਮਹਾਂਪੁਰਸ਼ ਅਤੇ ਸੰਤ ਭਗਤ ਵਜੋਂ ਜਾਣੇ ਅਤੇ ਸਤਿਕਾਰੇ ਜਾਂਦੇ ਸਨ, ਨੂੰ ਫ਼ਤਹਿ ਦਾ ਅਰਦਾਸਾ ਕਰਨ ਲਈ ਕਿਹਾ ਗਿਆ। ਆਪ ਕਈ ਵਾਰ ਇਹ ਬਚਨ ਉੱਚਾਰਦੇ ਸਨ : [1*]"ਹਾ, ਹਾ ਵੇ ਕਿਉਂ ਗਾਫਲ ਸੋਇਆ।"

[2*]"ਅਰਦਾਸਾ ਕਰਨ ਤੋਂ ਪਹਿਲੋਂ ਆਪ ਸੂਰਜ ਵੱਲ ਮੂੰਹ ਕਰਕੇ ਖੜ੍ਹੇ ਹੋ ਗਏ ਅਤੇ ਇੱਕ ਲੱਤ ਭਾਰ ਹੋ ਕੇ ਨਾਮ ਜਪਣਾ ਸ਼ੁਰੂ ਕਰ ਦਿੱਤਾ। ਕਾਫ਼ੀ ਦੇਰ ਇਸ ਤਰ੍ਹਾਂ ਖਲੋਤੇ ਰਹੇ ਅਤੇ ਇਕਦਮ ਹੀ ਧਰਤੀ ਪਰ ਪੁੱਠੇ ਡਿੱਗ ਪਏ। ਫੁਰਤੀ ਨਾਲ ਉੱਠ ਕੇ ਸਾਥੀਆਂ ਨੂੰ ਕਹਿਣ ਲੱਗੇ ਕਿ ਮੈਨੂੰ ਤਾਂ ਇਹੋ ਭਾਸਦਾ ਹੈ ਕਿ ਖ਼ਾਲਸੇ ਦੀ ਜਿੱਤ ਨਹੀਂ ਹੈ। ਆਪ ਜੀ ਦੀ ਰਜਮੈਂਟ ਨੇ ਲੜਾਈ ਵਿੱਚ ਸ਼ਾਮਲ ਹੋਣ ਲਈ ਹਰੀ ਕੇ ਪੱਤਣ ਤੇ ਆ ਡੇਰੇ ਲਾਏ। ਇੱਥੇ ਭੀ ਆਪ ਨੇ ਇਹ ਕਿਹਾ ਕਿ ਸਿੱਖਾਂ ਦੇ ਭਾਗਾਂ ਵਿੱਚ ਹਾਰ ਹੈ, ਕਿਉਂ ਅਜਾਈਂ ਮਰਨ ਲੱਗੇ ਹੋ, ਤੁਹਾਨੂੰ ਆਗੂ ਮੌਤ ਦੇ ਮੂੰਹ ਵਿੱਚ ਧੱਕ ਰਹੇ ਹਨ। ਤੁਹਾਡੇ ਨਾਲ ਬੁਰੀ ਹੋਵੇਗੀ, ਇਹ ਕਹਿ ਕੇ ਆਪਣੀ ਬੰਦੂਕ ਦਰਯਾ ਵਿੱਚ ਸੁੱਟ ਦਿੱਤੀ ਅਤੇ ਪਾਰ ਨ ਲੰਘੇ।"

---

[1*] ਸੰਤ ਨਿਧਾਨ ਸਿੰਘ ਆਲਿਮ, ਸ਼ਾਹ ਜੁਗ ਪਲਟਾਊ ਸਤਿਗੁਰੂ, ਪੰਨਾ 28

[2*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 98



Sri Satguru Jagjit Singh Ji Elibrary NamdhariElibrary@gmail.com

ਪੁਸਤਕ 'ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ' ਦੇ ਕਰਤਾ ਡਾ: ਗੰਡਾ ਸਿੰਘ ਨੇ ਥਾਂ-ਪਰ-ਥਾਂ ਇਹ ਹਵਾਲੇ ਦਿੱਤੇ ਹਨ ਕਿ ਕਿਵੇਂ ਲਾਲ ਸਿੰਘ ਅਤੇ ਤੇਜ ਸਿੰਘ ਅਤੇ ਡੋਗਰਾ ਗੁਲਾਬ ਸਿੰਘ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਅੰਗਰੇਜ਼ਾਂ ਨਾਲ ਗੁਪਤ ਢੰਗ ਨਾਲ ਰਲ ਚੁੱਕੇ ਸਨ ਅਤੇ ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਖ਼ਾਲਸਾ ਸੈਨਾ ਦੀ ਯੁੱਧ ਨੀਤੀ ਘੜ ਰਹੇ ਸਨ।

ਖ਼ਾਲਸਾ ਦਰਬਾਰ ਦੇ ਇਨ੍ਹਾਂ ਉੱਚ ਅਧਿਕਾਰੀਆਂ ਦੀ ਕੁਚਾਲਾਂ ਅਤੇ ਗੁਪਤ ਸਾਜ਼ਿਸ਼ਾਂ ਤੋਂ ਇਸ ਜੰਗ ਦੇ ਨਤੀਜੇ ਬਾਰੇ ਅਨੁਮਾਨ ਲਗਾਉਣਾ ਕੋਈ ਬਹੁਤਾ ਕਠਿਨ ਨਹੀਂ ਸੀ। ਅਜਿਹੀ ਪਰਸਥਿਤੀ ਨੂੰ ਮੁੱਖ ਰੱਖ ਕੇ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਜੰਗ ਵਿੱਚ ਸ਼ਾਮਿਲ ਨਾ ਹੋਣ ਦਾ ਫ਼ੈਸਲਾ ਕਰਨਾ ਪਿਆ ਸੀ, ਕਿਉਂ ਜੋ ਉਨ੍ਹਾਂ ਦੇ ਸਨਮੁੱਖ ਨਿਕਟ ਭਵਿੱਖ ਨਾਲੋਂ ਦੂਰ ਦੇ ਭਵਿੱਖ ਦੀ ਚਿੰਤਾ ਵਧੇਰੇ ਸੀ।

**ਅੰਗਰੇਜ਼ਾਂ ਅਤੇ ਸਿੰਘਾਂ ਦੀ ਪਹਿਲੀ ਲੜਾਈ ਦੇ ਪ੍ਰਮੁੱਖ ਸਮਾਚਾਰ**

13 ਦਸੰਬਰ, 1845 ਨੂੰ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਲਾਹੌਰ ਦਰਬਾਰ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ, ਜਿਸ ਵਿੱਚ ਅੰਗਰੇਜ਼ਾਂ ਨੂੰ ਨਿਰਦੋਸ਼ ਦੱਸਿਆ ਗਿਆ ਅਤੇ ਲਾਹੌਰ ਦਰਬਾਰ ਦੀਆਂ ਵਧੀਕੀਆਂ ਦੇ ਝੂਠੇ ਵੇਰਵੇ ਦਿੱਤੇ ਗਏ। ਪਰ ਡਾ: ਗੰਡਾ ਸਿੰਘ ਅਨੁਸਾਰ 11 ਦਸੰਬਰ, 1845 ਤੱਕ ਇਕ ਸਿਪਾਹੀ ਵੀ ਸਤਲੁਜੋਂ ਪਾਰ ਨਹੀਂ ਸੀ ਹੋਇਆ ਅਤੇ ਖ਼ਾਲਸਾ ਸੈਨਾ ਨੇ ਸਤਲੁਜ ਤੋਂ ਪਾਰ ਆਪਣੇ ਹੀ ਇਲਾਕੇ ਵਿੱਚ ਡੇਰਾ ਲਾਇਆ ਸੀ। ਮੇਜਰ ਨਿਕਲਸਨ ਦੇ ਇਸ਼ਾਰੇ ਉੱਤੇ ਲਾਲ ਸਿੰਘ ਨੇ ਫਿਰੋਜ਼ਪੁਰ ਉੱਤੇ ਹੱਲਾ ਨਾ ਕਰਨ ਦਿੱਤਾ, ਸਗੋਂ ਲਾਰਡ ਹਾਰਡਿੰਗ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ। ਡਾ: ਗੰਡਾ ਸਿੰਘ ਦਾ ਵਿਚਾਰ ਹੈ ਕਿ ਫਿਰੋਜ਼ਪੁਰ ਉੱਤੇ ਲਾਲ ਸਿੰਘ ਨੇ ਨਿਕਲਸਨ ਦੇ ਕਹਿਣ ਤੇ ਹੱਲਾ ਨਹੀਂ ਕੀਤਾ, ਨਹੀਂ ਤਾਂ ਲੜਾਈ ਦਾ ਪਾਸਾ ਹੀ ਪਲਟ ਜਾਂਦਾ। ਸਿੰਘਾਂ ਅਤੇ ਅੰਗਰੇਜ਼ਾਂ ਦੀ ਇਸ ਪਹਿਲੀ ਜੰਗ ਵਿੱਚ ਜਿਨ੍ਹਾਂ ਮੋਰਚਿਆਂ ਉੱਤੇ ਲੜਾਈਆਂ ਹੋਈਆਂ, ਉਨ੍ਹਾਂ ਦਾ ਕ੍ਰਮਵਾਰ ਵੇਰਵਾ ਇਸ ਪ੍ਰਕਾਰ ਹੈ :

(ੳ) ਮੁਦਕੀ : 18 ਦਸੰਬਰ, 1845
(ਅ) ਫੇਰੂ ਸ਼ਹਿਰ : 21 ਦਸੰਬਰ, 1845
(ੲ) ਬੱਦੋਵਾਲ : 21 ਜਨਵਰੀ, 1846
(ਸ) ਅਲੀਵਾਲ : 28 ਜਨਵਰੀ, 1846
(ਹ) ਸਭਰਾਉਂ : 10 ਫਰਵਰੀ, 1846

**ਮੁਦਕੀ ਦੀ ਜੰਗ :** 18 ਦਸੰਬਰ, 1845 ਨੂੰ ਅੰਗਰੇਜ਼ਾਂ ਅਤੇ ਖ਼ਾਲਸਾ ਸੈਨਾ ਵਿੱਚ ਪਹਿਲੀ ਲੜਾਈ ਮੁਦਕੀ ਦੇ ਸਥਾਨ 'ਤੇ ਹੋਈ। ਇਸ ਵਿੱਚ ਗਵਰਨਰ



Sri Satguru Jagjit Singh Ji Elibrary NamdhariElibrary@gmail.com

ਜਨਰਲ ਲਾਰਡ ਹਾਰਡਿੰਗ ਵੀ ਸ਼ਾਮਲ ਸੀ। ਭਾਵੇਂ ਲਾਲ ਸਿੰਘ ਨੇ ਖ਼ਾਲਸਾ ਸੈਨਾ ਨੂੰ ਅੱਡ-ਅੱਡ ਥਾਵਾਂ ਤੇ ਖਿਲਾਰ ਦਿੱਤਾ ਸੀ ਅਤੇ ਖ਼ਾਲਸਾ ਸੈਨਾ ਦੇ 3500 ਘੋੜ ਸਵਾਰ, 2000 ਪੈਦਲ ਸੈਨਿਕ ਅਤੇ ਕੇਵਲ 20 ਤੋਪਾਂ ਇਸ ਲੜਾਈ ਵਿੱਚ ਸ਼ਾਮਿਲ ਹੋਈਆਂ ਸਨ। ਦੂਜੇ ਬੰਨ੍ਹੇ ਅੰਗਰੇਜ਼ੀ ਫ਼ੌਜ ਦੀ ਨਫਰੀ 12,000 ਸੈਨਿਕ, 48 ਤੋਪਾਂ ਅਤੇ ਘੋੜ ਸਵਾਰ ਤੋਪਖਾਨਾ ਦੇ 4 ਦਸਤੇ ਆਦਿ ਸਨ। ਅੰਗਰੇਜ਼ੀ ਸੈਨਾ ਨਾਲੋਂ ਖ਼ਾਲਸਾ ਸੈਨਾ ਦੀ ਗਿਣਤੀ ਭਾਵੇਂ ਥੋੜ੍ਹੀ ਸੀ, ਫਿਰ ਵੀ ਸਿੰਘਾਂ ਨੇ ਇਸ ਬਹਾਦਰੀ ਨਾਲ ਇਸ ਲੜਾਈ ਵਿੱਚ ਅੰਗਰੇਜ਼ੀ ਸੈਨਾ ਦਾ ਟਾਕਰਾ ਕੀਤਾ। ਉਸ ਤੋਂ ਉਨ੍ਹਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਉਨ੍ਹਾਂ ਦਾ ਮੁਕਾਬਲਾ ਕਿਸ ਜੰਗਜੂ ਅਤੇ ਤਜ਼ਰਬੇਕਾਰ ਸੈਨਾ ਨਾਲ ਹੈ। ਇਸ ਜੰਗ ਵਿੱਚ ਸਿੰਘਾਂ ਨੇ ਤਲਵਾਰ ਦੀ ਹੱਥੋਂ ਹੱਥ ਦੀ ਲੜਾਈ ਵਿੱਚ ਅੰਗਰੇਜ਼ੀ ਸੈਨਾ ਦਾ ਬਹੁਤ ਨੁਕਸਾਨ ਕੀਤਾ ਸੀ। ਉਨ੍ਹਾਂ ਦੇ 215 ਸੈਨਿਕ ਮਾਰੇ ਗਏ, ਜਿਨ੍ਹਾਂ ਵਿੱਚੋਂ ਉਨ੍ਹਾਂ ਦੇਂ ਉੱਚ ਕੋਟੀ ਦੇ ਅਫ਼ਸਰ ਮੇਜਰ ਜਨਰਲ ਸਰ ਰਾਬਰਟ ਸੇਲ ਅਤੇ ਮੇਜਰ ਜਨਰਲ ਸਰ ਜਹਾਨ ਮਕਾਰਥਰ ਵੀ ਸ਼ਾਮਿਲ ਸਨ ਅਤੇ 657 ਸੈਨਿਕ ਫੱਟੜ ਹੋਏ ਸਨ। ਪਰ ਦੂਜੇ ਬੰਨ੍ਹੇ ਖ਼ਾਲਸਾ ਸੈਨਾ ਦੇ ਸ਼ਹੀਦ ਹੋਏ ਅਤੇ ਫੱਟੜਾਂ ਦੀ ਗਿਣਤੀ ਦੇ ਵੇਰਵੇ ਨਹੀਂ ਮਿਲਦੇ। ਇਸੇ ਜੰਗ ਵਿੱਚ ਸ: ਕਾਬਲ ਸਿੰਘ ਜੋ ਤੋਪਖਾਨੇ ਦਾ ਅਫ਼ਸਰ ਸੀ ਅਤੇ ਜਿਸ ਬਾਰੇ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਭਵਿੱਖਬਾਣੀ ਕੀਤੀ ਸੀ। ਜਦੋਂ ਉਨ੍ਹਾਂ ਨੂੰ ਲਾਹੌਰ ਵਿਖੇ ਤੋਪ ਨਾਲ ਬੰਨ੍ਹ ਦਿੱਤਾ ਗਿਆ ਸੀ ਕਿ [1*]"ਤੂੰ ਵੀ ਤੋਪਾਂ ਨਾਲ ਹੀ ਮਰੇਗਾਂ।" ਨਾਮਧਾਰੀ ਇਤਿਹਾਸਕਾਰਾਂ ਨੇ ਇਸ ਗੱਲ ਦਾ ਵਰਣਨ ਵਿਸ਼ੇਸ਼ ਤੌਰ ਤੇ ਕੀਤਾ ਹੈ ਕਿ ਕਾਬਲ ਸਿੰਘ ਮੁਦਕੀ ਦੀ ਲੜਾਈ ਵਿੱਚ ਮਾਰਿਆ ਗਿਆ ਸੀ। ਇਸ ਲੜਾਈ ਵਿੱਚੋਂ ਸ: ਲਾਲ ਸਿੰਘ ਪਹਿਲਾਂ ਹੀ ਪਿਛੇ ਨੂੰ ਭੱਜ ਗਿਆ ਸੀ, ਫਿਰ ਵੀ ਖ਼ਾਲਸਾ ਸੈਨਾ ਨੇ ਆਪਣੇ ਕਮਾਂਡਰ ਦੀ ਅਣਹੋਂਦ ਵਿੱਚ ਜੰਗ ਨੂੰ ਜਾਰੀ ਰੱਖਿਆ ਅਤੇ ਭੱਜਣ ਨਾਲੋਂ ਜੰਗ ਵਿੱਚ ਸ਼ਹੀਦ ਹੋਣ ਨੂੰ ਚੰਗਾ ਸਮਝਿਆ।

ਜਿਥੇ ਲਾਲ ਸਿੰਘ ਰਣਤੱਤੇ ਵਿੱਚੋਂ ਪਿਛੇ ਭੱਜ ਗਿਆ ਸੀ, ਉੱਥੇ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਆਪਣੇ ਕਮਾਂਡਰ-ਇਨ-ਚੀਫ ਸਰ ਹਿਊਗਫ ਦੇ ਅਧੀਨ ਲੜਨਾ ਪ੍ਰਵਾਨ ਕੀਤਾ। [2*]ਸ: ਖੁਸ਼ਵੰਤ ਸਿੰਘ ਅਨੁਸਾਰ "ਮੁਦਕੀ ਦੀ ਜੰਗ ਦੀ ਕਾਰਵਾਈ ਭਾਵੇਂ ਸੈਨਿਕ ਦ੍ਰਿਸ਼ਟੀ ਤੋਂ ਬਹੁਤੀ ਮਹੱਤਤਾ ਵਾਲੀ ਨਹੀਂ ਸੀ, ਫਿਰ ਵੀ ਇਸ ਮੁਠਭੇੜ ਨੇ ਅੰਗਰੇਜ਼ਾਂ ਨੂੰ ਇਹ ਅਨੁਭਵ ਕਰਵਾ ਦਿੱਤਾ ਕਿ ਪੰਜਾਬੀ ਸਿਪਾਹੀਆਂ ਵਿੱਚ ਯੁੱਧ ਕਰਨ ਦੀ ਕਿੰਨੀ ਵੱਡੀ

[1*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 99

[2*] ਖੁਸ਼ਵੰਤ ਸਿੰਘ, ਦ ਹਿਸਟਰੀ ਆਫ ਦ ਸਿੱਖਸ, ਜਿਲਦ ਦੂਜੀ, ਪੰਨਾ 48



Sri Satguru Jagjit Singh Ji Elibrary NamdhariElibrary@gmail.com

ਸਮਰੱਥਾ ਅਤੇ ਯੋਗਤਾ ਮੌਜੂਦ ਹੈ।" ਅਤੇ ਉਨ੍ਹਾਂ ਦਾ ਕਿਸ ਸ਼ਤਰੂ ਨਾਲ ਵਾਹ ਪਿਆ ਹੈ। ਅਜਿਹਾ ਵਿਚਾਰ ਹੀ ਪ੍ਰਸਿੱਧ ਇਤਿਹਾਸਕਾਰ ਮੁਹੰਮਦ ਲਤੀਫ਼ ਨੇ ਪ੍ਰਗਟਾਇਆ ਹੈ :

"ਅੰਗਰੇਜ਼ਾਂ ਨੂੰ ਇਹ ਜਿੱਤ ਬੜੀ ਮਹਿੰਗੀ ਪਈ ਅਤੇ ਇਸ ਲੜਾਈ ਨੇ ਅੰਗਰੇਜ਼ਾਂ ਨੂੰ ਦੱਸ ਦਿੱਤਾ ਕਿ ਉਸ ਦੇ ਵੈਰੀ ਕਿਸ ਮਿੱਟੀ ਦੇ ਘੜੇ ਹੋਏ ਹਨ।"

1*ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖ਼ਾਲਸਾ ਦੇ ਕਰਤਾ ਅਨੁਸਾਰ ਰਾਜਾ ਲਾਲ ਸਿੰਘ (ਜਿਸਨੇ ਫ਼ੌਜ ਦੀ ਹੌਸਲਾ ਅਫ਼ਜਾਈ ਕਰਨੀ ਸੀ), ਗਿੱਦੜਾਂ ਵਾਂਗ ਨੱਸ ਕੇ ਸਤਲੁਜ ਪਾਰ ਦੇ ਜੰਗਲ ਵਿੱਚ ਅਜਿਹੀ ਥਾਂ ਤੇ ਲੁੱਕ ਜੇ ਜਾ ਬੈਠਾ, ਜਿੱਥੇ ਉਹਨੂੰ ਕੋਈ ਵੇਖ ਨਾ ਸਕੇ, ਦੂਜੇ ਦਿਨ ਸੰਧਯਾ ਵੇਲੇ ਕੈਂਪ ਵਿੱਚ ਆਇਆ। ਇਸੇ ਤਰ੍ਹਾਂ ਅਮਰਨਾਥ ਆਦਿ ਨੱਠੇ ਹੋਏ ਤੀਜੇ ਦਿਨ ਆਏ। ਜਰਨੈਲ ਮਹਿਤਾਬ ਸਿੰਘ, ਬੁੱਧ ਸਿੰਘ ਅਤੇ ਸੁਚੇਤ ਸਿੰਘ ਆਦਿਕ ਅਫ਼ਸਰਾਂ ਨੇ ਫ਼ੌਜ ਨੂੰ ਸੰਭਾਲਿਆ ਅਤੇ ਹੌਸਲਾ ਦਿੱਤਾ।"

2*ਮੁਹੰਮਦ ਲਤੀਫ਼ ਇਸ ਜੰਗ ਦਾ ਵਰਣਨ ਕਰਦਾ ਹੋਇਆ ਇੱਕ ਹੋਰ ਦਿਲਚਸਪ ਘਟਨਾ ਨੂੰ ਬਿਆਨਦਾ ਹੋਇਆ ਲਿਖਦਾ ਹੈ :

"ਜਿੰਨਾ ਚਿਰ ਲੜਾਈ ਹੁੰਦੀ ਰਹੀ, ਸਿੱਖਾਂ ਨੇ ਆਪਣੀਆਂ ਫ਼ੌਜਾਂ ਨੂੰ ਜੋਸ਼ ਦਿਵਾਉਣ ਲਈ ਨਗਾਰੇ ਵਜਾਉਣੇ ਜਾਰੀ ਰਖੇ। ਉਨ੍ਹਾਂ ਨੇ ਕੈਪਟਨ ਵਿਡੂਲਫ ਨੂੰ ਫੜ ਕੇ ਹੱਥਕੜੀਆਂ ਲਾ ਦਿੱਤੀਆਂ। ਜਦ ਅੰਗਰੇਜ਼ਾਂ ਦੀ ਲੜਾਈ ਵਿੱਚ ਜਿੱਤ ਹੋਈ ਤਦ ਉਸ ਨੂੰ ਵਾਪਸ ਮੋੜ ਦਿੱਤਾ। ਕੈਪਟਨ ਨੂੰ ਲੰਮੀ ਲਾਲ ਪੁਸ਼ਾਕ ਪਹਿਨਾ ਦਿੱਤੀ ਸੀ। ਇਹ ਪੁਸ਼ਾਕ ਸਿੱਖਾਂ ਨੇ ਉਸ ਨੂੰ ਉਸਦੇ ਪਹਿਲੇ ਕੱਪੜੇ ਲੁਹਾ ਕੇ ਉਸਦਾ ਮੌਜੂ ਉਡਾਉਣ ਲਈ ਪਵਾਈ ਸੀ। ਕੈਪਟਨ ਬਿਡੂਲਫ ਨੇ ਵਾਪਸ ਆ ਕੇ ਸਿੱਖਾਂ ਦੀ ਮੰਦੀ ਦਸ਼ਾ ਉਨ੍ਹਾਂ ਦੀਆਂ ਤੋਪਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਫ਼ੌਜੀ ਦਾਰੂ ਸਿੱਕੇ ਬਾਰੇ ਲੋੜੀਂਦੀ ਇਤਲਾਹ ਦਿੱਤੀ।"

ਇੱਕ ਹੋਰ ਕਰਮਚਾਰੀ ਜੋ ਇਸ ਜੰਗ ਵਿੱਚ ਲੜਿਆ ਸੀ ਨੇ ਅੱਖੀਂ ਡਿੱਠਾ ਦ੍ਰਿਸ਼ ਇਸ ਤਰ੍ਹਾਂ ਬਿਆਨ ਕੀਤਾ ਹੈ :

"ਹੁਣ ਸੰਧਿਆ ਦਾ ਹਨੇਰਾ ਪਸਰ ਰਿਹਾ ਸੀ ਅਤੇ ਇਸ ਤਰ੍ਹਾਂ ਜਾਪਦਾ ਸੀ ਕਿ ਵੈਰੀ ਪਿਛਾਂਹ ਹਟਦਾ ਜਾ ਰਿਹਾ ਹੈ। ਜਿਸ ਰਸਤੇ ਅਸੀਂ ਅੱਗੇ ਵਧੇ ਉੱਥੇ ਸਾਡੇ ਪੈਰਾਂ ਥੱਲੇ ਮਰਦਾਂ, ਘੋੜਿਆਂ ਅਤੇ ਊਠਾਂ ਦੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ। ਕੁਝ ਸਿਸਕਦੀਆਂ ਅਤੇ ਬਾਕੀ ਦੀਆਂ ਮੁਰਦਾਂ ਸਨ। ਫੱਟੜ ਹੋਏ ਲੋਕ ਕਸ਼ਟ ਨਾਲ ਕੁਰਲਾ ਰਹੇ ਅਤੇ ਸਹਾਇਤਾ ਲਈ ਲਿਲਕੜੀਆਂ ਲੈ ਰਹੇ ਸਨ।"

1* ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਦੂਜਾ, ਪੰਨਾ 454

2* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 477



Sri Satguru Jagjit Singh Ji Elibrary NamdhariElibrary@gmail.com

**ਫੇਰੂ ਸ਼ਹਿਰ ਦੀ ਲੜਾਈ (21 ਦਸੰਬਰ 1845)**

ਇਹ ਲੜਾਈ ਬੜੀ ਘਮਸਾਨ ਦੀ ਜੰਗ ਸੀ। ਮੁਦਕੀ ਵਿਚ ਖਾਲਸਾ ਸੈਨਾ ਦੀ ਯੁੱਧ ਕਲਾ ਅਤੇ ਬੀਰਤਾ ਨੂੰ ਵੇਖ ਕੇ ਅੰਗਰੇਜ਼ ਸੈਨਾ ਦਾ ਉਨਾ ਚਿਰ ਹੌਸਲਾ ਨਾ ਪਿਆ ਜਿਨ੍ਹਾਂ ਚਿਰ ਤੱਕ ਫਿਰੋਜ਼ਪੁਰ ਤੋਂ ਸਰ ਜਾਨ ਲਿਟਲਰ ਦੀ ਅਗਵਾਈ ਵਿਚ 5000 ਸੈਨਿਕ ਤੇ 21 ਤੋਪਾਂ ਨਾ ਪਹੁੰਚ ਗਈਆਂ। 21 ਦਸੰਬਰ 1845 ਨੂੰ ਸ਼ਾਮ ਵੇਲੇ ਦੋਹਾਂ ਦਲਾਂ ਵਿਚ ਬੜਾ ਭਿਅੰਕਰ ਯੁੱਧ ਹੋਇਆ ਅਤੇ ਦੋਹਾਂ ਧਿਰਾਂ ਦੇ ਬਹੁਤ ਸਾਰੇ ਸੈਨਿਕ ਮਾਰੇ ਗਏ। ਰਾਤ ਦੇ ਹਨੇਰੇ ਵਿਚ ਅੰਗਰੇਜ਼ ਸੈਨਾ ਦੇ ਕੁਝ ਸੈਨਿਕ ਤਾਂ ਸਿੰਘਾਂ ਦੇ ਮੋਰਚਿਆਂ ਵਿਚਕਾਰ ਫਸ ਗਏ। ਇਸ ਲੜਾਈ ਵਿਚ ਲਾਰਡ ਹਾਰਡਿੰਗ ਨੇ ਫਿਰ ਆਪਣੀ ਦ੍ਰਿੜਤਾ ਤੇ ਕੌਮਪ੍ਰਸਤੀ ਦਾ ਸਬੂਤ ਦਿੱਤਾ। ਉਸ ਨੇ ਆਪਣੇ ਪੁੱਤਰ ਚਾਰਲਸ ਹਾਰਡਿੰਗ ਨੂੰ ਬੁਲਾ ਕੇ ਉਸ ਕੋਲ ਆਪਣੇ ਜਿੱਤੇ ਹੋਏ ਤਮਗੇ ਤੇ ਤਲਵਾਰ ਹਵਾਲੇ ਕਰ ਦਿੱਤੇ ਅਤੇ ਪ੍ਰਣ ਕੀਤਾ ਕਿ ਉਹ ਇਸ ਯੁੱਧ ਨੂੰ ਜਿੱਤ ਕੇ ਹੀ ਪਰਤੇਗਾ ਨਹੀਂ ਤਾਂ ਇੱਥੇ ਹੀ ਲੜਦਾ ਹੋਇਆ ਆਪਣੀ ਕੌਮ ਲਈ ਜਾਨ ਵਾਰ ਦੇਵੇਗਾ। ਪਰ ਦੂਜੇ ਬੰਨ੍ਹੇ ਖਾਲਸਾ ਸੈਨਿਕਾਂ ਦੇ ਕਮਾਂਡਰ ਲਾਲ ਸਿੰਘ ਦਾ ਇਹ ਹਾਲ ਸੀ ਕਿ [1*]"ਪਹਿਲਾਂ ਤਾਂ ਲੜਾਈ ਹੁੰਦੇ ਦੋ ਘੰਟੇ ਸ਼ਹਿਰ ਦੀ ਖਾਈ ਵਿਚ ਲੁਕਿਆ ਰਿਹਾ ਅਤੇ ਹਨ੍ਹੇਰਾ ਹੋਣ ਸਾਰ ਉਥੋਂ ਨੱਠ ਭੁਰਿਆ ਤੇ ਅੰਮ੍ਰਿਤਸਰ ਜਾ ਦਮ ਲਿਆ।"

[2*]ਲਾਰਡ ਹਾਰਡਿੰਗ ਦੇ ਕਥਨ ਅਨੁਸਾਰ ਇਹ ਰਾਤ ਉਸ ਲਈ ਬੜੀ ਕਸ਼ਟਾਂ ਭਰੀ ਸੀ। ਨਾ ਸਿਰ ਤੇ ਛੱਤ ਸੀ ਨਾ ਉਤੇ ਓਢਣ ਲਈ ਕੋਈ ਭਾਰਾ ਕਪੜਾ ਫਿਰ ਵੀ ਉਹ ਸਾਰੀ ਰਾਤ ਜਾਗੋ ਮੀਟੀ ਵਿਚ ਆਪਣੇ ਸੈਨਿਕਾਂ ਦੀ ਹੌਸਲਾ ਅਫਜਾਈ ਕਰਦਾ ਰਿਹਾ। ਇਸ ਰਾਤ ਨੂੰ ਅੰਗਰੇਜ਼ੀ ਸੈਨਾ ਇੰਨੀ ਥੱਕ ਟੁੱਟ ਕੇ ਨਿਢਾਲ ਹੋ ਗਈ ਸੀ ਕਿ ਇਕ ਵਾਰ ਤਾਂ ਉਨ੍ਹਾਂ ਦੇ ਅਫਸਰ ਪਿਛੇ ਹਟਣ ਦੀ ਵਿਉਂਤ ਬਣਾਉਣ ਲਈ ਸੋਚਣ ਲੱਗ ਪਏ ਸਨ। ਦੂਜੇ ਬੰਨ੍ਹੇ ਉਨ੍ਹਾਂ ਨੂੰ ਇਹ ਖਤਰਾ ਵੀ ਭਾਸਦਾ ਸੀ ਕਿ ਇਹ ਹਾਰ ਉਨ੍ਹਾਂ ਲਈ ਸਾਰੇ ਹਿੰਦੁਸਤਾਨ ਨੂੰ ਗੁਆ ਬਹਿਣ ਦੇ ਤੁਲ ਹੋ ਸਕਦੀ ਸੀ। ਖਾਲਸਾ ਸੈਨਾ ਨੇ ਭਾਵੇਂ ਡੱਟ ਕੇ ਮੁਕਾਬਲਾ ਕੀਤਾ ਸੀ ਪਰ ਆਗੂਆਂ ਦੇ ਭਗੌੜੇ ਹੋ ਜਾਣ ਕਾਰਨ ਉਨ੍ਹਾਂ ਦਾ ਮਨੋਬਲ ਵੀ ਢਿੱਲਾ ਪੈ ਗਿਆ ਸੀ। ਉਨ੍ਹਾਂ ਨੂੰ ਇਹ ਆਸ ਸੀ ਕਿ ਅਗਲੇ ਦਿਨ ਤੇਜ਼ ਸਿੰਘ ਦੀ ਅਗਵਾਈ ਵਿਚ ਨਵੀਂ ਸੈਨਾ ਉਨ੍ਹਾਂ ਦੀ ਸਹਾਇਤਾ ਲਈ ਪਹੁੰਚ ਜਾਵੇਗੀ। 22 ਦਸੰਬਰ ਨੂੰ ਸਵੇਰ ਵੇਲੇ ਤੇਜ ਸਿੰਘ 20,000 ਦੀ ਫੌਜ ਲੈ ਕੇ ਪਹੁੰਚ ਗਿਆ ਪਰ ਥੋੜ੍ਹੇ ਜਿਹੇ ਦਿਖਾਵੇ ਦੇ ਮੁਕਾਬਲੇ ਪਿਛੋਂ ਉਸ ਨੇ ਖਾਲਸਾ ਸੈਨਾ ਨੂੰ ਪਿਛੇ ਮੁੜਨ ਦਾ ਹੁਕਮ

[1*] ਸੀਤਾ ਰਾਮ ਕੋਹਲੀ, (ਵਾਰ ਸ਼ਾਹ ਮੁਹੰਮਦ-ਜੰਗ ਹਿੰਦ ਪੰਜਾਬ, ਪੰਨਾ 74),
[2*] ਪੰਜਾਬ ਚੀਫ਼ਸ , ਪੰਨਾ 358–359



Sri Satguru Jagjit Singh Ji Elibrary NamdhariElibrary@gmail.com

ਦੇ ਦਿੱਤਾ। ਦੋਹਾਂ ਜਰਨੈਲਾਂ ਦੀ ਗਦਾਰੀ ਕਾਰਨ ਇਹ ਜਿੱਤੀ ਹੋਈ ਜੰਗ ਸਿੰਘਾਂ ਦੀ ਹਾਰ ਵਿਚ ਬਦਲ ਗਈ।

ਜੇ ਸੈਨਿਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਕੇ ਵੇਖਿਆ ਜਾਵੇ ਤਾਂ ਖਾਲਸਾ ਸੈਨਾ ਸਦਾ ਆਕ੍ਰਮਕ ਯੁੱਧ ਨੀਤੀ ਨੂੰ ਹੀ ਅਪਨਾਉਂਦੀ ਰਹੀ ਹੈ ਪਰ ਮੁਦਕੀ ਅਤੇ ਫੇਰੂ ਸ਼ਹਿਰ ਦੋਹਾਂ ਮੋਰਚਿਆਂ ਉਤੇ ਅਤੇ ਪਿਛੋਂ ਸਭਰਾਉ ਦੀ ਜੰਗ ਵਿਚ ਵੀ ਉਨ੍ਹਾਂ ਨੇ ਬਚਾਓ ਦੀ ਨੀਤੀ ਤੋਂ ਹੀ ਯੁੱਧ ਕੀਤਾ। ਖਾਲਸਾ ਸੈਨਾ ਦੀਆਂ ਯੁੱਧ ਦੀ ਜੁਗਤੀ ਦੇ ਪੱਖ ਤੋਂ ਹੁਣ ਤੱਕ ਦੋ ਵੱਡੀਆਂ ਭੁੱਲਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਫਿਰੋਜ਼ਪੁਰ ਛਾਉਣੀ ਉਤੇ ਹੱਲਾ ਨਾ ਬੋਲਣਾ ਜਦੋਂ ਕਿ ਸਿੰਘਾਂ ਦੀ ਗਿਣਤੀ ਛਾਉਣੀ ਦੀ ਅੰਗਰੇਜ਼ੀ ਸੈਨਿਕਾਂ ਦੀ ਨਫ਼ਰੀ ਤੋਂ ਕਾਫੀ ਵਧੇਰੇ ਸੀ। ਦੂਜੇ ਜਦੋਂ ਅੰਗਰੇਜ਼ ਸੈਨਾ ਫੇਰੂ ਸ਼ਹਿਰ ਤੋਂ ਦੂਰ ਡੇਰੇ ਲਾ ਕੇ ਸਰ ਜਾਨ ਲਿਟਲਰ ਦੀ ਫੌਜ ਦੀ ਉਡੀਕ ਕਰ ਰਹੀ ਸੀ ਤਾਂ ਉਸ ਸਮੇਂ ਵੀ ਖਾਲਸਾ ਸੈਨਾ ਆਕ੍ਰਮਕ ਹੱਲਾ ਬੋਲ ਕੇ ਉਨ੍ਹਾਂ ਨੂੰ ਉਥੋਂ ਭਜਾਉਣ ਵਿਚ ਸਫਲ ਹੋ ਸਕਦੀ ਸੀ। ਪਿਛੋਂ ਜਾ ਕੇ ਸਿੰਘਾਂ ਨੇ ਬੱਦੋਵਾਲ ਦੇ ਸਥਾਨ ਤੇ ਜਦੋਂ ਅੰਗਰੇਜ਼ੀ ਸੈਨਾ ਉਤੇ ਹੱਲਾ ਬੋਲਿਆ ਤਾਂ ਉਸ ਮੋਰਚੇ ਵਿਚ ਖਾਲਸਾ ਸੈਨਾ ਦੀ ਜਿੱਤ ਹੋ ਗਈ ਸੀ। ਇਸ ਲੜਾਈ ਵਿਚ ਅੰਗਰੇਜ਼ ਸੈਨਾ ਦੇ 694 ਸੈਨਿਕ ਤੇ ਅਫਸਰ ਮਾਰੇ ਗਏ ਅਤੇ 1721 ਫੱਟੜ ਹੋਏ ਪਰ ਦੂਜੇ ਬੰਨ੍ਹੇ ਖਾਲਸਾ ਸੈਨਾ ਦੇ 8 ਹਜ਼ਾਰ ਸੈਨਿਕ ਸ਼ਹੀਦ ਹੋਏ ਤੇ 73 ਤੋਪਾਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲੀਆਂ ਗਈਆਂ। ਇਸ ਜਿੱਤੀ ਹੋਈ ਜੰਗ ਦੀ ਹਾਰ ਦਾ ਕਾਰਨ ਵੀ ਲਾਲ ਸਿੰਘ ਤੇ ਤੇਜ ਸਿੰਘ ਦੀ ਗਦਾਰੀ ਹੀ ਸੀ। [1*]"ਅੰਗਰੇਜ਼ ਇਤਿਹਾਸਕਾਰ ਆਪ ਇਸ ਦੇਸ਼ ਧਰੋਹੀ ਜਰਨੈਲ ਦੀ ਇਸ ਹਰਕਤ ਤੇ ਹੈਰਾਨ ਸਨ ਅਤੇ ਉਹ ਲਿਖਦੇ ਹਨ ਕਿ - ਇਕ ਵਜੇ ਡੋਰ-ਭਰੇ ਢੰਗ ਨਾਲ ਤੇਜ ਸਿੰਘ ਜੰਗ ਦੇ ਮੈਦਾਨ ਵਿਚੋਂ ਨੱਠ ਤੁਰਿਆ। ਜੇ ਤੇਜ ਸਿੰਘ ਟਾਕਰੇ ਲਈ ਠਹਿਰ ਜਾਂਦਾ ਤਾਂ ਨਿਰਸੰਦੇਹ ਜਿੱਤ ਖਾਲਸੇ ਦੀ ਹੁੰਦੀ। ਇਕ ਤਾਂ ਅੰਗਰੇਜ਼ੀ ਫੌਜ ਰਾਤ ਭਰ ਦੀ ਸਰਦੀ ਤੇ ਭੁੱਖ ਨਾਲ ਨਿਢਾਲ ਹੋਈ ਪਈ ਸੀ। ਦੂਜੇ ਉਨ੍ਹਾਂ ਕੋਲ ਗੋਲਾ ਬਾਰੂਦ ਵੀ ਮੁੱਕ ਚੁੱਕਾ ਸੀ, ਇਥੋਂ ਤੱਕ ਕਿ ਵੱਡੀਆਂ ਤੋਪਾਂ ਨੂੰ ਚਲਾਉਣ ਲਈ ਉਨ੍ਹਾਂ ਕੋਲ ਉਸ ਸਮੇਂ ਸੱਚਮੁਚ ਇਕ ਗੋਲਾ ਵੀ ਬਾਕੀ ਨਹੀਂ ਸੀ ਰਿਹਾ।

[2*]'ਹਿੰਦੁਸਤਾਨ ਵਿਚ ਲੜੀਆਂ ਗਈਆਂ ਛੇ ਜੰਗਾਂ' :(Six Battles for India)' ਦਾ ਕਰਤਾ ਜਾਰਜ ਬਰੂਸ (George Bruce) ਫੇਰੂ ਸ਼ਹਿਰ ਦੀ ਜੰਗ ਬਾਰੇ ਲਿਖਦਾ ਹੈ :- "ਅੰਗਰੇਜ਼ਾਂ ਨੇ ਸਿਖਾਂ ਵਿਰੁੱਧ ਸਭ ਤੋਂ ਸਖਤ ਲੜਾਈ ਲੜੀ।

---

[1*] ਸੀਤਾ ਰਾਮ ਕੋਹਲੀ, ਵਾਰ ਸ਼ਾਹ ਮੁਹੰਮਦ, ਪੰਨਾ 77

[2*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 134



Sri Satguru Jagjit Singh Ji Elibrary NamdhariElibrary@gmail.com

ਫੀਰੋਜਸ਼ਾਹ ਦੇ ਸਥਾਨ ਉਤੇ ਅੰਗਰੇਜ਼ਾਂ ਦੀ ਕਿਸਮਤ ਡਾਵਾਂ ਡੋਲ ਸਥਿਤੀ ਵਿਚ ਸੀ। ਸਰ Huge Gough ਦੀ ਕਮਾਨ ਹੇਠ ਲੜੀ ਗਈ ਇਸ ਜੰਗ ਵਿਚ ਸਿਖ ਆਗੂਆਂ ਦੀ ਗਦਾਰੀ ਨੇ ਅੰਗਰੇਜ਼ਾਂ ਨੂੰ ਲੱਕ-ਤੋੜਵੀਂ ਹਾਰ ਤੋਂ ਬਚਾ ਲਿਆ।"

ਸਿੱਖ ਸੈਨਾ ਦੀ ਫੌਜੀ ਸਿਖਲਾਈ ਬਾਰੇ George Bruce ਲਿਖਦਾ ਹੈ, "19ਵੀਂ ਸਦੀ ਦੇ ਸ਼ਰੋਮਣੀ ਸਿਖ ਨੇਤਾ ਰਣਜੀਤ ਸਿੰਘ ਨੇ ਆਪਣੇ ਤੋਪਖਾਨੇ ਅਤੇ ਪੈਦਲ ਸੈਨਾ ਦੀ ਸਿਖਲਾਈ ਲਈ ਨੈਪੋਲੀਅਨ ਦੀ ਮਹਾਨ ਸੈਨਾ ਦੇ ਅਫਸਰ ਆਪਣੇ ਮੁਲਾਜ਼ਮ ਰਖ ਲਏ। ਉਨ੍ਹਾਂ ਦੇ ਯੁੱਧ ਨੂੰ ਅੰਗਰੇਜ਼ ਵੀ ਸਤਿਕਾਰ ਦੀ ਦ੍ਰਿਸ਼ਟੀ ਤੋਂ ਵੇਖਦੇ ਸਨ। ਅੰਗਰੇਜ਼ੀ ਫੌਜ ਦੀਆਂ ਤੋਪਾਂ ਦੇ ਟਾਕਰੇ ਵਿਚ ਸਿੱਖਾਂ ਦੀਆਂ ਤੋਪਾਂ ਵਧੇਰੇ ਭਾਰੀਆਂ ਅਤੇ ਵਧੇਰੇ ਗਿਣਤੀ ਵਿਚ ਸਨ। ਪਰ ਰਣਜੀਤ ਸਿੰਘ ਦੇ ਉਤਰਾਧਿਕਾਰੀਆਂ ਨੇ ਇਕ ਦੂਜੇ ਦਾ ਕਤਲ ਕੀਤਾ। ਛੇਤੀ ਹੀ ਸੈਨਾ ਸਰਕਾਰ ਉਤੇ ਭਾਰੂ ਹੋ ਗਈ ਅਤੇ ਪੰਜਾਬ ਖੁਸ਼ੀਆਂ ਭਰੇ ਬਰਤਾਨਵੀ ਬਸਤੀਵਾਦੀ ਹੱਡ ਮਾਸ ਦੇ ਪੁਤਲੇ ਵਿਚ ਕੰਢੇ ਵਾਂਗ ਰੜਕਣ ਲਗਾ। ਅਜਿਹੀ ਨਿਰਾਸ਼ਾ ਦੀ ਹਾਲਤ ਵਿਚ ਹੀ ਸਿੰਘਾਂ ਨੇ ਆਪਣੀ ਸੈਨਾ ਨੂੰ ਅੰਗਰੇਜ਼ਾਂ ਦੇ ਸੁਰੱਖਿਅਤ ਇਲਾਕੇ ਵਿਚ ਝੋਕ ਦਿੱਤਾ।" ਇਸ ਲੜਾਈ ਵਿਚ ਅੰਗਰੇਜ਼ ਸੈਨਾ ਦੇ ਵੱਡੇ ਵੱਡੇ ਅਫਸਰ ਮੇਜਰ ਬ੍ਰਾਡਫੁਟ-ਪੁਲੀਟੀਕਲ ਅਫਸਰ; ਡਾ. ਆਰਕ ਟਾਡ, ਬ੍ਰੀਗੇਡੀਅਰ ਵੈਲੇਸ ਆਦਿ ਵੀ ਮਾਰੇ ਗਏ ਸਨ। ਭਾਵੇਂ ਇਸ ਲੜਾਈ ਦੇ ਅੰਤ ਵਿਚ ਅੰਗਰੇਜ਼ਾਂ ਦੀ ਜਿੱਤ ਹੀ ਹੋਈ ਸੀ ਪਰ ਇਸ ਲੜਾਈ ਵਿਚ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਵੇਖ ਕੇ ਲਾਰਡ ਹਾਰਡਿੰਗ ਨੇ ਕਿਹਾ - "ਇਕ ਹੋਰ ਅਜਿਹੀ ਜਿੱਤ ਨਾਲ ਅਸੀਂ ਤਬਾਹ ਹੋ ਜਾਵਾਂਗੇ।"

A History of the sikh people ਵਿਚ ਡਾ. ਗੋਪਾਲ ਸਿੰਘ ਦਰਦੀ ਨੇ ਫੇਰੂ ਸ਼ਹਿਰ ਦੀ ਜੰਗ ਬਾਰੇ ਕੁਝ ਹੋਰ ਵਰਣਨਯੋਗ ਵੇਰਵੇ ਵੀ ਦਿੱਤੇ ਹਨ - ਇਸ ਲੜਾਈ ਵਿਚ ਖਾਲਸਾ ਸੈਨਾ ਦੇ ਜਰਨੈਲਾਂ ਨੂੰ ਲੇਖਕ ਨੇ ਪੱਕੇ ਦੇਸ਼ ਧਰੋਹੀ ਤੇ ਗੱਦਾਰ ਦੱਸਿਆ ਹੈ, ਜਿਨ੍ਹਾਂ ਨੇ ਦੁਸ਼ਮਣ ਨਾਲ ਰਲ ਕੇ ਬਹਾਦਰ ਖਾਲਸਾ ਸੈਨਾ ਨੂੰ ਹਾਰ ਦਾ ਮੂੰਹ ਵੇਖਣ ਲਈ ਮਜਬੂਰ ਕਰ ਦਿੱਤਾ -

"21 ਦਸੰਬਰ ਦੀ ਸ਼ਾਮ ਨੂੰ ਸੂਰਜ ਡੁੱਬਣ ਤੋਂ ਇਕ ਘੰਟਾ ਪਹਿਲਾਂ Sir Huge Gough ਨੇ ਫੇਰੂ ਸ਼ਹਿਰ ਦੇ ਸਥਾਨ ਤੇ ਖਾਲਸਾ ਸੈਨਾ ਤੇ ਹੱਲਾ ਬੋਲਿਆ। ਦੋਵੇਂ ਧਿਰਾਂ ਦਾ ਮੁਕਾਬਲਾ ਸਾਂਵੇ ਪੱਲੇ ਦਾ ਸੀ ਅਤੇ 8-8 ਤੋਂ 10-10 ਹਜ਼ਾਰ ਤੱਕ ਦੋਹਾਂ ਧਿਰਾਂ ਵਿਚਕਾਰ ਦੇ ਸੈਨਿਕ ਵਿਚਕਾਰ ਇਹ ਮੁਠਭੇੜ ਚਲ ਰਿਹਾ ਸੀ। ਅੰਗਰੇਜ਼ੀ ਸੈਨਾ ਦੇ ਵੱਡੇ ਜ਼ੋਰ ਸ਼ੋਰ ਵਾਲੇ ਹੱਲੇ ਦੇ ਟਾਕਰੇ ਦਾ ਸਿੰਘਾਂ ਨੇ ਡਟਵਾਂ ਮੋੜਵਾਂ ਉਤਰ ਦਿੱਤਾ ਤੇ ਅੰਗਰੇਜ਼ੀ ਸੈਨਾ ਦੀਆਂ ਇਕ ਪਿਛੋਂ ਦੂਜੀ ਬਟਾਲੀਅਨਾਂ ਨੂੰ ਪਿਛੇ ਧੱਕਦੇ ਰਹੇ। ਸਿੰਘਾਂ ਨੇ ਜਿਹੜਾ ਮੁਕਾਬਲਾ ਕੀਤਾ ਉਹ ਅੰਗਰੇਜ਼ਾਂ ਦੀ ਆਸ ਤੋਂ ਬਾਹਰਾ



Sri Satguru Jagjit Singh Ji Elibrary NamdhariElibrary@gmail.com

ਸੀ। ਇਸ ਯਾਦਗਾਰੀ ਰਾਤ ਨੂੰ ਅੰਗਰੇਜ਼ਾਂ ਦੇ ਪੈਰ ਉਸ ਧਰਤੀ ਤੋਂ ਉਖੜ ਚੁੱਕੇ ਸਨ, ਜਿੱਥੇ ਕਿ ਉਹ ਖਲੋਤੇ ਸਨ। ਉਨ੍ਹਾਂ ਕੋਲ ਰਾਖਵੀ ਸੈਨਾ ਨਹੀਂ ਸੀ ਜਦੋਂ ਕਿ ਸਿੰਘਾਂ ਕੋਲ ਪਿਛੇ ਤਾਜਾ ਦਮ ਰਾਖਵੀ ਸੈਨਾ ਮੌਜੂਦ ਸੀ। ਉਹ ਇਸ ਭਾਰੀ ਗਿਣਤੀ ਦੀ ਸੈਨਾ ਨਾਲ ਨਵੇਂ ਸਿਰਿਉ ਜੰਗ ਦੀ ਤਿਆਰੀ ਕਰ ਸਕਦੇ ਸਨ। ਇਸ ਬਾਰੇ ਅੰਗਰੇਜ਼ਾਂ ਦਾ ਧੁੜਕੂ ਇੰਨਾ ਵੱਧ ਚੁੱਕਾ ਸੀ ਕਿ ਗਵਰਨਰ ਜਨਰਲ ਨੇ Sir Robert Peel ਤੋਂ ਪੱਤਰ ਰਾਹੀਂ ਲੰਡਨ ਤੋਂ ਇਹ ਸਲਾਹ ਮੰਗ ਭੇਜੀ ਸੀ ਕਿ ਕਿਉਂ ਨਾ ਕਮਾਂਡਰ-ਇਨ-ਚੀਫ ਹਿਊ ਗਫ ਨੂੰ ਹਟਾ ਦਿੱਤਾ ਜਾਵੇ। ਲਾਰਡ ਹਾਰਡਿੰਗ ਆਪ ਮਹਾਨ ਯੋਧਾ ਸੀ, ਉਸ ਨੇ ਕਮਾਂਡਰ ਇਨ-ਚੀਫ ਤੋਂ ਆਪ ਕਮਾਨ ਮੁੜ ਸੰਭਾਲ ਲਈ। ਅੰਗਰੇਜ਼ ਸੈਨਾ ਉਤੇ ਨਿਰਾਸਤਾ ਛਾਈ ਹੋਈ ਸੀ। Adjutant General Capt. Lumbey ਨੇ ਫਿਰੋਜ਼ਪੁਰ ਵੱਲ ਮੋੜਾਂ ਪਾਉਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਕਈ ਹੋਰ ਬਿਨਾਂ ਸ਼ਰਤ ਹਥਿਆਰ ਸੁੱਟਣ ਦੀ ਸਲਾਹ ਦੇ ਰਹੇ ਸਨ ਕਿਉਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਜੰਗ ਜਿੱਤਣ ਦੀ ਸੰਭਾਵਨਾ ਨਹੀਂ ਵਿਖਾਈ ਦੇ ਰਹੀ ਸੀ। Robert cust ਦਾ ਕਥਨ ਹੈ - "ਸਾਡੇ ਹਾਲਾਤ ਇੰਨੇ ਨਿਰਾਸ਼ਾਜਨਕ ਹੋ ਗਏ ਸਨ ਕਿ ਗਵਰਨਰ ਜਰਨਲ ਨੇ ਸਾਰੇ ਕਾਗਜ਼ ਪੱਤਰ ਨਸ਼ਟ ਕਰਨ ਦਾ ਹੁਕਮ ਦੇ ਦਿੱਤਾ ਸੀ ਅਤੇ ਉਹ ਲਿਖਦਾ ਹੈ "ਜੇ ਸਵੇਰ ਦਾ ਹਮਲਾ ਨਾਕਾਮ ਰਿਹਾ ਤਾਂ ਸਭ ਖੇਡ ਖਤਮ ਹੋ ਜਾਵੇਗੀ।" 22 ਦਸੰਬਰ 1845 ਦੀ ਸਵੇਰ ਨੂੰ ਮੂਜ਼ੀ ਗਦਾਰ ਤੇਜ ਸਿੰਘ ਨਵੀਂ ਸਹਾਇਕ ਫ਼ੌਜ ਲੈ ਕੇ ਜੰਗ ਦੇ ਮੈਦਾਨ ਵਿਚ ਪੁੱਜ ਗਿਆ ਪਰ ਉਸ ਨੇ ਤੁਰੰਤ ਹਮਲਾ ਕਰਨ ਦੀ ਥਾਂ ਉਨ੍ਹਾਂ ਚਿਰ ਢਿਲਮੱਠ ਪਾਈ ਰੱਖੀ, ਜਿਨ੍ਹਾਂ ਚਿਰ ਤਕ ਲਾਲ ਸਿੰਘ ਦੀ ਅਗਵਾਈ ਵਾਲੀ ਫੌਜ ਨਹੀਂ ਆ ਗਈ। ਇਸ ਨਾਲ ਅੰਗਰੇਜੀ ਸੈਨਾ ਨੂੰ ਨਵੇਂ ਸਿਰਿਉਂ ਮੋਰਚਾਬੰਦੀ ਕਰਨ ਦਾ ਮੌਕਾ ਮਿਲ ਗਿਆ। ਪਰ ਜਦੋਂ ਲੜਾਈ ਦੁਬਾਰਾ ਮਘੀ ਤਾਂ ਗਦਾਰ ਆਗੂ ਯੁੱਧ ਖੇਤਰ ਤੋਂ ਪਿਛੇ ਭੱਜ ਗਏ ਅਤੇ ਆਗੂ ਰਹਿਤ ਕਰਕੇ ਬਹਾਦਰ ਸੈਨਿਕਾਂ ਨੂੰ ਹਾਰ ਦਾ ਮੂੰਹ ਵੇਖਣ ਲਈ ਪਿਛੇ ਛੱਡ ਗਏ। ਯੁੱਧ ਕਲਾ ਦੀ ਦ੍ਰਿਸ਼ਟੀ ਤੋਂ ਇਹ ਉਹ ਨਾਜ਼ੁਕ ਘੜੀ ਸੀ ਜਦੋਂ ਅੰਗਰੇਜ਼ਾਂ ਦੇ ਤੋਪਖਾਨੇ ਕੋਲ ਚਲਾਉਣ ਲਈ ਇਕ ਗੋਲਾ ਵੀ ਨਹੀਂ ਸੀ ਬਚਿਆ ਅਤੇ ਉਹ ਸਹਾਇਤਾ ਲਈ ਫਿਰੋਜ਼ਪੁਰ ਵੱਲ ਝਾਕ ਰਹੇ ਸਨ। ਜੇ ਉਸ ਸਮੇਂ ਖਾਲਸਾ ਸੈਨਾ ਬਲਧਾਰ ਕੇ ਹੱਲਾ ਬੋਲ ਦਿੰਦੀ ਤਾਂ ਅੰਗਰੇਜ਼ੀ ਸੈਨਾ ਕੋਲ ਪਿਛੇ ਭੱਜਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। [1*]ਇਸ ਇਕ ਦਿਨ ਦੀ ਲੜਾਈ ਵਿਚ ਅੰਗਰੇਜ਼ਾਂ ਦੇ 694 ਸੈਨਿਕ ਮਰੇ ਅਤੇ 1721 ਫੱਟੜ ਹੋਏ। ਇਨ੍ਹਾਂ ਮਰੇ ਬੰਦਿਆਂ ਵਿਚ ਵੱਡਾ ਜੰਗਬਾਜ਼ ਮੇਜਰ ਬਰਾਡ ਫੁੱਟ ਵੀ ਸੀ, ਜਿਸ ਨੇ ਇਸ ਜੰਗ ਨੂੰ ਛੇੜਨ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ ਸੀ। ਖਾਲਸਾ ਸੈਨਾ ਦੇ 1782 ਸੈਨਿਕ ਸ਼ਹੀਦ ਹੋਏ ਪਰ ਪਿੱਛੋ ਕੁਝ

[1*] ਦ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ 1, ਪੰਨਾ 167



Sri Satguru Jagjit Singh Ji Elibrary NamdhariElibrary@gmail.com

ਅਜਿਹੇ ਬੀਰ ਜੋਧੇ ਵੀ ਜੰਗ ਦੇ ਮੈਦਾਨ ਵਿਚ ਡਟੇ ਰਹੇ ਜੋ ਆਖਰੀ ਦਮ ਤੱਕ ਲੜਨਾ ਚਾਹੁੰਦੇ ਸਨ। ਗਦਾਰਾਂ ਦੀ ਮਨਸ਼ਾ ਅੰਗਰੇਜ਼ਾਂ ਨੂੰ ਹੋਰ ਤਿਆਰੀ ਦਾ ਮੌਕਾ ਦੇਣ ਦੇ ਸੀ।"

22 ਦਸੰਬਰ 1845 ਦੀ ਜੋਖਮ ਭਰੀ ਜੰਗ ਨੂੰ ਜਿੱਤ ਕੇ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ 25 ਦਸੰਬਰ 1845 (ਵੱਡੇ ਦਿਨ) ਦੇ ਮੌਕੇ ਤੇ ਜਿਹੜਾ ਐਲਾਨ ਕੀਤਾ ਉਸ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਭਵਿੱਖ ਨੂੰ ਆਪਣੀ ਮੁੱਠੀ ਵਿਚ ਸਮਝਣ ਲੱਗ ਪਿਆ ਸੀ।

1*"ਲਾਰਡ ਹਾਰਡਿੰਗ ਨੇ ਵੱਡੇ ਦਿਨ ਦੇ ਮੌਕੇ ਉਤੇ ਇਹ ਐਲਾਨ ਜਾਰੀ ਕੀਤਾ ਕਿ ਹਿੰਦੋਸਤਾਨ ਦੇ ਵਾਸੀ ਸਿੱਖ ਰਾਜ ਦੀਆਂ ਨੌਕਰੀਆਂ ਤੋਂ ਅਸਤੀਫਾ ਦੇ ਦੇਣ ਨਹੀਂ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਾਣਗੀਆਂ। ਉਹ ਬੜੀ ਖੁਸ਼ੀ ਨਾਲ ਅੰਗਰੇਜ਼ਾਂ ਦੀ ਮੁਲਾਜ਼ਮਤ ਵਿਚ ਆ ਸਕਦੇ ਹਨ, ਜਿਹੜੇ ਇਸ ਤਰ੍ਹਾਂ ਭਗੌੜੇ ਹੋ ਕੇ ਅੰਗਰੇਜ਼ਾਂ ਦੀ ਸ਼ਰਨ ਵਿਚ ਆ ਜਾਣਗੇ। ਉਨ੍ਹਾਂ ਨੂੰ ਪੈਨਸ਼ਨਾਂ ਤੇ ਹੋਰ ਸਭ ਬਣਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ।"

ਇਸੇ ਦੌਰਾਨ ਜੰਮੂ ਦੇ ਗੁਲਾਬ ਸਿੰਘ ਡੋਗਰਾ ਅਤੇ ਹੋਰ ਸਿੱਖ ਸਰਦਾਰ ਇਕ ਦੂਜੇ ਤੋਂ ਵੱਧ ਚੜ੍ਹ ਕੇ ਅੰਗਰੇਜ਼ਾਂ ਕੋਲ ਪਹੁੰਚ ਕਰ ਰਹੇ ਸਨ ਕਿ ਉਹ ਉਨ੍ਹਾਂ ਦੀ ਕਿਵੇਂ ਸਹਾਇਤਾ ਕਰ ਸਕਦੇ ਹਨ ਅਤੇ ਕਿਸ ਤਰ੍ਹਾਂ ਉਨ੍ਹਾਂ ਦੀਆਂ ਜਾਗੀਰਾਂ ਤੇ ਜਾਇਦਾਦਾਂ ਸੁਰੱਖਿਅਤ ਰਹਿ ਸਕਦੀਆਂ ਹਨ।

ਇਸੇ ਕਾਰਨ ਲਗਭਗ ਇਕ ਮਹੀਨਾ ਦੋਹਾਂ ਧਿਰਾਂ ਵੱਲੋਂ ਲੜਾਈ ਰੁਕੀ ਰਹੀ ਅਤੇ ਕੋਈ ਵੱਡਾ ਮੋਰਚਾ ਨਹੀਂ ਖੋਲ੍ਹਿਆ ਗਿਆ। ਇਸ ਦਾ ਕਾਰਨ ਵੀ ਅੰਗਰੇਜ਼ਾਂ ਨੂੰ ਹੋਰ ਮੌਕਾ ਦੇਣਾ ਸੀ ਤਾਂ ਜੋ ਅੰਗਰੇਜ਼ ਫੈਸਲਾਕੁੰਨ ਲੜਾਈ ਲਈ ਹੋਰ ਤਿਆਰੀ ਕਰ ਸਕਣ।

2*"ਫਿਰੋਜ਼ਸ਼ਾਹ ਦੀ ਜੰਗ ਪਿਛੋਂ ਅਸਥਾਈ ਤੌਰ ਤੇ ਕੁਝ ਚਿਰ ਲਈ ਦੋਹਾਂ ਧਿਰਾਂ ਵਲੋਂ ਜੰਗ ਬੰਦ ਰਹੀ। ਅੰਗਰੇਜ਼ ਕਿਸੇ ਵੱਡੇ ਹੱਲੇ ਕਰਨ ਦੀ ਹਾਲਤ ਵਿਚ ਨਹੀਂ ਸਨ ਅਤੇ ਉਹ ਦਿੱਲੀ ਤੋਂ ਹੋਰ ਫੌਜੀ ਸਹਾਇਤਾ ਅਤੇ ਵੱਡੀਆਂ ਤੋਪਾਂ ਦੇ ਆਉਣ ਦੀ ਉਡੀਕ ਕਰ ਰਹੇ ਸਨ।

ਲਾਲ ਸਿੰਘ ਤੇ ਤੇਜ ਸਿੰਘ ਅੰਗਰੇਜ਼ਾਂ ਨੂੰ ਇਸ ਉਦੇਸ਼ ਦੀ ਪੂਰਤੀ ਲਈ ਪੂਰਾ ਪੂਰਾ ਮੌਕਾ ਦੇ ਰਹੇ ਸਨ ਅਤੇ ਕਿਸੇ ਵੀ ਸਿੱਖ ਸੈਨਿਕ ਦਲ ਨੂੰ ਸਤਲੁਜ ਤੋਂ ਪਾਰ ਜਾਣ ਤੋਂ ਰੋਕ ਰਹੇ ਸਨ"

ਇਸ ਸਮੇਂ ਲੁਧਿਆਣੇ ਵਿਚ ਅੰਗਰੇਜ਼ੀ ਫੌਜ ਦੀ ਗਿਣਤੀ ਬੜੀ ਥੋੜ੍ਹੀ ਸੀ।

---

1* ਡਾ. ਗੋਪਾਲ ਸਿੰਘ, ਹਿਸਟਰੀ ਆਫ਼ ਦ ਸਿੱਖ ਪੀਪਲਸ (1469-1978), ਪੰਨਾ 554-55

2* ਦ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ 1, ਪੰਨਾ 167



Sri Satguru Jagjit Singh Ji Elibrary NamdhariElibrary@gmail.com

ਫਿਲੌਰ ਤੋਂ ਰਣਜੋਧ ਸਿੰਘ ਮਜੀਠੀਏ ਦੀ ਅਗਵਾਈ ਵਿਚ ਖਾਲਸਾ ਸੈਨਾ ਨੇ 8000 ਸੈਨਿਕ ਤੇ 70 ਤੋਪਾਂ ਨਾਲ ਦਰਿਆ ਪਾਰ ਕੀਤਾ। ਲਾਡਵੇ ਦੇ ਅਜੀਤ ਸਿੰਘ ਜੋ ਅੰਗਰੇਜ਼ੀ ਇਲਾਕੇ ਤੋਂ ਭਗੌੜਾ ਹੋ ਗਿਆ ਸੀ, ਰਣਜੋਧ ਸਿੰਘ ਵਾਲੀ ਸੈਨਾ ਨਾਲ ਆ ਕੇ ਰਲ ਗਿਆ। ਲੁਧਿਆਣੇ ਦੀਆਂ ਕੁਝ ਫੌਜੀ ਬਾਰਕਾਂ ਸਾੜ ਦਿੱਤੀਆਂ ਗਈਆਂ। ਸਿੱਖ ਸੈਨਾ ਨੇ ਬੜੀ ਤੇਜ਼ੀ ਨਾਲ ਕੁਝ ਕਿਲ੍ਹਿਆਂ ਫ਼ਤਹਗੜ੍ਹ, ਧਰਮਕੋਟ, ਘੰਗਰਾਣਾ ਅਤੇ ਬੱਧੋਵਾਲ ਆਦਿ ਉਤੇ ਕਬਜ਼ੇ ਕਰ ਲਏ ਪਰ ਯੁੱਧ ਨੀਤੀ ਦੇ ਪੱਖ ਤੋਂ ਖਾਲਸਾ ਸੈਨਾ ਦੇ ਆਗੂਆਂ ਕੋਲੋਂ ਇਹ ਗਲਤੀ ਹੋਈ ਕਿ ਉਨ੍ਹਾਂ ਨੇ ਲੁਧਿਆਣੇ ਉਤੇ ਕਬਜ਼ਾ ਨਹੀਂ ਕੀਤਾ। ਕਵੀ ਸ਼ਾਹ ਮੁਹੰਮਦ ਇਸ ਬਾਰੇ ਸੰਕੇਤ ਕਰਦਾ ਹੋਇਆ ਲਿਖਦਾ ਹੈ :

[1*]ਸ਼ਾਹ ਮੁਹੰਮਦ ਸਿੰਘ ਜੇ ਜ਼ੋਰ ਕਰਦੇ
ਭਾਵੇਂ ਲੁਧਿਆਣਾ ਤਦੋਂ ਮਾਰ ਲੈਂਦੇ। 83 (ਜੰਗਨਾਮਾ ਸ਼ਾਹ ਮੁਹੰਮਦ)

ਦੂਜੇ ਬੰਨ੍ਹੇ ਸਰ ਹੈਰੀ ਸਮਿੱਥ ਦੀ ਅਗਵਾਈ ਵਿਚ ਲੁਧਿਆਣੇ ਦੀ ਸੁਰੱਖਿਆ ਲਈ ਫੌਜੀ ਲਸ਼ਕਰ ਭੇਜਿਆ ਗਿਆ। ਜਿਸ ਉਤੇ ਸਿੰਘਾਂ ਨੇ ਬੱਦੋਵਾਲ ਨੇੜੇ ਵੱਡਾ ਹਮਲਾ ਕਰਕੇ ਅੰਗਰੇਜ਼ਾਂ ਨੂੰ ਹਰਾ ਦਿੱਤਾ। ਅੰਗਰੇਜ਼ਾਂ ਦਾ ਬਹੁਤ ਸਾਰਾ ਸਮਾਨ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ। ਅੰਗਰੇਜ਼ੀ ਸੈਨਾ ਦੇ ਕੁਝ ਸਿਪਾਹੀ ਕੈਦੀ ਬਣਾ ਕੇ ਲਾਹੌਰ ਭੇਜ ਦਿੱਤੇ ਗਏ। ਸਿੰਘਾਂ ਨੇ ਹਾਰੀ ਹੋਈ ਅੰਗਰੇਜ਼ੀ ਫੌਜ ਦਾ ਪਿੱਛਾ ਨਾ ਕੀਤਾ। ਕਨਿੰਘਮ ਦਾ ਤਾਂ ਇਹ ਵੀ ਕਥਨ ਹੈ ਕਿ [2*]"ਖਾਲਸਾ ਸੈਨਾ ਨੂੰ ਜੰਗ ਦੀ ਅੱਗ ਵਿਚ ਝੋਕ ਕੇ ਰਣਜੋਧ ਸਿੰਘ ਆਪ ਮੈਦਾਨ ਵਿਚੋਂ ਨਿਕਲ ਗਿਆ ਸੀ।" ਆਗੂ ਰਹਿਤ ਖਾਲਸਾ ਸੈਨਾ ਨੇ ਅਲੀਵਾਲ ਦੇ ਸਥਾਨ ਉਤੇ ਪਹੁੰਚ ਕੇ ਫਿਰ ਮੋਰਚਾ ਬੰਦੀ ਕਰ ਲਈ। "ਲਾਹੌਰ ਵਿਚ ਲਾਲ ਸਿੰਘ ਤੇ ਤੇਜ ਸਿੰਘ ਦੇ ਦਿਲ ਅੰਗਰੇਜ਼ੀ ਕੈਦੀਆਂ ਨੂੰ ਵੇਖ ਕੇ ਡੋਲ ਗਏ ਅਤੇ ਉਹ ਆਪਣੇ ਕੀਤੇ ਧਰੋਹ ਤੇ ਕੰਬਣ ਲੱਗ ਪਏ।"

ਹੈਨਰੀ ਸਮਿੱਥ ਦੀ ਸਹਾਇਤਾ ਲਈ ਬ੍ਰਿਗੇਡੀਅਰ ਵੀਲਰ ਹੋਰ ਫੌਜ ਲੈ ਆਇਆ। ਹੈਨਰੀ ਸਮਿੱਥ ਆਪਣੀ ਬੱਦੋਵਾਲ ਦੀ ਹਾਰ ਦਾ ਧੋਣਾ, ਧੋਣਾ ਚਾਹੁੰਦਾ ਸੀ। 28 ਜਨਵਰੀ 1846 ਨੂੰ ਅਲੀਵਾਲ ਦੇ ਸਥਾਨ ਤੇ ਦੋਹਾਂ ਧਿਰਾਂ ਵਿਚ ਵੱਡੀ ਝੜਪ ਹੋਈ। ਜਿਸ ਦੇ ਵੇਰਵੇ ਕਨਿੰਘਮ ਅਤੇ ਇਸ ਯੁੱਧ ਵਿਚ ਸ਼ਾਮਲ ਕਪਤਾਨ ਹਮਬਲੇ ਨੇ ਦਿੱਤੇ ਹਨ। ਖਾਲਸਾ ਸੈਨਾ ਨੇ ਜਦੋਂ ਅੰਗਰੇਜ਼ੀ ਸੈਨਾ ਦੇ ਘੋੜ ਸਵਾਰਾਂ ਨੂੰ ਅੱਗੇ ਵਧਦਾ ਵੇਖਿਆ ਤਾਂ ਉਨ੍ਹਾਂ ਨੇ ਆਪਣੀ ਜੰਗਬੰਦੀ ਦੇ ਵਰਗਾਕਾਰ ਦੀ ਥਾਂ ਆਪਣੀ ਸੈਨਾ ਨੂੰ ਤ੍ਰਿਭੁੱਜ ਦੀ ਸ਼ਕਲ ਵਿਚ ਖੜ੍ਹਾ ਕਰ ਦਿੱਤਾ। ਜਦੋਂ ਅੰਗਰੇਜ਼ੀ ਸੈਨਾ

1* ਸੀਤਾ ਰਾਮ ਕੋਹਲੀ, ਜੰਗਨਾਮ ਸ਼ਾਹ ਮੁੰਹਮਦ, ਪੰਨਾ 79
2* ਕਨਿੰਘਮ ਸਿੱਖ ਇਤਿਹਾਸ, ਪੰਜਾਬੀ ਅਨੁਵਾਦ, ਪੰਨਾ 318-319



Sri Satguru Jagjit Singh Ji Elibrary NamdhariElibrary@gmail.com

ਦੇ ਘੋੜ ਚੜ੍ਹੇ ਖਾਲਸਾ ਸੈਨਾ ਉੱਤੇ ਬਰਛਿਆਂ ਨਾਲ ਹੱਲੇ ਕਰਦੇ ਸਨ ਤਾਂ ਉਹ ਧਰਤੀ ਉਤੇ ਲੇਟ ਕੇ ਬਰਛੇ ਦੇ ਫਲ ਨੂੰ ਆਪਣੇ ਸਰੀਰ ਤੋਂ ਕੱਢਣ ਦੇ ਸਮੇਂ ਹੀ ਤਲਵਾਰ ਨਾਲ ਅੰਗਰੇਜ਼ ਸੈਨਕਾਂ ਦੇ ਸਿਰ ਤਤਫੱਟ ਧੜ ਤੋਂ ਜੁਦਾ ਕਰ ਦਿੰਦੇ ਅਤੇ ਅੰਗਰੇਜ਼ ਸੈਨਿਕ ਨੂੰ ਮਿਆਨ ਵਿਚੋਂ ਤਲਵਾਰ ਕੱਢਣ ਦਾ ਮੌਕਾ ਵੀ ਨਾ ਦਿੰਦੇ।

ਕਪਤਾਨ ਹਮਬਲੇ ਦਾ ਇਹ ਵੀ ਵਿਚਾਰ ਹੈ ਕਿ ਖਾਲਸਾ ਸੈਨਿਕ ਯੂਰਪੀਨ ਯੁੱਧ ਨੀਤੀ ਦੇ ਦਾਅ-ਪੇਚਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ। ਭਾਵੇਂ ਅਲੀਵਾਲ ਦੀ ਜੰਗ ਵਿਚ ਸਿੰਘਾਂ ਦੀ ਹਾਰ ਹੋਈ ਪਰ ਫਿਰ ਵੀ ਕੋਈ ਸੈਨਿਕ ਰਣ ਖੇਤਰ ਵਿਚੋਂ ਕੰਢ ਦੇ ਕੇ ਨਹੀਂ ਸੀ ਨੱਠਿਆ। ਹਮਬਲੇ ਲਿਖਦਾ ਹੈ – 1*"ਸਾਡੇ ਸਵਾਰਾਂ ਨੇ ਤਿੰਨ ਵਾਰ ਆਪਣਾ ਪੂਰਾ ਜ਼ੋਰ ਲਾ ਕੇ ਇਨ੍ਹਾਂ ਪਲਟਣਾਂ ਉਤੇ ਚਾਰਜ ਕੀਤਾ ਅਤੇ ਸਿੱਖ ਸਿਪਾਹੀਆਂ ਦੇ ਸੱਚਮੁਚ ਟੁਕੜੇ ਟੁਕੜੇ ਕਰ ਦਿੱਤੇ ਪਰ ਇਹ ਲੋਕ ਵੀ ਇੰਨੇ ਕਰੜੇ ਤੇ ਸਾਹਸੀ ਸਾਬਤ ਹੋਏ ਕਿ ਇਨ੍ਹਾਂ ਵਿਚੋਂ ਇਕ ਵੀ ਜੰਗ ਦੇ ਮੈਦਾਨ ਤੋਂ ਪਿੱਠ ਦੇ ਕੇ ਨਾ ਭੱਜਿਆ। ਉਨ੍ਹਾਂ ਦਾ ਕਮਾਨ ਅਫ਼ਸਰ ਸਰਦਾਰ ਰਣਜੋਧ ਸਿੰਘ ਜ਼ਰੂਰ ਮੈਦਾਨ ਵਿਚੋਂ ਨੱਠ ਗਿਆ ਤੇ ਸਦਾ ਲਈ ਆਪਣੇ ਮੱਥੇ 'ਤੇ ਕਲੰਕ ਦਾ ਟਿਕਾ ਲਾ ਗਿਆ। ਬੇ-ਅਫ਼ਸਰ ਹੋਣ 'ਤੇ ਵੀ ਇਹ ਪਲਟਨਾਂ ਅਖ਼ੀਰਲੇ ਦਮ ਤੀਕ ਲੜਦੀਆਂ ਰਹੀਆਂ।" ਕਨਿੰਘਮ ਲਿਖਦਾ ਹੈ – 2*ਅੰਗਰੇਜ਼ੀ ਹਮਲਾ ਬੜੀ ਦਾਨਾਈ ਨਾਲ ਸੋਚਿਆ ਤੇ ਬੜੀ ਬਹਾਦਰੀ ਨਾਲ ਕੀਤਾ ਗਿਆ ਸੀ। ਫਿਰ ਵੀ ਜੰਗ ਬੰਦ ਹੋਣ ਉੱਤੇ ਇਕ ਅਜੀਬ ਦ੍ਰਿਸ਼ ਦੇਖਣ ਵਿਚ ਆਇਆ ਕਿ ਰਣ ਭੂਮੀ ਵਿਚ ਸਿੱਖ ਪਿਆਦਾ ਸਿਪਾਹੀਆਂ ਦੀਆਂ ਲਾਸ਼ਾਂ ਨਾਲੋਂ ਅੰਗਰੇਜ਼ੀ ਫ਼ੌਜ ਦੇ ਘੋੜ ਚੜ੍ਹਿਆਂ ਦੀਆਂ ਲਾਸ਼ਾਂ ਕਈ ਗੁਣਾ ਵੱਧ ਸਨ।" ਇਸ ਲੜਾਈ ਵਿਚ ਅੰਗਰੇਜ਼ਾਂ ਦੇ 151 ਸੈਨਿਕ ਮਰੇ ਤੇ 413 ਸੈਨਿਕ ਜ਼ਖ਼ਮੀ ਹੋਏ।

ਭਾਵੇਂ ਸੀਤਾ ਰਾਮ ਕੋਹਲੀ, ਸ. ਖੁਸ਼ਵੰਤ ਸਿੰਘ, ਮੁਹੰਮਦ ਲਤੀਫ, ਕਨਿੰਘਮ ਆਦਿ ਨੇ ਅਲੀਵਾਲ ਦੀ ਲੜਾਈ ਦੇ ਵਿਸਥਾਰ ਪੂਰਵਕ ਵੇਰਵੇ ਦਿੱਤੇ ਹਨ ਪਰ 3*ਡਾ. ਗੰਡਾ ਸਿੰਘ ਆਪਣੀ ਪੁਸਤਕ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਵਿਚ ਅਲੀਵਾਲ ਦੀ ਲੜਾਈ ਬਾਰੇ ਇਸ ਪ੍ਰਕਾਰ ਟਿੱਪਣੀ ਕਰਦੇ ਹਨ – "ਇਸ ਬਾਰੇ ਅੰਗਰੇਜ਼ਾਂ ਵਲੋਂ ਛੋਟੀ ਜਿਹੀ ਝੜਪ ਨੂੰ ਵੱਡੀ ਲੜਾਈ ਦਸਿਆ ਗਿਆ ਕਿਉਂ ਜੋ ਹੈਰੀ ਸਮਿੱਥ ਜਿਸਨੇ ਵਾਟਰਲੂ ਦੀ ਲੜਾਈ ਵਿਚ ਹਿੱਸਾ ਲਿਆ ਸੀ। ਲੁਧਿਆਣੇ ਤੇ ਬੱਦੋਵਾਲ ਦੀ ਹਾਰ ਦੇ ਧੋਣੇ, ਧੋਣਾ ਚਾਹੁੰਦਾ ਸੀ। ਇਸ ਲਈ ਇਸ ਲੜਾਈ ਬਾਰੇ ਬਹੁਤ ਵਧਾ ਚੜ੍ਹਾ ਕੇ ਦਸਿਆ ਗਿਆ ਹੈ।" ਸੰਭਵ ਹੈ ਕਿ ਡਾ. ਗੰਡਾ ਸਿੰਘ ਦੇ ਇਸ ਕਥਨ ਵਿਚ ਕੁਝ ਸੱਚਾਈ ਹੋਵੇ ਪਰ ਜਿਸ ਤਰ੍ਹਾਂ ਦੇ ਵੇਰਵੇ ਇਤਿਹਾਸਕਾਰਾਂ

---

1* ਸੀਤਾ ਰਾਮ ਕੋਹਲੀ, ਵਾਰ ਸ਼ਾਹ ਮੁਹੰਮਦ-ਜੰਗ ਹਿੰਦ ਪੰਜਾਬ, ਪੰਨਾ 80,

2* ਸਿੱਖ ਇਤਿਹਾਸ ਕਨਿੰਘਮ, ਪੰਜਾਬ ਚੀਫ਼ਸ , ਪੰਨਾ 80

3* ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 120



Sri Satguru Jagjit Singh Ji Elibrary NamdhariElibrary@gmail.com

ਨੇ ਦਿੱਤੇ ਹਨ। ਉਸ ਤੋਂ ਇਸ ਲੜਾਈ ਦੇ ਘਮਸਾਨ ਯੁੱਧ ਹੋਣ ਦਾ ਹੀ ਯਕੀਨ ਹੁੰਦਾ ਹੈ। ਇਸ ਲੜਾਈ ਦੇ ਪ੍ਰਤੀਕਰਮ ਜੋ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਪ੍ਰਗਟਾਏ ਹਨ, ਉਸ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਇਸ ਲੜਾਈ ਨੇ ਖਾਲਸਾ ਸੈਨਾ ਦੇ ਹੌਸਲੇ ਉਤੇ ਚੋਖੀ ਸੱਟ ਮਾਰੀ ਸੀ।

ਪਹਿਲੇ ਹੱਲਿਓਂ ਸਿੰਘ ਜੋ ਨਿਕਲ ਸਾਰੇ
ਪਏ ਔਝੜੇ ਔਝੜੇ ਜਾਂਵਦੇ ਨੀ।
ਲੁੱਟੇ ਗਏ ਸਾਰੇ ਰਹੀ ਇਕ ਕੁੜਤੀ,
ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ
ਜੀਭ ਹੇਠਾਂ ਥੀਂ ਖੋਲ੍ਹ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰ ਦਿਆਂ ਤੋਂ
ਨਵੇਂ ਕਪੜੇ ਹੋਰ ਸਿਵਾਂਵਦੇ ਨੀ।

(ਬੰਦ ਨੰ. 86 ਜੰਗਨਾਮ ਸ਼ਾਹ ਮੁਹੰਮਦ)

ਇਹ ਉਸ ਬਚੀ ਖੁਚੀ ਸੈਨਿਕ ਟੁਕੜੀ ਵੱਲ ਇਸ਼ਾਰਾ ਹੈ ਜੋ ਆਪਣੀ ਹਿੰਮਤ ਨਾਲ ਦਰਿਆ ਸਤਲੁਜ ਨੂੰ ਪਾਰ ਕਰਕੇ ਪੱਛਮੀ ਕੰਢੇ ਤੇ ਪੁੱਜ ਗਈ ਸੀ। ਇਸ ਲੜਾਈ ਵਿਚ ਬਹੁਤ ਸਾਰੇ ਖਾਲਸਾ ਸੈਨਿਕ ਜਦੋਂ ਦਰਿਆ ਪਰ ਕਰ ਰਹੇ ਸਨ ਤਾਂ ਅੰਗਰੇਜ਼ਾਂ ਵਲੋਂ ਤੋਪਾਂ ਦੀ ਮਾਰ ਨੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਮਾਰ ਦਿੱਤਾ ਗਿਆ। ਇਥੋਂ ਤਕ ਅਣਗਿਣਤ ਸਿੱਖ ਸਿਪਾਹੀ ਦਰਿਆ ਵਿਚ ਡੁੱਬ ਕੇ ਮਰ ਗਏ ਤੇ ਦਰਿਆ ਦਾ ਪਾਣੀ ਲਹੂ-ਲੁਹਾਨ ਹੋ ਗਿਆ ਸੀ।

**ਸਭਰਾਉਂ ਦੀ ਜੰਗ 10 ਫਰਵਰੀ 1846**

28 ਜਨਵਰੀ 1846 ਤੋਂ 9 ਫਰਵਰੀ 1846 ਤੱਕ ਲੜਾਈ ਲੱਗਭਗ ਬੰਦ ਹੀ ਰਹੀ। ਦੋਹਾਂ ਧਿਰਾਂ ਵਿਚ ਆਗਾਮੀ ਮੋਰਚੇ ਦੀ ਵਿਉਂਤ ਅਤੇ ਯੁੱਧ ਨੀਤੀ ਬਾਰੇ ਸੋਚ ਵਿਚਾਰ ਚੱਲ ਰਹੀ ਸੀ।

ਲਾਹੌਰ ਦਰਬਾਰ ਦੇ ਆਗੂ ਤਾਂ ਮਾਨਸਿਕ ਤੌਰ ਤੇ ਪਹਿਲਾਂ ਹੀ ਹਾਰ ਮੰਨੀ ਬੈਠੇ ਸਨ। ਉਨ੍ਹਾਂ ਦਾ ਇਕੋ ਇਕ ਨਿਸ਼ਾਨਾ ਤਾਂ ਖਾਲਸਾ ਫ਼ੌਜ ਨੂੰ ਪੱਕੇ ਤੌਰ ਤੇ ਤਬਾਹ ਕਰਨਾ ਸੀ। ਕੋਈ ਵੀ ਅਜਿਹਾ ਸੈਨਿਕ ਆਗੂ ਤੇ ਰਾਜਨੀਤਿਕ ਸੂਝ-ਬੂਝ ਵਾਲਾ ਦੂਰਦਰਸ਼ੀ ਸੋਚ ਰੱਖਣ ਵਾਲਾ ਨੇਤਾ ਨਜ਼ਰੀਂ ਨਹੀਂ ਸੀ ਪੈਂਦਾ। ਲਾਲ ਸਿੰਘ ਤੇ ਤੇਜ ਸਿੰਘ ਦੀ ਗਦਾਰੀ ਦੀਆਂ ਕਰਤੂਤਾਂ ਮੁਦਕੀ, ਫਿਰੋਜ਼ਸ਼ਾਹ ਦੀਆਂ ਜੰਗਾਂ ਵਿਚ ਪਹਿਲਾਂ ਹੀ ਨਸ਼ਰ ਹੋ ਚੁੱਕੀਆਂ ਸਨ।

ਅੰਗਰੇਜ਼ਾਂ ਦੇ ਪਿੱਠੂ ਤੇ ਚਲਾਕ ਰਾਜਾ ਗੁਲਾਬ ਸਿੰਘ ਨੂੰ ਵਜ਼ੀਰੀ ਦੀ ਪਦਵੀਂ ਦੇ ਦਿੱਤੀ ਗਈ ਜੋ ਪਹਿਲਾਂ ਤਾਂ ਮੂੰਹ ਰੱਖਵੀਂ ਨਾ ਨੁਕਰ ਕਰਦਾ ਰਿਹਾ ਪਰ ਪਿਛੋ



Sri Satguru Jagjit Singh Ji Elibrary NamdhariElibrary@gmail.com

ਆਪਣੀ ਬੇਈਮਾਨੀ ਵਾਲੀ ਕੂਟਨੀਤੀ ਤੇ ਅੰਗਰੇਜ਼ਾਂ ਵਲੋਂ ਮਿਲਣ ਵਾਲੇ ਫਲ ਦੀ ਝਾਕ ਵਿਚ ਇਸ ਪਦਵੀ ਨੂੰ ਸਵੀਕਾਰ ਕਰਨਾ ਮੰਨ ਗਿਆ।

ਮਹਾਰਾਣੀ ਜਿੰਦਾ ਤੇ ਨਾਬਾਲਗ ਦਲੀਪ ਸਿੰਘ ਦੀ ਹਾਲਤ ਤਾਂ ਬੜੀ ਕਸੂਤੀ ਤੇ ਵਿਚਾਰਗੀ ਵਾਲੀ ਸੀ। ਸਿੱਖ ਰਾਜ ਦਾ ਬੇੜਾ ਰੁੜਦਾ ਵੇਖ ਕੇ ਉਹ ਕਿਸੇ ਵੀ ਅਣਹੋਣੀ ਨੂੰ ਪ੍ਰਵਾਨ ਕਰਨ ਲਈ ਮਜਬੂਰ ਸਨ। ਸੋ ਜੋ ਕੋਈ ਅੰਤਿਮ ਮੋਰਚੇ ਲਈ ਤਿਆਰੀ ਕੀਤੀ ਜਾ ਰਹੀ ਸੀ ਤਾਂ ਉਹ ਬੜੀ ਬੇਦਿਲੀ ਵਾਲੀ ਹਾਲਤ ਹੀ ਸੀ।

ਦੂਜੇ ਬੰਨ੍ਹੇ ਅੰਗਰੇਜ਼ ਗਵਰਨਰ ਜਨਰਲ, ਉਨ੍ਹਾਂ ਦਾ ਸੈਨਾਪਤੀ ਹੈਨਰੀ ਗਫ ਤੇ ਮੇਜਰ ਡਿਕ ਬੜੇ ਹੰਢੇ ਹੋਏ ਫੌਜੀ ਜਰਨੈਲ ਸਨ। ਉਨ੍ਹਾਂ ਦਾ ਨਿਸ਼ਾਨਾ ਪੂਰੀ ਸੈਨਿਕ ਤਿਆਰੀ ਨਾਲ ਅਤੇ ਵਿਉਂਤਬੰਦ ਯੁੱਧ ਨੀਤੀ ਨਾਲ ਖਾਲਸਾ ਸੈਨਾ ਉਤੇ ਅੰਤਿਮ ਵਿਜੈ ਪ੍ਰਾਪਤ ਕਰਨਾ ਸੀ।

ਗਦਾਰ ਤੇ ਸਵਾਰਥੀ ਸਿੱਖ-ਆਗੂ ਅੰਤਿਮ ਯੁੱਧ ਨੀਤੀ ਬਾਰੇ ਵੀ ਅੰਗਰੇਜ਼ਾਂ ਨੂੰ ਗੁਪਤ ਸੂਚਨਾਵਾਂ ਭੇਜ ਰਹੇ ਅਤੇ ਉਨ੍ਹਾਂ ਤੋਂ ਇਸ ਅੰਤਿਮ ਮੋਰਚੇ ਦੇ ਸੰਬੰਧ ਵਿਚ ਹਦਾਇਤਾਂ ਲੈ ਰਹੇ ਸਨ। ਉਨ੍ਹਾਂ ਨੂੰ ਪੂਰਾ ਮੌਕਾ ਦੇ ਰਹੇ ਸਨ ਕਿ ਦਿੱਲੀ ਤੇ ਹੋਰ ਥਾਵਾਂ ਤੋਂ ਉਨ੍ਹਾਂ ਦੀ ਤਾਜ਼ਾ ਦਮ ਫੌਜ ਆ ਜਾਵੇ ਅਤੇ ਭਾਰੀਆਂ ਤੋਪਾਂ ਤੇ ਹੋਰ ਗੋਲਾ ਬਾਰੂਦ ਵੀ ਪਹੁੰਚ ਜਾਵੇ।

ਇਸ ਸੰਬੰਧ ਵਿੱਚ ਕਾਵਿ ਮਟਕ ਲਿਖਦਾ ਹੈ :

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।
ਰਣਿ ਵਿੱਚ ਪਿੱਠ ਵਿਖਾਇ ਕੇ, ਮੋਢਾ ਆਏ ਫੇਰ।
ਮੋਢਾ ਆਏ ਫੇਰ, ਮੂਜੀ ਸਰਦਾਰ ਸਦਾਵਨ।

ਅਜਿਹੇ ਅਣਸੁਖਾਵੇਂ ਤੇ ਬਿਖਮ ਹਾਲਤਾਂ ਵਿਚ ਹੀ ਸਭਰਾਉਂ ਦੀ ਜੰਗ ਹੋਈ। ਜਦੋਂ ਖਾਲਸਾ ਸੈਨਾ ਸਤਲੁਜ ਦੇ ਕੰਢੇ ਆਪਣੇ ਆਪ ਨੂੰ ਇਸ ਅੰਤਿਮ ਲੜਾਈ ਬਾਰੇ ਤਿਆਰ ਕਰ ਰਹੀ ਸੀ ਤਾਂ ਕੁਝ ਸੱਚੇ ਦੇਸ਼ ਭਗਤ ਸੈਨਿਕ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਰਗੇ ਬਿਰਧ ਦੇਸ਼ ਭਗਤ ਜਰਨੈਲ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ ਆਪਣੇ ਦ੍ਰਿੜ ਇਰਾਦੇ ਨੂੰ ਦੁਸ਼ਮਣ ਵਿਰੁੱਧ ਪਰਗਟ ਕਰ ਰਹੇ ਸਨ ਕਿਉਂ ਜੋ ਖਾਲਸਾ ਰਾਜ ਦੀ ਸੁਤੰਤਰਤਾ ਖੁਸ ਜਾਣ ਦਾ ਖਤਰਾ ਸਿਰ ਤੇ ਮੰਡਰਾ ਰਿਹਾ ਸੀ। ਅਲੀਵਾਲ ਦੀ ਲੜਾਈ ਵਿਚ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਸਤਲੁਜ ਦੇ ਪਾਣੀ ਵਿਚੋਂ ਦੀ ਤਰਦੀਆਂ ਲੰਘ ਰਹੀਆਂ ਸਨ। ਸ਼ਾਹ ਮੁਹੰਮਦ ਲਿਖਦਾ ਹੈ :

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ
ਕੋਈ ਅਕਲ ਦਾ ਕਰੋ ਇਲਾਜ ਯਾਰੋ
ਛੇਡ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗਾ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।



Sri Satguru Jagjit Singh Ji Elibrary NamdhariElibrary@gmail.com

ਮੁੱਠੀ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ
ਕਦੀ ਰਾਜ ਨਾ ਕੋਇ ਮੁਥਾਜ ਯਾਰੋ

(ਜੰਗਨਾਮਾ ਸ਼ਾਹ ਮੁਹੰਮਦ ਬੰਦ - 88)

ਇਸ ਜੰਗ ਵਿਚ ਇਹ ਸੰਦੇਸ਼ ਦੇਣ ਵਾਲਾ ਸਾਇਦ ਇਕੱਲਾ ਹੀ ਵਰਿਆਮ ਯੋਧਾ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਸੀ ਜੋ 80 ਸਾਲ ਦੀ ਬਿਰਧ ਵਰੇਸ਼ ਵਿਚ ਆਪਣੀ ਦੇਸ਼ ਭਗਤੀ ਤੇ ਰਾਜ ਭਗਤੀ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੀ ਸਾਕਾਦਾਰੀ ਦਾ ਸੱਚਾ ਸਬੂਤ ਦੇ ਰਿਹਾ ਸੀ ਪਰ ਆਮ ਕਿਰਤੀ ਕਿਰਸਾਨਾਂ ਤੇ ਜਨਤਾ ਵਿਚੋਂ ਸਾਧਾਰਨ ਸੈਨਿਕ ਵੀ ਦੇਸ਼ ਦੀ ਸੁਤੰਤਰਤਾ ਖ਼ਾਤਰ ਵੱਡੇ ਤੋਂ ਵੱਡੇ ਬਲੀਦਾਨ ਦੇਣ ਨੂੰ ਤਿਆਰ ਸਨ। ਆਮ ਜਨਤਾ ਤੇ ਅਣਗਿਣਤ ਖਾਲਸਾ ਸੈਨਿਕ ਵਿਚ ਵੀ ਅਜਿਹੀ ਦੇਸ਼ ਭਗਤੀ ਦੀ ਭਾਵਨਾ ਮੌਜੂਦ ਸੀ। ਆਮ ਲੋਕਾਂ ਦਾ ਜ਼ਜ਼ਬਾ ਫਰੰਗੀਆਂ ਦੇ ਵਿਰੁੱਧ ਸੀ। ਕਿਸਾਨਾਂ ਨੇ ਤਾਂ ਅੰਗਰੇਜ਼ੀ ਫ਼ੌਜ ਨੂੰ ਆਪਣੇ ਦਾਣੇ ਅਤੇ ਚਾਰਾ ਵੇਚਣ ਤੋਂ ਵੀ ਇਨਕਾਰ ਕਰ ਦਿੱਤਾ ਸੀ।

[1*]10 ਫਰਵਰੀ 1846 ਤੋਂ 2 ਦਿਨ ਪਹਿਲਾਂ ਬਾਰਸ਼ ਤੇ ਬੱਦਲਾਂ ਦੇ ਕਾਰਨ ਇਸ ਯੁੱਧ ਖੇਤਰ ਵਿਚ ਧੁੰਦ ਛਾਈ ਰਹੀ। ਸੀਤਾ ਰਾਮ ਕੋਹਲੀ ਨੇ ਕਨਿੰਘਮ ਤੇ ਪੰਜਾਬ ਚੀਫਸ ਦੇ ਲੇਖਕ ਔਲ ਗਰਿਫਨ ਦੇ ਹਵਾਲੇ ਨਾਲ ਲਿਖਿਆ ਹੈ ਕਿ ਲਾਲ ਸਿੰਘ ਦਾ ਮੁਨਸ਼ੀ ਸ਼ਮਸੁੱਦੀਨ ਕਸੂਰੀਆ 8 ਫਰਵਰੀ 1846 ਨੂੰ ਅਰਥਾਤ ਲੜਾਈ ਤੋਂ ਦੋ ਦਿਨ ਪਹਿਲਾਂ ਮੇਜਰ ਲਾਰੰਸ ਦੇ ਪਾਸ ਜਾ ਪੁੱਜਾ ਅਤੇ ਆਪਣੇ ਮਾਲਕ ਲਾਲ ਸਿੰਘ ਵਲੋਂ ਸਿੱਖ ਫ਼ੌਜ ਦੀ ਤਰਤੀਬ ਦਾ ਵੇਰਵਾ-ਪੂਰਤ ਨਕਸ਼ਾ ਪੇਸ਼ ਕਰ ਦਿੱਤਾ ਸੋ ਧਾਵਾ ਕਰਨ ਵੇਲੇ ਇਹ ਗੱਲ ਅੰਗਰੇਜ਼ਾਂ ਦੇ ਬਹੁਤ ਕੰਮ ਆਈ।"

ਦੂਜੇ, ਖਾਲਸਾ ਸੈਨਾ ਦੀ ਮੋਰਚਾਬੰਦੀ ਵੀ ਅਜਿਹੇ ਢੰਗ ਨਾਲ ਕੀਤੀ ਗਈ ਕਿ ਉਨ੍ਹਾਂ ਨੂੰ ਘੋੜੇ ਦੀ ਖੁਰੀ ਸਮਾਨ ਸੀਮਤ ਕਰ ਦਿੱਤਾ ਗਿਆ ਭਾਵੇਂ ਪਿਛੋਂ ਬੇੜੀਆਂ ਦੇ ਪੁੱਲ ਰਾਹੀਂ ਸਤਲੁਜ ਦੇ ਦੂਜੇ ਕੰਢੇ ਨਾਲ ਜੋੜ ਵੀ ਦਿੱਤਾ ਗਿਆ ਸੀ।

[2*]ਅਜਿਹੇ ਹਵਾਲੇ ਵੀ ਮਿਲਦੇ ਹਨ ਕਿ ਜੰਗ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲ ਸ੍ਰ. ਤੇਜ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਕੋਲ ਆਇਆ ਅਤੇ ਕਹਿਣ ਲੱਗਾ ਕਿ ਤੁਸੀਂ ਵੀ ਸਾਡੇ ਨਾਲ ਪਹਿਲੀ ਗੋਲੀ ਚਲਣ ਸਾਰ ਮੈਦਾਨਿ-ਜੰਗ ਵਿਚੋ ਭੱਜ ਚਲੋ ਕਿਉਂ ਜੋ ਦਰਬਾਰ ਨੇ ਇਹੀ ਫ਼ੈਸਲਾ ਕਰ ਰਖਿਆ ਹੈ। ਬਹਾਦਰ ਨਿਮਕ-ਹਲਾਲ ਅਤੇ ਗੁਰੂ ਦੇ ਪਿਆਰੇ ਅਟਾਰੀ ਵਾਲੇ ਸਰਦਾਰ ਨੇ ਇਸ ਪੂਰਬੀਏ ਅਫ਼ਸਰ

[1*] ਸੀਤਾ ਰਾਮ ਕੋਹਲੀ, ਵਾਰ ਸ਼ਾਹ ਮੁਹੰਮਦ, ਪੰਨਾ 84

[2*] ਸ. ਖੁਸ਼ਵੰਤ ਸਿੰਘ, ਸਿੱਖ ਹਿਸਟਰੀ 1469-1988, ਪੰਜਾਬੀ ਅਨੁਵਾਦ, ਪੰਨਾ 242



Sri Satguru Jagjit Singh Ji Elibrary NamdhariElibrary@gmail.com

(ਇਹ ਜ਼ਾਤ ਦਾ ਗੌੜ ਬ੍ਰਾਹਮਣ ਤੇ ਪੂਰਬ ਦੇਸ਼ ਦੇ ਰਹਿਣ ਵਾਲਾ ਸੀ) ਵਲ ਇਕ ਵਾਰ ਘ੍ਰਿਣਾ ਭਰੀ ਨਜ਼ਰ ਨਾਲ ਵੇਖਿਆ ਅਤੇ ਫਿਰ ਮੂੰਹ ਮੋੜ ਲਿਆ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤੇ ਕੁਝ ਕੁ ਪਾਠ ਸੁਣਿਆ। ਉਸ ਦੇ ਉਪਰੰਤ ਅਰਦਾਸ ਕਰਨ ਵੇਲੇ ਇਹ ਪ੍ਰਣ ਕੀਤਾ ਕਿ ਜੇ ਖਾਲਸਾ ਫ਼ੌਜ ਨੇ ਜੰਗ ਜਿੱਤ ਲਈ ਤਾਂ ਠੀਕ ਨਹੀਂ ਤਾਂ ਜਿਊਂਦਾ ਰਣ-ਭੂਮੀ ਵਿਚੋਂ ਪਰਤ ਕੇ ਨਹੀਂ ਜਾਵਾਂਗਾ।"1

ਕਦੇ ਨਾ ਨੱਠੇ ਯੁੱਧ ਤੋਂ ਯੋਧੇ ਜੁਝਾਰੇ (ਗੁਰੂ ਗੋਬਿੰਦ ਸਿੰਘ ਚੰਡੀ ਦੀ ਵਾਰ)

ਜਦੋਂ 10 ਫਰਵਰੀ ਨੂੰ ਧੁੰਦ ਸਾਫ ਹੋਈ ਤਾਂ ਦੋਹਾਂ ਪਾਤਸ਼ਾਹੀਆਂ ਦੀਆਂ ਭਾਰੀਆਂ ਫੌਜਾਂ ਦਾ ਟਾਕਰਾ ਸ਼ੁਰੂ ਹੋਇਆ, ਜਿਸ ਦੇ ਕੁਝ ਬੀਰ ਭਾਵੀ ਵਰਣਨ ਕੌਮੀ ਕਵੀ ਸ਼ਾਹ ਮੁਹੰਮਦ ਨੇ ਆਪਣੀ ਅਮਰ ਰਚਨਾ 'ਜੰਗਨਾਮਾ' ਵਿਚ ਦਿੱਤੇ ਹਨ :

ਆਈਆਂ ਪਲਟਨਾਂ ਬੀੜ ਕੇ ਤੋਪਖ਼ਾਨੇ
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ
ਬੰਨ੍ਹ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ। (90)
ਪਏ ਬਾਂਵਿਓਂ ਹੋਇ ਕੇ ਫੇਰ ਗੋਰੇ,
ਫ਼ਰਾਂਸੀਸ ਤੇ ਜਿੱਥੇ ਸੀ ਚਾਰ ਯਾਰੀ
ਕੁੰਡਲ ਘੱਤਿਆ ਵਾਂਗ ਕਮਾਨ ਗੋਸ਼ੇ,
ਬਣੀ ਆਣ ਸਰਦਾਰਾਂ ਨੂੰ ਬਹੁਤ ਖੁਆਰੀ।
ਤੇਜ ਸਿੰਘ ਸਰਦਾਰ ਪੁੱਲ ਵੱਢ ਦਿੱਤਾ,
ਘਰੀਂ ਨੱਸ ਨਾ ਜਾਇ ਇਹ ਫ਼ੌਜ ਸਾਰੀ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਫੇਰ ਪਿਆਰੀ। (91)
ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੋੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ
ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।



Sri Satguru Jagjit Singh Ji Elibrary NamdhariElibrary@gmail.com

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। (92)

ਵੱਖ ਵੱਖ ਇਤਿਹਾਸਕਾਰਾਂ ਵੱਲੋਂ ਦਿੱਤੇ ਹੋਏ ਵੇਰਵੇ ਵੀ ਸ਼ਾਹ ਮੁਹੰਮਦ ਦੇ ਇਨ੍ਹਾਂ ਕਾਵਿ ਕਥਨਾਂ ਦੀ ਪੁਸ਼ਟੀ ਕਰਦੇ ਹਨ। 1*ਕਨਿੰਘਮ ਦੇ ਕਥਨ ਅਨੁਸਾਰ :

ਉਸਦੇ (ਸ਼ਾਮ ਸਿੰਘ ਦੇ) ਦੂਜੇ ਸਾਥੀ ਉਨ੍ਹਾਂ ਉਚੇ ਮੁਨਾਰਿਆਂ ਉਤੇ ਖੜੇ ਦਿਖਾਈ ਦਿੰਦੇ ਸਨ ਜਿੱਥੇ ਗੋਲਿਆਂ ਦਾ ਲਗਾਤਾਰ ਮੀਂਹ ਵਰ੍ਹ ਰਿਹਾ ਸੀ। ਇਹ ਲੋਕ ਆਪਣੀਆਂ ਤਲਵਾਰਾਂ ਹਿਲਾ ਹਿਲਾ ਕੇ ਟਾਕਰਾ ਕਰ ਰਹੇ ਸਨ ਜਾਂ ਆਪਣੇ ਤੋਪਚੀਆਂ ਨੂੰ ਦਸ ਰਹੇ ਸਨ ਕਿ ਕਿੱਥੇ ਕਿੱਥੇ ਚਿਟੀ ਚਮੜੀ ਵਾਲੇ ਅੰਗਰੇਜ਼ਾਂ ਦਾ ਜਮਘਟਾ ਹੋ ਰਿਹਾ ਹੈ। ਮੁਨਾਰਿਆਂ ਦੇ ਮਜ਼ਬੂਤ ਭਾਗ ਦੇ ਨਾਲ ਨਾਲ ਅੱਧੇ ਘੰਟੇ ਤੀਕ ਬੜੀ ਹੀ ਖ਼ੌਫ਼ਨਾਕ ਤੇ ਕਿਆਮਤ ਮਚਾਊ ਜੰਗ ਲੜੀ ਗਈ। ਮੁਨਾਰੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੀਕ ਲਹੂ ਨਾਲ ਭਿੱਜੇ ਪਏ ਸਨ। ਖੰਦਰਾਂ ਤੇ ਮੋਰਚੇ ਬੰਦੀਆਂ, ਮੁਰਦਿਆਂ ਤੇ ਸਹਿਕਦਿਆਂ ਜਵਾਨਾਂ ਦੀਆਂ ਲਾਸ਼ਾਂ ਨਾਲ ਭਰੀਆਂ ਪਈਆਂ ਸਨ। ਤੋਪਾਂ ਦੇ ਸ਼ੂਕਦੇ ਗੋਲਿਆਂ ਦੇ ਕੰਨਾਂ ਦੇ ਪੜ੍ਹਦੇ-ਪਾੜੂ ਸ਼ੋਰ ਤੇ ਬੰਦੂਕਾਂ ਦੀਆਂ ਅਣਗਿਣਤ ਗੋਲੀਆਂ ਦੇ ਮੀਂਹ ਵਿਚਾਲੇ ਅਜੇ ਵੀ ਫਤਹ ਦੇ ਨਾਹਰੇ ਸੁਣੇ ਜਾ ਰਹੇ ਸਨ। ਅਣਗਿਣਤ ਚਮਕਦੀਆਂ ਹੋਈਆਂ ਤਲਵਾਰਾਂ ਦਾ ਚਮਕਾਰਾ ਅਜੇ ਵੀ ਵਿਖਾਈ ਦੇ ਜਾਂਦਾ ਸੀ। ਕਦੇ ਕਦੇ ਅੱਗ ਲੱਗਣ ਨਾਲ ਬਾਰੂਦ ਦੇ ਧਮਾਕੇ ਵੀ ਸੁਣਾਈ ਦਿੰਦੇ। ਗੋਲਿਆਂ ਦੇ ਫਟਣ ਲਕੜਾਂ ਅਤੇ ਮਿਟੀ ਦੇ ਢੇਰਾਂ ਦੇ ਆਕਾਸ਼ ਵੱਲ ਉਡਨ ਕਰਕੇ ਆਕਾਸ਼ ਸ਼ੋਹਲਿਆਂ ਤੇ ਧੂਏਂ ਮਿੱਟੀ ਨਾਲ ਭਰ ਚੁੱਕਾ ਸੀ, ਜਿਸ ਨੇ ਲੜਾਕੇ ਫੌਜੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਇਕ ਪਲ ਲਈ ਸਭ ਦਾ ਧਿਆਨ ਆਪਣੇ ਵੱਲ ਖਿਚ ਲਿਆ ਸੀ। ਇਹ ਸੀ ਉਸ ਮਹਾਂ ਭਿਆਨਕ ਜੰਗ ਦਾ ਇਕ ਨਜ਼ਾਰਾ ਜੋ ਮੈਦਾਨੇ ਜੰਗ ਵਿਚ ਲੜੀ ਜਾ ਰਹੀ ਸੀ ਪਰ ਹੌਲੀ ਹੌਲੀ ਹਰ ਉਸ ਪੁਜ਼ੀਸ਼ਨ ਉਤੇ ਕਬਜ਼ਾ ਕਰ ਲਿਆ ਗਿਆ ਜਿਥੇ ਕਿ ਵੈਰੀ ਸਿੰਘ ਟਾਕਰਾ ਕਰ ਸਕਦ ਸੀ। ਸਿੱਖ ਫ਼ੌਜਾਂ ਨੂੰ ਉਸ ਦਰਿਆ ਦੇ ਕੰਢੇ ਵਲ ਧਕੇਲ ਦਿੱਤਾ ਜਿਸ ਨੂੰ ਪਾਰ ਕਰਨਾ ਅਤਿ ਕਠਿਨ ਸੀ। ਇਸ ਗਲ ਦੇ ਬਾਵਜੂਦ ਕਿ ਘੋੜ ਸਵਾਰਾਂ ਦੇ ਦਸਤੇ ਤੇ ਪੈਦਲ ਫ਼ੌਜਾਂ ਦੀਆਂ ਬਟਾਲੀਅਨਾਂ ਦੋ ਤਰਫ਼ਾਂ ਹਮਲਾ ਕਰ ਰਹੀਆਂ ਸਨ ਇਕ ਵੀ ਸਿੱਖ ਨੇ ਹਾਰ ਮੰਨਣੀ ਕਬੂਲ ਨਾ ਕੀਤੀ ਤੇ ਨਾ ਗੁਰੂ ਗੋਬਿੰਦ ਸਿੰਘ ਦੇ ਕਿਸੇ ਸਿੱਖ ਨੇ ਅੰਗਰੇਜ਼ਾਂ ਦੀ ਸ਼ਰਨ ਆਉਣਾ ਪ੍ਰਵਾਨ ਕੀਤਾ। ਉਨ੍ਹਾਂ ਨੇ ਵਿਜਈਆਂ ਦਾ ਕਦਮ ਕਦਮ ਉਤੇ ਟਾਕਰਾ ਕੀਤਾ। ਉਨ੍ਹਾਂ ਵਿਚੋਂ ਕੁਝ ਤੇ ਜੰਗ

1* ਕਨਿੰਘਮ ਸਿੱਖ ਇਤਿਹਾਸ, ਪੰਜਾਬੀ ਅਨੁਵਾਦ, ਪੰਨਾ 330-331

1* ਡਾ. ਗੋਪਾਲ ਸਿੰਘ, ਹਿਸਟਰੀ ਆਫ ਦ ਸਿੱਖ ਪੀਪਲ (1469-1978), ਪੰਨਾ 558



Sri Satguru Jagjit Singh Ji Elibrary NamdhariElibrary@gmail.com

ਕੈਦੀ ਬਣਾ ਲਏ ਗਏ ਅਤੇ ਕਈ ਇਕ ਇਕ ਕਰਕੇ ਮੈਦਾਨ ਵਿਚ ਕੁੱਦ ਪਏ ਤੇ ਹਜ਼ਾਰਾਂ ਦਾ ਟਾਕਰਾ ਕਰਦੇ ਰਣ-ਤੱਤੇ ਵਿਚ ਢੇਰੀ ਹੋ ਗਏ। ਅੰਗਰੇਜ਼, ਸਿੰਘਾਂ ਦੀ ਦਲੇਰੀ ਤੇ-ਵਰਿਆਮਗੀ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ ਕਿ ਇਹ ਲੋਕ ਕਿਵੇਂ ਕੋਈ ਚਾਰਾ ਨਾ ਚਲਦਾ ਵੇਖ ਕੇ ਵੀ ਜੰਗ ਕਰੀ ਜਾਂਦੇ ਤੇ ਹੱਸ ਹੱਸ ਮੌਤ ਨਾਲ ਗਲਵਕੜੀ ਪਾ ਰਹੇ ਸਨ। ਪਰ ਲੀਡਰਾਂ ਦੀ ਗਿਣੀ ਸਿਖੀ ਪਾਲਿਸੀ ਉੱਤੇ ਅਜੇ ਅਮਲ ਹੋਣਾ ਬਾਕੀ ਸੀ। ਉਨ੍ਹਾਂ ਅੰਗਰੇਜ਼ਾਂ ਨੇ ਕਤਲ ਹੋਏ ਫ਼ੌਜੀਆਂ ਦੇ ਢੇਰਾਂ ਵਿਚ ਖੜੇ ਹੋ ਕੇ ਉਨ੍ਹਾਂ ਤੋਪਖਾਨੇ ਦੇ ਦਸਤਿਆਂ ਨੂੰ ਸਤਿਲੁਜ ਦਰਿਆ ਪਾਣੀ ਤੀਕ ਧਕ ਲਿਆਂਦਾ ਤਾਂ ਜੋ ਉਸ ਸਿੱਖ ਫ਼ੌਜ ਨੂੰ ਮੁਕੰਮਲ ਤੌਰ ਉਤੇ ਤਬਾਹ ਕਰ ਦਿੱਤਾ ਜਾਏ ਜਿਸ ਨੇ ਉਨ੍ਹਾਂ ਦੀ ਤਾਕਤ ਦਾ ਐਨੀ ਦੇਰ ਤੀਕ ਮਜ਼ਾਕ ਉਡਾਇਆ ਸੀ। ਇਨ੍ਹਾਂ ਜਿੰਦਾ ਸੂਰਮਿਆਂ ਨੂੰ ਦਰਿਆ ਨੇ ਆਪਣੇ ਅੰਦਰ ਸਮੋ ਲਿਆ ਤੇ ਇਸ ਦੀਆਂ ਲਹਿਰਾਂ ਸਿੱਖਾਂ ਦੀਆਂ ਮੁਰਦਾ ਲਾਸ਼ਾਂ ਨਾਲ ਭਰ ਗਈਆਂ ਅਤੇ ਇਸ ਦਾ ਪਾਣੀ ਲਹੂ ਨਾਲ ਲਾਲ ਹੋ ਗਿਆ। ਇਸ ਤਰ੍ਹਾਂ ਇਹ ਜਵਾਨ ਅਮਰ ਪ੍ਰਸਿੱਧੀ ਦੇ ਹੱਕਦਾਰ ਬਣੇ। ਇਸ ਜੰਗ ਦਾ ਜੋ ਸਿੱਟਾ ਨਿਕਲਨਾ ਸੀ, ਉਹ ਦੋਹਾਂ ਧਿਰਾਂ ਵਲੋਂ ਪੂਰਵ ਨਿਸ਼ਚਿਤ ਹੀ ਸੀ। ਖਾਲਸਾ ਸੈਨਾ ਦੀ ਹਾਰ ਤਾਂ ਸੁਯੋਗ ਆਗੂ ਜਾਂ ਇਕ ਸਰਕਾਰ ਬਾਝੋਂ (ਮਹਾਰਾਜਾ ਰਣਜੀਤ ਸਿੰਘ) ਦੇ ਕਾਰਨ ਹੋਈ। ਲਾਲ ਸਿੰਘ, ਤੇਜ ਸਿੰਘ ਤੇ ਗੁਲਾਬ ਸਿੰਘ ਵਰਗੇ ਗ਼ੱਦਾਰ ਇਸ ਹਾਰ ਦੇ ਮੁੱਖ ਦੋਸ਼ੀ ਸਨ ਪਰ ਖਾਲਸਾ ਸੈਨਾ ਦੇ ਬਹਾਦਰ ਯੋਧਿਆਂ ਨੇ ਅਦੁਤੀ ਦ੍ਰਿੜਤਾ ਅਤੇ ਬੀਰਤਾ ਦੀ ਜੋ ਬੇਮਿਸਾਲ ਉਦਾਹਰਣ ਇਸ ਲੜਾਈ ਵਿਚ ਪੇਸ਼ ਕੀਤੀ; ਦੁਸ਼ਮਣ ਵੀ ਉਸ ਨੂੰ ਵੇਖ ਕੇ ਹੈਰਾਨ ਤੇ ਮੂਕ ਜ਼ਬਾਨ ਵਿਚ ਪ੍ਰਸ਼ੰਸਾ ਕਰ ਰਹੇ ਸਨ। ਅੰਗਰੇਜ਼ੀ ਸੈਨਾ ਦੇ ਕਮਾਂਡਰ-ਇਨ-ਚੀਫ ਲਾਰਡ ਗੱਫ਼ ਦਾ ਆਪਣਾ ਬਿਆਨ ਹੈ – 1*"ਮੇਰਾ ਅਹੁੱਦਾ ਅਤੇ ਮੇਰੀ ਪਦਵੀ ਇਸ ਗੱਲੋਂ ਵਰਜਦੇ ਸਨ ਕਿ ਮੈਂ ਸਿੱਖ ਫ਼ੌਜ ਦੀ ਉਸ ਸ਼ਾਨਦਾਰ ਬਹਾਦਰੀ, ਹੁਸ਼ਿਆਰੀ ਅਤੇ ਸ਼ਰਧਾ ਦਾ ਆਪਣੀਆਂ ਲਿਖਤਾਂ ਵਿਚ ਜ਼ਿਕਰ ਕਰਦਾ ਜਿਸ ਨਾਲ ਉਨ੍ਹਾਂ ਨੇ ਸਾਡੀ ਫ਼ੌਜ ਦਾ ਮੁਕਾਬਲਾ ਕੀਤਾ ਜਾਂ ਉਨ੍ਹਾਂ ਸ਼ਖ਼ਸੀ ਬਹਾਦਰੀਆਂ ਨੂੰ ਵਰਣਨ ਕਰਦਾ ਜੋ ਉਨ੍ਹਾਂ ਦੇ ਕੁਝ ਕੁ ਸਿਪਾਹੀਆਂ ਅਤੇ ਸਰਦਾਰਾਂ ਨੇ ਇਨ੍ਹਾਂ ਮੌਕਿਆਂ ਉਤੇ ਦਿਖਾਈਆਂ ਸਨ। ਜੇ ਇਸ ਮੌਕੇ 'ਤੇ ਮੈਨੂੰ ਸੱਚੇ ਦਿਲੋਂ ਇਹ ਵਿਸ਼ਵਾਸ ਨਾ ਹੁੰਦਾ ਜਾਂ ਮੇਰੇ ਅੰਦਰ ਇਹ ਵਲਵਲਾ ਨਾ ਹੁੰਦਾ ਕਿ ਮੇਰੀ ਕੌਮ ਅਤੇ ਮੇਰੇ ਦੇਸ਼ ਦੀ ਭਲਾਈ ਲਈ ਇਹ ਜ਼ਰੂਰੀ ਹੈ ਕਿ ਖ਼ਾਲਸਾ ਫ਼ੌਜ ਖ਼ਤਮ ਹੋ ਜਾਵੇ, ਮੈਂ ਸੱਚ ਕਹਿੰਦਾ ਹਾਂ ਕਿ ਇਸ ਪਰਕਾਰ ਦਾ ਜ਼ੁਲਮ-ਭਰਪੂਰ ਅਤੇ ਨਿਰਦੈਤਾ ਭਰਿਆ ਕਤਲ ਜੋ ਡੁੱਬਦੇ ਹੋਏ ਸਿੱਖਾਂ ਦਾ ਕੀਤਾ ਗਿਆ ਉਸ ਨੂੰ ਦੇਖ ਕੇ ਦਿਲ

1* ਸੀਤਾ ਰਾਮ ਕੋਹਲੀ, ਜੰਗਨਾਮਾ ਸ਼ਾਹ ਮੁਹੰਮਦ, ਪੰਨਾ 86



Sri Satguru Jagjit Singh Ji Elibrary NamdhariElibrary@gmail.com

ਖੋਲ੍ਹ ਕੇ ਰੋਂਦਾ। ਇਕ ਦੂਸਰੀ ਥਾਂ ਇਹੀ ਵੱਡਾ ਕਮਾਨ ਅਫ਼ਸਰ ਲਿਖਦਾ ਹੈ ਕਿ ਇਸ ਸਮੇਂ ਜੇ ਸਿੱਖਾਂ ਦੇ ਆਗੂ ਗ਼ੱਦਾਰ ਅਤੇ ਧੋਖੇ-ਬਾਜ਼ ਸਾਬਤ ਨਾ ਹੁੰਦੇ ਤਾਂ ਮੈਨੂੰ ਵਿਸ਼ਵਾਸ ਹੈ ਕਿ ਪੰਜਾਬ ਦੀਆਂ ਜੰਗਾਂ ਦਾ ਸਿੱਟਾ ਕੁਝ ਹੋਰ ਹੀ ਹੁੰਦਾ।"

[1]*ਸਭਰਾਉਂ ਦੀ ਜੰਗ ਵਿਚ 67 ਤੋਪਾਂ, 200 ਤੋਂ ਵੱਧ ਜੰਬੂਰਦੇ, ਅਣਗਿਣਤ ਝੰਡੇ ਤੇ ਬਹੁਤ ਸਾਰਾ ਜੰਗੀ ਸਾਮਾਨ ਅੰਗਰੇਜ਼ ਜੇਤੂ ਫ਼ੌਜਾਂ ਦੇ ਹੱਥ ਲੱਗਾ। 320 ਅੰਗਰੇਜ਼ ਫ਼ੌਜੀ ਰਣ ਖੇਤਰ ਵਿਚ ਮਾਰੇ ਗਏ, ਜਿਨ੍ਹਾਂ ਵਿਚ ਮੇਜਰ ਜਨਰਲ ਸਰ ਰਾਬਰਟ ਡਿਕ ਵੀ ਸੀ - - ਅੰਗਰੇਜ਼ਾਂ ਦੇ ਪਾਸੇ ਦੇ ਫੱਟੜ ਹੋਣ ਵਾਲਿਆਂ ਦੀ ਗਿਣਤੀ 2083 ਸੀ। ਖਾਲਸਾ ਸੈਨਾ ਦਾ ਨੁਕਸਾਨ ਵੀ ਬੇਅੰਤ ਹੋਇਆ। ਉਨ੍ਹਾਂ ਦੇ ਘੱਟੋ ਘੱਟ 8 ਤੋਂ 10 ਹਜ਼ਾਰ ਜਵਾਨ ਮਾਰੇ ਗਏ।

ਸਤਲੁਜ ਪਾਰ ਦੇ ਆਪਣੇ ਭਰਾਵਾਂ ਅਤੇ ਅੰਗਰੇਜ਼ਾਂ ਸੰਬੰਧੀ ਮਾਲਵੇ ਦੇ ਲੋਕਾਂ ਦਾ ਵਤੀਰਾ ਵੀ ਧਿਆਨ ਦੀ ਮੰਗ ਕਰਦਾ ਹੈ। ਇਸ ਇਲਾਕੇ ਦੇ ਅਣਗਿਣਤ ਜਗੀਰਦਾਰਾਂ, [2]*ਸਰਦਾਰਾਂ ਵਿਚੋਂ ਕੇਵਲ ਚਾਰ - ਪਟਿਆਲਾ, ਜੀਂਦ, ਫਰੀਦਕੋਟ ਅਤੇ ਛਛਰੌਲੀ ਨੇ ਦੁਸ਼ਮਣ ਨੂੰ ਪੂਰੀ ਪੂਰੀ ਸਹਾਇਤਾ ਦਿੱਤੀ। ਬਾਕੀ ਜਾਂ ਤਾਂ ਦੁਆਲੇ ਖੜੇ ਤਮਾਸ਼ਾ ਵੇਖਦੇ ਰਹੇ ਜਾਂ ਦਰਬਾਰ ਲਈ ਹਮਦਰਦੀ ਪ੍ਰਗਟ ਕੀਤੀ। ਦੋ ਮੁਸਲਮਾਨ ਨਵਾਬਾਂ ਵਿਚੋਂ ਮਲੇਰਕੋਟਲਾ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਮਮਦੋਟ ਨੂੰ ਭਾਵੇਂ ਜਗੀਰ ਦਾ ਲਾਲਚ ਦਿੱਤਾ ਗਿਆ ਸੀ ਤਾਂ ਵੀ ਉਸ ਨੇ ਆਪਣੇ ਭਾਈ ਨੂੰ ਇਜਾਜ਼ਤ ਦਿੱਤੀ ਕਿ ਫੀਰੋਜ਼ ਸ਼ਹਿਰ ਵਿਖੇ ਆਪਣੇ ਦਸਤਾ ਅੰਗਰੇਜ਼ਾਂ ਦੇ ਵਿਰੁੱਧ ਲਿਜਾਵੇ। ਆਮ ਲੋਕਾਂ ਦਾ ਜਜ਼ਬਾ ਫ਼ਰੰਗੀਆਂ ਦੇ ਵਿਰੁੱਧ ਸੀ।

ਬੇੜੀਆਂ ਦਾ ਪੁੱਲ ਤੋੜਨ ਵਾਲੇ ਤੇਜ ਸਿੰਘ ਵਰਗੇ ਗ਼ਦਾਰਾਂ ਦੀਆਂ ਕਾਲੀਆਂ ਕਰਤੂਤਾਂ ਉੱਤੇ ਸਤਲੁਜ ਦਾ ਸਿੰਘਾਂ ਦੇ ਖ਼ੂਨ ਨਾਲ ਲਾਲੋ ਲਾਲ ਹੋਇਆ ਪਾਣੀ ਪੰਜਾਬ ਦੀ ਹੋਣੀ ਉੱਤੇ ਰੱਤ ਦੇ ਹੰਝੂ ਕੇਰ ਰਿਹਾ ਸੀ ਅਤੇ ਲਾਲ ਸਿੰਘ ਤੇਜ ਸਿੰਘ ਤੇ ਗੁਲਾਬ ਸਿੰਘ ਵਰਗੇ ਦੇਸ਼ ਧ੍ਰੋਹੀਆਂ ਨੂੰ ਲਾਹਨਤਾਂ ਵੀ ਪਾ ਰਿਹਾ ਸੀ। ਇਸ ਸੰਬੰਧ ਵਿਚ ਸਮਕਾਲੀ ਕਵੀਆਂ ਮਟਕ ਤੇ ਸ਼ਾਹ ਮੁਹੰਮਦ ਦੇ ਹਵਾਲੇ ਇਸ ਜੰਗ ਦੇ ਪਿਛੋਕੜ ਤੇ ਸਿੱਟਿਆਂ ਨੂੰ ਭਲੀ ਭਾਂਤ ਉਜਾਗਰ ਕਰਦੇ ਹਨ :

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।
ਰਣ ਵਿਚ ਪਿੱਠ ਦਿਖਾਇ ਕੇ ਮੋਢਾ ਆਏ ਫੇਰ।
ਮੋਢਾ ਆਏ ਫੇਰ ਮੂਜ਼ੀ ਸਰਦਾਰ ਸਦਾਵਨ।
ਦੁਸ਼ਾਲੇ ਹੰਢਾਏ ਗਿਦੀਆਂ ਮੁਫ਼ਤ ਗੰਵਾਵਨ।
ਕਹਿਤ ਮਟਕ ਵਿਚ ਜਗਤ ਦੇ ਹੋਤੀ ਚਰਚ ਵਿਚਾਰ।

---

[1]* ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 486

[2]* ਸ. ਖੁਸ਼ਵੰਤ ਸਿੰਘ, ਸਿੱਖ ਹਿਸਟਰੀ (1469-1988), ਪੰਜਾਬੀ ਅਨੁਵਾਦ, ਪੰਨਾ 243



Sri Satguru Jagjit Singh Ji Elibrary NamdhariElibrary@gmail.com

ਲਾਲੂ ਤੇਜ ਨੱਠ ਕੇ ਆਏ ਪੀਠ ਦੀਖਾਰ।

ਇਹੋ ਕਵੀ ਸ. ਸ਼ਾਮ ਸਿੰਘ ਦੀ ਰਣ ਖੇਤਰ ਵਿਚ ਦਿਖਾਈ ਸੂਰਬੀਰਤਾ ਦਾ ਵਰਣਨ ਇਨ੍ਹਾਂ ਸ਼ਬਦਾਂ ਦੁਆਰਾ ਕਰਦਾ ਹੈ :

ਸ਼ਾਮ ਸਿੰਘ ਸਰਦਾਰ ਨੇ ਤੇਗ ਫੜੀ
ਅੰਗਰੇਜ਼ ਕੇ ਸੀਸ ਪਰ ਜਾਏ ਜੜੀ ਹੈ।
ਮੁੰਡ ਕਾਟ ਕੇ ਜਾਟ ਨਾ ਝਾਟ ਕੀਓ
ਦਮਕੀ ਦਲਿ ਮੈ ਰਣਿ ਹੋਰੀ ਕਰੀ ਹੈ।
ਚਮਕੀ ਚੜ੍ਹਿ ਊਪਰ ਗੋਰਨ ਕੇ
ਤਨ ਕਾਟ ਕੇ ਬਸਤਰ ਰੁਦਨ ਭਰੀ ਹੈ
ਮਟਿ ਰਾਇ ਜੁਆਨ ਮਦਾਨ ਲੜਾ
ਸਰਕਾਰ ਕੇ ਨਮਕ ਕੀ ਲਾਜ ਪੜੀ ਹੈ।

ਪੰਜਾਬ ਦਾ ਕੌਮੀ ਕਵੀ ਸ਼ਾਹ ਮੁਹੰਮਦ ਜੋ ਇਸ ਸਮਕਾਲੀ ਇਤਿਹਾਸ ਦਾ ਚਸ਼ਮਦੀਦ ਗਵਾਹ ਹੈ ਅਤੇ ਜਿਸ ਦੀ ਕਵਿਤਾ ਰਾਹੀਂ ਪੰਜਾਬ ਦੀ ਤੱਤਕਾਲਕ ਇਤਿਹਾਸਕ ਆਤਮਾ ਸਾਕਾਰ ਹੋਈ ਹੈ ਦੇ ਹੇਠ ਲਿਖੇ ਬੋਲ ਇਸ ਕਾਲ ਦੇ ਇਤਿਹਾਸਿਕ ਪ੍ਰਸੰਗ ਨੂੰ ਹੀ ਨਹੀਂ ਉਜਾਗਰ ਕਰਦੇ ਸਗੋਂ ਆਗਾਮੀ ਦੌਰ ਦੇ ਸਾਮਰਾਜਵਾਦੀ ਪਰਛਾਂਵਿਆਂ ਬਾਰੇ ਵੀ ਭਵਿੱਖ ਬਾਣੀ ਕਰਕੇ ਅੰਗਰੇਜ਼ਾਂ ਦੇ ਸਾਮਰਾਜਵਾਦੀ ਕਿਰਦਾਰ ਨੂੰ ਉਜਾਗਰ ਕਰ ਗਏ ਹਨ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਉਸ ਨੇ ਅੰਗਰੇਜ਼ਾਂ ਦੇ ਪ੍ਰਵੇਸ਼ ਨੂੰ 'ਤੀਜੀ ਜਾਤ' ਕਿਹਾ ਹੈ। ਜਿਨ੍ਹਾਂ ਵਿਚ ਆਪਣੀ ਗੋਰੀ ਨਸਲ ਹੋਣ ਦਾ ਅਭਿਮਾਨ ਅਤੇ ਪੱਛਮੀ ਸਭਿਅਤਾ ਦੇ ਪੂਰਵੀ ਸਭਿਅਤਾ ਨਾਲੋਂ ਸ੍ਰੇਸ਼ਟ ਹੋਣ ਦਾ ਹੰਕਾਰ ਸਦਾ ਬਣਿਆ ਰਿਹਾ ਅਤੇ ਇਸ ਵਿਚ ਕੋਈ ਅਤਿਕਥਨੀ ਵੀ ਨਹੀਂ ਸੀ ਕਿ ਯੂਰਪ, ਭਾਰਤ ਨਾਲੋਂ ਸਭਿਅਤਾ ਤੇ ਵਿਕਾਸ ਨਾਲੋਂ ਉਦਯੋਗਿਕ ਕ੍ਰਾਂਤੀ ਦੇ ਪੜਾਅ ਨੂੰ ਪਾਰ ਕਰਕੇ ਸਾਮੰਤ ਯੁੱਗ ਦੇ ਅੰਤਿਮ ਗੇੜਾਂ ਵਿਚੋਂ ਵੀ ਲੰਘ ਰਹੇ ਭਾਰਤੀ ਸਮਾਜ ਨਾਲੋਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਤੌਰ ਤੇ ਅਗਲੇਰੇ ਪੜਾ ਉਤੇ ਪਹੁੰਚ ਚੁੱਕਾ ਸੀ ਪਰ ਉਸ ਦੀ ਨਵ-ਬਸਤੀਵਾਦੀ/ਸਾਮਰਾਜੀ ਨੀਤੀ ਦੀ ਕੁਝ ਝਲਕ ਸ਼ਾਹ ਮੁਹੰਮਦ ਨੇ 'ਖ਼ੁਦੀ ਆਪਣੀ ਵਿਚ ਮਹਾਸਤਾ' ਅਤੇ 'ਦੌਲਤ ਜਮ੍ਹਾਂ ਕਰਨ ਵਾਲਾ ਸ਼ਾਹੂਕਾਰ ਦਾ ਪੁੱਤਰ ਜਾਂ ਉਸ ਦਾ ਗੁਮਾਸ਼ਤਾ (ਕਾਰਿੰਦਾ) ਕਹਿ ਕੇ ਅੰਗਰੇਜਾਂ ਦੀ ਸਾਮਰਾਜਵਾਦੀ ਕੂਟਨੀਤੀ ਦਾ



Sri Satguru Jagjit Singh Ji Elibrary NamdhariElibrary@gmail.com

ਪਾਜ ਵੀ ਉਘਾੜ ਦਿੱਤਾ ਹੈ ਜਿਸ ਦਾ ਵਿਊ ਚੱਕਰ ਲਗਭਗ ਇਕ ਸਦੀ ਤੱਕ ਪੰਜਾਬ ਉਤੇ ਚਲਦਾ ਰਿਹਾ।

**ਸਾਮਰਾਜਵਾਦੀ ਪਰਛਾਂਵਿਆਂ ਹੇਠ ਲਾਹੌਰ ਦਰਬਾਰ ਨਾਲ ਕੀਤੀਆਂ ਸੰਧੀਆਂ**

ਸਭਰਾਉਂ ਦੀ ਜੰਗ ਪਹਿਲੇ ਐਂਗਲੋ ਸਿੱਖ ਯੁੱਧ ਦੀ ਅੰਤਿਮ ਕੜੀ ਸੀ। ਇਸ ਯੁੱਧ ਵਿਚ ਜਿੱਤ ਭਾਵੇਂ ਅੰਗਰੇਜ਼ਾਂ ਦੀ ਹੋਈ ਪਰ ਇਹ ਜਿੱਤ ਉਨ੍ਹਾਂ ਦੀ ਯੁੱਧ ਕੌਸ਼ਲ ਵਿਚ ਵਧੇਰੇ ਨਿਪੁੰਨ ਹੋਣ ਕਾਰਨ ਨਹੀਂ ਸਗੋਂ ਲਾਹੌਰ ਦਰਬਾਰ ਵਿਚ ਕਈ ਸਾਲਾਂ ਤੋਂ ਪਸਰੀ ਹੋਈ ਅਰਧ-ਅਰਾਜਕਤਾ ਵਾਲੀ ਸਥਿਤੀ ਅਤੇ ਖ਼ਾਲਸਾ ਸੈਨਾ ਦੇ ਆਗੂਆਂ ਦੀ ਧੋਖੇ ਭਰੀ ਗ਼ਦਾਰੀ ਕਾਰਨ ਹੋਈ ਸੀ। ਹਾਲੀਂ ਵੀ ਗਵਰਨਰ ਜਨਰਲ ਲਾਰਡ ਹਾਰਡਿੰਗ ਦਾ ਇਹ ਹੌਸਲਾ ਨਹੀਂ ਸੀ ਪੈਂਦਾ ਕਿ ਉਹ ਸਿੱਧਾ ਜਾ ਕੇ ਆਪਣੀ ਸੈਨਾ ਸਮੇਤ ਰਾਜਧਾਨੀ ਲਾਹੌਰ ਉਤੇ ਕਬਜ਼ਾ ਕਰ ਸਕੇ। ਹਾਲੀਂ ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਰੋਸ ਵਿਆਪਕ ਪੱਧਰ ਉਤੇ ਮੌਜੂਦ ਸੀ। ਪੂਰੀ ਇਸ ਸਦੀ ਦੀ ਘਾਲਣਾ ਪਿਛੋਂ ਪ੍ਰਾਪਤ ਕੀਤੀ ਸੁਤੰਤਰਤਾ ਦਾ ਖੁਸ ਜਾਣਾ ਅਤੇ ਵਿਦੇਸ਼ੀ ਗੁਲਾਮੀ ਦਾ ਤੌਕ ਗਲ ਆ ਪੈਣਾ ਨਿਮੋਸ਼ੀ ਵਾਲੀ ਗੱਲ ਹੀ ਨਹੀਂ ਸਗੋਂ ਲੱਕ ਤੋੜਵੀਂ ਸੱਟ ਦੇ ਸਾਮਾਨ ਸੀ।

ਲਾਰਡ ਹਾਰਡਿੰਗ ਹੰਢਿਆ ਵਰਤਿਆ ਜਰਨੈਲ ਸੀ ਅਤੇ ਰਾਜਨੀਤਿਕ ਕੂਟਨੀਤੀ ਅਤੇ ਪੈਂਤੜੇ ਬਾਜੀ ਵਿਚ ਅੰਗਰੇਜ਼ ਸਾਮਰਾਜੀਆਂ ਦਾ ਹੋਰ ਕੋਈ ਸਾਨੀ ਨਹੀਂ ਸੀ। ਇਸ ਲਈ ਉਸ ਨੇ ਲਾਰਡ ਐਲਨਬਰਾ ਅਤੇ ਮੇਜਰ ਬਰਾਡਫੁਟ ਅਤੇ ਪਿਛੋਂ ਅਪਨਾਈ ਗਈ ਲਾਰਡ ਡਲਹੌਜ਼ੀ ਦੀ ਸੋਚ ਨੂੰ ਇਕ ਪਾਸੇ ਰੱਖ ਕੇ ਪੰਜਾਬ ਉਤੇ ਸਹਿਜੇ ਸਹਿਜੇ ਕਬਜ਼ਾ ਕਰਨ ਅਤੇ ਇਸ ਉਦੇਸ਼ ਲਈ ਧੀਰੇ ਧੀਰੇ ਅੱਗੇ ਵਧਣ ਅਤੇ ਹਰ ਮੌਕੇ ਉਤੇ ਅੰਗਰੇਜ਼ਾਂ ਦਾ ਸਾਮਰਾਜੀ ਸ਼ਿਕੰਜਾ ਕੱਸਣ ਦੀ ਜੁਗਤ ਨੂੰ ਅਪਨਾਇਆ। ਲਾਰਡ ਹਾਰਡਿੰਗ ਵਲੋਂ ਅਜਿਹੀ ਨੀਤੀ ਅਪਨਾਉਣ ਦੇ ਕਈ ਕਾਰਨ ਸਨ।

[1*]1. ਹਾਲੀਂ ਪੰਜਾਬ ਦੇ ਕਈ ਇਲਾਕਿਆਂ ਵਿਚ ਖਾਲਸਾ ਸੈਨਾ ਅੰਮ੍ਰਿਤਸਰ, ਪਸ਼ੌਰ, ਕਸ਼ਮੀਰ, ਮੁਲਤਾਨ ਆਦਿ ਕਈ ਹੋਰ ਥਾਵਾਂ ਤੇ ਮੌਜੂਦ ਸੀ। ਪਹਿਲੇ ਇਸ ਯੁੱਧ ਵਿਚੋਂ ਘਰੀਂ ਮੁੜੇ ਦੂਜੇ ਹਜ਼ਾਰਾਂ ਸੈਨਿਕ ਪਿੰਡਾਂ ਵਿਚ ਬੈਠੇ ਸਨ, ਜਿਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਖਾਲਸਾ ਸੈਨਾ ਦੁਸ਼ਮਣ ਦੀ ਸ਼ਕਤੀ ਕਾਰਨ ਨਹੀ ਸਗੋਂ ਆਪਣੇ ਆਗੂਆਂ ਦੀ ਗ਼ਦਾਰੀ ਕਾਰਨ ਹਾਰੀ ਹੈ। ਸਮੁੱਚੀ ਪੰਜਾਬੀ ਜਨਤਾ ਨੂੰ ਸ਼ਾਂਤ ਕਰਨਾ ਅਤੇ ਸਿੱਧਾ ਅੰਗਰੇਜ਼ੀ ਜੂਲੇ ਥੱਲੇ ਲੈ ਆਉਣਾ ਕੋਈ ਸੌਖੀ ਗੱਲ ਨਹੀਂ ਸੀ। ਇਸੇ ਕਾਰਨ ਲਾਰਡ ਹਾਰਡਿੰਗ ਨੇ ਲੰਮੇ ਸਮੇਂ ਦੀ ਨੀਤੀ ਨੂੰ ਅਪਨਾਇਆ ਅਤੇ ਸੋਚ-ਵਿਚਾਰ ਦੁਆਰਾ ਅੱਗੇ ਕਦਮ-ਟਿਕਾਏ।

---

[1*] ਡਾ. ਗੋਪਾਲ ਸਿੰਘ, ਸਿੱਖ ਹਿਸਟਰੀ ਐਂਡ ਪੀਪਲ (1469-1978), ਪੰਨਾ 558



Sri Satguru Jagjit Singh Ji Elibrary NamdhariElibrary@gmail.com

ਫਿਰੋਜ਼ਪੁਰ ਤੋਂ ਸੈਨਾ ਸਮੇਤ ਗਵਰਨਰ ਜਨਰਲ 12 ਫਰਵਰੀ ਨੂੰ ਕਸੂਰ ਪਹੁੰਚ ਗਿਆ। ਦੂਜੇ ਬੰਨ੍ਹੇ ਲਾਹੌਰ ਦਰਬਾਰ ਵੀ ਅੰਗਰੇਜ਼ਾਂ ਨਾਲ ਕਿਸੇ ਪੱਕੇ ਸਮਝੌਤੇ ਉਤੇ ਪਹੁੰਚਣਾ ਚਾਹੁੰਦਾ ਸੀ ਪਰ ਹਾਰੇ ਹੋਏ ਦੀ ਨੀਤੀ ਤੇ ਸ਼ਕਤੀ ਕੀ ਹੁੰਦੀ ਹੈ। ਇਸ ਗੱਲ ਦਾ ਵੀ ਦਰਬਾਰ ਨੂੰ ਅਹਿਸਾਸ ਸੀ। ਇਸ ਲਈ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਲਈ ਉਨ੍ਹਾਂ ਦੇ ਅੰਗਰੇਜ਼ ਭਗਤ ਤੇ ਅੰਗਰੇਜ਼ਾਂ ਨਾਲ ਰਲ ਚੁੱਕੇ ਗੁਲਾਬ ਸਿੰਘ ਨੇ ਇਸ ਸਥਿਤੀ ਦਾ ਵੱਧ ਤੋਂ ਵੱਧ ਲਾਭ ਉਠਾਇਆ। ਉਸਦੇ ਦੋਹੀਂ ਹੱਥੀਂ ਲੱਡੂ ਸਨ। ਉਸ ਨੇ ਖਾਲਸਾ ਦਰਬਾਰ ਨੂੰ ਮਨਾ ਲਿਆ ਕਿ ਜਿਹੜਾ ਵੀ ਸਮਝੌਤਾ ਉਹ ਕਰੇਗਾ ਉਹ ਲਾਹੌਰ ਦਰਬਾਰ ਨੂੰ ਪ੍ਰਵਾਨ ਹੋਵੇਗਾ। ਕਸੂਰ ਪਹੁੰਚ ਕੇ ਉਸ ਨੇ ਗਵਰਨਰ ਜਨਰਲ ਨਾਲ ਗੱਲਬਾਤ ਪਿਛੋਂ ਲਲਿਆਣੀ ਦੇ ਸਥਾਨ ਉਤੇ ਅੰਗਰੇਜ਼ੀ ਸਰਕਾਰ ਤੇ ਲਾਹੌਰ ਦਰਬਾਰ ਦੇ ਪ੍ਰਤੀਨਿਧਾਂ ਨਾਲ 18 ਫਰਵਰੀ 1846 ਨੂੰ ਗੱਲਬਾਤ ਕਰਵਾਈ। ਅੰਗਰੇਜ਼ਾਂ ਵੱਲੋਂ ਫ਼ਰੈਡਰਿਕ ਕਰੀ ਤੇ ਹੇਨਰੀ ਲਾਰੈਂਸ (ਜੋ ਪਿਛੋਂ ਲਾਹੌਰ ਦਰਬਾਰ ਵਿਚ ਰੈਜੀਡੈਂਟ ਨਿਯੁਕਤ ਹੋਇਆ) ਅਤੇ ਲਾਹੌਰ ਦਰਬਾਰ ਵਲੋਂ ਮਹਾਰਾਜਾ ਦਲੀਪ ਸਿੰਘ ਭਾਈ ਰਾਮ ਸਿੰਘ, ਲਾਲ ਸਿੰਘ, ਤੇਜ ਸਿੰਘ, ਚਤਰ ਸਿੰਘ ਅਟਾਰੀਵਾਲਾ, ਰਣਜੋਧ ਸਿੰਘ ਮਜੀਠਿਆ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ-ਉਦ-ਦੀਨ ਸ਼ਾਮਲ ਹੋਏ। ਇਹ ਸਾਰੇ ਸਾਦਾ ਪੁਸ਼ਾਕ ਵਿਚ ਸਨ ਅਤੇ ਅਧੀਨਗੀ ਨਾਲ ਪੇਸ਼ ਹੋਏ।

[1*]ਡਾ: ਗੋਪਾਲ ਸਿੰਘ ਅਨੁਸਾਰ

ਕਿਸੇ ਤੋਪ ਆਦਿ ਦੀ ਸਲਾਮੀ ਨਾ ਦਿੱਤੀ ਗਈ। ਦਰਬਾਰ ਦੇ ਪ੍ਰਤੀਨਿਧਾਂ ਨੇ ਅੰਗਰੇਜ਼ਾਂ ਵਲੋਂ ਦੱਸੀਆਂ ਗਈਆਂ ਸ਼ਰਤਾਂ ਪ੍ਰਵਾਨ ਕਰ ਲਈਆਂ। ਲਾਹੌਰ ਦਰਬਾਰ ਦੇ ਬਾਕੀ ਪ੍ਰਤੀਨਿਧ ਲਾਹੌਰ ਪਰਤ ਗਏ ਪਰ ਮਹਾਰਾਜਾ ਦਲੀਪ ਸਿੰਘ ਬਾਰੇ ਫੈਸਲਾ ਹੋਇਆ ਕਿ ਉਹ ਗਵਰਨਰ ਜਨਰਲ ਨਾਲ ਲਾਹੌਰ ਵਿਚ ਪ੍ਰਵੇਸ਼ ਕਰੇਗਾ।

ਗਵਰਨਰ ਜਰਨਲ ਚਾਹੁੰਦਾ ਸੀ ਕਿ ਸਿੱਖ ਮਹਾਰਾਜਾ ਰਸਮੀ ਤੌਰ ਤੇ ਪੇਸ਼ ਹੋ ਕੇ ਆਪਣੀ ਹਾਰ ਨੂੰ ਮੰਨ ਲਵੇ। ਅਜਿਹਾ ਪ੍ਰਬੰਧ ਵੀ ਕਰ ਦਿੱਤਾ ਗਿਆ ਅਤੇ ਜਦੋਂ ਉਹ ਕਸੂਰ ਵਿਖੇ 18 ਫਰਵਰੀ ਨੂੰ ਪੁੱਜਾ ਤਾਂ ਉਸ ਨਾਲ ਬੜਾ ਠੰਡਾ ਸਲੂਕ ਕੀਤਾ ਗਿਆ ਅਤੇ ਕੋਈ ਸਲਾਮੀ ਨਾ ਦਿੱਤੀ ਗਈ, ਪਰ ਜਦੋਂ ਮਹਾਰਾਜੇ ਨੇ ਰਸਮੀ ਤੌਰ ਤੇ ਹਾਰ ਪ੍ਰਵਾਨ ਕਰ ਲਈ ਤਾਂ ਉਸ ਨਾਲ ਪ੍ਰਭੂਤਾਪੂਰਨ ਮਹਾਰਾਜੇ ਵਾਲਾ ਸ਼ਿਸ਼ਟਾਚਾਰ ਦਰਸਾਇਆ ਗਿਆ।

20 ਫਰਵਰੀ 1846 ਨੂੰ ਅੰਗਰੇਜ਼ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸੈਨਾ ਸਮੇਤ ਤੇ ਮਹਾਰਾਜਾ ਦਲੀਪ ਸਿੰਘ ਨਾਲ ਲਾਹੌਰ ਵਿਚ ਪ੍ਰਵੇਸ਼ ਕੀਤਾ। ਰਾਜਾ ਤੇਜ ਸਿੰਘ ਤੇ ਲਾਲ ਸਿੰਘ ਦੀ ਬਚੀ-ਖੁਚੀ ਖਾਲਸਾ ਸੈਨਾ ਨੂੰ ਲਾਹੌਰ ਤੋਂ

[1*] ਡਾ. ਗੋਪਾਲ ਸਿੰਘ, ਦੇ ਹਿਸਟਰੀ ਆਫ ਦ ਸਿੱਖ ਪੀਪਲ, (1469-1978), ਪੰਨਾ 558



Sri Satguru Jagjit Singh Ji Elibrary NamdhariElibrary@gmail.com

18 ਮੀਲ ਪੂਰਬ ਵਲ ਰਾਏ ਵਿੰਡ ਦੇ ਸਥਾਨ ਉਤੇ ਹੀ ਰੁਕੇ ਰਹਿਣ ਦਾ ਹੁਕਮ ਦਿੱਤਾ ਗਿਆ। ਅੰਗਰੇਜ਼ੀ ਸੈਨਾ ਨੇ ਮੀਆਂ ਮੀਰ ਦੀ ਉਸ ਛਾਉਣੀ ਉਤੇ ਡੇਰੇ ਜਮਾਂ ਲਏ ਜਿਥੋਂ ਕੁਝ ਮਹੀਨੇ ਪਹਿਲਾਂ ਖਾਲਸਾ ਫੌਜ਼ਾਂ ਨੇ ਅੰਗਰੇਜ਼ਾਂ ਵਿਰੁੱਧ ਜੰਗ ਕਰਨ ਲਈ ਚੜ੍ਹਾਈ ਕੀਤੀ ਸੀ। ਲਾਹੌਰ ਸ਼ਹਿਰ ਅੰਦਰ ਹੁਣ ਅੰਗਰੇਜ਼ਾਂ ਵਲੋਂ ਅੰਗਰੇਜ਼ੀ ਬੈਂਡ ਵਾਜੇ ਵੱਜ ਰਹੇ ਸਨ। ਸੱਚਮੁੱਚ ਅੱਜ ਸਤਿਗੁਰੂ ਰਾਮ ਸਿੰਘ ਜੀ ਦੇ ਕਹੇ ਹੋਏ ਬਚਨ ਕਿ "ਲਾਹੌਰ ਵਿਚ ਅੰਗਰੇਜ਼ੀ ਬੈਂਡ ਵਾਜੇ ਵੱਜਣਗੇ" ਸੱਚ ਹੋ ਰਹੇ ਸਨ।

ਕਵੀ ਸ਼ਾਹ ਮੁਹੰਮਦ ਨੇ ਵਿਅੰਗ ਮਈ ਲਹਿਜੇ ਵਿਚ ਇਸ ਇਤਿਹਾਸਕ ਘਟਨਾ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ :

ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਏ
ਛੋੜ ਆੜਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਏ।
ਖੁਸ਼ੀ ਵੱਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ। 79 । ਸ਼ਾਹ ਮੁਹੰਮਦ

ਅੰਗਰੇਜ਼ ਗਵਰਨਰ ਜਨਰਲ ਤੇ ਉਸ ਦੇ ਵੱਡੇ ਅਫ਼ਸਰਾਂ ਦੀ ਨਿਗਰਾਨੀ ਤੇ ਸਰਪ੍ਰਸਤੀ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਕਿਲ੍ਹੇ ਦੇ ਨਿੱਜੀ ਮਹਿਲ ਵਿਚ ਪਹੁੰਚਾਇਆ ਗਿਆ ਜਿੱਥੇ 21 ਤੋਪਾਂ ਦੀ ਸਲਾਮੀ ਦਿੱਤੀ ਗਈ। ਅੰਗਰੇਜ਼ਾਂ ਵਲੋਂ ਇਹ ਪ੍ਰਭਾਵ ਦਿੱਤਾ ਗਿਆ ਕਿ ਉਹ ਮਹਾਰਾਜਾ ਦਲੀਪ ਸਿੰਘ ਦੇ ਖੈਰਖਾਹਾਂ ਵਜੋਂ ਲਾਹੌਰ ਵਿਚ ਇਕ ਮਿੱਤਰ ਰਾਜ ਦੇ ਪ੍ਰਤੀਨਿਧਾਂ ਵਜੋਂ ਆਏ ਹਨ। ਕਿਲ੍ਹੇ ਦੇ ਅੰਦਰ ਅੰਗਰੇਜ਼ੀ ਫ਼ੌਜਾਂ ਦਾ ਪਹਿਰਾ ਲਗਾਇਆ ਗਿਆ। ਬਾਦਸ਼ਾਹੀ ਮਸੀਤ ਅਤੇ ਹਜ਼ੂਰੀ ਬਾਗ ਉਤੇ ਅੰਗਰੇਜ਼ੀ ਫੌਜ ਨੇ ਨਿਯਮ ਅਨੁਸਾਰ ਅਧਿਕਾਰ ਜਮਾ ਲਿਆ। ਇਸ ਦ੍ਰਿਸ਼ਟੀ ਤੋਂ ਅੰਗਰੇਜ਼ਾਂ ਦੀ ਪ੍ਰਸ਼ੰਸਾ ਕਰਨੀ ਪੈਂਦੀ ਹੈ ਕਿ ਉਨ੍ਹਾਂ ਨੇ ਆਪਣੀ ਸੈਨਾ ਨੂੰ ਹੁਕਮ ਜਾਰੀ ਕਰ ਦਿੱਤੇ ਕਿ ਸ਼ਹਿਰ ਵਿਚ ਕੇਵਲ ਉਹੀ ਅੰਗਰੇਜ਼ ਦਾਖਲ ਹੋਣ ਜਿਨ੍ਹਾਂ ਨੂੰ ਕਿਸੇ ਖਾਸ ਉਦੇਸ਼ ਦੀ ਪੂਰਤੀ ਲਈ ਲਗਾਇਆ ਗਿਆ ਹੋਵੇ ਅਤੇ ਸ਼ਹਿਰ ਵਿਚ ਹਰ ਤਰ੍ਹਾਂ ਦਾ ਅਮਨ ਬਹਾਲ ਰੱਖਿਆ ਜਾਵੇ। ਸ਼ਸਤਰ ਧਾਰੀ ਸਿੱਖ ਸੈਨਿਕਾਂ ਦੇ ਦਾਖਲੇ ਉੱਤੇ ਰੋਕ ਲਗਾ ਦਿੱਤੀ ਗਈ।

ਇਸ ਸਮੇਂ ਅੰਗਰੇਜ਼ ਇਹ ਪ੍ਰਭਾਵ ਦੇਣਾ ਚਾਹੁੰਦੇ ਸਨ ਕਿ ਉਹ ਲਾਹੌਰ ਦਰਬਾਰ ਦੇ ਮਿੱਤਰਾਂ ਤੇ ਹਮਦਰਦਾਂ ਵਜੋਂ ਆਏ ਹਨ ਨਾ ਕਿ ਸ਼ਤਰੂਆਂ ਵਜੋਂ। ਲਾਰਡ ਹਾਰਡਿੰਗ ਦੀ ਗੁਝੀ ਨੀਤੀ ਇਹ ਸੀ ਕਿ ਪੰਜਾਬ ਰਾਜ ਉਤੇ ਹਾਲ ਦੀ ਘੜੀ ਸਿੱਧਾ



Sri Satguru Jagjit Singh Ji Elibrary NamdhariElibrary@gmail.com

ਕਬਜ਼ਾ ਨਾ ਕੀਤਾ ਜਾਵੇ ਸਗੋਂ ਇਸ ਆਦਰਸ਼ ਦੀ ਪੂਰਤੀ ਲਈ ਸਹਿਜੇ ਸਹਿਜੇ ਰਾਹ ਪੱਧਰਾ ਕਰ ਲਿਆ ਜਾਵੇ ਪਰ ਉਨ੍ਹਾਂ ਦਾ ਇਕ ਹੋਰ ਮੰਤਵ ਪੰਜਾਬ ਦੀ ਜਨਤਾ ਨੂੰ ਅੰਗਰੇਜ਼ਾਂ ਵਿਰੁੱਧ ਉਪਜੀ ਨਫ਼ਰਤ ਨੂੰ ਸ਼ਾਂਤ ਕਰਨਾ ਵੀ ਸੀ। ਪੰਜਾਬ ਉੱਤੇ ਪੂਰਨ ਭਾਂਤ ਕਬਜ਼ਾ ਕਰਨ ਲਈ ਜੋ ਅੰਗਰੇਜ਼ਾਂ ਦਾ ਅੰਤਿਮ ਨਿਸ਼ਾਨਾ ਸੀ, ਉਸ ਲਈ ਹਾਲੀਂ ਸਮਾਂ ਅਨੁਕੂਲ ਨਹੀਂ ਸੀ। ਇਸੇ ਲਈ ਮਹਾਰਾਜਾ ਦਲੀਪ ਸਿੰਘ ਤੇ ਲਾਹੌਰ ਦਰਬਾਰ ਦੀ ਹੋਂਦ ਨੂੰ ਕਾਇਮ ਰੱਖਣਾ ਪਰ ਉਸ ਦੀ ਸ਼ਕਤੀ ਨੂੰ ਇਸ ਹੱਦ ਤਕ ਨਿਤਾਣਾ ਕਰ ਦੇਣਾ ਕਿ ਅੰਗਰੇਜ਼ਾਂ ਦੀ ਨੀਤੀ ਅਨੁਸਾਰ ਸਾਰਾ ਕਾਰਜ ਚਲਾਇਆ ਜਾ ਸਕੇ.... ਅਜਿਹੀ ਸਾਮਰਾਜਵਾਦੀ ਕੂਟਲ ਨੀਤੀ ਅਧੀਨ ਹੀ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਨਾਲ ਸੰਧੀਆਂ ਕੀਤੀਆਂ ਅਤੇ ਅਗਲੇਰੇ ਕਦਮ ਇਸ ਤਰ੍ਹਾਂ ਪੁਟੇ ਕਿ ਉਨ੍ਹਾਂ ਦੀ ਅਸਲੀ ਗੁਝੀ ਮਨਸ਼ਾ ਪ੍ਰਗਟ ਵੀ ਨਾ ਹੋ ਸਕੇ ਤੇ ਸਾਰੀ ਰਾਜਸੀ ਸ਼ਕਤੀ ਉੱਤੇ ਉਨ੍ਹਾਂ ਦਾ ਨਿਯੰਤ੍ਰਨ ਵੀ ਪੂਰੀ ਤਰ੍ਹਾਂ ਬਣਿਆ ਰਹੇ।

**ਲਾਹੌਰ ਦੀਆਂ ਸੰਧੀਆਂ :**

ਮਾਰਚ 1846 ਵਿਚ ਅੰਗਰੇਜ਼ਾਂ ਵਲੋਂ ਲਾਹੌਰ ਦਰਬਾਰ ਨਾਲ ਕੀਤੀਆਂ ਗਈਆਂ ਸੰਧੀਆਂ ਰਾਹੀਂ ਅੰਗਰੇਜ਼ਾਂ ਦੀ ਸਾਮਰਾਜਵਾਦੀ ਨੀਤੀ ਦੀ ਸਪਸ਼ਟ ਝਲਕ ਪੈਂਦੀ ਹੈ।

9 ਮਾਰਚ 1846 ਨੂੰ ਲਾਹੌਰ ਦਰਬਾਰ ਨਾਲ 16 ਮੱਦਾਂ ਵਾਲੀ ਸੰਧੀ ਕੀਤੀ ਗਈ, ਜਿਸ ਦੇ ਵੇਰਵੇ ਨਿਮਨ ਲਿਖਤ ਸਨ, ਇਸ ਸੰਧੀ ਉਤੇ ਅੰਗਰੇਜ਼ਾਂ ਵਲੋਂ ਫ਼ਰੈਡਰਿਕ ਕਰੀ ਤੇ ਹੇਨਰੀ ਲਾਰੈਂਸ ਨੇ ਦਸਤਖਤ ਕੀਤੇ ਤੇ ਮਹਾਰਾਜਾ ਦਲੀਪ ਸਿੰਘ ਵਲੋਂ ਭਾਈ ਰਾਮ ਸਿੰਘ (ਜੋ ਗੁਲਾਬ ਸਿੰਘ ਦਾ ਚਹੇਤਾ ਸੀ), ਲਾਲ ਸਿੰਘ, ਤੇਜ ਸਿੰਘ, ਚਤਰ ਸਿੰਘ ਅਟਾਰੀਵਾਲਾ, ਰਣਜੋਧ ਸਿੰਘ ਮਜੀਠਿਆ, ਦੀਵਾਨਾ ਦੀਨਾ ਨਾਥ ਅਤੇ ਨੂਰ ਉਦ ਦੀਨ ਨੇ ਸਹੀ ਪਾਈ। ਇਨ੍ਹਾਂ ਹਸਤਾਖਰੀਆਂ ਬਾਰੇ [1*]ਡਾ. ਗੰਡਾ ਸਿੰਘ ਦਾ ਮਤ ਵਰਣਨ ਯੋਗ ਹੈ : ਮਹਾਰਾਜੇ ਤੋਂ ਬਿਨਾਂ ਜੋ ਕੇਵਲ ਸਾਢੇ ਸਤ ਵਰ੍ਹਿਆਂ ਦਾ-ਬੇ-ਬੱਸ ਬੱਚਾ ਸੀ, ਇਨ੍ਹਾਂ ਅਹਿਦਨਾਮਿਆਂ ਉੱਤੇ ਸਭ ਸਰਦਾਰਾਂ ਦੇ ਦਸਖ਼ਤ ਸਨ, ਇਨ੍ਹਾਂ ਵਿਚੋਂ ਪਹਿਲਾ ਭਾਈ ਰਾਮ ਸਿੰਘ ਅੰਗਰੇਜ਼ਾਂ ਨਾਲ ਗੰਢ-ਤੁਪ ਕਰਨ ਵਿਚ ਰਾਜਾ ਗੁਲਾਬ ਸਿੰਘ ਦਾ ਏਜੰਟ ਰਿਹਾ ਸੀ। ਅਗਲੇ ਦੋ ਗਦਾਰ ਮਿੱਸਰ ਲਾਲ ਸਿੰਘ ਤੇ ਮਿੱਸਰ ਤੇਜ ਸਿੰਘ ਸਨ। ਸਰਕਾਰ ਅੰਗਰੇਜ਼ੀ ਨੇ ਇਨ੍ਹਾਂ ਦੋਹਾਂ ਦੇਸ਼-ਧਰੋਹੀਆਂ ਨੂੰ ਪੰਜਾਬ ਰਾਜ ਦੇ ਸਭ ਤੋਂ ਵੱਡੇ ਮੁਖੀ ਪਰਵਾਣ ਕਰਕੇ ਰਾਜ ਕਾਜ ਦੇ ਬਹੁਤ ਸਾਰੇ ਅਖਤਿਆਰ ਇਨ੍ਹਾਂ ਨੂੰ ਦੇ ਦਿੱਤੇ। ਬਾਕੀ ਚੌਹ ਦਸਖਤੀਆਂ ਨੂੰ ਇਨ੍ਹਾਂ ਦੇ ਨਾਲ ਪ੍ਰਤੀਨਿਧ ਹੋਣ ਦਾ ਦਿਖਾਵਾ ਕਰਨ ਲਈ ਰਲਾ ਲਿਆ ਗਿਆ।"

---

[1*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 74



Sri Satguru Jagjit Singh Ji Elibrary NamdhariElibrary@gmail.com

ਇਸ ਸੰਧੀ ਦੀਆਂ ਮੱਦਾਂ ਇਸ ਪ੍ਰਕਾਰ ਸਨ :

1. ਦੋਹਾਂ ਸਰਕਾਰਾਂ ਵਿਚ ਮਿੱਤਰਤਾ ਬਣੀ ਰਹੇਗੀ।
2. ਲਾਹੌਰ ਦਰਬਾਰ ਨੇ ਸਤਲੁਜ ਦਰਿਆ ਦੇ ਦੱਖਣ ਵਿਚ ਸਥਿਤ ਸਾਰੇ ਇਲਾਕਿਆਂ ਤੋਂ ਆਪਣੇ ਹੱਕਾਂ ਦਾ ਤਿਆਗ ਕਰਨਾ ਪ੍ਰਵਾਨ ਕਰ ਲਿਆ।
3. ਲਾਹੌਰ ਦਰਬਾਰ ਨੇ ਸਤਲੁਜ ਤੇ ਬਿਆਸ ਦਰਿਆਵਾਂ ਵਿਚਾਲੇ ਸਾਰੇ ਮੈਦਾਨੀ ਤੇ ਪਹਾੜੀ ਇਲਾਕੇ ਅਤੇ ਕਿਲ੍ਹੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤੇ।
4. ਜੰਗ ਦੇ ਤਵਾਨ ਵਜੋਂ ਅੰਗਰੇਜ਼ਾਂ ਨੂੰ ਡੇਢ ਕਰੋੜ ਰੁਪਿਆ ਦੇਣਾ ਪ੍ਰਵਾਨ ਕੀਤਾ ਗਿਆ ਜਿਸ ਵਿਚੋਂ ਇਕ ਕਰੋੜ ਦਾ ਭੁਗਤਾਨ ਗੁਲਾਬ ਸਿੰਘ ਨੇ ਕਰਕੇ ਸਿੰਧ ਤੇ ਬਿਆਸ ਦੇ ਵਿਚਕਾਰਲੇ ਇਲਾਕੇ ਜਿਸ ਵਿਚ ਕਸ਼ਮੀਰ ਤੇ ਹਜ਼ਾਰਾ ਵੀ ਸ਼ਾਮਿਲ ਸਨ ਆਪਣੇ ਪੇਟੇ ਪਾ ਲਏ) ਬਾਕੀ ਦਾ 50 ਲੱਖ ਰੁਪਿਆ ਲਾਹੌਰ ਦਰਬਾਰ ਨੇ ਦੇਣਾ ਪ੍ਰਵਾਨ ਕੀਤਾ।
5. ਇਹ ਪ੍ਰਵਾਨ ਕੀਤਾ ਗਿਆ ਕਿ ਲਾਹੌਰ ਦਰਬਾਰ ਦੀ ਪੈਦਲ ਸੈਨਾ 25 ਪਲਟਨਾਂ (ਨਫਰੀ 20,000) ਅਤੇ 12000 ਘੋੜ ਸਵਾਰਾਂ ਤੋਂ ਵੱਧ ਨਹੀਂ ਹੋਵੇਗੀ।
6. ਬਾਕੀ ਫੌਜ ਨੂੰ ਤੋੜ ਦੇਣਾ ਪ੍ਰਵਾਨ ਕਰ ਲਿਆ ਗਿਆ।
7. ਸਭਰਾਉਂ ਦੀ ਜੰਗ ਵਿਚ ਅੰਗਰੇਜ਼ਾਂ ਦੀਆਂ 36 ਤੋਪਾਂ ਜਿਨ੍ਹਾਂ ਉੱਤੇ ਖਾਲਸਾ ਸੈਨਾ ਨੇ ਕਬਜ਼ਾ ਕਰ ਲਿਆ ਸੀ, ਅੰਗਰੇਜ਼ਾਂ ਨੂੰ ਵਾਪਿਸ ਕਰਨੀਆਂ ਪ੍ਰਵਾਨ ਕਰ ਲਈਆਂ ਗਈਆਂ।
8. ਅੰਗਰੇਜ਼ ਸੈਨਿਕਾਂ ਨੂੰ ਲਾਹੌਰ ਸ਼ਹਿਰ ਅਤੇ ਲਾਹੌਰ ਰਾਜ ਦੇ ਇਲਾਕਿਆਂ ਵਿਚ ਜਾ ਸਕਣ ਦੀ ਪੂਰੀ ਪੂਰੀ ਖੁਲ੍ਹ ਦਿੱਤੀ ਜਾਣੀ ਪ੍ਰਵਾਨ ਕਰ ਲਈ ਗਈ।
9. ਮਹਾਰਾਜੇ ਵੱਲੋਂ ਇਕ ਵਚਨ ਦਿੱਤਾ ਗਿਆ ਕਿ ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਤੋਂ ਬਿਨਾ ਉਹ ਆਪਣੀ ਸੇਵਾ ਵਿਚ ਕਿਸੇ ਅੰਗਰੇਜ਼ ਯੂਰਪੀ ਜਾਂ ਅਮਰੀਕਨ ਨੂੰ ਨਿਯੁਕਤ ਨਹੀਂ ਕਰੇਗਾ।
10. ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਬਿਨਾਂ ਲਾਹੌਰ ਰਾਜ ਦੀਆਂ ਹੱਦਾਂ ਕਿਸੇ ਸਮੇਂ ਵੀ ਨਹੀਂ ਬਦਲੀਆਂ ਜਾਣਗੀਆਂ।
11. ਅੰਗਰੇਜ਼ਾਂ ਨੇ ਦਲੀਪ ਸਿੰਘ ਨੂੰ ਲਾਹੌਰ ਦਾ ਮਹਾਰਾਜਾ, ਰਾਣੀ ਜਿੰਦਾ ਨੂੰ ਉਸਦੀ ਸਰਪ੍ਰਸਤ ਅਤੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰ ਲਿਆ।
12. ਅੰਗਰੇਜ਼ੀ ਸਰਕਾਰ ਰਾਜ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਵੇਗੀ ਪਰ ਜੇ ਉਨ੍ਹਾਂ ਤੋਂ ਕਿਸੇ ਮਾਮਲੇ ਬਾਰੇ ਸਲਾਹ ਪੁੱਛੀ ਜਾਵੇ ਤਾਂ ਉਹ ਆਪਣਾ ਮਸ਼ਵਰਾ ਤੇ ਰਾਏ ਲਾਹੌਰ ਦਰਬਾਰ ਨੂੰ ਦੇਣਗੇ।
13. ਗੁਲਾਬ ਸਿੰਘ ਦੀਆਂ ਅੰਗਰੇਜ਼ ਭਗਤੀ ਤੇ ਅੰਗਰੇਜ਼ਾਂ ਨੂੰ ਦਿੱਤੀਆਂ ਗਈਆਂ ਸੇਵਾਵਾਂ ਬਦਲੇ ਜੇ ਅੰਗਰੇਜ਼ੀ ਸਰਕਾਰ ਉਸ ਨੂੰ ਕੁਝ ਇਲਾਕਾ ਸੌਂਪੇਗੀ ਤਾਂ



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਉਸ ਇਲਾਕੇ ਉੱਤੇ ਗੁਲਾਬ ਸਿੰਘ ਦਾ ਸ਼ਾਸਨ ਤੇ ਪ੍ਰਭੁਤਵ ਸਵੀਕਾਰ ਕਰ ਲਵੇਗਾ।

14. ਗੁਲਾਬ ਸਿੰਘ ਤੇ ਲਾਹੌਰ ਦਰਬਾਰ ਵਿਚਾਲੇ ਜੇ ਕੋਈ ਝਗੜਾ ਹੁੰਦਾ ਹੈ ਤਾਂ ਇਸ ਦਾ ਨਿਪਟਾਰਾ ਬ੍ਰਿਟਿਸ਼ ਸਰਕਾਰ ਕਰੇਗੀ ਤੇ ਮਹਾਰਾਜੇ ਨੂੰ ਇਹ ਫੈਸਲਾ ਮੰਨਣਾ ਪਵੇਗਾ।
15. ਸਤਲੁਜ ਤੇ ਬਿਆਸ ਦੇ ਦੱਖਣ ਵਾਲੇ ਇਲਾਕੇ ਦੀ ਚੁੰਗੀ ਲੈਣ ਦਾ ਅਧਿਕਾਰ ਅੰਗਰੇਜ਼ੀ ਸਰਕਾਰ ਨੂੰ ਹੋਵੇਗਾ।
16. ਦੋਵੇਂ ਸਰਕਾਰਾਂ ਇਕ ਦੂਜੇ ਦੀ ਪਰਜ਼ਾ ਅਤੇ ਖੇਤਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕਰਦੇ ਹੋਏ ਆਪਣੇ ਸਭ ਤੋਂ ਨਿਕਟ ਵਰਤੀ ਮਿੱਤਰ-ਰਾਸ਼ਟਰ ਪ੍ਰਵਾਨ ਕਰਨਗੇ।

ਇਸ ਸੰਧੀ ਦੇ ਮੁਕੰਮਲ ਹੋਣ ਉਤੇ ਅੰਗਰੇਜ਼ੀ ਸਰਕਾਰ ਵਲੋਂ ਗਵਰਨਰ ਜਨਰਲ ਹੈਨਰੀ ਹਾਰਡਿੰਗ ਅਤੇ ਮਹਾਰਾਜਾ ਦਲੀਪ ਸਿੰਘ ਵਲੋਂ ਆਪਣੀਆਂ ਆਪਣੀਆਂ ਮੋਹਰਾਂ ਲਗਾ ਕੇ ਪੁਸ਼ਟੀ ਕੀਤੀ ਗਈ।

**[1*]11 ਮਾਰਚ ਦੀ ਦੂਜੀ ਸੰਧੀ :**

11 ਮਾਰਚ 1846 ਨੂੰ ਦੋਹਾਂ ਸਰਕਾਰਾਂ ਵਿਚਕਾਰ ਦੂਜਾ ਅਹਿਦਨਾਮਾ ਕੀਤਾ ਗਿਆ ਜਿਸ ਦੀਆਂ ਪ੍ਰਮੁੱਖ ਧਾਰਾਵਾਂ ਇਸ ਪ੍ਰਕਾਰ ਸਨ।

1. ਬ੍ਰਿਟਿਸ਼ ਸਰਕਾਰ ਮਹਾਰਾਜਾ ਦਲੀਪ ਸਿੰਘ ਤੇ ਲਾਹੌਰ ਸ਼ਹਿਰ ਦੇ ਨਿਵਾਸੀਆਂ ਦੀ ਰੱਖਿਆ ਲਈ ਲਾਹੌਰ ਵਿਚ 1846 ਈਸਵੀ ਦੇ ਅੰਤ ਤਕ ਕਾਫ਼ੀ ਸੰਖਿਆ ਵਿਚ ਸੈਨਾ ਰੱਖੇਗੀ। ਜੇ ਲਾਹੌਰ ਦਰਬਾਰ ਦੀ ਰਾਏ ਵਿਚ ਕਿਸੇ ਸਮੇਂ ਵੀ ਇਸ ਦਾ ਉਦੇਸ਼ ਪੂਰਾ ਹੋ ਜਾਏ ਤਾਂ ਇਸ ਸੈਨਾ ਨੂੰ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਹਟਾ ਲਿਆ ਜਾਵੇਗਾ ਪਰ 1846 ਈ. ਸਾਲ ਦੇ ਖ਼ਾਤਮੇ ਉਪਰੰਤ ਉਹ ਕਿਸੇ ਹਾਲਤ ਵਿਚ ਵੀ ਲਾਹੌਰ ਵਿਚ ਨਹੀਂ ਰਹੇਗੀ।
2. ਲਾਹੌਰ ਦਾ ਕਿਲ੍ਹਾ ਤੇ ਸ਼ਹਿਰ ਪੂਰੇ ਤੌਰ ਤੇ ਅੰਗਰੇਜ਼ੀ ਸੈਨਾ ਦੇ ਅਧਿਕਾਰ ਵਿਚ ਹੋਵੇਗਾ। ਲਾਹੌਰ ਸਰਕਾਰ ਇਸ ਸੈਨਾ ਦੇ ਅਧਿਕਾਰੀਆਂ ਤੇ ਸੈਨਿਕਾਂ ਦੇ ਨਿਵਾਸ-ਸਥਾਨ ਦਾ ਪ੍ਰਬੰਧ ਕਰੇਗੀ ਅਤੇ ਉਸ ਦਾ ਸਾਰਾ ਖ਼ਰਚਾ ਬ੍ਰਿਟਿਸ਼ ਸਰਕਾਰ ਨੂੰ ਦੇਵੇਗੀ।
3. ਬ੍ਰਿਟਿਸ਼ ਸਰਕਾਰ 9 ਮਾਰਚ 1846 ਈ. ਦੀ ਸੰਧੀ ਰਾਹੀਂ ਅੰਗਰੇਜ਼ਾਂ ਨੂੰ ਦਿੱਤੇ ਗਏ ਪ੍ਰਦੇਸ਼ਾਂ ਵਿਚ ਜਾਗੀਰਦਾਰਾਂ ਦੇ ਅਧਿਕਾਰਾਂ ਦਾ ਸਤਿਕਾਰ ਕਰੇਗੀ।
4. ਲਾਹੌਰ ਸਰਕਾਰ ਨੂੰ ਅੰਗਰੇਜ਼ਾਂ ਨੂੰ ਦਿੱਤੇ ਗਏ ਇਲਾਕਿਆਂ ਦੇ ਕਿਲ੍ਹਿਆਂ ਵਿਚੋਂ ਤੋਪਾਂ ਨੂੰ ਛੱਡ ਕੇ ਆਪਣਾ ਸਾਰਾ ਖ਼ਜ਼ਾਨਾ ਤੇ ਸੰਪੱਤੀ ਕੱਢ ਕੇ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ, (1799-1966), ਭਾਗ ਦੂਜਾ, ਪੰਨਾ 136



Sri Satguru Jagjit Singh Ji Elibrary NamdhariElibrary@gmail.com

ਲਿਆਉਣ ਦਾ ਅਧਿਕਾਰ ਹੋਵੇਗਾ। ਜੇ ਬ੍ਰਿਟਿਸ਼ ਸਰਕਾਰ ਇਸ ਸੰਪੱਤੀ ਦਾ ਕੋਈ ਭਾਗ ਲੈਣਾ ਚਾਹੇ ਤਾਂ ਉਸ ਨੂੰ ਉਚਿਤ ਮੁੱਲ ਦੇ ਕੇ ਇਸ ਨੂੰ ਲੈਣ ਦਾ ਅਧਿਕਾਰ ਹੋਵੇਗਾ।

**ਗੁਲਾਬ ਸਿੰਘ ਨੂੰ ਇਨਾਮ ਤੇ ਲਾਲ ਸਿੰਘ ਨੂੰ ਸਜ਼ਾ :**

ਗੁਲਾਬ ਸਿੰਘ ਨੇ ਪਹਿਲੀ ਐਂਗਲੋ ਸਿੱਖ ਜੰਗ ਵਿਚ ਅੰਗਰੇਜ਼ਾਂ ਨਾਲ ਸਭ ਤੋਂ ਵੱਧ ਵਫਾਦਾਰੀ ਨਿਭਾਈ ਸੀ; ਇਥੋਂ ਤਕ ਕਿ ਲਾਹੌਰ ਦਰਬਾਰ ਦੇ ਅਧੀਨ ਹੋਣ ਕਾਰਨ ਉਸ ਦਾ ਫਰਜ਼ ਬਣਦਾ ਸੀ ਕਿ ਉਹ ਆਪਣੀਆਂ ਫੌਜਾਂ ਇਸ ਲੜਾਈ ਲਈ ਭੇਜਦਾ, ਉਸ ਨੇ ਅਜਿਹਾ ਨਹੀਂ ਕੀਤਾ; ਜੋ ਰਕਮ ਲਾਹੌਰ ਦਰਬਾਰ ਨੂੰ ਦੇਣੀ ਬਣਦੀ ਸੀ ਉਹ ਵੀ ਨਾਂਹ ਭੇਜੀ। ਇਹ ਸਭ ਕੁਝ ਅੰਗਰੇਜ਼ਾਂ ਦੀ ਮਿਲੀ ਭੁਗਤ ਨਾਲ ਹੋਇਆ

ਲਾਰਡ ਹਾਰਡਿੰਗ ਉਸ ਦੀ ਅੰਗਰੇਜ਼ਾਂ ਪ੍ਰਤੀ ਨਿਭਾਈ ਗਈ ਸੇਵਾ ਨੂੰ ਮੁੱਖ ਰੱਖ ਕੇ ਉਸ ਨੂੰ ਨਿਵਾਜਣਾ ਚਾਹੁੰਦਾ ਸੀ। 15 ਮਾਰਚ 1846 ਨੂੰ ਅੰਮ੍ਰਿਤਸਰ ਵਿਖੇ ਸ਼ਾਨਦਾਰ ਦਰਬਾਰ ਕੀਤਾ ਗਿਆ ਜਿਸ ਵਿਚ ਗਵਰਨਰ ਜਨਰਲ ਵਲੋਂ ਗੁਲਾਬ ਸਿੰਘ ਨੂੰ ਰਾਜੇ ਦਾ ਖਿਤਾਬ ਦਿੱਤਾ ਗਿਆ। ਇਸ ਅਵਸਰ ਉੱਤੇ ਗੁਲਾਬ ਸਿੰਘ ਨੇ ਗਵਰਨਰ ਜਨਰਲ ਅੱਗੇ ਅਧੀਨਗੀ ਨਾਲ ਇਹ ਵਾਕ ਕਿਹਾ – [1*]"ਮੈਂ ਹਜ਼ੂਰ ਦਾ ਜ਼ਰ ਖਰੀਦ ਗੁਲਾਮ ਹਾਂ।"

16 ਮਾਰਚ 1846 ਨੂੰ ਇਕ ਹੋਰ ਇਕਰਾਰਨਾਮੇ ਰਾਹੀਂ ਗੁਲਾਬ ਸਿੰਘ ਨੂੰ 75 ਲੱਖ ਦੇ ਬਦਲੇ ਜੰਮੂ ਕਸ਼ਮੀਰ ਦਾ ਸਾਰਾ ਇਲਾਕਾ ਜੋ ਪਹਿਲਾਂ ਲਾਹੌਰ ਦਰਬਾਰ ਦੇ ਅਧੀਨ ਸੀ, ਦੇ ਦਿੱਤਾ ਗਿਆ, ਇਸ ਨੂੰ ਉਹ ਆਪਣੀ ਜ਼ਰ ਖਰੀਦ ਮਲਕੀਅਤ ਸਮਝਦਾ ਸੀ। ਇਸ ਸੰਬੰਧ ਵਿਚ [2*]ਡਾ. ਗੰਡਾ ਸਿੰਘ ਨੇ ਹਵਾਲਾ ਦਿੱਤਾ ਹੈ -

(5) ਲਾਰਡ ਲਾਰੰਸ ਦਾ ਕਰਤਾ ਕਹਿੰਦਾ ਹੈ ਕਿ ਅਸੀਂ ਇਕ ਅਯੋਗ ਨੀਤੀ ਦੁਆਰਾ ਜੋ ਪਹਿਲਾਂ ਹੀ ਗਿਣੀ ਮਿਥੀ ਹੋਈ ਸੀ ਅਤੇ ਜਿਸ ਨੇ ਓਦੋਂ ਤੋਂ ਅਭਾਗੇ ਕਸ਼ਮੀਰੀਆਂ ਉੱਤੇ ਅਣਗਿਣਤ ਦੁੱਖੜੇ ਲਿਆ ਪਾਏ ਅਸੀਂ (ਜੰਮੂ ਤੇ ਕਸ਼ਮੀਰ ਦਾ ਪਹਾੜੀ ਇਲਾਕਾ) ਡੋਗਰੇ ਰਾਜਪੂਤ ਗੁਲਾਬ ਸਿੰਘ ਨੂੰ ਦੇ ਦਿੱਤਾ ਜਿਸ ਨੇ ਸਾਨੂੰ ਇਕ ਦਮ ਨਕਦ ਰਕਮ ਤਾਰ ਦਿੱਤੀ ਜੋ ਉਸ ਨੇ ਲਾਹੌਰੋਂ ਚੁਰਾਈ ਹੋਈ ਸੀ। ਉਹ ਇਕ ਬੇ-ਅਸੂਲਾ ਦੁਸ਼ਟ ਸੀ ਪਰ ਨਿਪੁੰਨ ਹਾਕਮ ਸੀ ਅਤੇ ਖਾਲਸਿਆਂ ਦੇ ਗੁੱਸੇ ਦੇ ਉਬਾਲ ਨੂੰ ਰੋਕਣ ਲਈ ਸਾਡੀ ਸਹਾਇਤਾ ਕਰਨ ਲਈ ਸਾਡੀ ਮਰਜ਼ੀ ਅਨੁਸਾਰ ਚਲਣ ਵਾਲਾ ਬੰਦਾ ਸੀ (ਪੰਨਾ 189)

ਜੇ. ਡੀ. ਕਨਿੰਘਮ ਗੁਲਾਬ ਸਿੰਘ ਨੂੰ ਇਹ ਰਿਆਇਤਾਂ ਦੇਣ ਨੂੰ ਅਯੋਗ ਕਾਰਵਾਈ ਮੰਨਦਾ ਹੈ ਅਤੇ ਉਸ ਦੀ ਇਸ ਗੱਲੋਂ ਵੀ ਨਿੰਦਾ ਕਰਦਾ ਹੈ, ਜੋ ਉਸ

[1*] ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਜਾਬੀ ਅਨੁਵਾਦ, ਪੰਨਾ 494

[2*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 74



Sri Satguru Jagjit Singh Ji Elibrary NamdhariElibrary@gmail.com

ਨੇ ਇਸ ਯੁੱਧ ਵਿਚ ਲਾਹੌਰ ਦਰਬਾਰ ਦੀ ਸਹਾਇਤਾ ਨਹੀਂ ਸੀ ਕੀਤੀ ਜੋ ਕਿ ਉਸ ਦਾ ਲਾਹੌਰ ਦਰਬਾਰ ਦੇ ਅਧੀਨ ਹੋਣ ਕਾਰਨ ਫ਼ਰਜ਼ ਬਣਦਾ ਸੀ।

ਗੁਲਾਬ ਸਿੰਘ ਨੂੰ ਅੰਗਰੇਜ਼ਾਂ ਵਲੋਂ ਵਫਾਦਾਰੀ ਬਦਲੇ ਦਿੱਤੇ ਗਏ ਸਨਮਾਨ ਨੂੰ ਵੇਖ ਕੇ ਲਾਲ ਸਿੰਘ ਤੇ ਤੇਜ਼ ਸਿੰਘ ਵੀ ਆਪਣੀਆਂ ਗੱਦਾਰੀ ਦੀਆਂ ਸੇਵਾਵਾਂ ਬਦਲੇ ਅੰਗਰੇਜ਼ਾਂ ਵਲੋਂ ਅਜਿਹੀ ਪ੍ਰਸ਼ੰਸਾ, ਰਿਆਇਤਾਂ ਤੇ ਸੇਵਾ ਫ਼ਲ ਦੇ ਇੱਛਕ ਸਨ। ਲਾਲ ਸਿੰਘ ਨੇ ਜੋ ਵਜ਼ੀਰੀ ਦੀ ਪਦਵੀ ਤੇ ਸੀ ਕਸ਼ਮੀਰ ਦੇ ਗਵਰਨਰ ਸ਼ੇਖ ਇਮਾਮ ਦੀਨ ਨੂੰ ਉਕਸਾਇਆ ਕਿ ਉਹ ਗੁਲਾਬ ਸਿੰਘ ਨੂੰ ਕਸ਼ਮੀਰ ਪ੍ਰਦੇਸ਼ ਦਾ ਕਬਜ਼ਾ ਨਾ ਦੇਵੇ। ਗੁਲਾਬ ਸਿੰਘ ਕਿਉਂ ਜੋ ਹੈਨਰੀ ਲਾਰੰਸ ਦਾ ਚਹੇਤਾ ਸੀ। ਇਸ ਲਈ ਹੈਨਰੀ ਲਾਰੰਸ ਸੈਨਾ ਲੈ ਕੇ ਗੁਲਾਬ ਸਿੰਘ ਨੂੰ ਕਸ਼ਮੀਰ ਦੇ ਇਲਾਕੇ ਦਾ ਕਬਜ਼ਾ ਦਿਵਾਉਣ ਲਈ ਆਪ ਗਿਆ। ਸ਼ੇਖ ਇਮਾਮ ਦੀਨ ਦੇ ਸਾਫ਼ ਸਾਫ਼ ਕਹਿ ਦਿੱਤਾ ਕਿ ਉਸ ਨੇ ਤਾਂ ਲਾਲ ਸਿੰਘ ਦੇ ਕਹਿਣ ਉੱਤੇ ਅਜਿਹਾ ਕੀਤਾ ਸੀ। ਸ਼ੇਖ ਇਮਾਮ ਦੀਨ ਨੇ ਲਾਲ ਸਿੰਘ ਦਾ ਉਹ ਪੱਤਰ ਵੀ ਹੈਨਰੀ ਲਾਰੰਸ ਨੂੰ ਦੇ ਦਿੱਤਾ ਜਿਸ ਵਿਚ ਸ਼ੇਖ ਇਮਾਮ ਦੀਨ ਨੂੰ ਗੁਲਾਬ ਸਿੰਘ ਨੂੰ ਕਬਜ਼ਾ ਨਾਂਹ ਦੇਣ ਲਈ ਲਿਖਿਆ ਗਿਆ ਸੀ।

ਇਸ ਕਾਰਨ ਲਾਲ ਸਿੰਘ ਉੱਤੇ ਮੁਕੱਦਮਾ ਚਲਾਇਆ ਗਿਆ ਤੇ ਉਸ ਦਾ ਦੋਸ਼ ਸਿੱਧ ਹੋਣ ਉੱਤੇ ਉਸ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ। ਉਸ ਨੂੰ ਦੇਸ਼ ਨਿਕਾਲਾ ਦੇ ਕੇ ਅੰਗਰੇਜ਼ੀ ਇਲਾਕੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਪੰਜਾਬ ਰਾਜ ਨੂੰ ਇਸ ਵੇਲੇ ਤਿੰਨ ਟੁਕੜਿਆਂ ਵਿਚ ਵੰਡ ਦਿੱਤਾ ਗਿਆ। ਜੰਮੂ ਕਸ਼ਮੀਰ ਦਾ ਇਲਾਕਾ ਗੁਲਾਬ ਸਿੰਘ ਨੂੰ ਦਿੱਤਾ ਗਿਆ। ਦੁਆਬਾ ਬਿਸਤ ਜਲੰਧਰ ਦਾ ਅਤੇ ਬਿਆਸ ਤੇ ਸਤਲੁਜ ਦੇ ਵਿਚਕਾਰਲਾ ਪਹਾੜੀ ਇਲਾਕਾ ਅੰਗਰੇਜ਼ਾਂ ਨੇ ਆਪਣੇ ਪੇਟੇ ਪਾ ਲਿਆ ਸੀ। ਹਜ਼ਾਰਾ ਅਤੇ ਡੇਰਿਆਂ ਦੇ ਇਲਾਕੇ ਦਾ ਪ੍ਰਬੰਧ ਪੇਸ਼ਾਵਰ ਤੋਂ ਕੀਤਾ ਜਾਣ ਲੱਗਾ। ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿਚ ਨਾ-ਬਾਲਗ ਮਹਾਰਾਜਾ ਅਤੇ ਉਸ ਦੇ ਦਰਬਾਰ ਕੋਲ ਕੇਵਲ ਰਾਜ ਦਾ ਬਚਿਆ ਖੁਚਿਆ ਨਾਂ-ਮਾਤਰ ਸਜਾਵਟੀ ਹਿੱਸਾ ਰਹਿ ਗਿਆ ਸੀ।

ਇਸ ਸਮੇਂ ਪੰਜਾਬ ਰਾਜ ਦਾ ਸਾਰਾ ਪ੍ਰਬੰਧ ਫ਼ਰੈਡਰਿਕ ਕੱਰੀ ਤੇ ਹੈਨਰੀ ਲਾਰੰਸ ਰੈਜ਼ੀਡੈਂਟ ਦੇ ਅਧੀਨ ਸੀ। ਅੰਗਰੇਜ਼ਾਂ ਨੇ ਸਾਰੇ ਪ੍ਰਮੁੱਖ ਸਥਾਨਾਂ ਤੇ ਆਪਣੇ ਅਧਿਕਾਰੀ ਲਗਾ ਦਿੱਤੇ ਸਨ। ਵਾਸਤਵਿਕ ਸ਼ਕਤੀ ਅੰਗਰੇਜ਼ ਅਧਿਕਾਰੀਆਂ ਦੇ ਹੱਥ ਵਿਚ ਸੀ। ਭਾਵੇਂ ਇਕ ਨਾਮ ਤਰੀਕ ਕੌਂਸਲ ਵੀ ਬਣਾਈ ਗਈ, ਜਿਸ ਵਿਚ ਸ. ਤੇਜ ਸਿੰਘ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ-ਉਦ-ਦੀਨ, ਸ. ਰਣਜੋਧ ਸਿੰਘ, ਭਾਈ ਨਿਧਾਨ ਸਿੰਘ, ਸ. ਅਤਰ ਸਿੰਘ ਕਾਲਿਆਂ ਵਾਲਾ ਅਤੇ ਸ. ਸ਼ਮਸ਼ੇਰ ਸਿੰਘ ਸੰਧਾਂਵਾਲੀਆਂ ਸ਼ਾਮਲ ਸਨ। ਇਹ ਕੌਂਸਲ ਬ੍ਰਿਟਿਸ਼ ਰੈਜ਼ੀਡੈਂਟ ਹੈਨਰੀ ਲਾਰੰਸ ਦੀ ਨਿਗਰਾਨੀ ਵਿਚ ਕੰਮ ਕਰਦੀ ਸੀ। ਮਹਾਰਾਣੀ ਜਿੰਦਾ ਰਾਜ ਮਾਤਾ ਦੀ ਹੈਸੀਅਤ



Sri Satguru Jagjit Singh Ji Elibrary NamdhariElibrary@gmail.com

ਵਿਚ ਮਹਾਰਾਜਾ ਦਲੀਪ ਸਿੰਘ ਦੀ ਸਰਪ੍ਰਸਤ ਵੀ ਸੀ। ਇਸ ਕੌਂਸਲ ਵੱਲੋਂ ਉਚੇਚੀ ਬੇਨਤੀ ਕਰਵਾਈ ਗਈ ਕਿ ਅੰਗਰੇਜ਼ੀ ਸੈਨਾ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ (4 ਸਤੰਬਰ 1854) ਰੱਖੀ ਜਾਵੇ; ਇਸ ਦਾ ਖਰਚਾ ਲਾਹੌਰ ਦਰਬਾਰ ਵੱਲੋਂ ਕੀਤਾ ਜਾਵੇ। ਇਸ ਉਦੇਸ਼ ਨੂੰ ਮੁੱਖ ਰੱਖ ਕੇ 16 ਦਸੰਬਰ 1846 ਨੂੰ ਭਰੋਵਾਲ ਦੀ ਸੰਧੀ ਹੋਈ ਜਿਸ ਵਿਚ ਅੰਗਰੇਜ਼ ਰੈਜੀਡੈਂਟ ਨੂੰ ਸਾਰੇ ਅਧਿਕਾਰ ਦੇ ਦਿੱਤੇ ਗਏ ਅਤੇ ਮਹਾਰਾਣੀ ਜਿੰਦਾਂ ਦੀ ਮਹਾਰਾਜਾ ਦਲੀਪ ਸਿੰਘ ਦੀ ਬਤੌਰ ਸਰਪ੍ਰਸਤ ਦੀ ਹੈਸੀਅਤ ਨੂੰ ਸਮਾਪਤ ਕਰਕੇ ਉਸ ਨੂੰ ਡੇਢ ਲੱਖ ਰੁਪਿਆ ਸਾਲਾਨਾ ਪੈਨਸ਼ਨ ਦੇ ਦਿੱਤੀ ਗਈ।

[1*]"ਇਸ ਸੰਧੀ ਰਾਹੀਂ ਅੰਗਰੇਜ਼ੀ ਸਰਕਾਰ ਨੇ ਪੰਜਾਬ ਰਾਜ ਉੱਤੇ ਆਪਣੇ ਅਧਿਕਾਰ ਨੂੰ ਹੋਰ ਪੱਕਾ ਕਰ ਲਿਆ। ਭਰੋਵਾਲ ਦੀ ਸੰਧੀ ਉੱਤੇ ਲਾਹੌਰ ਦਰਬਾਰ ਵਲੋਂ ਤੇਜ ਸਿੰਘ, ਸ. ਸ਼ੇਰ ਸਿੰਘ, ਦੀਵਾਨ ਦੀਨਾ ਨਾਥ, ਫ਼ਕੀਰ-ਨੂਰ-ਉਦ-ਦੀਨ, ਰਾਏ ਕਿਸ਼ਨ ਚੰਦ, ਸ. ਰਣਜੋਧ ਸਿੰਘ ਮਜੀਠਿਆ, ਸ.ਅਤਰ ਸਿੰਘ ਕਾਲਿਆਂ ਵਾਲਾ, ਭਾਈ ਨਿਧਾਨ ਸਿੰਘ, ਸ. ਕਾਨ੍ਹ ਸਿੰਘ ਮਜੀਠਿਆ, ਸ. ਸ਼ਮਸ਼ੇਰ ਸਿੰਘ, ਸ. ਲਾਲ ਸਿੰਘ ਮਠੇਰੀਆ ਵਲੋਂ ਹਸਤਾਖਰ ਕੀਤੇ ਗਏ। ਇਸ ਸੰਧੀ ਤੋਂ ਅੰਗਰੇਜ਼ਾਂ ਦੀ ਨੀਤੀ ਦੀ ਝਲਕ ਸਹਿਜੇ ਹੀ ਪੈ ਜਾਂਦੀ ਹੈ ਕਿ ਕਿਵੇਂ ਉਹ ਪੰਜਾਬ ਰਾਜ ਉੱਤੇ ਆਪਣਾ ਸਾਮਰਾਜੀ ਗਲਬਾ ਥੋਪਦੇ ਜਾ ਰਹੇ ਸਨ। ਇਸ ਦਾ ਪ੍ਰਤੀਕਰਮ ਹੋਣਾ ਬੜਾ ਸੁਭਾਵਿਕ ਸੀ। ਇਸ ਨੂੰ ਅੰਗਰੇਜ਼ਾਂ ਵਿਰੁੱਧ ਅਗਲੇ ਕੁਝ ਸਮੇਂ ਵਿਚ ਪ੍ਰਚੰਡ ਹੋਣ ਵਾਲੀ ਭਾਵਨਾ ਦਾ ਆਦਿ ਬਿੰਦੂ ਸਮਝਿਆ ਜਾ ਸਕਦਾ ਹੈ। ਅੰਗਰੇਜ਼ ਦੀ ਇਹ ਸਾਮਰਾਜੀ ਨੀਤੀ ਲਾਰਡ ਹਾਰਡਿੰਗ ਦੇ ਉਸ ਪੱਤਰ ਤੋਂ ਸਪਸ਼ਟ ਹੋ ਜਾਂਦੀ ਹੈ ਜੋ ਉਸ ਨੇ ਲਾਹੌਰ ਦੇ ਰੈਜੀਡੈਂਟ ਹੈਨਰੀ ਲਾਰੰਸ ਨੂੰ 23 ਅਕਤੂਬਰ 1847 ਨੂੰ ਲਿਖਿਆ ਸੀ"-

[2*]"ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਮਾਰਚ 1846 ਈਸਵੀਂ ਦੀ ਲਾਹੌਰ ਦੀ ਸੰਧੀ ਅਨੁਸਾਰ ਸਾਡੀ ਮਨਸ਼ਾ ਕਦੀ ਵੀ ਇਹ ਨਹੀਂ ਸੀ ਕਿ ਪੰਜਾਬ ਇਕ ਸੁਤੰਤਰ ਰਾਜ ਹੋਵੇ। ਜੋ ਧਾਰਾ ਮੈਂ ਸ਼ਾਮਲ ਕੀਤੀ, ਉਸ ਅਨੁਸਾਰ ਲਾਹੌਰ ਰਾਜ ਦਾ ਸ਼ਾਸਕ ਸਾਡੀ ਮਨਜ਼ੂਰੀ ਬਗੈਰ ਨਾ ਹੀ ਕੋਈ ਯੁੱਧ ਕਰ ਸਕਦਾ ਹੈ ਨਾ ਸਮਝੌਤਾ; ਉਹ ਇਕ ਏਕੜ ਜ਼ਮੀਨ ਵੀ ਨਾ ਬਦਲ ਸਕਦਾ ਹੈ ਤੇ ਨਾ ਹੀ ਵੇਚ ਸਕਦਾ ਹੈ; ਨਾ ਉਹ ਕਿਸੇ ਯੂਰਪੀਅਨ ਅਫ਼ਸਰ ਨੂੰ ਆਪਣੀ ਸੇਵਾ ਵਿਚ ਰਖ ਸਕਦਾ ਹੈ ਅਤੇ ਨਾ ਹੀ ਸਾਨੂੰ ਆਪਣੇ ਇਲਾਕਿਆਂ ਵਿਚੋਂ ਲੰਘਣ ਤੋਂ ਮਨ੍ਹਾ ਕਰ ਸਕਦਾ ਹੈ; ਉਹ ਅਮਲੀ ਰੂਪ ਵਿਚ ਸਾਡੀ ਆਗਿਆ ਤੋਂ ਬਿਨਾਂ ਕੋਈ ਕੰਮ ਵੀ

[1*] ਖੁਸ਼ਵੰਤ ਸਿੰਘ, ਪੰਜਾਬ ਦਾ ਇਤਿਹਾਸ (1839-1988), ਜਿਲਦ 2, ਪੰਨਾ 58

[2*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 136



Sri Satguru Jagjit Singh Ji Elibrary NamdhariElibrary@gmail.com

ਨਹੀਂ ਕਰ ਸਕਦਾ। ਅਸਲ ਵਿਚ ਉਹ ਦੇਸੀ ਰਾਜਾ ਸਾਡੀਆਂ ਜ਼ੰਜੀਰਾਂ ਵਿਚ ਬੰਨਿਆ ਗਿਆ ਹੈ ਤੇ ਸਾਡੀ ਰੱਖਿਆ ਵਿਚ ਹੈ ਤੇ ਉਸ ਨੂੰ ਸਾਰੇ ਕੰਮ ਸਾਡੀ ਮਰਜ਼ੀ ਅਨੁਸਾਰ ਹੀ ਕਰਨੇ ਪੈਣਗੇ।"

**ਤੇਜ ਸਿੰਘ ਨੂੰ ਖਿਤਾਬ ਤੇ ਨਵੇਂ ਸੰਕਟ ਦਾ ਆਰੰਭ :**

ਲਾਲ ਸਿੰਘ ਦੇ ਦੇਸ਼ ਨਿਕਾਲੇ ਪਿਛੋਂ ਤੇਜ ਸਿੰਘ ਹੀ ਅੰਗਰੇਜ਼ਾਂ ਦਾ ਸਭ ਤੋਂ ਇਤਬਾਰੀ ਤੇ ਵਫ਼ਾਦਾਰ ਸੇਵਕ ਰਹਿ ਗਿਆ ਸੀ। ਉਸ ਨੂੰ ਸਿਆਲਕੋਟ ਵਿਖੇ ਵੱਡੀ ਜਾਗੀਰ ਦੇ ਦਿੱਤੀ ਗਈ ਸੀ। 7 ਅਗਸਤ 1847 ਨੂੰ ਰੈਜੀਡੈਂਟ ਹੈਨਰੀ ਲਾਰੰਸ ਉਸ ਨੂੰ 'ਰਾਜਾ' ਦਾ ਖਿਤਾਬ ਦੇਣਾ ਚਾਹੁੰਦਾ ਸੀ। ਜਦੋਂ ਮਹਾਰਾਜਾ ਦਲੀਪ ਸਿੰਘ ਨੂੰ, ਤੇਜ ਸਿੰਘ ਨੂੰ ਰਾਜਗੀ ਦਾ ਤਿਲਕ ਲਗਾਉਣ ਲਈ ਕਿਹਾ ਗਿਆ ਤਾਂ ਮਹਾਰਾਜੇ ਨੇ ਸਾਫ਼ ਨਾਂਹ ਕਰ ਦਿੱਤੀ। ਇਹ ਕਾਰਜ ਇਕ ਹੋਰ ਦਰਬਾਰੀ ਭਾਈ ਨਿਧਾਨ ਸਿੰਘ ਤੋਂ ਕਰਵਾਇਆ ਗਿਆ। ਹੈਨਰੀ ਲਾਰੰਸ ਇਹ ਗੱਲ ਭਲੀ ਪ੍ਰਕਾਰ ਸਮਝਦਾ ਸੀ ਕਿ ਮਹਾਰਾਜਾ ਦਲੀਪ ਸਿੰਘ ਦੇ ਇਨਕਾਰ ਪਿਛੇ ਮਹਾਰਾਣੀ ਜਿੰਦਾ ਦਾ ਹੱਥ ਹੈ; ਇਸ ਲਈ ਉਸ ਨੇ ਮਹਾਰਾਣੀ ਜਿੰਦਾਂ ਵਿਰੁੱਧ ਕਾਰਵਾਈ ਕਰਨ ਦਾ ਫੈਸਲਾ ਕਰ ਲਿਆ।

[1*]ਮਹਾਰਾਣੀ ਜਿੰਦਾਂ ਨੂੰ ਨਾਬਾਲਗ ਮਹਾਰਾਜੇ ਦੀ ਮਾਤਾ ਤੇ ਸਵਰਗਵਾਸੀ ਮਹਾਰਾਜਾ ਰਣਜੀਤ ਸਿੰਘ ਦੀ ਧਰਮ ਪਤਨੀ ਹੋਣ ਦਾ ਪੂਰਨ ਅਹਿਸਾਸ ਸੀ। ਇਸ ਲਈ ਉਹ ਕਿਸੇ ਸਮੇਂ ਵੀ ਅੰਗਰੇਜ਼ੀ ਗਲਬੇ ਵਿਰੁੱਧ ਅਸੰਤੁਸ਼ਟ ਸਰਦਾਰਾਂ ਤੇ ਆਮ ਪਰਜ਼ਾ ਲਈ ਅੰਗਰੇਜ਼ ਵਿਰੋਧੀ ਭਾਵਨਾ ਦਾ ਕੇਂਦਰ ਬਿੰਦੂ ਬਣ ਸਕਦੀ ਸੀ। ਪਿਛੋਂ ਜਾ ਕੇ ਲਾਰਡ ਡਲਹੌਜੀ ਜੋ ਹਾਰਡਿੰਗ ਤੋਂ ਪਿਛੋਂ ਗਵਰਨਰ ਜਨਰਲ ਬਣਿਆ ਨੇ ਮਹਾਰਾਣੀ ਜਿੰਦਾ ਨੂੰ 1 ਪੰਜਾਬ ਦੀ ਇਕੋ ਇਕ ਮਰਦਾਂ ਵਰਗੀ ਸਮਝ ਵਾਲੀ ਔਰਤ ਕਿਹਾ ਸੀ।

ਹੈਨਰੀ ਲਾਰੰਸ ਨੇ ਮਹਾਰਾਣੀ ਜਿੰਦਾ ਨੂੰ ਪ੍ਰਭਾਵਹੀਨ ਕਰਨ ਦਾ ਫੈਸਲਾ ਕਰ ਲਿਆ।

**[2*] ਹੈਨਰੀ ਲਾਰੰਸ ਵਲੋਂ ਮਹਾਰਾਣੀ ਜਿੰਦਾਂ ਦਾ ਅਪਮਾਨ :**

"ਮਹਾਰਾਣੀ ਜਿੰਦਾਂ ਨੂੰ ਸੁਮਣ ਬੁਰਜ ਵਿਚ ਨਿਗਰਾਨੀ ਹੇਠ ਰੱਖਿਆ ਗਿਆ ਅਤੇ ਉਸ ਨੂੰ ਸਿੱਖ ਸਰਦਾਰਾਂ ਨਾਲ ਮਿਲਨ ਤੇ ਸਲਾਹ ਮਸ਼ਵਰਾ ਕਰਨ ਤੋਂ ਰੋਕ ਦਿੱਤਾ ਗਿਆ। 19 ਅਗਸਤ, 1847 ਦੀ ਸਵੇਰੇ ਮਹਾਰਾਜੇ ਨੂੰ ਲਾਹੌਰ ਦੇ ਕਿਲ੍ਹੇ ਵਿਚਲੇ ਸ਼ਾਹੀ ਮਹਿਲ ਤੋਂ ਤਿੰਨ ਮੀਲ ਤੇ ਸ਼ਾਲਾਮਾਰ ਬਾਗ ਭੇਜ ਦਿੱਤਾ ਗਿਆ ਅਤੇ ਰਾਤ

[1*] ਹਰਬੰਸ ਸਿੰਘ, ਸਾਡਾ ਵਿਰਸਾ, ਪੰਨਾ 181

[2*] ਡਾ. ਗੰਡਾ ਸਿੰਘ, ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਪੰਨਾ 85



Sri Satguru Jagjit Singh Ji Elibrary NamdhariElibrary@gmail.com

ਦੇ ਅੱਠ-ਨੌਂ ਬਜੇ ਦੇ ਦਰਮਿਆਨ ਫੌਜੀ ਪਹਿਰੇ ਹੇਠਾਂ ਮਹਾਰਾਣੀ ਨੂੰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਭੇਜ ਦਿੱਤਾ ਜਿਥੇ ਉਹ 20 ਅਗਸਤ ਨੂੰ ਤੜਕੇ ਪਹੁੰਚੀ।"

[1]*ਖੁਸ਼ਵੰਤ ਸਿੰਘ ਅਨੁਸਾਰ ਮਹਾਰਾਣੀ ਨੂੰ ਵਾਲਾਂ ਤੋਂ ਫੜ ਕੇ ਜ਼ਬਰਦਸਤੀ ਤੋਰਿਆ ਗਿਆ ਸੀ, ਇਸ ਬਾਰੇ ਮਹਾਰਾਣੀ ਨੇ ਆਪਣੇ ਪੱਤਰਾਂ ਵਿਚ ਵੀ ਜ਼ਿਕਰ ਕੀਤਾ ਹੈ।"

ਇਸ ਭੈੜੇ ਸਲੂਕ ਸੰਬੰਧੀ ਮਹਾਰਾਣੀ ਜਿੰਦਾ ਨੇ ਤਿੰਨ ਪੱਤਰ ਹੈਨਰੀ ਲਾਰੰਸ ਅਤੇ ਜਾਨ ਲਾਰੰਸ ਨੂੰ ਲਿਖੇ ਸਨ। ਪਹਿਲਾਂ ਸੁਮਣ ਬੁਰਜ ਤੋਂ ਤੇ ਦੂਜੇ ਦੋ ਸ਼ੇਖੂ ਪੁਰੇ ਦੇ ਕਿਲ੍ਹੇ ਤੋਂ। ਇਨ੍ਹਾਂ ਪੱਤਰਾਂ ਵਿਚ ਰਾਣੀ ਜਿੰਦਾਂ ਨੇ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਤੋਂ ਵਿਛੋੜੇ ਅਤੇ ਆਪਣੇ ਦੁੱਖਾਂ-ਦਰਦਾਂ ਦੀ ਵਿਥਿਆ ਨੂੰ ਰੋਹ ਭਰੇ ਲਹਿਜ਼ੇ ਵਿਚ ਬਿਆਨ ਕੀਤਾ ਹੈ। ਅੰਗਰੇਜ਼ਾਂ ਵਲੋਂ ਉਸ ਪ੍ਰਤੀ ਵਿਖਾਈ ਗਈ ਬੇਰੁੱਖੀ, ਬਦਸਲੂਕੀ ਅਤੇ ਉਨ੍ਹਾਂ ਦੇ ਅਸਲੀ ਇਰਾਦਿਆਂ (ਪੰਜਾਬ ਉੱਤੇ ਪੂਰਨ/ਕਬਜ਼ਾ ਕਰਨ) ਦਾ ਪਾਜ ਉਘਾੜਿਆ ਗਿਆ ਹੈ।

ਇਨ੍ਹਾਂ ਪੱਤਰਾਂ ਵਿਚ ਮਹਾਰਾਣੀ ਜਿੰਦਾਂ ਲਿਖਦੀ ਹੈ :

[2]*ਲਿਖਤੁਮ ਬੀਬੀ ਸਾਹਿਬ, ਅਲਾਰਨ ਸਾਹਿਬ ਜੋਗ

ਅਸਾਂ ਆਪਣਾ ਸਿਰ ਤੁਹਾਡੇ ਹਵਾਲੇ ਕੀਤਾ ਸੀ, ਤੁਸਾਂ ਨਿਮਕ-ਹਰਾਮਾਂਦਿਆਂ ਪੈਰਾਂ ਵਿਚ ਦੇ ਦਿੱਤਾ ਸੁ। ਤੁਸਾਂ ਸਾਡੀ ਮੁਨਸਬੀ ਨਾ ਪਾਈ। ਤੁਹਾਨੂੰ ਜੋ ਚਾਹੀਦਾ ਸੀ ਜੋ ਦਿਰਿਆਫਤੀ ਕਰਕੇ ਸਾਡੇ ਜ਼ੁੰਮੇ ਲਗਦਾ ਸੋ ਲਾਂਦੇ। ਨਿਮਕ ਹਰਾਮਾਂ ਦੇ ਕਹੇ ਨਹੀਂ ਸੀ ਲਗਣਾ। ਤੁਸਾਂ ਵੱਡੇ ਮਹਾਰਾਜ ਦੀ ਦੋਸਤੀ ਵਲ ਬੀ ਨਹੀਂ ਸੀ ਡਿੱਠਾ। ਤੁਸਾਂ ਮੇਰੀ ਅਬਰੋ ਲੋਕਾਂ ਤੋਂ ਲੁਹਾਈ ਏ। ਤੁਸਾਂ ਕਰਾਰਨਾਵਿਆਂ ਤੇ ਅਹਿਦਨਾਵਿਆਂ ਉਪਰ ਕੁਝ ਭੀ ਅਮਲ ਨਹੀਂ ਕੀਤਾ।.................. ਕੋਈ ਸਾਡੀ ਲਿਖਤ ਦਸੋ ਵਾ ਕੁਝ ਸਾਡੇ ਜ਼ੁੰਮੇ ਲਾਓ ਆ, ਫੇਰ ਜੋ ਤੁਹਾਡੀ ਮਰਜ਼ੀ ਹੁੰਦੀ ਸੋ ਕਰਦੇ। ਅਸੀਂ ਬਹੁਤ ਲਾਚਾਰ ਹੋਏ ਆਂ। ਪਾਣੀ ਤੇ ਰੋਟੀ ਬੀ ਨਹੀਂ ਆਉਣ ਦੇਂਦੇ। ਇਸ ਤਰ੍ਹਾਂ ਚੁ ਸਾਨੂੰ ਤੰਗ ਕਰਦੇ ਓ, ਇਸ ਗਲ ਕੋਲੋਂ ਫਾਂਸੀ ਲਗਾ ਦਿਓ।

ਹੋਰ ਜਿਹੜਾ ਕੂੜ ਲਖ ਲਾਇਆ ਸੀ ਓਹ ਬੀ ਨਹੀਂ ਕਿਸੇ ਦਿੱਤਾ।

ਅਜ ਮਹਾਰਾਜ ਸਾਡੇ ਪਾਸ ਆ ਕੇ ਤੇ ਬਹੁਤ ਰੋਂਦੇ ਰਹੇ ਨੇ, ਆਖਣ ਲਗੇ ਸਾਨੂੰ ਬਿਛਨ ਸਿੰਘ ਤੇ ਗੁਲਾਬ ਸਿੰਘ ਡਰਾਂਦੇ ਨੇ। ਜੇ ਤਾਂ ਮਹਾਰਾਜ ਨੂੰ ਡਰ ਨਾਲ ਕੁਝ ਹੋ ਗਿਆ ਤਾਂ ਫਿਰ ਮੈਂ ਕੀ ਕਰਾਂਗੀ। ਉਨ੍ਹਾਂ ਨੂੰ ਆਖਿਆ ਨੇ ਤੁਹਾਨੂੰ ਸਾਹਿਬ ਦਾ ਹੁਕਮ ਹੈ ਜੋ ਸ਼ਾਲਾਬਾਗ ਜਾ ਕੇ ਉਤਰੋ, ਉਹ ਸੁਣ ਕੇ ਤੇ ਬਹੁਤ ਰੋਂਦੇ ਰਹੇ।

ਇਹ ਜਿਹੜੀਆਂ ਗੱਲਾਂ ਸਾਡੇ ਨਾਲ ਕਰਦੇ ਹੋ ਕਿਸੇ ਰਜਵਾੜੇ ਵਿਚ ਨਹੀਂ

---

[1]* ਖੁਸ਼ਵੰਤ ਸਿੰਘ, ਪੰਜਾਬ ਦਾ ਇਤਿਹਾਸ (1839-1988), ਜਿਲਦ 2, ਪੰਨਾ 64

[2]* ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 83, 84, 85, 86



Sri Satguru Jagjit Singh Ji Elibrary NamdhariElibrary@gmail.com

ਹੋਈਆਂ। ਤੁਸੀਂ ਗੁਝੇ ਰਾਜ ਕਿਉਂ ਸਾਂਭਦੇ ਹੋ, ਜ਼ਾਹਰਾ ਹੋ ਕੇ ਕਿਉਂ ਨਹੀਂ ਕਰਦੇ।.... ਮੇਰੀ ਅਦਾਲਤ ਕਰੋ ਨਹੀਂ ਤਾਂ ਲੰਦਨ ਫਿਰਿਆਦ ਕਰਾਂਗੀ। ਤਿੰਨਾਂ ਚਹੁੰ ਨਿਮਕ ਹਰਾਮਾਂ ਨੂੰ ਰਖ ਲਓ ਹੋਰ ਸਾਰੀ ਪੰਜਾਬ ਨੂੰ ਕਤਲ ਕਰਾ ਦਿਓ ਇਨ੍ਹਾਂ ਦੇ ਆਖੇ ਲਗ ਕੇ ਤੇ।

ਸ਼ੇਖੂਪੁਰੇ ਦੇ ਕਿਲ੍ਹੇ ਤੋਂ ਜਿਹੜੀਆਂ ਚਿੱਠੀਆਂ ਮਹਾਰਾਣੀ ਨੇ ਜਾਨ ਲਾਰੰਸ ਨੂੰ ਲਿਖੀਆਂ ਉਨ੍ਹਾਂ ਵਿਚ ਵੀ ਮਹਾਰਾਣੀ ਨੇ ਆਪਣੇ ਦੁੱਖਾਂ ਦਾ ਵਰਨਣ ਕੀਤਾ ਹੈ।

ਲਿਖਤੁਮ ਬੀਬੀ ਸਾਹਿਬ ਜੀ ਲਾਰਨ ਸਾਹਿਬ ਜੋਗ।

ਪਰ ਤੁਸਾਂ ਮੇਰੇ ਨਾਲ ਬਹੁਤ ਜ਼ੁਲਮ ਕੀਤਾ ਏ। ਮੇਰਾ ਪੁੱਤਰ ਖੋਹ ਲਿਆ। ਵਾਸਤਾ ਈ ਆਪਣੇ ਰਬ ਦਾ, ਵਾਸਤਾ ਈ ਆਪਣੇ ਬਾਦਸ਼ਾਹ ਦਾ, ਜਿਸ ਦਾ ਨਮਕ ਖਾਂਦੇ ਓ, ਮੇਰਾ ਪੁਤ੍ਰ ਮੈਨੂੰ ਮਿਲੇ। ਇਹ ਦੁਖ ਮੈਥੋਂ ਸਹਿਆ ਨਹੀਂ ਜਾਂਦਾ, ਨਹੀਂ ਤਾਂ ਮੈਨੂੰ ਮਰਵਾ ਦਿੰਦੇ। ਪੁਤ੍ਰ ਮੇਰਾ ਬਹੁਤ ਅਯਾਣਾ ਏ, ਕੁਝ ਕਰਨ ਜੋਗਾ ਨਹੀਂ, ਮੈਂ ਬਾਦਸ਼ਾਹੀ ਛੋੜੀ, ਮੈਨੂੰ ਬਾਦਸ਼ਾਹੀ ਦੀ ਕੋਈ ਲੋੜ ਨਹੀਂ, ...... ਮੇਰੇ ਪੁਤ੍ਰ ਕੋਲ ਕੋਈ ਨਹੀਂ, ਭੈਣ ਭਾਈ ਨਹੀਂ, ਕੋਈ ਚਾਚਾ-ਤਾਯਾ ਨਹੀਂ, ਬਾਪ ਉਸ ਦਾ ਨਹੀਂ। ਮੇਰੇ ਨਾਲ ਐਡੇ ਜ਼ੁਲਮ ਹੋਏ ਨੇ, ਹੋਰ ਮੈਂ ਸ਼ੇਖੂਪੁਰੇ ਰਹਾਂਗੀ ਮੈਂ ਲਾਹੌਰ ਨਹੀਂ ਜਾਵਾਂਗੀ ਮੇਰੇ ਪੁਤਰ ਨੂੰ ਮੇਰੇ ਕੋਲ ਭੇਜ ਦਿਓ......................... ਮੈਂ ਓਨ੍ਹੀ ਦਿਨੀਂ ਤੁਸਾਂ ਪਾਸ ਆਊਂਗੀ ਜਿਸ ਦਿਨ ਦਰਬਾਰ ਲਾਉਣੇ ਹੋਣਗੇ। ਮੈਂ ਉਸ ਨੂੰ ਉਸ ਦਿਨ ਭੇਜ ਦਿਆਂਗੀ।

ਉਸ ਨੇ ਆਪਣੇ ਇਕ ਹੋਰ ਪੱਤਰ ਵਿਚ, ਜਿਸ ਦਾ ਅਨੁਵਾਦ ਉਰਦੂ ਅੱਖਰਾਂ ਵਿੱਚ [1*]ਡਾ. ਗੰਡਾ ਸਿੰਘ ਨੇ ਦਿੱਤਾ ਹੈ, ਮਹਾਰਾਣੀ ਜਿੰਦਾਂ ਨੇ ਲਿਖਿਆ :-

ਜੋ ਤੁਮ ਨੇ ਮਹਾਰਾਜ ਦੀ ਖੁਸ਼ੀ ਖਾਤਰ ਰਖੀ ਹੈ ਵੋਹ ਸਾਰੇ ਜ਼ਮਾਨੇ ਮੇਂ ਮਸ਼ਹੂਰ ਹੋਈ ਹੈ ਕਿ ਰੋਤੇ ਹੁਏ ਕੋ ਛੀਨ ਕਰ ਸ਼ਾਲਾ ਬਾਗ ਕੋ ਲੇ ਗਏ ਔਰ ਮਾਂ ਕੋ ਬਾਲ ਪਕੜ ਕਰ ਬਾਹਰ ਨਿਕਾਲ ਦੀਆ.....ਔਰ ਜੋ ਤੁਮ ਨੇ ਮੇਰੇ ਸਾਥ ਕੀਆ ਹੈ ਐਸਾ ਕਿਸੀ ਖੂਨੀ ਕੇ ਸਾਥ ਭੀ ਨਹੀਂ ਗੁਜ਼ਰਤਾ ਹੈ।"................

ਜਦੋਂ ਲਾਹੌਰ ਵਿਖੇ ਮਹਾਰਾਣੀ ਨੂੰ ਇਨਸਾਫ ਨਾ ਮਿਲਿਆ ਤਾਂ ਉਸ ਨੇ ਆਪਣੇ ਇਕ ਵਕੀਲ ਜੀਵਨ ਸਿੰਘ ਰਾਹੀਂ ਕਲਕੱਤੇ ਗਵਰਨਰ ਜਨਰਲ ਕੋਲ ਬਿਨੈ ਪੱਤਰ ਭੇਜਿਆ। ਗਵਰਨਰ ਜਨਰਲ ਨੇ ਮਹਾਰਾਣੀ ਜਿੰਦਾਂ ਦੇ ਵਕੀਲ ਨੂੰ ਉਸ ਦਾ ਪ੍ਰਤੀਨਿਧ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਪੱਤਰ ਵਾਪਿਸ ਰੈਜੀਡੈਂਟ ਨੂੰ ਲਾਹੌਰ ਭੇਜ ਦਿੱਤਾ।

ਮਹਾਰਾਣੀ ਉਤੇ ਇਹ ਸ਼ੱਕ ਕੀਤਾ ਗਿਆ ਸੀ ਕਿ ਉਸ ਦਾ ਤੇਜ ਸਿੰਘ ਨੂੰ ਕਤਲ ਕਰਵਾਉਣ ਦੀ ਸਾਜ਼ਿਸ਼ ਵਿਚ ਹੱਥ ਹੈ ਜੋ ਸਾਬਿਤ ਨਹੀਂ ਸੀ ਕੀਤਾ ਜਾ ਸਕਦਾ।

[1*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 86



Sri Satguru Jagjit Singh Ji Elibrary NamdhariElibrary@gmail.com

ਅਪਰੈਲ 1848 ਵਿਚ ਮੁਲਤਾਨ ਵਿਚ ਹੋਈ ਗੜਬੜ ਸਮੇਂ ਵੀ ਮਹਾਰਾਣੀ ਜਿੰਦਾਂ ਦਾ ਪੰਜਾਬ ਵਿਚ ਰਹਿਣਾ ਖ਼ਤਰਨਾਕ ਸਮਝਿਆ ਗਿਆ। ਇਸ ਲਈ ਉਸ ਨੂੰ ਪੰਜਾਬ ਤੋਂ ਬਾਹਰ ਪਹਿਲਾਂ ਬਨਾਰਸ ਅਤੇ ਫਿਰ ਚੁਨਾਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ, ਜਿਥੋਂ ਉਹ ਗੋਲੀ ਦੇ ਭੇਸ ਵਿਚ ਨੱਠ ਕੇ ਨੇਪਾਲ ਚਲੀ ਗਈ।

ਮਹਾਰਾਣੀ 29 ਅਪ੍ਰੈਲ 1849 ਨੂੰ ਕਾਠਮੰਡੂ ਪਹੁੰਚ ਗਈ। ਅੰਗਰੇਜ਼ ਸਰਕਾਰ ਨੇ ਤੁਰੰਤ ਉਸ ਦੇ ਗਹਿਣੇ (ਜੋ 9 ਲੱਖ ਰੁਪਏ ਦੇ ਸਨ) ਅਤੇ ਜਵਾਹਰਤਾਂ ਨੂੰ ਜ਼ਬਤ ਕਰ ਦਿੱਤਾ ਅਤੇ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ। ਮਹਾਰਾਣੀ ਜਿੰਦਾਂ ਵਿਰੁੱਧ ਕਿਉਂ ਜੋ ਕੋਈ ਦੋਸ਼ ਵੀ ਸਿੱਧ ਨਹੀਂ ਸੀ ਕੀਤਾ ਜਾ ਸਕਦਾ, ਇਸ ਲਈ ਉਸ ਨੂੰ ਪੰਜਾਬ ਤੋਂ ਬਾਹਰ ਭੇਜਣ ਲਈ ਰਾਜਨੀਤਿਕ ਕਾਰਨਾਂ ਦਾ ਬਹਾਨਾ ਬਣਾਇਆ ਗਿਆ।

### ਸਿੰਘਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ

1848 ਵਿਚ ਅੰਗਰੇਜ਼ਾਂ ਤੇ ਸਿੰਘਾਂ ਵਿਚਕਾਰ ਦੂਜੀ ਜੰਗ ਹੋਈ। ਜਿਸ ਦਾ ਮੁੱਖ ਕਾਰਨ ਤਾਂ ਉਹ ਰੋਸ ਸੀ ਜੋ ਅੰਗਰੇਜ਼ ਰੈਜੀਡੈਂਟ ਤੇ ਗਵਰਨਰ ਜਨਰਲ ਦੀ ਅਪਨਾਈ ਗਈ ਪੰਜਾਬ ਰਾਜ ਪ੍ਰਤੀ ਨੀਤੀ ਦੇ ਕਾਰਨ ਦਿਨੋ ਦਿਨ ਵਧੇਰੇ ਜ਼ੋਰ ਪਕੜ ਰਿਹਾ ਸੀ। ਪੰਜਾਬ ਦੇ ਲੋਕਾਂ ਨੂੰ ਪ੍ਰਤੱਖ ਹੋ ਗਿਆ ਸੀ ਕਿ ਅੰਗਰੇਜ਼ਾਂ ਨੂੰ ਪੰਜਾਬ ਦਾ ਸੁਤੰਤਰ ਰਾਜ ਅੱਖੀਆਂ ਵਿਚ ਰੜਕਦਾ ਹੈ ਅਤੇ ਉਹ ਛੇਤੀ ਤੋਂ ਛੇਤੀ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾਉਣ ਲਈ ਬੜੇ ਕਾਹਲੇ ਹਨ। ਇਸ ਦੌਰਾਨ ਜਨਵਰੀ 1848 ਨੂੰ ਲਾਰਡ ਹਾਰਡਿੰਗ ਦੀ ਥਾਂ ਲਾਰਡ ਡਲਹੌਜ਼ੀ ਗਵਰਨਰ ਜਨਰਲ ਬਣ ਕੇ ਆਇਆ ਜੋ ਪੂਰੀ ਤਰ੍ਹਾਂ ਪੰਜਾਬ ਰਾਜ ਨੂੰ ਅੰਗਰੇਜ਼ੀ ਸਲਤਨਤ ਵਿਚ ਰਲਾਉਣ ਲਈ ਬਹੁਤ ਕਾਹਲਾ ਸੀ ਅਤੇ ਸਾਮਰਾਜਵਾਦੀ ਵਿਸਥਾਰਵਾਦ ਦੀ ਨੀਤੀ ਦਾ ਹਾਮੀ ਸੀ।

ਲਾਰਡ ਹਾਰਡਿੰਗ ਨੂੰ ਜੋ ਪੁਰਾਣਾ ਹੰਢਿਆ ਹੋਇਆ ਫੌਜੀ ਜਰਨੈਲ ਸੀ, ਨੂੰ ਪਤਾ ਸੀ ਕਿ ਪੰਜਾਬ ਦੇ ਲੋਕਾਂ ਵਿਚ ਅਤੇ ਘਰੋ ਘਰੀ ਤੋਰੇ ਗਏ ਸਿੱਖ ਫੌਜੀਆਂ ਦੇ ਦਿਲਾਂ ਵਿਚ ਅੰਗਰੇਜ਼ਾਂ ਪ੍ਰਤੀ ਰੋਸ ਹਾਲੀ ਸ਼ਾਂਤ ਨਹੀਂ ਹੋਇਆ। ਸਿੱਖ ਸੈਨਿਕ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਸਨ ਕਿ ਉਨ੍ਹਾਂ ਦੀ ਪਹਿਲੀ ਜੰਗ ਵਿਚ ਹਾਰ ਉਨ੍ਹਾਂ ਦੀ ਕਮਜ਼ੋਰੀ ਕਾਰਨ ਨਹੀਂ ਸਗੋਂ ਉਨ੍ਹਾਂ ਦੇ ਆਗੂਆਂ ਦੀ ਗਦਾਰੀ ਕਾਰਨ ਹੋਈ ਹੈ। ਲਾਰਡ ਡਲਹੌਜ਼ੀ ਜੋ ਕੱਟੜ ਸਾਮਰਾਜ ਵਾਦੀ ਵਿਸਥਾਰਵਾਦ ਦੀਨੀਤੀ ਦਾ ਹਾਮੀ ਸੀ ਅਤੇ ਉਹ ਛੇਤੀ ਤੋਂ ਛੇਤੀ ਮੌਕਾ ਮਿਲਣ ਤੇ ਆਪਣੇ ਮਨੋਰਥ ਦੀ ਸਿਧੀ ਅਰਥਾਤ ਪੰਜਾਬ ਰਾਜ ਦਾ ਖਾਤਮਾ ਚਾਹੁੰਦਾ ਸੀ। 1846 ਦੀ ਲਾਹੌਰ ਦੀ ਸੰਧੀ ਅਨੁਸਾਰ ਲਾਹੌਰ ਵਿਚ ਅੰਗਰੇਜ਼ ਸੈਨਾ 1846 ਦੇ ਅੰਤ ਅਰਥਾਤ ਦਸੰਬਰ ਤੱਕ ਰੱਖਣੀ ਪ੍ਰਵਾਨ ਕੀਤੀ ਗਈ ਸੀ ਪਰ ਲਾਰਡ ਹਾਰਡਿੰਗ ਨੇ ਭਰੋਵਾਲ ਦੀ ਸੰਧੀ ਅਨੁਸਾਰ ਸਿੱਖ ਰਾਜ ਕੌਂਸਲ ਕੋਲੋਂ ਉਚੇਚੀ ਬੇਨਤੀ ਕਰਵਾ ਕੇ ਇਸ ਸੈਨਾ



Sri Satguru Jagjit Singh Ji Elibrary NamdhariElibrary@gmail.com

ਦੀ ਵਾਪਸੀ ਨੂੰ ਅਨਿਸ਼ਚਿਤ ਸਮੇਂ ਲਈ ਰੋਕ ਲਿਆ। ਭਰੋਵਾਲ ਦੀ ਸੰਧੀ ਅਨੁਸਾਰ ਹੈਨਰੀ ਲਾਰੰਸ ਨੂੰ ਪੂਰੇ ਅਧਿਕਾਰ ਦੇ ਦਿੱਤੇ ਗਏ ਕਿ ਉਹ ਆਪਣੀ ਮਰਜੀ ਅਨੁਸਾਰ ਰਾਜ ਦੇ ਸੰਰੇ ਵਿਭਾਗਾਂ ਉਪਰ ਨਿਯੰਤ੍ਰਣ ਰਖ ਸਕਦਾ ਹੈ, ਹਾਲਾਂਕਿ ਮਾਰਚ 1846 ਦੀਆਂ ਸੰਧੀਆਂ ਅਨੁਸਾਰ ਅੰਗਰੇਜ਼ਾਂ ਨੇ ਇਹ ਪ੍ਰਵਾਨ ਕੀਤਾ ਸੀ ਕਿ ਉਹ ਰਾਜ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦੇਣਗੇ ਅਤੇ ਕੇਵਲ ਕਿਸੇ ਮਸਲੇ ਬਾਰੇ ਪੁਛ-ਗਿੱਛ ਕਰਨ ਸਮੇਂ ਸਲਾਹ ਹੀ ਦੇਣਗੇ। ਤੇਜ ਸਿੰਘ ਦੀ ਸਰਦਾਰੀ ਹੇਠ ਕੌਂਸਲ ਦਾ ਗਠਨ ਕੀਤਾ ਗਿਆ ਪਰ ਜਿਸ ਵਿਚ ਸ਼ਾਮਲ ਪ੍ਰਬੰਧ ਪੂਰਨ ਤੌਰ ਤੇ ਰੈਜ਼ੀਡੈਂਟ ਹੈਨਰੀ ਲਾਰੰਸ ਦੇ ਹੱਥ ਜਾਂ ਮੁਠੀ ਵਿਚ ਸੀ। ਇਸ ਵਿਚ ਇਕ ਹੋਰ ਸ਼ਰਤ ਰੱਖੀ ਗਈ ਕਿ ਅੰਗਰੇਜ਼ ਪੰਜਾਬ ਵਿਚ ਕਾਨੂੰਨ ਤੇ ਪ੍ਰਬੰਧ ਚਲਾਉਣ ਲਈ ਜਿੰਨੀ ਫੌਜ ਚਾਹੁਣ ਅਤੇ ਜਿਨ੍ਹਾਂ ਚਿਰ ਲਈ ਚਾਹੁਣ ਰਖ ਸਕਦੇ ਹਨ। ਅਜਿਹਾ ਪ੍ਰਬੰਧ ਮਹਾਰਾਜਾ ਦਲੀਪ ਸਿੰਘ ਦੇ ਬਾਲਗ (16 ਸਾਲ) ਅਰਥਾਤ 4 ਸਤੰਬਰ 1854 ਹੋਣ ਤਕ ਚਲਣਾ ਸੀ। ਜੁਲਾਈ 1847 ਨੂੰ ਗਵਰਨਰ ਜਨਰਲ ਨੇ ਰੈਜ਼ੀਡੈਂਟ ਦੇ ਅਧਿਕਾਰਾਂ ਵਿਚ ਹੋਰ ਵਾਧਾ ਕਰ ਦਿੱਤਾ।

23 ਅਕਤੂਬਰ 1847 ਨੂੰ ਹੈਨਰੀ ਹਾਰਡਿੰਗ ਨੇ ਹੈਨਰੀ ਲਾਰੰਸ ਨੂੰ ਜਿਹੜਾ ਪੱਤਰ ਲਿਖਿਆ ਸੀ। ਉਸ ਤੋਂ ਵੀ ਅੰਗਰੇਜ਼ਾਂ ਦੀ ਪੰਜਾਬ ਰਾਜ ਨੂੰ ਬ੍ਰਿਟਿਸ਼ ਰਾਜ ਵਿਚ ਸ਼ਾਮਲ ਕਰਨ ਦੀ ਕੁਟਲ ਨੀਤੀ ਦਾ ਪਤਾ ਲੱਗਦਾ ਹੈ।

ਬਰਤਾਨਵੀ ਇਤਿਹਾਸਕਾਰ ਜਾਨ ਕਲਾਰਕ ਮਾਰਸ਼ਮੈਨ ਦੇ ਸ਼ਬਦਾਂ ਵਿਚ "ਕੰਪਨੀ ਦੇ ਅਧਿਕਾਰੀ ਹੀ ਮਹਾਰਾਜਾ ਰਣਜੀਤ ਸਿੰਘ ਦੇ ਉੱਤਰਅਧਿਕਾਰੀ ਬਣਾ ਦਿੱਤੇ ਗਏ ਹਨ।" ਪੰਜਾਬ ਵਿਚ ਸਿੱਖਾਂ ਦੇ ਅਧਿਕਾਰ ਦਾ ਸਹਿਜੇ ਸਹਿਜੇ ਅਜਿਹਾ ਖਾਤਮਾ ਕਰ ਦੇਣ ਨੂੰ ਸਿਖ ਜਨਤਾ ਪ੍ਰਵਾਨ ਨਹੀਂ ਸੀ ਕਰ ਸਕਦੀ। ਲਾਹੌਰ ਦੀ ਨਵੀਂ ਸਰਕਾਰ ਲੋਕਾਂ ਨੂੰ ਆਪਣੇ ਨਾਲ ਜੋੜ ਨਾ ਸਕੀ। ਜਲੰਧਰ ਦੁਆਬ ਵਿਚ ਜਿਸ ਤਰ੍ਹਾਂ ਜਗੀਰਾਂ ਅਤੇ ਮਾਲੀਏ ਦਾ ਨਵਾਂ ਭੂਮੀ ਪ੍ਰਬੰਧ ਜਾਨ ਲਾਰੰਸ ਵੱਲੋਂ ਲਾਗੂ ਕੀਤਾ ਗਿਆ, ਉਸਨੇ ਲੋਕਾਂ ਦੇ ਰੋਸ ਨੂੰ ਹੋਰ ਵੀ ਭੜਕਾ ਦਿੱਤਾ। ਮਹਾਰਾਣੀ ਜਿੰਦਾ ਜਿਸ ਬਾਰੇ ਲਾਰਡ ਡਲਹੌਜੀ ਦਾ ਕਥਨ ਸੀ ਕਿ ਪੰਜਾਬ ਵਿਚ ਉਹ ਇਕੋ ਇਕ ਮਰਦਾਂ ਵਰਗੀ ਇਸਤਰੀ ਹੈ ਅਤੇ ਜਿਸ ਦੁਆਲੇ ਅੰਗਰੇਜ਼ ਵਿਰੋਧੀ ਭਾਵਨਾਵਾਂ ਕੇਂਦਰਿਤ ਹੋ ਸਕਦੀਆਂ ਸਨ ਉਸਨੂੰ ਕਰੜੀ ਨਿਗਰਾਨੀ ਵਿਚ ਰੱਖਿਆ ਗਿਆ।

ਹੈਨਰੀ ਲਾਰੰਸ ਦਾ ਇਹ ਵਿਚਾਰ ਸੀ ਕਿ ਮਹਾਰਾਣੀ ਜਿੰਦਾਂ ਨੂੰ ਮਹੀਨੇ ਵਿਚ ਕੇਵਲ ਚਾਰ-ਪੰਜ ਸਰਦਾਰਾਂ ਨਾਲ ਹੀ ਮੁਲਾਕਾਤ ਕਰਨੀ ਚਾਹੀਦੀ ਹੈ ਅਤੇ ਉਸ ਨੂੰ ਨੇਪਾਲ, ਜੋਧਪੁਰ ਅਤੇ ਜੈਪੁਰ ਦੀਆਂ ਮਹਾਰਾਣੀਆਂ ਵਾਂਗ ਪਰਦੇ ਵਿਚ ਰਹਿਣਾ ਚਾਹੀਦਾ ਹੈ।

ਜਨਵਰੀ 1848 ਨੂੰ ਹੈਨਰੀ ਲਾਰੰਸ ਲਾਰਡ ਹਾਰਡਿੰਗ ਨਾਲ ਹੀ



Sri Satguru Jagjit Singh Ji Elibrary NamdhariElibrary@gmail.com

ਇੰਗਲੈਂਡ ਤੁਰ ਗਿਆ। ਕਿਉਂ ਜੋ ਲਾਰਡ ਹਾਰਡਿੰਗ ਦੇ ਅਹੁੱਦੇ ਦੀ ਮਿਆਦ ਸਮਾਪਤ ਹੋ ਚੁੱਕੀ ਸੀ। ਲਾਰੰਸ ਦੀ ਥਾਂ ਫਰੈਡਰਿਕ ਕਰੀ ਰੈਜੀਡੈਂਟ ਬਣਿਆ ਅਤੇ ਹਾਰਡਿੰਗ ਦੀ ਥਾਂ ਅਰਲ ਆਫ਼ ਡਲਹੌਜੀ ਨੇ ਗਵਰਨਰ-ਜਨਰਲ ਦੇ ਅਹੁੱਦੇ ਨੂੰ ਸੰਭਾਲਿਆ, ਇਸ ਨਵੇਂ ਰਾਜ ਪ੍ਰਬੰਧ ਨੂੰ ਮੁਲਤਾਨ ਦੀ ਬਗਾਵਤ ਦਾ ਸਾਹਮਣਾ ਕਰਨਾ ਪਿਆ,' ਜਿਸ ਨੂੰ ਉਸ ਨੇ ਦੂਜੀ ਅੰਗਰੇਜ਼ਾਂ ਤੇ ਸਿੱਖਾਂ ਦੀ ਜੰਗ ਦਾ ਬਹਾਨਾ ਬਣਾਇਆ। ਨਵੀਂ ਲਾਹੌਰ ਸਰਕਾਰ ਨੇ ਮੂਲਰਾਜ ਵਲੋਂ ਅਦਾ ਕਰਨ ਵਾਲੇ ਕਰ ਵਿਚ ਬਹੁਤ ਜ਼ਿਆਦਾ ਵਾਧਾ ਕਰ ਦਿੱਤਾ ਤੇ ਉਸਨੇ ਏਡੀ ਵਡੀ ਰਕਮ ਦਾ ਭੁਗਤਾਨ ਕਰਨ ਤੋਂ ਅਸਮਰੱਥਾ ਪ੍ਰਗਟ ਕਰਦੇ ਹੋਏ ਉਸਨੇ ਆਪਣੀ ਨਾਜ਼ਿਮ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ। ਫਰੈਡਰਿਕ ਕਰੀ ਨੇ ਕਾਨ੍ਹ ਸਿੰਘ ਮਾਨ ਨੂੰ ਦੋ ਹੋਰ ਅੰਗਰੇਜ਼ ਅਧਿਕਾਰੀਆਂ ਵਾਨਸ ਐਗਨਿਊ ਅਤੇ ਵਿਲੀਅਮ ਐਂਡਰਸਨ ਨਾਲ ਮੂਲਰਾਜ ਤੋਂ ਚਾਰਜ ਲੈਣ ਲਈ ਭੇਜਿਆ। ਕਾਨ੍ਹ ਸਿੰਘ ਇਨ੍ਹਾਂ ਦੋ ਅੰਗਰੇਜ਼ ਅਧਿਕਾਰੀਆਂ ਨਾਲ 18 ਅਪ੍ਰੈਲ 1848 ਨੂੰ ਮੁਲਤਾਨ ਪੁੱਜਾ। ਦੀਵਾਨ ਮੂਲਰਾਜ ਨੇ ਕਿਲ੍ਹੇ ਨੂੰ ਖਾਲੀ ਕਰ ਦਿੱਤਾ ਅਤੇ ਲਾਹੌਰ ਦਰਬਾਰ ਦੇ ਪ੍ਰਤੀਨਿਧਾਂ ਨੂੰ ਕਿਲ੍ਹੇ ਦੀਆਂ ਚਾਬੀਆਂ ਸੌਂਪ ਦਿੱਤੀਆਂ ਪਰ ਉਸਦੇ ਸਿਪਾਹੀਆਂ ਨੇ ਬਗਾਵਤ ਕਰ ਦਿੱਤੀ ਅਤੇ ਅੰਗਰੇਜ਼ ਅਫਸਰਾਂ ਨੂੰ ਉਨ੍ਹਾਂ ਦੀ ਰਿਹਾਇਸ਼ ਦੇ ਸਥਾਨ ਈਦਗਾਹ ਵਿਖੇ ਕਤਲ ਕਰ ਦਿੱਤਾ। ਇਹੋ ਘਟਨਾ ਹੀ ਮੁਲਤਾਨ ਦੀ ਬਗਾਵਤ ਦਾ ਆਰੰਭ ਸੀ। ਲਾਹੌਰ ਦਰਬਾਰ ਵਲੋਂ ਜਿਹੜੇ ਸੈਨਿਕ ਮੁਲਤਾਨ ਭੇਜੇ ਗਏ ਸਨ, ਉਨ੍ਹਾਂ ਵਿਚੋਂ ਕੁਝ ਮੁਲਤਾਨ ਦੇ ਬਾਗੀ ਸੈਨਿਕਾਂ ਨਾਲ ਜਾ ਮਿਲੇ। ਫਰੈਡਰਿਕ ਕਰੀ ਨੂੰ ਇਨ੍ਹਾਂ ਘਟਨਾਵਾਂ ਦੇ ਸਮਾਚਾਰ 21 ਅਪ੍ਰੈਲ 1848 ਨੂੰ ਮਿਲ ਗਏ ਸਨ ਪਰ ਉਸਨੇ ਕਿਸੇ ਕਾਰਵਾਈ ਨੂੰ ਕਰਨ ਵਿਚ ਜਾਣ-ਬੁੱਝ ਕੇ ਦੇਰੀ ਕਰ ਦਿੱਤੀ। ਲਾਰਡ ਡਲਹੌਜੀ ਨੇ ਵੀ ਮੁਲਤਾਨ ਦੀ ਬਗਾਵਤ ਨੂੰ 5 ਮਹੀਨਿਆਂ ਤਕ ਜਾਰੀ ਰਹਿਣ ਦਿੱਤਾ ਅਤੇ ਇਸ ਨੂੰ ਦਬਾਉਣ ਲਈ ਕੋਈ ਵੀ ਕਾਰਵਾਈ ਨਾ ਕੀਤੀ। ਰੈਜ਼ੀਡੈਂਟ ਵਲੋਂ ਵੀ ਇਸ ਬਗਾਵਤ ਦੀ ਅੱਗ ਨੂੰ ਭੜਕਾਇਆ ਗਿਆ। ਮਹਾਰਾਣੀ ਜਿੰਦਾਂ ਦੀ ਨਜ਼ਰਬੰਦੀ ਅਤੇ ਦੇਸ਼ ਨਿਕਾਲੇ ਦਾ ਵੱਡਾ ਕਾਰਨ ਪ੍ਰੇਮਾ ਸਾਜ਼ਿਸ਼ ਕੇਸ ਸੀ ਜਿਸ ਵਿਚ ਮਹਾਰਾਣੀ ਜਿੰਦਾਂ ਦਾ ਸਿੱਧਾ ਹੱਥ ਤਾਂ ਸਾਬਿਤ ਨਾ ਹੋ ਸਕਿਆ ਪਰ ਉਸ ਉਤੇ ਇਸਦੀ ਜਾਣਕਾਰੀ ਹੋਣ ਦੇ ਦੋਸ਼ ਨੂੰ ਮੜ੍ਹਿਆ ਗਿਆ। ਇੱਥੇ ਪ੍ਰੇਮਾ ਸਾਜ਼ਿਸ਼ ਕੇਸ਼ ਦਾ ਹਵਾਲਾ ਦੇਣਾ ਉਚਿਤ ਪ੍ਰਤੀਤ ਹੁੰਦਾ ਹੈ ਤਾਂ ਜੋ ਉਸ ਸਮੇਂ ਅੰਗਰੇਜ਼ ਵਿਰੋਧੀ ਉਠ ਰਹੀਆਂ ਭਾਵਨਾਵਾਂ ਦੇ ਪਿਛੋਕੜ ਨੂੰ ਜਾਣਿਆ ਜਾ ਸਕੇ।

**ਪ੍ਰੇਮਾ ਸਾਜ਼ਿਸ਼ ਕੇਸ**

ਪ੍ਰੇਮਾ ਸਾਜਿਸ਼ ਕੇਸ ਬਾਰੇ ਖਿਆਲ ਕੀਤਾ ਜਾਂਦਾ ਹੈ ਕਿ ਮਹਾਰਾਣੀ ਜਿੰਦ



Sri Satguru Jagjit Singh Ji Elibrary NamdhariElibrary@gmail.com

ਕੌਰ ਵਲੋਂ ਕੁਝ ਸਿੱਖ ਸਰਦਾਰਾਂ ਦੇ ਸਹਿਯੋਗ ਨਾਲ ਪਹਿਲੇ ਬਰਤਾਨਵੀ ਰੈਜੀਡੈਂਟ ਹੈਨਰੀ ਲਾਰੰਸ ਅਤੇ ਸਿੱਖ ਕਮਾਂਡਰ ਇਨ-ਚੀਫ ਤੇਜ ਸਿੰਘ ਨੂੰ ਕਤਲ ਕਰਕੇ ਪੰਜਾਬ ਵਿਚੋਂ ਅੰਗਰੇਜ਼ਾਂ ਦੇ ਅਧਿਕਾਰ ਦਾ ਖਾਤਮਾ ਕਰਨ ਲਈ ਇਹ ਸਾਜ਼ਿਸ਼ ਰਚੀ ਗਈ ਸੀ ਇਸ ਸਾਜਿਸ਼ ਦਾ ਵੱਡਾ ਕਾਰਨ ਉਹ ਨਿਰਾਸਤਾ ਤੇ ਰੋਸ ਸੀ ਜੋ ਦਸੰਬਰ, 1846 ਦੀ ਭਰੋਵਾਲ ਦੀ ਸੰਧੀ ਕਾਰਨ ਪੈਦਾ ਹੋਇਆ ਸੀ। ਇਸ ਸੰਧੀ ਅਨੁਸਾਰ ਮਹਾਰਾਣੀ ਜਿੰਦ ਕੌਰ ਤੋਂ ਦਲੀਪ ਸਿੰਘ ਦੇ ਸਰਪ੍ਰਸਤ ਹੋਣ ਦੇ ਸਾਰੇ ਅਧਿਕਾਰ ਖੋਹ ਲਏ ਗਏ ਸਨ ਅਤੇ ਰੇਜੀਡੈਂਟ ਹੈਨਰੀ ਲਾਰੰਸ ਨੂੰ ਅਸੀਮਿਤ ਅਧਿਕਾਰ ਦੇ ਦਿੱਤੇ ਗਏ ਸਨ। ਮਹਾਰਾਣੀ ਅੰਗਰੇਜ਼ਾਂ ਦੀਆਂ ਕੁਝ ਰਜਮੈਂਟਾਂ ਦੇ ਲਾਹੌਰ ਵਿਚ ਰੱਖਣ ਤੋਂ ਬਿਨਾਂ ਅੰਗਰੇਜ਼ੀ ਸੈਨਾ ਨੂੰ ਵਧੇਰੇ ਸਮੇਂ ਲਈ ਪੰਜਾਬ ਵਿਚ ਰੱਖਣ ਦੇ ਹੱਕ ਵਿਚ ਨਹੀਂ ਸੀ ਪਰ ਭਰੋਵਾਲ ਦੀ ਸੰਧੀ ਅਨੁਸਾਰ ਅੰਗਰੇਜ਼ੀ ਸੈਨਾ ਨੂੰ ਰੈਜੀਡੈਂਟ ਜਿਨਾਂ ਚਿਰ ਲਈ ਚਾਹੇ ਅਤੇ ਜਿੰਨੀ ਗਿਣਤੀ ਵਿਚ ਚਾਹੇ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ (4 ਸਤੰਬਰ 1854 ਤੱਕ) ਰਖ ਸਕਦਾ ਸੀ। ਰਾਣੀ ਜਿੰਦਾਂ ਨੂੰ ਡੇਢ ਲੱਖ ਦੀ ਪੈਨਸ਼ਨ ਦੇ ਦਿਤੀ ਗਈ। ਉਸ ਨੂੰ ਇਹ ਪਤਾ ਲਗ ਗਿਆ ਸੀ ਕਿ ਅੰਗਰੇਜ਼ ਪੰਜਾਬ ਵਿਚ ਸਾਰੇ ਅਧਿਕਾਰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਨ ਤਾਂ ਜੋ ਪੰਜਾਬ ਨੂੰ ਅੰਗਰੇਜ਼ੀ ਸਲਤਨਤ ਵਿਚ ਰਲਾਉਣ ਦੀ ਕਾਰਵਾਈ ਪੂਰੀ ਹੋ ਸਕੇ।

ਪ੍ਰੇਮਾ ਸਾਜਿਸ਼ ਕੇਸ ਵਿਚ ਗੁਲਾਬ ਸਿੰਘ ਦੀ ਸੈਨਾ ਦੇ ਇਕ ਸੈਨਿਕ ਪ੍ਰੇਮਾ ਬ੍ਰਾਹਮਣ ਦਾ ਵਧੇਰੇ ਹੱਥ ਸੀ। ਇਹ ਅਨੁਮਾਨ ਲਾਉਣਾ ਵੀ ਅਸੰਭਵ ਪ੍ਰਤੀਤ ਨਹੀਂ ਹੁੰਦਾ ਕਿ ਮਹਾਰਾਣੀ ਜਿੰਦਾਂ ਨੇ ਰਾਜਾ ਗੁਲਾਬ ਸਿੰਘ ਨੂੰ ਆਪਣੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਹੋਵੇ, ਕਿਉਂ ਜੋ ਗੁਲਾਬ ਸਿੰਘ ਨੇ ਅੰਗਰੇਜ ਗਵਰਨਰ ਜਨਰਲ ਤੇ ਲਾਹੌਰ ਦਰਬਾਰ ਵਿਚ ਸੰਧੀਆਂ ਕਰਵਾਉਣ ਵਿਚ ਮਹੱਤਵਪੂਰਨ ਭੂਮਿਕਾ ਨੂੰ ਨਿਭਾਇਆ ਸੀ।

ਪ੍ਰੇਮਾ ਬ੍ਰਾਹਮਣ ਫਰਵਰੀ 1847 ਵਿਚ ਲਾਹੌਰ ਆਇਆ ਅਤੇ ਉਸਨੇ ਗੁਪਤ ਢੰਗ ਨਾਲ ਸਿੱਖ ਸਰਦਾਰਾਂ ਅਤੇ ਸੈਨਿਕਾਂ ਨਾਲ ਸੰਬੰਧ ਜੋੜ ਲਏ। ਉਹ ਮਹਾਰਾਣੀ ਜਿੰਦ ਕੌਰ ਦੇ ਦੀਵਾਨ ਬੂਟਾ ਸਿੰਘ ਨੂੰ ਲਾਹੌਰ ਦੇ ਕਿਲ੍ਹੇ ਵਿਚ ਭਾਈ ਬੁੱਧ ਸਿੰਘ ਦੀ ਹਾਜ਼ਰੀ ਵਿਚ ਮਿਲਿਆ। ਇਸ ਪਿਛੋਂ ਉਹ ਭਾਈ ਮਹਾਰਾਜ ਸਿੰਘ ਤੋਂ ਅੰਮ੍ਰਿਤਸਰ ਅਸ਼ੀਰਵਾਦ ਲੈਣ ਲਈ ਗਿਆ। ਭਾਈ ਮਹਾਰਾਜ ਸਿੰਘ ਦਾ ਬਾਬਾ ਬੀਰ ਸਿੰਘ ਪਿਛੋਂ ਸਿੱਖਾਂ ਵਿਚ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਭਾਈ ਮਹਾਰਾਜ ਸਿੰਘ ਨੇ ਦੂਜੀ ਐਂਗਲੋ ਸਿੱਖ ਜੰਗ ਵਿਚ ਬਗਾਵਤ ਦਾ ਝੰਡਾ ਖੜਾ ਕੀਤਾ ਅਤੇ ਬਹੁਤ ਵੱਡਾ ਯੋਗਦਾਨ ਪਾਇਆ। ਭਾਈ ਮਹਾਰਾਜ ਸਿੰਘ ਨੇ ਪ੍ਰੇਮਾ ਨੂੰ ਅਸ਼ੀਰਵਾਦ ਵਜੋਂ ਕ੍ਰਿਪਾਨ, ਦਸਤਾਰ ਤੇ ਸ਼ਾਲ ਬਖਸ਼ੇ। ਪ੍ਰੇਮਾ ਦੇ ਹੋਰ



Sri Satguru Jagjit Singh Ji Elibrary NamdhariElibrary@gmail.com

ਸਹਾਇਕ ਸ. ਅਤਰ ਸਿੰਘ ਕਾਲਿਆਂਵਾਲਾ, ਸ਼ੇਰ ਸਿੰਘ ਅਟਾਰੀ ਵਾਲਾ, ਰਣਜੋਧ ਸਿੰਘ ਅਤੇ ਮੀਆਂ ਜਵਾਹਰ ਸਿੰਘ (ਜੋ ਰਾਜਾ ਗੁਲਾਬ ਸਿੰਘ ਦਾ ਭਤੀਜਾ ਸੀ) ਸਨ। ਇਸ ਸਾਜਿਸ਼ ਦਾ ਮੁੱਖ ਮਨੋਰਥ ਮਹਾਰਾਣੀ ਜਿੰਦ ਕੌਰ ਦੇ ਅਧਿਕਾਰਾਂ ਨੂੰ ਬਹਾਲ ਕਰਨਾ ਸੀ ਅਤੇ ਰੇਜ਼ੀਡੈਂਟ ਹੈਨਰੀ ਲਾਰੰਸ ਅਤੇ ਉਸ ਦੇ ਅਧੀਨ ਕੌਂਸਲ ਦੇ ਅਧਿਕਾਰਾਂ ਦਾ ਖਾਤਮਾ ਕਰਨਾ ਸੀ। ਪ੍ਰੇਮਾ ਦਾ ਭਤੀਜਾ ਨਿਹਾਲ ਚੰਦ ਨੌਂ ਹੋਰ ਸਾਥੀਆਂ ਨੂੰ ਨਾਲ ਲੈ ਕੇ ਹਥਿਆਰਬੰਦ ਹੋ ਕੇ 12 ਫਰਵਰੀ 1847 ਨੂੰ ਸ਼ਾਲਾ ਮਾਰ ਬਾਗ ਵਿਚ ਉਸ ਸਮੇਂ ਗਿਆ ਜਦੋਂ ਹੈਨਰੀ ਲਾਰੰਸ ਤੇ ਤੇਜ ਸਿੰਘ ਦਾਅਵਤ ਦੇ ਆਨੰਦ ਨੂੰ ਮਾਣ ਰਹੇ ਸਨ। ਉਸ ਸਮੇਂ ਬੈਂਡ ਵਾਜੇ ਵੱਜ ਰਹੇ ਸਨ ਅਤੇ ਹਰ ਕੋਈ ਮੌਜ ਮੇਲੇ ਵਿਚ ਮਸਤ ਸੀ ਪਰ ਇਹ ਸਾਜ਼ਿਸ਼ ਸਫ਼ਲ ਨਾ ਹੋ ਸਕੀ ਅਤੇ ਉਨ੍ਹਾਂ ਨੂੰ ਉਥੋਂ ਚੋਰੀ ਨੱਠਣਾ ਪਿਆ। ਅੰਗਰੇਜ਼ ਅਧਿਕਾਰੀਆਂ ਨੇ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਮੁਕੱਦਮਾ ਜਾਨ ਲਾਰੰਸ ਨੇ ਸੁਣਿਆ। ਇਸ ਮੁਕੱਦਮੇ ਵਿਚ 25 ਗਵਾਹਾਂ ਦੇ ਬਿਆਨ ਹੋਏ। ਪ੍ਰੇਮਾ ਅਤੇ ਉਸ ਦੇ 3 ਹੋਰ ਸਾਥੀਆਂ ਨੂੰ ਉਮਰ ਕੈਦ ਦੀ ਸਜਾ ਦੇ ਕੇ ਜਲਾਵਤਨ ਕਰ ਦਿੱਤਾ ਗਿਆ। ਚਾਰ ਦੋਸ਼ੀਆਂ ਨੂੰ 3 ਤੋਂ 7 ਸਾਲ ਕੈਦ ਦੀ ਸਜ਼ਾ ਹੋਈ ਅਤੇ ਤਿੰਨਾਂ ਨੂੰ ਬਰੀ ਕਰ ਦਿੱਤਾ ਗਿਆ।

ਜਾਨ ਲਾਰੰਸ ਨੇ ਮਹਾਰਾਣੀ ਜਿੰਦ ਕੌਰ ਨੂੰ ਭਾਵੇਂ ਇਸ ਸਾਜਿਸ਼ ਦਾ ਮੋਢੀ ਪ੍ਰਵਾਨ ਨਹੀਂ ਸੀ ਕੀਤਾ ਪਰ ਉਸ ਨੂੰ ਇਸ ਬਾਰੇ ਜਾਣਕਾਰੀ ਹੋਣ ਕਾਰਨ ਸ਼ੱਕੀ ਜ਼ਰੂਰ ਕਰਾਰ ਦੇ ਦਿੱਤਾ ਸੀ। ਇਸੇ ਦੇ ਸਿੱਟੇ ਵਜੋਂ ਮਹਾਰਾਣੀ ਜਿੰਦਾਂ ਨੂੰ ਰਾਜਧਾਨੀ ਤੇ ਲਾਹੌਰ ਕੌਂਸਲ ਤੋਂ ਦੂਰ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਉਸ ਦੀ ਪੈਨਸ਼ਨ ਡੇਢ ਲੱਖ ਤੋਂ 48,000 ਵਾਰਸ਼ਿਕ ਕਰ ਦਿੱਤੀ ਗਈ।

ਹੁਣ ਮੁਲਤਾਨ ਦੀ ਬਗਾਵਤ ਸਮੇਂ ਵੀ ਰੇਜੀਡੈਂਟ ਫਰੇਡਰਿਕ ਕਰੀ ਅਤੇ ਜਾਨ ਲਾਰੰਸ ਆਦਿ ਅੰਗਰੇਜ਼ ਅਧਿਕਾਰੀ ਮਹਾਰਾਣੀ ਜਿੰਦਾਂ ਉੱਤੇ ਸ਼ੱਕ ਕਰ ਰਹੇ ਸਨ ਕਿ ਉਸਦਾ ਇਸ ਬਗਾਵਤ ਨੂੰ ਕਰਾਉਣ ਵਿਚ ਵੀ ਹੱਥ ਹੈ, ਭਾਵੇਂ ਅੰਗਰੇਜ਼ਾਂ ਨੇ ਮਹਾਰਾਣੀ ਜਿੰਦਾਂ ਨੂੰ ਸ਼ੇਖੂਪੁਰੇ ਤੋਂ ਬਨਾਰਸ ਵਿਚ ਅਤੇ ਫਿਰ ਚੁਨਾਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਸੀ ਪਰ ਪੰਜਾਬ ਦੀ ਜਨਤਾ, ਸਿੱਖ ਸੈਨਿਕਾਂ ਅਤੇ ਲੋਕਾਂ ਵਿਚ ਅੰਗਰੇਜ਼ਾਂ ਵਲੋਂ ਮਹਾਰਾਣੀ ਜਿੰਦਾਂ ਨਾਲ ਕੀਤੀ ਗਈ ਇਸ ਬਦਸਲੂਕੀ ਕਾਰਨ ਤਿੱਖਾ ਰੰਜ ਤੇ ਗੁੱਸਾ ਸੀ।

ਸਿੱਖ ਸੈਨਿਕਾਂ ਅਤੇ ਲੋਕਾਂ ਵਿਚ ਅੰਗਰੇਜ਼ਾਂ ਵਲੋਂ ਮਹਾਰਾਣੀ ਜਿੰਦਾਂ ਨਾਲ ਕੀਤੀ ਗਈ ਬਦਸਲੂਕੀ ਕਾਰਨ ਰੋਸ ਦੀ ਲਹਿਰ ਫੈਲ ਗਈ। ਇਥੋਂ ਤਕ ਕਿ ਅਫਗਾਨਿਸਤਾਨ ਦੇ ਹੁਕਮਰਾਨ ਦੋਸਤ ਮੁਹੰਮਦ ਖਾਂ ਨੇ ਵੀ ਇਸ ਬਾਰੇ ਅੰਗਰੇਜ਼ਾਂ



Sri Satguru Jagjit Singh Ji Elibrary NamdhariElibrary@gmail.com

ਕੋਲ ਰੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਅਜਿਹਾ ਵਤੀਰਾ ਕਿਸੇ ਵੀ ਧਰਮ ਵਿਚ ਬੜਾ ਇਤਰਾਜ਼ ਯੋਗ ਹੈ।

ਬੰਨੂੰ ਦੇ ਰੈਜ਼ੀਡੈਂਟ ਦੇ ਸਹਾਇਕ ਹਰਬਰਟ ਐਡਵਰਡਜ਼ ਨੇ ਮੁਲਤਾਨ ਦੀ ਬਗਾਵਤ ਦੀ ਖ਼ਬਰ ਸੁਣ ਕੇ ਕੁਝ ਭਾੜੇ ਦੇ ਪਠਾਣਾਂ ਨੂੰ ਆਪਣੇ ਨਾਲ ਜੋੜ ਲਿਆ ਤੇ ਲਾਹੌਰ ਦੇ ਸਥਾਨਕ ਕਮਾਂਡਰ ਵਾਨ ਕੋਰਟਲੈਂਡ ਨੂੰ ਮੁਲਤਾਨ ਬੁਲਾ ਭੇਜਿਆ ਅਤੇ ਮੂਲਰਾਜ ਨੂੰ ਹਥਿਆਰ ਸੁੱਟਣ ਲਈ ਕਿਹਾ ਪਰ ਲਾਰਡ ਡਲਹੌਜ਼ੀ ਉਨ੍ਹਾਂ ਦੇ ਇਸ ਕਦਮ ਤੇ ਖ਼ੁਸ਼ ਨਹੀਂ ਸੀ। ਉਹ ਦੀਵਾਨ ਮੂਲਰਾਜ ਨਾਲ ਸਮਝੌਤੇ ਦੀਆਂ ਸ਼ਰਤਾਂ ਤੈਅ ਕਰਨੀਆਂ ਚਾਹੁੰਦਾ ਸੀ। ਉਸਨੇ ਮੁਲਤਾਨ ਵਿਰੁੱਧ ਹੋਰ ਕਾਰਵਾਈ ਕਰਨ ਤੋਂ ਰੋਕ ਦਿੱਤਾ ਪਰ ਐਡਵਰਡਜ਼ ਨੇ ਗਵਰਨਰ ਜਨਰਲ ਦੀ ਹੁਕਮ ਅਦੂਲੀ ਕਰਕੇ 14 ਜੂਨ 1848 ਨੂੰ ਸਿੰਧ ਦਰਿਆ ਨੂੰ ਪਾਰ ਕਰਕੇ ਚਾਰ ਦਿਨ ਪਿਛੋਂ ਕੀਨਰੀ ਦੇ ਸਥਾਨ ਤੇ ਮੂਲਰਾਜ ਨੂੰ ਕਰਾਰੀ ਹਾਰ ਦਿੱਤੀ। ਐਡਵਰਡਜ਼ ਦੀ ਇਸ ਕਾਰਵਾਈ ਨੇ ਸਿੱਖਾਂ ਵਿਚ ਰੋਸ ਨੂੰ ਹੋਰ ਪ੍ਰਚੰਡ ਕਰ ਦਿੱਤਾ।

ਦੂਜੇ ਬੰਨੇ ਅੰਗਰੇਜ਼ਾਂ ਦੀ ਸੈਨਾ ਨੇ ਪੰਜਾਬ ਦੀਆਂ ਹੱਦਾਂ ਵਲ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਲਾਹੌਰ ਦੇ ਸ਼ਸਤਰ ਭੰਡਾਰ ਨੂੰ ਹੋਰ ਤਕੜਾ ਕੀਤਾ ਗਿਆ ਤੇ ਕਈ ਰਜਮੈਂਟਾਂ ਅੰਬਾਲੇ ਤੇ ਫਿਰੋਜਪੁਰ ਪਹੁੰਚ ਗਈਆਂ। ਇਸ ਦੌਰਾਨ ਜੂਨ 1848 ਵਿਚ ਵੱਖ-ਵੱਖ ਥਾਵਾਂ ਤੋਂ 21,170 ਦੀ ਨਫਰੀ ਵਾਲੀ ਅੰਗਰੇਜ਼ੀ ਸੈਨਾ ਮੁਲਤਾਨ ਦੀ ਉਸ ਬਗਾਵਤ ਨੂੰ ਦਬਾਉਣ ਲਈ ਭੇਜੀ ਗਈ ਜੋ ਕਿ ਇਕ ਸਥਾਨਿਕ ਵਿਦਰੋਹ ਤੋਂ ਵੱਧ ਕੁਝ ਵੀ ਨਹੀਂ ਸੀ।

**ਚਤਰ ਸਿੰਘ ਅਟਾਰੀਵਾਲੇ ਵਿਰੁੱਧ ਕਾਰਵਾਈ :**

ਕਪਤਾਨ ਜੇਮਜ਼ ਐਬਟ ਨੇ ਜੋ ਅਸਲ ਵਿਚ ਹਜ਼ਾਰੇ ਦੇ ਗਵਰਨਰ ਸ. ਚਤਰ ਸਿੰਘ ਅਟਾਰੀ ਦੇ ਸਹਾਇਕ ਵਜੋਂ ਭੇਜਿਆ ਗਿਆ ਸੀ। ਸਾਮਰਾਜਵਾਦੀ ਨੀਤੀ ਅਧੀਨ ਹੀ ਹਜ਼ਾਰੇ ਦੇ ਗਵਰਨਰ ਚਤਰ ਸਿੰਘ ਉੱਤੇ ਨਿਰਮੂਲ ਸ਼ੱਕ ਕੀਤਾ ਕਿ ਉਹ ਅੰਗਰੇਜ਼ਾਂ ਵਿਰੁੱਧ ਬਗਾਵਤ ਖੜੀ ਕਰਨ ਵਾਲਾ ਹੈ। ਕੈਪਟਨ ਨਿਕਲਸਨ ਨੇ ਐਬਟ ਵਲੋਂ ਲਾਏ ਗਏ ਇਸ ਦੋਸ਼ ਦੀ ਪੜਤਾਲ ਕੀਤੀ ਅਤੇ ਚਤਰ ਸਿੰਘ ਨੂੰ ਨਿਦਰੋਸ਼ ਸਿਧ ਕੀਤਾ ਪਰ ਨਾਲ ਹੀ ਚਤਰ ਸਿੰਘ ਉਤੇ ਜੋ ਸ਼ਰਤਾਂ ਲਾਈਆਂ ਗਈਆਂ, ਉਹ ਉਸ ਨੂੰ ਸਾਰੇ ਅਧਿਕਾਰਾਂ ਤੋਂ ਵੰਚਿਤ ਕਰਨ ਵਾਲੀਆਂ ਸਨ। ਚਤਰ ਸਿੰਘ ਨੇ ਇਸ ਵਿਰੁੱਧ ਤਿੱਖਾ ਪ੍ਰਤੀਕਰਮ ਪ੍ਰਗਟਾਇਆ। ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਇਸ ਇਲਾਕੇ ਦਾ ਗਵਰਨਰ ਚਲਿਆ ਆਉਂਦਾ ਸੀ ਅਤੇ ਆਪਣੀ ਪੁਤਰੀ ਦੀ ਮੰਗਣੀ ਮਹਾਰਾਜਾ ਦਲੀਪ ਸਿੰਘ ਨਾਲ ਕਰਨ ਦੇ ਫਲਸਰੂਪ ਉਸ ਬਾਰੇ ਲਾਹੌਰ ਦਰਬਾਰ ਦੇ ਵਿਰੋਧੀ ਹੋਣ ਦਾ ਸ਼ੱਕ ਕਰਨਾ ਵਿਅਰਥ ਸੀ। ਚਤਰ ਸਿੰਘ ਦਾ ਸਪੁੱਤਰ ਰਾਜਾ ਸ਼ੇਰ ਸਿੰਘ ਜੋ



Sri Satguru Jagjit Singh Ji Elibrary NamdhariElibrary@gmail.com

ਮੂਲਰਾਜ ਵਿਰੁੱਧ ਲੜਨ ਲਈ ਲਾਹੌਰ ਦਰਬਾਰ ਵਲੋਂ ਗਿਆ ਸੀ, ਨੂੰ ਆਪਣੇ ਪਿਤਾ ਵਿਰੁੱਧ ਐਬਟ ਦੀ ਕਾਰਵਾਈ ਕਾਰਨ ਬੜਾ ਗੁੱਸਾ ਆਇਆ ਤੇ ਉਸਨੇ ਰੋਸ ਵਜੋਂ ਦੀਵਾਨ ਮੂਲਰਾਜ ਦਾ ਪੱਖ ਲੈਣਾ ਸ਼ੁਰੂ ਕਰ ਦਿੱਤਾ।

ਰਾਜਾ ਸ਼ੇਰ ਸਿੰਘ ਅਟਾਰੀ ਹੁਣ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕੱਢਣ ਲਈ ਅਤੇ ਪੰਜਾਬ ਦੀ ਪੂਰਨ ਸੁਤੰਤਰਤਾ ਨੂੰ ਮੁੜ ਪ੍ਰਾਪਤ ਕਰਨ ਲਈ ਡਟ ਗਿਆ। ਉਸ ਨੇ ਪੰਜਾਬ ਦੀ ਜਨਤਾ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ 15 ਸਤੰਬਰ 1848 ਨੂੰ ਇਕ ਜਬਰਦਸਤ ਅਪੀਲ ਕੀਤੀ ਕਿ ਸਮਾਂ ਆ ਗਿਆ ਹੈ ਕਿ ਅੰਗਰੇਜ਼ਾਂ ਦੇ ਜੂਲੇ ਤੋਂ ਪੰਜਾਬ ਨੂੰ ਆਜ਼ਾਦ ਕਰਵਾ ਲਿਆ ਜਾਵੇ।

**ਅੰਗਰੇਜ਼ਾਂ ਵਿਰੁੱਧ ਪੰਜਾਬ ਦੀ ਜਨਤਾ ਤੇ ਖਾਲਸੇ ਨੂੰ ਕੀਤੀ ਗਈ ਅਪੀਲ :**

[1*]"ਪੰਜਾਬ ਦੇ ਸਭ ਲੋਕਾਂ, ਸਰਬੱਤ ਖਾਲਸਾ ਜੀ, ਖਾਲਸਾ ਜੀ ਵਲੋਂ ਵਿਰੋਸਾਏ ਹੋਏ ਅਤੇ ਸਮੂਹ ਸੰਸਾਰ ਨੂੰ ਚੰਗੀ ਤਰ੍ਹਾਂ ਪਤਾ ਹੀ ਹੈ ਕਿ ਇਸ ਧੱਕੇ, ਜ਼ੁਲਮ ਤੇ ਅਯੋਗ ਜਬਰ ਨਾਲ ਫ਼ਰੰਗੀਆਂ ਨੇ ਸੁਰਗਵਾਸੀ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਨਾਲ ਜੋ ਭੈੜਾ ਵਰਤਾਉ ਕੀਤਾ ਹੈ ਅਤੇ ਦੇਸ਼ ਦੇ ਲੋਕਾਂ ਨਾਲ ਕਿੰਨਾ ਅਨਿਆਂ ਕੀਤਾ ਹੈ। ਪਹਿਲੀ ਗੱਲ ਕਿ ਦੇਸ ਦੀ ਰਾਜ ਮਾਤਾ ਮਹਾਰਾਣੀ ਨੂੰ ਕੈਦ ਕਰਕੇ ਹਿੰਦੁਸਤਾਨ ਵਿਚ ਭੇਜ ਕੇ ਫ਼ਰੰਗੀਆਂ ਨੇ ਅਹਿਦਨਾਮਾ ਤੋੜਿਆ ਹੈ। ਦੂਸਰੇ ਮਹਾਰਾਜੇ ਦੀ ਸੰਤਾਨ ਤੇ ਖਾਲਸਾ ਜੀ ਉਤੇ ਇਨ੍ਹਾਂ ਜ਼ੁਲਮ ਕੀਤਾ ਗਿਆ ਹੈ। ਸਤਿਗੁਰੂ ਜੀ ਦੇ ਹੁਕਮ ਨਾਲ ਰਾਜਾ ਸ਼ੇਰ ਸਿੰਘ ਅਤੇ ਹੋਰ ਸਰਦਾਰ ਆਪਣੀਆਂ ਫੌਜਾਂ ਸਮੇਤ ਮਹਾਰਾਜਾ ਦਲੀਪ ਸਿੰਘ ਵਲੋਂ ਸਿਦਕੀ ਤੇ ਧਰਮੀ ਦੀਵਾਨ ਮੂਲਰਾਜ ਨਾਲ ਜਾ ਰਲੇ ਹਨ ਤਾਂ ਕਿ ਜ਼ਾਲਮ ਤੇ ਮਕਾਰ ਫ਼ਰੰਗੀਆਂ ਨੂੰ ਕਢਿਆ ਤੇ ਮੁਕਾਇਆ ਜਾ ਸਕੇ।"

ਬਹੁਤ ਸਾਰੇ ਪੁਰਾਣੇ ਸੈਨਿਕ-ਦੀਵਾਨ, ਮੂਲਰਾਜ, ਚਤਰ ਸਿੰਘ ਅਤੇ ਸ਼ੇਰ ਸਿੰਘ ਦੀ ਸੈਨਾ ਨਾਲ ਆ ਰਲੇ। ਬਾਬਾ ਬੀਰ ਸਿੰਘ ਨੌਰੰਗਾਬਾਦੀ ਦਾ ਉੱਤਰਾਧਿਕਾਰੀ ਭਾਈ ਮਹਾਰਾਜ ਸਿੰਘ ਜਿਸ ਨੇ ਪ੍ਰੇਮਾ ਸਾਜ਼ਿਸ਼ ਕੇਸ ਵਿਚ ਵੀ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕਰਨ ਲਈ ਆਸ਼ੀਰਵਾਦ ਦਿੱਤੀ ਸੀ। ਮੁਲਤਾਨ ਤੇ ਮੂਲਰਾਜ ਦੇ ਅੰਗਰੇਜ਼ਾਂ ਵਿਰੁੱਧ ਬਗਾਵਤ ਦੀ ਖ਼ਬਰ ਸੁਣ ਕੇ 400 ਘੋੜ ਸਵਾਰਾਂ ਸਮੇਤ ਮੁਲਤਾਨ ਵਲ ਚਲਾ ਗਿਆ ਪਰ ਦੋਹਾਂ ਵਿਚ (ਸ਼ੇਰ ਸਿੰਘ ਤੇ ਮੂਲਰਾਜ ਵਿਚ) ਮਤਭੇਦ ਹੋ ਜਾਣ ਕਾਰਨ ਉਹ ਜੂਨ 1848 ਵਿਚ ਸ. ਚਤਰ ਸਿੰਘ ਕੋਲ ਹਜਾਰੇ ਚਲਾ ਗਿਆ ਤਾਂ ਜੋ ਅੰਗਰੇਜ਼ਾਂ ਵਿਰੁੱਧ ਸੰਘਰਸ਼ ਤੇਜ ਕੀਤਾ ਜਾ ਸਕੇ।

ਰਾਜਾ ਸ਼ੇਰ ਸਿੰਘ ਦੀ ਕਾਰਵਾਈ ਤੋਂ ਡਲਹੌਜੀ ਨੂੰ ਖੁਸ਼ੀ ਹੋਈ ਕਿਉਂ ਜੋ ਉਹ

---

[1*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 110



Sri Satguru Jagjit Singh Ji Elibrary NamdhariElibrary@gmail.com

ਕਈ ਮਹੀਨਿਆਂ ਤੋਂ ਇਸ ਦੀ ਉਡੀਕ ਕਰ ਰਿਹਾ ਸੀ। 5 ਅਕਤੂਬਰ 1848 ਨੂੰ ਲਾਰਡ ਡਲਹੌਜ਼ੀ ਨੇ ਬੈਰਕਪੁਰ ਵਿਖੇ ਸਿੱਖ ਕੌਮ ਵਿਰੁੱਧ ਲੜਾਈ ਦਾ ਐਲਾਨ ਇਹ ਕਹਿ ਕੇ ਕਰ ਦਿੱਤਾ ਕਿ "ਮੈਂ ਜੰਗ ਕਰਨ ਲਈ ਤਲਵਾਰ ਸੂਤ ਲਈ ਹੈ ਅਤੇ ਅਸੀਂ ਹੁਣ ਜੰਗ ਦੇ ਵਿਚਕਾਰ ਖੜੇ ਹਾਂ।" ਹਾਲਾਂਕਿ ਗਵਰਨਰ ਜਨਰਲ ਤੇ ਅੰਗਰੇਜ਼ ਰੈਜ਼ੀਡੈਂਟ ਇਸ ਲੜਾਈ ਵਿਚ ਲਾਹੌਰ ਦਰਬਾਰ ਦੇ ਸਰਪ੍ਰਸਤ ਹੋਣ ਦੀ ਹੈਸੀਅਤ ਰੱਖਦੇ ਸਨ। ਲਾਹੌਰ ਦਾ ਰੈਜ਼ੀਡੈਂਟ ਡਲਹੌਜ਼ੀ ਦੀ ਇਸ ਕਾਰਵਾਈ ਨੂੰ ਗੈਰ ਕਾਨੂੰਨੀ ਤੇ ਤਰਕ ਰਹਿਤ ਸਮਝਦਾ ਸੀ। ਉਨ੍ਹਾਂ ਦਾ (ਅੰਗਰੇਜ਼ਾਂ ਦਾ) ਫਰਜ਼ ਤਾਂ ਇਹ ਬਣਦਾ ਸੀ ਕਿ ਉਹ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤਕ ਉਸ ਦੀ ਰਖਿਆ ਕਰਦੇ। ਦੂਜੇ ਬੰਨੇ ਲਾਹੌਰ ਦਰਬਾਰ ਅਤੇ ਮਹਾਰਾਜਾ ਦਲੀਪ ਸਿੰਘ ਦੇ ਮੁਲਤਾਨ ਤੇ ਹਜਾਰੇ ਵਿਰੁੱਧ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਲਈ ਰੈਜ਼ੀਡੈਂਟ ਦੀ ਪ੍ਰੋੜਤਾ ਕੀਤੀ। ਅੰਗਰੇਜ਼ੀ ਸੈਨਾ ਨੇ ਜੰਗ ਦਾ ਐਲਾਨ ਕੀਤੇ ਬਿਨਾਂ ਪੰਜਾਬ ਵਲ ਕੂਚ ਕੀਤਾ। ਲਾਰਡ ਹਿਊਜ ਗਫ ਕਮਾਂਡਰ-ਇਨ-ਚੀਫ ਨੇ ਸ਼ਿਮਲੇ ਤੋਂ ਫਿਰੋਜ਼ਪੁਰ ਆ ਡੇਰੇ ਲਾਏ। ਇਸ ਸਮੇਂ ਦੇ [1*]ਹਿਊਜ ਗਫ਼ ਕੋਲ 14419 ਪੈਦਲ ਫੌਜ, 3369 ਘੋੜ ਚੜ੍ਹੇ ਅਤੇ 66 ਤੋਪਾਂ ਸਨ। ਇਸ ਸੈਨਾ ਦੀ ਸਮੁੱਚੀ ਨਫਰੀ 24,404 ਸੀ, ਜਿਨ੍ਹਾਂ ਵਿਚੋਂ 6396 ਯੂਰਪੀਅਨ ਸਨ। ਜਨਰਲ ਵ੍ਹੀਲਰ ਕੋਲ 10,000 ਦੀ ਸੈਨਾ ਰਾਜਧਾਨੀ ਲਾਹੌਰ ਦੀ ਸੁਰੱਖਿਆ ਲਈ ਸੀ। ਮੁਲਤਾਨ ਦੇ ਕਿਲ੍ਹੇ ਉੱਤੇ ਕਬਜ਼ਾ ਕਰਨ ਲਈ ਜਨਰਲ ਵਿਸ਼ ਦੀ ਇਕ ਪੂਰੀ ਪੈਦਲ ਫ਼ੌਜ ਦੀ ਡਵੀਜ਼ਨ ਮੌਜੂਦ ਸੀ। ਬੰਬਈ ਤੋਂ 21,000 ਦੀ ਸੈਨਾ ਪੁੱਜ ਗਈ। ਜਨਰਲ ਵਿਸ਼ ਅਧੀਨ ਫੌਜ ਦੀ ਕੁਲ ਗਿਣਤੀ 26,300 ਤੱਕ ਪਹੁੰਚ ਗਈ ਸੀ, ਸਿੱਖਾਂ ਵਿਰੁੱਧ ਲੜਨ ਲਈ ਅੰਗਰੇਜ਼ਾਂ ਨੇ ਕੁਝ ਭਾੜੇ ਦੇ ਫੌਜੀ ਵੀ ਨਾਲ ਰਲਾ ਲਏ। ਅੰਗਰੇਜ਼ਾਂ ਅਧੀਨ ਫੌਜ ਦੀ ਕੁਲ ਨਫ਼ਰੀ 104666 ਸੀ, ਜਿਸ ਨੂੰ ਵੱਖ ਵੱਖ ਥਾਵਾਂ ਤੇ ਲਗਾਇਆ ਗਿਆ ਸੀ।

ਸਿੱਖਾਂ ਕੋਲ ਸੈਨਿਕਾਂ ਦੀ ਗਿਣਤੀ ਬਹੁਤ ਥੋੜੀ ਸੀ ਕਿਉਂ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਫੌਜ ਪਹਿਲਾਂ ਹੀ ਤੋੜ ਦਿੱਤੀ ਗਈ ਸੀ, ਜਿਹੜੀ ਥੋੜ੍ਹੀ ਬਹੁਤ ਫੌਜ ਲਾਹੌਰ ਦਰਬਾਰ ਕੋਲ ਸੀ, ਉਹ ਸਾਰੀ ਵੱਖ ਵੱਖ ਥਾਵਾਂ ਤੇ ਖਿਲਰੀ ਪਈ ਸੀ। ਜਿਹੜੀ ਸੈਨਾ ਬਾਗੀ ਸਿੱਖਾਂ ਕੋਲ ਸੀ ਉਨ੍ਹਾਂ ਕੋਲ ਵੀ ਹਥਿਆਰਾਂ ਦੀ ਘਾਟ ਸੀ ਅਤੇ ਰਸਦ ਇਕੱਠੀ ਕਰਨ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਸੀ।

ਲਾਰਡ ਗਫ ਸਤਲੁਜ ਪਾਰ ਕਰਕੇ ਲਾਹੌਰ ਦੇ ਨੇੜਿਓਂ ਹੁੰਦਾ ਹੋਇਆ ਰਚਨਾ ਦੁਆਬ ਪਹੁੰਚ ਗਿਆ। ਸ਼ੇਰ ਸਿੰਘ ਦੀ ਸੈਨਾ ਚਨਾਬ ਦੇ ਸੱਜੇ ਕੰਢੇ ਉਤੇ ਸੀ। ਇਨ੍ਹਾਂ ਦੀ ਝੜਪ ਰਾਮਨਗਰ ਦੇ ਸਥਾਨ ਤੇ ਹੋਈ। ਇਸ ਲੜਾਈ ਵਿਚ ਅੰਗਰੇਜ਼ਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਉਨ੍ਹਾਂ ਦੇ 90 ਅਫਸਰ ਅਤੇ 140 ਘੋੜੇ

[1*] ਦ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ 1, ਪੰਨਾ 172



Sri Satguru Jagjit Singh Ji Elibrary NamdhariElibrary@gmail.com

ਮਾਰੇ ਗਏ। ਰਾਮਨਗਰ ਦੀ ਲੜਾਈ ਵਿਚ ਸਿੱਖਾਂ ਦੀ ਜਿੱਤ ਹੋਈ।

ਇਸ ਹਾਰ ਕਾਰਨ ਲਾਰਡ ਗਫ ਦੀ ਇੰਗਲਿਸ਼ਤਾਨ ਵਿਚ ਤੇ ਗੰਵਰਨਰ ਜਨਰਲ ਵਲੋਂ ਬੜੀ ਨੁਕਤਾਚੀਨੀ ਹੋਈ। ਅਜਿਹੀ ਹਾਲਤ ਵਿਚ ਹੀ ਚੇਲਿਆਂ ਵਾਲੇ ਦੇ ਸਥਾਨ ਤੇ ਲੜਾਈ ਦਾ ਅਗਲਾ ਮੋਰਚਾ ਵਿੱਢਿਆ ਗਿਆ।

**ਚੇਲਿਆਂ ਵਾਲਾ ਦੀ ਲੜਾਈ :**

ਚੇਲਿਆਂ ਵਾਲਾ ਦੇ ਸਥਾਨ ਉੱਤੇ ਸਿੱਖਾਂ ਦੀ 12000 ਦੀ ਸੈਨਿਕ ਨਫਰੀ ਜੇਹਲਮ ਦੇ ਕੰਢੇ ਉੱਤੇ ਤਿਆਰ ਖੜੀ ਸੀ। ਘਣੇ ਜੰਗਲ ਦੇ ਕਾਰਨ ਅੰਗਰੇਜ਼ੀ ਫੌਜ਼ਾਂ ਖਿੰਡਰੀਆਂ ਪੁੰਡਰੀਆਂ ਹੀ ਰਹੀਆਂ। ਇਹ ਮੈਦਾਨ ਘੋੜ ਚੜ੍ਹਿਆਂ ਦੀ ਲੜਾਈ ਲਈ ਅਢੁਕਵਾਂ ਸੀ। ਸਿੱਖ ਬੜੀ ਦ੍ਰਿੜਤਾ ਨਾਲ ਲੜੇ ਅਤੇ ਉਨ੍ਹਾਂ ਨੇ ਵੈਰੀ ਦਾ ਭਾਰੀ ਨੁਕਸਾਨ ਕੀਤਾ। ਸਿੱਖਾਂ ਦੀ ਪੈਦਲ ਸੈਨਾ ਵਲੋਂ ਭਾਰੀ ਗੋਲਾਬਾਰੀ ਕੀਤੀ ਗਈ ਅਤੇ ਸਿੱਖਾਂ ਦੇ ਘੋੜ ਚੜ੍ਹਿਆਂ ਨੇ ਅੰਗਰੇਜ਼ੀ ਰਸਾਲੇ ਦੀ ਕਤਾਰਬੰਦੀ ਨੂੰ ਤੋੜ ਦਿੱਤਾ। ਕੈਂਪਬੈਲ ਦਾ ਹਮਲਾ ਨਾਕਾਮ ਰਿਹਾ ਅਤੇ ਸਿੱਖਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਮਾਰ ਲਿਆ।

ਬ੍ਰੇਗੇਡੀਅਰ ਪੈਨੀਕੀਕ ਦੀ ਫੌਜ ਨੂੰ ਵੀ ਸਿੰਘਾਂ ਨੇ ਬੜਾ ਨੁਕਸਾਨ ਪੁਚਾਇਆ। ਗਿਲਬਰਟ ਦੀ ਸੈਨਾ ਨੂੰ ਵੀ ਭਾਰੀ ਨੁਕਸਾਨ ਪੁੱਜਾ। 3 ਘੰਟੇ ਦੀ ਘਮਸਾਨ ਦੀ ਲੜਾਈ ਪਿਛੋਂ ਗਫ ਨੇ ਸੈਨਾ ਨੂੰ ਪਿੱਛੇ ਹੱਟਣ ਦਾ ਹੁਕਮ ਦਿੱਤਾ। ਅੰਗਰੇਜ਼ਾਂ ਦੇ ਇਸ ਲੜਾਈ ਵਿਚ 2446 ਸੈਨਿਕ ਅਤੇ 132 ਅਫ਼ਸਰ ਮਾਰੇ ਗਏ ਤੇ 4 ਤੋਪਾਂ ਵੀ ਸਿੱਖਾਂ ਦੇ ਹੱਥ ਆਈਆਂ।

ਪਰ ਹਿਊਜ ਗਫ਼ ਇਸ ਲੜਾਈ ਨੂੰ ਵੀ ਆਪਣੀ ਜਿੱਤ ਹੀ ਮੰਨਦਾ ਸੀ। ਲਾਰਡ ਗੱਫ ਨੂੰ ਅਹੁੱਦੇ ਤੋਂ ਹਟਾ ਕੇ ਉਸ ਦੀ ਥਾਂ ਚਾਰਲਸ ਨੇਪੀਅਰ ਨੂੰ ਨਿਯੁਕਤ ਕੀਤਾ ਗਿਆ। ਦੂਜੇ ਬੰਨੇ 22 ਜਨਵਰੀ 1849 ਨੂੰ ਮੂਲਰਾਜ ਨੂੰ ਮੁਲਤਾਨ ਵਿਖੇ ਹਾਰ ਹੋਈ।

**ਗੁਜਰਾਤ ਦੀ ਲੜਾਈ**

ਗੁਜਰਾਤ ਦੀ ਲੜਾਈ ਜੋ 21 ਫਰਵਰੀ 1849 ਨੂੰ ਹੋਈ ਨੇ ਗਫ ਦੀ ਪਦਵੀ ਨੂੰ ਮੁੜ ਬਹਾਲ ਕੀਤਾ। ਆਪਣੀ ਫੌਜ ਦੀ ਵੱਡੀ ਗਿਣਤੀ ਨੂੰ ਮੁੱਖ ਰੱਖ ਕੇ ਲਾਰਡ ਗਫ਼ ਨੇ ਮਹਿਸੂਸ ਕੀਤਾ ਕਿ ਹੁਣ ਆਪਣੀ ਸੈਨਾ ਦੀ ਭਾਰੀ ਗਿਣਤੀ ਕਾਰਨ ਉਹ ਮੈਦਾਨ ਮਾਰ ਲਵੇਗਾ।

ਹਿੰਦੁਸਤਾਨ ਵਿਚ ਲੜੀਆਂ ਗਈਆਂ ਲੜਾਈਆਂ ਦੇ ਸਿਲਸਿਲੇ ਵਿਚ ਗੁਜਰਾਤ ਦੀ ਲੜਾਈ ਸਭ ਤੋਂ ਵੱਧ ਮਹੱਤਵਪੂਰਨ ਮੰਨੀ ਜਾਂਦੀ ਹੈ। ਕਿਸੇ ਵੀ ਇਕ ਲੜਾਈ ਵਿਚ ਅੰਗਰੇਜ਼ਾਂ ਨੇ ਇੰਨੀ ਵੱਡੀ ਸੈਨਾ ਅਤੇ ਤੋਪਾਂ ਨਹੀਂ ਝੋਕੀਆਂ



Sri Satguru Jagjit Singh Ji Elibrary NamdhariElibrary@gmail.com

ਸਨ। ਇਸ ਲੜਾਈ ਵਿਚ ਅੰਗਰੇਜ਼ਾਂ ਵਲੋਂ 56636 ਸੈਨਿਕ, 11569 ਘੋੜ ਚੜ੍ਹੇ, 96 ਤੋਪਾਂ ਅਤੇ ਕੁਝ ਅਸਤਰ ਸ਼ਸਤਰ ਵਰਤੇ ਗਏ।

ਇਸੇ ਕਰਕੇ ਇਸ ਲੜਾਈ ਨੂੰ ਵਧੇਰੇ ਕਰਕੇ ਤੋਪਾਂ ਦੀ ਲੜਾਈ ਹੀ ਮੰਨਿਆ ਗਿਆ।

21 ਫਰਵਰੀ ਨੂੰ ਅੰਗਰੇਜ਼ੀ ਸੈਨਾ ਨੇ ਪਰੇਡ ਦੀ ਜੁਗਤ ਅਨੁਸਾਰ ਹੱਲਾ ਬੋਲਿਆ। ਦੂਜੇ ਬੰਨ੍ਹੇ ਸਿੱਖਾਂ ਦੇ ਤੋਪਖਾਨੇ ਵੱਲੋਂ ਵੀ ਮੋੜਵਾਂ ਉੱਤਰ ਦਿੱਤਾ ਗਿਆ। 2 ਘੰਟੇ ਦੀ ਤੋਪਾਂ ਦੀ ਬੁਛਾਰ ਨੇ ਸਿੱਖਾਂ ਦੇ ਤੋਪਖਾਨੇ ਨੂੰ ਸ਼ਾਂਤ ਕਰ ਦਿੱਤਾ। ਤੋਪਾਂ ਦੀ ਬੁਛਾਰ ਵਿੱਚ ਅੰਗਰੇਜ਼ੀ ਪੈਦਲ ਫ਼ੌਜ ਨੇ ਸਿੱਖਾਂ ਦੀ ਪੈਦਲ ਫ਼ੌਜ ਤੇ ਹੱਲਾ ਬੋਲਿਆ। ਕੁਝ ਘੰਟਿਆਂ ਪਿਛੋਂ ਲੜਾਈ ਬੰਦ ਹੋ ਗਈ। ਅੰਗਰੇਜ਼ੀ ਸੈਨਾ ਦੇ ਅੱਗੇ ਵਧਣ ਉੱਤੇ ਸਿੱਖ ਸੈਨਾ ਖਿੰਡਰ-ਪੁੰਡਰ ਗਈ। ਸਿੱਖਾਂ ਦੇ 3000 ਤੋਂ 5000 ਤੱਕ ਆਦਮੀ ਅਤੇ 53 ਤੋਪਾਂ ਦਾ ਨੁਕਸਾਨ ਹੋਇਆ। ਅੰਗਰੇਜ਼ਾਂ ਦੇ 96 ਸੈਨਿਕ ਮਾਰੇ ਗਏ ਅਤੇ 700 ਜ਼ਖ਼ਮੀ ਹੋਏ। ਇਸ ਲੜਾਈ ਵਿੱਚ ਸਿੱਖਾਂ ਦੀ ਬਹਾਦਰੀ ਦੀ ਲਾਰਡ ਡਲਹੌਜ਼ੀ ਨੇ ਵੀ ਪ੍ਰਸੰਸਾ ਕੀਤੀ ਹੈ। 11 ਮਾਰਚ, 1849 ਨੂੰ ਅੰਗਰੇਜ਼ਾਂ ਦੀ ਜਿੱਤ ਹੋਈ। ਸ਼ੇਰ ਸਿੰਘ ਅਤੇ ਚੱਤਰ ਸਿੰਘ ਨੇ ਰਾਵਲਪਿੰਡੀ ਦੇ ਨੇੜੇ ਮੇਜਰ ਜਨਰਲ ਗਿਲਬਰਟ ਅੱਗੇ ਹਥਿਆਰ ਸੁੱਟ ਦਿੱਤੇ। 14 ਮਾਰਚ ਨੂੰ ਸਮੁੱਚੀ ਸਿੱਖ ਸੈਨਾ ਨੇ ਹਥਿਆਰ ਸੌਂਪ ਦਿੱਤੇ। ਸਿੱਖ ਸੈਨਿਕ ਆਪਣੇ ਸ਼ਸਤਰਾਂ ਨੂੰ ਚੁੰਮ-ਚੁੰਮ ਕੇ ਹਥਿਆਰਾਂ ਦੇ ਢੇਰ ਉੱਤੇ ਰੱਖ ਰਹੇ ਸਨ ਅਤੇ ਕਹਿ ਰਹੇ ਸਨ ਕਿ "ਅੱਜ ਰਣਜੀਤ ਸਿੰਘ ਮਰ ਗਿਆ ਹੈ।"

ਕੇਵਲ ਭਾਈ ਮਹਾਰਾਜ ਸਿੰਘ ਹੀ ਅਜਿਹਾ ਦੇਸ਼ ਭਗਤ ਬੀਰ ਯੋਧਾ ਸੀ, ਜਿਸ ਨੇ ਹਥਿਆਰ ਨਹੀਂ ਸਨ ਸੁੱਟੇ, ਸਗੋਂ ਉਸਨੇ ਇਕੱਲਿਆਂ ਹੀ ਅੰਗਰੇਜ਼ਾਂ ਵਿਰੁੱਧ ਸੰਗਰਾਮ ਜਾਰੀ ਰੱਖਿਆ। ਉਹ ਬਚ ਕੇ ਜੰਮੂ ਵੱਲ ਚਲਾ ਗਿਆ ਅਤੇ ਦੇਵ ਬਟਾਲਾ ਵਿਖੇ ਆਪਣਾ ਗੁਪਤ ਹੈਡਕੁਆਰਟਰ ਸਥਾਪਿਤ ਕਰ ਲਿਆ। ਦਸੰਬਰ 1849 ਵਿੱਚ ਉਹ ਹੁਸ਼ਿਆਰਪੁਰ ਚਲਾ ਗਿਆ ਅਤੇ ਉਸਨੇ ਸਿੱਖ ਰਜਮੈਂਟ ਦੀ ਭਰਤੀ ਆਪਣੇ ਸੰਗਰਾਮ ਲਈ ਕਰਨੀ ਸ਼ੁਰੂ ਕਰ ਦਿੱਤੀ।

ਲਾਰਡ ਡਲਹੌਜ਼ੀ ਨੇ 29 ਮਾਰਚ, 1849 ਨੂੰ ਪੰਜਾਬ ਰਾਜ ਨੂੰ ਅੰਗਰੇਜ਼ੀ ਰਾਜ ਨਾਲ ਮਿਲਾਉਣ ਦਾ ਐਲਾਨ ਕੀਤਾ।

## ਅੰਗਰੇਜ਼ਾਂ ਦੀ ਹੈਂਕੜ ਭਰੀ ਨੀਤੀ ਦਾ ਇੱਕ ਉਦਾਹਰਣ

ਪਹਿਲੀ ਅੰਗਰੇਜ਼ਾਂ ਅਤੇ ਸਿੰਘਾਂ ਦੀ ਲੜਾਈ ਤੋਂ ਪਿਛੋਂ ਅੰਗਰੇਜ਼ਾਂ ਨੇ ਭਾਵੇਂ 1846 ਵਿੱਚ ਲਾਹੌਰ ਦੀਆਂ ਸੰਧੀਆਂ ਅਤੇ ਪਿਛੋਂ ਭਰੋਵਾਲ ਦੀ ਸੰਧੀ ਕਰ ਲਈ ਸੀ, ਪਰ ਅੰਗਰੇਜ਼ ਰੈਜ਼ੀਡੈਂਟ ਅਤੇ ਅੰਗਰੇਜ਼ ਅਧਿਕਾਰੀਆਂ ਦੀ ਨੀਤੀ ਸ਼ੁਰੂ ਤੋਂ ਹੀ ਬੜੀ ਹੈਂਕੜ ਭਰੀ ਅਤੇ ਕਠੋਰ ਰਹੀ ਸੀ।



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਪੰਜਾਬ ਰਾਜ ਵਿੱਚ ਗਊ-ਕੁਸ਼ੀ ਦੀ ਮਨਾਹੀ ਸੀ। ਇਥੋਂ ਤੱਕ ਕਿ ਜਦੋਂ ਅੰਗਰੇਜ਼ੀ ਸੈਨਾ ਨੂੰ 1838 ਦੇ ਤ੍ਰੈ-ਪੱਖੀ ਅਹਿਦਨਾਮਿਆਂ ਅਨੁਸਾਰ ਅਫਗਾਨਿਸਤਾਨ ਜਾਣ ਲਈ ਲਾਹੌਰ ਦਰਬਾਰ ਵੱਲੋਂ ਲਾਂਘਾ ਦਿੱਤਾ ਗਿਆ ਸੀ ਤਾਂ ਇਹ ਸ਼ਰਤ ਵਿਸ਼ੇਸ਼ ਤੌਰ ਤੇ ਰੱਖੀ ਗਈ ਸੀ ਕਿ ਉਹ ਪੰਜਾਬ ਰਾਜ ਵਿੱਚ ਗਊ-ਹੱਤਿਆ ਨਹੀਂ ਕਰਨਗੇ, ਪਰ 21 ਅਪ੍ਰੈਲ, 1846 ਈਸਵੀ ਨੂੰ ਅਰਥਾਤ ਪੰਜਾਬ ਉੱਤੇ ਅੰਗਰੇਜ਼ਾਂ ਦੇ ਮਹਾਰਾਜਾ ਦਲੀਪ ਸਿੰਘ ਦੇ ਸਰਪ੍ਰਸਤ ਬਣਨ ਤੋਂ ਥੋੜ੍ਹਾ ਚਿਰ ਪਿਛੋਂ ਲਾਹੌਰ ਵਿੱਚ ਗਊ ਹੱਤਿਆ ਦੀ ਘਟਨਾ ਹੋਈ, ਜਿਸ ਦੇ ਸਿੱਟੇ ਵਜੋਂ ਅੰਗਰੇਜ਼ ਰੇਜੀਡੈਂਟ ਨੇ ਸਾਮਰਾਜੀ ਨੌਕਰਸ਼ਾਹੀ ਵਾਲੀ ਕਠੋਰ ਨੀਤੀ ਦਾ ਮੁਜਾਹਰਾ ਕੀਤਾ। ਇਹ ਘਟਨਾ ਇਸ ਪ੍ਰਕਾਰ ਹੋਈ, [1*]"11 ਮਾਰਚ, 1846 ਈਸਵੀ ਦੀ ਲਾਹੌਰ ਸੰਧੀ ਅਨੁਸਾਰ ਬ੍ਰਿਟਿਸ਼ ਸੈਨਾ ਲਾਹੌਰ ਵਿੱਚ ਰਹਿਣ ਲੱਗ ਪਈ ਸੀ। 21 ਅਪ੍ਰੈਲ, 1846 ਈਸਵੀ ਨੂੰ ਇਸ ਸੈਨਾ ਦੇ ਇੱਕ ਯੂਰਪੀ ਤੋਪਚੀ ਦਾ ਰਸਤਾ ਗਊਆਂ ਦੇ ਇੱਕ ਵੱਗ ਨੇ ਰੋਕ ਲਿਆ। ਉਸ ਯੂਰਪੀ ਸੈਨਿਕ ਨੂੰ ਬਹੁਤ ਗੁੱਸਾ ਚੜ੍ਹ ਗਿਆ ਅਤੇ ਉਸਨੇ ਗਊਆਂ ਉੱਤੇ ਆਪਣੀ ਤਲਵਾਰ ਚਲਾ ਦਿੱਤੀ, ਜਿਸ ਦੇ ਸਿੱਟੇ ਵਜੋਂ ਤਿੰਨ ਜਾਂ ਚਾਰ ਪਸ਼ੂ ਬੜੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਹ ਖ਼ਬਰ ਝੱਟ ਹੀ ਸਾਰੇ ਸ਼ਹਿਰ ਵਿੱਚ ਫੈਲ ਗਈ। ਹਿੰਦੂ ਅਤੇ ਸਿੱਖ ਜੋ ਗਊ ਨੂੰ ਇੱਕ ਪਵਿੱਤਰ ਪਸ਼ੂ ਮੰਨਦੇ ਹਨ, ਇਹ ਖ਼ਬਰ ਸੁਣ ਕੇ ਭੜਕ ਉੱਠੇ। ਯੂਰਪੀ ਸੈਨਿਕ ਦੇ ਇਸ ਜ਼ੁਲਮ ਭਰੇ ਵਤੀਰੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਸ਼ਹਿਰ ਦੀਆਂ ਸਭ ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ। ਬ੍ਰਿਟਿਸ਼ ਏਜੰਟ ਹੈਨਰੀ ਲਾਰੰਸ ਕੁਝ ਸਹਾਇਕ ਕਰਮਚਾਰੀਆਂ ਨੂੰ ਨਾਲ ਲੈ ਕੇ ਲੋਕਾਂ ਨੂੰ ਸਮਝਾਣ-ਬੁਝਾਣ ਲਈ ਸ਼ਹਿਰ ਵਿੱਚ ਗਿਆ। ਜਦੋਂ ਉਹ ਸ਼ਹਿਰ ਵਿੱਚੋਂ ਲੰਘ ਰਹੇ ਸਨ ਤਾਂ ਕੁਝ ਘਰਾਂ ਦੀਆਂ ਛੱਤਾਂ ਤੋਂ ਉਨ੍ਹਾਂ ਉੱਤੇ ਇੱਟਾਂ ਸੁੱਟੀਆਂ ਗਈਆਂ। ਬ੍ਰਿਟਿਸ਼ ਏਜੰਟ ਨੇ ਇੱਟਾਂ ਸੁੱਟਣ ਵਾਲੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਹੁਕਮ ਦਿੱਤਾ। ਸਿੱਟੇ ਵਜੋਂ ਦੱਤ ਨਾਮਕ ਇੱਕ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਅਤੇ ਦੋ ਹੋਰ ਅਪਰਾਧੀਆਂ ਨੂੰ ਦੇਸ਼ ਨਿਕਾਲਾ। ਜਿਨ੍ਹਾਂ ਘਰਾਂ ਦੀਆਂ ਛੱਤਾਂ ਉੱਤੋਂ ਇੱਟਾਂ ਸੁੱਟੀਆਂ ਗਈਆਂ ਸਨ, ਉਨ੍ਹਾਂ ਘਰਾਂ ਨੂੰ ਢਹਿ-ਢੇਰੀ ਕਰ ਦਿੱਤਾ ਗਿਆ।" ਅਜਿਹਾ ਵਤੀਰਾ ਹੀ ਅੰਗਰੇਜ਼ ਹੁਕਮਰਾਨਾਂ ਨੇ ਹਿੰਦੁਸਤਾਨ ਵਿੱਚ ਸਦਾ ਤੋਂ ਅਪਨਾਈ ਰੱਖਿਆ। ਉਹ ਸਦਾ ਦੂਹਰੇ ਮਿਆਰਾਂ ਵਿੱਚ ਯਕੀਨ ਰੱਖਦੇ ਸਨ। ਇੰਗਲੈਂਡ ਵਿੱਚ ਹੋਰ ਮਿਆਰ ਸਨ ਅਤੇ ਉਨ੍ਹਾਂ ਦੀਆਂ ਨਵੀਆਂ ਬਸਤੀਆਂ ਅਰਥਾਤ ਭਾਰਤ ਵਰਗੇ ਗੁਲਾਮ ਦੇਸ਼ ਵਿੱਚ ਹੋਰ। 1849 ਵਿੱਚ ਪੰਜਾਬ ਦੇ ਰਲੇਵੇਂ ਸਮੇਂ ਵੀ ਗਵਰਨਰ ਜਨਰਲ ਲਾਰਡ ਡਲਹੌਜੀ ਦੀ ਨੀਤੀ ਵੀ ਅਜਿਹੀ ਹੀ ਦੋ-ਮੂੰਹੀ ਅਤੇ ਦੋਗਲੀ ਸੀ; ਇਸ ਨੀਤੀ ਦਾ ਸਪੱਸ਼ਟ ਪ੍ਰਗਟਾ ਉਸ ਕਾਰਵਾਈ ਤੋਂ ਸਿੱਧ ਹੋ ਜਾਂਦਾ ਹੈ, ਜੋ ਅੰਗਰੇਜ਼ਾਂ ਨੇ ਪੰਜਾਬ ਦੇ ਰਲੇਵੇਂ ਸਮੇਂ ਅਪਨਾਈ ਸੀ।

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 138



Sri Satguru Jagjit Singh Ji Elibrary NamdhariElibrary@gmail.com

# 19

# ਪੰਜਾਬ ਰਾਜ ਦੀ ਸੁਤੰਤਰਤਾ ਦਾ ਅੰਤ ਅਤੇ ਅੰਗਰੇਜ਼ ਸਾਮਰਾਜ ਦਾ ਆਰੰਭ

29 ਮਾਰਚ, 1849 ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਪੰਜਾਬ ਰਾਜ ਦਾ ਅੰਤਿਮ ਦਰਬਾਰ ਲਗਾਇਆ ਗਿਆ, ਜਿਸ ਵਿੱਚ ਗਵਰਨਰ ਜਨਰਲ ਲਾਰਡ ਡਲਹੌਜੀ ਦਾ ਵਿਸ਼ੇਸ਼ ਐਲਾਨ ਉਸ ਦੇ ਭੇਜੇ ਹੋਏ ਨਿੱਜੀ ਸਕੱਤਰ ਸਰ ਹੈਨਰੀ ਈਲੀਅਟ ਵੱਲੋਂ ਪੜ੍ਹ ਕੇ ਸੁਣਾਇਆ ਗਿਆ। ਰੈਜ਼ੀਡੈਂਟ ਹੈਨਰੀ ਲਾਰੰਸ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੀ ਪੰਜਾਬ ਉਤੇ ਕਬਜ਼ਾ ਕਰਨ ਦੀ ਨੀਤੀ ਦਾ ਵਿਰੋਧ ਕਰਦਾ ਸੀ। ਇਸ ਲਈ ਗਵਰਨਰ ਜਨਰਲ ਦੇ ਬੁਲਾਵੇ ਉਤੇ ਉਸ ਨੇ ਆਪ ਜਾਣ ਦੀ ਥਾਂ ਆਪਣੇ ਭਰਾ ਜਾਨ ਲਾਰੰਸ ਨੂੰ ਭੇਜ ਦਿੱਤਾ। ਲਾਰਡ ਡਲਹੌਜ਼ੀ ਪੰਜਾਬ ਨੂੰ ਬਰਤਾਨਵੀ ਸਲਤਨਤ ਵਿੱਚ ਰਲਾਉਣ ਉੱਤੇ ਤੁਲਿਆ ਹੋਇਆ ਸੀ। ਅਸਲ ਵਿੱਚ ਅੰਗਰੇਜ਼ ਤਾਂ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਰਾਜ ਉੱਤੇ ਅੱਖ ਰੱਖੀ ਬੈਠੇ ਸਨ। ਲਾਰਡ ਐਲਨਬਰਾ ਨੇ ਪਹਿਲਾਂ ਹੀ ਐਂਗਲੋ ਸਿੱਖ ਜੰਗ ਦੀਆਂ ਤਾਰੀਖਾਂ ਮਿੱਥ ਛੱਡੀਆਂ ਹੋਈਆਂ ਸਨ। ਉਸ ਦੇ ਉੱਤਰਾਧਿਕਾਰੀ ਲਾਰਡ ਹਾਰਡਿੰਗ ਨੇ ਕਦਮ-ਬ-ਕਦਮ ਆਪਣੇ ਅਸਲੀ ਮਨੋਰਥ (ਪੰਜਾਬ ਉੱਤੇ ਮੁਕੰਮਲ ਕਬਜ਼ਾ) ਦੀ ਨੀਤੀ ਨੂੰ ਅਪਨਾਇਆ। ਲਾਹੌਰ ਦਰਬਾਰ ਨਾਲ ਅਜਿਹੀਆਂ ਸੰਧੀਆਂ ਕੀਤੀਆਂ, ਜਿਸ ਨਾਲ ਪੰਜਾਬ ਸਰਕਾਰ ਦੀ ਅਸਲ ਸ਼ਕਤੀ ਨੂੰ ਸੀਮਿਤ ਕਰਕੇ ਆਪਣੇ ਅਧਿਕਾਰਾਂ ਨੂੰ ਹੋਰ ਪੱਕਾ ਕਰ ਲਿਆ ਗਿਆ, ਪਰ ਲਾਰਡ ਡਲਹੌਜ਼ੀ ਨੇ ਕੋਈ ਗੱਲ ਗੁੱਝੀ ਛਿਪੀ ਨਹੀਂ ਸੀ ਰੱਖੀ। ਪੰਜਾਬ ਉੱਤੇ ਕਬਜ਼ੇ ਸੰਬੰਧੀ ਐਲਾਨ ਦਾ ਪਹਿਲਾ ਖਰੜਾ ਹੈਨਰੀ ਲਾਰੰਸ ਨੇ ਤਿਆਰ ਕੀਤਾ ਸੀ, ਪਰ ਲਾਰਡ ਡਲਹੌਜ਼ੀ ਨੇ ਹੈਨਰੀ ਲਾਰੰਸ ਦੇ ਖਰੜੇ ਨੂੰ ਅਸਵੀਕਾਰ ਕਰਦਿਆਂ ਹੋਇਆ, ਉਸ ਨੂੰ ਇੱਕ ਪੱਤਰ ਵਿੱਚ ਇਹ ਸਪੱਸ਼ਟ ਤੌਰ ਤੇ ਲਿਖ ਦਿੱਤਾ ਸੀ :

1* "ਮੈਂ ਇਹ ਗੱਲ ਤੈਥੋਂ ਜਰਾ ਵੀ ਨਹੀਂ ਲੁਕਾਉਣਾ ਚਾਹੁੰਦਾ ਕਿ ਮੈਂ

1* ਸੰਪਾਦਕ ਡਾ. ਗੰਡਾ ਸਿੰਘ, ਭਾਈ ਜੋਧ ਸਿੰਘ, ਅਭਿਨੰਦਨ ਗ੍ਰੰਥ (ਪੰਜਾਬ), ਪੰਨਾ 18



Sri Satguru Jagjit Singh Ji Elibrary NamdhariElibrary@gmail.com

ਇਹ ਵਿਚਾਰ ਤਿਆਗਣ ਲਈ ਬਿਲਕੁਲ ਤਿਆਰ ਨਹੀਂ ਕਿ ਪੰਜਾਬ ਦੇ ਵੱਡੇ ਹਿੱਤ ਇਸ ਵਿੱਚ ਹੀ ਹਨ ਕਿ ਸਿੱਖਾਂ ਦੀ ਸਰਕਾਰ ਨੂੰ ਕੇਵਲ ਹਰਾਇਆ ਹੀ ਨਾ ਜਾਏ, ਸਗੋਂ ਉਸ ਨੂੰ ਬਿਲਕੁਲ ਮਿਟਾ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਰਾਜ ਘਰਾਣੇ ਨੂੰ ਖ਼ਤਮ ਕਰ ਦਿੱਤਾ ਜਾਵੇ।"

ਗਵਰਨਰ ਜਨਰਲ ਡਲਹੌਜ਼ੀ ਵੱਲੋਂ ਜਿਹੜਾ ਐਲਾਨ ਉਸ ਦੇ ਸਕੱਤਰ ਸਰ ਹੈਨਰੀ ਈਲੀਅਟ ਨੇ ਪੜ੍ਹ ਕੇ ਸੁਣਾਇਆ, ਉਸ ਅਨੁਸਾਰ :

(ੳ) ਪੰਜਾਬ ਰਾਜ ਨੂੰ ਮੁਕੰਮਲ ਤੌਰ ਤੇ ਅੰਗਰੇਜ਼ੀ ਸਲਤਨਤ ਵਿੱਚ ਸ਼ਾਮਿਲ ਕਰ ਲਿਆ ਗਿਆ।

(ਅ) ਲਾਹੌਰ ਦਰਬਾਰ ਦੀ ਸਾਰੀ ਜ਼ਾਇਦਾਦ ਜਬਤ ਕਰ ਲਈ ਗਈ, ਇੱਥੋਂ ਤੱਕ ਕਿ ਬਹੁ-ਮੁੱਲਾ 'ਕੋਹਿਨੂਰ ਹੀਰਾ' ਜੋ ਲਾਹੌਰ ਦਰਬਾਰ ਦੀ ਨਿੱਜੀ ਮਲਕੀਅਤ ਸੀ, ਨੂੰ ਵੀ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਗਿਆ।

(ੲ) ਮਹਾਰਾਜਾ ਦਲੀਪ ਸਿੰਘ ਦੇ ਸਾਰੇ ਅਧਿਕਾਰ ਸਮਾਪਤ ਕਰ ਦਿੱਤੇ ਗਏ ਅਤੇ ਉਸ ਨੂੰ ਜੌਹਨ ਲੌਗਨ ਦੀ ਸਰਪ੍ਰਸਤੀ ਵਿੱਚ ਪੰਜਾਬ ਤੋਂ ਬਾਹਰ ਭੇਜ ਦਿੱਤਾ ਗਿਆ।

ਅੰਗਰੇਜ਼ਾਂ ਵੱਲੋਂ ਖੁਲ੍ਹਦਿਲੀ ਇਹ ਦਰਸਾਈ ਗਈ ਕਿ ਦਲੀਪ ਸਿੰਘ ਆਪਣੇ ਨਾਮ ਨਾਲ ਮਹਾਰਾਜੇ ਦੇ ਪੱਦ ਦੀ ਉਦੋਂ ਤੱਕ ਵਰਤੋਂ ਕਰ ਸਕਦਾ ਹੈ, ਜਦੋਂ ਤੱਕ ਕਿ ਉਹ ਅੰਗਰੇਜ਼ੀ ਸਰਕਾਰ ਦੀ ਵਫ਼ਾਦਾਰੀ ਦਾ ਦਮ ਭਰਦਾ ਰਹੇਗਾ।

ਇਸ ਐਲਾਨ ਵਿਰੁੱਧ ਦੀਵਾਨ ਦੀਨਾ ਨਾਥ ਨੇ ਥੋੜ੍ਹਾ ਇਤਰਾਜ਼ ਕੀਤਾ ਅਤੇ ਦਇਆ ਦੀ ਜਾਚਨਾ ਕੀਤੀ, ਪਰ ਸਰ ਹੈਨਰੀ ਈਲੀਅਟ ਨੇ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ, "ਦਇਆ ਅਤੇ ਰਿਆਇਤਾਂ ਦੇ ਵੇਲੇ ਲੱਦ ਗਏ ਨੇ।"

ਇਸ ਪਿਛੋਂ ਕੌਂਸਲ ਦੇ ਸਾਰੇ ਮੈਂਬਰਾਂ ਨੇ ਮਜ਼ਬੂਰੀ ਵਿੱਚ ਇਸ ਐਲਾਨ ਉੱਤੇ ਆਪਣੇ ਦਸਤਖ਼ਤ ਕਰ ਦਿੱਤੇ ਅਤੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਤੋਂ ਵੀ ਸਹੀ ਪਵਾ ਲਈ ਗਈ। ਰਾਜ ਪਲਟੇ ਦੇ ਇਸ ਅੰਤਿਮ ਦ੍ਰਿਸ਼ ਦੇ ਸਮਾਚਾਰਾਂ ਦਾ ਵਰਣਨ ਪ੍ਰਸਿੱਧ ਨਾਮਧਾਰੀ ਲੇਖਕ ਸੰਤ ਨਿਧਾਨ ਸਿੰਘ ਆਲਿਮ ਨੇ ਇਨ੍ਹਾਂ ਹਿਰਦੇ ਵੇਧਕ ਸ਼ਬਦਾਂ ਰਾਹੀਂ ਕੀਤਾ ਹੈ :

[1*]"29 ਮਾਰਚ, 1849 ਨੂੰ ਸਵੇਰੇ 7 ਬਜੇ ਸ਼ਾਹੀ ਮਹੱਲ ਵਿੱਚ ਪੰਜਾਬ ਦੀ ਆਜ਼ਾਦ ਹਕੂਮਤ ਦਾ ਛੇਕੜਲਾ-ਦਰਬਾਰ ਸਜਾਇਆ ਗਿਆ, ਜਿਸ ਵਿੱਚ ਨਾ-ਬਾਲਗ ਦਲੀਪ ਸਿੰਘ ਆਪਣੇ ਪਿਤਾ ਜੀ ਦੇ ਤਖ਼ਤ 'ਤੇ ਅਖੀਰਲੀ ਵਾਰ ਬੈਠਾ। ਸਮੂਹ ਦਰਬਾਰੀਆਂ ਦੇ ਚਿਹਰੇ ਕੁਮਲਾਏ ਹੋਏ ਸਨ। ਉਹ ਹਰ ਨੁਕਤਾ ਨਿਗਾਹ ਨਾਲ ਢਹਿੰਦੀਆਂ ਕਲਾ ਦਾ ਨਕਸ਼ਾ ਪੇਸ਼ ਕਰ ਰਹੇ ਸਨ। ਹਰ ਇੱਕ

[1*] ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਊ ਸਤਿਗੁਰੂ, ਪੰਨਾ 3-4



Sri Satguru Jagjit Singh Ji Elibrary NamdhariElibrary@gmail.com

ਸਰਦਾਰ ਦੇ ਦਿਲ ਅੰਦਰ ਸਹਿਮ ਪ੍ਰਤੀਤ ਹੋ ਰਿਹਾ ਸੀ। ਸਭ ਹਥਿਆਰਾਂ ਤੋਂ ਖਾਲੀ ਸਨ। ਐਲੀਇਟ ਸਾਹਿਬ ਅਤੇ ਸਰ ਹੈਨਰੀ ਲਾਰੰਸ ਦੇ ਆਉਣ ਤੇ ਸਭ ਨੇ ਬਾਹਰਲੇ ਦਰਵਾਜੇ ਅੱਗੇ ਉਨ੍ਹਾਂ ਦਾ ਸੁਆਗਤ ਕੀਤਾ। ਜਦੋਂ ਸਭ ਆਪਣੀ-ਆਪਣੀ ਥਾਂ ਤੇ ਬਹਿ ਗਏ, ਤਾਂ ਇਸ ਭਾਵ ਦਾ ਇੱਕ ਐਲਾਨ ਫ਼ਾਰਸੀ ਭਾਸ਼ਾ ਵਿੱਚ ਪੜ੍ਹ ਕੇ ਸੁਣਾਇਆ ਗਿਆ ਕਿ ਹੁਣ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਇਹ ਐਲਾਨ ਸੁਣਦਿਆਂ ਸਾਰ ਸ੍ਰੋਤਿਆਂ ਦੇ ਦਿਲਾਂ ਵਿੱਚ ਕਾਤੀ ਜੇਹੀ ਫਿਰ ਗਈ। ਦੀਵਾਨ ਦੀਨਾਨਾਥ ਨੇ ਅੱਥਰੂਆਂ ਦੀ ਝੜੀ ਵਿੱਚ ਐਲਾਨ ਦੀ ਵਿਰੋਧਤਾ ਕਰਦਿਆਂ ਹੋਇਆਂ ਕਿਹਾ ਕਿ ਇਸ ਸਮੇਂ ਬਰਤਾਨਵੀ ਸਰਕਾਰ ਨੂੰ ਉਦਾਰਤਾ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਗੱਲ ਵਿਚਾਰਯੋਗ ਹੈ ਕਿ ਨਪੋਲੀਅਨ ਬੋਨਾਪਾਰਟ ਨੂੰ ਹਰਾਉਣ ਤੋਂ ਪਿਛੋਂ ਫਰਾਂਸ ਉਸਦੇ ਅਸਲ ਵਾਰਸਾਂ ਨੂੰ ਸੌਂਪ ਦਿੱਤਾ ਗਿਆ ਸੀ। ਇਸ ਲਈ ਇਸ ਵੇਲੇ ਪੰਜਾਬ ਮਹਾਰਾਜਾ ਦਲੀਪ ਸਿੰਘ ਦੇ ਹਵਾਲੇ ਕਿਉਂ ਨਾ ਕੀਤਾ ਜਾਵੇ? ਇਸ ਦੇ ਉੱਤਰ ਵਿੱਚ ਦੀਵਾਨ ਸਾਹਿਬ ਨੂੰ ਸਖ਼ਤ ਝਾੜ ਪੌਂਦਿਆਂ ਹੋਇਆ ਐਲੀਇਟ ਸਾਹਿਬ ਨੇ ਗੁੱਸੇ ਨਾਲ ਆਖਿਆ ਕਿ "ਚੁੱਪ ਹੋ ਜਾਉ, ਨਹੀਂ ਤਾਂ ਕਾਲੇ ਪਾਣੀ ਭੇਜ ਦਿੱਤਾ ਜਾਵੇਗਾ।"

ਹੁਣ ਕਾਗਤ ਦਾ ਇੱਕ ਪੁਰਜਾ ਮਹਾਰਾਜਾ ਦਲੀਪ ਸਿੰਘ ਦੇ ਸਾਹਮਣੇ ਰੱਖਿਆ ਗਿਆ, ਜਿਸ ਤੇ ਉਸਨੇ ਇਹ ਨਾਂ ਜਾਣਦਿਆਂ ਹੋਇਆਂ ਕਿ ਉਹ ਪੰਜਾਬ ਰਾਜ ਦੀ ਦਸਤਬਰਦਾਰੀ ਦੇ ਪ੍ਰਵਾਨੇ ਤੇ ਦਸਤਖ਼ਤ ਕਰ ਰਿਹਾ ਹੈ, ਬੜੀ ਕਾਹਲੀ ਨਾਲ ਆਪਣੀ ਸਹੀ ਪਾ ਦਿੱਤੀ। ਉਦੋਂ ਪਿਛੋਂ ਦਰਬਾਰ ਬਰਖ਼ਾਸਤ ਹੋਇਆ ਅਤੇ ਨਾਲ ਹੀ ਪੰਜਾਬ ਦੇ ਸੁਤੰਤਰ ਰਾਜ ਦਾ ਸੂਰਜ ਦਾਸਤਾ ਦੀ ਹਨੇਰੀ ਰਾਤ ਵਿੱਚ ਲੁੱਕ ਗਿਆ।

ਦਰਬਾਰ ਦਾ ਭੋਗ ਪੈਣ ਉਪਰੰਤ ਅੰਗਰੇਜ਼ਾਂ ਨੇ ਤੋਪਾਂ ਦੀ ਆਕਾਸ਼ ਗੁੰਜਾਊ ਗੜਗੜਾਹਟ ਵਿੱਚ ਸ਼ਾਹੀ ਕਿਲ੍ਹੇ 'ਤੇ ਝੂਲ ਰਹੇ ਸੁਤੰਤਰ ਝੰਡੇ ਨੂੰ ਧਰਤੀ 'ਤੇ ਪਟਕਾ ਮਾਰਿਆ ਅਤੇ ਬੜੀ ਹੈਂਕੜ ਨਾਲ ਉਸਦੀ ਥਾਂ ਤੇ ਯੂਨੀਅਨ ਜੈਕ ਝੁਲਾ ਦਿੱਤਾ।

ਇਸ ਤਰ੍ਹਾਂ 29 ਮਾਰਚ, 1849 ਨੂੰ ਪੰਜਾਬ ਰਾਜ ਦੇ ਅੰਤਿਮ ਦਰਬਾਰ ਵਿੱਚ ਪੰਜਾਬ ਦੀ ਸੁਤੰਤਰਤਾ ਦਾ ਅੰਤ ਹੋਇਆ ਅਤੇ ਅੱਗੇ ਤੋਂ ਪੰਜਾਬ ਨੂੰ ਅੰਗਰੇਜ਼ ਸਾਮਰਾਜੀਆਂ ਦਾ ਗੁਲਾਮ ਬਣਾ ਦਿੱਤਾ ਗਿਆ।

**ਪੰਜਾਬ ਦੇ ਰਲੇਵੇਂ ਦਾ ਐਲਾਨ ,ਕਿ ਸਾਮਰਾਜੀ ਕਪਟ ਨੀਤੀ ਦਾ ਪ੍ਰਤੱਖ ਪ੍ਰਮਾਣ?**

ਪੰਜਾਬ ਦੇ ਰਲੇਵੇਂ ਦਾ ਐਲਾਨ ਲਾਰਡ ਡਲਹੌਜ਼ੀ ਦੀ ਸਾਮਰਾਜਵਾਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਸੀ। ਇਸ ਦੀਆਂ ਬੜੀਆਂ ਸਾਵਧਾਨੀ ਨਾਲ ਤਿਆਰ ਕੀਤੀਆਂ ਗਈਆਂ ਮੱਦਾਂ ਵਿੱਚੋਂ ਅੰਗਰੇਜ਼ਾਂ ਦੀ ਕਪਟ ਭਰੀ ਉਸ ਸਾਜ਼ਿਸ਼ੀ



Sri Satguru Jagjit Singh Ji Elibrary NamdhariElibrary@gmail.com

ਨੀਤੀ ਦੀ ਸਪੱਸ਼ਟ ਝਲਕ ਪੈਂਦੀ ਸੀ, ਜਿਸ ਨੂੰ ਇਸ ਐਲਾਨ ਵਿੱਚ ਬੜੇ ਲੁਕਵੇਂ ਢੰਗ ਨਾਲ ਅੰਕਿਤ ਕੀਤਾ ਗਿਆ ਸੀ, ਫਿਰ ਵੀ ਉਸ ਦੀਆਂ ਮੱਦਾਂ ਵਿੱਚੋਂ ਅੰਗਰੇਜ਼ਾਂ ਦੀ ਕੂਟਨੀਤੀ ਦਾ ਕਪਟ ਅਤੇ ਉਹ ਝੂਠ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ, ਜਿਸ ਵਿੱਚ ਆਪਣੇ ਦੋਸ਼ਾਂ ਨੂੰ ਉਨ੍ਹਾਂ ਨੇ ਪੰਜਾਬ ਰਾਜ ਦੇ ਸਿਰ ਮੜ੍ਹਣ ਦਾ ਨਿਰਾਰਥਕ ਯਤਨ ਕੀਤਾ ਸੀ। ਇਸ ਐਲਾਨ ਵਿੱਚ ਸਪੱਸ਼ਟ ਤੌਰ ਤੇ ਕਿਹਾ ਗਿਆ ਸੀ ਕਿ ਸਿੱਖ ਰਾਜ ਅਤੇ ਵਿਸ਼ੇਸ਼ ਕਰਕੇ ਲਾਹੌਰ ਦਰਬਾਰ ਇਸ ਅੰਗਰੇਜ਼ ਵਿਰੋਧੀ ਬਗਾਵਤ ਨੂੰ ਦਬਾਉਣ ਵਿੱਚ ਅਸਫ਼ਲ ਰਿਹਾ, ਹਾਲਾਂਕਿ ਸੱਚ ਇਹ ਸੀ ਕਿ ਲਾਹੌਰ ਦਰਬਾਰ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਸੈਨਿਕ ਇਸ ਜੰਗ ਵਿੱਚ ਅੰਗਰੇਜ਼ੀ ਧਿਰ ਵਜੋਂ ਸ਼ਾਮਲ ਹੋਏ ਅਤੇ ਲੜੇ ਸਨ। ਜਦੋਂ ਕਮਾਂਡਰ-ਇਨ-ਚੀਫ ਦੀ ਵੱਡੀ ਸੈਨਾ ਲਾਹੌਰ ਦੇ ਨੇੜਿਉਂ ਸਿੱਖ ਵਿਦਰੋਹੀਆਂ ਦਾ ਟਾਕਰਾ ਕਰਨ ਲਈ ਜਾ ਰਹੀ ਸੀ ਤਾਂ ਰੈਜ਼ੀਡੈਂਟ ਫ੍ਰੈਡਰਿਕ ਕਰੀ ਨੇ ਉਸ ਸਮੇਂ ਇਹ ਐਲਾਨ ਕੀਤਾ ਸੀ ਕਿ ਅੰਗਰੇਜ਼ੀ ਸੈਨਾ ਲਾਹੌਰ ਦਰਬਾਰ ਦੇ ਵਿਰੁੱਧ ਲੜਨ ਲਈ ਨਹੀਂ ਜਾ ਰਹੀ, ਸਗੋਂ ਉਸ ਦੀ ਸੁਰੱਖਿਆ ਲਈ ਜਾ ਰਹੀ ਹੈ।

ਇਸ ਐਲਾਨ ਵਿੱਚ ਇੱਕ ਦੋਸ਼ ਲਾਹੌਰ ਦਰਬਾਰ ਵਿਰੁੱਧ ਇਹ ਲਾਇਆ ਗਿਆ ਸੀ ਕਿ ਦਰਬਾਰ ਨੇ ਅੰਗਰੇਜ਼ਾਂ ਨੂੰ ਜਿਸ 40 ਲੱਖ ਤੋਂ ਉਪਰ ਦਾ ਭੁਗਤਾਨ ਕਰਨਾ ਸੀ, ਉਸ ਵਿੱਚੋਂ ਇੱਕ ਪੈਸਾ ਵੀ ਅਦਾ ਨਹੀਂ ਕੀਤਾ, ਪਰ ਇਸ ਦੇ ਉਲਟ ਸੱਚਾਈ ਇਹ ਸੀ ਕਿ ਰੈਜ਼ੀਡੈਂਟ ਦੀ ਆਪਣੀ 23 ਫਰਵਰੀ, 1848 ਦੀ ਲਿਖਤ ਇਸ ਦਾਅਵੇ ਦਾ ਖੰਡਨ ਕਰਦੀ ਹੈ, ਜਿਸ ਵਿੱਚ ਇਹ ਉਲੇਖ ਸੀ ਕਿ 13 ਲੱਖ, 56 ਹਜ਼ਾਰ, ਅੱਠ ਸੌ ਸੈਂਤੀ ਰੁਪਏ ਦੋ ਪੈਸੇ ਦਾ ਸੋਨਾ ਲਾਹੌਰ ਦਰਬਾਰ ਨੇ ਆਪਣੇ ਕਰਜ਼ੇ ਦੇ ਇਵਜ਼ ਵਜੋਂ ਜਮ੍ਹਾ ਕਰਵਾ ਦਿੱਤਾ ਹੈ। ਇਸ ਤਰ੍ਹਾਂ ਅੰਗਰੇਜ਼ਾਂ ਦਾ 40 ਲੱਖ ਤੋਂ ਉਪਰ ਦਾ ਕਰਜ਼ਾ ਘੱਟ ਕੇ 27 ਲੱਖ ਰਹਿ ਗਿਆ ਸੀ। ਭੈਰੋਵਾਲ ਦੀ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਪੰਜਾਬ ਰਾਜ ਨੂੰ ਸੁਰੱਖਿਆ ਪ੍ਰਦਾਨ ਕਰਨੀ ਸੀ ਪਰ ਡਲਹੌਜ਼ੀ ਦੇ ਇਸ ਐਲਾਨ ਅਨੁਸਾਰ ਇਹ ਭੈਰੋਵਾਲ ਦੀ ਸੰਧੀ ਦੀ ਸਰਾਸਰ ਖਿਲਾਫ ਵਰਜ਼ੀ ਸੀ।

ਇਸ ਐਲਾਨ ਵਿੱਚ ਇਹ ਗੱਲ ਵੀ ਅੰਕਿਤ ਸੀ ਕਿ ਪੰਜਾਬ ਦੇ ਸਰਦਾਰ ਅਤੇ ਜਨਤਾ ਨੇ ਸਮੁੱਚੇ ਤੌਰ ਤੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰ ਦਿੱਤਾ ਹੈ ਪਰ ਸੱਚਾਈ ਇਹ ਸੀ ਕਿ [1*]34 ਪ੍ਰਮੁੱਖ ਸਰਦਾਰ ਅੰਗਰੇਜ਼ਾਂ ਦੀ ਇਸ ਨੀਤੀ ਦੇ ਸਮਰੱਥਕ ਸਨ, ਕਿਉਂ ਜੋ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਅੰਗਰੇਜ਼ ਉਸ ਦੇ ਸਰਪ੍ਰਸਤ ਤੇ ਰਾਖਿਆਂ ਵਜੋਂ

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 149



Sri Satguru Jagjit Singh Ji Elibrary NamdhariElibrary@gmail.com

ਕਾਰਵਾਈ ਕਰ ਰਹੇ ਹਨ। ਇਨ੍ਹਾਂ ਉੱਤੇ ਅੰਗਰੇਜ਼ਾਂ ਵੱਲੋਂ ਲਾਏ ਗਏ ਦੋਸ਼ ਦੇ ਬਿਲਕੁੱਲ ਉਲਟ ਲਾਹੌਰ ਦਰਬਾਰ ਦੀ ਕੌਂਸਲ ਵਿੱਚੋਂ 8 ਵਿੱਚੋਂ ਕੇਵਲ ਇੱਕ ਸਰਦਾਰ (ਸ: ਸ਼ੇਰ ਸਿੰਘ ਅਟਾਰੀ) ਹੀ ਇਸ ਬਗਾਵਤ ਵਿੱਚ ਸ਼ਾਮਿਲ ਹੋਇਆ ਸੀ ਅਤੇ ਭਾਈ ਮਹਾਰਾਜ ਸਿੰਘ ਅਤੇ ਬਾਬਾ ਬਿਕਰਮ ਸਿੰਘ ਬੇਦੀ ਛੋਟੇ ਸੈਨਿਕ ਜੱਥਿਆਂ ਨੂੰ ਨਾਲ ਲੈ ਕੇ ਪਹਿਲਾਂ ਮੁਲਤਾਨ ਅਤੇ ਫਿਰ ਸ਼ੇਰ ਸਿੰਘ ਤੇ ਚਤਰ ਸਿੰਘ ਦੀ ਸੈਨਾ ਨਾਲ ਜਾ ਮਿਲੇ ਸਨ।

ਅਜਿਹੀ ਹਾਲਤ ਵਿੱਚ ਲਾਰਡ ਡਲਹੌਜ਼ੀ ਦਾ ਇਹ ਕਹਿਣਾ ਕਿ ਹੁਣ ਪੰਜਾਬ ਉੱਤੇ ਮੁਕੰਮਲ ਕਬਜ਼ਾ ਕਰਨਾ ਜ਼ਰੂਰੀ ਹੋ ਗਿਆ ਹੈ, ਉਸ ਦੀ ਸਾਮਰਾਜਵਾਦੀ ਨੀਤੀ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ, ਇਸੇ ਕਾਰਨ ਲਾਹੌਰ ਦਰਬਾਰ ਦਾ ਪਹਿਲਾ ਰੇਜ਼ੀਡੈਂਟ ਹੈਨਰੀ ਲਾਰੰਸ, ਲਾਰਡ ਡਲਹੌਜ਼ੀ ਦੀ ਇਸ ਨੀਤੀ ਦਾ ਅੰਦਰੋਂ ਅਰਥਾਤ ਦਿਲੋਂ ਵਿਰੋਧੀ ਸੀ।

ਇਸ ਸੰਧੀ ਦੇ ਫਲਸਰੂਪ [1*]ਸ: ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿੱਚ "ਲਾਹੌਰ ਦੇ ਕਿਲ੍ਹੇ ਤੋਂ ਸਿੱਖ ਨਿਸ਼ਾਨ ਉਤਾਰਿਆ ਗਿਆ ਅਤੇ ਉਸਦੀ ਥਾਂ ਯੂਨੀਅਨ ਜੈਕ ਝੁਲਾ ਦਿੱਤਾ ਗਿਆ। ਸਿੱਖਾਂ ਦੇ ਕਈ ਪ੍ਰਕਾਰ ਦੇ ਚੱਲ ਰਹੇ ਸਿੱਕਿਆਂ (ਨਾਨਕਸ਼ਾਹੀ, ਹਰੀ ਸਿੰਘ, ਗੋਬਿੰਦ ਸ਼ਾਹੀ ਆਦਿ) ਦੀ ਥਾਂ ਅੰਗਰੇਜ਼ਾਂ ਨੇ ਕੰਪਨੀ ਦਾ ਸਿੱਕਾ (ਰੁਪਿਆ) ਚਾਲੂ ਕਰ ਦਿੱਤਾ।"

## ਅੰਗਰੇਜ਼ ਸਰਕਾਰ ਦੀ ਸਾਮਰਾਜੀ ਨੀਤੀ

ਇਸ ਰਾਜ ਪਲਟੇ ਪਿਛੋਂ ਅੰਗਰੇਜ਼ੀ ਸਰਕਾਰ ਨੇ ਬਹੁ-ਪੱਖੀ ਨੀਤੀ ਨੂੰ ਲਾਗੂ ਕੀਤਾ। ਇੱਕ ਬੰਨ੍ਹੇ ਉਨ੍ਹਾਂ ਨੇ ਪੰਜਾਬ ਦੇ ਉਨ੍ਹਾਂ ਸਰਦਾਰਾਂ ਅਤੇ ਆਮ ਜਨਤਾ ਨੂੰ ਦਬਾਉਣ ਦਾ ਯਤਨ ਕੀਤਾ, ਜੋ ਕਿਸੇ ਸਮੇਂ ਵੀ ਅੰਗਰੇਜ਼ਾਂ ਵਿਰੁੱਧ ਸਿਰ ਉਠਾ ਸਕਦੇ ਸਨ ਅਤੇ ਖ਼ਤਰਨਾਕ ਸਿੱਧ ਹੋ ਸਕਦੇ ਸਨ। ਦੂਜੇ ਬੰਨ੍ਹੇ ਪੰਜਾਬ ਦੀ ਸਮੁੱਚੀ ਪਰਜਾ ਨੂੰ ਸੰਤੁਸ਼ਟ ਕਰਨ ਲਈ ਕੁਝ ਅਜਿਹੇ ਕਦਮ ਚੁੱਕੇ ਗਏ, ਜਿਨ੍ਹਾਂ ਦੁਆਰਾ ਸੁਚਾਰੂ ਰਾਜ ਪ੍ਰਬੰਧ ਦੇਣ ਅਤੇ ਪਰਜਾ ਨੂੰ ਕੁਝ ਸਹੂਲਤਾਂ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ। ਇਸ ਸੰਬੰਧ ਵਿੱਚ ਅੰਗਰੇਜ਼ੀ ਸਰਕਾਰ ਨੇ ਆਪਣੀ ਪੱਛਮੀਕਰਨ ਦੀ ਨੀਤੀ ਨੂੰ ਵੀ ਸਹਿਜੇ ਸਹਿਜੇ ਲਾਗੂ ਕਰਨ ਦਾ ਯਤਨ ਕੀਤਾ। ਕੁਝ ਉੱਘੇ ਸਰਦਾਰਾਂ ਦੀਆਂ ਜਾਗੀਰਾਂ ਕਾਇਮ ਰੱਖ ਕੇ ਉਨ੍ਹਾਂ ਨੂੰ ਅੰਗਰੇਜ਼ ਭਗਤ ਜਾਂ ਅੰਗਰੇਜ਼ਾਂ ਦੇ ਗੁਣ-ਗਾਇਕ ਬਣਾਉਣ ਦਾ ਯਤਨ ਕੀਤਾ ਗਿਆ। ਧਰਮ ਸਥਾਨਾਂ ਦੀਆਂ ਜਾਗੀਰਾਂ ਤੇ ਬੱਝਵੀਆਂ ਰਕਮਾਂ ਨੂੰ ਚਾਲੂ ਰੱਖਿਆ ਗਿਆ। ਪ੍ਰਬੰਧਕੀ ਦ੍ਰਿਸ਼ਟੀ ਤੋਂ ਪੰਜਾਬ ਦੀ ਨਵੇਂ ਸਿਰਿਉਂ ਕਮਿਸ਼ਨਰੀਆਂ ਅਤੇ

---

[1*] ਖੁਸ਼ਵੰਤ ਸਿੰਘ, ਪੰਜਾਬ ਦਾ ਇਤਿਹਾਸ, ਜਿਲਦ 2, ਪੰਨਾ 88



Sri Satguru Jagjit Singh Ji Elibrary NamdhariElibrary@gmail.com

ਜ਼ਿਲ੍ਹਿਆਂ ਵਿੱਚ ਵੰਡ ਕੀਤੀ ਗਈ। ਸਿੱਖਿਆ, ਸਿਹਤ ਅਤੇ ਅਦਾਲਤੀ ਪ੍ਰਬੰਧ ਨੂੰ ਨਵਾਂ ਰੂਪ ਦੇਣ ਦੇ ਨਾਲ-ਨਾਲ ਰੇਲਾਂ, ਸੜਕਾਂ, ਡਾਕਖਾਨਿਆਂ ਦਾ ਜਾਲ ਵਿਛਾ ਦਿੱਤਾ ਗਿਆ। ਨਵੀਆਂ ਨਹਿਰਾਂ ਦੀ ਖੁਦਾਈ ਕੀਤੀ ਗਈ। ਬਾਰਾਂ ਦੇ ਇਲਾਕਿਆਂ ਨੂੰ ਜਿੱਥੇ ਪਹਿਲਾਂ ਜੰਗਲ ਸੀ, ਨੂੰ ਨਵੇਂ ਸਿਰਿਉਂ ਆਬਾਦ ਕੀਤਾ ਗਿਆ। ਆਪਣੇ ਪਿੱਠੂਆਂ ਨੂੰ ਖੁਸ਼ ਕਰਨ ਲਈ ਇਨ੍ਹਾਂ ਬਾਰਾਂ ਵਿੱਚ ਉਨ੍ਹਾਂ ਨੂੰ ਮੁਰੱਬੇ ਜਾਂ ਜ਼ਮੀਨਾਂ ਦਿੱਤੀਆਂ ਗਈਆਂ।

ਪਰ ਇਨ੍ਹਾਂ ਸਭ ਪਰਿਵਰਤਨਾਂ ਦੇ ਨਾਲ-ਨਾਲ ਜੋ ਅੰਗਰੇਜ਼ੀ ਸਰਕਾਰ ਵੱਲੋਂ ਆਪਣੇ ਰਾਜ ਨੂੰ ਪੱਕਿਆਂ ਕਰਨ ਲਈ ਕੀਤੇ ਗਏ ਸਨ, ਅੰਗਰੇਜ਼ੀ ਸਰਕਾਰ ਨੇ ਉਸ ਖ਼ਤਰਨਾਕ ਨੀਤੀ ਨੂੰ ਵੀ ਚਾਲੂ ਕੀਤਾ, ਜਿਸ ਨੂੰ "ਪਾੜੋ ਤੇ ਰਾਜ ਕਰੋ" ਦੀ ਸਾਮਰਾਜਵਾਦੀ ਨੀਤੀ ਕਰਕੇ ਜਾਣਿਆ ਜਾਂਦਾ ਹੈ। ਇਸ "ਪਾੜੋ ਤੇ ਰਾਜ ਕਰੋ" ਦੀ ਨੀਤੀ ਰਾਹੀਂ ਅੰਗਰੇਜ਼ਾਂ ਨੇ ਪੰਜਾਬ ਦੀ ਧਰਤੀ ਵਿੱਚ ਧਾਰਮਿਕ ਨਫ਼ਰਤ ਦੇ ਉਹ ਕੰਡੇ ਬੀਜ ਦਿੱਤੇ, ਜੋ 1947 ਵਿੱਚ ਦੇਸ਼ ਦੀ ਵੰਡ ਦਾ ਕਾਰਨ ਬਣੇ। ਅੰਗਰੇਜ਼ ਅਫ਼ਸਰਾਂ ਵਿੱਚ ਉਹ ਹੈਂਕੜ-ਮੱਤੀ ਅਭਿਮਾਨੀ ਭਾਵਨਾ ਵੀ ਵੱਧ ਚੁੱਕੀ ਸੀ, ਜੋ ਨਵੀਂ ਅੰਗਰੇਜ਼ ਨੌਕਰਸ਼ਾਹੀ ਦੇ ਰੂਪ ਵਿੱਚ ਵਿਸ਼ੇਸ਼ ਕਿਸਮ ਦੇ ਉਸ ਨਸਲੀ ਅਭਿਮਾਨ ਦੀ ਸੂਚਕ ਸੀ ਕਿ ਚਿੱਟੀਆਂ ਕੌਮਾਂ ਹਿੰਦੁਸਤਾਨ ਦੇ ਅਸੱਭਿਆ ਲੋਕਾਂ ਨੂੰ ਸਭਿਅਤਾ ਦਾ ਪਾਠ ਪੜ੍ਹਾਉਣ ਆਈਆਂ ਹਨ; ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ ਕਿ ਅੰਗਰੇਜ਼ ਸਰਕਾਰ ਦੀ ਇਹ ਸਾਮਰਾਜਵਾਦੀ ਨੀਤੀ ਅਨੇਕ ਰੂਪਾਂ ਵਿੱਚ ਲਾਗੂ ਕੀਤੀ ਗਈ।

## ਪੰਜਾਬ ਵਿੱਚ ਅੰਗਰੇਜ਼ਾਂ ਵੱਲੋਂ ਚਲਾਇਆ ਗਿਆ ਦਮਨ ਚੱਕਰ

ਅੰਗਰੇਜ਼ਾਂ ਵੱਲੋਂ ਸਾਮਰਾਜਵਾਦੀ ਆਕ੍ਰਮਣ ਦੀ ਨੀਤੀ ਤਾਂ ਉਸ ਸਮੇਂ ਤੋਂ ਹੀ ਅਪਣਾਉਣੀ ਸ਼ੁਰੂ ਹੋ ਗਈ ਸੀ, ਜਦੋਂ ਫਰਵਰੀ 1846 ਵਿੱਚ ਅੰਗਰੇਜ਼ ਅਤੇ ਸਿੰਘਾਂ ਦੀ ਪਹਿਲੀ ਜੰਗ ਪਿਛੋਂ ਲਾਹੌਰ ਦੀਆਂ ਮਾਰਚ 1846 ਦੀਆਂ ਸੰਧੀਆਂ ਅਤੇ ਭਰੋਵਾਲ ਦੀ ਸੰਧੀ ਹੋਈ ਸੀ। ਅੰਗਰੇਜ਼ੀ ਜ਼ੁਲਮ ਦਾ ਸਭ ਤੋਂ ਵਧੇਰੇ ਸ਼ਿਕਾਰ ਮਹਾਰਾਣੀ ਜਿੰਦਾਂ ਨੂੰ ਬਣਾਇਆ ਗਿਆ ਅਤੇ ਉਸ ਨੇ ਹੀ ਅੰਗਰੇਜ਼ਾਂ ਵੱਲੋਂ ਕੀਤੇ ਗਏ ਕਠੋਰ ਵਿਹਾਰ ਤੇ ਜ਼ੁਲਮ ਨੂੰ ਆਪਣੇ ਤਨ ਤੇ ਹੰਢਾਇਆ। ਉਸ ਉੱਤੇ ਹੋਏ ਅਤਿਆਚਾਰਾਂ ਦਾ ਆਰੰਭ ਤਾਂ ਉਸ ਸਮੇਂ ਤੋਂ ਹੀ ਹੋ ਜਾਂਦਾ ਹੈ, ਜਦੋਂ ਉਸ ਨੂੰ ਮਹਾਰਾਜਾ ਦਲੀਪ ਸਿੰਘ ਤੋਂ ਵੱਖ ਕਰਕੇ ਸ਼ੇਖੂਪੁਰੇ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਪਹਿਲਾਂ ਉਸ ਉੱਤੇ ਪ੍ਰੇਮਾ ਸਾਜ਼ਿਸ਼ ਕੇਸ ਵਿੱਚ ਸ਼ਾਮਿਲ ਹੋਣ ਦਾ ਦੋਸ਼ ਲਾਇਆ ਗਿਆ, ਜੋ ਸਿਧ ਨਾ ਹੋ ਸਕਿਆ। ਫਿਰ ਉਸ ਉੱਤੇ ਮੁਲਤਾਨ ਦੀ ਬਗਾਵਤ ਨੂੰ ਉਕਸਾਉਣ ਬਾਰੇ ਸ਼ੱਕ ਕੀਤਾ ਗਿਆ। ਪਰ ਮਹਾਰਾਣੀ ਜਿੰਦਾਂ ਨੇ ਅੰਗਰੇਜ਼ਾਂ ਵਿਰੁੱਧ ਤੇ ਪੰਜਾਬ ਨੂੰ ਪੂਰਨ ਤੌਰ



Sri Satguru Jagjit Singh Ji Elibrary NamdhariElibrary@gmail.com

ਤੇ ਆਜ਼ਾਦ ਕਰਵਾਉਣ ਲਈ ਆਪਣੇ ਅੰਤਮ ਸਵਾਸਾਂ ਤੱਕ ਯਤਨ ਜਾਰੀ ਰੱਖੇ, ਜਿਸ ਦੇ ਵੇਰਵੇ ਐਮ. ਐਮ. ਆਹਲੂਵਾਲੀਆ ਨੇ ਆਪਣੀ ਪੁਸਤਕ "Kukas' the Freedom Fighters of the Punjab" ਵਿੱਚ ਦਿੱਤੇ ਹਨ।

ਜਦੋਂ ਉਹ ਸੇਖੂਪੁਰੇ ਵਿੱਚ ਨਜ਼ਰਬੰਦ ਸੀ ਤਾਂ ਉਸਨੇ ਇੱਕ ਗੋਲੀ ਰਾਹੀਂ ਮੁਲਤਾਨ ਦੇ ਮੂਲਰਾਜ ਨਾਲ ਸੰਬੰਧ ਜੋੜ ਕੇ ਉਸ ਨੂੰ ਬਗਾਵਤ ਕਰਨ ਲਈ ਉਕਸਾਇਆ। ਆਪਣੇ ਗੁਪਤ ਸੂਹੀਆਂ ਦੁਆਰਾ ਉਸਨੇ ਲਾਹੌਰ, ਮੁਲਤਾਨ, ਰਾਵਲਪਿੰਡੀ, ਮੁਕੇਰੀਆਂ, ਜੰਮੂ, ਪੇਸ਼ਾਵਰ, ਫਿਰੋਜ਼ਪੁਰ ਵਿੱਚ ਬਗਾਵਤ ਦੀਆਂ ਗੋਂਦਾਂ ਗੁੰਦੀਆਂ, ਪਰ ਇਸ ਯਤਨ ਵਿੱਚ ਵੀ ਉਸ ਨੂੰ ਸਫ਼ਲਤਾ ਨਾ ਮਿਲ ਸਕੀ। ਇਸ ਯੋਜਨਾ ਦਾ ਭੇਦ ਖੁੱਲ੍ਹ ਜਾਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। 8 ਮਈ, 1848 ਨੂੰ ਭਾਈ ਗੰਗਾ ਰਾਮ, ਤੁਲਸੀ ਰਾਮ, ਕਾਨ੍ਹ ਸਿੰਘ ਅਤੇ ਬਹੁਤ ਸਾਰੇ ਹੋਰ ਗ੍ਰਿਫਤਾਰ ਕਰ ਲਏ ਗਏ, ਜਿਸ ਕਾਰਨ ਲਾਹੌਰ ਵਿੱਚ ਦਹਿਸ਼ਤ ਦਾ ਮਾਹੌਲ ਛਾ ਗਿਆ। 11 ਮਈ, 1848 ਨੂੰ ਗੰਗਾ ਰਾਮ ਅਤੇ ਕਾਨ੍ਹ ਸਿੰਘ ਨੂੰ ਫਾਂਸੀ ਦਿੱਤੀ ਗਈ। 89 ਬੰਦੇ ਬਚ ਕੇ ਮੂਲਰਾਜ ਨਾਲ ਜਾ ਮਿਲੇ।

ਮਹਾਰਾਣੀ ਨੇ ਹੋਰ ਬਹੁਤ ਸਾਰੇ ਉੱਘੇ ਵਿਅਕਤੀਆਂ ਅਤੇ ਬੀਕਾਨੇਰ ਦੇ ਮਹਾਰਾਜੇ ਸਮੇਤ ਬਹੁਤ ਸਾਰਿਆਂ ਨੂੰ ਇਸ ਸੰਗਰਾਮ ਵਿੱਚ ਸ਼ਾਮਿਲ ਹੋਣ ਲਈ ਸੁਨੇਹੇ ਭੇਜੇ ਸਨ। ਇਨ੍ਹਾਂ ਵਿੱਚੋਂ ਕੁਝ ਨਾਮ - ਸ਼ਿਵ ਦਿਆਲ, ਉਮਰਾਉ ਸਿੰਘ, ਤੁਲਸੀ ਰਾਮ, ਨਿਰੰਜਨ, ਮਹਾਰਾਜ, ਲਾਹੌਰ ਦਾ ਸਰਾਫ ਅਤੇ ਬੈਰਾਗੀ ਸਾਧੂ ਗੋਬਿੰਦ ਦਾਸ ਆਦਿ ਸਨ। ਇਸੇ ਕਾਰਨ ਉਸਨੂੰ ਸ਼ੇਖੂਪੁਰੇ ਤੋਂ ਪਹਿਲਾਂ ਬਨਾਰਸ ਅਤੇ ਫਿਰ ਚੁਨਾਰ ਨਜ਼ਰਬੰਦ ਕੀਤਾ ਗਿਆ। ਇੱਥੇ ਉਸਦੇ ਕੀਮਤੀ ਜੇਵਰ ਅਤੇ 9 ਲੱਖ ਰੁਪਿਆ ਜਬਤ ਕਰ ਲਿਆ ਗਿਆ। ਜਦੋਂ ਉਹ ਗੁਪਤ ਭੇਸ ਵਿੱਚ ਨੇਪਾਲ ਪੁੱਜੀ ਤਾਂ ਉੱਥੇ ਵੀ ਉਸ ਨੂੰ ਅੰਗਰੇਜ਼ਾਂ ਦੀ ਸ਼ਹਿ ਉੱਤੇ ਨੇਪਾਲ ਸਰਕਾਰ ਅਤੇ ਵਿਸ਼ੇਸ਼ ਕਰਕੇ ਰਾਣਾ ਜੰਗ ਬਹਾਦਰ ਵੱਲੋਂ ਕੀਤੇ ਗਏ ਭੈੜੇ ਵਿਹਾਰ ਨੂੰ ਬਰਦਾਸ਼ਤ ਕਰਨਾ ਪਿਆ।

ਇਸ ਦਾ ਭੇਦ ਖੁੱਲ੍ਹ ਜਾਣ ਉੱਤੇ ਮਹਾਰਾਣੀ ਜਿੰਦਾਂ ਨੂੰ ਪੰਜਾਬ ਤੋਂ ਬਾਹਰ ਬਨਾਰਸ ਅਤੇ ਚੁਨਾਰ ਵਿੱਚ ਕੈਦ ਕਰ ਦਿੱਤਾ ਗਿਆ, ਪਰ ਉੱਥੇ ਵੀ ਉਹ ਚੁੱਪ ਸਾਧ ਕੇ ਨਹੀਂ ਬੈਠੀ ਰਹੀ। ਇੱਧਰ ਲਾਹੌਰ ਵਿੱਚ ਸਖ਼ਤੀ ਦਾ ਦੌਰ ਚਲਾਇਆ ਗਿਆ। ਬਹੁਤ ਸਾਰੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਗਈਆਂ। ਮਹਾਰਾਣੀ ਨੇ ਬਨਾਰਸ, ਚਨਾਰ ਅਤੇ ਕਾਠਮੰਡੂ ਤੋਂ ਵੀ ਇਸ ਸੰਗਰਾਮ ਨੂੰ ਜਾਰੀ ਰੱਖਿਆ। ਦੀਵਾਨ ਬੂਟਾ ਸਿੰਘ ਅਤੇ ਸ਼ੇਰ ਸਿੰਘ ਅਟਾਰੀ ਨਾਲ ਸੰਬੰਧ ਜੋੜਿਆ ਅਤੇ ਕਾਨ੍ਹ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਮਾਝੇ ਦੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਬਗਾਵਤ



Sri Satguru Jagjit Singh Ji Elibrary NamdhariElibrary@gmail.com

ਕਰਨ ਲਈ ਤਿਆਰ ਕਰੇ। ਉਸਨੇ ਕੁਝ ਮੁੱਖੀਆਂ ਨੂੰ ਅਫਗਾਨਾਂ ਅਤੇ ਪਠਾਨਾਂ ਦਾ ਸਹਿਯੋਗ ਲੈਣ ਲਈ ਵੀ ਕਿਹਾ।

1*ਉਸਨੇ ਅਲਾਹਾਬਾਦ ਵਿੱਚ ਕੈਦ ਪੰਜਾਬੀ ਸਰਦਾਰਾਂ ਨੂੰ ਚਿੱਠੀ ਲਿਖੀ। ਇੱਕ ਪੱਤਰ ਵਿੱਚ ਉਸਨੇ ਬੂਟਾ ਸਿੰਘ ਅਤੇ ਲਾਲ ਸਿੰਘ ਨੂੰ ਲਿਖਿਆ, "ਆਪਣੇ ਮਨ ਵਿੱਚ ਧੀਰਜ ਰੱਖੋ, ਅਸੀਂ ਚੈਨ ਨਾਲ ਨਹੀਂ ਬੈਠੇ।" ਇਸ ਪਿਛੋਂ ਮੁੜ ਉਸਦੀ ਸਾਜ਼ਿਸ਼ ਦਾ ਪਤਾ ਲੱਗ ਗਿਆ ਅਤੇ ਪੁੱਛ-ਪੜਤਾਲ ਪਿਛੋਂ ਇਸ ਗੱਲ ਦਾ ਪਤਾ ਲੱਗਾ ਕਿ ਅਲਾਹਬਾਦ ਦੇ ਰਾਮ ਦੀਨ ਅਤੇ ਰਾਮ ਪ੍ਰਸ਼ਾਦ ਜਾਸੂਸਾਂ ਰਾਹੀਂ ਸੀਤਾ ਰਾਮ, ਪਰਸੂ ਰਾਮ ਅਤੇ ਸੋਭਾ ਸਿੰਘ ਜੋ ਮਹਾਰਾਣੀ ਦੇ ਗੁਪਤ ਕਰਿੰਦੇ ਸਨ, ਇਸ ਵਿੱਚ ਸ਼ਾਮਿਲ ਸਨ। ਅਲਾਹਬਾਦ ਵਿੱਚ ਇਨ੍ਹਾਂ ਬਾਗੀ ਕਾਰਵਾਈਆਂ ਦਾ ਕੇਂਦਰ ਪਾਰਵਤੀ ਜੋਗੀ ਦਾ ਘਰ ਸੀ। ਇਨ੍ਹਾਂ ਵਿਅਕਤੀਆਂ ਨੇ ਅੰਗਰੇਜ਼ਾਂ ਦੀਆਂ ਫ਼ੌਜਾਂ ਵਿੱਚ ਉਨ੍ਹਾਂ ਸੈਨਿਕਾਂ ਦਾ ਨਾਮ ਦਰਜ ਕਰਨ ਦਾ ਯਤਨ ਕੀਤਾ, ਜਿਨ੍ਹਾਂ ਜਿਨ੍ਹਾਂ ਦੀ ਮਦਦ ਗੜਬੜ ਫੈਲਾਉਣ ਲਈ ਲਈ ਜਾ ਸਕਦੀ ਸੀ। ਭਾਈ ਮਹਾਰਾਜ ਸਿੰਘ ਅਤੇ ਬਾਬਾ ਬਿਕਰਮ ਸਿੰਘ ਬੇਦੀ ਵਰਗੇ ਧਾਰਮਿਕ ਪੁਰਸ਼ ਵੀ ਇਸ ਸੰਗਰਾਮ ਵਿੱਚ ਪਿਛੇ ਨਹੀਂ ਸਨ ਰਹੇ। ਉਹ, ਸਰਦਾਰ ਸ਼ੇਰ ਸਿੰਘ ਅਟਾਰੀ ਅਤੇ ਚੇਤ ਸਿੰਘ ਨਾਲ ਦੂਜੀ ਸਿੱਖ ਜੰਗ ਵਿੱਚ ਸ਼ਾਮਿਲ ਹੋ ਗਏ ਸਨ। ਮਹਾਰਾਣੀ ਜਿੰਦਾਂ ਨੇ ਸ਼ੇਰ ਸਿੰਘ ਅਟਾਰੀ ਨੂੰ ਲਿਖਿਆ ਸੀ :

"ਤੇਰੀ ਬਹਾਦਰੀ ਤੋਂ ਸੌ-ਸੌ ਵਾਰ ਸਦਕੇ ਜਾਵਾਂ। ਜਦੋਂ ਤੱਕ ਵੀ ਧਰਤ ਅਤੇ ਆਕਾਸ਼ ਕਾਇਮ ਹਨ, ਲੋਕ ਤੇਰਾ ਜਸ ਗਾਉਂਦੇ ਰਹਿਣਗੇ। ......ਦਿਨ-ਰਾਤ ਮੇਰਾ ਧਿਆਨ ਤਾਂ ਪੰਜਾਬ ਵਿੱਚ ਲੱਗਾ ਰਹਿੰਦਾ ਹੈ।"

ਨੇਪਾਲ ਵਿੱਚ ਵੀ ਅੰਗਰੇਜ਼ ਸਰਕਾਰ ਨੇ ਮਹਾਰਾਣੀ ਉੱਤੇ ਸਖ਼ਤ ਨਜ਼ਰ ਰੱਖਣ ਲਈ ਜ਼ੋਰ ਪਾਇਆ। ਨੇਪਾਲ ਵਿੱਚ ਮਹਾਰਾਣੀ ਨੂੰ ਪਤਾ ਲੱਗਾ ਕਿ ਪੰਜਾਬ ਉੱਤੇ ਅੰਗਰੇਜ਼ਾਂ ਨੇ ਮੁਕੰਮਲ ਤੌਰ ਤੇ ਕਬਜ਼ਾ ਕਰ ਲਿਆ ਹੈ। ਉਸ ਲਈ ਸੁੱਖ ਦੀ ਘੜੀ ਕੇਵਲ ਉਦੋਂ ਆਈ, ਜਦੋਂ 1860 ਵਿੱਚ ਉਸਨੂੰ ਮਹਾਰਾਜਾ ਦਲੀਪ ਸਿੰਘ ਨਾਲ ਮਿਲਣ ਲਈ ਕਲਕੱਤੇ ਭੇਜਿਆ ਗਿਆ, ਜਿਥੋਂ ਉਹ ਮਹਾਰਾਜਾ ਦਲੀਪ ਸਿੰਘ ਨਾਲ ਹੀ ਇਂਗਲੈਂਡ ਚਲੀ ਗਈ। ਉੱਥੇ ਹੀ ਉਸਦਾ ਦੇਹਾਂਤ 1 ਅਗਸਤ, 1863 ਈਸਵੀ ਨੂੰ ਹੋ ਗਿਆ। ਇੰਗਲੈਂਡ ਪੁੱਜ ਕੇ ਵੀ ਮਹਾਰਾਣੀ ਜਿੰਦਾਂ ਨੇ ਪੰਜਾਬੀ ਪੁਸ਼ਾਕ ਹੀ ਪਹਿਨੀ ਅਤੇ ਆਪਣੇ ਪੁੱਤਰ ਦਲੀਪ ਸਿੰਘ ਨੂੰ ਆਪਣੀ ਇਹ ਇੱਛਾ ਵੀ ਪ੍ਰਗਟ ਕੀਤੀ ਕਿ ਮੇਰੀਆਂ ਅਸਥੀਆਂ ਹਿੰਦੁਸਤਾਨ ਦੇ ਕਿਸੇ ਦਰਿਆ ਵਿੱਚ ਹੀ ਪ੍ਰਵਾਹਿਤ ਕੀਤੀਆਂ ਜਾਣ।

1* ਡਾ. ਗੋਪਾਲ ਸਿੰਘ, ਸਿੱਖ ਇਤਿਹਾਸ ਦੇ ਲੋਕ 1469-1978, ਪੰਨਾ 576



Sri Satguru Jagjit Singh Ji Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਘਰਾਣੇ ਵਿੱਚੋਂ ਜਬਰ ਅਤੇ ਤਸ਼ੱਦਦ ਦੇ ਵਾਰ ਪੰਜਾਬ ਦੇ ਆਖਰੀ ਤੇ ਨਾ-ਬਾਲਗ਼ ਮਹਾਰਾਜਾ ਦਲੀਪ ਸਿੰਘ ਨੂੰ ਸਹਿਣੇ ਪਏ। ਲਾਹੌਰ ਦੇ 29 ਮਾਰਚ, 1849 ਦੇ ਅੰਤਿਮ ਦਰਬਾਰ ਵਿੱਚ ਉਸ ਨੂੰ ਸਾਰੇ ਸਰਵ-ਉੱਚ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ। ਲਾਹੌਰ ਦਰਬਾਰ ਦੀ ਸਾਰੀ ਸੰਪਤੀ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਈ। ਬਹੁਮੁੱਲਾ ਕੀਮਤੀ ਹੀਰਾ ਕੋਹਿਨੂਰ ਵੀ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਚਲਾ ਗਿਆ, ਜੋ ਪਿਛੋਂ ਜਾ ਕੇ ਮਹਾਰਾਣੀ ਵਿਕਟੋਰੀਆ ਦੇ ਤਾਜ ਦਾ ਸ਼ਿੰਗਾਰ ਬਣਿਆ। ਪੰਜਾਬ ਦੇ ਇਸ ਅੰਤਿਮ ਮਹਾਰਾਜੇ ਉੱਤੇ ਕੇਵਲ ਇਹ ਰਿਆਇਤ ਕੀਤੀ ਗਈ ਕਿ ਜਦੋਂ ਤੱਕ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਰਹੇਗਾ, ਮਹਾਰਾਜੇ ਦੀ ਪਦਵੀ ਉਸਦੇ ਨਾਮ ਨਾਲ ਜੁੜੀ ਰਹੇਗੀ, ਪਰ ਪੰਜਾਬ ਵਿੱਚ ਉਸਦੇ ਰਹਿਣ ਨੂੰ ਖ਼ਤਰਨਾਕ ਸਮਝਿਆ ਗਿਆ ਅਤੇ 6 ਅਪ੍ਰੈਲ, 1849 ਅਰਥਾਤ ਪੰਜਾਬ ਉੱਤੇ ਕਬਜ਼ੇ ਤੋਂ ਕੇਵਲ ਇੱਕ ਹਫ਼ਤੇ ਪਿਛੋਂ ਉਸ ਨੂੰ ਯੂ.ਪੀ. ਦੇ ਇੱਕ ਸੂਬੇ ਫਤਿਹਗੜ੍ਹ ਵਿੱਚ ਲਿਜਾ ਕੇ ਸਕਾਟਲੈਂਡ ਦੇ ਡਾ: ਜਾਨ ਲੋਗਨ ਦੇ ਸਪੁਰਦ ਕਰ ਦਿੱਤਾ ਗਿਆ, ਜਿਸ ਪਿਛੋਂ ਉਸ ਨੂੰ ਪੰਜਾਬ ਦੀ ਧਰਤੀ ਉੱਤੇ ਮੁੜ ਪਰਤਣਾ ਨਸੀਬ ਨਾ ਹੋ ਸਕਿਆ। ਵਾਲਟਰ ਗਾਈਜ਼ ਨੂੰ ਉਸਦਾ ਅਧਿਆਪਕ ਥਾਪਿਆ ਗਿਆ, ਜਿਸ ਦੇ ਪ੍ਰਭਾਵ ਥੱਲੇ ਉਸਨੇ ਨਾਬਾਲਗ਼ ਅਵਸਥਾ ਵਿੱਚ ਹੀ 8 ਮਾਰਚ, 1853 ਨੂੰ ਫਤਿਹਗੜ੍ਹ ਵਿਖੇ ਹੀ ਬਪਤਸਮਾ ਲੈ ਕੇ ਈਸਾਈ ਧਰਮ ਵਿੱਚ ਪ੍ਰਵੇਸ਼ ਕੀਤਾ। 19 ਅਪ੍ਰੈਲ, 1854 ਨੂੰ ਉਹ ਇੰਗਲੈਂਡ ਚਲਾ ਗਿਆ, ਜਿੱਥੇ ਉਸਨੇ ਸੂਫੋਕ ਵਿਖੇ ਆਪਣੇ ਜੀਵਨ ਦਾ ਵਧੇਰੇ ਸਮਾਂ ਗੁਜ਼ਾਰਿਆ। ਦੋ ਵਾਰ ਉਹ ਹਿੰਦੁਸਤਾਨ ਆਇਆ, ਪਰ ਉਸ ਨੂੰ ਕਲਕੱਤੇ ਅਤੇ ਮੁੰਬਈ ਤੋਂ ਅੱਗੇ ਨਾ ਜਾਣ ਦਿੱਤਾ ਗਿਆ। ਉਸ ਨੂੰ ਆਪਣੀ ਮਾਤਾ ਦੀਆਂ ਅਸਥੀਆਂ ਪੰਜਾਬ ਦੀ ਧਰਤੀ ਉੱਤੇ ਪ੍ਰਵਾਹਿਤ ਕਰਨ ਦੀ ਆਗਿਆ ਨਾ ਮਿਲਣ ਉੱਤੇ ਗੋਦਾਵਰੀ ਵਿਖੇ ਹੀ ਪਾਉਣੀਆਂ ਪਈਆਂ। ਉਸਨੇ ਹਿੰਦੁਸਤਾਨ ਵਿੱਚ ਆ ਕੇ ਰਹਿਣ ਲਈ ਅੰਗਰੇਜ਼ ਸਰਕਾਰ ਨੂੰ ਬੇਨਤੀ ਕੀਤੀ, ਜੋ ਪ੍ਰਵਾਨ ਨਾ ਕੀਤੀ ਗਈ। ਉਸਨੇ ਅਦਨ ਵਿਖੇ 25 ਮਈ, 1886 ਨੂੰ ਪੰਜ ਸਿੰਘਾਂ, ਜਿਨ੍ਹਾਂ ਵਿੱਚ ਉਸਦਾ ਮਸੇਰਾ ਭਰਾ ਠਾਕੁਰ ਸਿੰਘ ਸੰਧਾਵਾਲੀਆ ਵੀ ਸ਼ਾਮਲ ਸੀ, ਕੋਲੋਂ ਅੰਮ੍ਰਿਤ ਛਕ ਕੇ ਮੁੜ ਸਿੱਖ ਧਰਮ ਵਿੱਚ ਪ੍ਰਵੇਸ਼ ਕੀਤਾ ਅਤੇ ਰੋਸ ਵਜੋਂ ਇੰਗਲੈਂਡ ਦੇ ਨਿਵਾਸ ਦਾ ਤਿਆਗ ਕਰਕੇ ਫਰਾਂਸ ਵਿੱਚ ਪੈਰਿਸ ਵਿਖੇ 3 ਜੂਨ, 1886 ਨੂੰ ਆਪਣਾ ਨਿਵਾਸ ਰੱਖ ਲਿਆ। ਉਸਨੇ ਜ਼ਾਰ ਰੂਸ ਦੀ ਸਹਾਇਤਾ ਨਾਲ ਹਿੰਦੁਸਤਾਨ ਪਰਤਣ ਦੇ ਕਈ ਯਤਨ ਕੀਤੇ, ਜਿਸ ਵਿੱਚ ਉਹ ਸਫ਼ਲ ਨਾ ਹੋ ਸਕਿਆ। ਪੰਜਾਬ ਦੇ ਅੰਗਰੇਜ਼ ਭਗਤ ਸਰਦਾਰਾਂ ਨੇ ਉਸਦੀ ਪੰਜਾਬ ਰਾਜ ਨੂੰ ਮੁੜ ਪ੍ਰਾਪਤ ਕਰਨ ਵਿੱਚ ਕੋਈ ਸਹਾਇਤਾ ਨਾ ਕੀਤੀ। ਕੇਵਲ ਨਾਮਧਾਰੀ ਪੰਥ ਵੱਲੋਂ ਸਤਿਗੁਰੂ ਹਰੀ ਸਿੰਘ ਦੀ ਅਗਵਾਈ ਵਿੱਚ ਉਸਦੀ



Sri Satguru Jagjit Singh Ji Elibrary NamdhariElibrary@gmail.com

ਸਹਾਇਤਾ ਕਰਨ ਬਾਰੇ ਭਰੋਸਾ ਦਿੱਤਾ ਗਿਆ। ਪੰਜਾਬ ਵਾਪਸ ਪਰਤਣ ਅਤੇ ਆਪਣੇ ਰਾਜ ਦੀ ਮੁੜ ਪ੍ਰਾਪਤੀ ਦਾ ਸੁਪਨਾ ਆਪਣੇ ਦਿਲ ਵਿੱਚ ਰੱਖ ਕੇ ਹੀ 22 ਅਕਤੂਬਰ, 1893 ਨੂੰ ਉਹ ਕਾਲਵਾਸ ਹੋ ਗਿਆ।

### [1*]ਬਾਗੀ ਆਗੂਆਂ ਨੂੰ ਸਜ਼ਾਵਾਂ

ਮੁਲਤਾਨ ਦੇ ਦੀਵਾਨ ਮੂਲਰਾਜ, ਸ: ਚਤਰ ਸਿੰਘ ਅਟਾਰੀ ਅਤੇ ਉਸਦੇ ਪੁੱਤਰ ਸ: ਸ਼ੇਰ ਸਿੰਘ ਨੂੰ ਕਲਕੱਤੇ ਵਿਖੇ ਨਜ਼ਰਬੰਦ ਕੀਤਾ ਗਿਆ। ਦੀਵਾਨ ਮੂਲਰਾਜ, ਜਿਸ ਨੂੰ ਲਾਹੌਰ ਵਿਖੇ ਕੈਦ ਕਰ ਲਿਆ ਗਿਆ ਸੀ, ਫਿਰ ਜਨਵਰੀ 1850 ਵਿੱਚ ਕਲਕੱਤੇ ਲਿਜਾਇਆ ਗਿਆ, ਜਿੱਥੇ ਉਹ ਸਖ਼ਤ ਬਿਮਾਰ ਹੋ ਗਿਆ। ਜਦੋਂ ਉਸਨੂੰ ਬਨਾਰਸ ਨੂੰ ਲਿਜਾਇਆ ਜਾ ਰਿਹਾ ਸੀ, ਉਸਦਾ ਦੇਹਾਂਤ ਬਕਸਰ ਵਿਖੇ 11 ਅਗਸਤ, 1851 ਨੂੰ ਹੋ ਗਿਆ। ਬਾਬਾ ਬਿਕਰਮ ਸਿੰਘ ਬੇਦੀ ਊਨਾ ਨਿਵਾਸੀ ਬਾਬਾ ਸਾਹਿਬ ਸਿੰਘ ਬੇਦੀ ਦਾ ਸਭ ਤੋਂ ਛੋਟਾ ਸਪੁੱਤਰ ਸੀ, ਜਿਸ ਨੇ 1834 ਤੋਂ ਪਿਛੋਂ ਆਪਣੇ ਪਿਤਾ ਦੇ ਉੱਤਰਾਧਿਕਾਰੀ ਵਜੋਂ ਰਾਜ ਘਰਾਣੇ ਦੀ ਧਾਰਮਿਕ ਸੇਵਾ ਦੇ ਕਾਰਜ ਨੂੰ ਸੰਭਾਲਿਆ। ਬਾਬਾ ਬਿਕਰਮ ਸਿੰਘ ਬੇਦੀ ਨੇ ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਪਿਛੋਂ ਮਹਾਰਾਜਾ ਸ਼ੇਰ ਸਿੰਘ ਤੇ ਸੰਧਾਂਵਾਲੀਏ ਸਰਦਾਰਾਂ ਵਿੱਚ ਸੁਲ੍ਹਾ-ਸਫ਼ਾਈ ਕਰਵਾਉਣ ਦਾ ਯਤਨ ਕੀਤਾ। 1846 ਦੀ ਅੰਗਰੇਜ਼ਾਂ ਅਤੇ ਸਿੰਘਾਂ ਦੀ ਜੰਗ ਪਿਛੋਂ ਕੀਤੇ ਗਏ ਅਹਿਦਨਾਮਿਆਂ ਅਨੁਸਾਰ ਲਾਹੌਰ ਵਿੱਚ ਰੱਖੀ ਗਈ ਬਰਤਾਨਵੀ ਸੈਨਾ ਦਾ ਉਹ ਦਿਲੋਂ ਵਿਰੋਧ ਕਰਦਾ ਸੀ।

ਦੁਆਬੇ ਦੇ ਇਲਾਕੇ ਵਿੱਚ ਉਸ ਨੂੰ ਬਹੁਤ ਵੱਡੀ ਜਾਗੀਰ ਨੂਰਪੁਰ, ਗੁਣਾਚੌਰ ਅਤੇ ਦੱਖਣੀ ਸਰਾਏ ਵਿੱਚ ਦਿੱਤੀ ਗਈ ਸੀ। ਅੰਗਰੇਜ਼ਾਂ ਨੇ ਉਸ ਨੂੰ ਬੇਹਥਿਆਰਾ ਕਰਕੇ ਉਸ ਦੀ ਜਾਗੀਰ ਘਟਾ ਦਿੱਤੀ ਸੀ। ਉਸ ਨੂੰ ਪੈਨਸ਼ਨ ਦੇ ਦਿੱਤੀ ਗਈ ਸੀ, ਪਰ ਉਸਨੇ ਰੋਸ ਵਜੋਂ ਉਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਵਿਪਰੀਤ ਉਸਨੇ ਸ਼ਿਵਾਲਿਕ ਦੇ ਪਹਾੜੀ ਇਲਾਕੇ ਵਿੱਚ ਫ਼ੌਜ ਤੇ ਹਥਿਆਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਜੌਨ੍ਹ ਲਾਰੰਸ ਨੇ ਉਸ ਨੂੰ ਦੁਆਬਾ ਛੱਡ ਕੇ ਹਰਿਦੁਆਰ ਚੱਲੇ ਜਾਣ ਦੀ ਸਲਾਹ ਦਿੱਤੀ, ਪਰ ਮੁਲਤਾਨ ਦੀ ਬਗਾਵਤ ਦੀ ਖ਼ਬਰ ਸੁਣ ਕੇ ਉਹ ਸ੍ਰੀ ਹਰਿਗੋਬਿੰਦਪੁਰ ਦੇ ਕੋਲੋਂ ਦਰਿਆ ਬਿਆਸ ਨੂੰ ਪਾਰ ਕਰਕੇ ਪਹਿਲਾਂ ਮੁਲਤਾਨ ਪਹੁੰਚਿਆ ਅਤੇ ਫਿਰ ਸ਼ੇਰ ਸਿੰਘ ਤੇ ਚਤਰ ਸਿੰਘ ਦੇ ਨਾਲ ਚੇਲਿਆਂ ਵਾਲੇ ਅਤੇ ਗੁਜਰਾਤ ਦੀਆਂ ਲੜਾਈਆਂ ਵਿੱਚ ਸ਼ਾਮਲ ਹੋਇਆ।

[1*] ਡਾ. ਗੋਪਾਲ ਸਿੰਘ ਦਰਦੀ, ਏ ਹਿਸਟਰੀ ਆਫ ਦ ਸਿੱਖਸ ਪੀਪਲ, ਪੰਨਾ 585

[1*] ਦ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ 1, ਪੰਨਾ 371-372



Sri Satguru Jagjit Singh Ji Elibrary NamdhariElibrary@gmail.com

ਉਸਨੇ ਅਟਾਰੀ ਵਾਲੇ ਸਰਦਾਰਾਂ ਨਾਲ ਹੀ ਰਾਵਲਪਿੰਡੀ ਵਿਖੇ ਹਥਿਆਰ ਸੌਂਪ ਦਿੱਤੇ। ਉਸ ਨੂੰ ਅੰਮ੍ਰਿਤਸਰ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ, ਜਿੱਥੇ ਉਸ ਦਾ ਦੇਹਾਂਤ 1863 ਵਿੱਚ ਹੋਇਆ।

ਸ: ਚਤਰ ਸਿੰਘ ਅਟਾਰੀਵਾਲਾ ਅਤੇ ਉਸਦੇ ਪੁੱਤਰ ਸ਼ੇਰ ਸਿੰਘ ਨੂੰ 21 ਫਰਵਰੀ, 1849 ਨੂੰ ਪਹਿਲਾਂ ਅਟਾਰੀ ਵਿਖੇ ਅਤੇ ਫਿਰ ਅਲਾਹਬਾਦ ਵਿਖੇ ਨਜ਼ਰਬੰਦ ਕੀਤਾ ਗਿਆ, ਜਿਥੋਂ ਉਨ੍ਹਾਂ ਨੂੰ ਕਲਕੱਤੇ ਦੇ ਫੋਰਟ ਵਿਲੀਅਮ ਵਿੱਚ ਇਸ ਉਦੇਸ਼ ਲਈ ਭੇਜ ਦਿੱਤਾ ਗਿਆ ਕਿ ਉਹ ਮਹਾਰਾਣੀ ਜਿੰਦਾਂ ਜੋ ਉਸ ਸਮੇਂ ਬਨਾਰਸ ਵਿੱਚ ਕੈਦ ਸੀ, ਨਾਲ ਕੋਈ ਤਾਲਮੇਲ ਨਾ ਰੱਖ ਸਕਣ। ਜਨਵਰੀ, 1854 ਵਿੱਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸ: ਚਤਰ ਸਿੰਘ 27 ਦਸੰਬਰ, 1855 ਨੂੰ ਕਲਕੱਤੇ ਵਿਖੇ ਹੀ ਪ੍ਰਾਣ ਤਿਆਗ ਗਿਆ। ਸ: ਸ਼ੇਰ ਸਿੰਘ 1858 ਵਿੱਚ ਬਨਾਰਸ ਵਿਖੇ ਕਾਲਵਾਸ ਹੋਇਆ।

ਅਤਰ ਸਿੰਘ ਮਜੀਠੀਏ ਦਾ ਸਪੁੱਤਰ ਸੂਰਤ ਸਿੰਘ ਮਜੀਠੀਆ, ਜਿਸਨੇ ਅੰਗਰੇਜ਼ਾਂ ਅਤੇ ਸਿੰਘਾਂ ਦੀ ਦੂਜੀ ਲੜਾਈ ਵਿੱਚ ਸ਼ੇਰ ਸਿੰਘ ਅਤੇ ਚਤਰ ਸਿੰਘ ਦਾ ਸਾਥ ਦਿੱਤਾ ਸੀ ਅਤੇ ਗੁਜਰਾਤ ਦੀ ਲੜਾਈ ਵਿੱਚ ਉਸ ਦੀ ਸੈਨਾ ਨੇ ਸਭ ਤੋਂ ਪਿਛੋਂ ਹਥਿਆਰ ਸੁੱਟੇ ਸਨ, ਨੂੰ ਵੀ [1*]720 ਰੁਪਏ ਸਾਲਾਨਾ ਪੈਨਸ਼ਨ ਦੇ ਕੇ ਬਨਾਰਸ ਭੇਜ ਦਿੱਤਾ ਗਿਆ, ਜਿੱਥੇ ਉਸਨੇ ਬਹੁਤ ਔਖਿਆਈ ਦੇ ਦਿਨ ਕੱਟੇ, ਪਰ 1857 ਦੇ ਗਦਰ ਸਮੇਂ ਉਸਨੇ ਬਨਾਰਸ ਦੇ ਖਜ਼ਾਨੇ, ਜਿੱਥੇ ਮਹਾਰਾਣੀ ਜਿੰਦਾਂ ਦੇ ਹੀਰੇ-ਜਵਾਹਰਾਤ ਪਏ ਸਨ, ਦੀ ਰੱਖਿਆ ਕਰਨ ਵਿੱਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ।

ਉਸ ਨੂੰ ਆਨਰੇਰੀ ਮੈਜਿਸਟ੍ਰੇਟ ਬਣਾ ਦਿੱਤਾ ਗਿਆ। 1881 ਵਿੱਚ ਮਜੀਠੇ ਵਿਖੇ ਹੀ ਉਹ ਅਕਾਲ ਚਲਾਣਾ ਕਰ ਗਿਆ। ਸ: ਸੁੰਦਰ ਸਿੰਘ ਮਜੀਠਿਆ ਸੂਰਤ ਸਿੰਘ ਦਾ ਹੀ ਪੁੱਤਰ ਸੀ।

ਇਸ ਖਿਦਮਤ ਬਦਲੇ ਉਸ ਨੂੰ ਪੰਜਾਬ ਪਰਤਣ ਦੀ ਆਗਿਆ ਦੇ ਕੇ 4800 ਰੁਪਏ ਸਾਲਾਨਾ ਪੈਨਸ਼ਨ ਦੇ ਦਿੱਤੀ ਗਈ। ਨਾਲ ਹੀ ਗੋਰਖਪੁਰ ਨਗਰ ਵਿੱਚ ਸ: ਨਗਰ ਵਿਖੇ ਉਸ ਨੂੰ ਜਾਗੀਰ ਵੀ ਦਿੱਤੀ।

**ਬਾਬਾ ਮਹਾਰਾਜ ਸਿੰਘ ਦੀ ਗ੍ਰਿਫਤਾਰੀ ਅਤੇ ਸਜ਼ਾ**

1844 ਵਿੱਚ ਭਾਈ ਬੀਰ ਸਿੰਘ ਨੌਰੰਗਾਬਾਦੀ ਦੀ ਮੌਤ ਪਿਛੋਂ ਬਾਬਾ ਮਹਾਰਾਜ ਸਿੰਘ ਨੇ ਉਸਦੇ ਉੱਤਰਾਧਿਕਾਰੀ ਦੇ ਰੂਪ ਵਿੱਚ ਉਸ ਦੇ ਡੇਰੇ ਨੂੰ ਸੰਭਾਲਿਆ ਅਤੇ ਕੁਝ ਸਮੇਂ ਲਈ ਅੰਮ੍ਰਿਤਸਰ ਨਿਵਾਸ ਵੀ ਰੱਖਿਆ। ਉਸ ਦਾ ਜਨਮ ਪਿੰਡ ਰੱਬੋ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ ਸੀ ਅਤੇ ਉਸਦਾ ਜਨਮ ਸਮੇਂ ਦਾ ਨਾਂ ਨਿਹਾਲ ਸਿੰਘ ਸੀ। ਨੌਰੰਗਾਬਾਦ ਦੇ ਡੇਰੇ ਵਿੱਚ ਲੰਗਰ ਦੀ ਸੇਵਾ

---

1* ਦ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪੰਨਾ 287



Sri Satguru Jagjit Singh Ji Elibrary NamdhariElibrary@gmail.com

ਕਰਨ ਸਮੇਂ ਉਹ ਇਹ ਵਾਕ ਉਚਾਰਦਾ ਹੁੰਦਾ ਸੀ — "ਲਉ ਮਹਾਰਾਜ ਜੀ, ਲਉ ਮਹਾਰਾਜ ਜੀ।" ਇਸ ਤੋਂ ਉਸਦਾ ਨਾਂ ਹੀ ਮਹਾਰਾਜ ਸਿੰਘ ਪੈ ਗਿਆ। ਆਰੰਭ ਤੋਂ ਹੀ ਉਹ ਅੰਗਰੇਜ਼ਾਂ ਦਾ ਕੱਟੜ ਵਿਰੋਧੀ ਸੀ, ਪ੍ਰੇਮਾ ਸਾਜਿਸ਼ ਕੇਸ ਵਿੱਚ ਉਸ ਤੋਂ ਇਸ ਕੇਸ ਦੇ ਅਖੌਤੀ ਦੋਸ਼ੀ ਅਸ਼ੀਰਵਾਦ ਲੈ ਕੇ ਗਏ ਸਨ। ਇਸੇ ਦੋਸ਼ ਵਿੱਚ ਉਸਦੀ ਅੰਮ੍ਰਿਤਸਰ ਦੇ ਡੇਰੇ ਦੀ ਜ਼ਾਇਦਾਦ ਜ਼ਬਰ ਕਰ ਲਈ ਗਈ, ਪਰ ਤਤਕਾਲਕ ਸਰਕਾਰ ਉਸ ਨੂੰ ਗ੍ਰਿਫਤਾਰ ਕਰਨ ਵਿੱਚ ਸਫ਼ਲ ਨਾ ਹੋ ਸਕੀ। ਉਹ ਗੁਪਤਵਾਸ ਵਿੱਚ ਚੱਲਾ ਗਿਆ। ਜਦੋਂ ਉਸ ਨੂੰ 1848 ਵਿੱਚ ਮੁਲਤਾਨ ਦੀ ਬਗਾਵਤ ਦਾ ਪਤਾ ਲੱਗਾ ਤਾਂ ਉਹ ਆਪਣੇ ਸੈਂਕੜੇ ਘੋੜ ਸਵਾਰਾਂ ਨੂੰ ਨਾਲ ਲੈ ਕੇ ਮੁਲਤਾਨ ਚੱਲਾ ਗਿਆ। ਦੀਵਾਨ ਮੂਲਰਾਜ ਅਤੇ ਸ: ਸ਼ੇਰ ਸਿੰਘ ਅਟਾਰੀਵਾਲੇ ਵਿਚਕਾਰ ਮਤਭੇਦ ਹੋ ਜਾਣ ਕਾਰਨ ਉਹ ਸ: ਚਤਰ ਸਿੰਘ ਅਟਾਰੀ ਕੋਲ ਹਜ਼ਾਰੇ ਪਹੁੰਚ ਗਿਆ, ਜਿਸ ਪਿਛੋਂ ਉਸਨੇ ਰਾਮਨਗਰ ਅਤੇ ਗੁਜਰਾਤ ਦੀਆਂ ਲੜਾਈਆਂ ਵਿੱਚ ਵੀ ਹਿੱਸਾ ਲਿਆ। ਉਹ ਕਾਲੀ ਘੋੜੀ ਤੇ ਸਵਾਰ ਹੋ ਕੇ ਸੈਨਿਕਾਂ ਨੂੰ ਅੰਗਰੇਜ਼ਾਂ ਵਿਰੁੱਧ ਲੜਨ ਲਈ ਵੰਗਾਰਦਾ ਰਿਹਾ ਸੀ।"

ਜਦੋਂ 14 ਮਾਰਚ, 1849 ਨੂੰ ਸ: ਸ਼ੇਰ ਸਿੰਘ ਨੇ ਰਾਵਲਪਿੰਡੀ ਵਿਖੇ ਬਹੁਤ ਸਾਰੇ ਸੈਨਿਕਾਂ ਸਮੇਤ ਅੰਗਰੇਜ਼ਾਂ ਅੱਗੇ ਹਥਿਆਰ ਸੁੱਟ ਦਿੱਤੇ ਤਾਂ ਭਾਈ ਮਹਾਰਾਜ ਸਿੰਘ ਹੀ ਇਕੱਲਾ ਅਜਿਹਾ ਵਿਅਕਤੀ ਸੀ, ਜਿਸ ਨੇ ਉਸ ਸਮੇਂ ਅੰਗਰੇਜ਼ਾਂ ਅੱਗੇ ਹਥਿਆਰ ਨਹੀਂ ਸਨ ਸੁੱਟੇ। ਉਹ ਪਹਿਲਾਂ ਜੰਮੂ ਚੱਲਾ ਗਿਆ ਅਤੇ ਫਿਰ ਦੇਵ ਬਟਾਲਾ ਵਿਖੇ ਉਸਨੇ ਆਪਣਾ ਹੈਡਕੁਆਟਰ ਸਥਾਪਿਤ ਕਰਕੇ ਦੁਆਬੇ ਦੇ ਇਲਾਕੇ ਵਿੱਚ ਜਾ ਕੇ ਅੰਗਰੇਜ਼ਾਂ ਵਿਰੁੱਧ ਸੰਗਰਾਮ ਜਾਰੀ ਰੱਖਣ ਲਈ ਸਿੱਖ ਰਜ਼ਮੈਂਟ ਦੀ ਭਰਤੀ ਕਰਨੀ ਸ਼ੁਰੂ ਕਰ ਦਿੱਤੀ। ਮਹਾਰਾਜ ਸਿੰਘ ਨੂੰ ਜਿਸਦੇ ਸਿਰ ਉੱਤੇ [1*]10,000 ਰੁਪਏ ਦਾ ਇਨਾਮ ਰੱਖਿਆ ਗਿਆ ਸੀ। 28 ਦਸੰਬਰ, 1849 ਨੂੰ ਆਦਮਪੁਰ ਵਿਖੇ ਗ੍ਰਿਫਤਾਰ ਕਰ ਲਿਆ ਗਿਆ। ਡਾ: ਵੈਨਸੀਟਾਰਟ ਡਿਪਟੀ ਕਮਿਸ਼ਨਰ ਜਲੰਧਰ ਉਸਦਾ ਬੜਾ ਸਤਿਕਾਰ ਕਰਦਾ ਸੀ ਅਤੇ ਉਸਨੇ ਪੰਜਾਬ ਸਰਕਾਰ ਨੂੰ ਉਸ ਨਾਲ ਨਰਮ ਸਲੂਕ ਕਰਨ ਲਈ ਸਿਫਾਰਿਸ਼ ਕੀਤੀ। ਉਸ ਦਾ ਕਥਨ ਸੀ ਕਿ "ਗੁਰੂ (ਮਹਾਰਾਜ ਸਿੰਘ) ਕੋਈ ਸਾਧਾਰਨ ਵਿਅਕਤੀ ਨਹੀਂ ਹੈ। ਉਸਦਾ ਦੇਸੀ ਲੋਕਾਂ ਵਿੱਚ ਉਹੋ ਜਿਹਾ ਹੀ ਸਤਿਕਾਰ ਹੈ, ਜਿਹੋ ਜਿਹਾ ਜੋਸ਼ੀਲੇ ਸ਼ਰਧਾਲੂ ਇਸਾਈ ਯਸੂ ਮਸੀਹ ਦਾ ਕਰਦੇ ਹਨ। ਉਸਦੀਆਂ ਕਰਾਮਾਤਾਂ ਨੂੰ ਹਜ਼ਾਰਾਂ ਲੋਕਾਂ ਨੇ ਆਪਣੀ ਅੱਖੀਂ ਡਿੱਠਾ ਹੈ ਅਤੇ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਹ ਕਰਾਮਾਤਾਂ ਪੁਰਾਤਨ ਪੈਗੰਬਰਾਂ ਦੇ ਮੁਅਜ਼ਜਿਆਂ (ਕਰਾਮਾਤਾਂ) ਸਮਾਨ ਹਨ।

[1*] ਦ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪੰਨਾ 107



Sri Satguru Jagjit Singh Ji Elibrary NamdhariElibrary@gmail.com

ਸਰਕਾਰ ਉਸ ਕਾਰਨ ਕੋਈ ਜੋਖ਼ਮ ਮੁੱਲ ਨਹੀਂ ਸੀ ਲੈਣਾ ਚਾਹੁੰਦੀ। ਇਸ ਲਈ ਉਸ ਨੂੰ ਦੇਸੋਂ ਬਾਹਰ ਸਿੰਘਾਪੁਰ ਵਿਖੇ ਭੇਜ ਦਿੱਤਾ ਗਿਆ ਅਤੇ ਉੱਥੇ ਉਸ ਨੂੰ ਇਕਾਂਤਵਾਸ ਵਿੱਚ ਨਜ਼ਰਬੰਦ ਰੱਖਿਆ ਗਿਆ। ਇੱਥੇ ਹੀ ਉਸਦਾ ਦੇਹਾਂਤ 5 ਜੁਲਾਈ, 1856 ਨੂੰ ਹੋਇਆ। ਇਹ ਵੀ ਕਿਹਾ ਜਾਂਦਾ ਹੈ ਕਿ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ ਭਾਈ ਮਹਾਰਾਜ ਸਿੰਘ ਆਪਣੀ ਅੱਖਾਂ ਦੀ ਜੋਤੀ ਤੋਂ ਹੀਣਾ ਹੋ ਗਿਆ ਸੀ। (ਆਪਣੇ ਇੱਕ ਹੁਕਮਨਾਮੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਮਰਗੋਈ ਤੋਂ ਲਿਖਿਆ ਸੀ ਕਿ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਭਾਈ ਮਹਾਰਾਜ ਸਿੰਘ ਜਿੰਨਾ ਹੀ ਖ਼ਤਰਨਾਕ ਸਮਝਦੀ ਹੈ।)

### ਆਮ ਜਨਤਾ ਅਤੇ ਸੈਨਿਕਾਂ ਨੂੰ ਬੇਹਥਿਆਰੇ ਕਰਨਾ

ਆਪਣੇ ਰਾਜ ਨੂੰ ਸਥਿਰ ਕਰਨ ਲਈ ਜਿਹੜਾ ਤਿੰਨ ਅੰਗਰੇਜ਼ ਅਧਿਕਾਰੀਆਂ ਦਾ ਬੋਰਡ, ਪੰਜਾਬ ਸਰਕਾਰ ਦੇ ਕਾਰਜ ਨੂੰ ਚਲਾਉਣ ਲਈ ਬਣਾਇਆ ਗਿਆ ਸੀ, ਉਸਨੇ ਪੰਜਾਬ ਦੇ ਲੋਕਾਂ ਤੇ ਖ਼ਾਸ ਕਰਕੇ ਪੁਰਾਣੇ ਸੈਨਿਕਾਂ ਨੂੰ ਵੱਡੇ ਪੈਮਾਨੇ ਉੱਤੇ ਬੇ-ਹਥਿਆਰੇ ਕਰਨ ਦੀ ਨੀਤੀ ਲਾਗੂ ਕੀਤੀ। ਇਸ ਉਦੇਸ਼ ਲਈ ਲਾਹੌਰ ਵਿੱਚ ਪਿਛਲੇ ਸੈਨਿਕਾਂ ਦੀ ਵੱਡੀ ਇਕੱਤਰਤਾ ਕੀਤੀ ਗਈ। ਉਨ੍ਹਾਂ ਦੀਆਂ ਤਨਖਾਹਾਂ ਦਾ ਨਗਦ ਭੁਗਤਾਨ ਕਰਕੇ ਉਨ੍ਹਾਂ ਦੀਆਂ ਸਾਰੀਆਂ ਤਲਵਾਰਾਂ, ਤੋੜੇਦਾਰ ਬੰਦੂਕਾਂ ਅਤੇ ਹੋਰ ਸਾਰੇ ਹਥਿਆਰ ਰਖਵਾ ਲਏ ਗਏ। [1*]ਇਨ੍ਹਾਂ ਹਥਿਆਰਾਂ ਦੀ ਗਿਣਤੀ 1,20,000 ਤੋਂ ਵੱਧ ਦੱਸੀ ਜਾਂਦੀ ਹੈ। ਪਿੰਡਾਂ ਵਿੱਚੋਂ ਵੀ ਅਜਿਹੇ ਹਥਿਆਰ ਨੰਬਰਦਾਰਾਂ ਦੇ ਰਾਹੀਂ ਇਕੱਠੇ ਕਰ ਲਏ ਗਏ। ਇਸ ਤੋਂ ਬਿਨਾਂ ਬਹੁਤ ਸਾਰੇ ਉਹ ਕਿਲ੍ਹੇ ਜੋ ਫ਼ੌਜ ਰੱਖਣ ਲਈ ਜਾਗੀਰਦਾਰਾਂ ਨੇ ਬਣਾ ਰੱਖੇ ਸਨ, ਢਾਹ ਦਿੱਤੇ ਗਏ। ਬੇਹਥਿਆਰੇ ਕਰਨ ਦੀ ਅਜਿਹੀ ਨੀਤੀ ਸਤਲੁਜ ਤੇ ਸਿੰਧ ਦੇ ਵਿਚਕਾਰਲੇ ਇਲਾਕਿਆਂ ਵਿੱਚ ਵੀ ਅਮਲ ਵਿੱਚ ਲਿਆਂਦੀ ਗਈ। ਕੇਵਲ ਪਸ਼ੌਰ ਦੇ ਕਿਲ੍ਹੇ ਨੂੰ ਅਤੇ ਹੋਰ ਉਨ੍ਹਾਂ ਕਿਲ੍ਹਿਆਂ ਨੂੰ ਹੀ ਰੱਖ ਲਿਆ ਗਿਆ, ਜੋ ਅੰਗਰੇਜ਼ੀ ਸਰਕਾਰ ਆਪਣੀ ਨਿਗਰਾਨੀ ਵਿੱਚ ਸੁਰੱਖਿਆ ਲਈ ਜ਼ਰੂਰੀ ਸਮਝਦੀ ਸੀ। ਬਹੁਤ ਸਾਰੇ ਖ਼ਾਲਸਾ ਦਰਬਾਰ ਦੇ ਫ਼ੌਜੀਆਂ ਨੂੰ ਪੈਨਸ਼ਨਾਂ ਦੇ ਕੇ ਘਰੋ ਘਰੀ ਭੇਜ ਦਿੱਤਾ ਗਿਆ।

ਲਗਭਗ 50,000 ਸੈਨਿਕਾਂ ਨੂੰ ਉਨ੍ਹਾਂ ਦੀਆਂ ਤਨਖ਼ਾਹਾਂ ਦੀਆਂ ਬਕਾਇਆ ਰਕਮਾਂ ਦੇ ਕੇ ਪਦਵੀ ਤੋਂ ਹਟਾ ਦਿੱਤਾ ਅਤੇ ਖੇਤੀਬਾੜੀ ਕਰਨ ਲਈ ਮਜ਼ਬੂਰ ਕੀਤਾ ਗਿਆ। ਆਪਣੀ ਸੁਰੱਖਿਆ ਲਈ ਸਰਕਾਰ ਨੇ ਫ਼ੌਜ ਤੇ ਪੁਲਿਸ ਦੇ ਵੱਖ-ਵੱਖ ਮਹਿਕਮੇ ਬਣਾ ਕੇ ਨਵੇਂ ਸਿਰਿਉਂ ਭਰਤੀ ਕੀਤੀ। ਇਸ

---

[1*] ਖੁਸ਼ਵੰਤ ਸਿੰਘ, ਪੰਜਾਬ ਦਾ ਇਤਿਹਾਸ (1839-1988), ਜਿਲਦ 2, ਪੰਨਾ 88



Sri Satguru Jagjit Singh Ji Elibrary NamdhariElibrary@gmail.com

ਤਰ੍ਹਾਂ ਕੁਝ ਪੁਰਾਣੇ ਸੈਨਿਕ ਅਤੇ ਨਵੇਂ ਨੌਜਵਾਨ ਆਪਣੇ ਗੁਜ਼ਾਰੇ ਖਾਤਰ ਫ਼ੌਜ ਤੇ ਪੁਲਿਸ ਵਿੱਚ ਭਰਤੀ ਹੋ ਗਏ। ਇਨ੍ਹਾਂ ਬਾਰੇ ਪ੍ਰੋ: ਸੰਤ ਸਿੰਘ ਸੇਖੋਂ ਨੇ ਆਪਣੇ ਇੱਕ ਕਾਵਿ ਨਾਟਕ 'ਬਾਬਾ ਬੋਹੜ' ਵਿੱਚ ਬੜੀ ਢੁਕਵੀਂ ਟਿੱਪਣੀ ਕੀਤੀ ਹੈ :

ਚੰਗੀ ਲੱਗੀ ਦਾਸਤਾ ਦੀ ਇਨ੍ਹਾਂ ਨੂੰ ਫਾਹੀ
ਜਰਨੈਲਾਂ ਦੇ ਪੁੱਤ ਹੁਣ ਬਣ ਗਏ ਸਿਪਾਹੀ
ਸਮਝ ਲਿਆ ਚਪੜਾਸ ਨੂੰ ਇਨ੍ਹਾਂ ਨੇ ਸ਼ਾਹੀ।

[1*]ਡਾ. ਗੋਪਾਲ ਸਿੰਘ ਅਨੁਸਾਰ 8,000 ਆਦਮੀਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ।

## ਸਤਿਗੁਰੂ ਬਾਲਕ ਸਿੰਘ ਉੱਤੇ ਨਿਗਰਾਨੀ ਦੇ ਹੁਕਮ

ਪੰਜਾਬ ਦੀ ਨਵੀਂ ਬਣੀ ਅੰਗਰੇਜ਼ ਸਰਕਾਰ ਨੇ ਸਤਿਗੁਰੂ ਬਾਲਕ ਸਿੰਘ ਵਰਗੀ ਸ਼ਾਂਤ ਮੂਰਤੀ ਨੂੰ ਵੀ ਨਹੀਂ ਬਖਸ਼ਿਆ। ਉਨ੍ਹਾਂ ਦੇ ਹੁਕਮ ਨਾਲ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਰਥੀਆਂ ਅਤੇ ਸ਼ਰਧਾਲੂਆਂ ਉੱਤੇ ਨਿਗਰਾਨੀ ਰੱਖਣ ਦੇ ਹੁਕਮ ਜਾਰੀ ਕੀਤੇ ਗਏ।

"ਹਜ਼ਰੋ ਵਿੱਚ ਢੰਡੋਰਾ ਫਿਰਾਯਾ ਕਿ ਜੇਹੜੇ ਸਤਿਗੁਰੂ ਬਾਲਕ ਸਿੰਘ ਜੀ ਦੇ ਸਿੱਖ ਹਨ, ਉਹ ਆਪੋ ਆਪਣੇ ਨਾਉਂ ਲਿਖਾਨ। ਠਾਣੇਦਾਰ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ, ਜੇਹੜੇ ਗੁਰੂ ਬਾਲਕ ਸਿੰਘ ਜੀ ਦੇ ਸਿੱਖ ਹਨ, ਉਹਨਾਂ ਦੇ ਨਾਉਂ ਲਿਖ ਲਿਆਉ। ਥਾਣੇ ਦੇ ਸਿਪਾਹੀ ਬਾਜ਼ਾਰ ਗਏ ਅਤੇ ਹੱਟੀ-ਹੱਟੀ ਤੇ ਪੁੱਛਣ ਲੱਗੇ ਜੋ ਕੋਹੜਾ ਕੋਹੜਾ ਸਤਿਗੁਰੂ ਬਾਲਕ ਸਿੰਘ ਜੀ ਦਾ ਸਿੱਖ ਹੈ।"

ਜਦੋਂ ਥਾਣੇ ਦਾ ਸਿਪਾਹੀ ਗੁਰੂ ਬਾਲਕ ਸਿੰਘ ਜੀ ਦੇ ਸ਼ਰਧਾਲੂ ਸਿੱਖ ਭਾਈ ਮੁੱਖੇ ਕੋਲ ਗਿਆ ਤਾਂ ਉਸਦੇ ਇਹ ਕਹਿਣ ਉੱਤੇ ਕਿ "ਮੈਂ ਗੁਰੂ ਬਾਲਕ ਸਿੰਘ ਦਾ ਸਿੱਖ ਹਾਂ, ਉਸ ਨੂੰ ਥਾਣੇ ਫੜ੍ਹ ਕੇ ਲੈ ਗਿਆ।"

ਇਸ ਸਾਰੇ ਬਿਰਤਾਂਤ ਦਾ ਵਰਨਨ ਨਾਮਧਾਰੀ ਇਤਿਹਾਸ ਹਿੱਸਾ ਪਹਿਲਾ ਦੇ ਲੇਖਕ [2*]ਸੰਤ ਇੰਦਰ ਸਿੰਘ ਚੱਕ੍ਰਵਰਤੀ ਨੇ ਵੇਰਵੇ ਸਹਿਤ ਦਿੱਤਾ ਹੈ।

"ਥੋੜ੍ਹੇ ਦਿਨਾਂ ਪਿਛੋਂ ਫੇਰ ਸ਼ਹਿਰ ਵਿੱਚ ਢੰਡੋਰਾ ਫਿਰਿਆ ਕਿ "ਕੋਈ ਆਦਮੀ ਪਾਰ ਦਾ ਉਰਾਰ ਨਾ ਆਵੇ। ਜੇਕਰ ਆਵੇਗਾ ਤਾਂ ਫੜਿਆ ਜਾਵੇਗਾ ਅਤੇ ਸਜ਼ਾ ਦਿੱਤੀ ਜਾਵੇਗੀ" .......ਸ਼ਹਿਰ ਵਿੱਚ ਇਹ ਮੁਨਾਦੀ ਕਰਵਾ ਦਿੱਤੀ ਗਈ ਕਿ ਕੋਈ ਆਦਮੀ ਸਤਿਗੁਰੂ ਬਾਲਕ ਸਿੰਘ ਜੀ ਪਾਸ ਨਾ ਜਾਵੇ, ਨਾ ਹੀ ਕੋਈ ਉਹਨਾਂ ਨੂੰ ਮੱਥਾ ਟੇਕੇ, ਜਿਹੜਾ ਉਹਨਾਂ ਕੋਲ ਜਾਇਗਾ ਉਸਨੂੰ ਸਖ਼ਤ ਸਜ਼ਾ ਦਿੱਤੀ ਜਾਇਗੀ......ਸਿੱਖਾਂ ਅਰਜ਼ ਕੀਤੀ ਕਿ ਮਹਾਰਾਜ ਜੀ ਏਹ ਕੀ

[1*] ਡਾ. ਗੋਪਾਲ ਸਿੰਘ ਦਰਦੀ, ਦੇ ਹਿਸਟਰੀ ਆਫ ਸਿੱਖ ਪੀਪਲ, ਪੰਨਾ 585
[2*] ਸੰਤ ਇੰਦਰ ਸਿੰਘ ਚੱਕ੍ਰਵਰਤੀ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 177



Sri Satguru Jagjit Singh Ji Elibrary NamdhariElibrary@gmail.com

ਬਨਣ ਲੱਗਾ ਜੋ, ਸਤਿਗੁਰਾਂ ਬਚਨ ਕੀਤਾ ਕਿ ਭਾਈ ਅੰਗਰੇਜ਼ ਆਪਣਾ ਹੁਕਮ ਮਨਾਂਦੇ ਹੋਏ ਤਹਿਤ ਬੰਨ ਰਹੇ ਹਨ।"

**ਪ੍ਰਬੰਧਕੀ ਸੁਧਾਰ**

ਸਾਮਰਾਜਵਾਦੀ ਅੰਗਰੇਜ਼ ਸਰਕਾਰ ਹਿੰਦੁਸਤਾਨ ਅਤੇ ਪੰਜਾਬ ਉੱਤੇ ਸਥਾਈ ਰੂਪ ਵਿੱਚ ਆਪਣਾ ਟਿਕਾਊ ਸ਼ਾਸਨ ਲਾਗੂ ਕਰਨਾ ਚਾਹੁੰਦੀ ਸੀ ਤਾਂ ਜੋ ਇੱਕ ਬੰਨ੍ਹੇ ਉਹ ਜਨਤਾ ਦਾ ਵਿਸ਼ਵਾਸ ਜਿੱਤ ਸਕੇ ਅਤੇ ਦੂਜੇ ਬੰਨ੍ਹੇ ਦੇਸ਼ ਵਿੱਚ ਆਰਥਿਕ ਸੁਧਾਰ ਕਰਕੇ ਜਿੱਥੇ ਲੋਕਾਂ ਦਾ ਜੀਵਨ ਪੱਧਰ ਸੁਖਾਲਾ ਕਰ ਸਕੇ, ਉੱਥੇ ਉਸ ਆਰਥਿਕ ਖੁਸ਼ਹਾਲੀ ਦੇ ਲਾਭ ਨਾਲ ਆਪਣੀ ਸਾਮਰਾਜਵਾਦੀ ਨੀਤੀ ਦੇ ਅਧੀਨ ਬਰਤਾਨੀਆ ਨੂੰ ਵੀ ਦੌਲਤਮੰਦ ਕਰ ਸਕੇ, ਇਸ ਲਈ ਉਨ੍ਹਾਂ ਨੇ ਪ੍ਰਬੰਧਕੀ, ਆਰਥਿਕ, ਸਮਾਜਿਕ, ਵਿੱਦਿਅਕ ਅਤੇ ਸਭਿਆਚਾਰਕ ਸੁਧਾਰਾਂ ਵੱਲ ਵਧੇਰੇ ਧਿਆਨ ਦਿੱਤਾ। ਅਜਿਹੀ ਬਹੁ-ਪੱਖੀ ਨੀਤੀ ਉੱਤੇ ਅਮਲ ਕਰਕੇ ਹੀ ਵਿਦੇਸ਼ੀ ਸਰਕਾਰ ਆਪਣੇ ਸਾਸ਼ਨ ਕਾਲ ਦੀ ਅਵਧੀ ਨੂੰ ਲੰਮੇਰਾ ਅਤੇ ਚਿਰ-ਸਥਾਈ ਬਣਾ ਸਕਦੀ ਸੀ।

1799 ਤੋਂ 1839 ਦੇ ਮਹਾਰਾਜਾ ਰਣਜੀਤ ਸਿੰਘ ਦੇ ਸਾਸ਼ਨ ਕਾਲ ਵਿੱਚ ਪੰਜਾਬ ਵਿੱਚ ਇੱਕ ਸਥਾਈ ਸ਼ਾਸਨ ਅਤੇ ਆਰਥਿਕ ਪ੍ਰਬੰਧ ਮੌਜੂਦ ਸੀ, ਪਰ 1839 ਤੋਂ 1849 ਤੱਕ ਦੇ ਸਮੇਂ ਪੰਜਾਬ ਵਿੱਚ ਲਾਹੌਰ ਦਰਬਾਰ ਵਿੱਚ ਹੋਈਆਂ ਸਾਜ਼ਿਸ਼ਾਂ, ਕਤਲ ਅਤੇ ਵਿਰੋਧੀ ਧੜਿਆਂ ਦੀ ਪਰਸਪਰ ਖਿੱਚੋਤਾਣ ਅਤੇ ਲੜਾਈਆਂ ਕਾਰਨ ਅਰਾਜਕਤਾ ਵਰਗੀ ਸਥਿਤੀ ਹੀ ਬਣੀ ਰਹੀ, ਜਿਸ ਲਈ ਸ਼ਾਹੀ ਖ਼ਜ਼ਾਨੇ ਵਿੱਚੋਂ ਸੈਨਿਕਾਂ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਦਾ ਭੁਗਤਾਨ ਕਰਨਾ ਵੀ ਮੁਸ਼ਕਲ ਹੋ ਗਿਆ ਸੀ। ਅਜਿਹੀ ਸਥਿਤੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਾਲਾ ਸਾਰਾ ਸਾਸ਼ਨ ਪ੍ਰਬੰਧ ਨਾ ਕੇਵਲ ਢਿੱਲਾ ਹੀ ਪੈ ਗਿਆ, ਸਗੋਂ ਲੜਖੜਾ ਗਿਆ ਸੀ। ਅੰਗਰੇਜ਼ ਸਰਕਾਰ ਨੇ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੱਤਾ ਕਿ ਪੰਜਾਬ ਦੇ ਪ੍ਰਬੰਧਕੀ ਢਾਂਚੇ ਨੂੰ ਸੁਚਾਲੂ ਅਤੇ ਮਜ਼ਬੂਤ ਕੀਤਾ ਜਾਵੇ। ਅੰਗਰੇਜ਼ ਵਿਰੋਧੀ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਜਿੱਥੇ ਦਬਾਓ ਦੀ ਨੀਤੀ ਦੀ ਵਰਤੋਂ ਕੀਤੀ ਗਈ, ਉੱਥੇ ਲੋਕਾਂ ਦਾ ਨਵੀਂ ਸਰਕਾਰ ਵਿੱਚ ਵਿਸ਼ਵਾਸ ਬਣਾਉਣ ਲਈ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਇਸ ਨਵੇਂ ਹੱਥਿਆਏ ਪੰਜਾਬ ਰਾਜ ਦੇ ਪ੍ਰਬੰਧਕੀ ਸੁਧਾਰਾਂ ਵੱਲ ਵੀ ਉਚੇਚਾ ਧਿਆਨ ਦਿੱਤਾ। ਇਸ ਮਨੋਰਥ ਲਈ ਆਪਣੇ ਇਤਬਾਰੀ ਫ਼ਰਮਾਬਰਦਾਰ ਅਤੇ ਸੁਹਿਰਦ ਤੇ ਸੁਯੋਗ ਵਿਅਕਤੀਆਂ ਨੂੰ ਉੱਚੇ ਅਹੁੱਦਿਆਂ ਉੱਤੇ ਲਗਾ ਕੇ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।



Sri Satguru Jagjit Singh Ji Elibrary NamdhariElibrary@gmail.com

ਹੈਨਰੀ ਲਾਰੰਸ ਅਤੇ ਜੌਨ੍ਹ ਲਾਰੰਸ ਸਕੇ ਭਰਾਵਾਂ ਦੇ ਪਰਸਪਰ ਮਤਭੇਦ ਤੋਂ ਗਵਰਨਰ ਜਨਰਲ ਪੂਰੀ ਤਰ੍ਹਾਂ ਜਾਣੂ ਸੀ। ਹੈਨਰੀ ਲਾਰੰਸ ਆਪਣੇ ਰੈਜ਼ੀਡੈਂਟ ਹੋਣ ਸਮੇਂ ਸਿੱਖ ਸਰਦਾਰਾਂ ਵਿੱਚ ਆਪਣੀ ਸਾਖ ਜਮਾ ਚੁੱਕਾ ਸੀ ਅਤੇ ਉਹ ਸ਼ੁਰੂ-ਸ਼ੁਰੂ ਵਿੱਚ ਇਸ ਗੱਲ ਉੱਤੇ ਸਹਿਮਤ ਸੀ ਕਿ ਪੰਜਾਬ ਉੱਤੇ ਸਿੱਧਾ ਕਬਜ਼ਾ ਨਾ ਕੀਤਾ ਜਾਵੇ, ਪਰ ਜੌਨ੍ਹ ਲਾਰੰਸ ਗਵਰਨਰ ਜਨਰਲ ਦੇ ਵਿਚਾਰਾਂ ਦਾ ਪੂਰਾ-ਪੂਰਾ ਸਮਰੱਥਕ ਸੀ। ਉਸਨੇ ਜਲੰਧਰ ਦੁਆਬੇ ਵਿੱਚ ਭੂਮੀ ਸੁਧਾਰਾਂ ਕਰਕੇ ਆਪਣੀ ਪ੍ਰਬੰਧਕੀ ਯੋਗਤਾ ਨੂੰ ਸਿੱਧ ਕਰ ਦਿੱਤਾ ਸੀ। ਲਾਰਡ ਡਲਹੌਜ਼ੀ ਇਨ੍ਹਾਂ ਦੋਹਾਂ ਨੂੰ ਅਜਿਹਾ ਮਹੱਤਵਪੂਰਨ ਕਾਰਜ ਸੌਂਪਣਾ ਚਾਹੁੰਦਾ ਸੀ। ਇਸ ਉਦੇਸ਼ ਨੂੰ ਮੁੱਖ ਰੱਖ ਕੇ ਉਸਨੇ ਪੰਜਾਬ ਵਿੱਚ ਤਿੰਨ ਅਧਿਕਾਰੀਆਂ ਦਾ ਪ੍ਰਬੰਧਕੀ ਬੋਰਡ ਸਥਾਪਿਤ ਕਰਕੇ ਉਸ ਨੂੰ ਸ਼ਾਸ਼ਨ ਪ੍ਰਬੰਧ ਦੇ ਸਾਰੇ ਅਧਿਕਾਰ ਸੌਂਪ ਦਿੱਤੇ।

## ਤਿੰਨ ਮੈਂਬਰੀ ਪ੍ਰਬੰਧਕੀ ਬੋਰਡ

ਇਸ ਤਿੰਨ ਮੈਂਬਰਾਂ ਦੇ ਪ੍ਰਬੰਧਕੀ ਬੋਰਡ ਵਿੱਚ ਹੈਨਰੀ ਲਾਰੰਸ, ਜੌਨ੍ਹ ਲਾਰੰਸ, ਚਾਰਲਸ ਮੈਨਸਿਲ ਸ਼ਾਮਲ ਸਨ। ਇਨ੍ਹਾਂ ਤਿੰਨਾਂ ਨੂੰ ਵੱਖ-ਵੱਖ ਵਿਭਾਗ ਸੌਂਪ ਦਿੱਤੇ ਗਏ। ਹੈਨਰੀ ਲਾਰੰਸ ਨੂੰ ਰਾਜਨੀਤਕ ਅਤੇ ਸੈਨਿਕ ਵਿਭਾਗ, ਜੌਨ੍ਹ ਲਾਰੰਸ ਨੂੰ ਵਿੱਤ ਅਤੇ ਭੂਮੀ ਕਰ ਵਿਭਾਗ,ਚਾਰਲਸ ਮੈਨਸਿਲ ਨੂੰ ਨਿਆਂ ਵਿਭਾਗ ਸੌਂਪੇ ਗਏ। ਅੰਤਿਮ ਨਿਰਣਿਆਂ ਲਈ ਇਹ ਤਿੰਨੇ ਉੱਚ ਅਧਿਕਾਰੀ ਪਰਸਪਰ ਵਿਚਾਰ-ਵਟਾਂਦਰੇ ਪਿਛੋਂ ਉੱਚਿਤ ਨਿਰਣੇ ਲੈ ਲੈਂਦੇ ਸਨ।

ਇਸ ਪ੍ਰਬੰਧਕੀ ਬੋਰਡ ਦੀ ਸਹਾਇਤਾ ਲਈ ਗਵਰਨਰ ਜਨਰਲ ਨੇ ਸਾਰੇ ਹਿੰਦੁਸਤਾਨ ਵਿੱਚੋਂ ਚੋਣਵੇਂ ਅੰਗਰੇਜ਼ ਅਤੇ ਹਿੰਦੁਸਤਾਨੀ ਕਰਮਚਾਰੀ ਭਰਤੀ ਕਰਕੇ ਪੰਜਾਬ ਵਿੱਚ ਲਗਾ ਦਿੱਤੇ। ਇਸ ਪ੍ਰਬੰਧਕੀ ਬੋਰਡ ਨੇ ਆਪਣੇ ਕਾਲ ਦੇ ਪਹਿਲੇ ਚਾਰ ਸਾਲਾਂ ਵਿੱਚ ਹੀ ਆਪਣੀ ਕਾਰਜ-ਕੁਸ਼ਲਤਾ ਨੂੰ ਸਿੱਧ ਕਰ ਦਰਸਾਇਆ ਅਤੇ ਕਈ ਸੁਧਾਰ ਅਮਲ ਵਿੱਚ ਲਿਆਂਦੇ। 1851 ਵਿੱਚ ਚਾਰਲਸ ਮੈਨਸਿਲ ਦੀ ਥਾਂ ਰਾਬਰਟ ਮੰਟਗੁਮਰੀ ਨੂੰ ਲਗਾਇਆ ਗਿਆ।

ਹੈਨਰੀ ਲਾਰੰਸ ਅਤੇ ਜੌਨ੍ਹ ਲਾਰੰਸ ਦੇ ਮਤਭੇਦਾਂ ਕਾਰਨ 1853 ਵਿੱਚ ਇਸ ਪ੍ਰਬੰਧਕੀ ਬੋਰਡ ਨੂੰ ਤੋੜ ਦਿੱਤਾ ਗਿਆ ਅਤੇ ਹੈਨਰੀ ਲਾਰੰਸ ਨੂੰ ਰਾਜਪੂਤਾਨੇ ਦਾ ਰੈਜ਼ੀਡੈਂਟ ਲਗਾਇਆ ਗਿਆ। ਜੌਨ੍ਹ ਲਾਰੰਸ ਨੂੰ 1853 ਵਿੱਚ ਪੰਜਾਬ ਦਾ ਚੀਫ਼ ਕਮਿਸ਼ਨਰ ਬਣਾ ਦਿੱਤਾ ਗਿਆ। ਇੱਕ ਉੱਚ ਕੋਟੀ ਦੇ ਸਫ਼ਲ ਪ੍ਰਬੰਧਕ ਅਤੇ ਸੁਧਾਰਕ ਦੇ ਰੂਪ ਵਿੱਚ ਜੌਨ੍ਹ ਲਾਰੰਸ ਨੇ ਅੰਗਰੇਜ਼ੀ ਸਰਕਾਰ ਅਤੇ ਪੰਜਾਬ ਦੀ ਜਨਤਾ ਦੋਹਾਂ ਵੱਲੋਂ ਬੜਾ ਜਸ ਖਟਿਆ। ਉਸ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਉਸਨੇ ਆਪਣੇ ਅਹੁੱਦੇ ਦੀ ਅਵਧੀ ਵਿੱਚ (1853-1858) ਜਿੱਥੇ ਪੰਜਾਬ ਵਿੱਚ ਅਮਨ ਸ਼ਾਂਤੀ ਦਾ ਵਾਤਾਵਰਣ ਲੈ ਆਂਦਾ, ਉੱਥੇ ਉਸ



Sri Satguru Jagjit Singh Ji Elibrary NamdhariElibrary@gmail.com

ਵੱਲੋਂ ਕੀਤੇ ਗਏ ਬਹੁ-ਪੱਖੀ ਸੁਧਾਰਾਂ ਦੇ ਕਾਰਨ ਪੰਜਾਬ ਨੂੰ ਪ੍ਰਬੰਧਕੀ ਦ੍ਰਿਸ਼ਟੀ ਤੋਂ ਆਧੁਨਿਕ ਲੀਹਾਂ ਉੱਤੇ ਪਾ ਦਿੱਤਾ ਗਿਆ। ਅਗਲੇ ਕਾਲਾਂ ਵਿੱਚ ਇਸੇ ਸ਼ਾਸਨ ਪ੍ਰਬੰਧ ਨੂੰ ਹੀ ਚਾਲੂ ਰੱਖਿਆ ਗਿਆ।

1849 ਤੋਂ ਲੈ ਕੇ 1858 ਤੱਕ ਜੋ ਨਵੇਂ ਪਰਿਵਰਤਨ ਪੰਜਾਬ ਦੇ ਰਾਜ ਪ੍ਰਬੰਧ ਵਿੱਚ ਲਿਆਂਦੇ ਗਏ, ਉਨ੍ਹਾਂ ਬਾਰੇ [1*]ਡਾ: ਗੰਡਾ ਸਿੰਘ ਨੇ ਬੌਸਵਰਥ ਸਮਿੱਥ ਦੇ ਹਵਾਲੇ ਨਾਲ ਇਸ ਤਰ੍ਹਾਂ ਲਿਖਿਆ ਹੈ : "ਬੋਰਡ ਨੇ ਚਾਰ ਸਾਲਾਂ ਦੇ ਸਮੇਂ ਵਿੱਚ ਉਸ ਦੇਸ਼ ਵਿੱਚ ਜੋ ਕਿ ਸਰਕਾਰੀ ਮਸ਼ੀਨਰੀ ਤੋਂ ਬਿਲਕੁਲ ਹੀ ਸੱਖਣਾ ਸੀ, ਸਾਰੇ ਧੱਖਾਂ ਫ਼ੌਜੀ, ਸਿਵਿਲ ਅਤੇ ਆਰਥਿਕ ਵਿੱਚ ਪੂਰਣ ਰਾਜ ਪ੍ਰਬੰਧ ਦੀ ਸਿਰਜਨਾ ਅਤੇ ਸਥਾਪਨਾ ਕੀਤੀ। ਇਨ੍ਹਾਂ ਤੋਂ ਬਿਨਾਂ ਇਸ (ਬੋਰਡ) ਨੇ ਸੜਕਾਂ, ਨਹਿਰਾਂ ਅਤੇ ਜ਼ੇਲ੍ਹਾਂ ਬਣਾਈਆਂ, ਡਕੈਤੀ ਦਾ ਅੰਤ ਕੀਤਾ, ਕਾਨੂੰਨਾਂ ਨੂੰ ਲਿਖਿਆ, ਸਿੱਕੇ ਵਿੱਚ ਸੁਧਾਰ ਕੀਤਾ ਅਤੇ ਖੇਤੀਬਾੜੀ ਨੂੰ ਉੱਨਤ ਕੀਤਾ।"

ਜਦੋਂ 1853 ਵਿੱਚ ਜੌਨ੍ਹ ਲਾਰੰਸ ਨੂੰ ਪੰਜਾਬ ਦਾ ਚੀਫ਼ ਕਮਿਸ਼ਨਰ ਬਣਾਇਆ ਗਿਆ ਤਾਂ ਉਸਨੇ ਸਾਰੇ ਪੰਜਾਬ ਨੂੰ 7 ਕਮਿਸ਼ਨਰੀਆਂ ਅਤੇ 27 ਛੋਟੀਆਂ ਪ੍ਰਬੰਧਕੀ ਇਕਾਈਆਂ ਜਾਂ ਜ਼ਿਲ੍ਹਿਆਂ ਵਿੱਚ ਨਵੇਂ ਸਿਰਿਉਂ ਸੰਗਠਿਤ ਕੀਤਾ। ਹਰ ਜ਼ਿਲ੍ਹੇ ਨੂੰ ਅੱਗੋਂ ਤਹਿਸੀਲਾਂ ਵਿੱਚ ਵੰਡ ਦਿੱਤਾ ਗਿਆ। ਅਜਿਹੇ ਨਵੇਂ ਪ੍ਰਬੰਧਕੀ ਸੰਗਠਨ ਰਾਹੀਂ ਸਮੁੱਚੇ ਪੰਜਾਬ ਉੱਤੇ ਕਾਨੂੰਨ ਦਾ ਰਾਜ ਸਥਾਪਿਤ ਕਰਨਾ ਸੌਖਾ ਹੋ ਗਿਆ। ਭਾਵੇਂ ਪਹਿਲਾਂ ਖ਼ਾਲਸਾ ਸੈਨਾ ਦੇ ਵੱਡੇ ਭਾਗ ਨੂੰ ਤੋੜ ਦਿੱਤਾ ਗਿਆ ਸੀ ਅਤੇ ਸੈਨਾ ਤੇ ਪਿੰਡਾਂ ਦੇ ਵਾਸੀਆਂ ਨੂੰ ਬੇ-ਹਥਿਆਰਾ ਕਰ ਦਿੱਤਾ ਗਿਆ ਸੀ ਤਾਂ ਜੋ ਕਿਸੇ ਕਿਸਮ ਦਾ ਵੀ ਸਰਕਾਰ ਵਿਰੋਧੀ ਕੋਈ ਖ਼ਤਰਾ ਨਾ ਉਠ ਸਕੇ।

ਸ਼ਾਸਨ ਪ੍ਰਬੰਧ ਨੂੰ ਹੋਰ ਸੁਚਾਲੂ ਬਣਾਉਣ ਲਈ ਵੱਡੀ ਗਿਣਤੀ ਵਿੱਚ ਫ਼ੌਜ ਅਤੇ ਪੁਲਿਸ ਦੀ ਨਵੀਂ ਭਰਤੀ ਕੀਤੀ ਗਈ। ਇਨ੍ਹਾਂ ਪੁਲਿਸ ਅਤੇ ਫ਼ੌਜੀ ਬਲਾਂ ਵਿੱਚ ਬਹੁਤ ਸਾਰੇ ਨਾਮਕਟੇ ਫ਼ੌਜੀ ਭਰਤੀ ਹੋਏ, ਜਿਨ੍ਹਾਂ ਨੂੰ ਨਗਦ ਤਨਖਾਹਾਂ ਦਿੱਤੀਆਂ ਜਾਂਦੀਆਂ ਸਨ। ਪ੍ਰਾਂਤ ਦੇ ਅੰਦਰੂਨੀ ਪ੍ਰਬੰਧ ਅਤੇ ਬਾਹਰਲੀਆਂ ਫ਼ੌਜੀ ਕਾਰਵਾਈਆਂ ਵਿੱਚ ਇਨ੍ਹਾਂ ਨਵੇਂ ਪੁਲਿਸ ਮੁਲਾਜ਼ਮਾਂ ਅਤੇ ਫ਼ੌਜੀ ਪਲਟਣਾਂ ਨੇ ਅੰਗਰੇਜ਼ੀ ਸਰਕਾਰ ਦੀ ਬੜੀ ਵਫ਼ਾਦਾਰੀ ਨਾਲ ਸੇਵਾ ਨਿਭਾਈ। ਦੇਸ਼ ਵਿੱਚ ਅਮਨ ਸ਼ਾਂਤੀ ਦਾ ਰਾਜ ਮੁੜ ਬਹਾਲ ਹੋਇਆ। ਡਾਕੂਆਂ, ਲੁਟੇਰਿਆਂ ਅਤੇ ਜੁਰਮਾਂ ਨੂੰ ਕਾਫ਼ੀ ਹੱਦ ਤੱਕ ਠੱਲ ਪਾ ਲਈ ਗਈ। ਹਰ ਜ਼ਿਲ੍ਹੇ ਵਿੱਚ ਅਦਾਲਤਾਂ ਕਾਇਮ ਕੀਤੀਆਂ ਗਈਆਂ। ਛੋਟੇ-ਮੋਟੇ ਮੁਕੱਦਮਿਆਂ ਦਾ ਫ਼ੈਸਲਾ ਤਹਿਸੀਲ ਪੱਧਰ ਉੱਤੇ ਹੀ ਤਹਿਸੀਲਦਾਰ ਕਰ ਦਿੰਦੇ ਸਨ। ਅਦਾਲਤਾਂ

[1*] ਡਾ. ਗੰਡਾ ਸਿੰਘ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ (ਪੰਜਾਬ), ਪੰਨਾ 24



Sri Satguru Jagjit Singh Ji Elibrary NamdhariElibrary@gmail.com

ਵਿੱਚ ਵੀ ਬਿਨਾਂ ਵਕੀਲਾਂ ਦੀ ਸਹਾਇਤਾ ਦੇ ਲੋਕਾਂ ਨੂੰ ਸਸਤਾ ਅਤੇ ਛੇਤੀ ਨਿਆਂ ਮਿਲਣ ਲੱਗ ਪਿਆ। ਰੌਬਰਟ ਮੰਟਗੁਮਰੀ ਨੇ ਰਿਚਰਡ ਟੈਂਪਲ ਦੀ ਸਹਾਇਤਾ ਨਾਲ ਜਿਹੜਾ 'ਪੰਜਾਬ ਸਿਵਲ ਕੋਡ' ਤਿਆਰ ਕੀਤਾ, ਉਸ ਦੀ ਬਹੁਤ ਸ਼ਲਾਘਾ ਹੋਈ। ਇਸ ਨੂੰ ਅੰਗਰੇਜ਼ੀ ਸਰਕਾਰ ਨੇ ਹੋਰ ਸੂਬਿਆਂ ਵਿੱਚ ਵੀ ਲਾਗੂ ਕੀਤਾ। ਫਿਰ ਵੀ ਅਦਾਲਤਾਂ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਪਿੰਡਾਂ ਵਿੱਚ ਪੰਚਾਇਤੀ ਪੱਧਰ ਉੱਤੇ ਮੁਕੱਦਮਿਆਂ ਨੂੰ ਨਜਿੱਠ ਲਿਆ ਜਾਵੇ ਅਤੇ ਅਦਾਲਤਾਂ ਵਿੱਚ ਮੁਕੱਦਮਿਆਂ ਦੇ ਫ਼ੈਸਲਿਆਂ ਲਈ ਲੋਕਾਂ ਦੀਆਂ ਧਾਰਮਿਕ ਅਤੇ ਸਮਾਜਿਕ ਰਹੁ-ਰੀਤਾਂ ਅਤੇ ਮਰਿਯਾਦਾ ਨੂੰ ਧਿਆਨ ਵਿੱਚ ਰੱਖ ਕੇ ਫ਼ੈਸਲੇ ਕੀਤੇ ਜਾਣ। ਹੋਰ ਆਰਥਿਕ ਸੁਧਾਰਾਂ ਵਿੱਚ ਸੜਕਾਂ, ਰੇਲਾਂ, ਡਾਕਘਰਾਂ, ਨਹਿਰਾਂ ਦੇ ਨਵ-ਨਿਰਮਾਣ ਵੱਲ ਉਚੇਚਾ ਧਿਆਨ ਦਿੱਤਾ ਗਿਆ। ਲਾਹੌਰ ਤੋਂ ਪਸ਼ੌਰ ਤੱਕ ਜਰਨੈਲੀ ਸੜਕ ਨੂੰ ਬਣਾਇਆ ਗਿਆ ਅਤੇ ਪਹਿਲੀ ਵਾਰ ਲਾਹੌਰ ਤੋਂ ਮੁਲਤਾਨ ਤੱਕ ਰੇਲਵੇ ਲਾਈਨ ਦਾ ਸਰਵੇਖਣ ਕਰਵਾਇਆ ਗਿਆ, ਤਾਂ ਜੋ ਇਸ ਰੇਲਵੇ ਲਾਈਨ ਨੂੰ ਅੱਗੋਂ ਦੀ ਬੰਦਰਗਾਹ ਨਾਲ ਜੋੜ ਕੇ ਕੱਚਾ ਮਾਲ ਵਿਦੇਸ਼ਾਂ ਵਿੱਚ ਭੇਜਣ ਅਤੇ ਪੱਕੇ ਮਾਲ ਦੀ ਪੰਜਾਬ ਵਿੱਚ ਢੋਆ-ਢੁਆਈ ਨੂੰ ਆਸਾਨ ਅਤੇ ਘੱਟ ਖਰਚੀਲਾ ਬਣਾਇਆ ਜਾ ਸਕੇ।

ਪਹਿਲੀ ਵਾਰ ਪੰਜਾਬ ਸਰਕਾਰ ਨੇ ਸਿੱਖਿਆ ਦੀ ਉੱਨਤੀ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਤੋਂ ਪਹਿਲਾਂ ਸਿੱਖ ਰਾਜ ਕਾਲ ਤੱਕ ਸਾਧਾਰਨ ਮਦਰੱਸੇ ਹੀ ਹੁੰਦੇ ਸਨ। ਹੁਣ ਹਰ ਜ਼ਿਲ੍ਹੇ ਵਿੱਚ ਕਈ ਸਰਕਾਰੀ ਸਕੂਲ ਖੋਲ੍ਹੇ ਗਏ ਅਤੇ ਇੱਕ ਵੱਖਰਾ ਮਹਿਕਮਾ ਲੋਕ-ਸਿੱਖਿਆ ਵਿਭਾਗ (1856 ਵਿੱਚ) ਕਾਇਮ ਕੀਤਾ ਗਿਆ। [1*]"ਲਾਹੌਰ ਵਿੱਚ ਇੱਕ ਸੈਂਟਰਲ ਕਾਲਜ ਖੋਲ੍ਹਿਆ ਗਿਆ। ਇਨ੍ਹਾਂ ਸਭ ਸਕੂਲਾਂ ਵਿੱਚ ਦੇਸੀ ਭਾਸ਼ਾਵਾਂ ਨੂੰ ਸਿੱਖਿਆ ਦਾ ਮਾਧਿਅਮ ਰੱਖਿਆ ਗਿਆ ਅਤੇ ਅੰਗਰੇਜ਼ੀ ਕੇਵਲ ਉੱਚੀਆਂ ਕਲਾਸਾਂ ਵਿੱਚ ਪੜ੍ਹਾਈ ਜਾਣ ਲੱਗੀ।"5

ਪਰ ਇਸ ਸੰਬੰਧ ਵਿੱਚ ਜਿਹੜੀ ਸਿੱਖਿਆ ਦੀ ਨੀਤੀ ਅਮਲ ਵਿੱਚ ਲਿਆਂਦੀ ਗਈ, ਉਸਦੇ ਦੂਰ-ਦਰਸ਼ੀ ਸਿੱਟੇ ਨਿਕਲੇ। ਸੁਦੇਸ਼ੀ ਭਾਸ਼ਾਵਾਂ ਦੀ ਵਰਤੋਂ ਦੀ ਥਾਂ ਅੰਗਰੇਜ਼ ਅਧਿਕਾਰੀਆਂ ਨੇ ਆਪਣੀ ਸਹੂਲਤ ਲਈ ਪੰਜਾਬ ਤੋਂ ਬਾਹਰ ਦੇ ਕਰਮਚਾਰੀ ਲੈ ਆਂਦੇ, ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚ ਉਰਦੂ ਅਤੇ ਅੰਗਰੇਜ਼ੀ ਦਾ ਬੋਲਬਾਲਾ ਹੋ ਗਿਆ। ਇਸ ਸਿੱਖਿਆ ਦੀ ਨੀਤੀ ਬਾਰੇ ਡਾ: ਗੋਪਾਲ ਸਿੰਘ ਦਾ ਹਵਾਲਾ ਦੇਣਾ ਉੱਚਿਤ ਪ੍ਰਤੀਤ ਹੁੰਦਾ ਹੈ; ਜਿਸ ਤੋਂ ਸਿੱਧ ਹੁੰਦਾ ਹੈ ਕਿ ਉਨ੍ਹਾਂ ਦੀ ਲਾਗੂ ਕੀਤੀ ਸਿੱਖਿਆ ਦੀ ਨੀਤੀ ਅਤੇ ਅਦਾਲਤਾਂ ਦੀ ਭਾਸ਼ਾ ਵਿੱਚ ਕਿਵੇਂ ਉਰਦੂ ਅਤੇ ਅੰਗਰੇਜ਼ੀ ਦਾ ਪ੍ਰਭਾਵ ਵਧੇਰੇ ਵਿਆਪਕ ਹੋ ਗਿਆ।

[1*] ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 162



Sri Satguru Jagjit Singh Ji Elibrary NamdhariElibrary@gmail.com

"1855 ਵਿੱਚ ਲੋਕ ਸਿੱਖਿਆ ਵਿਭਾਗ ਖੋਲ੍ਹਿਆ ਗਿਆ ਅਤੇ ਪ੍ਰਾਇਮਰੀ ਤੱਕ ਦੀ ਮੁੱਢਲੀ ਸਿੱਖਿਆ ਦਾ ਪਾਸਾਰ ਸਰਕਾਰੀ ਖਰਚੇ ਉੱਤੇ ਕੀਤਾ ਗਿਆ। ਸਿੱਖ ਬਹੁ-ਗਿਣਤੀ ਵਾਲੇ ਸੂਬਿਆਂ ਵਿੱਚ ਦੂਜੇ ਸੂਬਿਆਂ ਦੇ ਟਾਕਰੇ ਉੱਤੇ ਸਿੱਖਿਆ ਦਾ ਪਾਸਾਰ ਵਧੇਰੇ ਸੀ। ਅੰਗਰੇਜ਼ ਸਰਕਾਰ ਨੇ ਵੀ ਪੁਰਾਣੇ ਕਿਸਮ ਦੇ ਮਦਰੱਸਿਆਂ ਅਤੇ ਮਕਤਬਾਂ ਨੂੰ ਨਾਲੋਂ-ਨਾਲ ਜਾਰੀ ਰੱਖਿਆ ਅਤੇ ਉਨ੍ਹਾਂ ਦੀ ਮਾਲੀ ਸਹਾਇਤਾ ਵੀ ਕੀਤੀ। ਅਦਾਲਤਾਂ ਅਤੇ ਰਾਜ ਪ੍ਰਬੰਧ ਵਿੱਚ ਫ਼ਾਰਸੀ ਭਾਸ਼ਾ ਨੂੰ ਹੀ ਪੁਰਾਣੀਆਂ ਅਤੇ ਨਵੀਆਂ ਦਸਤਾਵੇਜ਼ਾਂ ਨੂੰ ਸੁਰੱਖਿਅਤ ਰੱਖਣ ਲਈ ਵਰਤਿਆ ਗਿਆ, ਜਿਸ ਦੀ ਥਾਂ ਸਹਿਜੇ-ਸਹਿਜੇ ਪਿਛੋਂ ਜਾ ਕੇ ਉਰਦੂ ਨੇ ਲੈਣੀ ਸੀ।"

ਉਰਦੂ ਭਾਸ਼ਾ ਹੀ ਹੇਠਲੀ ਪੱਧਰ ਉੱਤੇ ਸਿੱਖਿਆ ਦੇ ਮਾਧਿਅਮ ਅਤੇ ਅਦਾਲਤੀ ਭਾਸ਼ਾ ਦੇ ਰੂਪ ਵਿੱਚ ਵਰਤੋਂ ਵਿੱਚ ਲਿਆਂਦੀ ਗਈ। ਉਰਦੂ ਦੀ ਪਹਿਲਾਂ ਹੀ ਯੂ. ਪੀ. ਵਿੱਚ ਇਸ ਉਦੇਸ਼ ਲਈ ਵਰਤੋਂ ਕੀਤੀ ਜਾਂਦੀ ਸੀ। ਯੂ. ਪੀ. ਤੋਂ ਹੀ ਬਹੁਤ ਸਾਰੇ ਸਕੂਲ ਅਧਿਆਪਕ ਅਤੇ ਕਚਹਿਰੀਆਂ ਦੇ ਮੁਨਸ਼ੀ ਮੁਸੱਦੀ ਪੰਜਾਬ ਵਿੱਚ ਲਿਆਂਦੇ ਗਏ। ਇਸ ਤਰ੍ਹਾਂ ਉਰਦੂ ਜੋ ਪੰਜਾਬ ਲਈ ਓਪਰੀ ਭਾਸ਼ਾ ਸੀ, ਨੇ ਪੰਜਾਬ ਵਿੱਚ ਆਪਣੇ ਪੈਰ ਡੂੰਘੀ ਤਰ੍ਹਾਂ ਗੱਡ ਲਏ। ਇਹ ਗੱਲ ਪੰਜਾਬ ਦੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਵੀ ਸੰਤੁਸ਼ਟ ਕਰਦੀ ਸੀ। ਫ਼ਾਰਸੀ ਲਿੱਪੀ ਅਤੇ ਭਾਸ਼ਾ ਤੋਂ ਪੰਜਾਬ ਦੇ ਪੜ੍ਹੇ-ਲਿਖੇ ਲੋਕ ਪਹਿਲਾਂ ਤੋਂ ਹੀ ਜਾਣੂ ਸਨ। ਇਨ੍ਹਾਂ ਤੋਂ ਪਿਛੋਂ ਸਰਕਾਰ ਨੇ ਆਪਣੀ ਸਹੂਲਤ ਲਈ ਬੰਗਾਲੀ ਬਾਬੂਆਂ ਨੂੰ ਵੀ ਜੋ ਪਹਿਲਾਂ ਤੋਂ ਹੀ ਅੰਗਰੇਜ਼ੀ ਵਿੱਚ ਮਾਹਿਰ ਸਨ, ਨੂੰ ਲਿਆਂਦਾ ਗਿਆ।

ਇਸ ਤਰ੍ਹਾਂ ਅੰਗਰੇਜ਼ੀ ਭਾਸ਼ਾ ਉਚੇਰੀ ਸਿੱਖਿਆ, ਉੱਚੀਆਂ ਅਦਾਲਤਾਂ ਅਤੇ ਸਾਸ਼ਨ ਪ੍ਰਬੰਧ ਵਿੱਚ ਭਾਰੂ ਹੋ ਗਈ। ਸਿਵਲ ਕੋਡ ਨੂੰ ਲਿਖਤੀ ਰੂਪ ਦਿੱਤਾ ਗਿਆ; ਜਿਸ ਨੂੰ ਪਿਛੋਂ ਜਾ ਕੇ ਬਾਕੀ ਸੂਬਿਆਂ ਵਿੱਚ ਵੀ ਲਾਗੂ ਕੀਤਾ ਗਿਆ। ਇਸ ਤਰ੍ਹਾਂ ਪੰਜਾਬ ਵਿੱਚ ਕਾਨੂੰਨ ਦਾ ਰਾਜ ਸਥਾਪਿਤ ਹੋ ਗਿਆ, ਜਿਸ ਦਾ ਹੁਣ ਤੱਕ ਆਭਾਵ ਸੀ। ਜਿਸ ਦਾ ਘਾਣ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਵਾਪਰੀ ਅਰਾਜਕਤਾ ਦੇ ਸਮੇਂ ਪੰਜਾਬ ਦੇ ਆਗੂਆਂ, ਸ਼ਾਸ਼ਕਾਂ ਅਤੇ ਸੈਨਿਕ ਪੰਚਾਂ ਨੇ ਕਰ ਦਿੱਤਾ ਸੀ।

ਸਿੱਖਿਆ ਅਤੇ ਅਦਾਲਤੀ ਪ੍ਰਬੰਧ ਵਿੱਚ ਜੋ ਨੀਤੀ ਅੰਗਰੇਜ਼ੀ ਸਾਮਰਾਜਵਾਦੀ ਸਰਕਾਰ ਨੇ ਹੋਂਦ ਵਿੱਚ ਲਿਆਂਦੀ, ਉਸ ਦੀ ਵਰਤੋਂ ਹੀ 1947 ਜਾਂ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਦੇ ਸਮੇਂ ਤੱਕ ਕੀਤੀ ਗਈ। ਇਸ ਦੇ ਫਲਸਰੂਪ ਪੰਜਾਬ ਦੀਆਂ ਪ੍ਰਾਦੇਸ਼ਿਕ ਭਾਸ਼ਾਵਾਂ ਨੂੰ ਉਹ ਸਥਾਨ ਪ੍ਰਾਪਤ ਨਾ ਹੋ ਸਕਿਆ, ਜੋ ਉਨ੍ਹਾਂ ਦਾ ਅਧਿਕਾਰ ਬਣਦਾ ਸੀ। ਅਗਲੇਰੇ ਸਮੇਂ ਵਿੱਚ ਅੰਗਰੇਜ਼ਾਂ ਦੀ ਇਹ ਭਾਸ਼ਾ ਸੰਬੰਧੀ ਕੁਟਲ ਨੀਤੀ ਪੰਜਾਬ ਦੀਆਂ ਵੱਖ-ਵੱਖ ਧਾਰਮਿਕ ਸ਼੍ਰੇਣੀਆਂ ਵਿੱਚ



Sri Satguru Jagjit Singh Ji Elibrary NamdhariElibrary@gmail.com

ਵੀ ਪਾੜੇ ਪਾਉਣ ਦਾ ਕਾਰਨ ਬਣੀ। ਮੁਸਲਮਾਨ ਤਬਕੇ ਨੇ ਉਰਦੂ ਨੂੰ ਪੱਕੀ ਤਰ੍ਹਾਂ ਅਪਨਾ ਲਿਆ ਅਤੇ ਆਰੀਆ ਸਮਾਜੀ ਪ੍ਰਭਾਵ ਥੱਲੇ ਹਿੰਦੂ ਸਮਾਜ ਦੀ ਬਹੁ-ਗਿਣਤੀ ਹਿੰਦੀ ਭਾਸ਼ਾ ਵੱਲ ਰੁਚਿਤ ਹੋ ਗਈ। ਕੇਵਲ ਸਿੱਖਾਂ ਵਿੱਚ ਹੀ ਪੰਜਾਬੀ ਭਾਸ਼ਾ ਦਾ ਸਤਿਕਾਰ ਬਣਿਆ ਰਿਹਾ ਅਤੇ ਉਸ ਵਿੱਚ ਵੀ ਮਾਤ ਭਾਸ਼ਾ ਦੀ ਥਾਂ ਧਾਰਮਿਕ ਸੰਸਕਾਰਾਂ ਵਜੋਂ ਇਸ ਨੂੰ ਵਧੇਰੇ ਅਪਨਾਇਆ ਗਿਆ। ਸਰਕਾਰੀ ਤੌਰ ਤੇ ਇਸ ਦੀ ਸਰਪ੍ਰਸਤੀ ਨਾ ਮਾਤਰ-ਰੂਪ ਵਿੱਚ ਹੀ ਕੀਤੀ ਗਈ। 1862 ਵਿੱਚ ਦਿੱਲੀ ਦੇ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਇਹ ਲਿਖ ਭੇਜਿਆ ਸੀ ਕਿ ਗੁਰਮੁਖੀ ਨੂੰ ਪੰਜਾਬ ਦੀ ਸਿੱਖਿਆ ਨੀਤੀ ਵਿੱਚ ਕਿਸੇ ਤਰ੍ਹਾਂ ਵੀ ਲਾਗੂ ਨਾ ਕੀਤਾ ਜਾਵੇ, ਕਿਉਂ ਜੋ ਇਸ ਨਾਲ ਉਨ੍ਹਾਂ ਅੰਦਰ ਆਪਣੇ ਖੁਸ ਚੁੱਕੇ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਪ੍ਰਬਲ ਇੱਛਾ ਜਾਗ ਪਵੇਗੀ।

ਇਸ ਸਾਮਰਾਜਵਾਦੀ ਸਿੱਖਿਆ ਦੇ ਵਿਧਾਨ ਅਤੇ ਭਾਸ਼ਾਵਾਂ ਸੰਬੰਧੀ ਸਾਮਰਾਜਵਾਦੀ ਨੀਤੀ ਦੇ ਕਾਰਨ ਸੁਦੇਸ਼ੀ ਭਾਸ਼ਾਵਾਂ ਅਤੇ ਵਿਸ਼ੇਸ਼ ਕਰਕੇ ਪੰਜਾਬੀ ਨੂੰ ਦਬੇਲ ਹਾਲਤ ਵਿੱਚੋਂ ਹੀ ਲੰਘਣਾ ਪਿਆ।

ਸਿੱਖਾਂ ਦੇ ਮਨੋਭਾਵਾਂ ਨੂੰ ਸ਼ਾਂਤ ਕਰਨ ਲਈ ਗਵਰਨਰ ਜਨਰਲ ਨੇ ਨਵੀਆਂ ਸੰਗਠਿਤ ਕੀਤੀਆਂ ਗਈਆਂ ਰਜ਼ਮੈਂਟਾਂ ਵਿੱਚ ਇਹ ਹੁਕਮ ਜਾਰੀ ਕਰ ਦਿੱਤੇ ਕਿ ਸਿੱਖ ਫ਼ੌਜੀ ਨੂੰ ਅੰਮ੍ਰਿਤਪਾਨ ਕਰਕੇ ਸਿੱਖ ਰਹਿਤ ਮਰਿਯਾਦਾ ਵਿੱਚ ਪੱਕੇ ਰਹਿਣਾ ਚਾਹੀਦਾ ਹੈ। 12 ਅਗਸਤ, 1857 ਨੂੰ ਗਵਰਨਰ ਜਨਰਲ ਨੇ ਪੰਜਾਬ ਦੇ ਚੀਫ਼ ਕਮਿਸ਼ਨਰ ਨੂੰ ਇਹ ਹਦਾਇਤ ਵੀ ਕੀਤੀ ਕਿ ਸਿੱਖ ਵਿਦਵਾਨਾਂ ਨਾਲ ਰਲ ਕੇ ਸਿੱਖ ਧਾਰਮਿਕ ਗ੍ਰੰਥਾਂ ਦੇ ਅੰਗਰੇਜ਼ੀ ਭਾਸ਼ਾ ਵਿੱਚ ਅਨੁਵਾਦ ਕਰਵਾਏ ਜਾਣ। ਇਨ੍ਹਾਂ ਸਭ ਯਤਨਾਂ ਦੇ ਬਾਵਜੂਦ ਅੰਗਰੇਜ਼ ਕਿਸੇ ਵੀ ਧਾਰਮਿਕ ਫਿਰਕੇ ਉੱਤੇ ਪੂਰੀ ਤਰ੍ਹਾਂ ਵਿਸ਼ਵਾਸ ਨਹੀਂ ਸਨ ਕਰਦੇ। ਉਨ੍ਹਾਂ ਨੇ ਸਾਂਝੀਆਂ ਪਲਟਣਾਂ ਜਥੇਬੰਦ ਕੀਤੀਆਂ, ਜਿਸ ਵਿੱਚ ਸਾਰੇ ਫਿਰਕਿਆਂ ਦੇ ਲੋਕਾਂ ਨੂੰ ਭਰਤੀ ਕੀਤਾ ਗਿਆ; ਇਨ੍ਹਾਂ ਵਿੱਚ ਉਨ੍ਹਾਂ ਦਾ ਮਨੋਰਥ ਇਹ ਸੀ ਕਿ ਇਨ੍ਹਾਂ ਧਰਮਾਂ ਦੇ ਵੱਖ-ਵੱਖ ਫ਼ਿਰਕਿਆਂ ਵਿੱਚ ਖਿਚੋਤਾਣ ਅਤੇ ਨਫ਼ਰਤ ਦੇ ਬੀਜ ਬੀਜੇ ਜਾਣ, ਤਾਂ ਜੋ ਲੋੜ ਪੈਣ ਉੱਤੇ ਇਨ੍ਹਾਂ ਵਿਚਲੇ ਪਾੜੇ ਨੂੰ ਹੋਰ ਵਧਾ ਦਿੱਤਾ ਜਾਵੇ।" ਇਸੇ ਨੂੰ ਹੀ ਅੰਗਰੇਜ਼ ਸਾਮਰਾਜੀਆਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਕਰਕੇ ਜਾਣਿਆ ਜਾਂਦਾ ਹੈ।

ਹੈਨਰੀ ਲਾਰੰਸ ਨੇ 21 ਮਾਰਚ, 1847 ਨੂੰ ਇਹ ਹੁਕਮ ਜਾਰੀ ਕੀਤਾ ਸੀ ਕਿ [1*]"ਕੋਈ ਵੀ ਅੰਗਰੇਜ਼ ਜੁੱਤੀਆਂ ਸਮੇਤ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਦਾਖਿਲ ਨਾ ਹੋਵੇ। ਅੰਮ੍ਰਿਤਸਰ ਵਿੱਚ ਗਊ-ਹੱਤਿਆ ਦੀ ਵੀ ਮਨਾਹੀ ਕੀਤੀ

1* ਡਾ. ਗੋਪਾਲ ਸਿੰਘ, ਏ ਹਿਸਟਰੀ ਆਫ ਸਿੱਖ ਪੀਪਲਸ, ਪੰਨਾ 587



Sri Satguru Jagjit Singh Ji Elibrary NamdhariElibrary@gmail com

ਗਈ। ਸਿੱਖਾਂ ਦੀਆਂ ਧਾਰਮਿਕ ਕਿਰਿਆਵਾਂ ਵਿੱਚ ਨਾ ਕੋਈ ਦਖਲ ਦਿੱਤਾ ਜਾਵੇ, ਨਾ ਉਨ੍ਹਾਂ ਦਾ ਅਪਮਾਨ ਕੀਤਾ ਜਾਵੇ।"

ਜੌਨ ਲਾਰੰਸ ਨੇ ਉੱਤਰ ਪੱਛਮੀ ਸਰਹੱਦ ਦੀ ਸੁਰੱਖਿਆ ਲਈ ਸਰਹੱਦ ਉੱਤੇ ਫ਼ੌਜੀ ਚੌਕੀਆਂ ਕਾਇਮ ਕੀਤੀਆਂ ਅਤੇ ਸਿੰਧ ਤੋਂ ਪਾਰ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਲਈ ਵੱਖਰੀ 'ਪੰਜਾਬ ਫ਼ਰੰਟੀਅਰ ਫੋਰਸ' ਨੂੰ ਸੰਗਠਿਤ ਕੀਤਾ।

ਸਰਕਾਰ ਵੱਲੋਂ ਕੁਝ ਸਮਾਜਿਕ ਸੁਧਾਰ ਵੀ ਕੀਤੇ ਗਏ। ਸਤੀ ਪ੍ਰਥਾ, ਕੁੜੀਆਂ ਨੂੰ ਮਾਰਨ ਅਤੇ ਵੇਚਣ ਤੇ ਪਾਬੰਦੀ ਲਾ ਦਿੱਤੀ ਗਈ। ਕੁਝ ਨਵੀਆਂ ਫ਼ਸਲਾਂ ਨੂੰ ਬੀਜਣ ਲਈ ਵੀ ਉਤਸ਼ਾਹਿਤ ਕੀਤਾ ਗਿਆ ਅਤੇ ਸਿੱਖ ਰਾਜਕਾਲ ਦੇ ਬਹੁਤ ਸਾਰੇ ਟੈਕਸਾਂ ਦੀ ਥਾਂ ਹੁਣ ਕੇਵਲ 6 ਟੈਕਸ ਹੀ ਜਾਰੀ ਰੱਖੇ ਗਏ। ਬਾਰੀ ਦੁਆਬ ਵਰਗੇ ਨਹਿਰੀ ਸਿਲਸਿਲੇ ਨੂੰ ਆਰੰਭ ਕੀਤਾ ਗਿਆ, ਜਿਸਦੇ ਫਲਸਰੂਪ ਅਗਲੇ ਕਾਲਾਂ ਵਿੱਚ ਪੱਛਮੀ ਪੰਜਾਬ ਦੇ ਜਾਂਗਲੀ ਇਲਾਕਿਆਂ ਦੀਆਂ ਬਾਰਾਂ ਨੂੰ ਖੇਤੀਬਾੜੀ ਲਈ ਆਬਾਦ ਕਰਨ ਵਿੱਚ ਇਹ ਨਹਿਰਾਂ ਬਹੁਤ ਲਾਹੇਵੰਦ ਸਾਬਿਤ ਹੋਈਆਂ।

ਇਸ ਪ੍ਰਕਾਰ ਇਸ ਕਾਲ ਵਿੱਚ ਪੰਜਾਬ ਦੇ ਅੰਦਰੂਨੀ ਵਪਾਰ ਵਿੱਚ ਕਾਫ਼ੀ ਵਾਧਾ ਹੋਇਆ। ਲੂਣ ਦੀਆਂ ਖਾਣਾਂ ਉੱਤੇ ਸਰਕਾਰ ਨੇ ਏਕਾਧਿਕਾਰ ਕਰ ਲਿਆ ਅਤੇ ਕਾਂਗੜੇ ਵਿੱਚ ਲੋਹੇ ਦੀਆਂ ਖਾਣਾਂ ਦੀ ਖੋਜ ਵੀ ਕੀਤੀ ਗਈ।

ਇਨ੍ਹਾਂ ਪ੍ਰਬੰਧਕੀ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤੇ ਵਿੱਦਿਅਕ ਸੁਧਾਰਾਂ ਨੇ ਪੰਜਾਬ ਵਿੱਚ ਅਮਨ-ਚੈਨ ਦਾ ਰਾਜ ਮੁੜ ਲੈ ਆਂਦਾ, ਜਿਸ ਕਾਰਨ ਪੰਜਾਬ ਦੇ ਲੋਕਾਂ ਨੇ 1857 ਦੇ ਅੰਗਰੇਜ਼ ਸਰਕਾਰ ਵਿਰੋਧੀ ਚਲਾਏ ਗਏ ਪਹਿਲੇ ਸੁਤੰਤਰਤਾ ਸੰਗਰਾਮ ਵਿੱਚ ਵਿਦਰੋਹ ਕਰਨ ਦੀ ਥਾਂ ਅੰਗਰੇਜ਼ਾਂ ਦਾ ਪੱਖ ਪੂਰਿਆ ਅਤੇ ਕੁਝ ਇੱਕਾ-ਦੁੱਕਾ ਘਟਨਾਵਾਂ ਜਿਵੇਂ ਅਜਨਾਲਾ ਵਿਖੇ ਕਾਲਿਆਂ ਵਾਲੇ ਖੂਹ ਦਾ ਹਾਦਸਾ ਜੋ ਪਹਿਲਾਂ ਵਾਪਰੇ — ਬਲੈਕ ਹੋਲ ਦੀ ਯਾਦ ਤਾਜ਼ਾ ਕਰਵਾਉਂਦਾ ਹੈ, ਤੋਂ ਬਿਨਾਂ ਅੰਗਰੇਜ਼ਾਂ ਵਿਰੁੱਧ ਬਗਾਵਤ ਦੀ ਕੋਈ ਘਟਨਾ ਨਾ ਵਾਪਰ ਸਕੀ, ਸਗੋਂ ਇਸ ਦੇ ਬਿਲਕੁਲ ਉਲਟ ਪੰਜਾਬ ਵਿੱਚ ਸੰਗਠਿਤ ਕੀਤੀਆਂ ਗਈਆਂ ਫ਼ੌਜੀ ਪਲਟਣਾਂ ਨੇ ਦਿੱਲੀ ਉੱਤੇ ਕਬਜ਼ਾ ਕਰਨ ਵਿੱਚ ਅੰਗਰੇਜ਼ਾਂ ਦੀ ਬੜੀ ਸਹਾਇਤਾ ਕੀਤੀ।

ਜੌਨ੍ਹ ਲਾਰੰਸ ਦੇ ਸਾਸ਼ਨ ਕਾਲ ਵਿੱਚ ਸਮੁੱਚੇ ਪੰਜਾਬ ਵਿੱਚ ਭਾਵੇਂ ਸ਼ਾਂਤੀ ਅਤੇ ਵਿਕਾਸ ਦਾ ਪਹਿਰਾ ਮੁੜ ਸਥਾਪਿਤ ਹੋ ਗਿਆ, ਪਰ ਇਹ ਗੱਲ ਅੰਗਰੇਜ਼ਾਂ ਦੀ ਸਾਮਰਾਜਵਾਦੀ ਨੀਤੀ ਦਾ ਇੱਕ ਵੱਡਾ ਉਦੇਸ਼ ਸੀ ਕਿ ਇਸ ਆਰਥਿਕ ਉੱਨਤੀ ਅਤੇ ਖੁਸ਼ਹਾਲੀ ਦੇ ਲਾਭ ਤੋਂ ਇੰਗਲੈਂਡ ਨੂੰ ਕਿਵੇਂ ਵਧੇਰੇ ਲਾਭ ਪਹੁੰਚਾਇਆ ਜਾਵੇ? ਅੰਗਰੇਜ਼ਾਂ ਨੂੰ ਪੰਜਾਬ ਦੇ ਰੂਪ ਵਿੱਚ ਇੱਕ ਨਵਾਂ ਖੁਸ਼ਹਾਲ ਸੂਬਾ ਪ੍ਰਾਪਤ ਹੋ



Sri Satguru Jagjit Singh Ji Elibrary NamdhariElibrary@gmail.com

ਗਿਆ, ਜਿਸ ਵਿੱਚ ਉਨ੍ਹਾਂ ਦਾ ਨਿਸ਼ਾਨਾ ਆਰਥਿਕ ਲੁੱਟ-ਖਸੁੱਟ ਅਤੇ ਸ਼ੋਸ਼ਣ ਦੁਆਰਾ ਪੰਜਾਬ ਵਿੱਚ ਪੈਦਾ ਹੋਣ ਵਾਲੇ ਕੱਚੇ ਮਾਲ ਨੂੰ ਵਿਸ਼ੇਸ਼ ਕਰਕੇ ਕਪਾਹ ਆਦਿ ਦੀ ਫ਼ਸਲ ਨੂੰ ਇੰਗਲੈਂਡ ਵਿੱਚ ਪਹੁੰਚਾ ਕੇ ਉਥੋਂ ਦੇ ਕਾਰਖ਼ਾਨਿਆਂ ਵਿੱਚ ਤਿਆਰ ਹੋਏ ਪੱਕੇ ਮਾਲ ਨੂੰ ਪੰਜਾਬ ਦੀਆਂ ਮੰਡੀਆਂ ਵਿੱਚ ਵੇਚ ਕੇ ਵਧੇਰੇ ਮੁਨਾਫਾ ਕਮਾਉਣਾ ਸੀ। ਅੰਗਰੇਜ਼ੀ ਸੈਨਿਕ ਅਤੇ ਹੋਰ ਅੰਗਰੇਜ਼ ਉੱਚ ਅਧਿਕਾਰੀ ਜੋ ਵੱਡੀਆਂ-ਵੱਡੀਆਂ ਤਨਖਾਹਾਂ ਤੇ ਪੈਨਸ਼ਨਾਂ ਲੈ ਰਹੇ ਸਨ, ਉਹ ਵੀ ਵੱਡੀ ਕਮਾਈ ਅਤੇ ਪੰਜਾਬ ਦੇ ਧਨ ਦੇ ਨਿਕਾਸ ਦਾ ਵੱਡਾ ਸਾਧਨ ਸਿੱਧ ਹੋਏ, ਜਿਸ ਦੁਆਰਾ ਬਰਤਾਨੀਆ ਦੀ ਦੌਲਤ ਵਿੱਚ ਬੇਸ਼ੁਮਾਰ ਵਾਧਾ ਹੋਇਆ।

ਸੋ ਅੰਤਿਮ ਰੂਪ ਵਿੱਚ ਪੰਜਾਬ ਦਾ ਇਹ ਆਰਥਿਕ ਅਤੇ ਸਭਿਆਚਾਰਕ ਵਿਕਾਸ ਜਾਂ ਪੋਸ਼ਣ ਅੰਗਰੇਜ਼ ਸਾਮਰਾਜਵਾਦੀਆਂ ਹੱਥੋਂ ਵੱਡੇ ਆਰਥਿਕ ਸ਼ੋਸ਼ਣ ਦਾ ਕਾਰਨ ਬਣਿਆ, ਜਿਸ ਰਾਹੀਂ ਪੰਜਾਬ ਦੀ ਜਨਤਾ ਨੂੰ ਵਧੇਰੇ ਆਰਥਿਕ ਲਾਭ ਨਾ ਹੋ ਸਕਿਆ, ਸਗੋਂ ਉਨ੍ਹਾਂ ਦੀ ਆਰਥਿਕ ਲੁੱਟ-ਖਸੁੱਟ ਨਾਲ ਅੰਗਰੇਜ਼ਾਂ ਦੀ ਅਮੀਰ ਅਤੇ ਕਾਰਖਾਨੇਦਾਰ ਸ਼੍ਰੇਣੀ ਦੇ ਖ਼ਜ਼ਾਨੇ ਹੀ ਭਰੇ ਜਾਂਦੇ ਰਹੇ। ਇਸੇ ਨੂੰ ਹੀ ਸਾਮਰਾਜਵਾਦ ਦੀ ਬਸਤੀਵਾਦੀ ਨੀਤੀ ਜਾ ਆਰਥਿਕ ਲੁੱਟ-ਖਸੁੱਟ ਦਾ ਨਾਮ ਦਿੱਤਾ ਜਾਂਦਾ ਰਿਹਾ ਹੈ।

### ਸਮਾਜਿਕ ਢਾਂਚੇ ਵਿੱਚ ਆਏ ਪਰਿਵਰਤਨ

ਇਸ ਕਾਲ ਵਿੱਚ ਨਾ ਕੇਵਲ ਪੰਜਾਬ ਦਾ ਰਾਜਨੀਤਕ ਅਤੇ ਆਰਥਿਕ ਢਾਂਚਾ ਹੀ ਬਦਲਿਆ, ਸਗੋਂ ਸਮਾਜਿਕ ਖੇਤਰ ਵਿਸ਼ੇਸ਼ ਕਰਕੇ ਹਿੰਦੂ-ਸਿੱਖ ਸਮਾਜ ਵਿੱਚ ਵੱਡੀਆਂ ਤਬਦੀਲੀਆਂ ਦ੍ਰਿਸ਼ਟੀਗੋਚਰ ਹੋਈਆਂ। ਇਸ ਸੰਬੰਧ ਵਿੱਚ ਖੁਸ਼ਵੰਤ ਸਿੰਘ ਲਿਖਦਾ ਹੈ :

[1*]"ਪੰਜਾਬ ਦੇ ਰਲੇਵੇਂ ਦਾ ਸਭ ਤੋਂ ਮਹੱਤਵਪੂਰਨ ਪ੍ਰਭਾਵ ਸਿੱਖਾਂ ਤੇ ਹਿੰਦੂਆਂ ਦੇ ਬਦਲੇ ਹੋਏ ਨਵੇਂ ਸੰਬੰਧਾਂ ਵਿੱਚ ਪ੍ਰਗਟ ਹੋਇਆ। ਇਹ ਪਹਿਲਾਂ ਵੀ ਕਿਹਾ ਜਾ ਚੁੱਕਾ ਹੈ ਕਿ ਜਦੋਂ ਤੋਂ ਖ਼ਾਲਸੇ ਨੇ ਰਾਜਸੀ ਸ਼ਕਤੀ ਨੂੰ ਪ੍ਰਾਪਤ ਕੀਤਾ, ਉਦੋਂ ਤੋਂ ਹੀ ਹਿੰਦੂਆਂ ਦੀ ਬਹੁ-ਗਿਣਤੀ ਖ਼ਾਲਸੇ ਨੂੰ ਹਿੰਦੂ ਸਮਾਜ ਦਾ ਮੁਹਰਲਾ ਦਸਤਾ ਮੰਨਦੀ ਸੀ ਅਤੇ ਉਹ ਅੰਮ੍ਰਿਤਪਾਨ ਵੀ ਕਰਦੇ ਰਹੇ ਸਨ। ਸਿੱਖ ਰਾਜਕਾਲ ਵਿੱਚ ਹਿੰਦੂਆਂ ਅਤੇ ਸਿੱਖਾਂ ਵਿੱਚ ਅੰਤਰ ਵਧੇਰੇ ਕਰਕੇ ਬਾਹਰਮੁਖੀ ਸਰੂਪ ਦਾ ਹੀ ਰਿਹਾ। ਖ਼ਾਲਸਾ ਦਾੜ੍ਹੀ ਅਤੇ ਕੇਸਾਂ ਨੂੰ ਸੁਰੱਖਿਅਤ ਰੱਖਦਾ ਸੀ, ਪਰ ਹਿੰਦੂ ਇਹ ਰਹਿਤ ਨਹੀਂ ਸਨ ਰੱਖਦੇ ਵਧੇਰੇ ਕਰਕੇ ਤਾਂ ਬ੍ਰਾਹਮਣ ਮੱਤ ਹੀ ਪ੍ਰਧਾਨ ਹੋ ਗਿਆ ਸੀ। ਨਵੇਂ ਸਿੱਖ ਜੱਟ ਸਰਦਾਰ ਹਿੰਦੂ ਰਾਜਪੂਤਾਂ ਦੀ ਰਹੁ-ਰੀਤ ਦਾ ਹੀ ਅਨੁਸਰਣ ਕਰਦੇ ਸਨ। ਗੁਰੂ ਗ੍ਰੰਥ

---

[1*] ਖੁਸ਼ਵੰਤ ਸਿੰਘ, ਪੰਜਾਬ ਦਾ ਇਤਿਹਾਸ (1839-1988), ਪੰਨਾ 95-66



Sri Satguru Jagjit Singh Ji Elibrary NamdhariElibrary@gmail.com

ਸਾਹਿਬ ਦੇ ਨਾਲ-ਨਾਲ ਉਹ ਹਿੰਦੂ ਦੇਵੀ-ਦੇਵਤਿਆਂ ਦੀ ਵੀ ਪੂਜਾ ਕਰਦੇ ਸਨ। ਗਊ ਨੂੰ ਪੂਜਨੀਕ ਮੰਨਦੇ ਸਨ। ਹਿੰਦੂਆਂ ਦੇ ਤੀਰਥ ਸਥਾਨਾਂ ਦੀ ਯਾਤਰਾ ਕਰਦੇ ਸਨ; ਬ੍ਰਾਹਮਣਾਂ ਨੂੰ ਭੋਜਨ ਛਕਾਉਂਦੇ ਸਨ। ਜੋਤਸ਼ੀਆਂ ਤੋਂ ਪੁੱਛਾਂ ਪੁੱਛਦੇ ਸਨ ਅਤੇ ਵਿਧਵਾਵਾਂ ਨੂੰ ਆਪਣੇ ਪਤੀ ਦੀ ਚਿਤਾ ਉੱਤੇ ਸਤੀ ਹੋਣ ਲਈ ਮਜ਼ਬੂਰ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੀ ਬੇਦੀ ਕੁੱਲ ਵਿੱਚ ਤਾਂ ਕੁੜੀਆਂ ਨੂੰ ਜੰਮਦਿਆਂ ਮਾਰਨ ਦੀ ਪ੍ਰਥਾ ਮੁੜ ਪ੍ਰਚੱਲਿਤ ਹੋ ਗਈ ਸੀ।

ਜਦੋਂ ਸਿੱਖਾਂ ਦੇ ਹੱਥਾਂ ਵਿੱਚੋਂ ਰਾਜ ਸੱਤਾ ਜਾਂਦੀ ਰਹੀ ਤਾਂ ਹਿੰਦੂਆਂ ਦੀ ਬਹੁ-ਗਿਣਤੀ ਜਿਸਨੇ ਪਹਿਲਾਂ ਖ਼ਾਲਸੇ ਦੀਆਂ ਰੀਤਾਂ ਨੂੰ ਧਾਰਨ ਕਰ ਲਿਆ ਸੀ, ਹੁਣ ਖ਼ਾਲਸੇ ਦੀ ਰੀਤ ਨੂੰ ਛੱਡ ਕੇ ਮੁੜ ਸਨਾਤਨ ਹਿੰਦੂ ਧਰਮ ਨਾਲ ਆ ਜੁੜੀ। ਉਨ੍ਹਾਂ ਨਾਲ ਬਹੁਤ ਸਾਰੇ ਉਹ ਸਿੱਖ ਵੀ ਰਲ ਗਏ, ਜੋ ਕਈ ਪੀੜ੍ਹੀਆਂ ਤੋਂ ਸਿੱਖ ਮੱਤ ਨੂੰ ਧਾਰਨ ਕਰਦੇ ਆਏ ਸਨ। ਲਾਰਡ ਡਲਹੌਜੀ ਨੇ ਆਪਣੇ ਦੋ ਸੰਖੇਪ ਦੌਰਿਆਂ ਸਮੇਂ ਇਸ ਪ੍ਰਵ੍ਰਿਤੀ ਨੂੰ ਤਾੜ ਲਿਆ ਸੀ। ਗਵਰਨਰ ਜਨਰਲ ਨੇ ਇਸ ਤੱਥ ਨੂੰ ਜਾਣ ਲਿਆ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿੱਚ ਜਾਤ-ਪਾਤ ਨੂੰ ਮਿਟਾ ਦਿੱਤਾ ਸੀ ਅਤੇ ਇਸ ਬੰਨ੍ਹੇ ਉਨ੍ਹਾਂ ਨੂੰ ਸਫ਼ਲਤਾ ਵੀ ਮਿਲ ਗਈ ਸੀ। ਹੁਣ ਸਹਿਜੇ-ਸਹਿਜੇ ਉਹ ਧਾਰਮਿਕ ਤੌਰ ਤੇ ਮੁੜ ਹਿੰਦੂ ਮੱਤ ਵਿੱਚ ਆ ਗਏ ਸਨ। ਜੇਕਰ ਉਹ ਸਿੱਖ ਵੀ ਰਹੇ ਤਾਂ ਉਹ ਵਧੇਰੇ ਹਿੰਦੂ ਹੀ ਬਣ ਗਏ ਸਨ। ਇਥੋਂ ਤੱਕ ਕਿ ਸਰਜਿਉ ਕਲਾਰਕ ਤਾਂ ਇੱਥੋਂ ਤੱਕ ਕਹਿਣ ਲੱਗ ਪਿਆ ਸੀ ਕਿ ਅਗਲੇ 50 ਸਾਲਾਂ ਵਿੱਚ ਸਿੱਖ ਅਲੋਪ ਹੋ ਜਾਣਗੇ, ਪਰ ਉਸਦੇ ਇਨ੍ਹਾਂ ਵਾਕਾਂ ਵਿੱਚ ਕੋਈ ਸੱਚਾਈ ਨਹੀਂ ਸੀ, ਭਾਵੇਂ ਉਸ ਤੋਂ ਛੇ ਮਹੀਨੇ ਪਹਿਲਾਂ ਇਹ ਵਰਤਾਰਾ ਵਿਆਪਕ ਰੂਪ ਵਿੱਚ ਵਰਤ ਰਿਹਾ ਸੀ।"

## ਈਸਾਈ ਮੱਤ ਦਾ ਪ੍ਰਚਾਰ

1849 ਵਿੱਚ ਅੰਗਰੇਜ਼ਾਂ ਦੇ ਨਵੇਂ ਪ੍ਰਬੰਧ ਦੇ ਆਗਮਨ ਨਾਲ ਕਈ ਨਵੀਆਂ ਪ੍ਰਵ੍ਰਿਤੀਆਂ ਵੀ ਹੋਂਦ ਵਿੱਚ ਆਈਆਂ। ਇਨ੍ਹਾਂ ਵਿੱਚੋਂ ਇੱਕ ਸੀ ਅੰਗਰੇਜ਼ਾਂ ਦੇ ਅਧਿਕਾਰ ਸਥਾਪਿਤ ਹੋਣ ਦੇ ਨਾਲ ਈਸਾਈ ਮੱਤ ਦੇ ਪ੍ਰਚਾਰ ਦਾ ਵਿਆਪਕ ਰੂਪ ਵਿੱਚ ਸਾਰੇ ਪੰਜਾਬ ਵਿੱਚ ਫੈਲ ਜਾਣਾ। ਅੰਗਰੇਜ਼ਾਂ ਦੀ ਰਾਜਨੀਤਕ ਸ਼ਕਤੀ ਦੇ ਨਾਲ ਹੀ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੀ ਲਹਿਰ ਵੀ ਜ਼ੋਰ ਫੜਦੀ ਗਈ ਅਤੇ ਥੋੜ੍ਹੇ ਸਮੇਂ ਵਿੱਚ ਹੀ ਇਸਦੇ ਪ੍ਰਭਾਵ ਸਾਰੇ ਪੰਜਾਬ ਵਿੱਚ ਛਾ ਗਏ। ਉਹ ਬੜੇ ਜ਼ੋਰ-ਸ਼ੋਰ ਨਾਲ ਲੋਕਾਂ ਨੂੰ ਈਸਾਈ ਧਰਮ ਧਾਰਨ ਕਰਨ ਲਈ ਪ੍ਰੇਰ ਰਹੇ ਸਨ। ਅਤੇ ਆਪਣੇ ਉਦੇਸ਼ ਦੀ ਪੂਰਤੀ ਲਈ ਸਦੇਸੀ ਧਰਮਾਂ ਅਤੇ ਸਭਿਆਚਾਰ ਦੀ ਖੁਲ੍ਹੇਆਮ ਨੁਕਤਾਚੀਨੀ ਕਰ ਰਹੇ ਸਨ। ਈਸਾਈ ਧਰਮ ਦੀ ਤੁਲਨਾ ਵਿੱਚ ਇਨ੍ਹਾਂ ਨੂੰ ਘਟੀਆ ਅਤੇ ਈਸਾਈ ਧਰਮ ਨੂੰ ਸਰਬ ਸ੍ਰੇਸ਼ਟ ਸਿੱਧ ਕਰ ਰਹੇ ਸਨ। ਇਸ ਤੋਂ ਬਿਨਾਂ ਉਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਨੇ ਗਊ-ਹੱਤਿਆ ਦੀ ਖੁੱਲ੍ਹ ਦੇ ਦਿੱਤੀ। ਥਾਂ-ਥਾਂ ਬੁੱਚੜਖਾਨੇ ਖੁਲ੍ਹਵਾ ਦਿੱਤੇ ਅਤੇ ਗਊ-ਮਾਸ ਵੇਚਣ ਦੀ ਵੀ ਆਗਿਆ ਦੇ ਦਿੱਤੀ। ਅੰਮ੍ਰਿਤਸਰ ਵਰਗੇ ਪਵਿੱਤਰ ਤੀਰਥ ਸਥਾਨ ਤੇ ਅਜਿਹੀਆਂ ਖੁੱਲਾਂ ਦੇਣ ਨਾਲ ਲੋਕਾਂ ਵਿੱਚ ਬੜੀ ਜ਼ਬਰਦਸਤ ਰੋਸ ਦੀ ਲਹਿਰ ਪੈਦਾ ਹੋਈ, ਪਰ ਅਜਿਹੇ ਲੋਕਾਂ ਦੀ ਗਿਣਤੀ ਬੜੀ ਥੋੜ੍ਹੀ ਸੀ। ਵਧੇਰੇ ਗਿਣਤੀ ਵਿੱਚ ਲੋਕ ਜਾ ਤਾਂ ਅੰਗਰੇਜ਼ੀ ਹਕੂਮਤ ਤੋਂ ਡਰਦੇ ਸਨ, ਜਾਂ ਹੋਊ-ਪਰੇ ਕਹਿ ਕੇ ਇਸ ਦੇ ਮਾਰੂ ਪ੍ਰਭਾਵਾਂ ਬਾਰੇ ਸੁਚੇਤ ਨਹੀਂ ਸਨ। ਵੱਡੇ-ਵੱਡੇ ਸਰਦਾਰ ਅਤੇ ਜਾਗੀਰਦਾਰ ਤਾਂ ਬਿਲਕੁਲ ਹੀ ਅੰਗਰੇਜ਼ਾਂ ਦੇ ਜੀ-ਹਜ਼ੂਰੀਏ ਅਤੇ ਹੱਥ ਠੋਕੇ ਬਣ ਚੁੱਕੇ ਸਨ।

[1*]"ਸੀ. ਐਚ. ਲੌਇਲਿਨ ਅਨੁਸਾਰ ਗਵਰਨਰ ਜਨਰਲ ਲਾਰਡ ਡਲਹੌਜ਼ੀ ਤੋਂ ਬਿਨਾਂ ਹੈਨਰੀ ਲਾਰੰਸ, ਜਾਨ ਲਾਰੰਸ, ਰਾਬਟ ਮੰਟਗੁਮਰੀ ਅਤੇ ਉਸ ਸਮੇਂ ਦੇ ਬਹੁਤ ਸਾਰੇ ਉੱਚ ਅੰਗਰੇਜ਼ ਅਧਿਕਾਰੀ ਈਸਾਈ ਮਿਸ਼ਨਰੀਆਂ ਦੀ ਖੁੱਲ੍ਹ ਕੇ ਸਹਾਇਤਾ ਕਰ ਰਹੇ ਸਨ ਅਤੇ ਵੱਡੀਆਂ-ਵੱਡੀਆਂ ਰਕਮਾਂ ਚੰਦੇ ਵਜੋਂ ਦੇ ਰਹੇ ਸਨ। ਉਸਨੇ ਇਹ ਵੀ ਲਿਖਿਆ ਹੈ ਕਿ ਲੁਧਿਆਣੇ ਦੇ ਇਰਦ-ਗਿਰਦ ਰਾਮਪੁਰ ਦੋਰਾਹੇ ਅਤੇ ਹੋਰ ਕਈ ਥਾਂਵਾਂ ਤੇ ਈਸਾਈਆਂ ਦੇ ਗਿਰਜੇ ਅਤੇ ਪ੍ਰਚਾਰ ਕੇਂਦਰ ਬੜੀ ਸਰਗਰਮੀ ਨਾਲ ਈਸਾਈ ਮੱਤ ਦਾ ਪ੍ਰਚਾਰ ਕਰ ਰਹੇ ਸਨ। ਲੋਕਾਂ ਨੂੰ ਈਸਾਈ ਧਰਮ ਧਾਰਨ ਕਰਵਾਉਣ ਲਈ ਪ੍ਰੇਰ ਰਹੇ ਸਨ। ਸਰਕਾਰੀ ਸਹੂਲਤਾਂ ਦੀ ਲਾਲਸਾ ਵੀ ਦੇ ਰਹੇ ਸਨ। ਬੜੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਗਿਰਜੇ ਘਰ ਕਾਇਮ ਹੋ ਗਏ ਅਤੇ ਈਸਾਈਆਂ ਦੀ ਗਿਣਤੀ ਜੋ ਪਹਿਲਾਂ ਪੰਜਾਬ ਵਿੱਚ ਮੁੱਠੀ ਭਰ ਹੁੰਦੀ ਸੀ, ਉਹ ਹਜ਼ਾਰਾਂ ਦੀ ਗਿਣਤੀ ਵਿੱਚ ਵੱਧ ਗਈ।"

1834 ਵਿੱਚ ਜੌਨ੍ਹ ਲੋਗੀ ਦੇ ਪੰਜਾਬ ਆਉਣ ਨਾਲ ਲੁਧਿਆਣੇ ਵਿਖੇ ਈਸਾਈ ਮਿਸ਼ਨਰੀ ਕੇਂਦਰ ਸਥਾਪਿਤ ਹੋ ਗਿਆ ਸੀ। ਇਸ ਮਿਸ਼ਨ ਵੱਲੋਂ ਈਸਾਈ ਮੱਤ ਦਾ ਖੁੱਲ੍ਹ ਕੇ ਪ੍ਰਚਾਰ ਕੀਤਾ ਗਿਆ। ਈਸਾਈ ਧਰਮ ਬਾਰੇ ਕਈ ਪੁਸਤਕਾਂ ਪੰਜਾਬੀ ਭਾਸ਼ਾ ਵਿੱਚ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ। ਇਨ੍ਹਾਂ ਵਿਚ ਅੰਜੀਲ ਦੇ ਕੁਝ ਭਾਗਾਂ ਦੇ ਅਨੁਵਾਦ ਵੀ ਸ਼ਾਮਿਲ ਸਨ।

[2*]ਸਿੱਖ ਰਾਜ ਕਾਲ ਵਿੱਚ ਵਿਸ਼ੇਸ਼ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦੀ ਆਗਿਆ ਨਹੀਂ ਸੀ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਲਾਹੌਰ ਵਿਖੇ ਇੱਕ ਅੰਗਰੇਜ਼ੀ ਸਕੂਲ ਖੋਲ੍ਹਣ ਦਾ ਵਿਚਾਰ ਬਣਾਇਆ ਤਾਂ ਕੁਝ ਸਮੇਂ ਪਿਛੋਂ ਇਹ ਜਾਣ ਕੇ ਕਿ ਈਸਾਈ

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 16
[2*] ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 86



Sri Satguru Jagjit Singh Ji Elibrary NamdhariElibrary@gmail.com

ਮਿਸ਼ਨਰੀ ਅੰਗਰੇਜ਼ੀ ਰਾਹੀਂ ਈਸਾਈ ਮੱਤ ਦਾ ਧਰਮ ਪ੍ਰਚਾਰ ਕਰ ਰਹੇ ਹਨ, ਇਸ ਸਕੂਲ ਨੂੰ ਬੰਦ ਕਰ ਦਿੱਤਾ ਗਿਆ।

1*ਸੀ. ਐੱਚ. ਲੋਇਲੀਨ ਨੇ ਈਸਾਈ ਮੱਤ ਦੇ ਪ੍ਰਚਾਰ ਸੰਬੰਧੀ ਇੱਕ ਹਵਾਲਾ ਹੋਰ ਦਿੱਤਾ ਹੈ, ਜਦੋਂ ਲੁਧਿਆਣੇ ਦੇ ਈਸਾਈ ਮਿਸ਼ਨ ਵੱਲੋਂ ਗੋਲਕ ਨਾਥ ਨਾਮੀ ਮਸੀਹੀ ਪ੍ਰਚਾਰਕ ਨੂੰ ਲੁਧਿਆਣਾ ਤੋਂ ਫਿਲੌਰ ਭੇਜਿਆ ਗਿਆ। ਇਸ ਨੇ ਕਿਲ੍ਹੇ ਦੇ ਕੋਲ ਹੀ ਅੰਜੀਲ ਦਾ ਧਰਮ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਸਮੇਂ ਦੇ ਸਿੱਖ ਅਧਿਕਾਰੀਆਂ ਨੇ ਉਸ ਨੂੰ ਫੜ੍ਹ ਲਿਆ ਅਤੇ ਚੱਕੀ ਦਾ ਪੁੜ ਉਸਦੇ ਸਿਰ ਉੱਤੇ ਰੱਖ ਦਿੱਤਾ। ਕੁਝ ਦਿਨਾਂ ਤੋਂ ਮਗਰੋਂ ਸਿੱਖਾਂ ਨੇ ਉਸ ਨੂੰ ਇਹ ਤਾਕੀਦ ਕਰਕੇ ਕਿ ਉਹ ਮੁੜ ਇੱਧਰ ਨਾ ਆਵੇ ਵਾਪਸ ਲੁਧਿਆਣੇ ਭੇਜ ਦਿੱਤਾ। ਇਹ ਘਟਨਾ 1849 ਤੋਂ ਪਹਿਲਾਂ ਦੀ ਹੈ। 1849 ਤੋਂ ਪਿਛੋਂ ਤਾਂ ਪੰਜਾਬ ਦੇ ਅੰਗਰੇਜ਼ਾਂ ਅਧੀਨ ਆਉਣ ਪਿਛੋਂ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਈਸਾਈ ਗਿਰਜਾ ਘਰ ਅਤੇ ਈਸਾਈ ਮਿਸ਼ਨਰੀ ਸਕੂਲ, ਈਸਾਈ ਹਸਪਤਾਲ ਖੁੰਬਾਂ ਵਾਂਗੂ ਪੈਦਾ ਹੋ ਗਏ ਅਤੇ ਇਨ੍ਹਾਂ ਸੰਸਥਾਵਾਂ ਨੂੰ ਅੰਗਰੇਜ਼ੀ ਸਰਕਾਰ ਦੀ ਖੁਲ੍ਹੀ ਸਰਪ੍ਰਸਤੀ ਅਤੇ ਸਹਾਇਤਾ ਪ੍ਰਾਪਤ ਹੁੰਦੀ ਰਹੀ। ਹੈਨਰੀ ਲਾਰੰਸ ਈਸਾਈ ਧਰਮ ਪ੍ਰਚਾਰ ਲਈ 500 ਰੁਪਿਆ ਹਰ ਸਾਲ ਚੰਦੇ ਦੇ ਰੂਪ ਵਿੱਚ ਸਹਾਇਤਾ ਵਜੋਂ ਈਸਾਈ ਮਿਸ਼ਨਰੀਆਂ ਨੂੰ ਦਿੰਦਾ ਰਿਹਾ ਸੀ। ਇਸ ਤਰ੍ਹਾਂ ਉਸ ਸਮੇਂ ਦੇ ਇੱਕ ਅੰਗਰੇਜ਼ ਅਫ਼ਸਰ ਨੇ ਅਜਿਹੇ ਮਿਸ਼ਨਰੀ ਕੰਮ ਲਈ 10,000 ਰੁਪਏ ਦਾਨ ਵਜੋਂ ਦਿੱਤੇ ਸਨ।

1849 ਤੋਂ ਪਿਛੋਂ ਈਸਾਈ ਧਰਮ ਪ੍ਰਚਾਰ ਦੀ ਇਹ ਲਹਿਰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਅਰਥਾਤ ਸਾਰੇ ਭਾਰਤੀ ਧਰਮਾਂ ਲਈ ਇੱਕ ਵੰਗਾਰ ਬਣ ਗਈ, ਜਿਸ ਦੇ ਪ੍ਰਤੀਕਰਮ ਵਜੋਂ ਬਹੁਤ ਸਾਰੀਆਂ ਧਾਰਮਿਕ ਲਹਿਰਾਂ ਪੈਦਾ ਹੋਈਆਂ। ਇਹ ਈਸਾਈ ਧਰਮ ਪ੍ਰਚਾਰ ਦੀ ਲਹਿਰ ਏਨੀ ਪ੍ਰਭਾਵਸ਼ਾਲੀ ਸੀ ਕਿ ਕਪੂਰਥਲੇ ਦੀ ਰਿਆਸਤ ਦੇ ਰਾਜ ਘਰਾਣੇ ਦੇ ਉੱਘੇ ਸਰਦਾਰ ਵੀ ਇਸ ਦੇ ਪ੍ਰਭਾਵ ਤੋਂ ਨਾਂਹ ਬਚ ਸਕੇ।

2*ਜਦੋਂ ਮਹਾਰਾਜਾ ਦਲੀਪ ਸਿੰਘ ਨੇ ਜੋਨ੍ਹ ਲੋਗਨ ਦੇ ਪ੍ਰਭਾਵ ਥੱਲੇ ਵਿੱਚ ਈਸਾਈ ਧਰਮ ਨੂੰ ਧਾਰਨ ਕਰ ਲਿਆ ਤਾਂ ਲਾਰਡ ਡਲਹੌਜੀ ਨੂੰ ਉਸ ਸਮੇਂ ਵਿਸ਼ੇਸ਼ ਪ੍ਰਸੰਨਤਾ ਹੋਈ।

---

1* ਡਾ. ਏ. ਸੀ. ਅਰੋੜਾ, ਪੰਜਾਬ ਦਾ ਇਤਿਹਾਸ (1799-1966), ਪੰਨਾ 206

2* ਡਾ. ਗੰਡਾ ਸਿੰਘ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਪੰਨਾ 82



Sri Satguru Jagjit Singh Ji Elibrary NamdhariElibrary@gmail.com

# 20

# ਸਤਿਗੁਰੂ ਰਾਮ ਸਿੰਘ ਦੇ ਆਤਮ ਚਿੰਤਨ ਦਾ ਦੌਰ

**ਸਤਿਗੁਰੂ ਰਾਮ ਸਿੰਘ ਜੀ ਦਾ ਵਾਪਸ ਪਿੰਡ ਪਰਤਣਾ**

ਸਿੱਖਾਂ ਅਤੇ ਅੰਗਰੇਜ਼ਾਂ ਦੀ ਪਹਿਲੀ ਜੰਗ ਸਮੇਂ ਗੁਰੂ ਰਾਮ ਸਿੰਘ ਜੀ ਨੇ ਜੰਗ ਵਿੱਚ ਹਿੱਸਾ ਨਹੀਂ ਸੀ ਲਿਆ ਅਤੇ ਉਸ ਸਮੇਂ ਦਰਿਆ ਵਿੱਚ ਹਥਿਆਰ ਸੁੱਟ ਕੇ ਪਿੰਡ ਵਾਪਸ ਆਉਣ ਦਾ ਮਨ ਬਣਾ ਲਿਆ ਸੀ। ਸਵਾਲ ਉੱਠਦਾ ਹੈ ਕਿ ਆਪ ਜੀ ਨੇ ਉਸ ਸਮੇਂ ਉਸ ਜੰਗ ਵਿੱਚ ਹਿੱਸਾ ਕਿਉਂ ਨਾ ਲਿਆ? ਜਿਸ ਵਿੱਚ ਤੇਜ ਸਿੰਘ ਅਤੇ ਲਾਲ ਸਿੰਘ ਵਰਗੇ ਗ਼ਦਾਰ ਆਗੂਆਂ ਦੇ ਕਾਰਨ ਖ਼ਾਲਸਾ ਫ਼ੌਜ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਸ ਜੰਗ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਯੋਧੇ ਅਤੇ ਸ਼ਾਮ ਸਿੰਘ ਅਟਾਰੀ ਵਰਗੇ ਜਰਨੈਲ ਦੁਸ਼ਮਣ ਨਾਲ ਲੜਦੇ ਹੋਏ ਸ਼ਹੀਦੀਆਂ ਪਾ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ :

ਕਦੇ ਨਾ ਨੱਠੇ ਯੁੱਧ ਤੋਂ ਯੋਧੇ ਜੁਝਾਰੇ

ਸਤਿਗੁਰੂ ਰਾਮ ਸਿੰਘ ਜੀ ਵੀ ਦੁਸ਼ਮਣ ਵਿਰੁੱਧ ਇਸ ਜੰਗ ਵਿੱਚ ਭਾਗ ਲੈ ਸਕਦੇ ਸਨ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ ਕਿਉਂ ਜੋ ਸਤਿਗੁਰੂ ਜੀ ਇਸ ਗੱਲ ਤੋਂ ਭਲੀ-ਭਾਂਤ ਜਾਣੂ ਸਨ ਕਿ ਸਿੱਖ ਸੈਨਾ ਦੇ ਆਗੂ ਜਰਨੈਲਾਂ ਦਾ ਇਸ ਜੰਗ ਵਿੱਚ ਇੱਕੋ ਇੱਕ ਮਨੋਰਥ ਇਸ ਜੰਗ ਵਿੱਚ ਲਾਹੌਰ ਦਰਬਾਰ ਦੀ ਸੈਨਾ ਦੀ ਮੁਕੰਮਲ ਤਬਾਹੀ ਸੀ, ਕਿਉਂ ਜੋ ਲਾਲ ਸਿੰਘ ਅਤੇ ਤੇਜ ਸਿੰਘ ਜੋ ਅੰਦਰ ਖਾਤੇ ਅੰਗਰੇਜ਼ਾਂ ਨਾਲ ਸੌਦੇਬਾਜੀ ਕਰ ਚੁੱਕੇ ਸਨ। ਸਤਿਗੁਰੂ ਜੀ ਦੇ ਸਾਹਮਣੇ ਇੱਕ ਵੱਡਾ ਆਦਰਸ਼ ਸੀ ਕਿ ਖ਼ਾਲਸੇ ਵਿੱਚ ਆ ਰਹੀ ਆਚਰਨਿਕ ਗਿਰਾਵਟ ਅਤੇ ਸਮੁੱਚੇ ਨਿਘਾਰ ਤੋਂ ਕੌਮ ਨੂੰ ਕਿਵੇਂ ਮੁੜ ਜਾਗਰੂਪ ਕੀਤਾ ਜਾਵੇ ਅਤੇ ਕਿਸ ਤਰ੍ਹਾਂ ਮੁੜ ਸੁਤੰਤਰਤਾ ਦੀ ਪ੍ਰਾਪਤੀ ਲਈ ਉਭਾਰਿਆ ਜਾਵੇ।

ਆਪ ਦਰਿਆ ਦੇ ਕੰਢੇ-ਕੰਢੇ ਚੱਲਦੇ ਹੋਏ ਫਲੌਰ ਤੋਂ ਦਰਿਆ ਪਾਰ ਕਰਕੇ ਲੁਧਿਆਣੇ ਆਪਣੇ ਨਾਨਕੇ ਘਰ ਆ ਗਏ। ਇੱਥੇ ਉਨ੍ਹਾਂ ਦੀ ਮਾਮੀ ਰਾਮੀਂ ਨੇ ਸੁੱਖੀ-ਸਾਂਦੀ ਘਰ ਆਉਣ ਉੱਤੇ ਬੜੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਆਪ ਜੀ



Sri Satguru Jagjit Singh Ji Elibrary NamdhariElibrary@gmail.com

ਦੇ ਮਾਮਾ ਹਰੀ ਸਿੰਘ ਬਾਬਾ ਗੁਰਦਿੱਤਾ ਜੀ ਦੇ ਸ਼ਰਧਾਲੂ ਸਨ। ਮਾਮੇ ਦੇ ਪੁੱਤਰ ਖ਼ਜ਼ਾਨ ਸਿੰਘ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਬੜਾ ਸਨੇਹ ਸੀ। ਕੁਝ ਦਿਨ ਨਾਨਕੇ ਰਹਿ ਕੇ ਜਦੋਂ ਆਪ ਪਿੰਡ ਭੈਣੀ ਨੂੰ ਜਾਣ ਲਈ ਤਿਆਰ ਹੋਏ ਤਾਂ ਮਾਮੀ ਰਾਮੀਂ ਵੀ ਨਾਲ ਗਈ।

ਮਾਮੀ ਰਾਮੀਂ ਨੇ ਹੀ ਆਪ ਜੀ ਨੂੰ ਦੱਸਿਆ ਸੀ ਕਿ ਆਪ ਦੇ ਘਰ ਪੁੱਤਰ ਹੋ ਕੇ ਗੁਜਰ ਗਿਆ ਹੈ। ਗੁਰੂ ਰਾਮ ਸਿੰਘ ਜੀ ਨੇ ਮਾਮੀ ਨੂੰ ਤੁਰੰਤ ਇਹ ਉੱਤਰ ਦਿੱਤਾ, 1*"............ਚੰਗਾ ਹੋਇਆ ਚੜ੍ਹ ਗਿਆ ਹੈ। ਨਾਦੀ ਖ਼ਾਲਸਾ ਪੈਦਾ ਕਰਾਂਗੇ। ਬਿੰਦੀ ਨਹੀਂ ਰੱਖਣਾ ਹੈ। ਨਾਦੀ ਪੁੱਤਰ ਬਥੇਰੇ ਹੋਇ ਜਾਣਗੇ।"

ਇਸ ਤਰ੍ਹਾਂ ਦੇ ਬਚਨ ਗੁਰੂ ਰਾਮ ਸਿੰਘ ਜੀ ਮਸਤਾਨੀ ਬਿਰਤੀ ਵਿੱਚ ਅਕਸਰ ਕਰ ਦਿੰਦੇ ਸਨ, ਜਿਨ੍ਹਾਂ ਵਿੱਚ ਕਈ ਰਮਜ਼ੀਆ ਗੱਲ ਲੁੱਕੀ ਹੁੰਦੀ ਸੀ।

ਰਸਤੇ ਵਿਚ ਢੰਡਾਰੀ ਆਪਣੀ ਭਤੀਜੀ ਰੂਪਾ ਨੂੰ ਮਿਲਦੇ ਹੋਏ ਜੰਡਾਲੀ ਤੇ ਰਾਈਆਂ ਦੇ ਰਸਤੇ ਪਿੰਡ ਭੈਣੀ ਆ ਗਏ। ਪਿੰਡ ਵਾਪਿਸ ਆਉਣ ਦੇ ਸਮਾਚਾਰਾਂ ਨੂੰ ਸਤਿਗੁਰੂ ਬਿਲਾਸ (ਭਾਗ ਪਹਿਲਾ) ਦੇ ਕਰਤਾ ਨੇ ਬੜੇ ਰੌਚਿਕ ਢੰਗ ਨਾਲ ਬਿਆਨ ਕੀਤਾ ਹੈ :

2*"ਜਾਂ ਰਾਈਆਂ ਲੰਘੇ ਤਾਂ ਮਾਮੀ ਨੂੰ ਸਤਿਗੁਰੂ ਜੀ ਨੇ ਕਿਹਾ ਜੋ ਘਰ ਚੁੱਪ ਕੀਤੇ ਗਏ ਤਾਂ ਜੱਸਾਂ ਕਹੇਗੀ ਨਪੁੱਤੇ ਨੂੰ ਮੋਹ ਨਾ ਸੀ। ਚੁੱਪ ਕੀਤਾ ਘਰ ਆਇ ਵੜਿਆ ਹੈ, ਬੱਚਾ ਪਿਟਿਆ। ਤਾਂ ਤੇ ਰੋਂਦੇ ਚਲੀਏ। ਜਾਂ ਤੂੰ ਕੂਕ ਮਾਰੇਂਗੀ ਤਾਂ ਮੈਂ ਵੀ ਨਾਲ ਹੀ ਮਾਰਾਂਗਾ। ਮਾਮੀ ਨੇ ਸੁੰਦਲੇ ਵਾਂਗੂ ਕੱਪੜਾ ਬੰਨ੍ਹ ਲਿਆ। ਪਹੇ ਕੀ ਬੀਚ ਤੁਰੇ ਆਉਂਦੇ ਮਾਮੀ ਨੇ ਕੂਕ ਮਾਰੀ। ਮਗਰ ਈ ਸਤਿਗੁਰੂ ਜੀ ਕੂਕ ਮਾਰੀ। ਲੋਕ ਗੋਡੀ ਕਰਦੇ ਸੇ। ਓਹਨਾਂ ਨੇ ਕਿਹਾ ਏਓ ਕੀ ਹੁੰਦਾ ਹੈ? ਮਰਦ ਬੁੱਢੀ ਦੋਵੇਂ ਈ ਰੋਂਦੇ ਹੈਂ। ਦੇਖਕੇ ਏਕ ਨੇ ਕਿਹਾ ਏਹ ਬੁੱਢੀ ਤਾਂ ਲੁਧਿਆਣੇ ਵਾਲੀ ਹੈ। ਏਹ ਏਸਦਾ ਦੋਹਤਾ ਹੈ। ਜੱਸਾ ਸਿੰਘ ਲੁਹਾਰ ਕਾ ਪੁੱਤ ਰਾਮ ਸਿੰਘ ਹੈ।

ਬਾਬਾ ਭੀ ਰਾਈਆਂ ਵਾਲੇ ਰਸਤੇ ਨੂੰ ਚਲਾ ਜਾਂਦਾ ਸੀ। ਦੂਰੋਂ ਈ ਕਹਿਣ ਲੱਗੇ ਬਾਬਾ ਜੱਸਾ ਤੇਰਾ। ਪੁੱਤਰ ਆਇਆ ਹੈ। ਬਾਬਾ ਜੀ ਪੁੱਤਰ ਦੇ ਦਰਸ਼ਨ ਕਰਕੇ ਹਰੇ ਹੋਇ ਗਏ। ਜੋ ਚਿੰਤਾ ਸੀ ਸੋ ਦੂਰ ਹੋਈ। ਘਰ ਆਏ, ਬਦਨ ਬਲਾਸ ਕਰਨੇ ਲੱਗੇ। ਮਾਤਾ ਸਦਾ ਕੌਰ ਦੇਖਕੇ ਬੜੀ ਪ੍ਰਸੰਨ ਹੋਈ। ਰਾਤ ਸੁਖ ਸ਼ਾਂਤ ਨਾਲ ਕੱਟੀ। ਛੋਟੇ ਭਾਈ ਕੋ ਖੁਸ਼ੀਆਂ ਦਿੱਤੀਆਂ, ਬਚਨ ਬਿਲਾਸ ਸਭ ਕੀਤੇ।"

ਪਿੰਡ ਆ ਕੇ ਆਪ ਭਜਨ, ਬੰਦਗੀ ਤੇ ਤਪ ਸਾਧਨਾ ਵਿੱਚ ਮਗਨ ਹੋ ਗਏ। ਫਿਰ ਪਰਿਵਾਰਿਕ ਜੀਵਨ ਦੇ ਸੁਖਾਲੇ ਨਿਭਾ ਲਈ ਆਪ ਨੇ ਖੇਤੀ ਦੇ

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਕ੍ਰਿਤ, ਭਾਗ ਪਹਿਲਾ, ਪੰਨਾ 134
2* ਉਪਰੋਕਤ, ਪੰਨਾ 136



Sri Satguru Jagjit Singh Ji Elibrary NamdhariElibrary@gmail.com

ਕਿਰਸਾਨੀ ਕਿੱਤੇ ਨੂੰ ਅਪਨਾਇਆ। ਕੁਝ ਸਮੇਂ ਲਈ ਸੁਖੂ ਅਤੇ ਫਿਰ ਖੇਮੇ ਜੱਟ ਨਾਲ ਭਾਈਵਾਲੀ ਕੀਤੀ। ਖੇਤੀਬਾੜੀ ਦੇ ਕਾਰ-ਵਿਹਾਰ ਨਾਲ ਆਪ ਆਪਣੇ ਪਿਤਾ ਬਾਬਾ ਜੱਸਾ ਸਿੰਘ ਦੇ ਕਾਰਖਾਨੇ ਵਿੱਚ ਵੀ ਉਸ ਦੇ ਕੰਮ ਵਿੱਚ ਹੱਥ ਵਟਾਉਂਦੇ ਰਹੇ। ਛੋਟੇ ਭਾਈ ਬੁੱਧ ਸਿੰਘ ਨੇ ਗੱਡਾ ਰੱਖਿਆ ਹੋਇਆ ਸੀ ਅਤੇ ਉਹ ਦੂਰ-ਦੂਰ ਤੱਕ ਜਾ ਕੇ ਕੁਝ ਵਸਤਾਂ ਲੈ ਆਉਂਦੇ ਅਤੇ ਪਿੰਡ ਵਿੱਚ ਹੱਟੀ ਉੱਤੇ ਉਨ੍ਹਾਂ ਚੀਜ਼ਾਂ ਨੂੰ ਮਾਮੂਲੀ ਨਫ਼ੇ ਉੱਤੇ ਵੇਚ ਦਿੰਦੇ। ਗੁਰੂ ਰਾਮ ਸਿੰਘ ਨੂੰ ਪਿੰਡ ਵਾਸੀ ਸਤਿਕਾਰ ਵਜੋਂ ਭਾਈ ਜੀ ਕਰਕੇ ਬੁਲਾਉਂਦੇ ਸਨ। ਆਪਣੇ ਵਿਵਹਾਰਿਕ ਜੀਵਨ ਵਿੱਚ ਵੀ ਸਿਰ ਤੋੜ ਮਿਹਨਤ ਕਰਦੇ ਫਿਰ ਵੀ ਨਾਲ ਦੇ ਭਾਈਵਾਲ ਸਤਿਕਾਰ ਵਜੋਂ ਉਨ੍ਹਾਂ ਨੂੰ ਨਾਮ-ਬਾਣੀ ਤੇ ਭਗਤ ਭਾਵ ਵਿੱਚ ਲਿਵਲੀਨ ਰਹਿਣ ਕਾਰਨ ਬਹੁਤਾ ਔਖਾ ਕੰਮ ਨਹੀਂ ਸੀ ਕਰਨ ਦਿੰਦੇ।

ਕੰਮ ਦੇ ਵੱਧ ਜਾਣ ਕਾਰਨ ਆਪ ਜੀ ਨੂੰ ਕਈ ਵਾਰ ਸੀਰੀਂ ਰੱਖਣੇ ਪਏ। ਭੈਣੀ ਦਾ ਲੰਬੜਦਾਰ ਹਮੀਰਾ ਆਪ ਜੀ ਨਾਲ ਲਾਗਤਬਾਜ਼ੀ ਰੱਖਦਾ ਸੀ। ਇਸ ਲਈ ਆਪ ਉਪਰਾਮ ਹੋ ਕੇ ਭੈਣੀ ਤੋਂ ਰਾਈਆਂ ਜਾ ਵਸੇ ਅਤੇ ਜਿਊਣ ਸਿੰਘ ਨਾਲ ਰਲ ਕੇ ਖੇਤੀ ਕਰਨ ਲੱਗੇ। ਹਮੀਰੇ ਦੀ ਮੌਤ ਪਿਛੋਂ ਪਿੰਡ ਭੈਣੀ ਦੇ ਵਾਸੀਆਂ ਨੇ ਇਹ ਸਮਝਿਆ ਕਿ ਉਸ ਦੀ ਮੌਤ ਗੁਰੂ ਰਾਮ ਸਿੰਘ ਜੀ ਦੇ ਸਰਾਪ ਕਾਰਨ ਹੋਈ ਹੈ। ਭੈਣੀ ਪਿੰਡ ਦੇ ਕੁਝ ਪਤਵੰਤੇ ਸੱਜਣਾਂ ਨੇ ਜਿਨ੍ਹਾਂ ਵਿੱਚ ਲਹਿਣਾ ਸਿੰਘ ਵੀ ਸੀ, ਨੇ ਰਾਈਆਂ ਜਾ ਕੇ ਗੁਰੂ ਰਾਮ ਸਿੰਘ ਨੂੰ ਬੇਨਤੀ ਕਰਕੇ ਮੁੜ ਭੈਣੀ ਵਾਪਿਸ ਲੈ ਆਂਦਾ। ਗੁਰੂ ਰਾਮ ਸਿੰਘ ਜੀ ਨੇ ਲਹਿਣਾ ਸਿੰਘ ਨੂੰ ਕਿਹਾ, "ਲਹਿਣਾ ਸਿੰਘ। ਨਿਬਾਹੇਂਗਾ ਵੀ।" ਲਹਿਣਾ ਸਿੰਘ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਬਚਪਨ ਦਾ ਸਾਥੀ ਸੀ ਅਤੇ ਉਨ੍ਹਾਂ ਦਾ ਬੜਾ ਸਤਿਕਾਰ ਕਰਦਾ ਹੁੰਦਾ ਸੀ, ਨੇ ਕਿਹਾ — "ਨਿਬਾਹਣ ਵਾਲਾ ਤਾਂ ਤੂੰ ਆਪ ਹੈ।" ਪਿੰਡ ਵਿੱਚ ਮੇਰੀਆਂ ਤਿੰਨ ਥਾਵਾਂ ਖਾਲੀ ਪਈਆਂ ਹਨ।

ਆਪ ਜਿੱਥੇ ਜੀਅ ਚਾਹੇ ਪਿੰਡ ਵਿੱਚ ਜਾ ਕੇ ਆਪਣਾ ਵਾਸਾ ਕਰ ਲਉ। ਗੁਰੂ ਰਾਮ ਸਿੰਘ ਵਾਪਸ ਭੈਣੀ ਆ ਗਏ ਅਤੇ ਉੱਥੇ ਆ ਕੇ ਆਪਣੀ ਰਿਹਾਇਸ਼ ਲਈ ਨਵੇਂ ਕੋਠੇ ਛੱਤ ਲਏ।

ਪਿੰਡ ਦੀ ਦੱਖਣ ਵਾਲੀ ਬਾਹੀਂ ਤੂਤਾਂ ਵਾਲੇ ਖੂਹ ਕੋਲ ਆਪ ਜੀ ਨੇ ਆਪਣੇ ਲਈ ਇੱਕ ਵਿਸ਼ੇਸ਼ ਸਥਾਨ ਬਣਾਇਆ, ਜਿਸ ਵਿੱਚ ਇੱਕ ਥੜ੍ਹਾ ਬਣਾਇਆ ਗਿਆ, ਜਿਸ ਉੱਤੇ ਬੈਠ ਕੇ ਆਪ ਭਜਨ ਬੰਦਗੀ ਕਰਦੇ ਹੁੰਦੇ ਸਨ। ਥੜ੍ਹੇ ਦੇ ਦੁਆਲੇ ਨਾਲੀ ਪੁੱਟ ਕੇ ਪਾਣੀ ਭਰ ਦਿੰਦੇ ਸਨ ਤਾਂ ਜੋ ਕੋਈ ਕੀੜਾ-ਮਕੌੜਾ ਸਿਮਰਨ ਕਰਨ ਸਮੇਂ ਉਨ੍ਹਾਂ ਦੀ ਸੁਰਤੀ ਨੂੰ ਭੰਗ ਨਾ ਕਰ ਸਕੇ। ਇਹੋ ਸਥਾਨ ਹੀ ਪਿਛੋਂ ਜਾ ਕੇ ਅਕਾਲ ਬੁੰਗੇ ਦੇ ਨਾਮ ਨਾਲ ਪ੍ਰਸਿੱਧ ਹੋਇਆ ਅਤੇ



Sri Satguru Jagjit Singh Ji Elibrary NamdhariElibrary@gmail.com

ਸ਼੍ਰੀ ਭੈਣੀ ਸਾਹਿਬ ਵਿਖੇ ਪੂਜਨੀਕ ਸਥਾਨ ਦੇ ਤੌਰ ਤੇ ਜਾਣਿਆ ਜਾਂਦਾ ਹੈ, ਜਿਸ ਨਾਲ ਕਈ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ।

ਘਰ ਦੇ ਕੰਮ ਧੰਧੇ ਵਿੱਚ ਮਾਤਾ ਜੱਸਾਂ ਜੀ ਪੂਰਾ-ਪੂਰਾ ਸਹਿਯੋਗ ਦਿੰਦੇ ਸਨ।

ਇਸ ਤਰ੍ਹਾਂ ਕੁਝ ਸਮਾਂ ਪਿੰਡ ਵਿੱਚ ਖੇਤੀ ਕਰਦਿਆਂ ਅਤੇ ਨਾਮ ਸਿਮਰਨ ਕਰਦਿਆਂ ਗੁਜ਼ਰੇ। [1*]ਆਪ ਕਿਸੇ ਵੀ ਘਰ ਦੇ ਜੀਅ ਨੂੰ ਦੂਜੇ ਦੇ ਖੇਤ ਵਿੱਚੋਂ ਸਾਗ ਜਾਂ ਕੋਈ ਹੋਰ ਵਸਤੂ ਨਹੀਂ ਸੀ ਲਿਆਉਣ ਦਿੰਦੇ। ਇੱਕ ਵਾਰ ਉਨ੍ਹਾਂ ਨੇ ਆਪਣੀ ਪੁੱਤਰੀ ਤੋਂ ਸਾਗ ਮੁੜਵਾ ਕੇ ਖੇਤ ਦੇ ਮਾਲਕ ਦੇ ਘਰ ਵਾਪਿਸ ਭਿਜਵਾ ਦਿੱਤਾ ਸੀ। ਆਪ, ਆਪਣੇ ਘਰ ਵਿੱਚੋਂ ਕਿਸੇ ਸਾਧੂ ਫ਼ਕੀਰ ਨੂੰ ਖੁੱਲ੍ਹੇ ਦਿਲ ਨਾਲ ਦਾਣੇ ਅਤੇ ਹੋਰ ਵਸਤਾਂ ਦੇ ਦਿੰਦੇ ਸਨ। ਇਸੇ ਸਮੇਂ ਹੀ ਆਪ ਨੇ ਆਪਣੀਆਂ ਦੋਹਾਂ ਧੀਆਂ ਦੇ ਵਿਆਹ ਕੀਤੇ। ਵੱਡੀ ਬੀਬੀ ਨੰਦਾ ਨੂੰ ਖਟੜੀ ਅਤੇ ਛੋਟੀ ਦਇਆ ਕੌਰ ਨੂੰ ਨਾਰੰਗਵਾਲ ਵਿਆਹਿਆ।

ਇੱਕ ਦਿਨ ਖੇਤ ਵਿੱਚ ਸੁਹਾਗਾ ਦਿੰਦਿਆਂ ਹੋਇਆਂ ਆਪ ਜੀ ਦੀ ਲੱਤ ਤੇ ਸੱਟ ਲੱਗ ਗਈ। ਲਹੂ ਨਿਕਲ ਆਇਆ। ਕੱਤਕ ਦਾ ਮਹੀਨਾ ਸੀ ਅਤੇ ਬੀਜਾਈ ਦਾ ਮੌਕਾ। ਸੋ ਆਪ ਜੀ ਨੂੰ ਆਪਣੀ ਥਾਂ ਸੀਰੀ ਲਾਉਣਾ ਪਿਆ। ਇਸ ਸਮੇਂ ਆਪ ਲੁਧਿਆਣੇ ਆਪਣੇ ਮਾਮੇ ਹਰੀ ਸਿੰਘ ਪਾਸ ਚੱਲੇ ਗਏ। ਚੜ੍ਹੇ ਚੇਤ ਹਾੜ੍ਹੀ ਵੱਢਣ ਵੇਲੇ ਹੀ ਮੁੜ ਕੇ ਆਏ।

### ਫਿਰੋਜ਼ਪੁਰ ਦੀ ਛਾਉਣੀ ਦਾ ਨਿਰਮਾਣ ਕਾਰਜ

1849 ਵਿੱਚ ਪੰਜਾਬ ਉੱਤੇ ਪੂਰਾ ਕਬਜ਼ਾ ਕਰ ਲੈਣ ਪਿਛੋਂ ਨਵੀਂ ਅੰਗਰੇਜ਼ੀ ਸਰਕਾਰ ਨੇ ਆਪਣੀ ਰਾਜ ਸੱਤਾ ਨੂੰ ਪੱਕਾ ਅਤੇ ਸਥਿਰ ਕਰਨ ਲਈ ਕਈ ਕਾਰਜ ਆਰੰਭ ਕੀਤੇ। ਪੰਜਾਬ ਦੇ ਪ੍ਰਬੰਧਕੀ ਢਾਂਚੇ ਵਿੱਚ ਮੂਲ ਰੂਪ ਦੀਆਂ ਕਈ ਤਬਦੀਲੀਆਂ ਕੀਤੀਆਂ ਗਈਆਂ। ਖ਼ਾਲਸਾ ਰਾਜ ਦੇ ਖੁਸਣ ਪਿਛੋਂ ਅਤੇ ਨਵੀਂ ਬਣੀ ਸਰਕਾਰ ਨੇ ਪੰਜਾਬ ਦੇ ਸਮਾਜਿਕ ਜੀਵਨ ਵਿੱਚ ਕਈ ਪ੍ਰਕਾਰ ਦੀ ਉਥਲ-ਪੁਥਲ ਪੈਦਾ ਕਰ ਦਿੱਤੀ। ਇਹ ਇੱਕ ਅਜਿਹੀ ਸਮਾਜਿਕ ਅਵਸਥਾ ਸੀ, ਜਿਸ ਨੂੰ ਸੰਕ੍ਰਾਂਤੀ ਕਾਲ ਦਾ ਨਾਮ ਦਿੱਤਾ ਜਾ ਸਕਦਾ ਹੈ। ਅੰਗਰੇਜ਼ੀ ਸਰਕਾਰ ਵੱਲੋਂ ਦਮਨ ਅਤੇ ਨਵ-ਨਿਰਮਾਣ ਦੇ ਕਾਰਜ ਨਾਲੋਂ-ਨਾਲ ਚਲਾਏ ਜਾ ਰਹੇ ਸਨ। ਇਨ੍ਹਾਂ ਤਬਦੀਲੀਆਂ ਦੇ ਸਿੱਟੇ ਵਜੋਂ ਪੰਜਾਬ ਦੀ ਜਨਤਾ ਨੇ ਆਪਣੇ ਆਪ ਨੂੰ ਨਵੇਂ ਸਿਰਿਉਂ ਢਾਲਣਾ ਸੀ। ਪੰਜਾਬ ਦੀ ਜਨਤਾ ਜੋ ਵਧੇਰੇ ਕਰਕੇ ਅਨਪੜ੍ਹ ਸੀ, ਆਪਣੇ ਪਿਤਾ-ਪੁਰਖੀ ਕਾਰਜਾਂ ਵਿੱਚ ਹੀ ਲੱਗੀ ਚਲੀ ਆਉਂਦੀ ਸੀ। ਵਧੇਰੇ ਲੋਕਾਂ ਨੂੰ ਆਪਣੇ ਪਰਿਵਾਰ ਦੇ ਗੁਜ਼ਰਾਨ ਦੀ ਹੀ ਵਧੇਰੇ ਚਿੰਤਾ ਰਹਿੰਦੀ ਸੀ, ਜੋ

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 107



Sri Satguru Jagjit Singh Ji Elibrary NamdhariElibrary@gmail.com

ਘਰ ਦੇ ਜੀਆਂ ਦੇ ਕੰਮ-ਕਾਜ ਵਿੱਚ ਜੁੱਟੇ ਰਹਿਣ ਕਾਰਨ ਹੀ ਸਰ ਬਣ ਆਉਂਦੀ ਸੀ। ਆਮ ਜਨਤਾ ਨੂੰ ਰਾਜਨੀਤਕ ਜਾਂ ਸਮਾਜਿਕ ਪੱਧਰ ਉੱਤੇ ਦੂਰਗਾਮੀ ਪ੍ਰਭਾਵ ਪਾਉਣ ਵਾਲੀਆਂ ਘਟਨਾਵਾਂ ਦੀ ਬਹੁਤੀ ਚਿੰਤਾ ਨਹੀਂ ਹੁੰਦੀ। ਸਦੀਆਂ ਤੋਂ ਭਾਰਤ ਦੇ ਦੂਜੇ ਸੂਬਿਆਂ ਸਮਾਨ ਪੰਜਾਬ ਵਿੱਚ ਵੀ ਜਨ-ਜੀਵਨ ਵਧੇਰੇ ਕਰਕੇ ਪੇਂਡੂ ਇਕਾਈਆਂ ਵਿੱਚ ਹੀ ਬੱਝਾ ਹੋਇਆ ਸੀ ਅਤੇ ਇਨ੍ਹਾਂ ਪੇਂਡੂ ਇਕਾਈਆਂ ਵਿੱਚ ਨਵੇਂ ਪਰਿਵਰਤਨ ਬੜੀ ਦੇਰੀ ਨਾਲ ਹੀ ਪਹੁੰਚਦੇ ਸਨ।

ਪਿਤਾ ਪੁਰਖੀ ਕਿੱਤੇ, ਸਮਾਜਿਕ ਜੀਵਨ ਦੀ ਪਰੰਪਰਾਗਤ ਮਰਿਯਾਦਾ ਅਤੇ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਵਿੱਚ ਬਹੁਤ ਘੱਟ ਤਬਦੀਲੀਆਂ ਆਉਂਦੀਆਂ ਰਹੀਆਂ ਹਨ। ਆਮ ਆਦਮੀ ਭਾਵੇਂ ਰਾਜਨੀਤਕ ਪਰਿਵਰਤਨਾਂ ਅਤੇ ਸਮਾਜਿਕ ਤਬਦੀਲੀਆਂ ਤੋਂ ਬਹੁਤ ਵਾਰ ਅਭਿੱਜ ਰਹਿੰਦਾ ਹੈ, ਪਰ ਸਮਾਜ ਦਾ ਚੇਤੰਨ ਵਰਗ ਅਤੇ ਸੰਵੇਦਨਸ਼ੀਲ ਵਿਅਕਤੀ, ਇਨ੍ਹਾਂ ਪ੍ਰਭਾਵਾਂ ਨੂੰ ਅਤੇ ਇਨ੍ਹਾਂ ਤੋਂ ਉਤਪੰਨ ਹੋਣ ਵਾਲੇ ਦੂਰਗਾਮੀ ਸਿੱਟਿਆਂ ਨੂੰ ਬੜੀ ਘੋਖਵੀਂ ਦ੍ਰਿਸ਼ਟੀ ਤੋਂ ਵੇਖਦੇ ਅਤੇ ਪੜਤਾਲਦੇ ਹਨ। ਸਤਿਗੁਰੂ ਰਾਮ ਸਿੰਘ ਯੁੱਗ ਪੁਰਸ਼ ਵਾਲੀ ਚੇਤਨਤਾ ਦੇ ਸੁਆਮੀ ਸਨ। ਉਨ੍ਹਾਂ ਨੇ ਆਪਣੀ ਕ੍ਰਾਂਤੀਕਾਰੀ ਰਾਜਨੀਤਕ ਸੂਝ-ਬੂਝ ਦਾ ਪ੍ਰਮਾਣ ਲਾਹੌਰ ਦਰਬਾਰ ਦੀ ਨੌਕਰੀ ਸਮੇਂ ਹੀ ਦੇ ਦਿੱਤਾ ਸੀ। ਆਪ ਜੀ ਨੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਵਿੱਚ ਕਦੀ ਕੋਈ ਝਿਜਕ ਮਹਿਸੂਸ ਨਹੀਂ ਸੀ ਕੀਤੀ। ਇਨ੍ਹਾਂ ਸੁਤੰਤਰ ਵਿਚਾਰਾਂ ਦੇ ਕਾਰਨ ਕਈ ਵਾਰ ਉਨ੍ਹਾਂ ਨੂੰ ਸਜ਼ਾਵਾਂ ਵੀ ਭੁਗਤਣੀਆਂ ਪਈਆਂ ਸਨ। ਨਾਮ ਭਗਤੀ ਵਿੱਚ ਰਤੇ ਰਹਿਣਾ, ਉਨ੍ਹਾਂ ਦੇ ਜੀਵਨ ਦਾ ਮੁੱਖ ਆਧਾਰ ਤੇ ਨਿੱਤੀ ਕਰਮ ਸੀ। ਗੁਰੂ ਸਾਹਿਬਾਨ ਵਲੋਂ ਦਰਸਾਏ ਗਏ ਗੁਰਮਤਿ ਦੇ ਗਾਡੀ ਰਾਹ ਉਤੇ ਚੱਲਣਾ ਉਨ੍ਹਾਂ ਦੇ ਜੀਵਨ ਦਾ ਮੁੱਖ ਨੇਮ ਸੀ। 1841 ਵਿੱਚ ਸਤਿਗੁਰੂ ਬਾਲਕ ਸਿੰਘ ਜੀ ਦੇ ਸੰਜੋਗੀ ਮੇਲ ਪਿਛੋਂ ਉਨ੍ਹਾਂ ਨੂੰ ਆਪਣੇ ਜੀਵਨ ਲਕਸ਼ਾਂ ਅਤੇ ਆਗਾਮੀ ਕਾਲ ਵਿੱਚ ਨਿਭਾਏ ਜਾਣ ਵਾਲੇ ਆਦਰਸ਼ਾਂ ਅਤੇ ਨਾਇਕ ਪੁਰਖਾਂ ਵਾਲੇ ਕਰਤੱਵਾਂ ਦੀ ਭਲੀ ਪ੍ਰਕਾਰ ਸੋਝੀ ਹੋ ਚੁੱਕੀ ਸੀ। ਆਪਣੀ ਮਸਤਾਨੀ ਅਤੇ ਦਾਨੀ ਬਿਰਤੀ ਵਿੱਚ ਉਹ ਆਪਣੇ ਜੀਵਨ ਦੇ ਮੁੱਖ ਨਿਸ਼ਾਨੇ ਅਤੇ ਆਉਣ ਵਾਲੀਆਂ ਜ਼ਿੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਜਿੱਥੇ ਆਪ ਬੌਧਿਕ ਤੌਰ ਤੇ ਪੂਰਨ ਭਾਂਤ ਸਾਵਧਾਨ ਸਨ, ਉੱਥੇ ਜਨਤਾ ਨਾਲ ਮੇਲ-ਮਿਲਾਪ ਅਤੇ ਵੱਖ-ਵੱਖ ਸਮੇਂ ਵੱਖ-ਵੱਖ ਕਿੱਤਿਆਂ ਦੇ ਨਾਲ ਜੁੜੇ ਹੋਣ ਕਾਰਨ ਜੀਵਨ ਦੇ ਬਹੁ-ਪੱਖਾਂ ਦਾ ਉਨ੍ਹਾਂ ਨੂੰ ਵਿਸ਼ਾਲ ਨਿੱਜੀ ਅਨੁਭਵ ਸੀ। ਮੁੱਢਲੇ ਜੀਵਨ ਵਿੱਚ ਆਪ ਨੇ ਖੇਤੀਬਾੜੀ ਦੇ ਕਾਰ-ਵਿਹਾਰ ਨਾਲ ਸਾਂਝ ਪਾਈ। ਫਿਰ ਚੜ੍ਹਦੀ ਜਵਾਨੀ ਸਮੇਂ ਫ਼ੌਜੀ ਜੀਵਨ ਦਾ ਤਜ਼ਰਬਾ ਹਾਸਿਲ ਕੀਤਾ ਅਤੇ ਆਪਣੇ ਪਿੰਡ ਭੈਣੀ ਆ ਕੇ ਮੁੜ ਖੇਤੀ ਅਤੇ ਆਪਣਾ ਪਿਤਾ ਬਾਬਾ



Sri Satguru Jagjit Singh Ji Elibrary NamdhariElibrary@gmail.com

ਜੱਸਾ ਸਿੰਘ ਦੇ ਕਾਰਖਾਨੇ ਦੇ ਲੁਹਾਰੇ-ਤਰਖਾਣੇ ਕੰਮਾਂ ਦੀਆਂ ਬਾਰੀਕੀਆਂ ਨੂੰ ਵੀ ਜਾਣਿਆ। ਫਿਰ ਹੱਟੀ ਦਾ ਕੰਮ ਵੀ ਕੀਤਾ, ਪਰ ਆਪਨੇ ਆਪਣੇ ਸਾਰੇ ਜੀਵਨ ਵਿੱਚ ਗੁਰਬਾਣੀ ਦੇ ਪਠਨ-ਪਾਠਣ, ਨਾਮ ਸਿਮਰਨ ਅਤੇ ਭਗਤੀ ਸਾਧਨਾ ਅਤੇ ਸਮਾਜਿਕ ਕਲਿਆਣ ਦੇ ਪੱਖਾਂ ਨੂੰ ਸਦਾ ਸਨਮੁੱਖ ਰੱਖਿਆ। ਗੁਰਸਿੱਖੀ ਦੇ ਪਾਵਨ ਅਸੂਲਾਂ, ਪ੍ਰੇਮ ਅਤੇ ਨੇਮ ਉੱਤੇ ਹੀ ਆਪ ਜੀ ਦਾ ਸਾਰਾ ਜੀਵਨ ਢਲ ਕੇ ਪਵਿੱਤਰ, ਪੁਨੀਤ ਹੋ ਚੁੱਕਾ ਸੀ। ਆਪ ਦਾ ਵਿਅਕਤੀਗਤ ਜੀਵਨ ਪਾਰਸ ਸਮਾਨ ਸੀ। ਜੋ ਵੀ ਆਪ ਜੀ ਦੇ ਦਰਸ਼ਨ ਕਰਦਾ, ਉਸ ਦੀ ਸਹਿਜ ਰੂਪ ਵਿੱਚ ਹੀ ਕਾਇਆ ਕਲਪ ਹੋ ਜਾਂਦੀ ਅਤੇ ਉਹ ਉਚੇਰੇ ਆਤਮਿਕ ਅਤੇ ਸਦਾਚਾਰਕ ਜੀਵਨ ਦਾ ਸਾਕਾਰ ਸਰੂਪ ਹੋ ਨਿਬੜਦਾ।

1850 ਦੇ ਨੇੜੇ-ਤੇੜੇ ਆਪ, ਆਪਣੇ ਮਾਮਾ ਹਰੀ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਖ਼ਜ਼ਾਨ ਸਿੰਘ ਦੇ ਸੱਦੇ ਉੱਤੇ ਫ਼ਿਰੋਜ਼ਪੁਰ ਪਹੁੰਚ ਗਏ, ਜਿੱਥੇ ਕਿ ਛਾਉਣੀ, ਕਿਲ੍ਹੇ ਅਤੇ ਹੋਰ ਇਮਾਰਤਾਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ। ਹਰੀ ਸਿੰਘ ਜੀ ਨੇ ਬਹੁਤ ਸਾਰੇ ਕਾਰਜਾਂ ਦੇ ਠੇਕੇ ਲੈ ਰੱਖੇ ਸਨ ਅਤੇ ਉਨ੍ਹਾਂ ਨੇ ਆਪਣੇ ਬਹੁਤ ਸਾਰੇ ਸੰਬੰਧੀਆਂ ਅਤੇ ਸੁਨੇਹੀਆਂ ਨੂੰ ਫ਼ਿਰੋਜ਼ਪੁਰ ਬੁਲਾ ਲਿਆ ਸੀ। ਇੱਕੇ ਹੀ ਮਾਮਾ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਉਸਾਰੀ ਦੇ ਕਾਰਜਾਂ ਦੀ ਨਿਗਰਾਨੀ ਦਾ ਕੰਮ ਸੌਂਪ ਰੱਖਿਆ ਸੀ। ਇੱਥੇ ਹੀ ਆਪ ਜੀ ਨੂੰ ਸਾਂਝੇ ਪਰਿਵਾਰਿਕ ਅਤੇ ਸਮਾਜਿਕ ਜੀਵਨ ਦਾ ਵਿਸ਼ੇਸ਼ ਅਨੁਭਵ ਪ੍ਰਾਪਤ ਹੋਇਆ ਅਤੇ ਅਜਿਹਾ ਅਵਸਰ ਵੀ ਬਣਿਆ, ਜਿਸ ਰਾਹੀਂ ਉਹ ਆਪਣੀ ਨਾਮ ਭਗਤੀ ਦੀ ਸਾਧਨਾ ਨੂੰ ਨਿਰੰਤਰ ਜਾਰੀ ਰੱਖਦੇ ਹੋਏ ਹੋਰ ਜੀਵਾਂ ਦੀ ਭਲਾਈ ਅਤੇ ਆਤਮਿਕ ਉਥਾਨ ਦੇ ਸਾਧਨ ਬਣ ਸਕਣ। ਆਪ 1850 ਤੋਂ ਲੈ ਕੇ 1855 ਤੱਕ ਅਰਥਾਤ ਜਿੰਨਾ ਚਿਰ ਤੱਕ ਇਹ ਕਾਰਜ ਸੰਪੂਰਨ ਨਹੀਂ ਹੋਏ, ਇੱਥੇ ਹੀ ਰਹੇ। ਫਿਰੋਜ਼ਪੁਰ ਦੀ ਛਾਉਣੀ ਦੀ ਉਸਾਰੀ ਦੇ ਕਾਰਜਾਂ ਤੋਂ ਬਿਨਾਂ ਭਗਰੂ ਦਾ ਬੰਗਲਾ ਅਤੇ ਮੁਕਤਸਰ ਦੀ ਸਰ੍ਹਾਂ ਦੇ ਨਿਰਮਾਣ ਕਾਰਜਾਂ ਦੀ ਨਿਗਰਾਨੀ ਵੀ ਆਪ ਜੀ ਨੇ ਕੀਤੀ। ਮੁਕਤਸਰ ਦੇ ਇਤਿਹਾਸਕ ਗੁਰਦੁਆਰੇ ਦੀ ਮੁਰੰਮਤ ਦਾ ਕਾਰਜ ਵੀ ਆਪ ਜੀ ਨੇ ਆਪਣੇ ਖ਼ਰਚੇ 'ਤੇ ਕਰਵਾਇਆ। ਸੇਵਾ ਅਤੇ ਪਰਉਪਕਾਰ ਆਪ ਜੀ ਦੇ ਜੀਵਨ ਦੇ ਆਤਮਿਕ ਲਕਸ਼ਾਂ ਦੇ ਹੀ ਅੰਸ਼ ਬਣ ਚੁੱਕੇ ਸਨ।

[1*]"ਇਸ ਸਮੇਂ ਦੇ ਗੁਰੂ ਰਾਮ ਸਿੰਘ ਜੀ ਦੇ ਸਮੁੱਚੇ ਜੀਵਨ ਉੱਤੇ ਝਾਤੀ ਪਵਾਉਣ ਵਾਲੇ ਸਤਿਗੁਰੂ ਬਿਲਾਸ ਦੇ ਕਰਤਾ ਦਾ ਵਰਣਨ ਬੜਾ ਰੌਚਿਕ ਅਤੇ

---

[1*] ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 145-146



Sri Satguru Jagjit Singh Ji Elibrary NamdhariElibrary@gmail.com

ਮਹੱਤਵਪੂਰਨ ਜਾਣਕਾਰੀ ਦੇਣ ਵਾਲਾ ਹੈ। :

[1*]"ਫ਼ਰੰਗੀਆਂ ਨੇ ਛੌਣੀ ਪਾਉਣੀ ਸ਼ੁਰੂ ਕੀਤੀ, ਫ਼ਿਰੋਜ਼ਪੁਰ ਮੇਂ, ਨਾਲੇ ਸੜਕਾਂ ਬਣਨੇ ਲੱਗੀਆਂ। ਮਾਮੇ ਹਰੀ ਸਿੰਘ ਕਾ ਪੁੱਤ ਖ਼ਜਾਨ ਸਿੰਘ ਉੱਥੇ ਮਿਸਤਰੀ ਸੀ। ਉਸਨੇ ਆਪਣੇ ਸਾਕ ਸੈਨ ਸੱਦ ਮੰਗਵਾਏ। ਸ੍ਰੀ ਸਤਿਗੁਰੂ ਜੀ ਭੀ ਜਾਇ ਰਹੇ ਫ਼ਿਰੋਜ਼ਪੁਰ ਮੈ ਸੱਦੇ ਹੋਏ ਖ਼ਜਾਨ ਸਿੰਘ ਦੇ। ਸਾਰਾ ਪਰਵਾਰ ਆਪਣਾ ਈ ਆਇ ਇਕੱਠਾ ਹੋਇਆ। ਸਭਨਾ ਕਾ ਏਕ ਜਗ੍ਹਾ ਪ੍ਰਸ਼ਾਦ ਹੁੰਦਾ ਸੀ।

ਸ੍ਰੀ ਗ੍ਰੰਥ ਸਾਹਿਬ ਪ੍ਰਗਾਸ ਕੇ ਸਿੰਘ ਪਾਠ ਭੀ ਕਰਦੇ ਰਹਿੰਦੇ ਹੈਂ ਜੋੜ੍ਹੇ ਪੜ੍ਹੇ ਹੋਏ ਹੈਂ। ਥੋੜ੍ਹਾ-ਥੋੜ੍ਹਾ ਪਾਠ ਰੋਜ਼ ਕਰਨਾ। ਜਾਂ ਪਾਠ ਪੂਰਾ ਹੋਇ ਜਾਏ ਤਾਂ ਭੋਗ ਪਾਇ ਦੇਣਾ, ਕੜਾਹ ਪ੍ਰਸ਼ਾਦ ਕਰਕੇ। ਅਰਦਾਸ ਕਰਕੇ ਵਰਤਾਵਣਾ। ਆਏ ਗਏ ਸਿੰਘ ਕੋ ਭੀ ਪ੍ਰਸ਼ਾਦ ਛਕਾਵਣਾ। ਦੀਵਾਨ ਲਾਵਣਾ ਦੋਨੋਂ ਵਕਤ ਦਾ। ਆਸਾ ਦੀ ਵਾਰ ਲਾਵਣੀ, ਸਭ ਨੇ ਸੁਣਨੀ। ਰਾਤ ਕੋ ਸ਼ਬਦ ਭੀ ਪੜ੍ਹਨੇ ਢੋਲਕੀ ਨਾਲ। ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਸ੍ਰੀ ਸਤਿਗੁਰੂ ਜੀ, ਹੋਰ ਭੀ ਕਰਨਾ ਸਿੰਘਾਂ ਨੇ। ਸ਼ਾਮ ਵੇਲੇ ਰਹਿਰਾਸ ਪੜਨੀ। ਆਰਤੀ, ਸੋਹਿਲਾ ਪੜ੍ਹ ਕੇ ਅਰਦਾਸ ਕਰਕੇ ਬਰਾਜ ਜਾਣਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕੰਤ ਬਰਾਜਦੇ ਹੈਂ। ਬਚਨ ਕਰਨਾ ਮਾਮਾ ਜੀ ਤੁਸੀਂ ਗੱਲਾਂ ਬਹੁਤੀਆਂ ਕਰਦੇ ਹੋ ਅਤੇ ਨਾਮ ਨਹੀਂ ਜਪਦੇ ਹੋ। ਇਸ ਵਾਸਤੇ ਅਸੀਂ ਇਕੰਤ ਬਰਾਜਦੇ ਹਾਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਵਾ ਪਹਿਰ ਰਾਤ ਰਹਿੰਦੀ ਨਾਲ ਉੱਠ ਕੇ ਇਸ਼ਨਾਨ ਕਰਕੇ ਸਮਾਧੀ ਲਾਇਕੇ ਪਦਮ ਆਸਣ ਬੈਠਣਾ। ਰਸਨਾ ਕਾ ਭਜਨ ਕਰਨਾ। ਸ੍ਰੀ ਸਤਿਗੁਰੂ ਜੀ ਕਾ ਧਿਆਨ ਭਜਨ ਮੈ ਹੀ ਰਹਿੰਦਾ ਸੀ। ਜੋ ਸਾਕ ਸੈਨ ਥੇ, ਜੋ ਹੋਰ ਸਿੱਖ ਨਾਲ ਸੀ, ਸਭ ਕਾ ਏਹ ਭਰੋਸਾ ਹੋਇਆ ਜੋ ਏਹ ਬੜੇ ਬਲੀ ਹੈਨ, ਬੜੀ ਬੰਦਗੀ ਕਰਦੇ ਹੈਨ। ਮਾਮਾ ਜੀ ਕਹਿੰਦੇ ਹੈਂ ਸਾਡੀ ਕੁਲ ਵਿੱਚ ਸੰਤ ਅਵਤਾਰ ਧਾਰਿਆ ਹੈ। ਕੁੱਲ ਪਵਿੱਤਰ ਕਰ ਦਿੱਤੀ ਹੈ। ਸਰਬ ਲੋਕ ਉਪਮਾ ਕਰਦੇ ਹੈਨ ਸਤਿਗੁਰੂ ਜੀ ਕੇ ਪ੍ਰਤਾਪ ਕੀ। ਕਹਿੰਦੇ ਹੈਂ ਪ੍ਰਮੇਸਰ ਜੀ ਨੇ ਕਲਾਧਾਰੀ ਹੈ। ਬੜੀ ਸ਼ਕਤੀ ਵਾਲੇ ਹੈਨ, ਜਿਨ੍ਹਾਂ ਨੂੰ ਨੈਣੀ ਦੇਖ ਕੇ ਦਿਲ ਨੂੰ ਚੈਨ ਆਉਂਦੀ ਹੈ। ਬੰਦਗੀ ਵਾਲੇ ਸੁਣਕੇ ਦਰਸ਼ਨ ਕੋ ਆਉਂਦੇ ਹੈਂ। ਦਰਸ਼ਨ ਕਰਕੇ ਸ੍ਰੀ ਸਤਿਗੁਰੂ ਜੀ ਕਾ ਸਭ ਮੋਹੇ ਜਾਂਦੇ ਹੈਂ। ਮੋਹਨੀ ਮੂਰਤ ਕੇ ਦਰਸ਼ਨ ਕਰਕੇ ਦਿਲ ਦੀਆਂ ਦਲੀਲਾਂ ਸਭ ਦੂਰ ਹੋਇ ਜਾਂਦੀਆਂ ਹੈਨ। ਨਾਮ ਪ੍ਰਮੇਸ਼ਵਰ ਜੀ ਕਾ ਚਿੱਤ ਆਉਂਦਾ ਹੈ।"

ਗੁਰੂ ਰਾਮ ਸਿੰਘ ਜੀ ਦੀ ਭਗਤੀ ਸਾਧਨਾ ਅਤੇ ਉਜੱਲ ਦੀਦਾਰ ਨੂੰ ਵੇਖ ਕੇ ਸ਼ਰਧਾਲੂ ਸਿੱਖਾਂ ਅਤੇ ਸਤ-ਸੰਗੀਆਂ ਵਿੱਚ ਇਹ ਭਰੋਸਾ ਹੋ ਗਿਆ ਸੀ ਕਿ

[1*] ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 145-146



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਅੰਤਰਜਾਮੀ ਅਤੇ ਲੋੜਵੰਦਾਂ ਨੂੰ ਵਰ ਦੇ ਕੇ ਕ੍ਰਿਤਾਰਥ ਕਰਦੇ ਹਨ; ਉਨ੍ਹਾਂ ਦੀ ਆਖੀ ਪੂਰੀ ਹੋ ਜਾਂਦੀ ਹੈ। ਸਤਿਗੁਰੂ ਬਿਲਾਸ ਦੇ ਕਰਤਾ ਨੇ ਦੋ ਹਵਾਲੇ ਦਿੱਤੇ ਹਨ।

ਮਹਿਤਪੁਰ ਦੇ ਹੀਰਾ ਸਿੰਘ ਨੇ ਅਰਜ਼ ਕੀਤੀ ਕਿ ਉਨ੍ਹਾਂ ਦੇ ਘਰ, ਬਾਲਕ ਜਨਮ ਲੈ ਕੇ ਛੇਤੀ ਹੀ ਮਰ ਜਾਂਦੇ ਹਨ। ਸਤਿਗੁਰੂ ਜੀ ਨੇ ਆਪਣੀ ਜੇਬ ਵਿੱਚੋਂ ਦੋ ਪਤਾਸੇ ਕੱਢ ਕੇ ਉਸ ਨੂੰ ਦਿੱਤੇ ਅਤੇ ਬਚਨ ਕੀਤਾ ਕਿ ਕੱਲ੍ਹ ਨੂੰ ਤੇਰੇ ਘਰ ਜਿਹੜਾ ਬਾਲ ਹੋਵੇਗਾ, ਉਸ ਨੂੰ ਇਹ ਪਤਾਸੇ ਗੁੜਤੀ ਵਜੋਂ ਦੇ ਦੇਣੇ। ਜਦੋਂ ਹੀਰਾ ਸਿੰਘ ਨੇ ਬਾਲ ਦੇ ਜਨਮ ਉੱਤੇ ਅਜਿਹਾ ਕੀਤਾ ਤਾਂ ਉਹ ਬਾਲ ਜਿਉਂਦਾ ਰਿਹਾ। ਸਤਿਗੁਰੂ ਜੀ ਦਾ ਇਹ ਵੀ ਬਚਨ ਸੀ ਕਿ ਇਹ ਬਾਲ ਬੜਾ ਪ੍ਰਤਾਪਵਾਨ ਹੋਵੇਗਾ। ਲੜਕੇ ਦਾ ਨਾਮ ਨਰੈਣ ਰੱਖਿਆ ਗਿਆ ਸੀ।

ਦੂਜੀ ਘਟਨਾ ਇੱਕ ਹੋਰ ਸਤਿ-ਸੰਗੀ ਨਿਹਾਲ ਸਿੰਘ ਦੀ ਹੈ, ਜੋ ਮਿਸਤਰੀ ਦਾ ਕੰਮ ਕਰਦਾ ਸੀ ਅਤੇ ਬੜਾ ਗਰੀਬ ਸੀ। ਸਤਿਗੁਰੂ ਜੀ ਦੇ ਅੱਗੇ ਬੇਨਤੀ ਕਰਨ ਉੱਤੇ ਕਿ "ਮੈਂ ਬੜਾ ਗਰੀਬ ਹਾਂ।" ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੀ ਕਿ ਤੂੰ ਬਹੁਤ ਅਮੀਰ ਹੋ ਜਾਵੇਗਾ, ਪਰ [1*]ਭੂਰਿਆਂ ਵਾਲਿਆਂ ਨਾਲ ਨਾ ਵਿਗਾੜੀਂ। ਮਿਸਤਰੀ ਨਿਹਾਲ ਸਿੰਘ ਨੇ ਛੇਤੀ ਹੀ ਠੇਕੇ ਲੈਣੇ ਸ਼ੁਰੂ ਕਰ ਦਿੱਤੇ ਅਤੇ ਉਹ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਧਨਵਾਨ ਹੋ ਗਿਆ।

ਫਿਰੋਜ਼ਪੁਰ ਨਿਵਾਸ ਸਮੇਂ ਹੀ ਜਦੋਂ ਗੁਰੂ ਰਾਮ ਸਿੰਘ ਜੀ ਦੇ ਉਨ੍ਹਾਂ ਫ਼ੌਜੀਆਂ ਨੂੰ ਪਤਾ ਲੱਗਦਾ ਜੋ ਉਨ੍ਹਾਂ ਦੇ ਫ਼ੌਜੀ ਨੌਕਰੀ ਸਮੇਂ ਸਾਥੀ ਸਨ ਤਾਂ ਉਹ ਵੀ ਆ ਕੇ ਦਰਸ਼ਨ ਕਰਕੇ ਨਿਹਾਲ ਹੁੰਦੇ ਅਤੇ ਆਪਣੇ-ਆਪਣੇ ਵਿਚਾਰ ਸਾਂਝੇ ਕਰਦੇ। ਬਹੁਤ ਸਾਰੇ ਫ਼ੌਜੀ ਖ਼ਾਲਸਾ ਸੈਨਾ ਵਿੱਚੋਂ ਕੱਢ ਦਿੱਤੇ ਗਏ ਸਨ ਅਤੇ ਹੁਣ ਰੁਜ਼ਗਾਰ ਲਈ ਵੱਖ-ਵੱਖ ਕਿੱਤਿਆਂ ਨੂੰ ਅਪਨਾ ਰਹੇ ਸਨ। ਬਹੁਤੇ ਖੇਤੀ ਦੇ ਕਾਰਜ ਵਿੱਚ ਰੁੱਝ ਗਏ ਸਨ ਅਤੇ ਅੰਗਰੇਜ਼ ਸਰਕਾਰ ਦੀ ਨਵੀਂ ਮਾਲੀਆ ਨੀਤੀ ਤੋਂ ਔਖੇ ਸਨ, ਕਿਉਂ ਜੋ ਇਹ ਮਾਲੀਆ ਹੁਣ ਨਗਦ ਰੂਪ ਵਿੱਚ ਅਦਾ ਕਰਨਾ ਪੈਂਦਾ ਸੀ ਨਾ ਕਿ ਪੁਰਾਤਨ ਸਮੇਂ ਅਨੁਸਾਰ ਜਿਨਸਾਂ ਦੇ ਰੂਪ ਵਿੱਚ। ਬਹੁਤਿਆਂ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਪੰਜਾਬ ਦੇ ਅਜਿਹੇ ਸੰਕਟ ਸਮੇਂ ਗੁਰੂ ਰਾਮ ਸਿੰਘ ਵਰਗਾ ਕੋਈ ਮਹਾਂਪੁਰਸ਼ ਹੀ ਸਮੁੱਚੇ ਦੇਸ਼ ਦਾ ਮਾਰਗ ਦਰਸ਼ਨ ਕਰ ਸਕਦਾ ਹੈ।

---

[1*] ਭੂਰਿਆਂ ਵਾਲੇ 18ਵੀਂ ਸਦੀ ਦੇ ਉਨ੍ਹਾਂ ਸਿੱਖਾਂ ਨੂੰ ਕਿਹਾ ਜਾਂਦਾ ਸੀ, ਜਿਨ੍ਹਾਂ ਨੇ ਉਸ ਵੇਲੇ ਮੁਗਲ ਸਾਮਰਾਜ ਅਤੇ ਪਠਾਣਾਂ ਦੇ ਵਿਦੇਸ਼ੀ ਹਮਲਿਆਂ ਵਿਰੁੱਧ ਹਥਿਆਰ ਚੁੱਕੇ ਸਨ। ਜਦੋਂ ਇਹੋ ਸਿੰਘ ਮਿਸਲਦਾਰਾਂ ਦੇ ਰੂਪ ਵਿੱਚ ਦੇਸ਼ ਦੇ ਹਾਕਮ ਬਣ ਗਏ ਤਾਂ ਬਾਬਾ ਬੁਲ੍ਹੇ ਸ਼ਾਹ ਨੇ ਕਿਹਾ ਸੀ — ਭੂਰਿਆਂ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ।



Sri Satguru Jagjit Singh Ji Elibrary NamdhariElibrary@gmail.com

1855 ਦੇ ਨੇੜੇ-ਤੇੜੇ ਫਿਰੋਜ਼ਪੁਰ ਦੇ ਨਿਰਮਾਣ ਕਾਰਜ ਦੇ ਪੂਰੇ ਹੋਣ ਪਿਛੋਂ ਸਤਿਗੁਰੂ ਜੀ ਵਾਪਸ ਆਪਣੇ ਪਿੰਡ ਭੈਣੀ ਪਰਤ ਆਏ। ਭੈਣੀ ਆ ਕੇ ਆਪਣੇ ਨਿਵਾਸ ਸਥਾਨ ਵਿੱਚ ਕੁਝ ਤਬਦੀਲੀਆਂ ਕੀਤੀਆਂ। ਆਪਣੇ ਡੇਰੇ ਵਾਲਾ ਦਰਵਾਜ਼ਾ ਦੱਖਣ ਵਾਲੇ ਪਾਸਿਉਂ ਪੁੱਟ ਕੇ ਉੱਤਰ ਵਾਲੇ ਪਾਸੇ ਲਾ ਲਿਆ। ਸੱਜੇ ਪਾਸੇ ਹੱਟੀ ਪਾ ਲਈ, ਲੰਬੇ ਪਾਸੇ ਲੰਗਰ ਵਾਸਤੇ ਕੁਝ ਥਾਂ ਛੱਡ ਦਿੱਤੀ। ਇਨ੍ਹਾਂ ਕਾਰਜਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਰਾਮ ਸਿੰਘ ਜੀ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਆਤਮ ਚਿੰਤਨ ਵਿੱਚ ਲੀਨ ਸਨ ਅਤੇ ਉਨ੍ਹਾਂ ਨੇ ਜਾਣ ਲਿਆ ਸੀ ਕਿ ਅਗਲੇ ਸਮੇਂ ਵਿੱਚ ਉਨ੍ਹਾਂ ਨੇ ਕਿਹੜੇ ਨਵੇਂ ਆਤਮਕ ਪ੍ਰਕਾਸ਼ ਨੂੰ ਫੈਲਾਉਣ ਦਾ ਬੀੜਾ ਚੁੱਕਣਾ ਹੈ।

ਇਸ ਸਮੇਂ ਹੀ ਆਪ ਜੀ ਦੇ ਮਾਮੇ ਦੇ ਪੁੱਤਰ ਖ਼ਜ਼ਾਨ ਸਿੰਘ ਦਾ ਦੇਹਾਂਤ ਹੋ ਗਿਆ। ਮਾਮਾ ਹਰੀ ਸਿੰਘ ਆਪਣੇ ਪੁੱਤਰ ਦੀਆਂ ਅਸਥੀਆਂ ਹਰਿਦੁਆਰ ਗੰਗਾ ਵਿੱਚ ਪਾਉਣ ਲਈ ਗਿਆ ਤਾਂ ਵਾਪਸੀ ਉੱਤੇ ਉਹ ਆਪ ਵੀ ਅਕਾਲ ਚਲਾਣਾ ਕਰ ਗਿਆ। ਸਤਿਗੁਰੂ ਜੀ ਦੀ ਮਾਮੀ ਰਾਮੀਂ ਬੜੀ ਦਾਨੀ ਅਤੇ ਦੂਰ-ਦ੍ਰਿਸ਼ਟੀ ਰੱਖਣ ਵਾਲੀ ਸੁਘੜ ਸੁਜਾਨ ਸੁਆਣੀ ਸੀ। ਪਤੀ ਅਤੇ ਪੁੱਤਰ ਦੇ ਸਦਾ ਲਈ ਜਾਣ ਪਿਛੋਂ ਉਸਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣਾ ਵੱਡਾ ਆਸਰਾ ਅਤੇ ਭਰੋਸੇਯੋਗ ਸਮਝਿਆ। ਦੋਵੇਂ ਪਿਉ-ਪੁੱਤਰ ਕਾਫ਼ੀ ਕਮਾਈ ਅਤੇ ਧਨ-ਪਦਾਰਥ ਛੱਡ ਕੇ ਗਏ ਸਨ। ਮਾਮੀ ਰਾਮੀਂ ਨੇ ਸਤਿਗੁਰੂ ਜੀ ਨੂੰ ਇਹ ਸੁਝਾਅ ਦਿੱਤਾ ਕਿ ਆਪ ਨੂੰ ਜਿੰਨੇ ਪੈਸੇ ਚਾਹੀਦੇ ਹਨ, ਲੈ ਜਾਓ ਅਤੇ ਵਪਾਰ ਦਾ ਧੰਦਾ ਕਰੋ। ਨਫੇ ਨੂੰ ਅੱਧੋ ਅੱਧ ਵੰਡ ਲਿਆ ਕਰਾਂਗੇ। ਸਤਿਗੁਰੂ ਜੀ ਨੇ ਭੈਣੀ ਵਿਖੇ ਹੀ ਆਪਣੀ ਚੱਲ ਰਹੀ ਹੱਟੀ ਵਿੱਚ ਹੋਰ ਵਾਧਾ ਕਰ ਲਿਆ। ਜਿਨਸਾਂ ਨੂੰ ਖਰੀਦਣ ਲਈ ਆਪਣੇ ਇਤਬਾਰੀ ਬੰਦੇ ਰਣ ਸਿੰਘ ਨੂੰ ਇਹ ਕੰਮ ਸੌਂਪ ਦਿੱਤਾ। ਸਸਤਾ ਸਮਾਂ ਸੀ। ਰਣ ਸਿੰਘ ਨੇ ਲੋੜੀਂਦੀਆਂ ਜਿਨਸਾਂ ਕਣਕ, ਬੇਰੜਾ, ਛੋਲੇ, ਘਿਓ ਆਦਿ ਦਾ ਭੰਡਾਰ ਇਕੱਠਾ ਕਰ ਲਿਆ। ਇਸ ਤੋਂ ਬਿਨਾਂ ਲੋਹਾ, ਕੱਪੜਾ ਅਤੇ ਹੋਰ ਪਰਚੂਨ ਦੀਆਂ ਵਸਤਾਂ ਵੀ ਰੱਖ ਲਈਆਂ। ਰੁਪਏ ਪਿੱਛੇ ਇੱਕ ਆਨਾ ਨਫ਼ਾ ਲੈਂਦੇ ਸਨ। ਇਸ ਦੁਕਾਨ ਦੀ ਸੋਭਾ ਵੀ ਆਹਰੇ-ਬਾਹਰੇ ਦੇ ਕਈ ਪਿੰਡਾਂ ਵਿੱਚ ਪਹੁੰਚ ਗਈ ਅਤੇ ਬਹੁਤ ਸਾਰੇ ਲੋੜਵੰਦ ਅਤੇ ਵਪਾਰੀ ਲੋਕ ਇਥੋਂ ਲੋੜੀਂਦੀਆਂ ਵਸਤਾਂ ਖਰੀਦਣ ਲਈ ਆਉਣ ਲੱਗੇ। ਗੌਂਦਾ ਖੱਤਰੀ ਆਪ ਦੀ ਸੋਭਾ ਸੁਣ ਕੇ ਦਰਸ਼ਨ ਕਰਨ ਆਇਆ ਅਤੇ ਫਿਰ ਉਥੋਂ ਦਾ ਹੀ ਹੋ ਕੇ ਰਹਿ ਗਿਆ। ਏਸੇ ਤਰ੍ਹਾਂ ਮੰਦੌਰ ਦਾ ਗੁਪਾਲ ਸਿੰਘ ਅਤੇ ਵਰਿਆਮ ਸਿੰਘ ਝਰੜ ਨੇ ਵੀ ਭੈਣੀ ਸਾਹਿਬ ਆ ਕੇ ਡੇਰੇ ਲਾ ਗਏ। ਇਸ ਦਾ ਇੱਕ ਵੱਡਾ ਕਾਰਨ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਘਰ ਅਤੇ ਭੈਣੀ ਸਾਹਿਬ



Sri Satguru Jagjit Singh Ji Elibrary NamdhariElibrary@gmail.com

ਕੇਵਲ ਵਪਾਰ ਦਾ ਕੇਂਦਰ ਹੀ ਨਹੀਂ ਸੀ ਰਿਹਾ ਸਗੋਂ ਨਾਲੋਂ ਨਾਲ ਗੁਰਮਤਿ ਦੇ ਧਰਮ ਪ੍ਰਚਾਰ ਦਾ ਵੀ ਕੇਂਦਰ ਬਣ ਗਿਆ ਸੀ। ਸਤਿਗੁਰੂ ਜੀ ਅਕਾਲ ਬੁੰਗੇ ਦੇ ਸਥਾਨ ਤੇ ਅੰਮ੍ਰਿਤ ਵੇਲੇ ਭਜਨ ਕਰਦੇ। ਦੋਵੇਂ ਵੇਲੇ ਦੀਵਾਨ ਸੱਜਦਾ। ਕਥਾ ਕੀਰਤਨ ਹੁੰਦਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਸ਼ਾਮ ਦੇ ਦੀਵਾਨ ਵਿੱਚ ਵੀ ਸ਼ਬਦ ਬਾਣੀ ਦਾ ਕੀਰਤਨ, ਰਹਿਰਾਸ ਅਤੇ ਆਰਤੀ ਦਾ ਪਾਠ ਹੁੰਦਾ। ਸਤਿਗੁਰੂ ਜੀ ਦੇ ਚਲਾਏ ਹੋਏ ਲੰਗਰ ਤੋਂ ਪ੍ਰਸ਼ਾਦ-ਪਾਣੀ ਹਰ ਇੱਕ ਨੂੰ ਮਿਲ ਜਾਂਦਾ ਸੀ ਅਤੇ ਹਰ ਇੱਕ ਨੂੰ ਇਹ ਹੁਕਮ ਸੀ ਕਿ ਜਿਸ ਨੇ ਵੀ ਇੱਥੇ ਰਹਿਣਾ ਹੈ; ਉਹ ਹੱਥੀਂ ਕਿਰਤ ਜ਼ਰੂਰ ਕਰੇ ਅਤੇ ਨਾਮ ਵੀ ਜਪੇ। ਸੋ, ਦਸਾਂ ਨਹੁਆਂ ਦੀ ਸੁੱਚੀ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ ਗੁਰਮਤਿ ਦੇ ਤ੍ਰੈਮੁਖੀ ਅਸੂਲਾਂ ਉੱਤੇ ਅਮਲ ਕਰਨ ਦੇ ਨਾਲ-ਨਾਲ ਸਤਿਗੁਰੂ ਜੀ ਦੇ ਪਾਵਨ ਦਰਸ਼ਨ ਵੀ ਸਭ ਦੇ ਹਿਰਦਿਆਂ ਨੂੰ ਠੰਢ ਪਾਉਂਦੇ ਸਨ।

### ਸਮਾਂ ਆਉਣ ਤੇ ਪ੍ਰਗਟ ਹੋਵਾਂਗੇ

[1*]ਏਕ ਦਿਆਲ ਦਾਸ ਸਾਧ ਆਇਆ ਰਾਮਦਾਸਪੁਰੇ ਮੇਂ। ਪਿੰਡ ਦੇ ਲੋਕਾਂ ਥੀਂ ਪੁੱਛਿਆ ਜੱਸਾ ਸਿੰਘ ਕਾ ਪੁੱਤਰ ਰਾਮ ਸਿੰਘ ਨਾਮੇ ਹੈ, ਏਥੇ ਲੁਹਾਰ? ਲੋਕਾਂ ਨੇ ਕਿਹਾ ਕਿ ਹੈ। ਅੱਗੇ ਅੰਤਰਜਾਮੀ ਜੀ ਤੁਰੇ ਆਉਂਦੇ ਸੇ। ਲੋਕਾਂ ਨੇ ਕਿਹਾ ਕਿ ਔਹ ਹੈਨ। ਦਿਆਲ ਦਾਸ ਨੇ ਅੱਗੇ ਜਾਇ ਕੇ ਨਮਸਕਾਰ ਕੀਤੀ ਅਤੇ ਕਹਿਣੇ ਲੱਗਾ ਬਾਬਾ ਜੀ ਲੁਕੇ ਕਿਉਂ ਬੈਠੇ ਹੋ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਮੇਂ ਨਾਲ ਪ੍ਰਗਟ ਹੋਵਾਂਗੇ।"

ਸਤਿਗੁਰੂ ਜੀ ਨੇ ਇਸ ਸਮੇਂ ਸ੍ਰੀ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੀਆਂ ਪਾਵਨ ਹੱਥ ਲਿਖਤ ਬੀੜਾਂ ਮੰਗਵਾ ਕੇ ਇਨ੍ਹਾਂ ਦੇ ਪਾਠ ਦੇ ਕਾਰਜ ਨੂੰ ਆਰੰਭ ਕੀਤਾ ਅਤੇ ਸਤਿਗੁਰੂ ਬਿਲਾਸ ਦੇ ਕਰਤਾ ਅਨੁਸਾਰ ਪਾਠ ਦੇ ਸੰਪੂਰਨ ਹੋਣ ਉੱਤੇ ਭੋਗ ਪਾ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਵੀ ਵਰਤਾਈ ਜਾਂਦੀ ਸੀ।

### ਸਤਿਗੁਰੂ ਬਾਲਕ ਸਿੰਘ ਜੀ ਦੀ ਸੋਭਾ ਦੂਰ-ਦੂਰ ਤੱਕ ਫੈਲੀ

ਹਜ਼ਰੋ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਵੱਲੋਂ ਪ੍ਰਭੂ ਨਾਮ ਦੀ ਜਗਾਈ ਗਈ ਜੋਤ ਦਾ ਪ੍ਰਕਾਸ਼ ਨਿਰੰਤਰ ਜਾਰੀ ਰਿਹਾ। ਦੂਰੋਂ-ਨੇੜਿਓਂ ਆਤਮਿਕ ਪੰਧ ਦੇ ਜਗਿਆਸੂ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਪੁੱਜਦੇ ਰਹੇ ਅਤੇ ਗੁਰੂ ਮੰਤਰ ਦੁਆਰਾ ਨਾਮ ਦੀ ਦਾਤ ਪ੍ਰਾਪਤ ਕਰਕੇ ਨਾਮ ਅਭਿਆਸੀ ਬਣ ਗਏ। ਉਨ੍ਹਾਂ ਨੂੰ ਸੰਸਾਰਿਕ ਅਤੇ ਆਤਮਿਕ ਦੋਹਾਂ ਤਰ੍ਹਾਂ ਦੇ ਸੁੱਖ ਪ੍ਰਾਪਤ ਹੋਏ।

[1*] ਸੰਤ ਸੰਤੋਖ ਬਾਹੋਵਾਲ ਗੁਪਾਲ ਸਿੰਘ ਨੂੰ ਪਿੰਡ ਰੁਖੜ ਮਰੌੜ ਦਾ ਦੱਸਦਾ ਹੈ, ਪੰਨਾ 148



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਬਾਲਕ ਸਿੰਘ ਜੀ ਦੇ ਮਹਿਲ ਮਾਤਾ ਤੋਤੀ ਜੀ ਗੁਰੂ ਬਾਲਕ ਸਿੰਘ ਜੀ ਦੀ ਹਜ਼ੂਰੀ ਵਿੱਚ ਹੀ ਪ੍ਰਾਣ ਤਿਆਗ ਗਏ ਸਨ। ਮਾਤਾ ਤੋਤੀ ਜੀ ਅਕਾਲ ਚਲਾਣੇ ਦਾ ਵਰਣਨ ਸੰਤ ਇੰਦਰ ਸਿੰਘ ਚੱਕਰਵ੍ਰਤੀ ਨੇ ਨਾਮਧਾਰੀ ਇਤਿਹਾਸ ਭਾਗ ਪਹਿਲਾ ਵਿੱਚ ਕੀਤਾ ਹੈ।

ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰਮਤਿ ਦੇ ਪ੍ਰਚਾਰ ਲਈ ਠੋਸ ਰੂਪ ਵਿੱਚ ਕਈ ਉਪਰਾਲੇ ਕੀਤੇ। ਵੱਖ-ਵੱਖ ਸ਼ਰਧਾਲੂਆਂ ਨੂੰ ਮੰਜੀਆਂ ਬਖਸ਼ੀਆਂ ਅਤੇ ਬਾਹਰ ਕਈ ਥਾਂਵਾਂ ਤੇ ਜਾ ਕੇ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ। ਇੰਝ ਸਤਿਗੁਰੂ ਦੇ ਨਾਮ ਦਾ ਸੰਦੇਸ਼ ਦੂਰ-ਦੂਰ ਦੇ ਇਲਾਕੇ ਵਿੱਚ ਵੀ ਪੁੱਜ ਗਿਆ।

ਮੰਜੀਆਂ ਦੀ ਸਥਾਪਨਾ ਦੀ ਮਰਿਯਾਦਾ ਆਦਿ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸੰਗਤ ਦੇ ਰੂਪ ਵਿੱਚ ਚੱਲੀ ਆ ਰਹੀ ਸੀ ਅਤੇ ਗੁਰੂ ਅਮਰਦਾਸ ਜੀ ਦੇ ਸਮੇਂ ਇਸ ਪਰੰਪਰਾ ਦਾ ਹੋਰ ਵਿਸਥਾਰ ਹੋ ਗਿਆ ਸੀ। ਇਸੇ ਪਰੰਪਰਾ ਨੂੰ ਗੁਰੂ ਅਰਜਨ ਦੇਵ ਜੀ ਨੇ ਮਸੰਦਾਂ ਦੇ ਰੂਪਾਂ ਵਿੱਚ ਅੱਗੇ ਵਧਾਇਆ ਸੀ।

ਮੰਜੀ ਬਖਸ਼ਣ ਸਮੇਂ ਸਤਿਗੁਰੂ ਬਾਲਕ ਸਿੰਘ ਜੀ ਆਪਣੇ ਨਿਕਟਵਰਤੀ ਸਿੱਖ ਨੂੰ ਇੱਕ ਦਸਤਾਰ ਬਖਸ਼ ਕੇ ਵਿਸ਼ੇਸ਼ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕਰਨ ਲਈ ਹੁਕਮ ਕਰ ਦਿੰਦੇ ਸਨ। ਭਾਈ ਧਨੀ ਰਾਮ ਨੂੰ ਮੰਜੀ ਬਖਸ਼ ਕੇ ਸਤਿਗੁਰੂ ਬਾਲਕ ਸਿੰਘ ਜੀ ਨੇ ਆਦੇਸ਼ ਕੀਤਾ – 1*"ਤੁਸੀਂ ਅਫਕੋਂ ਪਾਰ ਦੀ ਸੰਗਤ ਵਿੱਚ, ਨਾਮ ਪ੍ਰਚਾਰ ਕਰੋ ਅਤੇ ਸਤਿਗੁਰੂ ਦੇ ਜਸ ਦਾ ਡੰਕਾ ਵਜਾਵੋ।"

2*ਸਿੱਖ ਐਨਸਾਈਕਲੋਪੀਡੀਆ ਵਿੱਚ ਬਾਬਾ ਬਾਲਕ ਸਿੰਘ ਬਾਰੇ ਇਹ ਲਿਖਿਆ ਗਿਆ ਹੈ ਕਿ ਆਪ ਭਗਤ ਜਵਾਹਰ ਮਲ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਇਹ ਗੱਲ ਠੀਕ ਨਹੀਂ ਹੈ। ਭਗਤ ਜਵਾਹਰ ਮਲ ਗੁਰੂ ਬਾਲਕ ਸਿੰਘ ਜੀ ਦੇ ਅਨਿੰਨ ਸ਼ਰਧਾਲੂਆਂ ਵਿੱਚੋਂ ਸੀ। ਗੁਰੂ ਬਾਲਕ ਸਿੰਘ ਜੀ ਨੇ ਉਸ ਨੂੰ ਵੀ ਮੰਜੀ ਬਖਸ਼ ਕੇ ਰਾਵਲਪਿੰਡੀ ਵਿਖੇ ਧਰਮ ਪ੍ਰਚਾਰ ਕਰਨ ਦਾ ਆਦੇਸ਼ ਕੀਤਾ ਸੀ।

ਸਾਈਂ ਜਵਾਹਰ ਮੱਲ ਜੀ ਦਾ ਸਥਾਨ ਸੈਦਪੁਰੀ ਮੁਹੱਲੇ ਵਿੱਚ ਸੀ। ਸਾਈਂ ਜਵਾਹਰ ਮੱਲ ਜੀ ਦੇ ਅਕਾਲ ਚਲਾਣੇ ਪਿਛੋਂ ਇਹ ਸੇਵਾ ਉਨ੍ਹਾਂ ਦੇ ਸਪੁੱਤਰ ਭਗਤ ਹੀਰਾਨੰਦ ਜੀ ਨੇ ਨਿਭਾਈ। ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਹੀਰਾਨੰਦ ਨੂੰ ਸੂਬਾ ਥਾਪਿਆ ਸੀ। ਇੱਕ ਹੋਰ ਮੰਜੀ ਦੀ ਕਾਰ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੇ ਅਨਿੰਨ ਭਗਤ ਬਾਬਾ ਸੰਗਤਾ ਜੀ ਨੂੰ ਸੌਂਪੀ, ਜਿਸਨੇ ਕੈਮਲਪੁਰ ਦੇ ਇਲਾਕੇ ਵਿੱਚ ਗੁਰਸਿੱਖੀ ਦਾ ਕੇਂਦਰ ਸਥਾਪਿਤ ਕੀਤਾ। ਸਤਿਗੁਰੂ

1* ਸੰਤ ਸੰਤੋਖ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 147

2* ਦ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ, ਭਾਗ ਪਹਿਲਾ, ਪੰਨਾ 265



Sri Satguru Jagjit Singh Ji Elibrary NamdhariElibrary@gmail.com

ਬਾਲਕ ਸਿੰਘ ਨੇ ਭਾਵੇਂ ਗੁਰਮਤਿ ਦੇ ਪ੍ਰਚਾਰ ਲਈ ਵੱਖ-ਵੱਖ ਥਾਂਵਾਂ ਤੇ ਮੰਜੀਆਂ ਸਥਾਪਿਤ ਕਰ ਦਿੱਤੀਆਂ ਸਨ, ਪਰ ਉਨ੍ਹਾਂ ਨੂੰ ਆਪਣੇ ਅਸਲ ਉੱਤਰਾਧਿਕਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਹਮੇਸ਼ਾਂ ਖਿਆਲ ਰਹਿੰਦਾ ਸੀ, ਜਿਨ੍ਹਾਂ ਨੂੰ ਆਪ ਸਦਾ ਠਾਕੁਰ ਜੀ ਕਹਿ ਕੇ ਸੰਬੋਧਨ ਕਰਦੇ ਸਨ।

### ਜਗਿਆਸੀ ਅਭਿਆਸੀ ਲਹਿਰ

[1*]ਡਾ: ਫ਼ੌਜਾ ਸਿੰਘ ਨੇ 'ਕੂਕਾ ਲਹਿਰ' ਪੁਸਤਕ ਵਿੱਚ ਗੁਰੂ ਬਾਲਕ ਸਿੰਘ ਜੀ ਦੇ ਰਾਜਨੀਤਕ ਦ੍ਰਿਸ਼ਟੀਕੋਣ ਅਤੇ ਗੁਰੂ ਰਾਮ ਸਿੰਘ ਜੀ ਦੇ ਪਰਸਪਰ ਸੰਬੰਧਾਂ ਬਾਰੇ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਹੈ। "ਰਾਜਨੀਤਿਕ ਤੌਰ ਤੇ ਕੂਕਾ ਲਹਿਰ ਨੂੰ ਬਾਬਾ ਬਾਲਕ ਸਿੰਘ ਦੀ ਜਗਿਆਸੀ ਅਭਿਆਸੀ ਲਹਿਰ ਦੀ ਥਾਂ ਭਾਈ ਮਹਾਰਾਜ ਸਿੰਘ ਦੇ ਖ਼ਾਲਸਾ ਰਾਸ਼ਟਰਵਾਦ ਤੋਂ ਵਧੇਰੇ ਪ੍ਰਭਾਵਿਤ ਹੋਈ ਮੰਨਿਆ ਜਾ ਸਕਦਾ ਹੈ।" ਲੇਖਕ ਉਸ ਨੂੰ ਖ਼ਾਲਸਾ ਰਾਸ਼ਟਰਵਾਦ ਤੋਂ ਵਧੇਰੇ ਪ੍ਰਭਾਵਿਤ ਹੋਈ ਮੰਨਦਾ ਹੈ। ਉਸ ਦਾ ਕਥਨ ਹੈ ਕਿ ਬਾਬਾ ਬਾਲਕ ਸਿੰਘ ਦੇ ਅੰਗਰੇਜ਼ ਸਾਮਰਾਜ ਵਿਰੋਧੀ ਵਿਚਾਰਾਂ ਬਾਰੇ ਕਿਸੇ ਲੇਖਕ ਨੇ ਹੁਣ ਤੱਕ ਜ਼ਿਕਰ ਨਹੀਂ ਕੀਤਾ। ਜਿਥੋਂ ਤੱਕ ਗੁਰੂ ਬਾਲਕ ਸਿੰਘ ਜੀ ਦੇ ਅਧਿਆਤਮਕ ਦ੍ਰਿਸ਼ਟੀਕੋਣ ਅਤੇ ਧਰਮ ਪ੍ਰਚਾਰ ਦੇ ਵਿਧੀ ਵਿਧਾਨ ਦਾ ਸੰਬੰਧ ਹੈ, ਆਪ ਨੇ ਜਗਿਆਸੀ-ਅਭਿਆਸੀ ਨਾਮ ਦੀ ਕਿਸੇ ਜਥੇਬੰਦੀ ਨੂੰ ਚਾਲੂ ਨਹੀਂ ਸੀ ਕੀਤਾ। ਜਿਹੜੇ ਸਿੱਖ ਸ਼ਰਧਾਲੂ ਉਨ੍ਹਾਂ ਕੋਲ ਆਤਮਿਕ ਸ਼ਾਂਤੀ ਦੀ ਪ੍ਰਾਪਤੀ ਲਈ ਪੁੱਜਦੇ ਸਨ, ਉਨ੍ਹਾਂ ਨੂੰ ਜਗਿਆਸੀ ਮੰਨਿਆ ਜਾ ਸਕਦਾ ਹੈ ਅਤੇ ਉਨ੍ਹਾਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਨਾਮ ਭਗਤੀ ਦਾ ਨਿੱਤ ਦਾ ਅਭਿਆਸ ਕਰਨ ਸਦਕਾ ਅਭਿਆਸੀ ਵੀ ਜਾਣਿਆ ਜਾ ਸਕਦਾ ਹੈ, ਪਰ ਅਜਿਹੀ ਕੋਈ ਵਿਸ਼ੇਸ਼ ਜਥੇਬੰਦੀ ਉਨ੍ਹਾਂ ਸਥਾਪਿਤ ਨਹੀਂ ਸੀ ਕੀਤੀ। ਜਿਥੋਂ ਤੱਕ ਉਨ੍ਹਾਂ ਦਾ ਅੰਗਰੇਜ਼ ਵਿਰੋਧੀ ਦ੍ਰਿਸ਼ਟੀਕੋਣ ਦਾ ਸੰਬੰਧ ਹੈ, ਉਸ ਬਾਰੇ ਉਹ ਪੂਰੀ ਤਰ੍ਹਾਂ ਸੁਚੇਤ ਸਨ। ਅੰਗਰੇਜ਼ੀ ਰਾਜ ਦੇ ਆਰੰਭ ਵਿੱਚ ਹੀ ਹਜ਼ਰੋਂ ਵਿਖੇ ਉਨ੍ਹਾਂ ਦੀ ਵਿਸ਼ੇਸ਼ ਨਿਗਰਾਨੀ ਦੇ ਸੰਕੇਤ ਮਿਲਦੇ ਹਨ। ਉਨ੍ਹਾਂ ਦੇ ਇੱਕ ਸਿੱਖ ਨੂੰ ਥਾਣੇਦਾਰ ਨੇ ਬੁਲਾ ਕੇ ਤਾੜਨਾ ਕੀਤੀ ਸੀ ਅਤੇ ਉਨ੍ਹਾਂ ਦੇ ਦਰਸ਼ਨ ਕਰਨ ਵਾਲਿਆਂ ਉੱਤੇ ਨਿਗਰਾਨੀ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਸਨ। ਪੰਜਾਬ ਦੀ ਰਾਜਧਾਨੀ ਜਾਂ ਕੇਂਦਰ ਤੋਂ ਦੂਰ ਹੋਣ ਸਦਕਾ ਅੰਗਰੇਜ਼ੀ ਸਰਕਾਰ ਉਨ੍ਹਾਂ ਨੂੰ ਵਧੇਰੇ ਖ਼ਤਰਨਾਕ ਨਹੀਂ ਸੀ ਸਮਝਦੀ, ਪਰ ਨਾਮ ਦਾ ਪ੍ਰਵਾਹ ਜਾਂ ਲੰਗਰ ਜਿਹੜਾ ਉਨ੍ਹਾਂ ਨੇ ਜਾਰੀ ਕੀਤਾ ਸੀ, ਉਹ ਉਸ ਆਤਮਿਕ ਜਾਗ੍ਰਿਤੀ ਨੂੰ ਫੈਲਾਉਣ ਦਾ ਕਾਰਨ ਬਣਿਆ, ਜਿਸਨੇ ਅੱਗੇ ਜਾ ਕੇ ਭਵਿੱਖ ਵਿੱਚ

---

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 174



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਮੱਤ ਜਾਂ ਸੰਤ ਖ਼ਾਲਸੇ ਦੇ ਰੂਪ ਵਿੱਚ ਪ੍ਰਗਟ ਹੋਣਾ ਸੀ। ਸਤਿਗੁਰੂ ਬਾਲਕ ਸਿੰਘ ਜੀ ਨੇ ਨਾਮਧਾਰੀ ਮੱਤ ਜਾਂ ਕੂਕਾ ਲਹਿਰ ਦੇ ਮਹਿਲ ਦੀ ਉਸਾਰੀ ਵਿੱਚ ਨੀਂਹਾਂ ਭਰਨ ਦੇ ਕਾਰਜ ਨੂੰ ਨਿਭਾਇਆ। ਸਤਿਗੁਰੂ ਬਾਲਕ ਸਿੰਘ ਜੀ ਦੁਆਰਾ ਜਗਾਈ ਗਈ ਨਾਮ ਦੀ ਜੋਤ ਹੀ ਕੂਕਾ ਲਹਿਰ ਦੇ ਵਿਰਾਟ ਰੂਪ ਵਿੱਚ ਵਧੀ ਫੈਲੀ। ਨਾਮਧਾਰੀ ਮੱਤ ਦਾ ਮੁੱਖ ਧਰਾਤਲ ਤਾਂ ਉਹ ਧਾਰਮਿਕ ਸੰਦੇਸ਼ ਹੀ ਸੀ, ਜੋ ਗੁਰੂ ਰਾਮ ਸਿੰਘ ਜੀ ਨੇ ਆਪਣੀ ਕਥਨੀ ਤੇ ਕਰਨੀ ਅਤੇ ਜਾਰੀ ਕੀਤੇ ਗਏ ਆਪਣੇ ਹੁਕਮਨਾਮਿਆਂ ਵਿੱਚ ਦਿੱਤਾ ਸੀ। ਇਸ ਲਹਿਰ ਦਾ ਰਾਜਨੀਤਕ ਉਦੇਸ਼ ਜਾਂ ਇਤਿਹਾਸ ਨਾਮਧਾਰੀ ਮੱਤ ਲਈ ਦੂਤੀਆ ਸਥਾਨ ਤੇ ਆਉਂਦਾ ਹੈ। ਆਤਮਿਕ ਜਾਗ੍ਰਿਤੀ ਦੁਆਰਾ ਜੋ ਮਨੁੱਖੀ ਆਤਮਾ ਵਿੱਚ ਸ਼ਕਤੀ ਉਤਪੰਨ ਹੁੰਦੀ ਹੈ, ਉਸੇ ਦਾ ਹੀ ਪ੍ਰਯੋਗ ਵਿਅਕਤੀਗਤ ਅਤੇ ਸਾਮੂਹਿਕ ਰੂਪ ਵਿੱਚ ਸਮਾਜਿਕ ਅਮਲ ਵਿੱਚ ਵੀ ਸਾਰਥਕ ਸਿੱਧ ਹੁੰਦਾ ਹੈ। ਡਾ: ਫ਼ੌਜਾ ਸਿੰਘ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ।

ਸਤਿਗੁਰੂ ਰਾਮ ਸਿੰਘ, ਭਾਈ ਮਹਾਰਾਜ ਸਿੰਘ ਦੀ ਪ੍ਰਸੰਸਾ ਤਾਂ ਕਰਦੇ ਹਨ, ਪਰ ਉਨ੍ਹਾਂ ਦਾ ਅਸਲੀ ਮਾਰਗ ਜੋ ਆਪ ਜੀ ਨੇ ਸੰਤ ਖ਼ਾਲਸਾ ਦੇ ਰੂਪ ਵਿੱਚ ਦ੍ਰਿੜਾਇਆ, ਉਸ ਦਾ ਮੁੱਖ ਆਧਾਰ ਅਧਿਆਤਮਿਕ ਜਾਗ੍ਰਿਤੀ ਹੀ ਸੀ। ਇਹ ਆਤਮਿਕ ਜਾਗ੍ਰਿਤੀ ਹੀ ਮੂਲ ਰੂਪ ਵਿੱਚ ਸਮਾਜਿਕ ਕ੍ਰਾਂਤੀਆਂ ਦਾ ਬੀਜ ਰੂਪ ਹੁੰਦਾ ਹੈ, ਜੋ ਅੱਗੋਂ ਜਾ ਕੇ ਸਮਾਜਿਕ ਲਹਿਰਾਂ ਦਾ ਰੂਪ ਧਾਰਨ ਕਰਦਾ ਹੈ।

ਸ੍ਰੀ ਭੈਣੀ ਸਾਹਿਬ ਦੇ ਨਿਵਾਸ ਸਮੇਂ ਸਤਿਗੁਰੂ ਰਾਮ ਸਿੰਘ ਦੂਸਰੀ ਵਾਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ ਸਨ, ਜਿਸ ਦਾ ਜ਼ਿਕਰ ਸੰਤ ਇੰਦਰ ਸਿੰਘ ਚੱਕਰਵ੍ਤੀ ਨੇ ਆਪਣੀ ਪੁਸਤਕ 1*'ਨਾਮਧਾਰੀ ਇਤਿਹਾਸ' ਭਾਗ ਪਹਿਲਾ ਵਿੱਚ ਕੀਤਾ ਹੈ।

ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਰਾਮ ਸਿੰਘ ਜੀ ਦੇ ਹੋਰ ਬਹੁਤ ਸਾਰੇ ਪੁਰਾਣੇ ਸਾਥੀ ਸੈਨਿਕ ਆ ਕੇ ਮਿਲਦੇ-ਗਿਲਦੇ ਅਤੇ ਵਿਚਾਰ-ਵਟਾਂਦਰਾ ਕਰਦੇ ਰਹਿੰਦੇ ਸਨ ਅਤੇ ਉਨ੍ਹਾਂ ਦੀ ਭਗਤੀ ਸਾਧਨਾ ਸਦਕਾ ਅਤੇ ਦਰਸ਼ਨ ਕਰਨ ਨਾਲ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਸਨ। ਉਸ ਸਮੇਂ ਜੋ ਦੇਸ਼ ਦਾ ਵਰਤ-ਵਰਤਾਰਾ ਸੀ ਅਤੇ ਜੋ ਪਰਿਵਰਤਨ ਅੰਗਰੇਜ਼ੀ ਸਰਕਾਰ ਅਧੀਨ ਆ ਰਹੇ ਸਨ, ਉਨ੍ਹਾਂ ਸਭ ਬਾਰੇ ਚਰਚਾ ਹੁੰਦੀ ਰਹਿੰਦੀ ਸੀ। ਕੁਝ ਸਾਲਾਂ ਵਿੱਚ ਹੀ ਬਹੁਤ ਸਾਰੀ ਸਿੱਖ ਸੰਗਤ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਸ੍ਰੀ ਭੈਣੀ ਸਾਹਿਬ ਆਉਣ ਲੱਗ ਪਈ।

---
1* ਪੰਨਾ 156



Sri Satguru Jagjit Singh Ji Elibrary NamdhariElibrary@gmail.com

ਆਪ ਜੀ ਦੇ ਅਧਿਆਤਮਿਕ ਸਰੂਪ ਵਿੱਚੋਂ ਉਹ ਕਿਸੇ ਨਵੀਂ ਚੇਤੰਨਤਾ, ਸਮਾਜਿਕ ਅਤੇ ਧਾਰਮਿਕ ਪਰਿਵਰਤਨਾਂ ਨੂੰ ਨਿਹਾਰਨ ਲੱਗੇ।

ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣ ਕੇ ਭਾਈ ਲਾਭ ਸਿੰਘ, ਜੋ ਨੇਤਰਹੀਣ ਸੀ। ਉਹ ਨਵਾਂ ਸ਼ਹਿਰ ਦੇ ਸ: ਜੀਤਾ ਸਿੰਘ ਜ਼ਿਮੀਂਦਾਰ ਦਾ ਸਪੁੱਤਰ ਸੀ। ਅੰਮ੍ਰਿਤਸਰ ਵਿਖੇ ਨਿਵਾਸ ਰੱਖਦਾ ਸੀ ਅਤੇ ਗੁਰੂ ਕੀਰਤਨ ਤੇ ਗਾਇਕੀ ਦੀਆਂ ਰੀਤਾਂ ਤੋਂ ਭਲੀ ਪ੍ਰਕਾਰ ਜਾਣੂ ਸੀ। ਉਸਦੇ ਮਨ ਵਿੱਚ ਫੁਰਨਾ ਫੁਰਿਆ ਕਿ ਉਹ ਹਜ਼ਰੋਂ ਜਾ ਕੇ ਗੁਰੂ ਬਾਲਕ ਸਿੰਘ ਦੇ ਦਰਸ਼ਨ ਕਰਕੇ ਆਪਣਾ ਜਨਮ ਸਫ਼ਲਾ ਕਰੇ। ਬੜੀਆਂ ਮੁਸ਼ਕਿਲਾਂ ਝਾਗ ਕੇ ਉਹ ਗੁਰੂ ਬਾਲਕ ਸਿੰਘ ਜੀ ਦੀ ਹਜ਼ੂਰੀ ਵਿੱਚ ਹਜ਼ਰੋਂ ਪਹੁੰਚ ਗਿਆ। ਸਤਿਗੁਰੂ ਜੀ ਦੇ ਚਰਨ ਪਰਸ ਕੇ ਮਨ ਸ਼ਾਂਤ ਹੋਇਆ ਅਤੇ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਮੰਗੀ, ਪਰ ਸਤਿਗੁਰੂ ਬਾਲਕ ਸਿੰਘ ਜੀ ਨੇ ਉਸ ਨੂੰ ਭੈਣੀ ਸਾਹਿਬ ਜਾ ਕੇ ਠਾਕੁਰ ਜੀ ਅਰਥਾਤ ਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛਣ ਲਈ ਆਦੇਸ਼ ਕੀਤਾ। ਫਿਰ ਉਹ ਜਦੋਂ ਅੰਮ੍ਰਿਤਸਰ ਵਾਪਸ ਆ ਕੇ ਪੁੱਛਦਾ ਪੁਛਾਉਂਦਾ ਸ੍ਰੀ ਭੈਣੀ ਸਾਹਿਬ ਗਿਆ ਤਾਂ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਉਥੋਂ ਦਾ ਹੀ ਹੋ ਕੇ ਰਹਿ ਗਿਆ। ਚੱਕ ਦਾ ਬਾਬਾ ਕਾਹਨ ਸਿੰਘ ਗੁਰੂ ਰਾਮ ਸਿੰਘ ਜੀ ਦੇ ਲਾਹੌਰ ਸਮੇਂ ਦੇ ਸੈਨਿਕ ਸਾਥੀਆਂ ਵਿੱਚੋਂ ਨਿਕਟਵਰਤੀ ਸ਼ਰਧਾਲੂ ਸੀ। ਉਹ ਵੀ ਗੁਰੂ ਰਾਮ ਸਿੰਘ ਨਾਲ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਿਆ ਸੀ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਅਨੁਸਾਰ ਉਹ ਪਹਾੜਾਂ ਵਿੱਚ ਜਾ ਕੇ ਤਪ ਸਾਧਨਾ ਕਰਦਾ ਰਿਹਾ।

1*"ਜੁੱਧ ਹੋਣੇ ਦੇ ਪਾਛੇ ਬਾਬਾ ਕਾਹਨ ਸਿੰਘ ਚੱਕ ਦਾ ਵੈਰਾਗੀ ਹੋ ਕੇ ਮਲੋਟ ਪਹਾੜ ਮੈਂ ਜਾਇ ਬੰਦਗੀ ਕਰਨੇ ਲੱਗਾ ਸੀ। ਫੇਰ ਕਾਂਗੜੇ ਕੇ ਪਹਾੜ ਮੈਂ ਗਿਆ। ਉੱਥੇ ਪੰਜਾਬ ਕੇ ਸਿੱਖ ਨੌਕਰ ਥੇ, ਸੋ ਸੇਵਾ ਕਰਨੇ ਲੱਗੇ। ਏਕ ਸਿੱਖ ਪੱਧਰੀ ਕਾਥਾ ਉਸਨੇ ਘਰ ਲਿਖ ਭੇਜਿਆ, ਇੱਕ ਸੰਤ ਹੈਂ, ਬੜੀ ਬੰਦਗੀ ਕਰਦੇ ਹੈਂ। ......ਕਈ ਬਰਸ ਪਹਾੜ ਮੈ ਰਹਿ ਕੇ ਬਾਬਾ ਕਾਹਨ ਸਿੰਘ ਫੇਰ ਪੰਜਾਬ ਮੈਂ ਆਇਆ। ਇੱਕ ਵੇਰੀਂ ਪੱਧਰੀ ਜਾਇ ਰਹੇ। ਉਸ ਸਿੱਖ ਦੀ ਸਿੱਖਣੀ ਨੇ ਸਿਞਾਣ ਲਏ ਕਿ ਇਹ ਉਹੀ ਬੰਦਗੀ ਕਰਨੇ ਵਾਲੇ ਸਿੰਘ ਹੈਨ। ਸੁਣ ਕੇ ਉਸਨੇ ਘਰ ਲੈ ਆਂਦੇ। ਸੇਵਾ ਟਹਿਲ ਬੜੇ ਪ੍ਰੇਮ ਨਾਲ ਕੀਤੀ। ਮਾਈ ਨੇ ਕਿਹਾ ਕਿ ਸਾਨੂੰ ਭਜਨ ਮਿਲੇ। ਬਾਬੇ ਕਾਹਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਕਾ ਨਾਮ ਦੱਸਿਆ ਅਤੇ ਕਿਹਾ ਰਾਮਦਾਸਪੁਰੇ ਸਾਹਿਬ ਜਾ ਕੇ ਭਜਨ ਲੈ ਲਓ। ਉਨ੍ਹਾਂ ਨੂੰ ਹੁਕਮ ਹੈ ਭਜਨ ਦੇਣ ਦਾ, ਸਾਨੂੰ ਹੁਕਮ ਨਹੀਂ ਹੈ।

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਕ੍ਰਿਤ, ਪੰਨਾ 150



Sri Satguru Jagjit Singh Ji Elibrary NamdhariElibrary@gmail.com

ਪੱਧਰੀ ਦੀ ਇਸ ਮਾਈ ਨੂੰ ਵੀ ਜਦੋਂ ਉਹ ਹਰਿਦੁਆਰ ਦੀ ਯਾਤਰਾ ਲਈ ਜਾ ਰਹੀ ਸੀ ਤਾਂ ਰਸਤੇ ਵਿੱਚ ਭੈਣੀ ਸਾਹਿਬ ਪੁੱਜ ਕੇ ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਹੋਈ ਸੀ।

ਬਾਬਾ ਜਮੀਤ ਸਿੰਘ ਗਿੱਲ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਖ਼ਾਲਸਾ ਸੈਨਾ ਵਿੱਚ ਨੌਕਰ ਸੀ ਨੇ ਵੀ ਗੁਰੂ ਰਾਮ ਸਿੰਘ ਨਾਲ ਜਾ ਕੇ ਸਤਿਗੁਰੂ ਬਾਲਕ ਸਿੰਘ ਤੋਂ ਭਜਨ ਲਿਆ ਸੀ, ਪਰ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣਾ ਗੁਰ-ਭਾਈ ਹੀ ਮੰਨਦਾ ਸੀ, ਸਤਿਗੁਰੂ ਨਹੀਂ। ਪਰ ਜਮੀਤ ਸਿੰਘ ਨੂੰ ਆਤਮਿਕ ਸ਼ਾਂਤੀ ਉਸ ਸਮੇਂ ਹੀ ਪ੍ਰਾਪਤ ਨਹੀਂ। ਪਰ ਜਮੀਤ ਸਿੰਘ ਨੂੰ ਆਤਮਿਕ ਸ਼ਾਂਤੀ ਉਸ ਸਮੇਂ ਹੀ ਪ੍ਰਾਪਤ ਹੋਈ, ਜਦੋਂ ਉਸ ਨੂੰ ਸਤਿਗੁਰੂ ਬਾਲਕ ਸਿੰਘ ਜੀ ਦੇ ਬਚਨ ਅਨੁਸਾਰ ਗੁਰੂ ਰਾਮ ਸਿੰਘ ਜੀ ਨੂੰ ਸਤਿਗੁਰੂ ਦੇ ਰੂਪ ਵਿੱਚ ਪਛਾਨਣਾ ਸ਼ੁਰੂ ਕੀਤਾ। ਸਤਿਗੁਰੂ ਬਾਲਕ ਸਿੰਘ ਜੀ ਦੀ ਵਡਿਆਈ ਦਾ ਵਰਣਨ ਸੰਤ ਸੰਤੋਖ ਸਿੰਘ ਬਾਹੋਵਾਲ ਇਨ੍ਹਾਂ ਮਾਰਮਿਕ ਸ਼ਬਦਾਂ ਦੁਆਰਾ ਕਰਦੇ ਹਨ :

1*"ਸਤਿਗੁਰੂ ਬਾਲਕ ਸਿੰਘ ਜੀ ਦੀ ਸ਼ਾਂਤ ਰੂਪ ਮੂਰਤੀ ਕਾ ਦਰਸ਼ਨ ਕਰਕੇ ਚਿਤ ਕੋ ਸ਼ਾਂਤੀ ਆਇ ਜਾਂਦੀ ਹੈ। ਨਿਗਾਹ ਕਰਕੇ ਚਿਤ ਕੋ ਅਨੰਦ ਕਰ ਦੇਂਦੇ ਹੈਂ। ਜੋ ਬਚਨ ਮੁਖ ਸੇ ਉਚਾਰਦੇ ਹੈਂ, ਸੋ ਸਿੰਘ ਤਤਕਾਲ ਬਜਾਇ ਲੈਂਦੇ ਹੈਂ। ਬਾਗ ਮੇਂ ਕਥਾ ਕੀਰਤਨ ਅਤੇ ਭਜਨ ਕਰਨਾ। ਅਮਰ ਸਿੰਘ ਰਾਗੀ ਨੇ ਕੀਰਤਨ ਕਰਕੇ ਗੁਰੂ ਜੀ ਦੇ ਨਾਲ ਹੀ ਹਾਜ਼ਰ ਰੈਹਣਾ............। ਮਿੱਠੇ ਮਿੱਠੇ ਬੋਲ ਬੋਲਣੇ ਸੰਗਤ ਨੇ। ਆਪਸ ਮੇਂ ਮਿਲਕੇ ਚਲਣੇ ਲਗੇ। ਸਤਿਜੁਗੀ ਸੁਭਾਉ ਹੋਇ ਗਏ ਹੈਂ। ਪਰਮੇਸਰ ਕਾ ਨਾਮ ਚਿਤਾਰਨ ਲਗੇ। ਰਸਨਾ ਨਾਮ ਜਪਣ ਨੂੰ ਆਪੇ ਚਾਹੁੰਦੀ ਹੈ ਮਾਨੋਂ ਦੇਵਤਿਆਂ ਕਾ ਸਮੂਹ ਹੈ। ਮੂੰਹ ਪਰ ਸਭਨਾਂ ਕੇ ਲਾਲੀਆਂ ਦਗਣ........। ਨਾਮ ਤੋਂ ਬਿਨਾਂ ਹੋਰ ਕੋਈ ਚਿਤਵਨਾ ਨਹੀਂ ਚਿਤਵਦਾ।

ਵੱਡੀ ਰਾਤ ਸੇ ਇਸ਼ਨਾਨ ਕਰਕੇ ਸਿੱਖਾਂ ਗੁਰੂ ਸਾਹਿਬ ਜੀ ਦਾ ਦੀਦਾਰ ਕਰਨਾ। ਸਵੇਰੇ ਆਸਾ ਜੀ ਦੀ ਵਾਰ ਸੁਣਨੀ ਅਤੇ ਰਸਨਾ ਤੇ ਭਜਨ ਕਰਦੇ ਰਹਿਣਾ ਮਾਨੋਂ ਸਤਿਜੁਗ ਕੀ ਲੜੀ ਵਰਤਦੀ ਹੈ। ਸਤਿਜੁਗ ਦੀ ਨੀਂਹ ਉਸਾਰਦੇ ਹੈਨ। ਦਸਾਂ ਗੁਰੂਆਂ ਨੇ ਜੋ ਨੀਂਹ ਉਸਾਰੀ ਸੀ, ਸੋ ਹੁਣ ਯਾਰ੍ਹਵੇਂ ਗੁਰੂ ਜੀ ਭੀ ਉਸਾਰਦੇ ਹਨ। ਕੰਧ ਉਨ੍ਹਾਂ ਉਸਾਰੀ ਹੈ ਅਤੇ ਛੱਤ ਬਾਰ੍ਹਵੇਂ ਗੁਰੂ ਨੇ ਪਾਈ ਹੈ।"

ਸਤਿਗੁਰੂ ਬਾਲਕ ਸਿੰਘ ਜੀ ਵੱਲੋਂ ਕੀਤੀ ਗਈ ਆਗਿਆ ਅਨੁਸਾਰ 2*"ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ, ਤੁਸੀਂ ਕੇਸਾਧਾਰੀ ਖ਼ਾਲਸਾ ਵਧਾਓ। ਤੁਸੀਂ ਦਸਵੇਂ ਪਾਤਸ਼ਾਹ ਵਾਲੀ ਰੀਤੀ ਤੋਰੋ।"

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਕ੍ਰਿਤ, ਪੰਨਾ 219

2* ਉਪਰੋਕਤ, ਪੰਨਾ 224



Sri Satguru Jagjit Singh Ji Elibrary NamdhariElibrary@gmail.com

ਡਾ. ਫ਼ੌਜਾ ਸਿੰਘ, ਐਮ. ਐਮ. ਆਹਲੂਵਾਲੀਆ ਅਤੇ ਸ: ਨਾਹਰ ਸਿੰਘ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਅਰਥਾਤ ਸੰਤ ਖ਼ਾਲਸਾ ਦੀ ਸਿਰਜਣਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਮਰਿਯਾਦਾ ਦੀ ਪੁਨਰ ਸਥਾਪਤੀ ਕੀਤੀ ਅਤੇ ਸਿੱਖਾਂ ਵਿੱਚ ਜੋ ਆਚਰਨਿਕ ਗਿਰਾਵਟ ਆ ਚੁੱਕੀ ਸੀ, ਉਸ ਦਾ ਪੁਨਰ ਨਿਰਮਾਣ ਅਤੇ ਪੁਨਰ ਉਥਾਨ ਕੀਤਾ। ਗੁਰਮਤਿ ਵਿੱਚ ਇਨ੍ਹਾਂ ਪਰਿਵਰਤਨਾਂ ਦੀ ਉਸ ਸਮੇਂ ਡਾਢੀ ਲੋੜ ਸੀ ਤਾਂ ਜੋ ਯੁਗ ਅਨੁਕੂਲ ਗੁਰ ਮਰਿਯਾਦਾ ਦੀ ਜੋਤ ਨੂੰ ਨਵੇਂ ਸਿਰਿਉਂ ਜਗਾ ਕੇ ਸੰਤ ਖ਼ਾਲਸਾ ਦੇ ਰੂਪ ਵਿੱਚ ਪ੍ਰਕਾਸ਼ਮਾਨ ਕੀਤਾ ਜਾ ਸਕੇ।



Sri Satguru Jagjit Singh Ji Elibrary NamdhariElibrary@gmail.com

## 21

# ਭੈਣੀ ਸਤਿਗੁਰੂ ਪ੍ਰਗਟਿਆ

**ਸੰਤ ਖਾਲਸੇ ਦੀ ਸਾਜਨਾ :**

ਨਾਮਧਾਰੀ ਮੱਤ ਦੇ ਇਤਿਹਾਸ ਵਿਚ ਸੰਮਤ ਬਿਕ੍ਰਮੀ 1914 ਦਾ ਵਿਸਾਖੀ ਦਾ ਸ਼ੁਭ ਦਿਹਾੜਾ ਤਦ ਅਨੁਸਾਰ 12 ਅਪ੍ਰੈਲ 1857 ਇਤਿਹਾਸਿਕ ਮਹੱਤਤਾ ਰੱਖਦਾ ਹੈ। ਇਸ ਸ਼ੁਭ ਦਿਹਾੜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਥਾਪਨਾ ਕੀਤੀ ਸੀ। ਸੰਤ ਖਾਲਸੇ ਦਾ ਹੀ ਨਾਮ ਨਾਮਧਾਰੀ ਮੱਤ ਜਾਂ ਕੂਕਾ ਸੰਪਰਦਾਇ ਦੇ ਰੂਪ ਵਿਚ ਪ੍ਰਸਿੱਧ ਹੋਇਆ, ਜਿਸ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਅਤੇ ਸਿੱਖ ਮਤ ਦੇ ਪੁਨਰ-ਨਿਰਮਾਣ ਵਿਚ ਬਹੁਤ ਵੱਡਾ ਯੋਗਦਾਨ ਹੈ।

'ਸਤਿਗੁਰੂ ਬਿਲਾਸ' ਦੇ ਕਰਤਾ [1*]ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇਸ ਪਵਿੱਤਰ ਦਿਨ ਦੀ ਮਹਾਨਤਾ ਅਤੇ ਗੁਰੂ ਰਾਮ ਸਿੰਘ ਜੀ ਦੀ ਮਹਿੰਮਾ ਤੇ ਉਪਕਾਰ ਦੇ ਦਿਨੋ ਦਿਨ ਵੱਧਣ, ਫੈਲਣ ਅਤੇ ਦੂਣ ਸਵਾਈ ਹੋਣ ਬਾਰੇ ਸੁੰਦਰ ਕਾਵਿ ਮਈ ਸ਼ਬਦਾਂ ਦੁਆਰਾ ਇਸ ਤਰ੍ਹਾਂ ਵਰਣਨ ਕੀਤਾ ਹੈ :

"ਜੋਤੀ ਸਰੂਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੋਤ ਕੋ ਜਗਾਵਣੇ ਲਗੇ ਹੈਂ। ਪਤੰਗੇ ਕੀ ਤਰ੍ਹਾਂ ਜੋ ਸਿੱਖ ਹੈਂ ਸੋ ਆਵਣਗੇ। ਤਨ ਮਨ ਧਨ ਦੇ ਕੇ ਨਾਮ ਲੈ ਕੇ ਸ਼ਾਂਤ ਆਇ ਜਾਏਗੀ। ਮਾਨੋਂ ਸੂਰਜ ਦਾ ਪ੍ਰਕਾਸ਼ ਹੋਣੇ ਲਗਾ ਹੈ। ਪਾਪਾਂ ਰੂਪੀ ਜੋ ਰਾਤ ਹੈ ਸੋ ਦੂਰ ਹੋਂਵੇਗੀ। ਚਕਵੀ ਚਕਵੇ ਕੀ ਤਰ੍ਹਾਂ ਭਗਤਾਂ ਕੋ ਸੁਖ ਹੋਂਵੇਗਾ ਸੂਰਜ ਨੂੰ ਦੇਖਕੇ। ਕਿਰਨਾਂ ਸੂਰਜ ਦੀਆਂ ਨਿਕਲਨੇ ਲੱਗੀਆਂ ਹੈ। ਕਲਾ ਦਾ ਬਿਸਥਾਰ ਕਰਨੇ ਲਗੇ ਹੈਂ। ਸੰਤ ਖ਼ਾਲਸਾ ਜੋ ਦਸਵੇਂ ਪਾਤਸ਼ਾਹ ਜੀ ਕਾ ਕਹਿਣਾ ਹੈ ਸੋ ਪ੍ਰਗਟ ਹੋਣ ਲੱਗਾ ਹੈਂ। ਜੜ੍ਹ ਆਇ ਲਾਈ ਹੈ। ਜਿਸ ਜਗ੍ਹਾ ਨਾਮ ਕਾ ਬ੍ਰਿਛ ਲਗਾਵਣਾ ਹੈ ਮਾਨੋਂ ਕਲਪ ਬ੍ਰਿਛ ਲਿਆਇ ਧਰਿਆ ਹੈ। ਜੋ ਭਾਵਨਾ ਕੋਈ ਕਰੇਗਾ ਸੋ ਸਭ ਦੀਆਂ ਪੂਰੀਆਂ ਹੋਣਗੀਆਂ। ਮਨ ਬਾਂਛਤ ਫ਼ਲ ਮਿਲੇਗਾ। ਦਸਵੇਂ ਪਾਤਸ਼ਾਹ ਜੀ ਕਾ ਵਾਕ ਹੈ - ਸਕਲ ਜਗਤ ਮੇ ਖ਼ਾਲਸਾ ਪੰਥ ਗਾਜੇ। ਸੋ ਖ਼ਾਲਸਾ ਜਗਾਵਣੇ ਲਗੇ ਹੈਂ। ਸੁੱਤੇ ਪਿਆ ਜੀਆਂ ਕੋ ਨਾਮ ਕਾ ਗੱਫ਼ਾ ਦੇ ਕੇ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ, ਪੰਨਾ 152



Sri Satguru Jagjit Singh Ji Elibrary NamdhariElibrary@gmail.com

ਦੇਵਤਾ ਕਰਨ ਲਗੇ ਹੈਂ।

ਮੁਖਵਾਕ –

ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ

*(ਆਦਿ ਗ੍ਰੰਥ, ਪੰਨਾ 462–463)*

ਸੋ ਭਜਨ ਸੁਣਾਇਕੇ ਕੰਨ: ਮੈ ਅੱਖ ਦੇ ਫੇਰ ਵਿਚ ਦੇਵਤਾ ਕਰ ਦੇਂਦੇ ਹੈਂ। ਜਨਮ ਵੱਟਿਆ ਜਾਂਦਾ ਹੈ ਸਰੀਰ ਕੀ ਤਾਸੀਰ ਬਦਲ ਜਾਂਦੀ ਹੈ। ਗੁਰਮੰਤ੍ ਦੇ ਕੇ ਜੀਆਂ ਕੋ ਮੁਕਤ ਕਰਨੇ ਲਗੇ ਹੈਂ।

ਮੁਖਵਾਕ :

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ।

ਸੰਤ ਭਗਤ ਹਰਿਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ।

*(ਆਦਿ ਗ੍ਰੰਥ, ਪੰਨਾ 783)*

ਸੋ ਘਰ ਜਾਹਰ ਕਰਨੇ ਲਗੇ ਹੈਂ। ਗੁਪਤ ਸੀ ਨਾਮ ਕਾ ਖ਼ਜਾਨਾ ਸੋ ਵਰਤਾਵਣ ਲਗੇ ਹੈਂ। ਧਰਮ ਜੀ ਧੁਜਾ ਖੜੀ ਹੋਈ ਹੈ। ਨਾਮ ਕੇ ਖ਼ਜਾਨੇ ਕੋ ਕੁੰਜੀ ਲਾਵਣ ਲਗੇ ਹੈਂ। ਵਣਜਾਰੇ ਸਿਖ ਆਵਣਗੇ। ਨਾਮ ਜੋ ਅਮੋਲਕ ਹੈ ਸੋ ਖ਼ਰੀਦਣਗੇ। ਮਾਨ ਸਰੋਵਰ ਪ੍ਰਗਟ ਹੋਇਆ ਹੈ। ਹੰਸਲੇ ਜੋ ਸਿੱਖ ਹੈਂ ਸੋ ਨਾਮ ਕੇ ਮੋਤੀ ਚੁਗਣਗੇ। ਨਾਮ ਕੀ ਖਾਨ ਪ੍ਰਗਟ ਹੋਣ ਲਗੀ ਹੈ। ਸੋਈ ਆਣਕੇ ਮਿਲਣਗੇ ਜਿਨ੍ਹਾਂ ਕੀ ਪੂਰਬਲੀ ਕਮਾਈ ਤੇ ਲਿਲਾਟ ਮੈਂ ਲਿਖਿਆ ਹੋਇਆ ਹੈ। ਜੁਗੋ ਜੁਗ ਨਾਲ ਕਾ ਵਰ ਮੰਗਿਆ ਹੋਇਆ ਹੈ। ਸੋ ਨਾਲ ਹੀ ਜਨਮ ਧਾਰ ਲੈਂਦੇ ਹੈਂ। ਸੋਈ ਆਣਕੇ ਮਿਲਣਗੇ ਤੇ ਨਾਮ ਨੂੰ ਜਪਣਗੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਾਨਾ ਬੰਨਿਆ ਹੈ ਧਰਮ ਤੋਰਨੇ ਕਾ ਤੇ ਗਊ ਗ਼ਰੀਬ ਦੀ ਰੱਛਿਆ ਵਾਸਤੇ। ਕਲੂਕਾਲ ਮੈ ਧਰਮ ਜਹਾਜ਼ ਪਰ ਚਾੜ੍ਹਕੇ ਸੰਸਾਰ ਸਮੁੰਦਰ ਸੇ ਪਾਰ ਕਰਨਗੇ। ਚੰਦਨ ਕਾ ਬੂਟਾ ਲਾਇਆ ਹੈ। ਜੋ ਨੇੜੇ ਆਵੇਗਾ ਸੋ ਚੰਦਨ ਰੂਪ ਹੋਵੇਗਾ। ਦਿਨੋਂ ਦਿਨ ਪ੍ਰਤਾਪ ਜਾਗੇਗਾ।"

## ਸੰਤ ਖਾਲਸੇ ਦਾ ਪ੍ਰਗਟ ਕਰਨਾ

12 ਅਪ੍ਰੈਲ, 1857 ਸੰਮਤ ਬਿਕ੍ਰਮੀ 1914 ਦੇ ਵਿਸਾਖੀ ਦੇ ਸ਼ੁਭ ਦਿਹਾੜੇ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਣਾ ਕੀਤੀ। ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਜਿਨ੍ਹਾਂ ਪੰਜ ਸਿੰਘਾਂ ਨੂੰ ਸਭ ਤੋਂ ਪਹਿਲਾਂ ਅੰਮ੍ਰਿਤਪਾਨ ਕਰਵਾਇਆ ਗਿਆ, ਉਨ੍ਹਾਂ ਦੇ ਨਾਮ ਸਨ – [1]*ਕਾਹਨ ਸਿੰਘ ਨਿਹੰਗ[1], ਲਾਭ ਸਿੰਘ ਰਾਗੀ[2], ਆਤਮਾ ਸਿੰਘ[3], ਨੈਣਾ ਸਿੰਘ[4], ਸੁੱਧ ਸਿੰਘ[5]।

[1]* ਕਾਹਨ ਸਿੰਘ : ਪਿਤਾ ਸਰਦਾਰ ਨੱਥਾ ਸਿੰਘ, ਪਿੰਡ ਚੱਕ, ਰਿਆਸਤ ਮਲੇਰਕੋਟਲਾ, ਕਾਹਨ ਸਿੰਘ, ਨਿਹੰਗ ਕੰਵਰ ਨੌਂ ਨਿਹਾਲ ਸਿੰਘ ਦੀ ਰੈਜੀਮੈਂਟ ਵਿਚ ਬ੍ਰਗੇਡ ਮੇਜਰ ਮੇਕਸਨ ਦੀ

(ਚਲਦਾ ਪੰਨਾ 518)



Sri Satguru Jagjit Singh Ji Elibrary NamdhariElibrary@gmail.com

ਇਸ ਤੋਂ ਪਹਿਲਾਂ [1*]"ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਜਵਾਹਰ ਸਿੰਘ ਜੀ ਪਾਸੋਂ ਖੰਡੇ ਦਾ ਅੰਮ੍ਰਿਤ ਛਕ ਕੇ ਆਪਣੀ ਰਹਿਤ ਮਰਯਾਦਾ ਦੀ ਸੁਧਾਈ ਕੀਤੀ। ਟੱਬਰ ਦੇ ਸਭ ਜੀਆਂ ਨੂੰ ਰਹਿਤ ਮਰਯਾਦਾ ਵਿਚ ਪੱਕੇ ਰਹਿਣ ਦਾ ਹੁਕਮ ਦਿੱਤਾ ਅਤੇ ਆਪਣੇ ਘਰ ਨੂੰ ਇਕ ਆਦਰਸ਼ ਸਿੱਖ ਪਰਿਵਾਰ ਦੀ ਸ਼ਕਲ ਦਿੱਤੀ।"

ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਸੀ ਕਿਉਂ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਇਕ ਵੱਡੀ ਜ਼ਿੰਮੇਵਾਰੀ ਨੂੰ ਸੰਭਾਲ ਲਿਆ ਸੀ। ਉਹ ਵੱਡੀ ਜ਼ਿੰਮੇਵਾਰੀ ਸੀ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਗੁਰਮਤਿ ਅਨੁਸਾਰ ਨਵੇਂ ਸਿਰਿਉਂ ਢਾਲਣਾ ਅਤੇ ਸੰਤ ਖਾਲਸੇ ਨੂੰ ਆਉਣ ਵਾਲੀਆਂ ਵੱਡੀਆਂ ਜ਼ਿੰਮੇਵਾਰੀਆਂ ਲਈ ਤਿਆਰ-ਬਰ-ਤਿਆਰ ਕਰਨਾ। ਵਿਦੇਸ਼ੀ ਸਾਮਰਾਜ ਦੀ ਗੁਲਾਮੀ ਕਾਰਨ ਜ਼ਿੱਥੇ ਸਿੱਖ ਕੌਮ ਤੇ ਪੰਜਾਬ ਦੀ ਜਨਤਾ ਨੂੰ ਜਾਗਰੂਪ ਕਰਕੇ ਨਵੀਂ ਕੌਮ ਅਣਖ ਬਾਰੇ ਸੁਚੇਤ ਕਰਨ ਦੀ ਲੋੜ ਸੀ, ਉੱਥੇ ਨਾਲੋਂ ਨਾਲ ਕੌਮ ਵਿਚ ਆਤਮ ਬਲ ਪੈਦਾ ਕਰਕੇ ਖੁੱਸ ਚੁੱਕੀ ਸੁਤੰਤਰਤਾ ਨੂੰ ਮੁੜ ਪ੍ਰਾਪਤ ਕਰਨ ਦਾ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਮੁੱਖ ਨਿਸ਼ਾਨਾ ਸੀ। ਇਸ ਤੋਂ ਬਿਨਾਂ ਆਮ ਜਨਤਾ ਵਿਚ ਅਤੇ ਵਿਸ਼ੇਸ਼ ਕਰਕੇ ਸਿੱਖਾਂ ਵਿਚ ਜਿਹੜੀਆਂ ਕੁਰੀਤੀਆਂ ਘਰ ਕਰ ਗਈਆਂ ਸਨ, ਉਨ੍ਹਾਂ ਦਾ ਸੁਧਾਰ ਕਰਨਾ ਵੀ ਅਤਿ ਲੋੜੀਂਦਾ ਸੀ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਣਾ ਕਰਕੇ ਧਾਰਮਿਕ ਤੇ ਸਮਾਜਕ ਸੁਧਾਰਾਂ ਵੱਲ ਉਚੇਚਾ ਧਿਆਨ ਦਿੱਤਾ। ਸੰਤ ਖਾਲਸੇ ਲਈ ਕਰੜੀ ਰਹਿਤ ਮਰਿਯਾਦਾ ਨੂੰ ਨਿਸ਼ਚਿਤ ਕੀਤਾ ਤਾਂ ਜੋ ਆਤਮ ਸੰਜਮ ਤੇ ਆਤਮ ਸਾਧਨਾਂ ਦੁਆਰਾ ਗੁਰ ਸਿੱਖਾਂ ਦੇ ਆਚਰਨਿਕ ਬਲ ਨੂੰ ਬਲਵਾਨ ਕੀਤਾ ਜਾਵੇ ਅਤੇ ਗੁਰੂ ਦਾ ਸਿੱਖ ਆਪਣੇ ਸਤਿਗੁਰੂ ਦੀ

---

(ਬਾਕੀ ਪੰਨਾ 517)

ਕਮਾਨ ਹੇਠ ਹਵਲਦਾਰ ਸਨ। ਲੜਾਈ ਤੋਂ ਵਾਪਸ ਆ ਕੇ ਕੁਝ ਸਮਾਂ ਪਿੰਡ ਲੇਧ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਾਣੀ ਦੀ ਚੱਕੀ ਲਗਾਈ। ਫਿਰ ਭਗਤੀ ਵਿਚ ਲੀਨ ਹੋ ਗਏ ਅਤੇ ਲਗਭਗ 1913 ਬਿ (1856 ਈ) ਵਿਚ ਆਪ ਸ੍ਰੀ ਰਾਮਦਾਸ ਪੁਰੇ ਆ ਗਏ।

2. ਲਾਭ ਸਿੰਘ ਰਾਗੀ - ਪਿਤਾ ਸਰਦਾਰ ਜੀਤ ਸਿੰਘ, ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ। ਇਨ੍ਹਾਂ ਦੇ ਨੇਤਰਾਂ ਦੀ ਜੋਤ ਨਹੀਂ ਸੀ। ਲਾਭ ਸਿੰਘ ਰਾਗ ਬਹੁਤ ਚੰਗਾ ਕਰਿਆ ਕਰਦੇ ਸਨ। ਇਨ੍ਹਾਂ ਕਾਫੀ ਸਮਾਂ ਜਲੰਧਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਪ੍ਰਚਾਰ ਕੀਤਾ।
3. ਆਤਮਾ ਸਿੰਘ : ਪਿੰਡ ਆਲੋ ਮਹਾਰ ਸ਼ਰੀਫ, ਜ਼ਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਸਨ।
4. ਨੈਣਾ ਸਿੰਘ - ਪਿਤਾ ਸਰਦਾਰ ਸਮੁੰਦ ਸਿੰਘ, ਪਿੰਡ ਵਰਿਆਹ, ਜ਼ਿਲ੍ਹਾ ਅੰਮ੍ਰਿਤਸਰ।
5. ਸੁੱਧ ਸਿੰਘ - ਪਿਤਾ ਸਰਦਾਰ ਜਗਤ ਸਿੰਘ ਜ਼ਿਮੀਦਾਰ, ਪਿੰਡ ਦੁਰਗਾਪੁਰ ਜ਼ਿਲ੍ਹਾ ਜਲੰਧਰ। ਸੁੱਧ ਸਿੰਘ ਚੌਥੀ ਅਨਿਯਮਤ ਘੁੜਸਵਾਰ ਫੌਜ (4th irregular cavelray) ਵਿਚ ਸਵਾਰ ਰਹਿ ਚੁੱਕੇ [illegible]

[1*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 118



Sri Satguru Jagjit Singh Ji Elibrary NamdhariElibrary@gmail.com

ਅਗਵਾਈ ਵਿਚ ਨਿਰਭੈ ਹੋ ਕੇ ਉਚੇਰੇ ਜੀਵਨ ਦਾ ਧਾਰਨੀ ਹੋ ਸਕੇ। ਇੰਝ ਸਿੱਖਾਂ ਦਾ ਨਿੱਜੀ ਤੇ ਸਮਾਜਕ ਪੱਖਾਂ ਤੋਂ ਆਚਰਨਿਕ ਨਿਰਮਾਣ ਇਸ ਪ੍ਰਕਾਰ ਕੀਤਾ ਜਾਵੇ ਕਿ ਉਹ ਸਮਾਜਕ ਕਲਿਆਣ ਤੇ ਦੇਸ਼ ਦੇ ਸਮੁੱਚੇ ਉਥਾਨ ਵਿਚ ਸਹਾਈ ਹੋ ਸਕਣ।

ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਦਿਨੋਂ ਦਿਨ ਉਜਾਗਰ ਹੋਣ ਲੱਗੀ ਅਤੇ ਬਹੁਤ ਸਾਰੀ ਸੰਗਤ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਹੁੰਮ ਹੁੰਮਾ ਕੇ ਆਉਣ ਲੱਗੀ।

## ਸਦਾ ਵਰਤ ਲੰਗਰ

ਇਸ ਸਮੇਂ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ [1*]ਸਦਾ ਵਰਤ ਲੰਗਰ ਜਾਰੀ ਕੀਤਾ, ਜਿਸ ਬਾਰੇ ਇਹ ਹੁਕਮ ਸੀ ਕਿ ਇਸ ਲੰਗਰ ਤੋਂ ਹਰ ਇੱਕ ਨੂੰ ਹਰ ਸਮੇਂ ਪ੍ਰਸ਼ਾਦ ਛਕਣ ਦੀ ਖੁੱਲ੍ਹ ਹੋਵੇਗੀ ਅਤੇ ਕਿਸੇ ਨੂੰ ਵੀ ਇਸ ਲੰਗਰ ਤੋਂ ਭਾਵੇਂ ਉਹ ਗਊ ਦੀ ਰੱਤ ਦੀ ਲਿਬੜੀ ਛੁਰੀ ਲੈ ਕੇ ਆਵੇ, ਉਸ ਨੂੰ ਲੰਗਰ ਛਕਣ ਤੋਂ ਵਰਜਿਆ ਨਾ ਜਾਵੇ - ਇਹ ਸਤਿਗੁਰੂ ਰਾਮ ਸਿੰਘ ਜੀ ਦਾ ਚਾਲੂ ਕੀਤਾ ਗਿਆ ਸਦਾ ਵਰਤ ਲੰਗਰ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਨਿਰੰਤਰ ਸਾਧ ਸੰਗਤ ਦੀ ਸੇਵਾ ਕਰਦਾ ਆ ਰਿਹਾ ਹੈ ਤੇ ਕਈ ਪਾਬੰਦੀਆਂ ਦੇ ਹੁੰਦਿਆਂ ਹੋਇਆਂ ਵੀ ਇਸ ਵਿਚ ਕਦੀ ਤੋਟ ਨਹੀਂ ਆਈ। ਇਸ ਲੰਗਰ ਵਿਚ ਪ੍ਰਸ਼ਾਦਿ ਪੂਰਨ ਨਾਮਧਾਰੀ ਮਰਿਯਾਦਾ, ਸੁੱਚ ਸੋਧ ਅਨੁਸਾਰ ਤਿਆਰ ਕੀਤਾ ਜਾਂਦਾ ਹੈ। ਇਹ ਸੁੱਚ ਸੋਧ ਦੀ ਮਰਿਯਾਦਾ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਦਰਸਾਈ ਗਈ ਰਹਿਤ ਮਰਿਯਾਦਾ ਦਾ ਵੱਡਾ ਅੰਗ ਸੀ, ਜਿਸ ਦੀ ਪਾਲਣਾ ਹੁਣ ਤੱਕ ਵੀ ਕੀਤੀ ਜਾਂਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਸੋਭਾ ਜਿਉਂ ਜਿਉਂ ਆਲੇ-ਦੁਆਲੇ ਅਤੇ ਸਾਰੇ ਪੰਜਾਬ ਵਿਚ ਫੈਲਣ ਲੱਗੀ ਤਾਂ ਦਿਨੋਂ ਦਿਨ ਸੰਗਤ ਦਾ ਇਕੱਠ ਵੀ ਵੱਧਦਾ ਗਿਆ। ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਿੱਤ ਦੀਵਾਨ ਸੱਜਦੇ। ਨਾਮ ਬਾਣੀ ਤੇ ਕਥਾ ਕੀਰਤਨ ਜੋ ਸਿੱਖ ਧਰਮ ਦੇ ਚਾਰ ਥੰਮ ਹਨ ਦਾ ਨਿਰੰਤਰ ਪ੍ਰਵਾਹ ਚੱਲਣ ਲੱਗਾ। ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੇ ਸਥਾਈ ਧਾਰਮਿਕ ਮਰਿਯਾਦਾ ਕਾਇਮ ਕਰ ਦਿੱਤੀ ਅਤੇ ਇਸ ਧਾਰਮਿਕ ਮਰਿਯਾਦਾ ਨੂੰ ਸਿੱਖੀ ਦੀ ਬੁਨਿਆਦ ਸਮਝਿਆ ਗਿਆ। ਜਿਹੜੇ ਸਿੱਖ ਸ੍ਰੀ ਭੈਣੀ ਸਾਹਿਬ ਆ ਕੇ ਪੱਕੇ ਤੌਰ ਤੇ ਨਿਵਾਸ ਰੱਖਣ ਲੱਗੇ, ਉਨ੍ਹਾਂ ਸਭ ਨੂੰ ਇਹ ਹੁਕਮ ਸੀ ਕਿ ਹਰ ਕੋਈ ਆਪਣੇ ਹੱਥੀਂ ਦਸਾਂ ਨੌਹਾਂ ਦੀ ਕਿਰਤ

[1*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 148



Sri Satguru Jagjit Singh Ji Elibrary NamdhariElibrary@gmail.com

ਕਰਕੇ ਗੁਰੂ ਜੀ ਦੇ ਸਥਾਪਿਤ ਲੰਗਰ ਵਿਚੋਂ ਪ੍ਰਸ਼ਾਦ ਛੱਕੇ ਅਤੇ ਆਪਣੀਆਂ ਲੋੜਾਂ ਦੀ ਪੂਰਤੀ ਵੀ ਕਰੇ। ਸ੍ਰੀ ਭੈਣੀ ਸਾਹਿਬ ਦੇ ਉਸ ਸਮੇਂ ਦੇ ਵਰਤੋਂ ਵਿਹਾਰ ਬਾਰੇ ਸ. ਨਾਹਰ ਸਿੰਘ ਦੇ ਸ਼ਬਦ ਵਰਣਨਯੋਗ ਹਨ – "ਲੰਗਰ ਲਾ ਦਿੱਤਾ ਗਿਆ। ਰਾਹੀ, ਪਾਂਧੀ, ਗਰੀਬ, ਦੁਖੀ ਮੰਗਤੇ ਨੂੰ ਅੱਠੇ ਪਹਿਰ ਪ੍ਰਸ਼ਾਦਾ ਵਰਤੋਂਣ ਦੀ ਰੀਤ ਤੋਰ ਦਿੱਤੀ ਗਈ। ਪਾਠਾਂ ਦੇ ਭੋਗਾਂ ਸਮੇਂ ਦਾ ਸਾਰਾ ਚੜ੍ਹਾਵਾ, ਚੜ੍ਹਤ ਆਦਿ ਦੀਆਂ ਜਿਨਸਾਂ ਅਤੇ ਨਕਦੀ ਸਭ ਲੰਗਰ ਵਿਚ ਪਾ ਦਿੱਤੀ ਜਾਂਦੀ।

ਗੁਰੂ ਰਾਮ ਸਿੰਘ ਜੀ ਚੜ੍ਹਾਵੇ ਦਾ ਕਿਸੇ ਪ੍ਰਕਾਰ ਦੀ ਰਕਮ ਯਾ ਜਿਨਸ ਵਿਚੋਂ ਕੋਈ ਚੀਜ਼ ਭੀ ਆਪਣੀ ਵਰਤੋਂ ਵਿਚ ਨਹੀਂ ਲਿਆਂਦੇ ਸਨ। ਆਪਣਾ ਅਤੇ ਟੱਬਰ ਦਾ ਨਿਰਬਾਹ ਖੇਤੀ, ਅਤੇ ਹੱਟੀ ਦੀ ਆਮਦਨੀ ਤੋਂ ਸੀ। ਗੁਰਦਵਾਰੇ ਵਿਚ ਕੋਈ ਆਦਮੀ ਵੇਹਲਾ ਨਹੀਂ ਰਹਿ ਸਕਦਾ ਸੀ, ਉਸ ਨੂੰ ਕੁਝ ਨ ਕੁਝ ਕੰਮ ਜ਼ਰੂਰ ਕਰਨਾ ਪੈਂਦਾ ਸੀ।"

### ਭੈਣੀ ਸਾਹਿਬ ਤੋਂ ਜਾਰੀ ਪਹਿਲਾ ਰਹਿਤ ਨਾਮਾ

ਸਤਿਗੁਰੂ ਰਾਮ ਸਿੰਘ ਜੀ ਦੇ ਮਨ ਵਿਚ ਡੂੰਘੀ ਸੋਚ ਵਿਚਾਰ, ਨਿੱਜੀ ਜੀਵਨ ਦੇ ਅਨੁਭਵ ਅਤੇ ਭਵਿੱਖ ਦੀਆਂ ਵੰਗਾਰਾਂ ਤੇ ਚਿੰਤਾਵਾਂ ਨੂੰ ਮੁੱਖ ਰੱਖ ਕੇ ਲੰਮੀ ਲਦਰ ਦੁਆਰਾ ਵਿਸ਼ਾਲ ਦ੍ਰਿਸ਼ਟੀਕੋਣ ਪਰਪੱਕ ਹੋ ਚੁੱਕਾ ਸੀ। ਯੁੱਗ ਪੁਰਸ਼ ਦੇ ਰੂਪ ਵਿਚ ਉਨ੍ਹਾਂ ਨੇ ਯੁੱਗ ਅਨੁਕੂਲ ਦ੍ਰਿਸ਼ਟੀਕੋਣ ਦਾ ਹੀ ਨਿਰਮਾਣ ਕੀਤਾ। ਇਸ ਸੰਬੰਧ ਵਿਚ ਕਈ ਬਹੁਪੱਖੀ ਕਾਰਵਾਈਆਂ ਆਰੰਭ ਕੀਤੀਆਂ ਗਈਆਂ।

### ਸਫੇਦ ਨਿਸ਼ਾਨ ਸਾਹਿਬ

ਸਭ ਤੋਂ ਪਹਿਲਾਂ ਉਨ੍ਹਾਂ ਨੇ ਜਿਹੜਾ ਨਾਮਧਾਰੀ ਮੱਤ ਦਾ ਨਿਸ਼ਾਨ ਝੁਲਾਇਆ ਉਹ ਸਫ਼ੇਦ ਰੰਗ ਦਾ ਝੰਡਾ ਸੀ ਜੋ ਅਮਨ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਸੀ। ਇਸ ਦੁੱਧ ਚਿੱਟੇ ਨਿਸ਼ਾਨ ਸਾਹਿਬ ਸਮਾਨ ਹੀ ਆਪ ਜੀ ਨੇ ਆਪਣੇ ਅਨੁਆਈਆਂ ਲਈ ਸਫ਼ੇਦ ਬਸਤਰ ਪਹਿਨਣ ਲਈ ਤਾਕੀਦ ਕੀਤੀ। ਇਹ ਸਫ਼ੇਦ ਰੰਗ ਹੀ ਸਮੁੱਚੇ ਨਾਮਧਾਰੀ ਪੰਥ ਦਾ ਪਛਾਣ ਚਿੰਨ੍ਹ ਬਣ ਗਿਆ।

ਸਹਿਜੇ ਸਹਿਜੇ ਸੰਤ ਖਾਲਸੇ ਦਾ ਪਾਸਾਰ ਪੰਜਾਬ ਦੇ ਅਨੇਕ ਪਿੰਡਾਂ ਨਗਰਾਂ ਤੇ ਸ਼ਹਿਰਾਂ ਤੋਂ ਬਿਨਾਂ ਲਾਗਲੇ ਸੂਬਿਆਂ, ਨੇਪਾਲ, ਕਸ਼ਮੀਰ ਆਦਿ ਰਾਜਾਂ ਵਿਚ ਵੀ ਹੋ ਗਿਆ। ਇਸ ਨੂੰ ਮੁੱਖ ਰੱਖ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਪਹਿਲਾ ਹੁਕਮਨਾਮਾ ਜਾਰੀ ਕੀਤਾ, ਜਿਸ ਵਿਚ ਨਾਮਧਾਰੀ ਮਤ ਦੇ ਮੁੱਖ ਸਿਧਾਂਤਾਂ ਅਤੇ ਰਹਿਤ ਮਰਿਯਾਦਾ ਬਾਰੇ ਵਿਸਥਾਰ ਨਾਲ ਲਿਖਤੀ ਆਦੇਸ਼ ਜਾਰੀ ਕੀਤਾ ਗਿਆ ਸੀ। ਇਸ ਹੁਕਮਨਾਮੇ ਦਾ ਉਤਾਰਾ ਹੇਠਾਂ ਦਿੱਤਾ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

## ਰਹਿਤ ਨਾਮਾ

### ਪਾਤਸ਼ਾਹੀ 12

ੴ ਸਤਿਗੁਰ ਪ੍ਰਸਾਦਿ॥

"ਲਿਖਤੁਮ ਰਾਮ ਸਿੰਘ, ਹੋਰ ਸਮੂੰਹ ਖਾਲਸਾ ਜੀ ਭੈਣੀ ਦਾ ਸਮੂੰਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹੇ ਬੁਲਾਈ ਪ੍ਰਮਾਨ ਕਰਨੀ ਜੀ॥

ਹੋਰ ਰਹਿਤਨਾਮਾ ਸੰਬ੍ਰਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ॥ ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ, ਦੋ ਵਾਰੀ ਗੜਵਾ ਮਾਂਜਨਾ ਮਦਾਨ ਬਸਤ੍ਰ ਲਾਹਿ ਕੇ ਜਾਨਾ, ਦਾਤਨ ਕਰਨੀ, ਫੇਰ ਇਸ਼ਨਾਨ ਕਰਨਾ, ਬਾਣੀ ਪੜ੍ਹਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬਨੇ। ਜਪੁ ਜਾਪੁ ਦੂਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ ਆਰਤੀ ਸੋਹਿਲਾ ਏਤਨੀ ਤਾ ਜਰੂਰ ਹੀ ਕੰਠ ਕਰਨੀ ਤਾਂ ਸੀਲ ਸੰਤੋਖੁ ਸਭ ਨੇ ਰਖਨਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ। ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ। ਜੇ ਕੋਈ ਭਜਨੁ ਪੁਛਕੇ ਨਾ ਕਰੂਗਾ ਉਸਦਾ ਮੂਹ ਦੂਹੀ ਜਹਾਨੀ ਕਾਲਾ ਹੋਊਗਾ। ਹੋਰ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ ਬੋਲੁ ਕੁਬੋਲੁ ਸਹਿ ਜਾਣਾ ਸਭਦਾ। ਜੋ ਕੋਈ ਮਾਰੇ ਕੁਫੂ ਤਾ ਭੀ ਖਿਮਾ ਕਰਨੀ ਤੁਸਾਂ ਦਾ ਰਛਕ ਗੁਰੂ ਹੈ। ਹਰਿ ਬਖਤ ਤੁਸੀਂ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ। ਹਰਿ ਬਖਤ ਦੁਵਾਨੁ ਲਾਉਣਾ, ਹਰ ਦਿਨ ਸਬਦੁ ਕੀਰਤਨੁ ਕਰਨਾ। ਜੇਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਂਡੇ ਕੋਰੇ ਲਿਆਉਣੇ, ਚੌਕੇ ਬਿਚ ਚਰਨ ਧੋਇਕੇ ਬੜਨਾ। ਅਰ ਹੋਮ ਬੀ ਕਰਨਾ। ਪਹਲੇ ਚੌਕਾ ਦੇਣਾ ਹੋਮ ਦੀ ਜਗਾ ਲਕੜੀ ਹੋਮ ਬਿਚ ਪਲਾਹ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ ਫੂਕ ਨਹੀਂ ਮਾਰਨੀ, ਹੋਮ ਵਿਚ ਪੋਥੀਆਂ ਉਤੇ ਬਾਣੀ ਪੜ੍ਹਨੀ ਚਉਪਦੀ ਜਪੁ, ਜਾਪੁ ਚੰਡੀ ਚਰਿਤ੍ਰ ਅਕਾਲ ਉਸਤਤ ਛੇਵਾਂ ਆਦਮੀ ਆਹੂਤੀਆਂ ਪਾਵੇ ਸਤਵਾਂ ਮਗਰੋਂ ਨਾਲ ਹੀ ਜਲ ਦਾ ਛਿਟਾ ਦੇਵੇ ਥੋੜ੍ਹਾ ਥੋੜ੍ਹਾ। ਜੋ ਕੋਈ ਮੰਦਾ ਕਰਮੁ ਕਰੇ ਜਾਰੀ ਚੋਰੀ ਤਾਂ ਕਿਸੇ ਹੀ ਥਾਂ ਦੁਵਾਨੁ ਬਿਚ ਨਹੀਂ ਬੜਨ ਦੇਣਾ। ਜੇਕਰ ਜੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ। ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ ਤੁਸੀ ਆਪ ਹੀ ਸਭ ਕੁਝ ਸਮਝ ਲੈਣਾ ਜੀ। ਹੋਰ ਜੀ ਸਭਨੇ ਹਥ ਜੋੜਨੇ ਪਰਮੇਸਰ ਅਗੇ। ਜੋ ਹੇ ਮਹਾਰਾਜ! ਸਾਡਾ ਧਰਮੁ ਬਣਿਆ ਰਹੇ ਜੀ। ਹੋਰ ਕਛਾਂ ਰਖਣੀਆਂ ਪਉਚਾ ਪਾ ਕੇ ਪਉਚਾ ਲਹੁਣਾ ਹੋਰ ਜੀ ਕਿਸੇ ਦਾ ਮੰਦਾ ਕਰਮ ਛਪਉਣਾ ਨਹੀਂ, ਕਿਸੇ ਨੇ



Sri Satguru Jagjit Singh Ji Elibrary NamdhariElibrary@gmail com

ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਬਟਾ ਨਹੀਂ ਕਰਨਾ ਸਦਾ ਗੁਰੂ ਗੁਰੂ ਜਪਦੇ ਰਹਿਣਾ। ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾਇ ਦੇਣਾ ਜੋ ਪੰਦਰ ਸੋਲਾਂ ਬਰਸ ਤੇ ਘਟ ਕੋਈ ਨਾ ਕੁੜੀ ਬਿਆਹੇ। ਦਾਰੂ ਮਾਸ ਨਹੀਂ ਖਾਣਾ ਪੀਣਾ ਖੌਫ ਰਖਣਾ ਗੁਰੂ ਦਾ ਹਰ ਦਮ।

[1*]ਉਪਰੋਕਤ ਹੁਕਮਨਾਮੇ ਦਾ ਵਿਸ਼ਲੇਸ਼ਣ ਤੇ ਵਿਆਖਿਆ।

(ੳ) ਇਹ ਹੁਕਮਨਾਮਾ ਸਤਿਗੁਰੂ ਰਾਮ ਸਿੰਘ ਜੀ ਦੇ ਨਿੱਜੀ ਹਸਤਾਖਰਾਂ ਹੇ ਜਾਰੀ ਕੀਤਾ ਗਿਆ, ਜਿਸ ਬਾਰੇ ਸ੍ਰੀ ਭੈਣੀ ਸਾਹਿਬ ਦੀ ਸਾਧ ਸੰਗ ਨਾਲ ਵੀ ਵਿਚਾਰ ਵਟਾਂਦਰਾ ਕਰ ਲਿਆ ਗਿਆ ਸੀ ਅਤੇ ਸਮੂਹ ਖਾਲ ਨੂੰ ਸੰਬੋਧਿਤ ਕੀਤਾ ਗਿਆ ਹੈ।

(ਅ) ਆਰੰਭ ਵਿਚ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕ ਫਤਹਿ ਬੁਲਾਈ ਗਈ ਹੈ। ਇਹ ਬੋਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚਲਿਤ ਸਨ ਅਤੇ ਖਾਲਸੇ ਇਕ ਦੂਜੇ ਨੂੰ ਮਿਲਣ ਸਮੇਂ ਇਨ੍ਹਾਂ ਬੋਲ ਦੁਆਰਾ ਸੰਬੋਧਨ ਕਰਦੇ ਸਨ; ਇਸੇ ਸਥਾਪਿਤ ਮਰਿਯਾਦਾ ਨੂੰ ਸਤਿਗੁ ਰਾਮ ਸਿੰਘ ਜੀ ਨੇ ਅਪਨਾਇਆ।

(ੲ) ਇਸ ਨੂੰ ਰਹਿਤਨਾਮਾ ਕਰਕੇ ਲਿਖਿਆ ਗਿਆ ਹੈ, ਜਿਸ ਵਿ ਨਾਮਧਾਰੀ ਰਹਿਤ ਮਰਿਯਾਦਾ ਦੇ ਨਿਸ਼ਚਿਤ ਕੀਤੇ ਗਏ ਪ੍ਰਮਾਣਿ ਅਸੂਲਾਂ ਦਾ ਉਲੇਖ ਹੈ।

(ਸ) ਸਰੀਰਕ ਸੁੱਚ ਸੋਧ ਦਾ ਨੇਮ – ਪਿਛਲੀ ਰਾਤ ਉਠ ਕੇ ਗੜਵਾ ਲੈ ਮਦਾਨ ਜਾਣਾ। ਮਦਾਨ ਜਾਣ ਪਿਛੋਂ ਦੋ ਵਾਰ ਗੜਵੇ ਨੂੰ ਮਾਂਜਣਾ। ਬਸਤ ਲਾਹਿ ਕੇ ਮਦਾਨ ਜਾਣਾ। ਦਾਤਣ ਕਰਕੇ ਸਕੇਸ਼ ਇਸ਼ਨਾਨ ਕਰਨਾ।

(ਹ) ਬਾਣੀ ਪੜਨੀ ਅਤੇ ਕੰਠ ਕਰਨ ਬਾਰੇ ਤਾਕੀਦ : ਸਭ ਨੇ ਜਿਨ੍ਹਾਂ ਵਿ ਮਾਈਆਂ ਬੀਬੀਆਂ ਵੀ ਸ਼ਾਮਲ ਹਨ, ਨੂੰ ਹੇਠ ਲਿਖੀਆਂ ਬਾਣੀਆਂ ਪੜ੍ਹ ਤੇ ਕੰਠ ਕਰਨ ਦਾ ਆਦੇਸ਼ ਕੀਤਾ ਗਿਆ ਹੈ। ਇਹ ਬਾਣੀਆਂ ਹਨ ਜਪੁ; ਜਾਪੁ; ਸ਼ਬਦ ਹਜਾਰੇ ਦੋਹਾਂ; (ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ; ਰਹਿਰਾਸ ਅਤੇ ਆਰਤੀ ਸੋਹਿਲਾ।

(ਕ) ਨਾਮ ਸਿਮਰਨ ਅੱਠੇ ਪਹਿਰ ਕਰਨ ਦਾ ਉਪਦੇਸ਼ ਹੈ। (ਭਜਨ ਅੱਠੇ ਪ ਕਰਨਾ ਗੁਰੂ ਦਾ) ਜੇਕਰ ਕੋਈ ਭਜਨ ਪੁੱਛਕੇ ਨਾਮ ਸਿਮਰਨ ਨਹੀਂ ਕਰੇ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਫੁਰਮਾਨ ਅਨੁਸਾਰ "ਉਸ ਦਾ ਮੂੰ ਦੁਹੀ ਜਹਾਨੀ ਕਾਲਾ ਹੋਊਗਾ।"

(ਖ) ਸਦਾਚਾਰਕ ਮਰਿਯਾਦਾ : ਸੀਲ ਸੰਤੋਖ ਰੱਖਣਾ, ਕਿਸੇ ਨੂੰ ਮੰਦਾ ਫਿ

[1*] ਨਾਮਧਾਰੀ ਦਰਬਾਰ, ਨਾਮਧਾਰੀ ਨਿਤਨੇਮ, ਪੰਨਾ 95



Sri Satguru Jagjit Singh Ji Elibrary NamdhariElibrary@gmail.com

ਨਹੀਂ ਬੋਲਣਾ। ਖਿਮਾ ਕਰਨੀ ਅਤੇ ਸਭ ਦਾ ਬੋਲ ਕੁਬੋਲ ਸਹਿ ਜਾਣਾ। ਪਰਾਈ ਧੀ ਭੈਣ ਨੂੰ ਆਪਣੀ ਸਮਝਣਾ। ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਬੱਟਾ ਨਹੀਂ ਕਰਨਾ। 15-16 ਸਾਲਾਂ ਤੋਂ ਘੱਟ ਕਿਸੇ ਕੁੜੀ ਦਾ ਵਿਆਹ ਨਹੀਂ ਕਰਨਾ। ਕਿਸੇ ਦਾ ਪਰਾਇਆ ਹੱਕ ਨਹੀਂ ਲੈਣਾ। ਜੇਕਰ ਕੋਈ ਤੁਹਾਡੇ ਤੇ ਵਧੀਕੀ ਕਰਦਾ ਹੈ, ਮਾਰਦਾ ਹੈ ਤਾਂ ਉਸ ਨੂੰ ਵੀ ਖਿਮਾ ਕਰਨੀ। ਹਰ ਸਮੇਂ ਆਪਣੀ ਭਲਾਈ ਨੂੰ ਛੁਪਾਉਣਾ, ਪ੍ਰਗਟ ਨਹੀਂਕਰਨੀ (ਮੰਦਾ ਕਰਮ ਨਹੀਂ ਛੁਪਾਉਣਾ) ਚੋਰੀ, ਯਾਰੀ ਵਾਲੇ ਨੂੰ ਦੀਵਾਨ ਵਿਚ ਨਹੀਂ ਆਉਣ ਦੇਣਾ। ਜੇਕਰ ਕੋਈ ਅਜਿਹਾ ਬੰਦਾ ਜੋਰਾਵਰੀ ਕਰਕੇ ਆਵੇ ਤਾਂ ਇਹ ਅਰਦਾਸ ਕਰਨੀ ਕਿ ਉਹ ਦੀਵਾਨ ਵਿਚ ਆਉਣ ਜੋਗਾ ਹੀ ਨਾ ਰਹੇ। ਅਰਦਾਸ ਗੁਰੂ ਸੱਚੇ ਅੱਗੇ ਕਰਨੀ। ਤੁਹਾਡਾ ਰੱਛਕ ਗੁਰੂ ਹੈ।

(ਘ) ਹਰ ਰੋਜ਼ ਦੀਵਾਨ ਲਾਉਣਾ; ਸ਼ਬਦ ਕੀਰਤਨ ਕਰਨਾ।

(ਙ) ਇਨ੍ਹਾਂ ਮੁੱਖ ਨੇਮਾਂ ਪਿਛੋਂ ਜਗ ਤੇ ਹੋਮ ਦੀ ਮਰਿਯਾਦਾ ਬਾਰੇ ਵੇਰਵੇ ਸਹਿਤ ਵਰਣਨ ਕੀਤਾ ਗਿਆ ਹੈ। ਹਵਨ ਜੱਗ ਕਰਨ ਸਮੇਂ ਚੌਕਾ ਦੇਣਾਂ, ਭਾਂਡੇ ਕੋਰੇ ਵਰਤਨੇ, ਚੌਕੇ ਵਿਚ ਚਰਨ ਧੋਹ ਕੇ ਜਾਣਾ। ਹਵਨ ਵਿਚ ਪਲਾਹ ਤੇ ਬੇਰੀ ਦੀ ਲਕੜੀ ਦੀ ਵਰਤੋਂ ਕਰਨਾ। ਫੂਕ ਨਹੀਂ ਮਾਰਨੀ। ਹੋਮ ਵਿਚ ਪੋਥੀਆਂ ਤੋਂ ਚਉਪਈ, ਜਪੁ, ਜਾਪ, ਚੰਡੀ ਚਰਿਤ੍ਰ, ਅਕਾਲ ਉਸਤਤ ਦਾ ਪਾਠ ਕਰਨਾ, ਪੋਥੀਆਂ ਤੋਂ ਬਾਣੀ ਪੜ੍ਹਨ ਵਾਲੇ ਪੰਜਾਂ ਸਿੱਖਾਂ ਤੋਂ ਬਿਨਾਂ ਛੇਵਾਂ ਅਹੂਤੀਆਂ ਪਾਵੇ ਤੇ ਸਤਵਾਂ ਜਲ ਦੇ ਛਿਟੇ ਦੇਵੇ।

ਇੱਥੇ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਨਾਮਧਾਰੀ ਪੰਥ ਵਿਚ ਹਵਨ, ਜੱਗ ਦੀ ਮਰਿਯਾਦਾ ਦੀ ਪਾਲਨਾ ਵਰਤਮਾਨ ਸਮੇਂ ਵੀ ਇਸੇ ਤਰ੍ਹਾਂ ਕੀਤੀ ਜਾਂਦੀ ਹੈ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਚੰਡੀ ਦੀ ਵਾਰ ਅਤੇ ਉਗਰਦੰਤੀ ਬਾਣੀਆਂ ਦਾ ਅੰਗ ਬਣਾ ਦਿੱਤਾ।

(ਚ) ਹਰ ਇਕ ਨੇ ਕਛਹਿਰਾ ਪਹਿਨਣਾ ਹੈ ਅਤੇ ਕਛਹਿਰਾ ਬਦਲਣ ਸਮੇਂ ਇਕ ਪਉਚਾ ਪਾ ਕੇ ਦੂਜਾ ਪਉਚਾ ਲਹੁਣਾ।

(ਛ) ਖਾਣ-ਪਾਣ ਵਿਚ ਸ਼ਰਾਬ ਤੇ ਮਾਸ ਦੀ ਵਰਤੋਂ ਨਹੀਂ ਕਰਨੀ।

(ਜ) ਸਦਾ ਗੁਰੂ ਦੇ ਭੈਅ ਵਿਚ ਰਹਿਣਾ। ਸਭ ਨੇ ਹੱਥ ਜੋੜ ਕੇ ਪ੍ਰਮੇਸ਼ਵਰ ਅੱਗੇ ਅਰਦਾਸ ਕਰਨੀ ਕਿ ਸਾਡਾ ਧਰਮ ਬਣਿਆ ਰਹੇ।

ਥੋੜ੍ਹੇ ਸਮੇਂ ਵਿਚ ਹੀ ਸਤਿਗੁਰੂ ਜੀ ਦੀ ਸ਼ੋਭਾ ਦੂਰ ਦੂਰ ਤਕ ਫੈਲਣ ਲੱਗੀ। ਸਤਿਗੁਰੂ ਜੀ ਨੇ ਦਰਸ਼ਨ ਕਰਨ ਅਤੇ ਨਾਮ ਦੇ ਜਾਚਕ ਕੁਝ ਸਿੱਖ ਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਭੈਣੀ ਸਾਹਿਬ ਦੇ ਡੇਰੇ ਦੇ ਪੱਕੇ ਨਿਵਾਸੀ



Sri Satguru Jagjit Singh Ji Elibrary NamdhariElibrary@gmail.com

ਹੀ ਬਣ ਗਏ। ਇਨ੍ਹਾਂ ਵਿਸ਼ੇਸ਼ ਸਿੱਖਾਂ ਵਿਚ ਗੁਲਾਬ ਸਿੰਘ ਗੌਂਦਾ (ਪਿੰਡ ਗੁੱਜਰਪੁਰ ਬਟਾਲਾ, ਜ਼ਿਲ੍ਹਾ ਗੁਰਦਾਸਪੁਰ); ਸੁੱਧ ਸਿੰਘ ਦੁਰਗਾਪੁਰ; ਜੋ ਰਾਗ ਵਿਦਿਆ ਦਾ ਜਾਣਕਾਰ ਸੀ ਅਤੇ ਇੱਥੇ ਆ ਕੇ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗਾ, ਕਾਹਨ ਸਿੰਘ (ਜੋ ਸਤਿਗੁਰੂ ਜੀ ਦੇ ਫੌਜੀ ਜੀਵਨ ਸਮੇਂ ਸਾਥੀ ਸੀ); ਸਾਹਿਬ ਸਿੰਘ, (ਪਿੰਡ ਬੰਗਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ), [1*]ਬ੍ਰਹਮਾ ਸਿੰਘ (ਪਿੰਡ ਕੋਲਣਾ ਜ਼ਿਲ੍ਹਾ ਅੰਬਾਲਾ), ਬਾਬਾ ਜਵਾਹਰ ਸਿੰਘ ਜੋ ਨਿਰਮਲੇ ਸਨ। ਭਾਈ ਰਾਏ ਸਿੰਘ ਪਿੰਡ ਮਦੀਹਰ, ਜ਼ਿਲ੍ਹਾ ਫਿਰੋਜ਼ਪੁਰ ਇਨ੍ਹਾਂ ਦਾ ਪਹਿਲਾ ਨਾਮ ਭੂਪ ਸਿੰਘ ਸੀ। ਸੂਬਾ ਲੱਖਾ ਸਿੰਘ ਆਦਿ ਸਿੱਖ ਸਨ, ਜਿਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਰਹਿ ਕੇ ਵਿਸ਼ੇਸ਼ ਕਾਰਜਾਂ ਦੀ ਸੇਵਾਂ ਨੂੰ ਸੰਭਾਲ ਲਿਆ। ਡੇਰੇ ਵਿਚ ਦਰਸ਼ਨ ਅਭਿਲਾਸ਼ੀ ਸਾਧ ਸੰਗਤ ਦੀ ਆਵਾਜਾਈ ਦੇ ਵੱਧ ਜਾਣ ਨਾਲ ਡੇਰੇ ਦੇ ਪ੍ਰਬੰਧ ਵਿਚ ਵੀ ਵਾਧਾ ਹੋਣ ਲੱਗਾ। ਸ਼ੁਰੂ ਸ਼ੁਰੂ ਵਿਚ ਮਾਤਾ ਜੱਸਾ ਜੀ ਅਤੇ ਬੀਬੀ ਦਇਆ ਕੌਰ ਚੱਕੀਆਂ ਤੇ ਆਟਾ ਪੀਹਦੇਂ ਸਨ। ਸਤਿਗੁਰੂ ਜੀ ਵੀ ਮਾਤਾ ਜੱਸਾ ਦਾ ਹੱਥ ਵਟਾਉਂਦੇ। ਆਪ ਚੜ੍ਹਤ ਦੀ ਮਾਇਆ ਆਪਣੇ ਕੋਲ ਨਹੀਂ ਸਨ ਰੱਖਦੇ ਜਾਂ ਤਾਂ ਲੰਗਰ ਵਿਚ ਪਾ ਦਿੰਦੇ ਸਨ ਅਤੇ ਜਾਂ ਕਿਸੇ ਬਿਹੰਗਮ ਸਾਧੂ ਨੂੰ ਦੇ ਦਿੰਦੇ ਸਨ। ਡੇਰੇ ਵਿਚ ਸਵੇਰੇ-ਸ਼ਾਮ ਦੋਹਾਂ ਵਕਤ ਪਹਿਲਾਂ ਪਹਿਲ ਦੀਵਾਨ ਢੋਲਕ ਛੈਣਿਆਂ ਨਾਲ ਅਤੇ ਫਿਰ ਤੰਤੀ ਸਾਜਾਂ ਨਾਲ ਕੀਰਤਨ ਹੋਣ ਲੱਗਾ। ਗੁਰੂ ਗ੍ਰੰਥ ਦੀਆਂ ਬੀੜਾਂ ਮੰਗਵਾਕੇ ਪਾਠ ਆਰੰਭ ਕੀਤੇ ਗਏ। [2*]ਸ. ਨਾਹਰ ਸਿੰਘ ਅਨੁਸਾਰ, "ਭੈਣੀ ਡੇਰੇ ਵਿਖੇ ਸੰਮਤ 1914-1857 ਤੋਂ ਹੀ ਸ਼ੁਰੂ ਸ਼ੁਰੂ ਵਿਚ 5 ਸ੍ਰੀ ਗੁਰੂ ਗ੍ਰੰਥ ਸਾਹਿਬ ਖੁਲ੍ਹੇ ਰਹਿੰਦੇ ਅਤੇ ਪਾਠ ਤੁਰੇ ਹੀ ਰਹਿੰਦੇ। ਪਾਠ ਪੂਰੇ ਹੋਵਣ ਤੇ ਭੋਗ ਪਾਏ ਜਾਂਦੇ। ਥੋੜੇ ਚਿਰ ਪਿਛੋਂ ਇਹ ਗਿਣਤੀ 11 ਹੋ ਗਈ ਅਤੇ 1871 ਤਕ 25 ਤਕ ਪਹੁੰਚ ਗਈ।" ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਵੱਖ ਵੱਖ ਹੱਥ ਲਿਖਤੀ ਬੀੜਾਂ ਨੂੰ ਵਾਚ ਕੇ ਲਗਾਂ ਮਾਤਰਾਂ ਦੇ ਅੰਤਰਾਂ ਨੂੰ ਜੋ ਵੱਖ ਵੱਖ ਲਿਖਾਰੀਆਂ ਵਲੋਂ ਕੀਤੇ ਗਏ ਸਨ ਨੂੰ ਸ਼ੁੱਧ ਕਰਨ ਦਾ ਉਪਰਾਲਾ ਕੀਤਾ। ਪਿਛੋਂ ਜਾ ਕੇ ਸ. ਬੂਟਾ ਸਿੰਘ ਦੇ ਲਾਹੌਰ ਦੇ ਛਾਪੇਖਾਨੇ ਆਫਤਾਬ ਪ੍ਰੈਸ ਵਿਚੋਂ ਪੱਥਰ ਦੇ ਛਾਪੇ ਦੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਇਸੇ ਤਰ੍ਹਾਂ ਗੁਰਮਤਿ ਅਨੁਸਾਰ "ਕੀਰਤਨ ਦੀ ਮਰਿਯਾਦਾ ਨੂੰ ਵੀ ਸਥਾਪਿਤ ਕੀਤਾ ਅਤੇ ਇਸ ਸੰਬੰਧ ਵਿਚ ਰਾਗੀਆਂ ਦੀਆਂ ਕਈ ਚੌਕੀਆਂ (ਜਥੇ) ਤਿਆਰ ਕੀਤੀਆਂ, ਜਿਨ੍ਹਾਂ ਨੇ ਵੱਖ ਵੱਖ ਥਾਵਾਂ

---

[1*] ਪਰ ਮੈਕਨਬ ਦੀ ਰਿਪੋਰਟ ਅਨੁਸਾਰ ਆਪਣੇ ਬਿਆਨ ਰਾਹੀਂ ਬ੍ਰਹਮਾ ਸਿੰਘ ਨੇ ਆਪਣੇ ਪਿੰਡ ਦਾ ਨਾਂ ਦਰਿਆਪੁਰ (ਕੈਥਲ) ਦੱਸਿਆ ਹੈ।

[2*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 143-144



Sri Satguru Jagjit Singh Ji Elibrary NamdhariElibrary@gmail.com

ਤੇ ਜਾ ਕੇ ਕੀਰਤਨ ਕੀਤਾ। ਉਨ੍ਹਾਂ ਬਾਰੇ ਸਤਿਗੁਰੂ ਜੀ ਦਾ ਹੁਕਮ ਸੀ ਕਿ ਇਕ ਰੁਪਏ ਤੋਂ ਵੱਧ ਭੇਟ ਪ੍ਰਵਾਨ ਨਾ ਕੀਤੀ ਜਾਵੇ। ਇਸ ਤਰ੍ਹਾਂ ਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਦੇ ਪ੍ਰਚਾਰ ਤੇ ਗੁਰੂ ਕੀਰਤਨ ਦੀ ਮਰਿਯਾਦਾ ਨੂੰ ਸਥਾਪਿਤ ਕਰਨ ਅਤੇ ਪੁਰਾਣੀਆਂ ਗਾਇਨ ਰੀਤਾਂ ਨੂੰ ਸੁਰੱਖਿਅਤ ਕਰਨ ਵਿਚ ਵੱਡਾ ਯੋਗਦਾਨ ਪਾਇਆ। ਸ. ਨਾਹਰ ਸਿੰਘ ਨੇ ਪ੍ਰਮੁੱਖ ਰਾਗੀ ਜਥਿਆਂ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ – ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲ ਤਨਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ ਵਿਖੇ ਤਿਆਰ ਕੀਤੀਆਂ ਗਈਆਂ। ਧੂਲੇ ਤੇ ਦੋ ਭਾਈ ਦਿੱਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਤੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਚੋ ਸੰਗਤਾਂ ਨੂੰ ਕੀਰਤਨ ਸੁਨਾਵਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਢ ਸਾਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਣਾਉਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸ ਦੇ ਸਾਥੀ ਦੁਆਬੇ ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ ਜਿਨ੍ਹਾਂ ਦੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ, ਭੈਣੀ ਰਹਿ ਕੇ ਇਰਦ ਗਿਰਦ ਦੇ ਇਲਾਕਿਆਂ ਵਿਚ ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਈਆ ਸ਼ਬਦ ਚੌਕੀ ਦੀ ਭੇਟ ਮੁਕੱਰਰ ਕੀਤੀ ਗਈ।

ਸੋ ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮਤਿ ਪ੍ਰਚਾਰ ਤੇ ਸਿੱਖੀ ਦੀ ਆਦਰਸ਼ਕ ਮਰਿਯਾਦਾ ਨੂੰ ਮੁੜ ਸਥਾਪਿਤ ਕਰਨ ਵੱਲ ਉਚੇਚਾ ਧਿਆਨ ਦਿੱਤਾ। ਜਿਹੜੇ ਸਿੱਖ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਪੁੱਜਦੇ, ਉਨ੍ਹਾਂ ਦੀ ਸਤਿਗੁਰੂ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਤੁਰੰਤ ਕਾਂਇਆ ਕਲਪ ਹੋ ਜਾਂਦੀ।

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

(ਆਦਿ ਗ੍ਰੰਥ ਪੰਨਾ 462-63)



Sri Satguru Jagjit Singh Ji Elibrary NamdhariElibrary@gmail.com

### ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ ਭੇਜਣਾ

ਭਾਈ ਰਾਏ ਸਿੰਘ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਮਦੀਹਰ ਦਾ ਵਾਸੀ ਸੀ। ਉਸ ਦਾ ਪਹਿਲਾ ਨਾਮ ਭੂਪ ਸਿੰਘ ਸੀ। ਗੁਰਮਤਿ ਦੀ ਲਗਨ ਅਤੇ ਗੁਰਬਾਣੀ ਦੇ ਅਰਥ ਬੋਧ ਤੇ ਗਿਆਨ ਦੀ ਪ੍ਰਾਪਤੀ ਲਈ ਉਹ ਅੰਮ੍ਰਿਤਸਰ ਆ ਗਿਆ। ਇਥੇ ਆ ਕੇ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੀ ਬਾਣੀ ਦੇ ਡੂੰਘੇ ਅਧਿਐਨ ਵਿਚ ਲਗਨ ਨਾਲ ਜੁਟਿਆ ਰਿਹਾ। ਉਸ ਦੇ ਮਨ ਵਿਚ ਇਹ ਲਟਕ ਲੱਗ ਗਈ ਕਿ ਗੁਰਬਾਣੀ ਵਿਚ ਜਿਸ ਗੁਰੂ ਦੀ ਮਹਿਮਾ ਵਿਆਪਕ ਰੂਪ ਵਿਚ ਕੀਤੀ ਗਈ ਹੈ, ਉਸ ਦੀ ਭਾਲ ਕਰਨੀ ਚਾਹੀਦੀ ਹੈ।

### ਚੀਨੀ ਘੋੜੀ ਦੀ ਭੇਟਾ

ਪਿੰਡ ਬਿਸ਼ਨਪੁਰੇ ਦਾ ਜਾਗੀਰਦਾਰ ਸ. ਮੰਗਲ ਸਿੰਘ ਪਟਿਆਲੇ ਦੇ ਮਹਾਰਾਜੇ ਨਰੇਂਦ੍ਰ ਸਿੰਘ ਦਾ ਭਣੇਵਾਂ ਸੀ। ਸਤਿਗੁਰੂ ਜੀ ਦੀ ਸ਼ੋਭਾ ਸੁਣ ਕੇ ਉਹ ਜਦੋਂ ਦਰਸ਼ਨ ਕਰਨ ਆਇਆ ਤਾਂ ਉਸ ਨੇ ਨਾਮ ਦੀ ਦਾਤ ਪ੍ਰਾਪਤ ਕਰਕੇ ਮਨ ਵਿਚ ਇਹ ਸੰਕਲਪ ਕੀਤਾ ਕਿ ਆਪਣੀ ਚੀਨੀ ਘੋੜੀ ਸਤਿਗੁਰੂ ਜੀ ਦੀ ਸਵਾਰੀ ਲਈ ਭੇਟ ਕੀਤੀ ਜਾਵੇ। ਕੁਝ ਲੇਖਕਾਂ ਨੇ ਇਸ ਘੋੜੀ ਬਾਰੇ ਲਿਖਿਆ ਹੈ ਕਿ ਇਹ ਬੜੀ ਅੜੀਅਲ ਤੇ ਕੌੜ ਸੀ। ਪਰ ਜਦੋਂ ਸਤਿਗੁਰੂ ਜੀ ਇਸ ਉੱਤੇ ਸਵਾਰੀ ਕਰਨ ਲੱਗੇ ਤਾਂ ਉਸ ਨੇ ਕਦੀ ਵੀ ਅੜੀ ਨਹੀਂ ਸੀ ਕੀਤੀ। ਸਤਿਗੁਰੂ ਜੀ ਇਸੇ ਉਤੇ ਹੀ ਸਵਾਰੀ ਕਰਦੇ ਰਹੇ। ਇਸੇ ਲਈ ਉਨ੍ਹਾਂ ਦਾ ਨਾਮ ਚੀਨੀ ਵਾਲਾ ਪਾਤਸ਼ਾਹ ਕਰਕੇ ਪ੍ਰਸਿੱਧ ਹੋਇਆ।

ਭਾਈ ਧਿਆਨ ਸਿੰਘ ਕਾਦਰਾਬਾਦੀ ਦੇ 'ਸ੍ਰੀ ਸਤਿਗੁਰੂ ਬਿਲਾਸ' ਦੇ ਹਵਾਲੇ ਅਨੁਸਾਰ - ਇਕ ਦਿਨ ਜਦੋਂ ਉਹ ਕਟੜਾ ਹਰੀ ਸਿੰਘ ਦੇ ਬਜ਼ਾਰ ਵਿਚੋਂ ਲੰਘ ਰਿਹਾ ਸੀ ਤਾਂ ਅਚਾਨਕ ਉੱਥੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਹੋ ਗਏ। ਉਨ੍ਹਾਂ ਦੀ ਸੰਖੇਪ ਗੱਲਬਾਤ ਤੋਂ ਉਸ ਨੂੰ ਆਤਮਕ ਸ਼ਾਂਤੀ ਪ੍ਰਾਪਤ ਹੋਈ। ਜਦੋਂ ਭਾਈ ਰਾਏ ਸਿੰਘ ਨੇ ਦੱਸਿਆ ਕਿ ਗੁਰਬਾਣੀ ਦੀ ਖੋਜ ਪਿਛੋਂ ਉਹ ਹੁਣ ਕਿਸੇ ਗੁਰੂ ਦੀ ਭਾਲ ਵਿਚ ਹੈ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਬਾਰੇ ਬਿਨਾਂ ਕੁਝ ਦੱਸੇ ਉਸ ਨੂੰ ਸ੍ਰੀ ਭੈਣੀ ਸਾਹਿਬ ਜਾਣ ਲਈ ਹੁਕਮ ਕੀਤਾ। ਜਦੋਂ ਉਹ ਸ੍ਰੀ ਭੈਣੀ ਸਾਹਿਬ ਪੁੱਜਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਉਸ ਨੂੰ ਹੋਰ ਵੀ ਪ੍ਰਸੰਨਤਾ ਹੋਈ ਕਿਉਂ ਜੋ ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤਸਰ ਦੇ ਕਟੜਾ ਹਰੀ ਸਿੰਘ ਦੇ ਬਜ਼ਾਰ ਵਿਚ ਉਸ ਨੂੰ ਪਹਿਲਾਂ ਵੀ ਮਿਲ ਚੁੱਕੇ ਸਨ।

ਸਤਿਗੁਰੂ ਰਾਮ ਸਿੰਘ ਜੀ ਨਾਮ-ਬਾਣੀ ਦੇ ਪ੍ਰਚਾਰ ਦੇ ਨਾਲ ਨਾਲ ਅੰਮ੍ਰਿਤ-ਸੰਚਾਰ ਦੀ ਲਹਿਰ ਨੂੰ ਵੀ ਪਿੰਡਾਂ ਵਿਚ ਚਲਾਉਣਾ ਚਾਹੁੰਦੇ ਸਨ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਬਾਲਕ ਸਿੰਘ ਜੀ ਵਲੋਂ ਵੀ ਉਨ੍ਹਾਂ ਨੂੰ ਇਹ ਆਦੇਸ਼ ਹੋਇਆ ਸੀ ਕਿ ਅਸੀਂ ਸਹਿਜਧਾਰੀ ਸਿੱਖ ਬਣਾਏ ਹਨ, ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਫੈਲਾਓ।" ਉਸ ਸਮੇਂ ਅੰਮ੍ਰਿਤ ਪ੍ਰਚਾਰ ਕੁਝ ਗਿਣਤੀ ਦੇ ਗੁਰਧਾਮਾਂ (ਤਖਤਾਂ) ਉੱਤੇ ਹੀ ਕੀਤਾ ਜਾਂਦਾ ਸੀ ਅਤੇ ਉਥੇ ਵੀ ਪੁਜਾਰੀ ਵਰਗ ਦਾ ਕਬਜ਼ਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਨੂੰ ਉੱਚੇਚਾ ਦੱਖਣ ਵਿਚ ਸ੍ਰੀ ਹਜ਼ੂਰ ਸਾਹਿਬ (ਅਬਚਲ ਨਗਰ) ਜਾ ਕੇ ਉਥੋਂ ਦੀ ਗੁਰ ਮਰਿਯਾਦਾ ਤੇ ਅੰਮ੍ਰਿਤ-ਪ੍ਰਚਾਰ ਦੀ ਵਿਧੀ ਨੂੰ ਲਿਖ ਕੇ ਲਿਆਉਣ ਲਈ ਕਿਹਾ। ਇਸ ਦੇ ਨਾਲ ਹੀ ਉਸ ਨੂੰ ਕੁਝ ਗੱਲਾਂ ਦਾ ਉਚੇਚਾ ਧਿਆਨ ਰੱਖਣ ਅਤੇ ਉਨ੍ਹਾਂ ਦੀ ਪਾਲਣਾ ਕਰਨ ਦੀ ਵੀ ਤਾਕੀਦ ਕੀਤੀ। ਇਨ੍ਹਾਂ ਵਿਚ ਇਹ ਤਿੰਨਾਂ ਗੱਲਾਂ ਮੁੱਖ ਸਨ - ਗੁਰਮਤਿ ਦੇ ਪ੍ਰਚਾਰ ਅਤੇ ਕਥਾ ਆਦਿ ਲਈ ਕੋਈ ਭੇਟ ਨਹੀਂ ਲੈਣੀ। ਜੇ ਕੋਈ ਭੇਟ ਆਵੇ, ਉਥੇ ਹੀ ਦੇ ਆਣੀ। ਕਿਸੇ ਕੋਲੋਂ ਕੋਈ ਪੈਸਾ ਨਹੀਂ ਮੰਗਣਾ ਉੱਥੇ ਸ਼ਾਦੀ ਨਹੀਂ ਕਰਵਾਣੀ ਅਤੇ ਅਬਚਲ ਨਗਰ ਦੀ ਸਾਰੀ ਮਰਿਯਾਦਾ ਲਿਖ ਕੇ ਛੇਤੀ ਵਾਪਸ ਪਰਤਣਾ।

[1*]ਭਾਈ ਰਾਏ ਸਿੰਘ ਅਨੇਕ ਮੁਸ਼ਕਲਾਂ ਝਾਗ ਕੇ ਅਤੇ ਜੰਗਲ ਵਿਚ ਸ਼ੇਰ ਤੋਂ ਭੈ-ਭੀਤ ਹੋ ਕੇ ਗੁਰੂ ਕ੍ਰਿਪਾ ਦੁਆਰਾ ਅਬਚਲ ਨਗਰ ਪਹੁੰਚ ਗਿਆ। ਉੱਥੇ ਤਿੰਨ ਮਹੀਨੇ ਤੋਂ ਵੀ ਵਧੇਰੇ ਸਮੇਂ ਰਹਿ ਕੇ ਉਸ ਨੇ ਆਦਿ ਗ੍ਰੰਥ ਸਾਹਿਬ ਦੀ ਕਥਾ ਸੰਪੂਰਨ ਕੀਤੀ। ਜਦੋਂ ਵਾਪਿਸ ਆਉਣ ਲਈ ਹਜ਼ੂਰ ਸਾਹਿਬ ਦੀ ਸੰਗਤ ਤੋਂ ਆਗਿਆ ਮੰਗੀ ਤਾਂ ਉਥੋਂ ਦੀ ਸੰਗਤ ਨੇ ਭਾਈ ਰਾਏ ਸਿੰਘ ਨੂੰ ਬੇਨਤੀ ਕੀਤੀ ਕਿ ਤੁਹਾਡੇ ਵਰਗੇ ਵਿਦਵਾਨ ਗੁਰ ਸਿੱਖ ਨੂੰ ਇੱਥੇ ਹੀ ਰਹਿਣਾ ਚਾਹੀਦਾ ਹੈ ਅਤੇ ਗ੍ਰਹਿਸਥ ਆਸ਼ਰਮ ਵਿਚ ਪ੍ਰਵੇਸ਼ ਕਰਕੇ ਸੁੱਖ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਪਰ ਭਾਈ ਰਾਏ ਸਿੰਘ ਨੇ ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰਨ ਲਈ ਉਥੋਂ ਦੀ ਸੰਗਤ ਤੋਂ ਵਿਦਾਇਗੀ ਮੰਗੀ। ਜੋ ਤਿੰਨ ਸੌ ਰੁਪਏ ਭੇਟਾ ਵਜੋਂ ਆਏ ਸਨ, ਉਹ ਉੱਥੇ ਹੀ ਭੇਟ ਕਰ ਦਿੱਤੇ। ਭਾਈ ਰਾਏ ਸਿੰਘ ਨੇ ਸ੍ਰੀ ਅਬਚਲ ਨਗਰ ਦੀ ਸਾਰੀ ਰਹਿਤ ਮਰਿਯਾਦਾ ਲਿਖ ਲਈ। ਇਸ ਵਿਚ ਚਾਰ ਕੁਰੈਤਾਂ ਦਾ ਵੀ ਉਲੇਖ ਸੀ।

(ੳ) "ਕੇਸਨ ਮੂੰਡ ਤੁਰਕਣੀ ਰਵ
ਗੋ ਬਧ ਅਉਰ ਤਮਾਕੂ ਛੁਵੈ
ਅਉਰ ਅਘੀ ਜੇਤਕ ਕੋ ਹੋਈ
ਤੇਤੋ ਡੰਨ ਸਕਤਿ ਜਿਤ ਕੋਈ।।

[1*] ਭਾਈ ਰਾਏ ਸਿੰਘ ਦੀ ਅਬਚਲ ਨਗਰ ਦੀ ਯਾਤਰਾ ਬਾਰੇ ਵੇਰਵੇ 'ਸ੍ਰੀ ਸਤਿਗੁਰੂ ਬਿਲਾਸ' ਕਰਤਾ ਧਿਆਨ ਸਿੰਘ ਕਾਦਰਾਬਾਦੀ ਨੇ ਅਧਿਆਇ 5 ਵਿਚ ਅੰਕਿਤ ਹਨ।



Sri Satguru Jagjit Singh Ji Elibrary NamdhariElibrary@gmail.com

ਇਹ ਚਾਰ ਕੁਰੈਤਾਂ ਸਨ - (1) ਕੇਸਾਂ ਨੂੰ ਕਤਲ ਕਰਨਾ (2) ਤੁਰਕਣੀ ਦਾ ਸੰਗ (3) ਗਊ ਹੱਤਿਆ (4) ਤਮਾਕੂ ਦੀ ਵਰਤੋਂ। ਇਸ ਤੋਂ ਵਧੇਰੇ ਜੇਕਰ ਕੋਈ ਪਾਪ ਅਪਰਾਧ ਕਰੇਗਾ ਉਸ ਨੂੰ ਵੀ ਉਸ ਦੇ ਕੀਤੇ ਕੁਕਰਮ ਅਨੁਸਾਰ ਢੰਡ ਦਿੱਤਾ ਜਾ ਸਕਦਾ ਹੈ।

ਰਹਿਤ ਮਰਿਯਾਦਾ ਲਿਖਣ ਤੋਂ ਮਗਰੋਂ ਭਾਈ ਰਾਏ ਸਿੰਘ ਨੇ ਵਾਪਿਸ ਪੰਜਾਬ ਨੂੰ ਚਾਲੇ ਪਾ ਦਿੱਤੇ।

ਵਾਪਿਸੀ ਉੱਤੇ ਵੀ ਉਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਕੋਲ ਖਰਚਾ ਬਿਲਕੁਲ ਨਹੀਂ ਸੀ, ਮੰਗਣ ਦਾ ਹੁਕਮ ਵੀ ਨਹੀਂ ਸੀ। ਅਜਿਹੀ ਲਾਚਾਰੀ ਦੀ ਹਾਲਤ ਵਿਚ ਉਸ ਨੂੰ ਇਕ ਉਜਾੜ ਖੂਹੀਂ ਦੀ ਮਣ ਉੱਤੋਂ ਇਕ ਥੈਲੀ ਮਿਲ ਗਈ, ਜਿਸ ਵਿਚ ਕਾਫੀ ਰਕਮ ਸੀ। ਕੁਝ ਪੰਧ ਤਾਂ ਭਾਈ ਰਾਏ ਸਿੰਘ ਨੇ ਉਸ ਥੈਲੀ ਨੂੰ ਹੱਥ ਵਿਚ ਫੜੀ ਰੱਖਿਆ ਕਿ ਜਿਸ ਕਿਸੇ ਦੀ ਵੀ ਹੋਵੇਗੀ। ਉਸ ਨੂੰ ਵਾਪਸ ਕਰ ਦੇਵੇਗਾ। ਉਸ ਨੂੰ ਇਹ ਗਿਆਤ ਨਹੀਂ ਕਿ ਇਹ ਬਖਸ਼ਿਸ਼ ਗੁਰੂ ਸਾਹਿਬ ਨੇ ਆਪ ਉਸ ਦੀ ਸਹਾਇਤਾ ਲਈ ਕੀਤੀ ਹੈ। ਜਦੋਂ ਉਹ ਭੈਣੀ ਸਾਹਿਬ ਦੇ ਨੇੜੇ ਪੁੱਜਾ ਤਾਂ ਦੀਵਾਨ ਵਿਚੋਂ ਉਠ ਕੇ ਸਤਿਗੁਰੂ ਜੀ ਅਗੱਲ ਵਾਂਡੀ ਜਾ ਕੇ ਉਸ ਨੂੰ ਮਿਲੇ ਅਤੇ ਸੰਗਤ ਨੂੰ ਹੁਕਮ ਕੀਤਾ ਕਿ ਮੇਰੇ ਪਿਛੇ ਕੋਈ ਨਾ ਆਵੇ ਜਦੋਂ ਭਾਈ ਰਾਏ ਸਿੰਘ ਸਤਿਗੁਰੂ ਜੀ ਦੇ ਨਾਲ ਦੀਵਾਨ ਵਿਚ ਪੁੱਜਾ ਤਾਂ ਸਤਿਗੁਰੂ ਜੀ ਨੇ ਭਾਈ ਰਾਏ ਸਿੰਘ ਨੂੰ, ਸਾਰੀ ਸੰਗਤ ਨੂੰ ਆਪਣੇ ਸਫ਼ਰ ਦਾ ਹਾਲ ਦੱਸਣ ਲਈ ਕਿਹਾ। ਭਾਈ ਰਾਏ ਸਿੰਘ ਦਾ ਬਿਰਤਾਂਤ ਸੁਣ ਕੇ ਸਾਰੀ ਸੰਗਤ ਦੀ ਰਚਨਾ ਤੋਂ ਇਹ ਸ਼ਬਦ ਆਪ ਮੁਹਾਰੀ ਹੀ ਨਿਕਲੇ - "ਭਾਈ ਰਾਏ ਸਿੰਘ ਤੂੰ ਧੰਨ ਹੈ।" ਭਾਈ ਰਾਏ ਸਿੰਘ ਵਲੋਂ ਲਿਆਂਦੀ ਗਈ ਅੰਮ੍ਰਿਤ-ਪ੍ਰਚਾਰ ਤੇ ਅਬਚਲ ਨਗਰ ਦੀ ਗੁਰ ਮਰਿਯਾਦਾ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚਲਿਤ ਕੀਤਾ ਅਤੇ ਪਿੰਡਾਂ ਵਿਚ ਵੀ ਜਾ ਕੇ ਅੰਮ੍ਰਿਤ-ਪ੍ਰਚਾਰ ਤੇ ਨਾਮ ਦੀ ਬਖਸ਼ਿਸ਼ ਕੀਤੀ। ਛੇਤੀ ਹੀ ਨਾਮਧਾਰੀ ਮਤ ਦਾ ਪ੍ਰਚਾਰ ਮਾਲਵੇ, ਦੁਆਬੇ, ਮਾਝੇ, ਦੜਪ ਤੇ ਹੋਰ ਦੂਰ ਦੂਰ ਤਕ ਫੈਲ ਗਿਆ। ਗੁਰਮਤਿ ਦੀ ਪੁਨਰ ਸੁਰਜੀਤੀ ਦੀ ਇਹ ਲਹਿਰ ਕੌੜੀ ਵੇਲ ਵਾਂਗ ਫੈਲਣ ਲੱਗੀ। ਅੰਮ੍ਰਿਤ ਪ੍ਰਚਾਰ ਲਈ ਸਤਿਗੁਰੂ ਜੀ ਜ਼ਿਲ੍ਹਾ ਲੁਧਿਆਣੇ ਦੇ ਪਿੰਡਾਂ ਸਿਆਹੜ, ਗੁਜਰਵਾਲ, ਰਾਏਪੁਰ, ਲੋਹਗੜ੍ਹ, ਬੱਸੀਆਂ ਅਤੇ ਜ਼ਿਲ੍ਹਾ ਜਲੰਧਰ ਵਿਚ ਮੁਠੱਡੇ, ਧੁਲੇਤੇ ਆਦਿ ਵੱਡੇ ਪਿੰਡਾਂ ਵਿਚ ਚਲੇ ਜਾਂਦੇ। ਆਮ ਕਰਕੇ ਸੰਗਤਾਂ ਭੈਣੀ ਹੀ ਪਹੁੰਚ ਜਾਂਦੀਆਂ ਅਤੇ ਇਥੇ ਹੀ ਅੰਮ੍ਰਿਤ ਛਕ ਕੇ ਭਜਨ ਬੰਦਗੀ ਦਾ ਉਪਦੇਸ਼ ਲੈ ਕੇ ਘਰੋ ਘਰੀ ਚਲੀਆਂ ਜਾਂਦੀਆਂ।

ਜਿੱਥੇ ਵੀ ਆਪ ਜਾਂਦੇ ਉੱਥੇ ਲੋਕਾਂ ਨੂੰ ਹੁੱਕੇ, ਤੰਬਾਕੂ ਤੇ ਹੋਰ ਨਸ਼ਿਆਂ ਤੋਂ



Sri Satguru Jagjit Singh Ji Elibrary NamdhariElibrary@gmail.com

ਵਰਜਦੇ। ਮਾਸ ਸ਼ਰਾਬ ਦੀ ਵਰਤੋਂ ਤੋਂ ਰੋਕਦੇ। ਸਿੱਧਾ ਸਾਧਾ ਗੁਰਸਿੱਖੀ ਦਾ ਜੀਵਨ ਬਤੀਤ ਕਰਨ ਲਈ ਕਹਿੰਦੇ। ਸਤਿਗੁਰੂ ਜੀ ਦੇ ਦੀਵਾਨਾਂ ਵਿਚ ਇਸਤਰੀ-ਪੁਰਸ਼ ਵੱਡੀ ਗਿਣਤੀ ਵਿਚ ਬੜੇ ਉਤਸ਼ਾਹ ਨਾਲ ਪਹੁੰਚਦੇ ਅਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਤਪਤੇ ਹਿਰਦਿਆਂ ਨੂੰ ਸ਼ਾਂਤ ਕਰਦੇ। ਉਹ ਗੁਰੂ ਦੇ ਦੱਸੇ ਨਵੇਂ ਸਿੱਖੀਮਾਰਗ ਨੂੰ ਖੁਸ਼ੀ ਖੁਸ਼ੀ ਅਪਨਾਉਂਦੇ।

**ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਲਈ ਹਜ਼ਰੋ ਜਾਣਾ**

1858 ਈਸਵੀ, (ਸੰਮਤ 1915) ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਹਜ਼ਰੋ ਵਿਖੇ ਜਾ ਕੇ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਦਾ ਵਿਚਾਰ ਬਣਾਇਆ। ਦੁਆਬੇ ਤੇ ਮਾਝੇ ਦੇ ਪਿੰਡਾਂ ਵਿਚੋਂ ਹੁੰਦੇ ਹੋਏ ਆਪ ਅੰਮ੍ਰਿਤਸਰ ਪਹੁੰਚੇ। ਵਿਵੇਕਸਰ ਦੇ ਸਥਾਨ ਉੱਤੇ ਡੇਰਾ ਕੀਤਾ ਅਤੇ ਫੁਰਮਾਇਆ ਕਿ ਅਸੀਂ, ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਹਜ਼ਰੋ ਜਾ ਰਹੇ ਹਾਂ, ਜੋ ਕੋਈ ਸਾਡੇ ਨਾਲ ਜਾਣਾ ਚਾਹੇ, ਜਾ ਸਕਦਾ ਹੈ। ਬਹੁਤ ਸਾਰੇ ਸ਼ਰਧਾਲੂ ਸਤਿਗੁਰੂ ਜੀ ਦੇ ਨਾਲ ਹਜ਼ਰੋ ਜਾਣ ਲਈ ਤਿਆਰ ਹੋ ਗਏ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਨਾਮਧਾਰੀ ਸੰਗਤ ਹਜਰੋਂ ਨੂੰ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਜਾ ਰਹੀ ਸੀ, ਤਾਂ ਅੰਮ੍ਰਿਤਸਰ ਤੋਂ ਅੱਗੇ ਸੜਕ ਉਤੇ ਕੁਝ ਗੋਰੇ ਮਿਲੇ ਤਾਂ ਸਤਿਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਦਿੱਤਾ - 1*"ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲਾਵੋ ਉਚੀ ਸੇ। ਸਿੰਘਾਂ ਜੈਕਾਰਾ ਉਚੀ ਸੇ ਗਜਾਇਆ। ਗੋਰੇ ਹੱਸ ਕੇ ਕਹਿਣ ਲੱਗੇ ਇਹੀ ਸਿੰਘ ਹੈਨ ਜੋ ਨਵਾਂ ਪੰਥ ਪੈਦਾ ਹੋਇਆ ਹੈ, ਜਿਨ੍ਹਾਂ ਨੂੰ ਕੂਕਾ ਪੰਥ ਆਖਦੇ ਹੈ।" ਕਈ ਥਾਵਾਂ ਤੇ ਪੜ੍ਹਾ ਕਰਦੇ ਹੋਏ ਜਦੋਂ ਉਹ ਹਜ਼ਰੋਂ ਪਹੁੰਚੇ ਤਾਂ ਸਤਿਗੁਰੂ ਬਾਲਕ ਸਿੰਘ ਤੇ ਭਾਈ ਮੁੱਖਾ ਜੀ ਅੱਗੋਂ ਸੁਆਗਤ ਲਈ ਆਏ। ਸਤਿਗੁਰੂ ਰਾਮ ਸਿੰਘ ਜੀ ਨਾਲ ਬਾਬਾ ਕਾਹਨ ਸਿੰਘ ਨਿਹੰਗ ਸਨ। ਦੋਹਾਂ ਧਿਰਾਂ ਨੂੰ ਪਰਸਪਰ ਦਰਸ਼ਨ ਕਰਕੇ ਬੜਾ ਅਨੰਦ ਪ੍ਰਾਪਤ ਹੋਇਆ। ਜਦੋਂ ਸਤਿਗੁਰੂ ਰਾਮ ਸਿੰਘ ਜੀ ਬਗੀਚੀ ਵਾਲੇ ਸਥਾਨ ਤੇ ਪਹੁੰਚੇ ਤਾਂ ਸਤਿਗੁਰੂ ਬਾਲਕ ਸਿੰਘ ਜੀ ਨੇ ਸੰਗਤ ਨੂੰ ਫੁਰਮਾਇਆ। ਠਾਕੁਰ ਜੀ ਆ ਗਏ ਹਨ, ਸਾਰੇ ਇਨ੍ਹਾਂ ਦਾ ਦਰਸ਼ਨ ਕਰੋ।

ਹਜ਼ਰੋ ਦੇ ਇਸ ਨਿਵਾਸ ਸਮੇਂ ਕਈ ਘਟਨਾਵਾਂ ਦਾ ਵਰਣਨ ਸੰਤ 2*ਸੰਤੋਖ ਸਿੰਘ ਬਾਹੋਂਵਾਲ ਨੇ ਬਿਆਨ ਕੀਤਾ ਹੈ, ਇਨ੍ਹਾਂ ਘਟਨਾਵਾਂ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਨਿੱਜੀ ਜੀਵਨ ਦੇ ਕੁਝ ਪੱਖਾਂ ਬਾਰੇ ਵਡਮੁੱਲੀ ਜਾਣਕਾਰੀ ਮਿਲਦੀ ਹੈ।

---

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 224

2* ਉਪਰੋਕਤ, ਪੰਨਾ 163



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਬਾਲਕ ਸਿੰਘ ਜੀ ਨੂੰ ਹਜ਼ਰੋਂ ਦੇ ਸਿੱਖ ਸੇਵਕਾਂ ਨੇ ਅਰਜ਼ ਕੀਤੀ ਕਿ ਠਾਕੁਰ ਜੀ ਸਾਡੇ ਘਰਾਂ ਤੋਂ ਨਿਉਂਦਾ ਛੱਕਣ। ਸਤਿਗੁਰੂ ਰਾਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਤੁਸੀਂ ਪੂਜਾ ਦਾ ਧਾਨ ਖਾਣ ਤੋਂ ਮਨ੍ਹਾ ਕੀਤਾ ਹੋਇਆ ਹੈ, ਇਸ ਲਈ ਅਸੀਂ ਕਿਸੇ ਦੇ ਘਰ ਦਾ ਨਿਉਂਦਾ ਨਹੀਂ ਛਕਦੇ। ਸਤਿਗੁਰੂ ਬਾਲਕ ਸਿੰਘ ਜੀ ਨੇ ਕਿਹਾ "ਤੁਸੀਂ ਆਪਣੀ ਮਰਜ਼ੀ ਕਰਨੀ ਹੈ ਜਾਂ ਸਾਡਾ ਕਹਿਣਾ ਮੰਨਣਾ ਹੈ।" ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਦਾ ਹੁਕਮ ਸਤਿ ਕਰਕੇ ਮੰਨ ਲਿਆ ਅਤੇ ਹਜ਼ਰੋ ਦੇ ਬਹੁਤ ਸਾਰੇ ਸਿੱਖਾਂ ਦੇ ਘਰਾਂ ਵਿਚ ਜਾ ਕੇ ਸੰਗਤ ਸਮੇਤ ਪ੍ਰਸ਼ਾਦ ਛਕਿਆ। ਭਾਈ ਕਿਸ਼ਨ ਸਿੰਘ ਸ਼ਾਹ ਨੇ ਸਤਿਗੁਰੂ ਬਾਲਕ ਸਿੰਘ ਜੀ ਨੂੰ ਆਪਣੇ ਘਰ ਪ੍ਰਸ਼ਾਦ ਛਕਣ ਲਈ ਕਈ ਵਾਰ ਬੇਨਤੀ ਕੀਤੀ ਸੀ ਪਰ ਸਤਿਗੁਰੂ ਬਾਲਕ ਸਿੰਘ ਜੀ ਹਰ ਵਾਰ ਇਹੋ ਕਹਿ ਦਿੰਦੇ। ਜਦੋਂ ਠਾਕੁਰ ਜੀ ਆਉਣਗੇ, ਉਦੋਂ ਤੁਹਾਡੇ ਘਰੋਂ ਪ੍ਰਸ਼ਾਦ ਛਕਾਂਗੇ। ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਦੀ ਆਗਿਆ ਅਨੁਸਾਰ ਕਿਸ਼ਨ ਸ਼ਾਹ ਦਾ ਵੀ ਨਿਉਂਦਾ ਪ੍ਰਵਾਨ ਕੀਤਾ।

ਸਤਿਗੁਰੂ ਬਾਲਕ ਸਿੰਘ ਜੀ ਮਾਈ ਪ੍ਰਭੋ ਦਾ ਬੜਾ ਆਦਰ ਕਰਦੇ ਹੁੰਦੇ ਸਨ ਅਤੇ ਉਸ ਨੂੰ ਆਪਣੇ ਪਲੰਘ ਦੇ ਪੈਂਦ ਵੱਲ ਬਿਠਾ ਲੈਂਦੇ। ਸਤਿਗੁਰੂ ਬਾਲਕ ਸਿੰਘ ਜੀ ਨੇ ਹੁਕਮ ਕੀਤਾ ਕਿ ਮਾਈ ਪ੍ਰਭੋ! ਠਾਕੁਰ ਜੀ ਦੇ ਚਰਨੀ ਹੱਥ ਲਾਓ। ਮਾਈ ਪ੍ਰਭੋ ਤਾਂ ਦੇਖਦੀ ਹੀ ਰਹੀ, ਸਤਿਗੁਰੂ ਰਾਮ ਸਿੰਘ ਜੀ ਨੇ ਨੇਤਰ ਫੋਰ ਵਿਚ ਮਾਈ ਪ੍ਰਭੋ ਦੇ ਚਰਨ ਛੋਹ ਲਏ। ਇਸੇ ਤਰ੍ਹਾਂ ਇਕ ਵਾਰ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੇ ਪੰਜ ਸਿੱਖਾਂ ਨੂੰ ਗੁਰੂ ਰਾਮ ਸਿੰਘ ਜੀ ਦੇ ਚਰਨ ਛੋਹਣ ਲਈ ਬਚਨ ਕੀਤਾ ਪਰ ਉਨ੍ਹਾਂ ਸਿੰਘਾਂ ਦੇ ਚਰਨ ਛੋਹਣ ਤੋਂ ਪਹਿਲਾਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਪੰਜਾਂ ਸਿੰਘਾਂ ਦੇ ਚਰਨ ਛੋਹ ਲਏ।

ਇਸ ਸਮੇਂ ਸਤਿਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ - "ਪੱਟ ਦਿਤੀ ਸੂ। ਲੈ ਗਿਆ ਹੈ ਜਿਸ ਦੀ ਵਸਤ ਸੀ ਏਹ ਵਸਤ ਏਸੇ ਭਾਂਡੇ ਵਿਚ ਸਮਾਣੇ ਵਾਲੀ ਹੈ। ਹੋਰ ਦੇ ਨਹੀਂ ਸਮਾਵਣ ਵਾਲੀ ਸੀ। ਭਗਤ ਵਸਤੀ ਰਾਮ ਨੂੰ ਬਾਣੀ ਬਹੁਤ ਕੰਠ ਸੀ। ਉਹ ਨਿਤ ਬਾਣੀ ਪੜ੍ਹਦਾ ਰਹਿੰਦਾ ਸੀ। ਸਤਿਗੁਰੂ ਬਾਲਕ ਸਿੰਘ ਜੀ ਨੇ ਉਸ ਨੂੰ ਕਿਹਾ 'ਤੂੰ ਭਜਨ ਕਰਿਆ ਕਰ।' ਪਰ ਵਸਤੀ ਰਾਮ ਕਹਿੰਦਾ 'ਮੈਂ ਬਾਣੀ ਨਹੀਂ ਛੱਡ ਸਕਦਾ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਫੁਰਮਾਇਆ [1*]"ਬਾਣੀ ਭੀ ਪੜ੍ਹੋ ਤੇ ਭਜਨ ਪੀ ਕਰੋ। ਘਿਓ ਖੰਡ ਰਲਾਇਕੇ ਛਕੋ, ਹੱਛੀ ਹੁੰਦੀ ਹੈ।" ਇਹ ਸਤਿਗੁਰੂ ਬਾਲਕ ਸਿੰਘ ਜੀ ਦਾ ਹੁਕਮ ਹੈ, ਮੈਂ ਤਾਂ ਉਸ ਦਾ ਰਪਟੀਆ ਹਾਂ "ਜੋ ਪਾਤਸ਼ਾਹਾਂ ਕਾ ਹੁਕਮ ਹੈ ਸੋ ਮੈਂ

[1*] ਸੰਤ ਸੰਤੋਖ ਸਿੰਘ ਬਾਰੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 164



Sri Satguru Jagjit Singh Ji Elibrary NamdhariElibrary@gmail.com

ਕਹਿੰਦਾ ਹਾਂ। ਪਾਤਸ਼ਾਹ ਉਹੀ ਹੈਂ ਗੁਰੂ ਬਾਲਕ ਸਿੰਘ ਜੀ। ਮੈਂ ਤਾਂ ਉਨ੍ਹਾਂ ਦਾ ਗਪਟੀਆ ਹਾਂ। ਜੋ ਹੁਕਮ ਥਾ ਸੋ ਤੈਨੂੰ ਸੁਣਾਇ ਦੀਆ ਹੈ।"

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਤੋਂ ਦੇਸ਼ ਪਰਤਣ ਲਈ ਆਗਿਆ ਮੰਗੀ ਤਾਂ ਸਤਿਗੁਰੂ ਬਾਲਕ ਸਿੰਘ ਜੀ ਸੰਗਤ ਸਮੇਤ ਸਤਿਗੁਰੂ ਰਾਮ ਸਿੰਘ ਜੀ ਨੂੰ ਵਿਦਾ ਕਰਨ ਆਏ। [1*]ਇਕ ਖੂਹ ਉਤੇ ਬੈਠ ਕੇ ਵਿਦੈਗੀ ਸਮੇਂ ਦੋ ਬਚਨ ਬਿਲਾਸ ਹੋਏ। ਸਤਿਗੁਰੂ ਰਾਮ ਸਿੰਘ ਜੀ ਨੇ ਬੇਨਤੀ ਕੀਤੀ – "ਸਚੇ ਪਾਤਸ਼ਾਹ ਜੀ ਵਿਸਾਰਨਾ ਨਹੀਂ। ਗੁਰੂ ਬਾਲਕ ਸਿੰਘ ਜੀ ਬਚਨ ਕੀਤਾ ਕਿ ਨਿਰੰਕਾਰ ਸਦਾ ਹੀ ਆਪ ਜੀ ਦੇ ਨਾਲ ਹੈ। ਜਿੰਨੀ ਤੁਹਾਡੀ ਸੰਗਤ ਹੈ ਅਤੇ ਜਿਨ੍ਹਾਂ ਨੂੰ ਤੁਸਾਂ ਨਾਮ ਦਿੱਤਾ ਹੈ, ਸਾਰਿਆਂ ਨੂੰ ਨਿਰੰਕਾਰ ਬਖਸ਼ੇਗਾ।"

## ਸਤਿਗੁਰੂ ਰਾਮ ਸਿੰਘ ਜੀ ਦਾ ਨਿੱਜ ਸਰੂਪ

[2*]ਸਤਿਗੁਰੂ ਬਿਲਾਸ ਦੇ ਕਰਤਾ ਸੰਤ ਸੰਤੋਖ ਸਿੰਘ ਬਾਹੋਵਾਲ ਸਤਿਗੁਰੂ ਰਾਮ ਸਿੰਘ ਦੇ ਨਿੱਜ ਸਰੂਪ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ :

ਸਤਿਗੁਰੂ ਜੀ ਦਾ ਮਸਤਕ ਚੌੜਾ, ਭਵਾਂ ਕਮਾਨ ਕੀ ਨਿਆਈਂ। ਨੇਤਰ ਮਾਨੋ ਸੂਰਜ ਚੰਦ੍ਰਮਾ ਦਿਸਦੇ ਹੈਂ। ਦੂਰੋਂ ਹੀ ਧੀਰਜ ਆਇ ਜਾਂਦੀ ਹੈ – ਦਰਸ਼ਨ ਕਰਕੇ। ਲੰਬਾ ਤਿੱਖਾ ਨੱਕ ਖੰਡੇ ਕੀ ਤਰ੍ਹਾਂ, ਸੁੰਦਰ ਕਪੋਲ ਦੋਨੋਂ ਲਾਲ ਦਗ ਦਗ ਕਰਦੇ ਹੈਂ। ਘੇਰੇਦਾਰ ਤੇ ਲੰਬਾ ਦਾਹੜਾ ਹੈ ਮਾਨੋ ਸੂਰਜ ਕੋ ਪ੍ਰਵਾਰ ਲੱਗਾ ਹੋਇਆ ਹੈ। ਮੁਖ ਪਰ ਮਾਤਾ ਕੇ ਦਾਗ ਹੈ। ਹੋਠ ਪਤਲੇ ਹੈਂ, ਸੇਬ ਕੇ ਸਮਾਨ ਠੋਡੀ ਹੈ, ਦੰਦ ਵਿਰਲੇ ਹੈਂ। ਲੰਬੀ ਗਰਦਨ ਹੈ ਹੰਸ ਕੀ ਮਾਨਿਦ। ਛਾਤੀ ਚੌੜੀ, ਦੋਨੋਂ ਬਾਹਾਂ ਲੰਬੀਆਂ ਹੈਂ ਗੋਡਿਆਂ ਤੱਕ। ਅਜਾਨੁ ਬਾਹੁ ਕੇਹਰ ਕੀ ਨਿਆਈ., ਜੰਘਾਂ ਕੇਲੇ ਕੇ ਸਮਾਨ, ਚਰਨ ਕਮਲ ਮੇਂ ਪਦਮ ਹੈ। ਉਂਗਲੀਆਂ ਸਿੱਧੀਆਂ ਸੂਖਮ ਹੈਂ। ਅੰਗ ਸਾਰੇ ਹੀ ਸਰੀਰ ਕੇ ਸੁੰਦਰ ਹੈਂ। ਪਿੱਠ ਪਰ ਭ੍ਰਿਗੁਲਤਾ ਹੈ। ਸੱਜੇ ਗੋਡੇ ਕੇ ਅਗਲੇ ਪਾਸੇ ਨਿਮ ਕੇ ਪੱਤੇ ਜੈਸਾ ਲਾਲ ਲਸਨ ਹੈ। ਸਰੂ ਵਾਂਗੂੰ ਸਾਰਾ ਸਰੀਰ ਲੰਬਾ ਹੈ। ਜੋਤੀ ਸਰੂਪ ਦਮਕਦੇ ਹੈਂ ਲਾਲ ਕੀ ਤਰ੍ਹਾਂ।

ਇਸੇ ਰਚਨਾ ਵਿਚ ਇਕ ਹੋਰ ਥਾਂ ਸੰਤ ਬਾਹੋਵਾਲ ਨੇ ਇਕ ਕਬਿੱਤ ਵਿਚ ਸਤਿਗੁਰੂ ਜੀ ਦੇ ਨਿੱਜ ਸਰੂਪ ਦਾ ਕਾਵਿ ਚਿੱਤਰ ਸੁਅਲੰਕ੍ਰਿਤ ਕੀਤਾ ਹੈ।

ਮੁੱਖ ਬੜਾ ਆਬ ਹੈ ਜਿਓ ਕਮਲ ਗੁਲਾਬ ਹੈ,
ਸਰੀਰ ਖਾਸ ਭਾਗ ਹੈ ਜੋ ਆਪ ਨਿਰੰਕਾਰ ਹੈ।
ਸੰਗਤ ਕੇ ਬੀਚ ਬੈਠੇ ਸੋਭਤੇ ਹੈਂ ਏਸ ਤੌਰ,
ਤਾਰਿਆਂ ਕੇ ਬੀਚ ਜੈਸੇ ਸਸੀ ਕਾ ਅਕਾਰ ਹੈ।

[1*] ਇੰਦਰ ਸਿੰਘ ਚੱਕਰਵ੍ਰਤੀ, ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਪੰਨਾ 162
[2*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 159



Sri Satguru Jagjit Singh Ji Elibrary NamdhariElibrary@gmail.com

ਸੋਂਹਦੀ ਗ੍ਰੀਵਾ ਉੱਚੀ ਜੈਸੇ ਸਰੂ ਬਾਗ ਵਿਚ,
ਕੋਮਲ ਸੇ ਅੰਗ ਰੰਗ ਕਨਕ ਸਮਾਰ ਹੈ।
ਕੱਟੇ ਜਾਂਦੇ ਪਾਪ ਕਈ ਜਨਮਾਂ ਦੇ ਕਵੀ ਸਿੰਘਾ,
ਜੇੜ੍ਹਾ ਨੈਨੀ ਦੇਖੇ ਇਕ ਵਾਰ ਹੀ ਨਿਹਾਰ ਹੈ।

1849 ਤੋਂ ਲੈ ਕੇ 1860 ਤੱਕ ਦੇ ਦਸਾਂ ਗਿਆਰਾਂ ਸਾਲਾਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਕੁਝ ਸੰਕੇਤ ਕੀਤੇ ਹਨ - ਸੰਮਤ 1909 ਬਿ (1852 ਈਸਵੀ) ਤੱਕ ਸਤਿਗੁਰੂ ਜੀ ਖੇਤੀ ਕੀਤੀ। ਫੇਰ ਤਿੰਨ ਬਰਸ (1852-55) ਫਿਰੋਜ਼ਪੁਰ ਰਹੇ। ਚੌਂਦ੍ਹੇ ਮੇਂ ਦਾਣੇ ਖਰੀਦੇ। ਸੋਲ੍ਹੇ ਮੇਂ ਅੰਨ ਘਟਿਆ। ਸਤ੍ਹਾਰੇ ਮੇਂ (1860 ਈ) ਕਾਲ ਪਿਆ।"

## ਕਾਲ ਪੀੜਤਾਂ ਦੀ ਸਹਾਇਤਾ

ਅਨਾਜ ਦੀ ਥੁੜ ਸਮੇਂ ਸਤਿਗੁਰੂ ਜੀ ਨੂੰ ਦਾਨਿਆਂ ਦੇ ਵਪਾਰ ਵਿਚ ਕਾਫੀ ਨਫ਼ਾ ਹੋਇਆ। ਇਸ ਦੇ ਵੱਡੇ ਭੰਡਾਰ ਸਤਿਗੁਰੂ ਜੀ ਨੇ ਭੈਣੀ ਸਾਹਿਬ ਵਿਖੇ ਇੱਕਠੇ ਕਰ ਲਏ ਸਨ। ਇਸ ਥੁੜ੍ਹ ਦੇ ਸਮੇਂ ਵੀ ਸਤਿਗੁਰੂ ਜੀ ਅੰਨ ਨਿਸ਼ਚਿਤ ਭਾਉ ਤੋਂ ਦੋ ਸੇਰ ਵੱਧ ਦਿੰਦੇ ਸਨ ਤੇ ਆਏ ਗਏ ਅਤੇ ਗਾਹਕਾਂ ਨੂੰ ਲੰਗਰ ਵਿਚੋਂ ਪ੍ਰਸ਼ਾਦ ਵੀ ਛਕਾਉਂਦੇ ਸਨ। 1860 ਦੇ ਕਾਲ ਦੇ ਸਮੇਂ ਵੀ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ।

[1]*"ਸਤਾਰੇ ਮੇਂ ਪਹਿਲੇ ਦੋ ਮਣ (ਰੁਪਏ ਕਾ) ਦਾਣਾ ਵਿਕਿਆ। ਫੇਰ ਤੀਸ ਸੇਰ ਤੱਕ ਵਿਕਿਆ। ਖਾਤਾ ਪੁੱਟ ਕੇ ਵਿਚ ਦਾਣੇ ਰੱਖੇ ਹੋਏ ਸੇ। ਦੋ ਸੇਰ ਭਾਉ ਤੇ ਵੱਧ ਦੇਣਾ। ਨਾਲੇ ਆਏ ਗਏ ਸਿਖ ਕੋ ਪ੍ਰਸ਼ਾਦ ਛਕਾਵਣਾ। ਗ਼ਰੀਬ ਲੋਕਾਂ ਬਹੁਤ ਆਵਣਾ। ਸ਼ਹਿਰ ਥੀਂ ਬਗੈਰ ਦਾਣਾ ਕਿਤੇ ਹੱਥ ਨਹੀਂ ਔਂਦਾ ਹੈ। ਗ਼ਰੀਬ ਲੋਕ ਆ ਕੇ ਪ੍ਰਸ਼ਾਦਾ ਛਕਦੇ ਤੇ ਅਸੀਸਾਂ ਦਿੰਦੇ ਜਾਂਦੇ ਹੈਂ। ਕਹਿੰਦੇ ਹੈਂ ਏਹੋ ਜੇਹੀ ਗੱਲ ਕੌਣ ਕਰ ਸਕਦਾ ਹੈ ਜੋ ਭਾਉ ਥੀਂ ਦੋ ਸੇਰ ਜ਼ਿਆਦਾ ਦਿੰਦੇ ਹੈਂ ਨਾਲੇ ਪ੍ਰਸ਼ਾਦ ਭੀ ਛਕਾਉਂਦੇ ਹੈਂ। ਨਾਲੇ ਏਨ੍ਹਾਂ ਦੇ ਕੋਲ ਸਿੰਘ ਬੜੇ ਆਉਂਦੇ ਜਾਂਦੇ ਹੈਂ।"

## ਹਰਿਦੁਆਰ ਦੀ ਅਰਧ-ਕੁੰਭੀ

ਪੁਰਾਤਨ ਸਮੇਂ ਤੋਂ ਹੀ ਹਰਿਦੁਆਰ ਨੂੰ ਭਾਰਤ ਵਰਸ਼ ਦੇ ਪ੍ਰਸਿੱਧ ਤੀਰਥ ਸਥਾਨਾਂ ਵਿਚੋਂ ਸ਼੍ਰੋਮਣੀ ਮੰਨਿਆ ਜਾਂਦਾ ਰਿਹਾ ਹੈ। ਇੱਥੇ 12 ਵਰ੍ਹਿਆਂ ਪਿਛੋਂ ਕੁੰਭ ਦਾ ਮੇਲਾ ਅਤੇ 6 ਵਰ੍ਹਿਆਂ ਪਿਛੋਂ ਅਰਧ ਕੁੰਭੀ ਦਾ ਮੇਲਾ ਲਗਦਾ ਹੈ। ਇਸ ਅਵਸਰ ਉਤੇ ਗੰਗਾ ਇਸ਼ਨਾਨ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਹੈ। ਇਸ ਮੇਲੇ ਉਤੇ ਸਾਰੇ ਭਾਰਤ ਦੀਆਂ ਧਾਰਮਿਕ ਸੰਪਰਦਾਵਾਂ ਆ ਜੁੜਦੀਆਂ

[1]* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 165



Sri Satguru Jagjit Singh Ji Elibrary NamdhariElibrary@gmail.com

ਹਨ ਅਤੇ ਵੱਖ ਵੱਖ ਸੰਪਰਦਾਵਾਂ ਦੇ ਵਿਚਾਰ ਵਟਾਂਦਰੇ ਤੇ ਗਿਆਨ ਗੋਸ਼ਟੀਆਂ ਦੇ ਕਾਰਨ ਵੀ ਇਸ ਪੁਰਬ ਦੀ ਵਿਸ਼ੇਸ਼ ਮਹੱਤਤਾ ਹੈ। ਅਨੇਕ ਸੰਪਰਦਾਵਾਂ ਦੇ ਸਾਧੂ-ਸੰਤ ਤੇ ਧਾਰਮਿਕ ਮੰਡਲੀਆਂ ਇਕੱਤਰ ਹੋ ਕੇ ਭਾਰਤ ਦੀ ਵੰਨ-ਸੁਵੰਨੀ ਅਧਿਆਤਮਿਕ ਸੰਸਕ੍ਰਿਤੀ ਦੇ ਦਿੱਖ ਦਰਸ਼ਨ ਕਰਵਾ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਹਰਿਦੁਆਰ ਦੇ ਇਨ੍ਹਾਂ ਪੁਰਬਾਂ ਦਾ ਮਹਾਤਮ ਪੁਰਾਤਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਘੱਟ ਨਹੀਂ ਹੋ ਸਕਿਆ ਸਗੋਂ ਦੂਣ ਸਵਾਇਆ ਹੀ ਹੁੰਦਾ ਆਇਆ ਹੈ। ਗੁਰੂ ਸਾਹਿਬਾਨ ਨੇ ਵੀ ਇਸ ਸਥਾਨ ਦੀ ਯਾਤਰਾ ਕੀਤੀ ਅਤੇ ਆਪਣੇ ਮੱਤ ਦੇ ਪ੍ਰਚਾਰ ਤੇ ਦੂਜੀਆਂ ਸੰਪਰਦਾਵਾਂ ਤੋਂ ਕੁਝ ਗ੍ਰਹਿਣ ਕਰਨ ਲਈ ਇਨ੍ਹਾਂ ਅਵਸਰਾਂ ਦਾ ਪੂਰਾ ਲਾਭ ਉਠਾਇਆ। ਗੁਰੂ ਨਾਨਕ ਦੇਵ ਜੀ ਦੇ ਸਾਖੀਕਾਰਾਂ ਨੇ ਹਰਿਦੁਆਰ ਦੀ ਸਾਖੀ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ, ਜਦੋਂ ਆਪ ਜੀ ਨੇ ਪੂਰਬ ਵੱਲ ਜਲ ਭੇਟ ਕਰਨ ਦੀ ਥਾਂ ਪੱਛਮ ਵੱਲ ਨੂੰ ਛੱਟਣਾ ਸ਼ੁਰੂ ਕਰ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਵੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਹਰਿਦੁਆਰ ਦੀਆਂ ਕਈ ਯਾਤਰਾਵਾਂ ਕੀਤੀਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੀ ਪ੍ਰਸਿੱਧ ਰਚਨਾ 'ਬਚਿੱਤਰ ਨਾਟਕ' ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਪੂਰਬ ਦੀਆਂ ਯਾਤਰਾਵਾਂ ਦਾ ਵਰਣਨ ਕੀਤਾ ਹੈ।

ਗੁਰ ਪਿਤ ਪੂਰਬਿ ਕਿਯਸਿ ਪਯਾਨਾ।<br>
ਭਾਂਤਿ ਭਾਂਤਿ ਕੇ ਤੀਰਥ ਨ੍ਹਾਨਾ 'ਬਚਿੱਤਰ ਨਾਟਕ'

ਇਸੇ ਪ੍ਰਸੰਗ ਵਿਚ ਪ੍ਰਯਾਗ ਦੀ ਯਾਤਰਾ ਦਾ ਵਰਣਨ ਕੀਤਾ ਹੈ। ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਪੁੰਨ ਦਾਨ ਕੀਤਾ ਸੀ।

1861 ਦੇ ਵਿਸਾਖ ਵਿਚ ਹਰਿਦੁਆਰ ਦੀ ਅਰਧ ਕੁੰਭੀ ਦਾ ਮੇਲਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਗਤ ਸਹਿਤ ਹਰਿਦੁਆਰ ਦੀ ਯਾਤਰਾ ਕਰਨ ਦਾ ਵਿਚਾਰ ਬਣਾਇਆ। ਆਪ ਜੀ ਦੇ ਜੀਵਨੀਕਾਰਾਂ ਨੇ ਇਸ ਯਾਤਰਾ ਦਾ ਵੇਰਵੇ ਸਹਿਤ ਵਰਣਨ ਕੀਤਾ ਹੈ।

ਸੰਤ ਸੰਤੋਖ ਸਿੰਘ ਬਾਹੋਵਾਲ (ਸਤਿਗੁਰੂ ਬਿਲਾਸ); ਸੰਤ ਨਿਧਾਨ ਸਿੰਘ ਆਲਮ (ਜੁਗ ਪਲਟਾਊ ਸਤਿਗੁਰੂ); ਤਾਰਾ ਸਿੰਘ ਅਨਜਾਣ (ਸਭਹਨ ਕੇ ਸਿਰਮੌਰ), ਡਾ. ਜਸਵੰਤ ਸਿੰਘ ਜੱਸ (ਬਾਬਾ ਰਾਮ ਸਿੰਘ ਨਾਮਧਾਰੀ ਸ. ਨਾਹਰ ਸਿੰਘ (ਨਾਮਧਾਰੀ ਇਤਿਹਾਸ ਪਹਿਲਾ ਹਿੱਸਾ) ਵਿਚ ਇਸ ਯਾਤਰਾ ਦੇ ਸਮਾਚਾਰ ਵਰਣਨ ਕੀਤੇ ਗਏ ਹਨ। [1*]ਸੰਤ ਨਿਧਾਨ ਸਿੰਘ ਆਲਮ ਅਨੁਸਾਰ ਇਸ ਯਾਤਰਾ ਸਮੇਂ ਸਤਿਗੁਰੂ ਜੀ ਮਸਤਾਨਾ ਬਿਰਤੀ ਵਿਚ ਵੀ ਵਿਚਰਦੇ ਸਨ। "1 ਵੈਸਾਖ

---

[1*] ਸੰਤ ਨਿਧਾਨ ਸਿੰਘ ਆਲਮ, ਜੁਗ ਪਲਟਾਊ ਸਤਿਗੁਰੂ, ਪੰਨਾ 39



Sri Satguru Jagjit Singh Ji Elibrary NamdhariElibrary@gmail.com

ਸੰਮਤ 1918 ਬਿ. (1861 ਈ:) ਨੂੰ ਹਰਿਦੁਆਰ ਵਿਖੇ ਅਰਧ ਕੁੰਭੀ ਦਾ ਮੇਲਾ ਸੀ, ਏਨਾਂ ਦਿਨਾਂ ਵਿਚ ਸਤਿਗੁਰੂ ਜੀ ਮਸਤਾਨੀ ਬਿਰਤੀ ਵਿਚ ਵਿਚਰਦੇ ਸਨ।"

ਸਤਿਗੁਰੂ ਬਿਲਾਸ ਦੇ ਕਰਤਾ ਨੇ ਜਿੱਥੇ ਇਸ ਯਾਤਰਾ ਦਾ ਸਵਿਸਥਾਰ ਵਰਣਨ ਕੀਤਾ ਹੈ ਅਤੇ ਅਨੇਕ ਅਜਿਹੀਆਂ ਘਟਨਾਵਾਂ ਦਾ ਉਲੇਖ ਕੀਤਾ ਹੈ ਜਿਨ੍ਹਾਂ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਇਸ ਯਾਤਰਾ ਸਮੇਂ ਮਸਤਾਨਾ ਬਿਰਤੀ ਦੀ ਪੁਸ਼ਟੀ ਹੋ ਜਾਂਦੀ ਹੈ। ਪਰ ਦੂਜੇ ਬੰਨ੍ਹੇ ਸਤਿਗੁਰੂ ਜੀ ਇਸ ਯਾਤਰਾ ਸਮੇਂ ਬਾਕਾਇਦਾ ਦੀਵਾਨ ਸਜਾਉਂਦੇ ਰਹੇ। ਨਾਮ-ਬਾਣੀ ਤੇ ਕਥਾ ਕੀਰਤਨ ਦਾ ਵੀ ਪ੍ਰਵਾਹ ਚਲਦਾ ਰਿਹਾ। ਇਸ ਯਾਤਰਾ ਸਮੇਂ ਆਪ ਜੀ ਨੇ ਕਈ ਪ੍ਰਚਲਿਤ ਕੁਰੀਤੀਆਂ ਦਾ ਜ਼ੋਰਦਾਰ ਖੰਡਨ ਕਰਕੇ ਅੰਨ੍ਹ ਮੱਤੀਆਂ ਨੂੰ ਵੀ ਸਿੱਧੇ ਰਾਹ ਪਾਇਆ।

ਭੈਣੀ ਸਾਹਿਬ ਤੋਂ ਹੀ ਆਪ ਜੀ ਨੇ ਅਰਦਾਸਾਂ ਸੋਧ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾ ਕੇ ਇਹ ਯਾਤਰਾ ਆਰੰਭ ਕੀਤੀ। ਆਪ ਜੀ ਦੇ ਨਾਲ ਸੰਗਤ ਵੀ ਚੋਖੀ ਗਿਣਤੀ ਵਿਚ ਸ਼ਾਮਿਲ ਹੋਈ। ਪਰਿਵਾਰ ਦੇ ਜੀਆਂ ਵਿਚੋਂ ਬਾਬਾ ਜੱਸਾ ਜੀ, ਭਾਈ ਬੁੱਧ ਸਿੰਘ, ਮਾਤਾ ਜੱਸਾ ਜੀ, ਤੇ ਦੋਵੇਂ ਬੀਬੀਆਂ (ਬੀਬੀ ਨੰਦਾ ਤੇ ਬੀਬੀ ਦਇਆ) ਨਾਲ ਸਨ। ਆਪ ਜੀ ਨੇ ਆਪਣੇ ਤਾਇਆ ਸੁੱਧ ਸਿੰਘ ਜੀ ਨੂੰ ਇਸ ਜੱਥੇ ਦਾ ਖਜ਼ਾਨਚੀ ਥਾਪ ਦਿੱਤਾ। ਗੱਡਿਆਂ ਤੇ ਖਾਣ-ਪੀਣ ਦਾ ਸਾਮਾਨ ਲੱਦ ਕੇ ਪੜਾਓ ਪੜਾਅ ਸਫ਼ਰ ਕਰਦੇ ਗਏ। ਇਸ ਯਾਤਰਾ ਵਿਚ ਸੂਬਾ ਕਾਹਨ ਸਿੰਘ, ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਸੁੱਧ ਸਿੰਘ, ਸੂਬਾ ਗੁਪਾਲ ਸਿੰਘ ਅਤੇ ਦਸੌਂਧਾ ਸਿੰਘ ਆਪ ਜੀ ਦੇ ਨਾਲ ਹੀ ਗਏ ਸਨ। ਇਸ ਤੋਂ ਇਲਾਵਾ ਚੈਨ ਸਿੰਘ ਗੁਜਰ ਵਾਲੀਏ ਦੀ ਭੈਣ, ਮਾਈ ਦੌਲੀ ਤੇ ਗੁਪਾਲ ਸਿੰਘ ਪਧਰੀ ਵਾਲੇ ਦੀ ਵੇਦਾਂਤ ਦੀ ਗਿਆਤਾ, ਪਤਨੀ ਸਾਹਿਬ ਕੌਰ ਵੀ ਇਸ ਜਿਥੇ ਨਾਲ ਸਨ। ਦਿਭੂ ਰਾਗੀ ਤੇ ਲਾਭ ਸਿੰਘ ਸੂਰਮਾ ਅਤੇ ਭਾਈ ਸੁਧ ਸਿੰਘ ਵੀ ਸੰਗਤ ਨਾਲ ਗਏ ਸਨ।

ਹਰ ਪੜ੍ਹਾ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਤੇ ਸ਼ਾਮ ਦਾ ਦੀਵਾਨ ਵੀ ਲੱਗਦਾ। ਇਹ ਜਥਾ ਖੰਨੇ, ਅੰਬਾਲੇ, ਜਗਾਧਰੀ, ਸਹਾਰਨਪੁਰ ਤੇ ਰੁੜਕੀ ਤੋਂ ਹੁੰਦਾ ਹੋਇਆ ਹਰਿਦੁਆਰ ਪੁੱਜਾ। ਭੀਮ ਗੌਡੇ ਦੇ ਪੂਰਬ ਵੱਲ ਸਤਿਗੁਰੂ ਜੀ ਨੇ ਆਪਣਾ ਡੇਰਾ ਕੀਤਾ ਅਤੇ ਕਥਾ ਕੀਰਤਨ ਤੇ ਨਾਮਬਾਣੀ ਦਾ ਪ੍ਰਵਾਹ ਵੀ ਨਾਲੋਂ ਨਾਲ ਚਲਦਾ ਰਿਹਾ।

ਇਸ ਯਾਤਰਾ ਦੇ ਸਮੇਂ ਦੀਆਂ ਕਈ ਮਹੱਤਵਪੂਰਨ ਘਟਨਾਵਾਂ ਦੇ ਵੇਰਵੇ ਮਿਲਦੇ ਹਨ।

ਨਿਰਮਲੇ ਸਾਧੂਆਂ ਨਾਲ ਦੋ ਵਾਰ ਮੇਲ ਤੇ ਤਕਰਾਰ ਹੋਇਆ। ਜਗਾਧਰੀ ਵਿਖੇ [1*]"ਆਪ ਨੇ ਵੇਖਿਆ ਕਿ ਨਿਰਮਲੇ ਸੰਤ ਸਿਰ ਤੇ ਗ੍ਰੰਥ ਚੁੱਕੀ ਉਸ ਨੂੰ

[1*] ਤਾਰਾ ਸਿੰਘ ਅਨਜਾਣ, ਸਭਹਣ ਕੇ ਸਿਰਮੌਰ, ਪੰਨਾ 48-49



Sri Satguru Jagjit Singh Ji Elibrary NamdhariElibrary@gmail com

ਚਵਰ ਝੁਲਾਉਂਦੇ ਲੰਘ ਰਹੇ ਹਨ। ਆਪ ਸ੍ਰੀ ਆਦਿ ਗ੍ਰੰਥ ਸਾਹਿਬ ਸਮਝ ਕੇ ਆਦਰ ਵਿਚ ਖਲੋ ਗਏ। ਆਪ ਨੂੰ ਜਦ ਪਤਾ ਲੱਗਾ ਕਿ ਉਹ ਗ੍ਰੰਥ ਸ੍ਰੀਮਦ ਭਾਗਵਤ ਸੀ ਤਾਂ ਆਪ ਨੇ ਨਿਰਮਲਿਆਂ ਨੂੰ ਸਮਝਾਇਆ ਕਿ ਉਨ੍ਹਾਂ ਦਾ ਕੰਮ ਤਾਂ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ, ਉਸ ਦਾ ਆਦਰ ਕਰਨਾ ਕਰਾਉਣਾ ਸੀ।"

ਹਰਿਦੁਆਰ ਵਿਚ ਜਦੋਂ ਇਕ ਦਿਨ ਨਿਰਮਲਿਆਂ ਦੇ ਡੇਰੇ ਪੁੱਜੇ ਤਾਂ ਉੱਥੇ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤਾਂ ਕੀਤਾ ਗਿਆ ਸੀ ਪਰ ਆਲੇ ਦੁਆਲੇ ਗੰਦਗੀ ਦਾ ਢੇਰ ਲੱਗਾ ਹੋਇਆ ਸੀ। ਸਤਿਗੁਰੂ ਜੀ ਨੇ ਆਪ ਅਤੇ ਆਪਣੇ ਸੇਵਕਾਂ ਨੂੰ ਨਾਲ ਲੈ ਕੇ ਉਸ ਨੂੰ ਸਥਾਨ ਦੀ ਚੰਗੀ ਤਰ੍ਹਾਂ ਸਫਾਈ ਕੀਤੀ, ਜਲ ਛਿੜਕ ਕੇ ਪੋਚਾ ਦਿੱਤਾ। ਨਿਰਮਲੇ ਸਿੰਘਾਂ ਨੂੰ ਉਪਦੇਸ਼ ਕੀਤਾ ਕਿ ਗੁਰਬਾਣੀ ਦਾ ਅਦਬ ਤੇ ਸਤਿਕਾਰ ਇਸ ਤਰ੍ਹਾਂ ਕਰਨਾ ਚਾਹੀਦਾ ਹੈ।

### ਹਜ਼ਰੋ ਦੀ ਸੰਗਤ ਦੀ ਸੇਵਾ

ਇਸ ਯਾਤਰਾ ਸਮੇਂ ਹੀ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਹਜਰੋਂ ਤੋਂ ਵੀ ਕਾਫੀ ਸੰਗਤ ਇੱਥੇ ਪੁੱਜੀ ਹੋਈ ਹੈ। ਸਤਿਗੁਰੂ ਜੀ ਨੇ ਉੱਚੇਚੀ ਬੇਨਤੀ ਕਰਕੇ ਉਨ੍ਹਾਂ ਨੂੰ ਬੁਲਾ ਭੇਜਿਆ। ਲੰਗਰ ਤਿਆਰ ਕਰਵਾ ਕੇ ਛਕਾਇਆ ਤੇ ਬਚਨ ਕੀਤਾ ਕਿ "ਜੂਠੇ ਬਰਤਨ ਮੈਂ ਮਾਂਜਾਂਗਾ।" [1*]ਸਤਿਗੁਰੂ ਜੀ ਨੇ ਬਰਤਨ ਮਾਂਜਣ ਦੀ ਸੇਵਾ ਆਪ ਕੀਤੀ ਇਸ ਤਰ੍ਹਾਂ ਆਪ ਆਉਂਦੇ ਜਾਂਦੇ ਸਾਧੂ ਸੰਤਾਂ ਦੀ ਸੇਵਾ ਕਰਕੇ ਪ੍ਰਸੰਨ ਹੁੰਦੇ।

ਇਕ ਦਿਨ ਜਦੋਂ ਇਕ ਵੇਦਾਂਤੀ ਸਾਧੂ ਸਤਿਗੁਰੂ ਜੀ ਨਾਲ ਗਿਆਨ ਚਰਚਾ ਕਰਨ ਲਈ ਆਇਆ ਤਾਂ ਉਹ ਇਸ ਸੰਸਾਰ ਨੂੰ ਨਾਸ਼ਵਾਨ ਅਤੇ ਆਤਮਾ ਨੂੰ ਅਮਰ ਮੰਨਦਾ ਸੀ। ਸਤਿਗੁਰੂ ਜੀ ਇਸ ਵੇਦਾਂਤ ਦਰਸ਼ਨ ਦੇ ਖੁਸ਼ਕ ਸਿਧਾਂਤ ਦੀ ਥਾਂ ਨਾਮ-ਬਾਣੀ ਦੇ ਅਮਲੀ ਜੀਵਨ ਵਿਚ ਵਿਸ਼ਵਾਸ ਰੱਖਦੇ ਸਨ ਪਰ ਉਹ ਵੇਦਾਂਤੀ ਸਾਧੂ ਆਪਣੇ ਹੱਠ ਤੇ ਕਾਇਮ ਰਿਹਾ। ਕੁਝ ਦਿਨ ਪਿਛੋਂ ਜਦੋਂ ਉਹ ਗੰਗਾ ਤੇ ਇਸ਼ਨਾਨ ਕਰਨ ਲਈ ਗਿਆ ਤਾਂ ਉਸ ਦਾ ਪੈਰ ਅਜਿਹਾ ਤਿਲਕਿਆ ਕਿ ਉਹ ਨਦੀ ਦੀ ਧਾਰ ਵਿਚ ਗੋਤੇ ਖਾਣ ਲੱਗਾ। ਸਤਿਗੁਰੂ ਜੀ ਵਲੋਂ ਆਦੇਸ਼ ਪਾ ਕੇ ਭਾਈ ਦਸੌਂਦਾ ਸਿੰਘ ਨੇ ਸਣਕਪੜਿਆਂ ਨਦੀ ਵਿਚ ਛਾਲ ਮਾਰ ਕੇ ਉਸ ਨੂੰ ਡੁਬਣ ਤੋਂ ਬਚਾ ਲਿਆ। ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਅਮਲੀ ਜੀਵਨ ਤੋਂ ਬਿਨਾਂ ਸਿਧਾਂਤ ਨਿਰਾਰਥਕ ਹੀ ਬਣ ਜਾਂਦਾ ਹੈ। ਉਹ ਸਤਿਗੁਰੂ ਜੀ ਦੇ ਉਪਦੇਸ਼ ਦਾ ਕਾਇਲ ਹੋ ਗਿਆ ਅਤੇ ਨਾਮਧਾਰੀ ਸਜ ਗਿਆ। ਇਹ

---

[2*] ਸੰਤ ਸੰਤੋਖ ਸਿੰਘ ਭਾਹੋਵਾਲ, ਸਤਿਗੁਰੂ ਬਿਲਾਸ, ਪੰਨਾ 182



Sri Satguru Jagjit Singh Ji Elibrary NamdhariElibrary@gmail.com

ਵਿਅਕਤੀ ਭਾਈ ਰੂਪੇ ਦਾ ਬਚਨ ਸਿੰਘ ਸੀ। ਪਿਛੋਂ ਜਾ ਕੇ ਸਤਿਗੁਰੂ ਜੀ ਨੇ ਇਸ ਨੂੰ ਲੇਲਾਂ ਦੀ ਧਰਮਸ਼ਾਲਾ ਦਾ ਪ੍ਰਬੰਧ ਸੌਂਪਿਆ ਤੇ ਧਰਮ ਪ੍ਰਚਾਰ ਕਰਨ ਦੀ ਸੇਵਾ ਲਾਈ।

### ਰਾਮਰਾਇ ਦੇ ਡੇਰੇ ਦਾ ਮਹੰਤ

ਜਦੋਂ ਸਤਿਗੁਰੂ ਜੀ ਨੂੰ ਖ਼ਬਰ ਮਿਲੀ ਕਿ ਰਾਮਰਾਇ ਦੇ ਡੇਰੇ ਦਾ ਮਹੰਤ ਡੇਹਰਾਦੂਨ ਤੋਂ ਇੱਥੇ ਆਇਆ ਹੋਇਆ ਹੈ ਤਾਂ ਸਤਿਗੁਰੂ ਜੀ ਸੰਗਤ ਨੂੰ ਨਾਲ ਲੈ ਕੇ ਪਤਾਸ਼ਿਆਂ ਦਾ ਪ੍ਰਸ਼ਾਦਿ ਲੈ ਕੇ ਉੱਥੇ ਪੁੱਜੇ ਪਰ ਮਹੰਤ ਦਾ ਬਾਣਾ ਵੇਖ ਕੇ ਆਪ ਜੀ ਨੂੰ ਬੜੀ ਹੈਰਾਨੀ ਹੋਈ - 'ਉਸ ਨੇ ਪੱਟੀਆਂ ਸੁਆਰੀਆਂ ਹੋਈਆਂ ਸਨ, ਗਲ ਵਿਚ ਜ਼ੁਲਫਾਂ ਸਨ, ਮੱਥੇ ਬਿੰਦੀ ਲਾਈ ਹੋਈ ਸੀ; ਤੇੜ ਸਲਵਾਰ ਪਾਈ ਹੋਈ ਸੀ।' ਸਤਿਗੁਰੂ ਜੀ ਨੇ ਕਿਹਾ "ਇਹ ਸਾਧਾਂ ਵਾਲਾ ਭੇਸ ਨਹੀਂ ਇਹ ਕੰਜਰਾਂ ਵਾਲਾ ਭੇਸ ਹੈ।' ਮਹੰਤ ਨੇ ਕਿਹਾ ਕਿ ਤੂੰ ਮੇਰੇ ਕੋ ਸਿੱਖਿਆ ਦੇਣ ਆਇਆ ਹੈਂ ਕਿ ਲੈਣ ਆਇਆ ਹੈ।'......ਮਹੰਤ ਨੇ ਗੁੱਸੇ ਹੋ ਕੇ ਕਿਹਾ ਕਿ ਉਠਾਇ ਲੈ ਆਪ ਦੀ ਪੂਜਾ, ਨਹੀਂ ਬ੍ਰਤਾਮਦੇ ਹੈਂ'। ਗੁਰੂ ਜੀ ਝੱਟ ਦੇ ਕੇ ਪਤਾਸੇ ਉਠਾਇ ਲਏ। ਇਕ ਵੱਟਾ ਮਾਰਿਆ। ਮਹੰਤ ਤੱਬੂ ਮੇਂ ਜਾਇ ਵੜਿਆ। ਗੁਰੂ ਜੀ ਡੇਰੇ ਆਇ।"

### ਦੋਹਾਂ ਭਰਾਵਾਂ ਦੇ ਕਰਨਯੋਗ

ਦਰਿਆ ਦੇ ਕੰਢੇ ਇਕ ਬਿਆਰ ਦੀ ਗੇਲੀ ਪਈ ਸੀ। ਸਤਿਗੁਰੂ ਜੀ ਨੇ ਇਕ ਪਾਸੇ ਤੋਂ ਚੁੱਕ ਕੇ ਸਿੰਘਾਂ ਨੂੰ ਹੁਕਮ ਕੀਤਾ ਕਿ ਤੁਸੀਂ ਦੂਜੇ ਬੰਨੇ ਤੋਂ ਚੁੱਕੋ। ਜਦੋਂ ਕਈ ਸਿੰਘ ਰਲ ਕੇ ਵੀ ਉਸ ਨੂੰ ਨਾ ਚੁੱਕ ਸਕੇ ਤਾਂ [1*]ਸਤਿਗੁਰੂ ਜੀ ਨੇ ਭਾਈ ਬੁੱਧ ਸਿੰਘ ਨੂੰ ਹੁਕਮ ਕੀਤਾ। "ਬੁੱਧ ਸਿੰਘ ਆਓ ਭਾਈ ਮੈਂ ਤੇ ਤੂੰ ਚੁੱਕੀਏ ਏਨ੍ਹਾਂ ਥੀਂ ਨਹੀਂ ਚੁੱਕਿਆ ਜਾਂਦਾ। ਜੋ ਮੈਂ ਔਰ ਤੈਂ ਕਾਰ ਕਰਨੀ ਹੈ ਸੋ ਏਨਾਂ ਥੀਂ ਨਹੀਂ ਹੋਣੀ।" ਦੋਹਾਂ ਭਰਾਵਾਂ ਨੇ ਗੇਲੀ ਨੂੰ ਚੁੱਕ ਕੇ ਅੱਗ ਤੇ ਧਰ ਦਿੱਤਾ ਅਤੇ ਫਿਰ ਗੇਲੀ ਨੂੰ ਚੁੱਕ ਕੇ ਦਰਿਆ ਵਿਚ ਸੁੱਟ ਦਿੱਤਾ।

ਇਸ ਛੋਟੀ ਜਿਹੀ ਘਟਨਾ ਦਾ ਮਹੱਤਵ ਪ੍ਰਤੀਕਮਈ ਹੈ। ਸਤਿਗੁਰੂ ਜੀ ਇਸ ਘਟਨਾ ਦੁਆਰਾ ਇਹ ਸੰਕੇਤ ਕਰਨਾ ਚਾਹੁੰਦੇ ਸਨ ਕਿ ਭਵਿੱਖ ਵਿਚ ਉਨ੍ਹਾਂ ਦੋਹਾਂ ਨੇ ਰਲ ਕੇ ਹੀ ਨਾਮਧਾਰੀ ਪੰਥ ਦੇ ਭਾਰ ਨੂੰ ਉਠਾਣਾ ਹੈ।

### ਰਾਗੀਆਂ ਨੂੰ ਵਰ

ਇਕ ਅੰਬ ਦੇ ਬੂਟੇ ਨਾਲੋਂ ਛਕ ਲਾਹ ਕੇ ਲੋਹੇ ਦੇ ਬਾਟੇ ਵਿਚ ਪਾ ਕੇ ਸਵੈਯੇ ਪੜ੍ਹ ਕੇ ਰਾਗੀ ਦਿੱਤੂ ਨੂੰ ਬਚਨ ਕੀਤਾ ਕਿ ਇਹ ਜਲ ਛਕ ਜਾਓ, ਤੇਰਾ ਕੰਠ ਕਦੀ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 184



Sri Satguru Jagjit Singh Ji Elibrary NamdhariElibrary@gmail.com

ਵੀ ਨਹੀਂ ਬੈਠੇਗਾ। ਰਾਗੀ ਦਿੱਤੂ ਨੇ ਜਲ ਛਕ ਲਿਆ। ਸੰਤ ਸੰਤੋਖ ਸਿੰਘ ਬਾਹੋਵਾਲ ਦਾ ਕਥਨ ਹੈ ਕਿ ਉਸ ਨੇ ਆਪਣੀ ਨੇਤਰੀਂ ਭਾਈ ਦਿੱਤੂ ਦੇ ਕੰਠ ਵਿਚ ਕਦੀ ਵੀ ਕੋਈ ਵਿਘਨ ਨਹੀਂ ਸੀ ਪਿਆ ਵੇਖਿਆ। ਉਸ ਦੇ ਕੀਰਤਨ ਨੂੰ ਨਾ ਕੇਵਲ ਸਲਾਹਿਆ ਹੀ ਗਿਆ ਹੈ ਸਗੋਂ ਉਸ ਦੀਆਂ ਪ੍ਰਚਲਿਤ ਕੀਤੀਆਂ ਹੋਈਆਂ ਸ਼ਬਦ ਕੀਰਤਨ ਦੀਆਂ ਕਈ ਰੀਤਾਂ ਹੁਣ ਤੱਕ ਵੀ ਸੁਰੱਖਿਅਤ ਹਨ, ਜਿਨ੍ਹਾਂ ਦਾ ਗਾਇਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਵੀ ਕੀਤਾ ਜਾਂਦਾ ਹੈ। ਰਾਗੀ ਲਾਭ ਸਿੰਘ ਨੇ ਵੀ ਅਜਿਹਾ ਜਲ ਛਕਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਇਕ ਸੁੱਕਾ ਸਕ ਉਸ ਵੱਲ ਸੁੱਟ ਕੇ ਕਿਹਾ ਤੂੰ ਇਸ ਅਕ ਵਾਂਗ ਆਕੜਿਆ ਹੀ ਰਹੇਗਾ। ਉਸ ਨੇ ਬਾਟੇ ਵਿਚੋਂ ਜਲ ਛਕ ਲਿਆ। ਸੰਤ ਬਾਹੋਵਾਲ ਦਾ ਕਥਨ ਹੈ ਕਿ ਉਚ ਕੋਟੀ ਦਾ ਕੀਰਤਨਕਾਰ ਹੁੰਦਾ ਹੋਇਆ ਵੀ ਉਹ ਸਦਾ ਆਕੜਿਆ ਹੀ ਰਿਹਾ।

**ਬ੍ਰਾਹਮਣਾਂ ਦਾ ਲੰਗਰ**

ਵਾਪਸੀ ਉਤੇ ਬ੍ਰਾਹਮਣਾਂ ਦੀ ਇਕ ਮੰਡਲੀ ਖੂਹ ਉੱਤੇ ਲੰਗਰ ਤਿਆਰ ਕਰ ਰਹੀ ਸੀ। ਨਾਮਧਾਰੀ ਬਾਣੇ ਵਿਚ ਸੰਗਤ ਨੂੰ ਵੇਖ ਕੇ ਉਨ੍ਹਾਂ ਨੇ ਸ੍ਵੈ-ਅਭਿਮਾਨ ਵਿਚ ਸਿੰਘਾਂ ਪ੍ਰਤੀ ਘ੍ਰਿਣਾ ਕੀਤੀ ਪਰ ਸਤਿਗੁਰੂ ਜੀ ਨੇ ਜਾ ਕੇ ਉਨ੍ਹਾਂ ਨੂੰ ਸਮਝਾਇਆ ਕਿ ਅਸੀਂ ਸਾਕਾਹਾਰੀ ਹਾਂ ਅਤੇ ਸੋਧ ਦਾ ਭੋਜਨ ਬਣਾ ਕੇ ਛੱਕਦੇ ਹਾਂ। ਸਤਿਗੁਰੂ ਜੀ ਨੇ ਆਪਣੇ ਲੰਗਰ ਵਿਚ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਪੰਡਤਾਂ ਨੂੰ ਛਕਾਇਆ। ਪ੍ਰਸ਼ਾਦ ਛੱਕ ਕੇ ਉਹ ਬੜੇ ਪ੍ਰਸੰਨ ਹੋਏ।

ਵਾਪਸੀ ਉੱਤੇ ਵੀ ਨਾਮ-ਬਾਣੀ ਤੇ ਕਥਾ ਕੀਰਤਨ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ।

**ਹੁੱਕਿਆਂ ਨੂੰ ਭੰਨਣਾ**

ਰਸਤੇ ਵਿਚ ਇਕ ਆਦਮੀ ਹੁੱਕਾ ਪੀਂਦਾ ਜਾ ਰਿਹਾ ਸੀ। ਸੁੱਧ ਸਿੰਘ ਨੇ ਕਿਹਾ ਭਾਈ ਲਾਂਭੇ ਹੋ ਜਾ। ਉਹ ਨਾ ਹੋਇਆ। ਸਤਿਗੁਰੂ ਰਾਮ ਸਿੰਘ ਜੀ ਨੇ ਕਾਮੜਾ (ਸੋਟਾ) ਮਾਰ ਕੇ ਉਸ ਦਾ ਹੁੱਕਾ ਭੰਨ ਦਿੱਤਾ ਅਤੇ ਬਚਨ ਕੀਤਾ - "ਹੁੱਕਾ ਨਹੀਂ ਛੱਡਣਾ ਹੈ ਸਾਰੀ ਪ੍ਰਿਥਵੀ ਪਰ।"

ਹੋਰ ਅਗੇ ਜਾ ਕੇ ਰਾਹ ਵਿਚ ਇਕ ਥਾਣੇਦਾਰ ਘੋੜੇ ਤੇ ਚੜ੍ਹਿਆ ਹੁੱਕਾ ਪੀ ਰਿਹਾ ਸੀ। ਸਤਿਗੁਰੂ ਜੀ ਨੇ ਉਸ ਦਾ ਹੁੱਕਾ ਵੀ ਭੰਨ ਦਿੱਤਾ। ਇਸ ਤੇ ਥਾਣੇਦਾਰ ਨੇ ਕਹਾ ਕੋਈ ਸਿਪਾਹੀ ਹੈ ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕੋਈ ਸਿੰਘ ਹੈ ? ਥਾਣੇਦਾਰ ਘੋੜੇ ਨੂੰ ਅੱਡੀ ਲਾ ਭਜਾਇਕੇ ਜਾਨ ਬਚਾਇ ਗਿਆ। ਗੁਰੂ ਜੀ ਕੀ ਸਿਆਨ ਰੱਖੀ ਥਾਣੇਦਾਰ ਨੇ।" ਖੰਨੇ, ਉਹੀ ਥਾਣੇਦਾਰ ਕਈ ਬੰਦਿਆਂ ਨੂੰ ਇਕੱਠੇ ਕਰਕੇ ਸਤਿਗੁਰਾਂ ਦੀ ਉਡੀਕ ਕਰ ਰਿਹਾ ਸੀ। ਥਾਣੇਦਾਰ ਨੇ ਕਿਹਾ ਉਸ ਲੰਮੀ ਗਰਦਨ ਵਾਲੇ ਨੂੰ ਪਕੜ ਲਿਆਓ। ਸਤਿਗੁਰੂ ਜੀ ਨੇ ਉਸ ਥਾਣੇਦਾਰ



Sri Satguru Jagjit Singh Ji Elibrary NamdhariElibrary@gmail.com

ਦੇ ਭੇਜੇ ਹੋਏ ਇਕ ਬੰਦੇ ਦੀ ਪੁੜਪੁੜੀ ਵਿਚ ਲਾਠੀ ਮਾਰੀ, ਉਹ ਬੇਹੋਸ਼ ਹੋ ਕੇ ਡਿੱਗ ਪਿਆ। ਥਾਣੇਦਾਰ ਨੇ ਬੰਦੇ ਭੇਜ ਕੇ ਸਤਿਗੁਰੂ ਜੀ ਤੋਂ ਖਿਮਾ ਜਾਚਨਾ ਕੀਤੀ। ਸਤਿਗੁਰੂ ਜੀ ਨੇ ਫੁਰਮਾਇਆ – "ਗੰਗਾ ਯਾਤਰੂਆਂ ਕੋ ਮਰਵਾਂਵਦਾ ਹੈ.... ਏਹ ਬੇ-ਅਦਬ ਕਮਾਂਵਦਾ ਹੈਂ।"

ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਸੁਧਾਰਾਂ ਦੇ ਕਾਰਜ ਕਰਮ ਵਿਚ ਹੁੱਕਿਆਂ ਤੇ ਤੰਬਾਕੂ ਦੀ ਵਰਤੋਂ ਤੋਂ ਲੋਕਾਂ ਨੂੰ ਹਟਾਉਣਾ ਵੀ ਸ਼ਾਮਿਲ ਸੀ। ਪ੍ਰਸਿੱਧ ਇਤਿਹਾਸਕਾਰ ਗਿ. ਗਿਆਨ ਸਿੰਘ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ :

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਗੇਸ਼ ਉਪਦੇਸ਼ ਦੈਨ ਲਾਗਿਓ।
ਹੁੱਕੇ ਛਡਵਾਏ, ਰਖਵਾਏ ਕੇਸ ਮੋਨਿਓ ਕੇ,
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਰੀ, ਸਿਖ ਥੀਏ ਤਾਹਿਕੇ ਅਪਾਰੀ,
ਸਿਖ ਪੰਥ ਬਿਰਧਾਇਓ ਨਾਮ ਰਸ ਪਾਗਿਓ,
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ
ਠੱਗੀ ਤਜ, ਥੀਏ ਸੰਤ, ਸਤਿਜੁਗ ਆ ਗਿਓ।।

· ਅਤੇ ਵਿਚੋਂ ਕੁਝ ਸਿੰਘਾਂ ਨੇ ਜਾਣ ਦੀ ਆਗਿਆ ਮੰਗੀ ਪਰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਭ ਨੂੰ, ਰਾਮਦਾਸਪੁਰੇ ਜਾ ਕੇ ਹੀ ਜਾਣ ਦੀ ਆਗਿਆ ਮਿਲੇਗੀ।



Sri Satguru Jagjit Singh Ji Elibrary NamdhariElibrary@gmail.com

## 22

# ਸਤਿਗੁਰੂ ਬਾਲਕ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ

ਸਤਿਗੁਰੂ ਬਾਲਕ ਸਿੰਘ ਦੀ ਆਯੂ ਸਤੱਤਰ ਸਾਲ ਤੇ ਨੌ ਮਹੀਨੇ ਦੀ ਹੋ ਗਈ ਸੀ। ਆਪ ਜੀ ਨੇ ਹਜ਼ਰੋਂ ਵਿਖੇ ਨਿਵਾਸ ਰੱਖ ਕੇ 50 ਸਾਲ ਤੋਂ ਵੀ ਵਧੇਰੇ ਨਾਮ-ਬਾਣੀ ਦਾ ਉਪਦੇਸ਼ ਦੇ ਕੇ ਹਜ਼ਾਰਾਂ ਦੀ ਗਿਣਤੀ ਵਿਚ ਜਗਿਆਸੂਆਂ ਦਾ ਉਧਾਰ ਕੀਤਾ ਅਤੇ ਉਨ੍ਹਾਂ ਨੂੰ ਗੁਰਸਿੱਖੀ ਦੇ ਮਾਰਗ ਉਤੇ ਚੱਲਣ ਦਾ ਉਪਦੇਸ਼ ਕੀਤਾ। [1*]ਸੰਤ ਬਾਹੋਵਾਲ ਜੀ ਨੇ ਆਪ ਜੀ ਦੇ ਨਿੱਜੀ ਸਰੂਪ ਬਾਰੇ ਇਸ ਤਰ੍ਹਾਂ ਵਰਣਨ ਕੀਤਾ ਹੈ :

"ਗੁਰੂ ਜੀ ਕੇ ਚੇਹਰੇ ਕਾ ਰੰਗ ਲਾਲ ਸੂਹੇ ਸੇਬ ਵਰਗਾ ਹੈ। ਨੇਤਰ ਮੋਟੇ ਅਤੇ ਘੇਰੇਦਾਰ ਦਾਹੜਾ। ਸੋਨੇ ਕੀਆਂ ਤਾਰਾਂ ਵਾਂਗੂੰ ਸਾਰੇ ਸਰੀਰ ਕੇ ਰੋਮ ਹੈਨ। ਸਿੰਘ ਕਹਿੰਦੇ ਹੈਂ ਧੰਨ ਗੁਰੂ ਨਾਨਕ ਜੀ ਕੀ ਜੋਤ ਹੈ, ਕਲੂਕਾਲ ਮੈ ਪਾਪੀਆਂ ਜੀਆਂ ਕਾ ਭਲਾ ਕਰਦੇ ਹੈਨ।"

ਹਜ਼ਾਰਾਂ ਸਵਾਲੀ ਸਤਿਗੁਰੂ ਬਾਲਕ ਸਿੰਘ ਜੀ ਦੇ ਹਾਜ਼ਰ ਹੋ ਕੇ ਕਈ ਪ੍ਰਕਾਰ ਦੀਆਂ ਇੱਛਾਵਾਂ ਦੀ ਪੂਰਤੀ ਤੇ ਮੰਗਾਂ ਲੈ ਕੇ ਦਰਸ਼ਨ ਕਰਨ ਆਉਂਦੇ ਹਨ। ਸਭ ਦੇ ਦਿਲ ਵਿਚ ਇਹ ਆਸ ਹੁੰਦੀ ਕਿ ਸਤਿਗੁਰੂ ਜੀ ਅੰਤਰਜਾਮੀ ਹਨ ਅਤੇ ਇਨ੍ਹਾਂ ਦੇ ਨਦਰ ਕਰਮ ਨਾਲ ਕਈਆਂ ਦੇ ਦੁਖ, ਕਸ਼ਟ ਕਲੇਸ਼ ਕੱਟੇ ਜਾਂਦੇ ਹਨ। ਪਰ ਸਤਿਗੁਰੂ ਬਾਲਕ ਸਿੰਘ ਜੀ ਦਾ ਮੁੱਖ ਉਦੇਸ਼ ਤਾਂ ਸੰਗਤਾਂ ਨੂੰ ਨਾਮ ਦੀ ਦਾਤ ਬਖਸ਼ ਕੇ ਪਰਮੇਸ਼ਵਰ ਨਾਲ ਜੋੜਨਾ ਸੀ। ਸਤਿਗੁਰੂ ਤਾਂ ਰੱਬੀ ਦਰਗਾਹ ਦਾ ਬਸੀਠ (ਵਕੀਲ) ਹੁੰਦਾ ਹੈ ਜੋ ਪਰਮੇਸ਼ਵਰ ਤੋਂ ਵਿਛੜਿਆਂ ਹੋਇਆ ਜੀਵਾਂ ਨੂੰ ਉਸ ਪ੍ਰਭੂ ਪ੍ਰੀਤਮ ਨਾਲ ਮੁੜ ਜੋੜ ਦਿੰਦਾ ਹੈ। ਜਿਨ੍ਹਾਂ ਨੇ ਸਤਿਗੁਰੂ ਦੇ ਦਰਬਾਰ ਵਿਚ ਆ ਕੇ ਨਾਮ ਦੀ ਦਾਤ ਪ੍ਰਾਪਤ ਕਰ ਲਈ, ਉਨ੍ਹਾਂ ਦਾ ਸਾਰਾ ਜੀਵਨ ਧਨ ਹੋ ਜਾਂਦਾ ਹੈ। "ਗੁਰਸਿੱਖਾਂ ਕੇ ਮੁਖ ਉਜਲੇ" ਹੋ ਜਾਂਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਗੁਰੂ ਦੇ ਦਰਬਾਰ ਵਿਚ ਆ ਕੇ ਦਾਨਾ ਸਿਰ ਦਾਨ,

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 220



Sri Satguru Jagjit Singh Ji Elibrary NamdhariElibrary@gmail.com

ਨਾਮ ਦਾਨ ਦੀ ਹੀ ਮੰਗ ਕਰਨੀ ਚਾਹੀਦੀ ਹੈ। ਪਰ ਅਨੇਕ ਸੰਸਾਰਿਕ ਜੀਵ ਹਨ ਜੋ ਸੰਸਾਰਿਕ ਇੱਛਾਵਾਂ ਦੀ ਪੂਰਤੀ ਲਈ ਅਰਥਾਤ ਰੋਗ ਸੋਗ ਮੇਟਣ ਲਈ ਗੁਰੂ ਦੀ ਸ਼ਰਨੀ ਆਉਂਦੇ ਹਨ। ਸਤਿਗੁਰੂ ਬਾਲਕ ਸਿੰਘ ਜੀ ਦੇ ਦਰਬਾਰ ਵਿਚ ਵੀ ਅਜਿਹੀਆਂ ਇੱਛਾਵਾਂ ਦੀ ਪੂਰਤੀ ਲਈ ਵੱਡੀ ਗਿਣਤੀ ਵਿਚ ਸ਼ਰਧਾਲੂ ਆਉਂਦੇ ਰਹੇ। ਇੱਥੋਂ ਤਕ ਕਿ ਜਾਚਕਾਂ ਦੀ ਮੁਰਾਦ ਦੀ ਪੂਰਤੀ ਲਈ ਕਈ ਵਾਰ ਤਾਂ ਗੁਰੂ ਜੀ ਦੀ ਕਰਨੀ ਅਤੇ ਮਿਹਰ ਕਰਾਮਾਤ ਦਾ ਰੂਪ ਧਾਰਨ ਕਰ ਜਾਂਦੀ ਸੀ। ਸਤਿਗੁਰੂ ਬਾਲਕ ਸਿੰਘ ਜੀ ਅਜਿਹੀ ਕਰਾਮਾਤ ਨੂੰ ਪ੍ਰਗਟ ਕਰਨ ਤੋਂ ਸੰਕੋਚ ਕਰਦੇ ਸਨ। ਇਸ ਸੰਬੰਧ ਵਿਚ ਉਨ੍ਹਾਂ ਦਾ ਨਿੱਜੀ ਦ੍ਰਿਸ਼ਟੀਕੋਣ ਬੜਾ ਮਹੱਤਵਪੂਰਨ ਹੈ। ਜੋ ਆਪ ਜੀ ਦੇ ਆਦਰਸ਼, ਚਰਿੱਤਰ ਦੀ ਵੀ ਸਾਖੀ ਭਰਦਾ ਹੈ :

"…..ਇਸੀ ਤਰ੍ਹਾਂ ਜੋੜਾ ਆਵੇ ਸੋ ਸਵਾਲੀ ਲੋਕ ਹੀ ਆਵੇ। ਅਰਜਾਂ ਕਰਨੀਆਂ। ਅੰਤਰਜਾਮੀ ਜੀ ਨੇ ਅੰਦਰ ਦੀਆਂ ਦੱਸ ਦੇਣੀਆਂ। ਕਈਆਂ ਨੇ ਕਹਿਣਾ ਕਿ ਮੇਰਾ ਫ਼ਲਾਣਾ ਕੰਮ ਹੋ ਜਾਵੇ। ਸੁਣਕੇ ਸੋਚਣਾ ਕਿ ਦੁਨੀਆਂ ਤਾਂ ਕਰਾਮਾਤਾਂ ਮੰਗਦੀ ਹੈ, ਅਸੀਂ ਨਹੀਂ ਦੇਣੀ ਹੈ। ਸਾਨੂੰ ਗੁਪਤ ਰੱਖਣ ਦਾ ਹੁਕਮ ਹੈ। ਲੋਕ ਰਹਿਣ ਨਹੀਂ ਦੇਂਦੇ ਹੈਂ ਸਾਨੂੰ ਕਰਾਮਾਤ ਦੇਣ ਦਾ ਹੁਕਮ ਨਹੀਂ ਹੈ। ਆਏ ਦਾ ਜੇਕਰ ਸਵਾਲ ਨਾ ਪੂਰਾ ਹੋਵੇ ਤਾਂ ਉਹ ਦਿਲਗੀਰ ਹੋਇ ਜਾਂਦਾ ਹੈ। ਨਰਾਜ਼ ਭੀ ਨਾ ਕਰਨਾ ਚਾਹੀਏ। ਸਾਨੂੰ ਸਵਾਲੀ ਲੋਕ ਨਹੀਂ ਰਹਿਣ ਦੇਂਦੇ ਹੈਂ। ਸਾਡਾ ਖ਼ਿਆਲ ਨਹੀਂ ਛੱਡਦੇ ਹੈਂ। ਸਾਨੂੰ ਅਗਲੇ ਦੀ ਦੀਨਤਾ ਦੇਖਕੇ ਦਇਆ ਆਇ ਜਾਂਦੀ ਹੈ। ਕਿਸੇ ਦਾ ਦੁਖ ਨਹੀਂ ਸਹਾਰਿਆ ਜਾਂਦਾ। ਸੋ ਨਵਿਰਤ ਕਰਨਾ ਪੈਂਦਾ ਹੈ ਅਤੇ ਕਰਾਮਾਤ ਨਾਮ ਕਹਿਰ ਦਾ ਹੈ। ਗੋਬਿੰਦ ਜੀ ਕੀ ਕੀਤੀ ਹੋਈ ਕੋ ਹਟਾਉਣਾ ਜਾਂ ਪ੍ਰਮੇਸ਼ਵਰ ਕੀ ਰਜਾਇ ਹਟੀ ਤਾ ਕਰਾਮਾਤ ਹੋਈ।"

ਇਸ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਦੇ ਸੁਭਾ ਵਿਚ ਕਰਾਮਾਤਾਂ ਸੰਬੰਧੀ ਸੰਕੋਚ ਤੇ ਉਦਾਰਤਾ ਅਰਥਾਤ ਕਰੁਣਾ ਦੋ ਤਰ੍ਹਾਂ ਦੇ ਮਨੋਭਾਵ ਇਕ ਸੁਰ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ।

ਸਤਿਗੁਰੂ ਬਾਲਕ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਕੁਝ ਚਿਰ ਪਹਿਲਾਂ ਆਪਣੇ ਨਿਕਟ ਵਰਤੀ ਸਿੱਖਾਂ ਨੂੰ ਆਪਣੇ ਜੋਤੀ ਜੋਤ ਸਮਾਉਣ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਅਤੇ ਕਈਆਂ ਨੂੰ ਨਿੱਜੀ ਤੌਰ ਤੇ ਪੱਤਰ ਵੀ ਲਿਖ ਦਿੱਤੇ ਸਨ।

ਸੰਮਤ 1919 ਦੇ ਮੱਘਰ ਦੇ ਮਹੀਨੇ ਪੂਰਨਮਾਸ਼ੀ ਦੇ ਦਿਨ ਸ਼ਨੀਵਾਰ ਨੂੰ [1]*6 ਦਸੰਬਰ, 1862 ਨੂੰ ਸਤਿਗੁਰੂ ਬਾਲਕ ਸਿੰਘ ਜੀ ਜੋਤੀ ਜੋਤ ਸਮਾ ਗਏ ਸਾਰੀ ਸੰਗਤ ਬੜੀ ਵੈਰਾਗਵਾਨ ਹੋਈ। ਜਿਵੇਂ ਹਜ਼ਰੋ ਵਿਖੇ ਚੰਦਰਮਾ ਦੇ ਅਲੋਪ

[1]* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 223



Sri Satguru Jagjit Singh Ji Elibrary NamdhariElibrary@gmail.com

ਹੋਣ ਪਿਛੋਂ ਹਨੇਰਾ ਛਾ ਗਿਆ ਹੋਵੇ। ਸਤਿਗੁਰੂ ਜੀ ਦੀ ਦੇਹ ਦਾ ਇਸ਼ਨਾਨ ਕਰਵਾ ਕੇ ਬਗੀਚੀ ਤੋਂ ਬਵਾਨ ਸਜਾ ਕੇ ਰੀਤੀ-ਮਰਿਯਾਦਾ ਅਨੁਸਾਰ ਦਾਹ ਸੰਸਕਾਰ ਕੀਤਾ ਗਿਆ। ਚੌਥੇ ਦਿਨ ਫੁੱਲ ਚੁੱਕ ਕੇ ਭਸਮ ਅਟਕ ਨਦੀ ਵਿਚ ਪ੍ਰਵਾਹਿਤ ਕਰ ਦਿੱਤੀ। ਅੰਗੀਠੇ ਵਾਲੇ ਸਥਾਨ ਤੇ ਦੇਹੁਰਾ ਬਣਾ ਦਿੱਤਾ ਗਿਆ। ਸਤਿਗੁਰੂ ਬਾਲਕ ਸਿੰਘ ਜੀ ਦੇ ਵਿਛੋੜੇ ਕਾਰਨ ਸੰਗਤ ਬੜੀ ਦਿਲਗੀਰ ਹੋਈ। ਭਜਨ ਵਿਚ ਚਿੱਤ ਨਹੀਂ ਸੀ ਜੁੜਦਾ, ਗੁਰੂ ਜੀ ਦੇ ਵੈਰਾਗ ਵਿਚ ਉਨ੍ਹਾਂ ਦੇ ਅਨੇਕ ਗੁਣਾਂ, ਉਪਕਾਰਾਂ ਤੇ ਮਿੱਠੀਆਂ ਯਾਦਾਂ ਦੀ ਹੀ ਚਰਚਾ ਹੁੰਦੀ ਰਹੀ। ਤਿੰਨ ਮਹੀਨੇ ਪਿਛੋਂ ਫੁੱਲ ਹਰਿਦੁਆਰ ਵਿਚ ਪ੍ਰਵਾਹਿਤ ਕਰਨ ਲਈ ਦਸ ਸਿੰਘ ਤਿਆਰ ਹੋਏ। ਸਤਿਗੁਰੂ ਜੀ ਦੀਆਂ ਪਾਵਨ ਅਸਥੀਆਂ ਨੂੰ ਸਿਰ ਉਤੇ ਚੁੱਕ ਕੇ ਚੌਰ ਕਰਦੀ ਹੋਈ ਸੰਗਤ ਹਜ਼ਰੋਂ ਤੋਂ ਰਵਾਨਾ ਹੋਈ।

### ਧਰਮ ਪ੍ਰਚਾਰ ਲਈ ਪਿੰਡਾਂ ਦੇ ਦੌਰੇ

ਸੰਨ 1861 ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਮਤ ਦੇ ਪ੍ਰਚਾਰ ਲਈ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ ਪ੍ਰਚਾਰ ਦੌਰੇ ਆਰੰਭ ਕੀਤੇ। ਆਪ ਜਿਸ ਸਥਾਨ ਉੱਤੇ ਜਾ ਕੇ ਡੇਰਾ ਕਰਦੇ ਉਥੋਂ ਦੇ ਲੋਕਾਂ ਨੂੰ ਮੜ੍ਹੀ ਮਸਾਣੀ, ਖਾਨਗਾਹਾਂ ਕਬਰਾਂ ਜਾਂ ਗੋਰਾਂ ਤੇ ਹੋਰ ਸਥਾਨਾਂ ਦੀ ਪੂਜਾ ਤੋਂ ਰੋਕਦੇ ਅਤੇ ਗੁਰਬਾਣੀ ਦਾ ਅਦਬ ਸਤਿਕਾਰ ਕਰਨ ਲਈ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਵਾਉਣ ਲਈ ਕਹਿੰਦੇ। ਇਸੇ ਤਰ੍ਹਾਂ ਤੰਮਾਕੂ, ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਤੋਂ ਰੋਕਦੇ। ਚਮੜੇ ਦੇ ਬੋਕਿਆਂ ਤੇ ਮਸ਼ਕਾਂ ਨਾਲ ਪਾਣੀ ਭਰਨ ਤੋਂ ਹਟਾਉਂਦੇ। ਸਾਫ਼ ਸੁਥਰਾ ਜੀਵਨ ਬਤੀਤ ਕਰਨ ਲਈ ਕਹਿੰਦੇ। ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਨਾਮ ਦੀ ਦਾਤ ਬਖਸ਼ਦੇ। ਭਜਨ ਰਸਨਾ ਨਾਲ ਕਰਨ ਲਈ ਤਾਕੀਦ ਕਰਦੇ ਅਤੇ ਇਸ ਨੂੰ ਗੁਪਤ ਰੱਖਣ ਲਈ ਆਦੇਸ਼ ਦਿੰਦੇ। ਆਪ ਜੀ ਦੇ ਇਨ੍ਹਾਂ ਪ੍ਰਚਾਰ ਦੌਰਿਆਂ ਨਾਲ ਜਿੱਥੇ ਜਨਤਾ ਵਿਚ ਨਵੀਂ ਜਾਗ੍ਰਿਤੀ ਆ ਰਹੀ ਸੀ ਅਤੇ ਨਾਮਧਾਰੀ ਮਤ ਪੱਕੀਆਂ ਜੜ੍ਹਾਂ ਪਕੜ ਰਿਹਾ ਸੀ, ਉੱਥੇ ਦੂਜੇ ਮੱਤਾਂ ਵਾਲੇ ਜੋ ਵੱਖ ਵੱਖ ਭੇਖਾਂ ਰਾਹੀਂ ਪੂਜਾ ਕਰਵਾਉਂਦੇ ਅਤੇ ਦਾਨ ਦਖਸ਼ਨਾਂ ਲੈਂਦੇ ਸਨ, ਉਨ੍ਹਾਂ ਵੱਲੋਂ ਸਤਿਗੁਰੂ ਜੀ ਦੀ ਇਸ ਧਾਰਮਿਕ ਲਹਿਰ ਦਾ ਗੁਪਤ-ਪ੍ਰਗਟ ਰੂਪ ਵਿਚ ਵਿਰੋਧ ਵੀ ਕੀਤਾ ਜਾ ਰਿਹਾ ਸੀ। ਜਿਸ ਪਿੰਡ ਵਿਚ ਸਤਿਗੁਰੂ ਜੀ ਜਾਂਦੇ, ਉੱਥੋਂ ਦੇ ਬ੍ਰਾਹਮਣ ਖੂਹਾਂ ਵਿਚ ਤੰਮਾਕੂ ਸੁੱਟ ਦਿੰਦੇ। ਇਸੇ ਤਰ੍ਹਾਂ ਜਿਨ੍ਹਾਂ ਬਰਤਨਾਂ ਵਿਚ ਸਤਿਗੁਰੂ ਜੀ ਦੇ ਦੀਵਾਨਾਂ ਵਿਚ ਪ੍ਰਸ਼ਾਦਿ ਭੇਟ ਕਰਦੇ, ਉਨ੍ਹਾਂ ਨੂੰ ਤੰਮਾਕੂ ਦੇ ਪਾਣੀ ਨਾਲ ਧੋ ਦਿੰਦੇ ਤਾਂ ਜੋ ਸਤਿਗੁਰੂ ਰਾਮ ਸਿੰਘ ਜੀ ਨਾਲ ਗੁਪਤ ਢੰਗ ਨਾਲ ਵਿਰੋਧ ਕੀਤਾ ਜਾਵੇ ਪਰ ਅੰਤਰਜਾਮੀ ਸਤਿਗੁਰੂ ਜੀ ਉਨ੍ਹਾਂ ਦੀਆਂ ਸਾਰੀਆਂ ਕੁਚਾਲਾਂ ਨੂੰ ਪਹਿਲਾਂ ਹੀ ਜਾਣ ਜਾਂਦੇ ਅਤੇ ਉਨ੍ਹਾਂ ਦਾ ਢੁਕਵਾਂ



Sri Satguru Jagjit Singh Ji Elibrary NamdhariElibrary@gmail.com

ਉੱਤਰ ਦਿੰਦੇ। ਬਹੁਤ ਸਾਰੇ ਪਿੰਡਾਂ ਵਿਚ ਨਵੇਂ ਨਾਮਧਾਰੀ ਸਿੰਘ ਸੱਜ ਗਏ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਰਹਿਤ ਮਰਿਯਾਦਾ ਅਤੇ ਜੀਵਨ ਵਿਚ ਸੁਚ-ਸੋਧ ਤੇ ਆਤਮ ਸੰਜਮ ਨੂੰ ਖੁਸ਼ੀ ਖੁਸ਼ੀ ਧਾਰਨ ਕਰਨ ਲੱਗੇ। ਇਸ ਤਰ੍ਹਾਂ ਇਕ ਬੰਨ੍ਹੇ ਜਾਗੀਰਦਾਰ ਅਤੇ ਹਿੰਦੂਆਂ ਦਾ ਪ੍ਰੋਹਤ ਵਰਗ ਅਤੇ ਸਿੱਖਾਂ ਦੇ ਧਾਮਾਂ ਉੱਤੇ ਕਾਬਜ਼ ਮਹੰਤ ਸਤਿਗੁਰੂ ਜੀ ਦੀ ਇਸ ਨਵੀਂ ਲਹਿਰ ਦਾ ਵਿਰੋਧ ਕਰਨ ਲੱਗੇ। ਸੋਢੀ ਅਤੇ ਬੇਦੀ ਜੋ ਜਣੇ-ਖਣੇ ਦੇ ਗੁਰੂ ਬਣ ਬੈਠੇ ਸਨ ਅਤੇ ਜਿਨ੍ਹਾਂ ਦਾ ਸਤਿਕਾਰ ਉਸ ਸਮੇਂ ਪੇਂਡੂ ਜਨਤਾ ਕਰਦੀ ਸੀ, ਵੀ ਇਸੇ ਵਿਰੋਧੀ ਦਲ ਵਿਚ ਸ਼ਾਮਿਲ ਹੋ ਗਏ ਪਰ ਸਤਿਗੁਰੂ ਜੀ ਦਾ ਨਾਮਧਾਰੀ ਮਤ-ਸੰਤ ਖਾਲਸਾ, ਜਿਨ੍ਹਾਂ ਨੂੰ ਉੱਚੀ ਸੁਰ ਵਿਚ ਸ਼ਬਦ ਪੜ੍ਹਨ ਅਤੇ ਅਕਾਲ ਅਕਾਲ ਉਚਾਰਨ ਕਾਰਨ ਕੂਕੇ ਵੀ ਕਿਹਾ ਜਾਂਦਾ ਸੀ, ਵੀ ਦਿਨੋ ਦਿਨ ਮਜ਼ਬੂਤ ਨੀਹਾਂ ਉੱਤੇ ਵੱਧ ਫੁੱਲ ਰਿਹਾ ਸੀ। ਨਾਮਧਾਰੀ ਇਤਿਹਾਸਕਾਰਾਂ ਨੇ ਉਨ੍ਹਾਂ ਕਈ ਛੋਟੇ ਵੱਡੇ ਪਿੰਡਾਂ ਦਾ ਜ਼ਿਕਰ ਕੀਤਾ ਹੈ, ਜੋ ਨਾਮਧਾਰੀ ਮਤ ਦੇ ਮੁੱਖ ਕੇਂਦਰ ਬਣਦੇ ਜਾ ਰਹੇ ਸਨ। ਮੁਠੱਡਾ, ਧੁਲੇਟਾ, ਖੋਟੇ, ਜੜਤੌਲੀ, ਜਸੋਵਾਲ, ਰਾਇਪੁਰ, ਲੋਹਗੜ੍ਹ, ਗੁਜਰਵਾਲ, ਨਾਰੰਗਵਾਲ, ਰੁੜਕਾ, ਨੰਗਲ, ਨਵਾਂ ਪਿੰਡ, ਪੱਖੋਵਾਲ ਆਦਿ ਪਿੰਡਾਂ ਵਿਚ ਵੀ ਲੋਕ ਵੱਡੀ ਗਿਣਤੀ ਵਿਚ ਨਾਮਧਾਰੀ ਸਜ ਗਏ। ਇਉਂ ਨਾਮਧਾਰੀ ਮਤ ਜਨਤਕ ਲਹਿਰ ਦੇ ਰੂਪ ਵਿਚ ਪ੍ਰਗਟ ਹੋਣ ਲੱਗਾ। ਧਾਰਮਿਕ ਚੇਤੰਨਤਾ ਦੇ ਨਾਲ ਨਾਲ ਲੋਕਾਂ ਨੂੰ ਰਾਜਨੀਤਕ ਚੇਤੰਨਤਾ ਦੀ ਵੀ ਸੂਝ ਉਤਪੰਨ ਹੋਣ ਲੱਗੀ ਅਤੇ ਪੰਜਾਬ ਦੇ ਸੁਤੰਤਰ ਰਾਜ ਦੇ ਖੁੱਸ ਜਾਣ ਦੇ ਕਾਰਨਾਂ ਦਾ ਗਿਆਨ ਹੋਣ ਲੱਗਾ। ਖੁਸ ਚੁੱਕੀ ਸੁਤੰਤਰਤਾ ਦੀ ਦੁਬਾਰਾ ਪ੍ਰਾਪਤੀ ਲਈ ਉਨ੍ਹਾਂ ਦੇ ਹਿਰਦਿਆਂ ਵਿਚ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਹੋ ਗਿਆ ਪਰ ਇਸ ਨਵੀਂ ਉਭਰ ਰਹੀ ਧਾਰਮਿਕ ਚੇਤੰਨਤਾ ਤੇ ਸੁਤੰਤਰਤਾ ਸੰਗਰਾਮ ਦੀ ਇਸ ਲਹਿਰ ਨੂੰ ਦੋਖੀ ਦੁਸ਼ਮਣਾਂ ਅਤੇ ਵਿਦੇਸ਼ੀ ਹਕੂਮਤਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਨਵੇਂ ਬਗੀਚੇ ਸਮਾਨ ਇਸ ਦੀ ਸੁਰੱਖਿਆ ਕਰਨੀ ਵੀ ਅਤਿ ਲੋੜੀਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਕ੍ਰਾਂਤੀਕਾਰੀ ਆਦਰਸ਼ ਮੁੜ ਸੁਰਜੀਤ ਹੋਣ ਲੱਗੇ। ਜਿੱਥੇ ਇਸ ਧਾਰਮਿਕ ਲਹਿਰ ਦੇ ਵਿਰੋਧੀ ਅਤੇ ਪੰਜਾਬ ਸਰਕਾਰ ਇਸ ਉੱਤੇ ਨਿਗ੍ਹਾ ਰੱਖਣ ਲੱਗੇ, ਉੱਥੇ ਨਾਮਧਾਰੀ ਬਾਗ ਦਾ ਮਾਲੀ ਸਤਿਗੁਰੂ ਰਾਮ ਸਿੰਘ ਜੀ ਵੀ ਇਸ ਨਵੀਂ ਉਪਜੀ ਜਾਗ੍ਰਿਤੀ ਨੂੰ ਸਥਾਈ ਰੂਪ ਵਿਚ ਚਿਰੰਜੀਵ ਅਤੇ ਪੱਕਿਆਂ ਪੈਰਾਂ ਤੇ ਖੜਾ ਕਰਨ ਦੀਆਂ ਸਬੀਲਾਂ ਸੋਚਣ ਲੱਗੇ। ਇਹ ਗੱਲ ਆਮ ਪ੍ਰਚਲਿਤ ਹੋ ਗਈ ਕਿ ਭੈਣੀ ਵਿਖੇ ਸਤਿਗੁਰੂ ਪ੍ਰਗਟ ਹੋਇਆ ਹੈ। ਜੋ ਸਭ ਦਾ ਰੱਖਿਅਕ ਤੇ ਮਸੀਹਾ ਬਣ ਕੇ ਆਇਆ ਹੈ।

ਸਤਿਗੁਰੂ ਜੀ ਮੁਠੱਡੇ ਵਿਖੇ ਦਰਸ਼ਨ ਦੇ ਰਹੇ ਸਨ, ਜਿੱਥੇ ਬਹੁਤ ਸਾਰੀ



Sri Satguru Jagjit Singh Ji Elibrary NamdhariElibrary@gmail.com

ਸਾਧ ਸੰਗਤ ਨਾਮਧਾਰੀ ਸੱਜ ਗਈ ਸੀ ਅਤੇ ਜਿਨ੍ਹਾਂ ਦੇ ਦਿਲਾਂ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਤਾਂਘ ਸਦਾ ਬਣੀ ਰਹਿੰਦੀ ਸੀ। ਮੁਠੱਡੇ ਹੀ ਸ੍ਰੀ ਸਤਿਗੁਰੂ ਜੀ ਨੂੰ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਚਾਰ ਮਿਲਿਆ। ਸਤਿਗੁਰੂ ਜੀ ਇਕਦਮ ਵੈਰਾਗ ਵਾਨ ਹੋ ਗਏ। ਕੁਝ ਚਿਰ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਸਤਿਗੁਰੂ ਬਾਲਕ ਸਿੰਘ ਜੀ ਦਾ ਪੱਤਰ ਪ੍ਰਾਪਤ ਹੋਇਆ ਸੀ ਜਿਸ ਵਿਚ ਸਤਿਗੁਰੂ ਬਾਲਕ ਸਿੰਘ ਜੀ ਨੇ ਆਪ ਜੀ ਨੂੰ ਦੇਹ ਦਾ ਓਹਲਾ ਕਰਨ ਬਾਰੇ ਸੰਕੇਤ ਕਰ ਦਿੱਤਾ ਸੀ। ਪੱਤਰ ਵਿਚ ਲਿਖਿਆ ਹੋਇਆ ਸੀ –

[1*]"ਅਰਦਾਸ ਆਈ, ਨਾਲ ਹੀ ਖ਼ਬਰ ਆਈ ਹਜ਼ਰੋਂ ਸਾਹਿਬ ਸੇ ਕਿ ਮੱਘਰ ਕੀ ਪੁਨਿਆ ਕੋ ਜੋਤੀ ਜੋਤ ਸਮਾ ਗਏ ਹੈਂ। ਗੁਰੂ ਬਾਲਕ ਸਿੰਘ ਜੀ ਆਪਣੇ ਹੱਥੀਂ ਅਰਦਾਸ ਲਿਖ ਦਿੱਤੀ ਸੀ ਕਿ ਠਾਕੁਰਾਂ ਕੋ ਪਹੁੰਚਾ ਦੇਣੀਂ। ਨਾਲੇ ਸੰਗਤ ਕੋ ਕਹਿ ਗਏ ਜੋ ਠਾਕੁਰ ਜੀ ਬਚਨ ਕਰਨ ਸੋ ਮੰਨਣਾ। ਅਰਦਾਸ ਮੇਂ ਏਹ ਲਿਖਾ ਸੀ ਕਿ ਠਾਕੁਰੋ ਅਸਾਂ ਤਾਂ ਚੜਾਈ ਕੀ ਤਿਆਰੀ ਕੀਤੀ ਹੈ, ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ ਬਾਦੀ ਜਾਤ ਹੋ, ਐਸੀ ਚੂਨੋ ਇਟ ਲਾਉਣੀ ਜੇਹੜੀ ਫੇਰ ਨਾ ਉਖੜੇ। ਅਸੀਂ ਪੁਆਡੇ ਪਾਸ ਹਰ ਵਕਤ ਹਾਜ਼ਰ ਰਹਾਂਗੇ। ਕੁੰਜੀ ਤੁਹਾਨੂੰ ਬਖਸ਼ੀ ਹੈ। ਕੁੰਜੀ ਲਾਵੋ ਖਜ਼ਾਨੇ ਨੂੰ ਤੇ ਵਰਤੋ। ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ, ਤੁਸੀਂ ਕੇਸਾਧਾਰੀ ਖ਼ਾਲਸਾ ਵਧਾਓ। ਤੁਸੀਂ ਦਸਵੇਂ ਪਾਤਸ਼ਾਹ ਵਾਲੀ ਰੀਤੀ ਤੋਰੋ। ਚਿੱਠੀ ਪੜਕੇ ਸਤਿਗੁਰੂ ਜੀ ਕੋ ਵੈਰਾਗ ਹੋਇਆ। ਸਿੰਘਾਂ ਨੇ ਪੁੱਛਿਆ ਤੇ ਸਤਿਗੁਰੂ ਜੀ ਬਚਨ ਕੀਤਾ ਗੁਰੂ ਬਾਲਕ ਸਿੰਘ ਜੀ ਜੋਤੀ ਜੋਤ ਸਮਾਏ ਹੈਨ। ਸੁਣਕੇ ਸਿੰਘਾਂ ਕੋ ਭੀ ਵੈਰਾਗ ਹੋਇਆ।"

ਮੁਠੱਡੇ ਤੋਂ ਸਤਿਗੁਰੂ ਰਾਮ ਸਿੰਘ ਜੀ ਵਾਪਸ ਭੈਣੀ ਸਾਹਿਬ ਆ ਕੇ ਹਜ਼ਰੋਂ ਨੂੰ ਜਾਣ ਦੀ ਤਿਆਰੀ ਕਰਨ ਲੱਗੇ। ਸੰਗਤ ਸਮੇਤ ਹਜ਼ਰੋਂ ਨੂੰ ਚਾਲੇ ਪਾਏ। ਪਹਿਲਾ ਪੜ੍ਹਾ ਮੁੜ ਮੁਠੱਡੀਂ ਆ ਕੇ ਕੀਤਾ। ਉੱਥੇ ਦੇ ਇਕ ਸੰਨਿਆਸੀ ਨੂੰ ਭਜਨ ਦੇ ਕੇ ਉਸ ਦਾ ਨਾਮ ਰਿਖੀ ਸਿੰਘ ਰੱਖਿਆ। ਵੱਖ ਵੱਖ ਪੜਾਵਾਂ ਤੇ ਠਹਿਰਦੇ ਹੋਏ ਮਰਿਯਾਦਾ ਅਨੁਸਾਰ ਆਸਾ ਦੀ ਵਾਰ ਦਾ ਦੀਵਾਨ ਸਜਾਉਂਦੇ ਹੋਏ ਅੰਮ੍ਰਿਤਸਰ ਪਹੁੰਚੇ। ਉਥੋਂ ਪਿੰਡਾਂ ਦੇ ਰਸਤੇ ਕੱਕੜਾਂ ਤੋਂ ਰਾਵੀ ਦਰਿਆ ਨੂੰ ਪਾਰ ਕਰਦੇ ਹੋਏ ਵਜ਼ੀਰਾਬਾਦ ਪਹੁੰਚ ਗਏ। ਜਦੋਂ ਬੇੜੀਆਂ ਰਾਹੀਂ ਦਰਿਆ ਝਨਾਂ ਨੂੰ ਪਾਰ ਕਰ ਰਹੇ ਸਨ ਤਾਂ ਦੂਜੇ ਬੰਨ੍ਹੇ ਤੋਂ ਹਜ਼ਰੋਂ ਦੀ ਸੰਗਤ ਬੇੜੀਆਂ ਤੇ ਸਵਾਰ ਹੋ ਕੇ ਸਤਿਗੁਰੂ ਬਾਲਕ ਸਿੰਘ ਜੀ ਦੇ ਫੁੱਲਾਂ ਨੂੰ ਚੌਕੀ ਤੇ ਸਜਾ ਕੇ ਆ ਰਹੀ ਸੀ। ਦੋਹਾਂ ਦਾ ਮੇਲ ਝਨਾਂ ਦਰਿਆ ਦੇ ਵਿਚਕਾਰ ਹੋਇਆ। ਸਤਿਗੁਰੂ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 224



Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਜੀ ਵੀ ਉਥੋਂ ਹੀ ਵਾਪਿਸ ਹਜ਼ਰੋਂ ਦੀ ਸੰਗਤ ਦੇ ਨਾਲ ਵਜ਼ੀਰਾਬਾਦ ਆ ਗਏ, ਜਿੱਥੇ ਬੁੱਢਾ ਸਿੰਘ ਮਸਤਾਨੇ ਨੇ ਸਾਰੀ ਸੰਗਤ ਦੀ ਬੜੀ ਸ਼ਰਧਾ ਨਾਲ ਸੇਵਾ ਕੀਤੀ।

ਸਤਿਗੁਰੂ ਜੀ ਅਗਲੇ ਦਿਨ ਉਥੋਂ ਤੁਰ ਕੇ ਬਾਬਾ ਜਮੀਤ ਸਿੰਘ ਦੇ ਪਿੰਡ ਗਿੱਲੀ ਆ ਗਏ। ਬਾਬਾ ਜਮੀਤ ਸਿੰਘ ਸਤਿਗੁਰੂ ਜੀ ਦਾ ਸੈਨਿਕ ਜੀਵਨ ਦੇ ਸਮੇਂ ਦਾ ਸਾਥੀ ਸੀ ਅਤੇ ਸਤਿਗੁਰੂ ਬਾਲਕ ਸਿੰਘ ਜੀ ਤੋਂ 1841 ਵਿਚ ਸਤਿਗੁਰੂ ਰਾਮ ਸਿੰਘ ਜੀ ਨਾਲ ਹੀ ਨਾਮ ਲਿਆ ਸੀ।

ਬਾਬਾ ਜਮੀਤ ਸਿੰਘ ਨੂੰ ਸਤਿਗੁਰੂ ਬਾਲਕ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਤੁਸੀਂ ਆਪ ਚੱਕੀ ਪੀਹ ਕੇ ਸੰਗਤ ਦੀ ਸੇਵਾ ਕਰਿਆ ਕਰੋ। ਸਤਿਗੁਰੂ ਬਾਲਕ ਸਿੰਘ ਜੀ ਦੇ ਫੁੱਲਾਂ ਨੂੰ ਲੈ ਕੇ ਆਈ ਸੰਗਤ ਨਾਲ ਉਨ੍ਹਾਂ ਦਾ ਭਾਈ ਮੰਨਾ ਸਿੰਘ ਤੇ ਭੈਣ ਦਾਤੋ ਜੀ ਆਏ ਹੋਏ ਸਨ। ਬਾਬਾ ਜਮੀਤ ਸਿੰਘ ਨੇ ਸੰਗਤ ਦੀ ਬੜੀ ਸ਼ਰਧਾ ਨਾਲ ਸੇਵਾ ਕੀਤੀ। ਉਸ ਦੇ ਦਿਲ ਵਿਚ ਇਹ ਇੱਛਾ ਪੈਦਾ ਹੋਈ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਫੁੱਲਾਂ ਵਿਚੋਂ ਦੋ ਫੁੱਲਾਂ ਨੂੰ ਚੁੱਕ ਕੇ ਮੈਂ ਇੱਥੇ ਉਨ੍ਹਾਂ ਦਾ ਦੇਹੁਰਾ ਬਣਾਵਾ, ਜਿਸ ਵਿਚ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾਂ। ਇਸ ਉਦੇਸ਼ ਲਈ ਉਸ ਨੇ ਸਤਿਗੁਰੂ ਬਾਲਕ ਸਿੰਘ ਜੀ ਦੇ ਦੋ ਫੁੱਲ ਚੁੱਕ ਵੀ ਲਏ ਸਨ ਪਰ ਸਤਿਗੁਰੂ ਰਾਮ ਸਿੰਘ ਜੀ ਨੇ ਉਹ ਦੋ ਫੁੱਲ ਵਾਪਿਸ ਲੈ ਲਏ ਅਤੇ ਬਾਬਾ ਜਮੀਤ ਸਿੰਘ ਜੀ ਨੂੰ ਦੇਹੁਰਾ ਬਣਾਉਣ ਤੋਂ ਵਰਜ ਦਿੱਤਾ।

ਬਾਬਾ ਜਮੀਤ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਗੁਰੂ ਹੋਣ ਬਾਰੇ ਪ੍ਰਤੀਤ ਆਉਣੀ ਹੁਣ ਤਕ ਬਾਬਾ ਜਮੀਤ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣਾ ਗੁਰਭਾਈ ਹੀ ਮੰਨਦਾ ਸੀ ਪਰ ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਉੱਤੇ ਪੂਰਨ ਭਰੋਸਾ ਹੋ ਗਿਆ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਆਦੇਸ਼ ਅਨੁਸਾਰ ਠਾਕੁਰ ਜੀ ਹੀ ਸਤਿਗੁਰੂ ਬਾਲਕ ਸਿੰਘ ਜੀ ਦੇ ਉੱਤਰਅਧਿਕਾਰੀ ਹਨ। ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਜਮੀਤ ਸਿੰਘ ਜੀ ਦੇ ਕਾਮ ਦੇ ਫੁਰਨੇ ਨੂੰ ਵੀ ਸ਼ਾਂਤ ਕੀਤਾ।

## ਸਤਿਗੁਰੂ ਰਾਮ ਸਿੰਘ ਜੀ ਦੀ ਦਸਤਾਰ ਬੰਦੀ

ਸਤਿਗੁਰੂ ਰਾਮ ਸਿੰਘ ਜੀ ਨੂੰ ਸਤਿਗੁਰੂ ਬਾਲਕ ਸਿੰਘ ਜੀ ਦਾ ਉੱਤਰਅਧਿਕਾਰੀ ਜਾਣ ਕੇ ਸਾਰੀ ਸੰਗਤ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਦਸਤਾਰ ਭੇਟ ਕੀਤੀ। ਜਿਸ ਦਾ ਮਨੋਰਥ ਇਹ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਅੱਗੇ ਤੋਂ ਸਤਿਗੁਰੂ ਬਾਲਕ ਸਿੰਘ ਜੀ ਦੇ ਅਧਿਆਤਮਕ ਵਾਰਿਸ ਹਨ।

ਸਤਿਗੁਰੂ ਰਾਮ ਸਿੰਘ ਜੀ ਫੁੱਲਾਂ ਨੂੰ ਲੈ ਕੇ ਜਾਣ ਵਾਲੀ ਹਜ਼ਰੋਂ ਦੀ ਸੰਗਤ ਨਾਲ ਜਾਣਾ ਚਾਹੁੰਦੇ ਸਨ ਪਰ ਭਾਈ ਮੰਨਾ ਸਿੰਘ ਤੇ ਹੋਰਾਂ ਨੇ ਨਾਲ



Sri Satguru Jagjit Singh Ji Elibrary NamdhariElibrary@gmail.com

ਜਾਣ ਤੋਂ ਰੋਕ ਦਿੱਤਾ। ਸਤਿਗੁਰੂ ਜੀ ਨੇ ਕੁਝ ਸਿੰਘਾਂ ਨੂੰ ਨਾਲ ਜਾਣ ਲਈ ਕਿਹਾ ਅਤੇ ਅੰਮ੍ਰਿਤਸਰ ਦੇ ਮਈਏ ਖਤਰੀ ਜੋ ਗੁਰੂ ਬਜ਼ਾਰ ਵਿਚ ਰਹਿੰਦਾ ਸੀ ਨੂੰ ਪੱਤਰ ਲਿਖ ਕੇ ਹਰਿਦੁਆਰ ਨਾਲ ਜਾਣ ਲਈ ਵੀ ਕਿਹਾ। ਉਨ੍ਹਾਂ ਨੂੰ ਵਿਦਾ ਕਰਕੇ 1*ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਜਮੀਤ ਸਿੰਘ ਨੂੰ ਕਿਹਾ – 'ਹੁਣ ਚੱਕੀ ਨਾਲ ਆਟਾ ਪੀਹਣ ਦੀ ਥਾਂ ਖਰਾਸ ਲਗਾ ਲਉ।'

"ਗੁਲਾਬ ਸਿੰਘ ਅਰੂੜ ਸਿੰਘ ਪੁੱਛਦੇ ਪੁਛਾਂਦੇ ਮਈਏ ਖਤਰੀ ਪਾਸ ਆਏ। ਫੁੱਲ ਪਾਲਕੀ ਵਿਚ ਧਰਕੇ ਅੱਗੇ ਡਫਾਂ ਬਜਾਈਆਂ, ਬਜ਼ਾਰ ਵਿਚੋਂ ਦੀ ਦਰਬਾਰ ਸਾਹਿਬ ਆਏ। ਉਪਰ ਦੀ ਪੁਸ਼ਪਾਂ ਦੀ ਬਾਰਸ਼ ਕਰਦੇ ਆਏ। ਕੁਝ ਪੈਸੇ ਵੀ ਸੁੱਟੇ ਨਾਲ ਚੌਰ ਕਰਦੇ ਆਏ। ਹਜ਼ਰੋਂ ਵਾਲੀ ਸੰਗਤ ਨੇ ਤੀਨ ਪ੍ਰਦੱਖਨਾਂ ਕੀਤੀਆਂ। ਫੁੱਲਾਂ ਕੋ ਹਰ ਕੀਆਂ ਪੌੜੀਆਂ ਮੇਂ ਇਸ਼ਨਾਨ ਕਰਾਇਆ, ਨਾਲੇ ਕੜਾਹ ਪ੍ਰਸਾਦਿ ਚੜ੍ਹਾਇਆ ਅਤੇ ਅਰਦਾਸ ਕਰਾਈ। ਸੀਸ ਝੁਕਾਇਕੇ ਫਤਹਿ ਬੁਲਾਈ। ਸ਼ਬਦ ਪੜ੍ਹਦੇ ਬੁੰਗੇ ਆਏ। ਭੇਟਾ ਧਰੀ, ਅਰਦਾਸ ਕਰਵਾਈ, ਫੇਰ ਸ਼ਬਦ ਪੜ੍ਹਦੇ ਬਾਬੇ ਅਟੱਲ ਜੀ ਆਏ। ਅਰਦਾਸ ਕਰਾਕੇ ਨਾਲੇ ਝੰਡੇ ਬੁੰਗੇ ਅਰਦਾਸਾ ਕਰਾਇਆ ਅਤੇ ਭੇਟਾ ਧਰੀ। ਬੜੀ ਸੇਵਾ ਟਹਿਲ ਕੀਤੀ ਸੰਗਤ ਦੀ। ਅਗਲੇ ਦਿਨ ਅੰਮ੍ਰਿਤ ਵੇਲੇ ਸ਼ਬਦ ਪੜ੍ਹਦੇ ਅਤੇ ਫਤ੍ਹੇ ਬੁਲਾਉਂਦੇ ਤੁਰੇ ਗੰਗਾ ਨੂੰ।"

**ਧਰਮ ਪ੍ਰਚਾਰ ਦੀ ਲਹਿਰ ਵਿਚ ਵਾਧਾ :**

ਬਾਬਾ ਜਮੀਤ ਸਿੰਘ ਦੇ ਗਿੱਲ ਪਿੰਡ ਤੋਂ ਚੱਲ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸੰਗਤ ਸਮੇਤ ਸਿਆਲਕੋਟ ਸ਼ੇਖੂਪੁਰਾ, ਗੁੱਜਰਾਂਵਾਲਾਂ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਦੀ ਵਿਆਪਕ ਲਹਿਰ ਸ਼ੁਰੂ ਕੀਤੀ। ਭਾਰੀ ਗਿਣਤੀ ਵਿਚ ਸੰਗਤ ਸਤਿਗੁਰੂ ਜੀ ਦੇ ਨਾਲ ਹੁੰਦੀ ਸੀ। ਹਰ ਸਥਾਨ ਤੇ ਦੀਵਾਨ ਲੱਗਦੇ। ਅੰਮ੍ਰਿਤ ਸੰਚਾਰ ਤੇ ਧਾਰਮਿਕ ਪ੍ਰਵਚਨ ਕੀਤੇ ਜਾਂਦੇ। ਦਿਨੋ ਦਿਨ ਨਾਮਧਾਰੀ ਪੰਥ ਵਿਚ ਵਾਧਾ ਹੋਣ ਲੱਗਾ। 2*"ਪਸਰੂਰ, ਉਗੋਚੱਕ, ਵਜ਼ੀਰਾਬਾਦ, ਮਾਨਾਂਵਾਲੀ ਦੇ ਮਸ਼ਹੂਰ ਦੀਵਾਨ ਜਾਂ ਮੇਲੇ ਇਸੇ ਦੌਰੇ ਵਿਚ ਕੀਤੇ ਗਏ। ਹਜ਼ਾਰਾਂ ਹੀ ਇਸਤਰੀਆਂ ਤੇ ਮਰਦ ਅੰਮ੍ਰਿਤ ਛਕਕੇ ਸਿੰਘ ਸਜੇ ਅਤੇ ਹੁੱਕਾ, ਅਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਯਾਰੀ, ਠੱਗੀ ਦਾ ਤਿਆਗ ਕੀਤਾ।"

ਕਈ ਵਾਰ ਪਿੰਡਾਂ ਦੇ ਬੇਸੂਝ ਲੋਕਾਂ ਨਾਲ ਵਾਦ-ਵਿਵਾਦ ਤੇ ਝਗੜੇ ਵੀ ਹੋ ਜਾਂਦੇ ਪਸਰੂਰ ਵਿਚ ਅਜਿਹੀ ਇਕ ਘਟਨਾ ਦਾ ਜ਼ਿਕਰ ਸੰਤ ਬਾਹੋਵਾਲ ਨੇ ਕੀਤਾ ਹੈ ਪਰ ਸਤਿਗੁਰੂ ਰਾਮ ਸਿੰਘ ਜੀ ਅਜਿਹੇ ਵਾਦ-ਵਿਵਾਦਾਂ ਤੇ ਝਗੜਿਆਂ

---

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 227

2* ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 160-161



Sri Satguru Jagjit Singh Ji Elibrary NamdhariElibrary@gmail.com

ਨੂੰ ਬੜੀ ਸਿਆਣਪ ਨਾਲ ਨਿਪਟਾਉਂਦੇ ਰਹੇ। ਇਸੇ ਸਮੇਂ ਪਿੰਡ ਉਗੂਚੱਕ, ਜਿੱਥੇ ਸੱਪ ਆਦਿ ਬੜਾ ਜਾਨੀ ਨੁਕਸਾਨ ਕਰਦੇ ਸਨ ਦੀ ਥਾਂ ਪਿੰਡ ਗੁਰੂਚੱਕ ਨਵੇਂ ਥਾਂ ਤੇ ਵਸਾਉਣ ਦਾ ਆਦੇਸ਼ ਕੀਤਾ ਜਿਸ ਤੋਂ ਪਿਛੋਂ ਉਥੇ ਸੱਪਾਂ ਆਦਿ ਦਾ ਭੈਅ ਜਾਂਦਾ ਰਿਹਾ। ਪਸਰੂਰ ਦੇ ਜੱਟਾਂ ਨਾਲ ਜਿਹੜਾ ਝਗੜਾ ਹੋਇਆ ਸੀ ਉਸ ਦਾ ਰਾਜੀਨਾਮਾ ਭਾਵੇਂ ਥਾਣੇਦਾਰ ਦੀ ਹਾਜ਼ਰੀ ਵਿਚ ਕਰਵਾ ਦਿੱਤਾ ਗਿਆ ਸੀ ਪਰ ਫਿਰ ਵੀ ਪ੍ਰਤੀਤ ਹੁੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਦੌਰੇ ਦੀਆਂ ਰਿਪੋਰਟਾਂ ਜ਼ਿਲ੍ਹਾ ਅਧਿਕਾਰੀਆਂ ਤੱਕ ਪਹੁੰਚਦੀਆਂ ਰਹੀਆਂ ਹਨ।

1857 ਦੇ ਭਾਰਤ ਦੇ ਪਹਿਲੇ ਸੁਤੰਤਰਤਾ ਸੰਗਰਾਮ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਦਬਾ ਦਿੱਤਾ ਸੀ, ਫਿਰ ਵੀ ਸਰਕਾਰ ਬੜੀ ਸਾਵਧਾਨੀ ਨਾਲ ਹਰ ਨਵੀਂ ਲਹਿਰ ਬਾਰੇ ਘੋਖਵੀਂ ਨਜ਼ਰ ਰੱਖ ਰਹੀ ਸੀ। ਇਸ ਸੰਬੰਧ ਵਿਚ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮੇਕੇਨਬ ਨੇ ਸਤਿਗੁਰੂ ਰਾਮ ਸਿੰਘ ਬਾਰੇ ਜਿਹੜੀ ਰਿਪੋਰਟ ਪੰਜਾਬ ਸਰਕਾਰ ਨੂੰ ਭੇਜੀ, ਉਸ ਦਾ ਵੇਰਵਾ ਇੱਥੇ ਦਿੱਤਾ ਜਾਣਾ ਬੜਾ ਜ਼ਰੂਰੀ ਪ੍ਰਤੀਤ ਹੁੰਦਾ ਹੈ।

5 ਅਪ੍ਰੈਲ, 1863 ਨੂੰ ਸਤਿਗੁਰੂ ਰਾਮ ਸਿੰਘ ਜੀ ਬਾਰੇ ਜਿਹੜੀ ਵੱਖਰੀ ਕਿਸਮ ਦੀ ਰਿਪੋਰਟ ਪੰਜਾਬ ਸਰਕਾਰ ਨੂੰ ਮਿਲੀ ਉਹ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਬ (Macnabb) ਦੀ ਸੀ।

[1*]"ਇਹ ਅਫਵਾਹ ਆਮ ਹੈ ਕਿ ਲੁਧਿਆਣੇ ਜ਼ਿਲ੍ਹੇ ਦਾ ਇਕ ਵਡੇਰੀ ਉਮਰ ਦਾ ਸਿੱਖ ਜੋ ਆਪਣੇ ਆਪ ਨੂੰ ਭਾਈ ਕਹਾਉਂਦਾ ਹੈ, 200 ਸਿੱਖਾਂ ਨਾਲ ਇਸ ਜ਼ਿਲ੍ਹੇ ਦਾ ਦੌਰਾ ਕਰ ਰਿਹਾ ਹੈ; ਇਨ੍ਹਾਂ ਕੋਲ ਬੰਦੂਕਾਂ ਨਹੀਂ ਹਨ ਅਤੇ ਰਾਤ ਸਮੇਂ ਇਹ ਡਾਂਗਾਂ ਨਾਲ ਕਵੈਦ ਕਰਦੇ ਹਨ। ਉਹ ਕਹਿੰਦਾ ਹੈ ਕਿ ਉਸਦੇ 5000 ਪੈਰੋਕਾਰ ਹਨ ਅਤੇ ਉਹ ਕਿਸੇ ਵੀ ਹਾਕਮ ਨੂੰ ਨਹੀਂ ਮੰਨਦਾ। ਉਸ ਦੇ ਜੱਥੇ ਵਿਚ ਬਹੁਤ ਸਾਰੀਆਂ ਇਸਤਰੀਆਂ ਵੀ ਸ਼ਾਮਿਲ ਹਨ ਅਤੇ ਉਹ ਵਿਸਾਖੀ ਦੇ ਪੂਰਬ ਉੱਤੇ ਅੰਮ੍ਰਿਤਸਰ ਨੂੰ ਜਾਣ ਦਾ ਵਿਚਾਰ ਰੱਖਦੇ ਹਨ।"

ਪੰਜਾਬ ਸਰਕਾਰ ਨੂੰ ਜਦੋਂ ਇਹ ਪੱਤਰ ਪ੍ਰਾਪਤ ਹੋਇਆ ਤਾਂ ਉਸ ਨੇ ਡੀ. ਆਈ. ਜੀ. ਮੇਜਰ ਮੈਕਐਂਡਰੀਓ ਨੂੰ ਇਸ ਪੱਤਰ ਉੱਤੇ ਕਾਰਵਾਈ ਕਰਨ ਲਈ ਕਿਹਾ। ਉਸ ਨੇ ਗਸ਼ਤੀ ਪੱਤਰ ਜਾਰੀ ਕਰਕੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਨਾਮਧਾਰੀਆਂ ਦੀਆਂ ਕਾਰਵਾਈਆਂ ਉੱਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਬਾਰੇ ਰਿਪੋਰਟਾਂ ਪੰਜਾਬ ਸਰਕਾਰ ਨੂੰ ਭੇਜਣ। ਉੱਤਰ ਵਜੋਂ ਬਹੁਤ ਸਾਰੀਆਂ ਰਿਪੋਰਟਾਂ ਪੰਜਾਬ ਸਰਕਾਰ ਨੂੰ ਪਹੁੰਚਣੀਆਂ ਸ਼ੁਰੂ ਹੋ ਗਈਆਂ।

12 ਜੂਨ, 1863 ਨੂੰ ਮਿਸਟਰ ਗਰੀਨ, ਅਟਕ ਦੇ ਜ਼ਿਲ੍ਹਾ ਪੁਲਿਸ ਮੁੱਖੀ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 230



Sri Satguru Jagjit Singh Ji Elibrary NamdhariElibrary@gmail com

ਨੇ ਪੰਜਾਬ ਸਰਕਾਰ ਨੂੰ ਲਿਖਿਆ - "ਲਗਭਗ 16 ਸਾਲਾ ਪਹਿਲਾਂ ਅਰੋੜਾ ਜਾਤੀ ਦੇ ਬਾਲਕ ਸਿੰਘ ਨਾਮੀ ਸਿੱਖ ਨੇ ਜ਼ਿਲ੍ਹਾ ਰਾਵਲਪਿੰਡੀ ਦੇ ਹਜ਼ਰੋ ਸਥਾਨ ਤੇ ਨਵਾਂ ਫਿਰਕਾ ਚਲਾਇਆ। ਉਨ੍ਹਾਂ ਨੂੰ ਜਗਿਆਸੀ ਜਾਂ ਅਭਿਆਸੀ ਕਿਹਾ ਜਾਂਦਾ ਸੀ ਅਤੇ ਉਸ ਨੇ ਆਪਣੇ ਜੀਵਨ ਕਾਲ ਵਿਚ ਨੇੜੇ-ਤੇੜੇ ਦੇ ਇਲਾਕੇ ਵਿਚ ਆਪਣੇ ਬਹੁਤ ਸਾਰੇ ਪੈਰੋਕਾਰ ਬਣਾਏ। ਉਸ ਦੇ ਨਿਕਟ ਵਰਤੀ ਚੇਲਿਆਂ ਵਿਚੋਂ ਤਿੰਨ ਖਾਸ ਤੌਰ ਤੇ ਵਰਣਨਯੋਗ ਹਨ।

(1) ਕਾਹਨ ਸਿੰਘ (ਜੋ ਬਾਲਕ ਸਿੰਘ ਦੇ ਕਾਲਵਾਸ ਹੋਣ ਪਿਛੋਂ ਹਜ਼ਰੋਂ ਵਿਖੇ ਫਿਰਕੇ ਦਾ ਮੁੱਖੀ ਹੈ।

(2) ਲਾਲ ਸਿੰਘ (ਜੋ ਅੰਮ੍ਰਿਤਸਰ ਵਿਖੇ ਨਿਵਾਸ ਰੱਖਦਾ ਹੈ।)

(3) ਰਾਮ ਸਿੰਘ (ਜੋ ਲੁਧਿਆਣੇ ਜ਼ਿਲ੍ਹੇ ਦੇ ਭੈਣੀ ਪਿੰਡ ਦਾ ਰਹਿਣ ਵਾਲਾ ਹੈ।

ਇਸ ਫਿਰਕੇ ਦੇ ਮੁੱਖੀ (ਬਾਬਾ ਬਾਲਕ ਸਿੰਘ) ਜੋ ਛੇ ਮਹੀਨੇ ਪਹਿਲਾਂ ਕਾਲਵਾਸ ਹੋਇਆ ਹੈ ਤੋਂ ਪਿਛੋਂ ਸਰਬ ਸੰਮਤੀ ਨਾਲ ਰਾਮ ਸਿੰਘ ਨੂੰ ਉਸ ਦਾ ਉੱਤਰਅਧਿਕਾਰੀ ਪ੍ਰਵਾਨ ਕੀਤਾ ਗਿਆ ਹੈ। ਭਾਵੇਂ ਹਜ਼ਰੋਂ ਦੇ ਆਸ ਪਾਸ ਇਸ ਮਤ ਦਾ ਜ਼ੋਰ ਹੁਣ ਘੱਟ ਗਿਆ ਹੈ ਪਰ ਹੁਣ ਉਸ ਦੇ ਉੱਤਰਅਧਿਕਾਰੀ ਸਤਿਗੁਰੂ ਰਾਮ ਸਿੰਘ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਇਹ ਮੱਤ ਜ਼ੋਰ ਸ਼ੋਰ ਨਾਲ ਵੱਧ ਫੁੱਲ ਰਿਹਾ ਹੈ।

ਮੇਜਰ ਮੈਕਐਂਡਰੀਓ ਨੇ ਫਿਰੋਜ਼ਪੁਰ ਦੇ ਜ਼ਿਲ੍ਹਾ ਪੁਲਿਸ ਮੁੱਖੀ ਲੈਂਫਟੀਨੈਂਟ ਹੈਮੀਲਟਨ ਨੂੰ ਹਦਾਇਤ ਕੀਤੀ ਸੀ ਕਿ ਉਹ ਵਿਸਾਖੀ ਦੇ ਸਮੇਂ ਅੰਮ੍ਰਿਤਸਰ ਜਾ ਕੇ ਮੇਜਰ ਮਰਸਰ ਨਾਲ ਮਿਲ ਕੇ ਰਾਮ ਸਿੰਘ ਬਾਰੇ ਵੇਰਵੇ ਸਹਿਤ ਰਿਪੋਰਟ ਭੇਜੇ ਕਿ ਉਸ ਦੀ ਅਸਲੀ ਮਨਸ਼ਾ ਕੀ ਹੈ ?

[1*]ਸਤਿਗੁਰੂ ਰਾਮ ਸਿੰਘ ਜੀ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਸੰਗਤ ਸਮੇਤ 11 ਅਪ੍ਰੈਲ, 1863 ਨੂੰ ਅੰਮ੍ਰਿਤਸਰ ਪਹੁੰਚੇ। ਉਨ੍ਹਾਂ ਨੇ ਬਿਬੇਕਸਰ ਤੇ ਆਪਣਾ ਡੇਰਾ ਕੀਤਾ। ਰਸਤੇ ਵਿਚ ਕਿਸੇ ਨੇ ਸਤਿਗੁਰੂ ਜੀ ਤੋਂ ਪੁੱਛਿਆ - ਲੋਕ ਸਾਥੋਂ ਪੁੱਛਦੇ ਹੈਨ ਕੀ ਨਾਉਂ ਹੈ ਪੰਥ ਦਾ, ਕੀ ਦੱਸੀਏ ? ਸਤਿਗੁਰੂ ਜੀ ਬਚਨ ਕੀਤਾ ਕੂਕਾ ਨਾਮ ਕਹਿ ਦਿਆ ਕਰੋ। ਜੋ ਪੁੱਛੇ ਸੋ ਤਿਸਕੋ ਕੂਕਾ ਹੀ ਕੈਹਣਾ। ਸੋ ਫਿਰ 'ਕੂਕਾ' ਹੀ ਅੱਲ ਪੈ ਗਈ। ਉਂਜ ਤੇ 'ਨਾਮਧਾਰੀ' ਪੰਥ ਦਾ ਨਾਮ ਹੈ"

## 1863 ਦੀ ਅੰਮ੍ਰਿਤਸਰ ਦੀ ਵਿਸਾਖੀ

11 ਅਪ੍ਰੈਲ, 1863 ਨੂੰ ਸਤਿਗੁਰੂ ਰਾਮ ਸਿੰਘ ਜੀ ਵੱਡੀ ਗਿਣਤੀ ਵਿਚ

---

[1*] ਇਸ ਮਤ ਨੂੰ ਸਤਿਗੁਰੂ ਬਾਲਕ ਸਿੰਘ ਨੇ ਕਈ ਸਾਲ ਪਹਿਲਾਂ ਆਰੰਭ ਕਰ ਦਿੱਤਾ ਸੀ। ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 230



Sri Satguru Jagjit Singh Ji Elibrary NamdhariElibrary@gmail.com

ਸੰਗਤ ਸਮੇਤ ਅੰਮ੍ਰਿਤਸਰ ਪੁੱਜੇ। ਪੰਜਾਬ ਪੁਲਿਸ ਦੇ ਮੁੱਖੀ ਮੇਜਰ ਮੈਕਐਂਡਰੀਓ ਵਲੋਂ ਵੱਖ ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਮੁੱਖੀਆਂ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਹੋ ਚੁੱਕੀਆਂ ਸਨ ਕਿ ਉਹ ਨਾਮਧਾਰੀ ਮੱਤ ਤੇ ਪੈਰੋਕਾਰਾਂ ਬਾਰੇ ਨਿਗਰਾਨੀ ਰੱਖਣ ਅਤੇ ਪੰਜਾਬ ਸਰਕਾਰ ਨੂੰ ਬਾਕਾਇਦਾ ਰਿਪੋਰਟਾਂ ਭੇਜਦੇ ਰਹਿਣ।

ਜਦੋਂ ਸਤਿਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਕੁਝ ਸਿਪਾਹੀਆਂ ਨੇ ਉਨ੍ਹਾਂ ਨੂੰ ਕਿਹਾ ਕਿ ਆਪ ਥੋੜ੍ਹੇ ਸਿੰਘਾਂ ਨਾਲ ਇਸ ਦਰਵਾਜ਼ੇ ਰਾਹੀਂ ਜਾਓ ਤੇ ਬਾਕੀ ਸਿੰਘ ਦੂਜਿਆਂ ਦਰਵਾਜ਼ਿਆਂ ਰਾਹੀਂ ਡੇਰੇ ਤੋਂ ਪਹੁੰਚ ਜਾਣ। ਇਹ ਗੱਲ ਸ਼ਾਇਦ ਭੀੜ-ਭੜੱਕੇ ਦੇ ਡਰ ਤੋਂ ਕਹੀ ਗਈ ਹੋਵੇ ਕਿਉਂ ਜੋ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਵਿਚ ਹਰ ਸਾਲ ਲੋਕਾਂ ਦਾ ਬਹੁਤ ਵੱਡਾ ਇਕੱਠ ਹੋ ਜਾਂਦਾ ਹੈ।

ਸਤਿਗੁਰੂ ਜੀ ਨੇ ਬਿਬੇਕਸਰ ਵਿਖੇ ਡੇਰਾ ਕੀਤਾ, ਜਿੱਥੇ ਨਾਮ-ਬਾਣੀ ਤੇ ਕਥਾ ਕੀਰਤਨ ਦਾ ਪ੍ਰਵਾਹ ਸਤਿਗੁਰੂ ਜੀ ਦੇ ਦੀਵਾਨ ਵਿਚ ਨਿਰੰਤਰ ਚਲਦਾ ਰਿਹਾ। ਇਸ ਸਮੇਂ ਸੰਗਤ ਦੀ ਗਿਣਤੀ ਹਜ਼ਾਰਾਂ ਤੱਕ ਪੁੱਜ ਗਈ ਸੀ। ਸਾਰੀ ਸੰਗਤ ਬੜੇ ਅਨੁਸ਼ਾਸਣ ਵਿਚ ਵਿਚਰਦੀ ਸੀ ਜਿਸ ਦੀ ਪ੍ਰਸ਼ੰਸਾ ਉਸ ਸਮੇਂ ਦੇ ਅੰਗਰੇਜ਼ ਅਧਿਕਾਰੀਆਂ ਨੇ ਵੀ ਕੀਤੀ ਹੈ।

ਲੈਫੀਨੈਂਟ ਹੈਮਲਿਟਨ ਸੁਪਰਇੰਨਟੈਂਡੈਂਟ ਫਿਰੋਜ਼ਪੁਰ, ਡੀ. ਆਈ. ਜੀ. ਪੁਲਿਸ ਮੇਜਰ ਮੈਕਐਂਡਰੀਓ ਦੇ ਆਦੇਸ਼ ਅਨੁਸਾਰ ਅੰਮ੍ਰਿਤਸਰ ਪੁੱਜਾ, ਉਸ ਨੇ ਸਤਿਗੁਰੂ ਰਾਮ ਸਿੰਘ ਬਾਰੇ ਨਿਮਨ ਲਿਖਤ ਰਿਪੋਰਟ ਭੇਜੀ :

[1*]"11 ਅਪ੍ਰੈਲ 1863 ਨੂੰ ਮੈਂ ਆਪਣੀ ਪਾਰਟੀ ਸਮੇਤ ਅੰਮ੍ਰਿਤਸਰ ਪੁੱਜਾ ਅਤੇ ਇਹ ਪਤਾ ਲੱਗਾ ਕਿ ਉਨ੍ਹਾਂ ਦਾ ਆਗੂ ਰਾਮ ਸਿੰਘ ਹੈ ਜੋ ਹਲਕਾ ਫੁਲਕਾ 5 ਫੁੱਟ, 10 ਇੰਚ ਦਾ ਵਿਅਕਤੀ ਹੈ, ਜਿਸ ਦਾ ਰੰਗ ਗੋਰਾ ਹੈ, ਚਿਹਰੇ ਉੱਤੇ ਮਾਤਾ ਦੇ ਦਾਗ ਹਨ, ਉਸ ਦੀਆਂ ਅੱਖਾਂ ਸ਼ਰਬਤੀ, ਚਿਹਰਾ ਤੇ ਨੱਕ ਲੰਮਾ ਹੈ, ਮੁੱਛਾਂ ਤੇ ਦਾੜੀ ਭੂਰੀ ਹੈ। ਜਾਤ ਦਾ ਤਰਖਾਣ ਸਿੱਖ ਹੈ। ਗੁਰਮੁਖੀ ਲਿਖ ਪੜ੍ਹ ਸਕਦਾ ਹੈ ਅਤੇ ਕੁਝ ਸਮਾਂ ਉਸ ਨੇ ਰਾਜਗੀਰੀ ਦਾ ਕੰਮ ਵੀ ਕੀਤਾ ਹੈ।"

ਮੇਜਰ ਮਰਸਰ ਨਾਲ ਮਿਲ ਕੇ ਉਸ ਦੇ ਅਸਲੀ ਇਰਾਦਿਆਂ ਬਾਰੇ ਪਤਾ ਕੀਤਾ ਗਿਆ ਹੈ।"

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਮੇਜਰ ਮਰਸਰ ਨੇ 11 ਅਪ੍ਰੈਲ ਤੋਂ ਪਿਛੋਂ ਆਪਣੀ ਰਿਪੋਰਟ ਵਿਚ ਲਿਖਿਆ – "ਅੰਮ੍ਰਿਤਸਰ ਵਿਖੇ ਉਸ ਦੇ ਬਹੁਤ ਸਾਰੇ ਪੈਰੋਕਾਰ ਰਿਸ਼ਟ ਪੁਸ਼ਟ ਨੌਜਵਾਨ ਸਨ, ਹਰ ਇਕ ਦੇ ਹੱਥ ਵਿਚ ਮਜਬੂਤ ਲਾਠੀ ਸੀ। ਉਸ ਨੇ ਸਾਨੂੰ ਦੱਸਿਆ ਹੈ ਕਿ ਮੇਲੇ ਦੀ ਸਮਾਪਤੀ ਪਿਛੋਂ ਉਹ ਆਪਣੇ ਘਰ ਵਾਪਸ ਜਾ ਰਿਹਾ ਹੈ। ਉਸ ਨੇ ਆਪਣੇ ਪ੍ਰਵਚਨਾਂ ਤੇ ਗੱਲਬਾਤ ਵਿਚ

[1*] ਨਾਹਰ ਸਿੰਘ, ਕ੍ਰਿਪਾਲ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 2



Sri Satguru Jagjit Singh Ji Elibrary NamdhariElibrary@gmail.com

ਕਿਸੇ ਵੀ ਬਾਗੀਆਨਾ ਭਾਸ਼ਾ ਦੀ ਵਰਤੋਂ ਨਹੀਂ ਕੀਤੀ। ਉਹ ਅਮਨਸ਼ਾਂਤੀ ਵਿਚ ਵਿਚਰਨ ਵਾਲਾ ਹੈ। ਇਸ ਲਈ ਮੇਲੇ ਵਿਚ ਉਸ ਦੇ ਕਾਰਜਾਂ ਵਿਚ ਕਿਸੇ ਤਰ੍ਹਾਂ ਦੇ ਦਖਲ ਦੇਣ ਦੀ ਲੋੜ ਨਹੀਂ ਸਮਝੀ ਗਈ।

ਡਿਪਟੀ ਇੰਸਪੈਕਟਰ ਜਰਨਲ ਪੁਲਿਸ, ਡਿਪਟੀ ਕਮਿਸ਼ਨਰ ਸੁਪਰਇੰਨਟੈਂਡੈਂਟ ਪੁਲਿਸ ਨਾਲ ਉਸ ਨੂੰ ਮਿਲਨ ਗਏ ਹਨ। ਉਸ ਨੇ ਇਨ੍ਹਾਂ ਅਧਿਕਾਰੀਆਂ ਦੇ ਇਸ ਸੁਝਾ ਨੂੰ ਪ੍ਰਵਾਨ ਕਰ ਲਿਆ ਹੈ ਕਿ ਉਹ ਆਪਣੇ ਬਹੁਤ ਸਾਰੇ ਪੈਰੋਕਾਰਾਂ ਨੂੰ ਇਥੋਂ ਆਪਣੇ ਘਰਾਂ ਨੂੰ ਜਾਣ ਲਈ ਕਹਿ ਦੇਵੇਗਾ। ਇਸ ਲਈ ਉਸ ਨੂੰ ਉਸ ਦੀ ਇੱਛਾ ਅਨੁਸਾਰ ਹੀ ਵਿਚਰਨ ਦਿੱਤਾ ਗਿਆ ਹੈ।"

ਸਤਿਗੁਰੂ ਜੀ ਵਿਸਾਖੀ ਦੇ ਮੇਲੇ ਪਿਛੋਂ ਪਿੰਡਾਂ ਵਿਚੋਂ ਹੁੰਦੇ ਹੋਏ ਪੜਾਉ-ਪੜਾਈ ਭੈਣੀ ਸਾਹਿਬ ਪਹੁੰਚ ਗਏ।

## ਹਜ਼ਰੋ ਦੀ ਸੰਗਤ ਦਾ ਵਾਪਸ ਪਰਤਣਾ :

ਜਦੋਂ ਹਰਿਦੁਆਰ ਤੋਂ ਹਜ਼ਰੋਂ ਦੀ ਸੰਗਤ ਸਤਿਗੁਰੂ ਬਾਲਕ ਸਿੰਘ ਜੀ ਦੀ ਅਸਥੀਆਂ ਨੂੰ ਪ੍ਰਵਾਹਿਤ ਕਰਕੇ ਵਾਪਸ ਹਜ਼ਰੋਂ ਨੂੰ ਜਾ ਰਹੀ ਸੀ ਤਾਂ ਸਤਿਗੁਰੂ ਜੀ ਮੁਠੱਡੇ ਵਿਖੇ ਦੀਵਾਨ ਸਜ਼ਾ ਰਹੇ ਸਨ। ਹਜ਼ਰੋਂ ਦੀ ਸੰਗਤ ਨੂੰ ਮਿਲ ਕੇ ਦੋਹਾਂ ਧਿਰਾਂ ਨੂੰ ਅਪਾਰ ਖੁਸ਼ੀ ਹੋਈ। ਇਸ ਸੰਗਤ ਵਿਚ ਸਤਿਗੁਰੂ ਬਾਲਕ ਸਿੰਘ ਜੀ ਦੇ ਭਾਈ ਮੰਨਾ ਸਿੰਘ ਤੇ ਭੈਣ ਦਾਤੋ ਜੀ ਵੀ ਸਨ। ਸਤਿਗੁਰੂ ਰਾਮ ਸਿੰਘ ਜੀ ਤੋਂ ਖੁਸ਼ੀਆਂ ਪ੍ਰਾਪਤ ਕਰਕੇ ਸੰਗਤ ਹਜ਼ਰੋਂ ਨੂੰ ਰਵਾਨਾ ਹੋ ਗਈ।

ਹਜ਼ਰੋਂ ਪਹੁੰਚ ਕੇ ਭਾਈ ਮੰਨਾ ਸਿੰਘ ਨੇ ਸਤਿਗੁਰੂ ਬਾਲਕ ਸਿੰਘ ਦੀ ਬਾਗੀਚੀ ਵਾਲੇ ਸਥਾਨ ਤੇ ਦੇਹੁਰਾ ਬਣਾਇਆ ਅਤੇ ਆਪਣੇ ਪੁੱਤਰ ਕਾਨ੍ਹ ਸਿੰਘ ਜੀ ਨੂੰ ਉਸ ਸਥਾਨ ਦਾ ਮਹੰਤ ਥਾਪਿਆ। ਇਸ ਪੂਜਨੀਕ ਸਥਾਨ ਤੇ ਨਿੱਤ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਸ਼ਾਮ ਦਾ ਦੀਵਾਨ ਸੱਜਦਾ। ਬਾਬਾ ਸੰਗਤਾ ਜੀ ਜਿਸ ਨੂੰ ਸਤਿਗੁਰੂ ਬਾਲਕ ਸਿੰਘ ਵਲੋਂ ਨਾਮ ਦੇਣ ਦੀ ਆਗਿਆ ਸੀ, ਮਸਤਾਨੀ ਬਿਰਤੀ ਵਿਚ ਹੀ ਵਿਚਰਦੇ ਰਹੇ।

## ਸਮਾਜ ਸੁਧਾਰ ਦੀਆਂ ਵਿਸ਼ੇਸ਼ ਕਾਰਵਾਈਆਂ

1863 ਦੀ ਵਿਸਾਖੀ ਦੇ ਦੀਵਾਨ ਵਿਚ ਹੀ ਸਮਾਜ ਸੁਧਾਰ ਦੇ ਬਹੁਤ ਸਾਰੇ ਕਾਰਜਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ। ਉਸ ਸਮੇਂ ਸਮਾਜ ਵਿਚ ਕਈ ਕੁਰੀਤੀਆਂ ਅੰਧਵਿਸ਼ਵਾਸਾਂ ਉੱਤੇ ਆਧਾਰਿਤ ਕਈ ਮਨੌਤਾਂ ਤੇ ਧਾਰਨਾਵਾਂ ਪ੍ਰਚਲਿਤ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਜਿੱਥੇ ਨਾਮ ਦੀ ਦਾਤ ਬਖਸ਼ ਕੇ ਪ੍ਰਾਣੀ ਮਾਤਰ ਦੇ ਆਤਮਿਕ ਉਥਾਨ ਵੱਲ ਧਿਆਨ ਦਿੱਤਾ, ਉੱਥੇ ਸਮਾਜ ਸੁਧਾਰ ਦੇ ਕਈ ਕਲਿਆਣਕਾਰੀ ਕਾਰਜਾਂ ਨੂੰ ਪ੍ਰਚਲਿਤ ਕਰਕੇ ਸਮਾਜ ਵਿਚ ਕਈ



Sri Satguru Jagjit Singh Ji Elibrary NamdhariElibrary@gmail.com

ਕ੍ਰਾਂਤੀਕਾਰੀ ਪਰਿਵਰਤਨ ਵੀ ਲੈ ਆਂਦੇ।

ਨਾਮ-ਬਾਣੀ ਦੇ ਧਾਰਮਿਕ ਕਰਮਾਂ ਦੇ ਨਾਲ ਨਾਲ ਖਾਣ-ਪਾਣ ਤੇ ਪਹਿਰਾਵੇ ਵੱਲ ਵੀ ਉੱਚੇਚਾ ਧਿਆਨ ਦਿੱਤਾ ਗਿਆ। ਮਾਸ-ਸ਼ਰਾਬ ਅਤੇ ਤੰਮਾਕੂ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਮਨਾਹੀ ਕਰ ਦਿੱਤੀ ਗਈ। ਪਾਣੀ ਭਰਨ ਲਈ ਚਮੜੇ ਦੇ ਬੋਕਿਆਂ ਤੇ ਮਸਕਾਂ ਦੀ ਵਰਤੋਂ ਬੰਦ ਕਰਵਾਈ ਗਈ। ਘਰਾਂ ਵਿਚ ਸੁੱਚ-ਸੋਧ ਤੇ ਸਫ਼ਾਈ ਰੱਖਣ ਲਈ ਤਾਕੀਦ ਕੀਤੀ ਗਈ। ਸਤਿਗੁਰੂ ਜੀ ਵੱਲੋਂ ਦਿੱਤੇ ਜਾਂਦੇ ਨਾਮ ਦੀ ਸ਼ਕਤੀ ਦਾ ਇਕ ਉਦਾਹਰਣ ਰਾਏਪੁਰ ਦੇ ਬਾਬਾ ਦਰਬਾਰਾ ਸਿੰਘ ਦੇ ਜੀਵਨ ਵਿਚ ਆਏ ਆਤਮਿਕ ਪਰਿਵਰਤਨ ਤੋਂ ਪਤਾ ਲੱਗ ਜਾਂਦਾ ਹੈ ਬਾਬਾ ਦਰਬਾਰਾ ਸਿੰਘ ਮਾਸ, ਸ਼ਰਾਬ ਤੇ ਹੋਰ ਨਸ਼ਿਆਂ ਵਿਚ ਸਦਾ ਗੜੂੰਦ ਰਹਿੰਦਾ ਸੀ ਪਰ ਜਦੋਂ ਸਤਿਗੁਰੂ ਜੀ ਨੇ ਉਸ ਨੂੰ ਨਾਮ ਦੀ ਬਖਸ਼ਿਸ਼ ਕੀਤੀ ਤਾਂ ਉਹ ਨਾ ਕੇਵਲ ਮਾਸ ਸ਼ਰਾਬ ਦੀ ਵਰਤੋਂ ਹੀ ਭੁੱਲ ਗਿਆ ਸਗੋਂ ਨਾਮਧਾਰੀ ਇਤਿਹਾਸ ਵਿਚ ਇੱਕ ਉੱਘੇ ਸੇਵਕ ਵਜੋਂ ਵੀ ਆਪਣਾ ਨਾਮ ਉੱਜਲ ਕਰ ਗਿਆ।

### ਇਸਤਰੀ ਸਮਾਜ ਉਤੇ ਬਖਸ਼ਿਸ਼ਾਂ

ਪੁਸਤਕ ਸਪਤ ਸ੍ਰਿੰਗ ਦੇ ਇਕ ਨਿਬੰਧ 'ਬਾਬਾ ਰਾਮ ਸਿੰਘ' ਵਿਚ ਲੇਖਕ (ਸ. ਕਪੂਰ ਸਿੰਘ ਆਈ. ਸੀ. ਐਸ.) ਨੇ ਇਸ ਗੱਲ ਦਾ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਹੈ ਕਿ ਜੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਕੀਤੇ ਗਏ ਹੋਰ ਧਾਰਮਿਕ ਤੇ ਸਾਮਾਜਿਕ ਸੁਧਾਰਾਂ ਨੂੰ ਅੱਖੋਂ ਪਰੋਖੇ ਵੀ ਕਰ ਦਈਏ ਤਾਂ ਇਸਤਰੀ ਸਮਾਜ ਉਪਰ ਉਨ੍ਹਾਂ ਵਲੋਂ ਕੀਤੇ ਗਏ ਉਪਕਾਰ ਆਪਣੇ ਆਪ ਉਨ੍ਹਾਂ ਨੂੰ ਸਭ ਤੋਂ ਵੱਡਾ ਸਮਾਜ ਸੁਧਾਰਕ ਤੇ ਪਰਿਵਰਤਕ ਸਿੱਧ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਸਤਰੀ ਜਾਤੀ ਨੂੰ "ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ" ਕਹਿ ਕੇ ਸਤਿਕਾਰਿਆ ਗਿਆ ਹੈ। ਸਿੱਖ ਇਤਿਹਾਸ ਦੇ ਪੰਨਿਆਂ ਉੱਤੇ ਕਈ ਅਜਿਹੀਆਂ ਇਸਤਰੀਆਂ ਦਾ ਵਰਣਨ ਆਉਂਦਾ ਹੈ, ਜਿਨ੍ਹਾਂ ਨੇ ਆਪਣੇ ਆਪਣੇ ਸਮੇਂ ਉਲੇਖਨੀਯ ਕਾਰਜ ਕੀਤੇ ਹਨ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ, ਮਾਤਾ ਭਾਈ ਜੀ, ਮਾਤਾ ਗੰਗਾ ਜੀ ਅਤੇ ਸਰਹੰਦ ਵਿਖੇ ਸ਼ਹੀਦੀ ਪ੍ਰਾਪਤ ਕਰਨ ਵਾਲੀ ਮਾਤਾ ਗੁਜਰੀ ਜੀ ਨੂੰ ਕੌਣ ਭੁਲਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਸਭ ਤੋਂ ਵੱਡਾ ਉਦਾਹਰਣ ਨਿਰਸੰਤਾਨ ਮਾਤਾ ਸਾਹਿਬ ਦੇਵੀ ਜੀ ਦੀ ਝੋਲੀ ਵਿਚ ਖਾਲਸਾ ਪੰਥ ਨੂੰ ਪਾ ਦੇਣਾ ਅਤੇ ਉਸ ਨੂੰ ਸਾਰੇ ਖਾਲਸੇ ਦੀ ਮਾਤਾ ਦੇ ਰੂਪ ਵਿਚ ਸਤਿਕਾਰ ਦੇਣਾ ਇਕ ਅਦੁੱਤੀ ਕਰਾਮਾਤ ਤੋਂ ਘੱਟ ਨਹੀਂ ਸੀ। ਮਾਈ ਭਾਗੋ ਜਿਸ ਨੇ ਆਨੰਦਪੁਰ ਵਿਖੇ ਬੇਦਾਵਾ ਦੇ ਆ ਸਿੱਖਾਂ ਨੂੰ ਮੁੜ ਮੁਕਤਸਰ ਦੇ ਮੈਦਾਨ ਵਿਚ ਸ਼ਹੀਦ ਹੋਣ ਲਈ ਵੰਗਾਰ ਪਾਈ ਸੀ, ਸਿੱਖ ਇਤਿਹਾਸ ਦੀ ਉੱਘੀ ਸ਼ਖਸੀਅਤ ਹੈ। ਉਸੇ ਦੀ ਪ੍ਰੇਰਨਾ ਸਦਕਾ 4



Sri Satguru Jagjit Singh Ji Elibrary NamdhariElibrary@gmail.com

ਮੁਕਤਿਆਂ ਨੇ ਮੁਕਤਸਰ ਵਿਖੇ ਸ਼ਹੀਦੀਆਂ ਪਾਈਆਂ ਸਨ।

18ਵੀਂ ਸਦੀ ਦੇ ਪਹਿਲੇ ਅੱਧ ਵਿਚ ਖਾਲਸਾ ਪੰਥ ਨੂੰ ਮਾਤਾ ਸੁੰਦਰੀ ਜੀ ਵਲੋਂ ਜਿਹੜੇ ਆਦੇਸ਼ ਪ੍ਰਾਪਤ ਹੁੰਦੇ ਸਨ, ਸਮੁੱਚਾ ਖਾਲਸਾ ਪੰਥ ਉਨ੍ਹਾਂ ਉਤੇ ਪਹਿਰਾ ਦਿੰਦਾ ਸੀ। ਇਸਤਰੀ ਜਾਤੀ ਦਾ ਤਿਰਸਕਾਰ ਅਠਾਰ੍ਹਵੀਂ ਸਦੀ ਵਿਚ ਜਦੋਂ ਕਿ ਖਾਲਸੇ ਨੂੰ ਬਹੁਤ ਵੱਡੇ ਸੰਗਰਾਮ ਕਰਨੇ ਪਏ, ਵਿਚ ਲਗਾਤਾਰ ਜਾਰੀ ਰਿਹਾ। ਮੁਗਲ ਹਾਕਮ ਤੇ ਵਿਦੇਸ਼ੀ ਧਾਵੇਕਾਰ ਪੰਜਾਬ ਵਿਚੋਂ ਬਹੁਤ ਸਾਰੀਆਂ ਇਸਤਰੀਆਂ ਨੂੰ ਜਬਰਦਸਤੀ ਉਧਾਲ ਕੇ ਲੈ ਜਾਂਦੇ ਸਨ। ਅਜਿਹੇ ਸਮਾਚਾਰਾਂ ਦਾ ਹਿਰਦੇਵੇਦਿਕ ਵਰਣਨ ਤਾਂ ਗੁਰੂ ਨਾਨਕ ਦੀ ਬਾਬਰ ਬਾਣੀ ਵਿਚੋਂ ਹੀ ਮਿਲ ਜਾਂਦਾ ਹੈ। 18ਵੀਂ ਸਦੀ ਵਿਚ ਵੀ ਮੁਗਲ ਹਾਕਮਾਂ ਤੇ ਵਿਦੇਸ਼ੀ ਹਮਲਾਵਰਾਂ ਦੀਆਂ ਇਸਤਰੀ ਪ੍ਰਤੀ ਕਠੋਰ ਜ਼ੁਲਮ ਦੀਆਂ ਘਟਨਾਵਾਂ ਵੱਡੀ ਗਿਣਤੀ ਵਿਚ ਵਾਪਰਦੀਆਂ ਰਹੀਆਂ ਜਿੱਥੇ ਉਹ ਬਹੁਤ ਸਾਰੀਆਂ ਹਿੰਦੂ ਇਸਤਰੀਆਂ ਨੂੰ ਜਬਰਦਸਤੀ ਲੈ ਜਾਂਦੇ। ਉਥੇ ਖਾਲਸੇ ਦੇ ਦਲ ਉਨ੍ਹਾਂ ਹਮਲਾਵਰਾਂ ਦਾ ਪਿੱਛਾ ਕਰਕੇ ਉਨ੍ਹਾਂ ਬੀਬੀਆਂ ਨੂੰ ਛੁਡਾ ਕੇ ਉਨ੍ਹਾਂ ਨੂੰ ਘਰੋ-ਘਰੀ ਪੁਚਾ ਦਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਸੀ।

'ਨਿੱਜ ਨਾਰੀ ਕੇ ਸੰਗ, ਨਿਹੌਂ ਤੁਮ ਨਿਤ ਬਢਯਿਓ,<br>
ਪਰ ਨਾਰੀ ਕੀ ਸੇਜ, ਭੂਲ ਸੁਪਨੇ ਮਤ ਜਈਉ ਨਾ ਜਾਈਓ।

ਇਸ ਲਈ ਖਾਲਸੇ ਨੇ ਆਪਣੇ ਲੰਮੇ ਸੰਘਰਸ਼ਮਈ ਇਤਿਹਾਸ ਵਿਚ ਨਾ ਕਿਸੇ ਇਸਤਰੀ ਦੀ ਬੇਪਤੀ ਹੀ ਕੀਤੀ, ਨਾ ਕਿਸੇ ਦਾ ਉਧਾਲਾ ਹੀ ਕੀਤਾ। ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਦੀ ਕਥਾ ਵਸਤੂ ਇਸ ਦਾ ਇਕ ਸੁੰਦਰ ਪ੍ਰਮਾਣ ਹੈ, ਜੋ ਇਕ ਇਤਿਹਾਸਕ ਘਟਨਾ ਉੱਤੇ ਆਧਾਰਿਤ ਹੈ।

ਪਰ ਸਿੱਖ ਮਿਸਲ ਕਾਲ ਵਿਚ ਜਦੋਂ ਸਿੱਖ ਸਰਦਾਰਾ ਤੇ ਮਿਸਲਦਾਰਾਂ ਨੂੰ ਹਾਕਮੀ ਕਰਣ ਦਾ ਮੌਕਾ ਮਿਲਿਆ, ਤਾਂ ਸਹਿਜੇ-ਸਹਿਜੇ ਕਈ ਕੁਰੀਤੀਆਂ ਸਿੱਖ ਸਮਾਜ ਵਿਚ ਵੀ ਆਉਣ ਲੱਗ ਪਈਆਂ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਕਾਲ ਵਿਚ ਜਿਸ ਦੀ ਪ੍ਰਭੁਤਾ ਤੇ ਸ਼ਾਨ ਦੇ ਸਿੱਖ ਇਤਿਹਾਸਕਾਰਾਂ ਨੇ ਸੋਹਲੇ ਗਾਏ ਹਨ, ਉਥੇ ਇਸਤਰੀ ਜਾਤੀ ਦੀ ਅਧੋਗਤੀ ਦੇ ਕਈ ਉਦਾਹਰਨ ਮਿਲ ਜਾਂਦੇ ਹਨ। ਸ਼ਾਹੀ ਘਰਾਣੇ ਤੇ ਸਿਖ ਸਰਦਾਰਾਂ ਨੇ ਬਹੁ-ਪਤਨੀ ਪ੍ਰਥਾ ਨੂੰ ਨਾ ਕੇਵਲ ਜਾਰੀ ਰੱਖਿਆ, ਸਗੋਂ ਇਸ ਵਿਚ ਬਹੁਤ ਵਾਧਾ ਕੀਤਾ। ਮਾਸ, ਸ਼ਰਾਬ ਤੇ ਤਾਮਸੀ ਭੋਜਨਾਂ ਦੀ ਵਰਤੋਂ ਸਿੱਖਾਂ ਦੀ ਉਪਰਲੀ ਸ਼੍ਰੇਣੀ ਵਿਚ ਆਮ ਹੋ ਚੁੱਕੀ ਸੀ। ਇਸਤਰੀਆਂ ਵਿਚ ਸਤੀ ਦਾ ਰਿਵਾਜ ਮੁੜ ਪ੍ਰਚਲਿਤ ਹੋ ਗਿਆ। ਵੇਸਵਾ, ਰਾਮਨੀ ਤੇ ਸੁੰਦਰ ਇਸਤਰੀਆਂ ਦੇ ਨਾਚ-ਗਾਣਿਆਂ ਦੀਆਂ ਮਹਿਫਲਾਂ ਦਾ ਆਮ ਰਿਵਾਜ਼ ਹੋ ਗਿਆ। ਜੰਮਦੀਆਂ ਕੁੜੀਆਂ ਨੂੰ ਮਾਰਨ ਦੀ ਕੁਰੀਤੀ ਵੀ



Sri Satguru Jagjit Singh Ji Elibrary NamdhariElibrary@gmail.com

ਪ੍ਰਚਲਿਤ ਹੋ ਗਈ। ਇਨ੍ਹਾਂ ਸਾਰੀਆਂ ਸਾਮਾਜਿਕ ਹਾਲਤਾਂ ਨੂੰ ਮੁਖ ਰਖ ਕੇ ਇਸਤਰੀ ਸਮਾਜ ਵਿਚ ਸੁਧਾਰ ਲਿਆਉਣਾ ਬਹੁਤ ਜ਼ਰੂਰੀ ਸੀ ਤੇ ਇਹ ਬੀੜਾ ਸਤਿਗੁਰੂ ਰਾਮ ਸਿੰਘ ਜੀ ਨੇ ਚੁੱਕਿਆ, ਜਿਨ੍ਹਾਂ ਦੇ ਇਸ ਸੰਬੰਧੀ ਚੁੱਕੇ ਗਏ ਕਦਮਾਂ ਦੇ ਹਵਾਲੇ ਸੁਨਹਿਰੀ ਅਖਰਾਂ ਵਿਚ ਲਿਖਣਯੋਗ ਹਨ।

ਪਰ ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਇਸਤਰੀ ਸਮਾਜ ਨੂੰ ਅੰਮ੍ਰਿਤ ਦੀ ਦਾਤ ਨਹੀਂ ਸੀ ਬਖਸ਼ੀ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵਾਰ ਮਾਈਆਂ ਨੂੰ ਅੰਮ੍ਰਿਤ ਛਕਾਇਆ ਅਤੇ ਵਿਸ਼ੇਸ਼ ਰਹਿਤ ਮਰਿਯਾਦਾ ਦੇ ਧਾਰਨੀ ਬਣਾਇਆ।

1863 ਦੇ ਵਿਸਾਖੀ ਦੇ ਪੁਰਬ ਸਮੇਂ ਹੀ ਕੁਝ ਵਿਚਾਰਾਂ ਸਮਾਜ ਵਿਚ ਨਵੇਂ ਸੁਧਾਰਾਂ ਬਾਰੇ ਕੀਤੀਆਂ ਗਈਆਂ। ਇਨ੍ਹਾਂ ਸੁਧਾਰਾਂ ਨੂੰ ਅਮਲੀ ਰੂਪ ਦੇਣਾ ਅਤੀ ਅਵਸ਼ਕ ਸਮਝਿਆ ਗਿਆ।

ਵਿਸਾਖੀ ਦੇ ਦੀਵਾਨ ਦੀ ਸਮਾਪਤੀ ਪਿਛੋਂ ਬਹੁਤ ਸਾਰੀਆਂ ਸੰਗਤਾਂ ਆਪਣੇ ਘਰਾਂ ਨੂੰ ਚੱਲੀਆਂ ਗਈਆਂ ਪਰ ਸਤਿਗੁਰੂ ਜੀ ਆਪਣੀ ਨਿਕਟਵਰਤੀ ਸੰਗਤ ਸਮੇਤ ਅੰਮ੍ਰਿਤਸਰ, ਕਪੂਰਥਲਾ ਤੇ ਜਲੰਧਰ ਦੇ ਕਈ ਪਿੰਡਾਂ ਦਾ ਦੌਰਾ ਕਰਦੇ ਹੋਏ ਵਾਪਸ ਭੈਣੀ ਸਾਹਿਬ ਆ ਗਏ। ਪ੍ਰਜ਼ਕੋਟ ਦੇ ਜੋਗਾ ਸਿੰਘ ਨੇ ਆਪਣੀ ਪੁੱਤਰੀ ਦਾ ਵਿਆਹ, ਨਵੀਂ ਨਾਮਧਾਰੀ ਰੀਤੀ ਅਨੁਸਾਰ ਕਰਨ ਲਈ ਬੇਨਤੀ ਕੀਤੀ। ਸਤਿਗੁਰੂ ਜੀ ਜਾਣਦੇ ਸਨ ਕਿ ਸਦੀਆਂ ਪੁਰਾਣੀਆਂ ਸਾਮਾਜਿਕ ਰੀਤੀਆਂ ਜਿਨ੍ਹਾਂ ਨਾਲ ਕਈ ਪੀੜ੍ਹੀਆਂ ਤੋਂ ਚਲੇ ਆ ਰਹੇ ਸੰਸਕਾਰ ਜੁੜੇ ਹੁੰਦੇ ਹਨ, ਨੂੰ ਬਦਲਣਾ ਕੋਈ ਸਧਾਰਨ ਕੰਮ ਨਹੀਂ ਹੁੰਦਾ, ਇਸ ਲਈ ਅਜਿਹੀਆਂ ਨਵੀਆਂ ਰੀਤੀਆਂ ਨੂੰ ਸਮਾਜ ਵਿਚ ਚਾਲੂ ਕਰਨ ਲਈ ਬੜੀ ਵੱਡੀ ਲਹਿਰ ਚਲਾਉਣ ਦੀ ਲੋੜ ਸੀ, ਇਸ ਉਦੇਸ਼ ਲਈ ਜਿੱਥੇ ਗਿਆਨ ਤੇ ਵਿਵੇਕ ਦਾ ਆਸਰਾ ਲੈਣਾ ਜ਼ਰੂਰੀ ਸੀ, ਉੱਥੇ ਇਨ੍ਹਾਂ ਸੁਧਾਰਾਂ ਸੰਬੰਧੀ ਸੰਗਤ ਵਿਚ ਜਾਗ੍ਰਤੀ ਫੈਲਾਉਣ ਦੀ ਵੀ ਲੋੜ ਸੀ। ਅਜਿਹੀ ਨਵੀਂ ਸਾਮਾਜਿਕ ਮਰਿਯਾਦਾ ਨੂੰ ਸਥਾਪਿਤ ਕਰਨ ਲਈ ਦ੍ਰਿੜ ਇਰਾਦੇ ਦੀ ਵੀ ਲੋੜ ਸੀ। ਅਜਿਹੇ ਪਰਿਵਰਤਨ ਲਿਆਉਣ ਲਈ ਜਨਤਾ ਨੂੰ ਜਾਗਰੂਪ ਕਰਨਾ ਬੜਾ ਜ਼ਰੂਰੀ ਹੁੰਦਾ ਹੈ। ਸਤਿਗੁਰੂ ਰਾਮ ਸਿੰਘ ਆਪਣੇ ਇਨ੍ਹਾਂ ਸਾਮਾਜਿਕ ਸੁਧਾਰਾਂ ਸੰਬੰਧੀ ਆਪਣੇ ਨਿਕਟਵਰਤੀ ਸੇਵਕਾਂ ਨਾਲ ਕਾਫੀ ਚਿਰ ਤੋਂ ਵਿਚਾਰ ਵਟਾਂਦਰਾ ਕਰਦੇ ਰਹੇ ਸਨ। ਮੜ੍ਹੀਆਂ, ਗੋਰਾਂ ਤੇ ਹੋਰ ਪੀਰਾਂ ਦੀਆਂ ਦਰਗਾਹਾਂ ਬਾਰੇ ਤਾਂ ਪਹਿਲਾਂ ਹੀ ਆਪ ਨੇ 'ਮੜ੍ਹੀ ਮਸਾਣੀ ਢਾਹ ਕੇ ਕਰ ਦਿਓ ਮੈਦਾਨਾਂ ਦਾ ਅਮਲ ਸ਼ੁਰੂ ਕਰ ਦਿੱਤਾ ਸੀ।

ਪ੍ਰਜ਼ਕੋਟ ਦੇ ਜੋਗਾ ਸਿੰਘ ਨੇ ਆਪਣੀ ਪੁੱਤਰੀ ਦਾ ਵਿਆਹ ਨਵੀਂ ਰੀਤੀ ਅਨੁਸਾਰ ਕਰਨ ਲਈ ਸਤਿਗੁਰੂ ਜੀ ਅੱਗੇ ਬੇਨਤੀ ਪਹਿਲਾਂ ਹੀ ਕੀਤੀ ਹੋਈ



Sri Satguru Jagjit Singh Ji Elibrary NamdhariElibrary@gmail.com

ਸੀ। ਧੂੜਕੋਟ ਛੋਟਾ ਪਿੰਡ ਹੋਣ ਕਰਕੇ ਅਤੇ ਉੱਥੇ ਨਾਮਧਾਰੀਆਂ ਦਾ ਇਕੋ ਘਰ ਹੋਣ ਕਾਰਨ ਖੋਟੇ ਦੇ ਸਮੁੰਦ ਸਿੰਘ ਨੇ ਇਹ ਸੁਝਾ ਪੇਸ਼ ਕੀਤਾ ਕਿ ਵਿਆਹ ਦੀ ਨਵੀਂ ਰੀਤੀ ਖੋਟੇ ਪਿੰਡ ਤੋਂ ਸ਼ੁਰੂ ਕੀਤੀ ਜਾਵੇ। ਦਲੀਲ ਇਹ ਦਿੱਤੀ ਕਿ ਖੋਟਿਆਂ ਵਿਖੇ ਕਈ ਨਾਮਧਾਰੀਆਂ ਦੇ ਘਰ ਹਨ ਅਤੇ ਸਾਰੇ ਹੀ ਚੰਗੇ ਰਸੂਖ ਵਾਲੇ ਸੱਜਣ ਹਨ। ਇਸ ਲਈ ਆਨੰਦ ਵਿਆਹ ਦੀ ਨਵੀਂ ਰੀਤੀ ਨੂੰ ਆਰੰਭ ਕਰਨ ਲਈ ਖੋਟੇ ਪਿੰਡ ਦੀ ਹੀ ਚੋਣ ਕੀਤੀ ਗਈ ਅਤੇ 3 ਜੂਨ 1863 ਦਾ ਦਿਨ ਇਸ ਕਾਰਜ ਲਈ ਮਿਥਿਆ ਗਿਆ। ਇਸ ਬਾਰੇ ਆਲੇ-ਦੁਆਲੇ ਦੇ ਪਿੰਡਾਂ ਦੀ ਸੰਗਤ ਨੂੰ ਸੂਚਨਾ ਭੇਜ ਦਿੱਤੀ ਗਈ। ਸਭ ਨਾਮਧਾਰੀ ਸੰਗਤ ਅਤੇ ਆਲੇ ਦੁਆਲੇ ਦੀ ਗੈਰ ਨਾਮਧਾਰੀ ਜਨਤਾ ਵਿਚ ਇਹ ਚਰਚਾ ਚੱਲ ਪਈ ਕਿ ਗੁਰੂ ਰਾਮ ਸਿੰਘ ਆਨੰਦ ਵਿਆਹ ਦੀ ਨਵੀਂ ਰੀਤੀ ਖੋਟੇ ਪਿੰਡ ਤੋਂ ਆਰੰਭ ਕਰਨ ਵਾਲੇ ਹਨ।

ਹੁਣ ਤੱਕ ਇਹ ਵਿਆਹ ਬ੍ਰਾਹਮਣ ਸ਼੍ਰੇਣੀ ਦੇ ਪ੍ਰੋਹਤ ਵੇਦ ਰੀਤੀ ਨਾਲ ਕਰਵਾਉਂਦੇ ਆ ਰਹੇ ਸਨ ਤੇ ਵਿਆਹ ਦੇ ਅਵਸਰ ਨਾਲ ਕਈ ਫਜ਼ੂਲ ਰਸਮਾਂ, ਗੀਤਾਂ ਅਤੇ ਖਰਚੀਲੇ ਕਾਰ ਵਿਹਾਰ ਜੁੜੇ ਹੋਏ ਸਨ। ਬ੍ਰਾਹਮਣਾਂ ਦੀ ਪ੍ਰੋਹਤ ਸ਼੍ਰੇਣੀ ਅਤੇ ਹੋਰ ਨਾਈਆਂ ਮਹਿਰਿਆਂ ਆਦਿ ਲਾਗੀਆਂ ਨੂੰ ਜਿਨ੍ਹਾਂ ਦੇ ਵਿਆਹ ਦੇ ਸਮੇਂ ਦੇ ਲਾਗ ਨਿਸ਼ਚਿਤ ਸਨ, ਇਹ ਸੰਸਾ ਪੈਦਾ ਹੋ ਗਿਆ ਕਿ ਉਨ੍ਹਾਂ ਦੇ ਕਿੱਤੇ ਅਤੇ ਵਿਹਾਰ ਦੀ ਆਮਦਨ ਉੱਤੇ ਇਸ ਆਨੰਦ ਵਿਆਹ ਦੀ ਰੀਤੀ ਦਾ ਮਾੜਾ ਪ੍ਰਭਾਵ ਪਵੇਗਾ ਅਤੇ ਉਨ੍ਹਾਂ ਦੀ ਆਮਦਨੀ ਦਾ ਇਹ ਇਕ ਵਸੀਲਾ ਉਨ੍ਹਾਂ ਦੇ ਹੱਥਾਂ ਤੋਂ ਸਦਾ ਲਈ ਜਾਂਦਾ ਰਹੇਗਾ।

## ਸਿਆਹੜ ਵਿਖੇ ਇਸਤਰੀਆਂ ਨੂੰ ਅੰਮ੍ਰਿਤ ਦੀ ਦਾਤ

ਸਿਆਹੜ ਦੇ ਬਹੁਤ ਸਾਰੇ ਸਿੰਘ ਨਾਮਧਾਰੀ ਸੱਜ ਚੁੱਕੇ ਸਨ। ਸਤਿਗੁਰੂ ਜੀ ਨੇ ਇਸ ਪਿੰਡ ਵਿਚ ਕਈ ਵਾਰ ਆ ਕੇ ਦਰਸ਼ਨ ਦਿੱਤੇ ਅਤੇ ਦੀਵਾਨ ਸਜਾਏ ਸਨ। ਧੂੜਕੋਟ ਦੇ ਜੋਗਾ ਸਿੰਘ ਦੀ ਬੇਨਤੀ ਉੱਤੇ ਕਿ ਉਸ ਦੀ ਪੁੱਤਰੀ ਦਾ ਵਿਆਹ ਨਵੀਂ ਰੀਤੀ ਅਨੁਸਾਰ ਕਰਵਾਇਆ ਜਾਵੇ। ਸਤਿਗੁਰੂ ਜੀ ਨੇ ਧੂੜਕੋਟ ਦੀ ਥਾਂ ਵਿਆਹ ਦੀ ਆਨੰਦ ਮਰਿਯਾਦਾ ਨੂੰ ਪ੍ਰਚਲਿਤ ਕਰਨ ਲਈ ਖੋਟੇ ਪਿੰਡ ਦੀ ਚੋਣ ਕੀਤੀ। ਇਸ ਉਦੇਸ਼ ਲਈ 3 ਜੂਨ, 1863 ਦਾ ਦਿਨ ਪਹਿਲਾਂ ਹੀ ਨਿਸ਼ਚਿਤ ਕਰ ਲਿਆ ਸੀ ਅਤੇ ਆਲੇ ਦੁਆਲੇ ਦੀਆਂ ਸੰਗਤਾਂ ਨੂੰ ਪਹਿਲਾਂ ਹੀ ਖ਼ਬਰ ਭੇਜ ਦਿੱਤੀ ਗਈ ਸੀ। ਸਤਿਗੁਰੂ ਜੀ ਨੇ ਖੋਟੇ ਪਿੰਡ ਨੂੰ ਜਾਂਦਿਆਂ ਹੋਇਆਂ ਸਿਆਹੜ ਪਿੰਡ ਵਿਚ ਮੁਕਾਮ ਕੀਤਾ। ਇੱਥੇ ਹੀ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਤੇ ਨਵੀਂ ਸਥਾਪਿਤ ਨਾਮਧਾਰੀ ਮਰਿਯਾਦਾ ਵਿਚ ਲਿਆਉਣ ਦਾ ਨਿਰਣਾ ਕੀਤਾ ਗਿਆ। ਹੁਣ ਤੱਕ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ



Sri Satguru Jagjit Singh Ji Elibrary NamdhariElibrary@gmail.com

ਕੋਈ ਮਰਿਯਾਦਾ ਕਾਇਮ ਨਹੀਂ ਸੀ। ਸੂਬਾ ਸਾਹਿਬ ਸਿੰਘ ਤੇ ਲੱਖਾ ਸਿੰਘ ਦੇ ਦਿੱਤੇ ਸੁਝਾਵਾਂ ਅਨੁਸਾਰ ਸਤਿਗੁਰੂ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਤੇ ਰਹਿਤ ਮਰਿਯਾਦਾ ਵਿਚ ਲਿਆਉਣ ਦੀ ਬੇਨਤੀ ਪ੍ਰਵਾਨ ਕਰ ਲਈ। 1 ਜੂਨ 1863 (ਜੇਠ ਸੁਦੀ ਪੂਰਨਮਾਸ਼ੀ, ਸੰਮਤ 1920 ਬਿ.) ਦਿਨ ਸੋਮਵਾਰ ਨੂੰ ਬਾਬਾ ਬੇਲਾ ਸਿੰਘ ਦੀ ਹਵੇਲੀ ਵਿਚ ਦੀਵਾਨ ਸਜਾਇਆ ਗਿਆ, ਜਿੱਥੇ ਮਰਿਯਾਦਾ ਅਨੁਸਾਰ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਸਵੇਰ ਦੇ ਦੀਵਾਨ ਵਿਚ ਆਸਾ ਦੀ ਵਾਰ ਦੇ ਭੋਗ ਪਿਛੋਂ ਬੀਬੀਆਂ ਨੂੰ ਪਹਿਲੀ ਵਾਰ ਸਿੱਖ ਇਤਿਹਾਸ ਵਿਚ ਅੰਮ੍ਰਿਤ ਦੀ ਦਾਤ ਬਖਸ਼ੀ ਗਈ। ਨੰਬਰਦਾਰ ਰਣ ਸਿੰਘ ਦੀ ਸੁਪਤਨੀ ਬੀਬੀ ਖੇਮ ਕੌਰ, ਸਭ ਤੋਂ ਪਹਿਲਾਂ ਅੰਮ੍ਰਿਤ ਛਕਣ ਲਈ ਤਿਆਰ ਹੋਈ। ਉਸ ਨਾਲ ਹੋਰ ਬੀਬੀਆਂ ਵੀ ਆਣ ਰਲੀਆਂ, ਜਿਨ੍ਹਾਂ ਦੀ ਗਿਣਤੀ 25 ਦੇ ਕਰੀਬ ਦੱਸੀ ਜਾਂਦੀ ਹੈ। [1*]ਇਨ੍ਹਾਂ ਵਿਚੋਂ 16 ਦੇ ਨਾਮ ਕਵੀ ਪ੍ਰੀਤਮ ਸਿੰਘ ਦੀ ਪੁਸਤਕ ਦੇ ਪੰਨਾ 45 ਉਪਰ ਦਰਜ ਹਨ :

1. ਮਾਤਾ ਸਦਾ ਕੌਰ : ਸਤਿਗੁਰੂ ਰਾਮ ਸਿੰਘ ਜੀ ਦੀ ਮਾਤਾ।
2. ਬੀਬੀ ਜੱਸਾ ਜੀ : ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ।
3. ਬੀਬੀ ਰਾਮ ਕੌਰ : ਲੁਧਿਆਣੇ ਦੇ ਮਿਸਤਰੀ ਹਰੀ ਸਿੰਘ ਜੀ ਦੀ ਪਤਨੀ, ਸਤਿਗੁਰੂ ਜੀ ਦੇ ਮਾਮੀ ਜੀ।
4. ਬੀਬੀ ਖੇਮ ਕੌਰ : ਪਿੰਡ ਸਿਆਹੜ ਦੇ ਹੀ ਸੰਤ ਰਣ ਸਿੰਘ ਲੰਬੜਦਾਰ ਦੀ ਸੁਪਤਨੀ।
5. ਮਾਈ ਇੰਦ ਕੌਰ : ਪਿੰਡ ਹੰਢਿਆਇਆ ਦੇ ਸ. ਨੰਦ ਸਿੰਘ ਦੇ ਘਰੋਂ।
6. ਬੀਬੀ ਕਰਮ ਕੌਰ : ਗੁੱਜਰਵਾਲ (ਲੁਧਿਆਣਾ) ਦੇ ਸ. ਧੰਨਾ ਸਿੰਘ ਦੀ ਧੀ।
7. ਬੀਬੀ ਸਾਹਿਬ ਕੌਰ : ਸੁਪਤਨੀ ਸ. ਹੁਕਮ ਸਿੰਘ ਲੋਹਗੜ੍ਹ (ਲੁਧਿਆਣਾ)
8. ਬੀਬੀ ਖੇਮ ਕੌਰ : ਪਿੰਡ ਦਿੱਤੂਪੁਰਾ ਦੀ ਸਰਦਾਰਨੀ ਸ. ਨਰੈਣ ਸਿੰਘ ਦੀ ਧਰਮ ਪਤਨੀ।
9. ਬੀਬੀ ਮਾਨ ਕੌਰ : ਸਿਆਹੜ ਪੱਤੋ ਦੇ ਸ. ਉਤਮ ਸਿੰਘ ਦੀ ਪਤਨੀ।
10. ਬੀਬੀ ਦਇਆ ਕੌਰ : ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ।
11. ਬੀਬੀ ਭੋਲੀ : ਸੁਪਤਨੀ ਭਾਈ ਖਜ਼ਾਨ ਸਿੰਘ ਲੁਧਿਆਣਾ।
12. ਬੀਬੀ ਉਤਮ ਕੌਰ : ਚੱਕ ਦੇਸ ਰਾਜ (ਅੰਨ੍ਹਿਆਂ ਦਾ ਚੱਕ ਜ਼ਿਲ੍ਹਾ ਜਲੰਧਰ)
13. ਮਾਈ ਭਾਗੋ : ਲੁਧਿਆਣਾ।
14. ਮਾਈ ਤਾਬੋ : ਲੁਧਿਆਣਾ।
15. ਬੀਬੀ ਬਚਿੱਤਰ ਕੌਰ : ਪਿੰਡ ਖਮਾਣੋਂ (ਲੁਧਿਆਣਾ) ਦੇ ਸ. ਪ੍ਰਤਾਪ ਸਿੰਘ

[1*] ਪ੍ਰੀਤਮ ਸਿੰਘ ਕਵੀ, ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ, ਪੰਨਾ 45



Sri Satguru Jagjit Singh Ji Elibrary NamdhariElibrary@gmail.com

ਦੀ ਘਰ ਵਾਲੀ।

16. ਬੀਬੀ ਧਨ ਕੌਰ : ਪਿੰਡ ਖਮਾਣੋਂ ਦੇ ਹੀ ਗ੍ਰੰਥੀ ਸੰਤ ਪ੍ਰਤਾਪ ਸਿੰਘ ਦੇ ਘਰੋਂ।

ਇਨ੍ਹਾਂ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਨਾਲ ਨਾਮਧਾਰੀ ਸਮਾਜ ਵਿਚ ਇਕ ਨਵਾਂ ਸੰਤੁਲਨ ਕਾਇਮ ਹੋਇਆ। ਸਫੈਦ ਬਸਤਰ ਧਾਰਨ ਕਰਨ, ਘਰਾਂ ਵਿਚ ਸੁੱਚ-ਸੋਧ ਰੱਖਣ ਅਤੇ ਪੰਜ ਕਕਾਰ ਧਾਰਨ ਕਰਨ ਲਈ ਕਿਹਾ ਗਿਆ। ਨਾਮਧਾਰੀ ਬੀਬੀਆਂ ਦੇ ਅੰਮ੍ਰਿਤਧਾਰੀ ਬਣ ਜਾਣ ਨਾਲ ਨਾਮਧਾਰੀ ਪਰਿਵਾਰਾਂ ਵਿਚ ਨਵੀਂ ਸ਼ਕਤੀ ਦਾ ਵਾਧਾ ਹੋਇਆ। ਅਗਲੇ ਦਿਨ ਧੁੜਕੋਟ ਤੋਂ ਹੁੰਦੇ ਹੋਏ ਅਤੇ ਜੋਗਾ ਸਿੰਘ ਨੂੰ ਆਦਿ ਗ੍ਰੰਥ ਦੇ ਭੋਗ ਪਵਾਉਣ ਲਈ ਤਾਕੀਦ ਕਰਕੇ ਸਤਿਗੁਰੂ ਜੀ ਨੇ ਸੰਗਤ ਸਮੇਤ ਖੋਟੇ ਪਿੰਡ ਵਿਚ ਜਾ ਟਿਕਾਣਾ ਕੀਤਾ। ਸੰਗਤ ਨੂੰ ਪਹਿਲਾਂ ਹੀ ਖ਼ਬਰਾਂ ਭੇਜ ਦਿੱਤੀਆਂ ਗਈਆਂ ਸਨ। ਸਤਿਗੁਰੂ ਜੀ ਦੇ ਖੋਟੇ ਪਹੁੰਚਣ ਤੋਂ ਪਹਿਲਾਂ 500 ਸਿੰਘਾਂ ਦਾ ਇਕੱਠ ਉੱਥੇ ਆ ਜੁੜਿਆ ਸੀ।

### ਖੋਟੇ ਪਿੰਡ ਵਿਚ ਅਨੰਦ ਮਰਿਯਾਦਾ ਦਾ ਆਰੰਭ

3 ਜੂਨ 1863 ਨੂੰ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿਛੋਂ ਇਸ ਨਵੇਂ ਅਨੰਦ ਵਿਆਹ ਦਾ ਆਰੰਭ ਹੋਇਆ। ਹਵਨ ਕੁੰਡ ਤਿਆਰ ਕੀਤਾ ਗਿਆ। ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਛੇ ਜੋੜੇ ਜਿਨ੍ਹਾਂ ਦੇ ਵਿਆਹ ਇੱਥੇ ਹੋਣੇ ਸਨ, ਅੰਮ੍ਰਿਤ ਛਕ ਕੇ ਦੀਵਾਨ ਵਿਚ ਆ ਹਾਜ਼ਰ ਹੋਏ। ਇਨ੍ਹਾਂ ਦਾ ਗੰਢ ਚਿਤਰਾਵਾ ਕੀਤਾ ਗਿਆ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਲਾਵਾਂ ਦੇ ਪਾਠ ਦੇ ਨਾਲ ਨਾਲ ਹਵਨ ਕੁੰਡ ਦੇ ਦੁਆਲੇ ਫੇਰੇ ਲਏ ਗਏ। ਚਾਰ ਲਾਵਾਂ ਦੇ ਪਾਠ ਪਿਛੋਂ ਅਨੰਦ ਸਾਹਿਬ ਪੜ੍ਹਿਆ ਗਿਆ। ਇਹ ਪਹਿਲਾ ਇਤਿਹਾਸਕ ਅਵਸਰ ਸੀ ਜਿਸ ਉੱਤੇ ਪੁਰਾਤਨ ਵੇਦ ਰੀਤੀ ਦੀ ਵਿਆਹ ਦੀ ਮਰਿਯਾਦਾ ਦਾ ਤਿਆਗ ਕਰਕੇ ਨਵੀਂ ਅਨੰਦ ਵਿਆਹ ਦੀ ਰੀਤੀ ਨੂੰ ਪ੍ਰਚਲਿਤ ਕੀਤਾ ਗਿਆ।

ਇਸ ਵਿਆਹ ਵਿਚ ਨਾ ਕੋਈ ਫਾਲਤੂ ਖਰਚ ਕੀਤਾ ਗਿਆ, ਨਾ ਦਾਜ-ਦਹੇਜ ਦੀ ਕੋਈ ਲੋੜ ਸਮਝੀ ਗਈ ਅਤੇ ਨਾ ਹੀ ਵਿਆਹ ਨਾਲ ਸੰਬੰਧਿਤ ਹੋਰ ਰੀਤੀਆਂ ਵਾਜੇ-ਗਾਜੇ, ਆਤਿਸ਼ਬਾਜ਼ੀ ਅਤੇ ਹੋਰ ਫਾਲਤੂ ਰੀਤਾਂ ਕੀਤੀਆਂ ਗਈਆਂ। [1*] ਜਿਨ੍ਹਾਂ ਜੋੜਿਆਂ ਦੇ ਇਸ ਦਿਨ ਅਨੰਦ ਵਿਆਹ ਸੰਪੂਰਨ ਹੋਏ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਹੈ :

1. ਭਾਈ ਜੋਗਾ ਸਿੰਘ ਧੁੜਕੋਟ (ਜ਼ਿਲ੍ਹਾ ਫਿਰੋਜ਼ਪੁਰ) ਦੀ ਪੁਤਰੀ ਬੀਬੀ ਬਿਸ਼ਨ ਕੌਰ ਦਾ। ਮੁਠੱਡਿਆਂ (ਜ਼ਿਲ੍ਹਾ ਜਲੰਧਰ) ਦੇ ਭਾਈ ਫਤਹ ਸਿੰਘ ਦੇ ਸਪੁੱਤਰ

---

[1*] ਪ੍ਰੀਤਮ ਸਿੰਘ ਕਵੀ, ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ, ਪੰਨਾ 67



Sri Satguru Jagjit Singh Ji Elibrary NamdhariElibrary@gmail.com

ਸ੍ਰੀ ਬੀਰ ਸਿੰਘ ਨਾਲ।

2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜ਼ਿਲ੍ਹਾ ਫਿਰੋਜਪੁਰ) ਦੀ ਪੁੱਤਰੀ ਪਿੰਡ ਠਰੀ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਵਿਆਹੀ।
3. ਭਾਈ ਬੁੱਧ ਸਿੰਘ ਦੀ ਪੁੱਤਰੀ ਪ੍ਰੇਮ ਕੌਰ ਧੁਲੇਤੇ (ਜ਼ਿਲ੍ਹਾ ਜਲੰਧਰ) ਵਿਚ ਵਿਆਹੀ
4. ਸੰਤ ਫ਼ਤਹ ਸਿੰਘ ਦੀ ਪੁੱਤਰੀ ਦੇਸ ਕੌਰ ਨਿਹਾਲੇ ਵਾਲਾ (ਜ਼ਿਲ੍ਹਾ ਫਿਰੋਜ਼ਪੁਰ. ਵਿਆਹੀ।
5. ਸੰਤ ਕਾਲਾ ਸਿੰਘ ਦੀ ਪੁੱਤਰੀ ਪਿੰਡ ਦੌਧਰ (ਜ਼ਿਲ੍ਹਾ ਫਿਰੋਜ਼ਪੁਰ)
6. ਭਾਈ ਸੁੰਦਰ ਸਿੰਘ ਦੀ ਪੁੱਤਰੀ ਪਿੰਡ ਉਥੋਕੇ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਵਿਆਹੀ।

[1]*ਇਸ ਨਵੀਂ ਅਨੰਦ ਵਿਆਹ ਰੀਤੀ ਦੇ ਸਥਾਪਿਤ ਹੋਣ ਨਾਲ ਵਿਆਹ ਦੇ ਸੰਸਕਾਰਾਂ ਵਿਚ ਕਈ ਨਵੇਂ ਸਾਰਥਿਕ ਪਰਿਵਰਤਨ ਹੋਂਦ ਵਿਚ ਆਏ।

1. ਇਹ ਵਿਆਹ ਬੜੇ ਸਾਦੇ ਢੰਗ ਨਾਲ ਅਤੇ ਘੱਟ ਖ਼ਰਚ ਤੇ ਸਿਰੇ ਚੜ੍ਹੇ
2. ਇਸ ਵਿਚ ਅੰਤਰ ਜਾਤੀ ਵਿਆਹ ਦੀ ਖੁਲ੍ਹ ਦਿੱਤੀ ਗਈ।
3. ਇਸ ਵਿਚ ਸਮੂਹਿਕ ਸ਼ਾਦੀਆਂ ਕਰਨ ਦਾ ਰਿਵਾਜ਼ ਪਿਆ।
4. ਪਿਛੋਂ ਜਾ ਕੇ ਵਿਧਵਾ ਵਿਆਹ ਦੀ ਵੀ ਆਗਿਆ ਦਿੱਤੀ ਗਈ
5. ਨਾਮਧਾਰੀ ਅਨੰਦ ਮਰਿਯਾਦਾ ਦੁਆਰਾ ਹੁਣ ਤੱਕ ਵੀ ਨਾਮਧਾਰੀ ਸਮਾਜ ਵਿਚ ਵਿਆਹ ਦੀ ਇਹੋ ਰੀਤੀ ਹੀ ਪ੍ਰਚਲਿਤ ਹੈ। 1909 ਵਿਚ ਭਾਰਤ ਸਰਕਾਰ ਵਲੋਂ ਅਨੰਦ ਵਿਆਹ ਐਕਟ ਦੀ ਪ੍ਰਵਾਨਗੀ ਲਈ ਵੀ ਇਸੇ ਵਿਆਹ ਦੀ ਰੀਤੀ ਨੂੰ ਆਧਾਰ ਬਣਾਇਆ ਗਿਆ ਸੀ।

## ਨਵੀਂ ਵਿਆਹ ਰੀਤੀ ਦਾ ਵਿਰੋਧ

ਬ੍ਰਾਹਮਣਾਂ ਦੀ ਪ੍ਰੋਹਤ ਸ਼੍ਰੇਣੀ ਜਿਸ ਕੋਲ ਹੁਣ ਤੱਕ ਵਿਆਹ ਕਰਵਾਉਣ ਦਾ ਏਕਾਧਿਕਾਰ ਸੀ ਅਤੇ ਜਿਸ ਨੂੰ ਇਨ੍ਹਾਂ ਵਿਆਹਾਂ ਨੂੰ ਸਿਰੇ ਚਾੜ੍ਹਨ ਲਈ ਬਹੁਤ ਸਾਰੀ ਆਮਦਨ ਵੀ ਹੁੰਦੀ ਸੀ, ਉਹ ਕਿਸੇ ਤਰ੍ਹਾਂ ਵੀ ਅਜਿਹੇ ਨਵੇਂ ਰਿਵਾਜ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਇਸ ਲਈ ਉਨ੍ਹਾਂ ਨੇ ਉਸ ਸਮੇਂ ਦੀਵਾਨ ਵਿਚ ਆ ਕੇ ਇਸ ਵਿਆਹ ਦੀ ਰੀਤੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਵਿਆਹ ਗੈਰ ਕਾਨੂੰਨੀ ਹੈ। ਤੁਸੀਂ ਇਸ ਨਵੀਂ ਰੀਤੀ ਨੂੰ ਚਾਲੂ ਕਰਕੇ ਸਾਡੇ ਰੋਜ਼ਗਾਰ ਤੇ ਸੱਟ ਮਾਰੀ ਹੈ। ਬ੍ਰਾਹਮਣ ਏਨੇ ਗੁੱਸੇ ਵਿਚ ਸਨ ਕਿ ਉਨ੍ਹਾਂ ਨੇ ਕਿਹਾ - ਜੇ ਤੁਸੀਂ ਇਸ ਰੀਤੀ ਨੂੰ ਬੰਦ ਨਹੀਂ ਕਰੋਗੇ ਤਾਂ ਅਸੀਂ ਤੁਹਾਡੇ ਸਾਹਮਣੇ

---

[1]* ਪ੍ਰੀਤਮ ਸਿੰਘ ਕਵੀ, ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ, ਪੰਨਾ 62



Sri Satguru Jagjit Singh Ji Elibrary NamdhariElibrary@gmail.com

ਅੱਗ ਵਿਚ ਸੜ ਕੇ ਮਰ ਜਾਵਾਂਗੇ ਤੇ ਤੁਹਾਨੂੰ ਬ੍ਰਹਮ ਹਤਿਆ ਲੱਗੇਗੀ। ਪਰ ਨਵੇਂ ਸਮਾਜ ਸੁਧਾਰਾਂ ਦੇ ਸੰਚਾਲਕ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਦੇ ਇਸ ਰੋਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਜਦੋਂ ਰੌਲਾ ਰੱਪਾ ਵਧ ਗਿਆ ਤਾਂ ਸਤਿਗੁਰੂ ਜੀ ਨੇ ਕਿਹਾ "ਚੰਗਾ ਫਿਰ ਜੇ ਇਹ ਸ਼ਰਾਰਤ ਕਰਨੋਂ ਬਾਜ਼ ਨਹੀਂ ਆਉਂਦੇ ਤਾਂ ਜੋ ਬਹੁਤਾ ਸੜ-ਮਰਨ ਨੂੰ ਕਾਹਲਾ ਹੈ ਉਹ ਸਾਹਮਣੇ ਆਵੇ ਅਸੀਂ ਹੀ ਪਵਿੱਤਰ ਅਗਨੀ ਵਿਚ ਉਸ ਨੂੰ ਹੋਮ ਦਿੰਦੇ ਹਾਂ। ਜੋ ਲਗਦੈ ਪਾਪ ਲਗ ਜਾਵੇ।" ਬ੍ਰਾਹਮਣਾਂ ਦਾ ਤਾਂ ਇਹ ਡ੍ਰਮ ਡਰਾਵਾ ਹੀ ਸੀ। ਉਹ ਸ਼ਰਮਿੰਦਗੀ ਦੇ ਮਾਰੇ ਦੀਵਾਨ ਵਿਚੋਂ ਬਾਹਰ ਚਲੇ ਗਏ ਪਰ ਉਨ੍ਹਾਂ ਦਾ ਗੁੱਸਾ ਹਾਲੀਂ ਮੱਠਾ ਨਹੀਂ ਸੀ ਹੋਇਆ। ਇਸ ਨਵੀਂ ਰੀਤੀ ਨੇ ਉਨ੍ਹਾਂ ਦੇ ਰੋਜ਼ਗਾਰ ਉੱਤੇ ਸੱਟ ਮਾਰੀ ਸੀ। ਹੁਣ ਉਨ੍ਹਾਂ ਨੇ ਇਹ ਫੈਸਲਾ ਕੀਤਾ ਕਿ ਉਹ ਸਰਕਾਰੇ-ਦਰਬਾਰੇ ਜਾ ਕੇ ਫਰਿਆਦ ਕਰਨਗੇ ਅਤੇ ਸਤਿਗੁਰੂ ਰਾਮ ਸਿੰਘ ਵਿਰੁੱਧ ਸ਼ਿਕਾਇਤ ਕਰਨਗੇ।

**ਬਾਘੇ ਪੁਰਾਣੇ ਵਿਖੇ ਰਿਪੋਰਟ ਦਰਜ ਕਰਵਾਉਣੀ**

ਹੋਰ ਚਾਰਾ ਚਲਦਾ ਨਾ ਵੇਖ ਕੇ ਬ੍ਰਾਹਮਣਾਂ ਨੇ ਮਿਲ ਕੇ ਚੌਕੀਦਾਰ ਨੂੰ ਨਾਲ ਲਿਆ ਅਤੇ ਬਾਘੇ ਪੁਰਾਣੇ ਦੇ ਥਾਣੇ ਜਾ ਕੇ ਰਿਪੋਰਟ ਦਰਜ ਕਰਵਾਈ ਕਿ ਗੁਰੂ ਰਾਮ ਸਿੰਘ ਖੋਟੇ ਪਿੰਡ ਦੇ ਦੀਵਾਨ ਵਿਚ ਸਰਕਾਰ ਵਿਰੁੱਧ ਪ੍ਰਚਾਰ ਵੀ ਕਰਦਾ ਰਿਹਾ ਹੈ ਅਤੇ ਕਹਿੰਦਾ ਹੈ ਕਿ ਫ਼ਰੰਗੀ ਦਾ ਰਾਜ ਨਹੀਂ ਰਹਿਣਾ। ਜਦੋਂ ਖਾਲਸੇ ਦਾ ਰਾਜ ਹੋਵੇਗਾ ਤਾਂ ਜਿਨਸ ਦਾ ਪੰਜਵਾਂ ਹਿੱਸਾ ਮਾਲੀਏ ਵਜੋਂ ਲਿਆ ਜਾਵੇਗਾ। ਇਸ ਦੇ ਨਾਲ ਇਹ ਵੀ ਕਿਹਾ ਕਿ ਵਿਆਹ ਦੀ ਨਵੀਂ ਰੀਤੀ ਦੇ ਚਾਲੂ ਹੋਣ ਨਾਲ ਸਾਡੀ ਆਮਦਨ ਤੇ ਸੱਟ ਵੱਜੀ ਹੈ। ਹੌਲਦਾਰ ਨੂੰ ਖੋਟੇ ਭੇਜ ਕੇ ਰਿਪੋਰਟ ਮੰਗਵਾਈ ਗਈ। ਨੰਬਰਦਾਰਾਂ ਨੇ ਵੀ ਗੱਲ ਵਧਾ ਚੜ੍ਹਾ ਕੇ ਕਹੀ।

ਸਤਿਗੁਰੂ ਰਾਮ ਸਿੰਘ ਜੀ ਨੂੰ ਬਾਘੇ ਪੁਰਾਣੇ ਦੇ ਥਾਣੇ ਸੱਦਿਆ ਗਿਆ। ਬ੍ਰਾਹਮਣਾਂ ਨੂੰ ਕਿਹਾ ਗਿਆ ਜੋ ਨੁਕਸਾਨ ਤੁਹਾਡਾ ਇਸ ਵਿਆਹ ਦੀ ਰੀਤੀ ਨਾਲ ਹੋਇਆ, ਵਹੀ ਲਿਆ ਕੇ ਦੱਸੋ ਤਾਂ ਜੋ ਉਸ ਦੀ ਭਰਪਾਈ ਕੀਤੀ ਜਾਵੇ। ਬ੍ਰਾਹਮਣਾਂ ਨੇ ਕਿਹਾ - ਵਹੀ ਤਾਂ ਅਸੀਂ ਨਹੀਂ ਰੱਖੀ ਹੋਈ, ਸਾਨੂੰ ਤਾਂ ਜੋ ਰਕਮ ਵਿਆਹ ਦੇ ਸਮੇਂ ਪ੍ਰਾਪਤ ਹੁੰਦੀ ਹੈ, ਉਹ ਪੁੰਨ ਦੇ ਖਾਤੇ ਵਿਚ ਮਿਲਦੀ ਹੈ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਸਰਕਾਰ ਪੁੰਨ ਦਾ ਕੋਈ ਮੁਆਵਜਾ ਨਹੀਂ ਦਿੰਦੀ। ਵਿਆਹ ਲੋਕਾਂ ਦੀ ਮਰਜੀ ਅਨੁਸਾਰ ਜਿਵੇਂ ਉਹ ਚਾਹੁਣ ਹੋ ਸਕਦਾ ਹੈ।

ਕਾਫੀ ਚਿਰ ਤੋਂ ਆਈ. ਜੀ. ਪੁਲਿਸ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਨਾਮਧਾਰੀ ਮਤ ਦੇ ਇਕੱਠਾਂ ਉੱਤੇ ਨਿਗਰਾਨੀ ਰੱਖੀ ਜਾਵੇ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਬਾਰੇ ਰਿਪੋਰਟਾਂ ਪੰਜਾਬ ਸਰਕਾਰ ਨੂੰ ਭੇਜੀਆਂ ਜਾਣ।



Sri Satguru Jagjit Singh Ji Elibrary NamdhariElibrary@gmail.com

ਫਿਰੋਜ਼ਪੁਰ ਦੇ ਲੈਫ਼ਟੀਨੈਂਟ ਹੈਮਿਲਟਨ ਡਿਪਟੀ ਸੁਪਰਡੈਂਟ ਪੁਲਿਸ ਨੇ ਪੰਜਾਬ ਸਰਕਾਰ ਨੂੰ 7 ਜੂਨ 1863 ਨੂੰ ਇਹ ਰਿਪੋਰਟ ਭੇਜੀ :

[1*]"4 ਜੂਨ ਨੂੰ ਪਿੰਡ ਖੋਟੇ ਦੇ ਚੌਂਕੀਦਾਰ ਨੇ ਇਤਲਾਹ ਦਿੱਤੀ ਹੈ ਕਿ ਪਿਛਲੇ ਤਿੰਨ ਚਾਰ ਦਿਨਾਂ ਤੋਂ ਰਾਮ ਸਿੰਘ ਤੇ ਉਸਦੇ 500 ਚੇਲੇ ਖੋਟੇ ਪਿੰਡ ਵਿਚ ਇਕੱਤਰਤਾ ਕਰ ਰਹੇ ਹਨ ਅਤੇ ਬਾਗੀਆਨਾ ਲਹਿਜੇ ਵਿਚ ਗੱਲਾਂ ਕਰ ਰਹੇ ਹਨ ਕਿ ਛੇਤੀ ਹੀ ਉਨ੍ਹਾਂ ਦਾ ਰਾਜ ਹੋ ਜਾਵੇਗਾ ਅਤੇ ਉਹ ਜਿਨਸ ਦਾ 5ਵਾਂ ਹਿੱਸਾ ਹੀ ਮਾਲੀਏ ਵਜੋਂ ਉਗਰਾਹੀ ਕਰਨਗੇ। ਬਾਘਾ ਪੁਰਾਣਾ ਦੇ ਪੁਲਿਸ ਸਾਰਜੰਟ ਨੂੰ ਪੜਤਾਲ ਲਈ ਭੇਜਿਆ ਗਿਆ ਅਤੇ ਉਸਨੇ ਚੌਂਕੀਦਾਰ ਦੀ ਗੱਲ ਸਹੀ ਦੱਸੀ। ਉਨ੍ਹਾਂ ਦੇ ਜਾਣ ਸਮੇਂ ਇਕਤੱਰਤਾ ਸਮਾਪਤ ਹੋ ਗਈ ਸੀ ਤੇ ਚੌਂਕੀਦਾਰ ਨੇ ਜੋ ਇਤਲਾਹ ਦਿੱਤੀ ਸੀ ਉਹ ਠੀਕ ਸੀ। ਗੁਰੂ ਰਾਮ ਸਿੰਘ ਨੂੰ ਬੁਲਾਇਆ ਗਿਆ ਅਤੇ ਦੀਵਾਨ ਕਰਨ ਦੀ ਮਨਾਹੀ ਕਰ ਦਿੱਤੀ ਗਈ। ਉਸ ਨੂੰ ਪੁਲਿਸ ਦੀ ਨਿਗਰਾਨੀ ਵਿਚ ਭੈਣੀ ਸਾਹਿਬ ਭੇਜ ਕੇ ਉਸ ਉਤੇ ਪਾਬੰਦੀ ਲਾ ਦਿੱਤੀ ਗਈ ਹੈ ਕਿ ਉਹ ਪਿੰਡ ਦੀ ਹੱਦ ਤੋਂ ਬਾਹਰ ਨਹੀਂ ਜਾਵੇਗਾ।"

ਉਸ ਸਮੇਂ ਸਰਕਾਰ ਕੋਲ ਕੋਈ ਠੋਸ ਪ੍ਰਮਾਣ ਮੌਜੂਦ ਨਹੀਂ ਸਨ, ਜਿਨ੍ਹਾਂ ਦੇ ਆਧਾਰ ਉੱਤੇ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਗਿਰਫਤਾਰ ਕਰ ਸਕਦੇ। ਇਸ ਕਾਰਨ ਫ਼ਿਰੋਜਪੁਰ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਪੁਲਿਸ ਦੀ ਨਿਗਰਾਨੀ ਵਿਚ ਭੈਣੀ ਸਾਹਿਬ ਭੇਜ ਕੇ ਉਨ੍ਹਾਂ ਨੂੰ ਹਦੂਦ ਬੰਦ ਕਰ ਦਿੱਤਾ ਗਿਆ।

## ਭੈਣੀ ਸਾਹਿਬ ਵਿਖੇ ਹਦੂਦਬੰਦੀ (1863 ਤੋਂ 1867)

ਨਾਮਧਾਰੀ ਮੱਤ ਦੇ ਇਤਿਹਾਸ ਵਿਚ 1863 ਤੋਂ 1867 ਦੇ ਚਾਰ ਸਾਲ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਮੱਤ ਦੀਆਂ ਧਾਰਮਿਕ, ਸਮਾਜਕ ਤੇ ਸੁਧਾਰ ਦੀਆਂ ਕਾਰਵਾਈਆਂ ਨੂੰ ਘੋਖਵੀਂ ਦ੍ਰਿਸ਼ਟੀ ਤੋਂ ਵੇਖਣਾ ਆਰੰਭ ਕਰ ਦਿੱਤਾ ਸੀ। ਹੁਣ ਤੱਕ ਪੰਜਾਬ ਸਰਕਾਰ ਭਾਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਿਕ ਤੇ ਸਮਾਜਕ ਕਾਰਜਾਂ ਨੂੰ ਖ਼ਤਰਨਾਕ ਨਹੀਂ ਸੀ ਸਮਝਦੀ ਪਰ ਜਿਹੜੀਆਂ ਰਿਪੋਰਟਾਂ ਪੰਜਾਬ ਸਰਕਾਰ ਨੂੰ ਵੱਖ ਵੱਖ ਜ਼ਿਲ੍ਹਾ ਅਧਿਕਾਰੀਆਂ ਵਲੋਂ ਪੁੱਜ ਰਹੀਆਂ ਸਨ, ਉਨ੍ਹਾਂ ਨੂੰ ਮੁੱਖ ਰੱਖ ਕੇ ਸਰਕਾਰ ਵਲੋਂ ਇਸ ਧਾਰਮਿਕ ਲਹਿਰ ਉੱਤੇ ਇਸ ਦੀਆਂ ਅੰਤਰੀਵ ਕਾਰਵਾਈਆਂ ਵਿਚ ਦਖਲ ਦੇਣ ਤੋਂ ਬਿਨਾਂ ਇਨ੍ਹਾਂ ਉਪਰ ਕਰੜੀ ਨਿਗਰਾਨੀ

---

[1*] ਨਾਹਰ ਸਿੰਘ, ਕਿਰਪਾਲ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 3



Sri Satguru Jagjit Singh Ji Elibrary NamdhariElibrary@gmail.com

ਰੱਖਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਸਰਕਾਰ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਇਹ ਧਾਰਮਿਕ ਲਹਿਰ ਰਾਜਨੀਤਕ ਰੂਪ ਧਾਰਨ ਕਰਕੇ ਵਿਦਰੋਹ ਭਾਵੀ ਰੂਪ ਨਾ ਧਾਰਨ ਕਰ ਜਾਵੇ ਕਿਉਂਕਿ ਪੰਜਾਬ ਵਿਚ ਖਾਲਸਾ ਰਾਜ ਦੀ ਸੁਤੰਤਰਤਾ ਦੀ ਯਾਦ ਹਾਲੀਂ ਭੁੱਲੀ ਨਹੀਂ ਸੀ। ਇਸ ਲਈ ਜਦੋਂ ਸਰਕਾਰ ਨੇ ਇਹ ਜਾਣ ਲਿਆ ਕਿ ਇਹ ਧਾਰਮਿਕ ਲਹਿਰ ਦਿਨੋਂ ਦਿਨ ਵੱਧ ਰਹੀ ਹੈ ਅਤੇ ਵੱਡੀ ਗਿਣਤੀ ਵਿਚ ਲੋਕ ਨਾਮਧਾਰੀ ਸੱਜ ਰਹੇ ਹਨ ਤਾਂ ਇਸ ਸ਼ੱਕ ਦੀ ਸੰਭਾਵਨਾ ਹੋਰ ਵੀ ਪੱਕੀ ਹੁੰਦੀ ਜਾ ਰਹੀ ਸੀ। ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਨਿਕਟਵਰਤੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀ ਇਤਿਹਾਸਕ ਸ਼ਾਨ ਨੂੰ ਵੀ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਅਤੇ ਜਿਸ ਪ੍ਰਕਾਰ ਪੰਜਾਬ ਵਿਚੋਂ ਖਾਲਸਾ ਰਾਜ ਦਾ ਪਤਨ ਹੋਇਆ ਅਤੇ ਜਿਸ ਅਨੈਤਿਕ ਢੰਗ ਨਾਲ ਲਾਰਡ ਡਲਹੌਜੀ ਨੇ ਮਹਾਰਾਜਾ ਦਲੀਪ ਸਿੰਘ ਨੂੰ ਰਾਜ ਗੱਦੀ ਤੋਂ ਅਪਦਸਤ ਕੀਤਾ, ਇਹ ਹਾਲੀਂ ਕੱਲ੍ਹ ਦੀਆਂ ਗੱਲਾਂ ਸਨ। ਇਸ ਲਈ ਪੰਜਾਬ ਦੇ ਲੋਕਾਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਰੋਸ ਦੀ ਚੰਗਿਆੜੀ ਹਾਲੀ ਬੁੱਝੀ ਨਹੀਂ ਸੀ ਸਗੋਂ ਅੰਦਰੋਂ ਅੰਦਰੀਂ ਮੱਘ ਰਹੀ ਸੀ। ਅੰਗਰੇਜ਼ ਸਰਕਾਰ ਦੇ ਚੌਕੰਨਾ ਹੋ ਜਾਣ ਨਾਲ ਸਤਿਗੁਰੂ ਰਾਮ ਸਿੰਘ ਜੀ ਵੀ ਇਨ੍ਹਾਂ ਪਾਬੰਦੀਆਂ ਦੇ ਦੌਰ ਵਿਚ ਨਾਮਧਾਰੀ ਮੱਤ ਦੇ ਪਾਸਾਰੇ ਲਈ ਕਈ ਨਵੀਆਂ ਯੁਗਤਾਂ ਸੋਚ ਰਹੇ ਸਨ ਅਤੇ ਕਈ ਨਵੀਆਂ ਵਿਉਂਤਾਂ ਬਣਾ ਰਹੇ ਸਨ। ਸਤਿਗੁਰੂ ਜੀ ਦੇ ਬਾਹਰ ਪਿੰਡਾਂ ਦੇ ਦੌਰੇ ਮਨਸੂਖ ਕਰ ਦਿੱਤੇ ਗਏ ਸਨ ਪਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ। ਨਾਮ ਅਤੇ ਅੰਮ੍ਰਿਤ ਦੀ ਦਾਤ ਲੈ ਕੇ ਨਾਮਧਾਰੀ ਸਿੰਘ ਸੱਜ ਜਾਂਦੇ। ਇਸ ਕਾਰਨ ਜਿੱਥੇ ਸਰਕਾਰ ਵਧੇਰੇ ਸੁਚੇਤ ਹੋ ਰਹੀ ਸੀ, ਉੱਥੇ ਦੂਜੇ ਬੰਨ੍ਹੇ ਸਤਿਗੁਰੂ ਜੀ ਵੀ ਅਵੇਸਲੇ ਨਹੀਂ ਸਨ ਬੈਠੇ ਅਤੇ ਉਨ੍ਹਾਂ ਨੇ ਇਸ ਸਰਕਾਰੀ ਪਾਬੰਦੀਆਂ ਦੇ ਦੌਰ ਵਿਚ ਨਾਮਧਾਰੀ ਮਤ ਦੇ ਪਾਸਾਰ ਲਈ ਕੁਝ ਵਿਸ਼ੇਸ਼ ਢੰਗ, ਤਰੀਕੇ ਅਪਨਾ ਲਏ।

ਇਨ੍ਹਾਂ ਚਾਰ ਸਾਲਾਂ ਦੇ ਸਮਾਚਾਰਾਂ ਦਾ ਹੋਰ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਨਾਮਧਾਰੀ ਮਤ ਬਾਰੇ ਉਸ ਸਮੇਂ ਸਰਕਾਰ ਵਲੋਂ ਅਪਨਾਈ ਗਈ ਨੀਤੀ ਦਾ ਵਿਸ਼ਲੇਸ਼ਣ ਕੀਤਾ ਜਾਵੇ।

**ਪੰਜਾਬ ਸਰਕਾਰ ਦੇ ਸਕੱਤਰ ਦੀ ਰਿਪੋਰਟ ਅਪਰੈਲ 1863**

ਪੰਜਾਬ ਸਰਕਾਰ ਦੇ ਸਕੱਤਰ ਮਿਸਟਰ ਟੀ. ਡੀ. ਫੋਰਸਾਈਥ ਨੇ ਜਿਹੜਾ ਸਰਕਾਰੀ ਨੋਟ ਵੱਖ ਵੱਖ ਜ਼ਿਲ੍ਹਿਆਂ ਤੋਂ ਆਈਆਂ ਰਿਪੋਰਟਾਂ ਨੂੰ ਮੁੱਖ ਰੱਖ ਕੇ ਲਿਖਿਆ ਉਸ ਤੋਂ ਨਾਮਧਾਰੀ ਮੱਤ ਬਾਰੇ ਸਰਕਾਰੀ ਨੀਤੀ ਦਾ ਸਪਸ਼ਟ ਬੋਧ ਹੋ ਜਾਂਦਾ ਹੈ। ਜਿਸ ਦਾ ਸਾਰ ਇੱਥੇ ਦਿੱਤਾ ਜਾਂਦਾ ਹੈ : ਪਿਛਲੇ ਤਿੰਨ ਮਹੀਨਿਆਂ



Sri Satguru Jagjit Singh Ji Elibrary NamdhariElibrary@gmail.com

ਤੋਂ ਪੁੱਜੀਆਂ ਰਿਪੋਰਟਾਂ ਦੇ ਆਧਾਰ ਤੋਂ ਪਤਾ ਲੱਗਦਾ ਹੈ ਕਿ ਇਸ ਫਿਰਕੇ ਦੀਆਂ ਕਾਰਵਾਈਆਂ ਉੱਤੇ ਪੂਰੀ ਪੂਰੀ ਨਿਗਰਾਨੀ ਰੱਖੀ ਗਈ ਹੈ। ਇਨ੍ਹਾਂ ਰਿਪੋਰਟਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਗੁਰੂ ਰਾਮ ਸਿੰਘ ਦੇ ਧਾਰਮਿਕ ਪ੍ਰਚਾਰ ਦੇ ਬਹੁਤ ਸਾਰੇ ਅੰਸ਼ ਲੋਕ ਭਲਾਈ ਵਾਲੇ ਹਨ। ਆਪ ਦੇ ਪੈਰੋਕਾਰਾਂ ਦੀ ਗਿਣਤੀ ਜੋ ਵਧੇਰੇ ਕਰਕੇ ਛੋਟੀਆਂ ਜਾਤਾਂ ਵਿਚੋਂ ਹਨ, ਦਿਨੋ ਦਿਨ ਵਧ ਰਹੀ ਹੈ। ਗੁਰੂ ਰਾਮ ਸਿੰਘ ਦਾ ਇਹ ਕਹਿਣਾ ਹੈ ਕਿ ਉਹ 'ਇਸ ਧਰਤੀ ਦਾ ਰਾਜ ਨਹੀਂ ਚਾਹੁੰਦੇ।' ਇਸ ਲਈ ਉਨ੍ਹਾਂ ਦੀਆਂ ਕਾਰਵਾਈਆਂ ਸਰਕਾਰ ਵਿਰੋਧੀ ਨਹੀਂ ਹਨ। ਪਰ ਇਸ ਲਹਿਰ ਵਿਚ ਕਈ ਅਜਿਹੇ ਵਿਅਕਤੀ ਵੀ ਮੌਜੂਦ ਹਨ ਜੋ ਗੁਰੂ ਰਾਮ ਸਿੰਘ ਵਲੋਂ ਰਾਜ ਅਧਿਕਾਰ ਨੂੰ ਪ੍ਰਾਪਤ ਕਰਨ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਰਾਮ ਸਿੰਘ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦੇਵੇਗਾ। ਅਜਿਹੇ ਪ੍ਰਚਾਰ ਨਾਲ ਲੋਕ ਮਨਾਂ ਵਿਚ ਨਵੇਂ ਵਿਚਾਰ ਉਤਪੰਨ ਹੋ ਰਹੇ ਹਨ। ਜਿਨ੍ਹਾਂ ਕਾਰਨ ਸਨਾਤਨੀ ਵਿਚਾਰਾਂ ਵਾਲੇ ਸਿੱਖਾਂ ਨਾਲ ਇਨ੍ਹਾਂ ਦੇ ਵਿਚਾਰ ਮੇਲ ਨਹੀਂ ਖਾਂਦੇ ਅਤੇ ਇਨ੍ਹਾਂ ਦੋਹਾਂ ਧਿਰਾਂ ਵਿਚ ਟਕਰਾ ਵੀ ਹੋਇਆ ਹੈ। ਇਹ ਸਮਾਚਾਰ ਵੀ ਮਿਲੇ ਹਨ ਕਿ ਦੀਵਾਲੀ ਦੇ ਮੌਕੇ ਤੇ ਨਾਮਧਾਰੀ ਅੰਮ੍ਰਿਤਸਰ ਵਿਚ ਵੱਡਾ ਦੀਵਾਨ ਕਰਨ ਵਾਲੇ ਹਨ। ਅਜਿਹੇ ਦੀਵਾਨਾਂ ਵਿਚ ਆਰੰਭ ਵਿਚ ਭਾਵੇਂ ਧਾਰਮਿਕ ਵਿਚਾਰ ਹੀ ਹੁੰਦੇ ਹਨ ਪਰ ਕਈ ਵਾਰ ਅੰਤ ਵਿਚ ਉਹ ਬਾਗੀਆਂ ਵਾਲਾ ਲਹਿਜਾ ਵੀ ਧਾਰਨ ਕਰ ਲੈਂਦੇ ਹਨ, ਜਿਸ ਕਾਰਨ ਉਹ ਕਾਨੂੰਨ ਦੀ ਧਾਰਾ 141 ਅਧੀਨ ਗ਼ੈਰ ਕਾਨੂੰਨੀ ਸਮਝੇ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਵਾਜਬੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

ਭਾਵੇਂ ਸਰਕਾਰ ਦਾ ਮਨੋਰਥ ਇਸ ਸਮੇਂ ਕਿਸੇ ਧਾਰਮਿਕ ਫ਼ਿਰਕੇ ਦੇ ਕਾਰਜਾਂ ਵਿਚ ਕੋਈ ਦਖਲ ਦੇਣਾ ਨਹੀਂ ਹੈ। ਫਿਰ ਵੀ ਇਸ ਬਾਰੇ ਚੌਕਸ ਰਹਿਣਾ ਬੜਾ ਜ਼ਰੂਰੀ ਹੈ। ਅਜਿਹੀਆਂ ਕਾਰਵਾਈਆਂ ਬਾਗੀਆਨਾ ਰੂਪ ਨਾ ਧਾਰਨ ਕਰ ਜਾਣ

ਇਸ ਸਬੰਧੀ ਗੁਰੂ ਰਾਮ ਸਿੰਘ ਨੂੰ ਦੀਵਾਨ ਨਾ ਲਾਉਣ ਬਾਰੇ ਖ਼ਬਰਦਾਰ ਕਰ ਦਿੱਤਾ ਜਾਵੇ ਅਤੇ ਜੇਕਰ ਫਿਰ ਵੀ ਉਨ੍ਹਾਂ ਵਲੋਂ ਕੋਈ ਧਾਰਮਿਕ ਦੀਵਾਨ ਜਾਂ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਉੱਤੇ ਅਮਨ ਭੰਗ ਕਰਨ ਅਤੇ ਸਰਕਾਰ ਦੇ ਵਿਰੁੱਧ ਬਗਾਵਤ ਕਰਨ ਦੇ ਜੁਰਮਾਂ ਵਿਚ ਮੁਕਦਮੇ ਚਲਾਏ ਜਾਣ ਪੁਲਿਸ ਵਿਭਾਗ ਉਸ ਦੀਆਂ ਕਾਰਵਾਈਆਂ ਉੱਤੇ ਨਜ਼ਰ ਰੱਖੇ ਅਤੇ ਇਸ ਸਬੰਧੀ ਸ਼ਿੱਧੀਆਂ ਰਿਪੋਰਟਾਂ ਪੰਜਾਬ ਸਰਕਾਰ ਨੂੰ ਭੇਜੇ।"

**ਸਰਕਾਰ ਦੀ ਦਮਨਕਾਰੀ ਨੀਤੀ ਵਿਰੁੱਧ ਸਤਿਗੁਰੂ ਰਾਮ ਸਿੰਘ ਦਾ ਪ੍ਰਤੀਕਰਮ**

ਸਤਿਗੁਰੂ ਰਾਮ ਸਿੰਘ ਦੂਰ ਦ੍ਰਿਸ਼ਟੀ ਰੱਖਣ ਵਾਲੇ ਧਾਰਮਿਕ ਨੇਤਾ ਸਨ ਆਪ ਨੇ ਸਰਕਾਰ ਦੇ ਨਾਮਧਾਰੀ ਲਹਿਰ ਨੂੰ ਦਬਾਉਣ ਦੀਆਂ ਕਾਰਵਾਈਅ



Sri Satguru Jagjit Singh Ji Elibrary NamdhariElibrary@gmail.com

ਨੂੰ ਮੁੱਖ ਰੱਖ ਕੇ ਨਾਮਧਾਰੀ ਮੱਤ ਨੂੰ ਇਸ ਸੰਕਟ ਵਿਚੋਂ ਸੁਰੱਖਿਅਤ ਰੂਪ ਵਿਚ ਉਭਾਰਨ ਤੇ ਬਾਹਰ ਕੱਢਣ ਲਈ ਕੁਝ ਨਵੇਂ ਕਦਮ ਚੁੱਕੇ ਅਤੇ ਨਵੀਂ ਨੀਤੀ ਨੂੰ ਨਿਰਧਾਰਤ ਕਰਕੇ ਸਮੇਂ ਅਨੁਸਾਰ ਨਵੇਂ ਵਾਤਾਵਰਨ ਲਈ ਆਪਣੇ ਆਪ ਨੂੰ ਢਾਲ ਲਿਆ ਸੀ। ਸਰਕਾਰ ਵਿਰੁੱਧ ਸਿੱਧੀ ਟੱਕਰ ਲੈਣੀ ਉਚਿਤ ਨਹੀਂ ਸੀ। ਨਾ ਹੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਮਨੋਰਥ ਹੀਣ ਕਰ ਲੈਣਾ ਸਾਰਥਿਕ ਪ੍ਰਤੀਤ ਹੁੰਦਾ ਸੀ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਨਿਕਟ ਵਰਤੀਆਂ ਗੁਰ ਸਿੱਖਾਂ ਦੇ ਸਹਿਯੋਗ ਤੇ ਵਿਚਾਰ ਵਟਾਂਦਰੇ ਪਿਛੋਂ ਨਾਮਧਾਰੀ ਮਤ ਦੇ ਵਿਕਾਸ ਲਈ ਕਈ ਨਵੇਂ ਕਦਮ ਚੁੱਕਣੇ ਉਚਿਤ ਸਮਝੇ। ਇਨ੍ਹਾਂ ਨਵੇਂ ਕਦਮਾਂ ਦੇ ਲਾਗੂ ਕਰਨ ਨਾਲ ਅਤੇ ਨਵੀਆਂ ਵਿਉਂਤਾਂ ਬਣਾ ਕੇ ਅੱਗੇ ਤੁਰਨ ਨਾਲ ਨਾਮਧਾਰੀਮਤ ਸਰਕਾਰੀ ਦਮਨ ਦੇ ਸੰਕਟ ਕਾਲ ਵਿਚ ਵੀ ਵੱਡੀ ਗਿਣਤੀ ਵਿਚ ਵਧਿਆ ਫੁੱਲਿਆ।

ਨਾਮਧਾਰੀ ਲਹਿਰ ਨੂੰ ਉਭਾਰਨ ਤੇ ਫੈਲਾਉਣ ਦੀ ਦ੍ਰਿਸ਼ਟੀ ਤੋਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਵਿਦੇਸ਼ੀ ਸਾਮਰਾਜ ਵਿਰੁੱਧ ਸੰਗਰਾਮ ਕਰਨ ਅਤੇ ਸੁਤੰਤਰਤਾ ਪ੍ਰਾਪਤੀ ਲਈ ਨਵੀਂ ਨੀਤੀ ਨੂੰ ਘੜ ਕੇ ਉਸ ਨੂੰ ਅਮਲੀ ਰੂਪ ਵਿਚ ਅਪਨਾਉਣ ਨਾਲ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਹੀ ਨਹੀਂ ਸਗੋਂ ਸੰਸਾਰ ਭਰ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਯੁਗ ਅਨੁਕੂਲ ਸੰਗਰਾਮ ਦਾ ਨਵਾਂ ਮਾਰਗ ਹੋਂਦ ਵਿਚ ਆਇਆ। ਇਹ ਨਵੀਂ ਨੀਤੀ ਯੁੱਗ ਅਨੁਕੂਲ ਵੀ ਸੀ, ਵਿਵਹਾਰਕ ਵੀ ਤੇ ਸਾਰਥਿਕ ਵੀ। ਸੁਦੇਸ਼ੀ ਨੂੰ ਅਪਨਾਉਣਾ ਅਤੇ ਵਿਦੇਸ਼ੀ ਸਾਮਰਾਜਵਾਦੀ ਸਰਕਾਰ ਨਾਲ ਨਾ ਮਿਲਵਰਤਨ ਅਜਿਹਾ ਹਥਿਆਰ ਸੀ ਜੋ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਵੀ ਪਿਛੋਂ ਜਾ ਕੇ ਬੜਾ ਸਹਾਈ ਤੇ ਕਾਰਗਰ ਸਿੱਧ ਹੋਇਆ।

1*ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੇ ਸਦੀਵੀਂ ਵਿਛੋੜੇ ਤੋਂ ਕੁਝ ਚਿਰ ਪਹਿਲਾਂ ਜਿਹੜੀ ਚਿੱਠੀ ਸਤਿਗੁਰੂ ਰਾਮ ਸਿੰਘ ਜੀ ਨੂੰ ਲਿਖੀ ਸੀ ਉਸ ਦੇ ਇਹ ਸ਼ਬਦ ਦੀਰਘ ਧਿਆਨ ਦੀ ਮੰਗ ਕਰਦੇ ਹਨ :

"........ ਠਾਕੁਰੋ ਅਸਾਂ ਤਾਂ ਚੜ੍ਹਾਈ ਕੀ ਤਿਆਰੀ ਕੀਤੀ ਹੈ, ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ ਬਾਢੀ ਜਾਤ ਹੋ, ਐਸੀ ਚੂਨੇ ਇਟ ਲਾਉਣੀਂ ਜੇਹੜੀ ਫੇਰ ਨਾ ਉਖੜੇ। ਅਸੀਂ ਧੁਆਡੇ ਪਾਸ ਹਰ ਵਕਤ ਹਾਜ਼ਰ ਰਹਾਂਗੇ। ਕੁੰਜੀ ਤੁਹਾਨੂੰ ਬਖਸ਼ੀ ਹੈ। ਕੁੰਜੀ ਲਾਵੋ ਖਜਾਨੇ ਨੂੰ ਤੇ ਵਰਤੋ। ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ, ਤੁਸੀਂ ਕੇਸਾਂਧਾਰੀ ਖ਼ਾਲਸਾ ਵਧਾਓ। ਤੁਸੀਂ ਦਸਵੇਂ ਪਾਤਸ਼ਾਹ ਵਾਲੀ ਰੀਤੀ ਤੋਰੋ।"

1* ਨਾਹਰ ਸਿੰਘ, ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਭਾਗ ਪਹਿਲਾ, ਪੰਨਾ 11



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਵਲੋਂ ਧਰਮ ਪ੍ਰਚਾਰ ਲਈ ਅਪਨਾਈ ਗਈ ਇਸ ਵਿਸ਼ੇਸ਼ ਨੀਤੀ ਦੇ ਕਈ ਪੱਖ ਸਨ, ਜਿਨ੍ਹਾਂ ਬਾਰੇ ਇੱਥੇ ਵਿਚਾਰ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ।

[1]*1. **ਸੂਬਿਆਂ ਦੀ ਸਥਾਪਨਾ :** ਸਰਕਾਰੀ ਹੁਕਮਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਵਲੋਂ ਬਾਹਰਲੇ ਪਿੰਡਾਂ ਤੇ ਸ਼ਹਿਰਾਂ ਵਿਚ ਜਾ ਕੇ ਧਰਮ ਪ੍ਰਚਾਰ ਕਰਨ ਅਤੇ ਦੀਵਾਨਾਂ ਉੱਤੇ ਪਾਬੰਦੀ ਲਾ ਦੇਣ ਕਾਰਨ ਸਤਿਗੁਰੂ ਜੀ ਦਾ ਆਪ ਬਾਹਰ ਜਾਣਾ ਸੰਭਵ ਨਹੀਂ ਸੀ ਰਿਹਾ। ਇਸ ਲਈ ਸਤਿਗੁਰੂ ਜੀ ਨੇ ਨਾਮਧਾਰੀ ਮਤ ਦੇ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦੇ ਕਾਰਜ ਨੂੰ ਜਾਰੀ ਰੱਖਣ ਲਈ ਆਪਣੇ ਨਿਕਟਵਰਤੀ ਸਿੱਖਾਂ ਵਿਚੋਂ ਸੂਬਿਆਂ ਦੀ ਸਥਾਪਨਾ ਕੀਤੀ, ਜਿਨ੍ਹਾਂ ਦੀ ਗਿਣਤੀ ਨਾਮਧਾਰੀ ਇਤਿਹਾਸਕਾਰਾਂ ਨੇ 22 ਦੱਸੀ ਹੈ। ਇਹ ਸਾਰੇ ਸੂਬੇ ਜੋ ਕਥਨੀ ਅਤੇ ਕਰਨੀ ਦੇ ਸੂਰੇ ਸਨ ਅਤੇ ਸਤਿਗੁਰੂ ਜੀ ਦੀ ਦੱਸੀ ਨਾਮਧਾਰੀ ਰਹਿਤ ਮਰਿਯਾਦਾ ਦੇ ਪੂਰੀ ਤਰ੍ਹਾਂ ਪਾਬੰਦ ਸਨ। ਇਸ ਲਈ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਦਾ ਕਾਰਜ ਨਾ ਕੇਵਲ ਸੌਂਪ ਹੀ ਦਿੱਤਾ ਸਗੋਂ ਸਭ ਸੂਬਿਆਂ ਲਈ ਉਨ੍ਹਾਂ ਦੇ ਪ੍ਰਚਾਰ ਖੇਤਰ ਵੀ ਨਿਸ਼ਚਿਤ ਕਰ ਦਿੱਤੇ। ਉਨ੍ਹਾਂ ਨੂੰ ਨਾਮ ਦੇਣ ਦਾ ਅਧਿਕਾਰ ਵੀ ਦਿੱਤਾ ਗਿਆ। ਇਸ ਤਰ੍ਹਾਂ ਭੈਣੀ ਸਾਹਿਬ ਦੇ ਜਾਂ ਸਤਿਗੁਰੂ ਜੀ ਦੇ ਨਿੱਜ ਵਿਅਕਤੀਤੱਵ ਨਾਲ ਜੁੜਿਆ ਹੋਇਆ ਇਕ ਕੇਂਦਰ ਹੁਣ ਕਈ ਰੂਪਾਂ ਅਤੇ ਦਿਸ਼ਾਵਾਂ ਵਿਚ ਰੁਪਾਂਤਰਿਤ ਹੋ ਗਿਆ। ਇਕ ਦੀ ਥਾਂ ਸਤਿਗੁਰੂ ਜੀ ਵਲੋਂ ਥਾਪੜੀ ਪ੍ਰੇਰਣਾ ਤੇ ਉਤਸ਼ਾਹ ਨੂੰ ਪ੍ਰਾਪਤ ਕਰਕੇ ਹੁਣ ਧਰਮ ਪ੍ਰਚਾਰਤੇ ਸਮਾਜ ਸੁਧਾਰ ਦੀ ਨਾਮਧਾਰੀ ਲਹਿਰ ਦੇ ਕਈ ਕੇਂਦਰ ਹੋਂਦ ਵਿਚ ਆ ਗਏ। ਹਰ ਸੂਬਾ ਆਪਣੇ ਆਪਣੇ ਇਲਾਕੇ ਵਿਚ ਕਈ ਥਾਵਾਂ ਤੇ ਜਾ ਕੇ ਦੀਵਾਨ ਕਰਦਾ ਅਤੇ ਨਾਮਧਾਰੀ ਮਤ ਦਾ ਪ੍ਰਚਾਰ ਕਰਦਾ ਸੀ। ਇਸ ਲਈ ਇਨ੍ਹਾਂ ਸੂਬਿਆਂ ਦੇ ਉਤਸ਼ਾਹ ਤੇ ਯਤਨਾਂ ਸਦਕਾ ਨਾਮਧਾਰੀ ਲਹਿਰ ਵਿਚ ਗਿਣਤੀ ਤੇ ਗੁਣਾਂ ਦੇ ਪੱਖ ਤੋਂ ਬਹੁਤ ਵਾਧਾ ਹੋਇਆ। ਹਜ਼ਾਰਾਂ ਦੀ ਗਿਣਤੀ ਵਿਚ ਨਵੇਂ ਨਾਮਧਾਰੀ ਸਿੰਘ ਸੱਜ ਗਏ। ਵਿਸ਼ੇਸ਼ ਨਾਮਧਾਰੀ ਪਹਿਰਾਵੇ ਕਾਰਨ ਉਨ੍ਹਾਂ ਦੀ ਪਛਾਣ ਤੇ ਸਤਿਕਾਰ ਦਿਨੋਂ ਦਿਨ ਵਧਣ ਲੱਗਾ। ਇਨ੍ਹਾਂ ਵਿਚੋਂ ਬਹੁਤ ਸਾਰੇ ਨਵੇਂ ਸੱਜੇ ਨਾਮਧਾਰੀ ਸਿੰਘ ਭੈਣੀ ਸਾਹਿਬ ਆ ਕੇ ਵੀ ਸਤਿਗੁਰੂ ਜੀ ਦੇ ਦਰਸ਼ਨ ਕਰ ਜਾਂਦੇ ਸਨ। ਇਸ ਤਰ੍ਹਾਂ ਇਨ੍ਹਾਂ ਸੂਬਿਆਂ ਦੀ ਨਿਯੁਕਤੀ ਨਾਲ ਨਾ ਕੇਵਲ ਸੂਬਿਆਂ ਨੂੰ ਸੌਂਪੇ ਗਏ ਵਿਸ਼ੇਸ਼ ਇਲਾਕਿਆਂ ਵਿਚ ਹੀ ਨਾਮਧਾਰੀ ਲਹਿਰ ਨੇ ਮਜਬੂਤ ਜੜ੍ਹਾਂ ਹੀ ਪਕੜੀਆਂ ਸਗੋਂ ਨਾਮਧਾਰੀ ਮਤ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਰੌਣਕ ਵਿਚ ਵੀ ਵਾਧਾ ਹੋਇਆ। ਇਸ

---

[1]* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਪੰਨਾ 224

[1]* ਤਾਰਾ ਸਿੰਘ ਅਨਜਾਣ – ਸਤਰਨ ਕੇ ਸਿਰਮੌਰ ਪੰਨਾ 206–20



Sri Satguru Jagjit Singh Ji Elibrary NamdhariElibrary@gmail.com

ਸਮੇਂ ਸ੍ਰੀ ਭੈਣੀ ਸਾਹਿਬ ਵਿਚ ਹੋਏ ਧਾਰਮਿਕ ਇਕੱਠਾਂ ਬਾਰੇ ਵਿਚਾਰ ਕਰਦੇ ਹੋਏ [1*]ਪ੍ਰੋ. ਪੂਰਨ ਸਿੰਘ ਵਰਗੇ ਅਧਿਆਤਮਿਕ ਵੇਤਾ ਅਤੇ ਸਿੱਖ ਚਿੰਤਕ ਨੇ ਪੁਸਤਕ 'ਦਸ ਗੁਰੂ ਦਰਸ਼ਨ' ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ :-

ਗੁਰੂ ਜੀ ਦਾ ਅਨੰਦਪੁਰ ਹੁਣ ਖਾਲਸਾ ਜੀ ਦਾ ਅਨੰਦਪੁਰ ਬਣ ਗਿਆ। ਖਾਲਸਾ ਮਿਲ ਕੇ ਇਕੋ ਸਾਂਝੇ ਕੰਠ ਨਾਲ ਨਵੇਂ ਮੰਤਰ ਦਾ ਉੱਚਾਰਨ ਕਰਦਾ, ਜਿਸ ਦੀ ਕੜਕਵੀਂ ਗਰਜ ਸਤਿ ਸ੍ਰੀ ਅਕਾਲ ਦੇ ਜੈਕਾਰੇ ਦੇ ਰੂਪ ਵਿਚ ਪਹਾੜੀਆਂ ਵਿਚ ਗੂੰਜਾਰਾਂ ਪਾਉਂਦੀ। ਖਾਲਸਾ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚੀ ਸ੍ਰੀ ਭਗਉਤੀ ਦੀ ਵਾਰ ਨੂੰ ਨਿਤਨੇਮ ਦੇ ਰੂਪ ਵਿਚ ਗਾ ਕੇ ਆਪਣੇ ਅੰਦਰ ਬੀਰਤਾ ਨੂੰ ਭਰ ਲੈਂਦਾ। ਗੁਰੂ ਜੀ ਨੇ ਇਹ ਬਾਣੀ ਪੁਰਾਤਨ ਦੇਵੀ ਦੀ ਉਪਮਾ ਵਿਚ ਰਚੀ ਸੀ ਪਰ ਉਨ੍ਹਾਂ ਨੇ ਤਾਂ ਉਸ ਦੇਵੀ ਦੀ ਉਪਮਾ ਵਿਚ ਵਰਤੇ ਗਏ ਸੰਸਕ੍ਰਿਤ ਦੇ ਸ਼ਬਦਾਂ ਨੂੰ ਹੀ ਵਰਤਿਆ ਸੀ ਤੇ ਅਸਲ ਵਿਚ ਉਨ੍ਹਾਂ ਨੇ ਸ੍ਰੀ ਭਗਉਤੀ, ਖੰਡੇ ਦੀ ਵਾਰ ਹੀ ਰਚੀ ਸੀ।

ਨਵੀਨ ਇਤਿਹਾਸ ਵਿਚ ਭਾਈ ਰਾਮ ਸਿੰਘ (ਨਾਮਧਾਰੀ ਸਤਿਗੁਰੂ) ਜੀ ਦੀ ਅਗਵਾਈ ਵਿਚ ਉਸੇ ਵਾਹਿਗੁਰੂ ਮੰਤਰ ਤੋਂ ਪ੍ਰੇਰਨਾ (ਸ਼ਕਤੀ) ਪ੍ਰਾਪਤ ਕਰਕੇ ਪੁਰਾਤਨ ਖਾਲਸੇ ਦਾ ਸਮਰੂਪ ਪੰਥ (ਸੰਤ ਖਾਲਸਾ) ਉਠਿਆ ਜੋ ਕੂਕੇ ਸਨ ਜਿਨ੍ਹਾਂ ਨੂੰ ਪਿਛਲੀ ਪੀੜੀ ਦੇ ਲੋਕਾਂ ਨੇ ਚੌਕੜਾ ਮਾਰ ਕੇ ਨਾਮ ਸਿਮਰਨ ਦੀ ਧਿਆਨੀ ਮੁਦਰਾ ਵਿਚ ਬੈਠਿਆਂ ਵੇਖਿਆ ਹੈ। ਜੋ ਇਸ ਭਗਉਤੀ ਦੀ ਵਾਰ ਨੂੰ ਗਾਉਂਦੇ ਸਨ ਅਤੇ ਆਪਣੇ ਉਸੇ ਆਸਣ ਵਿਚ ਬਿਰਾਜਮਾਨ ਹੋ ਕੇ ਪੰਛੀ ਹਾਰ ਉੱਚਾ ਉਡਦੇ ਤੇ ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਦੀ ਉੱਚੀ ਕੂਕ ਕੱਢਦੇ ਸਨ।

[2*]ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਦੇ ਦ੍ਰਿਸ਼ਟੀਕੋਣ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੰਦਪੁਰ ਦਾ ਅਧਿਆਤਮਿਕ ਵਾਤਾਵਰਣ ਸੀ ਉਸੇ ਤਰ੍ਹਾਂ ਦਾ ਵਾਤਾਵਰਣ ਸ੍ਰੀ ਭੈਣੀ ਸਾਹਿਬ ਵਿਖੇ 19ਵੀਂ ਸਦੀ ਦੇ ਦੂਜੇ ਅੱਧ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਮੁੜ ਸੁਰਜੀਤ ਹੋ ਗਿਆ।

**ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਤੇ ਉਨ੍ਹਾਂ ਦੇ ਪ੍ਰਚਾਰ ਕੇਂਦਰ**

ਨਾਮਧਾਰੀ ਇਤਿਹਾਸਕਾਰਾਂ ਨੇ ਇਨ੍ਹਾਂ ਸੂਬਿਆਂ ਦੇ ਨਾਮ ਅਤੇ ਕਰਮ ਖੇਤਰਾਂ ਦੇ ਵੇਰਵੇ ਬਿਆਨ ਕੀਤੇ ਹਨ :

1. ਸੂਬਾ ਲੱਖਾ ਸਿੰਘ ਪਿੰਡ ਮਲੌਦ, ਜ਼ਿਲ੍ਹਾ ਲੁਧਿਆਣਾ, ਉਮਰ 28 ਸਾਲ, ਪ੍ਰਚਾਰ ਸਥਾਨ – ਹੁਸ਼ਿਆਰਪੁਰ ਅਤੇ ਜਲੰਧਰ
2. ਸੂਬਾ ਕਾਹਨ ਸਿੰਘ ਜੀ ਨਿਹੰਗ ਪਿੰਡ ਚੱਕ ਕਲਾਂ, ਰਿਆਸਤ ਮਲੇਰਕੋਟਲਾ, ਉਮਰ 60 ਸਾਲ, ਪ੍ਰਚਾਰ ਸਥਾਨ – ਹੁਸ਼ਿਆਰਪੁਰ, ਮਾਲਵਾ ਅਤੇ ਅੰਬਾਲਾ

---

[1*] ਦਸ ਗੁਰੂ ਦਰਸ਼ਨ, ਪ੍ਰੋ. ਪੂਰਨ ਸਿੰਘ (ਅਨੁਵਾਦਕ ਕ੍ਰਿਪਾਲ ਸਿੰਘ ਕਸੇਲ), ਪੰਨਾ 121

[2*] ਸਵ: ਪ੍ਰੋ. ਪੂਰਨ ਸਿੰਘ, ਦਸ ਗੁਰੂ ਦਰਸ਼ਨ, ਪੰਨਾ 110



Sri Satguru Jagjit Singh Ji Elibrary NamdhariElibrary@gmail.com

3. ਸੂਬਾ ਨਰਾਇਣ ਸਿੰਘ, ਪਿੰਡ ਖਟੜੇ, ਜ਼ਿਲ੍ਹਾ ਲੁਧਿਆਣਾ; ਉਮਰ 32 ਸਾਲ, ਪ੍ਰਚਾਰ ਸਥਾਨ -ਮੁਕਤਸਰ ਅਤੇ ਫਿਰੋਜ਼ਪੁਰ।
4. ਸੂਬਾ ਸੁਧ ਸਿੰਘ, ਪਿੰਡ ਮਢੌਰ, ਜ਼ਿਲ੍ਹਾ ਅੰਬਾਲਾ; ਉਮਰ 42 ਸਾਲ ਪ੍ਰਚਾਰ ਸਥਾਨ - ਅੰਬਾਲਾ, ਮਾਲਵਾ ਅਤੇ ਮਾਝਾ।
5. ਸੂਬਾ ਜਵਾਹਰ ਸਿੰਘ, ਪਿੰਡ ਡਰੋਲੀ ਭਾਈ ਕੀ ਜ਼ਿਲ੍ਹਾ ਮੋਗਾ; ਉਮਰ 46 ਸਾਲ ਪ੍ਰਚਾਰ ਸਥਾਨ - ਫਿਰੋਜਪੁਰ ਤੇ ਨਾਲ ਲੱਗਦੇ ਖੇਤਰ।
6. ਸੂਬਾ ਸਾਹਿਬ ਸਿੰਘ, ਪਿੰਡ ਬੰਗਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ; ਉਮਰ 34 ਸਾਲ- ਸਤਿਗੁਰੂ ਰਾਮ ਸਿੰਘ ਜੀ ਦੇ ਨਿਕਟ ਵਰਤੀ ਹਜ਼ੂਰੀ ਸੇਵਕ।
7. ਸੂਬਾ ਸਰਮੁਖ ਸਿੰਘ ਲੱਲੂਵਾਲਾ, ਰਿਆਸਤ ਪਟਿਆਲਾ, ਉਮਰ 30 ਸਾਲ ਪ੍ਰਚਾਰ ਸਥਾਨ - ਪਟਿਆਲਾ।
8. ਸੂਬਾ ਜਮੀਅਤ ਸਿੰਘ, ਪਿੰਡ ਗਿੱਲ, ਜ਼ਿਲ੍ਹਾ ਸਿਆਲਕੋਟ, ਉਮਰ 50 ਸਾਲ ਪ੍ਰਚਾਰ ਸਥਾਨ - ਸਿਆਲਕੋਟ।
9. ਸੂਬਾ ਬ੍ਰਹਮਾ ਸਿੰਘ, ਪਿੰਡ ਦਰਿਆਪੁਰ, ਜ਼ਿਲ੍ਹਾ ਕਰਨਾਲ, ਉਮਰ 45 ਸਾਲ ਪ੍ਰਚਾਰ ਸਥਾਨ - ਜਲੰਧਰ, ਗੁਜਰਾਂਵਾਲਾ, ਲਾਹੌਰ ਅਤੇ ਸਿਆਲਕੋਟ।
10. ਸੂਬਾ ਖਜ਼ਾਨ ਸਿੰਘ, ਪਿੰਡ ਲਧਾਣਾ, ਜ਼ਿਲ੍ਹਾ ਜਲੰਧਰ; ਉਮਰ 35 ਸਾਲ, ਪ੍ਰਚਾਰ ਸਥਾਨ : ਲਾਹੌਰ ਅਤੇ ਅੰਮ੍ਰਿਤਸਰ।
11. ਸੂਬਾ ਮਲੂਕ ਸਿੰਘ, ਪਿੰਡ ਫੂਲੇਵਾਲ, ਜ਼ਿਲ੍ਹਾ ਫਿਰੋਜ਼ਪੁਰ; ਉਮਰ 35 ਸਾਲ ਪ੍ਰਚਾਰ ਸਥਾਨ - ਫਿਰੋਜ਼ਪੁਰ।
12. ਸੂਬਾ ਗੁਪਾਲ ਸਿੰਘ, ਪਿੰਡ ਰੱਖੜ ਮਰੋੜ, ਰਿਆਸਤ ਪਟਿਆਲਾ; ਉਮਰ 35 ਸਾਲ, ਭੈਣੀ ਸਾਹਿਬ ਵਿਖੇ ਦੁਕਾਨ ਦਾ ਮੁੱਖ ਪ੍ਰਬੰਧਕ।
13. ਸੂਬਾ ਹੁਕਮਾ ਸਿੰਘ, ਪਿੰਡ ਪਿੱਥੋ, ਰਿਆਸਤ ਨਾਭਾ; ਉਮਰ 25 ਸਾਲ, ਪ੍ਰਚਾਰ ਸਥਾਨ - ਲੁਧਿਆਣਾ ਅਤੇ ਮਾਝਾ।
14. ਸੂਬਾ ਪਹਾੜਾ ਸਿੰਘ, ਪਿੰਡ ਮਲੌਦ, ਜ਼ਿਲ੍ਹਾ ਲੁਧਿਆਣਾ; ਉਮਰ 37 ਸਾਲ, ਪ੍ਰਚਾਰ ਸਥਾਨ - ਲੁਧਿਆਣਾ ਅਤੇ ਗੁਜਰਾਂਵਾਲਾ।
15. ਸੂਬਾ ਸਮੁੰਦ ਸਿੰਘ, ਪਿੰਡ ਘੋਟੇ, ਜ਼ਿਲ੍ਹਾ ਫ਼ਿਰੋਜ਼ਪੁਰ, ਉਮਰ 40 ਸਾਲ ਪ੍ਰਚਾਰ ਸਥਾਨ - ਫਿਰੋਜ਼ਪੁਰ।
16. ਸੂਬਾ ਗਿਆਨੀ ਰਤਨ ਸਿੰਘ, ਮੰਡੀ ਰਿਆਸਤ ਸੰਗਰੂਰ, ਉਮਰ 28 ਸਾਲ ਪ੍ਰਚਾਰ ਸਥਾਨ - ਜੀਂਦ ਅਤੇ ਪਟਿਆਲਾ।
17. ਅਰੂੜ ਸਿੰਘ, ਪਿੰਡ ਬੰਗਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ ; ਉਮਰ 40 ਸਾਲ ਪ੍ਰਚਾਰ ਸਥਾਨ ਅੰਮ੍ਰਿਤਸਰ।
18. ਜੋਤਾ ਸਿੰਘ, ਜ਼ਿਲ੍ਹਾ ਸਿਆਲਕੋਟ, ਉਮਰ 35 ਸਾਲ, ਪ੍ਰਚਾਰ ਸਥਾਨ - ਸਿਆਲਕੋਟ ਅਤੇ ਲਾਹੌਰ।
19. ਸੂਬਾ ਖੁਸ਼ਹਾਲ ਸਿੰਘ, ਖਰਾਜ, ਜ਼ਿਲਾ ਹਿਸਾਰ ਉਮਰ 50 ਸਾਲ, ਪ੍ਰਚਾਰ ਇਲਾਕਾ ਨਾਭਾ, ਪਟਿਆਲਾ।



Sri Satguru Jagjit Singh Ji Elibrary NamdhariElibrary@gmail.com

20. ਸੂਬਾ ਰਾਜ ਸਿੰਘ, ਤ੍ਰਾਂਡੀ, ਜ਼ਿਲ੍ਹਾ ਸਿਆਲਕੋਟ 32 ਸਾਲ, ਪ੍ਰਚਾਰ ਇਲਾਕਾ ਗੁਜਰਾਂਵਾਲਾ, ਸਿਆਲਕੋਟ
21. ਸੂਬਾ ਮਾਨ ਸਿੰਘ, ਸੈਦੋਕੀ, ਜ਼ਿਲ੍ਹਾ ਫਿਰੋਜ਼ਪੁਰ, 45 ਸਾਲ, ਪ੍ਰਚਾਰ ਇਲਾਕਾ ਹਿਸਾਰ, ਫਿਰੋਜ਼ਪੁਰ।
22. ਸੂਬਾ ਭਗਵਾਨ ਸਿੰਘ, ਫੱਤੇਵਾਲ, ਜ਼ਿਲਾ ਅੰਮ੍ਰਿਤਸਰ, 44 ਸਾਲ ਪ੍ਰਚਾਰ ਇਲਾਕਾ ਅੰਮ੍ਰਿਤਸਰ।
੨੩. ਇਹਨਾਂ ਤੋਂ ਇਲਾਵਾ ਇੱਕ ਸੂਬਾ ਬੀਬੀ ਹੁਕਮੀ ਪਿੰਡ ਵੜ੍ਹਿਆਂ, ਜ਼ਿਲ੍ਹਾ ਅੰਮ੍ਰਿਤਸਰ, ਉਮਰ 20 ਸਾਲ, ਪ੍ਰਚਾਰ ਸਥਾਨ-ਅੰਮ੍ਰਿਤਸਰ, ਹੁਸ਼ਿਆਰਪੁਰ ਵੀ ਸੀ।

ਇਹ ਸਾਰੇ ਸੂਬੇ ਬੜੇ ਜੋਸ਼ ਤੇ ਉਤਸ਼ਾਹ ਨਾਲ ਨਾਮਧਾਰੀ ਮਤ ਦਾ ਪ੍ਰਚਾਰ ਕਰਦੇ ਰਹੇ। ਇਸਤਰੀਆਂ ਵਿਚੋਂ ਬੀਬੀ ਹੁਕਮੀ ਦੀ ਨਿਯੁਕਤੀ ਵੱਡੀ ਮਹੱਤਤਾ ਦੀ ਸੂਚਕ ਸੀ, ਜਿਸ ਤੋਂ ਸਤਿਗੁਰੂ ਜੀ ਦੀ ਇਸਤਰੀ ਸਮਾਜ ਬਾਰੇ ਸਮਾਨਤਾ ਦੀ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ, ਜਿਵੇਂ ਜਿਵੇਂ ਨਾਮਧਾਰੀ ਮਤ ਹੋਰ ਪ੍ਰਦੇਸ਼ਾਂ ਤੇ ਵਿਦੇਸ਼ਾਂ ਵਿਚ ਫੈਲਦਾ ਗਿਆ, ਤਿਉਂ ਤਿਉਂ ਦੇਸ਼ੋਂ ਬਾਹਰ ਪ੍ਰਚਾਰ ਤੇ ਸੰਪਰਕ ਕਰਨ ਦੇ ਪੱਖ ਤੋਂ ਕੁਝ ਹੋਰ ਸੂਬੇ ਥਾਪੇ ਗਏ, ਇਨ੍ਹਾਂ ਵਿਚੋਂ ਸੂਬਾ ਬਿਸ਼ਨ ਸਿੰਘ (ਕਾਬਲ ਤੇ ਰੂਸ); ਸੂਬਾ ਨਰਾਇਣ ਸਿੰਘ (ਗਵਾਲੀਅਰ ਤੇ ਮੱਧ ਪ੍ਰਦੇਸ਼ ਵਿਚ); ਸੂਬਾ ਕਾਹਨ ਸਿੰਘ (ਬਨਾਰਸ ਵਿਚ) ਸੂਬਾ ਸੂਰਜੂ ਸਿੰਘ (ਨੇਪਾਲ ਵਿਚ) ਸਰਗਰਮ ਰਹੇ।

[1*]2. **ਕੀਰਤਨ ਲਈ ਰਾਗੀ ਜੱਥੇ :** ਸੂਬਿਆਂ ਦੇ ਨਾਲ ਹੀ ਕਥਾ ਕੀਰਤਨ ਦੀ ਗੁਰ ਮਰਿਯਾਦਾ ਨੂੰ ਸਥਿਰ ਰੂਪ ਦੇਣ ਲਈ ਸਤਿਗੁਰੂ ਜੀ ਨੇ ਕਈ ਰਾਗੀ ਜਥੇ ਵੀ ਜੱਥੇਬੰਦ ਕੀਤੇ ਤਾਂ ਜੋ ਗੁਰੂ ਕੀਰਤਨ ਦੀ ਗੁਰੂ ਨਾਨਕ ਸਾਹਿਬ ਤੋਂ ਚਲੀ ਆ ਰਹੀ ਪਰੰਪਰਾ ਨਿਰੰਤਰ ਅੱਗੇ ਤੁਰਦੀ ਰਹੇ। [2*]ਸ. ਨਾਹਰ ਸਿੰਘ ਇਨ੍ਹਾਂ ਰਾਗੀਆਂ ਦੇ ਜੱਥਿਆਂ ਦੇ ਵੇਰਵਿਆਂ ਬਾਰੇ ਇਸ ਤਰ੍ਹਾਂ ਲਿਖਿਆ ਹੈ :-

"ਮਰਦਾਂ ਅਤੇ ਇਸਤਰੀਆਂ ਦਾ ਸੰਗਤ ਵਿਚ ਮਿਲ ਕੇ ਇਕੱਠਿਆਂ ਢੋਲਕ, ਛੈਣਿਆਂ ਨਾਲ ਸਿੱਧੀਆਂ ਸਾਦੀਆਂ ਪੇਂਡੂ ਧਾਰਨਾਂ ਵਿਚ ਗੁਰਬਾਣੀ ਦੇ ਸ਼ਬਦ ਪੜ੍ਹਨ ਦਾ ਰਿਵਾਜ ਦਿਨੋਂ ਦਿਨ ਫੈਲਦਾ ਚਲਿਆ ਗਿਆ। ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲੋਂ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਕੀਆਂ ਭੈਣੀ ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿੱਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦਫ਼ਪ ਅਥਵਾ

---

[1*] ਨਾਹਰ ਸਿੰਘ, ਕ੍ਰਿਪਾਲ ਸਿੰਘ, ਰੈਬਲਸ ਅਗੇਂਸਟ ਦਾ ਬ੍ਰਿਟਿਸ਼ ਰੂਲ, ਭਾਗ ਪਹਿਲਾ, ਪੰਨਾ 81-82

[2*] ਐਮ.ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ ਪੰਜਾਬ, ਪੰਨਾ 65-66

[3*] ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਊ ਸਤਿਗੁਰੂ, ਪੰਨਾ 79-80



Sri Satguru Jagjit Singh Ji Elibrary NamdhariElibrary@gmail.com

ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼ਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜੱਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਅਤੇ ਭਾਈ ਪਾਲੀ ਨੂੰ ਮਾਝੇ ਵਿਖੇ ਸੰਗਤਾਂ ਨੂੰ ਕੀਰਤਨ ਸੁਣਾਉਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਣਾਉਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਹੀ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸ ਦੇ ਸਾਥੀ ਦੁਆਬੇ ਵਿਚ ਪ੍ਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ ਜਿਨ੍ਹਾਂ ਨੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਰੰਦਾਂ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ, ਭੈਣੀ ਰਹਿ ਕੇ, ਇਰਦ ਗਿਰਦ ਦੇ ਇਲਾਕਿਆਂ ਵਿਚ ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁੱਪਈਆ ਸ਼ਬਦ ਚੌਕੀ ਦੀ ਭੇਟ ਮੁਕੱਰਰ ਕੀਤੀ ਗਈ।"

3. ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸੁਧਾਈ ਵੱਲ ਉਚੇਚਾ ਧਿਆਨ ਦੇਣਾ : ਗੁਰਸਿੱਖੀ ਦਾ ਆਧਾਰਭੂਤ ਸਰੋਤ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਹੈ ਪਰ ਉਸ ਸਮੇਂ ਤੱਕ ਗੁਰੂ ਗ੍ਰੰਥ ਸਾਹਿਬ ਦੀਆਂ ਵੱਖ ਵੱਖ ਲਿਖਾਰੀਆਂ ਵੱਲੋਂ ਕੀਤੇ ਗਏ ਉਤਾਰਿਆਂ ਦੀਆਂ ਬੀੜਾਂ ਤਾਂ ਮਿਲਦੀਆਂ ਸਨ ਪਰ ਇਨ੍ਹਾਂ ਵਿਚ ਲਗਾਂ-ਮਾਤਰਾਂ ਦੀ ਇਕਸਾਰਤਾ ਨਹੀਂ ਸੀ। ਇਹ ਉਤਾਰੇ ਸ੍ਰੀ ਅੰਮ੍ਰਿਤਸਰ, ਤਲਵੰਡੀ ਸਾਬੋ, (ਦਮਦਮਾ ਸਾਹਿਬ) ਕੀਤੇ ਜਾਂਦੇ ਸਨ। [1*]ਸ. ਨਾਹਰ ਸਿੰਘ ਅਨੁਸਾਰ -

ਨਕਲ ਕਰਨ ਵਾਲੇ ਕਸ਼ਮੀਰੀ ਲਿਖਾਰੀਆਂ, ਅੰਮ੍ਰਿਤਸਰ ਦੇ ਲਿਖਾਰੀਆਂ ਅਤੇ ਦਮਦਮੇ ਸਾਹਿਬ ਦੇ ਲਿਖਾਰੀਆਂ ਦੀਆਂ ਅਖਰਾਂ ਦੀਆਂ ਸ਼ਕਲਾਂ ਅਤੇ ਲਿਪੀਆਂ ਦੀਆਂ ਮਰੋੜੀਆਂ ਵਿਚ ਲਗ ਮਾਤਰਾਂ ਦਾ ਉਚਾਰਨ ਕਰਕੇ ਅੱਖਰ ਨੂੰ ਲਿਖਣ ਵਿਚ ਫਰਕ ਸੀ। ਗੁਰਪੁਰ ਵਾਸੀ ਡਾਕਟਰ ਕਰਮ ਸਿੰਘ ਜੀ ਲਾਹੌਰ ਵਾਲਿਆਂ ਦੀ ਖੋਜ ਅਨੁਸਾਰ ਇਸ ਸਮੇਂ ਤਕ ਵੱਖ ਵੱਖ ਲਿਖਾਰੀਆਂ ਦੀਆਂ ਹੱਥ ਲਿਖੀਆਂ ਬੀੜਾਂ ਵਿਚ ਕੋਈ ਇਕ ਹਜ਼ਾਰ ਤੋਂ ਉਪਰ ਲਗਾਂ ਮਾਤਰਾਂ ਅਤੇ ਅਖਰਾਂ ਦਾ ਫਰਕ ਸੀ। ਛਾਪੇ ਦੀਆਂ ਬੀੜਾਂ ਦਾ ਰਿਵਾਜ ਹੋਵਣ ਤੇ ਭੀ ਵੱਖ ਵੱਖ ਛਾਪੇ ਖਾਨਿਆਂ ਦੀਆਂ ਛਪੀਆਂ ਬੀੜਾਂ ਵਿਚ ਅੱਖਰ, ਲਗ ਮਾਤਰਾਂ ਦੇ ਫਰਕ ਪੈਂਦੇ ਹੀ ਚਲੇ ਗਏ।

[1*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 143-144



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤ ਪ੍ਰਚਾਰ ਦੇ ਨਾਲ ਨਾਲ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਕਰਨ ਅਤੇ ਭੋਗ ਪਾਵਣ ਤੇ ਬਹੁਤ ਹੀ ਜ਼ਿਆਦਾ ਜ਼ੋਰ ਦਿੱਤਾ। ਜਿੱਥੇ ਜਿੱਥੇ ਭੀ ਨਾਮਧਾਰੀ ਸਿੰਘ ਸਜਦੇ, ਉਥੇ ਹੀ ਪਾਠ ਕੀਤੇ ਜਾਂਦੇ ਅਤੇ ਭੋਗ ਪਾਏ ਜਾਂਦੇ। ਹਰ ਇਕ ਮੁਖੀ ਸੂਬੇ ਨੂੰ ਹਦਾਇਤ ਸੀ ਕਿ ਉਹ ਹਰ ਰੋਜ਼ ਘੱਟੋ ਘਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 100 ਪੰਨਿਆਂ ਦਾ ਪਾਠ ਜ਼ਰੂਰ ਕਰੇ।"

ਸਤਿਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਦੇ ਪਾਠ ਦੀ ਸੁਧਾਈ ਵੱਲ ਉਚੇਚਾ ਧਿਆਨ ਦਿੱਤਾ ਅਤੇ ਕਰੜੀ ਘਾਲਣਾ ਤੇ ਘੋਖ ਪੜਤਾਲ ਪਿਛੋਂ ਗੁਰੂ ਗ੍ਰੰਥ ਸਾਹਿਬ ਦੇ ਸ਼ੁਧ ਪਾਠ ਨੂੰ ਪ੍ਰਮਾਣਿਕ ਸਰੂਪ ਦਿੱਤਾ। 1866 ਵਿਚ ਲਾਹੌਰ ਦੇ ਦੀਵਾਨ ਬੂਟਾ ਸਿੰਘ ਨੇ ਆਪਣਾ ਛਾਪਾਖਾਨਾ ਆਫਤਾਬ ਪ੍ਰੈਸ ਖੋਲ੍ਹਿਆ ਅਤੇ ਇਸ ਤੋਂ ਕਾਨੂੰਨੀ ਰਸਾਲਾ ਅਨਵਰ ਉਲ ਸ਼ਮਸ ਕਢਿਆ। ਇਹ ਉਹੋ ਹੀ ਦੀਵਾਨ ਬੂਟਾ ਸਿੰਘ ਸੀ ਜੋ ਮਹਾਰਾਣੀ ਜਿੰਦਾ" ਦਾ ਇਤਬਾਰੀ ਅਹਿਲਕਾਰ ਸੀ ਅਤੇ ਪ੍ਰੇਮਾ ਸਾਜ਼ਿਸ਼ ਕੇਸ ਵਿਚ ਉਸ ਨੂੰ ਕੈਦ ਦੀ ਸਜ਼ਾ ਵੀ ਹੋਈ ਸੀ। ਦੀਵਾਨ ਮੂਲ ਰਾਜ ਦੇ ਵਿਦਰੋਹ ਸਮੇਂ ਉਸ ਉੱਤੇ ਬਗਾਵਤ ਦਾ ਮੁਕੱਦਮਾ ਚਲਾਇਆ ਗਿਆ ਅਤੇ ਅੰਗਰੇਜ਼ ਵਿਰੋਧੀ ਸਾਜ਼ਿਸ਼ ਵਿਚ ਸ਼ਾਮਲ ਹੋਣ ਕਾਰਨ 7 ਸਾਲ ਦੀ ਸਜ਼ਾ ਹੋਈ ਜੋ ਉਸ ਨੇ ਅਲਾਹਾਬਾਦ ਦੇ ਕਿਲ੍ਹੇ ਵਿਚ ਕੱਟੀ। ਰਿਹਾਈ ਪਿਛੋਂ ਲਾਹੌਰ ਆ ਕੇ ਉਸ ਨੇ ਆਪਣਾ ਛਾਪਾਖਾਨਾ ਖੋਲ੍ਹ ਲਿਆ।

ਆਦਿ ਗ੍ਰੰਥ ਸਾਹਿਬ ਦੀ ਬੀੜ ਸ. ਬੂਟਾ ਸਿੰਘ ਨੇ ਆਪਣੀ ਪ੍ਰੈੱਸ ਵਿਚੋਂ ਛਪਵਾਈ। ਸ. ਬੂਟਾ ਸਿੰਘ ਨਾਮਧਾਰੀ ਪੰਥ ਦੇ ਸ਼ਰਧਾਲੂਆਂ ਵਿਚੋਂ ਸੀ ਅਤੇ ਅੰਗਰੇਜ਼ੀ ਸਰਕਾਰ ਉਸ ਦੇ ਪ੍ਰੈੱਸ ਵਿਚੋਂ ਸਰਕਾਰੀ ਦਸਤਾਵੇਜ਼ ਇਸ ਕਰਕੇ ਨਹੀਂ ਸੀ ਛਪਵਾਉਂਦੀ ਕਿ ਉਨ੍ਹਾਂ ਗੁਪਤ ਦਸਤਾਵੇਜ਼ਾਂ ਦਾ ਭੇਦ ਪਹਿਲਾਂ ਹੀ ਨਾਮਧਾਰੀਆਂ ਕੋਲ ਪਹੁੰਚ ਜਾਵੇਗਾ ਕਿਉਂ ਜੋ ਨਾਮਧਾਰੀ ਸੂਬਿਆਂ ਤੇ ਸਾਧ ਸੰਗਤ ਸ. ਬੂਟਾ ਸਿੰਘ ਦੇ ਨਿਵਾਸ ਉੱਤੇ ਜੁੜੀ ਹੀ ਰਹਿੰਦੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਪਰਮਾਣਿਕ ਸਰੂਪ ਤੋਂ ਸਹਿਜੇ ਹੀ ਗਿਆਤ ਹੋ ਜਾਂਦਾ ਹੈ ਕਿ ਸਤਿਗੁਰੂ ਰਾਮ ਸਿੰਘ ਗੁਰਬਾਣੀ ਦੇ ਸ਼ੁਧ ਪਾਠ ਵਿਚ ਕਿੰਨੀ ਲਗਨ ਰੱਖਦੇ ਸਨ।

### ਪੰਜਾਬੀ ਭਾਸ਼ਾ ਤੇ ਗੁਰਮੁਖੀ ਅੱਖਰਾਂ ਨਾਲ ਪ੍ਰੇਮ

1863 ਤੋਂ 1867 ਦੇ ਹਦੂਦਬੰਦੀ ਦੇ ਦੌਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਿਆਂ ਦੀ ਸਥਾਪਨਾ, ਕੀਰਤਨੀ ਜੱਥਿਆਂ ਦੇ ਸੰਗਠਨ, ਨਾਮ-ਦਾਨ ਤੇ ਅੰਮ੍ਰਿਤ ਪ੍ਰਚਾਰ ਦੀ ਵਿਆਪਕ ਲਹਿਰ ਨੂੰ ਦਿਸ਼ਾ ਨਿਰਦੇਸ਼ ਦੇ ਕੇ ਗੁਰਮਤਿ ਦੇ ਧਾਰਮਿਕ ਪੱਖ ਨੂੰ ਪੱਕੇ ਆਧਾਰ ਪ੍ਰਦਾਨ ਕਰ ਦਿੱਤੇ ਸਨ ਪਰ ਇਕ ਹੋਰ ਤੇ



Sri Satguru Jagjit Singh Ji Elibrary NamdhariElibrary@gmail.com

ਸਭ ਤੋਂ ਵੱਡਾ ਖ਼ਤਰਾ ਪੰਜਾਬ ਦੇ ਸਭਿਆਚਾਰ ਤੇ ਸੰਸਕ੍ਰਿਤੀ ਦੀ ਰੱਖਿਆ ਕਰਨਾ ਸੀ, ਜਿਸ ਦੀਆਂ ਵਿਦੇਸ਼ੀ ਸਰਕਾਰ ਜੜ੍ਹਾਂ ਕੱਟਣੀਆਂ ਚਾਹੁੰਦੀ ਸੀ। ਹਰ ਦੇਸ਼ ਤੇ ਕੌਮ ਦੇ ਲੋਕਾਂ ਦਾ ਆਚਾਰ ਵਿਹਾਰ ਤੇ ਕਿਰਦਾਰ ਉਨ੍ਹਾਂ ਦੀ ਸੰਸਕ੍ਰਿਤੀ ਤੋਂ ਹੀ ਉਸਰਦਾ ਤੇ ਵਿਕਸਤ ਹੁੰਦਾ ਹੈ ਅਤੇ ਭਾਸ਼ਾਈ ਮਾਧਿਅਮ ਜੋ ਕਿਸੇ ਕੌਮ ਦੀ ਜਿੰਦ-ਜਾਨ ਹੁੰਦਾ ਹੈ, ਮਾਤ ਭਾਸ਼ਾ ਦੇ ਰੂਪ ਵਿਚ ਹੀ ਕਿਸੇ ਕੌਮ ਦੀਆਂ ਜੜ੍ਹਾਂ ਨੂੰ ਹਰੀਆਂ ਰੱਖਦਾ ਹੈ। ਉਸ ਦੇ ਉੱਤੇ ਹੀ ਉਸ ਦੇ ਕੌਮੀ ਸਭਿਆਚਾਰ ਦੇ ਬ੍ਰਿਛ ਦਾ ਮੌਲਣਾ, ਵਧਣਾ ਤੇ ਫੁੱਲਣਾ ਨਿਰਭਰ ਕਰਦਾ ਹੈ। ਇਸ ਹਕੀਕਤ ਨੂੰ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਛਾਣ ਲਿਆ ਸੀ। ਆਪ ਜੀ ਨੇ 'ਮਲੇਛ ਭਾਖਿਆ ਗਹੀ' ਅਤੇ 'ਬੋਲੀ ਅਵਰੁ ਤੁਹਾਰੀ' ਕਹਿ ਕੇ ਪੰਜਾਬ ਦੇ ਲੋਕਾਂ ਨੂੰ ਸਾਵਧਾਨ ਕਰ ਦਿੱਤਾ ਸੀ ਅਤੇ ਤਤਕਾਲਕ ਸਰਕਾਰਾਂ ਦੇ ਭਾਸ਼ਾਈ ਸਾਮਰਾਜ ਨੂੰ ਜਬਰਦਸਤੀ ਠੋਸਣ ਦਾ ਵਿਰੋਧ ਕੀਤਾ ਸੀ। ਨਾ ਕੇਵਲ ਇਤਨਾ ਹੀ ਸਗੋਂ ਗੁਰੂ ਸਾਹਿਬਾਨ ਦੀ ਬਾਣੀ ਅਤੇ 1604 ਵਿਚ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਆਦਿ ਪੰਜਾਬ ਦੇ ਸਭਿਆਚਾਰਕ ਤੇ ਸਾਂਸਕ੍ਰਿਤਕ ਵਿਕਾਸ ਵਿਚ ਠੋਸ ਆਧਾਰ ਸਿੱਧ ਹੋਏ। ਪੰਜਾਬੀ ਭਾਸ਼ਾ ਦੀ ਆਪਣੀ ਲਿੱਪੀ (ਗੁਰਮੁਖੀ) ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੱਕ ਪੰਜਾਬੀ ਭਾਸ਼ਾ ਦੇ ਕਵਿਤਾ ਤੇ ਵਾਰਤਕ ਦੇ ਲਿਖਤੀ ਮਾਧਿਅਮ ਵਜੋਂ ਪ੍ਰਚਲਿਤ ਹੋ ਗਈ ਸੀ, ਭਾਵੇਂ ਮੁਸਲਮਾਨ ਲੇਖਕ ਨੇ ਪੰਜਾਬੀ ਲਈ ਵੀ ਫ਼ਾਰਸੀ ਅੱਖਰਾਂ ਦਾ ਪ੍ਰਯੋਗ ਕੀਤਾ ਪਰ ਇਸ ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਕੋਈ ਬਹੁਤਾ ਫ਼ਰਕ ਨਹੀਂ ਸੀ ਪਿਆ। ਪੰਜਾਬੀ ਲੋਕ ਇਨ੍ਹਾਂ ਦੋਹਾਂ ਲਿੱਪੀਆਂ ਤੋਂ ਚੰਗੀ ਤਰ੍ਹਾਂ ਜਾਣੂ ਸਨ ਅਤੇ ਆਪਣੇ ਨਿੱਜ ਦੇ ਕਾਰ ਵਿਹਾਰ ਵਿਚ ਗੁਰਮੁਖੀ ਅਤੇ ਸਰਕਾਰੀ ਪ੍ਰਬੰਧ ਵਿਚ ਫ਼ਾਰਸੀ ਲਿੱਪੀ ਦਾ ਪ੍ਰਯੋਗ ਕਰਦੇ ਸਨ। ਸਿੱਖ ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਕਾਲ ਵਿਚ ਪੰਜਾਬੀ ਭਾਸ਼ਾ ਤੇ ਇਸ ਦੀ ਕੁਦਰਤੀ ਲਿੱਪੀ ਨੂੰ ਲੋਕਾਂ ਦੇ ਕਾਰ ਵਿਹਾਰ ਤੇ ਸਰਕਾਰੀ ਭਾਸ਼ਾ ਵਜੋਂ ਅਪਨਾਉਣ ਵਲੋਂ ਘੌਲ ਕੀਤਾ ਗਈ ਕਿਉਂ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਾਮਹਣੇ ਅਕਬਰ ਕਾਲ ਦਾ ਪ੍ਰਬੰਧਕੀ ਤੇ ਪ੍ਰਸ਼ਾਸਕੀ ਢਾਂਚਾ ਹੀ ਧਿਆਨ ਦਾ ਕੇਂਦਰ ਬਣਿਆ ਅਤੇ ਅਮਲ ਵਿਚ ਆਉਂਦਾ ਰਿਹਾ। 1849 ਵਿਚ ਅੰਗਰੇਜ਼ੀ ਸ਼ਾਸਨ ਦੇ ਆ ਜਾਣ ਨਾਲ ਉਨ੍ਹਾਂ ਨੇ ਜਿਹੜੀ ਸਿੱਖਿਆ ਅਤੇ ਸਰਕਾਰੀ ਪ੍ਰਬੰਧ ਲਈ ਭਾਸ਼ਾ ਨੂੰ ਚੁਣਿਆ ਉਹ ਨਾ ਤਾਂ ਪੰਜਾਬੀ ਲੋਕਾਂ ਦੀ ਮਾਤ ਭਾਸ਼ਾ ਪੰਜਾਬੀ ਸੀ ਅਤੇ ਨਾ ਹੀ ਇਸ ਭਾਸ਼ਾ ਦੀ ਕੁਦਰਤੀ ਲਿੱਪੀ ਗੁਰਮੁਖੀ ਸਗੋਂ ਇਸ ਦੇ ਉਲਟ ਯੂ. ਪੀ. ਵਿਚੋਂ ਮਾਂਗਵੀਂ ਲਿਆਂਦੀ ਗਈ ਉਰਦੂ ਜ਼ਬਾਨ ਨੂੰ ਮੁੱਢਲੀ ਸਿੱਖਿਆ ਦੇ ਮਾਧਿਅਮ ਵਜੋਂ ਠੋਸਿਆ ਗਿਆ ਅਤੇ ਉਪਰੰਤ ਉਚੇਰੀਆਂ ਸ਼੍ਰੇਣੀਆਂ ਲਈ ਅੰਗਰੇਜ਼ੀ ਭਾਸ਼ਾ



Sri Satguru Jagjit Singh Ji Elibrary NamdhariElibrary@gmail.com

ਲਈ ਰਾਹ ਪੱਧਰਾ ਕੀਤਾ ਗਿਆ। ਇਹ ਸਰਕਾਰੀ ਨੀਤੀ ਗੁਪਤ ਜਾਂ ਪ੍ਰਗਟ ਰੂਪ ਵਿਚ ਪੰਜਾਬ ਦੇ ਸਭਿਆਚਾਰ ਤੇ ਸੰਸਕ੍ਰਿਤੀ ਤੇ ਗਿਆਨ ਬੋਧ ਦੇ ਵਿਕਾਸ ਵਿਚ ਵੱਡੀ ਰੋਕ ਪਾਉਣ ਅਤੇ ਉਨ੍ਹਾਂ ਦੇ ਜੜ੍ਹੀਂ ਤੇਲ ਦੇਣ ਦੇ ਤੁੱਲ ਸੀ। ਸਿੱਖਿਆ ਸੰਬੰਧੀ ਸਰਕਾਰੀ ਨੀਤੀ ਬਾਰੇ ਅੰਗਰੇਜ਼ ਸਰਕਾਰ ਦੀ ਡੂੰਘੀ ਸਾਜ਼ਿਸ਼ ਦਾ ਪਤਾ ਹੇਠ ਲਿਖੇ ਹਵਾਲਿਆਂ ਤੋਂ ਲੱਗ ਜਾਂਦਾ ਹੈ। ਪੰਜਾਬ ਦੇ ਗਵਰਨਰ ਮੈਕਲੌਡ ਨੇ 1855 ਵਿਚ ਇਹ ਹੁਕਮ ਜਾਰੀ ਕੀਤਾ ਸੀ :

ਪੜ੍ਹੇ ਲਿਖੇ ਤਬਕੇ ਲਈ ਸਭ ਤੋਂ ਪਹਿਲਾਂ ਉਰਦੂ ਦੀ ਜਾਣ ਪਛਾਣ ਕਰਵਾਈ ਜਾਵੇ ਅਤੇ ਇਸ ਤਰ੍ਹਾਂ ਇਸ ਦਾ ਪ੍ਰਸਾਰ ਸਹਿਜੇ ਸਹਿਜੇ ਆਮ ਲੋਕਾਂ ਵਿਚ ਕੀਤਾ ਜਾਵੇ ਤਾਂ ਜੋ ਘਟੀਆ ਕਿਸਮ ਦੀਆਂ ਸਥਾਨਿਕ ਬੋਲੀਆਂ ਸਿਰ ਨਾ ਚੁੱਕ ਸਕਣ।

ਇਸ ਤਰ੍ਹਾਂ ਮਾਤ ਭਾਸ਼ਾ ਪੰਜਾਬ ਨੂੰ ਘਟੀਆ ਉਪਬੋਲੀ ਕਹਿਣ ਦੀ ਸਾਜ਼ਿਸ਼ ਰਚੀ ਗਈ। ਬਲਦੀ ਉੱਤੇ ਤੇਲ ਦਿੱਲੀ ਡਵਿਜ਼ਨ ਦੇ ਕਮਿਸ਼ਨਰ ਨੇ 16-6-1862 ਨੂੰ ਪੰਜਾਬ ਸਰਕਾਰ ਦੇ ਸਕੱਤਰ ਦੇ ਨਾਮ ਜਿਹੜੀ ਚਿੱਠੀ ਲਿਖੀ ਉਸ ਰਾਹੀਂ ਪਾ ਦਿੱਤੀ। ਇਸ ਪੱਤਰ ਵਿਚ ਤਾਂ ਉਸਨੇ ਨੰਗੇ ਰੂਪ ਵਿਚ ਹੀ ਆਪਣੀ ਅਸਲੀ ਬਦਨੀਤੀ ਦਾ ਪਰਗਟਾ ਹੀ ਕਰ ਦਿੱਤਾ ਹੈ :

"ਅਦਾਲਤੀ ਭਾਸ਼ਾ ਦੇ ਰੂਪ ਵਿਚ ਪੰਜਾਬੀ ਨੂੰ ਪ੍ਰਵਾਨ ਕਰਨਾ ਸਾਡੇ ਸਾਰੇ ਸਿੱਖਿਆ ਤੰਤਰ ਦਾ ਨਿਖੇਧ ਹੋਵੇਗਾ ਕਿਉਂ ਜੋ ਅਸੀਂ ਆਮ ਵਸੋਂ ਨੂੰ ਉਰਦੂ ਪੜ੍ਹਨ ਅਤੇ ਲਿਖਣ ਲਈ ਤਿਆਰ ਕਰ ਰਹੇ ਹਾਂ ਇਸ ਤੋਂ ਬਿਨਾਂ ਮੇਰਾ ਵਿਚਾਰ ਹੈ ਕਿ ਪੰਜਾਬੀ ਭਾਸ਼ਾ ਦੇ ਲਿਖਤੀ ਸਰੂਪ ਗੁਰਮੁਖੀ ਨੂੰ ਮੁੜ ਸੁਰਜੀਤ ਕਰਨ ਦਾ ਸਾਡਾ ਕੋਈ ਵੀ ਯਤਨ ਸਾਡੀ ਵੱਡੀ ਰਾਜਨੀਤਕ ਭੁੱਲ ਹੋਵੇਗੀ।"

ਇੱਥੇ ਚੇਤਾ ਕਰਵਾਇਆ ਜਾਂਦਾ ਹੈ ਕਿ ਮਹਾਰਾਣੀ ਜਿੰਦਾ ਨੇ ਸ਼ੇਖ਼ੂਪੁਰੇ ਦੇ ਕਿਲ੍ਹੇ ਦੀ ਕੈਦ ਸਮੇਂ ਜਿਹੜੇ ਪੱਤਰ ਉਸ ਸਮੇਂ ਦੇ ਰੈਜੀਡੈਂਟ ਤੇ ਗਵਰਨਰ ਜਨਰਲ ਨੂੰ ਲਿਖੇ ਸਨ ਉਹ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਵਿਚ ਹੀ ਲਿਖੇ ਗਏ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਵਲੋਂ ਚਲਾਈ ਗਈ ਇਸ ਸਾਮਰਾਜੀ ਸਿੱਖਿਆ ਤੇ ਭਾਸ਼ਾ ਨੀਤੀ ਦਾ ਨਾ ਕੇਵਲ ਡੱਟ ਕੇ ਵਿਰੋਧ ਹੀ ਕੀਤਾ ਸਗੋਂ ਜੀਵਨ ਪ੍ਰਯੰਤ ਆਪਣੇ ਹੁਕਮਨਾਮਿਆਂ ਦੀਆਂ ਲਿਖਤਾਂ ਵਿਚ ਪੂਰੀ ਤਰ੍ਹਾਂ ਡਟੇ ਰਹੇ ਅਤੇ ਨਾਮਧਾਰੀ ਜਗਤ ਨੂੰ ਵੀ ਅੰਗਰੇਜ਼ਾਂ ਵਲੋਂ ਖੋਲ੍ਹੇ ਗਏ ਸਕੂਲਾਂ ਵਿਚ ਪੜ੍ਹਨ ਦੀ ਮਨਾਹੀ ਕਰ ਦਿੱਤੀ। [1*]ਆਪਨੇ ਆਪਣੇ ਹੁਕਮਨਾਮਿਆਂ ਵਿਚ ਇਸ ਗੱਲ ਦਾ ਬਾਰ-ਬਾਰ ਉਲੇਖ ਕੀਤਾ ਹੈ ਕਿ

[1*] ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ - ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਪੰਜਾਬ, ਪੰਨਾ 100



Sri Satguru Jagjit Singh Ji Elibrary NamdhariElibrary@gmail.com

"ਸਭਨੂ ਕੁੜੀ ਮੁੰਡੇ ਨੂੰ ਅਖਰ ਪੜਾਇ ਦੇਣੇ ਗੁਰਮੁਖੀ।"

ਲੜਕਿਆਂ ਤੇ ਬੀਬੀਆਂ ਨੂੰ ਅਖਰ ਪੜ੍ਹਾ ਦੇਣੇ ਸਭਨਾ ਨੂੰ ਅਰ ਅ- ਆਪਣੇ ਘਰ ਮੈਂ ਭੋਗ ਭੀ ਗ੍ਰੰਥ ਸਾਹਿਬ ਦੇ ਪਾਉਣ।

ਅਤੇ ਬਾਣੀ ਪੜ੍ਹਨ ਅਤੇ ਕੰਠ ਕਰਨ ਬਾਰੇ ਵੀ ਆਦੇਸ਼ ਕੀਤੇ।

ਬਾਣੀ ਪੜ੍ਹਨੀ। ਜੇ ਕੰਠ ਨਾ ਹੋਵੇ ਤਾ ਕੰਠ ਕਰ ਲੈਣੀ
ਸਰਬ ਮਾਈ ਬੀਬੀ ਸਰਬ ਬੁਢੇ ਬਾਲੇ ਨੇ। ਜਪੁ ਜਾਪੁ
ਦੁਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ
ਏਤਨੀ ਤਾ ਜਰੂਰ ਹੀ ਕੰਠ ਕਰਨੀ।

## 5. ਨਾ ਮਿਲਵਰਤਨ ਦੀ ਲਹਿਰ

ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਦੇ ਅੰਤਮ ਬੰਦ ਵਿਚ ਅੰਗਰੇਜ਼ਾਂ ਦੀ ਆਮਦ ਨੂੰ 'ਤੀਸਰੀ ਜਾਤ' ਤੇ 'ਨਵੀਂ ਅਫਾਤ' ਕਹਿ ਕੇ ਨਿੰਦਿਆ ਹੈ। ਇਸ ਤੋਂ ਬਿਨਾਂ ਉਸ ਨੇ ਅੰਗਰੇਜ਼ਾਂ ਨੂੰ 'ਦੌਲਤਾਂ ਜਮਾਂ ਕਰਨ ਵਾਲਾ' ਅਤੇ ਸ਼ਾਹੂਕਾਰ ਦਾ ਪੁੱਤਰ 'ਗੁਮਾਸ਼ਤਾ' ਕਹਿ ਦਿੱਤਾ ਹੈ ਜੋ ਅੰਗਰੇਜ਼ਾਂ ਦੀ ਸਾਮਰਾਜਵਾਦੀ ਆਰਥਿਕ ਲੁੱਟ-ਖਸੁੱਟ ਦੀ ਨੀਤੀ ਵੱਲ ਸਪਸ਼ਟ ਸੰਕੇਤ ਸੀ। ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ

ਉਹਦੇ ਨਾਲ ਨਾ ਕਿਸੇ ਨੇ ਗੱਲ ਕਰਨੀ
ਖ਼ੁਦੀ ਆਪਣੀ ਵਿਚ ਮੁਹਾਸਤਾਈ ?

ਇਹ ਸਾਮਰਾਜੀ ਨੌਕਰਸ਼ਾਹੀ ਦੇ ਹੈਂਕੜ ਭਰੇ ਵਤੀਰੇ ਵੱਲ ਇਸ਼ਾਰਾ ਸੀ, ਜਿਸ ਨਾਲ ਕੌਮੀ ਪੱਧਰ ਉੱਤੇ ਅਸਹਿਯੋਗ ਜਾਂ ਨਾ ਮਿਲਵਰਤਨ ਦੀ ਨੀਤੀ ਹੀ ਕਾਰਗਰ ਸਿੱਧ ਹੋ ਸਕਦੀ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ੀ ਅੰਗਰੇਜ਼ ਹਕੂਮਤ ਵਿਰੁੱਧ ਨਾ-ਮਿਲਵਰਤਨ ਦੇ ਹਥਿਆਰ ਨੂੰ ਕਾਰਗਰ ਢੰਗ ਨਾਲ ਵਰਤਿਆ ਅਤੇ ਪ੍ਰਚਾਰਿਆ। ਵਿਦੇਸ਼ੀ ਮਾਲ ਦਾ ਤਿਆਗ ਕਰਕੇ ਸੁਦੇਸ਼ੀ ਵਸਤਾਂ ਨੂੰ ਵਰਤਣ ਤੇ ਅਪਨਾਉਣ ਦਾ ਮਾਰਗ ਸੁਝਾਇਆ। ਇਹ ਅੰਗਰੇਜ਼ ਸਾਮਰਾਜਵਾਦ ਦੀ ਆਰਥਿਕ ਨੀਤੀ ਦਾ ਸਪਸ਼ਟ ਵਿਰੋਧ ਸੀ ਅਤੇ ਸੁਤੰਤਰਤਾ ਪ੍ਰਾਪਤੀ ਦੇ ਸੰਗਰਾਮ ਦਾ ਨਵਾਂ ਸ਼ਕਤੀਸ਼ਾਲੀ ਹਥਿਆਰ ਸੀ ਜੋ ਪਿਛੋਂ ਜਾ ਕੇ ਭਾਰਤੀ ਸੁਤੰਤਰਤਾ ਸੰਗਰਾਮੀਆਂ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਵਿਚ 20ਵੀਂ ਸਦੀ ਵਿਚ ਅਮਲੀ ਰੂਪ ਵਿਚ ਰਾਸ਼ਟਰੀ ਨੀਤੀ ਵਜੋਂ ਅਪਨਾਇਆ।

ਸਤਿਗੁਰੂ ਜੀ ਨੇ ਅੰਗਰੇਜ਼ ਸਰਕਾਰ ਵਲੋਂ ਸਥਾਪਿਤ ਪ੍ਰਮੁੱਖ ਸੰਸਥਾਵਾਂ, ਸਕੂਲਾਂ, ਕਾਲਜਾਂ, ਅਦਾਲਤਾਂ, ਡਾਕਖਾਨਿਆਂ, ਰੇਲਾਂ ਦੀ ਵਰਤੋਂ ਕਰਨ ਤੋਂ ਰੋਕਿਆ ਅਤੇ ਵਲੈਤ ਤੋਂ ਆ ਰਹੇ ਵਿਦੇਸ਼ੀ ਕਪੜੇ ਦੀ ਥਾਂ ਸੁਦੇਸ਼ੀ ਕਪੜਿਆਂ ਦੀ ਵਰਤੋਂ



Sri Satguru Jagjit Singh Ji Elibrary NamdhariElibrary@gmail.com

ਕਰਨ ਉਤੇ ਜ਼ੋਰ ਦਿੱਤਾ। ਅੰਗਰੇਜ਼ਾਂ ਦੀ ਭਾਰਤ ਨੂੰ ਆਰਥਿਕ ਲੁੱਟ-ਖਸੁੱਟ ਦੀ ਨੀਤੀ ਦਾ ਵਿਰੋਧ ਕਰਨ ਦਾ ਇਹ ਸਭ ਤੋਂ ਸ਼ਕਤੀਸ਼ਾਲੀ ਸਾਧਨ ਸੀ, ਜੋ ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਦਰਸਾਇਆ। ਸਰਕਾਰੀ ਅਦਾਲਤਾਂ ਵਿਚ ਮੁਕੱਦਮੇ ਕਰਨ ਦੀ ਥਾਂ ਪੰਚਾਇਤਾਂ ਵਿਚ ਬੈਠ ਕੇ ਪੰਚ ਫੈਸਲੇ ਕਰਨ ਉੱਤੇ ਜ਼ੋਰ ਦਿੱਤਾ ਗਿਆ। ਇਥੋਂ ਤਕ ਕਿ ਚਿੱਠੀ ਪੱਤਰ ਤੇ ਲਿਖਤੀ ਸੰਦੇਸ਼ ਭੇਜਣ ਲਈ ਆਪਣਾ ਸੁਤੰਤਰ ਡਾਕ ਪ੍ਰਬੰਧ ਸਥਾਪਿਤ ਕੀਤਾ। ਜਿਸ ਬਾਰੇ ਸਰਕਾਰੀ ਰਿਕਾਰਡਾਂ ਵਿਚ ਵੀ ਵਰਣਨ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਅੰਗਰੇਜ਼ ਸਰਕਾਰ ਦੀ ਸਿੱਖਿਆ ਨੀਤੀ ਦਾ ਵਿਰੋਧ, ਅਦਾਲਤਾਂ ਤੇ ਡਾਕਖਾਨਿਆਂ ਦੀ ਵਰਤੋਂ ਦੀ ਮਨਾਹੀ ਕਰਕੇ ਇਸ ਸੰਬੰਧ ਵਿਚ ਆਪਣਾ ਹੀ ਪ੍ਰਸ਼ਾਸਨਿਕ ਪ੍ਰਬੰਧ ਸਥਾਪਿਤ ਕਰ ਲੈਣਾ ਸੁਤੰਤਰਤਾ ਤੇ ਸ੍ਵੈ ਨਿਰਭਰਤਾ ਵੱਲ ਅੱਗੇ ਕਦਮ ਵਧਾਉਣਾ ਸੀ। ਇਸ ਨਾਲ ਵਿਦੇਸ਼ੀ ਸਾਮਰਾਜ ਵਿਰੁੱਧ ਘ੍ਰਿਣਾ ਦੀ ਲਹਿਰ ਉਤਪੰਨ ਹੋਣੀ ਹੀ ਸੀ, ਭਾਵੇਂ ਉਹ ਕਿੰਨੀ ਵੀ ਮੱਠੀ ਪੱਧਰ ਤੇ ਅਤੇ ਧੀਮੀ ਗਤੀ ਵਿਚ ਚਲ ਰਹੀ ਹੋਵੇ ਪਰ ਇਸ ਨੇ ਸਾਮਰਾਜ ਵਿਰੋਧੀ ਭਾਵਨਾ ਨੂੰ ਉਤਪੰਨ ਕਰਕੇ ਸੁਦੇਸ਼ ਪ੍ਰੇਮ ਨੂੰ ਉਤਸ਼ਾਹਿਤ ਕੀਤਾ। ਇਸ ਪ੍ਰਕਾਰ ਸਤਿਗੁਰੂ ਰਾਮ ਸਿੰਘ ਜੀ ਦਾ ਨਾਮਧਾਰੀ ਮਤ ਆਪਣੇ ਨਿੱਜ ਤੇ ਆਤਮਿਕ ਸਰੂਪ ਵਿਚ ਧਾਰਮਿਕ ਹੁੰਦਾ ਹੋਇਆ ਵੀ ਅੰਗਰੇਜ਼ ਸਰਕਾਰ ਵਿਰੁੱਧ ਰਾਸ਼ਟਰੀ ਅੰਦੋਲਨਾਂ ਦਾ ਆਦਿ ਬਿੰਦੂ ਤੇ ਮਾਰਗ ਦਰਸ਼ਕ ਸਿੱਧ ਹੋਇਆ, ਜਿਸ ਨੂੰ ਪਿਛੋਂ ਜਾ ਕੇ ਭਾਰਤ ਦੇ ਕੌਮੀ ਨੇਤਾਵਾਂ ਨੇ ਵੀ ਸਵੀਕਾਰ ਕੀਤਾ ਹੈ। 20ਵੀਂ ਸਦੀ ਵਿਚ ਅੰਗਰੇਜ਼ ਸਾਮਰਾਜ ਵਿਰੁੱਧ ਜਿਹੜਾ ਸੁਤੰਤਰਤਾ ਸੰਗਰਾਮ ਭਾਰਤ ਵਿਚ ਰਾਸ਼ਟਰੀ ਪੱਧਰ ਉਤੇ ਚਲਾਇਆ ਗਿਆ, ਉਸ ਦੇ ਬਹੁਤ ਸਾਰੇ ਅੰਸ਼ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਅੰਗਰੇਜ਼ ਸਰਕਾਰ ਵਿਰੋਧੀ ਨਾ ਮਿਲਵਰਤਨ ਦੀ ਲਹਿਰ 'ਚੋਂ ਹੀ ਲਏ ਗਏ ਸਨ। ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦਾ ਨਾਮਧਾਰੀ ਮਤ, ਰਾਸ਼ਟਰ ਪ੍ਰੇਮ ਤੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਮੋਢੀਆਂ ਤੇ ਸੰਸਥਾਪਕਾਂ ਵਾਲੀ ਭੂਮਿਕਾ ਨੂੰ ਨਿਭਾਉਣ ਵਾਲਾ ਸਿੱਧ ਹੁੰਦਾ ਹੈ। ਇਸ ਸੰਬੰਧ ਵਿਚ ਪ੍ਰਸਿੱਧ ਇਤਿਹਾਸਕਾਰ [1*]ਸ. ਖੁਸ਼ਵੰਤ ਸਿੰਘ ਸਾਡੇ ਇਸ ਮਤ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਦੁਆਰਾ ਕਰਦੇ ਹਨ :

ਕੂਕੇ ਆਪਣੇ ਆਚਰਣ (ਸੁੱਚ-ਸੋਧ) ਵੱਲ ਵੀ ਪੂਰਾ ਧਿਆਨ ਦਿੰਦੇ ਹਨ ਅਤੇ ਸੁਤੰਤਰਤਾ ਲਹਿਰ ਦੇ ਇਤਿਹਾਸ ਵਿਚ ਇਨ੍ਹਾਂ ਦੀ ਮਹੱਤਵਪੂਰਨ ਥਾਂ ਹੈ। ਬਾਬਾ ਰਾਮ ਸਿੰਘ ਜੀ ਪਹਿਲੇ ਵਿਅਕਤੀ ਹਨ ਜਿਨ੍ਹਾਂ ਨਾ-ਮਿਲਵਰਤਨ ਲਹਿਰ ਦੀ ਨੀਂਹ ਰੱਖੀ ਅਤੇ ਸਵਦੇਸ਼ੀ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ। ਅੰਗਰੇਜ਼ੀ ਵਸਤਾਂ, ਸਰਕਾਰੀ ਸਕੂਲਾਂ, ਸਰਕਾਰੀ ਅਦਾਲਤਾਂ ਅਤੇ ਡਾਕ ਸੇਵਾ ਦਾ ਬਾਈਕਾਟ

[1*] ਖੁਸ਼ਵੰਤ ਸਿੰਘ, ਪੰਜਾਬ ਦਾ ਇਤਿਹਾਸ (1839-1988), ਜਿਲਦ 2, ਪੰਨਾ 135



Sri Satguru Jagjit Singh Ji Elibrary NamdhariElibrary@gmail.com

ਕੀਤਾ। ਹੱਥ ਦੇ ਕੱਤੇ ਅਤੇ ਬੁਣੇ ਹੋਏ ਖੱਦਰ ਨੂੰ ਪਹਿਨਿਆ। ਜੋ ਪ੍ਰਚਾਰ ਬਾ
ਰਾਮ ਸਿੰਘ ਜੀ ਨੇ 1860 ਵਿਚ ਕੀਤਾ, ਉਸ ਨੂੰ ਸੱਠਾਂ ਸਾਲਾਂ ਉਪਰੰਤ ਮਹਾਤ
ਗਾਂਧੀ ਨੇ ਮੁੜ ਅਪਣਾਇਆ।

## ਕੂਕਾ ਡਾਕ ਪ੍ਰਬੰਧ

ਜਿੱਥੇ ਸਰਕਾਰ ਵਲੋਂ ਨਾਮਧਾਰੀਮਤ ਦੀਆਂ ਕਾਰਵਾਈਆਂ ਉੱਤੇ ਤਿ
ਨਜ਼ਰ ਰੱਖੀ ਜਾ ਰਹੀ ਸੀ ਅਤੇ ਉਨ੍ਹਾਂ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ
ਪ੍ਰਾਪਤ ਕਰਨ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ। ਉ
ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਸੂਬਾ ਸਾਹਿਬ ਸਿੰਘ ਦੇ ਸਹਿਯੋ
ਨਾਲ ਅਜਿਹਾ ਡਾਕ ਪ੍ਰਬੰਧ ਕਾਇਮ ਕੀਤਾ ਗਿਆ ਜਿਸ ਨਾਲ ਨਾਮਧਾ
ਕੇਂਦਰ ਸ੍ਰੀ ਭੈਣੀ ਸਾਹਿਬ ਤੋਂ ਭੇਜੇ ਜਾਣ ਵਾਲੇ ਸੰਦੇਸ਼ ਬੜੇ ਸੁਚਾਲੂ ਢੰਗ ਨਾ
ਦੂਰ ਦੂਰ ਤਕ ਪਹੁੰਚਾ ਦਿੱਤੇ ਜਾਂਦੇ ਸਨ। ਸਿਆਲਕੋਟ ਵਿਚ ਸੂਬਾ ਲਹਿ
ਸਿੰਘ ਘਣੀਏਕੀ ਨੇ ਇਸ ਪ੍ਰਬੰਧ ਨੂੰ ਬੜੇ ਸੁਚਾਲੂ ਢੰਗ ਨਾਲ ਚਲਾਇਆ। ਹ
ਸੂਬੇ ਤੱਕ ਉਨ੍ਹਾਂ ਸੰਦੇਸ਼ਾਂ ਦੀ ਸੂਚਨਾ ਗੁਪਤ ਢੰਗ ਨਾਲ ਪਹੁੰਚ ਜਾਂਦੀ ਸ
ਸਰਕਾਰੀ ਡਾਕਖਾਨੇ ਭਾਵੇਂ ਪ੍ਰਚਲਿਤ ਹੋ ਗਏ ਸਨ, ਪਰ ਉਨ੍ਹਾਂ ਰਾਹੀਂ ਸੰਦੇ
ਭੇਜਣ ਨਾਲ ਚਿੱਠੀ ਪੱਤਰ ਦੇ ਸੈਂਸਰ ਜਾਂ ਪਕੜੇ ਜਾਣ ਦਾ ਖਤਰਾ ਬਣਿਅ
ਰਹਿੰਦਾ ਸੀ। ਇਸ ਲਈ ਨਾਮਧਾਰੀਆਂ ਵਲੋਂ ਗੁਪਤ ਡਾਕ ਪ੍ਰਬੰਧ ਸਥਾਪਿ
ਕੀਤਾ ਗਿਆ। ਜਿਸ ਬਾਰੇ ਬਹੁਤ ਸਾਰੇ ਨਾਮਧਾਰੀ ਇਤਿਹਾਸਕਾਰਾਂ ਨੇ ਵਿਸ਼ੇ
ਤੌਰ ਤੇ ਵਰਣਨ ਕੀਤਾ ਹੈ। [2*]ਮੇਜਰ ਪਰਕਿਨਜ਼ ਵਰਗੇ ਅਧਿਕਾਰੀਆਂ ਨੇ ਵ
ਇਸ ਡਾਕ ਪ੍ਰਬੰਧ ਬਾਰੇ ਵਿਸ਼ੇਸ਼ ਤੌਰ ਤੇ ਟਿਪਣੀ ਕੀਤੀ ਹੈ। ਪੰਜਾਬ ਸਰਕਾਰ ;
2 ਫਰਵਰੀ, 1867 ਨੂੰ ਆਪਣੇ ਪੱਤਰ ਨੰ. 157-54 ਵਿਚ ਭਾਰਤ ਸਰਕਾ
ਨੂੰ ਕੂਕਿਆਂ ਦੇ ਡਾਕ ਪ੍ਰਬੰਧ ਬਾਰੇ ਇੰਝ ਲਿਖਿਆ ਹੈ :

"ਕੂਕੇ ਜਿਨ੍ਹਾਂ ਨੂੰ ਸੰਤ ਖ਼ਾਲਸਾ ਵੀ ਕਿਹਾ ਜਾਂਦਾ ਹੈ, ਉਨ੍ਹਾਂ ਦਾ ਡਾ
ਦਾ ਮਹਿਕਮਾ ਪ੍ਰਾਈਵੇਟ ਹੈ, ਜੋ ਬੜੀ ਖ਼ੂਬੀ ਨਾਲ ਜਥੇਬੰਦ ਕੀਤਾ ਹੋਇਆ ਹੈ
ਇਕ ਕੂਕਾ ਜੋ ਡਾਕ ਲੈ ਕੇ ਦੂਜੇ ਪਿੰਡ ਦੇ ਕੂਕੇ ਪਾਸ ਪੁੱਜਦਾ ਹੈ, ਉਹ ਜੋ ਕੰ
ਕਰਦਾ ਹੋਵੇ ਵਿਚੇ ਛਡ ਦਿੰਦਾ ਹੈ। ਜੇ ਰੋਟੀ ਅੱਧੀ ਖਾਧੀ ਤੇ ਅੱਧੀ ਰਹਿੰਦੀ ਹੈ
ਤਾਂ ਉਹ ਦੂਜੀ ਗਿਰਾਹੀ ਮੂੰਹ ਵਿਚ ਨਹੀਂ ਪਾਉਂਦਾ ਅਤੇ ਕੋਈ ਪ੍ਰਸ਼ਨ ਪੁੱਛਣ
ਤੋਂ ਬਿਨਾਂ ਹੀ ਚਿਠੀ ਲੈ ਕੇ ਦੌੜ ਜਾਂਦਾ ਹੈ ਅਰ ਦੂਜੇ ਪੜਾ ਤੇ ਪੁਜਕੇ ਦੂਜੇ ਕੂਕ
ਦੇ ਹਵਾਲੇ ਕਰ ਦਿੰਦਾ ਹੈ। ਖ਼ਾਸ ਡਾਕ ਜ਼ਬਾਨੀ ਹੁੰਦੀ ਹੈ, ਜੋ ਲਿਖੀ ਨਹੀਂ
ਜਾਂਦੀ। ਮੇਜਰ ਪਰਕਿਨਜ਼ ਦੇ ਕਹਿਣ ਅਨੁਸਾਰ ਉਹ ਜਰਨੈਲੀ ਸੜਕ ਛਡਦੇ

---

[1*] ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਊ, ਸਤਿਗੁਰੂ, ਪੰਨਾ 83

[2*] ਐਮ.ਐਮ. ਆਹਲੂਵਾਲੀਆ, ਕੂਕਾਜ਼ ਦ ਫਰਿਡਮ ਫਾਈਟਰਜ਼ ਆਫ ਪੰਜਾਬ, ਪੰਨਾ 60



Sri Satguru Jagjit Singh Ji Elibrary NamdhariElibrary@gmail.com

ਲੰਮਾਂ ਵਲਾ ਪੌਂਦੇ ਤੇ ਲਾਭਿਓਂ ਦੀ ਜਾਂਦੇ ਹਨ।

ਨਾਮਧਾਰੀ ਮੁੱਖ ਕੇਂਦਰ ਭੈਣੀ ਸਾਹਿਬ ਤੋਂ ਸੰਦੇਸ਼ ਭੇਜਣ ਅਤੇ ਬਾਹਰਲੇ ਸੂਬਿਆਂ ਤੋਂ ਉੱਤਰ ਪ੍ਰਾਪਤ ਕਰਨ ਲਈ ਅਜਿਹੇ ਡਾਕ ਪ੍ਰਬੰਧ ਨੂੰ ਕਾਇਮ ਕਰਨਾ ਬੜਾ ਜ਼ਰੂਰੀ ਸੀ। ਜਦੋਂ ਅਗਲੇ ਦੌਰ ਵਿਚ ਕੂਕਾ ਲਹਿਰ ਉੱਤੇ ਸਰਕਾਰੀ ਪਾਬੰਦੀਆਂ ਹੋਰ ਸਖ਼ਤ ਕਰ ਦਿੱਤੀਆਂ ਗਈਆਂ ਤਾਂ ਵੀ ਨਾਮਧਾਰੀ ਡਾਕ ਦਾ ਪ੍ਰਬੰਧ ਇਸੇ ਗੁਪਤ ਰੂਪ ਵਿਚ ਚਲਦਾ ਰਿਹਾ ਸੀ। ਇਥੋਂ ਤਕ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਜੋ ਬਰਮਾ ਤੋਂ ਭੇਜੇ ਗਏ ਸਨ ਵੀ ਅਜਿਹੇ ਗੁਪਤ ਢੰਗ ਨਾਲ ਹੀ ਸ੍ਰੀ ਭੈਣੀ ਸਾਹਿਬ ਪੁੱਜਦੇ ਰਹੇ ਸਨ। ਇਹ ਤਾਂ ਸੰਭਵ ਹੈ ਕਿ ਕੁਝ ਇਤਿਹਾਸਕਾਰਾਂ ਅਤੇ ਲੇਖਕਾਂ ਨੇ ਇਸ ਡਾਕ ਪ੍ਰਬੰਧ ਦੀ ਲੋੜ ਤੋਂ ਵੱਧ ਪ੍ਰਸ਼ੰਸ਼ਾ ਕੀਤੀ ਹੋਵੇ ਪਰ ਇਹ ਅਤਿਕਥਨੀ ਨਹੀਂ ਹੈ ਸਗੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਰਦਰਸ਼ਤਾ ਤੇ ਵਿਵਹਾਰਕ ਸਫ਼ਲਤਾ ਦਾ ਢੁਕਵਾਂ ਪ੍ਰਮਾਣ ਹੈ।

## ਸਰਕਾਰੀ ਨੌਕਰੀਆਂ ਦਾ ਤਿਆਗ

ਅੰਗਰੇਜ਼ੀ ਸਰਕਾਰ ਨੇ ਪੰਜਾਬ ਦਾ ਰਾਜ ਭਾਗ ਸੰਭਾਲਣ ਸਮੇਂ ਖਾਲਸਾ ਫੌਜ ਨੂੰ ਸ਼ਸਤਰ ਰਹਿਤ ਬੇਹਥਿਆਰੇ ਕਰ ਦਿੱਤਾ ਸੀ ਕਿਉਂ ਜੋ ਉਸ ਸਮੇਂ ਅੰਗਰੇਜ਼ੀ ਸਰਕਾਰ ਨੂੰ ਇਹ ਖ਼ਤਰਾ ਸੀ ਕਿ ਖਾਲਸਾ ਸੈਨਾ ਦੇ ਇਹ ਫ਼ੌਜੀ ਕਿਤੇ ਮੁੜ ਅੰਗਰੇਜ਼ੀ ਹਕੂਮਤ ਵਿਰੁੱਧ ਜਥੇਬੰਦ ਨਾ ਹੋ ਜਾਣ।

ਪਰ ਦੂਜੇ ਬੰਨ੍ਹੇ ਸਰਕਾਰ ਨੂੰ ਆਪਣਾ ਪ੍ਰਬੰਧ ਚਲਾਉਣ ਲਈ ਅਤੇ ਸੈਨਿਕ ਸ਼ਕਤੀ ਨੂੰ ਮਜਬੂਤ ਕਰਨ ਲਈ ਨਵੀਂ ਫੌਜੀ ਭਰਤੀ ਦੀ ਵੀ ਲੋੜ ਸੀ ਕਿਉਂ ਜੋ ਬਹੁਤ ਸਾਰਾ ਪੰਜਾਬ ਦਾ ਇਲਾਕਾ ਅੰਗਰੇਜ਼ਾਂ ਅਧੀਨ ਆ ਚੁੱਕਾ ਸੀ, ਜਿਸ ਲਈ ਵਧੇਰੇ ਗਿਣਤੀ ਵਿਚ ਦੇਸ਼ ਦੀ ਰੱਖਿਆ ਲਈ ਫ਼ੌਜ ਜ਼ਰੂਰੀ ਸੀ, ਵਿਸ਼ੇਸ਼ ਕਰਕੇ ਉੱਤਰੀ ਪੱਛਮੀ ਸਰਹੱਦ ਵਾਲੇ ਬੰਨਿਉ ਅਫ਼ਗਾਨਾਂ ਤੇ ਹੋਰ ਸੁਤੰਤਰ ਪਠਾਣ ਕਬੀਲਿਆਂ ਦੇ ਹੱਲਿਆਂ ਨੂੰ ਠੱਲ੍ਹ ਪਾਉਣੀ ਜ਼ਰੂਰੀ ਸੀ ਕਿਉਂ ਜੋ ਅਜਿਹੇ ਹਲੇ ਹੁਣ ਤੱਕ ਮੌਕਾ ਪਾ ਕੇ ਹੁੰਦੇ ਹੀ ਰਹਿੰਦੇ ਸਨ। ਇਸ ਤੋਂ ਬਿਨਾਂ ਦੇਸ਼ ਦੇ ਅੰਦਰਲੇ ਪ੍ਰਬੰਧ ਲਈ ਪੁਲਿਸ ਬਲ ਨੂੰ ਸੰਗਠਿਤ ਕਰਨਾ ਜ਼ਰੂਰੀ ਸੀ ਤਾਂ ਜੋ ਦੇਸ਼ ਦੇ ਅੰਦਰੂਨੀ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਇਆ ਜਾ ਸਕੇ ਅਤੇ ਜਰਾਇਮ ਪੇਸ਼ਾ ਲੋਕਾਂ ਉੱਤੇ ਕਾਬੂ ਪਾਇਆ ਜਾ ਸਕੇ। ਇਸ ਲਈ ਅੰਗਰੇਜ਼ ਸਰਕਾਰ ਨੇ ਸੈਨਾ ਅਤੇ ਪੁਲਿਸ ਦੀ ਭਰਤੀ ਵੀ ਆਰੰਭ ਕਰਨੀ ਸ਼ੁਰੂ ਕਰ ਦਿੱਤੀ ਸੀ। ਮੁੱਖ ਨੀਤੀ ਇਹ ਬਣਾਈ ਗਈ ਕਿ ਫੌਜ ਅਤੇ ਪੁਲਿਸ ਦੇ ਮਹਿਕਮਿਆਂ ਦੇ ਉੱਚ ਅਧਿਕਾਰੀ ਤਾਂ ਅੰਗਰੇਜ਼ ਰੱਖੇ ਜਾਣ ਅਤੇ ਉਨ੍ਹਾਂ ਦੇ ਅਧੀਨ ਪੰਜਾਬ ਦੇ ਆਮ ਲੋਕਾਂ ਨੂੰ ਭਰਤੀ ਕੀਤਾ ਜਾਵੇ।

ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਸਿੱਖ ਰਾਜ ਕਾਲ ਤੱਕ ਸਰਕਾਰੀ



Sri Satguru Jagjit Singh Ji Elibrary NamdhariElibrary@gmail.com

ਨੌਕਰੀ ਜਾਂ ਖੇਤੀਬਾੜੀ ਰਿਹਾ ਸੀ। ਵਪਾਰ ਵਿਚ ਕੁਝ ਵਿਸ਼ੇਸ਼ ਸ਼੍ਰੇਣੀਆਂ ਹੀ ਰੁਚੀ ਰੱਖਦੀਆਂ ਸਨ। ਆਮ ਲੋਕਾਂ ਵਿਚ ਰੁਜ਼ਗਾਰ ਪ੍ਰਾਪਤੀ ਲਈ ਪ੍ਰਬੱਲ ਲਾਲਸਾ ਸੀ ਤਾਂ ਜੋ ਆਪਣੇ ਆਪਣੇ ਪਰਿਵਾਰਾਂ ਦੇ ਗੁਜ਼ਾਰੇ ਲਈ ਸਰਕਾਰੀ ਨੌਕਰੀ ਦਾ ਆਸਰਾ ਲਿਆ ਜਾਵੇ। ਇਸ ਲਈ ਬਹੁਤ ਸਾਰੇ ਲੋਕ ਫ਼ੌਜ ਅਤੇ ਪੁਲਿਸ ਵਿਚ ਭਰਤੀ ਹੋ ਗਏ। ਭਾਵੇਂ ਪੰਜਾਬ ਦੇ ਇਕ ਬੁੱਧੀਵਾਨ ਲੇਖਕ (ਸੰਤ ਸਿੰਘ ਸੇਖੋਂ) ਨੇ ਇਨ੍ਹਾਂ ਲੋਕਾਂ ਬਾਰੇ ਬਹੁਤ ਢੁਕਵੀਂ ਟਿੱਪਣੀ ਕੀਤੀ ਹੈ, ਜਿਨ੍ਹਾਂ ਨੇ ਸੁਤੰਤਰਤਾ ਨੂੰ ਭੁਲਾ ਕੇ ਪਰਤੰਤਰਤਾ ਵਿਚ ਰਹਿਣ ਨੂੰ ਪ੍ਰਵਾਨ ਕਰ ਲਿਆ ਸੀ :

ਚੰਗੀ ਲੱਗੀ ਦਾਸਤਾ ਦੀ ਇਨ੍ਹਾਂ ਨੂੰ ਫਾਹੀ
ਜਰਨੈਲਾਂ ਦੇ ਪੁੱਤ ਹੁਣ ਬਣ ਗਏ ਸਿਪਾਹੀ
ਸਮਝ ਲਿਆ ਚਪੜਾਸ ਨੂੰ ਇਨ੍ਹਾਂ ਨੇ ਸ਼ਾਹੀ

(ਕਾਵਿ-ਨਾਟਕ ਬਾਬਾ ਬੋਹੜ)

ਇਸੇ ਸੈਨਾ ਨੇ 1857 ਦੇ ਭਾਰਤ ਦੇ ਪ੍ਰਥਮ ਸੁਤੰਤਰਤਾ ਸੰਗਰਾਮ ਵਿਚ ਅੰਗਰੇਜ਼ ਸਰਕਾਰ ਦਾ ਸਾਥ ਦੇ ਕੇ ਉਨ੍ਹਾਂ ਦੀ ਵਿਦੇਸ਼ੀ ਹਕੂਮਤ ਨੂੰ ਆਪਣੇ ਉੱਤੇ ਪੂਰੇ 90 ਸਾਲਾਂ ਲਈ ਮੜ੍ਹ ਲਿਆ। ਪੰਜਾਬ ਦੀਆਂ ਸਿੱਖ ਰਿਆਸਤਾਂ ਨੇ ਵੀ ਅੰਗਰੇਜ਼ਾਂ ਦੀ ਵਧ ਚੜ੍ਹ ਕੇ ਬੇਸ਼ਰਮੀ ਨਾਲ ਮਦਦ ਕੀਤੀ ਅਤੇ ਗੁਲਾਮੀ ਦੇ ਸੰਗਲਾਂ ਨੂੰ ਹੋਰ ਮਜ਼ਬੂਤ ਕਰ ਲਿਆ।

ਇਕ ਵੱਡੀ ਹਾਨੀਕਾਰਕ ਗੱਲ ਇਹ ਸੀ ਕਿ ਸਿੱਖ ਰਾਜ ਕਾਲ ਤੱਕ ਇਨ੍ਹਾਂ ਫ਼ੌਜੀ ਅਫ਼ਸਰਾਂ ਦੀਆਂ ਵੱਡੀਆਂ ਵੱਡੀਆਂ ਤਨਖਾਹਾਂ ਦੇਸ਼ ਵਿਚ ਹੀ ਰਹਿੰਦੀਆਂ ਸਨ ਪਰ ਅੰਗਰੇਜ਼ੀ ਅਮਲਦਾਰੀ ਵਿਚ ਉੱਚੇ ਅਹੁਦਿਆਂ ਵਾਲੇ ਅੰਗਰੇਜ਼ ਅਫ਼ਸਰ ਵੱਡੀਆਂ ਵੱਡੀਆਂ ਪੈਨਸ਼ਨਾਂ ਪ੍ਰਾਪਤ ਕਰਕੇ ਇੰਗਲੈਂਡ ਚਲੇ ਜਾਂਦੇ ਸਨ ਅਤੇ ਇਹਨਾਂ ਦੀਆਂ ਪੈਨਸ਼ਨਾਂ ਦੀਆਂ ਵਡੀਆਂ ਰਕਮਾਂ ਹਿੰਦੁਸਤਾਨ ਦੇ ਖਜ਼ਾਨਿਆਂ ਵਿਚੋਂ ਜਾਂਦੀਆਂ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ ਫ਼ੌਜ ਤੇ ਪੁਲਿਸ ਦੇ ਇਸ ਚਾਲੇ ਨੂੰ ਪੂਰੀ ਤਰ੍ਹਾਂ ਜਾਣ ਲਿਆ ਸੀ ਇਸ ਕਾਰਨ ਉਨ੍ਹਾਂ ਨੇ ਆਪਣੇ ਨਾਮਧਾਰੀ ਪੈਰੋਕਾਰਾਂ ਨੂੰ ਸਰਕਾਰੀ ਨੌਕਰੀ ਕਰਨ ਤੋਂ ਪੂਰੀ ਤਰ੍ਹਾਂ ਰੋਕ ਦਿੱਤਾ ਅਤੇ ਆਰਥਿਕ ਤੌਰ ਤੇ ਸੁਦੇਸ਼ੀ ਸਾਧਨਾਂ ਵਿਚ ਰਹਿ ਕੇ ਹੀ ਸਿੱਧਾ ਸਾਦਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ।

ਸਰਕਾਰੀ ਨੌਕਰੀ ਦਾ ਤਿਆਗ ਕਰਨ ਦਾ ਮਨੋਰਥ ਇਹ ਸੀ ਕਿ ਅੰਗਰੇਜ਼ਾਂ ਦੀ ਮਾਨਸਿਕ ਗੁਲਾਮੀ ਨੂੰ ਸਵੀਕਾਰ ਨਾ ਕੀਤਾ ਜਾਵੇ ਅਤੇ ਸੁਤੰਤਰਤਾ ਪ੍ਰਾਪਤੀ ਦੀ ਭਾਵਨਾ ਦੀ ਚੰਗਿਆੜੀ ਲੋਕ ਹਿਰਦਿਆਂ ਵਿਚ ਮੱਘਦੀ ਰਹੇ।

ਸਰਕਾਰੀ ਪਾਬੰਦੀਆਂ ਦੇ ਬਾਵਜੂਦ ਨਾਮਧਾਰੀ ਮਤ ਵਿਚ 1863 ਤੋਂ



Sri Satguru Jagjit Singh Ji Elibrary NamdhariElibrary@gmail.com

1866 ਤੱਕ ਬਹੁਤ ਵੱਡਾ ਵਾਧਾ ਹੋਇਆ। ਕੂਕਿਆਂ ਦੀ ਗਿਣਤੀ ਹਜ਼ਾਰਾਂ ਨੂੰ ਟੱਪ ਕੇ ਲੱਖਾਂ ਤੱਕ ਪਹੁੰਚ ਗਈ।

## ਸਰਕਾਰ ਵਲੋਂ ਗੁਪਤ ਨਿਗਰਾਨੀ

ਨਾਮਧਾਰੀ ਮਤ ਦੇ ਨਿੱਤ ਵੱਧ ਰਹੇ ਪ੍ਰਭਾਵ ਨੂੰ ਅੰਗਰੇਜ਼ ਸਰਕਾਰ ਘੋਖਵੀਂ ਨਜ਼ਰ ਨਾਲ ਵੇਖ ਰਹੀ ਸੀ। ਵੱਖ ਵੱਖ ਜ਼ਿਲ੍ਹਿਆਂ ਵਿਚੋਂ ਪੰਜਾਬ ਸਰਕਾਰ ਨੂੰ ਕੂਕਾ ਲਹਿਰ ਬਾਰੇ ਲਗਾਤਾਰ ਰਿਪੋਰਟਾਂ ਮਿਲ ਰਹੀਆਂ ਸਨ। ਜਲੰਧਰ ਤੇ ਲੁਧਿਆਣੇ ਦੇ ਅੰਗਰੇਜ਼ੀ ਹਾਕਮਾਂ ਨੇ ਆਪਣੇ ਗੁਪਤ ਸੂਹੀਏ ਭੈਣੀ ਸਾਹਿਬ ਭੇਜ ਕੇ ਸਾਰੀ ਸਥਿਤੀ ਤੇ ਨਾਮਧਾਰੀਆਂ ਦੀਆਂ ਕਾਰਵਾਈਆਂ ਬਾਰੇ ਅੰਦਰੂਨੀ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ। ਇਨ੍ਹਾਂ ਸੂਹੀਆਂ ਵਿਚ ਹੀ ਗੇਂਦਾ ਸਿੰਘ ਦਾ ਨਾਮ ਖਾਸ ਤੌਰ ਤੇ ਵਰਣਨ ਯੋਗ ਹੈ, ਜਿਸ ਨੂੰ ਖੁਫ਼ੀਆ ਤੌਰ ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਵਲੋਂ ਭੈਣੀ ਸਾਹਿਬ ਦੀ ਹਾਲਤ ਤੋਂ ਜਾਣੂ ਕਰਵਾਉਣ ਲਈ ਭੇਜਿਆ ਗਿਆ ਸੀ, ਉਸ ਨੇ ਸੂਬਾ ਸਾਹਿਬ ਸਿੰਘ ਨੂੰ ਮਿਲ ਕੇ ਦੋ ਚਿੱਠੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਪ੍ਰਾਪਤ ਕਰ ਲਈਆਂ ਸਨ ਕਿਉਂਜੋ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਆਪ ਮਿਲ ਨਹੀਂ ਸੀ ਸਕਿਆ ਪਰ ਉਸ ਨੇ ਉਥੋਂ ਆ ਕੇ ਕਈ ਪ੍ਰਕਾਰ ਦੀਆਂ ਝੂਠੀਆਂ ਮਨਘੜਤ ਰਿਪੋਰਟਾਂ ਨਾਮਧਾਰੀ ਲਹਿਰ ਬਾਰੇ ਦਿੱਤੀਆਂ ਸਨ। ਇਸੇ ਤਰ੍ਹਾਂ ਇਕ ਹੋਰ ਸੂਹੀਆ ਮਨੀ ਰਾਮ ਸੀ ਜੋ ਅਜਿਹਾ ਹੀ ਕਾਰਜ ਕਰਦਾ ਰਿਹਾ।

18 ਮਾਰਚ, 1866 ਨੂੰ ਪੰਜਾਬ ਸਰਕਾਰ ਦੇ ਸਕੱਤਰ ਨੇ ਸਤਿਗੁਰੂ ਰਾਮ ਸਿੰਘ ਉੱਤੇ ਪਾਬੰਦੀਆਂ ਹਟਾਉਣ ਬਾਰੇ ਪੱਤਰ ਜਾਰੀ ਕੀਤਾ ਸੀ। ਡੀ. ਸੀ. ਲੁਧਿਆਣਾ ਜਾਰਜ ਏਲੀਅਟ ਨੇ ਜਦੋਂ 1863 ਵਿਚ ਗੁਰੂ ਰਾਮ ਸਿੰਘ ਉੱਤੇ ਲੱਗੀਆਂ ਪਾਬੰਦੀਆਂ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਇਆ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਲੁਧਿਆਣੇ ਜਾ ਕੇ ਉਸ ਨੂੰ ਕਹਿ ਦਿੱਤਾ ਸੀ ਕਿ ਸਾਡਾ ਪ੍ਰੋਗਰਾਮ ਧਾਰਮਿਕ ਤੇ ਸਮਾਜ ਸੁਧਾਰ ਕਰਨ ਤੱਕ ਹੀ ਸੀਮਿਤ ਹੈ। ਫਿਰ ਵੀ ਉਸ ਨੇ ਮਿਸਟਰ ਸਮਿਥ ਨੂੰ ਭੈਣੀ ਜਾ ਕੇ ਆਪ ਸਾਰੀ ਸਥਿਤੀ ਤੋਂ ਜਾਣੂ ਹੋਣ ਲਈ ਭੇਜਿਆ ਸੀ। 1866 ਤੱਕ ਸਤਿਗੁਰੂ ਰਾਮ ਸਿੰਘ ਦੀ ਦੂਰਦਰਸ਼ਤਾ ਤੇ ਵਰਤੀ ਗਈ ਸਿਆਣਪ ਭਰੀ ਨੀਤੀ ਕਾਰਨ ਨਾਮਧਾਰੀ ਪੰਥ ਵਿਚ ਬੜਾ ਵਾਧਾ ਹੋਇਆ।

ਪੰਜਾਬ ਸਰਕਾਰ ਹਾਲੀਂ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਾਰਵਾਈਆਂ ਉੱਤੇ ਨਿਗਰਾਨੀ ਰੱਖ ਕੇ ਇਸ ਮੱਤ ਬਾਰੇ ਵਧੇਰੇ ਜਾਣਕਾਰੀ ਲੈਣ ਦੀ ਇੱਛਕ ਸੀ। ਸਰਕਾਰੀ ਨੀਤੀ ਤੋਂ ਜਾਪਦਾ ਹੈ ਕਿ ਗੁਰੂ ਰਾਮ ਸਿੰਘ ਦੀਆਂ ਪਾਬੰਦੀਆਂ ਖ਼ਤਮ ਕਰਕੇ ਖੁੱਲ੍ਹ ਦੇਣ ਨਾਲ ਇਹ ਵੇਖਿਆ ਜਾਵੇ



Sri Satguru Jagjit Singh Ji Elibrary NamdhariElibrary@gmail com

ਕਿ ਇਸ ਪੰਥ ਦੀ ਵਾਸਤਵਿਕ ਸ਼ਕਤੀ ਤੇ ਉਦੇਸ਼ ਕੀ ਹੈ ? ਧਾਰਮਿਕ ਤੇ ਸਮਾਜ ਸੁਧਾਰ ਦੇ ਆਸ਼ਿਆਂ ਤੋਂ ਬਿਨਾਂ ਇਸ ਮਤ ਦਾ ਕੋਈ ਅਜਿਹਾ ਰਾਜਨੀਤਕ ਉਦੇਸ਼ ਵੀ ਹੈ ਜੋ ਪਿਛੋਂ ਜਾ ਕੇ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਦਾ ਰੂਪ ਧਾਰਨ ਕਰ ਲਵੇ ਕੁਝ ਸਰਕਾਰੀ ਅਧਿਕਾਰੀ ਨਾਮਧਾਰੀ ਮਤ ਦੇ ਇਸ ਵੱਧ ਰਹੇ ਪਸਾਰੇ ਤੋਂ ਲੋੜ ਤੋਂ ਵਧੇਰੇ ਚਿੰਤਾਤੁਰ ਸਨ। ਇਸ ਸੰਬੰਧ ਵਿਚ ਆਰ. ਜੀ. ਟੇਲਰ ਕਮਿਸ਼ਨਰ ਤੇ ਸੁਪਰਡੈਂਟ ਅੰਬਾਲਾ ਦਾ 11 ਸਤੰਬਰ, 1866 ਦਾ ਪੱਤਰ ਖਾਸ ਤੌਰ ਤੇ ਵਰਣਨਯੋਗ ਹੈ ਕਿਉਂਜੋ ਉਸ ਨੇ ਇਸ ਪੱਤਰ ਵਿਚ ਕੂਕਾ ਲਹਿਰ ਬਾਰੇ ਲੋੜ ਤੋਂ ਵਧੇਰੇ ਹੀ ਤੌਖਲੇ ਪ੍ਰਗਟਾਏ ਸਨ ਅਤੇ ਅੰਤ ਵਿਚ ਸਤਿਗੁਰੂ ਰਾਮ ਸਿੰਘ ਨੂੰ ਗਿਰਫਤਾਰ ਕਰਕੇ ਪੰਜਾਬ ਤੋਂ ਦੂਰ ਦੁਰਾਡੇ ਭੇਜਣ ਦਾ ਸੁਝਾਅ ਪੇਸ਼ ਕੀਤਾ ਸੀ।

1*ਟੇਲਰ ਦੇ ਪੱਤਰ ਦੇ ਵੇਰਵੇ

ਪੰਜਾਬ ਸਰਕਾਰ ਦੇ ਸਕੱਤਰ ਨੇ 18 ਮਾਰਚ 1866 ਦੇ ਪੱਤਰ ਦੁਆਰਾ ਗੁਰੂ ਰਾਮ ਸਿੰਘ ਤੋਂ ਪਾਬੰਦੀਆਂ ਹਟਾ ਦਿੱਤੀਆਂ ਹਨ। ਆਪ ਦੇ 16 ਜੂਨ 1866 ਦੀਆਂ ਹਦਾਇਤਾਂ ਅਨੁਸਾਰ ਮੈਂ ਇਸ ਮਤ ਬਾਰੇ ਵੇਰਵੇ ਨਾਲ ਪੜਤਾਲ ਕੀਤੀ ਹੈ ਅਤੇ ਇਸ ਸੰਬੰਧ ਵਿਚ ਮੇਰੇ ਵਿਚਾਰ ਨਿਮਨ ਲਿਖਤ ਹਨ :

ਮੈਂ ਬਹੁਤ ਸਾਰੇ ਸਰੋਤਾਂ ਤੋਂ ਖੋਜ ਪੜਤਾਲ ਕਰਕੇ ਇਸ ਨਤੀਜੇ ਤੇ ਪੁੱਜਾ ਹਾਂ ਕਿ ਇਸ ਪੰਥ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ ਅਤੇ ਇਸ ਵਿਚ ਸ਼ਰਾਰਤੀ ਅਨਸਰ ਮੌਜੂਦ ਹਨ ਜੋ ਕਿਸੇ ਸਮੇਂ ਵੀ ਸਰਕਾਰ ਲਈ ਖ਼ਤਰਾ ਸਿੱਧ ਹੋ ਸਕਦੇ ਹਨ।

ਇਸ ਸੰਬੰਧ ਵਿਚ ਮੈਨੂੰ ਮਿਸਟਰ (Elloitt) ਏਲੀਅਟ ਡਿਪਟੀ ਕਮਿਸ਼ਨਰ ਲੁਧਿਆਣਾ ਅਤੇ ਖੁਫ਼ੀਆ ਪੁਲਿਸ ਦੇ ਇੰਸਪੈਕਟਰ ਇਮਦਾਦ ਅਲੀ ਤੋਂ ਵੀ ਜਾਣਕਾਰੀ ਪ੍ਰਾਪਤ ਹੋਈ ਹੈ ਜਿਨ੍ਹਾਂ ਤੋਂ ਮੇਰੇ ਮੱਤ ਦੀ ਪੁਸ਼ਟੀ ਹੀ ਹੁੰਦੀ ਹੈ।

ਰਿਆਸਤ ਪਟਿਆਲਾ ਦੇ ਵਜ਼ੀਰ ਅਬਦੁੱਲ ਨਬੀ ਖ਼ਾਂ (Abdool Nubbee Khan) ਅਤੇ ਮੌਲਵੀ ਰਜਬ ਅਲੀ (Rujjub Ali) ਜੋ ਬੜਾ ਹੰਢਿਆ ਹੋਇਆ ਵਿਅਕਤੀ ਹੈ ਦਾ ਵਿਚਾਰ ਹੈ ਕਿ ਇਸ ਮੱਤ ਦੇ ਪੈਰੋਕਾਰਾਂ ਵਿਚ ਜੋ ਸਰਬ ਸੰਮਤੀ ਅਤੇ ਏਕਤਾ ਦੀ ਭਾਵਨਾ ਮੌਜੂਦ ਹੈ ਉਹ ਕਿਸੇ ਸਮੇਂ ਵੀ ਇਸ ਮੱਤ ਦੇ ਮੁਖੀਆਂ ਵਲੋਂ ਸ਼ਰਾਰਤ ਪੂਰਨ ਸਿੱਧ ਹੋ ਸਕਦੀ ਹੈ, ਜਿਸ ਦੇ ਸਿੱਟੇ ਵਜੋਂ ਇਸ ਨੂੰ ਕਿਸੇ ਵੀ ਬੁਰੇ ਉਦੇਸ਼ (ਅੰਗਰੇਜ਼ੀ ਸਰਕਾਰ ਵਿਰੁੱਧ ਭਾਵਨਾ) ਲਈ ਵਰਤਿਆ ਜਾ ਸਕਦਾ ਹੈ।

---

1* ਨਾਹਰ ਸਿੰਘ, ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 16-20



Sri Satguru Jagjit Singh Ji Elibrary NamdhariElibrary@gmail.com

ਮੈਂ ਇਹ ਸਿੱਟਾ ਕਿਸੇ ਕਾਹਲੀ ਵਿਚ ਨਹੀਂ ਕੱਢ ਰਿਹਾ ਸਗੋਂ ਇਸ ਮਤ ਦੀ ਡੂੰਘੀ ਪਰਖ ਪੜਤਾਲ ਪਿਛੋਂ ਇਹ ਗੱਲ ਆਖ ਰਿਹਾ ਹਾਂ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਮਤ ਦੇ ਅੰਦੋਲਨਕਾਰੀ ਸੁਭਾ ਤੋਂ ਭਲੀਭਾਂਤ ਜਾਣੂ ਹੋਇਆ ਜਾਵੇ ਅਤੇ ਇਸ ਸੰਬੰਧ ਵਿਚ ਸਪੱਸ਼ਟ ਨੀਤੀ ਅਪਨਾਈ ਜਾਵੇ।

ਇਸ ਲਈ ਮੇਰੀ ਇਹ ਪੱਕੀ ਰਾਏ ਹੈ ਕਿ ਇਸ ਮਤ ਸੰਬੰਧੀ ਹੇਠ ਲਿਖੀਆਂ ਕਾਰਵਾਈਆਂ ਉੱਤੇ ਅਮਲ ਕੀਤਾ ਜਾਵੇ :

1. ਮੇਰਾ ਇਹ ਸਪਸ਼ਟ ਵਿਚਾਰ ਹੈ ਕਿ ਰਾਮ ਸਿੰਘ ਨੂੰ ਤੁਰੰਤ ਗਿਰਫਤਾਰ ਕੀਤਾ ਜਾਵੇ ਅਤੇ ਉਸ ਨੂੰ ਉਸ ਦੇ ਛੜਯੰਤਰ ਸਥਾਨ (ਭੈਣੀ ਸਾਹਿਬ) ਤੋਂ ਦੂਰ ਭੇਜ ਦਿੱਤਾ ਜਾਵੇ।

   ਉਸ ਨੂੰ ਲਾਹੌਰ, ਮੁਲਤਾਨ ਦੇ ਰਸਤੇ ਬੰਬਈ ਜਾਂ ਦਿੱਲੀ ਦੇ ਰਸਤੇ ਕਲਕੱਤੇ ਭੇਜਿਆ ਜਾਵੇ ਪਰ ਪਹਿਲ (ਲਾਹੌਰ ਮੁਲਤਾਨ ਵਾਲਾ) ਰਸਤਾ ਵਧੇਰੇ ਚੰਗਾ ਹੋਵੇਗਾ। ਇਸੇ ਤਰ੍ਹਾਂ ਮੈਂ ਉਸ ਦੇ ਪ੍ਰਮੁੱਖ ਸੂਬਿਆਂ ਨੂੰ ਵੀ ਗਿਰਫਤਾਰ ਕਰ ਲਵਾਂਗਾ।

2. ਕੂਕਿਆਂ ਦੀ ਫੌਜ ਤੇ ਪੁਲਿਸ ਵਿਚ ਭਰਤੀ ਉੱਤੇ ਰੋਕ ਲਗਾ ਦੇਣੀ ਚਾਹੀਦੀ ਹੈ। ਜਿਹੜੇ ਕੂਕੇ ਫੌਜ ਤੇ ਪੁਲਿਸ ਵਿਚ ਭਰਤੀ ਹਨ, ਉਨ੍ਹਾਂ ਨੂੰ ਕੱਢ ਦੇਣਾ ਚਾਹੀਦਾ ਹੈ ਅਤੇ ਅੱਗੋਂ ਤੋਂ ਕਿਸੇ ਵੀ ਕੂਕੇ ਨੂੰ ਭਰਤੀ ਨਹੀਂ ਕਰਨਾ ਚਾਹੀਦਾ। ਇਨ੍ਹਾਂ ਦੇ ਜੈਕਾਰੇ (ਅਕਾਲ) ਦੀ ਵਰਤੋਂ ਵੀ ਸਰਕਾਰੀ ਕਰਮਚਾਰੀਆਂ ਵਿਚ ਰੋਕ ਦੇਣੀ ਚਾਹੀਦੀ ਹੈ।

ਜਿਹੜਾ ਗੁਪਤ ਮੰਤਰ ਇਹ ਕੰਨ ਵਿਚ ਸੁਣਾਉਂਦੇ ਹਨ ਅਤੇ 'ਕੂਕਾ' ਜੋ ਇਹ ਇਕੱਠੇ ਹੋ ਕੇ ਉਚਾਰਦੇ ਹਨ, ਉਸ ਬਾਰੇ ਵੀ ਰਜਬ ਅਲੀ ਨੇ ਠੀਕ ਦੱਸਿਆ ਹੈ।

ਰਾਮ ਸਿੰਘ ਤੇ ਉਸ ਦੇ ਫ਼ਿਰਕੇ ਬਾਰੇ ਮੇਰੇ ਇਹ ਤੁੱਛ ਵਿਚਾਰ ਇਸ ਤੱਥ ਤੋਂ ਵੀ ਜਾਣੂ ਹਨ ਕਿ ਜਦੋਂ ਇਹ ਰਲ ਕੇ 'ਅਕਾਲ ਅਕਾਲ' ਉਚਾਰਦੇ ਹਨ ਤਾਂ ਉਨ੍ਹਾਂ ਦਾ ਮਨੋਰਥ ਅੱਗੋਂ ਪਿਛੋਂ ਯੁੱਧ ਕਰਨ ਦਾ ਹੀ ਹੁੰਦਾ ਹੈ। ਇਸ ਲਈ ਮੈਂ ਪੁਰਜ਼ੋਰ ਸ਼ਿਫਾਰਸ ਕਰਦਾ ਹਾਂ ਕਿ ਕਿਸੇ ਭਾਣਾ ਵਰਤਣ ਤੋਂ ਪਹਿਲਾਂ ਹੀ ਇਸ ਫ਼ਿਰਕੇ ਉੱਤੇ ਕਾਬੂ ਪਾ ਲਿਆ ਜਾਵੇ।

ਰਾਮ ਸਿੰਘ ਦੀ ਗਿਰਫਤਾਰੀ ਸਮੇਂ ਜਿਸ ਕਿਸੇ ਗੜਬੜ ਦੀ ਸੰਭਾਵਨਾ ਹੋ ਸਕਦੀ ਹੈ, ਉਸ ਨੂੰ ਹੁਣ ਤਾਂ ਦਬਾਇਆ ਜਾ ਸਕਦਾ ਹੈ ਪਰ ਪੰਜ-ਛੇ ਮਹੀਨੇ ਗੁਜਰ ਜਾਣ ਤੋਂ ਪਿਛੋਂ ਖਾਸ ਕਰਕੇ ਗਰਮੀਆਂ ਦੀ ਰੁੱਤੇ ਇਹ ਗੜਬੜ ਵਧੇਰੇ ਵਿਰਾਟ ਰੂਪ ਧਾਰਨ ਕਰ ਸਕਦੀ ਹੈ।

ਅੱਜ ਹੀ ਮੇਰੀ ਪਟਿਆਲੇ ਦੇ ਦੋ ਵਜ਼ੀਰਾਂ ਨਾਲ ਗੱਲ ਹੋਈ ਹੈ ਕਿ ਚੰਗਾ ਹੁੰਦਾ ਜੇ ਇਹ ਫ਼ਿਰਕਾ ਪੈਦਾ ਹੀ ਨਾ ਹੁੰਦਾ, ਜਿਸ ਦਾ ਭਾਵ ਇਹ ਹੈ ਕਿ



Sri Satguru Jagjit Singh Ji Elibrary NamdhariElibrary@gmail.com

ਇਸ ਨੂੰ ਤੁਰੰਤ ਦਬਾ ਦਿੱਤਾ ਜਾਵੇ। ਪਟਿਆਲੇ ਅਤੇ ਨਾਭੇ ਵਿਚ ਕੂਕਿਆਂ ਦ ਜ਼ੋਰ ਹੈ ਪਰ ਮੇਰਾ ਵਿਸ਼ਵਾਸ ਹੈ ਕਿ ਪਟਿਆਲੇ ਦੇ ਹਾਕਮ ਇਨ੍ਹਾਂ ਨੂੰ ਚੰਗਾ ਨਹ ਸਮਝਦੇ। ਜੀਂਦ ਵਿਚ ਤਾਂ ਇਨ੍ਹਾਂ ਨੂੰ ਪੱਕੇ ਤੌਰ ਤੇ ਸ਼ਕਤੀਸ਼ਾਲੀ ਢੰਗ ਨਾਲ ਨਿਰਉਤਸ਼ਾਹਿਤ ਕੀਤਾ ਗਿਆ ਹੈ।

ਮੈਂ ਇਹ ਵੀ ਸਿਫ਼ਾਰਿਸ਼ ਕਰਦਾ ਹਾਂ ਕਿ ਲੁਧਿਆਣੇ ਦੇ ਕਿਲ੍ਹੇ ਨੂੰ ਵਧੇ ਮਜ਼ਬੂਤ ਕੀਤਾ ਜਾਵੇ ਕਿਉਂ ਜੋ ਇਹ ਕੂਕਿਆਂ ਦੇ ਹੈਂਡਕੁਆਟਰ ਦੇ ਐਨ ਸਿ 'ਤੇ ਹੈ। ਇਸ ਨਾਲ ਲੁਧਿਆਣੇ ਦੇ ਕੀਮਤੀ ਸ਼ਹਿਰ ਦੀ ਵੀ ਰੱਖਿਆ ਹੋ ਸਕੇਗੀ ਹੁਣ ਮੌਸਮ ਬੜਾ ਖੁਸ਼ਗਵਾਰ ਹੈ ਅਤੇ ਯੂਰਪ ਦੇ ਕਰਮਚਾਰੀ ਵਧੇਰੇ ਅਰਾਮ ਨਾਲ ਤੰਬੂਆਂ ਵਿਚ ਰਹਿ ਸਕਦੇ ਹਨ। ਮੇਰਾ ਭਾਵ ਇਹ ਹੈ ਕਿ ਅਜਿਹੇ ਅੰਦੋਲਨ ਦੇ ਹੋਰ ਵਧਣ ਨੂੰ ਖਤਰਨਾਕ ਸਮਝਦੇ ਹੋਏ ਇਸ ਨੂੰ ਸਮੇਂ ਸਿਰ ਦਬਾ ਦੇਣਾ ਹੀ ਉੱਚਿਤ ਹੋਵੇਗਾ। ਅਜਿਹਾ ਕਰਨ ਨਾਲ ਕੱਚ ਘਰੜ ਨਵੇਂ ਬਣੇ ਕੂਕਿਆਂ ਨੂੰ ਠੱਲ੍ਹ ਪੈ ਜਾਵੇਗੀ ਅਤੇ ਸਾਡੇ ਪ੍ਰਸ਼ੰਸਕਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਅਸੀਂ ਅਵੇਸਲੇ ਨਹੀਂ ਬੈਠੇ ਹੋਏ।

ਜੇ ਰਾਮ ਸਿੰਘ ਨੂੰ ਗਿਰਫਤਾਰ ਕਰਨਾ ਹੋਵੇ ਤਾਂ ਮੈਂ ਆਪ ਲੁਧਿਆਣੇ ਜਾ ਕੇ ਇਹ ਕਾਰਜ ਕਰਾਂਗਾ। ਦਰਿਆ ਦੇ ਸੱਜੇ ਕੰਢੇ ਉੱਤੇ ਹੋਰ ਫੌਜ ਭੇਜ ਦਿੱਤੀ ਜਾਵੇ, ਜੋ ਰਾਮ ਸਿੰਘ ਨੂੰ ਆਪਣੇ ਚਾਰਜ ਵਿਚ ਲੈ ਲਏ। ਅੰਬਾਲੇ ਤੋਂ 11ਵਾਂ ਬੰਗਾਲੀ ਰਸਾਲਾ ਮੈਂ ਭੇਣੀ ਜਾਣ ਲੱਗਿਆ ਨਾਲ ਲੈ ਜਾਵਾਂਗਾ ਤ ਜੋ ਲੁਧਿਆਣੇ ਦੀ ਰੱਖਿਆ ਹੋ ਸਕੇ। ਇਸ ਦੇ ਆਲੇ ਦੁਆਲੇ ਜੱਟਾਂ ਦੀ ਬਹੁ-ਗਿਣਤੀ ਵਸਦੀ ਹੈ, ਜਿਨ੍ਹਾਂ ਦੇ ਸਿਰਾਂ ਵਿਚ ਕੂਕਿਆਂ ਦੀ ਵਧੇਰੇ ਹੀ ਹਵਾ ਚੜ੍ਹੀ ਹੋਈ ਹੈ।

ਮੇਰਾ ਖ਼ਿਆਲ ਨਹੀਂ ਕਿ ਕੂਕੇ ਸਰਦੀਆਂ ਦੇ ਸ਼ੁਰੂ ਵਿਚ ਹੀ ਗੜਬੜ ਕਰ ਦੇਣਗੇ ਕਿਉਂਜੋ ਇਹ ਗੱਲ ਹਾਲੀਂ ਉਨ੍ਹਾਂ ਨੂੰ ਰਾਸ ਨਹੀਂ ਆਉਂਦੀ ਸਗੋਂ ਉਨ੍ਹਾਂ ਨੂੰ ਹੋਰ 5-6 ਮਹੀਨੇ ਦਾ ਸਮਾਂ ਚਾਹੀਦਾ ਹੈ। ਕਿਤੇ ਇਹ ਨਾ ਹੋਵੇ ਕਿ ਇਹ ਬਗਾਵਤ ਪਹਿਲਾਂ ਹੀ ਸ਼ੁਰੂ ਹੋ ਜਾਵੇ। ਅਜਿਹੀ ਹਾਲਤ ਵਿਚ ਲੁਧਿਆਣਾ ਅਸੁਰੱਖਿਅਤ ਹੋਵੇਗਾ।

ਮੈਂ ਇਸ ਗੁਪਤ ਪੱਤਰ ਵਿਚ ਜੀਂਦ ਦੇ ਸ਼ਸਤਰ ਘਰ ਵਿਚ 600 ਬੰਦੂਕਾਂ ਨੂੰ ਵੇਚਣ ਬਾਰੇ ਵੀ ਦੱਸਣਾ ਚਾਹੁੰਦਾ ਹਾਂ। ਹੋ ਸਕਦਾ ਹੈ ਕਿ ਕੂਕੇ ਵਧੇਰੇ ਰਕਮਾਂ ਦੇ ਕੇ ਇਨ੍ਹਾਂ ਨੂੰ ਖਰੀਦਣ ਦਾ ਯਤਨ ਕਰਨ ਪਰ ਜੀਂਦ ਸਰਕਾਰ ਅਜਿਹਾ ਨਹੀਂ ਕਰਨ ਦੇਵੇਗੀ। ਜੀਂਦ ਦਾ ਰਾਜਾ ਚਾਹੁੰਦਾ ਹੈ ਕਿ ਕੋਈ ਅੰਗਰੇਜ਼ ਅਫ਼ਸਰ ਉਨ੍ਹਾਂ ਦੀ ਫ਼ੌਜ ਨੂੰ ਆ ਕੇ ਕਵਾਇਦ ਕਰਵਾਏ। ਜੀਂਦ ਦਾ ਰਾਜਾ ਜੋ ਸਾਡੇ ਪ੍ਰਤੀ ਬੜਾ ਸੁਹਿਰਦ ਹੈ, ਸਾਡੀ ਸਹਾਇਤਾ ਕਰ ਸਕਦਾ ਹੈ। ਪਟਿਆਲਾ ਅਤੇ ਨਾਭਾ ਆਪਸ



Sri Satguru Jagjit Singh Ji Elibrary NamdhariElibrary@gmail.com

ਵਿਚ ਖਹਿਬੜਦੇ ਰਹਿੰਦੇ ਹਨ। ਦੋਹਾਂ ਰਿਆਸਤਾਂ ਵਿਚ ਕੂਕਿਆਂ ਦਾ ਬੜਾ ਜ਼ੋਰ ਹੈ ਪਰ ਜੀਂਦ ਦਾ ਰਾਜਾ ਸਾਡਾ ਵੱਡਾ ਸਮਰੱਥਕ ਹੈ।

ਇਸ ਵੇਲੇ ਕੂਕਿਆਂ ਕੋਲ ਕੋਈ ਹਥਿਆਰ ਨਹੀਂ ਹੈ, ਸਾਨੂੰ ਇਸ ਦੀ ਪੱਕੀ ਸੂਹ ਮਿਲੀ ਹੈ। ਸੋ ਇਹ ਬਗਾਵਤ ਜੋਸ਼ੀਲੇ ਤੇ ਕੱਟੜ ਪ੍ਰਸਤ ਮਾਨਸਿਕ ਗੁੱਸੇ ਦਾ ਪ੍ਰਗਟਾ ਹੀ ਹੋਵੇਗੀ ਕਿਉਂਜੋ ਰਾਮ ਸਿੰਘ ਪ੍ਰਤੀ ਉਨ੍ਹਾਂ ਦਾ ਲਗਾਉ ਬੜਾ ਭਾਵਨਾ ਭਰਪੂਰ ਤੇ ਜੋਸ਼ੀਲਾ ਹੈ, ਜਿਹੜੇ ਉਨ੍ਹਾਂ ਕੋਲ ਮਾੜੇ-ਮੋਟੇ ਹਥਿਆਰ ਹੋਣਗੇ, ਉਹ ਬੜੇ ਘਟੀਆ ਹੋ ਸਕਦੇ ਹਨ. ਪਰ ਸ਼ਰਾਰਤ ਤਾਂ ਉਨ੍ਹਾਂ ਨਾਲ ਵੀ ਹੋ ਸਕਦੀ ਹੈ।

ਇਸ ਬਾਰੇ ਮੈਂ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ, ਕੇਵਲ ਇਕ ਫਾਰਸੀ ਦੇ ਕਵੀ ਦੇ ਸ਼ਿਅਰ ਦਾ ਹਵਾਲਾ ਦੇਣਾ ਚਾਹੁੰਦਾ ਹਾਂ। ਉਹ ਕਹਿੰਦਾ ਹੈ ਕਿ ਤੁਸੀਂ ਕਿਸੇ ਚਸ਼ਮੇ ਦੇ ਰਿਸਣ ਨੂੰ ਤਾਂ ਛੋਟੇ ਜਿਹੇ ਕਿੱਲ੍ਹ ਨਾਲ ਬੰਦ ਕਰ ਸਕਦੇ ਹੋ ਪਰ ਜਦੋਂ ਇਹੋ ਚਸ਼ਮਾ ਦਰਿਆ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਹਾਥੀ ਉੱਤੇ ਸਵਾਰ ਹੋ ਕੇ ਵੀ ਉਸ ਨੂੰ ਪਾਰ ਕਰਨਾ ਕਠਿਨ ਹੋ ਜਾਂਦਾ ਹੈ।

ਮੈਂ ਇੱਥੇ ਸਤਿਕਾਰਯੋਗ ਮਿਸ਼ਨਰੀ ਜੋਨ੍ਹ ਨਿਊਟਨ ਦਾ ਹਵਾਲਾ ਦੇਣਾ ਚਾਹੁੰਦਾ ਹਾਂ ਜਿਸ ਨੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ Mr Elliottt ਨੂੰ ਇਸ ਫਿਰਕੇ ਬਾਰੇ ਉਦੋਂ ਦੱਸਿਆ ਸੀ ਜਦੋਂ ਇਹ ਪੰਥ ਹਾਲੀ ਆਪਣੇ ਬਚਪਨ ਵਿਚ ਹੀ ਸੀ। ਉਸ ਨੇ ਇਹ ਗੱਲ ਆਪਣੇ ਦੁਆਬੇ ਦੇ ਇਕ ਪੰਡਿਤ (ਸ਼ਰਧਾ ਰਾਮ ਫਿਲੌਰੀ) ਦੇ ਹਵਾਲੇ ਨਾਲ ਕਹੀ ਸੀ। ਉਹ ਕਹਿੰਦਾ ਹੈ ਕਿ ਦਰਿਆ ਦੇ ਦੋਵੇਂ ਪਾਸਿਆਂ ਦੇ ਲੋਕਾਂ ਵਿਚ ਇਹ ਚਰਚਾ ਹੈ ਕਿ ਨਵੇਂ ਗੁਰੂ ਰਾਮ ਸਿੰਘ ਵਿਚ ਗੁਰੂਆਂ ਵਾਲੀ ਸੱਚੀ ਧਾਰਮਿਕ ਭਾਵਨਾ ਮੌਜੂਦ ਨਹੀਂ ਹੈ। ਉਸ ਦੇ ਸੁਧਾਰਾਂ ਦਾ ਸਾਰਾ ਜ਼ੋਰ ਸਿੱਖਾਂ ਦੀ ਗਵਾਚ ਚੁੱਕੀ ਭਾਵਨਾ ਨੂੰ ਸੰਯੋਜਿਤ ਕਰਕੇ ਰਾਜਨੀਤਕ ਉਦੇਸ਼ਾਂ ਲਈ ਵਰਤਣਾਂ ਹੈ। ਮੈਂ ਸਮਝਦਾ ਹਾਂ ਕਿ ਭਾਵੇਂ ਇਹ ਉਸ ਦੀ ਮੂਲ ਭਾਵਨਾ ਨਹੀਂ ਸੀ ਪਰ ਮੇਰਾ ਇਹ ਵਿਸ਼ਵਾਸ ਹੈ ਕਿ ਖੁੱਸ ਚੁੱਕੀ ਸਿੱਖ ਸ਼ਕਤੀ ਨੂੰ ਮੁੜ ਸੁਰਜੀਤ ਕਰਕੇ ਉਸ ਪ੍ਰਭੁਤਾ ਵਾਲੇ ਗੌਰਵ ਨੂੰ ਮੁੜ ਪ੍ਰਾਪਤ ਕਰਨਾ, ਇਸ ਜੰਗਜੂ ਫ਼ਿਰਕੇ ਲਈ ਇਹ ਬੜੀ ਸੁਭਾਵਿਕ ਗੱਲ ਹੋ ਸਕਦੀ ਹੈ ਕਿ ਉਹ ਆਪਣੇ ਦੇਸ਼ ਦੀ ਉੱਚੀ ਸ਼ਾਨ ਨੂੰ ਮੁੜ ਬਹਾਲ ਕਰੇ ਅਤੇ ਆਪਣੀ ਪਿਆਰੀ ਮਾਤਰ ਭੂਮੀ ਨੂੰ ਸਤੁੰਤਰ ਕਰਵਾਏ। ਰਾਮ ਸਿੰਘ ਨੇ ਸ਼ੁਰੂ ਵਿਚ ਤਾਂ ਗੁਰੂ ਨਾਨਕ ਦੇਵ ਵਾਲੀ ਨਰਮ ਖ਼ਿਆਲੀ ਨੀਤੀ ਧਾਰਨ ਕੀਤੀ ਸੀ ਪਰ ਉਸ ਦੇ ਜੋਸ਼ੀਲੇ ਸੂਬੇ ਉਸ ਨੂੰ ਗੁਰੂ ਗੋਬਿੰਦ ਸਿੰਘ ਵਰਗੇ ਬੀਰਭਾਵੀ ਸੰਗਠਨ ਵੱਲ ਲਿਜਾ ਰਹੇ ਹਨ 16-20 ਟੇਲਰ ਦੇ ਉਪਰੋਕਤ ਪੱਤਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਟੇਲਰ ਵਰਗੇ ਵਫ਼ਾਦਾਰ ਅੰਗਰੇਜ਼ ਅਧਿਕਾਰੀ ਕੂਕਾ ਲਹਿਰ ਨੂੰ ਕਿੰਨਾ ਖ਼ਤਰਨਾਕ ਤੇ



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਸਰਕਾਰ ਦੀ ਵਿਰੋਧੀ ਤੇ ਵਿਦਰੋਹ ਭਾਵੀ ਲਹਿਰ ਮੰਨਦੇ ਹਨ ਜੋ ਕਿਸੇ ਸਮੇਂ ਵੀ ਪੰਜਾਬ ਵਿਚ ਗੜਬੜ ਫੈਲਾ ਸਕਦੇ ਹਨ। ਇਸੇ ਸਮੇਂ ਕੁਝ ਹੋਰ ਅੰਗਰੇਜ਼ ਸਰਕਾਰ ਦੇ ਵਫਾਦਾਰ ਸੂਹੀਆਂ ਵਲੋਂ ਕਈ ਰਿਪੋਰਟਾਂ ਮਨਘੜਤ ਸ਼ੰਕਿਆਂ ਦੇ ਆਧਾਰ ਤੇ ਭੇਜੀਆਂ ਗਈਆਂ।

[1*]ਆਰ. ਜੀ. ਟੇਲਰ ਦੇ ਪੱਤਰ ਦੇ ਉੱਤਰ ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਦਾ ਇਹ ਵਿਚਾਰ ਸੀ ਕਿ ਭਾਵੇਂ ਮਿ. ਟੇਲਰ ਦੇ ਪੱਤਰ ਵਿਚ ਦਿੱਤੇ ਤੱਥ ਅਤੇ ਪ੍ਰਮੁੱਖ ਵਿਅਕਤੀਆਂ ਵਲੋਂ ਪ੍ਰਗਟ ਕੀਤੇ ਸ਼ੰਕੇ ਕੁਝ ਹੱਦ ਤਕ ਠੀਕ ਪ੍ਰਤੀਤ ਹੁੰਦੇ ਹਨ ਪਰ ਦੂਜੇ ਬੰਨੇ ਕੂਕਾ ਪੰਥ ਵਲੋਂ ਹੁਣ ਤੱਕ ਕੋਈ ਵੀ ਅਜਿਹੀ ਕਾਰਵਾਈ ਸਾਹਮਣੇ ਨਹੀਂ ਆਈ ਜੋ ਉਨ੍ਹਾਂ ਨੂੰ ਸਰਕਾਰ ਦੇ ਗੈਰ ਵਫ਼ਾਦਾਰ ਸਿੱਧ ਕਰ ਸਕੇ, ਸਗੋਂ ਉਨ੍ਹਾਂ ਦਾ ਵਿਹਾਰ ਬੜਾ ਅਨੁਸ਼ਾਸਨ ਵਾਲਾ ਦ੍ਰਿਸ਼ਟੀਗੋਚਰ ਹੋਇਆ ਹੈ।

ਇਸ ਸੰਬੰਧ ਵਿਚ ਟੀ. ਐੱਚ ਥਾਰਟਨ ਸਕੱਤਰ ਪੰਜਾਬ ਸਰਕਾਰ ਨੇ ਸਕੱਤਰ ਹਿੰਦ ਸਰਕਾਰ ਨੂੰ ਮਿਤੀ 18 ਸਤੰਬਰ 1866 ਨੂੰ ਲਿਖਿਆ ਕਿ ਕੂਕੇ ਭਾਈਚਾਰੇ ਉੱਤੇ ਨਜ਼ਰ ਰੱਖਣ ਲਈ ਲੁਧਿਆਣੇ ਫੌਜ ਦੀ ਉਹ ਟੁਕੜੀ ਭੇਜੀ ਜਾਵੇ, ਜਿਸ ਵਿਚ ਪੰਜਾਬੀਆਂ ਦੀ ਥਾਂ ਮੁਸਲਮਾਨ ਹੋਣ ਅਤੇ ਲੁਧਿਆਣਾ ਵਿਖੇ ਇਕ ਤਾਰ ਘਰ ਖੋਲ੍ਹਣ ਦੀ ਵੀ ਪ੍ਰਵਾਨਗੀ ਦਿੱਤੀ ਜਾਵੇ। 'ਸਕੱਤਰ ਹਿੰਦ ਸਰਕਾਰ ਨੇ ਪੱਤਰ ਰਾਹੀਂ ਉਪਰੋਕਤ ਪੱਤਰ ਦੇ ਉੱਤਰ ਵਿਚ ਸੂਚਿਤ ਕੀਤਾ ਕਿ ਲੁਧਿਆਣਾ ਛਾਉਣੀ ਲਈ ਦੋ ਗੋਰਖਾ ਕੰਪਨੀਆਂ ਭੇਜੀਆਂ ਜਾ ਰਹੀਆਂ ਹਨ। ਗੁਰੂ ਰਾਮ ਸਿੰਘ ਤੇ ਕੂਕਿਆਂ ਦੇ ਫਿਰਕੇ ਉੱਤੇ ਨਜ਼ਰ ਰਖਣ ਲਈ ਸਾਨੂੰ ਵਫਾਦਾਰ ਗੁਪਤ ਸੂਹੀਏ ਭੇਜ ਕੇ ਇਹ ਪਤਾ ਕਰਨਾ ਚਾਹੀਦਾ ਹੈ ਕਿ ਕੂਕੇ ਹਥਿਆਰ ਇਕੱਠੇ ਕਰ ਰਹੇ ਹਨ ਜਾਂ ਨਹੀਂ।'

ਸੈਕਟਰੀ ਆਫ਼ ਸਟੇਟ ਨੂੰ ਮਿਤੀ 8 ਅਕਤੂਬਰ, 1866 ਨੂੰ ਭੇਜੇ ਗਏ ਪੱਤਰ ਵਿਚ ਵੀ ਇਹੋ ਉਲੇਖ ਹੈ ਕਿ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਦੀ ਤਜਵੀਜ ਹੈ ਕਿ ਗੁਰੂ ਰਾਮ ਸਿੰਘ ਨੂੰ ਗਿਰਫਤਾਰ ਕਰਕੇ ਕਿਸੇ ਦੂਰ ਦੁਰਾਡੇ ਥਾਂ ਭੇਜ ਦਿੱਤਾ ਜਾਵੇ, ਜੋ ਸਰਕਾਰ ਨੂੰ ਪ੍ਰਵਾਨ ਨਹੀਂ ਹੈ। ਸਗੋਂ ਹਾਲੀ ਇਹੋ ਹੀ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਇਸ ਫਿਰਕੇ ਦੀਆਂ ਗੁਪਤ ਕਾਰਵਾਈਆਂ ਬਾਰੇ ਨਿਗਰਾਨੀ ਰੱਖੀ ਜਾਵੇ ਕਿ ਇਨ੍ਹਾਂ ਦਾ ਰਾਜਨੀਤਕ ਉਦੇਸ਼ ਸ਼ਰਾਰਤ ਭਰਿਆ ਤਾਂ ਨਹੀਂ।

19 ਜਨਵਰੀ, 1867 ਨੂੰ ਆਈ. ਜੀ. ਪੰਜਾਬ ਨੇ ਸਭ ਜਿਲ੍ਹਿਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਕੂਕਿਆਂ ਦੀਆਂ ਕਾਰਵਾਈਆਂ ਉੱਤੇ ਨਿਗ੍ਹਾ ਰੱਖੀ ਜਾਵੇ ਅਤੇ ਉਨ੍ਹਾਂ ਬਾਰੇ ਰਿਪੋਰਟਾਂ ਸਮੇਂ ਸਮੇਂ ਭੇਜੀਆਂ ਜਾਣ।

[1*] ਨਾਹਰ ਸਿੰਘ, ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 20-25



Sri Satguru Jagjit Singh Ji Elibrary NamdhariElibrary@gmail.com

[1]*"ਗਵਰਨਰ ਜਨਰਲ ਹਿੰਦ ਨੇ ਮੇਜਰ ਮੈਕਐਂਡਰੀਉ ਨੂੰ ਹੁਕਮ ਦਿਤਾ ਕਿ ਉਹ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚੋਂ ਆਪਣੇ ਬਹੁਤ ਇਤਬਾਰੀ ਤੇ ਵਫ਼ਾਦਾਰ ਬੰਦੇ ਨਾਮਧਾਰੀਆਂ ਸੰਬੰਧੀ ਖਬਰਾਂ ਇਕੱਠੀਆਂ ਕਰਨ ਲਈ ਭੇਜੇ। ਜ਼ਿਲ੍ਹਾ ਅਟਕ ਦੇ ਸਹਾਇਕ ਸੁਪਰਡੈਂਟ ਪੁਲੀਸ ਮਿਸਟਰ ਗਰੀਨ ਨੂੰ ਲਾਹੌਰ ਬੁਲਾਇਆ ਗਿਆ ਅਤੇ ਹੁਕਮ ਦਿੱਤਾ ਗਿਆ ਕਿ ਹਜ਼ਰੋ ਵਾਲੇ ਕੇਂਦਰ ਤੇ ਕਰੜੀ ਨਿਗਰਾਨੀ ਰਖੇ ਅਤੇ ਹਜ਼ਰੋ ਅਤੇ ਭੈਣੀ ਵਿਚਕਾਰ ਹਰ ਪ੍ਰਕਾਰ ਦੇ ਤਾਲਮੇਲ ਦੇ ਵਸੀਲਿਆਂ, ਚਿੱਠੀਆਂ ਜਾਂ ਜ਼ਬਾਨੀ ਸੰਦੇਸ਼ ਲਜਾਣ ਅਤੇ ਲਿਆਵਣ ਵਾਲੇ ਹਰਕਾਰਿਆਂ ਤੇ ਸਖ਼ਤ ਨਿਗਰਾਨੀ ਕੀਤੀ ਜਾਵੇ।" ਸ਼ਿਮਲੇ ਤੋਂ 8 ਅਕਤੂਬਰ, 1866 ਤੋਂ ਰਾਜਨੀਤਕ ਵਿਭਾਗ ਦੇ ਅਧਿਕਾਰੀਆਂ ਵਲੋਂ ਸੈਕਟਰੀ ਆਫ਼ ਸਟੇਟ ਨੂੰ ਲਿਖੇ ਗਏ ਪੱਤਰ ਵਿਚ ਕੂਕਿਆਂ ਪ੍ਰਤੀ ਅੰਗਰੇਜ਼ ਸਰਕਾਰ ਦੀ ਨੀਤੀ ਦਾ ਸਾਰ ਰੂਪ ਵਿਚ ਸਪਸ਼ਟ ਬੋਧ ਹੋ ਜਾਂਦਾ ਹੈ।

ਸ੍ਰੀ ਹਜ਼ੂਰ ਮਲਕਾ ਮੁਅਜ਼ਮਾ ਦੀ ਸਰਕਾਰ ਦੇ ਧਿਆਨ ਗੋਚਰ ਲਿਆਉਣ ਲਈ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਇਹ ਸੂਚਨਾ ਪ੍ਰਾਪਤ ਹੋਈ ਹੈ ਕਿ ਲੁਧਿਆਣੇ ਦੇ ਨੇੜੇ ਭੈਣੀ ਵਿਖੇ ਰਾਮ ਸਿੰਘ ਦੀ ਅਗਵਾਈ ਵਿਚ ਸਿੱਖਾਂ ਦੇ ਕੂਕੇ ਮਤ ਵਿਚ ਜਿਹੜਾ ਵਾਧਾ ਹੋਇਆ ਹੈ ਉਹ ਬੜੇ ਗੰਭੀਰ ਰੂਪ ਵਾਲਾ ਹੈ।

ਪੰਜਾਬ ਸਰਕਾਰ ਦਾ ਵਿਚਾਰ ਹੈ : ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕੂਕਾ ਪੰਥ ਦੇ ਵਿਆਪਕ ਤੇ ਨਿਰੰਤਰ ਵਾਧੇ.ਨਾਲ ਜੋ ਭੇਦ ਭਰੇ ਢੰਗ ਨਾਲ ਵੱਧ ਫੁੱਲ ਰਿਹਾ ਹੈ, ਪ੍ਰਤੱਖ ਰੂਪ ਵਿਚ ਪੂਰੀ ਤਰ੍ਹਾਂ ਸੁਸੰਗਠਿਤ ਅਤੇ ਆਪਣੇ ਮੁਖੀ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ ਇਸ ਫਿਰਕੇ ਵਿਚ ਰਾਜਨੀਤਕ ਸ਼ਰਾਰਤ ਵਾਲੇ ਤੱਤ ਵੀ ਹੋ ਸਕਦੇ ਹਨ। ਪਰ ਸਾਡਾ ਵਿਚਾਰ ਹੈ ਕਿ ਗੈਰ ਵਫਾਦਾਰੀ ਦੇ ਪ੍ਰਮਾਣਾਂ ਦੀ ਅਣਹੋਂਦ ਕਾਰਨ ਲੈਫਟੀਨੈਂਟ ਗਵਰਨਰ ਨੇ ਬੜੀ ਸਿਆਣਪ ਭਰੀ ਕਾਰਵਾਈ ਕਰਦਿਆਂ ਅੰਬਾਲਾ ਡਿਵੀਜਨ ਦੇ ਕਮਿਸ਼ਨਰ ਅਨੁਸਾਰ ਰਾਮ ਸਿੰਘ ਨੂੰ ਗਿਰਫਤਾਰ ਕਰਕੇ ਪੰਜਾਬ ਤੋਂ ਬਾਹਰ ਜਲਾਵਤਨ ਕਰਨ ਦੇ ਸੁਝਾਵਾਂ ਨੂੰ ਅਪ੍ਰਵਾਨ ਕਰ ਦਿੱਤਾ।

1863 ਤੋਂ 1866 ਤੱਕ ਦੇ ਸਮੇਂ ਸਤਿਗੁਰੂ ਰਾਮ ਸਿੰਘ ਦੀ ਸਿਆਣਪ ਭਰੀ ਸੂਝ ਅਤੇ ਦੂਰਦਰਸ਼ਤਾ ਕਾਰਨ ਅੰਗਰੇਜ਼ ਸਰਕਾਰ ਵਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ ਕੂਕਾ ਪੰਥ ਵਿਚ ਆਸ ਤੋਂ ਬਾਹਰਾ ਵਾਧਾ ਹੋਇਆ।

---

[1]* ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 187



Sri Satguru Jagjit Singh Ji Elibrary NamdhariElibrary@gmail.com

# 23

## ਕੂਕਾ ਲਹਿਰ ਨਵੇਂ ਦੌਰ ਵਿਚ (1866 ਤੋਂ 1869)

1866 ਤੋਂ ਕੂਕਾ ਲਹਿਰ ਨੇ ਨਵੇਂ ਦੌਰ ਵਿਚ ਪ੍ਰਵੇਸ਼ ਕੀਤਾ। ਅੰਗਰੇ ਸਰਕਾਰ ਨੇ ਜਾਣ ਲਿਆ ਸੀ ਕਿ 1863 ਤੋਂ 1866 ਤੱਕ ਸਰਕਾ ਪਾਬੰਦੀਆਂ ਦੇ ਬਾਵਜੂਦ ਨਾਮਧਾਰੀ ਪੰਥ ਵਿਚ ਬੜਾ ਵਾਧਾ ਹੋਇਆ । ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਦੀ ਹਦੂਦ ਤੋਂ ਬਾਹਰ ਜਾ ਧਰਮ ਪ੍ਰਚਾਰ ਕਰਨ ਅਤੇ ਦੀਵਾਨ ਸਜਾਉਣ ਦੀ ਆਗਿਆ ਨਹੀਂ ਸੀ। ਫਿ ਵੀ ਸੂਬਿਆਂ ਦੇ ਸੰਗਠਨ ਅਤੇ ਸੁਤੰਤਰ ਡਾਕ ਪ੍ਰਬੰਧ ਦੇ ਕਾਰਨ ਇਸ ਦੌ ਵਿਚ ਵੀ ਨਾਮਧਾਰੀ ਮਤ ਦਾ ਬੜਾ ਪਾਸਾਰ ਹੋਇਆ। [1*]ਸਤਿਗੁਰੂ ਜੀ ਨ ਆਪਣੇ ਸੂਬਿਆਂ ਨੂੰ ਨਾਮ ਜਾਂ ਗੁਰਮੰਤਰ ਦੇਣ ਦੀ ਆਗਿਆ ਦੇ ਦਿੱਤ ਹੋਈ ਸੀ। ਨਾਮਧਾਰੀ ਸੂਬੇ ਬੜੇ ਉਤਸ਼ਾਹ ਤੇ ਜੋਸ਼ ਨਾਲ ਆਪਣੇ ਆਪਣੇ ਵਿਸ਼ੇਸ਼ ਖੇਤਰਾਂ ਵਿਚ ਧਰਮ ਪ੍ਰਚਾਰ ਕਰ ਰਹੇ ਸਨ। ਜਿਹੜੇ ਵਿਅਕਤੀ ਇਸਤਰੀ ਜਾਂ ਪੁਰਸ਼ ਸੂਬਿਆਂ ਕੋਲੋਂ ਗੁਰਮੰਤਰ ਪ੍ਰਾਪਤ ਕਰਕੇ ਨਾਮਧਾਰੀ ਮਤ ਵਿਚ ਪ੍ਰਵੇਸ਼ ਕਰਦੇ, ਉਨ੍ਹਾਂ ਸਭ ਦੇ ਹਿਰਦਿਆਂ ਵਿਚ ਇਹ ਚਾਅ ਉਠਦਾ ਕਿ ਸ੍ਰੀ ਭੈਣੀ ਸਾਹਿਬ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਜਾਣ। ਇਸ ਤਰ੍ਹਾਂ ਨਵੇਂ ਬਣੇ ਨਾਮਧਾਰੀਆਂ ਦਾ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਦਰਸ਼ਨਾਂ ਲਈ ਆਉਣ ਦਾ ਤਾਂਤਾ ਹੀ ਬੱਝਿਆ ਰਿਹਾ। ਨਾਮਧਾਰੀਆਂ ਦੀ ਇਸ ਵਧ ਰਹੀ ਗਿਣਤੀ ਨੂੰ ਵੇਖ ਕੇ ਸਰਕਾਰੀ ਹਲਕਿਆਂ ਵਿਚ ਚਿੰਤਾ ਦਾ ਵਧ ਜਾਣਾ ਬੜਾ ਸੁਭਾਵਿਕ ਸੀ। ਅੰਗਰੇਜ਼ 1857 ਦੇ ਵਿਦਰੋਹ ਤੋਂ ਬੜੇ ਡਰੇ ਹੋਏ ਸਨ ਅਤੇ ਵਧ ਰਹੀ ਹਰ ਲਹਿਰ ਨੂੰ ਘੋਖਵੀਂ ਦ੍ਰਿਸ਼ਟੀ ਤੋਂ ਵਾਚ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਵਿਹਾਰ ਵਿਚ ਹੁਣ ਤਕ ਕੋਈ ਵੀ ਗੱਲ ਅਜਿਹੀ ਨਹੀਂ ਸੀ ਹੋਣ ਦਿੱਤੀ ਜੋ ਅੰਗਰੇਜ਼ੀ ਸਰਕਾਰ ਨੂੰ ਖ਼ਤਰਨਾਕ ਪ੍ਰਤੀਤ ਹੁੰਦੀ ਹੋਵੇ। ਇਸ ਲਈ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਉੱਤੇ ਲਾਈਆਂ

[1*] ਨਿਧਾਨ ਸਿੰਘ ਆਲਿਮ, ਜੁਗ ਪਲਟਾਊ ਸਤਿਗੁਰੂ, ਪੰਨਾ 90



Sri Satguru Jagjit Singh Ji Elibrary NamdhariElibrary@gmail.com

ਗਈਆਂ ਪਾਬੰਦੀਆਂ ਨੂੰ ਖਤਮ ਕਰਨ ਦਾ ਇਰਾਦਾ ਬਣਾਇਆ। ਸਤਿਗੁਰੂ ਜੀ ਨੂੰ ਨੇੜੇ-ਤੇੜੇ ਦੇ ਪਿੰਡਾਂ ਵਿਚ ਜਾਣ ਦੀ ਆਗਿਆ ਦੇ ਦਿੱਤੀ ਗਈ। ਪਰ ਸਰਕਾਰ ਦੀ ਨੀਤੀ ਬੜੀ ਡੂੰਘੀ ਅਤੇ ਬਹੁਪੱਖੀ ਸੀ। ਸਤਿਗੁਰੂ ਰਾਮ ਸਿੰਘ ਅਤੇ ਕੂਕਾ ਪੰਥ ਉੱਤੇ ਪਾਬੰਦੀਆਂ ਹਟਾ ਕੇ ਸਰਕਾਰ ਇਸ ਲਹਿਰ ਦੀ ਵਾਸਤਵਿਕ ਸ਼ਕਤੀ ਨੂੰ ਜਾਨਣਾ ਚਾਹੁੰਦੀ ਸੀ। ਇਸ ਲਈ ਪੰਜਾਬ ਸਰਕਾਰ ਦੇ ਪੁਲਿਸ ਮੁਖੀ ਡੀ. ਆਈ. ਜੀ. ਮਿਸਟਰ ਮੈਕਐਂਡਰਿਊ ਨੇ ਸਭ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਇਹ ਆਦੇਸ਼ ਭੇਜ ਦਿੱਤੇ ਸਨ ਕਿ ਉਹ ਕੂਕਿਆਂ ਦੀਆਂ ਇਕੱਤਰਤਾਵਾਂ ਵਿਚ ਦਖ਼ਲ ਨਾ ਦੇਣ ਪਰ ਉਨ੍ਹਾਂ ਦੀਆਂ ਕਾਰਵਾਈਆਂ ਉੱਤੇ ਸਖ਼ਤ ਨਿਗ੍ਹਾ ਰੱਖਣ ਵਿਸ਼ੇਸ਼ ਕਰਕੇ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਜਾਵੇ ਕਿ ਅੰਗਰੇਜ਼ੀ ਸਰਕਾਰ ਪ੍ਰਤੀ ਉਨ੍ਹਾਂ ਦੇ ਕੀ ਇਰਾਦੇ ਹਨ।

[1*]ਗੁਰੂ ਰਾਮ ਸਿੰਘ ਜੀ ਨੇ 1867 ਵਿਚ ਮਾਘੀ ਦੇ ਮੇਲੇ ਉੱਤੇ ਮੁਕਤਸਰ ਜਾਣ ਦੀ ਆਗਿਆ ਮੰਗੀ ਪਰ ਸਰਕਾਰ ਨੇ ਇਸ ਦੀ ਪ੍ਰਵਾਨਗੀ ਨਾ ਦਿੱਤੀ।

### ਅਨੰਦਪੁਰ ਦਾ ਹੋਲਾ ਮਹੱਲਾ ਮਾਰਚ 1867

ਜਦੋਂ ਸਤਿਗੁਰ ਰਾਮ ਸਿੰਘ ਜੀ ਨੂੰ ਮਾਘੀ ਦੇ ਮੇਲੇ ਉੱਤੇ ਜਾਣ ਦੀ ਪੰਜਾਬ ਸਰਕਾਰ ਵਲੋਂ ਆਗਿਆ ਨਾ ਮਿਲੀ ਤਾਂ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੇ ਅਵਸਰ ਨੂੰ ਵੱਡੇ ਮੇਲੇ ਅਰਥਾਤ ਸੰਗਤਾਂ ਦੇ ਵੱਡੇ ਇਕੱਠ ਨਾਲ ਮਨਾਉਣ ਦਾ ਫੈਸਲਾ ਕੀਤਾ। ਸੂਬਾ ਲੱਖਾ ਸਿੰਘ ਨੂੰ ਲਾਹੌਰ ਜਾ ਕੇ ਪੰਜਾਬ ਸਰਕਾਰ ਨੂੰ ਇਤਲਾਹ ਦੇਣ ਲਈ ਭੇਜਿਆ ਗਿਆ। ਪੰਜਾਬ ਸਰਕਾਰ ਹਾਲੀਂ ਜੱਕੋ-ਤੱਕੋ ਵਿਚ ਸੀ। ਉਸ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿਸਟਰ ਈਲੀਅਟ ਨੂੰ ਲਿਖ ਭੇਜਿਆ ਕਿ ਉਹ ਭੈਣੀ ਜਾ ਕੇ ਇਸ ਗੱਲ ਦਾ ਪਤਾ ਕਰਨ ਕਿ ਉਹ ਕਿਸ ਤਰ੍ਹਾਂ ਦਾ ਮੇਲਾ ਕਰਨਾ ਚਾਹੁੰਦੇ ਹਨ। ਸਰਕਾਰ ਦਾ ਖਿਆਲ ਸੀ ਕਿ ਮੇਲੇ ਵਿਚ ਵੱਡੀ ਗਿਣਤੀ ਵਿਚ ਸੰਗਤ ਨੂੰ ਨਾ ਆਉਣ ਦਿੱਤਾ ਜਾਵੇ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਈਲੀਅਟ ਅਤੇ ਸੁਪਰਡੈਂਟ ਪੁਲੀਸ ਮਿਸਟਰ ਸਮਿੱਥ ਆਪ ਭੈਣੀ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲੇ। ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਸਪਸ਼ਟ ਤੌਰ ਤੇ ਕਹਿ ਦਿੱਤਾ ਕਿ ਅਸੀਂ ਮੇਲਾ ਜ਼ਰੂਰ ਕਰਾਂਗੇ। ਸਾਨੂੰ ਥੋੜ੍ਹੀ ਗਿਣਤੀ ਵਾਲੀ ਸ਼ਰਤ ਪ੍ਰਵਾਨ ਨਹੀਂ ਹੈ। ਜੇ ਤੁਸੀਂ ਅਨੰਦਪੁਰ ਜਾ ਕੇ ਹੋਲਾ ਮਨਾਉਣ ਦੀ ਆਗਿਆ ਨਹੀਂ ਦੇਵੋਗੇ ਤਾਂ ਅਸੀਂ ਇਹ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ਕਰਾਂਗੇ ਪਰ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਲੋਕਾਂ ਤੇ ਸਰਕਾਰ-ਭਗਤ ਸ੍ਰੀ ਭੈਣੀ ਸਾਹਿਬ ਵਿਖੇ ਮੇਲਾ ਕਰਨ ਦੇ ਵਿਰੁੱਧ

[1*] ਡਾ. ਜਸਵੰਤ ਸਿੰਘ ਜਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 110



Sri Satguru Jagjit Singh Ji Elibrary NamdhariElibrary@gmail.com

ਸਨ। ਇਸ ਲਈ ਸਰਕਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਦਾ ਦੀਵਾਨ ਕਰਨ ਦੀ ਆਗਿਆ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਇਸ ਨਾਲ ਸਰਕਾਰ ਨੂੰ ਇਹ ਜਾਣਕਾਰੀ ਵੀ ਮਿਲ ਸਕਦੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਕਿੰਨੀ ਕੁ ਨਾਮਧਾਰੀ ਸੰਗਤ ਇਕੱਤਰ ਹੋ ਸਕਦੀ ਹੈ ਕਿਉਂਜੋ ਪੰਜਾਬ ਸਰਕਾਰ ਨਾਮਧਾਰੀਆਂ ਦੀ ਵਾਸਤਵਿਕ ਸ਼ਕਤੀ ਦੀ ਟੋਹ ਲਾਉਣ ਲਈ ਬੜੀ ਉਤਸੁਕ ਸੀ। ਇਸ.ਲਈ ਜਿੱਥੇ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਹੋਲੇ ਦੇ ਪੁਰਬ ਉੱਤੇ ਅਨੰਦਪੁਰ ਸਾਹਿਬ ਦੀ ਯਾਤਰਾ ਕਰਨ ਦੀਂ ਪ੍ਰਵਾਨਗੀ ਦੇ ਦਿੱਤੀ, ਉੱਥੇ ਨਾਲ ਹੀ ਮਿਸਟਰ ਮੈਕਐਂਡਰਿਊ ਡੀ. ਆਈ. ਜੀ. ਪੰਜਾਬ ਨੂੰ ਸਕੱਤਰ ਪੰਜਾਬ ਸਰਕਾਰ ਨੇ ਇਹ ਆਦੇਸ਼ ਵੀ ਜਾਰੀ ਕਰ ਦਿੱਤਾ ਕਿ ਉਹ ਆਪ ਜਾ ਕੇ ਇਸ ਮੇਲੇ ਦਾ ਪ੍ਰਬੰਧ ਵੇਖੇ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਵਾਪਰਨ ਦੀ ਸੰਭਾਵਨਾ ਨੂੰ ਰੋਕੇ।

1*ਸਤਿਗੁਰੂ ਜੀ ਵਲੋਂ ਆਪਣੇ ਸਾਰੇ ਸੂਬਿਆਂ ਨੂੰ ਇਹ ਸੰਦੇਸ਼ ਭੇਜ ਦਿੱਤਾ ਗਿਆ ਕਿ ਹੋਲੇ ਦਾ ਪੁਰਬ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ। ਇਸ ਲਈ ਨਾਮਧਾਰੀ ਸਾਧ ਸੰਗਤ ਵੱਡੇ ਤੇ ਸ਼ਾਨਦਾਰ ਜਲੂਸ ਦੀ ਸ਼ਕਲ ਵਿਚ ਸ੍ਰੀ ਭੈਣੀ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਰਵਾਨਾ ਹੋਵੇਗੀ। ਇਸ ਲਈ ਸਾਰੀ ਸਾਧ-ਸੰਗਤ ਸੂਬੇ ਅਤੇ ਜਥੇਦਾਰ ਸ੍ਰੀ ਭੈਣੀ ਸਾਹਿਬ ਪੁੱਜ ਜਾਣ। ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇਸ ਗੱਲ ਦਾ ਵੀ ਵਰਣਨ ਕੀਤਾ ਹੈ ਕਿ ਸਤਿਗੁਰੂ ਜੀ ਨੇ ਹੋਲੇ ਤੋਂ ਕੁਝ ਚਿਰ ਪਹਿਲਾਂ ਸੂਬਾ ਲੱਖਾ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਅਨੰਦਪੁਰ ਸਾਹਿਬ ਜਾ ਕੇ ਸਾਰੀ ਸਥਿਤੀ ਤੋਂ ਜਾਣੂ ਹੋਣ ਲਈ ਭੇਜਿਆ ਸੀ। ਆਮ ਤੌਰ ਤੇ ਉਸ ਸਮੇਂ ਪ੍ਰਮੁੱਖ ਗੁਰਧਾਮਾਂ ਦੇ ਪੁਜਾਰੀ ਨਾਮਧਾਰੀਆਂ ਦਾ ਵਿਰੋਧ ਕਰਦੇ ਸਨ ਅਤੇ ਉਨ੍ਹਾਂ ਨੂੰ ਤਨਖਾਹੀਏ ਕਰਾਰ ਦਿੰਦੇ ਸਨ। ਮਸਤਾਨਾ ਬਿਰਤੀ ਵਿਚ ਸ਼ਬਦ ਪੜ੍ਹਨ ਸਮੇਂ ਕਈ ਵਾਰ ਨਾਮਧਾਰੀਆਂ ਦੀਆਂ ਦਸਤਾਰਾਂ ਤੇ ਕੇਸ ਖੁਲ੍ਹ ਜਾਂਦੇ ਸਨ। ਨਾਮਧਾਰੀਆਂ ਦੇ ਗੁਰਮੰਤਰ ਨੂੰ ਵੀ ਉਹ ਕਲਾਮ ਦੱਸਦੇ ਸਨ ਕਿਉਂਜੋ ਸਤਿਗੁਰੂ ਬਾਲਕ ਸਿੰਘ ਜੀ ਦੇ ਸਮੇਂ ਤੋਂ ਹੀ 'ਨਾਮ' ਨੂੰ ਗੁਪਤ ਰੱਖਣ ਤੇ ਜਪਣ ਦਾ ਹੁਕਮ ਸੀ। ਅਨੰਦਪੁਰ ਪਹੁੰਚ ਕੇ ਸੂਬਾ ਲੱਖਾ ਸਿੰਘ ਦਾ ਗੁਰੂ ਤੇਗ ਬਹਾਦਰ ਸਥਾਨ ਤੇ ਨਿਹੰਗ ਸਿੰਘਾਂ ਨਾਲ ਟਾਕਰਾ ਹੋਇਆ ਜਿਸ ਦੇ ਦਿਲਚਸਪ ਵੇਰਵੇ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਆਪਣੇ ਗ੍ਰੰਥ ਵਿਚ ਦਿੱਤੇ ਹਨ। 2*ਇਸ ਰੌਚਕ ਘਟਨਾ ਦਾ ਵਰਣਨ ਸੰਤ ਬਾਹੋਵਾਲ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦਿੱਤਾ

1* ਡਾ. ਜਸਵੰਤ ਸਿੰਘ ਜਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 110

2* ਉਪਰੋਕਤ, ਪੰਨਾ 245-246



Sri Satguru Jagjit Singh Ji Elibrary NamdhariElibrary@gmail.com

ਗਿਆ ਹੈ।

"ਬਾਬਾ ਲੱਖਾ ਸਿੰਘ ਅਤੇ ਹੋਰ ਦੂਸਰੇ ਸੂਬੇ, ਦੋਹਾਂ ਨੇ ਜਾ ਕੇ ਅਰਦਾਸਾਂ ਕਰਾਈਆਂ ਜਾਂ ਗੁਰੂ ਤੇਗ ਬਹਾਦਰ ਜੀ ਦੇ ਗੁਰਦੁਵਾਰੇ ਗਏ ਤਾਂ ਪੁਜਾਰੀ ਕਹਿੰਦੇ ਏਥੇ ਹੀ ਖੜੇ ਹੋ ਜਾਓ। ਸੂਬਿਆਂ ਕਹਿਆ ਕਿਉਂ? ਪੁਜਾਰੀ ਕੈਂਹਦੇ ਤੁਸੀਂ ਤਨਖਾਹੀਏ ਹੋ, ਤੁਹਾਡੀ ਪੱਗ ਉਤਰ ਜਾਂਦੀ ਹੈ ਸੂਤਰ ਮੇ। ਕੇਸਾਂ ਦੀ ਬੇਅਦਬੀ ਅਰ ਕਲਾਮ ਪੜਦੇ ਹੋ। ਸੂਬਿਆਂ ਕਹਾ ਕਿ ਪ੍ਰਮੇਸਰ ਕੀ ਦਰਗਾਹ ਤੇ ਝੂਠੇ, ਸ਼ਬਦ ਕੋ ਕਲਾਮ ਦਸਦੇ ਹੋ? ਸ਼ਬਦ ਕੇ ਪ੍ਰੇਮ ਮੇਂ ਮਸਤਾਨੇ ਹੋ ਕੇ ਉਨ੍ਹਾਂ ਕੋ ਸਰਬ ਰੂਪ ਏਕ ਹੀ ਨਜ਼ਰ ਆਉਂਦਾ ਹੈ। ਧੁਆਡੇ ਘਰ ਦੀਆਂ ਸਿੰਘਣੀਆਂ ਤਮਾਕੂ ਦੀ ਨਸਵਾਰ ਵਰਤਦੀਆਂ ਹਨ। ਧੁਆਨੂੰ ਓਨਾਂ ਹੱਥਾਂ ਨਾਲ ਪ੍ਰਸ਼ਾਦਾ ਪਕਾ ਕੇ ਛਕਾਉਂਦੀਆਂ ਹਨ। ਤੁਸੀਂ ਤਾਂ ਆਪ ਤਨਖਾਹੀਏ ਹੋ। ਸਾਨੂੰ ਤੁਸਾਂ ਕੀ ਤਨਖਾਹ ਲੈਣੀ ਹੈ। ਸੂਬਿਆਂ ਕਹਾ ਕਿ ਦੋ ਚਿੱਠੀਆਂ ਲਿਖਕੇ ਅਅਗਨ ਮੇਂ ਸੁਟ ਦੇਂਦੇ ਹੈਂ। ਜੋ ਸਾਬਤ ਬਚ ਰਹੀ ਸੋ ਸੱਚੇ। ਕੋਲ ਹੀ ਥਾਣੇਦਾਰ ਤੇ ਤਸੀਲਦਾਰ ਸੇ। ਉਨ੍ਹਾਂ ਕਿਹਾ ਕਿ ਅਦਾਲਤ ਸਹੀ ਹੈ। ਏਸੇ ਤਰ੍ਹਾਂ ਕਰੋ। ਏਕ ਨਿਹੰਗ ਨੇ ਉਚੀ ਸੇ ਪੁਕਾਰ ਕੇ ਕਹਿਆ ਕਿ ਚਿੱਠੀਆਂ ਅਗਨ ਮੈ ਨਾ ਪਾਇਓ। ਧੁਆਡੀ ਚਿੱਠੀ ਅਗਨ ਮੇਂ ਜਲ ਜਾਊਗੀ। ਝੂਠੇ ਹੋਇ ਜਾਵੋਗੇ। ਸੂਬਿਆਂ ਨੇ ਕਹਿਆ ਤੁਸੀਂ ਦਿਸ਼ਨਾਨ ਭੀ ਨਹੀਂ ਕਰਦੇ। ਅਸੀਂ ਸਣਕੇਸੀਂ ਦਿਸ਼ਨਾਨ ਕਰਦੇ ਹਾਂ ਅਤੇ ਨਿਤਨੇਮ ਦਾ ਪਾਠ ਕਰਦੇ ਹਾਂ। ਸਾਨੂੰ ਤੁਸੀਂ ਗੁਰਦਵਾਰੀਂ ਨਹੀਂ ਵੜ੍ਹਨ ਦੇਂਦੇ। ਤੁਸੀਂ ਆਦ ਅੰਤ ਤੇ ਹੀ ਝੂਠੇ ਹੋ। ਹੋਲੇ ਕੋ ਅਸੀਂ ਆਪਣੇ ਸਤਿਗੁਰੂ ਜੀ ਕੋ ਲੈ ਕੇ ਆਵਾਂਗੇ।"

ਫੇਰ ਸੂਬਿਆਂ ਨੇ ਪੈਸੇ ਅਤੇ ਕੌਡੀਆਂ ਦੀਆਂ ਮੁੱਠਾਂ ਭਰ ਭਰ ਕੇ ਮਾਰੀਆਂ। ਪੁਜਾਰੀ ਲੱਗੇ ਚੁਗਣ। ਮੱਖੀਆਂ ਵਾਂਗ ਪੁਜਾਰੀ ਭਿੰਗਣ। ਕਈਆਂ ਦੀਆਂ ਪੱਗਾਂ ਲਹਿ ਗਈਆਂ। ਲੋਕ ਹੱਸਣ ਕਿ ਤੁਸੀਂ ਤਾਂ ਕੂਕਿਆਂ ਕੋ ਕਹਿੰਦੇ ਹੋ ਕਿ ਪੱਗਾਂ ਲਾਹ ਦੇਂਦੇ ਹੈਂ ਹੁਣ ਧੁਆਡੀਆਂ ਪੱਗਾਂ ਆਪੇ ਹੀ ਲਹਿ ਗਈਆਂ ਹੈਨ। ਕੂਕਿਆਂ ਦੀ ਪੱਗ ਤਾਂ ਸ਼ਬਦ ਕੀ ਮਸਤੀ ਨਾਲ ਲਹਿ ਜਾਂਦੀ ਹੈ, ਧੁਆਡੀ ਪੱਗ ਪੈਸਿਆਂ ਪਿਛੇ ਲਹਿ ਜਾਂਦੀ ਹੈ। ਧੁਆਨੂੰ ਸ਼ਰਮ ਨਹੀਂ ਆਉਂਦੀ ਓਨ੍ਹਾਂ ਕੋ ਤਨਖਾਹੀਏ ਕੈਂਹਦੇ ਹੋ, ਨਾਲੇ ਉਨ੍ਹਾਂ ਕੀ ਪੂਜਾ ਲੈਂਦੇ ਹੋ। ਥਾਣੇਦਾਰ ਔਰ ਤਸੀਲਦਾਰ ਨੇ ਐਸੀ ਫਿਟ ਲਾਨਤ ਕਰੀ ਕਿ ਪੁਜਾਰੀ ਸ਼ਰਮ ਦੇ ਮਾਰੇ ਚੁਪ ਕਰ ਰਹੇ। ਕੋਈ ਜਬਾਬ ਨਾ ਆਵੇ ਅੱਗੇ ਸੇ।

## ਅਨੰਦਪੁਰ ਯਾਤਰਾ ਦਾ ਸ਼ਾਨਦਾਰ ਜਲੂਸ

16 ਮਾਰਚ, 1867 ਨੂੰ ਸ੍ਰੀ ਭੈਣੀ ਸਾਹਿਬ ਤੋਂ ਅਰਦਾਸਾ ਸੋਧ ਕੇ ਨਾਮਧਾਰੀ ਸਾਧ ਸੰਗਤ ਦਾ ਸ਼ਾਨਦਾਰ ਜਲੂਸ ਹਜ਼ਾਰਾਂ ਦੀ ਗਿਣਤੀ ਵਿਚ

---

1* ਸੰਤ ਸੰਤੋਖ ਸਿੰਘ ਬਾਰੋਵਾਲ, ਸਤਿਗੁਰੂ ਬਿਲਾਸ, ਪੰਨਾ 245-246



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸਾਧ ਸੰਗਤ ਦੀ ਰਵਾਨਗੀ ਨਾਲ ਆਰੰਭ ਹੋਇਆ। ਸੂਬਾ ਸੁਧ ਸਿੰਘ ਨੂੰ ਇਸ ਸ਼ਾਨਦਾਰ ਜਲੂਸ ਦਾ ਮੁੱਖੀ ਥਾਪਿਆ ਗਿਆ।

ਜਲੂਸ ਦੇ ਅੱਗੇ ਅੱਗੇ ਨਿਗਾਰਚੀ ਸਨ ਜੋ ਨਗਾਰੇ ਵਜਾ ਰਹੇ ਸਨ। ਨਾਮਧਾਰੀ ਪੰਥ ਦਾ ਸਫੈਦ ਪਰਚਮ ਵੀ ਲਹਿਰਾ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਉੱਤੇ ਸਵਾਰ ਸਨ ਅਤੇ ਸਭ ਤੋਂ ਮੋਹਰੇ ਜਾ ਰਹੇ ਸਨ। ਉਨ੍ਹਾਂ ਤੋਂ ਪਿਛੇ ਸੂਬੇ ਘੋੜਿਆਂ ਤੇ ਸਵਾਰ ਸਨ। ਕੁਝ ਸਿੰਘ ਊਠਾਂ ਉਤੇ ਅਤੇ ਕੁਝ ਜੋ ਸਿਹਤ ਦੇ ਪੱਖੋਂ ਕੰਮਜ਼ੋਰ ਸਨ, ਗੱਡਿਆਂ ਉੱਤੇ ਸਵਾਰ ਸਨ। ਪਿੱਛੇ ਪਿੱਛੇ ਹਜ਼ਾਰਾਂ ਦੀ ਗਿਣਤੀ ਵਿਚ ਮਾਈ ਭਾਈ ਸਾਧ ਸੰਗਤ ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੀ ਜਾ ਰਹੀ ਸੀ। ਇਸ ਸ਼ਾਨਦਾਰ ਜਲੂਸ ਵਿਚ 5000 ਤੋਂ ਵੀ ਵੱਧ ਸਿਖ ਸੰਗਤ ਮਾਈ-ਭਾਈ ਸ਼ਾਮਿਲ ਸੀ। ਸਾਰੀ ਕਾਰਵਾਈ ਅਜਿਹੇ ਅਨੁਸ਼ਾਸਨ ਵਿਚ ਚਲ ਰਹੀ ਸੀ ਕਿ ਵੇਖਦਿਆਂ ਹੀ ਸ਼ੋਭਾ ਬਣਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਵਡਿਆਈ ਤੇ ਸ਼ਾਨ ਦਾ ਸ਼ਾਨਦਾਰ ਨਜ਼ਾਰਾ ਦ੍ਰਿਸ਼ਟੀਗੋਚਰ ਹੁੰਦਾ ਸੀ। ਰਸਤੇ ਵਿਚ ਪਿੰਡਾਂ ਦੇ ਲੋਕ ਕੋਠਿਆਂ ਉੱਤੇ ਚੜ੍ਹ ਕੇ ਵੱਡੀ ਗਿਣਤੀ ਵਿਚ ਇਸ ਸ਼ਾਨਦਾਰ ਜਲੂਸ ਨੂੰ ਵੇਖ ਕੇ ਧੰਨ ਧੰਨ ਆਖ ਰਹੇ ਸਨ।

ਯਾਤਰਾ ਨੇ ਪਹਿਲਾ ਪੜ੍ਹਾ ਖਮਾਣੋਂ ਜਾ ਕੇ ਕੀਤਾ। [1*]"ਉਥੋਂ ਦੀ ਸੰਗਤ ਨੇ ਪਿੰਡੋਂ ਬਾਹਰ ਆ ਕੇ ਜੱਥੇ ਦਾ ਨਿੱਘਾ ਸੁਆਗਤ ਕੀਤਾ। ---- ਪਿੰਡੋਂ ਬਾਹਰ ਖੁੱਲ੍ਹੇ ਥਾਂ ਜੱਥੇ ਦੇ ਠਹਿਰਣ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆਂ ਸੀ। ਅੰਮ੍ਰਿਤ ਵੇਲੇ ਦੀਵਾਨ ਸਜਿਆ। ਨਾਮ ਬਾਣੀ ਦਾ ਪਰਵਾਹ ਚੱਲਿਆ। ਅੰਮ੍ਰਿਤ ਪ੍ਰਚਾਰ ਹੋਇਆ। ਪਿੰਡ ਦੇ ਸਰਦਾਰਾਂ ਨੇ ਅੰਮ੍ਰਿਤ ਛਕਿਆ। ਸ. ਪ੍ਰਤਾਪ ਸਿੰਘ ਨੇ ਤਿੰਨ ਸੌ ਰੁਪਏ ਥਾਲ ਵਿਚ ਰੱਖੇ, ਉੱਤੇ ਰੁਮਾਲ ਪਾਇਆ ਤੇ ਜਾ ਬਾਬਾ ਜੀ ਦੀ ਭੇਟ ਕੀਤਾ। ਸਤਿਗੁਰੂ ਜੀ ਨੇ ਮਲਕੜੇ ਰੁਮਾਲ ਚੁਕਿਆ ਅਤੇ ਕਹਿਣ ਲੱਗੇ। "ਏਨੇ ਰੁਪਏ ਕਾਹਨੂੰ ਲਿਆਉਣੇ ਸਨ।" ਹਜੂਰ ਮੈਂ ਤਾਂ ਅਜੇ ਹੋਰ ਲਿਆਉਣੇ ਚਾਹੁੰਦਾ ਸਾਂ.... ਇਹ ਕੋਈ ਬਹੁਤੇ ਨਹੀਂ। ਇਸ ਤੋਂ ਵੱਧ ਤਾਂ ਮੈਂ ਸ਼ਰਾਬ ਪੀ ਜਾਂਦਾ ਸੀ, ਜਿਹੜੀ ਹੁਣ ਤੁਹਾਡੀ ਕਿਰਪਾ ਦੇ ਨਾਲ ਛੁੱਟ ਗਈ ਹੈ।" ਸਤਿਗੁਰੂ ਜੀ ਨੇ ਥਾਲ ਫੜ ਕੇ ਸੂਬਾ ਸੁੱਧ ਸਿੰਘ ਨੂੰ ਦੇ ਦਿੱਤਾ।

ਅਗਲਾ ਪੜ੍ਹਾ ਭੋਜੋ ਮਾਜਰੇ ਜਾ ਕੀਤਾ। ਇੱਥੋਂ ਦੇ ਕੁਝ ਬ੍ਰਾਹਮਣਾਂ ਨੇ ਸਤਿਗੁਰੂ ਜੀ ਤੋਂ ਗੁਰਮੰਤਰ ਲਿਆ।

ਰੋਪੜ ਵਿਖੇ ਅਣਗਿਣਤ ਨਰ-ਨਾਰੀਆਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਆਪ 18 ਮਾਰਚ 1867 ਨੂੰ ਕੀਰਤਪੁਰ ਸਾਹਿਬ ਪਹੁੰਚ ਗਏ। ਸਤਿਗੁਰੂ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਬਾਗ ਵਿਚ ਡੇਰਾ ਕੀਤਾ। ਇੱਥੇ ਹੀ ਸੰਤ

[1*] ਡਾ. ਜਸਵੰਤ ਸਿੰਘ ਜਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 111-112



Sri Satguru Jagjit Singh Ji Elibrary NamdhariElibrary@gmail.com

ਬਾਹੋਵਾਲ ਅਨੁਸਾਰ ਸਤਿਗੁਰੂ ਜੀ ਨੇ ਸੰਗਤ ਨੂੰ ਬਸੰਤੀ ਰੰਗ ਦੇ ਦਸਤਾਰੇ ਰੰਗਣ ਦਾ ਹੁਕਮ ਕੀਤਾ। ਸਭ ਨੇ ਬਸੰਤੀ ਦਸਤਾਰੇ ਤੇ ਬੀਬੀਆਂ ਨੇ ਬਸੰਤੀ ਦੁਪੱਟੇ ਪਹਿਨ ਲਏ। ਸਾਰੇ ਬੰਨ੍ਹੇ ਬਸੰਤ ਹੀ ਬਸੰਤ ਨਜ਼ਰ ਆ ਰਹੀ ਸੀ। ਸੰਗਤ ਦਾ ਇਕੱਠ ਇੰਨਾ ਵੱਡਾ ਸੀ ਕਿ ਪੈਰ ਧਰਨ ਨੂੰ ਵੀ ਥਾਂ ਨਹੀਂ ਸੀ ਰਹੀ। ਰਾਗੀ ਸਿੰਘਾਂ ਨੇ ਬੰਸਤ ਰਾਗ ਦੇ ਸ਼ਬਦ ਦਾ ਬਸੰਤ ਰਾਗ ਵਿਚ ਹੀ ਗਾਇਨ ਕੀਤਾ। ਇੰਨੀ ਮਸਤੀ ਵਿਚ ਸ਼ਬਦ ਦਾ ਗਾਇਨ ਕੀਤਾ ਕਿ ਸਭ ਨੂੰ ਸੁਤਰ ਹੋ ਗਿਆ ਤੇ ਸਭ ਸ਼ਬਦ ਦੀ ਮਸਤੀ ਵਿਚ ਅਨੰਦ ਮਗਨ ਹੋ ਕੇ ਮਾਨੋਂ ਜਿਵੇਂ ਬੈਕੁੰਠ ਦਾ ਅਨੰਦ ਮਾਣ ਰਹੇ ਹੋਣ।

19 ਮਾਰਚ 1867 ਨੂੰ ਇਹ ਯਾਤਰੀਆਂ ਦਾ ਸ਼ਾਨਦਾਰ ਸਮੂਹ ਜਲੂਸ ਦੇ ਰੂਪ ਵਿਚ ਅਨੰਦਪੁਰ ਸਾਹਿਬ ਪਹੁੰਚ ਗਿਆ। ਇਸ ਜਲੂਸ ਦੀ ਸ਼ੋਭਾ ਅਤੇ ਅਦਭੁੱਤ ਅਨੁਸ਼ਾਸ਼ਣ ਦਾ ਨਜ਼ਾਰਾ ਵੇਖਦਿਆਂ ਹੀ ਬਣਦਾ ਸੀ। ਮਨੋਹਰ ਸ਼ਬਦ ਕੀਰਤਨ ਦਾ ਪ੍ਰਵਾਹ ਆਲੇ ਦੁਆਲੇ ਦੇ ਵਾਤਾਵਰਣ ਨੂੰ ਵੀ ਅਨੰਦ ਵਿਭੋਰ ਕਰ ਰਿਹਾ ਸੀ।

ਦੂਜੇ ਬੰਨ੍ਹੇ ਪੰਜਾਬ ਸਰਕਾਰ ਵਲੋਂ ਵੀ ਇਸ ਮੇਲੇ ਦੇ ਪ੍ਰਬੰਧ ਅਤੇ ਇਸ ਵਿਚ ਹੋਣ ਵਾਲੀ ਕਿਸੇ ਗੜਬੜ ਦੀ ਸੰਭਾਵਨਾ ਨੂੰ ਮੁੱਖ ਰੱਖ ਕੇ ਪੂਰੀ ਤਿਆਰੀ ਕੀਤੀ ਗਈ ਸੀ ਅਤੇ ਵੱਡੀ ਗਿਣਤੀ ਵਿਚ ਪੁਲਿਸ ਅਤੇ ਸਿਵਲ ਦੇ ਵੱਡੇ ਅਫ਼ਸਰ ਭਾਰੀ ਪੁਲਿਸ ਬਲ ਨਾਲ ਇੱਥੇ ਅਨੰਦਪੁਰ ਪਹੁੰਚ ਗਏ ਸਨ।

ਪੰਜਾਬ ਸਰਕਾਰ ਸੰਤ ਖਾਲਸੇ, ਸਨਾਤਨੀ ਅਤੇ ਨਿਹੰਗ ਸਿੰਘਾਂ ਦੇ ਪਰਸਪਰ ਵਿਰੋਧ ਤੋਂ ਜਾਣੂ ਸੀ। ਇਸ ਲਈ ਸਰਕਾਰ ਵੱਲੋਂ ਵਿਆਪਕ ਪ੍ਰਬੰਧ ਕਰਨ ਦੀ ਯੋਜਨਾ ਬਣਾਈ ਗਈ। ਸਰਕਾਰੀ ਅਮਲੇ ਫੈਲੇ ਦੀ ਤਿਆਰੀ ਅਤੇ ਕਰਮਚਾਰੀਆਂ ਦੀ ਗਿਣਤੀ ਆਦਿ ਬਾਰੇ ਵੇਰਵੇ ਨਾਮਧਾਰੀ ਇਤਿਹਾਸਕਾਰਾਂ ਨੇ ਦਿੱਤੇ ਹਨ, ਜਿਨ੍ਹਾਂ ਦੀ ਪੁਸ਼ਟੀ ਸਰਕਾਰੀ ਦਸਤਾਵੇਜ਼ਾਂ ਤੋਂ ਵੀ ਹੋ ਜਾਂਦੀ ਹੈ। ਪੰਜਾਬ ਸਰਕਾਰ ਵਲੋਂ ਅਨੰਦਪੁਰ ਸਾਹਿਬ ਦੇ ਮੇਲੇ ਲਈ ਕੀਤੇ ਗਏ ਪ੍ਰਬੰਧਾਂ ਦੇ ਵੇਰਵੇ ਇਹ ਸਿੱਧ ਕਰਦੇ ਹਨ ਕਿ ਸਰਕਾਰ ਸਤਿਗੁਰੂ ਜੀ ਦੀ ਅਨੰਦਪੁਰ ਦੀ ਯਾਤਰਾ ਨੂੰ ਡੂੰਘੀ ਨਜ਼ਰ ਨਾਲ ਵੇਖ ਰਹੀ ਸੀ ਅਤੇ ਹਰ ਪ੍ਰਕਾਰ ਦੀ ਗੜਬੜ ਨੂੰ ਰੋਕਣਾ ਚਾਹੁੰਦੀ ਸੀ।

[1*]ਡਿਪਟੀ ਇੰਸਪੈਕਟਰ ਜਨਰਲ ਮਿਸਟਰ ਮੈਕਐਂਡਰੀਓ ਨੇ (10 ਮਾਰਚ 1867) ਨੂੰ ਲਾਹੌਰ ਤੋਂ ਚਲਕੇ (12 ਮਾਰਚ 1867) ਤਰੀਖ ਨੂੰ ਜਲੰਧਰ ਦੇ ਕਮਿਸ਼ਨਰ ਨਾਲ ਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਆਵਣ ਸੰਬੰਧੀ ਸਲਾਹ ਮਸ਼ਵਰੇ ਕੀਤੇ। ਹੁਸ਼ਿਆਰਪੁਰ ਦੇ ਜ਼ਿਲ੍ਹੇ ਦੇ ਸੁਪਰਡੈਂਟ ਪੁਲੀਸ ਦੇ ਨਾਮ ਹੁਕਮ

[1*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 197



Sri Satguru Jagjit Singh Ji Elibrary NamdhariElibrary@gmail.com

ਭੇਜਿਆ ਕਿ ਪੁਲੀਸ ਦੇ ਜਿਤਨੇ ਭੀ ਆਦਮੀ ਡਿਊਟੀਆਂ ਤੋਂ ਵੇਹਲੇ ਕੀਤੇ ਜਾ ਸਕਦੇ ਹੋਵਣ, ਤਿਆਰ ਰਖੇ ਜਾਵਣ। 13 ਮਾਰਚ ਨੂੰ ਹੁਸ਼ਿਆਰਪੁਰ ਪਹੁੰਚ ਕੇ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਨਾਲ ਅਨੰਦਪੁਰ ਸਾਹਿਬ ਦੇ ਇੰਤਜ਼ਾਮ ਮੁਤਲੱਕ ਸਲਾਹਾਂ ਕੀਤੀਆਂ। ਇਕ ਇਨਸਪੈਕਟਰ, ਇਕ ਡਿਪਟੀ ਇਨਸਪੈਕਟਰ ਅਤੇ 50 ਸਿਪਾਹੀ ਹੁਸ਼ਿਆਰਪੁਰ ਪੁਲੀਸ ਦੇ, ਇਕ ਡਿਪਟੀ ਇਨਸਪੈਕਟਰ ਅਤੇ 10 ਸਿਪਾਹੀ ਜਲੰਧਰ ਪੁਲੀਸ ਦੇ ਨਾਲ ਲੈ ਕੇ 17 ਮਾਰਚ ਨੂੰ ਮਿਸਟਰ ਮੈਕਐਂਡਰੀਊ ਅਨੰਦਪੁਰ ਪਹੁੰਚ ਗਿਆ। ਸਿਪਾਹੀ ਸਾਰੇ ਦੇ ਸਾਰੇ ਚੁਣਵੇਂ ਪੁਰਾਣੀਆਂ ਨੌਕਰੀਆਂ ਵਾਲੇ ਮੁਸਲਮਾਨ ਤੇ ਰਾਜਪੂਤ ਡੋਗਰੇ ਸਨ। ਸਰਦਾਰ ਬਹਾਦੁਰ ਅਤਰ ਸਿੰਘ ਸ਼ੇਰਦਿਲ ਰਜਮੈਂਟ ਦਾ ਪੁਰਾਣਾ ਕਮਾਂਡੈਂਟ, ਫਿਰੋਜ਼ਪੁਰ ਪੁਲੀਸ ਦਾ ਇਨਸਪੈਕਟਰ ਕੁਤਬਸ਼ਾਹ, ਅੰਮ੍ਰਿਤਸਰ ਪੁਲੀਸ ਦਾਂ ਇੰਨਸਪੈਕਟਰ ਫਤਹਿ ਦੀਨ ਖਾਨ ਅਤੇ ਹੁਸ਼ਿਆਰਪੁਰ ਦਾ ਐਸਿਸਟੈਂਟ ਸੁਪਰਡੈਂਟ ਮਿਸਟਰ ਹੈਚਲ ਭੀ ਨਾਲ ਹੀ ਸਨ। ਪੁਲੀਸ ਦਾ ਡੇਰਾ ਤਖਤ ਕੇਸਗੜ੍ਹ ਤੋਂ ਥੋੜ੍ਹੀ ਦੂਰ ਲੋਕਾਂ ਦੀਆਂ ਅੱਖਾਂ ਤੋਂ ਉਹਲੇ ਕੀਤਾ ਗਿਆ। 18 ਤਰੀਖ (18 ਮਾਰਚ, 1867) ਨੂੰ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਭੀ ਪਹੁੰਚ ਗਿਆ। ਇਸ ਤਰ੍ਹਾਂ ਸਰਕਾਰ ਨੇ ਆਪਣੇ ਵਲੋਂ ਕਿਸੇ ਕਿਸਮ ਦੇ ਹੋਵਣ ਵਾਲੇ ਬਲਵੇ ਫਸਾਦ ਯਾਂ ਦੰਗਾ ਰੋਕਣ ਦਾ ਪੂਰਾ ਪ੍ਰਬੰਧ ਕਰ ਲਿਆ।"

19 ਮਾਰਚ, 1867 ਦੀ ਸ਼ਾਮ ਨੂੰ ਹੀ ਜਲੰਧਰ ਦਾ ਕਮਿਸ਼ਨਰ ਮਿਸਟਰ ਫੋਰਸਾਈਥ ਅਤੇ ਹੁਸ਼ਿਆਰਪੁਰ ਦਾ ਪੁਲਿਸ ਇਨਸਪੈਕਟਰ ਫਜ਼ਲ ਹੁਸੈਨ ਵੀ ਪਹੁੰਚ ਗਏ।

ਜਦੋਂ ਨਾਮਧਾਰੀਆਂ ਦਾ ਇਹ ਸ਼ਾਨਦਾਰ ਧਾਰਮਿਕ ਜਲੂਸ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਸ਼ਬਦ ਕੀਰਤਨ ਕਰਦਾ ਹੋਇਆ ਅਨੰਦਪੁਰ ਦੀ ਧਰਤੀ ਉੱਤੇ ਪੁੱਜਾ ਤਾਂ ਸਰਕਾਰੀ ਪੁਲਿਸ ਤੇ ਸਿਵਲ ਅਧਿਕਾਰੀ ਸ਼ਬਦ ਕੀਰਤਨ ਦੀਆਂ ਧੁਨੀਆਂ ਦੀ ਉੱਚੀ ਗੂੰਜਾਰ ਤੇ ਕੂਕਾਂ ਸੁਣ ਕੇ ਬਾਹਰ ਆ ਗਏ। ਮਿਸਟਰ ਮੈਕਐਂਡਰਿਊ ਨੇ ਜਲੂਸ ਨੂੰ ਰੁਕਣ ਦਾ ਇਸ਼ਾਰਾ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਚੀਨੀ ਘੋੜੀ ਦਾ ਮੂੰਹ ਪਿਛੇ ਵੱਲ ਮੋੜ ਕੇ ਸੱਜੀ ਬਾਂਹ ਉਪਰ ਕਰਨ ਦਾ ਇਸ਼ਾਰਾ ਕੀਤਾ ਤਾਂ ਇਸ ਭਾਰੀ ਇਕੱਠ ਵਿਚ ਇਕ ਦਮ ਸ਼ਾਂਤੀ ਛਾ ਗਈ। ਸਰਕਾਰੀ ਅਫ਼ਸਰ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਆਪਣੇ ਪੈਰੋਕਾਰਾਂ ਉੱਤੇ ਅਦੁੱਤੀ ਅਨੁਸ਼ਾਸਨ ਦਾ ਅਜਿਹਾ ਦ੍ਰਿਸ਼ ਵੇਖ ਕੇ ਇਕਦਮ ਪ੍ਰਭਾਵਿਤ ਹੋ ਗਏ। ਮਿਸਟਰ ਮੈਕਐਂਡਰਿਊ ਨੇ ਸਤਿਗੁਰੂ ਜੀ ਨੂੰ ਆਪਣੇ ਨੇੜੇ ਦੇ ਕੈਂਪ ਵਿਚ ਆਉਣ ਲਈ ਬੇਨਤੀ ਕੀਤੀ। ਸਾਰੇ ਸੂਬੇ ਆਪਣੇ ਆਪਣੇ ਘੋੜਿਆਂ ਤੋਂ ਇਕਦਮ ਹੇਠਾਂ ਉਤਰ ਆਏ। ਸਤਿਗੁਰੂ ਰਾਮ ਸਿੰਘ ਜੀ ਤੇ ਸੂਬਾ ਸ਼ੁੱਧ ਸਿੰਘ



Sri Satguru Jagjit Singh Ji Elibrary NamdhariElibrary@gmail.com

ਜੋ ਇਸ ਯਾਤਰਾ ਦੀ ਅਗਵਾਈ ਕਰ ਰਿਹਾ ਸੀ, ਡਿਪਟੀ ਕਮਿਸ਼ਨਰ ਪਾਰਕਿਨਜ਼ ਨਾਲ ਸਰਕਾਰੀ ਤੰਬੂ ਵਿਚ ਪਹੁੰਚ ਗਏ, ਜਿੱਥੇ ਉਨ੍ਹਾਂ ਨੂੰ ਆਦਰ ਸਹਿਤ ਕੁਰਸੀਆਂ ਤੇ ਬਿਠਾਇਆ ਗਿਆ। ਸਰਕਾਰੀ ਅਫ਼ਸਰਾਂ ਨੇ ਸਤਿਗੁਰੂ ਜੀ ਤੋਂ ਇਸ ਯਾਤਰਾ ਦੇ ਉਦੇਸ਼ ਬਾਰੇ ਪੁੱਛਗਿੱਛ ਕੀਤੀ ਕਿਉਂਜੋ ਗੁਰਦੁਆਰੇ ਦੇ ਮਹੰਤ ਇਹ ਖਤਰਾ ਮਹਿਸੂਸ ਕਰ ਰਹੇ ਸਨ ਕਿ ਕਿਤੇ ਨਾਮਧਾਰੀ ਗੁਰਧਾਮ ਤੇ ਕਬਜ਼ਾ ਹੀ ਨਾ ਕਰ ਲੈਣ। ਇਸ ਉਦੇਸ਼ ਲਈ ਉਨ੍ਹਾਂ ਨੇ ਨਾਮਧਾਰੀਆਂ ਦੇ ਗੁਰਦੁਆਰੇ ਵਿਚ ਦਾਖਲੇ ਨੂੰ ਰੋਕਣ ਲਈ ਨਿਹੰਗ ਸਿੰਘਾਂ ਨੂੰ ਵੀ ਬੁਲਾਇਆ ਹੋਇਆ ਸੀ। 300 ਕਰੀਬ ਨਿਹੰਗ ਸਿੰਘ ਗੁਰੂ ਤੇਗ ਬਹਾਦਰ ਦੇ ਸਥਾਨ ਉਤੇ ਹਥਿਆਰਬੰਦ ਹੋ ਕੇ ਨਾਮਧਾਰੀਆਂ ਦੇ ਜੱਥੇ ਨੂੰ ਗੁਰਦੁਆਰੇ ਵਿਚ ਜਾਣ ਤੋਂ ਰੋਕਣ ਲਈ ਤਿਆਰ ਬਰ ਤਿਆਰ ਖੜੇ ਸਨ।

ਸਤਿਗੁਰੂ ਜੀ ਨੇ ਸਰਕਾਰੀ ਅਧਿਕਾਰੀਆਂ ਨੂੰ ਦੱਸਿਆ ਕਿ ਸਾਡਾ ਮੰਤਵ ਤਾਂ ਇਸ ਪਵਿੱਤਰ ਧਾਮ ਦੇ ਦਰਸ਼ਨ ਕਰਨਾ ਹੀ ਹੈ ਤਾਂ ਜੋ ਖਾਲਸੇ ਦੀ ਇਸ ਪਵਿੱਤਰ ਜਨਮ ਭੂਮੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਨਮਸਕਾਰ ਕਰ ਸਕੀਏ। ਜਦ ਪੁਜਾਰੀਆਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਨਾਮਧਾਰੀਆਂ ਦੀ ਇਸ ਯਾਤਰਾ ਬਾਰੇ ਕੀ ਇਤਰਾਜ ਹੋ ਸਕਦਾ ਹੈ ਤਾਂ ਉਨ੍ਹਾਂ ਨੇ ਉਹ ਘਸੇ ਪਿੱਟੇ ਨੁਕਤੇ ਉਠਾਏ ਕਿ ਨਾਮਧਾਰੀਆਂ ਦੀਆਂ ਮਸਤੀ ਵਿਚ ਸ਼ਬਦ ਪੜ੍ਹਦਿਆਂ ਦਸਤਾਰਾਂ ਉਤਰ ਜਾਂਦੀਆਂ ਹਨ ਅਤੇ ਕੇਸ ਖੁੱਲ੍ਹ ਜਾਂਦੇ ਹਨ। ਜੋ ਸਿੱਖੀ ਮਰਿਆਦਾ ਦੇ ਵਿਪਰੀਤ ਗੱਲ ਹੈ। ਫਿਰ ਉਨ੍ਹਾਂ ਨੇ ਨਿਹੰਗ ਸਿੰਘਾਂ ਦੇ ਹਥਿਆਰਬੰਦ ਜੱਥੇ ਬਾਰੇ ਦੱਸਿਆ ਜੋ ਨਾਮਧਾਰੀਆਂ ਦੇ ਗੁਰਦੁਆਰੇ ਵਿਚ ਜਾਣ ਨੂੰ ਰੋਕਣ ਲਈ ਤਿਆਰ ਬੈਠੇ ਹਨ। ਸਰਕਾਰੀ ਅਧਿਕਾਰੀਆਂ ਨੇ ਮਹੰਤਾਂ ਨੂੰ ਕਿਹਾ ਇਹ ਗੁਰਧਾਮ ਸਭ ਸਿੱਖਾਂ ਦਾ ਸਾਂਝਾ ਹੈ। ਇੱਥੇ ਕਿਸੇ ਨੂੰ ਵੀ ਪੂਜਾ ਅਤੇ ਦਰਸ਼ਨ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ।

ਸਰਕਾਰੀ ਅਧਿਕਾਰੀਆਂ ਨਾਲ ਇਹ ਫੈਸਲਾ ਹੋਇਆ ਕਿ ਸਤਿਗੁਰੂ ਜੀ ਆਪਣੇ 100 ਸਿੱਖਾਂ ਨੂੰ ਨਾਲ ਲੈ ਕੇ 20 ਮਾਰਚ, 1867 ਨੂੰ ਤਖਤ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ। 20 ਮਾਰਚ, 1867 ਨੂੰ ਜਦੋਂ ਆਸਾ ਦੀ ਵਾਰ ਦੇ ਭੋਗ ਪਿਛੋਂ ਸ੍ਰੀ ਸਤਿਗੁਰੂ ਜੀ ਕੜਾਹ ਪ੍ਰਸ਼ਾਦਿ ਦੀ ਦੇਗ ਸਮੇਤ ਤਖਤ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਨ ਲਈ ਪੁੱਜੇ ਤਾਂ 50 ਨਿਹੰਗ ਸਿੰਘਾਂ ਦਾ ਜੱਥਾ ਸਵਾਜੰਗ ਤੇ ਟਕੂਏ ਲੈ ਕੇ ਨਾਮਧਾਰੀਆਂ ਦੇ ਜੱਥੇ ਨੂੰ ਰੋਕਣ ਲਈ ਆ ਗਿਆ। ਮਿਸਟਰ ਮੈਕਐਂਡਰੀਊ ਅਤੇ ਕੁਝ ਅਫ਼ਸਰਾਂ ਨੇ ਉਨ੍ਹਾਂ ਨੂੰ ਹਥਿਆਰ ਰੱਖ ਦੇਣ ਅਤੇ ਝਗੜਾ ਫਸਾਦ ਨਾ ਕਰਨ ਲਈ ਕਿਹਾ। ਪਰ ਜਦੋਂ ਨਿਹੰਗ ਸਿੰਘਾਂ ਨੇ ਇਹ ਵੇਖਿਆ ਕਿ ਕੇਵਲ ਤਿੰਨ ਪੁਲਿਸ ਅਧਿਕਾਰੀ ਹੀ ਖੜ੍ਹੇ ਹਨ



Sri Satguru Jagjit Singh Ji Elibrary NamdhariElibrary@gmail.com

ਤਾਂ ਉਨ੍ਹਾਂ ਨੇ ਹਥਿਆਰ ਸੌਂਪਣ ਤੋਂ ਨਾਂਹ ਕਰ ਦਿੱਤੀ। ਪੁਲਿਸ ਅਫ਼ਸਰਾਂ ਦੇ ਸੰਕੇਤ ਕਰਨ ਤੇ 30 ਪੁਲਿਸ ਦੇ ਸੈਨਿਕ ਤਲਵਾਰਾਂ ਲੈ ਕੇ ਇਕਦਮ ਆ ਗਏ ਜੋ ਪਹਿਲਾਂ ਹੀ ਇਸ ਉਦੇਸ਼ ਲਈ ਤਿਆਰ ਖੜੇ ਸਨ। ਨਿਹੰਗ ਸਿੰਘਾਂ ਨੇ ਉਨ੍ਹਾਂ ਦੇ ਆਉਣ ਤੇ ਹਥਿਆਰ ਸੁੱਟ ਦਿੱਤੇ ਅਤੇ ਨਿਰਾਸ਼ਾ ਵਿਚ ਸਰਕਾਰੀ ਅਫ਼ਸਰਾਂ ਨੂੰ ਮੰਦਾ ਬੋਲਦੇ ਹੋਏ ਉਥੋਂ ਹਰਨ ਹੋ ਗਏ।

20 ਮਾਰਚ, 1867 ਨੂੰ ਜਦੋਂ ਗੁਰੂ ਰਾਮ ਸਿੰਘ ਜੀ ਨਾਮਧਾਰੀ ਪੰਥ ਦੇ ਚੋਣਵੇਂ ਸੂਬਿਆਂ ਅਤੇ ਸੰਗਤ ਸਮੇਤ ਤਖ਼ਤ ਕੇਸਗੜ੍ਹ ਸਾਹਿਬ ਤੇ ਪੁੱਜੇ ਤਾਂ ਪੁਜਾਰੀਆਂ/ਮਹੰਤਾਂ ਨੇ ਸਤਿਗੁਰੂ ਜੀ ਵਲੋਂ 25 ਰੁਪਏ ਦੀ ਭੇਟਾ ਤਾ ਪ੍ਰਵਾਨ ਕਰ ਲਈ ਪਰ ਕੜਾਹ ਪ੍ਰਸ਼ਾਦ ਦੀ ਦੇਗ ਦਾ ਅਰਦਾਸਾ ਕਰਨ ਤੋਂ ਨਾਂਹ ਕਰ ਦਿੱਤੀ। ਸਤਿਗੁਰੂ ਜੀ ਨੇ ਸੂਬਾ ਬ੍ਰਹਮਾ ਸਿੰਘ ਨੂੰ ਅਰਦਾਸ ਕਰਨ ਲਈ ਕਿਹਾ। ਇਸ ਪਿਛੋਂ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਦਿੱਤੀ ਗਈ। [1*]ਇਸਪੈਕਟਰ ਫਜ਼ਲ ਹੁਸੈਨ ਦੀ ਸਰਕਾਰੀ ਰਿਪੋਰਟ ਅਨੁਸਾਰ ਪੁਜਾਰੀਆਂ ਨੂੰ ਨਾਮਧਾਰੀਆਂ ਬਾਰੇ ਇਹ ਮੁੱਖ ਇਤਰਾਜ਼ ਸਨ :

(ੳ) ਤੁਸੀਂ ਆਪਣੇ ਆਪ ਨੂੰ ਰੱਬ (ਗੁਰੂ) ਸਮਝਦੇ ਹੋ।

(ਅ) ਤੁਸੀਂ ਕਿਸੇ ਨੂੰ ਸਿੱਖ ਬਣਾਉਣ ਲਗਿਆਂ ਅੰਮ੍ਰਿਤ ਛਕਾਉਣ ਦੀ ਥਾਂ ਕੰਨ ਵਿਚ ਗੁਰਮੰਤਰ ਦਿੰਦੇ ਹੋ।

(ੲ) ਤੁਸੀਂ ਜਨਮ ਗੁਰੂ ਪਟਨਾ, ਵਾਸੀ ਗੁਰੂ ਅਨੰਦਪੁਰ ਨਹੀਂ ਮੰਨਦੇ ਸਗੋਂ ਜਨਮ ਗੁਰੂ ਹਜ਼ਰੋਂ ਵਾਸੀ ਗੁਰੂ ਭੈਣੀ ਮੰਨਦੇ ਹੋ।

(ਸ) ਸਿੱਖ ਕੇਸ ਨਹੀਂ ਖਿਲਾਰਦੇ ਨਾਲੇ ਪੱਗਾਂ ਵੀ ਨਹੀਂ ਲਾਹੁੰਦੇ ਪਰ ਤੁਸੀਂ ਦੋਵੇਂ ਗੱਲਾਂ ਕਰਦੇ ਹੋ।

(ਹ) ਕੂਕੇ ਮੁਸਲਮਾਨ ਫ਼ਕੀਰਾਂ ਵਾਂਗ, ਵਜ਼ਦ ਵਿਚ ਆ ਕੇ ਉੱਚੀ ਕੂਕਦੇ ਹਨ ਸੋ ਉਹ ਸਿੱਖ ਨਹੀਂ।"

ਸਤਿਗੁਰੂ ਜੀ ਨੇ ਇੱਕ ਚਿੱਠੀ ਲਿਖ ਕੇ ਮਹੰਤ ਨੂੰ ਕਿਹਾ ਕਿ ਉਹ ਮਾਸ ਖਾਂਦੇ ਹਨ, ਝੂਠੇ ਬੋਲਦੇ ਹਨ, ਮਦਰਾ ਪਾਨ ਕਰਦੇ ਹਨ, ਵਿਭਚਾਰ ਤੇ ਦੁਰਾਚਾਰ ਕਰਦੇ ਹਨ, ਜੰਮਦੀਆਂ ਬੱਚੀਆਂ ਨੂੰ ਮਾਰਦੇ ਹਨ, ਜੋ ਗੁਰੂ ਮਰਿਯਾਦਾ ਦੇ ਉਲਟ ਹੈ ਸੋ ਉਹ ਆਪ ਹੀ ਸਿੱਖ ਨਹੀਂ ਹਨ।"

ਇਸ ਤੋਂ ਪਿਛੋਂ ਸਤਿਗੁਰੂ ਜੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸਥਾਨ ਤੇ ਪੁੱਜੇ, ਜਿੱਥੋਂ ਦੇ ਪ੍ਰਬੰਧਕਾਂ ਨੇ ਉਨ੍ਹਾਂ ਦੀ 25 ਰੁਪਏ ਭੇਟਾ ਪ੍ਰਵਾਨ ਕਰ ਲਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਦਾ ਵੀ ਅਰਦਾਸਾ ਸੋਧ ਦਿੱਤਾ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਅਰਦਾਸੀਏ ਸਿੰਘ ਨੂੰ ਇਕ ਦਮੜਾ ਹੋਰ ਭੇਟ ਕੀਤਾ।

---

[1*] ਤਾਰਾ ਸਿੰਘ ਅਨਜਾਣ, ਸਭਨਹ ਕੇ ਸਿਰਮੌਰ, ਪੰਨਾ 75



Sri Satguru Jagjit Singh Ji Elibrary NamdhariElibrary@gmail.com

20 ਮਾਰਚ, 1867 ਨੂੰ, ਸ਼ਾਮ ਨੂੰ ਮਿਸਟਰ ਮੈਕਐਂਡਰੀਊ ਤੇ ਸ. ਅਤਰ ਸਿੰਘ ਸਤਿਗੁਰੂ ਜੀ ਦੇ ਡੇਰੇ ਪਹੁੰਚੇ। ਵੱਡੇ ਸ਼ਾਮਿਆਨੇ ਥੱਲੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੰਜ ਹਜ਼ਾਰ ਦੇ ਕਰੀਬ ਨਾਮਧਾਰੀ ਸਾਧ ਸੰਗਤ, ਇਸਤਰੀ ਪੁਰਸ਼, ਸਹਿਜਸ਼ਾਂਤੀ ਦੀ ਅਵਸਥਾ ਵਿਚ ਬੈਠੇ ਸਨ। ਸਤਿਗੁਰੂ ਜੀ ਨੇ ਆਸਣ ਤੋਂ ਉਠ ਕੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ। [1*]ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸਤਿਗੁਰੂ ਜੀ ਨੇ ਅਨੰਦਪੁਰ ਵਿਖੇ ਨਿਹੰਗਾਂ ਤੇ ਸੋਢੀਆਂ ਨਾਲ ਹੋਲਾ ਖੇਡਿਆ। ਸੋਢੀਆਂ ਤੇ ਨਾਮਧਾਰੀਆਂ ਦੇ ਬਸਤਰ ਗੁਲਾਲ ਨਾਲ ਰੰਗੇ ਗਏ।'

ਇਸ ਤੋਂ ਸਰਕਾਰੀ ਅਫ਼ਸਰਾਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਡੇਰੇ ਪੁੱਜਣ ਦਾ ਮਨੋਰਥ ਇਹੋ ਹੀ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਦਿਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਕਾਰ ਕਰਦੀ ਸੀ ਅਤੇ ਸਰਕਾਰੀ ਅਧਿਕਾਰੀ ਇਸ ਗੱਲ ਦਾ ਵੀ ਅਨੁਮਾਨ ਲਗਾਉਣਾ ਚਾਹੁੰਦੇ ਸਨ ਕਿ ਨਾਮਧਾਰੀ ਪੰਥ ਵਿਚ ਸਰਕਾਰ ਵਿਰੋਧੀ ਵੀ ਕੋਈ ਅੰਸ਼ ਮੌਜੂਦ ਹੈ ਜਾਂ ਨਹੀਂ। ਅਨੰਦਪੁਰ ਸਾਹਿਬ ਦੀ ਇਹ ਯਾਤਰਾ ਨਾਮਧਾਰੀ ਮੱਤ ਦੇ ਇਤਿਹਾਸ ਵਿਚ ਮਹੱਤਵਪੂਰਨ ਘਟਨਾ ਮੰਨੀ ਜਾਂਦੀ ਹੈ। ਇਕ ਬੰਨ੍ਹੇ ਤਾਂ ਨਾਮਧਾਰੀ ਇਤਿਹਾਸਕਾਰ ਇਸਨੂੰ ਸਤਿਗੁਰੂ ਜੀ ਵਲੋਂ ਕੀਤਾ ਗਿਆ ਸਤਿਆਗ੍ਰਹਿ ਦੱਸਦੇ ਹਨ। ਜਿਹੜਾ ਅਦੁੱਤੀ ਅਨੁਸ਼ਾਸ਼ਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਸਾਧ ਸੰਗਤ ਵਲੋਂ ਦਰਸਾਇਆ ਗਿਆ, ਉਸ ਦੀ ਪ੍ਰਸ਼ੰਸ਼ਾ ਕਰਨ ਤੋਂ ਸਰਕਾਰੀ ਅਧਿਕਾਰੀ ਵੀ ਨਹੀਂ ਰਹਿ ਸਕੇ।

ਇਸ ਮੇਲੇ ਵਿਚ 5000 ਤੋਂ 8000 ਤੱਕ ਨਾਮਧਾਰੀ ਇਸਤਰੀ ਪੁਰਸ਼ ਸ਼ਾਮਿਲ ਹੋਏ ਦੱਸੇ ਜਾਂਦੇ ਹਨ। ਇਸ ਤੋਂ ਬਿਨਾਂ ਇਸ ਅਵਸਰ ਉਤੇ ਪੰਜਾਹ ਦੇ ਲੱਗਭਗ ਨਵੇਂ ਕੂਕੇ ਬਣੇ। ਜਿਨ੍ਹਾਂ ਵਿਚ ਕੁਝ ਪ੍ਰਮੁੱਖ ਸਨ-ਸੋਢੀਆਂ ਵਿਚੋਂ ਪ੍ਰਤਾਪ ਸਿੰਘ ਰਸੋਲੀਵਾਲਾ ਤੇ ਉਸ ਦਾ ਪੁੱਤਰ ਦੇਵਾ ਸਿੰਘ ਕੂਕੇ ਬਣ ਗਏ। ਸੋਢੀ ਨਰਿੰਦਰ ਸਿੰਘ ਕੁਰਾਲੀਵਾਲਾ ਅਤੇ ਸੋਢੀ ਹੀਰਾ ਸਿੰਘ ਵੀ ਕੂਕੇ ਸੱਜ ਗਏ ਸਨ।

ਪੰਜਾਬ ਸਰਕਾਰ ਵੱਲੋਂ ਹੁਸ਼ਿਆਰਪੁਰ ਦੇ ਪੁਲਿਸ ਇਸਪੈਕਟਰ ਫ਼ਜਲ ਹੁਸੈਨ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਮਾਰਚ 1867 ਦੀ ਅਨੰਦਪੁਰ ਦੀ ਯਾਤਰਾ ਬਾਰੇ ਵੇਰਵੇ ਸਹਿਤ ਰਿਪੋਰਟ ਭੇਜਣ ਲਈ ਆਦੇਸ਼ ਕੀਤੇ ਗਏ ਸਨ, ਜਿਸ ਦੀ ਸਰਕਾਰੀ ਰਿਪੋਰਟ ਦਾ ਹਵਾਲਾ ਇੱਥੋਂ ਦਿੱਤਾ ਜਾ ਰਿਹਾ ਹੈ। ਇਹ ਰਿਪੋਰਟ ਤੱਤਕਾਲਕ ਕੂਕਾ ਮਤ ਬਾਰੇ ਵਿਸਥਾਰ ਸਹਿਤ ਪ੍ਰਕਾਸ਼ ਪਾਉਂਦੀ ਹੈ। ਇੰਸਪੈਕਟਰ ਫ਼ਜਲ ਹੁਸੈਨ ਦਾ ਬਿਆਨ ਤੱਥਾਂ ਉੱਤੇ ਆਧਾਰਿਤ ਅਤੇ ਕਾਫੀ ਹੱਦ ਤਕ ਸੰਤੁਲਿਤ ਹੈ। ਇੰਸਪੈਕਟਰ ਫ਼ਜ਼ਲ ਹੁਸੈਨ ਦੀ ਰਿਪੋਰਟ ਦਾ ਸਾਰ :

ਰਾਮ ਸਿੰਘ ਦੇ ਕੂਕਾ ਮੱਤ ਨੂੰ ਆਰੰਭ ਕਰਨ ਦੇ ਸਮੇਂ ਤੋਂ ਹੀ ਮੈਂ ਗੁਰੂ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ ਪੰਨਾ 252



Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਦੇ ਮਨੋਰਥਾਂ ਨੂੰ ਸਮਝਣ ਦਾ ਯਤਨ ਕੀਤਾ ਹੈ।

ਮੇਰੀ ਇਹ ਧਾਰਨਾ ਬਣੀ ਹੈ ਕਿ ਆਮ ਸਿੱਖਾਂ ਤੇ ਕੂਕਿਆਂ ਦੇ ਧਰਮ ਵਿਚ ਕੋਈ ਅੰਤਰ ਨਹੀਂ ਹੈ। ਦੋਵੇਂ ਹੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਗ੍ਰੰਥਾਂ ਦਾ ਪਾਠ ਕਰਦੇ ਹਨ। ਫਿਰ ਵੀ ਇਨ੍ਹਾਂ ਦੋਹਾਂ ਵਿਚ ਵੱਡੀ ਦੁਸ਼ਮਣੀ ਹੈ।

ਇਸ ਸਾਲ ਅਨੰਦਪੁਰ (ਹੋਲੇ ਮਹੱਲੇ ਦੇ) ਮੇਲੇ ਉਤੇ ਗੁਰੂ ਰਾਮ ਸਿੰਘ ਨੂੰ ਯਾਤਰਾ ਕਰਨ ਦੀ ਸਰਕਾਰ ਵਲੋਂ ਆਗਿਆ ਦੇ ਦਿੱਤੀ ਗਈ ਸੀ। ਉਹ ਆਪਣੇ ਸਿੱਖਾਂ ਸਮੇਤ 19 ਮਾਰਚ, 1867 ਨੂੰ ਅਨੰਦਪੁਰ ਪਹੁੰਚੇ ਸਨ।

ਮੈਨੂੰ ਜਾਣਕਾਰੀ ਮਿਲ ਗਈ ਸੀ ਕਿ ਨਿਹੰਗ, ਅਕਾਲੀ, ਬੇਦੀ, ਸੋਢੀ ਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਆਉਣ ਅਤੇ ਗੁਰਦੁਆਰਿਆਂ ਦੀ ਯਾਤਰਾ ਕਰਨ ਉੱਤੇ ਖੁਸ਼ ਨਹੀਂ ਸਨ। ਆਪਣੀ ਬਣ ਚੁੱਕੀ ਆਦਤ ਅਨੁਸਾਰ ਉਹ ਕੂਕਿਆਂ ਦੁਆਰਾ ਗੁਰਧਾਮਾਂ ਦੀ ਯਾਤਰਾ ਕਰਨ ਦਾ ਵਿਰੋਧ ਕਰਦੇ ਰਹਿੰਦੇ ਸਨ। ਉਨ੍ਹਾਂ ਦਾ ਇਹ ਵੀ ਇਰਾਦਾ ਸੀ ਕਿ ਇਸ ਪੁਰਬ ਉੱਤੇ ਵੀ ਉਨ੍ਹਾਂ ਨੂੰ ਯਾਤਰਾ ਕਰਨ ਤੋਂ ਰੋਕਿਆ ਜਾਵੇ। ਫਿਰ ਵੀ ਉਨ੍ਹਾਂ ਨੂੰ ਕੁਝ ਸ਼ਰਤਾਂ ਉੱਤੇ ਯਾਤਰਾ ਕਰਨ ਦੀ ਆਗਿਆ ਦੇ ਦਿੱਤੀ ਗਈ। ਗੁਰੂ ਰਾਮ ਸਿੰਘ ਜੀ ਨੇ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ। ਸ਼ਰਤਾਂ ਇਹ ਸਨ :

(1) ਯਾਤਰਾ ਸਮੇਂ ਦਸਤਾਰਾਂ ਸਿਰ ਤੋਂ ਨਾ ਉਤਾਰੀਆਂ ਜਾਣ।
(2) ਕੇਸਾਂ ਦੇ ਜੂੜੇ ਖੁੱਲ੍ਹੇ ਨਹੀਂ ਹੋਣੇ ਚਾਹੀਦੇ।
(3) ਨਾ ਹੀ ਕੂਕਾ ਮਾਰੀਆਂ ਜਾਣ।

ਗੁਰੂ ਰਾਮ ਸਿੰਘ ਨੇ 20 ਮਾਰਚ, 1867 ਨੂੰ ਆਪਣੇ ਸਿੱਖਾਂ ਸਮੇਤ ਸ੍ਰੀ ਕੇਸਗੜ੍ਹ ਅਤੇ (ਗੁਰੂ) ਤੇਗ਼ ਬਹਾਦਰ ਗੁਰਦੁਆਰੇ ਦੇ ਦਰਸ਼ਨ ਕਰਕੇ ਅਰਦਾਸ ਕੀਤੀ। ਦੋਹਾਂ ਥਾਵਾਂ ਤੇ 25-25 ਰੁਪਏ ਭੇਟ ਕੀਤੇ ਗਏ। ਕੇਸਗੜ੍ਹ ਦੇ ਪੁਜਾਰੀਆਂ ਨੇ ਮਰਿਯਾਦਾ ਅਨੁਸਾਰ ਅਰਦਾਸ ਨਾ ਕੀਤੀ, ਜਿਸ ਤੋਂ ਗੁਰੂ ਰਾਮ ਸਿੰਘ ਜੀ ਨੂੰ ਥੋੜ੍ਹੀ ਨਿਰਾਸ਼ਾ ਹੋਈ ਪਰ ਤੇਗ਼ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਦੇ ਪੁਜਾਰੀਆਂ ਦੇ ਵਿਹਾਰ ਤੋਂ ਗੁਰੂ ਰਾਮ ਸਿੰਘ ਜੀ ਨੂੰ ਪ੍ਰਸੰਨਤਾ ਹੋਈ ਤੇ ਗੁਰੂ ਜੀ ਨੇ ਇਕ ਰੁਪਿਆ ਹੋਰ ਅਰਦਾਸੀਏ ਸਿੰਘ ਨੂੰ ਦਿੱਤਾ।

ਉਸੇ ਦਿਨ ਗੁਰੂ ਰਾਮ ਸਿੰਘ ਨੇ ਕੇਸਗੜ੍ਹ ਦੇ ਮਹੰਤ ਨੂੰ ਗੁਰਮੁੱਖੀ ਵਿਚ ਇਕ ਪੱਤਰ ਲਿਖਿਆ ਜਿਸ ਵਿਚ ਇਹ ਪੁੱਛ ਕੀਤੀ ਗਈ ਸੀ ਕਿ ਤੁਸੀਂ ਸਾਨੂੰ ਗੁਰੂ ਦਾ ਸਿੱਖ ਨਹੀਂ ਸਮਝਦੇ, ਜਿਸ ਕਾਰਨ ਤੁਸੀਂ ਸਾਡੀ ਅਰਦਾਸ ਨਹੀਂ ਕੀਤੀ ਪਰ ਇਸ ਗੱਲ ਦੀ ਸਾਨੂੰ ਕੋਈ ਪਰਵਾਹ ਨਹੀਂ ਹੈ। ਗੁਰੂ ਦੇ ਸਿੱਖ ਨੂੰ ਅਭਿਮਾਨੀ ਨਹੀਂ ਹੋਣਾ ਚਾਹੀਦਾ।

ਇਸ ਪੱਤਰ ਦਾ ਪੁਜਾਰੀਆਂ ਨੇ ਕੋਈ ਲਿਖਤੀ ਉੱਤਰ ਨਾ ਦਿੱਤਾ ਪਰ



Sri Satguru Jagjit Singh Ji Elibrary NamdhariElibrary@gmail.com

ਇਹ ਅਖਵਾ ਭੇਜਿਆ ਕਿ ਸਾਡੇ ਤੁਹਾਡੇ ਮਤਭੇਦ ਕਿਸ ਕਾਰਨ ਹਨ :

'*(1) ਤੁਸੀਂ ਆਪਣੇ ਆਪ ਨੂੰ ਰੱਬ (ਗੁਰੂ) ਸਮਝਦੇ ਹੋ।

(2) ਆਪਣਾ ਸਿੱਖ ਬਣਾਉਣ ਸਮੇਂ ਤੁਸੀਂ ਅੰਮ੍ਰਿਤ ਨਹੀਂ ਛਕਾਉਂਦੇ ਸਗੋਂ ਕੰਨ ਵਿਚ ਮੰਤਰ ਦਿੰਦੇ ਹੋ।

(3) ਨਵੇਂ ਬਣੇ ਸਿੱਖ ਨੂੰ ਤੁਸੀਂ ਕਹਿੰਦੇ ਹੋ : ਜਨਮ ਗੁਰੂ ਹਜ਼ਰੋ ਅਰਵਾਸੀ ਗੁਰੂ ਭੈਣੀ ਜਦੋਂ ਕਿ ਅਸੀਂ ਕਹਿੰਦੇ ਹਾਂ : ਜਨਮ ਗੁਰੂ ਪਟਨਾ ਅਰਵਾਸੀ ਗੁਰੂ ਅਨੰਦਪੁਰ।

(4) ਜਦੋਂ ਸਿੱਖ ਗੁਰੂਧਾਮ ਵਿਚ ਦਾਖਲ ਹੁੰਦੇ ਹਨ ਤਾਂ ਨਾ ਤਾਂ ਉਹ ਦਸਤਾਰ ਉਤਾਰਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਕੇਸ ਖੁੱਲ੍ਹੇ ਹੁੰਦੇ ਹਨ ਪਰ ਕੂਕੇ ਅਜਿਹਾ ਕਰਦੇ ਹਨ।

(5) ਕਈ ਵਾਰ ਕੂਕੇ ਮੁਸਲਮਾਨ ਫ਼ਕੀਰਾਂ ਵਾਂਗ ਵਜਦ ਵਿਚ ਆ ਕੇ ਮਸਤਾਨੇ ਹੋ ਜਾਂਦੇ ਹਨ ਪਰ ਆਮ ਸਿੱਖ ਅਜਿਹਾ ਨਹੀਂ ਕਰਦੇ।

ਇਸ ਦੇ ਉੱਤਰ ਵਿਚ ਗੁਰੂ ਰਾਮ ਸਿੰਘ ਨੇ ਕਿਹਾ ਕਿ ਜੇ ਉਹ ਗੁਰੂ ਦੇ ਸਿੱਖ ਹੁੰਦੇ ਤਾਂ ਸਾਡੀਆਂ ਕਾਰਵਾਈਆਂ ਦੀ ਪ੍ਰਸ਼ੰਸਾ ਕਰਦੇ ਪਰ ਤੁਸੀਂ ਗੁਰੂ ਗ੍ਰੰਥ ਦੇ ਉਪਦੇਸ਼ਾਂ ਦੇ ਬਿਲਕੁਲ ਉਲਟ ਕੁਕਰਮ ਕਰਦੇ ਹੋ - ਮਾਸ ਤੇ ਸ਼ਰਾਬ ਦੀ ਵਰਤੋਂ ਕਰਦੇ ਹੋ, ਵਿਭਚਾਰ ਕਰਦੇ ਹੋ ਅਤੇ ਜੰਮਦੀਆਂ ਕੁੜੀਆਂ ਨੂੰ ਮਾਰ ਦਿੰਦੇ ਹੋ। ਇਸ ਲਈ ਕੂਕੇ ਤੁਹਾਨੂੰ ਸਿੱਖ ਨਹੀਂ ਮੰਨਦੇ। ਪ੍ਰਭੂ ਦੀ ਯਾਦ ਵਿਚ ਕੂਕੇ ਇੰਨੇ ਲੀਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦਸਤਾਰਾਂ ਤੇ ਕੇਸਾਂ ਦੀ ਸੁੱਧ-ਬੁਧ ਹੀ ਨਹੀਂ ਰਹਿੰਦੀ।

ਇਸ ਲਈ ਕੂਕਿਆਂ ਅਤੇ ਨਿਹੰਗਾਂ ਵਿਚ ਵੱਡੀ ਦੁਸ਼ਮਣੀ ਪਾਈ ਜਾਂਦੀ ਹੈ। ਜਦੋਂ ਕੂਕੇ ਕੇਸਗੜ੍ਹ ਦੇ ਦਰਸ਼ਨ ਕਰਨ ਜਾ ਰਹੇ ਸਨ ਤਾਂ 50 ਨਿਹੰਗ ਸਿੱਖ ਹਥਿਆਰਬੰਦ ਹੋ ਕੇ ਰੋਕਣ ਲਈ ਆਏ ਪਰ ਪੁਲਿਸ ਬਲ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਅਤੇ ਉਨ੍ਹਾਂ ਦੇ ਹਥਿਆਰ ਰਖਵਾ ਲਏ।

ਇਸ ਮੇਲੇ ਉੱਤੇ 8000 ਦੇ ਕਰੀਬ ਕੂਕੇ ਪਹੁੰਚੇ ਸਨ, ਜਿਨ੍ਹਾਂ ਵਿਚ ਦੋ-ਤਿਹਾਈ ਜਵਾਨ ਪੁਰਸ਼ ਸਨ ਅਤੇ ਇਕ-ਤਿਹਾਈ ਔਰਤਾਂ ਅਤੇ ਬੱਚੇ ਸਨ।

ਹੇਠ ਲਿਖੇ ਵਿਅਕਤੀਆਂ ਨੂੰ ਗੁਰੂ ਰਾਮ ਸਿੰਘ ਜੀ ਨੇ ਆਪਣੇ ਸੂਬੇ ਥਾਪਿਆ ਸੀ। ਇਨ੍ਹਾਂ ਵਿਚੋਂ ਜੋਤਾ ਸਿੰਘ ਨੂੰ ਛੱਡ ਕੇ ਬਾਕੀ ਸਾਰੇ ਇਸ ਮੇਲੇ ਵਿਚ ਹਾਜ਼ਰ ਸਨ -

ਸਰਦਾਰ ਮੰਗੂਲ ਸਿੰਘ ਬਿਸ਼ਨਪੁਰੀਆ, ਬਾਬਾ ਸੁਧ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਹੁਕਮਾ ਸਿੰਘ, ਬਾਬਾ ਹਰਦਿਤ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਦੀਦਾਰ ਸਿੰਘ, ਬਾਬਾ ਰਤਨ ਸਿੰਘ.



Sri Satguru Jagjit Singh Ji Elibrary NamdhariElibrary@gmail.com

ਬਾਬਾ ਸਰਮੁਖ ਸਿੰਘ, ਬਾਬਾ ਜੋਤਾ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਸੁੱਧ ਸਿੰਘ,ਬਾਬਾ ਨਰੈਣ ਸਿੰਘ, ਬਾਬਾ ਖਜ਼ਾਨ ਸਿੰਘ, ਬਾਬਾ ਹਰਨਾਮ ਸਿੰਘ, ਬਾਬਾ ਸਾਧੂ ਸਿੰਘ, ਬਾਬਾ ਸਮੁੰਦ ਸਿੰਘ, ਬਾਬਾ ਗੋਪਾਲ ਸਿੰਘ, ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਲਾਭ ਸਿੰਘ।

ਮੈਂ ਇਨ੍ਹਾਂ ਕੋਲੋਂ ਇਨ੍ਹਾਂ ਦੇ ਘਰ ਪਰਿਵਾਰ ਦੇ ਪਤੇ ਪੁੱਛਣ ਦਾ ਯਤਨ ਕੀਤਾ ਪਰ ਉਨ੍ਹਾਂ ਸਭ ਦਾ ਇਹੋ ਉੱਤਰ ਸੀ ਕਿ ਕੂਕਾ ਪੰਥ ਵਿਚ ਆਉਣ ਪਿਛੋਂ ਉਨ੍ਹਾਂ ਸਭ ਦਾ ਨਿਵਾਸ ਭੈਣੀ ਵਿਖੇ ਹੈ ਅਤੇ ਉਨ੍ਹਾਂ ਦਾ ਗੁਰੂ ਰਾਮ ਸਿੰਘ ਹੈ। ਮੈਨੂੰ ਇਹ ਜਾਪਦਾ ਹੈ ਕਿ ਕੂਕਿਆਂ ਦੀ ਵਧੇਰੇ ਗਿਣਤੀ ਅੰਬਾਲਾ, ਲੁਧਿਆਣਾ, ਫਿਰੋਜ਼ਪੁਰ ਜ਼ਿਲ੍ਹਿਆਂ ਤੋਂ ਬਿਨਾਂ ਪਟਿਆਲਾ ਅਤੇ ਨਾਭਾ ਰਿਆਸਤਾਂ ਵਿਚ ਵੀ ਹੈ। ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਅਤੇ ਗੁਰਦਾਸਪੁਰ ਵਿਚ ਇਨ੍ਹਾਂ ਦੀ ਗਿਣਤੀ ਘੱਟ ਹੈ।

ਗੁਰੂ ਰਾਮ ਸਿੰਘ ਕੋਲ ਆਪਣੇ ਅਤੇ ਸੂਬਿਆਂ ਦੀ ਸਵਾਰੀ ਲਈ 40 ਘੋੜੇ-ਘੋੜੀਆਂ ਹਨ। ਉਸ ਦੇ ਜਲੂਸ ਵਿਚ ਨਿਸ਼ਾਨ ਝੂੱਲ ਰ੍ਹੇ ਸਨ ਅਤੇ ਨਗਾਰੇ ਵੱਜ ਰਹੇ ਸਨ।

ਨਿੱਜੀ ਤੌਰ ਤੇ ਉਸ ਨਾਲ ਮੁਲਾਕਾਤ ਕਰਨ ਪਿਛੋਂ ਮੈਂ ਯਕੀਨਨ ਇਹ ਕਹਿ ਸਕਦਾ ਹਾਂ ਕਿ ਗੁਰੂ ਰਾਮ ਸਿੰਘ ਬਰਤਾਨਵੀ ਸਰਕਾਰ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਿਹਾ ਪਰ ਉਸ ਦੇ ਕੁਝ ਸੂਬੇ ਬੁਰੇ ਆਦਮੀ ਹਨ ਜੋ ਉਸ ਦੀ ਸ਼ੋਭਾ ਨੂੰ ਘਟਾ ਰਹੇ ਹਨ।

ਗੁਰੂ ਰਾਮ ਸਿੰਘ ਜੀ ਨੇ ਆਪਣੇ ਸੂਬਿਆਂ ਨੂੰ ਇਹ ਅਧਿਕਾਰ ਦਿੱਤਾ ਹੋਇਆ ਹੈ ਕਿ ਉਹ ਨਵੇਂ ਬਣਨ ਵਾਲੇ ਕੂਕਿਆਂ ਨੂੰ ਗੁਰਮੰਤਰ ਦੇ ਸਕਦੇ ਹਨ। ਕੂਕਾ ਬਣਨ ਸਮੇਂ ਕੋਈ ਮਾਇਆ ਅਰਪਣ ਨਹੀਂ ਕਰਨੀ ਪੈਂਦੀ ਪਰ ਦੂਜੇ ਬੰਨ੍ਹੇ ਸਿੱਖੀ ਵਿਚ ਪ੍ਰਵੇਸ਼ ਸਮੇਂ ਨਗਦ ਭੇਟਾ ਲਈ ਜਾਂਦੀ ਹੈ। ਕੂਕਾ ਬਣ ਜਾਣ ਪਿਛੋਂ ਜੋ ਵੀ ਭੇਟਾ ਉਹ ਕਰਦਾ ਹੈ, ਗੁਰੂ ਰਾਮ ਸਿੰਘ ਪ੍ਰਵਾਨ ਕਰ ਲੈਂਦੇ ਹਨ।

ਗੁਰੂ ਰਾਮ ਸਿੰਘ ਆਪਣੇ ਕੋਲੋਂ ਲੋੜਵੰਦਾਂ ਨੂੰ ਭੋਜਨ ਅਤੇ ਬਸਤਰ ਦਿੰਦੇ ਹਨ ਅਤੇ ਭਲਾਈ ਦਾ ਉਪਦੇਸ਼ ਕਰਦੇ ਹਨ। ਇਸੇ ਕਾਰਨ ਵੱਖ ਵੱਖ ਫਿਰਕਿਆਂ ਵਿਚੋਂ ਬਹੁਤ ਸਾਰੇ ਵਿਅਕਤੀ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਹਨ। ਅਨੰਦਪੁਰ ਦੇ ਇਸ ਪੁਰਬ ਉੱਤੇ ਦੋ ਦਿਨਾਂ ਵਿਚ 50 ਦੇ ਲਗਭਗ ਨਵੇਂ ਕੂਕੇ ਸੱਜੇ ਹਨ। ਸੋਢੀਆਂ ਵਿਚੋਂ ਪ੍ਰਤਾਪ ਸਿੰਘ ਰਸੌਲੀਵਾਲਾ ਤੇ ਉਸ ਦਾ ਪੁੱਤਰ ਦੇਵਾ ਸਿੰਘ ਕੂਕੇ ਬਣ ਗਏ ਹਨ। ਸੋਢੀ ਨਰਿੰਦਰ ਸਿੰਘ ਕੁਰਾਲੀਵਾਲਾ ਅਤੇ ਸੋਢੀ ਹੀਰਾ ਸਿੰਘ ਵੀ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਹਨ।

ਮੈਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਕੂਕਿਆਂ ਦੀ ਗਿਣਤੀ ਦਿਨੋਂ



Sri Satguru Jagjit Singh Ji Elibrary NamdhariElibrary@gmail.com

ਦਿਨ ਵੱਧ ਰਹੀ ਹੈ ਅਤੇ ਸਨਾਤਨੀ ਸਿੱਖਾਂ ਦੀ ਗਿਣਤੀ ਘੱਟ ਰਹੀ ਹੈ। ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਕੂਕਾ ਬਣਨ ਸਮੇਂ ਕੋਈ ਨਗਦ ਭੇਟਾ ਨਹੀਂ ਕਰਨੀ ਪੈਂਦੀ ਪਰ ਆਮ ਸਿੱਖਾਂ ਵਿਚ ਸ਼ਾਮਲ ਹੋਣ ਸਮੇਂ ਇਹ ਭੇਟਾ ਦੇਣੀ ਪੈਂਦੀ ਹੈ। ਇਸ ਲਈ ਕੂਕਾ ਬਣਨ ਸਮੇਂ ਕੋਈ ਖਰਚਾ ਨਹੀਂ ਆਉਂਦਾ ਪਰ ਦੂਜੇ ਬੰਨ੍ਹੇ ਆਮ ਸਿੱਖਾਂ ਵਿਚ ਸ਼ਾਮਿਲ ਹੋਣ ਲਈ ਕਾਫੀ ਖਰਚ ਕਰਨਾ ਪੈਂਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਨਿਹੰਗ ਸਿੰਘਾਂ ਨੂੰ 50 ਰੁਪਏ ਦੀ ਹਾਨੀ ਹੋਈ ਅਤੇ ਨਵੇਂ ਬਣੇ ਕੂਕਿਆਂ ਨੂੰ 50 ਰੁਪਏ ਦਾ ਲਾਭ। ਨਿਹੰਗਾਂ ਤੇ ਕੂਕਿਆਂ ਦੀ ਦੁਸ਼ਮਣੀ ਦਾ ਇਹੋ ਹੀ ਕਾਰਨ ਹੈ।

ਇਸ ਗੱਲ ਵਿਚ ਕੋਈ ਸਚਾਈ ਨਹੀਂ ਹੈ ਕਿ ਰਾਮ ਸਿੰਘ ਆਪਣੇ ਸਿੱਖਾਂ ਨੂੰ ਕੋਈ ਅਜਿਹਾ ਜਾਦੂ ਦਾ ਮੰਤਰ ਦੱਸਦਾ ਹੈ ਜਿਸ ਨਾਲ ਸਿੱਖ ਬੇਸੁੱਧ ਹੋ ਜਾਂਦੇ ਹਨ।..................

ਰਾਮ ਸਿੰਘ ਦਿਨ ਵਿਚ ਤਿੰਨ ਵਾਰ ਇਸ਼ਨਾਨ ਕਰਦਾ ਹੈ। ਰਾਤ ਨੂੰ 2 ਵਜੇ ਜਾਗ ਕੇ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਜਿਸ ਦਾ ਉਸ ਨੂੰ ਪੂਰਨ ਬੋਧ ਹੈ। ਉਹ ਹਰ ਬੁਰੀ ਚੀਜ਼ ਤੋਂ ਘ੍ਰਿਣਾ ਕਰਦਾ ਹੈ। ਇਸ ਲਈ ਹਰ ਕੂਕਾ ਉਸ ਦਾ ਸਤਿਕਾਰ ਕਰਦਾ ਹੈ............

ਉਨ੍ਹਾਂ ਦਾ ਖ਼ਿਆਲ ਹੈ ਕਿ ਗੁਰੂ ਰਾਮ ਸਿੰਘ ਪਰਮਾਤਮਾ ਵਲੋਂ ਭੇਜਿਆ ਗਿਆ ਅਵਤਾਰ ਹੈ ਜੋ ਕੂਕਾ ਪੰਥ ਨੂੰ ਸਥਾਪਿਤ ਕਰਨ ਲਈ ਭੇਜਿਆ ਗਿਆ ਹੈ। ਇਹ ਪੰਥ, ਸਿੱਖ ਧਰਮ ਦੀ ਅਧੋਗਤੀ ਸਮੇਂ ਹੋਰ ਵਧੇ ਫੁਲੇਗਾ। ਹਿੰਦੂਆਂ ਤੋਂ ਉਹ ਇਸ ਲਈ ਵੱਖਰਾ ਹੈ ਕਿਉਂਜੋ ਹਿੰਦੂਆਂ ਦੇ ਬਹੁ ਦੇਵ ਪੂਜਾ ਦੀ ਤੁਲਨਾ ਵਿਚ ਉਹ ਇਕ ਈਸ਼ਵਰ ਦੀ ਹੀ ਅਰਾਧਨਾ ਕਰਦਾ ਹੈ।"

## ਅੰਮ੍ਰਿਤਸਰ ਦੀ ਦੀਵਾਲੀ

ਅਨੰਦਪੁਰ ਸਾਹਿਬ ਤੋਂ ਵਾਪਸ ਭੈਣੀ ਸਾਹਿਬ ਪਰਤ ਸਤਿਗੁਰੂ ਜੀ ਨੇ ਕਈ ਪਿੰਡਾਂ ਦਾ ਦੌਰਾ ਕੀਤਾ। ਧਰਮ ਪ੍ਰਚਾਰ ਕਰਦੇ ਹੋਏ ਕਈ ਦੀਵਾਨ ਸਜਾਏ। ਦੁਸਹਿਰੇ ਦਾ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਗਿਆ, ਜਿਸ ਵਿਚ 3000 ਦੇ ਕਰੀਬ ਨਾਮਧਾਰੀ ਇਸ ਮੇਲੇ ਵਿਚ ਸ਼ਾਮਲ ਹੋਏ। ਅੰਮ੍ਰਿਤਸਰ ਦੇ ਪੁਲਿਸ ਕਪਤਾਨ ਮੈਨਜ਼ੀਸ ਵਲੋਂ ਇਕ ਗੁਪਤਚਰ ਭੈਣੀ ਸਾਹਿਬ ਦੇ ਦੁਸਹਿਰੇ ਦੇ ਮੇਲੇ ਦੀਆਂ ਖ਼ਬਰਾਂ ਇਕੱਤਰ ਕਰਨ ਲਈ ਭੇਜਿਆ ਗਿਆ, ਜਿਸ ਨੇ ਆ ਕੇ ਉਸ ਨੂੰ ਸਾਰੇ ਹਾਲ ਤੋਂ ਜਾਣੂ ਕਰਵਾਇਆ ਅਤੇ ਇਹ ਵੀ ਦੱਸਿਆ ਕਿ ਇਸ ਸਾਲ ਸਤਿਗੁਰੂ ਜੀ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਦੀਵਾਨ ਕਰਨਾ ਚਾਹੁੰਦੇ ਹਨ। ਨਾਮਧਾਰੀ ਸਾਧ ਸੰਗਤ ਨੂੰ ਦੀਵਾਲੀ ਦੇ ਪੁਰਬ ਉੱਤੇ ਇਕੱਤਰ ਹੋਣ ਲਈ ਸੰਦੇਸ਼ੇ

1* ਨਾਹਰ ਸਿੰਘ, ਕ੍ਰਿਪਾਲ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 57-62



Sri Satguru Jagjit Singh Ji Elibrary NamdhariElibrary@gmail.com

ਭੇਜ ਦਿੱਤੇ ਗਏ ਸਨ। ਸੂਬਾ ਕਾਹਨ ਸਿੰਘ ਹੁਸ਼ਿਆਰਪੁਰ, ਸੂਬਾ ਲੱਖਾ ਸਿੰਘ, ਸੱਦਾ ਸਿੰਘ, ਨੱਥਾ ਸਿੰਘ, ਸਾਹਿਬ ਸਿੰਘ, ਜਵਾਹਰ ਸਿੰਘ, ਖਜ਼ਾਨ ਸਿੰਘ, ਵਜ਼ੀਰ ਸਿੰਘ ਅਤੇ ਨਰੈਣ ਸਿੰਘ ਦੁਸਹਿਰੇ ਦੇ ਮੌਕੇ ਤੇ ਆਏ ਹੋਏ ਸਨ।

ਸੂਬਾ ਕਾਹਨ ਸਿੰਘ ਤੇ ਸੂਬਾ ਸਾਹਿਬ ਸਿੰਘ ਨੂੰ ਦੀਵਾਲੀ ਦੇ ਅਵਸਰ ਉੱਤੇ ਦੀਵਾਨ ਕਰਨ ਦੀ ਆਗਿਆ ਲੈਣ ਲਈ ਲਾਹੌਰ ਭੇਜਿਆ ਗਿਆ। ਪਹਿਲਾਂ ਤਾਂ ਸਰਕਾਰ ਨੇ ਇਸ ਦੀ ਆਗਿਆ ਨਾ ਦਿੱਤੀ ਪਰ ਫਿਰ ਕਿਸੇ ਕਾਰਨ ਵੱਸ ਪੰਜਾਬ ਸਰਕਾਰ ਨੇ ਜ਼ਿਲ੍ਹਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਤੇ ਪੁਲੀਸ ਕਪਤਾਨ ਨੂੰ ਆਗਿਆ ਦੇਣ ਲਈ ਤਾਰ ਰਾਹੀਂ ਆਦੇਸ਼ ਦੇ ਦਿੱਤਾ ਗਿਆ। ਛੇਤੀ ਹੀ ਸਾਰੇ ਖ਼ਬਰਾਂ ਫੈਲ ਗਈਆਂ ਕਿ ਇਸ ਸਾਲ ਦੀਵਾਲੀ ਦੇ ਅਵਸਰ ਉਤੇ ਸ਼੍ਰੀ ਸਤਿਗੁਰੂ ਜੀ ਅੰਮ੍ਰਿਤਸਰ ਵਿਖੇ ਦਰਸ਼ਨ ਦੇਣਗੇ ਅਤੇ ਨਾਮਧਾਰੀ ਸਾਧ ਸੰਗਤ ਦਾ ਵੱਡਾ ਸੰਮੇਲਨ ਹੋਵੇਗਾ।

ਅੰਮ੍ਰਿਤਸਰ ਲਈ ਤਿਆਰੀ ਕਰਨ ਤੋਂ ਪਹਿਲਾਂ ਬਾਬਾ ਦਰਬਾਰਾ ਸਿੰਘ ਵਲੋਂ ਬੇਨਤੀ ਕਰਨ ਉੱਤੇ ਰਾਏਪੁਰ ਵਿਖੇ ਦੀਵਾਨ ਕੀਤਾ ਗਿਆ। ਫਿਰ ਮੁਠੱਡੇ ਤੇ ਜਲੰਧਰ ਪੜਾਅ ਕਰਦੇ ਹੋਏ ਸਤਿਗੁਰੂ ਜੀ ਸੰਗਤ ਸਮੇਤ 26 ਅਕਤੂਬਰ 1867 ਨੂੰ ਅੰਮ੍ਰਿਤਸਰ ਪਹੁੰਚ ਗਏ ਜਿੱਥੇ ਬਹੁਤ ਸਾਰੀ ਨਾਮਧਾਰੀ ਸਾਧ ਸੰਗਤ ਪਹਿਲਾਂ ਹੀ ਪਹੁੰਚੀ ਹੋਈ ਸੀ। ਚਾਟੀਵਿੰਡ ਦੇ ਦਰਵਾਜ਼ੇ ਦੇ ਬਾਹਰਵਾਰ ਘੜਿਆਲੀਆਂ ਦੇ ਤਲਾਬ ਉੱਤੇ ਦੀਵਾਨ ਦਾ ਪ੍ਰਬੰਧ ਕੀਤਾ ਗਿਆ। ਸਰਕਾਰ ਵਲੋਂ ਇਸ ਸੰਮੇਲਨ ਦੀ ਨਿਗਰਾਨੀ ਅਤੇ ਸਹਿਯੋਗ ਲਈ ਕਰਨਲ ਮੈਕਐਂਡਰੀਊ ਲਾਹੌਰ ਤੋਂ ਅੰਮ੍ਰਿਤਸਰ ਪੁੱਜ ਗਿਆ ਸੀ। ਪੁਲਿਸ ਕਪਤਾਨ ਮੈਨਜ਼ੀਸ਼ ਅਤੇ ਇੰਸਪੈਕਟਰ ਪੁਲੀਸ ਸ. ਨਰਾਇਣ ਸਿੰਘ ਨੂੰ ਵਿਸ਼ੇਸ਼ ਹਦਾਇਤ ਕਰ ਦਿੱਤੀ ਗਈ ਸੀ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਯਾਤਰਾ ਸਮੇਂ ਪੂਰਾ ਸਹਿਯੋਗ ਦੇਣ।

ਅਨੰਦਪੁਰ ਸਾਹਿਬ ਦੇ ਹੋਲੇ ਸਮੇਂ ਸਤਿਗੁਰੂ ਜੀ ਦੇ ਨਿੱਜੀ ਵਿਹਾਰ ਅਤੇ ਨਾਮਧਾਰੀ ਸਾਧ ਸੰਗਤ ਦੇ ਅਨੁਸ਼ਾਸ਼ਣਬੱਧ ਪ੍ਰਦਰਸ਼ਨ ਕਾਰਨ ਸਰਕਾਰ ਵੱਲੋਂ ਦਰਸਾਇਆ ਗਿਆ ਇਹ ਵਤੀਰਾ ਅਨੁਚਿਤ ਨਹੀਂ ਸੀ। ਸਰਕਾਰ ਨੂੰ ਇਹ ਵੀ ਖ਼ਦਸ਼ਾ ਸੀ ਕਿ ਅਕਾਲ ਬੁੰਗੇ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨਾਲ ਨਾਮਧਾਰੀਆਂ ਦੇ ਚਲੇ ਆ ਰਹੇ ਮਤਭੇਦ ਕਾਰਨ ਦੋਹਾਂ ਧਿਰਾਂ ਵਿਚ ਕੋਈ ਵੱਡਾ ਫਸਾਦ ਜਾਂ ਝਗੜਾ ਨਾ ਹੋ ਜਾਵੇ। ਇਸ ਲਈ ਸਰਕਾਰੀ ਅਧਿਕਾਰੀ ਵੀ ਪੂਰੀ ਚੌਕਸੀ ਵਰਤ ਰਹੇ ਸਨ।

ਨਾਮਧਾਰੀ ਪੰਥ ਦੇ ਪਿਛਲੇ ਕੁਝ ਸਾਲਾਂ ਵਿਚ ਹੋਏ ਵਾਧੇ ਨੂੰ ਵੇਖ ਕੇ ਸਰਕਾਰ ਇਸ ਪੰਥ ਨਾਲ ਸਿੱਧੇ ਤੌਰ ਤੇ ਵਿਗਾੜਨਾ ਵੀ ਨਹੀਂ ਸੀ ਚਾਹੁੰਦੀ।



Sri Satguru Jagjit Singh Ji Elibrary NamdhariElibrary@gmail.com

27 ਅਕਤੂਬਰ 1867 ਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਜਾਣ ਦੀ ਤਿਆਰੀ ਕੀਤੀ ਗਈ।

ਸੰਤ ਧਿਆਨ ਸਿੰਘ ਕਾਦਰਾਬਾਦੀ ਰਚਿਤ ਸ੍ਰੀ ਸਤਿਗੁਰੂ ਬਿਲਾਸ ਦੇ ਦਸਵੇਂ ਅਧਿਆਇ ਵਿਚ ਇਸ ਯਾਤਰਾ ਦਾ ਭਾਈ ਹਰਮੀਤ ਸਿੰਘ ਵਲੋਂ ਅੱਖੀਂ ਡਿੱਠਾ ਹਾਲ ਵਰਣਨ ਕੀਤਾ ਗਿਆ ਹੈ, ਜਿਸ ਵਿਚ ਬੜੇ ਰੌਚਿਕ ਤੇ ਮਹੱਤਵਪੂਰਨ ਵੇਰਵੇ ਬਿਆਨ ਕੀਤੇ ਗਏ ਹਨ। (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਭਾਸ਼ਣਾਂ ਵਿਚ ਇਸ ਪੁਸਤਕ ਵਿਚਲੀ ਬਹੁਤ ਸਾਰੀ ਸਮੱਗਰੀ ਦਾ ਸੱਦ ਉਪਯੋਗ ਕਰਦੇ ਰਹੇ ਹਨ)

## ਸ੍ਰੀ ਅੰਮ੍ਰਿਤਸਰ ਦੀ ਦੀਵਾਲੀ

ਜਦੋਂ ਸਤਿਗੁਰੂ ਰਾਮ ਸਿੰਘ ਜੀ ਸੰਗਤ ਸਮੇਤ ਅੰਮ੍ਰਿਤਸਰ ਪੁੱਜੇ ਤਾਂ ਉਥੋਂ ਦੀ ਨਾਮਧਾਰੀ ਸਾਧ-ਸੰਗਤ ਨੇ ਚਾਟੀਵਿੰਡ ਦਰਵਾਜ਼ੇ ਦੇ ਬਾਹਰਵਾਰ ਘੜਿਆਲੀਆਂ ਵਾਲੇ ਤਲਾਬ ਦੇ ਸਥਾਨ ਉੱਤੇ ਸ੍ਰੀ ਸਤਿਗੁਰੂ ਜੀ ਦੇ ਡੇਰੇ ਤੇ ਦੀਵਾਨ ਦਾ ਪਹਿਲਾਂ ਤੋਂ ਹੀ ਪ੍ਰਬੰਧ ਕੀਤਾ ਹੋਇਆ ਸੀ। ਹਜ਼ਾਰ ਦੇ ਕਰੀਬ ਇਲਾਕੇ ਦੀ ਨਾਮਧਾਰੀ ਸੰਗਤ ਪਹਿਲਾਂ ਹੀ ਪ੍ਰਬੰਧ ਤੇ ਦਰਸ਼ਨ ਲਈ ਪੁੱਜ ਚੁੱਕੀ ਸੀ।............ ਜਦੋਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਤੋਂ 27 ਅਕਤੂਬਰ 1867 ਨੂੰ ਸਵੇਰ ਵੇਲੇ ਚੀਨੀ ਘੋੜੀ ਤੇ ਸਵਾਰ ਹੋ ਕੇ ਸੂਬਿਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵੱਲ ਚਾਲੇ ਪਾਏ ਤਾਂ ਗੋਰੇ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਸਵਾਰ ਸਨ ਅਤੇ ਹਜ਼ਾਰਾਂ ਦੀ ਭੀੜ ਜੁੜੀ ਹੋਈ ਸੀ। ਸਤਿਗੁਰੂ ਜੀ ਨੇ ਕੜਾਹ ਪ੍ਰਸ਼ਾਦ ਦੇ 5 ਥਾਲ ਭੇਟ ਕਰਨ ਲਈ ਤਿਆਰ ਕਰਵਾਏ ਸਨ। ਪਹਿਲਾਂ ਚਾਟੀਵਿੰਡ ਦਰਵਾਜ਼ੇ ਪਹੁੰਚ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਥੋੜੇ ਸਿੰਘ ਹੀ ਸਾਡੇ ਨਾਲ ਜਾਣ ਪਰ ਬਾਬਾ ਅਟੱਲ ਸਾਹਿਬ ਤੱਕ ਪਹੁੰਚਦਿਆਂ ਬਹੁਤ ਭੀੜ ਨਾਲ ਜੁੜ ਗਈ ਸੀ ਤੇ ਕੋਠਿਆਂ ਤੇ ਖਲੋ ਕੇ ਵੀ ਲੋਕ ਦਰਸ਼ਨ ਕਰਕੇ ਧੰਨ ਧੰਨ ਕਹਿ ਰਹੇ ਸਨ। ਨਾਲ ਨਾਲ ਢੋਲਕ ਤੇ ਛੈਣਿਆਂ ਨਾਲ ਕੀਰਤਨ ਦੀ ਧੁਨੀ ਅਕਾਸ਼ ਗੂੰਜਾ ਰਹੀ ਸੀ। ਸਰਕਾਰੀ ਅਧਿਕਾਰੀ ਅੱਗੋਂ ਭੀੜ ਨੂੰ ਲਾਂਭੇ ਕਰਕੇ ਰਸਤਾ ਬਣਾ ਰਹੇ ਸਨ। ਅਗਲਾ ਹਾਲ ਭਾਈ ਧਿਆਨ ਸਿੰਘ ਦੀ ਜ਼ਬਾਨੀ :

ਅਏ ਤਖਤ ਬੁੰਗੇ ਅਕਾਲ।<br>
ਕਰੀ ਬੰਦਨਾ ਦੀਨ ਦਯਾਲ।<br>
ਥੋਲੋਂ ਪੰਚਾਮ੍ਰਿਤ ਜੁਗ ਥਾਲ।<br>
ਦੋਹੁ ਤਖਤ ਹਰਿ ਗੋਬਿੰਦ ਸਾਲ।<br>
ਸਨਮੁੱਖ ਨੀਚੇ ਆਪ ਸੁਹਾਏ।<br>
ਦਾਏਂ ਬਾਏਂ ਗੋਰੇ ਥਾਏ



Sri Satguru Jagjit Singh Ji Elibrary NamdhariElibrary@gmail.com

ਔਰ ਸੈਂਕੜੇ ਪੀਛੇ ਦੁਆਲੇ
ਗੁਰੂ ਨਾਨਕ ਕੇ ਸਬਦ ਰਸਾਲੇ
ਪੜ੍ਹ ਸਿਖਨ ਜਬ ਪਾਇਓ ਭੋਗ।
ਦਏ ਥਾਲ ਜੋ ਦੇਨੈ ਜੋਗ।
ਦੋਇ ਥਾਲ ਲੇ ਹਾਥ ਪੁਜਾਰੀ।
ਸ੍ਰੀ ਗੁਰ ਕੋ ਤਿਨ ਐਸ ਉਚਾਰੀ
ਆਦਿ ਆਪ ਤਨਖਾਹ ਲਵਾਓ
ਕੈਸੀ ਹੈ ਪ੍ਰਭ ਕਹੋ ਬਤਾਓ
ਤੇਰੇ ਸਿਖਨ ਕੀ ਦਸਤਾਰ
ਉਤਰ ਜਾਤ ਦੀਵਾਨ ਮਝਾਰ।
ਬੇ-ਅਦਬੀ ਕੇਸਨ ਕੀ ਹੁਤੀ।
ਲਾਵਾਂ ਬੇਦ ਨ ਦੇਵੈਂ ਦੁਤੀ।
ਗ੍ਰੰਥ ਸਾਹਿਬ ਕੇ ਲਾਵਾਂ ਫੇਰੇ।
ਦੇਤੇ ਹੈਂ ਜੇਤੇ ਸਿਖ ਤੇਰੇ।।
ਇਹ ਤਨਖਾਹ ਆਪ ਲਗਵਾਉ।
ਦੋ ਬਿਧਿ ਕੀ ਜੋ ਕਹੀ ਸੁਨਾਉ।
ਮਹਾਰਾਜ ਤਬ ਕਿਯੋ ਉਚਾਰੇ।
ਮਸਤੀ ਹੁਇ ਜਬ ਸਿਖਨ ਪਿਆਰੇ।
ਗੁਰੂ ਨਾਨਕ ਕੀ ਅਚਰਜ ਬਾਣੀ
ਲੂੰ ਲੂੰ ਬੀਚ ਖਾਲਸੇ ਧਾਣੀ
ਸਬਦ ਗੁਰੂ ਕੇ ਸ੍ਰਵਣ ਸੁਣੇਂ।
ਬੁਧ ਹਰੀ ਸਿਧ ਹੋਤੀ ਉਨੇਂ।।
ਅਤਿ ਮਸਤੀ ਹੋ ਜਾਤ ਸ੍ਰੀਰਾ
ਸਾਰ ਨ ਬੂਏ ਪੰਕਜ ਕੀਰਾ
ਪੱਥਰ ਕੰਟਕ ਪਰ ਗਿਰ ਪਰੇਂ
ਜਾਨ ਜਾਨ ਜਿਨ ਸਾਰ ਨਜਰੋਂ
ਪਿਆਰਾ ਸੀਸ ਵਾ ਜਾਨ ਨ ਜਾਕੋ
ਸ਼ਰਾ ਕਾਮ ਕਿਆ ਦੇਵੈ ਤਾਕੋ
ਜਿਨਾ ਕੋ ਲਾਗੀ ਪੂਰਨ ਪ੍ਰੇਮ
ਭੂਲ ਜਾਤ ਸਭ ਹੀ ਸੁਧ ਨੇਮ
ਬਾਣੀ ਗੁਰ ਪਸ ਸੀਸ ਵਿਕਾਇਓ।



Sri Satguru Jagjit Singh Ji Elibrary NamdhariElibrary@gmail.com

ਚਾਹੀਏ ਡੰਨ ਨ ਤਾਕੋ ਲਾਇਓ
ਕੇਸੀਂ ਸਣ ਇਸਨਾਨ ਕਰਾਵੇਂ
ਬੇ-ਅਦਬੀ ਜਾਂ ਅਦਬ ਬਤਾਵੇਂ
ਸਤਿਨਾਮ ਮੁਖ ਮੰਤ੍ਰ ਜਪਾਊਂ।
ਦਸਮ ਗੁਰੂ ਕੀ ਰੀਤ ਚਲਾਊਂ
ਪੰਛੀ ਪਸੁ ਕੋ ਸਬਦ ਬਤਾਨਾ
ਚਾਹਤ ਹੌਂ ਸਭ ਕੀ ਕਲਿਆਨਾ।

ਇਸ ਉਪਰੰਤ ਸਤਿਗੁਰੂ ਜੀ ਨੇ ਅਕਾਲ ਬੁੰਗੇ ਦੇ ਪੁਜਾਰੀਆਂ ਨੂੰ ਸੰਬੋਧਿਤ ਕਰਕੇ ਸੰਤ ਧਿਆਨ ਸਿੰਘ ਦੇ ਸ਼ਬਦਾਂ ਵਿਚ ਇਹ ਬਚਨ ਕਹੇ ਕਿ ਤੁਸੀਂ ਤਾਂ ਇਕ ਟੰਗ ਉੱਤੇ ਖਲੋ ਕੇ ਬਗਲੇ ਸਮਾਨ ਮੱਛੀਆਂ ਦਾ ਸ਼ਿਕਾਰ ਕਰਨ ਵਾਲੇ ਹੋ। ਤੁਹਾਨੂੰ ਮਾਨ ਸਰੋਵਰ ਵਿਚ ਜੋ ਮੋਤੀ ਹਨ, ਜਿਨ੍ਹਾਂ ਨੂੰ ਹੰਸ ਚੁਗਦੇ ਹਨ, ਉਨ੍ਹਾਂ ਦੀ ਕੋਈ ਸਾਰ ਨਹੀਂ ਹੈ। ਸ਼ੇਰ ਦੀ ਖੱਲ ਪਾ ਕੇ ਸ਼ੇਰ ਨਹੀਂ ਬਣਿਆ ਜਾ ਸਕਦਾ। ਗਿੱਦੜ ਤੇ ਮਿਰਗ ਸ਼ੇਰ ਨਹੀਂ ਬਣ ਸਕਦੇ, ਨਾ ਹੀ ਉਹ ਸਿੱਪੀ ਵਿਚੋਂ ਮੋਤੀ ਚੁੱਗ ਸਕਦੇ ਹਨ। ਉਨ੍ਹਾਂ ਦੇ ਮੂੰਹ ਵਿਚ ਤਾਂ ਰੇਤ ਹੀ ਪੈਂਦੀ ਹੈ। ਹੰਸ ਤਾਂ ਸਿੱਪੀ ਦੀ ਰੇਤ ਵਿਚੋਂ ਵੀ ਮੋਤੀ ਲੱਭ ਲੈਂਦੇ ਹਨ ਪਰ ਬਗਲੇ ਤਾਂ ਡੱਡੀਆਂ ਤੇ ਮੱਛੀਆਂ ਹੀ ਖਾਂਦੇ ਹਨ। ਤੁਸੀਂ ਤਾਂ ਸ੍ਰੀ ਗ੍ਰੰਥ ਸਾਹਿਬ ਨੂੰ ਵੀ ਕਾਗਜ਼ ਉਤੇ ਲਿਖੇ ਸ਼ਬਦ ਹੀ ਮੰਨਦੇ ਹੋ ਅਤੇ ਗੁਰੂ ਦੇ ਬਚਨਾਂ ਦੀ ਸਾਰ ਨਹੀਂ ਜਾਣਦੇ ਹੋ। ਇਸ ਲਈ ਤੁਹਾਡਾ ਗੁਰਬਾਣੀ ਉਤੇ ਕੋਈ ਭਰੋਸਾ ਨਹੀਂ ਹੈ। ਫਿਰ ਮੈਨੂੰ ਕਹਿੰਦੇ ਹੋ ਕਿ ਮੈਂ ਬੇਦੀ ਦੀ ਰੀਤ ਹਟਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਲਾਵਾਂ ਕਰਾਉਣ ਦੀ ਰੀਤ ਚਲਾਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਕਲਿਜੁਗ ਵਿਚ ਪੰਜਵਾਂ ਵੇਦ ਹੈ ਜੋ ਗੁਰਬਾਣੀ ਨੂੰ ਪੜ੍ਹਦਾ ਤੇ ਮੰਨਦਾ ਹੈ, ਉਸ ਦੀ ਰੱਖਿਆ ਹੁੰਦੀ ਹੈ।

**ਦੋਹਰਾ**

ਤੁਮੈਂ ਗ੍ਰੰਥ ਪਰ ਸਿਦਕ ਨਹੀਂ ਤੌਂ ਤੁਮ ਦੇਹੁ ਸਲਾਹਿ
ਸਾਚ ਬੇਦ ਸਖਿਆਤ ਇਹ ਪੰਚ ਪਰਵਾਨ ਕਲਿ ਮਾਹਿ।

ਬਾਣੀ ਪੜ੍ਹ ਕੇ ਤਾਂ ਮਨੁੱਖ ਸ਼ਕਤੀਵੰਤ ਹੋ ਜਾਂਦਾ ਹੈ। ਸੰਤਾਂ ਦੀ ਬਾਣੀ ਦਾ ਤੁਹਾਨੂੰ ਸਾਰ ਨਹੀਂ ਹੈ। ਤੁਹਾਡੀ ਮੱਤ ਤਾਂ ਪੂਜਾ ਦੇ ਧਾਨ ਨੇ ਮਾਰ ਦਿੱਤੀ ਹੈ। ਤੁਸੀਂ ਤਾਂ ਕੌਡੀਆਂ ਨਾਲ ਪ੍ਰੇਮ ਕਰਨ ਵਾਲੇ ਹੋ। ਮੈਂ ਤਾਂ ਗੁਰੂ ਦੇ ਤਖਤ ਦਾ ਦਾਸ ਹਾਂ ਮੈਂ ਤਾਂ ਬਹੁਤ ਤਨਖਾਹਾਂ ਗੁਰੂ ਦੇ ਖਜ਼ਾਨੇ ਵਿਚ ਪਾਈਆਂ ਹਨ। ਸਭ ਤੋਂ ਪਹਿਲਾਂ ਲੋਕਾਂ ਕੋਲੋਂ ਚੋਰੀ ਤੇ ਯਾਰੀ ਛੁਡਵਾਈ ਹੈ। ਸ਼ਰਾਬ ਤੇ ਕਬਾਬ ਛਡਾ ਦਿੱਤੇ ਹਨ। ਜੂਏ ਤੇ ਹੋਰ ਕੁਕਰਮਾਂ ਤੋਂ ਹਟਾਇਆ ਹੈ। ਅਫ਼ੀਮ ਤੇ ਹੁੱਕੇ ਛਡਵਾ



Sri Satguru Jagjit Singh Ji Elibrary NamdhariElibrary@gmail.com

ਦਿੱਤੇ ਹਨ। ਤੁਸੀਂ ਦਸਤਾਰ ਦੇ ਉਤਰਨ ਦੀ ਗੱਲ ਕਰਦੇ ਹੋ। ਜੇਕਰ ਤੁਹਾਡੇ ਵਲੋਂ ਕੋਈ ਪੂਰਨ ਬਿਬੇਕੀ ਹੈ ਤਾਂ ਉਹ ਮੈਥੋਂ ਤਨਖਾਹ ਲੈ ਸਕਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਪੁਜਾਰੀਆਂ ਨੂੰ ਨਿਰ ਉੱਤਰ ਕਰ ਦਿੱਤਾ। ਇਹ ਬਚਨ ਕਰਕੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਇਸ਼ਾਰਾ ਕਰਕੇ ਦੋਵੇਂ ਕੜਾਹ ਪ੍ਰਸ਼ਾਦ ਦੇ ਥਾਲ ਚੁਕਵਾ ਦਿੱਤੇ। ਤਾਂ ਪੁਜਾਰੀ ਮੂਰਤ ਸਮਾਨ ਖੜੇ ਰਹੇ।

ਫਿਰ ਸਤਿਗੁਰੂ ਜੀ ਝੰਡੇ ਬੁੰਗੇ ਦੇ ਸਥਾਨ ਤੇ ਪੁੱਜੇ ਤੇ ਉੱਥੇ ਨਮਸਕਾਰ ਕੀਤੀ। ਇਕ ਥਾਲ ਉੱਤੇ ਭੇਟ ਕੀਤਾ ਪਰ ਉਥੋਂ ਦੇ ਮਹੰਤ ਨੇ ਪੁੱਛਿਆ ਕਿ ਅਕਾਲ ਤਖਤ ਵਾਲਿਆਂ ਨੇ ਭੇਟਾ ਨੂੰ ਪ੍ਰਵਾਨ ਕੀਤਾ ਹੈ ਕਿ ਨਹੀਂ। ਸਿੱਖ ਨੇ ਇਹ ਉੱਤਰ ਦਿੱਤਾ।

"ਉਨ੍ਹਾਂ ਨੇ ਤਾਂ ਪ੍ਰਸ਼ਾਦ ਨਹੀਂ ਲਿਆ ਹੁਣ ਤੁਹਾਡੀ ਕੀ ਮਰਜ਼ੀ ਹੈ।"

ਝੰਡੇ ਬੁੰਗੇ ਦੇ ਮਹੰਤ ਨੇ ਕਿਹਾ :

"ਉਨ ਨਹਿ ਲੀਆ ਤੌ ਹਮ ਨਹਿ ਲੇਤੇ।"

ਸਤਿਗੁਰੂ ਜੀ ਦੇ ਇਸ਼ਾਰਾ ਕਰਨ ਉੱਤੇ ਉਸ ਸਿੱਖ ਨੇ ਉਹ ਥਾਲ ਵੀ ਉਠਾ ਲਿਆ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਨ੍ਹਾਂ ਦੀ ਮਤ ਮਾਰੀ ਗਈ ਹੈ। ਇਨ੍ਹਾਂ ਨੇ ਤਾਂ ਅੰਮ੍ਰਿਤ ਰੂਪੀ ਪ੍ਰਸ਼ਾਦ ਨੂੰ ਵੀ ਪ੍ਰਵਾਨ ਨਹੀਂ ਕੀਤਾ। ਇਹੋ ਜਿਹੇ ਪੁਰਖਾਂ ਦਾ ਦਰਸ਼ਨ ਤਾਂ ਦੂਜਿਆਂ ਦੀ ਮਤ ਨੂੰ ਵੀ ਮਾਰ ਦਿੰਦਾ ਹੈ।

ਦਰਸ਼ਨੀ ਡਿਉਢੀ ਦੇ ਨੇੜੇ ਪੁੱਜ ਕੇ ਸਤਿਗੁਰੂ ਜੀ ਨੇ ਉਨ੍ਹਾਂ ਤਿੰਨਾਂ ਥਾਲਾਂ ਨੂੰ ਅਲੱਗ ਕਰਵਾ ਦਿੱਤਾ। ਦਰਸ਼ਨੀ ਡਿਉਢੀ ਤੇ ਨਮਸਕਾਰ ਕਰਕੇ ਸਤਿਗੁਰੂ ਜੀ ਅੱਗੇ ਗਏ। ਹਰਿਮੰਦਰ ਦੇ ਦਰਵਾਜ਼ੇ ਤੇ ਨਮਸਕਾਰ ਕਰਕੇ ਸ੍ਰੀ ਸਤਿਗੁਰੂ ਜੀ ਨੇ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਢੋਲਕ ਛੈਣਿਆਂ ਨਾਲ ਕੀਰਤਨ ਹੋ ਰਿਹਾ ਸੀ। ਸਤਿਗੁਰੂ ਜੀ ਹੱਥ ਜੋੜ ਕੇ ਸਨਿਮਰ ਖੜੇ ਸਨ। ਇੰਨੇ ਚਿਰ ਨੂੰ ਅਕਾਲ ਤਖਤ ਅਤੇ ਝੰਡੇ ਬੁੰਗੇ ਦੇ ਪੁਜਾਰੀ ਉੱਥੇ ਪੁੱਜੇ ਤੇ ਕਹਿਣ ਲੱਗੇ ਅਸੀਂ ਇਨ੍ਹਾਂ ਦਾ ਪ੍ਰਸ਼ਾਦ ਨਹੀਂ ਲਿਆ ਪਰ ਹਰਿਮੰਦਰ ਸਾਹਿਬ ਦੇ ਪੁਜਾਰੀ ਨੇ ਅੱਗੋਂ ਇਹ ਬਚਨ ਕੀਤਾ :

"ਮੰਦਰ ਹਰਿ ਪੁਜਾਰੀ ਕਹੈ।
ਸਤਿਗੁਰ ਕੋ ਦਰ ਲੀਵਾਂ ਅਹੈ॥
ਗੁਰ ਦਰ ਨਿੰਮ੍ਰ ਭਾਇ ਜੋ ਆਵੈ
ਤਤਕਾਲ ਵੁਹ ਬਖਸਾ ਜਾਵੈ।
ਮੂਰਤਿ ਨਾਮ ਇਹੋ ਪ੍ਰਭ ਪਿਆਰੇ
ਤੁਮ ਤਨਖਾਹ ਮਾਂਗ ਹੋ ਸਾਰੇ।
ਬਹੁ ਤਨਖਾਹੀ ਤੁਮ ਹੋ ਜੇਤੇ।



Sri Satguru Jagjit Singh Ji Elibrary NamdhariElibrary@gmail.com

ਕਿਆ ਤਨਖਾਹ ਇਨੋ ਸੇ ਲੇਤੇ।
ਜਿਨੋ ਨਾਮ ਪਰਵਾਹ ਚਲਾਇਆ।
ਕੂਰ ਕਰਮ ਤੇ ਜਗਤ ਹਟਾਇਆ।"

ਸਤਿਗੁਰੂ ਜੀ ਨੇ ਕਿਹਾ ਕਿ ਦੋ ਥਾਲ ਇੱਥੇ ਭੇਟ ਕਰੋ ਤੇ ਹੋਰ ਅਨਗਿਣਤ ਮਾਇਆ ਦੀ ਭੇਟਾ ਵੀ ਕੀਤੀ। ਫਿਰ ਪੁਜਾਰੀ ਨੂੰ ਅਤੇ ਕੀਰਤਨ ਕਰ ਰਹੇ ਰਬਾਬੀਆਂ ਨੂੰ ਦਮੜੇ ਭੇਟ ਕੀਤੇ। ਜਦੋਂ ਝਾੜੂਬਰਦਾਰ ਨੇ ਨਮਸਕਾਰ ਕੀਤੀ ਤਾਂ ਇਕ ਚਾਂਦੀ ਦਾ ਰੁਪਿਆ ਉਸ ਨੂੰ ਵੀ ਦੇ ਦਿੱਤਾ ਤਾਂ ਹਰਿਮੰਦਰ ਸਾਹਿਬ ਦੇ ਪੁਜਾਰੀ ਨੇ ਇਕ ਦੁਸ਼ਾਲਾ ਇਕ ਦਸਤਾਰਾ ਤੇ ਬਹੁਮੁੱਲੇ ਬਸਤਰ ਮੰਗਵਾਏ ਅਤੇ 10 ਮਿਸ਼ਰੀ ਦੇ ਕੂਜ਼ੇ ਮੰਗਵਾ ਕੇ ਸਤਿਗੁਰੂ ਜੀ ਨੂੰ ਅਰਪਣ ਕੀਤੇ ਪਰ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਮਸਕਾਰ ਕਰਕੇ ਉਹ ਸਭ ਵਸਤੂਆਂ ਮੋੜ ਦਿੱਤੀਆਂ ਅਤੇ ਇੰਝ ਬਚਨ ਕੀਤਾ :

"ਮੈਂ ਹੋ ਸੇਵਕ ਇਸ ਦਰਬਾਰੇ
ਦਾਸਨ ਕੋ ਭੀ ਦਾਸ ਪਿਆਰੇ
ਲੈਣਾ ਨਹਿ ਮੋਕੋ ਇਹ ਨੀਕੋ
ਸੇਵਾ ਕਰਨ ਚਹੂੰ ਸਭ ਹੀ ਕੋ
ਮੇਰੀ ਬੰਦਨ ਬਾਰੰ ਬਾਰੇ।
ਆਹਿ ਏਸ ਸਾਚੇ ਗੁਰਦੁਆਰੇ।।"

ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਹੱਥ ਜੋੜ ਕੇ ਇਹ ਬਚਨ ਕੀਤੇ :

"ਪੂਰਨ ਪੁਰਖ ਆਹੋ ਪ੍ਰਭ ਆਪ
ਆਜ ਆਪ ਕੋ ਬੜ ਪ੍ਰਤਾਪ
ਪਾਈ ਜਿਨ ਸੇਵਾ ਤੇ ਪਾਈ
ਭਾਤ ਰਹੇ ਲਹਿਣੇ ਹਥ ਆਈ
ਮੂਰਤਿ ਭਜਨ ਆਪ ਨੇ ਧਾਰੀ
ਲਾਖੋਂ ਜੀਵ ਤਰੇ ਭਵ ਬਾਰੀ।"

ਇਸ ਪਿਛੋਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਸੇਵਾ ਪਰਥਾਇ ਲੰਮਾ ਵਿਖਿਆਨ ਕੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਇਹ ਬਚਨ ਅਲਾਏ :

"ਤੁਮ ਸਮਸਰ ਅਵਤਾਰ ਮੁਰਾਰੇ।
ਕੜਛਾ ਨਾਮ ਬਰਤਾਯੋ ਸਾਰੇ
ਚਾਰ ਕੂੰਟ ਕਿਯੋ ਨਾਮ ਉਜਾਲਾ
ਪੂਜ ਯੋਗ ਲਿਹੁ ਪਾਗ ਦੁਸ਼ਾਲਾ।।



Sri Satguru Jagjit Singh Ji Elibrary NamdhariElibrary@gmail.com

ਕਲਿ ਮੋ ਹੈਂ ਮੂਰਖ ਜਨ ਬ੍ਰਿੰਦ।
ਗੁਰੂ ਸੰਤ ਭਗਤਨ ਕੀ ਨਿੰਦ।
ਸਾਚ ਧਰਮ ਪੁਨ ਭਲ ਉਪਕਾਰੀ
ਤਾਕੋ ਨਿੰਦਤ ਜੋ ਮਤਿ ਹਾਰੀ।
ਆਪ ਰੂਪ ਈਸ਼ੁਰ ਧੰਨ ਜਨਨੀ।
ਰਾਵਰ ਮਹਿਮਾ ਜਾਇ ਨ ਗਨਨੀ।
ਪ੍ਰੇਮੀ ਬੁਧਿਵਾਨ ਜੋ ਭਾਖੀ
ਏਤੀ ਬਿਨੈ ਸੁਣੀ ਗੁਰ ਸਾਖੀ।।
ਗੁਰੂ ਰਾਮ ਸਿੰਘ ਫੇਰ ਉਚਾਰਿਓ
ਗੁਰੂ ਕੇ ਸਿੰਘ ਸੁਣੋ ਮਮ ਪਿਆਰਿਓ।
ਸੇਵਕ ਕੋ ਸੇਵਾ ਹੀ ਕਰਨੀ।
ਆਛੀ ਹੈ ਗੁਰੂ ਨਾਨਕ ਬਰਨੀ
ਮੈਂ ਹੋ ਗੁਰ ਸਿਖਨ ਕੋ ਚੇਰਾ
ਸਭ ਕੁਛ ਤੁਮਰਾ ਦੀਆ ਬਥੇਰਾ
ਸਤਿਗੁਰ ਨਾਨਕ ਕੇਰ ਖਜਾਨਾ
ਬਖਸਿਆ ਜੋ ਮੋ ਕੋ ਬਿਧਿ ਨਾਨਾ
ਤੋਟ ਨਾ ਆਵੈ ਨ ਵਹੁ ਮੁਕੇ
ਦਿਖ ਹਮ ਭੀ ਡੋਲਨ ਤੇ ਚੂਕੇ
ਸਤਿਗੁਰੂ ਬਾਲਕ ਸਿੰਘ ਕੀ ਕਰੁਨਾ।
ਭਰਮ ਕਲੇਸ ਦੋਖ ਦੁਖ ਹਰਨਾ"

ਜਦੋਂ ਮੁੱਖ ਗ੍ਰੰਥੀ ਨੇ ਬਾਰ ਬਾਰ ਬੇਨਤੀ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਨੇ ਮਿਸ਼ਰੀ ਦੇ ਕੂਜ਼ੇ ਰੱਖ ਲਏ ਅਤੇ ਪੱਗਾ ਤੇ ਦੁਸ਼ਾਲੇ ਪਕੜ ਕੇ ਇਹ ਬਚਨ ਕੀਤਾ :

"ਪਾਗ ਦੁਸ਼ਾਲੇ ਲੈ ਇਮ ਕੀਆ
ਤੁਮ ਹਮ ਕੋ ਮੈ ਤੁਮ ਕੋ ਦੀਆ
ਤੌ ਗ੍ਰੰਥੀ ਭੀ ਆਨ ਪ੍ਰਸੰਨ
ਕਹਤ ਭਏ ਸਭਹੀ ਧੰਨ ਧੰਨ।
ਸਾਚੋ ਰਾਮ ਸਿੰਘ ਹੈ ਨਾਮ
ਸਰਬ ਮਨੋਰਥ ਪੂਰਨ ਕਾਮ।
ਪੰਥ ਨ ਚਲੇ ਬਾਝ ਗੁਣ ਸ਼ਕਤੀ
ਕਹੇਂ ਸਰਬ ਇਹ ਮੂਰਤਿ ਭਗਤੀ
ਦਾਸਨ ਕੇ ਦੁਖ ਦੋਖ ਦਲੱਯਾ



Sri Satguru Jagjit Singh Ji Elibrary NamdhariElibrary@gmail.com

ਵਾਹਿ ਵਾਹਿ ਜਸਾ ਸਿੰਘ ਜਯਾ"

ਜਦੋਂ ਸਤਿਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਪ੍ਰਕਰਮਾ ਕਰਨ ਲਈ ਬਾਹਰ ਆਏ ਤਾਂ ਬੇਅੰਤ ਭੀੜ ਜੁੜ ਗਈ ਸੀ। ਭਾਈ ਖ਼ਰਮੀਤ ਸਿੰਘ ਦੇ ਕਹਿਣ ਅਨੁਸਾਰ ਪ੍ਰਕਰਮਾ ਵਿਚ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ। ਸ੍ਰੀ ਸਤਿਗੁਰੂ ਜੀ ਨੇ ਗੋਰਿਆਂ ਨੂੰ ਹੁਕਮ ਕੀਤਾ ਕਿ ਹੁਣ ਭੀੜ ਹਟਾ ਕੇ ਰਸਤਾ ਬਣਾ ਦਿਓ। ਦਰਸ਼ਨੀ ਡਿਉਢੀ ਤੋਂ ਬਾਹਰ ਆ ਕੇ ਸ੍ਰੀ ਸਤਿਗੁਰੂ ਜੀ ਨੇ ਨਮਸਕਾਰ ਕੀਤੀ ਅਤੇ ਆਪਣੇ ਸਿੰਘਾਂ ਨੂੰ ਕੜਾਹ ਪ੍ਰਸ਼ਾਦ ਦੇ ਤਿੰਨਾਂ ਥਾਲਾਂ ਨੂੰ ਸਾਧ-ਸੰਗਤ ਵਿਚ ਵਰਤਾਉਣ ਲਈ ਬਚਨ ਕੀਤਾ।

ਅਗਲੇ ਦਿਨ 28 ਅਕਤੂਬਰ ਨੂੰ ਸਤਿਗੁਰੂ ਰਾਮ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਸੰਧਾਵਾਲੀਆਂ ਦੇ ਬੁੰਗੇ ਪਹੁੰਚੇ, ਜਿੱਥੇ ਸ. ਠਾਕੁਰ ਸਿੰਘ ਅਤੇ [1*]ਸ. ਸ਼ਮਸ਼ੇਰ ਸਿੰਘ ਨੇ ਉਨ੍ਹਾਂ ਦਾ ਬੜਾ ਸਤਿਕਾਰ ਕੀਤਾ। ਸੰਧਾਵਾਲੀਆਂ ਸਰਦਾਰਾਂ ਨਾਲ ਇਹ ਮੁਲਾਕਾਤ ਕਈ ਪੱਖਾਂ ਤੋਂ ਬੜੀ ਮਹੱਤਤਾ ਵਾਲੀ ਹੈ। ਕਿਉਂ ਜੋ ਠਾਕੁਰ ਸਿੰਘ ਜੀ ਮਹਾਰਾਜਾ ਦਲੀਪ ਸਿੰਘ ਨੂੰ ਪ੍ਰੇਰਨਾ ਦੇ ਕੇ ਮੁੜ ਸਿੱਖ ਮਤ ਧਾਰਨ ਕਰਨ ਅਤੇ ਭਾਰਤ ਵਾਪਸ ਆਉਣ ਦਾ ਸਰੋਤ ਬਣਿਆ ਅਤੇ ਪਾਂਡੀਚਰੀ ਵਿਚੋ ਗਦਿਓਂ ਲਥੇ ਮਹਾਰਾਜਾ ਦਲੀਪ ਸਿੰਘ ਦੇ ਭਾਰਤ ਵਾਪਸ ਆਉਣ ਦੀ ਵਕਾਲਤ ਤੇ ਚਿੱਠੀ ਪੱਤਰ ਵੀ ਕਰਦਾ ਰਿਹਾ। ਸ. ਸ਼ਮਸ਼ੇਰ ਸਿੰਘ ਸਿੰਧਾਵਾਲੀਆ ਵੀ ਉਸ ਸਮੇਂ ਪਿਸ਼ਾਵਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਫ਼ੌਜੀ ਅਫਸਰ ਸੀ। ਜਿਸ ਨੇ ਪਿਸ਼ਾਵਰ ਦੇ ਇਲਾਕੇ ਵਿਚ ਕਾਫੀ ਪ੍ਰਸਿੱਧੀ ਪ੍ਰਾਪਤ ਕੀਤੀ ਪਰ ਰਾਜਨੀਤਕ ਕਾਰਜਾਂ ਵਿਚ ਉਸ ਦੀ ਕੋਈ ਬਹੁਤੀ ਦਿਲਚਸਪੀ ਨਹੀਂ ਸੀ। 1846 ਪਿਛੋਂ ਉਹ ਪੰਜਾਬ ਸਰਕਾਰ ਦੀ ਰਾਜ ਕੌਂਸਲ ਦਾ ਵੀ ਮੈਂਬਰ ਰਿਹਾ। 1848 ਵਿਚ ਲਾਹੌਰ ਦੇ ਰੈਜ਼ੀਡੈਂਟ (ਹੈਨਰੀ ਲਾਰੰਸ) ਨੇ ਉਸ ਨੂੰ ਅੰਮ੍ਰਿਤਸਰ ਵਿਖੇ ਨਾਗਰਿਕ ਤੇ ਸੈਨਿਕ ਅਧਿਕਾਰ ਦੇ ਕੇ ਅਮਲੇ ਦਾ ਮੁਖੀ ਥਾਪ ਦਿੱਤਾ। ਫਰਵਰੀ 1862 ਵਿਚ ਉਸ ਨੂੰ ਆਪਣੀ ਹੀ ਜਾਗੀਰ ਵਿਚ ਡਿਪਟੀ ਕਮਿਸ਼ਨਰ ਦੇ ਸਾਰੇ ਅਧਿਕਾਰ ਦੇ ਦਿੱਤੇ ਗਏ। 1871 ਵਿਚ ਉਹ ਨਿਰਸੰਤਾਨ ਪਰਲੋਕ ਸੁਧਾਰ ਗਿਆ।

[2*]ਠਾਕੁਰ ਸਿੰਘ (1837-1887) ਲਹਿਣਾ ਸਿੰਘ ਦਾ ਸਪੁੱਤਰ ਅਤੇ ਪੰਜਾਬ ਦੇ ਤਤਕਾਲਕ ਇਤਿਹਾਸ ਵਿਚ ਮਹੱਤਵਪੂਰਨ ਭੂਮਿਕਾ ਨੂੰ ਨਿਭਾਉਂਦਾ ਰਿਹਾ ਹੈ। ਉਸ ਦੇ ਯਤਨਾਂ ਸਦਕਾ ਹੀ 1873 ਵਿਚ ਸ੍ਰੀ ਗੁਰੂ ਸਿੰਘ ਸਭਾ ਸਥਾਪਿਤ ਹੋਈ। ਪੰਜਾਬ ਦੇ ਤਖਤੋਂ ਲਾਹੇ ਮਹਾਰਾਜਾ ਦਲੀਪ

[1*] ਦ ਐਨਸਾਈਕਲੋਪੀਡੀਆ ਆਫ਼ ਸਿੱਖਿਇਜ਼ਮ, ਜਿਲਦ 4, ਪੰਨਾ 101

[2*] ਉਪਰੋਕਤ, ਪੰਨਾ 347



Sri Satguru Jagjit Singh Ji Elibrary NamdhariElibrary@gmail com

ਸਿੰਘ ਨੂੰ ਦੁਬਾਰਾ ਸਿੱਖ ਧਰਮ ਵਿਚ ਲਿਆਉਣ ਅਤੇ ਉਸ ਦੇ ਰਾਜ ਦੀ ਪੁਨਰ ਸਥਾਪਨਾ ਲਈ ਸ. ਠਾਕੁਰ ਸਿੰਘ ਨੇ ਵੱਡੀ ਭੂਮਿਕਾ ਨੂੰ ਨਿਭਾਇਆ ਅਤੇ ਪਾਂਡੀਚਰੀ ਵਿਖੇ ਆਪਣਾ ਨਿਵਾਸ ਰੱਖਿਆ। ਮਹਾਰਾਜਾ ਦਲੀਪ ਸਿੰਘ ਵਲੋਂ ਉਸ ਨੂੰ ਪ੍ਰਧਾਨ ਮੰਤਰੀ ਦੀ ਮੁਹਰ ਅਤੇ ਅਧਿਕਾਰ ਦਿੱਤੇ ਗਏ ਸਨ 1887 ਵਿਚ ਉਸ ਦੇ ਦੇਹਾਂਤ ਪਿਛੋਂ ਇਹ ਅਧਿਕਾਰ ਉਸ ਦੇ ਸਪੁੱਤਰ ਗੁਰਬਚਨ ਸਿੰਘ ਨੂੰ ਪ੍ਰਾਪਤ ਰਹੇ ਅਤੇ ਇਨ੍ਹਾਂ ਦੀ ਛਾਪ ਆਗਾਮੀ ਵਾਪਰਨ ਵਾਲੀਆਂ ਘਟਨਾਵਾਂ ਉਤੇ ਪ੍ਰਤੱਖ ਦਿਖਾਈ ਦਿੰਦੀ ਹੈ। ਉਸੇ ਦਿਨ ਸ. ਸ਼ਮਸ਼ੇਰ ਸਿੰਘ ਨੇ ਅਕਾਲ ਬੁੰਗੇ ਜਾ ਕੇ ਪੁਜਾਰੀਆਂ ਨੂੰ ਤਾੜਨਾ ਕੀਤੀ ਅਤੇ ਕਿਹਾ [1*]"ਮੈਂ ਤਨਖਾਹੀਆਂ ਹਾਂ, ਮੇਰੇ ਉਤੇ ਤਨਖਾਹ ਲਾਓ। ਮੇਰੇ ਵਿਚ ਸਭ ਭੈੜ ਹਨ। ਮੇਰਾ ਔਗੁਣ ਕੋਈ ਨਹੀਂ ਪੁੱਛਦੇ ਹੋ। ਵੇਸਵਾਬਾਜ ਮੈਂ ਹਾਂ, ਕੁੱਠਾ ਮੈਂ ਖਾਂਦਾ ਹਾਂ, ਮੁਸਲੀ ਮੈਂ ਵਰਤਦਾ ਹਾਂ। ਪੰਜੇ ਐਬ ਮੈਂ ਕਰਦਾ ਹਾਂ ਫੇਰ ਮੇਰੀ ਤਨਖਾਹ ਬਖਸ਼ਦੇ ਹੋ ਔਰ ਜੋ ਸਵਾ ਪਹਿਰ ਰਾਤ ਸੇ ਇਸ਼ਨਾਨ ਕਰਦੇ ਹੈਂ ਅਤੇ ਬਾਣੀ ਪੜ੍ਹਦੇ ਹੈਂ ਅਤੇ ਭਜਨ ਕਰਦੇ ਹੈਂ। ਸੋ ਉਨ੍ਹਾਂ ਕੋ ਤੁਸੀਂ ਤਨਖਾਹੀਏ ਬਨਾਉਂਦੇ ਹੋ। ਤੁਸੀਂ ਸਾਰੇ ਪੁਜਾਰੀ ਕੈਦ ਕੀ ਲਾਇਕ ਹੋ। ਐਸੇ ਪ੍ਰਮੇਸ਼ਰ ਕੇ ਪਿਆਰਿਆਂ ਕੋ ਤੁਸੀਂ ਤਖਤੀਂ ਨਹੀਂ ਚੜ੍ਹਨ ਦੇਂਦੇ, ਨਾ ਉਨ੍ਹਾਂ ਕਾ ਅਰਦਾਸਾ ਕਰਦੇ ਹੋ, ਨਾ ਗੋਲਕ ਪਾਈ ਹੈ। ਉਲਟਾ ਉਨਕੋ ਤਨਖਾਹੀਏ ਦਸਦੇ ਹੋ। ਤੁਸੀਂ ਸਾਰੇ ਕਰਮ ਤਨਖਾਹੀਆਂ ਦੇ ਕਰਦੇ ਹੋ। ਉਸ ਸਰਦਾਰ ਕੇ ਮੂਹਰੇ ਕੋਈ ਉਤਰ ਨਾ ਫੁਰਿਆ ਪੁਜਾਰੀਆਂ ਕੋ।"

ਇਸ ਦੀਵਾਲੀ ਦੇ ਪੁਰਬ ਉੱਤੇ ਦੋ ਹਜ਼ਾਰ (2000) ਦੇ ਲਗਭਗ ਨਾਮਧਾਰੀ ਸਿੰਘ ਸਜੇ। ਕਈ ਤਾਂ ਸਾਰੇ ਪਰਿਵਾਰ ਹੀ ਕੂਕੇ ਬਣ ਗਏ। ਅੰਮ੍ਰਿਤਸਰ ਦੇ ਬਹੁਤ ਸਾਰੇ ਵਾਸੀ, ਦੁਕਾਨਦਾਰ ਤੇ ਹਰ ਵਰਣ ਦੇ ਲੋਕ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਉਨ੍ਹਾਂ ਵਲੋਂ ਬਹੁਤ ਸਾਰੀ ਭੇਟਾਂ, ਪਤਾਸਿਆਂ ਦਾ ਪ੍ਰਸ਼ਾਦ, ਕਪੜਿਆਂ ਦੇ ਥਾਨ ਅਤੇ ਨਗਦੀ ਰੂਪ ਵਿਚ ਸਤਿਗੁਰੂ ਜੀ ਦੇ ਅਰਪਣ ਕੀਤੀ ਗਈ। ਪਿੰਡ ਵਰਿਆਂਹ ਦੇ ਜ਼ਿਮੀਂਦਾਰ ਰਤਨ ਸਿੰਘ ਦੀ ਸਪੁੱਤਰੀ ਬੀਬੀ ਹੁਕਮੀ ਨੂੰ ਸੂਬਾ ਥਾਪਿਆ ਗਿਆ। ਇਸਤਰੀਆਂ ਵਿਚ ਇਹ ਸ੍ਰੇਸ਼ਟ ਪੱਦਵੀ ਸਤਿਗੁਰੂ ਜੀ ਵਲੋਂ ਬੀਬੀ ਹੁਕਮੀ ਨੂੰ ਹੀ ਬਖਸ਼ੀ ਗਈ ਸੀ, ਜਿਸ ਨੇ ਇਸਤਰੀਆਂ ਵਿਚ ਬਹੁਤ ਧਰਮ ਪ੍ਰਚਾਰ ਕੀਤਾ। ਨਾਭੇ ਦੇ ਰਾਜ ਘਰਾਣੇ ਵਿਚ ਉਸ ਦਾ ਵਿਸ਼ੇਸ਼ ਤੌਰ ਤੇ ਸਤਿਕਾਰ ਕੀਤਾ ਜਾਂਦਾ ਰਿਹਾ। ਉਸ ਨੂੰ ਮਾਈ ਮਹਾਤਮਾ ਕਰਕੇ ਜਾਣਿਆ ਜਾਂਦਾ ਸੀ।

ਸਤਿਗੁਰੂ ਜੀ ਕੁਝ ਦਿਨ ਅੰਮ੍ਰਿਤਸਰ ਵਿਚ ਹੀ ਟਿਕੇ ਰਹੇ। ਸਤਿਗੁਰੂ ਜੀ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 265



Sri Satguru Jagjit Singh Ji Elibrary NamdhariElibrary@gmail.com

ਵਲੋਂ ਵੀ ਸੈਂਕੜੇ ਕੰਬਲ ਤੇ ਬਸਤਰ ਲੋੜਵੰਦਾਂ ਵਿਚ ਵੰਡੇ ਗਏ।

ਇਸ ਗੱਲ ਦਾ ਵੀ ਹਵਾਲਾ ਮਿਲਦਾ ਹੈ ਕਿ ਅੰਮ੍ਰਿਤਸਰ ਦੇ ਈਸਾਈ ਪਾਦਰੀ ਮਿਸਟਰ ਕਲਾਰਕ ਨੇ ਵੀ ਸਤਿਗੁਰੂ ਜੀ ਨਾਲ ਮੁਲਾਕਾਤ ਕੀਤੀ ਸੀ। ਮਿਸਟਰ ਮੈਕਐਂਡਰੀਊ ਮਿਸਟਰ ਕ੍ਰਿਸਟੀ ਅਤੇ ਮਿਸਟਰ ਮੈਨਜ਼ੀਸ ਵਰਗੇ ਸਰਕਾਰੀ ਅਧਿਕਾਰੀਆਂ ਨੇ ਪੰਜਾਬ ਸਰਕਾਰ ਨੂੰ ਭੇਜੀਆਂ ਆਪਣੀਆਂ ਰਿਪੋਰਟਾਂ ਵਿਚ ਸ੍ਰੀ ਸਤਿਗੁਰੂ ਜੀ ਦੇ ਕਿਰਦਾਰ ਅਤੇ ਨਾਮਧਾਰੀ ਸਾਧ-ਸੰਗਤ ਦੇ ਅਨੁਸ਼ਾਸ਼ਨ ਵਿਚ ਵਿਚਰਨ ਅਤੇ ਸਤਿਗੁਰੂ ਜੀ ਦੇ ਦੀਵਾਨ ਦੇ ਸ਼ਾਂਤੀਵਰਧਕ ਮਾਹੌਲ ਦੀ ਬੜੀ ਪ੍ਰਸ਼ੰਸ਼ਾ ਕੀਤੀ ਹੈ। ਵਿਸ਼ੇਸ਼ ਕਰਕੇ ਉਲੇਖ ਕੀਤਾ ਹੈ ਕਿ ਨਾਮਧਾਰੀ ਸੰਗਤ ਵਿਚ ਨਾ ਕੋਈ ਰੌਲਾ-ਗੌਲਾ ਦ੍ਰਿਸ਼ਟੀਗੋਚਰ ਹੋਇਆ ਅਤੇ ਨਾ ਹੀ ਕਿਸੇ ਦੰਗੇ ਫਸਾਦ ਦੀ ਸੂਚਨਾ ਮਿਲੀ। ਪਰ ਅਕਾਲ ਬੁੰਗੇ ਦੇ ਪੁਜਾਰੀ ਸਤਿਗੁਰੂ ਰਾਮ ਸਿੰਘ ਦੇ ਦਿਨੋਂ ਦਿਨ ਵੱਧ ਰਹੇ ਪ੍ਰਤਾਪ ਤੋਂ ਖੁਸ਼ ਨਹੀਂ ਸਨ। ਇਸ ਗੱਲ ਦਾ ਵੀ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਸਿੱਖਾਂ ਦੇ ਤਖਤਾਂ ਨੂੰ ਅਤੇ ਮੁੱਖ ਇਤਿਹਾਸਿਕ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਕੂਕਿਆਂ ਦੀ ਅਰਦਾਸ ਨਾ ਕਰਨ ਅਤੇ ਭੇਟਾ ਨਾ ਪ੍ਰਵਾਨ ਕਰਨ ਬਾਰੇ ਪੱਤਰ ਲਿਖੇ ਸਨ।

[1*]ਸੰਤ ਬਾਹੋਵਾਲ ਦੇ ਅਨੁਸਾਰ - ਇਕ ਸਿੱਖ ਨੂੰ ਚਿੱਠੀ ਦੇ ਕੇ ਅਕਾਲ ਬੁੰਗੇ ਦੇ ਪੁਜਾਰੀਆਂ ਨੇ ਹਜ਼ੂਰ ਸਾਹਿਬ ਭੇਜਿਆ "ਸਿੰਘ ਕੋ ਪ੍ਰੇਰਨਾ ਹੋਈ"।

ਉਸ ਨੇ ਅਬਚਲ ਨਗਰ ਜਾਣ ਦੀ ਥਾਂ ਉਹ ਪੱਤਰ ਭੈਣੀ ਸਾਹਿਬ ਪੁੱਜ ਕੇ ਸਤਿਗੁਰੂ ਰਾਮ ਸਿੰਘ ਨੂੰ ਦੇ ਦਿੱਤਾ ਅਤੇ ਕਿਹਾ ਮੈਂ ਇਹ ਪੱਤਰ ਨਹੀਂ ਲਿਜਾ ਸਕਦਾ। ਉਸ ਨੇ ਇਹ ਵੀ ਦੱਸਿਆ ਕਿ ਅਜਿਹੇ ਪੱਤਰ ਸਾਰੇ ਤਖਤਾਂ ਅਤੇ ਗੁਰੂ ਧਾਮਾਂ ਨੂੰ ਭੇਜੇ ਗਏ ਹਨ। ਆਪ ਜੀ ਦੇ ਗੁਰੂ ਮੰਤਰ ਨੂੰ ਕਲਾਮ ਦੱਸਦੇ ਹਨ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਜੋ ਗੁਰੂ ਮੰਤਰ ਨੂੰ ਕਲਾਮ ਦੱਸਦੇ ਹਨ, ਉਹਨਾਂ ਨੂੰ ਧੁਰ ਦਰਗਾਹ ਵਿੱਚ ਸਜਾਵਾਂ ਮਿਲਣਗੀਆਂ, "ਉਹਨਾਂ ਦੇ ਸਿਰ ਵਿਚ ਤੱਤਾ ਤੇਲ ਪਊ, ਮੂੰਹ ਕਾਲਾ ਅਤੇ ਨੀਲੇ ਪੈਰ ਹੋਣਗੇ।"

### [2*]ਕਰਨਲ ਮੈਕਐਂਡਰੀਊ ਦੀ ਰਿਪੋਰਟ

ਇਸ ਦੀਵਾਲੀ ਦੇ ਸਮੇਂ ਮੈਂ ਅੰਮ੍ਰਿਤਸਰ ਵਿਚ ਸਾਂ। ਕਪਤਾਨ ਮੈਨਜ਼ੀਸ ਨੇ ਜਿਹੜਾ ਪੁਲਿਸ ਦਾ ਪ੍ਰਬੰਧ ਕੀਤਾ ਉਹ ਬੜਾ ਨਿਆਏ ਉਚਿੱਤ ਤੇ ਸਫ਼ਲ ਸੀ, ਜਿਸ ਨੇ ਅਪਰਾਧਾਂ ਦੀ ਰੋਕਥਾਮ ਵੀ ਕੀਤੀ ਅਤੇ ਪ੍ਰਬੰਧ ਨੂੰ ਵੀ ਸੁਚਾਲੂ ਰੱਖਿਆ। ਇਸ ਅਵਸਰ ਉੱਤੇ ਪਿੰਡਾਂ ਵਿਚ ਪਈ ਬੀਮਾਰੀ ਕਾਰਨ ਲੋਕ ਘੱਟ ਗਿਣਤੀ

---

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 268

[2*] ਸ੍ਰ. ਨਾਹਰ ਸਿੰਘ, ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਭਾਗ ਪਹਿਲਾ, ਪੰਨਾ 80-81



Sri Satguru Jagjit Singh Ji Elibrary NamdhariElibrary@gmail com

ਵਿਚ ਆਏ। ਇਸ ਤਰ੍ਹਾਂ ਮਾਲ ਮੰਡੀ ਵਿਚ ਵੀ ਰੌਣਕ ਬੜੀ ਘੱਟ ਅਤੇ ਖਰੀਦੋ ਫ਼ਰੋਖਤ ਵੀ ਆਸ ਤੋਂ ਥੋੜ੍ਹੀ ਸੀ। ਘੋੜ ਮੰਡੀ ਦਾ ਵੀ ਇਹੋ ਹਾਲ ਸੀ। ਮੈਂ ਰਾਮ ਸਿੰਘ ਨੂੰ ਵੀ ਮਿਲਿਆ ਸਾਂ, ਜਿਸ ਨੇ ਸਰਕਾਰ ਦਾ ਉਸ ਉਤੇ ਲਾਈਆਂ ਗਈਆਂ ਪਾਬੰਦੀਆਂ ਨੂੰ ਹਟਾਉਣੇ ਉਤੇ ਧੰਨਵਾਦ ਕੀਤਾ ਸੀ। ਲੋਕਾਂ ਵਿਚ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਬੜੀ ਜਗਿਆਸਾ ਸੀ ਅਤੇ ਵੱਡੀ ਗਿਣਤੀ ਵਿਚ ਲੋਕ ਉਸ ਦੇ ਦਰਸ਼ਨ ਕਰਨ ਗਏ।

ਮੈਂ ਆਨਰੇਰੀ ਮਿਜਿਸਟਰੇਟ ਤੇ ਦਰਬਾਰ ਸਾਹਿਬ ਦੇ ਸਰਪ੍ਰਸਤ ਸ. ਮੰਗਲ ਸਿੰਘ ਰਾਮਗੜ੍ਹੀਏ ਤੇ ਹੋਰ ਬਹੁਤ ਸਾਰੇ ਸਿੱਖਾਂ ਤੋਂ ਰਾਮ ਸਿੰਘ ਬਾਰੇ ਉਨ੍ਹਾਂ ਦੇ ਵਿਚਾਰ ਪੁੱਛੇ। ਸਭ ਨੇ ਇਹੋ ਕਿਹਾ ਕਿ ਉਹ ਇਕ ਭਲਾ ਪੁਰਸ਼ ਹੈ ਅਤੇ ਅਮਨ ਪਸੰਦ ਵਿਅਕਤੀ ਹੈ, ਜੋ ਆਪਣੇ ਮਤ ਦਾ ਪ੍ਰਚਾਰ ਕਰਦਾ ਹੈ ਪਰ ਕੁਝ ਲੋਕਾਂ ਨੇ ਉਸ ਦੇ ਸੂਬਿਆਂ ਬਾਰੇ ਅਤੇ ਖਾਸ ਕਰਕੇ ਸੂਬਾ ਸਾਹਿਬ ਸਿੰਘ (ਜਿਸ ਨੂੰ ਰਾਮ ਸਿੰਘ ਦਾ ਉੱਤਰ ਅਧਿਕਾਰੀ ਮੰਨਿਆ ਜਾਂਦਾ ਹੈ) ਅਤੇ ਲੱਖਾ ਸਿੰਘ ਬਾਰੇ ਚੰਗੀ ਰਾਏ ਨਹੀਂ ਦਿੱਤੀ। ਲੱਖਾ ਸਿੰਘ ਸ਼ੇਰ ਦਿਲ ਰੈਜੀਮੈਂਟ ਦਾ ਨਾਮਕੱਟਾ ਸਿਪਾਹੀ ਦੱਸਿਆ ਜਾਂਦਾ ਹੈ। ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸ ਰਾਮਦਾਸ ਪੁਰੇ ਆਇ ਗਿਆ। ਅਰਦਾਸ ਕੱਢਕੇ ਗੁਰੂ ਜੀ ਅੱਗੇ ਰੱਖੀ। ਕੈਹਣ ਲੱਗਾ ਜੀ ਏਹ ਅਰਦਾਸ ਪੁਜਾਰੀਆਂ ਨੇ ਦਿੱਤੀ ਹੈ ਕਿ ਅਬਚਲ ਨਗਰ ਕੋ ਜਾਓ। ਮੈਨੂੰ ਪ੍ਰੇਰਨਾ ਹੋਈ ਤਾਂ ਮੈਂ ਹਜ਼ੂਰ ਦੀ ਤਾਬਿਆ ਲਿਆਇ ਧਰੀ ਹੈ। ਗੁਰੂ ਜੀ ਕਹਿਆ ਲੈ ਜਾ। ਕੈਹਣੇ ਲਗਾ ਜੀ ਮੈਨੂੰ ਅਕਾਲ ਪੁਰਖ ਨੇ ਹੁਕਮ ਕੀਤਾ ਕਿ ਤੂੰ ਸਤਿਗੁਰੂ ਜੀ ਕੋ ਮਿਲ, ਸੋ ਤਾਂ ਮੈਂ ਆਇਆ ਹਾਂ। ਮੈਂ ਨਹੀਂ ਲਜਾ ਸਕਦਾ। ਸਭਨੀਂ ਗੁਰਦਵਾਰੀਂ ਅਰਦਾਸਾਂ ਭੇਜੀਆਂ ਹਨ ਕਿ ਕੂਕੇ ਕਲਾਮ ਪੜਦੇ ਹੈਨ, ਏਨ੍ਹਾਂ ਕੋ ਤਖ਼ਤ ਨਹੀਂ ਚੜ੍ਹਨ ਦੇਣਾ। ਏਨ੍ਹੀਂ ਗੁਰਦਵਾਰੀਂ ਚਿੱਠੀਆਂ ਭੇਜੀਆਂ ਹਨ-ਮੁਕਤਸਰ, ਦਮਦਮੇ ਸਾਹਿਬ, ਅਨੰਦਪੁਰ ਸਾਹਿਬ, ਪਟਣੇ ਸਾਹਿਬ ਅਤੇ ਅਬਚਲ ਨਗਰ।

### ਗਵਰਨਰ ਜਨਰਲ ਨਾਲ ਮੁਲਾਕਾਤ

ਗਵਰਨਰ ਜਨਰਲ ਕਲਕੱਤੇ ਤੋਂ ਲੁਧਿਆਣੇ ਆਇਆ। ਸਤਿਗੁਰੂ ਜੀ ਨੂੰ ਵੀ ਇਸ ਅੰਵਸਰ ਤੇ ਬੁਲਾਇਆ ਗਿਆ। ਸਤਿਗੁਰੂ ਜੀ ਚੀਨੀ ਘੋੜੀ ਤੇ ਸਵਾਰ ਹੋ ਕੇ ਕੁਝ ਸਿੰਘਾਂ ਸਮੇਤ ਲੁਧਿਆਣੇ ਪਹੁੰਚੇ। ਗਵਰਨਰ ਜਨਰਲ ਨੇ ਪੁੱਛਿਆ ਇਹ ਕੌਣ ਆਉਂਦਾ ਹੈ? ਕਿਸੇ ਨੇ ਕਿਹਾ ਇਹ ਕੂਕਿਆਂ ਦਾ ਗੁਰੂ ਹੈ। ਇਸ ਮੁਲਾਕਾਤ ਦਾ ਹਵਾਲਾ [1*]ਸੰਤ ਬਾਹੋਵਾਲ ਨੇ ਬੜੇ ਰੌਚਿਕ ਢੰਗ ਨਾਲ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 268



Sri Satguru Jagjit Singh Ji Elibrary NamdhariElibrary@gmail.com

ਕੀਤਾ ਹੈ, ਜਿਸ ਵਿਚ ਸਤਿਗੁਰੂ ਜੀ ਵਲੋਂ ਕੀਤੇ ਗਏ ਵਚਨ ਉਨ੍ਹਾਂ ਦੇ ਜੀਵਨ ਦਰਸ਼ਨ ਦੀ ਪੂਰੀ ਤਰ੍ਹਾਂ ਵਿਆਖਿਆ ਕਰਦੇ ਹਨ :

"ਲਾਟ ਨੇ ਪੈਹਲੇ ਇੱਕ ਆਦਮੀ ਭੇਜਿਆ, ਉਸ ਨੇ ਮੱਥਾ ਟੇਕਿਆ। ਫੇਰ ਲਾਟ ਭੀ ਆਇਆ ਅਤੇ ਟੋਪੀ ਲਾਹ ਕੇ ਸਲਾਮ ਕੀਤੀ। ਉਸ ਵਕਤ ਬਾਰਸ਼ ਨਹੀਂ ਪੈਂਦੀ ਸੀ। ਲਾਟ ਨੇ ਸਵਾਲ ਕੀਤਾ ਜੀ ਬਾਰਸ਼ ਨਹੀਂ ਪੈਂਦੀ। ਕਿਰਪਾ ਕਰੋ ਤਾਂ ਬਾਰਸ਼ ਪੈ ਜਾਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਇਹ ਲੋਕ ਬਿਆਜ ਛੱਡ ਦੇਣ ਅਤੇ ਧੀਆਂ ਦਾ ਪੈਸਾ ਲੈਣਾ ਛੱਡ ਦੇਣ ਅਤੇ ਮਿਰਗਾਂ ਕੋ ਨਾ ਕੋਈ ਮਾਰੇ ਤਾਂ ਅਸੀਂ ਬੀ ਪ੍ਰਮੇਸ਼ਵਰ ਪਾਸ ਅਰਜ ਕਰਾਂਗੇ ਮੀਂਹ ਪੈ ਜਾਏਗਾ। ਲਾਟ ਕੋ ਬਚਨ ਕੀਤਾ ਤੁਸੀਂ ਗਊ ਬੁੱਧ ਛੱਡ ਦਿਓ ਤਾਂ ਪ੍ਰਮੇਸਰ ਤੁਹਾਡੇ ਪਰ ਖੁਸ਼ ਹੋਵੇਗਾ, ਪਰਜਾ ਸੁਖੀ ਵਸੇਗੀ ਸਭ ਚੁਪ ਹੋਇ ਗਏ। ਸਣੇ ਲਾਟ ਕੋਈ ਨਾ ਬੋਲਿਆ। ਇਤਨੇ ਬਚਨ ਕਰਕੇ ਸਤਿਗੁਰੂ ਜੀ ਘੋੜੀ ਪਰ ਚੜ੍ਹ ਗਏ।"

[1*]ਇਸੇ ਸਮੇਂ ਬਾਬਾ ਜੱਸਾ ਸਿੰਘ ਨੇ ਕਛਹਿਰਾ ਪਹਿਨਿਆ ਤੇ ਅੰਮ੍ਰਿਤ ਛਕਿਆ ਕਿਉਂਜੋ ਉਸ ਨੂੰ ਸੁਪਨੇ ਵਿਚ ਦ੍ਰਿਸ਼ਟਾਂਤ ਹੋਇਆ ਸੀ ਕਿ ਦਰਗਾਹ ਵਿਚ ਕਛਹਿਰਾ ਪਹਿਨਣ ਤੋਂ ਬਿਨਾਂ ਅੰਦਰ ਜਾਣ ਦੀ ਆਗਿਆ ਨਹੀਂ ਹੁੰਦੀ।

## ਮੜ੍ਹੀਆਂ ਮਸਾਣਾ ਅਤੇ ਕਬਰਾਂ ਦੀ ਪੂਜਾ-ਮੰਨਤਾਂ ਤੋਂ ਹਟਾਉਣਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਾਕ ਹੈ-'ਗੋਰ ਮੜ੍ਹੀ ਮੱਟ ਭੂਲ ਨਾ ਮਾਨਿਊ'। ਗੁਰੂ ਸਾਹਿਬਾਨ ਨੇ ਸਦਾ ਹੀ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਕਰਨ ਤੋਂ ਵਰਜਿਆ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਭੂ ਪ੍ਰੀਤਮ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ-ਮੰਨਤਾ ਤੇ ਕਈ ਤਰ੍ਹਾਂ ਦੇ ਅੰਧ ਵਿਸ਼ਵਾਸਾਂ ਤੋਂ ਆਪਣੇ ਪੈਰੋਕਾਰਾਂ ਨੂੰ ਮੁਕਤ ਕੀਤਾ ਪਰ ਕਈ ਜੋਸ਼ੀਲੇ ਨਾਮਧਾਰੀਆਂ ਨੇ ਆਪਣੇ ਵੱਡੇ ਵਡੇਰਿਆਂ ਦੇ ਜਠੇਰਿਆਂ ਮੱਠਾਂ ਅਤੇ ਸਮਾਧਾਂ, ਪੀਰਾਂ ਦੀਆਂ ਕਬਰਾਂ ਅਤੇ ਖ਼ਾਨਗਾਹਾਂ ਤੇ ਦੀਵੇ ਜਗਾਉਣ ਤੋਂ ਰੋਕਣ ਦੀ ਥਾਂ ਉਨ੍ਹਾਂ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਹ ਲੋਕ ਜੋ ਇਨ੍ਹਾਂ ਸਥਾਨਾਂ ਦੀ ਮੰਨਤਾ ਤੋਂ ਪੂਜਾ ਤੇ ਭੇਟਾ ਦਾ ਲਾਭ ਉਠਾਉਂਦੇ ਸਨ, ਨਾਮਧਾਰੀਆਂ ਦਾ ਵਿਰੋਧ ਕਰਨ ਲੱਗੇ। ਇਸ ਸੰਬੰਧ ਵਿਚ ਸਰਕਾਰੇ ਦਰਬਾਰੇ ਰਿਪੋਰਟਾਂ ਵੀ ਕੀਤੀਆਂ ਗਈਆਂ ਅਤੇ ਕਈ ਨਾਮਧਾਰੀਆਂ ਉੱਤੇ ਮੁਕੱਦਮੇ ਚੱਲੇ ਅਤੇ ਸ਼ਜਾਵਾਂ ਵੀ ਹੋਈਆਂ। ਇਹ ਲਹਿਰ ਮਾਲਵੇ ਤੋਂ ਬਿਨਾਂ ਪੰਜਾਬ ਦੇ ਬਹੁਤ ਸਾਰੇ ਹੋਰ ਇਲਾਕਿਆਂ ਵਿਚ ਵੀ ਫੈਲ ਗਈ। ਇਸ ਸੰਬੰਧ ਵਿਚ ਨਾਮਧਾਰੀ ਇਤਿਹਾਸਕਾਰਾਂ ਨੇ ਕੁਝ ਮੁਕੱਦਮਿਆਂ ਤੇ ਦਿੱਤੀਆਂ ਗਈਆਂ ਸ਼ਜ਼ਾਵਾਂ ਦੇ ਵੇਰਵੇ ਵੀ ਦਿੱਤੇ ਹਨ। ਪਰ ਇਸ ਨਾਲ ਲੋਕਾਂ ਵਿਚ ਦੁਫੇੜ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 270

[2*] ਡਾ: ਜਸਵੰਤ ਸਿੰਘ ਜਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 131



Sri Satguru Jagjit Singh Ji Elibrary NamdhariElibrary@gmail.com

ਵੀ ਪੈਂਦਾ ਸੀ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਵਲੋਂ ਵੀ ਇਸ ਨੂੰ ਪੂਰੀ ਹਮਾਇਤ ਪ੍ਰਾਪਤ ਨਹੀਂ ਸੀ। ਮਿਸਟਰ ਮੈਕਐਂਡਰੀਊ ਦੇ ਸਤਿਗੁਰੂ ਰਾਮ ਸਿੰਘ ਜੀ ਤੋਂ ਪੁੱਛਣ ਉੱਤੇ ਸਤਿਗੁਰੂ ਜੀ ਨੇ ਉੱਤਰ ਦਿੱਤਾ ਸੀ ਕਿ ਮੈਂ ਆਪ [1*]"ਇਸ ਚੀਜ਼ ਨੂੰ ਬਹੁਤ ਬੁਰਾ ਮੰਨਦਾ ਹਾਂ ਕਿਉਂਕਿ ਅਜਿਹਾ ਕਰਨ ਨਾਲ ਮਨੁੱਖੀ ਹਿਰਦਿਆਂ ਨੂੰ ਠੇਸ ਲੱਗਦੀ ਹੈ।"

ਸਤਿਗੁਰੂ ਰਾਮ ਸਿੰਘ ਜੀ ਗਿਆਨ ਅਤੇ ਪ੍ਰਚਾਰ ਦੁਆਰਾ ਅਜਿਹੇ ਅੰਧਵਿਸ਼ਵਾਸਾਂ ਤੇ ਭਰਮਾਂ ਦਾ ਨਾਸ਼ ਕਰਨਾ ਚਾਹੁੰਦੇ ਸਨ, ਸੋ ਉਨ੍ਹਾਂ ਨੇ ਅਜਿਹਾ ਹੀ ਕੀਤਾ ਹੈ। ਮੜੀ ਮਸਾਣਾਂ ਤੇ ਕਬਰਾਂ ਢਾਹੁਣ ਦੀ ਲਹਿਰ ਛੇਤੀ ਹੀ ਮੱਠੀ ਪੈ ਗਈ ਪਰ ਸਤਿਗੁਰੂ ਜੀ ਨੇ ਕਈ ਹੋਰ ਖੇਤਰਾਂ ਵਿਚ ਨਵੇਂ ਸੁਧਾਰ ਕੀਤੇ। ਉਸ ਸਮੇਂ ਝਿਊਰ ਜਾਂ ਮਾਸ਼ਕੀ ਚਮੜੇ ਦੇ ਬੋਕਿਆਂ ਨਾਲ ਖੂਹਾਂ 'ਚ ਪਾਣੀ ਕੱਢਦੇ ਸਨ ਅਤੇ ਚਮੜੇ ਦੀਆਂ ਮਸ਼ਕਾਂ ਭਰਕੇ ਘਰ ਘਰ ਪਾਣੀ ਪਹੁੰਚਾਉਂਦੇ ਸਨ ਪਰ ਨਾਮਧਾਰੀਮਤ ਦੇ ਪ੍ਰਚਾਰ ਨਾਲ ਲੋਕਾਂ ਨੇ ਲੋਹੇ ਪਿੱਤਲ ਦੀਆਂ ਬਾਲਟੀਆਂ ਤੇ ਗਾਗਰਾਂ ਰਾਹੀਂ ਪਾਣੀ ਭਰਨਾ ਸ਼ੁਰੂ ਕਰ ਦਿੱਤਾ। ਨਾਮਧਾਰੀ ਘਰਾਂ ਵਿਚੋਂ ਚਮੜੇ ਦੇ ਬੋਕਿਆਂ ਤੇ ਮਸ਼ਕਾਂ ਦਾ ਰਿਵਾਜ਼ ਬਿਲਕੁਲ ਹੀ ਅਲੋਪ ਹੋ ਗਿਆ।

"ਪਿੰਡ ਖਟੜੇ, ਠਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ ਦੇ ਨਾਮਧਾਰੀਆਂ ਨੇ ਆਪਣੇ ਜਠੇਰਿਆਂ ਦੀਆਂ ਮੜ੍ਹੀਆਂ ਢਾਹ ਦਿੱਤੀਆਂ। ਏਥੋਂ ਦੇ ਬਾਹਮਣਾਂ ਨਾਲ ਇਕ ਵਾਰੀ ਪਹਿਲੋਂ ਭੀ ਨਾਮਧਾਰੀਆਂ ਦੀ ਲੜਾਈ ਹੋ ਪਈ ਸੀ। ਬਾਹਮਣਾਂ ਨੇ ਪੁਲੀਸ ਵਿਚ ਸ਼ਿਕਾਇਤ ਕੀਤੀ। ਮੁਕੱਦਮਾ ਚਲਿਆ। ਕੂਕਿਆਂ ਨੇ ਸਾਫ ਸਾਫ ਬਿਆਨ ਦਿੱਤੇ ਕਿ ਹੁਣ ਉਹ ਕੂਕੇ ਬਣ ਗਏ ਹਨ ਅਤੇ ਹੁਣ ਆਪਣੇ ਜਠੇਰਿਆਂ ਦੀਆਂ ਮੜੀਆਂ ਨੂੰ ਨਹੀਂ ਮੰਨਦੇ। ਪਰ ਫਿਰ ਵੀ ਚਾਰ ਕੂਕਿਆਂ ਖਜ਼ਾਨ ਸਿੰਘ, ਕਾਹਨ ਸਿੰਘ, ਵਸਾਵਾ ਸਿੰਘ ਅਤੇ ਬਹਾਦੁਰ ਸਿੰਘ ਨੂੰ ਛੇ ਛੇ ਮਹੀਨੇ ਕੈਦ ਤੇ ਦਸ ਦਸ ਰੁਪਏ ਜੁਰਮਾਨਾ ਜਾਂ ਇਕ ਦਿਨ ਮਹੀਨਾ ਹੋਰ ਕੈਦ ਦੀਆਂ ਸਜ਼ਾਵਾਂ ਹੋਈਆਂ। ਪਿੰਡ ਭਮੱਦੀ ਥਾਨਾ ਖੰਨਾ ਦੇ ਮੇਘ ਸਿੰਘ, ਸ਼ੇਰ ਸਿੰਘ, ਜੋਤਾ ਸਿੰਘ ਅਤੇ ਗੁਲਾਬ ਸਿੰਘ ਮਜ਼ਹਬੀ ਨੇ ਆਪਣੇ ਪਿੰਡ ਵਿਚ ਇਕ ਮੜ੍ਹੀ ਤੇ ਪੀਰ ਖਾਨਾ ਢਾਹ ਦਿੱਤੇ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਅਗੇ ਸਚ ਸਚ ਕਹਿ ਦਿੱਤਾ ਕਿ ਮੜ੍ਹੀ ਤੇ ਪੀਰ ਖਾਨਾ ਉਨ੍ਹਾਂ ਦੇ ਬਜ਼ੁਰਗਾਂ ਨੇ ਬਣਾਏ ਸਨ ਪਰ ਹੁਣ ਉਹ ਇਨ੍ਹਾਂ ਨੂੰ ਨਹੀਂ ਪੂਜਦੇ। ਸੋ ਢਾਹ ਦਿੱਤੇ ਹਨ। ਇਨ੍ਹਾਂ ਨੂੰ ਭੀ ਛੇ ਛੇ ਮਹੀਨੇ ਕੈਦ ਅਤੇ ਦਸ ਦਸ ਰੁਪਏ ਜੁਰਮਾਨਾ ਜਾਂ ਇਕ ਇਕ ਮਹੀਨਾ ਹੋਰ ਕੈਦ ਦੀ ਸਜ਼ਾ ਹੋਈ। ਸੰਨ 1866 ਅਤੇ 1867 ਵਿਚ ਇਸ ਕਿਸਮ ਦੀਆਂ ਕਈ ਵਾਰਦਾਤਾਂ ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਗੁਜਰਾਂਵਾਲੇ ਦੇ ਜ਼ਿਲ੍ਹਿਆਂ ਵਿਚ ਹੋਈਆਂ।"

[1*] ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 239-240



Sri Satguru Jagjit Singh Ji Elibrary NamdhariElibrary@gmail.com

[1*] "ਜੋਸ਼ ਵਿਚ ਆ ਕੇ ਕੂਕਿਆਂ ਨੇ ਗੁੱਗੇ ਦੀ ਮੜ੍ਹੀ ਛਪਾਰ, ਮਾਤਾ ਦਾ ਥਾਨ ਜਰਗ, ਗੁੱਗੇ ਦੀ ਮੜ੍ਹੀ ਬੀਕਾਨੇਰ, ਹੈਦਰ ਸ਼ੇਰ ਦੀ ਖ਼ਾਨਗਾਹ ਮਲੇਰਕੋਟਲਾ, ਜੋਗੀਆਂ ਦਾ ਡੇਰਾ ਸਰਹਾਲੀ (ਅੰਮ੍ਰਿਤਸਰ) ਸਤੀ ਦਾ ਸਥਾਨ ਰਾਇਪੁਰ ਗੁਜਰਵਾਲ ਆਦਿ ਵੱਧੇਰੇ ਮਹਾਨਤਾ ਰੱਖਣ ਵਾਲੇ ਸਥਾਨ ਵੀ ਢਾਹ ਢੇਰੀ ਕਰ ਦਿੱਤੇ। ਕਈ ਦੋਸ਼ੀ ਫੜੇ ਗਏ ਤੇ ਉਨ੍ਹਾਂ ਨੂੰ ਸਜ਼ਾਵਾਂ ਭੀ ਦਿੱਤੀਆਂ ਗਈਆਂ।"

**ਨਾਮਧਾਰੀ ਮਤ ਦਾ ਕ੍ਰਾਂਤੀਕਾਰੀ ਪਾਸਾਰ (1868 ਤੋਂ 1870)**

**(1) 1863 ਤੋਂ 1868 ਤੱਕ ਦੀਆਂ ਸਰਕਾਰੀ ਰਿਪੋਰਟਾਂ**

'Rebels Against the British Rule' ਪੁਸਤਕ ਵਿਚ ਪੰਨਾ 39 ਤੋਂ 48 ਉਤੇ T. H. Thorntioon ਸਕੱਤਰ ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਨੂੰ ਭੇਜੀ ਗਈ ਰਿਪੋਰਟ ਵਿਚ ਕੂਕਾ ਮਤ ਬਾਰੇ ਸਰਕਾਰੀ ਦ੍ਰਿਸ਼ਟੀਕੋਣ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ ਹੈ। ਇਸ ਰਿਪੋਰਟ ਵਿਚ ਵੱਖ ਵੱਖ ਜ਼ਿਲ੍ਹਿਆਂ ਤੋਂ ਮਿਲੀਆਂ ਰਿਪੋਰਟਾਂ ਦੇ ਹਵਾਲੇ ਦੇ ਕੇ ਉਪਰੋਕਤ ਅਧਿਕਾਰੀ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਨਾਮਧਾਰੀਮਤ ਦਾ ਇਤਿਹਾਸ ਦੱਸ ਕੇ ਅਤੇ ਇਸ ਦੇ ਜਨਮ ਨੂੰ ਗੁਰੂ ਬਾਲਕ ਸਿੰਘ ਹਜ਼ਰੋ ਨਿਵਾਸੀ ਨਾਲ ਜੋੜ ਕੇ ਵੱਖ ਵੱਖ ਤਬਕਿਆਂ ਵਿਚੋਂ ਨਵੇਂ ਨਾਮਧਾਰੀਆਂ ਬਾਰੇ ਵੇਰਵੇ ਦਿੱਤੇ ਗਏ ਹਨ ਅਤੇ ਮੜ੍ਹੀਆਂ ਮਸਾਣਾਂ ਢਾਹੁਣ ਦੇ ਸੰਬੰਧ ਵਿਚ ਚਲਾਏ ਗਏ ਮੁਕੱਦਮਿਆਂ ਬਾਰੇ ਅਤੇ ਅਖਾਉਤੀ ਦੋਸ਼ੀਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਬਾਰੇ ਉਲੇਖ ਵੀ ਕੀਤਾ ਗਿਆ ਹੈ। ਇਸ ਉਪਰੰਤ 252 ਉੱਘੇ ਕੂਕਿਆਂ ਦੀ ਸੂਚੀ ਅੰਕਿਤ ਕੀਤੀ ਗਈ ਹੈ।

ਇਸ ਪੱਤਰ ਤੋਂ 1863 ਤੋਂ ਪਿਛੋਂ ਨਾਮਧਾਰੀ ਮਤ ਦੀਆਂ ਕਾਰਵਾਈਆਂ ਬਾਰੇ ਸਰਕਾਰੀ ਦ੍ਰਿਸ਼ਟੀਕੋਣ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਸਰਕਾਰ ਦੀ ਨਿਗ੍ਹਾ ਵਿਚ ਇਸ ਮਤ ਦੇ ਰਾਜਨੀਤਕ ਕਿਰਦਾਰ ਬਾਰੇ ਵੀ ਬੋਧ ਹੋ ਜਾਂਦਾ ਹੈ।

ਸਵਾਲ ਇਹ ਉਠਦਾ ਹੈ ਕਿ ਜੇ ਸਰਕਾਰ ਇਸ ਲਹਿਰ ਨੂੰ ਕੇਵਲ ਧਾਰਮਿਕ ਲਹਿਰ ਹੀ ਸਮਝਦੀ ਹੁੰਦੀ ਤਾਂ ਉਸ ਨੂੰ 252 ਉੱਘੇ ਨਾਮਧਾਰੀਆਂ ਦੀ ਸੂਚੀ ਤਿਆਰ ਕਰਨ ਦੀ ਲੋੜ ਹੀ ਨਹੀਂ ਸੀ ਪੈਣੀ। ਇਸ ਰਿਪੋਰਟ ਦੇ ਅਧਿਐਨ ਤੋਂ ਇਹ ਸਾਫ਼ ਪਤਾ ਲੱਗ ਜਾਂਦਾ ਹੈ ਕਿ ਵੱਡੀ ਗਿਣਤੀ ਵਿਚ ਬਣੇ ਨਵੇਂ ਕੂਕਿਆਂ ਦੇ ਮਨਾਂ ਵਿਚ ਰਾਜਨੀਤਕ ਆਦਰਸ਼ ਤੇ ਸੁਪਨੇ ਵੀ ਜਾਗਰੂਪ ਹੋ ਰਹੇ ਸਨ।

[1*] T. H. Thornton ਦੇ ਇਸ ਦਸਤਾਵੇਜ਼ੀ ਪੱਤਰ ਦੇ ਭਿੰਨ ਭਿੰਨ ਪੱਖਾਂ ਦਾ ਉਲੇਖ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ :

[1*] ਡਾ. ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ 130



Sri Satguru Jagjit Singh Ji Elibrary NamdhariElibrary@gmail com

(1) ਭਾਵੇਂ ਨਾਮਧਾਰੀ ਮਤ ਦਾ ਇਤਿਹਾਸਿਕ ਪਿਛੋਕੜ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਦੀ ਚਲਾਈ ਹੋਈ ਗੁਰਮਤਿ ਧਾਰਾ ਨਾਲ ਜਾ ਜੁੜਦਾ ਹੈ ਪਰ ਇਸ ਪੱਤਰ ਵਿਚ ਸਾਮਿਅਕ ਤੱਥਾਂ ਨੂੰ ਮੁੱਖ ਰੱਖ ਕੇ ਕੂਕਾ ਮਤ ਨੂੰ ਹਜ਼ਰੋ ਦੇ ਗੁਰੂ ਬਾਲਕ ਸਿੰਘ ਨਾਲ ਹੀ ਜੋੜਿਆ ਗਿਆ ਹੈ। ਕੂਕਾ ਮਤ ਦਾ ਵੱਖ ਵੱਖ ਜ਼ਿਲ੍ਹਿਆਂ ਵਿਚ ਹੋਇਆ ਪਾਸਾਰ ਤੇ ਵਾਧੇ ਦਾ ਜ਼ਿਲ੍ਹਿਆਂ ਅਨੁਸਾਰ ਵਰਣਨ ਕੀਤਾ ਗਿਆ ਹੈ। ਵੱਖ ਵੱਖ ਜ਼ਿਲ੍ਹਿਆਂ ਵਿਚ ਮੜ੍ਹੀ-ਮਸਾਣੀ ਢਾਹੁਣ ਵਾਲਿਆਂ ਤੇ ਚਲਾਏ ਗਏ ਮੁਕੱਦਮਿਆਂ ਅਨੁਸਾਰ ਸਜ਼ਾਵਾਂ ਪਾਉਣ ਵਾਲੇ ਵਿਅਕਤੀਆਂ ਦਾ ਜ਼ਿਕਰ ਵੀ ਹੈ। ਉਦਾਹਰਣ ਵਜੋਂ ਜ਼ਿਲ੍ਹਾ ਗੁੱਜਰਾਂ ਵਾਲੇ ਵਿਚ ਅਤਰ ਸਿੰਘ, ਲਾਲ ਸਿੰਘ, ਸੇਵਾ ਸਿੰਘ, ਸੋਹੇਲ ਸਿੰਘ ਤੇ ਚਤਰ ਸਿੰਘ ਨੂੰ ਤਿੰਨ ਤਿੰਨ ਮਹੀਨਿਆਂ ਦੀ ਸਜਾ ਤੇ ਹਰ ਇਕ ਨੂੰ ਪੰਜ ਪੰਜ ਰੁਪਏ ਜੁਰਮਾਨਾ ਕੀਤਾ ਗਿਆ। ਫਿਰੋਜ਼ਪੁਰ ਜ਼ਿਲ੍ਹੇ ਵਿਚ Sungoor ਸਿੰਘ ਦੀ ਸਮਾਧ ਨੂੰ ਢਾਹੁਣ ਦੇ ਕਾਰਨ ਵਰਿਆਮ ਸਿੰਘ, ਫਤਹਿ ਸਿੰਘ ਅਤੇ ਜੈਮਲ ਸਿੰਘ ਨੂੰ ਤਿੰਨ ਤਿੰਨ ਮਹੀਨਿਆਂ ਦੀ ਸਜ਼ਾ ਅਤੇ 20-20 ਰੁਪਏ ਜੁਰਮਾਨਾ ਕੀਤਾ ਗਿਆ। ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਛੇ-ਛੇ ਮਹੀਨੇ ਦੀ ਹੋਰ ਕੈਦ ਦੀ ਸਜ਼ਾ ਸੁਣਾਈ ਗਈ। ਲੁਧਿਆਣੇ ਦੇ ਜ਼ਿਲ੍ਹੇ ਬਾਰੇ ਲਿਖਿਆ ਗਿਆ ਹੈ ਕਿ ਪ੍ਰਸਿੱਧ ਮੱਠ ਤੇ ਕਬਰਾਂ ਢਾਹੁਣ ਦੀ ਥਾਂ ਹਰ ਪਿੰਡ ਦੇ ਬਾਹਰ ਵਾਰ ਜੋ ਨਿੱਕੇ ਮੋਟੇ ਸਥਾਨ ਮਿਲਦੇ ਸਨ, ਉਨ੍ਹਾਂ ਨੂੰ ਹੀ ਢਾਹ ਢੇਰੀ ਕੀਤਾ ਗਿਆ।

ਇਸ ਤੋਂ ਬਿਨਾਂ ਇਸ ਪੱਤਰ ਵਿਚ ਵੱਖ ਵੱਖ ਜ਼ਿਲ੍ਹਿਆਂ ਵਿਚ ਨਾਮਧਾਰੀ ਮਤ ਦੇ ਪੈਰੋਕਾਰਾਂ ਦੀ ਗਿਣਤੀ ਬਾਰੇ ਦੱਸਿਆ ਗਿਆ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਛੋਟੇ ਤਬਕਿਆਂ ਵਿਚੋਂ ਆਏ ਹੋਏ ਲੋਕ ਹਨ ਪਰ ਹੁਣ ਵੱਡੇ ਵੱਡੇ ਜਾਗੀਰਦਾਰ, ਜਿਨ੍ਹਾਂ ਵਿਚ ਪਟਿਆਲਾ ਨਰੇਸ਼ ਦੇ ਬਿਸ਼ਨਪੁਰੇ ਦੇ ਰਿਸ਼ਤੇਦਾਰ ਮੰਗਲ ਸਿੰਘ ਦਾ ਨਾਮ ਲਿਆ ਗਿਆ ਹੈ, ਜੋ ਨਵਾਂ ਨਵਾਂ ਨਾਮਧਾਰੀ ਸੱਜਿਆ ਹੈ ਤੇ ਕਈ ਹੋਰ ਵੱਡੇ ਵੱਡੇ ਸਰਦਾਰ ਵੀ ਇਸ ਪੰਥ ਵਿਚ ਸ਼ਾਮਿਲ ਹੋ ਰਹੇ ਦਸੇ ਗਏ ਹਨ। ਗੁਰੂ ਬਾਲਕ ਸਿੰਘ ਦਾ ਦੇਹਾਂਤ ਜਨਵਰੀ 1862 ਦਾ ਦੱਸਿਆ ਗਿਆ (? 1862) ਹੈ, ਜਿਸ ਦੇ ਤਿੰਨ ਪ੍ਰਮੁੱਖ ਪੈਰੋਕਾਰਾਂ ਵਿਚ-ਕਾਨ੍ਹ ਸਿੰਘ ਜੋ ਹਜ਼ਰੋ ਦੇ ਡੇਰੇ ਦਾ ਮੁੱਖੀ ਹੈ, ਲਾਲ ਸਿੰਘ ਜੋ ਅੰਮ੍ਰਿਤਸਰ ਵਿੱਖੇ ਨਿਵਾਸ ਰੱਖਦਾ ਹੈ ਅਤੇ ਰਾਮ ਸਿੰਘ ਜੋ ਲੁਧਿਆਣੇ ਜ਼ਿਲ੍ਹੇ ਦੇ ਭੈਣੀ ਪਿੰਡ ਦਾ ਵਾਸੀ ਹੈ, ਦਾ ਵਰਣਨ ਕੀਤਾ ਗਿਆ ਹੈ। ਸਭ ਵਲੋਂ ਰਾਮ ਸਿੰਘ ਨੂੰ ਹੀ ਗੁਰੂ ਬਾਲਕ ਸਿੰਘ ਪਿਛੋਂ ਇਸ ਫਿਰਕੇ ਦਾ ਪ੍ਰਮੁੱਖ ਆਗੂ ਜਾਂ ਗੁਰੂ ਪ੍ਰਵਾਨ ਕੀਤਾ ਗਿਆ ਹੈ।

**ਪ੍ਰਮੁੱਖ ਨਾਮਧਾਰੀਆਂ ਦੀ ਸੂਚੀ :**

ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ ਕਿ ਇਸ ਪੱਤਰ ਵਿਚ ਜਿਹੜੇ



Sri Satguru Jagjit Singh Ji Elibrary NamdhariElibrary@gmail.com

252 ਨਾਮਧਾਰੀਆਂ ਦੀ ਸੂਚੀ ਦਿੱਤੀ ਗਈ ਹੈ ਉਨ੍ਹਾਂ ਵਿਚੋਂ ਕੁਝ ਇਕ ਦੇ ਵੇਰਵੇ ਇੱਥੇ ਦਿੱਤੇ ਜਾਣੇ ਅਨੁਚਿਤ ਨਹੀਂ ਹੋਣਗੇ – ਲੁਧਿਆਣਾ (1) ਭੈਣੀ ਦਾ ਰਾਮ ਸਿੰਘ ਜੋ ਇਸ ਫਿਰਕੇ ਦਾ ਮੁੱਖੀ ਹੈ। (2) ਜੱਸਾ ਸਿੰਘ ਭੈਣੀ ਦਾ ਜੋ ਰਾਮ ਸਿੰਘ ਜੀ ਦਾ ਪਿਤਾ ਹੈ। (3) ਸੁੱਧ ਸਿੰਘ ਭੈਣੀ ਦਾ ਜੋ (Mr. Kinchant) ਅਨੁਸਾਰ ਇਸ ਮਤ ਦਾ ਪ੍ਰਮੁੱਖ ਪ੍ਰਚਾਰਕ ਹੈ। (4) ਸਾਹਿਬ ਸਿੰਘ ਜੋ ਰਾਮ ਸਿੰਘ ਦਾ ਨਿਕਟਵਰਤੀ ਹੈ। Captain Manzies ਅਤੇ Ram say ਦੇ ਅਨੁਸਾਰ ਉਹ ਰਾਮ ਸਿੰਘ ਦਾ ਉੱਤਰਾਧਿਕਾਰੀ ਹੈ। ਇਸੇ ਤਰ੍ਹਾਂ ਅੰਬਾਲਾ, ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਸਿਆਲਕੋਟ, ਰਾਵਲਪਿੰਡੀ, ਗੁਜਰਾਂਵਾਲਾ, ਗੁਜਰਾਂਵਾਲਾ ਸ਼ਹਿਰ, ਮਲੇਰਕੋਟਲਾ, ਜੀਂਦ, ਪਟਿਆਲਾ, ਨਾਭਾ ਅਤੇ ਕਪੂਰਥਲਾ ਦੇ ਪ੍ਰਮੁੱਖ ਨਾਮਧਾਰੀਆਂ ਦੀ ਸੂਚੀ ਇਸ ਪੱਤਰ ਵਿਚ ਦਰਜ ਹੈ। ਇਸ ਪੱਤਰ ਨੂੰ ਗਹੁ ਨਾਲ ਵਾਚਣ ਤੋਂ ਇਹ ਨਤੀਜਾ ਕੱਢਣਾ ਗਲਤ ਨਹੀਂ ਹੋਵੇਗਾ ਕਿ ਸਰਕਾਰ ਦੀ ਨਿਗ੍ਹਾ ਵਿਚ ਹੁਣ ਨਾਮਧਾਰੀਆਂ ਨੂੰ ਸ਼ੱਕ ਦੀ ਦ੍ਰਿਸ਼ਟੀ ਤੋਂ ਅਤੇ ਅੰਗਰੇਜ਼ ਸਰਕਾਰ ਵਿਰੋਧੀ ਜਾਣਿਆ ਜਾਣ ਲੱਗਾ ਸੀ। ਸ. ਨਾਹਰ ਸਿੰਘ ਨੇ ਨਾਮਧਾਰੀ ਇਤਿਹਾਸ ਵਿਚ ਇਸ ਸਮੇਂ ਦੀ ਕੂਕਾ ਲਹਿਰ ਬਾਰੇ ਜੋ ਵਰਣਨ ਕੀਤਾ ਹੈ ਉਸ ਵਿਚੋਂ ਵੀ ਇਹ ਗੱਲ ਸੁਤੇ-ਸਿੱਧ ਹੀ ਪ੍ਰਗਟ ਹੋ ਜਾਂਦੀ ਹੈ ਕਿ ਨਾਮਧਾਰੀ ਮੱਤ ਦਾ ਇਕ ਵੱਡਾ ਰਾਜਨੀਤਕ ਉਦੇਸ਼ ਖੁੱਸ ਚੁੱਕੇ ਖਾਲਸਾ ਰਾਜ ਦੀ ਪੁਨਰ ਪ੍ਰਾਪਤੀ ਵੀ ਸੀ ਅਤੇ ਇਸ ਲਹਿਰ ਦਾ ਰੁੱਖ ਦਿਨੋ ਦਿਨ ਅੰਗਰੇਜ਼ ਸਰਕਾਰ ਵਿਰੋਧੀ ਹੁੰਦਾ ਜਾ ਰਿਹਾ ਸੀ।

ਇਕ ਹੋਰ ਸਰਕਾਰੀ ਰਿਪੋਰਟ ਜੋ ਜਨਵਰੀ 1868 ਵਿਚ ਸਕੱਤਰ ਪੰਜਾਬ ਵਲੋਂ ਹਿੰਦ ਸਰਕਾਰ ਨੂੰ ਭੇਜੀ ਗਈ, ਉਸ ਵਿਚ ਵੀ ਕੂਕਾ ਮਤ ਬਾਰੇ ਅਜਿਹੇ ਤੱਥਾਂ ਦੇ ਹੀ ਵੇਰਵੇ ਦਿੱਤੇ ਗਏ ਹਨ, ਜਿਨ੍ਹਾਂ ਤੋਂ ਇਹ ਗਿਆਤ ਹੁੰਦਾ ਹੈ ਕਿ ਇਸ ਫਿਰਕੇ ਦੀ ਗਿਣਤੀ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਹਰ ਜ਼ਿਲ੍ਹੇ ਵਿਚ ਵੱਖ ਵੱਖ ਥਾਵਾਂ ਤੇ ਉਨ੍ਹਾਂ ਦੇ ਦੀਵਾਨ ਸੱਜਦੇ ਹਨ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਲੋਕ ਅਤੇ ਨਵੇਂ ਬਣੇ ਕੂਕੇ ਸ਼ਾਮਿਲ ਹੁੰਦੇ ਹਨ। ਸਰਕਾਰ ਵਲੋਂ ਇਹ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਕੂਕਿਆਂ ਦੇ ਦੀਵਾਨਾਂ ਉੱਤੇ ਨਜ਼ਰ ਰੱਖੀ ਜਾਵੇ ਅਤੇ ਜੇ ਕਿਤੇ ਖਤਰੇ ਵਾਲੀ ਜਾਂ ਅਮਨ ਭੰਗ ਹੋਣ ਵਾਲੀ ਕੋਈ ਗੱਲ ਜਾਪੇ ਤਾਂ ਇਸ ਨੂੰ ਰੋਕ ਦਿੱਤਾ ਜਾਵੇ।

ਕਈ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੇ ਇਹ ਹੁਕਮ ਜਾਰੀ ਕਰ ਦਿੱਤੇ ਸਨ ਕਿ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਕੋਈ ਦੀਵਾਨ ਜਾਂ ਇਕੱਤਰਤਾ ਨਾ ਕੀਤੀ ਜਾਵੇ। ਬਹੁਤ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੇ ਇਸ ਮਤ ਬਾਰੇ ਇਹ ਕਿਹਾ ਹੈ ਕਿ ਇਸ ਵਿਚ ਸਨਾਤਨ ਸਿੱਖ ਮਰਿਯਾਦਾ ਨੂੰ ਮੁੜ ਸੁਰਜੀਤ ਕਰਨ ਬਾਰੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਮਾਸ ਸ਼ਰਾਬ ਤੇ ਹੋਰ ਨਸ਼ੇ ਵਾਲੀਆਂ ਚੀਜ਼ਾਂ



Sri Satguru Jagjit Singh Ji Elibrary NamdhariElibrary@gmail.com

ਦੇ ਸੇਵਨ ਤੋਂ ਵਰਜਿਆ ਜਾਂਦਾ ਹੈ ਅਤੇ ਨੇਕ ਚਾਲ ਚਲਨ ਅਤੇ ਰਹਿਤ ਮਰਿਯਾਦਾ ਉੱਤੇ ਜੋਰ ਦਿੱਤਾ ਜਾਂਦਾ ਹੈ। ਚੋਰੀ ਯਾਰੀ, ਵਿਭਚਾਰ ਤੇ ਠੱਗੀ-ਚੋਰੀ ਤੋਂ ਰੋਕਿਆ ਜਾਂਦਾ ਹੈ। ਕੁਝ ਅਫਸਰਾਂ ਦਾ ਵਿਚਾਰ ਹੈ, ਭਾਵੇਂ ਇਹ ਮੱਤ ਹਾਲੀਂ ਸਥਾਪਿਤ ਮਰਿਯਾਦਾ ਵਿਚ ਹੀ ਰਹਿ ਕੇ ਕੰਮ ਕਰ ਰਿਹਾ ਹੈ ਪਰ ਕਿਸੇ ਵੇਲੇ ਵੀ ਇਹ ਸਰਕਾਰ ਵਿਰੋਧੀ ਲਹਿਰ ਦਾ ਰੂਪ ਧਾਰਨ ਕਰ ਸਕਦਾ ਹੈ। ਉਦਾਹਰਣ ਵਜੋਂ ਗੁਜਰਾਂਵਾਲੇ ਦੇ ਇੰਸਪੈਕਟਰ ਫਜ਼ਲ ਕਾਦਰ ਦੇ ਬਿਆਨ ਅਨੁਸਾਰ "ਬਹੁਤ ਸਾਰੇ ਕੂਕਿਆਂ ਕੋਲ ਹਥਿਆਰ ਹਨ ਅਤੇ ਉਹ ਕਿਸੇ ਵੇਲੇ ਵੀ ਸਰਕਾਰ ਵਿਰੁੱਧ ਜਥੇਬੰਦ ਹੋ ਸਕਦੇ ਹਨ ਪਰ ਇਸ ਰਿਪੋਰਟ ਵਿਚ ਇਹ ਵੀ ਮੰਨਿਆ ਗਿਆ ਹੈ ਕਿ ਉਸ ਦਾ ਇਹ ਦੋਸ਼ ਸਹੀ ਸਿੱਧ ਨਹੀਂ ਹੁੰਦਾ ਸਗੋਂ ਇੱਥੇ ਲਾਹੌਰ ਦੇ ਇਕ ਸਮਕਾਲੀ ਅਖ਼ਬਾਰ ਕੋਹਿਨੂਰ ਦੇ ਹਵਾਲੇ ਰਾਹੀਂ ਲਿਖਿਆ ਗਿਆ ਹੈ ਕਿ ਇਸ ਫਿਰਕੇ ਵਿਚ ਸਵਾਰਥ ਰਹਿਤ ਭਾਵਨਾ ਮੌਜੂਦ ਹੈ ਅਤੇ ਉਹ ਆਪਣੇ ਧਰਮ ਨੂੰ ਆਪਣੇ ਅਸਲੀ ਰੂਪ ਵਿਚ ਵੇਖਣਾ ਚਾਹੁੰਦੇ ਹਨ ਅਤੇ ਜੋ ਦੋਸ਼ ਇਸ ਵਿਚ ਆ ਗਏ ਹਨ, ਉਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ।"

ਜ਼ਿਲ੍ਹਾ ਲੁਧਿਆਣੇ ਦੇ ਕੈਪਟਨ ਬੇਲੀ ਨੇ ਇਹ ਇਤਲਾਹ ਦਿੱਤੀ ਹੈ ਕਿ ਕਾਬਲ ਦੇ ਇਕ ਸਰਦਾਰ ਅਬਦੁੱਲ ਰਜ਼ਾਕ ਨੇ ਆਪਣੇ ਦੋ ਪੁੱਤਰ ਭੈਣੀ ਭੇਜੇ ਹਨ ਤਾਂ ਜੋ ਉਹ ਗੁਰੂ ਰਾਮ ਸਿੰਘ ਦੇ ਮਤ ਬਾਰੇ ਜਾਣ ਸਕਣ ਪਰ ਉਹ ਅਫਸਰ ਇਸ ਗੱਲ ਉੱਤੇ ਹੈਰਾਨੀ ਵੀ ਪ੍ਰਗਟ ਕਰਦਾ ਹੈ ਕਿ ਕਿਵੇਂ ਇਕ ਪਿੰਡ ਦੇ ਤਰਖਾਣ ਦੀ ਸ਼ੋਭਾ ਇੰਨੀ ਦੂਰ ਤਕ ਫੈਲ ਚੁੱਕੀ ਹੈ। ਸੂਬਾ ਸਰਹੱਦ ਤੋਂ ਵੀ ਅਜਿਹੀਆਂ ਰਿਪੋਰਟਾਂ ਮਿਲੀਆਂ ਹਨ ਕਿ ਇਸ ਫਿਰਕੇ ਨੂੰ ਉਸ ਇਲਾਕੇ ਵਿਚ ਵੀ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਇਸ ਵਿਚ ਵੀ ਕੋਈ ਸੰਦੇਹ ਨਹੀਂ ਹੈ ਕਿ ਸਾਰੇ ਸਿੱਖ ਤੇ ਕੂਕੇ ਆਪਣੇ ਰਾਜ ਨੂੰ ਹਾਸਿਲ ਕਰਨ ਉੱਤੇ ਬੜੇ ਖ਼ੁਸ਼ ਹੋਣਗੇ ਪਰ ਮੇਰਾ ਵਿਚਾਰ ਹੈ ਕਿ ਹਾਲੀਂ ਇਸ ਫਿਰਕੇ ਦੇ ਵਾਧੇ ਤੋਂ ਕੋਈ ਖ਼ਤਰਾ ਪ੍ਰਤੀਤ ਨਹੀ ਹੁੰਦਾ ਪਰ ਕਈ ਵਾਰ ਨਵੇਂ ਬਣੇ ਜੋਸ਼ੀਲੇ ਪੈਰੋਕਾਰ ਉੱਤੇਜਿਤ ਭਾਵਨਾਵਾਂ ਅਧੀਨ ਖ਼ਤਰਨਾਕ ਵੀ ਸਿੱਧ ਹੋ ਸਕਦੇ ਹਨ। ਸਿਆਲਕੋਟ ਦੇ ਇਕ ਹੋਰ ਸਮਾਚਾਰ ਪੱਤਰ "ਰਾਹਿ-ਨੂ-ਮਾਏ ਪੰਜਾਬ" "Raih-noo mai Punjab" ਦੇ 18 ਫਰਵਰੀ, 1867 ਦੇ ਅੰਕ ਵਿਚ ਲਿਖਿਆ ਗਿਆ ਹੈ "ਇਹ ਬੜੇ ਦੁੱਖ ਅਤੇ ਹੈਰਾਨੀ ਦੀ ਗੱਲ ਹੈ ਕਿ ਪੰਜਾਬੀ ਆਪਣੀ ਪੁਰਾਣੀ ਸਲਤਨਤ ਬਾਰੇ ਮੁੜ ਸੋਚ ਰਹੇ ਹਨ ਅਤੇ ਸਰਕਾਰ ਦੇ ਕਾਨੂੰਨਾਂ ਵਿਰੁੱਧ ਕਾਰਵਾਈਆਂ ਕਰ ਰਹੇ ਹਨ।"

ਇਨ੍ਹਾਂ ਸਰਕਾਰੀ ਰਿਪੋਰਟਾਂ ਨੂੰ ਵਾਚਣ ਤੋਂ ਪਿਛੋਂ ਇਹੋ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਨਾਮਧਾਰੀ ਮੱਤ ਦਾ ਵਾਧਾ ਹੋ ਰਿਹਾ ਹੈ। ਸਰਕਾਰ ਭਾਵੇਂ ਇਸ ਫਿਰਕੇ ਨੂੰ ਹਾਲੀਂ ਵਧੇਰੇ ਖ਼ਤਰਨਾਕ



Sri Satguru Jagjit Singh Ji Elibrary NamdhariElibrary@gmail.com

ਨਹੀਂ ਸੀ ਮੰਨਦੀ ਪਰ ਇਸ ਬਾਰੇ ਚੌਕਸ ਜ਼ਰੂਰ ਸੀ।

(2) 'ਨਾਮਧਾਰੀ ਇਤਿਹਾਸ' ਦੇ ਲੇਖਕ ਸ. ਨਾਹਰ ਸਿੰਘ ਨੇ ਇਸ ਸਮੇਂ ਦੀ ਕੂਕਾ ਲਹਿਰ ਬਾਰੇ ਵਿਚਾਰ ਕਰਦੇ ਹੋਏ ਪੰਜਾਬ ਦੇ ਵੱਖ ਵੱਖ ਪਰਗਣਿਆਂ, ਤਪਿਆਂ ਅਤੇ ਪਿੰਡਾਂ ਦੇ ਪ੍ਰਸਿੱਧ ਨਾਮਧਾਰੀਆਂ ਬਾਰੇ ਲੰਮੇ-ਚੌੜੇ ਵੇਰਵੇ ਦਿੱਤੇ ਹਨ। ਵੱਖ ਵੱਖ ਥਾਵਾਂ ਦੇ ਪ੍ਰਸਿੱਧ ਨਾਮਧਾਰੀਆਂ ਦੇ ਨਾਮ-ਥਾਂ ਤੇ ਪਤੇ ਵੀ ਲਿਖੇ ਹਨ। ਸਭ ਦਾ ਵੇਰਵਾ ਦੇ ਸਕਣਾ ਸੰਭਵ ਨਹੀਂ ਹੈ ਫਿਰ ਵੀ ਉਸ ਦੇ ਵਿਚਾਰ ਇਸ ਸਮੇਂ ਦੀ ਕੂਕਾ ਲਹਿਰ ਬਾਰੇ ਬੜੇ ਮਹੱਤਵਪੂਰਨ ਤੱਥ ਉਜਾਗਰ ਕਰਨ ਵਾਲੇ ਹਨ।

"ਸੰਨ 1857 ਤੋਂ ਹੀ ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਦੀ ਜੱਥੇਬੰਦੀ ਜਾਂ ਸੰਗਠਨ ਸ਼ੁਰੂ ਕਰ ਦਿੱਤਾ ਸੀ। ਜਥੇਬੰਦੀ ਦਾ ਮੁਢ ਪਿੰਡਾਂ ਵਿਚ ਰਖਿਆ ਗਿਆ। 8 ਜਾਂ 9 ਸਾਲ ਦੇ ਥੋੜੇ ਅਰਸੇ ਵਿਚ ਹੀ ਇਸ ਜਥੇਬੰਦੀ ਦੀ ਇਹ ਸ਼ਕਲ ਬਣ ਗਈ ਸੀ। ਹਰ ਪਿੰਡ ਦੇ ਨਾਮਧਾਰੀਆਂ ਅਤੇ ਹੋਰ ਸੰਗੀਆਂ ਦੀ ਇਕ ਸੰਗਤ ਸੀ। ਇਹ ਆਪਸ ਵਿਚ ਇਕੋ ਟੱਬਰ ਦੇ ਜੀਆਂ ਵਾਕਰ ਮਿਲ ਕੇ ਰਹਿੰਦੇ। ਦਿਨ ਦੇ ਕੰਮਾਂ ਕਾਜਾਂ ਤੋਂ ਵਿਹਲੇ ਹੋ ਕੇ ਰਾਤ ਸਮੇਂ ਢੋਲਕ, ਛੈਣਿਆਂ ਨਾਲ ਸ਼ਬਦ ਪੜ੍ਹਦੇ ਅਤੇ ਭਜਨ ਬੰਦਗੀ ਕਰਦੇ। ਸੰਗਤ ਦੇ ਇਕੱਠਿਆਂ ਹੋਣ ਵਾਲੀ ਜਗ੍ਹਾ ਦਾ ਨਾਮ ਧਰਮਸ਼ਾਲਾ ਰਖਿਆ। ਸੰਗਤਾਂ ਦੇ ਆਗੂ ਭਾਈ ਗਰੰਥੀ ਸਨ, ਜੋ ਧਰਮਸ਼ਾਲਾ ਵਿਖੇ ਬੱਚੇ ਬੱਚੀਆਂ ਨੂੰ ਗੁਰਮੁਖੀ ਵਿਦਿਆ ਪੜ੍ਹਾਂਦੇ, ਗੁਰਬਾਣੀ ਯਾਦ ਕਰਾਉਂਦੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਕੇ ਮੇਲਾ ਜਾਂ ਦੀਵਾਨ ਕਰਕੇ ਭੋਗ ਪਾਂਦੇ। ਇਨ੍ਹਾਂ ਤੋਂ ਉਪਰ ਤੱਪਿਆਂ ਦੇ ਜੱਥੇਦਾਰ ਸਨ। ਕਈ ਕਈ ਜਥੇਦਾਰ ਇਕ ਨਾਇਬ ਸੂਬੇ ਦੇ ਮਤੈਹਤ ਸਨ। ਇਲਾਕੇ ਦੀ ਜੱਥੇਬੰਦੀ ਦਾ ਆਗੂ ਸੂਬਾ ਸੀ। ਇਸ ਜੱਥੇਬੰਦੀ ਦਾ ਪ੍ਰਬੰਧ ਕਰਨ ਲਈ ਕੇਂਦਰ ਭੈਣੀ ਵਿਖੇ ਪੰਜਾਂ ਸੂਬਿਆਂ ਦੀ ਵਡੀ ਪੰਚੈਤ ਸੀ, ਜਿਨ੍ਹਾਂ ਦੇ ਮੁਖੀ ਬਾਬਾ ਜਵਾਹਰ ਸਿੰਘ ਜੀ ਪਿੰਡ ਡਰੋਲੀ ਤਹਿਸੀਲ ਮੋਗਾ ਜ਼ਿਲ੍ਹਾ ਫਿਰੋਜ਼ਪੁਰ ਦੇ ਵਸਨੀਕ ਸਨ। ਇਸ ਸਾਰੀ ਜੱਥੇਬੰਦੀ ਦੇ ਸ਼ਿਰੋਮਣੀ ਗੁਰੂ ਰਾਮ ਸਿੰਘ ਜੀ ਸਨ। ਕੇਂਦਰ ਦੇ ਪੰਚੈਤੀ ਸੂਬੇ ਇਹ ਸੱਜਣ ਸਨ।

(1) ਬਾਬਾ ਜਵਾਹਰ ਸਿੰਘ ਜੀ ਪਿੰਡ ਡਰੋਲੀ ਜ਼ਿਲ੍ਹਾ ਫਿਰੋਜ਼ਪੁਰ। (2) ਬਾਬਾ ਕਾਹਨ ਸਿੰਘ ਜੀ ਪਿੰਡ ਚੱਕ ਕਲਾਂ ਰਿਆਸਤ ਮਲੇਰਕੋਟਲਾ। (3) ਬਾਬਾ ਸੁੱਧ ਸਿੰਘ ਪਿੰਡ ਮਢੌਰ ਜ਼ਿਲ੍ਹਾ ਅੰਬਾਲਾ (4) ਬਾਬਾ ਸਾਹਿਬ ਸਿੰਘ ਪਿੰਡ ਬੰਗਾਲੀਪੁਰ ਜ਼ਿਲ੍ਹਾ ਅੰਮ੍ਰਿਤਸਰ (5) ਬਾਬਾ ਲੱਖਾ ਸਿੰਘ ਪਿੰਡ ਮਲੌਦ ਜ਼ਿਲ੍ਹਾ ਲੁਧਿਆਣਾ।

ਸੂਬਿਆਂ ਨੂੰ ਵੱਖ ਵੱਖ ਇਲਾਕੇ ਜਾਂ ਤੱਪੇ ਸੰਗਠਨ ਅਤੇ ਪ੍ਰਚਾਰ ਲਈ ਸੌਂਪੇ ਹੋਏ ਸਨ। ਇਕ ਇਲਾਕੇ ਦੇ ਸੂਬੇ ਦਾ ਦੂਸਰੇ ਇਲਾਕੇ ਦੇ ਸੂਬੇ ਨਾਲ ਡਾਕ ਪ੍ਰਬੰਧ ਅਤੇ ਤਾਲਮੇਲ ਕਾਇਮ ਕੀਤਾ ਹੋਇਆ ਸੀ। ਇਹ ਤਾਲਮੇਲ ਇਸ ਕਿਸਮ ਦਾ ਪੱਕਾ ਸੀ ਕਿ ਕੇਂਦਰ ਦੀ ਖਬਰ, ਹੁਕਮ ਜਾਂ ਹਦਾਇਤਾਂ ਅੱਠਾਂ ਪਹਿਰਾਂ ਦੇ



Sri Satguru Jagjit Singh Ji Elibrary NamdhariElibrary@gmail.com

ਅੰਦਰ ਅੰਦਰ ਸਾਰੇ ਪੰਜਾਬ ਵਿਚ ਥਾਂਈ ਥਾਂਈ ਪਹੁੰਚ ਜਾਂਦੀਆਂ ਸਨ। ਆਪਸ ਦੇ ਝਗੜੇ ਨਿਪਟਾਵਨ ਲਈ ਕੂਕਿਆਂ ਦੀਆਂ ਆਪਣੀਆਂ ਹੀ ਅਦਾਲਤਾਂ ਜਾਂ ਪੰਚੈਤਾਂ ਸਨ। ਪਿੰਡਾਂ ਦੀਆਂ ਪੰਚੈਤਾਂ, ਪਟੜੀ ਫੇਰ ਦੀਆਂ ਪੰਚੈਤਾਂ, ਤੱਪਿਆਂ ਦੀਆਂ ਪੰਚੈਤਾਂ, ਬਰਾਦਰੀ ਦੀਆਂ ਪੰਚੈਤਾਂ ਤੋਂ ਉਪਰ ਸੂਬੇ ਅਦਾਲਤੀ ਸਨ। ਗਿਆਨ ਸਿੰਘ ਜਾਂ ਰਤਨ ਸਿੰਘ ਮੰਡੀ ਵਾਲੇ ਮਾਲਵੇ ਦੇ ਇਲਾਕਿਆਂ ਦੇ ਅਦਾਲਤੀ ਸਨ।......ਨਾਮਧਾਰੀ ਸਿੰਘ ਸੱਜਣ ਦੀ ਲਹਿਰ ਬੜੀ ਤੇਜ਼ੀ ਨਾਲ ਚੱਲੀ ਅਤੇ ਦਸ ਬਾਰਾਂ ਸਾਲਾਂ ਵਿਚ ਸਾਰੇ ਪੰਜਾਬ ਵਿਚ ਇਨ੍ਹਾਂ ਦੀ ਗਿਣਤੀ ਤਿੰਨ ਚਾਰ ਲੱਖ ਵਿਚਕਾਰ ਪਹੁੰਚ ਗਈ।

ਵੱਡੇ ਵੱਡੇ ਨਾਮੀ ਸਰਦਾਰਾਂ ਵਿਚੋਂ ਵੀ ਬਹੁਤ ਸਾਰੇ ਨਾਮਧਾਰੀ ਸੱਜ ਗਏ ਸਨ। "ਗੁਰੂ ਰਾਮ ਸਿੰਘ ਜੀ ਨੇ ਆਪ ਸਰਦਾਰ ਹਰੀ ਸਿੰਘ ਨਲੂਏ ਦੇ ਦਾਮਾਦ ਸਰਦਾਰ ਲੈਹਣਾ ਸਿੰਘ ਘਰਜਾਖੀਆ ਅਤੇ ਜਨਰਲ ਹਰੀ ਸਿੰਘ ਨਲੂਏ ਦੇ ਪੁੱਤਰ ਮੋਤੀ ਸਿੰਘ ਨੂੰ ਜੋ ਨੈਪਾਲ ਰਾਜ ਦੀਆਂ ਫੌਜਾਂ ਵਿਚ ਐਡਜੂਟੈਂਟ ਸੀ, ਨਾਮਧਾਰੀ ਸਜਾਇਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੇਸ਼ਾਵਰ ਦੇ ਸੂਬੇ ਦੇ ਗਵਰਨਰ ਸਰਦਾਰ ਮੀਹਾਂ ਸਿੰਘ ਦਾ ਭਤੀਜਾ ਸਰਦਾਰ ਤਾਰਾ ਸਿੰਘ ਪਿੰਡ ਮਿਸਰੀ ਮਿਆਣੀ ਵਾਲਾ, ਸਰਦਾਰ ਬੁੱਧ ਸਿੰਘ ਦਾ ਪੁੱਤਰ ਸਰਦਾਰ ਮਾਨ ਸਿੰਘ ਪਿੰਡ ਮਾਨਾਂ ਵਾਲੇ ਦਾ ਰਈਸ.....ਆਦਿ ਵੱਡੇ ਵੱਡੇ ਸਿਰ ਕੱਢ ਬੰਦੇ ਨਾਮਧਾਰੀਆਂ ਵਿਚ ਸ਼ਾਮਲ ਹੋ ਗਏ।.......... ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਉੱਘੇ ਸੇਵਕ ਬਾਬਾ ਪੁਰਾਣੇ ਦੇ ਵੰਨਸ਼ਜ, ਗੁਰਚਰਨ ਸਿੰਘ ਜੀ, ਜੋ ਪਸ਼ਤੋ ਤੇ ਫਾਰਸੀ ਚੰਗੀ ਤਰ੍ਹਾਂ ਜਾਣਦੇ ਸਨ, ਨਾਮਧਾਰੀ ਬਣ ਚੁੱਕੇ ਸਨ।"

ਨਾਮਧਾਰੀ ਮਤ ਦੇ ਅਨੇਕ ਪੈਰੋਕਾਰਾਂ ਵਿਚ ਅੰਗਰੇਜ਼ ਸਰਕਾਰ ਵਿਰੋਧੀ ਭਾਵਨਾ ਵੀ ਦਿਨੋ ਦਿਨ ਹੋਰ ਤੀਖਣ ਰੂਪ ਧਾਰਨ ਕਰ ਰਹੀ ਸੀ। ਇਸ ਸੰਬੰਧ ਵਿਚ [1*]ਸ. ਨਾਹਰ ਸਿੰਘ ਲਿਖਦੇ ਹਨ :

ਦੀਵਾਨ ਬੂਟਾ ਸਿੰਘ, ਜੋ ਮਹਾਰਾਣੀ ਜਿੰਦਾਂ ਦਾ ਦੀਵਾਨ ਸੀ ਨੂੰ ਮੁਲਤਾਨ ਦੀ ਬਗਾਵਤ ਦੇ ਸਿਲਸਿਲੇ ਵਿਚ ਅੰਗਰੇਜ਼ਾਂ ਨੇ 7 ਸਾਲ ਕੈਦ ਦੀ ਸਜਾ ਦਿੱਤੀ ਉਹ ਕੈਦ ਕੱਟ ਕੇ ਲਾਹੌਰ ਵਾਪਿਸ ਆ ਗਿਆ। ਉਸ ਨੇ ਆਪਣਾ ਛਾਪਾਖਾਨਾ ਆਫ਼ਤਾਬ ਪ੍ਰੈੱਸ ਖੋਲ੍ਹਿਆ ਅਤੇ ਕਾਨੂੰਨੀ ਅਨਵਰ ਉਲ ਸ਼ਮਸ ਪ੍ਰਕਾਸ਼ਿਤ ਕੀਤਾ। ਪੰਜਾਬ ਦੇ ਨਾਮੀ ਨਾਮਧਾਰੀ ਸੂਬੇ ਅਤੇ ਸਿੰਘ ਲਾਹੌਰ ਆ ਕੇ ਦੀਵਾਨ ਬੂਟਾ ਸਿੰਘ ਪਾਸ ਹੀ ਠਹਿਰਿਆ ਕਰਦੇ ਸਨ। [2*]"ਕਈ ਵੱਡੇ ਵੱਡੇ ਅੰਗਰੇਜ਼ ਸਰਕਾਰੀ

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 226

[2*] ਉਪਰੋਕਤ, ਪੰਨਾ 230-235



Sri Satguru Jagjit Singh Ji Elibrary NamdhariElibrary@gmail.com

ਅਫਸਰ ਦੀਵਾਨ ਬੂਟਾ ਦੇ ਅਸਰ ਰਸੂਖ ਤੋਂ ਇਤਨਾ ਡਰਦੇ ਸਨ ਕਿ ਉਹ ਕੂਕਿਆਂ ਸੰਬੰਧੀ ਕੋਈ ਮਸੌਦਾ ਖਰੜਾ ਜਾਂ ਰਿਪੋਰਟ ਲਾਹੌਰ ਦੇ ਛਾਪੇਖਾਨਿਆਂ ਵਿਚ ਛਪਣ ਲਈ ਨਹੀਂ ਦੇਣਾ ਚਾਹੁੰਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਉਹ ਮਸੌਦੇ ਦੀ ਨਕਲ ਛਪਣ ਤੋਂ ਪਹਿਲਾਂ ਹੀ ਦੀਵਾਨ ਸਾਹਿਬ ਰਾਹੀਂ ਗੁਰੂ ਰਾਮ ਸਿੰਘ ਜੀ ਪਾਸ ਪਹੁੰਚ ਜਾਵੇਗੀ।" ਅੰਗਰੇਜ਼ ਸਰਕਾਰ ਵਿਰੋਧੀ ਨਾਮਧਾਰੀ ਜਗਤ ਵਿਚ ਉਭਰ ਰਹੀ ਭਾਵਨਾ ਦੇ ਸੰਬੰਧ ਵਿਚ ਸ. ਨਾਹਰ ਸਿੰਘ ਵਲੋਂ ਪੇਸ਼ ਕੀਤੇ ਗਏ ਹਵਾਲੇ ਇਸ ਸਚਾਈ ਦੇ ਮੂੰਹੋਂ ਬੋਲਦੇ ਗਵਾਹ ਹਨ

"ਮਹਿਤਾਬ ਸਿੰਘ ਪੁੱਤਰ ਬਸਾਵਾ ਸਿੰਘ ਪੁਲੀਸ ਨਾਲ ਲੁਕਣਮੀਟੀਆਂ ਖੇਲਦਾ ਰਹਿੰਦਾ ਅਤੇ ਖੁਲ੍ਹਮ ਖੁਲ੍ਹਾ ਅੰਗਰੇਜ਼ਾਂ ਦੇ ਵਿਰੁੱਧ ਪ੍ਰਚਾਰ ਕਰਦਾ। ਪੰਜਾਬ ਸਿੰਘ ਪੁੱਤਰ ਬਸਾਵਾ ਸਿੰਘ ਫਰੰਗੀਆਂ ਨੂੰ ਕੱਢਣ ਦੇ ਸੁਫਨੇ ਲੈਂਦਾ ਰਹਿੰਦਾ। ਸਾਹਿਬ ਸਿੰਘ, ਪੁੱਤਰ ਕੇਸਰਾ ਸਿੰਘ, ਦੀਪ ਸਿੰਘ, ਪੁੱਤਰ ਜਵਾਹਰ ਸਿੰਘ, ਸਾਵਣ ਸਿੰਘ, ਪੁੱਤਰ ਕੂਮਾਂ ਸਿੰਘ, ਜੀਊਣ ਸਿੰਘ, ਪੁੱਤਰ ਗਰਭਾ ਸਿੰਘ ਸਭ ਲੋਹਗੜ੍ਹੀਏ ਸਨ। ਇਨ੍ਹਾਂ ਵਿਚੋਂ ਹਰ ਇਕ ਅੰਗਰੇਜ਼ਾਂ ਨੂੰ ਕੱਢਣ ਲਈ ਜਾਨਾਂ ਵਾਰਨ ਵਾਸਤੇ ਤਿਆਰ ਬਰ ਤਿਆਰ ਰਹਿੰਦਾ। ਗੁਜਰਵਾਲ ਦੇ ਜਮਾਦਾਰ ਸਮੁੰਦ ਸਿੰਘ, ਪੁੱਤਰ ਭੂਪ ਸਿੰਘ, ਸੂਬਾ ਬੁਧ ਸਿੰਘ, ਪੁੱਤਰ ਮੋਹਰ ਸਿੰਘ..........ਥਾਨਾਂ ਡੇਹਲੋਂ ਦੇ ਕੂਕੇ ਫਰੰਗੀ ਰਾਜ ਦੇ ਪੱਕੇ ਵੈਰੀਆਂ ਵਿਚੋਂ ਸਨ। ਥਾਨਾ ਸਾਹਨੇਵਾਲ ਦੇ ਪਿੰਡ ਗਈਆਂ ਦੇ ਬਹਾਦਰ ਸਿੰਘ, ਪੁੱਤਰ ਮਾਨ ਸਿੰਘ, ਮੰਗਲ ਸਿੰਘ, ਪੁੱਤਰ ਮੋਹਰ ਸਿੰਘ,........ਗਹਿਲੇ ਵਾਲ ਦਾ ਸਾਹਿਬ ਸਿੰਘ, ਪੁੱਤਰ ਸੈਦਾ ਸਿੰਘ, ਲੁਹਾਰ, ਵਡੇ ਕਕਰਾਲੇ ਦਾ ਦਿਆਲ ਸਿੰਘ, ਪੁੱਤਰ ਦੇਵਾ ਸਿੰਘ ਸਭ ਐਸੇ ਕੂਕੇ ਸਨ ਜੋ ਅੰਗਰੇਜ਼ਾਂ ਵਿਰੁੱਧ ਹਰ ਵਕਤ ਕਮਾਨਾਂ ਕਸੀ ਰੱਖਦੇ ਸਨ।....... ਬਧਾਵਾ ਸਿੰਘ ਅਤੇ ਬਿਸ਼ਨ ਸਿੰਘ ਤਰਖਾਣ, ਪਿੰਡ ਹਰਗਣਾਂ ਦਾ ਮਾਨ ਸਿੰਘ, ਪਿੰਡ ਗੰਡੂਆਂ ਦੇ ਵਜ਼ੀਰ ਸਿੰਘ ਤੇ ਜਵਾਹਰ ਸਿੰਘ ਸਭ ਮੁੱਢਲੀ ਕਤਾਰ ਦੇ ਕੂਕੇ ਸਨ ਜੋ ਵਿਦੇਸ਼ੀ ਹਕੂਮਤ ਨੂੰ ਹਿੰਦੁਸਤਾਨ ਵਿਚੋਂ ਕੱਢਣਾ ਆਪਣਾ ਧਰਮ ਸਮਝਦੇ ਸਨ। ਥਾਨੇ ਸ਼ਹਿਣੇ ਦੇ ਪਿੰਡ ਰਾਏਸਰ ਦੇ ਉੱਤਮ ਸਿੰਘ, ਭਗਵਾਨ ਸਿੰਘ, ਦੀਦਾਰ ਸਿੰਘ ਅਤੇ ਕਾਬਲ ਸਿੰਘ, ਪਿੰਡ ਚੀਮਨੇ ਦਾ ਮਲੂਕ ਸਿੰਘ, ਅਤੇ ਪਰਤਾਪ ਸਿੰਘ, ਪਿੰਡ ਭੋਤਨੇ ਦੇ ਚੈਂਚਲ ਸਿੰਘ ਅਤੇ ਨੱਥਾ ਸਿੰਘ, ਪਿੰਡ ਬਖਤਗੜ੍ਹ ਦੇ ਨਧਾਨ ਸਿੰਘ ਅਤੇ ਕਰਮ ਸਿੰਘ ਅਤੇ ਪਿੰਡ ਸ਼ੈਹਣੇ ਦਾ ਦਸੌਂਧਾ ਸਿੰਘ ਤਰਖਾਣ ਸਰਕਾਰ ਅੰਗਰੇਜ਼ੀ ਦੀ ਪੁਲੀਸ ਦੇ ਕਾਗਜ਼ਾਂ ਅਨੁਸਾਰ ਖਤਰਨਾਕ ਕਿਸਮ ਦੇ ਕੂਕੇ ਸਨ।"

ਉਪਰੋਕਤ ਸਰਕਾਰੀ ਰਿਪੋਰਟਾਂ ਅਤੇ ਨਾਮਧਾਰੀ ਇਤਿਹਾਸਕਾਰਾਂ ਦੇ ਇਸ ਦੌਰ ਦੇ ਵਿਵੇਚਨ ਤੋਂ ਪਤਾ ਲੱਗਦਾ ਹੈ ਕਿ ਜਿੱਥੇ ਨਾਮਧਾਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਸੀ ਅਤੇ ਇਹ ਲਹਿਰ ਪੰਜਾਬ ਤੋਂ ਬਾਹਰ ਦੇ



Sri Satguru Jagjit Singh Ji Elibrary NamdhariElibrary@gmail.com

ਦੇਸ਼ਾਂ-ਪ੍ਰਦੇਸ਼ਾਂ ਵਿਚ ਵੀ ਪੁੱਜ ਚੁੱਕੀ ਸੀ ਉੱਥੇ ਵਿਦੇਸ਼ੀ ਅੰਗਰੇਜ਼ੀ ਸਰਕਾਰ ਜਿਸ ਦਾ ਕਿਰਦਾਰ ਸਾਮਰਾਜਵਾਦੀ ਸੀ ਵਿਰੁੱਧ ਤੀਖਣ ਜ਼ਜ਼ਬਾ ਉਭਰ ਰਿਹਾ ਸੀ ਅਤੇ ਦਿਨੋ ਦਿਨ ਪੰਜਾਬ ਦੀ ਖੁਸ ਚੁੱਕੀ ਸੁਤੰਤਰਤਾ ਦੀ ਮੁੜ ਪ੍ਰਾਪਤੀ ਲਈ ਸੁਤੰਤਰਤਾ ਗੌਣ ਰੂਪ ਵਿਚ ਹੀ ਆਪਣੀਆਂ ਨੀਹਾਂ ਪੱਕੀਆਂ ਕਰ ਰਹੀ ਸੀ।

ਦੋਰਾਹੇ ਦੇ ਰੇਲਵੇ ਅਧਿਕਾਰੀ ਡੋਨੋਵਾਲ ਵਲੋਂ ਗਵਰਨਰ ਜਨਰਲ ਲਾਰੰਸ ਨੂੰ 7 ਅਤੇ 30 ਸਤੰਬਰ 1868 ਨੂੰ ਲਿਖੇ ਗਏ ਪੱਤਰ ਭਾਵੇਂ ਵਧੇਰੇ ਜਜ਼ਬਾਤੀ ਰਉਂ ਵਿਚ ਲਿਖੇ ਗਏ ਹਨ, ਫਿਰ ਵੀ ਇਨ੍ਹਾਂ ਤੋਂ ਕੂਕਾ ਲਹਿਰ ਦੇ ਪਾਸਾਰ ਬਾਰੇ ਚੋਖੀ ਜਾਣਕਾਰੀ ਮਿਲ ਜਾਂਦੀ ਹੈ। ਉਸ ਨੇ ਇਹ ਸੂਚਨਾ ਕਿਸੇ ਗੁਪਤ ਸੂਹੀਏ ਤੋਂ ਪ੍ਰਾਪਤ ਕੀਤੀ ਸੀ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਫੈਲੇ ਹਵਾੜਿਆਂ ਦੇ ਆਧਾਰ ਤੇ ਇਹ ਪੱਤਰ ਲਿਖੇ ਸਨ। ਮਿਸਟਰ ਡੋਨੋਵਾਲ ਦੇ ਪੱਤਰਾਂ ਦੇ ਕੁਝ ਅੰਸ਼ ਇਸ ਤਰ੍ਹਾਂ ਸਨ :

ਇਸ ਵੇਲੇ ਦੇਸ਼ ਵਿਚ ਖ਼ਤਰਨਾਕ ਗੱਲ ਵਾਪਰ ਰਹੀ ਹੈ.......। ਮਾਲਵੇ ਵਿਚ ਰਾਮ ਸਿੰਘ ਦੇ ਵਧੇਰੇ ਪੈਰੋਕਾਰ ਬਣ ਰਹੇ ਹਨ। ਇਸ ਸਮੇਂ ਸਾਡੇ ਵਿਰੁੱਧ ਬਗਾਵਤ ਕਰਨ ਅਤੇ ਸਾਨੂੰ ਦੇਸ਼ 'ਚੋਂ ਕੱਢਣ ਲਈ ਉਸ ਕੋਲ ਦੋ ਲੱਖ ਆਦਮੀ ਹਨ।

............ ਅਗਲੇ ਸਾਲ ਦੇ ਸ਼ੁਰੂ ਵਿਚ ਬਗਾਵਤ ਦੀ ਸੰਭਾਵਨਾ ਹੋ ਸਕਦੀ ਹੈ।.

"ਕੂਕਿਆਂ ਦਾ ਆਪਣਾ ਨਿੱਜੀ ਡਾਕ ਪ੍ਰਬੰਧ ਹੈ ਜਿਨ੍ਹਾਂ ਰਾਹੀਂ ਉਨ੍ਹਾਂ ਦੇ ਹਰਕਾਰੇ ਲਿਖਤੀ ਜਾਂ ਜ਼ੁਬਾਨੀ ਸੰਦੇਸ਼ ਲੈ ਜਾਂਦੇ ਹਨ। ਇਹ ਡਾਕੀਏ ਬੜੀ ਤੇਜ਼ੀ ਨਾਲ ਸੰਦੇਸ਼ ਅਗਲੇ ਡਾਕੀਏ ਨੂੰ ਪਹੁੰਚਾ ਦਿੰਦੇ ਹਨ। ਉਨ੍ਹਾਂ ਨੂੰ ਇਹ ਸਖ਼ਤ ਹਦਾਇਤ ਹੈ ਕਿ ਉਹ ਇਨ੍ਹਾਂ ਸੰਦੇਸ਼ਾਂ ਬਾਰੇ ਇਕ ਵੀ ਸ਼ਬਦ ਮੂੰਹੋਂ ਨਾ ਬੋਲਣ। ਸਾਨੂੰ ਕੂਕਿਆਂ ਬਾਰੇ ਬੜਾ ਸਾਵਧਾਨ ਰਹਿਣਾ ਚਾਹੀਦਾ ਹੈ।

ਇਸ ਪੱਤਰ ਵਿਚ ਇਹ ਵੀ ਸੂਚਨਾ ਦਿੱਤੀ ਗਈ ਹੈ ਕਿ ਉਹ (ਗੁਰੂ ਰਾਮ ਸਿੰਘ) ਪਟਿਆਲੇ ਦੇ ਰਾਜੇ ਦੇ ਇਕ ਰਿਸ਼ਤੇਦਾਰ ਮੰਗਲ ਸਿੰਘ ਨਾਲ ਸੰਬੰਧ ਜੋੜ ਰਿਹਾ ਹੈ। ਜਿਸ ਵੱਲੋਂ ਉਸ ਨੂੰ ਬਹੁਤ ਸਹਾਇਤਾ ਦਿੱਤੀ ਗਈ ਹੈ। ਉਸ ਨੇ ਆਪਣੇ 30 ਸਤੰਬਰ 1868 ਦੇ ਦੂਜੇ ਪੱਤਰ ਵਿਚ ਆਪਣੀ ਗੱਲ ਨੂੰ ਹੋਰ ਸਪਸ਼ਟ ਕੀਤਾ ਹੈ। ਆਪਣੇ ਆਖਿਰੀ ਦੀਵਾਨ ਵਿਚ ਗੁਰੂ ਰਾਮ ਸਿੰਘ ਨੇ ਇਹ ਸ਼ਬਦ ਆਖੇ ਹਨ।

"ਖਾਲਸਾ ਜੀ.......ਅਕਾਲ ਪੁਰਖ ਦੀ ਰਜ਼ਾ ਅਤੇ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਢੁਕਵਾਂ ਸਮਾਂ ਆ ਗਿਆ ਹੈ ਕਿ ਸਾਨੂੰ ਇਸ ਦੇਸ਼ ਵਿਚੋਂ ਈਸਾਈਆਂ ਨੂੰ ਕੱਢ ਦੇਣਾ ਚਾਹੀਦਾ ਹੈ। ਮੈਨੂੰ ਰਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਵੱਲੋਂ ਭੇਜਿਆ ਗਿਆ ਹੈ ਕਿ ਦੇਸ਼ ਦੇ ਲੋਕਾਂ ਨੂੰ ਈਸਾਈਆਂ ਤੋਂ ਮੁਕਤੀ ਦਿਵਾਉ। ਇਹ ਸਫਾ ਜੰਗ ਜੋ ਮੇਰੇ ਕਮਰ ਕੱਸੇ ਵਿਚ ਹੈ ਇਸ ਗੱਲ ਦਾ ਨਿਸ਼ਾਨ ਹੈ......ਪ੍ਰਭੂ ਪਿਤਾ ਨੇ ਮੈਨੂੰ ਸਭ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ ਅਤੇ ਮੇਰੇ



Sri Satguru Jagjit Singh Ji Elibrary NamdhariElibrary@gmail.com

ਲਈ ਕੁਝ ਵੀ ਅਸੰਭਵ ਨਹੀਂ ਹੈ।"

ਮਿਸਟਰ ਡੋਨੋਵਾਲ ਨੇ ਸਰਕਾਰ ਨੂੰ ਇਹ ਸਿਫਾਰਿਸ਼ ਵੀ ਕੀਤੀ : ਕਿ ਸਾਨੂੰ ਲੋਹੇ ਦੀ ਲੱਠ ਨਾਲ ਰਾਜ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਕਾਫਰਾਂ ਤੇ ਨਾਸਤਿਕਾਂ ਨੂੰ ਸਖਤੀ ਨਾਲ ਦਬਾ ਦੇਣਾ ਚਾਹੀਦਾ ਹੈ। ਬਰਤਾਨਿਆ ਦੇ ਹਰ ਵਾਸੀ ਦਾ ਹਿਰਦਾ ਇਹ ਵੇਖ ਕੇ ਜਲ-ਬਲ ਰਿਹਾ ਹੈ। ਕਿ ਕਾਲੇ ਲੋਕ ਕਿੰਨੇ ਨਾਸ਼ੁਕਰੇ ਹਨ।.......ਹਾਲੀਂ ਤਾਂ ਇਹ ਪੌਦਾ ਮਸਾਂ ਉੱਗਿਆ ਹੀ ਹੈ ਅਤੇ ਇਸ ਨੂੰ ਸੌਖਾ ਹੀ ਪੁੱਟਿਆ ਜਾ ਸਕਦਾ ਹੈ ਪਰ ਇਸ ਪਿਛੋਂ ਇਸ ਨੂੰ ਉਖਾੜਨਾ ਮੁਸ਼ਕਲ ਹੋਵੇਗਾ। ਇਸ ਨੂੰ ਆਇਰਲੈਂਡ ਦੀ ਫੈਨੀਅਨ ਬਗਾਵਤ ਦੀ ਤੁਲਨਾ ਸਮਾਨ ਸਖਤੀ ਨਾਲ ਦਬਾ ਦੇਣਾ ਚਾਹੀਦਾ ਹੈ। ਜਿਵੇਂ ਅਫਗਾਨਾਂ ਦੇ ਕਬੀਲਿਆਂ ਨਾਲ ਸਾਡੀ ਟੱਕਰ ਹੋਈ ਸੀ- ਸਾਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ ਅਤੇ ਸਮਝਣਾ ਚਾਹੀਦਾ ਹੈ ਕਿ ਸਾਡੇ ਵਿਰੁੱਧ ਇਹ ਬਗਾਵਤ ਉਠਣ ਹੀ ਵਾਲੀ ਹੈ। ਕੂਕੇ ਬੜੀ ਵੱਡੀ ਗਿਣਤੀ ਵਿਚ ਇਕੱਤਰ ਹੋ ਰਹੇ ਹਨ ਅਤੇ ਆਪਣੇ ਪਰਮਾਤਮਾ ਅੱਗੇ ਅਰਦਾਸ ਕਰਦੇ ਤੇ ਜੈਕਾਰੇ ਛੱਡਦੇ ਹਨ ਕਿ ਈਸਾਈਆਂ ਦੇ ਖ਼ੂਨ ਨਾਲ ਇਸ ਧਰਤੀ ਨੂੰ ਲਾਲੋ ਲਾਲ ਕਰ ਦਿਆਂਗੇ। ਇਹ ਉਸੇ ਤਰ੍ਹਾਂ ਦੀ ਲਹਿਰ ਹੈ ਜਿਸ ਤਰ੍ਹਾਂ ਦੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਸਮੇਂ ਮੁਗਲਾਂ ਵਿਰੁੱਧ ਚਲਾਈ ਸੀ। ਕੂਕੇ ਵੀ ਉਸੇ ਤਰ੍ਹਾਂ ਰਕਮਾਂ ਇਕੱਠੀਆਂ ਕਰਕੇ ਪੈਰੋਕਾਰ ਤਿਆਰ ਕਰ ਰਹੇ ਹਨ।" "ਖਾਲਸਾ ਜੀ ਮੇਰੀ ਗੱਲ ਧਿਆਨ ਨਾਲ ਸੁਣੋ-ਮੈਨੂੰ ਇਨ੍ਹਾਂ ਮਲੇਛਾਂ ਤੋਂ ਛੁਟਕਾਰਾ ਪਾਉਣ ਲਈ ਭੇਜਿਆ ਗਿਆ ਹੈ।" ਅਸੀਂ ਆਪਣੀ ਆਜ਼ਾਦੀ ਲਈ ਸੰਘਰਸ਼ ਕਰਾਂਗੇ।" ਇਸ ਪੱਤਰ ਵਿਚ ਇਹ ਵੀ ਸੂਚਨਾ ਦਿੱਤੀ ਹੈ ਕਿ ਮਹਾਰਾਜਾ ਪਟਿਆਲੇ ਦੇ ਰਿਸ਼ਤੇਦਾਰ ਮੰਗਲ ਸਿੰਘ ਨੇ ਕੂਕਿਆਂ ਨੂੰ ਬਗਾਵਤ ਕਰਨ ਲਈ ਚਾਰ ਲੱਖ ਰੁਪਏ ਸਹਾਇਤਾ ਦਿੱਤੀ ਹੈ।

ਕੂਕੇ ਰੋਜ਼ ਸਵੇਰੇ ਉਠ ਕੇ ਆਮ ਜਨਤਾ ਤੇ ਸਰਦਾਰਾਂ ਨੂੰ ਆਪਣੇ ਨਾਲ ਇਸ ਉਦੇਸ਼ ਖਾਤਰ ਸ਼ਾਮਿਲ ਹੋਣ ਲਈ ਅਪੀਲਾਂ ਕਰਦੇ ਹਨ।

ਬਗਾਵਤ ਦੀ ਇਹ ਗੂੰਜ ਸਾਰੇ ਹਿੰਦੋਸਤਾਨ ਵਿਚ ਫੈਲ ਚੁੱਕੀ ਹੈ। ਇਸ ਲਈ ਸਾਨੂੰ ਢਿੱਲੇ ਨਹੀਂ ਹੋਣਾ ਚਾਹੀਦਾ। ਸਾਨੂੰ ਇਨ੍ਹਾਂ ਨੂੰ ਫਾਂਸੀ ਦੇ ਦੇਣੀ ਚਾਹੀਦੀ ਹੈ; ਇਨ੍ਹਾਂ ਦੀਆਂ ਜਾਇਦਾਦਾਂ ਜਬਤ ਕਰਕੇ ਇਨ੍ਹਾਂ ਨੂੰ ਜਲਾਵਤਨ ਕਰ ਦੇਣਾ ਚਾਹੀਦਾ ਹੈ। ਮਾਲਵਾ ਤੇ ਰਾਜਪੂਤਾਨਾਂ ਦੇ ਲੋਕਾਂ ਦਾ ਖ਼ੂਨ ਈਸਾਈਆਂ ਨੂੰ ਮਾਰਨ ਲਈ ਖੌਲ ਰਿਹਾ ਹੈ। ਡੋਨੋਵਾਲ ਦੀ ਰਿਪੋਰਟ ਤੋਂ ਇਹ ਪਤਾ ਲੱਗਦਾ ਹੈ ਕਿ ਉਹ ਵਧੇਰੇ ਹੀ ਉਤਸ਼ਾਹੀ ਤੇ ਲੋੜ ਤੋਂ ਵੱਧ ਇਕ ਜੋਸ਼ੀਲੇ ਈਸਾਈ ਵਲੋਂ ਲਿਖੀ ਗਈ ਹੈ ਜੋ ਵਿਦੇਸ਼ੀ ਸਾਮਰਾਜੀ ਸਰਕਾਰ ਨੂੰ ਪੱਕੇ ਪੈਰਾਂ ਤੇ ਖੜਾ ਕਰਨਾ ਚਾਹੁੰਦਾ ਹੈ। ਉਸ ਨੂੰ ਨਾਮਧਾਰੀ ਅੰਦੋਲਨ ਅੰਗਰੇਜ਼ੀ ਸਰਕਾਰ ਦੀ



Sri Satguru Jagjit Singh Ji Elibrary NamdhariElibrary@gmail.com

ਸਲਾਮਤੀ ਅਤੇ ਉਨ੍ਹਾਂ ਦੇ ਰਾਜ ਦੀ ਸਥਿਰਤਾ ਲਈ ਖਤਰਨਾਕ ਜਾਪਦਾ ਹੈ। ਇਸ ਰਿਪੋਰਟ ਤੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਇਸ ਰਿਪੋਰਟ ਦਾ ਲੇਖਕ ਅੰਗਰੇਜ਼ੀ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ ਦਾ ਅਭਿਲਾਸ਼ੀ ਸੀ। ਇਸੇ ਲਈ ਉਸ ਨੇ ਸਰਕਾਰ ਤੋਂ ਸ਼ਿਮਲੇ ਜਾ ਕੇ ਇਸ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ ਖਰਚੇ ਦੀ ਮੰਗ ਵੀ ਕੀਤੀ ਹੈ। ਇਹ ਵੀ ਜਾਪਦਾ ਹੈ ਕਿ ਮਿਸਟਰ ਡੋਨੋਵਾਨ ਪੰਜਾਬ ਵਿਚ ਉਸ ਸਮੇਂ ਫੈਲ ਰਹੀਆਂ ਅਫਵਾਹਾਂ ਤੇ ਹਵਾੜਿਆਂ ਨੂੰ ਵੱਡ ਦਰਸ਼ੀ ਸ਼ੀਸ਼ੇ ਨਾਲ ਵੇਖ ਰਿਹਾ ਸੀ। ਭਾਵੇਂ ਉਹ ਅੰਗਰੇਜ਼ੀ ਸਰਕਾਰ ਦਾ ਵਫਾਦਾਰ ਹੈ ਪਰ ਕਾਲੇ ਲੋਕਾਂ ਬਾਰੇ ਉਸ ਦੇ ਮਨ ਵਿਚ ਤੀਖਣ ਨਸਲੀ ਵਿਤਕਰੇ ਦੀ ਭਾਵਨਾ ਵੀ ਮੌਜੂਦ ਸੀ। ਲਗਭਗ ਸਾਮਰਾਜਵਾਦੀ ਢਾਂਚੇ ਵਿਚ ਇਸ ਤਰ੍ਹਾਂ ਦਾ ਨਸਲੀ ਵਿਤਕਰੇ ਵਾਲਾ ਅਭਿਮਾਨੀ ਦ੍ਰਿਸ਼ਟੀਕੋਣ ਉਸ ਸਮੇਂ ਦੇ ਬਹੁਤੇ ਅੰਗਰੇਜ਼ਾਂ ਵਿਚ ਮੌਜੂਦ ਸੀ।

**ਇੰਸਪੈਕਟਰ ਜਨਰਲ ਪੁਲੀਸ ਦੀ ਪੰਜਾਬ ਸਰਕਾਰ ਨੂੰ ਭੇਜੀ ਗਈ ਰਿਪੋਰਟ :**

1868 ਵਿਚ ਕੂਕਾ ਲਹਿਰ ਸੰਬੰਧੀ ਜਿਹੜੀ ਰਿਪੋਰਟ ਇੰਸਪੈਕਟਰ ਜਨਰਲ ਪੁਲੀਸ ਨੇ ਪੰਜਾਬ ਸਰਕਾਰ ਨੂੰ ਭੇਜੀ, ਉਸ ਵਿਚ ਡੋਨੋਵਾਲ ਦੇ ਵਿਚਾਰਾਂ ਦੇ ਉਲਟ ਖਿਆਲ ਪ੍ਰਗਟਾਏ ਗਏ ਹਨ। ਇਸ ਸਮੇਂ ਉਹ ਕੂਕਾ ਅੰਦੋਲਨ ਨੂੰ ਕੁਝ ਮੱਠਾ ਪੈ ਗਿਆ ਮੰਨਦਾ ਹੈ।

[1*]"ਰਾਮ ਸਿੰਘ ਉਪਰ ਜਿਹੜੀ ਸਖ਼ਤ ਨਿਗਰਾਨੀ ਰੱਖੀ ਗਈ ਸੀ, 1866 ਵਿਚ, ਉਸ ਵਿਚ ਢਿੱਲ ਦੇ ਦਿੱਤੀ ਗਈ। ਸਰਕਾਰ ਵਲੋਂ ਇਹ ਇਜਾਜ਼ਤ ਦੇ ਦਿੱਤੀ ਗਈ ਸੀ ਕਿ ਉਹ (ਰਾਮ ਸਿੰਘ) ਜਿੱਥੇ ਚਾਹੇ ਆਪਣੀ ਮਰਜ਼ੀ ਨਾਲ ਜਾ ਸਕਦਾ ਹੈ। ਸਾਡੇ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਉਠਾਣ ਨਾਲ ਰਾਮ ਸਿੰਘ ਦੀ ਚੜ੍ਹਤ ਵਾਲੀ ਪਦਵੀ ਦਾ ਮਹੱਤਵ ਘੱਟ ਗਿਆ ਹੈ। ਆਮ ਜਨਤਾ ਦਾ ਵਿਚਾਰ ਸੀ ਕਿ ਕੂਕਿਆਂ ਬਾਰੇ ਜਿਹੜੇ ਸੂਬੇ ਗੱਲਾਂ ਕਰਦੇ ਹਨ, ਉਨ੍ਹਾਂ ਦੇ ਕਥਨਾਂ ਵਿਚ ਜ਼ਰੂਰ ਕੋਈ ਸੱਚਾਈ ਹੋਵੇਗੀ। ਤਾਂ ਹੀ ਬਰਤਾਨਵੀ ਸਰਕਾਰ ਵਰਗੀ ਸ਼ਕਤੀਸ਼ਾਲੀ ਹਕੂਮਤ ਨੇ ਉਨ੍ਹਾਂ ਉੱਤੇ ਪਾਬੰਦੀ ਲਗਾਈ ਹੋਵੇਗੀ।

ਜਦੋਂ ਰਾਮ ਸਿੰਘ ਭੈਣੀ ਵਿਖੇ ਹਦੂਦਬੰਦ ਸੀ ਤਾਂ ਉਸ ਬਾਰੇ ਕਈ ਰਹੱਸਮਈ ਤੇ ਅਧਿਆਤਮਿਕ ਪੱਖਾਂ ਨੂੰ ਵਧੇਰੇ ਹੀ ਉਜਾਗਰ ਕੀਤਾ ਜਾ ਰਿਹਾ ਹੈ, ਜਿਸ ਬਾਰੇ ਸਾਡੇ ਗੁਪਤਚਰ ਵੀ ਕੁਝ ਮਨੋਕਲਪਿਤ ਗੱਲਾਂ ਜੋੜ ਦਿੰਦੇ ਸਨ। ਇਸ ਨਾਲ ਲੋਕਾਂ ਵਿਚ ਹੋਰ ਸ਼ੰਕੇ ਉਪਜਦੇ ਸਨ।"

ਇੰਸਪੈਕਟਰ ਜਨਰਲ ਪੁਲੀਸ ਵਲੋਂ ਇਸ ਗੱਲ ਦਾ ਉਲੇਖ ਕੀਤਾ ਗਿਆ

---

[1*] ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ਼ ਦ ਪੰਜਾਬ, ਪੰਨਾ 70



Sri Satguru Jagjit Singh Ji Elibrary NamdhariElibrary@gmail.com

ਸੀ ਕਿ [1*]"ਹੁਣ ਕੂਕਾ ਲਹਿਰ ਹੇਠਾਂ ਵੱਲ ਮੋੜਾ ਕੱਟ ਰਹੀ ਹੈ। ਉਪਰਲੇ ਅਧਿਕਾਰੀਆਂ ਨੂੰ ਆਪਣੀ ਸੂਚਨਾ ਨੂੰ ਸਚਿਆਰਾ ਦੱਸਣ ਲਈ ਉਸ ਨੇ ਕਈ ਕਲਪਿਤ ਢਕੌਂਸਲੇ ਘੜ ਲਏ ਸਨ। ਪਰ ਇਹ ਲਿਖ ਕੇ ਉਹ ਸਰਕਾਰ ਨੂੰ ਧੋਖਾ ਦੇ ਰਿਹਾ ਸੀ ਅਤੇ ਨਾਮਧਾਰੀ ਲਹਿਰ ਬਾਰੇ ਕਈ ਕਥਨ ਤੋੜ-ਮਰੋੜ ਕੇ ਪੇਸ਼ ਕਰ ਰਿਹਾ ਸੀ ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਜਵਾਲਾਮੁਖੀ ਦੇ ਫੱਟਣ ਵਾਲੇ ਲਾਵੇ ਦੇ ਮੂੰਹ ਅੱਗੇ ਘੂਕ ਸੁੱਤਾ ਪਿਆ ਸੀ। ਇੰਜ ਜਾਪਦਾ ਹੈ ਕਿ ਸਰਕਾਰੀ ਅਧਿਕਾਰੀ ਕੂਕਾ ਲਹਿਰ ਦੇ ਨਿੱਤ ਵੱਧ ਰਹੇ ਪਾਸਾਰੇ ਨੂੰ ਅੱਖੋਂ ਪਰੋਖੇ ਕਰ ਰਹੇ ਸਨ। ਸਗੋਂ ਸੱਚ ਤਾਂ ਇਹ ਹੈ ਕਿ ਇਸ ਸਮੇਂ ਕੂਕਾ ਲਹਿਰ ਦਾ ਪ੍ਰਭਾਵ ਖੇਤਰ ਕਸ਼ਮੀਰ ਅਤੇ ਨੇਪਾਲ ਤੱਕ ਫੈਲ ਚੁੱਕਾ ਸੀ।"

## ਕੂਕਾ ਰਜ਼ਮੈਂਟ ਦੀ ਸਥਾਪਨਾ

1868 ਵਿਚ ਜੰਮੂ ਕਸ਼ਮੀਰ ਰਾਜ ਵਿਚ ਕੂਕਾ ਰਜ਼ਮੈਂਟ ਕਾਇਮ ਕੀਤੀ ਗਈ। 1819 ਤੋਂ 1846 ਤੱਕ ਜੰਮੂ ਕਸ਼ਮੀਰ ਖਾਲਸਾ ਸਰਕਾਰ ਦਾ ਇਕ ਪ੍ਰਾਂਤ ਸੀ ਪਰ 1846 ਵਿਚ ਮਹਾਰਾਜਾ ਗੁਲਾਬ ਸਿੰਘ ਨੇ ਅੰਗਰੇਜ਼ਾਂ ਨੂੰ 75 ਲੱਖ ਦੀ ਤਵਾਨ ਦੀ ਰਕਮ ਦੇ ਕੇ ਜੰਮੂ ਕਸ਼ਮੀਰ ਰਾਜ ਨੂੰ ਆਪਣੇ ਪੇਟੇ ਪਾ ਲਿਆ। 30 ਜੂਨ 1857 ਨੂੰ ਮਹਾਰਾਜਾ ਗੁਲਾਬ ਸਿੰਘ ਦੀ ਮੌਤ ਪਿਛੋਂ ਮਹਾਰਾਜਾ ਰਣਬੀਰ ਸਿੰਘ ਜੰਮੂ ਕਸ਼ਮੀਰ ਦਾ ਮੁੱਖੀ ਬਣਿਆ। 1857 ਨੂੰ ਕੂਕਾਮਤ ਦੀ ਸਥਾਪਨਾ ਪਿੱਛੇ ਧਾਰਮਿਕ ਤੇ ਰਾਜਸੀ ਮਨੋਰਥ ਦੋਵੇਂ ਹੀ ਵਿਦਮਾਨ ਸਨ। ਜਦੋਂ ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਦੇ ਪ੍ਰਥਮ ਸੰਗਰਾਮ ਨੂੰ ਦਬਾ ਲਿਆ ਤਾਂ ਉਸ ਸਮੇਂ ਇਹ ਕਥਨ ਬਾਰ ਬਾਰ ਦੁਹਰਾਇਆ ਜਾਂਦਾ ਸੀ ਕਿ ਮਲਕਾ ਵਿਕਟੋਰੀਆ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ। ਅੰਗਰੇਜ਼ੀ ਸਰਕਾਰ ਨੇ ਆਪਣੇ ਪ੍ਰਸ਼ਾਸਨਿਕ ਤੰਤਰ ਨੂੰ ਪੂਰੀ ਤਰ੍ਹਾਂ ਸੰਗਠਿਤ ਕਰ ਲਿਆ ਸੀ। ਕੂਕਾਮਤ ਦਾ ਜਥੇਬੰਦਕ ਸਰੂਪ ਸਤਿਗੁਰੂ ਰਾਮ ਸਿੰਘ ਉੱਤੇ ਅੰਗਰੇਜ਼ ਸਰਕਾਰ ਵਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ ਬਲਵਾਨ ਸੰਗਠਨ ਦਾ ਰੂਪ ਧਾਰਨ ਕਰ ਗਿਆ ਸੀ।

ਅੰਗਰੇਜ਼ ਸਰਕਾਰ ਵਲੋਂ ਪੁਲਿਸ ਤੇ ਫ਼ੌਜ ਵਿਚੋਂ ਕੂਕਿਆਂ ਨੂੰ ਲਗਭਗ ਕੱਢ ਦਿੱਤਾ ਗਿਆ ਸੀ। ਨਾਮਧਾਰੀ ਲਹਿਰ ਦੇ ਰਾਜਨੀਤਕ ਉਦੇਸ਼ ਭਾਵੇਂ ਗੁਪਤ ਰੱਖੇ ਗਏ ਸਨ ਪਰ ਉਸ ਸਮੇਂ ਦੀਆਂ ਲੋਕ ਬੋਲੀਆਂ ਵਿਚ ਅਜਿਹੇ ਬੋਲ ਵੀ ਗੂੰਜਦੇ ਸਨ :

ਇਥੋਂ ਚੁੱਕ ਲੈ ਫਰੰਗੀਆਂ ਡੇਰਾ
ਖਾਲਸੇ ਨੇ ਰਾਜ ਕਰਨਾ।

---

[1*] ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ਼ ਦ ਪੰਜਾਬ, ਪੰਨਾ 70



Sri Satguru Jagjit Singh Ji Elibrary NamdhariElibrary@gmail.com

ਉਸ ਖਾਲਸਾ ਰਾਜ ਦਾ ਕਿਹੜਾ ਸਰੂਪ ਸੀ ਅਤੇ ਉਸ ਦੀ ਪ੍ਰਾਪਤੀ ਕਿਵੇਂ ਕੀਤੀ ਜਾਣੀ ਸੀ, ਇਸ ਬਾਰੇ ਬਹੁਤੇ ਤੱਥ ਸਪਸ਼ਟ ਨਹੀਂ ਸਨ ਫਿਰ ਵੀ ਕੂਕਾਮਤ ਦੇ. ਧਾਰਮਿਕ ਸੁਧਾਰਾਂ ਦੇ ਨਾਲ ਨਾਲ ਅੰਗਰੇਜ਼ ਸਰਕਾਰ ਵਿਰੋਧੀ ਭਾਵਨਾ ਪ੍ਰਗਟ ਨਾ ਹੁੰਦੀ ਹੋਈ ਵੀ ਪ੍ਰਬਲ ਰੂਪ ਵਿਚ ਮੌਜੂਦ ਸੀ।

ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਮੁੱਖ ਸੂਬੇ ਸੂਬਾ ਲੱਖਾ ਸਿੰਘ ਤੇ ਸੂਬਾ ਸਾਹਿਬ ਸਿੰਘ ਸਾਰੀਆਂ ਰਾਜਨੀਤਕ ਕਾਰਵਾਈਆਂ ਉੱਤੇ ਵੀ ਨਿਗ੍ਹਾ ਰੱਖ ਰਹੇ ਸਨ ਅਤੇ ਨੇਪਾਲ, ਕਸ਼ਮੀਰ, ਅਫਗਾਨਿਸਤਾਨ ਤੇ ਕੇਂਦਰੀ ਏਸ਼ੀਆ ਦੇ ਰੂਸੀ ਇਲਾਕੇ ਤੱਕ ਅਤੇ ਦੇਸ਼ ਵਿਚ ਲਖਨਊ, ਹੈਦਰਾਬਾਦ, ਕਾਨਪੁਰ ਅਤੇ ਹੋਰ ਸਥਾਨਾਂ ਤੇ ਆਪਣੇ ਪ੍ਰਚਾਰ ਕੇਂਦਰ ਸਥਾਪਿਤ ਕਰ ਚੁੱਕੇ ਸਨ। ਦੂਜੇ ਸ਼ਬਦਾਂ ਵਿਚ ਇਹ ਇਕ ਇਤਿਹਾਸਕ ਸੱਚਾਈ ਸੀ ਕਿ ਕੂਕਾ ਲਹਿਰ ਨੇ ਹੁਣ ਅਗਲੇ ਪੜਾਵਾਂ ਵੱਲ ਵੱਧਣਾ ਸ਼ੁਰੂ ਕਰ ਦਿੱਤਾ ਸੀ। ਅਜਿਹੇ ਇਤਿਹਾਸਕ ਪਿਛੋਕੜ ਵਿਚ ਹੀ ਕੁਝ ਨਵੀਆਂ ਕਾਰਵਾਈਆਂ ਆਰੰਭੀਆਂ ਗਈਆਂ। ਇੱਥੇ ਕੇਵਲ 1866 ਤੋਂ 1871 ਤਕ ਦੀਆਂ ਮੁੱਖ ਘਟਨਾਵਾਂ ਦਾ ਵਰਣਨ ਕੀਤਾ ਜਾਵੇਗਾ।

1. ਕਸ਼ਮੀਰ ਵਿਚ ਕੂਕਾ ਰਜ਼ਮੈਂਟ ਦੀ ਸਥਾਪਨਾ

ਸਤਿਗੁਰੂ ਰਾਮ ਸਿੰਘ ਇਨ੍ਹਾਂ ਦਿਨ੍ਹਾਂ ਵਿਚ ਖੁੱਲ੍ਹੇ ਪ੍ਰਚਾਰ ਦੌਰੇ ਕਰ ਰਹੇ ਸਨ। ਦੜਪ, ਸਿਆਲਕੋਟ ਤੇ ਗੁਜਰਾਂਵਾਲੇ ਦੇ ਇਲਾਕਿਆਂ ਵਿਚ ਨਾਮਧਾਰੀ ਮਤ ਕਾਫੀ ਮਜ਼ਬੂਤ ਜੜ੍ਹਾਂ ਪਕੜ ਚੁੱਕਾ ਸੀ। ਇੱਥੋਂ ਦੇ ਨਾਮਧਾਰੀਆਂ ਦੀ ਜੰਮੂ ਕਸ਼ਮੀਰ ਰਾਜ ਵਿਚ ਵੀ ਖੁੱਲ੍ਹੀ ਆਵਾਜਾਈ ਸੀ।

ਮਹਾਰਾਜਾ ਰਣਬੀਰ ਸਿੰਘ ਦੇ ਦਰਬਾਰ ਵਿਚ ਵੀ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਅਮਲ ਵਿਚ ਆ ਚੁੱਕੀ ਸੀ। ਦੀਵਾਨ ਕਿਰਪਾ ਰਾਮ ਅੰਗਰੇਜ਼ਾਂ ਦਾ ਪੱਖ ਪੂਰਦਾ ਸੀ ਪਰ ਰਾਜ ਘਰਾਣੇ ਦਾ ਗੁਰੂ ਵੇਦਾਂਤੀ ਅੰਗਰੇਜ਼ ਵਿਰੋਧੀ ਭਾਵਨਾ ਰੱਖਦਾ ਸੀ। ਮਹਾਰਾਜਾ ਰਣਬੀਰ ਸਿੰਘ ਵੀ ਨੇਪਾਲ ਤੇ ਹੋਰ ਦੇਸੀ ਰਿਆਸਤਾਂ ਦੇ ਮੁੱਖੀਆਂ ਸਮਾਨ ਆਪਣੇ ਰਾਜ ਪਬੰਧ ਵਿਚ ਅੰਗਰੇਜ਼ਾਂ ਦੇ ਲੋੜ ਤੋਂ ਵਧੇਰੇ ਦਖਲ ਤੋਂ ਨਾ ਖੁਸ਼ ਸੀ।

[1*]"ਸ. ਹੀਰਾ ਸਿੰਘ ਸਢੌਰਾ (ਜ਼ਿਲ੍ਹਾ ਅੰਬਾਲਾ), ਤਾਰਾ ਸਿੰਘ ਅੰਮ੍ਰਿਤਸਰ, ਲਾਲ ਸਿੰਘ ਪਟਿਆਲਾ, ਚੰਦਾ ਸਿੰਘ ਅੰਮ੍ਰਿਤਸਰ ਕੁਝ ਨਾਮਧਾਰੀਆਂ ਨੂੰ ਨਾਲ ਲੈ ਕੇ ਗੁਰੂ ਵੇਦਾਂਤੀ ਕੋਲ ਪੁੱਜੇ ਅਤੇ ਜੰਮੂ ਸਰਕਾਰ ਵਿਚ ਨੌਕਰੀ ਕਰਨ ਲਈ ਬੇਨਤੀ ਕੀਤੀ। ਮਹਾਰਾਜਾ ਰਣਬੀਰ ਸਿੰਘ ਨੇ ਕੂਕਿਆਂ ਦੀ ਇਕ ਵੱਖਰੀ ਰਜਮੈਂਟ ਕਾਇਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ। 1868 ਵਿਚ ਗੁਰੂ ਰਾਮ ਸਿੰਘ ਜੀ ਵਲੋਂ ਪ੍ਰਮਾਣ

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 131



Sri Satguru Jagjit Singh Ji Elibrary NamdhariElibrary@gmail.com

ਪੱਤਰ ਲੈ ਕੇ 150 ਦੇ ਕਰੀਬ ਨਾਮਧਾਰੀ ਜੰਮੂ ਪੁੱਜ ਗਏ ਤੇ 1868 ਵਿਚ ਉਨ੍ਹਾਂ ਦੀ ਵੱਖਰੀ ਪਲਟਨ ਕਾਇਮ ਕਰ ਦਿੱਤੀ ਗਈ। ਜੰਮੂ ਦੇ ਬਾਹਰਵਾਰ ਉਨ੍ਹਾਂ ਦੀ ਛਾਉਣੀ ਕਾਇਮ ਕੀਤੀ ਗਈ ਅਤੇ ਹੁਕਮਾ ਸਿੰਘ ਦੇ ਅਧੀਨ ਸ. ਹੀਰਾ ਸਿੰਘ ਨੂੰ ਇਸ ਪਲਟਣ ਦਾ ਕੁਮੇਦਾਨ ਮੁਕੱਰਰ ਕੀਤਾ ਗਿਆ। ਉਸ ਦੇ ਨਾਲ ਹੀ ਤਾਰਾ ਸਿੰਘ, ਲਾਲ ਸਿੰਘ, ਬਹਾਦਰ ਸਿੰਘ ਅਤੇ ਮੂਲ ਸਿੰਘ ਨੂੰ ਸਰਦਾਰੀਆਂ ਦਿੱਤੀਆਂ ਗਈਆਂ ਅਤੇ ਕ੍ਰਮਵਾਰ ਇਨ੍ਹਾਂ ਦੀਆਂ ਤਨਖਾਹਾਂ 30, 15, 11, 10 ਪ੍ਰਤੀ ਮਹੀਨੇ ਮੁਕੱਰਰ ਕੀਤੀਆਂ ਗਈਆਂ। ਆਮ ਸਿਪਾਹੀਆਂ ਦੀ ਤਨਖਾਹ 9 ਰੁਪਏ ਪ੍ਰਤੀ ਮਹੀਨਾ ਰੱਖੀ ਗਈ ਜੋ ਸਥਾਨਕ ਫੌਜੀਆਂ ਤੋਂ ਇਕ ਰੁਪਏ ਵੱਧ ਸੀ। ਇਨ੍ਹਾਂ ਫੌਜੀਆਂ ਦੀ ਗਿਣਤੀ ਥੋੜ੍ਹੇ ਸਮੇਂ ਵਿਚ ਹੀ 200-250 ਤੱਕ ਪਹੁੰਚ ਗਈ। ਇਨ੍ਹਾਂ ਨੂੰ ਫ਼ੌਜੀ ਸਿਖਲਾਈ ਦੇ ਕੇ ਨੌਸ਼ਹਿਰੇ ਭੇਜ ਦਿੱਤਾ ਗਿਆ। ਤਿੰਨ ਮਹੀਨੇ ਪਿਛੋਂ ਸ੍ਰੀਨਗਰ ਭੇਜਿਆ ਗਿਆ, ਜਿੱਥੇ ਉਹ ਇਕ ਸਾਲ ਰਹੇ। ਫੌਜੀ ਡਿਊਟੀ ਤੋਂ ਵਿਹਲੇ ਹੋ ਕੇ ਉਹ ਮਹਾਰਾਜੇ ਦੇ ਦਰਬਾਰ ਵਿਚ ਵੀ ਜਾ ਹਾਜ਼ਰ ਹੁੰਦੇ ਸਨ। ਇਕ ਸਾਲ ਉਹ ਬਟ ਮਲੂ (Bat Maloo) ਦੀ ਛਾਉਣੀ ਵਿਚ ਰਹੇ। ਫਿਰ ਉਨ੍ਹਾਂ ਨੂੰ ਮੁਜ਼ੱਫਰਾਬਾਦ ਤੇ ਫਿਰ ਕਠੂਏ ਤਬਦੀਲ ਕੀਤਾ ਗਿਆ। ਫਿਰ ਉਨ੍ਹਾਂ ਨੂੰ ਦੁਪੱਟਾ ਭੇਜਿਆ ਗਿਆ। ਸ. ਹੀਰਾ ਸਿੰਘ ਕੁਝ ਸਮੇਂ ਦੀ ਛੁੱਟੀ ਲੈ ਕੇ ਪੰਜਾਬ ਆਇਆ ਤੇ ਉਸ ਨੇ ਵਾਪਿਸ ਜਾ ਕੇ ਵੇਖਿਆ ਕਿ ਕੇਵਲ 70 ਸੈਨਿਕ ਹੀ ਉੱਥੇ ਰਹਿ ਗਏ ਸਨ, ਬਾਕੀ ਨੌਕਰੀ ਛੱਡ ਕੇ ਚਲੇ ਗਏ ਸਨ।"

ਇਸ ਦਾ ਵੱਡਾ ਕਾਰਨ ਤਨਖਾਹਾਂ ਦਾ ਸਮੇਂ ਸਿਰ ਨਾ ਕੀਤਾ ਗਿਆ ਭੁਗਤਾਨ ਸੀ।

ਜਦੋਂ 1871 ਵਿਚ ਇਹ ਰਜਮੈਂਟ ਅੰਗਰੇਜ਼ਾਂ ਦੇ ਜ਼ੋਰ ਪਾਉਣ ਉਤੇ ਤੋੜ ਦਿੱਤੀ ਗਈ ਤਾਂ ਵੀ ਇਨ੍ਹਾਂ ਦੀਆਂ ਦਸਾਂ ਮਹੀਨਿਆਂ ਦੀਆਂ ਤਨਖਾਹਾਂ ਬਕਾਇਆ ਸਨ।

ਜਦੋਂ ਅੰਗਰੇਜ਼ਾਂ ਨੂੰ ਇਹ ਪਤਾ ਲੱਗਾ ਕਿ ਜੰਮੂ ਵਿਚ ਇਸ ਤਰ੍ਹਾਂ ਦੀ ਕੂਕਾ ਰਜਮੈਂਟ ਕਾਇਮ ਹੋਈ ਹੈ ਤਾਂ ਉਨ੍ਹਾਂ ਨੇ ਆਪਣਾ ਇਕ ਪੁਲਿਸ ਅਫ਼ਸਰ ਭੇਜ ਕੇ ਕੂਕਾ ਰਜਮੈਂਟ ਬਾਰੇ ਸਾਰੀ ਰਿਪੋਰਟ ਮੰਗੀ। ਇਸ ਦੌਰਾਨ 1871 ਵਿਚ ਅੰਮ੍ਰਿਤਸਰ ਤੇ ਰਾਏਕੋਟ ਵਿਚ ਬੁੱਚੜਾਂ ਦੇ ਕਤਲਾਂ ਦੀਆਂ ਵਾਰਦਾਤਾਂ ਵੀ ਵਾਪਰ ਚੁੱਕੀਆਂ ਸਨ। ਦੀਵਾਨ ਕਿਰਪਾ ਰਾਮ ਨੇ ਮਹਾਰਾਜਾ ਰਣਬੀਰ ਸਿੰਘ ਉੱਤੇ ਪ੍ਰਭਾਵ ਪਾ ਕੇ ਅਤੇ ਅੰਗਰੇਜ਼ਾਂ ਦੀ ਨਰਾਜ਼ਗੀ ਦੀ ਸੰਭਾਵਨਾ ਨੂੰ ਦੱਸ ਕੇ ਕੂਕਾ ਰਜ਼ਮੈਂਟ ਨੂੰ ਤੜਵਾਉਣ ਦੇ ਹੁਕਮ ਜਾਰੀ ਕਰਵਾ ਦਿੱਤੇ।

[1*]ਡਾ. ਫੌਜਾ ਸਿੰਘ ਅਨੁਸਾਰ-ਸਤਿਗੁਰੂ ਰਾਮ ਸਿੰਘ ਅਤੇ ਜੰਮੂ ਕਸ਼ਮੀਰ ਰਾਜ ਵਿਚਕਾਰ ਫਿਰ ਵੀ ਸੁਖਾਵੇਂ ਸੰਬੰਧ ਬਣੇ ਰਹੇ ਅਤੇ ਮੱਧ ਏਸ਼ੀਆ ਦੇ ਰੂਸੀ

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 133



Sri Satguru Jagjit Singh Ji Elibrary NamdhariElibrary@gmail.com

ਅਧਿਕਾਰੀਆਂ ਨਾਲ ਤਾਲਮੇਲ ਰੱਖਣ ਲਈ ਕਸ਼ਮੀਰ ਸਰਕਾਰ ਦੇ ਕਰਮਚੰਦ ਦੇ ਮਨਸੁਖ ਸਰਗਰਮ ਕਾਰਵਾਈਆਂ ਕਰਦੇ ਰਹੇ। "ਇਹ ਦੇਸ਼ੀ ਰਾਜੇ ਅੰਗਰੇਜ਼ਾਂ ਦੀ ਵੱਧ ਰਹੀ ਸ਼ਕਤੀ ਤੋਂ ਬੜੇ ਭੈਭੀਤ ਸਨ ਅਤੇ ਉਨ੍ਹਾਂ ਦੀ ਥੋੜ੍ਹੀ ਜਿਹੀ ਨਰਾਜ਼ਗੀ ਅਤੇ ਆਪਣੇ ਵਿਰੁੱਧ ਆਖੇ ਗਏ ਛੋਟੇ ਜਿਹੇ ਵਾਕ ਨੂੰ ਸੁਣ ਕੇ ਥਰਥਰ ਕੰਬਣ ਲੱਗ ਪੈਂਦੇ ਸਨ।"

### ਨੇਪਾਲ ਨਾਲ ਸੰਬੰਧ

ਭਾਰਤ ਦੇ ਉੱਤਰ-ਪੂਰਬ ਵਿਚ ਨੇਪਾਲ ਦੇ ਸੁਤੰਤਰ ਰਾਜ ਨੂੰ 1760 ਈਸਵੀਂ ਵਿਚ ਮਹਾਰਾਜਾ ਪ੍ਰਿਥਵੀ ਨਰਾਇਣ ਸ਼ਾਹ ਨੇ ਛੋਟੀਆਂ ਛੋਟੀਆਂ ਪਹਾੜੀ ਰਿਆਸਤਾਂ ਨੂੰ ਜਿੱਤ ਕੇ ਕਾਇਮ ਕੀਤਾ ਸੀ ਅਤੇ ਕਾਠਮੰਡੂ ਨੂੰ ਇਸ ਦੀ ਰਾਜਧਾਨੀ ਬਣਾਇਆ ਗਿਆ ਸੀ। ਨੇਪਾਲ ਦਾ ਰਾਜਾ ਪ੍ਰਿਥਵੀ ਨਾਰਾਇਣ ਸ਼ਾਹ ਹਿੰਦ ਵਿਚ ਅੰਗਰੇਜ਼ਾਂ ਦੇ ਵਾਧੇ ਨੂੰ ਚੰਗਾ ਨਹੀਂ ਸੀ ਸਮਝਦਾ। ਇਸ ਲਈ ਉਸ ਨੇ 1814 ਵਿਚ ਮਹਾਰਾਜਾ ਰਣਜੀਤ ਸਿੰਘ ਕੋਲ ਵੀ ਪਹੁੰਚ ਕੀਤੀ। ਨੇਪਾਲ ਰਾਜ ਵਲੋਂ ਪੰਡਤ ਪਦਮ ਮਨੀ ਨੂੰ ਦੱਖਣ ਦੇ ਰਾਜਿਆਂ ਨਾਲ ਜੋੜ-ਤੋੜ ਕਰਨ ਲਈ ਭੇਜਿਆ ਗਿਆ ਪਰ ਆਪਣੇ ਉਦੇਸ਼ ਵਿਚ ਉਹ ਸਫ਼ਲ ਨਾ ਹੋ ਸਕਿਆ। 1816 ਵਿਚ ਅੰਗਰੇਜ਼ਾਂ ਨੇ ਗੋਰਖਿਆਂ ਨੂੰ ਹਰਾ ਦਿੱਤਾ, ਜਿਸ ਦੇ ਫਲਸਰੂਪ ਸਾਗੌਲੀ ਦੇ ਸਮਝੌਤੇ ਅਨੁਸਾਰ ਨੇਪਾਲ ਦਾ ਬਹੁਤ ਸਾਰਾ ਇਲਾਕਾ ਅੰਗਰੇਜ਼ਾਂ ਨੇ ਮਲ ਲਿਆ ਅਤੇ ਨੇਪਾਲ ਰਾਜ ਦੇ ਬਾਰ-ਬਾਰ ਕਹਿਣ ਉਤੇ ਵੀ ਉਸ ਨੂੰ ਵਾਪਿਸ ਨਾ ਕੀਤਾ। ਸਿੱਟੇ ਵਜੋਂ ਨੇਪਾਲ ਵਿਚ ਅੰਗਰੇਜ਼ਾਂ ਵਿਰੋਧੀ ਭਾਵਨਾ ਸਦਾ ਸੁਲਗਦੀ ਰਹੀ।

ਨੇਪਾਲ ਰਾਜ ਵਿਚ ਅੰਗਰੇਜ਼ਾਂ ਵਲੋਂ ਭੇਜਿਆ ਗਿਆ ਰੈਜ਼ੀਡੈਂਟ ਸਦਾ ਆਪਣੀ ਪਾੜੋ ਤੇ ਰਾਜ ਕਰੋ ਦੀ ਸਾਮਰਾਜਵਾਦੀ ਨੀਤੀ ਉੱਤੇ ਅਮਲ ਕਰਦਾ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਪੰਜਾਬ ਵਿਚ ਗੋਰਖਿਆਂ ਦੀਆਂ ਦੋ ਪਲਟਣਾਂ ਕਾਇਮ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਫੌਜੇ-ਖਾਸ ਦਾ ਨਾਂ ਦਿੱਤਾਂ ਗਿਆ ਸੀ। ਨੇਪਾਲ ਦੇ ਬਹੁਤ ਸਾਰੇ ਅਹਿਲਕਾਰ ਜਨਰਲ ਮਾਤਾਬਰ ਸਿੰਘ ਅਤੇ ਉਸ ਦਾ ਭਣੇਵਾਂ ਰਾਣਾ ਜੰਗ ਬਹਾਦਰ ਆਦਿ ਵੀ ਖਾਲਸਾ ਰਾਜ ਸਮੇਂ ਪੰਜਾਬ ਵਿਚ ਰਹੇ ਸਨ।

1843 ਵਿਚ ਮਾਤਾਬਰ ਸਿੰਘ ਨੇਪਾਲ ਦਾ ਪ੍ਰਧਾਨ ਮੰਤਰੀ ਬਣਿਆ ਅਤੇ ਉਸ ਨੇ ਜੰਗ ਬਹਾਦਰ ਨੂੰ ਵੀ ਉੱਚੇ ਅਹੁੱਦੇ ਤੇ ਲਗਾਇਆ। ਰਾਜ ਦੀ ਭੁੱਖ ਅਤੇ ਪ੍ਰਧਾਨ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ਲਈ ਆਪਣੇ ਮਾਮੇ ਮਾਤਾਬਰ ਸਿੰਘ ਅਤੇ ਉਸ ਦੇ ਕਈ ਨਿਕਟਵਰਤੀਆਂ ਦੇ ਖ਼ੂਨ ਨਾਲ ਹੱਥ ਰੰਗ ਕੇ ਜੰਗ ਬਹਾਦਰ ਆਪ 1847 ਵਿਚ ਨੇਪਾਲ ਦਾ ਪ੍ਰਧਾਨ ਮੰਤਰੀ ਬਣ ਗਿਆ।



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਵਿਰੋਧੀ ਅਤੇ ਖਾਲਸਾ ਰਾਜ ਨਾਲ ਹਮਦਰਦੀ ਰੱਖਣ ਕਾਰਨ ਉਹ ਇਕ ਸੁਘੜ ਨੀਤੀਵਾਨ ਸਿੱਧ ਹੋਇਆ। 1850 ਵਿਚ ਰਾਣਾ ਜੰਗ ਬਹਾਦਰ ਨੇ ਤਿੱਬਤ ਉੱਤੇ ਚੜ੍ਹਾਈ ਕਰਕੇ ਜਿੱਤ ਪ੍ਰਾਪਤ ਕੀਤੀ ਅਤੇ ਸੰਧੀ ਦੀਆਂ ਸ਼ਰਤਾਂ ਅਨੁਸਾਰ ਤਿੱਬਤ ਵਿਚ ਬੰਦੀ ਬਣਾਏ ਗਏ ਸਿੱਖ ਸਰਦਾਰਾਂ ਨੂੰ ਰਿਹਾਅ ਕਰਵਾਕੇ ਕਾਠਮੰਡੂ ਲੈ ਆਇਆ। ਸ. ਲਹਿਣਾ ਸਿੰਘ ਮਜੀਠੀਏ ਵਲੋਂ ਬਣਾਈਆਂ ਗਈਆਂ ਦੋ ਚਮੜੇ ਦੀਆਂ ਤੋਪਾਂ ਵੀ, ਜੋ ਪਹਾੜੀ ਇਲਾਕੇ ਦੀਆਂ ਲੜਾਈਆਂ ਵਿਚ ਵਰਤੀਆਂ ਜਾਂਦੀਆਂ ਸਨ, ਨਾਲ ਲੈ ਆਇਆ। ਇਨ੍ਹਾਂ ਸਿੱਖ ਫੌਜੀਆਂ ਦੀ ਸਹਾਇਤਾ ਨਾਲ ਉਸ ਨੇ ਡੋਗਰਾ ਫ਼ੌਜ ਨੂੰ ਨਵਾਂ ਰੂਪ ਦੇਣ ਦਾ ਯਤਨ ਕੀਤਾ। ਪੰਜਾਬ ਰਾਜ ਦੇ ਲੋਕਾਂ ਨਾਲ ਦਿਲੀ ਹਮਦਰਦੀ ਹੋਣ ਕਾਰਨ ਉਸਨੇ ਚੁਨਾਰ ਦੇ ਕਿਲ੍ਹੇ ਵਿਚੋਂ ਚੋਰੀ ਨੱਠ ਕੇ ਆਈ ਮਹਾਰਾਣੀ ਜਿੰਦਾਂ ਨੂੰ ਆਪਣੇ ਰਾਜ ਵਿਚ ਸ਼ਰਨ ਦਿੱਤੀ ਜੋ 1861 ਤੱਕ ਉੱਥੇ ਰਹੀ ਅਤੇ ਮਹਾਰਾਜਾ ਦਲੀਪ ਸਿੰਘ ਦੇ ਕਲਕੱਤੇ ਆਉਣ ਸਮੇਂ ਉਸ ਨਾਲ ਇੰਗਲੈਂਡ ਚਲੀ ਗਈ।

1857 ਦੇ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੇ ਸੰਘਰਸ਼ ਵਿਚ ਜੰਗ ਬਹਾਦਰ ਨੇ ਪਹਿਲਾਂ ਅੰਗਰੇਜ਼ਾਂ ਵਿਰੁੱਧ ਲੜਨ ਦਾ ਮਨ ਬਣਾਇਆ ਅਤੇ ਆਪਣੀਆਂ ਫ਼ੌਜਾਂ ਵੀ ਭੇਜੀਆਂ ਪਰ ਪਿਛੋਂ ਲੜਾਈ ਦਾ ਪਾਸਾ ਪਲਟਦਾ ਵੇਖ ਕੇ ਉਹ ਲਖਨਊ ਦੀ ਲੁੱਟ-ਮਾਰ ਨਾਲ ਹੀ ਵਾਪਿਸ ਨੇਪਾਲ ਪਹੁੰਚਿਆ। ਇਸ ਸੁਤੰਤਰਤਾ ਸੰਗਰਾਮ ਦੇ ਬਹੁਤ ਸਾਰੇ ਬਾਗੀ ਨੇਤਾ ਨਾਨਾ ਫੜਨਵੀਸ, ਨਵਾਬ ਅਬਦੁਲ ਮਜੀਦ ਖ਼ਾਂ (ਲਖਨਊ) ਬਾਬੂ ਕੋਇਰ ਸਿੰਘ, ਬਾਬੂ ਬੰਧੂ ਸਿੰਘ ਅਤੇ ਕੁੰਵਰ ਸਿੰਘ ਆਦਿ ਨੇ ਨੇਪਾਲ ਰਾਜ ਵਿਚ ਜਾ ਸ਼ਰਨ ਲਈ।

ਅੰਗਰੇਜ਼ ਰੈਜ਼ੀਡੈਂਟ ਦੇ ਬਾਰ-ਬਾਰ ਜ਼ੋਰ ਦੇਣ ਉੱਤੇ ਵੀ ਰਾਣਾ ਜੰਗ ਬਹਾਦਰ ਨੇ ਇਨ੍ਹਾਂ ਬਾਗੀ ਲੀਡਰਾਂ ਨੂੰ ਅੰਗਰੇਜ਼ਾਂ ਦੇ ਹਵਾਲੇ ਨਾ ਕੀਤਾ।

ਗੁੰਬਗੜ੍ਹ ਦੇ ਕਿਸ਼ਨ ਸਿੰਘ ਦਾ ਜੰਮੂ ਰਾਜ ਵਿਚ ਕੂਕਾ ਰਜ਼ਮੈਂਟ ਕਾਇਮ ਕਰਨ ਵਿਚ ਮਹੱਤਵਪੂਰਨ ਯੋਗਦਾਨ ਸੀ। ਫਤੇਵਾਲ ਵਿਚ ਇਕ ਕਤਲ ਦੇ ਕਾਰਨ ਕਿਸ਼ਨ ਸਿੰਘ ਜਿਸ ਉੱਤੇ ਇਸ ਕਤਲ ਦਾ ਦੋਸ਼ ਲਾਇਆ ਜਾ ਰਿਹਾ ਸੀ, ਵੀ ਲੁਕ ਛਿਪ ਕੇ ਨੇਪਾਲ ਪਹੁੰਚ ਗਿਆ। ਉਸ ਨੇ ਰਾਣਾ ਜੰਗ ਬਹਾਦਰ ਦੇ ਇਤਬਾਰੀ ਮੁਲਾਜ਼ਮ ਪੰਜਾਬੀ ਹਵਲਦਾਰ ਨੰਦ ਰਾਮ ਜਿਸ ਨੇ 1857 ਦੇ ਸੁਤੰਤਰਤਾ ਸੰਗਰਾਮ ਵਿਚ ਅੰਗਰੇਜ਼ਾਂ ਵਿਰੁੱਧ ਬੜੀ ਬਹਾਦਰੀ ਦੇ ਕਾਰਨਾਮੇ ਕੀਤੇ ਸਨ; ਨਾਲ ਸੰਪਰਕ ਜੋੜ ਲਿਆ ਅਤੇ ਰਾਣਾ ਜੰਗ ਬਹਾਦਰ ਨੂੰ ਵੀ ਜਾ ਮਿਲਿਆ। ਇਥੇ ਹੀ ਉਸ ਦਾ ਸੰਪਰਕ ਸ. ਹਰੀ ਸਿੰਘ ਨਲੂਏ ਦੇ ਸਪੁੱਤਰ ਸ. ਮੋਤੀ ਸਿੰਘ ਆਜੀਟਨ ਨਾਲ ਹੋਇਆ, ਜੋ ਨੇਪਾਲ ਸਰਕਾਰ ਦਾ ਮੁਲਾਜ਼ਮ ਸੀ। ਕਿਸ਼ਨ ਸਿੰਘ ਤੋਂ ਪੰਜਾਬ ਦੇ ਕੂਕਾ ਮੱਤ ਬਾਰੇ ਅਤੇ ਸਤਿਗੁਰੂ ਰਾਮ ਸਿੰਘ ਦੀ



Sri Satguru Jagjit Singh Ji Elibrary NamdhariElibrary@gmail.com

ਸੋਭਾ ਸੁਣ ਕੇ ਰਾਣਾ ਜੰਗ ਬਹਾਦਰ ਨੇ ਸਤਿਗੁਰੂ ਰਾਮ ਸਿੰਘ ਨਾਲ ਸੰਬੰਧ ਜੋੜਨਾ ਚਾਹਿਆ ਅਤੇ ਕੂਕਿਆਂ ਨੂੰ ਨੇਪਾਲ ਵਿਚ ਭੇਜਣ ਲਈ ਸੱਦਾ ਦਿੱਤਾ। ਸ਼ਾਇਦ ਉਸ ਦਾ ਖਿਆਲ ਨੇਪਾਲ ਵਿਚ ਹੀ ਕੂਕਾ ਰਜ਼ਮੈਂਟ ਕਾਇਮ ਕਰਨ ਦਾ ਹੋਵੇ। ਸਤਿਗੁਰੂ ਰਾਮ ਸਿੰਘ ਜੀ ਨਾ ਤਾਂ ਆਪ ਨੇਪਾਲ ਜਾਣ ਦੇ ਇਛੁੱਕ ਸਨ ਅਤੇ ਨਾ ਹੀ ਕਸ਼ਮੀਰ ਵਿਚ ਕੂਕਾ ਰਜ਼ਮੈਂਟ ਦੇ ਟੁੱਟ ਜਾਣ ਪਿਛੋਂ ਕੋਈ ਨਵੀਂ ਫੌਜ ਕਾਇਮ ਕਰਨ ਦਾ ਉਨ੍ਹਾਂ ਦਾ ਵਿਚਾਰ ਸੀ। ਉਹ ਆਪਣੀਆਂ ਰਾਜਨੀਤਕ ਕਾਰਵਾਈਆਂ ਨੂੰ ਬਿਲਕੁਲ ਗੁਪਤ ਰੱਖਣਾ ਚਾਹੁੰਦੇ ਸਨ।

1870 ਦੀਆਂ ਸਰਦੀਆਂ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਦੋ ਇਤਬਾਰੀ ਸੂਬਿਆਂ ਸਾਹਿਬ ਸਿੰਘ ਤੇ ਕਾਹਨ ਸਿੰਘ ਨਿਹੰਗ ਦੀ ਅਗਵਾਈ ਵਿਚ 4 ਹੋਰ ਸਿੰਘਾਂ ਨਾਲ ਦੋ ਵਧੀਆ ਮੱਝਾਂ ਅਤੇ ਦੋ ਖਚਰਾਂ ਖਰੀਦ ਕੇ ਨੇਪਾਲ ਭੇਜੀਆਂ। ਜਿਨ੍ਹਾਂ ਨੂੰ ਸੁਗਾਤ ਵਜੋਂ ਸਵੀਕਾਰ ਕਰਕੇ ਰਾਣਾ ਜੰਗ ਬਹਾਦਰ ਨੂੰ ਬੜੀ ਖੁਸ਼ੀ ਹੋਈ। ਕੁਝ ਸਮਾਂ ਕਾਠਮੰਡੂ ਰਹਿ ਕੇ ਜਦੋਂ ਸੂਬਾ ਸਾਹਿਬ ਸਿੰਘ ਤੇ ਕਾਹਨ ਸਿੰਘ ਨਿਹੰਗ ਦਾ ਮਿਸ਼ਨ ਵਾਪਿਸ ਪਰਤਿਆ ਤਾਂ ਨੇਪਾਲ ਰਾਜ ਵਲੋਂ ਕੁਝ ਸੁਗਾਤਾਂ- ਕਸਤੂਰੀ ਦੇ ਮਣਕਿਆਂ ਦੀ ਅਠੋਤਰੀ ਮਾਲਾ, ਇਕ ਗੁਟ ਘੋੜਾ, ਦੋ ਰਤਨ ਜੜ੍ਹਤ ਖੋਖਰੀਆਂ, ਇਕ ਕੀਮਤੀ ਦੁਸ਼ਾਲਾ, ਬਨਾਤ ਦਾ 50 ਗਜ ਦਾ ਥਾਨ, ਇਕ ਖਿੱਲਤ ਅਤੇ 500 ਰੁਪਏ ਨਗਦ ਭੇਜੀਆਂ ਗਈਆਂ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਉਨ੍ਹਾਂ ਨੂੰ ਇਹ ਤਾਕੀਦ ਕੀਤੀ ਗਈ ਸੀ ਕਿ ਕੋਈ ਸੁਗਾਤ ਆਦਿ ਨਹੀਂ ਲਿਆਉਣੀ। ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਵਸਤਾਂ ਦੇ ਨਾਲ ਇਕ ਪੱਤਰ ਵੀ ਸੀ, ਜਿਸ ਨੂੰ ਕੇਵਲ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਵਾਚਿਆ ਸੀ ਅਤੇ ਇਸ ਦੇ ਵਿਸ਼ੇ ਬਾਰੇ ਉਨ੍ਹਾਂ ਨੇ ਹੋਰ ਕਿਸੇ ਨਾਲ ਗੱਲ ਸਾਂਝੀ ਨਹੀਂ ਸੀ ਕੀਤੀ।

ਅੰਗਰੇਜ਼ਾਂ ਨੇ ਕਾਸ਼ੀਪੁਰ ਦੇ ਰਾਜਾ ਸ਼ਿਵਰਾਜ ਸਿੰਘ ਨੂੰ ਨੇਪਾਲ ਭੇਜ ਕੇ ਖੁਫੀਆ ਜਾਣਕਾਰੀ ਪ੍ਰਾਪਤ ਕਰਨ ਦਾ ਵੀ ਯਤਨ ਕੀਤਾ ਸੀ। ਭਾਵੇਂ ਨੇਪਾਲ ਰਾਜ ਨੂੰ ਭੇਜੇ ਗਏ ਇਸ ਕੂਕਾ ਮਿਸ਼ਨ ਦੇ ਆਦਾਨ ਪ੍ਰਦਾਨ ਨੂੰ ਇਕ ਮਹੱਤਵਪੂਰਨ ਘਟਨਾ ਮੰਨਿਆ ਜਾਂਦਾ ਹੈ। ਪਰ ਹੋਰ ਭਾਰਤ ਵਿਚਲੀਆਂ ਰਿਆਸਤਾਂ ਸਮਾਨ ਨੇਪਾਲ ਦੇ ਹਾਕਮ ਵੀ ਅੰਗਰੇਜ਼ਾਂ ਦੀ ਵੱਧ ਚੁੱਕੀ ਸ਼ਕਤੀ ਤੋਂ ਭੈ ਖਾਂਦੇ ਸਨ ਅਤੇ ਸਿੱਧੇ ਤੌਰ ਤੇ ਅੰਗਰੇਜ਼ਾਂ ਨਾਲ ਵਿਗਾੜਨਾ ਨਹੀਂ ਸਨ ਚਾਹੁੰਦੇ। ਜਦੋਂ 1871 ਵਿਚ ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁਚੜਾਂ ਦੇ ਕਤਲਾਂ ਦੀਆਂ ਘਟਨਾਵਾਂ ਹੋਈਆਂ ਅਤੇ 1872 ਵਿਚ ਮਲੋਦ ਅਤੇ ਮਲੇਰਕੋਟਲਾ ਵਿਖੇ ਕੂਕਿਆਂ ਦੇ ਮਸਤਾਨੇ ਦਲ ਵਲੋਂ ਹੱਲਾ ਬੋਲਿਆ ਗਿਆ ਤੈਾਂ ਰਾਣਾ ਜੰਗ ਬਹਾਦਰ ਦੇ ਪੁੱਤਰ ਟਿੱਕਾ ਬੱਬਰ ਜੰਗ ਨੇ ਆਪਣੇ ਆਪ ਨੂੰ ਅੰਗਰੇਜ਼ਾਂ ਦੀ ਸਹਾਇਤਾ ਲਈ ਜਾਣ ਦੀ ਪੇਸ਼ਕਸ਼ ਕੀਤੀ ਸੀ। ਇਸ ਘਟਨਾ ਤੋਂ ਵੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ



Sri Satguru Jagjit Singh Ji Elibrary NamdhariElibrary@gmail.com

ਇਹ ਅਖਾਉਤੀ ਸੁਤੰਤਰ ਰਿਆਸਤਾਂ ਦੇ ਹਾਕਮ ਵੀ ਇਸ ਤਰ੍ਹਾਂ ਅੰਗਰੇਜ਼ਾਂ ਦੀ ਵੱਧ ਚੁੱਕੀ ਸ਼ਕਤੀ ਤੋਂ ਤ੍ਰਹਿੰਦੇ ਸਨ ਅਤੇ ਸਿੱਧੇ ਤੌਰ ਤੇ ਉਨ੍ਹਾਂ ਨਾਲ ਵਿਗਾੜਨਾਂ ਵੀ ਨਹੀਂ ਸਨ ਚਾਹੁੰਦੇ। ਜੰਗ ਬਹਾਦਰ ਦਾ ਦ੍ਰਿਸ਼ਟੀਕੋਣ ਵੀ ਅੰਗਰੇਜ਼ਾਂ ਪ੍ਰਤੀ ਦੋ ਅਮਲੀ ਵਾਲਾ ਸੀ।

ਇਸ ਸਮੇਂ ਨੇਪਾਲ ਵਿਚ ਲਗਭਗ ਡੇਢ ਦਰਜਨ ਸਿੰਘ ਸਰਦਾਰ ਵੀ ਸਰਕਾਰੀ ਨੌਕਰੀ ਵਿਚ ਸਨ, ਜਿਨ੍ਹਾਂ ਦਾ ਸਰਕਾਰੇ-ਦਰਬਾਰੇ ਕਾਫੀ ਰਸੂਖ ਸੀ। ਇਨ੍ਹਾਂ ਵਿਚੋਂ ਕੁਝ ਦੇਨਾਮ ਹਨ : ਹਰੀ ਸਿੰਘ, ਕਿਰਪਾਲ ਸਿੰਘ, ਬੀਰ ਸਿੰਘ, ਬਿਸ਼ਨ ਸਿੰਘ, ਨਿਹਾਲ ਸਿੰਘ ਅਤੇ ਆਸਾ ਸਿੰਘ, ਨਿਹਾਲ ਸਿੰਘ ਤੇ ਆਸਾ ਸਿੰਘ ਰਾਣਾ ਜੰਗ ਬਹਾਦਰ ਦੇ ਨਿੱਜੀ ਸਟਾਫ ਵਿਚ ਸਨ।

ਨੇਪਾਲ ਸਰਕਾਰ ਦੇ ਦ੍ਰਿਸ਼ਟੀਕੋਣ ਬਾਰੇ ਸ. ਨਾਹਰ ਸਿੰਘ ਦੇ ਵਿਚਾਰ ਨਿਮਨ ਲਿਖਤ ਹਨ :

[1*]"ਨੇਪਾਲ ਵਿਚ ਅੰਗਰੇਜ਼ ਰੈਜ਼ੀਡੈਂਟ ਮਿਸਟਰ ਲਾਰੰਸ ਕਿਸੇ ਨਾ ਕਿਸੇ ਬਹਾਨੇ ਮਹਾਰਾਜਾ ਜੰਗ ਬਹਾਦੁਰ ਨਾਲ ਨਾਮਧਾਰੀਆਂ ਸੰਬੰਧੀ ਗੱਲਾਂ ਬਾਤਾਂ ਦਾ ਪਤਾ ਲੈਣ ਦੀਆਂ ਕੋਸ਼ਿਸ਼ਾਂ ਵਿਚ ਲੱਗਾ ਰਹਿੰਦਾ ਸੀ। ਇਕ ਦਿਨ ਜੰਗ ਬਹਾਦਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੀ ਇਤਲਾਹ ਮੁਜਬ ਪੰਜਾਬ ਵਿਚ 3 ਲੱਖ ਕੂਕੇ ਹਨ। ਨੇਪਾਲ ਦੀਆਂ ਫੌਜਾਂ ਵਿਚ ਕੂਕਿਆਂ ਦੇ ਹੋਣ ਸੰਬੰਧੀ ਜੰਗ ਬਹਾਦੁਰ ਨੇ ਰੈਜ਼ੀਡੈਂਟ ਨੂੰ ਇਹ ਕਹਿ ਕੇ ਗੱਲ ਟਾਲ ਦਿੱਤੀ ਕਿ ਉਹ ਬਗੈਰ ਗੋਰਖਿਆਂ ਦੇ ਕਿਸੇ ਹੋਰ ਨੂੰ ਆਪਣੀਆਂ ਫ਼ੌਜਾਂ ਵਿਚ ਨਹੀਂ ਰੱਖਦਾ। ਰੈਜ਼ੀਡੈਂਟ ਨੂੰ ਜੰਗ ਬਹਾਦੁਰ ਨੇ ਇਹ ਵੀ ਦਸਿਆ ਕਿ ਨਾਮਧਾਰੀ ਅੰਗਰੇਜ਼ੀ ਹਕੂਮਤ ਦੇ ਸਖਤ ਵਿਰੋਧੀ ਹਨ ਅਤੇ ਸਮਾਂ ਆਵਣ ਤੇ ਉਹ ਅੰਗਰੇਜ਼ਾਂ ਦੇ ਵਿਰੁੱਧ ਜ਼ਰੂਰ ਉਠ ਖਲੋਵਣਗੇ।"

ਸਾਰੰਸ਼ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਅਖਾਉਤੀ ਸੁਤੰਤਰ ਦੇਸੀ ਰਿਆਸਤਾਂ ਦੇ ਹੁਕਮਰਾਨ ਮੌਕਾ ਪ੍ਰਸਤੀ ਨੂੰ ਹੀ ਆਪਣੀ ਮੁੱਖ ਨੀਤੀ ਬਣਾਈ ਬੈਠੇ ਸਨ ਅਤੇ ਇਨ੍ਹਾਂ ਨੂੰ ਆਪਣੇ ਰਾਜ ਪਿਆਰੇ ਸਨ, ਆਦਰਸ਼ ਨਹੀਂ। ਕੂਕਿਆਂ ਨਾਲ ਵੀ ਇਨ੍ਹਾਂ ਦੀ ਹਮਦਰਦੀ ਓਪਰੀ ਓਪਰੀ ਤੇ ਮੂੰਹ ਰੱਖਣੀਆਂ ਗੱਲਾਂ ਤਕ ਹੀ ਸੀਮਤ ਸੀ।

### ਖਰਾਜਵਾਲੇ ਦੀਆਂ ਝੜਪਾਂ

1869 ਦੀ ਮਾਰਚ ਵਿਚ ਵਾਪਰੀ ਖਰਾਜਵਾਲੇ ਦੀ ਘਟਨਾ ਕੂਕਾ ਲਹਿਰ ਦੇ ਇਕ ਵੱਖਰੇ ਪੱਖ ਉੱਤੇ ਪ੍ਰਕਾਸ਼ ਪਾਉਣ ਵਾਲੀ ਹੈ। ਇਸ ਸਮੇਂ ਇਕ ਬੰਨ੍ਹੇ ਤਾਂ ਨਾਮਧਾਰੀ ਮਤ ਦਾ ਪ੍ਰਚਾਰ ਜ਼ੋਰ ਪਕੜ ਰਿਹਾ ਸੀ ਅਤੇ ਨਾਮਧਾਰੀਆਂ ਦੀ

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 269



Sri Satguru Jagjit Singh Ji Elibrary NamdhariElibrary@gmail.com

ਗਿਣਤੀ ਦਿਨੋਂ ਦਿਨ ਵੱਧ ਰਹੀ ਸੀ।

ਸ. ਨਾਹਰ ਸਿੰਘ ਨੇ ਥਰਾਜਵਾਲੇ ਦੀ ਘਟਨਾ ਦੇ ਪਿਛੋਕੜ ਬਾਰੇ ਇਸ ਇਲਾਕੇ ਸੰਬੰਧੀ ਕਾਫੀ ਠੋਸ ਜਾਣਕਾਰੀ ਦਿੱਤੀ ਹੈ। ਇਹ ਇਲਾਕਾ ਵਧੇਰੇ ਕਰਕੇ ਮੁਸਲਿਮ ਬਹੁ ਗਿਣਤੀ ਵਾਲਾ ਸੀ। ਇਸ ਇਲਾਕੇ ਵਿਚ ਜ਼ਮੀਨ ਸਸਤੀ ਹੋਣ ਕਰਕੇ ਉੱਥੇ ਨਾਮਧਾਰੀ ਪਰਿਵਾਰਾਂ ਨੇ ਜ਼ਮੀਨ ਖਰੀਦ ਲਈ ਸੀ, ਜਿਸ ਨੂੰ ਉਥੋਂ ਦੇ ਮੁਸਲਮਾਨ ਵਸਨੀਕ ਚੰਗਾ ਨਹੀਂ ਸਨ ਸਮਝਦੇ। ਨਵੇਂ ਨਾਮਧਾਰੀ ਆਬਾਦਕਾਰ ਇਕੱਠੇ ਟੱਬਰਾਂ ਜਾਂ ਸਮੂਹਾਂ ਵਿਚ ਰਹਿੰਦੇ ਸਨ। ਮੁਸਲਿਮ ਬਹੁ-ਗਿਣਤੀ ਵਾਲੇ ਇਲਾਕੇ ਵਿਚ ਗਊ ਕੁਸ਼ੀ ਦੇ ਕਾਰਨ ਨਾਮਧਾਰੀ ਆਬਾਦਕਾਰ ਇਨ੍ਹਾਂ ਮੁਸਲਿਮ ਵਸਨੀਕਾਂ ਨਾਲ ਝੜਪਾਂ ਵੀ ਲੈਂਦੇ ਰਹਿੰਦੇ ਸਨ। ਸ. ਨਾਹਰ ਸਿੰਘ ਅਨੁਸਾਰ ਨਾਮਧਾਰੀਆਂ ਦਾ ਪੱਲਾ ਸਦਾ ਭਾਰੀ ਰਹਿੰਦਾ ਸੀ। 1869 ਦੇ ਸ਼ੁਰੂ ਵਿਚ ਬਾਬਾ ਖੁਸ਼ਹਾਲ ਸਿੰਘ ਤੇ ਮਸਤਾਨ ਸਿੰਘ ਨੇ ਥਰਾਜਵਾਲੇ ਹੋਲਾ ਮਨਾਉਣ ਦਾ ਫੈਸਲਾ ਕੀਤਾ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਨਾਮਧਾਰੀਆਂ ਨੂੰ ਸੱਦੇ ਭੇਜ ਦਿੱਤੇ। ਰੁਪਾਣੇ ਤੋਂ ਨਾਮਧਾਰੀ ਸਿੰਘਾਂ ਤੇ ਸਿੰਘਣੀਆਂ ਦਾ ਜੱਥਾ ਥਰਾਜਵਾਲੇ ਵੱਲ ਜਾ ਰਿਹਾ ਸੀ। ਮੁਸਲਮਾਨ ਥਾਣੇਦਾਰ ਦੀਵਾਨ ਬਖਸ਼ ਨੇ ਕੁਝ ਸਿਪਾਹੀਆਂ ਸਮੇਤ ਜੱਥੇ ਦਾ ਪਿੱਛਾ ਕੀਤਾ। ਨਾਮਧਾਰੀ ਸਿੰਘਾਂ ਦੇ ਸਮਝਾਉਣ ਤੇ ਕਿ ਉਹ ਥਰਾਜਵਾਲੇ ਹੋਲੇ ਦੇ ਦੀਵਾਨ ਲਈ ਜਾ ਰਹੇ ਹਨ, ਉਸ ਉੱਤੇ ਕੋਈ ਅਸਰ ਨਾ ਹੋਇਆ ਸਗੋਂ ਉਹ ਅਫਸਰੀ ਲਹਿਜੇ ਵਿਚ ਅਬਾ-ਤਬਾ ਬੋਲਦਾ ਰਿਹਾ। ਇਥੋਂ ਤਕ ਕਿ ਗੁਰੂ ਰਾਮ ਸਿੰਘ ਜੀ ਬਾਰੇ ਵੀ ਕਈ ਅਪਜੱਸ ਵਾਲੇ ਸ਼ਬਦ ਕਹੇ। ਇਸ ਉੱਤੇ ਸਿੰਘਾਂ ਨੂੰ ਗੁੱਸਾ ਆ ਗਿਆ ਤੇ ਉਨ੍ਹਾਂ ਨੇ ਦੀਵਾਨ ਬਖਸ਼ ਦੀ ਤਲਵਾਰ ਖੋਹ ਲਈ ਤੇ ਉਸ ਦੇ ਘੋੜੇ ਨੂੰ ਡੰਡੇ ਮਾਰ ਕੇ ਭਜਾ ਦਿੱਤਾ। ਉਸ ਨੇ ਮੁਕਤਸਰ ਆ ਕੇ ਇਸ ਘਟਨਾ ਨੂੰ ਬੜਾ ਵਧਾ ਚੜ੍ਹਾ ਕੇ ਅਤੇ ਕੂਕਿਆਂ ਦੀ ਬਾਗ਼ਿਆਨਾ ਕਾਰਵਾਈ ਦੱਸਿਆ। ਇਹ ਸੁਣਕੇ ਫਿਰੋਜ਼ਪੁਰ ਦਾ ਸੁਪਰਡੈਂਟ ਪੁਲੀਸ ਮਿਸਟਰ ਟਰਟਨ ਸਮਿੱਥ ਅਤੇ ਐਸਿਸਟੈਂਟ ਕਮਿਸ਼ਨਰ ਮਿਸਟਰ ਵੇਕਫੀਲਡ 15-20 ਸਿਪਾਹੀਆਂ ਨਾਲ ਲੈ ਕੇ ਮੁਕਤਸਰ ਪੁੱਜ ਗਏ ਤੇ ਉਥੋਂ ਸੋਢੀ ਮਾਨ ਸਿੰਘ ਤੇ ਤਹਿਸੀਲਦਾਰ ਆਲਮ ਸ਼ਾਹ ਨੂੰ ਨਾਲ ਲੈ ਕੇ ਥਰਾਜਵਾਲੇ ਪਹੁੰਚੇ 7 ਮਾਰਚ, 1869 ਨੂੰ ਨਾਮਧਾਰੀ ਸਿੱਖ ਹੋਲੇ ਦੇ ਦੀਵਾਨ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ। ਮਲੂਕ ਸਿੰਘ ਨੂੰ ਕੂਕਿਆਂ ਨਾਲ ਗੱਲਬਾਤ ਕਰਨ ਲਈ ਭੇਜਿਆ ਗਿਆ ਪਰ ਗੱਲ ਸਿਰੇ ਨਾ ਚੜ੍ਹ ਸਕੀ। ਮਸਤਾਨ ਸਿੰਘ ਤੇ ਹੋਰ ਪਤਵੰਤੇ ਸੱਜਣ ਦੀਵਾਨ ਬਖਸ਼ ਦੀਆਂ ਵਧੀਕੀਆਂ ਬਾਰੇ ਅਫਸਰਾਂ ਨੂੰ ਦੱਸਣਾ ਚਾਹੁੰਦੇ ਸਨ ਪਰ ਉਨ੍ਹਾਂ ਨੇ 44 ਸਿੰਘਾਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਮੁਕਤਸਰ ਹੁੰਦੇ ਹੋਏ ਫਿਰੋਜ਼ਪੁਰ



Sri Satguru Jagjit Singh Ji Elibrary NamdhariElibrary@gmail.com

ਪਹੁੰਚਾ ਦਿੱਤਾ, ਜਿੱਥੇ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨਾਕਸ ਦੇ ਉਨ੍ਹਾਂ ਵਿਰੁੱਧ ਬਗਾਵਤ ਦਾ ਮੁਕੱਦਮਾ ਕਰਨ ਦਾ ਵਿਚਾਰ ਬਣਾਇਆ। ਪਰ ਲਾਹੌਰ ਦੇ ਕਮਿਸ਼ਨਰ ਮਿਸਟਰ ਕਰੈਕਕਰਾਫਟ ਦੇ ਲਿਖਤੀ ਆਦੇਸ਼ ਉਤੇ ਇਨ੍ਹਾਂ ਉਤੇ ਬਲਵੇ ਦਾ ਮੁਕੱਦਮਾ ਬਣਾ ਕੇ ਇਨ੍ਹਾਂ ਵਿਚੋਂ 7 ਨੂੰ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਬਾਕੀ ਸੈਂਤੀਆਂ ਨੂੰ ਤਾੜਨਾ ਕਰਕੇ ਛੱਡ ਦਿੱਤਾ ਗਿਆ। ਜਿਨ੍ਹਾਂ ਵਿਅਕਤੀਆਂ ਨੂੰ ਸਜਾਵਾਂ ਦਿੱਤੀਆਂ ਗਈਆਂ, ਉਹ ਨਿਮਨ ਲਿਖਤ ਸਨ :

1. ਮਸਤਾਨ ਸਿੰਘ ਬਰਾਜਵਾਲਾ – ਡੇਢ ਸਾਲ ਸਖ਼ਤ ਕੈਦ ਤੇ ਪੰਜਾਹ ਰੁਪਏ ਜੁਰਮਾਨਾ ਜਾਂ ਛੇ ਮਹੀਨੇ ਹੋਰ ਕੈਦ।
2. ਮੰਨਾ ਸਿੰਘ ਪਿੰਡ ਚੰਨੂੰ – ਇਕ ਸਾਲ ਸਖਤ ਕੈਦ ਤੇ ਪੰਝੀ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਹੋਰ ਕੈਦ।
3. ਹਰਨਾਮ ਸਿੰਘ ਪਿੰਡ ਔਲਖ – ਇਕ ਸਾਲ ਕੈਦ ਤੇ ਪੰਝੀ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਹੋਰ ਕੈਦ
4. ਸਰਮੁਖ ਸਿੰਘ – ਇਕ ਸਾਲ ਕੈਦ ਤੇ ਪੰਝੀ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਹੋਰ ਕੈਦ
5. ਬਚਿੱਤਰ ਸਿੰਘ ਪਿੰਡ ਕਰਾਈਵਾਲਾ - ਛੇ ਮਹੀਨੇ ਕੈਦ।
6. ਬੇਲੀ ਸਿੰਘ ਬਰਾਜ ਵਾਲਾ–ਦਸ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਕੈਦ।
7. ਸਰਮੁਖ ਸਿੰਘ ਕੂਲੇ ਵਾਲਾ–ਦਸ ਰੁਪਏ ਜੁਰਮਾਨਾ ਜਾਂ ਤਿੰਨ ਮਹੀਨੇ ਕੈਦ।

ਬਰਾਜਵਾਲੇ ਤੋਂ ਨਾਮਧਾਰੀਆਂ ਦੇ ਸੋਨੇ-ਚਾਂਦੀ ਦੇ ਗਹਿਣੇ ਜੋ ਸਰਕਾਰੀ ਰਿਕਾਰਡ ਅਨੁਸਾਰ 5000 ਦੇ ਸਨ ਸਰਕਾਰ ਨੇ ਆਪਣੇ ਕਬਜ਼ੇ ਵਿਚ ਕਰ ਲਏ। ਜਿਨ੍ਹਾਂ ਵਿਅਕਤੀਆਂ ਨੇ ਇਸ ਘਟਨਾ ਵਿਚ ਸਰਕਾਰ ਦੀ ਸਹਾਇਤਾ ਕੀਤੀ ਉਨ੍ਹਾਂ ਨੂੰ ਵਿਸ਼ੇਸ਼ ਇਨਾਮ ਵੀ ਦਿੱਤੇ ਗਏ। [1*]ਸੋਢੀ ਮਾਨ ਸਿੰਘ ਨੂੰ ਆਨਰੇਰੀ ਮਜਿਸਟਰੇਟ ਬਣਾ ਦਿੱਤਾ ਗਿਆ ਅਤੇ ਕੁਝ ਹੋਰ ਵਿਅਕਤੀਆਂ ਨੂੰ ਨਕਦ ਇਨਾਮ ਦਿੱਤੇ ਗਏ। 'ਪਰ ਪੁਲੀਸ ਵਾਲਿਆਂ ਵਿਚੋਂ ਕਿਸੇ ਨੂੰ ਵੀ ਕੁਝ ਇਨਾਮ ਨਾ ਮਿਲਿਆ। ਅਸਲ ਵਿਚ ਅੰਗਰੇਜ਼ ਅਫਸਰਾਂ ਨੂੰ ਇਹ ਨਿਸ਼ਚਾ ਹੋ ਗਿਆ ਸੀ ਕਿ ਛੋਟੇ ਮੁਸਲਮਾਨ ਅਫਸਰਾਂ ਨੇ ਸਾਜ਼ਿਸ਼ ਕਰਕੇ ਝੂਠਾ ਮੁਕੱਦਮਾ ਖੜ੍ਹਾ ਕਰ ਦਿੱਤਾ ਹੈ, ਜਿਸ ਦੀ ਅਸਲੀਅਤ ਕੁਝ ਵੀ ਨਹੀਂ ਸੀ।

### ਮਸਤਾਨਾ ਦਲ

ਇਸ ਸਮੇਂ ਸ. ਹੀਰਾ ਸਿੰਘ ਤੇ ਲਹਿਣਾ ਸਿੰਘ ਨੇ ਪਟਿਆਲੇ ਰਿਆਸਤ ਦੀ ਨੌਕਰੀ ਛੱਡ ਕੇ ਆਪਣਾ ਜੀਵਨ ਕੂਕਾ ਲਹਿਰ ਨੂੰ ਸਮਰਪਿਤ ਕਰ ਦਿੱਤਾ ਸੀ।

---
[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 250



Sri Satguru Jagjit Singh Ji Elibrary NamdhariElibrary@gmail.com

ਉਹ ਫੱਕਰਾਂ ਵਰਗੀ ਮਸਤਾਨੀ ਬਿਰਤੀ ਵਿਚ ਵਿਚਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਮਸਤਾਨਾ ਬਿਰਤੀ ਬਾਰੇ ਵੀ ਕਈ ਰਵਾਇਤਾਂ ਪ੍ਰਸਿੱਧ ਹਨ।

ਹੀਰਾ ਸਿੰਘ ਦੀ ਪ੍ਰੇਰਨਾ ਸਦਕਾ ਮਸਤਾਨਾ ਦਲ ਹੋਂਦ ਵਿਚ ਆ ਗਿਆ। ਜਿਸ ਦਾ ਨਾਮਧਾਰੀ ਮਤ ਦੇ ਇਤਿਹਾਸ ਵਿਚ ਵਿਸ਼ੇਸ਼ ਯੋਗਦਾਨ ਮੰਨਿਆ ਜਾਂਦਾ ਹੈ। ਹੀਰਾ ਸਿੰਘ ਸਕਰੌਦੀ ਦੇ ਨਾਲ ਕੁਝ ਹੋਰ ਨਾਮਧਾਰੀ ਸਿੰਘ-ਲਹਿਣਾ ਸਿੰਘ, ਦਿਆਲ ਗੜ੍ਹੀਆ, ਵਸਾਵਾ ਸਿੰਘ, ਭੂਪ ਸਿੰਘ, ਵਰਿਆਮ ਸਿੰਘ ਅਤੇ ਅਨੂਪ ਸਿੰਘ ਵੀ ਆ ਜੁੜੇ। ਇਹ ਇਕ ਤਕੜਾ ਜੱਥਾ ਬਣ ਗਿਆ। ਕੂਕਾ ਮਤ ਦੇ ਸੰਗਠਨ ਵਿਚ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਥਾਪੇ ਗਏ ਸੂਬਿਆਂ ਵਲੋਂ ਧਰਮ ਪ੍ਰਚਾਰ ਹਿੱਤ ਕੀਤੀ ਗਈ ਸੇਵਾ ਉਲੇਖਯੋਗ ਹੈ। ਉੱਥੇ ਮਸਤਾਨਾ ਦਲ ਦੇ ਨਾਮਧਾਰੀ ਸਿੰਘ ਵੀ ਸਤਿਗੁਰੂ ਜੀ ਨੂੰ ਬੜੇ ਪਿਆਰੇ ਸਨ। ਨਾਮਧਾਰੀ ਸੂਬਿਆਂ ਦਾ ਕਾਰਜ ਤਾਂ ਸਰਦਾਰੀ ਤੇ ਮੁੱਖੀਆਂ ਵਾਲਾ ਸੀ। ਇਨ੍ਹਾਂ ਦੇ ਟਾਕਰੇ ਉਤੇ ਮਸਤਾਨਾ ਦਲ ਵਾਲੇ ਆਪ ਸਹੇੜੀ ਗਰੀਬੀ ਜਾਂ ਫ਼ਕੀਰੀ ਵਾਲਾ ਜੀਵਨ ਬੀਤਾ ਰਹੇ ਸਨ। ਮਸਤਾਨੇ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਦਿਲੋਂ ਪਿਆਰੇ ਸਨ।

ਕੁਝ ਨਾਮਧਾਰੀ ਸਾਖੀਕਾਰਾਂ ਨੇ ਸੂਬਿਆਂ ਅਤੇ ਮਸਤਾਨਿਆਂ ਦੇ ਪਰਸਪਰ ਟਕਰਾਓ ਬਾਰੇ ਕੁਝ ਘਟਨਾਵਾਂ ਦਾ ਵਰਣਨ ਵੀ ਕੀਤਾ ਹੈ। ਇਕ ਵਾਰ ਬਰਾਜਵਾਲੇ ਤੋਂ ਸਤਿਗੁਰੂ ਜੀ ਨਾਲ ਨਾਮਧਾਰੀ ਸੰਗਤ ਨੰਗਲ ਨੂੰ ਜਾ ਰਹੀ ਸੀ।

ਬੀਬੀਆਂ, ਮਰਦਾਂ ਨਾਲੋਂ ਵੱਖਰੀ ਟੋਲੀ ਵਿਚ ਜਾ ਰਹੀਆਂ ਸਨ। ਭਾਈ ਹਰਨਾਮ ਸਿੰਘ ਕੰਨੂ ਬੀਬੀਆਂ ਦੇ ਨਾਲ ਨਾਲ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਸੀ। ਮਸਤਾਨਿਆਂ ਨੂੰ ਇਹ ਗੱਲ ਚੰਗੀ ਨਾ ਲੱਗੀ ਤੇ ਉਨ੍ਹਾਂ ਨੇ ਭਾਈ ਹਰਨਾਮ ਸਿੰਘ ਦੀ ਗੱਲ ਆਈ ਗਈ ਕਰ ਦਿੱਤੀ। ਮਸਤਾਨਿਆਂ ਨੂੰ ਇਹ ਗੱਲ ਮੰਦੀ ਲੱਗੀ ਤੇ ਉਨ੍ਹਾਂ ਨੇ ਹਰਨਾਮ ਸਿੰਘ ਨੂੰ ਫੜ ਕੇ ਚੰਗਾ ਕੁਟਾਪਾ ਚਾੜ੍ਹਿਆ। ਹੋਰਨਾਂ ਦੇ ਰੋਕਣ ਉਤੇ ਉਨ੍ਹਾਂ ਨੇ ਹਰਨਾਮ ਸਿੰਘ ਨੂੰ ਛੱਡ ਦਿੱਤਾ। ਇਸ ਗੱਲ ਦੀ ਸਤਿਗੁਰੂ ਜੀ ਅੱਗੇ ਸੂਬਿਆਂ ਵਲੋਂ ਸ਼ਿਕਾਇਤ ਕੀਤੀ ਗਈ। ਜਦੋਂ ਸਾਧ ਸੰਗਤ ਕੋਟਲੀ ਤੋਂ ਹੁੰਦੀ ਹੋਈ ਪਿੰਡ ਨੰਗਲ ਪੁੱਜੀ ਤਾਂ ਸਤਿਗੁਰੂ ਜੀ, ਸੂਬਿਆਂ ਵਲੋਂ ਕੀਤੀ ਗਈ ਸ਼ਿਕਾਇਤ ਦਾ ਨਿਸ਼ਤਾਰਾ ਕਰਨ ਲਈ ਮਸਤਾਨਿਆਂ ਕੋਲ ਪੁੱਜੇ, ਜੋ ਢਾਬ ਦੀ ਦੂਜੀ ਬਾਹੀ ਡੇਰਾ ਲਾਈ ਬੈਠੇ ਸਨ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਮਸਤਾਨਿਆਂ ਨੂੰ ਬੜੀ ਖੁਸ਼ੀ ਹੋਈ ਅਤੇ ਉਹ ਖੁਸ਼ੀ ਵਿਚ ਨੱਚਣ-ਟੱਪਣ ਲੱਗ ਪਏ।

ਸਤਿਗੁਰੂ ਜੀ ਨੇ ਮਸਤਾਨਿਆਂ ਨੂੰ ਇਕ ਕਤਾਰ ਵਿਚ ਖੜ੍ਹੇ ਹੋਣ ਲਈ ਕਿਹਾ ਅਤੇ ਸੋਟੇ ਨਾਲ ਉਨ੍ਹਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਮਸਤਾਨੇ, ਸਤਿਗੁਰੂ ਜੀ ਦੀ ਮਾਰ ਸਹਿੰਦੇ ਹੋਏ ਕਹਿੰਦੇ ਗਏ-ਇਸ ਪਾਸੇ ਦੇ ਪਾਪ ਤਾਂ ਝੜ ਗਏ



Sri Satguru Jagjit Singh Ji Elibrary NamdhariElibrary@gmail.com

ਸਨ, ਹੁਣ ਦੂਜੇ ਪਾਸੇ ਦੇ ਪਾਪ ਵੀ ਝਾੜ੍ਹ ਦਿਓ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮਸਤਾਨਿਆਂ ਦਾ ਲੰਗਰ ਬੰਦ ਕੀਤਾ ਜਾਵੇ। ਜਦੋਂ ਲੰਗਰ ਤਿਆਰ ਹੋਇਆ ਤਾਂ ਸਤਿਗੁਰੂ ਜੀ ਨੇ ਇਹ ਕਹਿਕੇ ਲੰਗਰ ਨਾ ਛਕਿਆ ਕਿ ਮੇਰਾ ਗ਼ਲਾ ਖ਼ਰਾਬ ਹੈ। ਅਗਲੇ ਦਿਨ ਵੀ ਸਤਿਗੁਰੂ ਜੀ ਨੇ ਲੰਗਰ ਨਾ ਛਕਿਆ। ਜਦੋਂ ਕੁਝ ਸਿੰਘਾਂ ਵਲੋਂ ਸਤਿਗੁਰੂ ਜੀ ਨੂੰ ਲੰਗਰ ਛਕਣ ਲਈ ਬੇਨਤੀ ਕੀਤੀ ਗਈ ਤਾਂ ਆਪ ਨੇ ਹੁਕਮ ਕੀਤਾ ਕਿ ਪਹਿਲਾਂ ਮਸਤਾਨਿਆਂ ਨੂੰ ਛਕਾਓ। ਮਸਤਾਨਿਆਂ ਨੇ ਆ ਕੇ ਆਪਣੀ ਭੁੱਲ ਦੀ ਖਿਮਾ ਮੰਗੀ, ਸਤਿਗੁਰੂ ਜੀ ਨੇ ਆਪਣੀ ਹੱਥੀਂ ਮਸਤਾਨਿਆਂ ਨੂੰ ਲੰਗਰ ਛਕਾਇਆ।

ਇਸ ਛੋਟੀ ਜਿਹੀ ਘਟਨਾ ਤੋਂ ਇਹ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਮਸਤਾਨਿਆਂ ਨਾਲ ਕਿੰਨਾ ਹਿੱਤ ਰੱਖਦੇ ਸਨ। 1872 ਵਿਚ ਮਸਤਾਨਾ ਦਲ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਨੇ ਵੀ ਮਲੋਦ ਅਤੇ ਮਲੇਰਕੋਟਲੇ ਸਾਕਿਆਂ ਵਿਚ ਮਸਤਾਨਾ ਦਲ ਦੀ ਅਗਵਾਈ ਕੀਤੀ ਸੀ ਅਤੇ ਮਲੇਰਕੋਟਲੇ ਵਿਖੇ ਸ਼ਹੀਦੀਆਂ ਪਾਈਆਂ ਸਨ। ਇਸ ਬਾਰੇ ਨਾਮਧਾਰੀ ਇਤਿਹਾਸਕਾਰ ਤੇ ਲੇਖਕ ਕਿਸੇ ਠੋਸ ਨਿਰਣੇ ਉਤੇ ਨਹੀਂ ਪਹੁੰਚ ਸਕੇ ਕਿ 'ਮਸਤਾਨਾ ਦਲ' ਦਾ ਕੋਈ ਸਪਸ਼ਟ ਰਾਜਨੀਤਕ ਉਦੇਸ਼ ਵੀ ਸੀ ਜਾਂ ਨਹੀਂ। ਪਰ ਬਾਅਦ ਦੀਆਂ ਘਟਨਾਵਾਂ ਮਸਤਾਨਾ ਦਲ ਦੇ ਬਰਤਾਨਵੀ ਰਾਜ ਵਿਰੋਧੀ ਪੈਂਤੜੇ ਨੂੰ ਸਪਸ਼ਟ ਕਰਦੀਆਂ ਹਨ।

### 1869 ਦਾ ਮਾਨਾਂਵਾਲੇ ਦਾ ਹੋਲਾ

1869 ਦਾ ਹੋਲੇ ਦਾ ਉਤਸਵ ਮਾਨਾਂਵਾਲੇ ਵਿਖੇ ਮਨਾਇਆ ਗਿਆ। ਇਹ ਹੋਲਾ ਸ. ਹੀਰਾ ਸਿੰਘ ਮਾਨ ਦੀ ਬੇਨਤੀ ਉਤੇ ਮਨਾਇਆ ਗਿਆ ਸੀ। ਸਤਿਗੁਰੂ ਜੀ ਦੇ ਦੀਵਾਨਾਂ ਵਿਚ ਬੇਅੰਤ ਸੰਗਤ ਇਕੱਤਰ ਹੋਈ ਅਤੇ 1800 ਦੇ ਕਰੀਬ ਨਾਮਧਾਰੀ ਸਿੰਘ ਸਜੇ। ਇਸ ਇਤਿਹਾਸਕ ਅਵਸਰ ਦਾ ਮਹੱਤਵ ਇਸ ਕਰਕੇ ਵੀ ਮੰਨਿਆ ਜਾ ਸਕਦਾ ਹੈ ਕਿਉਂਜੋ ਇਸ ਵਿਚ ਸ. ਹਰੀ ਸਿੰਘ ਨਲੂਆ ਦੇ ਪਰਿਵਾਰ ਤੇ ਹੋਰ ਕਈ ਉੱਘੇ ਸ. ਨਾਮਧਾਰੀ ਸੱਜੇ। ਸ਼ਬਦ-ਬਾਣੀ ਅਤੇ ਕਥਾ ਕੀਰਤਨ ਤੇ ਪ੍ਰਵਾਹ ਦੇ ਨਾਲ ਨਾਲ ਗੁਲਾਲ ਨੇ ਵੀ ਖ਼ੂਬ ਰੰਗ ਬੰਨ੍ਹਿਆ। ਹਰੀ ਸਿੰਘ ਨਲੂਆ ਦਾ ਦਾਮਾਦ ਲਹਿਣਾ ਸਿੰਘ ਘਰਜਾਖੀਆ ਅਤੇ ਸਪੁੱਤਰ ਮੋਤੀ ਸਿੰਘ (ਜੋ ਪਿਛੋਂ ਜਾ ਕੇ ਨੇਪਾਲ ਦੀ ਸੈਨਾ ਵਿਚ ਐਡਜੂਟੈਂਟ ਜਨਰਲ ਦੀ ਪੱਦਵੀ ਤੇ ਪਹੁੰਚਿਆ), ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪਿਸ਼ਾਵਰ ਦੇ ਗਵਰਨਰ ਸਰਦਾਰ ਮੀਹਾਂ ਸਿੰਘ ਦਾ ਭਤੀਜਾ, ਤਾਰਾ ਸਿੰਘ ਪਿੰਡ ਮਿਸਰੀਵਾਲਾ ਵੀ ਨਾਮਧਾਰੀ ਸੱਜ ਗਿਆ। ਇਸ ਤੋਂ ਇਲਾਵਾ ਜਰਨੈਲ ਬੁੱਧ ਸਿੰਘ ਦਾ ਪੁੱਤਰ ਸ. ਮਾਨ ਸਿੰਘ ਪਿੰਡ ਮਾਨਾਂਵਾਲੇ ਦਾ ਰਈਸ, ਜੈਲਦਾਰ ਅਨੋਖ ਸਿੰਘ (ਚੂਹੜਕਾਣੇ ਦਾ) ਤੇ ਨੰਬਰਦਾਰ ਅਮਰੀਕ ਸਿੰਘ ਅਤੇ ਹੋਰ ਬਹੁਤ ਸਾਰੇ



Sri Satguru Jagjit Singh Ji Elibrary NamdhariElibrary@gmail.com

ਸਿੱਖ ਨਾਮਧਾਰੀ ਪੰਥ ਵਿਚ ਸ਼ਾਮਿਲ ਹੋ ਗਏ।

ਸ. ਹੀਰਾ ਸਿੰਘ ਵਲੋਂ ਸਤਿਗੁਰੂ ਜੀ ਨੂੰ ਇਕ ਵਧੀਆ ਘੋੜੀ, ਇਕ ਸ਼ਾਹੀ ਚੋਗਾ ਤੇ 101 ਰੁਪਏ ਨਕਦ ਭੇਟ ਕੀਤੇ ਗਏ। ਇਸ ਚੋਗੇ ਬਾਰੇ [1*]ਸੰਤ ਸੰਤੋਖ ਸਿੰਘ ਬਾਹੋਵਾਲ ਨੇ ਬੜੀਆਂ ਮਨੋਰੰਜਕ ਟਿੱਪਣੀਆਂ ਕੀਤੀਆਂ ਹਨ :

ਸ. ਹੀਰਾ ਸਿੰਘ ਨੇ "ਏਕ ਚੋਗਾ ਪਾਂਚ ਸੌ ਕੀਮਤ ਵਾਲਾ ਭੇਟਾ ਧਰਿਆ। ਸ੍ਰੀ ਸਤਿਗੁਰੂ ਜੀ ਬਾਬੇ ਸਾਹਿਬ ਸਿੰਘ ਕੋ ਦੇ ਦਿੱਤਾ। ਗਿਆਨਾ ਸਿੰਘ ਨੇ ਕੋਲੋਂ ਕਹਾ ਤੂੰ ਮੀਰਜਾਦਾ ਹੋਇ ਗਿਆ ਹੈਂ, ਉਤਾਰ ਲੈ ਲਿਆ ਹੈ। ਸਾਧੂ ਪਦ ਨਾ ਰਿਹਾ। ਗੁਰੂ ਜੀ ਬਚਨ ਕੀਤਾ ਤੂੰ ਦਿੱਤੂ ਰਾਗੀ ਕੋ ਦੇ ਦੇ। ਬਾਬੇ ਨੇ ਝੱਟ ਦਿੱਤੂ ਰਾਗੀ ਕੋ ਦੇ ਦਿੱਤਾ। ਜਾਂ ਤੁਰਨੇ ਕਾ ਵਕਤ ਹੋਇਆ ਤਾਂ ਸਰਦਾਰ ਨੇ ਏਕ ਜੋੜਾ ਅਗੇ ਆਇ ਧਰਿਆ। ਅਰਜ ਕੀਤੀ ਸੱਚੇ ਪਾਤਸ਼ਾਹ ਜੀ ਸਾਨੂੰ ਮੱਥਾ ਟੇਕਣ ਨੂੰ ਕੁਝ ਚਾਹੀਏ, ਚਰਨਾਂ ਕਾ ਜੋੜਾ ਮਿਲੇ। ਜੋੜਾ ਦੀਆ ਨਾਲੇ ਖੁਸ਼ੀਆਂ ਦਿੱਤੀਆਂ। ਸਰਦਾਰ ਨੇ ਰੇਸ਼ਮ ਕੇ ਰੁਮਾਲ ਮੈ ਜੋੜਾ ਲਪੇਟ ਕੇ ਰੱਖ ਲਿਆ। ਰੋਜ਼ ਮੱਥਾ ਟੇਕਦੇ ਹੈਂ।"

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ 1866 ਤੋਂ ਪਿਛੋਂ ਜਦੋਂ ਅੰਗਰੇਜ਼ੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਹਟਾ ਦਿੱਤਾ ਤਾਂ ਨਾਮਧਾਰੀ ਮੱਤ ਦੇ ਵਾਧੇ ਲਈ ਕਾਫੀ ਅਨੁਕੂਲ ਵਾਤਾਵਰਣ ਬਣ ਗਿਆ, ਜਿਸ ਦੇ ਸਿੱਟੇ ਵਜੋਂ ਇਸ ਦੌਰ ਵਿਚ ਕੂਕਾ ਲਹਿਰ ਨੇ ਆਪਣੇ ਪੈਰ ਹੋਰ ਮਜ਼ਬੂਤ ਕਰ ਲਏ। ਜਿੱਥੇ ਕੂਕਾ ਲਹਿਰ ਦੇ ਪ੍ਰਭਾਵ ਥੱਲੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਕਈ ਖੇਤਰਾਂ ਵਿਚ ਸਮਾਜਿਕ ਸੁਧਾਰ ਹੋਇਆ, ਉੱਥੇ ਨਾਮਧਾਰੀਆਂ ਦੀ ਗਿਣਤੀ ਦੇ ਵੱਧਣ ਤੇ ਲੱਖਾਂ ਤੱਕ ਪਹੁੰਚ ਜਾਣ ਨਾਲ ਇਸ ਵਿਚ ਨਵੀਆਂ ਰਾਜਨੀਤਕ ਸੰਭਾਵਨਾਵਾਂ ਜਨਮ ਲੈ ਚੁੱਕੀਆਂ ਸਨ ਅਤੇ ਇਸ ਦੀਆਂ ਨਵੀਆਂ ਦਿਸ਼ਾਵਾਂ ਵੱਲ ਅੱਗੇ ਕਦਮ ਪੁੱਟਣ ਲਈ ਵੀ ਭੂਮੀ ਤਿਆਰ ਹੋ ਚੁੱਕੀ ਸੀ।

---

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 312



Sri Satguru Jagjit Singh Ji Elibrary NamdhariElibrary@gmail.com

## 24

# ਕੂਕਾਮਤ ਤੇ ਗਊ ਰੱਖਿਆ ਅੰਦੋਲਨ

ੳ ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ। (ਛੰਦ ਪੰਜਵਾਂ)
ਅ ਯਹੀ ਆਸ ਪੂਰਨ ਕਰਹੁ ਤੁਮ ਹਮਾਰੀ
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ। (ਛੰਦ ਛੇਵਾਂ)
ੲ ਯਹੀ ਬੇਨਤੀ ਖਾਸ ਹਮਾਰੀ ਸੁਣੀਜੈ
ਅਸੁਰ ਮਾਰ ਕਰ ਰੱਛ ਗਊਅਨ ਕਰੀਜੈ (ਛੰਦ ਛੇਵਾਂ)
(ਉਗ੍ਰਦੰਤੀ ਸ੍ਰੀ ਮੁਖਵਾਕ ਪਾਤਸ਼ਾਹੀ 10)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਰੋਕਤ ਮਹਾਂਵਾਕਾਂ ਅਨੁਸਾਰ ਗਊ ਰੱਖਿਆ ਸਿੱਖ ਧਰਮ ਦਾ ਇਕ ਵਿਸ਼ੇਸ਼ ਅੰਗ ਹੈ। ਗੁਰੂ ਨਾਨਕ ਦੇਵ ਜੀ ਦਾ ਵਾਕ ਹੈ :

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।
(ਆਦਿ ਗ੍ਰੰਥ, ਪੰਨਾ 360)

ਇਹੋ ਕਾਰਨ ਸੀ ਕਿ ਜਦੋਂ ਵੀ ਰਾਜਨੀਤਕ ਤੌਰ ਤੇ ਖਾਲਸੇ ਨੇ ਸ਼ਕਤੀ ਤੇ ਪ੍ਰਭੁਤਾ ਪ੍ਰਾਪਤ ਕੀਤੀ ਉਸ ਸਮੇਂ ਗਊ ਰੱਖਿਆ ਨੂੰ ਵੀ ਆਪਣੇ ਧਾਰਮਿਕ ਨੇਮ ਵਜੋਂ ਅਪਨਾਇਆ। ਇਥੋਂ ਤਕ ਕਿ ਮਾਰਚ 1846, ਦੀ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਨਾਲ ਹੋਈ ਸੰਧੀ ਤੋਂ ਪਹਿਲਾਂ ਪੰਜਾਬ ਵਿਚ ਗਊ ਹੱਤਿਆ ਉਤੇ ਪੂਰੀ ਤਰ੍ਹਾਂ ਰੋਕ ਸੀ ਅਤੇ 1*"ਪੰਜਾਬ ਦੇ ਮੁਸਲਮਾਨਾਂ ਨੇ ਵੀ ਲਗਭਗ ਪੌਣੀ ਸਦੀ ਤੋਂ ਗਊ-ਮਾਸ ਦੀ ਵਰਤੋਂ ਨਹੀਂ ਸੀ ਕੀਤੀ।"

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਗਊ ਹੱਤਿਆ ਉਤੇ ਪੂਰੀ ਤਰ੍ਹਾਂ ਰੋਕ ਲੱਗੀ ਹੋਈ ਸੀ। ਇੱਥੋਂ ਤਕ ਕਿ 1838 ਵਿਚ ਅੰਗਰੇਜ਼ਾਂ ਤੇ ਅਫਗਾਨਾਂ ਨਾਲ ਅਫਗਾਨਿਸਤਾਨ ਦੇ ਤਖਤ ਉੱਤੇ ਸਾਹ ਸੁਜਾਹ ਨੂੰ ਮੁੜ ਬਹਾਲ

1* ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 71



Sri Satguru Jagjit Singh Ji Elibrary NamdhariElibrary@gmail com

ਕਰਨ ਲਈ ਤ੍ਰੈ-ਪੱਖੀ ਹੋਈ ਸੰਧੀ ਸਮੇਂ ਅੰਗਰੇਜ਼ ਸੈਨਿਕਾਂ ਨੂੰ ਪੰਜਾਬ ਵਿਚ ਲਾਂਘਾ ਦੇਣ ਸਮੇਂ ਗਊ ਹੱਤਿਆ ਨਾ ਕਰਨ ਦੀ ਉਚੇਚੀ ਸ਼ਰਤ ਲਗਾਈ ਗਈ ਸੀ।

1845-46 ਦੀ ਅੰਗਰੇਜ਼ਾਂ ਤੇ ਸਿੰਘਾਂ ਦੀ ਪਹਿਲੀ ਲੜਾਈ ਤੋਂ ਪਿਛੋਂ ਜਦੋਂ ਅੰਗਰੇਜ਼ ਮਹਾਰਾਜਾ ਦਲੀਪ ਸਿੰਘ ਦੇ ਰਖਿਅਕ ਵਜੋਂ ਲਾਹੌਰ ਆ ਗਏ ਤਾਂ ਹਾਲਾਤ ਇਕ ਦਮ ਬਦਲ ਗਏ। 21 ਅਪ੍ਰੈਲ 1846 ਨੂੰ ਲਾਹੌਰ ਵਿਚ ਤੋਪਖਾਨੇ ਦੇ ਸੰਤਰੀ ਵਲੋਂ ਗਊਆਂ ਦੇ ਵੱਗ ਉੱਤੇ ਤਲਵਾਰ ਨਾਲ ਹੱਲਾ ਕਰਕੇ ਤਿੰਨ-ਚਾਰ ਗਊਆਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਗਿਆ। ਇਸ ਘਟਨਾ ਦੇ ਪ੍ਰਤੀਕਰਮ ਵਜੋਂ ਲਾਹੌਰ ਸ਼ਹਿਰ ਵਿਚ ਹੜਤਾਲ ਹੋ ਗਈ।

ਜਦੋਂ ਅੰਗਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਅਤੇ ਗੜਬੜ ਨੂੰ ਰੋਕਣ ਲਈ ਸ਼ਹਿਰ ਵਿਚ ਪੁੱਜਾ ਤਾਂ ਮਕਾਨਾਂ ਦੀਆਂ ਛੱਤਾਂ ਤੋਂ ਉਸ ਉਤੇ ਇੱਟਾਂ ਰੋੜੇ ਮਾਰੇ ਗਏ।

ਇਸ ਘਟਨਾ ਦੇ ਪ੍ਰਤੀਕਰਮ ਵਜੋਂ ਹੈਨਰੀ ਲਾਰੰਸ ਨੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਲਈ ਮਨ ਬਣਾਇਆ।

ਦੱਤ ਬ੍ਰਾਹਮਣ ਤੇ ਰੁਲੀਆ ਮਿਸ਼ਰ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਦੋ ਹੋਰਾਂ ਨੂੰ ਅੰਗਰੇਜ਼ੀ ਇਲਾਕੇ ਵਿਚ ਜਲਾਵਤਨ ਕਰ ਦਿੱਤਾ ਗਿਆ। ਦੋ ਹੋਰਨਾਂ ਨੂੰ ਲੋਹੇ ਦੀਆਂ ਬੇੜੀਆਂ ਪਾ ਕੇ ਉਨ੍ਹਾਂ ਦਾ ਮੂੰਹ ਕਾਲਾ ਕਰਕੇ ਸ਼ਹਿਰ ਵਿਚ ਫੇਰਿਆ ਗਿਆ ਤਾਂ ਜੋ ਲੋਕਾਂ ਵਿਚ ਡਰ ਬੈਠ ਜਾਵੇ। ਉਸ ਮਕਾਨ ਨੂੰ ਜਿਸ ਦੀ ਛੱਤ ਤੋਂ ਇੱਟਾਂ ਵੱਟੇ ਸੁੱਟੇ ਗਏ ਸਨ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਪਰ ਜਿਸ ਸੰਤਰੀ ਤੋਂ ਇਹ ਛੇੜ ਛਿੜੀ ਸੀ, ਉਸ ਨੂੰ ਕੇਵਲ ਤਾੜਨਾ ਹੀ ਕੀਤੀ ਗਈ ਕਿ ਉਹ ਅੱਗੇ ਤੋਂ ਆਪਣੀ ਤਲਵਾਰ ਦੀ ਵਰਤੋਂ ਸੋਚ ਸਮਝ ਕੇ ਕਰੇ। ਇਸ ਘਟਨਾ ਤੋਂ ਪਿਛੋਂ ਲਾਹੌਰ ਵਿਚ ਅੰਗਰੇਜ਼ਾਂ ਨੂੰ ਗਊ-ਮਾਸ ਪ੍ਰਾਪਤ ਕਰਨ ਵਿਚ ਕੋਈ ਔਖ ਨਾ ਆਈ। ਹੁਣ ਕੇਵਲ ਸਾਵਧਾਨੀ ਵਰਤ ਕੇ ਚੁੱਪ-ਚਾਪ ਅਤੇ ਬਗੈਰ ਰੌਲਾ ਰੱਪਾ ਪਾਏ ਉਨ੍ਹਾਂ ਕੋਲ ਗਊ-ਮਾਸ ਪੁੱਜ ਜਾਂਦਾ ਸੀ।

ਜਦੋਂ ਤੱਕ ਨਾ-ਬਾਲਗ ਮਹਾਰਾਜਾ ਦਲੀਪ ਸਿੰਘ ਦਾ ਬਰਾਏਨਾਮ ਰਾਜ ਅਧਿਕਾਰ ਕਾਇਮ ਰਿਹਾ ਤਾਂ ਪੰਜਾਬ ਵਿਚ ਗਊ-ਹੱਤਿਆ ਤੇ ਰੋਕ ਉਸੇ ਤਰ੍ਹਾਂ ਲੱਗੀ ਰਹੀ। [1*]24 ਮਾਰਚ, 1847 ਨੂੰ ਰੈਜ਼ੀਡੈਂਟ ਹੈਨਰੀ ਲਾਰੰਸ ਨੇ ਗਵਰਨਰ ਜਨਰਲ ਦੇ ਇਨ੍ਹਾਂ ਹੁਕਮਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਡਿਓਢੀ ਦੇ ਬਾਹਰਲੇ ਦਰਵਾਜ਼ੇ ਉਤੇ ਤਾਂਬੇ ਦੇ ਪੱਤਰੇ ਉਤੇ ਲਿਖਵਾਇਆ ਜਿਨ੍ਹਾਂ ਦਾ ਭਾਵ ਇਹ ਸੀ ਕਿ (ੳ) ਕੋਈ ਵੀ ਵਿਅਕਤੀ ਜਾਂ ਹੋਰ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਅੰਦਰ ਜੁੱਤੀ ਪਾ ਕੇ ਨਹੀਂ ਜਾ ਸਕੇਗਾ। (ਅ) ਅੰਮ੍ਰਿਤਸਰ ਸ਼ਹਿਰ

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 68-69



Sri Satguru Jagjit Singh Ji Elibrary NamdhariElibrary@gmail.com

ਵਿਚ ਗਊ-ਬੱਧ ਨਹੀਂ ਕੀਤਾ ਜਾਵੇਗਾ। ਅੰਗਰੇਜ਼ਾਂ ਤੇ ਸਿੰਘਾਂ ਦੀ ਦੂਜੀ ਲੜਾਈ 1848 ਤੋਂ ਪਿਛੋਂ ਜਦੋਂ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੀ ਸਾਮਰਾਜੀ ਨੀਤੀ ਅਧੀਨ 29 ਮਾਰਚ 1849 ਨੂੰ ਪੰਜਾਬ ਰਾਜ ਨੂੰ ਪੂਰੀ ਤਰ੍ਹਾਂ ਅੰਗਰੇਜ਼ੀ ਸਲਤਨਤ ਵਿਚ ਮਿਲਾ ਲਿਆ ਗਿਆ ਤਾਂ ਹਾਲਾਤ ਇਕ ਦਮ ਬਦਲ ਗਏ। ਅੰਗਰੇਜ਼ੀ ਫੌਜੀਆਂ ਨੂੰ ਪੰਜਾਬ ਵਿਚ ਫਿਰਨ-ਤੁਰਨ ਅਤੇ ਖੁੱਲ੍ਹ-ਮਾਨਣ ਦੀ ਪੂਰੀ ਤਰ੍ਹਾਂ ਆਜ਼ਾਦੀ ਹੋ ਗਈ। ਪੰਜਾਬ ਰਾਜ ਦੀ ਖਾਲਸਾ ਸੈਨਾ ਨੂੰ ਭਾਵੇਂ ਬੇ-ਹਥਿਆਰੇ ਕਰਕੇ ਘਰੋ-ਘਰੀ ਤੋਰ ਦਿੱਤਾ ਗਿਆ ਸੀ ਪਰ ਅੰਗਰੇਜ਼ਾਂ ਵਲੋਂ ਕੁਟਲ ਨੀਤੀ ਰਾਹੀਂ ਖਾਲਸਾ ਸੈਨਾ ਨੂੰ ਹਰਾ ਕੇ ਪੰਜਾਬ ਉਤੇ ਗੈਰ ਕਾਨੂੰਨੀ ਢੰਗ ਨਾਲ ਕਬਜ਼ਾ ਕਰਨ ਅਤੇ ਧੌਂਸ ਜਮਾਉਣ ਦੀ ਗੱਲ ਪੰਜਾਬੀ ਲੋਕਾਂ ਨੂੰ ਭੁਲੀ ਨਹੀਂ ਸੀ। ਅੰਗਰੇਜ਼ ਫੌਜੀ ਜੇਤੂ ਅਭਿਮਾਨ ਵਿਚ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਜੁੜੀਆਂ ਸਮੇਤ ਜਾਣ ਲੱਗ ਪਏ।

ਪੰਜਾਬ ਦੇ ਬਾਕੀ ਸ਼ਹਿਰਾਂ ਵਿਚ ਗਊ ਕੁਸ਼ੀ ਦੀ ਖੁੱਲ੍ਹ ਦੇ ਦਿੱਤੀ ਗਈ। ਅੰਗਰੇਜ਼ ਸਾਮਰਾਜ ਦੀ ਪਾੜੋ ਤੇ ਰਾਜ ਕਰੋ (Divide and Rule) ਦੀ ਸਾਮਰਾਜਵਾਦੀ ਨੀਤੀ ਇਸ ਇਤਿਹਾਸਕ ਕਾਲ ਵਿਚ ਜਨਤਾ ਉਤੇ ਰਾਜ ਕਰਨ ਦਾ ਢੁਕਵਾਂ ਹਥਿਆਰ ਬਣ ਚੁੱਕੀ ਸੀ। ਇਸ ਪਿੱਛੇ ਵਿਦੇਸ਼ੀ ਸਰਕਾਰ ਦੀ ਇਹ ਨੀਤੀ ਕੰਮ ਕਰ ਰਹੀ ਸੀ ਕਿ ਹਿੰਦੂ-ਸਿੱਖਾਂ ਨਾਲੋਂ ਮੁਸਲਮਾਨਾਂ ਵਿਚ ਵੱਖਰੇਵੇਂ ਨੂੰ ਉਤਸ਼ਾਹ ਦਿੱਤਾ ਜਾਵੇ। ਚੇਤੇ ਰਹੇ ਕਿ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਨੇ ਆਪਣੇ ਸੁਪ੍ਰਸਿੱਧ ਜੰਗਨਾਮੇ ਦੇ ਆਖੀਰ ਵਿਚ ਇਹ ਭਾਵ ਪ੍ਰਗਟਾਏ ਸਨ ਕਿ ਪੰਜਾਬ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਰਾਜੀ ਬਾਜੀ ਵਸਦੇ ਰਹੇ ਹਨ ਅਤੇ ਹੁਣ ਅੰਗਰੇਜ਼ ਸ਼ਾਸਕਾਂ ਦੇ ਰੂਪ ਵਿਚ ਤੀਜੀ ਜਾਤ ਦੋਹਾਂ ਦੇ ਸਿਰ ਆਫਾਤ ਬਣ ਕੇ ਆਈ ਹੈ। ਇਸ ਤੋਂ ਬਿਨਾਂ ਉਸ ਨੇ ਇਹ ਵੀ ਲਿਖਿਆ ਕਿ ਅੰਗਰੇਜ਼ ਆਪਣੀ ਖੁਦੀ ਵਿਚ ਮੁਹਾਸਤਾ ਹਨ ਅਤੇ ਈਸਟ ਇੰਡੀਆ ਕੰਪਨੀ ਦੇ ਮੁਲਾਜ਼ਮ ਹੋਣ ਕਾਰਨ ਅੰਗਰੇਜ਼ ਪੂੰਜੀਪਤੀਆਂ ਦੇ ਗੁਮਾਸ਼ਤੇ (ਕਾਰਿੰਦੇ) ਹਨ ਜਿਨ੍ਹਾਂ ਨੂੰ ਦੌਲਤਾਂ ਜਮਾਂ ਕਰਨ ਅਤੇ ਪੰਜਾਬ ਰਾਜ ਦੇ ਸਰਮਾਏ ਨੂੰ ਲੁੱਟ-ਪੁੱਟ ਕੇ ਅੰਗਰੇਜ਼ ਪੂੰਜੀਪਤੀਆਂ ਨੂੰ ਦੌਲਤਮੰਦ ਬਣਾਉਣ ਦੀ ਵਧੇਰੇ ਚਿੰਤਾ ਹੈ। ਅੰਗਰੇਜ਼ਾਂ ਨੇ ਆਪਣੀ ਸੋਚੀ ਸਮਝੀ ਨੀਤੀ ਅਧੀਨ ਮੁਸਲਮਾਨ ਤਬਕੇ ਦੇ ਦਿਲਾਂ ਨੂੰ ਜਿੱਤਣ ਲਈ ਗਊ ਹੱਤਿਆ ਜਿਸ ਨਾਲ ਹਿੰਦੂ-ਸਿੱਖਾਂ ਦੀ ਧਾਰਮਿਕ ਭਾਵਨਾ ਜੁੜੀ ਹੋਈ ਸੀ, ਨੂੰ ਰਾਜਨੀਤਕ ਹਥਿਆਰ ਵਜੋਂ ਵਰਤਿਆ। ਮੁਸਲਮਾਨਾਂ ਵਿਚ ਸੂਰ ਖਾਣ ਦੀ ਮਨਾਹੀ ਸੀ ਪਰ ਆਪਣੇ ਇਸਲਾਮੀ ਰਾਜ ਕਾਲ ਵਿਚ ਉਹ ਗਊ ਭਛੱਕ ਸਦਾ ਰਹੇ ਸਨ। ਸੋ ਹਿੰਦੁਸਤਾਨ ਦੇ ਮੁਸਲਮ ਕਾਲ ਦੇ ਇਤਿਹਾਸ ਨੂੰ ਮੁੱਖ ਰੱਖ ਕੇ ਅਤੇ ਹਿੰਦੂ ਧਰਮ ਵਿਚ ਗਊ ਨੂੰ ਮਾਤਾ ਸਮਝ ਕੇ ਕੀਤੇ ਜਾਂਦੇ



Sri Satguru Jagjit Singh Ji Elibrary NamdhariElibrary@gmail.com

ਸਤਿਕਾਰ ਦੇ ਕਾਰਨ ਅੰਗਰੇਜ਼ ਸਾਮਰਾਜੀਆਂ ਲਈ ਗਊ-ਹੱਤਿਆ ਦਾ ਹਥਿਆਰ ਦੋਹਾਂ ਮੁੱਖ ਫਿਰਕਿਆਂ (ਹਿੰਦੂ-ਸਿੱਖਾਂ) ਅਤੇ ਮੁਸਲਮਾਨਾਂ ਵਿਚ ਫੁੱਟ-ਪਾਉਣ ਲਈ ਕਾਰਗਰ ਸਿੱਧ ਹੋਇਆ।

ਆਪਣੇ 24 ਮਾਰਚ 1847 ਦੇ ਫੁਰਮਾਨਾਂ ਨੂੰ ਛਿੱਕੇ ਟੰਗ ਕੇ ਅੰਗਰੇਜ਼ ਹਾਕਮਾਂ ਨੇ ਗਊਕੁਸ਼ੀ ਸੰਬੰਧੀ ਨਵੇਂ ਹੁਕਮ ਜ਼ਾਰੀ ਕਰ ਦਿੱਤੇ ਅਤੇ ਪੰਜਾਬ ਅੰਦਰ ਕੁਝ ਸ਼ਰਤਾਂ ਲਗਾ ਕੇ ਗਊ-ਹੱਤਿਆ ਦੀ ਖੁੱਲ੍ਹ ਦੇ ਦਿੱਤੀ ਗਈ। ਉਹ ਸ਼ਰਤਾਂ ਇਹ ਸਨ (ੳ) - ਬੁੱਚੜ ਖਾਨੇ ਸ਼ਹਿਰ ਤੋਂ ਬਾਹਰ ਖੋਲ੍ਹੇ ਜਾਣ (ਅ) ਗਊ ਮਾਸ ਖੁੱਲ੍ਹੇਆਮ ਹੋਕਾ ਦੇ ਕੇ ਨਾਂਹ ਵੇਚਿਆ ਜਾਵੇ।

[1]*ਹਿੰਦ ਸਰਕਾਰ ਦੀ ਹਦਾਇਤ ਉਤੇ ਪੰਜਾਬ ਦੇ ਪ੍ਰਸ਼ਾਸਨਿਕ ਬੋਰਡ ਦੀ ਗਸ਼ਤੀ ਚਿੱਠੀ ਨੰ. 3, ਮਿਤੀ 5 ਮਈ, 1849 ਅਨੁਸਾਰ ਪੰਜਾਬ ਵਿਚ ਮਾਸ ਖਾਣ ਲਈ ਗਊਆਂ ਮਾਰਨ ਦੀ ਖੁੱਲ੍ਹ ਕਰ ਦਿੱਤੀ ਗਈ। ਲਾਹੌਰ ਦੇ ਕਮਿਸ਼ਨਰ ਮਿਸਟਰ ਆਰ ਮਿੰਟਗੁਮਰੀ ਦੀ ਚਿੱਠੀ ਨੰ. 12, ਮਿਤੀ 10 ਮਈ, 1849 ਅਨੁਸਾਰ ਇਸ ਹੁਕਮ ਤੇ ਅਮਲ ਕਰਨ ਦੀ ਹਦਾਇਤ ਕੀਤੀ ਗਈ। ਕਈ ਜ਼ਿਲ੍ਹਿਆਂ ਦੇ ਅੰਗਰੇਜ਼ ਡਿਪਟੀ ਕਮਿਸ਼ਨਰਾਂ ਨੇ ਇਸ ਹੁਕਮ ਸੰਬੰਧੀ ਵਧੀਕ ਅਤੇ ਸਾਫ਼ ਸਾਫ਼ ਹਦਾਇਤਾਂ ਮੰਗੀਆਂ। ਮੇਜਰ ਹਰਬਰਟ ਐਡਵਰਡਜ਼ ਨੇ ਮੁਲਤਾਨ ਦੇ ਅਸਿਸਟੈਂਟ ਕਮਿਸ਼ਨਰ ਲੈਫਟੀਨੈਂਟ ਜੇਮਜ਼ ਨੂੰ ਲਿਖਿਆ, "ਕਿ ਕਿਸੇ ਸ਼ਰਤ ਤੇ ਭੀ ਸ਼ਹਿਰਾਂ ਅਤੇ ਕਸਬਿਆਂ ਦੀਆਂ ਹੱਦਾਂ ਦੇ ਅੰਦਰ ਗਊਮਾਸ, ਦੁਕਾਨਾਂ ਵਿਚ ਰਖਕੇ ਨਾ ਵੇਚਿਆ ਜਾਵੇ। ਗਾਈਆਂ ਸ਼ਹਿਰੋਂ ਬਾਹਰ ਹੀ ਮਾਰੀਆਂ ਜਾਵਣ। ਜੇ ਮੁਸਲਮਾਨ, ਜਾਣ ਬੁੱਝ ਕੇ ਖੁਲ੍ਹੇ ਤੌਰ ਤੇ ਆਪਣੇ ਹਿੰਦੂ ਪੜੋਸੀਆਂ ਦੇ ਦਿਲ ਦੁਖਾਉਣ ਲਈ ਦਿਖਾਵਾ ਕਰਨ, ਤਦ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਵਣ। ਐਸੀਆਂ ਕਰੜੀਆਂ ਪਾਬੰਦੀਆਂ ਨਾ ਲਾਉਣ ਦਾ ਅਸਰ ਇਹ ਹੋਵੇਗਾ ਕਿ ਮੁਸਲਮਾਨ ਇਕ ਐਸੇ-ਸਵੇ ਅਧਿਕਾਰ ਦੀ ਜਿਸ ਤੋਂ ਇਹ ਚਿਰਾਂ ਤੋਂ ਵਾਂਝੇ ਸਨ, ਬੁਰੀ ਤਰ੍ਹਾਂ ਵਰਤੋਂ ਕਰਨਗੇ ਅਤੇ ਫੇਰ ਸਾਨੂੰ ਹਿੰਦੂਆਂ ਅਤੇ ਸਿੱਖਾਂ ਨੂੰ ਜੋ ਅਜੇ ਕੱਲ੍ਹ ਹੀ ਪੰਜਾਬ ਦੇ ਹਾਕਮ ਸਨ, ਮੁਸਲਮਾਨਾਂ ਹਥੋਂ ਐਸੀ ਬੇ-ਇਜ਼ਤੀ ਤੋਂ ਬਚਾਉਣਾ ਪਵੇਗਾ।"

20 ਮਈ, 1849 ਨੂੰ ਗਵਰਨਰ ਜਨਰਲ ਨੇ ਇਕ ਸਰਕਾਰੀ ਹੁਕਮ ਜਾਰੀ ਕੀਤਾ ਜੋ ਇਸ ਤਰ੍ਹਾਂ ਹੈ।

[2]*"ਕਿਸੇ ਨੂੰ ਵੀ ਆਪਣੇ ਗੁਆਂਢੀ ਦੀ ਧਾਰਮਿਕ ਮਰਿਯਾਦਾ ਅਤੇ ਪ੍ਰਚਲਿਤ ਰਹੁ ਰੀਤ ਵਿਚ ਦਖਲ ਦੇਣ ਦੀ ਆਗਿਆ ਨਹੀਂ ਹੋਣੀ ਚਾਹੀਦੀ।"

---

[1]* ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 274

[2]* ਉਪਰੋਕਤ, ਪੰਨਾ 276



Sri Satguru Jagjit Singh Ji Elibrary NamdhariElibrary@gmail.com

ਇਸੇ ਦੀ ਆੜ ਥੱਲੇ ਹੋਰਨਾਂ ਸ਼ਹਿਰਾਂ ਵਾਂਗ ਅੰਮ੍ਰਿਤਸਰ ਸ਼ਹਿਰ ਵਿਚ ਵੀ ਬੁਚੜਖਾਨਾ ਖੋਲ੍ਹਣ ਦੀ ਆਗਿਆ ਦਿੱਤੀ ਗਈ। ਬੁਚੜਖਾਨਾ ਲਾਹੌਰੀ ਦਰਵਾਜ਼ੇ ਦੇ ਬਾਹਰਵਾਰ ਖੋਲ੍ਹਿਆ ਗਿਆ ਪਰ ਸਰਕਾਰ ਵਲੋਂ ਇਹ ਹੁਕਮ ਵੀ ਜਾਰੀ ਕਰ ਦਿੱਤੇ ਗਏ ਸਨ ਕਿ ਗਊ-ਮਾਸ ਖੁੱਲ੍ਹੇ ਤੌਰ ਤੇ ਸ਼ਹਿਰ ਵਿਚ ਨਹੀਂ ਵੇਚਿਆ ਜਾਵੇਗਾ। ਸਗੋਂ ਜਿਸ ਕਿਸੇ ਨੂੰ ਵੀ ਚਾਹੀਦਾ ਹੋਵੇ ਉਹ ਉੱਥੇ ਜਾ ਕੇ ਖਰੀਦ ਲਵੇ ਅਤੇ ਕਿਸੇ ਕੱਪੜੇ ਵਿਚ ਲਪੇਟ ਕੇ ਚੁਪ-ਚਾਪ ਲੈ ਜਾਵੇ।

ਅੰਮ੍ਰਿਤਸਰ ਵਿਚ ਬੁਚੜਖਾਨਾ ਖੁੱਲ੍ਹ ਜਾਣ ਕਾਰਨ ਜਿੱਥੇ ਸਰਕਾਰ ਨੇ ਮੁਸਲਮਾਨਾਂ ਨੂੰ ਖੁਸ਼ ਕਰ ਲਿਆ, ਉੱਥੇ ਸ. ਨਾਹਰ ਸਿੰਘ ਦੇ ਸ਼ਬਦਾਂ ਵਿਚ - "ਸ਼ਹਿਰ ਦੇ ਹਿੰਦੂ ਸਿੱਖਾਂ ਲਈ ਇਹ ਮਾਸਖੋਰੇ ਫੋੜੇ ਦੀ ਨਿਆਈ ਸੀ।' ਦੀਵਾਲੀ ਅਤੇ ਵਿਸਾਖੀ ਦੇ ਮੇਲਿਆਂ ਦੇ ਸਮੇਂ ਜਦੋਂ ਪਿੰਡਾਂ ਦੀ ਹਿੰਦੂ ਸਿੱਖ ਜਨਤਾ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਅਤੇ ਮਾਲ ਮੰਡੀਆਂ 'ਚ ਮਾਲ ਖਰੀਦਣ ਜਾਂ ਵੇਚਣ ਦੇ ਮਨੋਰਥ ਲਈ ਆਉਂਦੀ ਤਾਂ ਉਨ੍ਹਾਂ ਨੂੰ ਵੀ ਬੁਚੜਖਾਨੇ ਦੇ ਖੁੱਲ੍ਹ ਜਾਣ ਅਤੇ ਗਊ-ਬਧ ਕੀਤੇ ਜਾਣ ਦੇ ਕਾਰਨ ਮਾਨਸਿਕ ਕਸ਼ਟ ਹੁੰਦਾ।"

ਇਸੇ ਮੁੱਦੇ ਉਤੇ ਦੋਹਾਂ ਫਿਰਕਿਆਂ ਵਿਚ ਤਨਾਉ ਵੀ ਵੱਧਣ ਲੱਗਾ। ਇੱਕਾ ਦੁੱਕਾ ਝਗੜੇ ਵੀ ਹੋਏ। ਹਿੰਦੂਆਂ ਸਿੱਖਾਂ ਵਲੋਂ ਸ਼ਿਕਾਇਤ ਕਰਨ ਉੱਤੇ ਕਈ ਕਸਾਈਆਂ ਨੂੰ ਮਾਮੂਲੀ ਸਜ਼ਾਵਾਂ ਵੀ ਦਿੱਤੀਆਂ ਗਈਆਂ। 7 ਮਈ, 1856 ਨੂੰ ਖੁਲ੍ਹਾ ਗਊਮਾਸ ਵੇਚਣ ਸੰਬੰਧੀ ਇਕ ਮੁਕੱਦਮਾ ਮਿਸਟਰ ਐਡ ਕੂਪਰ ਦੇ ਸਾਹਮਣੇ ਪੇਸ਼ ਹੋਣ ਦਾ ਹਵਾਲਾ ਮਿਲਦਾ ਹੈ। ਇਸੇ ਤਰ੍ਹਾਂ ਇਕ ਹੋਰ ਮੁਕੱਦਮਾ ਮਈ 1863 ਵਿਚ ਦੋ ਜੱਜਾਂ ਦੇ ਸਾਹਮਣੇ ਪੇਸ਼ ਹੋਇਆ, ਜਿਸ ਵਿਚ ਖੁੱਲ੍ਹੇ ਆਮ ਗਊ ਮਾਸ ਵੇਚਣ ਵਾਲੇ ਦੋਸ਼ੀ ਨੂੰ 3 ਮਹੀਨੇ ਕੈਦ ਤੇ ਪੰਜਾਹ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਪਰ ਪਿਛੋਂ ਅਪੀਲ ਕਰਨ ਤੇ ਉਹ ਸਾਫ ਬਰੀ ਹੋ ਗਿਆ। 1869 ਵਿਚ ਸਰਕਾਰ ਨੇ ਕਟੇ ਹੋਏ ਡੰਗਰ ਦੇ ਸਿਰ ਉਤੇ ਅੱਠ ਆਨੇ ਟੈਕਸ ਲਾ ਦਿੱਤਾ।

ਅਪ੍ਰੈਲ 1871 ਵਿਚ ਗਊ ਮਾਸ ਖੁੱਲ੍ਹੇ ਤੌਰ ਤੇ ਟੋਕਰੀਆਂ ਵਿਚ ਪਾ ਕੇ ਹੋਕਾ ਦੇ ਕੇ ਵੇਚਣ ਨਾਲ ਫਿਰ ਦੋਹਾਂ ਫਿਰਕਿਆਂ ਵਿਚ ਤਨਾਅ ਵੱਧ ਗਿਆ ਅਤੇ ਇਸ ਸੰਬੰਧ ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਅਤੇ ਕਮਿਸ਼ਨਰ ਮਿਸਟਰ ਡਬਲੀਊ ਜੀ. ਡੇਵਿਸ ਨੇ ਟਾਊਨ ਹਾਲ ਵਿਚ ਦੋਹਾਂ ਫਿਰਕਿਆਂ ਦੀ ਇਕੱਤਰਤਾ ਬੁਲਾ ਕੇ ਅਮਨ ਬਹਾਲ ਕਰਨ ਦਾ ਯਤਨ ਕੀਤਾ ਅਤੇ ਇਹ ਐਲਾਨ ਕੀਤਾ ਕਿ ਬੁਚੜਖਾਨੇ ਬੰਦ ਨਹੀਂ ਕੀਤੇ ਜਾ ਸਕਦੇ। ਇਸ ਉੱਤੇ ਮੁਸਲਮਾਨ ਕਸਾਈਆਂ ਅਤੇ ਹੋਕਾ ਦੇ ਕੇ ਗਊ-ਮਾਸ ਵੇਚਣ ਵਾਲਿਆਂ ਦੀ



Sri Satguru Jagjit Singh Ji Elibrary NamdhariElibrary@gmail.com

ਚੜ੍ਹ ਮਚ ਗਈ ਅਤੇ ਉਹ ਖੁੱਲ੍ਹੇ ਆਮ ਮਹੱਲਿਆਂ ਵਿਚ ਜਾ ਕੇ ਹੋਕਾ ਦੇ ਕੇ ਗਊ ਮਾਸ ਵੇਚਣ ਲੱਗ ਪਏ। ਨਿਮਾਣੀ ਇਕਾਦਸ਼ੀ ਦੇ ਮੌਕੇ ਹਿੰਦੂਆਂ ਨੇ ਮੁਸਲਮਾਨ ਘੁਮਿਆਰਾਂ ਤੋਂ ਮਿੱਟੀ ਦੇ ਭਾਂਡੇ ਲੈਣੇ ਬੰਦ ਕਰ ਦਿੱਤੇ ਅਤੇ ਕਸੇਰਿਆਂ ਨੇ ਮੁਸਲਮਾਨਾਂ ਦੇ ਘਰਾਂ ਵਿਚੋਂ ਨਵੇਂ ਭਾਂਡੇ ਵਟਾਉਣ ਵਾਲੇ ਬਰਤਨਾਂ ਲਈ ਲਿਆਂਦੇ ਗਏ ਟੁੱਟੇ-ਭੱਜੇ ਭਾਂਡੇ ਨੂੰ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਇਨ੍ਹਾਂ ਵਿਚ ਗਊ ਮਾਸ ਰਿਝਦਾ ਤੇ ਵਰਤਾਇਆ ਜਾਂਦਾ ਰਿਹਾ ਹੈ। ਫਿਰਕੂ ਫਸਾਦਾਂ ਦੇ ਖਤਰੇ ਨੂੰ ਰੋਕਣ ਲਈ ਅਤੇ ਕੁਝ ਕਸ਼ਮੀਰੀ ਮੁਸਲਮਾਨਾਂ ਨੂੰ ਹਿੰਦੂਆਂ ਵਲੋਂ ਧੌਲ ਧੱਪਾ ਕਰਨ ਪਿਛੋਂ ਸੁਪਰਡੈਂਟ ਪੁਲੀਸ ਮਿਸਟਰ ਟਰਟਨ ਸਮਿਥ ਨੇ ਆ ਕੇ ਲੋਕਾਂ ਦੀ ਭੀੜ ਨੂੰ ਖਿੰਡਾ ਦਿੱਤਾ। ਇਸ ਸਮੇਂ ਮਿਸਟਰ ਸਮਿੱਥ ਨੂੰ ਕਿਸੇ ਨੇ ਰੋੜਾ ਕੱਢ ਮਾਰਿਆ। ਡਿਪਟੀ ਕਮਿਸ਼ਨਰ ਨੂੰ ਪਤਾ ਲੱਗਣ ਉਤੇ ਉਸ ਨੇ ਦੋਹਾਂ ਫਿਰਕਿਆਂ ਦੇ ਪਤਵੰਤਿਆਂ ਅਤੇ ਮੁਹੱਲਿਆਂ ਦੇ ਚੌਧਰੀਆਂ ਨੂੰ ਆਪਣੀ ਕੋਠੀ ਬੁਲਾ ਕੇ ਸਮਝਾਇਆ ਤੇ ਤਾੜਨਾ ਕੀਤੀ। 9 ਮਈ, 1871 ਨੂੰ 22 ਹਿੰਦੂਆਂ ਤੇ ਮੁਕੱਦਮਾ ਚਲਾਇਆ ਗਿਆ। ਇਸ ਦੇ ਸਿੱਟੇ ਵਜੋਂ ਸ਼ਹਿਰ ਦੇ ਹਿੰਦੂ ਸਿੱਖਾਂ ਦੇ ਛੋਟੇ ਵਪਾਰੀਆਂ ਨੇ ਮੁਸਲਮਾਨਾਂ ਦੇ ਨਾਲ ਨਾ-ਮਿਲਵਰਤਨ ਕਰ ਦਿੱਤਾ। 20 ਤੇ 22 ਮਈ, 1871 ਨੂੰ ਕਮਿਸ਼ਨਰ ਮੇਜਰ ਡਬਲੀਯੂ. ਜੀ. ਡੇਵਿਸ ਦੁਆਰਾ ਬੁਲਾਈ ਗਈ ਇਕੱਤਰਤਾ ਵਿਚ ਇਹ ਐਲਾਨ ਕੀਤਾ ਗਿਆ ਕਿ 24 ਮਈ, 1847 ਦਾ ਐਲਾਨ ਜਿਸ ਰਾਹੀ ਅੰਮ੍ਰਿਤਸਰ ਵਿਚ ਗਊ ਹੱਤਿਆ ਉਤੇ ਪਾਬੰਦੀ ਲਾ ਦਿੱਤੀ ਗਈ ਸੀ, ਉਸ ਸਮੇਂ ਲਈ ਹੀ ਸੀ ਜਦ ਤਕ ਕਿ ਪੰਜਾਬ ਵਿਚ ਮਹਾਰਾਜਾ ਦਲੀਪ ਸਿੰਘ ਦਾ ਅਧਿਕਾਰ ਕਾਇਮ ਸੀ ਪਰ ਸਿੱਖ ਰਾਜ ਦੇ ਖਾਤਮੇ ਪਿਛੋਂ ਅੰਗਰੇਜ਼ੀ ਰਾਜ ਦੀ ਅਮਲਦਾਰੀ ਵਿਚ ਗਵਰਨਰ ਜਨਰਲ ਨੇ 20 ਮਈ, 1849 ਨੂੰ ਆਪਣੇ ਐਲਾਨ ਵਿਚ ਇਹ ਸਪਸ਼ਟ ਤੌਰ ਤੇ ਪਰਗਟ ਕਰ ਦਿੱਤਾ ਸੀ ਕਿ ਕਿਸੇ ਦੂਸਰੇ ਗੁਆਂਢੀ ਦੇ ਧਰਮ ਅਤੇ ਰਹੁ-ਰੀਤ ਵਿਚ ਕਿਸੇ ਨੂੰ ਵੀ ਦਖਲ ਦੇਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

### ਭਾਈ ਦੇਵਾ ਸਿੰਘ ਨੂੰ ਸਜ਼ਾ

3 ਅਪ੍ਰੈਲ, 1871 ਨੂੰ ਬਾਬਾ ਬੀਰ ਸਿੰਘ ਦੇ ਡੇਰੇ ਦਾ ਸੇਵਕ ਭਾਈ ਦੇਵਾ ਸਿੰਘ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤੇ ਉਸ ਨੇ ਪਰਕਰਮਾਂ ਵਿਚ ਪਈ ਇਕ ਹੱਡੀ ਨੂੰ ਚੁੱਕ ਕੇ ਭਾਈ ਪਰਦੁਮਨ ਸਿੰਘ ਗ੍ਰੰਥੀ ਦੇ ਸਾਹਮਣੇ ਜਾ ਰੱਖਿਆ। ਇਸ ਉੱਤੇ ਹਿੰਦੂ-ਸਿੱਖਾਂ ਵਿਚ ਰੋਹ ਫੈਲ ਗਿਆ। ਪਰਦੁਮਨ ਸਿੰਘ ਅਤੇ ਮੰਗਲ ਸਿੰਘ ਦੇ ਪੁਲਿਸ ਨੂੰ ਰਿਪੋਰਟ ਕਰਨ ਉਤੇ ਭਾਈ ਦੇਵਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੁਕੱਦਮਾ ਚਲਾ ਕੇ ਉਸ ਨੂੰ



Sri Satguru Jagjit Singh Ji Elibrary NamdhariElibrary@gmail.com

ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਇਕ ਮਹੀਨਾ ਕੋਠੀ ਬੰਦ ਵੀ ਰੱਖਿਆ ਗਿਆ।

1860 ਦੇ ਦਹਾਕੇ ਵਿਚ ਗਊ ਹੱਤਿਆ ਦੇ ਸੰਬੰਧ ਵਿਚ ਦੋਹਾਂ ਫਿਰਕਿਆਂ ਵਿਚ ਇਕ ਦੂਜੇ ਵਿਰੁੱਧ ਰੋਸ ਵੱਧਦਾ ਗਿਆ। ਅੰਗਰੇਜ਼ ਹਾਕਮ ਅੰਦਰਖਾਤੇ ਹੀ ਨਹੀਂ ਸਗੋਂ ਖੁੱਲ੍ਹੇ ਤੌਰ ਤੇ ਮੁਸਲਮਾਨ ਬੁਚੜਾਂ ਤੇ ਚਮੜੇ ਦੇ ਵਪਾਰੀਆਂ ਦੀ ਪਿੱਠ ਠੋਕਦੇ ਸਨ। ਅੰਮ੍ਰਿਤਸਰ ਦੀ ਚਮੜਾ ਮੰਡੀ ਦੇ ਵਪਾਰ ਵਿਚ ਕਾਫੀ ਵਾਧਾ ਹੋਇਆ। 1871 ਵਿਚ ਦੋਹਾਂ ਫਿਰਕਿਆਂ ਵਿਚ ਤਨਾਉ ਅਤੇ ਖਾਸ ਕਰਕੇ ਭਾਈ ਦੇਵਾ ਸਿੰਘ ਨੂੰ ਦਿੱਤੀ ਗਈ ਸਜ਼ਾ ਕਾਰਨ ਬਹੁਤ ਵੱਧ ਗਿਆ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਕਮਿਸ਼ਨਰ ਮੇਜਰ ਡਬਲੀਯੂ. ਜੀ. ਡੇਵਿਸ ਨੇ ਟਾਊਨ ਹਾਲ ਵਿਖੇ ਮਈ ਤੇ ਜੂਨ 1871 ਵਿਚ ਦੋਹਾਂ ਫਿਰਕਿਆਂ ਦੀਆਂ ਕਈ ਇਕਤੱਰਤਾਵਾਂ ਬੁਲਾ ਕੇ ਸਰਕਾਰੀ ਨੀਤੀ ਦੀ ਵਿਆਖਿਆ ਕੀਤੀ। ਕੁਝ ਹਿੰਦੂ-ਸਿੱਖਾਂ ਵਲੋਂ ਇਹ ਤਜਵੀਜ ਪੇਸ਼ ਕੀਤੀ ਗਈ ਕਿ ਅੰਮ੍ਰਿਤਸਰ ਵਿਚ ਗਊ-ਹੱਤਿਆ ਤੇ ਪਾਬੰਦੀ ਲਾ ਦਿੱਤੀ ਜਾਵੇ ਪਰ ਅੰਗਰੇਜ਼ੀ ਸਰਕਾਰ ਨੂੰ ਇਹ ਗੱਲ ਪ੍ਰਵਾਨ ਨਹੀਂ ਸੀ। ਉਨ੍ਹਾਂ ਨੇ ਦੋਹਾਂ ਧਿਰਾਂ ਨੂੰ ਅਮਨ ਰੱਖਣ ਦੀ ਅਪੀਲ ਕੀਤੀ। ਉਪਰੋਕਤ ਹੁਕਮਾਂ ਅਨੁਸਾਰ ਸ਼ਹਿਰ ਵਿਚ ਬੁੱਚੜਖਾਨੇ ਬੰਦ ਨਹੀਂ ਸਨ ਕੀਤੇ ਜਾ ਸਕਦੇ।

1857 ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੇ ਰੂਪ ਵਿਚ ਜੋ ਨਵਾਂ ਕੂਕਾਮਤ ਪ੍ਰਚਲਿਤ ਕੀਤਾ ਉਸ ਦਾ ਪ੍ਰਚਾਰ ਸਾਰੇ ਪੰਜਾਬ ਵਿਚ ਬੜੀ ਤੇਜ਼ੀ ਨਾਲ ਫੈਲ ਚੁੱਕਾ ਸੀ। ਲੱਖਾਂ ਦੀ ਗਿਣਤੀ ਵਿਚ ਲੋਕ ਨਾਮਧਾਰੀ ਪੰਥ ਵਿਚ ਆ ਗਏ ਸਨ। ਇਕ ਸਮਕਾਲੀ, ਨਾਮਧਾਰੀ ਕਵੀ ਬਾਬਾ ਚੰਦਾ ਸਿੰਘ ਆਪਣੇ ਬਾਰਾਂਮਾਹ ਵਿਚ ਲਿਖਦਾ ਹੈ

ਸਤਿਗੁਰ ਹੋਰ ਹੁਕਮ ਚੜ੍ਹਾਏ
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਛ ਲੰਦਨੋਂ ਆਏ
ਏਨ੍ਹਾਂ ਬੁੱਚੜ ਖਾਨੇ ਲਾਏ
ਸਾਨੂੰ ਦੁੱਖ ਗਊਆਂ ਦਾ ਖਾਏ
ਸਿੰਘੋਂ ਸੀਸ ਦੇਵਣੇ ਆਏ,
ਨਾਏ ਕਰਤਾਰ ਦੇ।

ਪੰਜਾਬ ਵਿਚ ਗਊ-ਹੱਤਿਆ ਨੂੰ ਰੋਕਣ ਲਈ ਅਤੇ ਬੁੱਚੜਖਾਨੇ ਬੰਦ ਕਰਵਾਉਣ ਲਈ ਹੁਣ ਸਿਰ ਦੇਣ ਦਾ ਸਮਾਂ ਆ ਗਿਆ ਸੀ ਅਤੇ ਇਸ ਬੰਨ੍ਹੇ ਵੀ ਸਭ ਤੋਂ ਪਹਿਲਾਂ ਨਾਮਧਾਰੀ ਹੀ ਮੋਹਰੀ ਬਣੇ।



Sri Satguru Jagjit Singh Ji Elibrary NamdhariElibrary@gmail.com

**ਅੰਮ੍ਰਿਤਸਰ ਦੇ ਬੁੱਚੜਖਾਨੇ ਉੱਤੇ ਹਮਲਾ :**

ਪੰਜਾਬ ਵਿਚ ਗਊ ਹੱਤਿਆ ਨੂੰ ਰੋਕਣ ਅਤੇ ਬੁਚੜਾਂ ਨੂੰ ਸੋਧਣ ਲਈ ਸਭ ਤੋਂ ਪਹਿਲਾਂ ਨਾਮਧਾਰੀ ਸਿੰਘ ਹੀ ਅਗੇ ਆਏ। ਰਾਏਕੋਟ ਦੇ ਬੁਚੜਾਂ ਦੇ ਕਤਲ ਦੇ ਮੁਕੱਦਮੇ ਦਾ ਇਕ ਦੋਸ਼ੀ ਗੁਲਾਬ ਸਿੰਘ, ਜਿਸ ਨੂੰ ਹੋਰਨਾਂ ਨਾਲ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਪਿਛੋਂ ਜਾ ਕੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲਾਂ ਦੇ ਮੁਕੱਦਮੇ ਵਿਚ ਵਾਅਦਾ ਮੁਆਫ ਗਵਾਹ ਵਜੋਂ ਪੇਸ਼ ਕੀਤਾ ਗਿਆ। ਉਸ ਦੇ ਬਿਆਨ ਅਨੁਸਾਰ ਪੰਜਾਬ ਵਿਚ ਬੁਚੜਾਂ ਦੇ ਕਤਲ ਗੁਰੂ ਰਾਮ ਸਿੰਘ ਜੀ ਦੀ ਆਗਿਆ ਲੈ ਕੇ ਕੀਤੇ ਗਏ ਸਨ, ਪਰ ਬਹੁਤ ਸਾਰੇ ਇਤਿਹਾਸਕਾਰ ਉਸਦੇ ਬਿਆਨ ਨੂੰ ਸੱਚ ਨਹੀਂ ਮੰਨਦੇ, ਉਨ੍ਹਾਂ ਦਾ ਵਿਚਾਰ ਹੈ ਕਿ ਸਥਾਨਕ ਲੋਕਾਂ ਵਿਚ ਗਊ-ਹੱਤਿਆ ਵਿਰੁੱਧ ਰੋਸ ਵੱਧਦਾ ਗਿਆ ਅਤੇ 1871 ਵਿਚ ਅੰਮ੍ਰਿਤਸਰ ਜਿਲ੍ਹੇ ਦੇ ਕੁਝ ਨਾਮਧਾਰੀ ਸਿੰਘਾਂ ਨੇ ਬੁਚੜਾਂ ਨੂੰ ਕਤਲ ਕਰਨ ਵਿਚ ਪਹਿਲ ਕੀਤੀ। ਅੰਮ੍ਰਿਤਸਰ ਸ਼ਹਿਰ ਵਿਚ ਗਊ ਹੱਤਿਆ ਦੇ ਸੰਬੰਧ ਵਿਚ ਬੁਚੜਾਂ ਦੇ ਖਿਲਾਫ ਰੋਸ ਤੇ ਦੋਹਾਂ ਫਿਰਕਿਆਂ ਵਿਚ ਖਿਚੋਤਾਣ ਤੇ ਨਫਰਤ ਬਹੁਤ ਵੱਧ ਗਈ ਸੀ। ਅੰਮ੍ਰਿਤਸਰ ਵਿਚ ਬੁਚੜਖਾਨੇ ਦੇ ਖੁਲ੍ਹ ਜਾਣ ਅਤੇ ਸ਼ਹਿਰ ਵਿਚ ਗਊ ਮਾਸ ਖੁਲ੍ਹੇ ਆਮ ਟੋਕਰਿਆਂ ਵਿਚ ਰੱਖ ਕੇ ਹੋਕਾ ਦੇ ਕੇ ਵੇਚਣ ਨਾਲ ਰੋਸ ਸਭ ਹੱਦਾਂ ਬੰਨੇ ਪਾਰ ਕਰ ਗਿਆ ਸੀ। ਅੰਮ੍ਰਿਤਸਰ ਸ਼ਹਿਰ ਤੇ ਜ਼ਿਲ੍ਹੇ ਦੇ ਪਿੰਡਾਂ ਦੇ ਕੁਝ ਨਾਮਧਾਰੀ ਸਿੰਘਾਂ ਨੇ ਗਊ ਹੱਤਿਆ ਨੂੰ ਬੰਦ ਕਰਵਾਉਣ ਲਈ ਸਰਕਾਰੀ ਹੁਕਮਾਂ ਨੂੰ ਵੰਗਾਰ ਵਜੋਂ ਲਿਆ ਅਤੇ ਅੰਮ੍ਰਿਤਸਰ ਦੇ ਬੁਚੜਖਾਨੇ ਉਤੇ ਹੱਲਾ ਬੋਲਣ ਦੀ ਯੋਜਨਾ ਬਣਾਈ। ਗੁਰਦਾਸਪੁਰ ਦੀ ਸ਼ਕਰਗੜ੍ਹ ਤਹਿਸੀਲ ਦੇ ਪੰਨਵਾ ਪਿੰਡ ਦਾ ਨਾਮਧਾਰੀ ਭਾਈ ਲਹਿਣਾ ਸਿੰਘ ਅੰਮ੍ਰਿਤਸਰ ਸ਼ਹਿਰ ਵਿਚ ਰਹਿੰਦਾ ਸੀ। ਉਸ ਦੇ ਘਰ ਵਿਚ ਨਾਮਧਾਰੀ ਸਿੰਘ ਆਉਂਦੇ ਜਾਂਦੇ ਰਹਿੰਦੇ ਸਨ। ਉਨ੍ਹਾਂ ਨੇ ਹੀ ਇਕ ਇਕਤੱਰਤਾ ਵਿਚ ਅੰਮ੍ਰਿਤਸਰ ਦੇ ਬੁੱਚੜਾਂ ਨੂੰ ਕਤਲ ਕਰਨ ਦਾ ਮਨਸੂਬਾ ਬਣਾਇਆ।

ਇਸ ਉਦੇਸ਼ ਲਈ ਉਹ ਕਈ ਥਾਵਾਂ ਤੇ ਇਕੱਠੇ ਹੋਏ ਤੇ ਹਥਿਆਰ ਇਕੱਠੇ ਕਰਕੇ ਇਸ ਮਨਸੂਬੇ ਨੂੰ ਅਮਲੀ ਰੂਪ ਦੇਣ ਦੀ ਕਾਰਵਾਈ ਆਰੰਭ ਕੀਤੀ। ਪੰਜਾਬ ਵਿਚ ਕਿਰਪਾਨ ਤੇ ਹੋਰ ਹਥਿਆਰ ਰੱਖਣ ਦੀ ਮਨਾਹੀ ਸੀ। ਅੰਮ੍ਰਿਤਸਰ ਦੀ ਪੁਲਿਸ ਵਿਚ ਮੁਲਾਜ਼ਮ, ਲਾਲ ਸਿੰਘ ਨੇ ਪੁਲਿਸ ਲਾਈਨ ਵਿਚੋਂ ਕੁਝ ਤਲਵਾਰਾਂ ਲਿਆਉਣ ਦਾ ਪ੍ਰਬੰਧ ਕੀਤਾ। ਬਾਰਰਾਂ ਜੂਨ 1871 ਵਾਲੇ ਦਿਨ, ਰਾਤ ਨੂੰ ਬੁੱਚੜਖਾਨੇ ਉੱਤੇ ਹੱਲਾ ਕਰਨ ਦੀ ਵਿਉਂਤ ਬਣਾਈ ਗਈ ਪਰ ਤਿੰਨ ਵਾਰ ਸਿੰਘ ਇਸ ਉਦੇਸ਼ ਦੀ ਪੂਰਤੀ ਕਰਨ ਵਿਚ ਸਫਲ ਨਾ ਹੋ ਸਕੇ। ਆਖਿਰ 14-15 ਜੂਨ ਦੀ ਅੱਧੀ ਰਾਤ ਨੂੰ ਕੁਝ ਨਾਮਧਾਰੀ ਸਿੰਘ ਜਿਨ੍ਹਾਂ ਵਿਚ ਬੀਹਲਾ ਸਿੰਘ ਨਾਰਲੀ, ਲਹਿਣਾ ਸਿੰਘ ਜੱਟ, ਲੋਪੋਕੇ, ਫਤਹਿ ਸਿੰਘ (ਭਾਟੀਆ)



Sri Satguru Jagjit Singh Ji Elibrary NamdhariElibrary@gmail.com

(ਅੰਮ੍ਰਿਤਸਰ), ਹਾਕਮ (ਭਾਟੜਾ ਸਿੰਘ) ਮੌੜ, ਲਹਿਣਾ ਸਿੰਘ ਸਪੁੱਤਰ ਬੁਲਾਕਾ ਸਿੰਘ ਲਹਿਣਾ ਸਿੰਘ ਸਪੁੱਤਰ ਮੱਸਦਾ ਸਿੰਘ (ਦੋਵੇਂ ਅੰਮ੍ਰਿਤਸਰ), ਝੰਡਾ ਸਿੰਘ ਠੱਟਾ, ਲਛਮਣ ਸਿੰਘ ਚਾਹਲ, ਮਿਹਰ ਸਿੰਘ ਲੋਪੋਕੇ ਤੇ ਭਗਵਾਨ ਸਿੰਘ ਮਰ੍ਹਾਣਾ, ਗੁਲਾਬ ਸਿੰਘ ਸ਼ਾਮਿਲ ਸਨ। ਲਾਹੌਰੀ ਗੇਟ ਵਾਲੇ ਬੁੱਚੜਖਾਨੇ ਉਤੇ ਧਾਵਾ ਬੋਲਣ ਵਿਚ ਸਫ਼ਲ ਹੋ ਗਏ। ਕਈ ਨਾਮਧਾਰੀ ਇਤਿਹਾਸਕਾਰਾਂ ਨੇ ਬੁੱਚੜਖਾਨੇ ਉੱਤੇ ਕੀਤੇ ਗਏ ਇਸ ਹਮਲੇ ਨੂੰ ਘੰਟਾ ਘਰ ਦੇ ਨੇੜੇ ਵਾਲੇ ਬੁਚੜਖਾਨੇ ਉਤੇ ਕੀਤਾ ਗਿਆ ਲਿਖਿਆ ਹੈ ਪਰ ਡਾ. ਗੰਡਾ ਸਿੰਘ, ਡਾ. ਫੌਜਾ ਸਿੰਘ, ਰੁਚੀ ਰਾਮ ਸਾਹਨੀ ਅਤੇ ਨਾਮਧਾਰੀ ਇਤਿਹਾਸਕਾਰ ਜਸਵਿੰਦਰ ਸਿੰਘ ਲਾਹੌਰੀ ਗੇਟ ਵਾਲੇ ਬੁਚੜਖਾਨੇ ਉਤੇ ਕੀਤਾ ਗਿਆ ਹੱਲਾ ਹੀ ਮੰਨਦੇ ਹਨ, ਜੋ ਗੱਲ ਵਧੇਰੇ ਠੀਕ ਪ੍ਰਤੀਤ ਹੁੰਦੀ ਹੈ। ਰਾਤ ਨੂੰ ਸ਼ਹਿਰ ਦੇ ਦਰਵਾਜ਼ੇ ਬੰਦ ਹੋ ਜਾਣ ਕਾਰਨ ਦਰਵਾਜ਼ਿਆਂ ਰਾਹੀਂ ਸ਼ਹਿਰ ਦੇ ਅੰਦਰ ਜਾਣਾ ਜਾਂ ਬਾਹਰ ਆਉਣਾ ਸੰਭਵ ਨਹੀਂ ਸੀ। ਦਰਵਾਜ਼ਿਆਂ ਉਤੇ ਪੁਲਿਸ ਦੇ ਪਹਿਰੇ ਹੁੰਦੇ ਸਨ। ਇਸ ਹੱਲੇ ਤੋਂ ਪਹਿਲਾਂ ਇਕੱਠੇ ਹੋਣ ਲਈ ਜਿਹੜੇ ਥਾਂ ਮਿੱਥੇ ਗਏ ਸਨ, ਛਾਉਣੀ ਦੇ ਕੋਲ ਖੂਹ ਉਤੇ ਜਾਂ ਪਿਛੋਂ ਸ਼ਹਿਰ ਦੀ ਪੱਛਮ ਦੀ ਬਾਹੀ ਆਵੇ ਉਤੇ ਉਹ ਸਾਰੇ ਇਸ ਗੱਲ ਵੱਲ ਹੀ ਸੰਕੇਤ ਕਰਦੇ ਹਨ ਕਿ ਇਹ ਹੱਲਾ ਸ਼ਹਿਰ ਤੋਂ ਬਾਹਰ ਲਾਹੌਰੀ ਗੇਟ ਵਾਲੇ ਬੁੱਚੜਖਾਨੇ ਉਤੇ ਹੀ ਕੀਤਾ ਗਿਆ ਸੀ।

ਡਾ. ਫੌਜਾ ਸਿੰਘ ਅਨੁਸਾਰ, - "ਇਸ ਹੱਲੇ ਲਈ ਹਥਿਆਰ ਸਿਪਾਹੀ ਲਾਲ ਸਿੰਘ ਨੇ ਪੁਲਿਸ ਲਾਈਨ ਵਿਚੋਂ ਲਿਆ ਕੇ ਦਿੱਤੇ ਸਨ। 14-15 ਜੂਨ ਦੀ ਅੱਧੀ ਰਾਤ ਨੂੰ ਲਾਹੌਰੀ ਗੇਟ ਦੇ ਬਾਹਰ ਵਾਲੇ ਬੁਚੜਖਾਨੇ ਉਤੇ ਕਾਤਲਾਨਾ ਹੱਲਾ ਬੋਲਿਆ ਗਿਆ। ਅਹਾਤੇ ਅੰਦਰ ਆਪਣੇ ਘਰਾਂ ਦੇ ਸਾਹਮਣੇ 4 ਬੁੱਚੜ ਸੁੱਤੇ ਪਏ ਸਨ।" ਸਿੰਘਾਂ ਨੇ ਗਊਆਂ ਦੇ ਰੱਸੇ ਖੋਲ੍ਹ ਦਿੱਤੇ ਅਤੇ 4 ਬੁਚੜਾਂ ਪੀਰਾ, ਜੀਉਣ, ਸ਼ਾਦੀ ਤੇ ਇਮਾਮੀ ਨੂੰ ਕਤਲ ਕਰ ਦਿੱਤਾ। ਖੀਵਾ, ਇਲਾਹੀ ਬਖਸ਼ ਅਤੇ ਕਰਮਦੀਨ ਜੋ ਸਿੰਘਾਂ ਨਾਲ ਟਾਕਰਾ ਕਰਨ ਲਈ ਉਠੇ; ਉਨ੍ਹਾਂ ਨੂੰ ਵੀ ਸਖ਼ਤ ਜ਼ਖਮੀ ਕਰ ਦਿੱਤਾ ਗਿਆ।

ਇਹ ਕਾਰਵਾਈ ਕਰਕੇ ਸਿੰਘ ਆਪਣੇ ਰਾਹ ਪੈ ਗਏ। ਮੌਸਮ ਖਰਾਬ ਹੋਣ ਕਰਕੇ ਪੈੜਾਂ ਦੀ ਖੋਜ ਕਰ ਸਕਣਾ ਸੰਭਵ ਨਹੀਂ ਸੀ। ਕਤਲ ਕਰਕੇ ਸਿੰਘ ਉੱਥੇ ਨੀਲੀ ਦਸਤਾਰ ਤੇ ਇਕ ਚੱਕਰ (ਜੋ ਨਿਹੰਗ ਸਿੰਘ ਪਹਿਨਦੇ ਹਨ) ਸੁੱਟ ਗਏ, ਜਿਸ ਨਾਲ ਪੁਲਿਸ ਵਾਲੇ ਹੋਰ ਵੀ ਭੰਬਲਭੂਸੇ ਵਿਚ ਪੈ ਗਏ।

ਸਿੰਘਾਂ ਦੀ ਇਕ ਪਾਰਟੀ ਗਿਲਵਾਲੀ ਤੇ ਮੂਲੇ ਚੱਕ ਵੱਲ ਚਲੀ ਗਈ ਅਤੇ ਦੂਜੇ ਸਿੰਘ ਉਸ ਆਵੇ ਵੱਲ ਚਲੇ ਗਏ ਜਿਥੋਂ ਉਹ ਇਕੱਠੇ ਹੋ ਕੇ ਹੱਲਾ ਕਰਨ ਲਈ ਤੁਰੇ ਸਨ।



Sri Satguru Jagjit Singh Ji Elibrary NamdhariElibrary@gmail.com

ਅਗਲੇ ਦਿਨ ਸ਼ਹਿਰ ਵਿਚ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਮੁਸਲਮਾਨ ਭੈ-ਭੀਤ ਹੋ ਗਏ। ਪੁਲਿਸ ਨੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਪਰ ਕਾਤਲਾਂ ਦੀ ਕੋਈ ਸੂਹ ਨਾ ਲੱਗ ਸਕੀ।

ਜਾਣ ਸਮੇਂ ਬੁੱਚੜਖਾਨੇ ਵਿਚ ਸਿੰਘ ਜਿਹੜੀ ਨੀਲੀ ਦਸਤਾਰ ਤੇ ਚੱਕਰ ਸੁੱਟ ਗਏ ਸਨ, ਉਸ ਤੋਂ ਪੁਲਿਸ ਨੂੰ ਨਿਹੰਗ ਸਿੰਘਾਂ ਉਤੇ ਸ਼ੱਕ ਹੋਇਆ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਗਿਰਫਤਾਰ ਕਰਕੇ ਸਖਤ ਸਜ਼ਾਵਾਂ ਦਿਵਾਉਣਾ ਚਾਹੁੰਦਾ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਬੁੱਚੜਾਂ ਦੇ ਇਹ ਕਤਲ ਅੰਗਰੇਜ਼ ਹਾਕਮਾਂ ਦੀ ਨੀਤੀ ਦੇ ਵਿਰੁੱਧ ਅਤੇ ਉਸ ਦੇ ਪ੍ਰਤੀਕਰਮ ਵਜੋਂ ਕੀਤੇ ਗਏ ਸਨ।

ਜਲੰਧਰ ਦੇ ਸੁਪਰਡੈਂਟ ਪੁਲਿਸ ਮਿਸਟਰ ਕ੍ਰਿਸਟੀ ਨੂੰ ਇਨ੍ਹਾਂ ਬੁੱਚੜਾਂ ਦੇ ਕਾਤਲਾਂ ਨੂੰ ਪਕੜਨ ਲਈ ਉਚੇਚੇ ਤੌਰ ਤੇ ਬੁਲਾਇਆ ਗਿਆ ਅਤੇ ਉਸ ਨੂੰ ਇਸ ਕੇਸ ਦੀ ਤਫਤੀਸ਼ ਦਾ ਕੰਮ ਸੌਂਪਿਆ ਗਿਆ। ਉਸ ਨੇ ਆਪਣੇ ਕਾਰਜ ਦੀ ਪੂਰਤੀ ਲਈ ਵੱਖਰੇ ਮਕਾਨ ਵਿਚੋਂ ਪੜਤਾਲ ਦਾ ਕੰਮ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਹੀਰਾ ਤੇ ਆਹੀਆ ਤੋਂ ਜ਼ਬਰਦਸਤੀ ਇਕਬਾਲ ਕਰਵਾਇਆ ਗਿਆ। ਫਿਰ ਜੈ ਰਾਮ ਨੂੰ ਵੀ ਇਨ੍ਹਾਂ ਦੋਸ਼ੀਆਂ ਦੀ ਸੂਚੀ ਵਿਚ ਸ਼ਾਮਿਲ ਕਰ ਲਿਆ ਗਿਆ।

ਮਿਸਟਰ ਕ੍ਰਿਸਟੀ ਨੇ ਇਸ ਤਫਤੀਸ਼ ਵਿਚ ਪੁਲਿਸ ਵਲੋਂ ਵਰਤੇ ਜਾਂਦੇ ਤੀਜੇ ਦਰਜੇ ਦੇ ਘਟੀਆ ਸਾਧਨਾਂ ਦੀ ਵਰਤੋਂ ਕੀਤੀ ਅਤੇ ਸੰਤ ਰਾਮ, ਰਾਮ ਕ੍ਰਿਸ਼ਨ, ਮੰਨਾ ਸਿੰਘ ਨਿਹੰਗ, ਜੁਆਲਾ ਸਿੰਘ, ਪੰਨਾ ਜੀ, ਮੂਲਾ, ਨਿਹਾਲ ਸਿੰਘ, ਮੱਯਾ, ਸੁੰਦਰ ਸਿੰਘ, ਭੂਪ ਸਿੰਘ, ਟੇਕਾ ਅਤੇ ਸੋਭਾ - ਇਨ੍ਹਾਂ 12 ਦੋਸ਼ੀਆਂ ਦਾ ਚਾਲਾਨ ਪੇਸ਼ ਕਰ ਦਿੱਤਾ।

[1]*ਡਿਪਟੀ ਕਮਿਸ਼ਨਰ ਅਤੇ ਪੁਲੀਸ ਕਪਤਾਨ ਮਿਸਟਰ ਕ੍ਰਿਸਟੀ ਦੇ ਤਫਤੀਸ਼ ਕਰਨ ਦੇ ਢੰਗਾਂ ਨੂੰ ਪਸੰਦ ਨਹੀਂ ਸਨ ਕਰਦੇ।

ਮੈਜਿਸਟਰੇਟ ਨੇ ਇਹ ਮੁਕੱਦਮਾ ਫਰਦ ਜੁਰਮ ਲਾ ਕੇ ਸੈਸ਼ਨ ਸਪੁਰਦ ਕਰ ਦਿੱਤਾ। ਸੈਸ਼ਨ ਜੱਜ ਦੀ ਅਦਾਲਤ ਵਿਚ 28, 29, 30 ਜੁਲਾਈ ਨੂੰ ਇਸ ਮੁਕੱਦਮੇ ਦੀ ਸੁਣਵਾਈ ਹੋਈ ਅਤੇ ਇਨ੍ਹਾਂ 12 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਵਿਚੋਂ ਕੋਈ ਵੀ ਦੋਸ਼ੀ ਇਨ੍ਹਾਂ ਕਤਲਾਂ ਵਿਚ ਸ਼ਾਮਿਲ ਨਹੀਂ ਸੀ, ਇਨ੍ਹਾਂ ਉਤੇ ਪੁਲਿਸ ਨੇ ਬਹੁਤ ਸਖ਼ਤੀ ਕਰਕੇ ਕਤਲਾਂ ਦਾ ਇਕਬਾਲ ਕਰਵਾਇਆ ਸੀ। ਸੈਸ਼ਨ ਦੀ ਅਦਾਲਤ ਵਿਚ ਵੀ ਝੂਠੇ ਗਵਾਹ ਭੁਗਤਾ ਕੇ ਇਹ ਸਜ਼ਾਵਾਂ ਦਿੱਤੀਆਂ ਗਈਆਂ ਸਨ।

[1]* ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 305



Sri Satguru Jagjit Singh Ji Elibrary NamdhariElibrary@gmail.com

**ਅਸਲ ਦੋਸ਼ੀ ਕਿਵੇਂ ਗ੍ਰਿਫਤਾਰ ਹੋਏ?**

ਸਰਕਾਰੀ ਮਿਸਲਾਂ ਵਿਚ ਇਹ ਗੱਲ ਦਰਜ ਹੈ ਕਿ 15 ਜੁਲਾਈ ਦੀ ਰਾਤ ਨੂੰ ਰਾਏਕੋਟ ਦੇ ਬੁੱਚੜਾਂ ਦੇ ਕਤਲਾਂ ਦੇ ਦੋਸ਼ੀ ਨਾਮਧਾਰੀ ਸਿੰਘਾਂ ਦੀ ਗਿਰਫਤਾਰੀ ਪਿੱਛੋਂ ਅਤੇ ਬੱਸੀਆਂ ਵਿਖੇ ਮੁਕੱਦਮੇ ਦੀ ਸੁਣਵਾਈ ਸਮੇਂ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਨੂੰ ਬੁਲਾਇਆ ਗਿਆ ਸੀ, ਇਹ ਗੱਲ ਸਾਹਮਣੇ ਆਈ ਕਿ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਾਤਲ ਵੀ ਨਾਮਧਾਰੀ ਸਿੰਘ ਹੋ ਸਕਦੇ ਹਨ। ਕਰਨਲ ਬੇਲੀ ਰਾਇਕੋਟ ਦੇ ਇਕ ਦੋਸ਼ੀ ਗੁਲਾਬ ਸਿੰਘ ਜਿਸਨੂੰ ਪੱਖ ਪਾਤੀ ਢੰਗ ਨਾਲ ਫਾਂਸੀ ਦੀ ਸਜ਼ਾ ਪਿਛੋਂ ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ ਸੀ, ਨੂੰ ਲੈ ਕੇ ਅੰਮ੍ਰਿਤਸਰ ਪੁੱਜਾ ਅਤੇ ਕਰਨਲ ਬੇਲੀ ਨੇ ਬੀਹਲਾ ਸਿੰਘ, ਨਾਰਲੀ, ਫ਼ਤਹਿ ਸਿੰਘ ਭਾਟੜਾ, ਹਾਕਮ ਸਿੰਘ ਮੌੜ, ਲਹਿਣਾ ਸਿੰਘ ਅੰਮ੍ਰਿਤਸਰ, ਲਹਿਣਾ ਸਿੰਘ ਲੋਪੋਕੇ ਨੂੰ ਗਿਰਫਤਾਰ ਕਰ ਲਿਆ ਪਰ ਨਾਮਧਾਰੀ ਸਰੋਤ ਇਸ ਗੱਲ ਨੂੰ ਸਹੀ ਨਹੀਂ ਮੰਨਦੇ, ਉਨ੍ਹਾਂ ਅਨੁਸਾਰ ਜਦੋਂ ਸਤਿਗੁਰੂ ਰਾਮ ਸਿੰਘ ਜੀ ਕੋਲ ਭੈਣੀ ਸਾਹਿਬ ਜਾ ਕੇ ਇਨ੍ਹਾਂ ਹੱਕੀ ਕਾਤਲਾਂ ਬੀਹਲਾ ਸਿੰਘ ਤੇ ਲਹਿਣਾ ਸਿੰਘ ਨੇ ਸੱਚੋ ਸੱਚ ਦੱਸ ਦਿੱਤਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਆਪ ਅਦਾਲਤ ਵਿਚ ਜਾ ਕੇ ਪੇਸ਼ ਹੋਣ ਲਈ ਕਿਹਾ ਤਾਂ ਜੋ ਬੇਗੁਨਾਹ, ਉਨ੍ਹਾਂ ਲੋਕਾਂ ਨੂੰ ਛੁਡਾਇਆ ਜਾ ਸਕੇ, ਜਿਨ੍ਹਾਂ ਦਾ ਇਨ੍ਹਾਂ ਕਤਲਾਂ ਵਿਚ ਦੂਰ ਦਾ ਵਾਸਤਾ ਵੀ ਨਹੀਂ ਸੀ।

ਇਸ ਸੰਬੰਧ ਵਿਚ ਭਾਈ ਸੰਤੋਖ ਸਿੰਘ ਬਾਹੋਵਾਲ ਲਿਖਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੋਸ਼ੀ ਸਿੰਘਾਂ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਆਪਣੇ ਪਿਤਾ ਬਾਬਾ ਜੱਸਾ ਸਿੰਘ ਜੀ ਦੇ ਕਹਿਣ ਉਤੇ ਕਿਹਾ ਸੀ। ਇਹ ਫੈਸਲਾ ਭਾਂ ਸਤਿਗੁਰੂ ਜੀ ਨੇ ਆਪਣੀ ਇੱਛਾ ਅਨੁਸਾਰ ਹੀ ਕੀਤਾ ਸੀ ਪਰ ਸੰਤ ਬਾਹੋਵਾਲ ਦੇ ਬਿਆਨ ਤੋਂ ਇਹ ਪਤਾ ਲੱਗਦਾ ਹੈ ਕਿ ਬਾਬਾ ਜੱਸਾ ਜੀ ਇਸੇ ਗੱਲ ਦੇ ਹੱਕ ਵਿਚ ਸਨ ਕਿ ਬੁੱਚੜਾਂ ਨੂੰ ਮਾਰਨ ਵਾਲੇ ਨਾਮਧਾਰੀ ਸਿੰਘ ਅਦਾਲਤ ਵਿਚ ਪੇਸ਼ ਹੋ ਕੇ ਉਨ੍ਹਾਂ ਬੇਗੁਨਾਹ ਲੋਕਾਂ ਦੀਆਂ ਜਾਨਾਂ ਨੂੰ ਬਚਾਅ ਲੈਣ, ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਸੀ।

[1]*ਸੰਤ ਬਾਹੋਵਾਲ ਅਨੁਸਾਰ – ਬਾਬਾ ਜੱਸਾ ਨੇ ਸਤਿਗੁਰੂ ਰਾਮ ਸਿੰਘ ਨੂੰ ਕਿਹਾ – "ਜਿਨ੍ਹਾਂ ਨੇ ਕਾਰਾ ਕੀਤਾ ਹੈ ਸੋ ਤਾਂ ਤੇਰੇ ਸਿੰਘ ਹੈਂ। ਫਤਹਨਾਮਾ ਉਨ੍ਹਾਂ ਦੇ ਨਾਮ ਦਾ ਹੈ ਜੋ ਫਾਂਸੀ ਚੜ੍ਹਨਗੇ। ਤੇਰੇ ਪੰਥ ਦਾ ਨਾਂ ਕਿਸੇ ਨਹੀਂ ਲੈਣਾ ਹੈ ਕਿ ਗਊਆਂ ਵਾਸਤੇ ਸੀਸ ਦੀਏ ਹੈਂ। ਤਾਂ ਤੇ ਤੁਸੀਂ ਸਿੰਘਾਂ ਨੂੰ ਆਖੋ ਜਾ ਕੇ ਕਹਿਣ ਕਿ ਅਸੀਂ ਬੁੱਚੜ ਮਾਰੇ ਹੈਂ। ਜੇਹੜੇ ਲੋਕ ਮਾਰੀਦੇ ਹੈਂ ਉਹ ਭੀ ਛੁਟ ਜਾਣਗੇ। ਜੇ ਆਪਣੇ ਸਿੰਘ ਫਾਂਸੀ ਚੜ੍ਹਨ ਤਾਂ ਤੇਰੇ ਪੰਥ ਦੀ ਰੈਹ ਆਉਂਦੀ ਹੈ। ਜੇ ਉਹ ਬੇਗੁਨਾਹ

[1]* ਸੰਤ ਸੰਤੋਖ ਸਿੰਘ ਬਾਹੂਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 428



Sri Satguru Jagjit Singh Ji Elibrary NamdhariElibrary@gmail.com

ਲੋਕ ਫਾਂਸੀ ਦਿੱਤੇ ਗਏ ਤਾਂ ਤੁਸਾਂ ਕੇ ਸਿਰ ਉਨ੍ਹਾਂ ਕਾ ਪਾਪ। ਜੱਸ ਉਨ੍ਹਾਂ ਕਾ ਹੋਊਗਾ ਕੇ ਗਊਆਂ ਨਮਿਤ ਸੀਸ ਦੀਏ ਹੈਂ, ਤੇਰੇ ਸਿੰਘਾਂ ਕਾ ਨਾਉ ਕਿਸੇ ਨਹੀਂ ਲੈਣਾ ਹੈ। ਤੇਰਾ ਪੰਥ ਲਜੀਏਗਾ। ਤਾਂ ਤੇ ਸਿੰਘਾਂ ਨੂੰ ਭੇਜੋ ਫਾਂਸੀ ਚੜ੍ਹਨ। ਤੇਰੇ ਪੰਥ ਕਾ ਜੱਸ ਹੋਵੇਗਾ ਕਿ ਨਾਮਧਾਰੀਆਂ ਨੇ ਸੀਸ ਦੀਏ ਹੈਂ ਗਊਆਂ ਨਮਿਤ।"

ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਬੀਹਲਾ ਸਿੰਘ ਨਾਰਲੀ, ਫਤਹਿ ਸਿੰਘ ਅੰਮ੍ਰਿਤਸਰ, ਹਾਕਮ ਸਿੰਘ ਪਟਵਾਰੀ ਮੌੜ, ਲਹਿਣਾ ਸਿੰਘ ਅੰਮ੍ਰਿਤਸਰ, ਲਾਲ ਸਿੰਘ ਅਤੇ ਲਹਿਣਾ ਸਿੰਘ ਨੇ ਅਦਾਲਤ ਵਿਚ ਪੇਸ਼ ਹੋ ਕੇ ਬੁੱਚੜਾਂ ਦੇ ਕਤਲਾਂ ਦਾ ਇਕਬਾਲ ਕਰ ਲਿਆ ਪਰ ਸ਼ੈਸ਼ਨ ਜੱਜ ਮਿਸਟਰ ਡਬਲਯੂ ਜੇ. ਡੇਵਿਸ ਨੂੰ ਇਨ੍ਹਾਂ ਦੇ ਬਿਆਨਾਂ ਉਤੇ ਯਕੀਨ ਨਾ ਆਇਆ ਪਰ ਜਦੋਂ ਉਨ੍ਹਾਂ ਨੇ ਇਸ ਕਤਲਾਂ ਦੇ ਕੇਸ ਵਿਚ ਵਰਤੇ ਗਏ ਹਥਿਆਰ ਲਿਆ ਕੇ ਅਦਾਲਤ ਵਿਚ ਪੇਸ਼ ਕਰ ਦਿੱਤੇ ਤਾਂ ਉਨ੍ਹਾਂ ਨਿਰਦੋਸ਼ ਤੇ ਬੇਗੁਨਾਹ 12 ਬੰਦੀਆਂ ਦੀ, ਜਿਨ੍ਹਾਂ ਉਤੇ ਝੂਠਾ ਕੇਸ ਬਣਾ ਕੇ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ, ਬੰਦ ਖ਼ਲਾਸੀ ਹੋਈ। ਇਸ ਮੁਕੱਦਮੇ ਦੇ ਤਿੰਨ ਹੋਰ ਦੋਸ਼ੀ ਮੇਹਰ ਸਿੰਘ ਲੋਪੋਕੇ, ਝੰਡਾ ਸਿੰਘ ਠੱਟਾ ਅਤੇ ਭਗਵਾਨ ਸਿੰਘ ਮਰ੍ਹਾਣਾ, ਲਛਮਣ ਸਿੰਘ ਚਾਹਲ ਫੜੇ ਨਾ ਗਏ।

31 ਅਗਸਤ, 1871 ਨੂੰ ਬੀਹਲਾ ਸਿੰਘ, ਫਤਹਿ ਸਿੰਘ, ਹਾਕਮ ਸਿੰਘ ਤੇ ਲਹਿਣਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਲਾਲ ਸਿੰਘ ਤੇ ਲਹਿਣਾ ਸਿੰਘ, ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸੂਬਾ ਰਾਜਾ ਸਿੰਘ ਤਰਾਂਡੀ ਵੀ ਇਸ ਬੁੱਚੜ ਬੱਧ ਦੇ ਸਾਕੇ ਵਿਚ ਸ਼ਾਮਲ ਸੀ। ਦੋਹਾਂ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ।

ਮੇਹਰ ਸਿੰਘ ਲੋਪੋਕੇ, ਝੰਡਾ ਸਿੰਘ ਠੱਟਾ ਤੇ ਲਛਮਣ ਸਿੰਘ ਤਿੰਨੇ ਭਗੌੜੇ ਕਰਾਰ ਦਿੱਤੇ ਗਏ। ਇਸ ਮੁਕੱਦਮੇ ਦੀ ਮਿਸਲ 9 ਅਗਸਤ, 1871 ਨੂੰ ਪੰਜਾਬ ਚੀਫ ਕੋਰਟ ਦੇ ਜੱਜ ਮਿਸਟਰ ਜੇ. ਐੱਸ. ਕੈਂਮਪਬੈਲ ਦੇ ਪੇਸ਼ ਹੋਈ, ਉਸ ਨੇ ਮੌਤ ਦੀ ਸਜ਼ਾ ਨੂੰ ਬਹਾਲ ਰੱਖਿਆ।

11 ਸਤੰਬਰ, 1871 ਨੂੰ ਜਸਟਿਸ ਮਿਸਟਰ ਸੀ. ਆਰ. ਲਿੰਡਸੇ ਨੇ ਮਿਸਟਰ ਕੈਂਮਪਬੈੱਲ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ।

ਇਸ ਇਤਿਹਾਸਕ ਮੁਕੱਦਮੇ ਦੇ ਕਾਰਨਾਂ ਅਤੇ ਨਾਮਧਾਰੀ ਸਿੰਘਾਂ ਵਲੋਂ ਕਤਲਾਂ ਦਾ ਇਕਬਾਲ ਕਰਕੇ ਆਪਣੀ ਇੱਛਾ ਅਨੁਸਾਰ ਅਦਾਲਤ ਵਿਚ ਪੇਸ਼ ਹੋਣ ਬਾਰੇ ਸੰਤ ਨਿਧਾਨ ਸਿੰਘ ਆਲਿਮ ਆਪਣੀ ਰਾਏ ਇਸ ਪ੍ਰਕਾਰ ਪ੍ਰਗਟ ਕਰਦੇ ਹਨ :

[1*]"ਨਾਮਧਾਰੀ ਬੀਰਾਂ ਨੇ ਬੁੱਚੜਾਂ ਤੇ ਹਮਲਾ ਕਰਨ ਦਾ ਫੈਸਲਾ ਉਦੋਂ

[1*] ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਊ ਸਤਿਗੁਰੂ, ਪੰਨਾ 147



Sri Satguru Jagjit Singh Ji Elibrary NamdhariElibrary@gmail com

ਕੀਤਾ ਜਦ ਉਨ੍ਹਾਂ ਨੂੰ ਨਿਸ਼ਚਾ ਹੋ ਗਿਆ ਕਿ ਉਸਦੇ ਬੰਦ ਕਰਨ ਦੇ ਕਾਨੂੰਨੀ ਅਤੇ ਸ਼ਾਂਤਮਈ ਤਰੀਕੇ ਖ਼ਤਮ ਹੋ ਚੁੱਕੇ ਸਨ।"

**ਸ਼ਹੀਦੀ ਦਾ ਅਲੌਕਿਕ ਦ੍ਰਿਸ਼ (15 ਸਤੰਬਰ, 1871)**

ਸਿੰਘਾਂ ਵਲੋਂ ਧਰਮ ਹੇਤ ਕੀਤੀ ਗਈ ਇਸ ਆਪਾਵਾਰ ਕੁਰਬਾਨੀ ਦੀ ਪ੍ਰਸ਼ੰਸਾ ਚਹੁੰ ਦ੍ਰਿਸ਼ਾਵਾਂ ਵਿਚ ਹੋਈ। ਇਥੋਂ ਤਕ ਕਿ ਅੰਗਰੇਜ਼ ਹਾਕਮ ਵੀ ਇਨ੍ਹਾਂ ਦੀ ਸੱਚਾਈ ਅਤੇ ਉੱਚੇ ਚਰਿੱਤਰ ਤੇ ਬੇਮਿਸਾਲ ਦਲੇਰੀ ਤੋਂ ਪ੍ਰਭਾਵਿਤ ਹੋਣ ਤੋਂ ਬਿਨਾਂ ਨਾ ਰਹਿ ਸਕੇ। ਹਾਕਮਾਂ ਨੇ ਇਨ੍ਹਾਂ ਮੌਤ ਦੀ ਸਜ਼ਾ ਪਾਉਣ ਵਾਲੇ ਨਿਰਭੈ ਸਿੰਘਾਂ ਨੂੰ ਕੁਝ ਰਿਆਇਤਾਂ ਵੀ ਦੇ ਦਿੱਤੀਆਂ ਸਨ।

[1*]"ਸਿਸ਼ਨ ਜੱਜ ਦਾ ਹੁਕਮ ਸੁਣਨ ਤੋਂ ਫਾਂਸੀ ਲੱਗਣ ਦੇ ਦਿਨ ਤਕ ਹਰ ਰੋਜ਼ ਦਰਬਾਰ ਸਾਹਿਬ ਦਾ ਦਰਸ਼ਨ ਕਰਨ ਅਤੇ ਆਪਣਾ ਲੰਗਰ ਆਪ ਤਿਆਰ ਕਰਕੇ ਛਕਣ ਦੀ ਆਗਯਾ ਮਿਲੀ ਹੋਈ ਸੀ। ਰਸਦ ਦਾ ਪ੍ਰਬੰਧ ਵੀ ਸ਼ਹਿਰ ਦੇ ਕੁਛ ਕੂਕੇ ਸਿੰਘਾਂ ਵਲੋਂ ਹੋਇਆ, ਹੋਇਆ ਸੀ।

15 ਸਤੰਬਰ, 1871 ਨੂੰ ਸ਼ਹਿਰ ਤੋਂ ਬਾਹਰ ਮਜੀਠਾ ਰੋਡ ਉਤੇ ਰਾਮਬਾਗ ਹੁਣ ਕੰਪਨੀ ਬਾਗ ਦੇ ਨੇੜੇ ਬੋਹੜ ਦੇ ਦਰੱਖਤ ਨਾਲ ਫਾਂਸੀ ਦਿੱਤੀ ਜਾਣੀ ਸੀ।

ਸਿੰਘ ਅੰਮ੍ਰਿਤਸਰ ਸਰਵੋਰ ਵਿਚ ਇਸ਼ਨਾਨ ਕਰਕੇ ਅਤੇ ਕੜਾਹ ਪ੍ਰਸਾਦਿ ਦੀ ਦੇਗ ਵਰਤਾਅ ਕੇ ਸ਼ਬਦ ਪੜ੍ਹਦੇ ਹੋਏ ਫਾਂਸੀ ਵਾਲੇ ਸਥਾਨ ਤਕ ਪੁੱਜੇ। ਸ਼ਬਦ ਸੀ -"ਤੇਰੀ ਸ਼ਰਨ ਮੇਰੇ ਦੀਨ ਦਿਆਲਾ। ਸੁਖ ਸਾਗਰ ਮੇਰੇ ਗੁਰ ਗੁਪਾਲਾ। ਕਰ ਕਿਰਪਾ ਨਾਨਕ ਗੁਣ ਗਾਵੈ ਰਾਖੋ ਸਰਮ ਅਸਾੜੀ ਜੀਓ।"

ਇਹ ਅਲੌਕਿਕ ਦ੍ਰਿਸ਼ ਗੁਰਬਾਣੀ ਦੇ ਮਹਾਂਵਾਕ ਅਨੁਸਾਰ :

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ। *(ਆਦਿ ਗ੍ਰੰਥ, ਪੰਨਾ 1412)*

ਦਾ ਸਾਖਿਆਤ ਪ੍ਰਮਾਣ ਬਣ ਗਿਆ ਸੀ। ਸਿੰਘਾਂ ਨੇ ਇਹ ਮੰਗ ਪਹਿਲਾਂ ਹੀ ਪ੍ਰਵਾਨ ਕਰਵਾ ਲਈ ਸੀ ਕਿ ਸਾਡੇ ਗਲਾਂ ਵਿਚ ਚਮੜੇ ਦੇ ਰੱਸੇ ਦੀ ਥਾਂ ਰੇਸ਼ਮ ਦੀਆਂ ਤੰਦੀਆਂ ਪਾਈਆਂ ਜਾਣ ਅਤੇ ਸਾਨੂੰ ਜੱਲਾਦ ਹੱਥ ਨਾ ਲਾਵੇ।

ਸਿੰਘਾਂ ਨੇ ਗੁਰੂ ਚਰਨਾਂ ਤੇ ਅਰਦਾਸ ਕਰਕੇ ਖਿੜੇ ਮੱਥੇ ਫਾਂਸੀ ਦੇ ਫੰਦੇ ਆਪਣੀ ਹੱਥੀਂ ਆਪਣੇ ਗਲਾਂ ਵਿਚ ਪਾਏ ਅਤੇ ਹੱਸਦਿਆਂ ਹੱਸਦਿਆਂ ਸ਼ਹੀਦੀ ਦਾ ਜਾਮ ਪੀਤਾ। ਇਤਿਹਾਸਕਾਰਾਂ ਦੇ ਹਵਾਲੇ ਅਨੁਸਾਰ ਸੈਂਕੜੇ ਲੋਕ ਇਸ ਰੱਬੀ

---

[1*] ਸੰਤ ਨਿਧਾਨ ਸਿੰਘ ਆਲਿਮ, ਜੁਗ ਪਲਟਾਊ ਸਤਿਗੁਰੂ, ਪੰਨਾ 137



Sri Satguru Jagjit Singh Ji Elibrary NamdhariElibrary@gmail.com

ਰਹਿਮਤ ਦੇ ਸ਼ਹੀਦੀ ਸਾਕੇ ਨੂੰ ਨਿਹਾਰ ਰਹੇ ਸਨ ਅਤੇ ਸ਼ਹੀਦ ਸਿੰਘਾਂ ਦੀ ਬਹਾਦਰੀ ਦੀ ਮੂਕ ਕੰਠ ਨਾਲ ਪ੍ਰਸ਼ੰਸ਼ਾ ਕਰ ਰਹੇ ਸਨ।

ਹਾਕਮ ਸਿੰਘ ਪਟਵਾਰੀ ਦੀ ਵਿਧਵਾ ਮਾਤਾ ਆਪਣੇ ਇਕਲੌਤੇ ਪੁੱਤਰ ਦੇ ਦਾਹ ਸੰਸਕਾਰ ਲਈ ਕੋਠੇ ਦੀਆਂ ਕੜੀਆਂ ਉਧੇੜ ਕੇ ਗੱਡੇ ਤੇ ਲੱਦ ਕੇ ਲਿਆਈ ਸੀ। ਚਾਰਾਂ ਸ਼ਹੀਦ ਸਿੰਘਾਂ ਦਾ ਦਾਹ ਸਸਕਾਰ ਇਕੱਠਾ ਹੀ ਕੀਤਾ ਗਿਆ। ਲੋਕ-ਪਰਲੋਕ ਵਿਚ ਧਰਮ ਹੇਤ ਕੀਤੀਆਂ ਗਈਆਂ ਇਨ੍ਹਾਂ ਕੁਰਬਾਨੀਆਂ ਦੀ ਜੈ-ਜੈ ਕਾਰ ਹੋ ਰਹੀ ਸੀ।

ਅੰਮ੍ਰਿਤਸਰ ਦੇ ਇਨ੍ਹਾਂ ਬੁੱਚੜਾਂ ਦੇ ਕਤਲਾਂ ਦੇ ਇਕ ਹੋਰ ਦੋਸ਼ੀ ਝੰਡਾ ਸਿੰਘ ਠੱਟਾ ਨੂੰ 11 ਅਗਸਤ, 1873 ਨੂੰ ਗਿਰਫਤਾਰ ਕਰਕੇ 12 ਅਗਸਤ ਨੂੰ ਕਾਤਲ ਠਹਿਰਾਇਆ ਗਿਆ ਅਤੇ ਫਾਂਸੀ ਦੇ ਦਿੱਤੀ ਗਈ। [1*]ਰਾਮ ਸਿੰਘ ਮਜੀਠਾ ਵੀ ਝੰਡਾ ਸਿੰਘ ਦੀ ਫਾਂਸੀ ਦੀ ਪੁੱਸ਼ਟੀ ਕਰਦੇ ਹਨ।

ਇਸ ਕੇਸ ਦੇ ਦੋ ਹੋਰ ਭਗੌੜੇ ਮਿਹਰ ਸਿੰਘ ਅਤੇ ਅੜਬੰਗ ਸਿੰਘ ਬਾਰੇ ਇਹੀ ਲੇਖਕ ਲਿਖਦਾ ਹੈ :

"ਦੋਹਾਂ ਦੀ ਮੁੜ ਕੇ ਕੋਈ ਉੱਘ ਸੁੱਘ ਨਹੀਂ ਮਿਲੀ। ਕਹਿੰਦੇ ਹਨ ਕਿ ਸ. ਅੜਬੰਗ ਸਿੰਘ ਵੀ ਫੜਿਆ ਗਿਆ ਪਰ ਉਸ ਦੀ ਜਾਨ ਬਚਾਉਣ ਲਈ ਪਿੰਡ ਵਾਲਿਆਂ ਤੇ ਉਸ ਦੀ ਮਾਤਾ ਨੇ ਵੀ ਜਾਣ-ਬੁੱਝ ਕੇ ਨਾ ਸਿਆਣਿਆ।"

ਇਸ ਘਟਨਾ ਵਿਚ ਮਿਸਟਰ ਕ੍ਰਿਸਟੀ, ਜਿਸ ਨੂੰ ਉਚੇਚੇ ਤੌਰ ਤੇ ਤਫਤੀਸ਼ ਕਰਨ ਲਈ ਬੁਲਾਇਆ ਗਿਆ ਸੀ, ਦੀ ਕਾਰਵਾਈ ਅਤੇ ਹਾਕਮਾਂ ਵਲੋਂ ਕੀਤੀ ਗਈ ਅਦਾਲਤੀ ਕਾਰਵਾਈ ਦਾ ਭਾਂਡਾ ਵੀ ਚੁਰਾਹੇ ਵਿਚ ਭੱਜ ਗਿਆ ਸੀ। ਇਸ ਮੁਕੱਦਮੇ ਦੇ ਵਾਅਦਾ ਮਾਫ ਗਵਾਹਾਂ ਉਤੇ ਵੀ ਮੁਕੱਦਮੇ ਚਲਾਏ ਗਏ।

"5 ਅਤੇ 9 ਦਸੰਬਰ, 1871 ਨੂੰ ਇਸ ਮੁਕੱਦਮੇ ਦੇ ਬੇਗੁਨਾਹ ਮੁਲਜ਼ਮਾਂ ਮੰਨਾ ਸਿੰਘ, ਰਾਮ ਕਿਸ਼ਨ ਅਤੇ ਮਈਆ ਨੇ ਸਕਰਾਰ ਪਾਸੋਂ ਹੀਰਾ, ਆਹੀਆ ਅਤੇ ਜੈਰਾਮ ਦੇ ਵਿਰੁੱਧ ਮੁਕੱਦਮਾ ਕਰਨ ਦੀ ਇਜਾਜ਼ਤ ਮੰਗੀ। ਇਜਾਜ਼ਤ ਮਿਲਣ ਤੇ ਮੰਨਾ ਸਿੰਘ ਨੇ 17 ਅਕਤੂਬਰ, 1872 ਨੂੰ ਹੀਰੇ ਅਤੇ ਆਹੀਏ ਵਾਅਦਾ ਮੁਆਫਾਂ ਤੇ ਮੁਕੱਦਮਾ ਦਾਇਰ ਕਰ ਦਿੱਤਾ। ਹੀਰਾ ਭੱਜ ਗਿਆ ਅਤੇ ਆਹੀਏ ਨੂੰ ਦੋ ਸਾਲ ਸਾਲ ਦੀ ਸਖ਼ਤ ਕੈਦ ਅਤੇ 3 ਮਹੀਨੇ ਕੋਠੜੀ ਬੰਦ ਦੀ ਕੈਦ ਹੋਈ। ਸੇਠ ਜੈਰਾਮ ਵਿਰੁੱਧ ਵੀ ਮੁਕੱਦਮਾ ਕਰਨ ਦੀ ਇਜਾਜ਼ਤ ਮੰਗੀ ਗਈ। ਭਾਵੇਂ ਡਿਪਟੀ ਕਮਿਸ਼ਨਰ ਬਰਚ ਇਸ ਮਨਜ਼ੂਰੀ ਦੇ ਹੱਕ ਵਿਚ ਸੀ ਪਰ ਜੈ ਰਾਮ ਨੇ ਪੇਸ਼ ਹੋ ਕੇ ਐਸੇ ਬਿਆਨ ਦੇਣ ਦੀ ਧਮਕੀ ਦਿੱਤੀ, ਜਿਸ ਨਾਲ

[1*] ਰਾਮ ਸਿੰਘ ਮਜੀਠਾ, ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ, ਭਾਗ ਪਹਿਲਾ, ਪੰਨਾ 322



Sri Satguru Jagjit Singh Ji Elibrary NamdhariElibrary@gmail.com

ਮਿਸਟਰ ਕ੍ਰਿਸਟੀ ਅਤੇ ਹੋਰ ਅਫਸਰਾਂ ਦੇ ਖਿਲਾਫ ਦੋਸ਼ੀਆਂ ਤੇ ਕਈ ਤਰ੍ਹਾਂ ਦੀਆਂ ਸਖਤੀਆਂ ਕਰਨ ਦੇ ਇਲਜ਼ਾਮ ਸਿੱਧ ਹੁੰਦੇ ਸਨ। ਇਹ ਮਨਜ਼ੂਰੀ ਨਾ ਦਿੱਤੀ ਗਈ। ਰਾਜਾ ਸਾਹਿਬ ਦਿਆਲ ਅਤੇ ਸ. ਬਹਾਦੁਰ ਮੰਗਲ ਸਿੰਘ ਰਾਮਗੜ੍ਹੀਏ ਨੇ ਵੀ ਸਰਕਾਰ ਨੂੰ ਇਹੋ ਸਲਾਹ ਦਿੱਤੀ ਕਿ ਸੇਠ ਜੈ ਰਾਮ ਤੇ ਮੁਕੱਦਮਾ ਚਲਾਉਣ ਦੀ ਇਜ਼ਾਜਤ ਨਹੀਂ ਦਿੱਤੀ ਜਾਣੀ ਚਾਹੀਦੀ।"

## ਬੁੱਚੜਾਂ ਨੂੰ ਸੋਧਣ ਦੀਆਂ ਹੋਰ ਵਾਰਦਾਤਾਂ

[1*]14-15 ਜੂਨ ਦੀ ਰਾਤ ਨੂੰ ਅੰਮ੍ਰਿਤਸਰ ਦੇ ਬੁੱਚੜਖਾਨੇ ਉੱਤੇ ਹੋਏ ਹਮਲੇ ਤੇ ਬੁੱਚੜਾਂ ਦੇ ਕਤਲਾਂ ਤੇ ਗਊਆਂ ਦੇ ਰੱਸੇ ਖੋਲਣ ਦੀਆਂ ਵਾਰਦਾਤਾਂ ਦੀ ਚਰਚਾ ਨਾਮਧਾਰੀ ਜਗਤ ਦੇ ਵਿਸ਼ੇਸ਼ ਖੇਤਰਾਂ ਵਿਚ ਆਮ ਹੋ ਗਈ ਸੀ। ਨਾਮਧਾਰੀਆਂ ਨੂੰ ਇਹ ਵੀ ਯਕੀਨ ਹੋ ਗਿਆ ਸੀ ਕਿ ਇਹ ਵਾਰਦਾਤਾਂ ਨਾਮਧਾਰੀ ਸਿੰਘਾਂ ਨੇ ਹੀ ਕੀਤੀਆਂ ਹੋਣਗੀਆਂ। ਪੰਜਾਬ ਦੇ ਕਈ ਕਸਬਿਆਂ ਵਿਚ ਅੰਗਰੇਜ਼ ਸਰਕਾਰ ਵਲੋਂ ਬੁੱਚੜਖਾਨੇ ਖੋਲਣ ਦੀ ਆਗਿਆ ਦੇ ਦਿੱਤੀ ਗਈ ਸੀ। ਰਾਇਕੋਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਬਣਾਏ ਗਏ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਕੁਝ ਸੌ ਗਜ਼ਾਂ ਦੀ ਵਿੱਥ ਤੇ 1856 ਵਿਚ ਬੁੱਚੜਖਾਨਾ ਖੁੱਲ੍ਹ ਗਿਆ ਸੀ ਅਤੇ ਇੱਥੇ ਗਊਘਾਤ ਹੋਣ ਲੱਗ ਪਈ ਸੀ। ਮਾਛੀਵਾੜੇ ਤੇ ਹੋਰ ਥਾਵਾਂ ਤੇ ਵੀ ਬੁੱਚੜਖਾਨੇ ਚਾਲੂ ਹੋ ਗਏ ਸਨ। ਅੰਗਰੇਜ਼ੀ ਸਰਕਾਰ ਦਾ ਗਰਮੀਆਂ ਦੇ ਦਿਨਾਂ ਦਾ ਮੁੱਖ ਸਦਰ ਮੁਕਾਮ ਸ਼ਿਮਲੇ ਹੁੰਦਾ ਸੀ, ਜਿੱਥੇ ਅੰਗਰੇਜ਼ ਅਫਸਰ ਗਰਮੀਆਂ ਵਿਚ ਜਾ ਕੇ ਰਹਿੰਦੇ ਸਨ। ਇਸ ਖ਼ਬਰ ਦੀ ਵੀ ਚਰਚਾ ਆਮ ਸੀ ਕਿ ਅੰਗਰੇਜ਼ਾਂ ਦੀ ਸਹੂਲਤ ਲਈ ਸ਼ਿਮਲਾ ਵਿਖੇ ਵੀ ਬੁੱਚੜਖਾਨਾ ਖੋਲ੍ਹਿਆ ਗਿਆ ਹੈ ਅਤੇ ਗਊਆਂ ਤੇ ਹੋਰ ਮਾਲ ਅੰਬਾਲੇ ਤੋਂ ਕਾਲਕਾ ਰਾਹੀਂ ਸ਼ਿਮਲੇ ਭੇਜਿਆ ਜਾਂਦਾ ਹੈ।

ਕੁਝ ਨਾਮਧਾਰੀ ਸਿੰਘਾਂ -ਅਤਰ ਸਿੰਘ ਕਰਤਾਰਗੜ, ਅਤਰ ਸਿੰਘ ਕੋਠਾ, ਕਾਹਨ ਸਿੰਘ ਕਮਾਲਪੁਰ, ਧੌਕਲ ਸਿੰਘ ਰਾਇਪੁਰ ਅਤੇ ਥੰਮਣ ਸਿੰਘ ਦੁਘਰੀ ਨੇ ਸ਼ਿਮਲੇ ਜਾ ਕੇ ਬੁੱਚੜਖਾਨੇ ਉੱਤੇ ਧਾਵਾ ਬੋਲਣ ਲਈ ਵਿਉਂਤ ਬਣਾਈ। ਜੂਨ ਦੇ ਅੰਤ ਅਤੇ ਜੁਲਾਈ ਦੇ ਆਰੰਭ ਦੀ ਗੱਲ ਹੈ ਜਦੋਂ ਉਹ ਇਸ ਉਦੇਸ਼ ਲਈ ਭੈਣੀ ਸਾਹਿਬ ਤੋਂ ਰਵਾਨਾ ਹੋਏ, ਇਸ ਗੱਲ ਦੀ ਤਸਦੀਕ ਨਹੀਂ ਹੁੰਦੀ ਕਿ ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਇਸ ਦੀ ਆਗਿਆ ਲੈ ਲਈ ਸੀ ਜਾਂ ਨਹੀਂ। ਪ੍ਰਤੀਤ ਇਹ ਹੁੰਦਾ ਹੈ ਕਿ ਅੰਮ੍ਰਿਤਸਰ ਦੀ ਵਾਰਦਾਤ ਪਿਛੋਂ ਨਾਮਧਾਰੀਆਂ ਨੇ ਇਹ ਜਾਣ ਲਿਆ ਸੀ ਕਿ ਹੁਣ ਬੁੱਚੜਾਂ ਨੂੰ ਸੋਧਣ ਦਾ ਸਮਾਂ ਆ ਗਿਆ

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 318



Sri Satguru Jagjit Singh Ji Elibrary NamdhariElibrary@gmail.com

ਹੈ। ਸ਼ਿਮਲੇ ਜਾਣ ਦਾ ਨਿਸ਼ਾਨਾ ਮਿੱਥ ਕੇ ਉਪਰ ਦੱਸੇ ਨਾਮਧਾਰੀ ਸਿੰਘ ਰਵਾਨਾ ਹੋਏ ਅਤੇ ਕਈ ਪਿੰਡਾਂ ਵਿਚ ਪੜਾ ਕਰਦੇ ਹੋਏ ਮੋਰਿੰਡੇ (ਬਾਗਾਂ ਵਾਲੇ) ਪਹੁੰਚੇ ਰਾਤ ਪੈ ਚੁੱਕੀ ਸੀ, ਨਦੀ ਦਾ ਪਾਣੀ ਚੜ੍ਹਿਆ ਹੋਇਆ ਸੀ। ਚੌਕੀਦਾਰ ਨੇ ਪਿੰਡ ਤੋਂ ਅੱਗੇ ਨਾ ਜਾਣ ਦਿੱਤਾ। ਇਸ ਕਰਕੇ ਉਸ ਨਾਲ ਝੜਪ ਹੋ ਗਈ। ਚੌਕੀਦਾਰ ਦੇ ਰੌਲਾ ਪਾਉਣ ਤੇ ਪਿੰਡ ਵਿਚੋਂ ਵਾਹਰ ਆ ਗਈ। ਅਤਰ ਸਿੰਘ ਨੇ ਤਲਵਾਰ ਨਾਲ ਚੌਕੀਦਰ ਨੂੰ ਪਾਰ ਬੁਲਾਇਆ ਅਤੇ ਸਾਰੇ ਸਿੰਘਾਂ ਨਦੀ ਵਿਚ ਛਾਲਾਂ ਮਾਰ ਦਿੱਤੀਆਂ। ਬਾਕੀ ਸਿੰਘ ਨਦੀ ਪਾਰ ਕਰ ਗਏ ਪਰ ਅਤਰ ਸਿੰਘ ਉੱਤੇ ਇਕ ਤੁਰਕ ਨੇ ਡਾਂਗ ਦਾ ਵਾਰ ਕੀਤਾ ਨਾਲ ਦੇ ਸਿੰਘ ਨੇ ਤਲਵਾਰ ਸੂਤ ਕੇ ਉਸ ਤੁਰਕ ਨੂੰ ਫੱਟ ਲਾਏ ਅਤੇ ਅਤਰ ਸਿੰਘ ਨੂੰ ਛੁਡਾ ਕੇ ਲੈ ਗਏ। ਇਹ ਘਟਨਾ ਭਾਈ ਸੰਤੋਖ ਸਿੰਘ ਬਾਹੋਵਾਲ ਅਨੁਸਾਰ 20-22 ਹਾੜ ਦੀ ਹੈ ਅਤੇ ਰਾਏਕੋਟ ਦੇ ਬੁੱਚੜ ਖਾਨੇ ਜਿਸ ਉਤੇ ਹਮਲਾ 15 ਜੁਲਾਈ, 1871 ਨੂੰ ਕੀਤਾ ਗਿਆ ਸੀ, ਤੋਂ ਪਹਿਲਾਂ ਦੀ ਹੈ। ਇਸ ਵਿਚ ਪ੍ਰਤਾਪ ਸਿੰਘ, ਹਰਨਾਮ ਸਿੰਘ ਅਤੇ ਜੈਮਲ ਸਿੰਘ ਨੂੰ ਅੰਬਾਲੇ ਦੀ ਅਦਾਲਤ ਵਿਚ ਪੇਸ਼ ਕੀਤਾ। ਗਿਆ, ਜਿਸ ਦੇ ਵੇਰਵੇ ਸੰਤ ਬਾਹੋਵਾਲ ਨੇ ਬੜੀ ਰੌਚਿਕ ਸ਼ੈਲੀ ਵਿਚ ਲਿਖੇ ਹਨ :

1*"ਫਰੰਗੀ ਨੇ ਕਹਾ ਬਾਗਾਂਵਾਲੇ ਫਤੂਰ ਤੁਮਨੇ ਕੀਆ ਹੈ ? ਪ੍ਰਤਾਪ ਸਿੰਘ (ਖਮਾਣੋ ਵਾਲੇ) ਨੇ ਕਹਿਆ ਅਸੀਂ ਕਦੀਮੀ ਸਰਦਾਰ ਹੈਂ। ਆਏ ਸਿੰਘ ਨੂੰ ਪਰਸ਼ਾਦਾ ਦੇਂਦੇ ਹਾਂ। ਨਾ ਹਮ ਫਤੂਰ ਕਰਦੇ ਹਾਂ ਤੇ ਨਾ ਕਰਨ ਦੇਂਦੇ ਹਾਂ। ਆਏ ਕੋ ਅੰਨ ਜਲ ਜ਼ਰੂਰ ਦੇਂਦੇ ਹੈਂ। ਮੈਂ ਸ਼ਸਤਰ ਕੋਈ ਨਹੀਂ ਰੱਖਦਾ ਹਾਂ। ਰੁਖਸਦ ਦੇ ਦਿੱਤੀ।"

2*"ਘੋੜੀਮਾਰ (ਹਰਨਾਮ ਸਿੰਘ) ਕੋ ਪੁੱਛਿਆ ਤੁਮਨੇ ਬਾਗਾਂਵਾਲੇ ਫਤੂਰ ਕੀਆ, ਆਦਮੀ ਮਾਰਿਆ ਹੈ। ਘੋੜੀਮਾਰ ਨੇ ਕਹਾ ਮਾਰਿਆ ਹੈ, ਮੈਂ। ਫ਼ਰੰਗੀ ਨੇ ਕਹਾ ਤੁਮਨੇ ਤਲਵਾਰ ਕਿਥੋਂ ਲਈ ਸੀ ? ਘੋੜੀਮਾਰ ਨੇ ਕਹਿਆ ਤੈਂ ਦਿੱਤੀ ਸੀ ਤਲਵਾਰ। ਪੁਛਾ ਕਿ ਕਿਸਕੇ ਹੁਕਮ ਨਾਲ ਮਾਰੀ। ਸਿੰਘ ਨੇ ਕਿਹਾ ਕੇ ਤੇਰੇ ਹੁਕਮ ਨਾਲ ਮਾਰੀ ਹੈ। ਫ਼ਰੰਗੀ ਨੇ ਕਹਾ ਯੇ ਤੋਂ ਪਾਗਲ ਹੈ ਇਸਕੋ. ਜਾਣੇ ਦਿਓ।"

2*"ਜਦੋਂ ਇਹ ਦੋਸ਼ੀ ਸ਼ਿਮਲੇ ਪੇਸ਼ ਹੋਏ ਤਾਂ ਉਨ੍ਹਾਂ ਨੂੰ ਇਹ ਕਹਿਕੇ "ਔਰ ਦੇਸ ਨਹੀਂ ਜਾਣਾ, ਆਪਣੇ ਦੇਸ ਰਹਿਣਾ। ਫਿਰਨਾ ਨਹੀਂ ਹੈ।" ਛੱਡ ਦਿੱਤਾ ਗਿਆ।

ਇਤਿਹਾਸਕਾਰ ਜਸਵਿੰਦਰ ਸਿੰਘ ਅਨੁਸਾਰ ਸਰਕਾਰੀ ਦਸਤਾਵੇਜ਼ਾਂ ਵਿਚ ਇਹ ਕੇਸ ਮੋਰਿੰਡਾ ਕੇਸ ਕਰਕੇ ਵੀ ਜਾਣਿਆ ਜਾਂਦਾ ਹੈ। ਕਾਹਨ ਸਿੰਘ ਰਾਇਕੋਟ ਦੀ ਘਟਨਾ ਤੋਂ ਬਾਅਦ ਪਕੜਿਆ ਗਿਆ ਸੀ, ਨਿੰਦਕ ਬਣਿਆ ਅਤੇ ਉਸਨੇ

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 435
2* ਉਪਰੋਕਤ, ਪੰਨਾ 436



Sri Satguru Jagjit Singh Ji Elibrary NamdhariElibrary@gmail.com

ਕੁਝ ਸਾਥੀਆਂ ਨੂੰ ਪਕੜਾਇਆ। ਅਤਰ ਸਿੰਘ ਅਤੇ ਥੰਮਣ ਸਿੰਘ ਜੋ ਗਿਰਫਤਾਰ ਨਹੀਂ ਸਨ ਕੀਤੇ ਜਾ ਸਕੇ, ਰੂਪੋਸ਼ ਹੋ ਕੇ ਨਿਪਾਲ ਚਲੇ ਗਏ ਸਨ।"

**ਬਿਸ਼ਨ ਸਿੰਘ ਸੁਨਿਆਰੇ ਦੀ ਸ਼ਹੀਦੀ ਦਾ ਯਾਦਗਾਰੀ ਕਾਰਨਾਮਾ :**

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੰਤ ਖਾਲਸੇ ਵਿਚ ਜਿੱਥੇ ਕਈ ਸੁਧਾਰ ਕੀਤੇ ਉੱਥੇ ਉਨ੍ਹਾਂ ਵਿਚ ਵਿਦੇਸ਼ੀ ਹਕੂਮਤ ਦੀ ਬੇਇਨਸਾਫੀ ਵਿਰੁੱਧ ਲੜਨ ਲਈ ਕ੍ਰਾਂਤੀਕਾਰੀ ਰੂਹ ਤੇ ਬੇਮਿਸਾਲ ਦਲੇਰੀ ਭਰ ਦਿੱਤੀ ਸੀ। ਉਨ੍ਹਾਂ ਨੂੰ ਨਿਰਭੈ ਕਰ ਦਿੱਤਾ ਸੀ। ਲਾਹੌਰ ਦੇ ਇਕ ਕੂਕੇ ਸਿਖ ਬਿਸ਼ਨ ਸਿੰਘ, ਜੋ ਜਾਤ ਦਾ ਸੁਨਿਆਰਾ ਸੀ, ਨਾਲ ਵਾਪਰੀ ਘਟਨਾ ਉਪਰ ਵਰਣਨ ਕੀਤੀ ਗਈ ਨਿਰਭੈਤਾ, ਬੀਰਤਾ ਅਤੇ ਕੁਰਬਾਨੀ ਦੀ ਅਨੋਖੀ ਮਿਸਾਲ ਪੇਸ਼ ਕਰਦੀ ਹੈ। ਜਿਸ ਸਮੇਂ ਅੰਮ੍ਰਿਤਸਰ, ਰਾਏਕੋਟ ਦੀਆਂ ਘਟਨਾਵਾਂ ਵਾਪਰੀਆਂ ਸਨ। ਉਸੇ ਸਮੇਂ ਲਾਹੌਰ ਵਿਚ ਇਹ ਘਟਨਾ ਵਾਪਰੀ। ਸੰਤ ਬਾਹੋਵਾਲ ਨੇ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ - "ਲਾਹੌਰ ਮੇਂ ਇਕ ਨਾਮਧਾਰੀ ਬਿਸ਼ਨ ਸਿੰਘ ਨਾਮੇ ਸੁਨਿਆਰਾ ਸੀ। ਸਤਿਗੁਰੂ ਜੀ ਕੇ ਜਾਣੇ ਸੇ ਛੇ ਮਹੀਨੇ ਪੈਹਲੇ ਕਿਸੀ ਨੇ ਸਿੰਘ ਪਰ ਝੂਠੀ ਅਰਜੀ ਪਾਈ ਕੇ ਮੈਂ ਏਸ ਤੇ ਲੈਣਾ ਹੈ ਏਤਨਾ ਰੁਪਈਆ ਜੱਜ ਨੇ ਡਿਗਰੀ (30 ਅਗਸਤ, 1871) ਕਰ ਦਿੱਤੀ। ਸੱਚ ਝੂਠ ਨਾ ਨਤਾਰਿਆ। ਜੱਜ ਨੂੰ ਸਿੰਘ ਨੇ ਕਿਹਾ ਕਿ ਤੈਨੇ ਝੂਠੀ ਡਿਗਰੀ ਕੀਤੀ ਹੈ ਸਮਝਾਂਗੇ ਤੇਰੇ ਨਾਲ ਭੀ। ਸੱਚੇ ਪਾਤਸ਼ਾਹ ਕਾ ਹੁਕਮ ਹੈ ਝੂਠੇ ਰਾਜਾ ਪਰਜਾ ਕੀ ਸਵਾ ਉਠੌਣੀ ਹੈ। ਘਰ ਮੈ ਜਾਇਕੇ ਸਿੰਘ ਨੇ ਇਸ਼ਨਾਨ ਕੀਤਾ। ਜਪੁ ਜਾਪੁ ਪੜਿਆ, ਚੰਡੀ ਕੀ ਵਾਰ ਪੜੀ। ਹਮਨ ਕੀਤਾ। ਚਿੱਟੀ ਪੁਸ਼ਾਕ ਪਾਇਕੇ ਸਲੋਤਰ ਫੜਕੇ ਅਰਦਾਸਾ ਕਰਕੇ ਤੁਰਿਆ। ਕਚਹਿਰੀ ਸੇ ਆਉਂਦਿਆਂ ਘਰ ਕੇ ਬਾਹਰ ਹੀ ਮਿਲ ਪਿਆ। ਸਿੰਘ ਨੇ ਕਿਹਾ ਕੇ ਮੈਂ ਉਹ ਹਾਂ ਜਿਸ ਕੀ ਤੈਨੇ ਝੂਠੀ ਡਿਗਰੀ ਕੀਤੀ ਹੈ। ਜੱਜ ਨੇ ਕਿਹਾ ਕਿਆ ਮਾਂਗਤਾ ਹੈ ? ਜਿਉਂ ਮਾਰਿਆ ਹੈ ਸਲੋਤਰ ਸਿਰ ਫਾਟ ਗਿਆ। ਉਸੀ ਬਖਤ ਮਰ ਗਿਆ ਜੱਜ। ਸਿੰਘ ਮਾਰ ਕੇ ਮਦਾਨ ਮੇਂ ਖੜਾ ਹੋਇਆ ਕੇ ਮੈਂ ਸ਼ਹੀਦ ਸਿੰਘ ਹਾਂ ਆਓ ਜਿਸ ਨੇ ਔਨਾ ਹੈ ਮੇਰੇ ਸਾਹਮਣੇ, ਜਿਨ ਫੜਨਾ ਹੈ ਸੇ ਫੜੋ। ਧਰਮ ਹੇਤ ਸੀਸ ਦੇਨਾ ਹੈ। ਪੁਲੀਸ ਆਇ ਗਈ। ਫਰੰਗੀ ਆਇਆ, ਕਠੇ ਹੋਏ ਹੋਰ ਲੋਕ ਭੀ।

ਫਰੰਗੀ ਨੇ ਕਹਾ ਤੁਮ ਨੇ ਬੜਾ ਮਾੜਾ ਕੰਮ ਕੀਤਾ ਹੈ। ਸਿੰਘ ਨੇ ਕਿਹਾ ਬਡਾ ਚੰਗਾ ਕੰਮ ਕੀਆ ਹੈ। ਝੂਠੀਆਂ ਅਦਾਲਤਾਂ ਕਰਦਾ ਸੀ। ਝੂਠ ਕੋ ਮਾਰਿਆ ਹੈ। ਝੂਠੇ ਰਾਜਾ ਪਰਜਾ ਕੀ ਸਫ਼ਾ ਉਠੌਣੀ ਹੈ। ਫਾਂਸੀ ਕਾ ਹੁਕਮ ਦੇ ਦੀਆ ਸਿਬਨ ਨੇ। ਇਕ ਭੋਗ ਪਵਾਨਿਆ ਸਿੰਘ ਨੇ, ਸਵਾ ਦਾ ਕੜਾਹ ਪ੍ਰਸਾਦਿ ਕਰਵਾਇਆ। ਅਰਦਾਸਾ ਕੀਤਾ ਬਾਰ੍ਹਾਂ ਪਾਤਸ਼ਾਹੀਆਂ ਕਾ। ਬੜਾ



Sri Satguru Jagjit Singh Ji Elibrary NamdhariElibrary@gmail.com

ਪ੍ਰਸੰਨ ਤਖ਼ਤੇ ਫਾਂਸੀ ਬਾਲੇ ਪਰ ਜਾਇ ਚੜ੍ਹਿਆ। ਰੱਸਾ ਪੱਟ ਕਾ ਕਹਿ ਕੇ ਬਟਵਾਇਆ ਕਿ ਤੰਦੀ ਨਹੀ ਗਲ ਮੈਂ ਪਾਵਾਂਗਾ। ਰੱਸਾ ਜੱਲਾਦ ਪੌਂਦਾ ਹੈ ਸੀ, ਸਿੰਘ ਨੇ ਕਿਹਾ ਕੇ ਤੈਂ ਨਹੀਂ ਮੈਨੂੰ ਹੱਥ ਲੌਣਾ। ਮੈਂ ਆਪੇ ਹੀ ਗਲ ਵਿਚ ਪਾਮਾਂਗਾ। ਰੱਸਾ ਗਲ ਮੈਂ ਪਾਇਕੇ ਪਟੜਾ ਹੇਠੋਂ ਖਿਚ ਲਿਆ। ਅੰਤ ਕਾ ਝੂਟਾ ਆਇਆ। ਗੁਰੂ ਜੀ ਕੀ ਪੁਰੀ ਕੋ ਗਿਆ। ਜੋ ਝੂਠੇਂ ਲੋਕ ਸੇ ਤਿਨ੍ਹਾਂ ਕੇ ਕੰਨ ਖੜੇ ਹੋਨਿ ਕਿ ਸਿੰਘਾਂ ਕਾ ਝਗੜਾ ਮੁਕੌਨਾ ਭੀ ਔਖਾ ਹੈ। ਸਿੰਘਾਂ ਕੇ ਝਗੜੇ ਸਤਿਗੁਰੂ ਹੀ ਨਿਬੇੜੇਗਾ।"

## ਰਾਇਕੋਟ ਦੇ ਬੁੱਚੜਖ਼ਾਨੇ ਉੱਤੇ ਹਮਲਾ

ਅੰਮ੍ਰਿਤਸਰ ਦੇ ਬੁੱਚੜਾਂ ਉੱਤੇ ਕੀਤੇ ਗਏ ਹਮਲੇ ਅਤੇ ਬੁੱਚੜਾਂ ਦੇ ਕਤਲਾਂ ਦੀ ਵਾਰਦਾਤ 14-15 ਜੂਨ 1871 ਦੀ ਸੀ। ਇਸ ਤੋਂ ਲਗਭਗ ਇਕ ਮਹੀਨਾ ਪਿਛੋਂ 15 ਜੁਲਾਈ ਦੀ ਰਾਤ ਨੂੰ ਰਾਇਕੋਟ ਦੇ ਬੁੱਚੜਖ਼ਾਨੇ ਉੱਤੇ ਹਮਲਾ ਕੀਤਾ ਗਿਆ। ਜਿਸ ਦੇ ਵੇਰਵੇ ਵਿਸਥਾਰ ਸਹਿਤ ਨਾਮਧਾਰੀ ਇਤਿਹਾਸਕਾਰਾਂ ਨੇ ਦਿੱਤੇ ਹਨ। ਇਹ ਬੁੱਚੜ ਖ਼ਾਨਾ, ਮਿਸਟਰ ਰਿਕਟਸ ਦੀ ਆਗਿਆ ਅਨੁਸਾਰ 1856 ਵਿਚ ਖੋਲ੍ਹਿਆ ਗਿਆ ਸੀ ਅਤੇ ਰਾਇਕੋਟ ਦੇ ਪ੍ਰਸਿੱਧ ਗੁਰੂ ਸਥਾਨ ਟਾਹਲੀਆਣਾ ਤੋਂ ਕੁਝ ਸੌ ਰਾਜ਼ਾਂ ਦੀ ਵਿੱਥ ਉੱਤੇ ਹੀ ਸੀ। ਇਹ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਾਇਆ ਗਿਆ ਸੀ, ਜਦੋਂ ਉਹ ਮਾਛੀਵਾੜੇ ਤੋਂ ਮਾਲਵੇ ਵੱਲ ਜਾਂਦੇ ਹੋਏ ਰਾਇਕੋਟ ਦੇ ਹਾਕਮ ਰਾਇਕੱਲ੍ਹੇ ਕੋਲ ਕੁਝ ਦਿਨਾਂ ਲਈ ਠਹਿਰੇ ਸਨ। ਰਾਇਕੱਲ੍ਹਾ ਮੁਸਲਮਾਨ ਹੁੰਦਾ ਹੋਇਆ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਸ਼ਰਧਾਲੂ ਸੀ। ਉਸ ਕੋਲ ਨਿਵਾਸ ਰੱਖਣ ਸਮੇਂ ਹੀ ਉਸ ਨੇ ਆਪਣੇ ਸੇਵਕ ਨੂਰੇ ਨੂੰ ਭੇਜ ਕੇ ਸਰਹਿੰਦ ਤੋਂ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਮਾਚਾਰਾਂ ਤੋਂ ਸਤਿਗੁਰੂ ਜੀ ਨੂੰ ਜਾਣੂ ਕਰਵਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਰਾਇਕੱਲ੍ਹੇ ਕੋਲੋਂ ਵਿਦਾ ਹੋਣ ਸਮੇਂ ਕੁਝ ਵਸਤਾਂ-ਇਕ ਕਿਰਪਾਨ, ਗੰਗਾ ਸਾਗਰ ਅਤੇ ਇੱਕ ਰੀਹਲ ਉਸ ਨੂੰ ਬਖਸ਼ੀਆਂ ਸਨ। ਗੁਰਦੁਆਰਾ ਟਾਹਲੀਆਣਾ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਪਵਿੱਤਰ ਯਾਦ ਵਿਚ ਹੀ ਬਣਾਇਆ ਗਿਆ ਸੀ।

ਇਕ ਦਿਨ ਕੁਝ ਨਾਮਧਾਰੀ ਸਿੰਘ ਸ੍ਰੀ ਭੈਣੀ ਸਾਹਿਬ ਨੂੰ ਜਾਂਦੇ ਹੋਏ ਇਸ ਗੁਰੂ ਧਾਮ ਦੇ ਦਰਸ਼ਨ ਕਰਨ ਆ ਗਏ। ਗੁਰੂਦੁਆਰਾ ਸਾਹਿਬ ਦੇ ਸੇਵਾਦਾਰ ਨੇ ਬੜੇ ਦੁੱਖ ਨਾਲ ਸਿੰਘਾਂ ਨੂੰ ਇਹ ਦੱਸਿਆ ਕਿ ਗੁਰੂਦੁਆਰਾ ਸਾਹਿਬ ਦੇ ਨੇੜੇ ਹੀ ਜਿਹੜਾ ਬੁੱਚੜਖ਼ਾਨਾ ਹੈ, ਉਸ ਤੋਂ ਹੱਡੀਆਂ ਅਤੇ ਮਾਸ ਦੇ ਟੁਕੜੇ ਚੁੱਕ ਕੇ ਇੱਲਾਂ ਅਤੇ ਕਾਂ ਆਦਿ ਪੰਛੀ ਗੁਰੂਦੁਆਰੇ ਸਾਹਿਬ ਦੀਆਂ ਕੰਧਾਂ ਉਤੇ ਆ ਬੈਠਦੇ ਹਨ ਅਤੇ ਇਨ੍ਹਾਂ ਹੱਡੀਆਂ ਨੂੰ ਚੂੰਡਦੇ ਹੋਏ ਕੁਝ ਟੁਕੜੇ ਗੁਰਦੁਆਰਾ ਸਾਹਿਬ ਦੇ ਅਹਾਤੇ



Sri Satguru Jagjit Singh Ji Elibrary NamdhariElibrary@gmail.com

ਵਿਚ ਵੀ ਸੁੱਟ ਜਾਂਦੇ ਹਨ, ਜਿਸ ਨਾਲ ਸਾਡਾ ਮਨ ਬੜਾ ਦੁਖੀ ਹੁੰਦਾ ਹੈ। ਇਸ ਬੁੱਚੜਖਾਨੇ ਦੇ ਮਾਲਕ ਹੀਰਾ ਤੇ ਰਾਂਝਾ ਬੜੇ ਸ਼ਰਾਰਤੀ ਤੇ ਬਦਮਾਸ਼ ਹਨ। ਸ਼ਹਿਰ ਦੇ ਹਿੰਦੂ, ਸਿੱਖਾਂ ਤੇ ਖੱਤਰੀਆਂ ਦੇ ਵਰਜਨ ਉਤੇ ਵੀ ਉਹ ਨਹੀਂ ਰੁੱਕੇ। ਇੱਥੋਂ ਤਕ ਕਿ ਜ਼ਿਬਾਹ ਕੀਤੀ ਗਊ ਦਾ ਪਿੰਜਰ ਉਨ੍ਹਾਂ ਨੇ ਲਾਗਲੇ ਛੱਪੜ ਵਿਚ ਸੁੱਟ ਦਿੱਤਾ ਸੀ। ਸ਼ਹਿਰ ਦੇ ਖੱਤਰੀਆਂ ਨੇ ਇਨ੍ਹਾਂ ਬੁੱਚੜਾਂ ਵਿਰੁੱਧ ਇਕ ਅਰਜ਼ੀ ਵੀ ਪਾਈ ਅਤੇ ਜਗਰਾਉਂ ਦੇ ਤਹਿਸੀਲਦਾਰ ਨੇ ਹੀਰੇ ਨੂੰ 10 ਰੁਪਏ ਜੁਰਮਾਨਾ ਵੀ ਕੀਤਾ। ਨਾਮਧਾਰੀ ਸਿੰਘ ਅੱਗੇ ਜਾਣ ਦੀ ਥਾਂ ਪਿੱਛੇ ਨੂੰ ਮੁੜ ਪਏ ਅਤੇ ਛੀਨੀਵਾਲ ਦੇ ਦਲ ਸਿੰਘ ਦੇ ਘਰ ਜਾ ਠਹਿਰੇ। ਉਥੋਂ ਉਹ ਤਾਜਪੁਰ ਭਾਈ ਬੂਟਾ ਰਾਮ ਦੇ ਡੇਰੇ ਆ ਗਏ। ਉਨ੍ਹਾਂ ਨੇ ਰਾਇਕੋਟ ਦੇ ਬੁੱਚੜਾਂ ਨੂੰ ਸੋਧਣ ਦਾ ਹੁਣ ਤੱਕ ਪੱਕਾ ਇਰਾਦਾ ਬਣਾ ਲਿਆ ਸੀ। ਹਥਿਆਰ ਇਕੱਠੇ ਕਰਕੇ ਹਵਨ ਕਰਕੇ ਅਰਦਾਸਾ ਸੋਧ ਕੇ ਅੱਠ ਸਿੰਘਾਂ ਨੇ ਰਾਇਕੋਟ ਦੇ ਬੁੱਚੜਾਂ ਨੂੰ ਸੋਧਣ ਲਈ ਚਾਲੇ ਪਾਏ।

15 ਜੁਲਾਈ, 1871 ਦੀ ਅੱਧੀ ਰਾਤ ਨੂੰ ਸਿੰਘਾਂ ਨੇ ਬੁੱਚੜਖਾਨੇ ਉੱਤੇ ਹੱਲਾ ਬੋਲ ਦਿੱਤਾ। ਉਸ ਰਾਤ ਬਾਰਿਸ਼ ਹੋ ਰਹੀ ਸੀ, ਸਿੰਘ ਪਾਣੀ 'ਚੋਂ ਲੰਘਦੇ ਹੋਏ ਬੁੱਚੜਖਾਨੇ ਦੇ ਦਰਵਾਜ਼ੇ ਉੱਤੇ ਪੁੱਜੇ। ਉਨ੍ਹਾਂ ਨੇ ਬੁੱਚੜਾਂ ਨੂੰ ਆਵਾਜ਼ ਦਿੱਤੀ ਕਿ ਅਸੀਂ ਊਠਾਂ ਵਾਲੇ ਮੁਸਾਫਰ ਹਾਂ ਅਤੇ ਹੁੱਕੇ ਤਾਜਾ ਕਰਨ ਲਈ ਅੱਗ ਚਾਹੁੰਦੇ ਹਾਂ। ਬੁੱਚੜਾਂ ਨੇ ਝੱਟ-ਪੱਟ ਬੂਹਾ ਖੋਲ੍ਹ ਦਿੱਤਾ। ਤਿੰਨ ਸਿੰਘ ਬਾਹਰਵਾਰ ਪਹਿਰੇ ਤੇ ਖੜੇ ਰਹੇ ਅਤੇ ਬਾਕੀ ਦੇ ਪੰਜ ਸਿੰਘਾਂ ਨੇ ਅੰਦਰ ਜਾ ਕੇ ਗਊਆਂ ਦੇ ਰੱਸੇ ਖੋਲ੍ਹ ਕੇ ਬੁੱਚੜਾਂ ਤੇ ਉਨ੍ਹਾਂ ਦੀ ਜੋ ਵਿਹੜੇ ਵਿਚ ਸੁੱਤੇ ਪਏ ਸਨ। ਕੱਟ-ਵੱਢ ਸ਼ੁਰੂ ਕਰ ਦਿੱਤੀ। ਹੀਰਾ ਬਦਮਾਸ਼ ਤਾਂ ਆਪਣੇ ਜੁਰਮਾਨੇ ਬਾਰੇ ਅਪੀਲ ਕਰਨ ਲੁਧਿਆਣੇ ਗਿਆ ਹੋਇਆ ਸੀ ਅਤੇ ਰਾਂਝਾ ਕੋਠੇ ਤੋਂ ਪਿਛਲੇ ਬੰਨੇ ਛਾਲ ਮਾਰਕੇ ਨੱਸ ਗਿਆ। ਇਸ ਹੱਲੇ ਵਿਚ ਦਸੋਂਧੀ ਗੁੱਜਰ ਅਤੇ ਉਸਦੀ ਔਰਤ ਬੱਸੀ ਮਾਰੇ ਗਏ। ਰਾਂਝੇ ਦਾ 3-4 ਸਾਲ ਦਾ ਲੜਕਾ ਜੋ ਜ਼ਖਮੀ ਹੋਇਆ ਸੀ, ਚੌਥੇ ਦਿਨ ਦਮ ਤੋੜ ਗਿਆ। 7 ਬੰਦੇ ਜ਼ਖਮੀ ਹੋਏ। ਨਾਮਧਾਰੀ ਸਿੰਘ ਤਾਂ ਇਹ ਵਾਰਦਾਤ ਕਰਕੇ ਆਪਣੇ ਰਾਹ ਪੈ ਗਏ ਸਨ। ਚੀਕ-ਚਿਹਾੜਾ ਸੁਣ ਕੇ ਚੌਕੀਦਾਰ ਅਹਿਮਦ ਖਾਨ ਆਇਆ, ਪਰ ਮੀਂਹ ਵਰ੍ਹਦੇ ਵਿਚ ਕੁਝ ਵੀ ਨਹੀਂ ਸੀ ਹੋ ਸਕਦਾ। 500 ਗਜ਼ ਦੀ ਵਿੱਥ ਤੇ ਪੁਲਿਸ ਦਾ ਥਾਣਾ ਸੀ ਵੱਡਾ ਥਾਣੇਦਾਰ ਸ਼ਹਿਰ ਦੇ ਅੰਦਰ ਜਾ ਕੇ ਸੁੱਤਾ ਪਿਆ ਸੀ ਅਤੇ ਛੋਟੇ ਥਾਣੇਦਾਰ ਨੂੰ ਤਾਪ ਚੜ੍ਹਿਆ ਹੋਇਆ ਸੀ। ਵਰ੍ਹਦੇ ਮੀਂਹ ਵਿਚ ਖੁਰਾ ਵੀ ਨਹੀਂ ਸੀ ਲੱਭਿਆ ਜਾ ਸਕਦਾ ਤੇ ਖੋਜੀ ਵੀ ਥਾਣੇ ਵਿਚ ਨਹੀਂ ਸਨ। ਇਸ ਹੱਲੇਗੁੱਲੇ ਵਿਚ ਹੀਰਾ ਤੇ ਰਾਂਝਾ ਦੋਵੇਂ ਨਾਮੀਂ ਬੁੱਚੜ ਬਚ ਗਏ ਸਨ।

ਅਗਲੇ ਦਿਨ ਜਦੋਂ ਡੀ. ਸੀ. ਕਾਵਨ ਨੂੰ ਖਬਰ ਹੋਈ ਤਾਂ ਉਹ ਡਿਪਟੀ



Sri Satguru Jagjit Singh Ji Elibrary NamdhariElibrary@gmail.com

ਸੁਪਰਡੈਂਟ ਪੁਲੀਸ ਮਿਸਟਰ ਹੈਚਲ ਨੂੰ ਨਾਲ ਲੈ ਕੇ ਹਾਦਸੇ ਵਾਲੀ ਥਾਂ ਤੇ ਪੁੱਜਾ। ਉਸ ਨੇ ਜਿਲ੍ਹੇ ਦੇ ਬੁੱਚੜਖਾਨਿਆਂ ਦੀ ਉਚੇਰੀ ਰੱਖਿਆ ਲਈ ਹੁਕਮ ਜਾਰੀ ਕੀਤੇ। ਸਿਵਲ ਸਰਜਨ ਨੂੰ ਬੁੱਚੜਾਂ ਦੀ ਦਵਾ ਦਾਰੂ ਲਈ ਭੇਜਿਆ। ਦੋਸ਼ੀਆਂ ਦੀ ਸੂਹ ਦੇਣ ਵਾਲੇ ਲਈ 1000 ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ।

ਭੰਗਾ ਤੇ ਭੂਪਾ ਖੋਜੀਆਂ ਦੀ ਸਹਾਇਤਾ ਨਾਲ ਦੋਸ਼ੀਆਂ ਦਾ ਖੁਰਾ ਪਿੰਡ ਛੀਨੀਵਾਲ ਤੱਕ ਪਹੁੰਚ ਗਿਆ। ਦਲ ਸਿੰਘ ਤੇ ਉਸਦੀ ਪਤਨੀ ਰਾਮ ਕੌਰ ਨੇ ਪੁਲਿਸ ਦੀ ਮਾਰ ਤੋਂ ਡਰਦੇ ਹੋਏ ਪਿੱਛੋਂ ਦੇ ਦੋਸ਼ੀਆਂ ਦੀ ਸੂਹ ਦੇ ਦਿੱਤੀ। ਇਸੇ ਸਮੇਂ ਪੰਜਾਬ ਦੇ ਗਵਰਨਰ ਨੇ ਪਟਿਆਲਾ ਅਤੇ ਨਾਭਾ ਦੇ ਰਾਜਿਆਂ ਨੂੰ ਦੋਸ਼ੀਆਂ ਨੂੰ ਫੜਾਉਣ ਲਈ ਤਾਰਾਂ ਭੇਜੀਆਂ ਪਟਿਆਲੇ ਦੇ ਮਹਾਰਾਜੇ ਮਹਿੰਦਰ ਸਿੰਘ ਨੇ ਦੋਸ਼ੀਆਂ ਨੂੰ ਫੜਾਉਣ ਲਈ 250 ਰੁਪਏ ਦੇ ਇਨਾਮ ਦਾ ਐਲਾਨ ਕਰ ਦਿੱਤਾ

21 ਜੁਲਾਈ, 1871 ਨੂੰ ਪਟਿਆਲੇ ਦੇ ਰਾਜੇ ਵਲੋਂ ਡਿਪਟੀ ਕਮਿਸ਼ਨਰ ਕਾਵਨ ਨੂੰ ਇਹ ਸੂਚਨਾ ਦਿੱਤੀ ਗਈ ਕਿ ਉਨ੍ਹਾਂ ਨੇ 7 ਕੂਕੇ ਗਿਰਫਤਾਰ ਕਰ ਲਏ ਹਨ ਅਤੇ ਉਨ੍ਹਾਂ ਕੋਲੋਂ ਤਲਵਾਰਾਂ ਵੀ ਬਰਾਮਦ ਕਰ ਲਈਆਂ ਹਨ। ਇਨ੍ਹ ਵਿਚੋਂ ਤਿੰਨ ਮਸਤਾਨ ਸਿੰਘ, ਮੰਗਲ ਸਿੰਘ ਤੇ ਗੁਰਮੁਖ ਸਿੰਘ ਪਿਛੋਂ ਰਿਆਸਤ ਨਾਭਾ ਦੇ ਸਨ। ਗੁਲਾਬ ਸਿੰਘ ਚੂਹੜਚੱਕ ਦਾ ਵਾਸੀ ਸੀ। ਰਤਨ ਸਿੰਘ ਨਾਈਵਾਲਾ, ਗਿਆਨੀ ਰਤਨ ਸਿੰਘ ਮੰਡੀ ਕਲਾਂ ਉੱਤੇ ਇਹ ਦੋਸ਼ ਲਾਇਆ ਗਿਆ ਕਿ ਇਨ੍ਹਾਂ ਨੇ ਇਹ ਵਾਰਦਾਤ ਕਰਨ ਲਈ ਸ਼ਹਿ ਦਿੱਤੀ ਹੈ। ਅਸਲ ਵਿਚ ਇਨ੍ਹਾਂ ਦੋਹਾਂ ਰਤਨ ਸਿੰਘ ਨਾਈਵਾਲਾ ਤੇ ਰਤਨ ਸਿੰਘ ਗਿਆਨੀ ਮੰਡੀ ਕਲਾਂ ਦਾ ਇਨ੍ਹਾਂ ਕਤਲਾਂ ਵਿਚ ਕੋਈ ਹੱਥ ਨਹੀਂ ਸੀ। ਪਰ ਗਿਆਨੀ ਸਿੰਘ ਮੰਡੀ ਕਲਾਂ ਜੋ ਬੜਾ ਵਿਦਵਾਨ ਅਤੇ ਨਾਮਧਾਰੀਆਂ ਵਿਚ ਅਦਾਲਤੀ ਸੂਝ ਕਰਕੇ ਪ੍ਰਸਿੱਧ ਸੀ, ਉਸ ਨੂੰ ਖੰਨੇ ਤੋਂ ਪਕੜਾ ਦਿੱਤਾ ਗਿਆ। ਇਨ੍ਹਾਂ ਦੋਹਾਂ ਉਤੇ ਮੁਕੱਦਮਾ ਵੱਖਰੇ ਤੌਰ ਤੇ ਲੁਧਿਆਣੇ ਦੇ ਸੈਸ਼ਨ ਦੀ ਅਦਾਲਤ ਵਿਚ ਚਲਾਇਆ ਗਿਆ ਸੀ।

ਡੀ. ਸੀ. ਕਾਵਨ ਅਤੇ ਮੈਕਨਬ ਨੇ ਇਸ ਮੁਕੱਦਮੇ ਦੀ ਸੁਣਵਾਈ ਬੱਸੀਆ ਵਿਖੇ ਕੀਤੀ। ਪੁੱਛ ਪੜਤਾਲ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਬੁਲਾਇਆ ਗਿਆ ਸੀ। ਗੁਲਾਬ ਸਿੰਘ ਨੇ ਬਿਆਨ ਦਿੱਤਾ ਸੀ ਕਿ ਇਹ ਕਤਲ ਗੁਰੂ ਰਾਮ ਸਿੰਘ ਜੀ ਦੀ ਆਗਿਆ ਅਨੁਸਾਰ ਕੀਤੇ ਗਏ ਸਨ ਅਤੇ ਉਨ੍ਹਾਂ ਵਲੋਂ ਕੁ ਰਕਮ ਵੀ ਦੋਸ਼ੀਆਂ ਨੂੰ ਦਿੱਤੀ ਗਈ ਸੀ ਪਰ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਬਿਆਨ ਦਿੱਤਾ ਕਿ ਜੇ ਅਸੀਂ ਪੈਸਾ ਦਿੱਤਾ ਹੋਵੇਗਾ ਤਾਂ ਸਾਡੀ ਵਹੀ ਉਤੇ ਉਹ ਨਾਵਾਂ ਦਰਜ ਹੋਵੇਗਾ ਪਰ ਜਦੋਂ ਗੋਪਾਲ ਸਿੰਘ ਰਾਹੀਂ ਵਹੀਆਂ ਮੰਗਵਾਈਆਂ ਗਈਆਂ ਤਾਂ ਉਸ ਵਿਚ ਕਿਸੇ ਵੀ ਰਕਮ ਦਾ ਕੋਈ ਵੇਰਵਾ ਦਰਜ



Sri Satguru Jagjit Singh Ji Elibrary NamdhariElibrary@gmail.com

ਨਹੀਂ ਸੀ ਸਤਿਗੁਰੂ ਬਿਲਾਸ ਦੇ ਕਰਤਾ ਅਨੁਸਾਰ ਕੁਝ ਸਿੰਘਾਂ ਨੇ ਪਿੱਥੋਂ ਵਾਲੇ ਦੋਸ਼ੀਆਂ ਨੂੰ ਭਗੌੜੇ ਹੋ ਜਾਣ ਲਈ ਕਿਹਾ ਸੀ ਪਰ ਜਿੜੀ ਦ੍ਰਿੜਤਾ ਉਨ੍ਹਾਂ ਨੇ ਦਰਸਾਈ ਉਹ ਉਨ੍ਹਾਂ ਦੇ ਉੱਚੇ ਆਚਰਨ ਦੀ ਸਾਖੀ ਭਰਦੀ ਹੈ :

[1*]"ਦੱਲੂ ਪਿੱਥੋਂ ਵਾਲਿਆਂ ਨੂੰ ਜਾਇਕੈ ਫੜਾਉਣੇ ਲੱਗਾ। ਤੇਜਾ ਸਿੰਘ ਦਿਲਮਾ ਵਾਲੇ ਨੇ ਖ਼ਬਰ ਦਿੱਤੀ ਕਿ ਜੇਠੂਪੁਰੇ ਮੈ ਰਸਾਲਾ ਆਇ ਉਤਰਿਆ ਹੈ ਤੁਆਡੇ ਫੜਨੇ ਕੋ। ਤੁਸੀਂ ਆਪਣਾ ਬੰਦੋਬਸਤ ਕਰੋ। ਸਾਰੇ ਸਿੰਘ ਝਿੜੀ ਮੈ ਜਾਇ ਬੈਠੇ। ਦੂਲਾ ਸਿੰਘ ਨੇ ਕਹਾ ਤੁਸੀਂ ਭੱਜ ਜਾਓ। ਖ਼ੂਨ ਤੁਆਡੇ ਜ਼ੁੰਮੇਂ ਹੈ। ਤੁਆਨੂੰ ਨਹੀਂ ਛੱਡਣਗੇ। ਮਸਤਾਨ ਸਿੰਘ ਨੇ ਕਹਾ ਕਿ ਭੱਜ ਗਏ ਤਾਂ ਹੋਰਨਾਂ ਕੋਂ ਦੁੱਖ ਦੇਣਗੇ। ਤਾਂ ਤੇ ਅਸੀਂ ਕੀਤਾ ਹੈ ਕਾਰਾ ਅਸੀਂ ਸੀਸ ਤੇ ਸਹਾਰਾਂਗੇ। ਕਿਹਾ ਅਸੀਂ ਕਿਸੇ ਨੂੰ ਦੁੱਖ ਨਹੀਂ ਦੇਣਾ। ਨਾਲੇ ਕਰਕੇ ਕਾਰਾ ਨੱਸਣਾ ਨਾ ਚਾਹੀਏ। ਸਾਮ੍ਹਣੇ ਸੀਸ ਦੇਵਾਂਗੇ। ਜੋ ਗੁਰੂ ਜੀ ਕਰਨੀ ਹੈ ਸੋ ਹੋਣੀ ਹੈ, ਦੇਖੀ ਜਾਵੇਗੀ ਅਸੀਂ ਭਜਦੇ ਨਹੀਂ ਹੈ।"

ਬੱਸੀਆਂ ਦੇ ਸਥਾਨ ਉਤੇ ਹੀ 27 ਜੁਲਾਈ, 1871 ਨੂੰ ਡਿਪਟੀ ਕਮਿਸ਼ਨਰ ਕਾਵਨ ਅਤੇ ਜੇ. ਡਬਲਯੂ ਮੈਕਨਬ ਨੇ ਸੈਸ਼ਨ ਜੱਜ ਵਜੋਂ ਇਸ ਮੁਕੱਦਮੇ ਦੀ ਸੁਣਵਾਈ ਕੀਤੀ ਅਤੇ ਮਸਤਾਨ ਸਿੰਘ, ਗੁਰਮੁਖ ਸਿੰਘ, ਮੰਗਲ ਸਿੰਘ ਪਿਥੋ ਅਤੇ ਗੁਲਾਬ ਸਿੰਘ ਚੂਹੜਚੱਕ ਨੂੰ ਮੌਤ ਦੀ ਸਜ਼ਾ ਸੁਣਾਈ। ਇਸ ਦੌਰਾਨ ਡੀ. ਆਈ. ਜੀ. ਪੁਲਿਸ ਕਰਨਲ ਬੇਲੀ ਵੀ ਪਹੁੰਚ ਗਿਆ। ਹਾਲੀਂ ਅੰਮ੍ਰਿਤਸਰ ਦੇ ਮੁਕੱਦਮੇ ਦੀ ਸੁਣਵਾਈ ਪੂਰੀ ਨਹੀਂ ਸੀ ਹੋਈ। ਇਸ ਮੁਕੱਦਮੇ ਦੇ ਮੌਤ ਦੀ ਸਜ਼ਾ ਪਾ ਚੁੱਕੇ ਦੋਸ਼ੀ ਗੁਲਾਬ ਸਿੰਘ ਨੂੰ ਪੱਖਪਾਤੀ ਢੰਗ ਨਾਲ ਵਾਅਦਾ ਮਾਫ਼ ਗਵਾਹ ਬਣਾ ਕੇ ਦੋਸ਼ ਮੁਕਤ ਕਰ ਦਿੱਤਾ ਗਿਆ ਕਿਉਂਜੋ ਉਸ ਨੇ ਅੰਮ੍ਰਿਤਸਰ ਦੀ ਘਟਨਾ ਵਿਚ ਆਪਣਾ ਸ਼ਾਮਿਲ ਹੋਣਾ ਮੰਨ ਲਿਆ ਸੀ ਅਤੇ ਦੂਜੇ ਦੋਸ਼ੀਆਂ ਨੂੰ ਫੜਾਉਣ ਦਾ ਵਾਅਦਾ ਕੀਤਾ ਸੀ। ਅਗਸਤ 1871 ਨੂੰ ਚੀਫ ਕੋਰਟ ਪੰਜਾਬ ਦੇ ਜੱਜ ਸੀ. ਬੋਲੀਨੋਸ ਅਤੇ ਜੇ. ਐੱਸ ਕੈਂਪਬੈਲ ਨੇ ਇਨ੍ਹਾਂ ਸਜ਼ਾਵਾਂ ਨੂੰ ਪੱਕਾ ਕਰ ਦਿੱਤਾ। 5 ਅਗਸਤ, 1871 ਨੂੰ ਰਾਇਕੋਟ ਦੇ ਬੁੱਚੜਖਾਨੇ ਦੇ ਨੇੜੇ ਹੀ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਨੂੰ ਲਗਭਗ 200 ਲੋਕਾਂ ਦੀ ਹਾਜ਼ਰੀ ਵਿਚ ਫਾਂਸੀ ਦਿੱਤੀ ਗਈ। ਪਿੱਥੋਂ ਤੋਂ ਇਨ੍ਹਾਂ ਸ਼ਹੀਦ ਸਿੰਘਾਂ ਦੇ ਵਾਰਿਸ ਪਹੁੰਚੇ ਹੋਏ ਸਨ, ਉਨ੍ਹਾਂ ਨੇ ਇਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਪਿੱਥੋਂ ਲਿਜਾਕੇ ਦਾਹ ਸੰਸਕਾਰ ਕਰ ਦਿੱਤਾ। ਗਿਆਨੀ ਸਿੰਘ ਮੰਡੀ ਅਤੇ ਰਤਨ ਸਿੰਘ ਨਾਈਵਾਲਾ ਦੋਹਾਂ ਵਿਰੁੱਧ ਇਹ ਦੋਸ਼ ਲਾ ਕੇ ਮੁਕੱਦਮਾ ਚਲਾਇਆ ਗਿਆ ਕਿ ਇਨ੍ਹਾਂ ਨੇ ਰਾਇਕੋਟ ਦੇ ਬੁੱਚੜਾਂ ਦੇ ਕਾਤਲਾਂ ਨੂੰ ਹੱਲਾਸ਼ੇਰੀ ਦੇ ਕੇ ਉਕਸਾਇਆ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 441



Sri Satguru Jagjit Singh Ji Elibrary NamdhariElibrary@gmail.com

ਹੈ। ਗਿਆਨਾ ਸਿੰਘ (ਰਤਨ ਸਿੰਘ) ਮੰਡੀ ਕਲਾਂ ਦਾ ਨਾਮਧਾਰੀ ਪੰਥ ਵਿਚ ਬਹੁਤ ਸਤਿਕਾਰ ਸੀ ਕਿਉਂਜੋ ਉਹ ਨਾਮਧਾਰੀਆਂ ਦੇ ਪਰਸਪਰ ਝਗੜਿਆਂ ਦਾ ਨਿਪਟਾਰ ਕਰਵਾਉਣ ਵਾਲਾ ਅਦਾਲਤੀ ਸੂਬਾ ਮੰਨਿਆ ਜਾਂਦਾ ਸੀ। ਉਹ ਬੜਾ ਵਿਦਵਾਨ ਤੇ ਸੁੱਘੜ ਸੁਜਾਨ ਵਿਅਕਤੀ ਸੀ ਅਤੇ ਲੋਕ ਉਸ ਦੇ ਪੰਚ ਫੈਸਲੇ ਨੂੰ ਖਿੜੇ ਮੱ ਪ੍ਰਵਾਨ ਕਰਦੇ ਸਨ।

ਲੁਧਿਆਣੇ ਦੇ ਸੈਸ਼ਨਕੋਰਟ ਵਿਚ ਇਨ੍ਹਾਂ ਦੋਹਾਂ ਦਾ ਮੁਕੱਦਮਾ 26 ਅਕਤੂਬ ਨੂੰ ਪੇਸ਼ ਹੋਇਆ। ਦਲ ਵਿਚ, ਉਸ ਦੀ ਪਤਨੀ ਰਾਮ ਕੌਰ ਤੇ ਗੁਲਾਬ ਸਿੰਘ ਤੋਂ ਬਿਨਾਂ ਕਈ ਹੋਰ ਗਵਾਹੀਆਂ ਇਸਤਗਾਸੇ ਵਲੋਂ ਪੇਸ਼ ਕੀਤੀਆਂ ਗਈਆਂ। ਸੈਸ਼ਨ ਕੋਰਟ ਨੇ ਇਨ੍ਹਾਂ ਦੋਹਾਂ ਨੂੰ ਮੌਤ ਦੀ ਸਜ਼ਾ ਦੇ ਕੇ ਸੈਸ਼ਨ ਜੱਜ ਮੈਕਨਬ ਨੇ 3( ਅਕਤੂਬਰ 1871 ਨੂੰ ਇਨ੍ਹਾਂ ਸਜ਼ਾਵਾਂ ਦੀ ਪੁਸ਼ਟੀ ਲਈ ਮਿਸਲ ਚੀਫ ਕੋਰਟ ਨੂੰ ਭੇਜ ਦਿੱਤੀ।

ਚੀਫ ਕੋਰਟ ਦੇ ਜੱਜ ਬੋਲੀਨੋਸ ਨੇ ਮੁਕੱਦਮੇ ਦੇ ਸਾਰੇ ਪੱਖਾਂ ਨੂੰ ਵਿਚਾਰਿਆ ਅਤੇ ਦੋਹਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੀ ਥਾਂ ਕਾਲੇ ਪਾਣੀ ਦੀ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ। ਉਸ ਦਾ ਵਿਚਾਰ ਸੀ।

"ਮੈਂ ਮੁਕੱਦਮੇ ਦੇ ਸਾਰੇ ਪਹਿਲੂਆਂ ਨੂੰ ਵਿਚਾਰ ਕੇ ਮੌਤ ਦੀ ਸਜ਼ਾ ਦੇਣ ਤੋਂ ਝਿਜਕਦਾ ਹਾਂ। ਐਸੇ ਮੁਕੱਦਮਿਆਂ ਵਿਚ ਅਦਾਲਤ ਨੂੰ ਆਪਣੀ ਮਰਜ਼ੀ ਵਰਤਣ ਦੀ ਇਜਾਜ਼ਤ ਹੈ, ਸੋ ਮੈਂ ਬੜੇ ਜ਼ੋਰਦਾਰ ਤੌਰ ਤੇ ਮਹਿਸੂਸ ਕਰਦਾ ਹਾਂ ਕਿ ਇਸ ਮੁਕੱਦਮੇ ਵਿਚ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਮਿਸਲ ਵਿਚ ਆਈਆਂ ਗਵਾਹੀਆਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਗਿਆਨੀ ਨੇ ਸੱਚ ਮੁਚ ਇਨ੍ਹਾਂ ਕਤਲਾਂ ਵਿਚ ਸਿੱਧਾ ਹਿੱਸਾ ਲਿਆ ਹੈ। ਇਹ ਹੋ ਸਕਦਾ ਹੈ ਕਿ ਕਤਲਾਂ ਦੀਆਂ ਸਲਾਹਾਂ ਵਿਚ ਉਹ ਵੀ ਰਾਏ ਦਿੰਦਾ ਰਿਹਾ ਹੋਵੇ। ਜੱਜ ਸਾਹਿਬ ਨੇ ਫੈਸਲਾ ਦਿੱਤਾ ਕਿ ਮੈਂ ਗਿਆਨੀ ਜੀ (ਰਤਨ ਸਿੰਘ ਮੰਡੀ) ਅਤੇ ਰਤਨ ਸਿੰਘ ਨਾਈਵਾਲੀਏ ਦੀ ਮੌਤ ਦੀ ਸਜ਼ਾ ਨੂੰ ਬਦਲ ਕੇ ਕਾਲੇ ਪਾਣੀ ਦੀ ਸਜ਼ਾ ਦਿੰਦਾ ਹਾਂ।" ਪਰ ਜੱਜ ਕੈਮਬੈਲ ਨੇ ਇਸ ਮੁਕੱਦਮੇ ਨੂੰ ਨੀਮ ਸਿਆਸੀ ਰੰਗ ਵਿਚ ਪੇਸ਼ ਕਰਕੇ ਦੋਹਾਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਨੂੰ ਬਹਾਲ ਰੱਖਿਆ।

ਜੱਜ ਲਿੰਡਸੇ ਨੇ 23 ਨਵੰਬਰ, 1871 ਨੂੰ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ।

26 ਨਵੰਬਰ, 1871 ਨੂੰ ਲੁਧਿਆਣੇ ਜੇਲ੍ਹ ਦੇ ਬਾਹਰ-ਵਾਰ ਬਹੁਤ ਸਾਰੀ ਜਨਤਾ ਦੇ ਸਾਹਮਣੇ ਇਨ੍ਹਾਂ ਦੋਹਾਂ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ। ਇਸ ਬਾਰੇ ਸੰਤ ਬਾਹੋਵਾਲ ਦਾ ਬਿਆਨ ਇਨ੍ਹਾਂ ਦੋਹਾਂ ਵਲੋਂ ਫਾਂਸੀ ਚੜ੍ਹਨ ਸਮੇਂ ਦਰਸਾਈ ਗਈ ਦ੍ਰਿੜਤਾ ਅਤੇ ਅਡੋਲਤਾ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ :



Sri Satguru Jagjit Singh Ji Elibrary NamdhariElibrary@gmail.com

[1]*"ਜਾ ਬਾਬੇ ਗਿਆਨਾ ਸਿੰਘ ਤਖਤੇ ਪਰ ਚੜ੍ਹੇ ਤਾਂ ਬੋਲਾ ਕੀਤਾ। ਬਿਲਿਆ! ਮੂੰਹ ਤੇ ਸਾਹਮਣੇ ਰੱਖ ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿਚ ਕੱਟ ਕੇ ਫੇਰ ਆਇਆ ਜਾਣ, ਜੁਆਨ ਹੋਕੇ ਬਦਲੇ ਲਵਾਂਗੇ। ਸੁਣ ਓਏ ਬਿਲਿਆ ! ਤੇਰੀ ਮੱਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲੱਗੀ ਹੈ।..........ਅਸੀਂ ਭੀ ਕਿਧਰੇ ਨਹੀਂ ਜਾਣਾ ਹੈ, ਕੋਈ ਮਾਉਂ ਜਣੇਗੀ ਨਵੇਂ ਚੋਲੇ ਪਾਇਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ.........ਤੁਸਾਂ ਦੇ ਤਹਿਤ ਨੂੰ ਉਠਾਵਾਂਗੇ।"

ਇਨ੍ਹਾਂ ਸਿੰਘਾਂ ਦਾ ਦਾਹ-ਸੰਸਕਾਰ ਪੂਰਨ ਗੁਰੂ ਮਰਿਯਾਦਾ ਸਹਿਤ ਬੁਢੇ ਦਰਿਆ ਦੇ ਸ਼ਮਸ਼ਾਨ ਘਾਟ ਉੱਤੇ ਕੀਤਾ ਗਿਆ।

ਰਾਇਕੋਟ ਦੇ ਬੁੱਚੜਾਂ ਦੇ ਮੁਕੱਦਮੇ ਵਿਚ ਜਿਨ੍ਹਾਂ ਜਿਨ੍ਹਾਂ ਨੇ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਕੀਤੀ, ਉਨ੍ਹਾਂ ਨੂੰ ਪ੍ਰਸ਼ੰਸ਼ਾ ਪੱਤਰ, ਤਰੱਕੀਆਂ ਤੇ ਇਨਾਮ ਦਿੱਤੇ ਗਏ। ਮਹਾਰਾਜਾ ਮਹਿੰਦਰ ਸਿੰਘ, ਰਿਆਸਤ ਪਟਿਆਲਾ ਦਾ ਉਚੇਚਾ ਧੰਨਵਾਦ ਕੀਤਾ ਗਿਆ।

ਸ. ਨਰੈਣ ਸਿੰਘ ਇਨਸਪੈਕਟਰ ਨੂੰ ਈ. ਏ. ਸੀ. ਬਣਾ ਦਿੱਤਾ ਗਿਆ ਇੰਸਪੈਕਟਰ ਇਮਦਾਦ ਅਲੀ ਨੂੰ ਵੀ ਤਰੱਕੀ ਦਿੱਤੀ ਗਈ।

ਪਰ ਕੌਮ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਾ ਰੰਗ ਲਿਆਉਂਦੀਆਂ ਹਨ ਅਤੇ ਇਤਿਹਾਸ ਦੇ ਯਾਦਗਾਰੀ ਸਾਕੇ ਬਣ ਕੇ ਕੌਮੀ ਇਤਿਹਾਸ ਨੂੰ ਜਗਮਗਾਉਂਦੀਆਂ ਅਤੇ ਸਦੀਵ ਕਾਲ ਤੱਕ ਕੌਮੀ ਪਰਵਾਨਿਆਂ ਲਈ ਪ੍ਰੇਰਨਾ ਦੇ ਸੋਮੇ ਬਣੀਆਂ ਰਹਿੰਦੀਆਂ ਹਨ।

### ਕੂਕਾ ਲਹਿਰ ਸੰਘਰਸ਼ ਦੇ ਨਵੇਂ ਦੌਰ ਵਿਚ
### ਰੋਸ ਅਤੇ ਜੋਸ਼ ਦਾ ਨਵਾਂ ਉਭਾਰ

ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਾਂ ਦੇ ਕਤਲਾਂ ਦੇ ਸੰਬੰਧ ਵਿਚ ਦਿੱਤੀਆਂ ਗਈਆਂ ਮੌਤ ਦੀਆਂ ਸਜਾਵਾਂ ਨੇ ਨਾਮਧਾਰੀਆਂ ਦੇ ਮਨਾਂ ਵਿਚ ਅੰਗਰੇਜ਼ ਸਰਕਾਰ ਵਿਰੁੱਧ ਨਵੇਂ ਰੋਸ ਦੀ ਲਹਿਰ ਉਤਪੰਨ ਕਰ ਦਿੱਤੀ ਸੀ। ਇਨ੍ਹਾਂ ਸਿੰਘਾਂ ਨੇ ਗਊ-ਗਰੀਬ ਦੀ ਰਖਿਆ ਲਈ ਸ਼ਹੀਦੀਆਂ ਪਾਈਆਂ ਸਨ, ਪਰ ਗਿਆਨੀ ਸਿੰਘ ਮੰਡੀ ਅਤੇ ਗਿਆਨੀ ਰਤਨ ਸਿੰਘ ਨਾਈਵਾਲਾ ਜਿਨ੍ਹਾਂ ਨੂੰ 26 ਨਵੰਬਰ, 1871 ਨੂੰ ਲੁਧਿਆਣਾ ਵਿਖੇ ਫਾਂਸੀਆਂ ਦਿੱਤੀਆਂ ਗਈਆਂ ਸਨ, ਦਾ ਇਨ੍ਹਾਂ ਕਤਲਾਂ ਵਿਚ ਕੋਈ ਸਿੱਧਾ ਹੱਥ ਨਹੀਂ ਸੀ। ਇਨ੍ਹਾਂ ਦੋਹਾਂ ਦੇ ਮੁਕੱਦਮਿਆਂ ਬਾਰੇ ਵਿਚਾਰ ਕਰਦੇ ਹੋਏ ਚੀਫ ਕੋਰਟ ਦੇ ਜੱਜ ਬੋਲੀਨੋਸ ਨੇ ਆਪਣੀ

[1]* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 344



Sri Satguru Jagjit Singh Ji Elibrary NamdhariElibrary@gmail com

ਰਾਏ ਇਸ ਤਰ੍ਹਾਂ ਪ੍ਰਗਟਾਈ ਹੈ :

"ਮੈਂ ਮੁਕੱਦਮੇ ਦੇ ਸਾਰੇ ਪਹਿਲੂਆਂ ਨੂੰ ਵਿਚਾਰ ਕੇ ਮੌਤ ਦੀ ਸਜ਼ਾ ਦੇਣ ਤੋਂ ਝਿਜਕਦਾ ਹਾਂ। ਅਜਿਹੇ ਮੁਕੱਦਮਿਆਂ ਵਿਚ ਅਦਾਲਤ ਨੂੰ ਆਪਣੀ ਮਰਜ਼ੀ ਵਰਤਣ ਦੀ ਇਜਾਜ਼ਤ ਹੈ, ਸੋ ਮੈਂ ਬੜੇ ਜ਼ੋਰਦਾਰ ਤੌਰ ਤੇ ਮਹਿਸੂਸ ਕਰਦਾ ਹਾਂ ਕਿ ਇਸ ਮੁਕੱਦਮੇ ਵਿਚ ਆਈਆਂ ਗਵਾਹੀਆਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਗਿਆਨੀ ਨੇ ਸੱਚ-ਮੁਚ ਇਨ੍ਹਾਂ ਕਤਲਾਂ ਵਿਚ ਸਿੱਧਾ ਹਿੱਸਾ ਲਿਆ ਹੈ। ਇਹ ਹੋ ਕਸਦਾ ਹੈ ਕਿ ਕਤਲਾਂ ਦੀਆਂ ਸਲਾਹਾਂ ਵਿਚ ਉਹ ਵੀ ਰਾਏ ਦਿੰਦਾ ਰਿਹਾ ਹੋਵੇ। ਜੱਜ ਸਾਹਿਬ ਨੇ ਫੈਸਲਾ ਦਿੱਤਾ ਕਿ ਮੈਂ ਗਿਆਨੀ ਜੀ (ਰਤਨ ਸਿੰਘ ਮੰਡੀ) ਅਤੇ ਰਤਨ ਸਿੰਘ ਨਾਈਵਾਲੀਏ ਦੀ ਮੌਤ ਦੀ ਸਜ਼ਾ ਨੂੰ ਬਦਲ ਕੇ ਕਾਲੇ ਪਾਣੀ ਦੀ ਸਜ਼ਾ ਦਿੰਦਾ ਹਾਂ।"

ਪਰ ਦੂਜੇ ਜੱਜਾਂ ਕੈਂਪਬੈਲ ਅਤੇ ਲਿੰਡਸੇ ਨੇ ਬੋਲੀਨੋਸ ਦੀ ਰਾਏ ਨੂੰ ਨਜ਼ਰਅੰਦਾਜ਼ ਕਰਦਿਆਂ ਹੋਇਆਂ ਇਨ੍ਹਾਂ ਦੋਹਾਂ ਦੀ ਮੌਤ ਦੀ ਸਜ਼ਾ ਬਹਾਲ ਰਖੀ। ਇਥੋਂ ਤਕ ਕਿ ਇਨ੍ਹਾਂ ਦੇ ਫਾਂਸੀ ਚੜ੍ਹਨ ਵੇਲੇ ਅੰਗਰੇਜ਼ ਅਧਿਕਾਰੀ ਜੋ ਇਨ੍ਹਾਂ ਨੂੰ ਸਜਾ ਦੇਣ ਲਈ ਆਇਆ ਸੀ ਨੇ ਵੀ ਇਨ੍ਹਾਂ ਵੱਲ ਪਿੱਠ ਕਰ ਲਈ ਸੀ (ਜਿਵੇਂ ਉਹ ਇਸ ਸਜ਼ਾ ਬਾਰੇ ਆਪ ਵੀ ਸ਼ਰਮਸਾਰ ਹੋਵੇ।

ਨਾਮਧਾਰੀ ਸਮਾਜ ਵਿਚ ਕੇਵਲ ਅੰਗਰੇਜ਼ ਸਰਕਾਰ ਵਿਰੁੱਧ ਹੀ ਨਹੀਂ, ਸਗੋਂ ਪੂਰਬੀ ਪੰਜਾਬ ਦੀਆਂ ਦੇਸੀ ਰਿਆਸਤਾਂ ਪਟਿਆਲਾ, ਨਾਭਾ ਅਤੇ ਜੀਂਦ ਦੇ ਹਾਕਮਾਂ ਵਿਰੁੱਧ ਵੀ ਘਿਰਣਾ ਤੇ ਰੋਹ ਜਾਗ ਪਿਆ ਸੀ। ਇਨਾਂ ਨੇ ਰਾਇਕੋਟ ਦੇ ਦੋਸ਼ੀਆਂ ਨੂੰ ਗਿਰਫਤਾਰ ਕਰਾਉਣ ਵਿਚ ਇਕ-ਦੂਜੇ ਤੋਂ ਵੱਧ ਚੜ੍ਹ ਕੇ ਅੰਗਰੇਜ਼ਾਂ ਦੀ ਵਫਾਦਾਰੀ ਨੂੰ ਨਿਭਾਇਆ ਸੀ। ਮਹਾਰਾਜਾ ਮਹਿੰਦਰ ਸਿੰਘ ਤਾਂ ਉਚੇਚੇ ਸੂਹੀਏ ਭੈਣੀ ਸਾਹਿਬ ਭੇਜ ਕੇ ਨਾਮਧਾਰੀਆਂ ਬਾਰੇ ਖੁਫੀਆ ਰਿਪੋਰਟਾਂ ਅੰਗਰੇਜ਼ੀ ਸਰਕਾਰ ਨੂੰ ਭੇਜਦਾ ਰਹਿੰਦਾ ਸੀ। ਮਸਤਾਨਾ ਦਲ (ਜੋ ਨਾਮਧਾਰੀਆਂ ਦਾ ਗਰਮ ਦਲ ਸੀ) ਨੂੰ ਹੋਂਦ ਵਿਚ ਲਿਆਉਣ ਦਾ ਵੀ ਉਹ ਕਾਰਨ ਬਣਿਆ ਕਿਉਂ ਜੋ ਮਸਤਾਨੇ ਦਲ ਦਾ ਆਗੂ ਸ੍ਰ. ਹੀਰਾ ਸਿੰਘ ਸਕਰੌਦੀ ਉਸੇ ਦੀ ਨੌਕਰੀ ਛੱਡ ਕੇ ਮਸਤਾਨਾ ਦਲ ਨੂੰ ਜੱਥੇਬੰਦ ਕਰਨ ਵਿਚ ਸਭ ਤੋਂ ਮੋਹਰੀ ਸੀ। ਡਾ. ਫੌਜਾ ਸਿੰਘ ਅਨੁਸਾਰ :

ਸਕਰੌਦੀ ਦੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਦੀ ਅਗਵਾਈ ਵਿਚ ਆਗਾਮੀ ਸ਼ਹੀਦੀਆਂ ਪਾਉਣ ਵਾਲੇ ਦਲ ਨੂੰ ਜੱਥੇਬੰਦ ਕੀਤਾ ਗਿਆ। ਇਸ ਸੰਬੰਧ ਵਿਚ ਮਲੋਦ ਅਤੇ ਮਲੇਰਕੋਟਲੇ ਦੀਆਂ ਘਟਨਾਵਾਂ ਦੇ ਪਿਛੋਕੜ ਨੂੰ ਦਸਦਾ ਹੋਇਆ ਮੈਕਨੈਬ ਲਿਖਦਾ ਹੈ :

[1*]"ਇਹ ਭਵਿੱਖਬਾਣੀ ਕਰਕੇ ਨਾਮਧਾਰੀ ਸਮਾਜ ਵਿਚ ਫੇਰੀ ਗਈ ਹੈ

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 88



Sri Satguru Jagjit Singh Ji Elibrary NamdhariElibrary@gmail.com

ਕਿ ਅੰਗਰੇਜ਼ਾਂ ਦੇ ਰਾਜ ਨੂੰ ਉਲਟਾ ਕੇ ਖਾਲਸਾ ਰਾਜ ਨੂੰ ਦੁਬਾਰਾ ਕਾਇਮ ਕੀਤਾ ਜਾਵੇਗਾ। ਇਸੇ ਵਰ੍ਹੇ 1872 ਵਿਚ ਨਾਮਧਾਰੀ ਸਤਿਗੁਰੂ ਦੀ ਜ਼ਾਹਰੀ ਕਲਾ ਪ੍ਰਗਟ ਹੋਵੇਗੀ। ਕੂਕਿਆਂ ਨੇ ਆਪਣੀਆਂ ਜ਼ਮੀਨਾਂ ਅਤੇ ਜਾਇਦਾਦਾਂ ਵੇਚ ਦਿੱਤੀਆਂ ਹਨ। ਤਾਂ ਜੋ ਉਹ ਆਉਣ ਵਾਲੇ ਸੰਗਰਾਮ ਵਿਚ ਖੁੱਲੇ ਤੌਰ ਤੇ ਭਾਗ ਲੈ ਸਕਣ ਜੋ 1872 ਦੇ ਚੇਤ ਜਾਂ ਅਪਰੈਲ ਦੇ ਮਹੀਨੇ ਛੇੜਿਆ ਜਾਣਾ ਸੀ।"

## ਮਾਤਾ ਜੱਸਾਂ ਦਾ ਦੇਹਾਂਤ

ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਦਾ ਪਰਲੋਕ ਗਮਨ ਸੰਮਤ 1928 (1871) ਨੂੰ ਕਤਕ ਦੇ ਮਹੀਨੇ ਵਿਚ ਹੋਇਆ। ਸਤਿਗੁਰੂ ਜੀ ਉਸ ਸਮੇਂ ਅੰਮ੍ਰਿਤਸਰ ਦੀ ਦੀਪਮਾਲਾ ਦੇ ਅਵਸਰ ਉਤੇ ਜਾਣ ਦੀ ਤਿਆਰੀ ਕਰ ਚੁੱਕੇ ਸਨ। ਮੁਠੇਂਡੇ ਵਿਖੇ ਸਤਿਗੁਰੂ ਜੀ ਨੇ ਮੁਕਾਮ ਕੀਤਾ ਸੀ ਤੇ ਦੀਵਾਨ ਵਿਚ ਸਤਿਗੁਰੂ ਜੀ ਨੇ ਰਾਗੀ ਸਿੰਘਾਂ ਨੂੰ ਮਾਰੂ ਰਾਗ ਵਿਚ ਸ਼ਬਦ ਗਾਉਣ ਲਈ ਬਚਨ ਕੀਤਾ। ਭੈਣੀ ਸਾਹਿਬ ਤੋਂ ਸੁਨੇਹਾ ਪਹੁੰਚ ਗਿਆ ਕਿ ਮਾਤਾ ਜੱਸਾ ਜੀ ਅਕਾਲ ਚਲਾਣਾ ਕਰ ਗਏ ਹਨ। ਸ੍ਰੀ ਸਤਿਗੁਰੂ ਜੀ ਸੰਗਤ ਨੂੰ ਅੱਗੇ ਜਾਣ ਦਾ ਆਦੇਸ਼ ਦੇ ਕੇ ਆਪ ਭੈਣੀ ਸਾਹਿਬ ਵਾਪਿਸ ਆ ਗਏ। ਸੂਬਾ ਗੋਪਾਲ ਸਿੰਘ ਨੇ ਮਾਤਾ ਜੱਸਾ ਜੀ ਦਾ ਦਾਹ ਸੰਸਕਾਰ ਕਰਵਾ ਦਿੱਤਾ ਸੀ।

[1*]ਸੰਤ ਸੰਤੋਖ ਸਿੰਘ ਬਾਹੋਵਾਲ ਮਾਤਾ ਜੱਸਾ ਜੀ ਦੇ ਸੁਭਾ ਬਾਰੇ ਲਿਖਦੇ ਹਨ।

"ਦੀਨ ਦਯਾਲ ਜੀ ਬਚਨ ਕੀਤਾ ਜੱਸਾ ਤੂੰ ਏਥੇ ਘਰ ਸੁਖੀ ਬੈਠੀ ਹੈਂ। ਠੰਡਾ ਜਲ ਛਕਦੀ ਹੈਂ। ਜੱਸਾਂ ਜੀ ਬਚਨ ਕੀਤਾ ਜੀ ਧੁਆਡੇ ਨਾਲ ਮੈਨੂੰ ਛੱਪੜਾਂ ਦਾ ਜਲ ਮਨਜੂਰ ਹੈ ਪਰ ਨਾਲ ਹੀ ਜਾਵਾਂਗੀ। ਜੇਕਰ ਪਿਛੇ ਕਦੀ ਛੱਡ ਜਾਣਾ ਜੱਸਾਂ ਜੀ ਨੇ ਵੈਰਾਗ ਮੇਂ ਹੋਇਕੇ ਅੰਦਰ ਪੈ ਰਹਿਣਾ। ਕਈ ਕਈ ਦਿਨ ਪਰਸਾਦ ਨਾ ਛਕਣਾ। ਜੇਕਰ ਛਕਣਾ ਕਿਸੇ ਦਿਨ ਤਾਂ ਥੋੜਾ ਛਕਣਾ। ਭਜਨ ਕਰਨਾ ਅੱਠੇ ਪਹਿਰ ਜਾਂ ਸਤਿਗੁਰੂ ਜੀ ਔਣਾ ਤਾਂ ਦਰਸ਼ਨ ਕਰਕੇ ਸ਼ਾਂਤ ਔਣੀ ਤੇ ਅੰਨ ਪਾਣੀ ਛਕਣਾ, ਖੁਸ਼ੀ ਹੋਇਕੇ ਬੋਲਣਾ। ਜਿੰਨ੍ਹਾਂ ਚਿਰ ਸਤਿਗੁਰੂ ਦੀ ਮੂਰਤੀ ਦਾ ਦਰਸ਼ਨ ਨਾ ਹੋਵੇ ਉਨਾ ਚਿਰ ਬੋਲਣਾ ਭੀ ਨਾ। ਮਾਤਾ ਸੀਤਾ ਕਰਕੇ ਸੰਗਤ ਕਹਿੰਦੀ ਸੀ। ਪਹਿਲੇ ਤਾਂ ਸੁਭਾਉ ਸੀ ਕਿ ਕਦੇ ਕਦੇ ਬਚਨ ਮੋੜ ਦੇਣਾ ਫਿਰ ਸਤਿਗੁਰਾਂ ਕਿਰਪਾ ਕੀਤੀ ਤਾਂ ਸੁਭਾਉ ਬਦਲ ਗਿਆ। ਸਤਿਗੁਰੂ ਜੀ ਜੋ ਮੁੱਖ ਸੇ ਕਹਿੰਦੇ ਸੋ ਤਤਕਾਲ ਮੰਨਣਾ। ਬਚਨ ਮੋੜਦੇ ਨਾ ਸੇ। ਜਿਵੇਂ ਤਿਵੇਂ ਹੀ ਮੰਨਣਾ। ਸਤ ਸਤ ਕਰਦੀ ਰਹਿਣਾ। ਭੈ ਰਖਣਾ, ਹਰ ਵਕਤ ਹਾਜਰ ਰਹਿਣਾ।"

---

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 448



Sri Satguru Jagjit Singh Ji Elibrary NamdhariElibrary@gmail.com

## ਸਰਕਾਰ ਦੀਆਂ ਨਜ਼ਰਾਂ ਵਿਚ ਕੂਕਾ ਲਹਿਰ

ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਾਂ ਦੇ ਕਤਲਾਂ ਦੇ ਮੁਕੱਦਮੇ ਅਤੇ ਮੇਰਿੰਡੇ ਦੀ ਝੜਪ ਪਿਛੋਂ ਅੰਗਰੇਜ਼ ਸਰਕਾਰ ਕੂਕਾ ਲਹਿਰ ਨੂੰ ਦਬਾਉਣ ਬਾਰੇ ਵਧੇਰੇ ਗੰਭੀਰਤਾ ਨਾਲ ਸੋਚਣ ਲਗ ਪਈ ਸੀ। ਇਸ ਗੱਲ ਦੇ ਪ੍ਰਮਾਣ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਮੈਕਨੈਬ ਦੀ 4 ਨਵੰਬਰ 1871 ਅਤੇ ਡੀ. ਆਈ. ਜੀ. ਪੁਲਿਸ ਮੈਕਐਂਡਰੀਊ ਦੀ 20 ਨਵੰਬਰ, 1871 ਦੀਆਂ ਸਰਕਾਰੀ ਰਿਪੋਰਟਾਂ ਤੋਂ ਮਿਲ ਜਾਂਦੇ ਹਨ।

## ਮੈਕਨੈਬ ਦੀ ਰਿਪੋਰਟ ਦਾ ਸਾਰ

"ਮੈਕਨੈਬ ਲਿਖਦਾ ਹੈ ਕਿ ਗੁਰੂ ਰਾਮ ਸਿੰਘ ਅਰਥਾਤ ਕੂਕਾ ਲਹਿਰ ਦਾ ਮੁੱਖ ਉਦੇਸ਼ ਧਾਰਮਿਕ ਨਾਲੋਂ ਰਾਜਨੀਤਕ ਹੈ ਅਤੇ ਉਹ ਕਿਸੇ ਵੇਲੇ ਵੀ ਅੰਗਰੇਜ਼ੀ ਸਰਕਾਰ ਲਈ ਖਤਰਨਾਕ ਸਿੱਧ ਹੋ ਸਕਦੀ ਹੈ। ਸਾਧਾਰਨ ਜਨਤਾ ਤੋਂ ਬਿਨਾਂ ਬਹੁਤ ਸਾਰੇ ਵੱਡੇ ਵੱਡੇ ਸਰਦਾਰ ਤੇ ਜਗੀਰਦਾਰ ਇਸ ਲਹਿਰ ਨਾਲ ਜੁੜ ਚੁੱਕੇ ਹਨ। ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਾਂ ਦੇ ਕਤਲ ਗੁਰੂ ਰਾਮ ਸਿੰਘ ਤੋਂ ਪ੍ਰੇਰਨਾ ਲੈ ਕੇ ਹੀ ਕੀਤੇ ਗਏ ਸਨ। ਗਿਆਨੀ ਸਿੰਘ ਸਿੱਧੇ ਤੌਰ ਤੇ ਮਜਿਸਟਰੇਟ ਵਾਲੀ ਕਾਰਵਾਈ ਨਿਭਾ ਰਿਹਾ ਹੈ। ਉਹ ਧਾਰਮਿਕ ਵਿਅਕਤੀ ਬਿਲਕੁਲ ਨਹੀਂ ਹੈ। ਗੁਰੂ ਰਾਮ ਸਿੰਘ ਇਸ ਫਿਰਕੇ ਦਾ ਇਕੋ ਇਕ ਨੇਤਾ ਹੈ ਜੋ ਕਿਸੇ ਵੇਲੇ ਵੀ ਬਗਾਵਤ ਦੀ ਅੱਗ ਨੂੰ ਭੜਕਾ ਸਕਦਾ ਹੈ। ਸਾਰੇ ਕੂਕੇ ਉਸ ਦੇ ਹੁਕਮ ਦੀ ਪਾਲਨਾ ਕਰਦੇ ਹਨ। ਇਸ ਲਈ ਸਰਕਾਰ ਲਈ ਇਹੀ ਉਚਿਤ ਹੋਵੇਗਾ ਕਿ ਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰਕੇ ਕਿਸੇ ਅਜਿਹੀ ਥਾਂ ਭੇਜ ਦਿੱਤਾ ਜਾਵੇ, ਜਿੱਥੇ ਉਸ ਦੇ ਪੈਰੋਕਾਰ ਉਸ ਨੂੰ ਮਿਲ ਨਾ ਸਕਣ। ਉਸ ਦੇ ਸਾਰੇ ਸੂਬਿਆਂ ਨੂੰ ਪਿੰਡਾਂ ਵਿਚ ਨਜ਼ਰਬੰਦ ਕਰ ਦੇਣਾ ਚਾਹੀਦਾ ਹੈ। ਜੇ ਵੇਲੇ ਸਿਰ ਕਾਰਵਾਈ ਨਾ ਕੀਤੀ ਗਈ ਤਾਂ ਰਾਮ ਸਿੰਘ ਦੀ ਚੜ੍ਹਤ ਹੋਰ ਵੱਧ ਜਾਵੇਗੀ ਅਤੇ ਉਹ ਸਰਕਾਰ ਵਿਰੁੱਧ ਵੱਡੀ ਬਗਾਵਤ ਖੜੀ ਕਰ ਸਕੇਗਾ। ਉਨ੍ਹਾਂ ਦਾ ਸਪਸ਼ਟ ਇਰਾਦਾ ਅੰਗਰੇਜ਼ੀ ਹਕੂਮਤ ਨੂੰ ਉਲਟਾ ਕੇ ਸਿੱਖ ਰਾਜ ਨੂੰ ਮੁੜ ਬਹਾਲ ਕਰਨਾ ਹੈ।"

ਮੈਕਨੈਬ ਦੀ ਰਿਪੋਰਟ ਤੋਂ ਪ੍ਰਭਾਵਿਤ ਹੋ ਕੇ ਡੀ. ਆਈ. ਜੀ. ਪੁਲਿਸ ਮੈਕਐਂਡਰੀਊ ਨੇ 20 ਨਵੰਬਰ, 1871 ਨੂੰ ਵਧੇਰੇ ਵਿਸਥਾਰ ਪੂਰਵਕ ਰਿਪੋਰਟ ਪੰਜਾਬ ਸਰਕਾਰ ਨੂੰ ਭੇਜੀ, ਜਿਸ ਦੇ ਮੁੱਖ ਨੁਕਤੇ ਇਸ ਪ੍ਰਕਾਰ ਸਨ :

"ਬਹੁਤ ਸਾਰੇ ਸਰੋਤਾਂ ਤੋਂ ਜੋ ਸੂਚਨਾ ਮੈਨੂੰ ਮਿਲੀ ਹੈ ਉਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਬੁੱਚੜਾਂ ਦੇ ਕਤਲਾਂ ਬਾਰੇ ਗੁਰੂ ਰਾਮ ਸਿੰਘ ਦੀ ਸਹਿਮਤੀ ਮੌਜੂਦ ਸੀ। ਦਮਦਮੇ ਸਾਹਿਬ ਤੋਂ ਵਾਪਿਸ ਆਉਂਦਿਆਂ ਖੋਟਿਆਂ ਦੇ ਇਕੱਠ ਵਿਚ ਜਦੋਂ ਸੂਬਿਆਂ ਅਤੇ ਮਸਤਾਨਿਆਂ ਵਿਚ ਕੁਝ ਝਗੜਾ ਹੋ ਗਿਆ ਤਾਂ ਗੁਰੂ ਰਾਮ ਸਿੰਘ



Sri Satguru Jagjit Singh Ji Elibrary NamdhariElibrary@gmail.com

ਨੇ ਕਿਹਾ ਸੀ "ਆਪਸ ਵਿਚ ਕਿਉਂ ਲੜਦੇ ਹੋ? ਜੇ ਤੁਸੀਂ ਸੱਚ-ਮੁਚ ਹੀ ਧਰਮ ਦੇ ਸੱਚੇ ਅਨੁਯਾਯੀ ਹੋ, ਤਾਂ ਆਪੋ ਵਿਚ ਲੜਨ ਦੀ ਥਾਂ ਇਸ ਧਰਤੀ ਉਤੋਂ ਗਊ-ਕੁਸ਼ੀ ਨੂੰ ਖਤਮ ਕਰਵਾਉ, ਤਾਂ ਜੋ ਬੁੱਚੜ ਗਊ-ਬੱਧ ਨਾ ਕਰ ਸਕਣ।" ਇਥੋਂ ਸਿੱਧ ਹੁੰਦਾ ਹੈ ਕਿ ਕੂਕਿਆਂ ਨੇ ਗੁਰੂ ਰਾਮ ਸਿੰਘ ਦੇ ਇਨ੍ਹਾਂ ਸ਼ਬਦਾਂ ਤੋਂ ਉਤਸ਼ਾਹਿਤ ਹੋ ਕੇ ਬੁੱਚੜਾਂ ਦੇ ਕਤਲ ਕੀਤੇ ਸਨ।

ਇਨ੍ਹਾਂ ਮੁਕੱਦਮਿਆਂ ਦੇ ਸਰਕਾਰੀ ਗੁਆਹ ਹਰਨਾਮ ਸਿੰਘ, ਦਲ ਸਿੰਘ ਅਤੇ ਗੁਲਾਬ ਸਿੰਘ ਵੀ ਇਸੇ ਗੱਲ ਦੀ ਪੁਸ਼ਟੀ ਕਰਦੇ ਹਨ। ਜੇ ਅੰਮ੍ਰਿਤਸਰ ਅਤੇ ਰਾਇਕੋਟ ਦੇ ਮੁਕੱਦਮਿਆਂ ਦੀਆਂ ਗਵਾਹੀਆਂ ਗੁਰੂ ਰਾਮ ਸਿੰਘ ਨੂੰ ਅਦਾਲਤੀ ਕਾਰਵਾਈ ਵਿਚ ਸਜ਼ਾ ਦੇਣ ਲਈ ਕਾਫੀ ਨਹੀਂ ਸਨ, ਤਾਂ ਨਿਸ਼ਚੇ ਹੀ ਰਾਜਸੀ ਕਾਰਨਾਂ ਕਰਕੇ ਗੜਬੜ ਦੀਆਂ ਸੰਭਾਵਨਾਵਾਂ ਤੋਂ ਬਚਣ ਲਈ ਰਾਮ ਸਿੰਘ ਨੂੰ ਅਜਿਹੀ ਥਾਂ ਉਤੇ ਜਲਾਵਤਨ ਕਰ ਦੇਣਾ ਚਾਹੀਦਾ ਹੈ, ਜਿੱਥੇ ਉਸਦੇ ਪੈਰੋਕਾਰ ਉਸ ਨੂੰ ਮਿਲ ਨਾ ਸਕਣ।

ਸੂਬਿਆਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਨਜ਼ਰ-ਬੰਦ ਕਰ ਦੇਣਾ ਚਾਹੀਦਾ ਹੈ ਅਤੇ ਕੂਕਿਆਂ ਦੇ ਦੀਵਾਨਾਂ ਉੱਤੇ ਪਾਬੰਦੀਆਂ ਲਾ ਦੇਣੀਆਂ ਚਾਹੀਦੀਆਂ ਹਨ। ਇਸ ਸਮੇਂ ਅਜਿਹੀ ਕਾਰਵਾਈ ਕਰਨੀ ਬੜੀ ਉਚਿਤ ਹੋਵੇਗੀ। ਜੇ ਅਦਾਲਤੀ ਕਾਰਵਾਈ ਵਿਚ ਗੁਰੂ ਰਾਮ ਸਿੰਘ ਨੂੰ ਸਜ਼ਾ ਨਾ ਦਿੱਤੀ ਜਾ ਸਕੀ, ਤਾਂ ਉਸ ਦੀ ਪ੍ਰਭੁਤਾ ਵਿਚ ਹੋਰ ਵਾਧਾ ਹੋਵੇਗਾ।

ਗੁਰੂ ਰਾਮ ਸਿੰਘ ਗੰਭੀਰ, ਦੂਰ ਅੰਦੇਸ਼ ਤੇ ਸੁਘੜ ਸਿਆਣਾ ਪੁਰਸ਼ ਹੈ। ਪਹਿਲਾਂ ਉਸਦੇ ਪੈਰੋਕਾਰ ਛੋਟੀਆਂ ਜਾਤਾਂ ਵਿਚੋਂ ਸਨ, ਹੁਣ ਵੱਡੇ-ਵੱਡੇ ਸਰਦਾਰ ਤੇ ਜਾਗੀਰਦਾਰ ਉਸਦੇ ਪੰਥ ਵਿਚ ਆ ਸ਼ਾਮਿਲ ਹੋਏ ਹਨ। ਜਿੱਥੇ ਵੀ ਉਹ ਜਾਂਦਾ ਹੈ, ਉਸਦੀ ਸ਼ਾਨ ਸਮਰਾਟਾਂ ਵਾਲੀ ਹੁੰਦੀ ਹੈ। ਕੂਕਾ ਲਹਿਰ ਦੇ ਵਾਧੇ ਨਾਲ ਉਸਦੇ ਅਨੁਯਾਯੀ ਜੋ ਉਸਨੂੰ ਪਹਿਲਾਂ ਮਹੰਤ ਰਾਮ ਸਿੰਘ, ਫਿਰ ਗੁਰੂ ਰਾਮ ਸਿੰਘ, ਫਿਰ ਸਤਿਗੁਰੂ ਰਾਮ ਸਿੰਘ ਤੇ ਹੁਣ "ਸਤਿਗੁਰੂ ਪਾਤਸ਼ਾਹ" ਕਹਿ ਕੇ ਸੰਬੋਧਨ ਕਰਨ ਲਗ ਪਏ ਹਨ। ਉਸਦੇ ਪੈਰੋਕਾਰ ਰਿਸ਼ਟ-ਪੁਸ਼ਟ ਤੇ ਸੁੰਦਰ ਚਿੱਟੀਆਂ ਪੁਸ਼ਾਕਾਂ ਵਿਚ ਹੁੰਦੇ ਹਨ। ਪਿਛਲੇ ਦਸਾਂ ਸਾਲਾਂ ਤੋਂ ਕੂਕੇ ਸਰਕਾਰ ਦੀ ਸਿਰਦਰਦੀ ਦਾ ਕਾਰਨ ਬਣੇ ਹੋਏ ਹਨ। ਜੇ ਗੁਰੂ ਰਾਮ ਸਿੰਘ ਵਿਰੁੱਧ ਸਰਕਾਰ ਅਦਾਲਤੀ ਕਾਰਵਾਈ ਨਹੀਂ ਕਰਨਾ ਚਾਹੁੰਦੀ, ਤਾਂ ਉਸਨੂੰ ਬੰਗਾਲ ਦੇ ਰੈਗੂਲੇਸ਼ਨ ਐਕਟ ਦੀ ਧਾਰਾ III ਅਧੀਨ ਜਲਾਵਤਨ ਕਰ ਦੇਣਾ ਚਾਹੀਦਾ ਹੈ। ਇਸ ਤੋਂ ਬਿਨਾਂ ਲੁਧਿਆਣੇ ਦੀ ਛਾਉਣੀ ਵਿਚ ਸੈਨਿਕਾਂ ਦੀ ਗਿਣਤੀ ਵਿਚ ਵਾਧਾ ਕਰ ਦੇਣਾ ਚਾਹੀਦਾ ਹੈ।"

ਜਦੋਂ ਇਹ ਰਿਪੋਰਟਾਂ ਪੰਜਾਬ ਸਰਕਾਰ ਕੋਲ ਪੁੱਜੀਆਂ, ਤਾਂ ਪੰਜਾਬ ਦਾ



Sri Satguru Jagjit Singh Ji Elibrary NamdhariElibrary@gmail com

ਗਵਰਨਰ ਗੁਰੂ ਰਾਮ ਸਿੰਘ ਉੱਤੇ ਮੁਕੱਦਮਾ ਚਲਾਉਣ ਦੇ ਹੱਕ ਵਿਚ ਨਹੀਂ ਸੀ। ਉਸਨੇ ਇਹ ਰਿਪੋਰਟਾਂ ਦਫਤਰ ਦਾਖਿਲ ਕਰ ਦਿੱਤੀਆਂ।

ਇਥੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਅੰਗਰੇਜ਼ ਸਰਕਾਰ ਦਾ ਪ੍ਰਬੰਧਕੀ ਢਾਂਚਾ ਕਾਫੀ ਮਜਬੂਤ ਸੀ ਤੇ ਉਹ ਇਸ ਸਮੇਂ ਕੂਕਾ ਲਹਿਰ ਨੂੰ ਵੱਧਣ ਲਈ ਹੋਰ ਸਮਾਂ ਦੇ ਰਹੇ ਸਨ, ਤਾਂ ਜੋ ਉਨ੍ਹਾਂ ਦੇ ਹੱਥ ਕੋਈ ਅਜਿਹਾ ਮੌਕਾ ਆ ਸਕੇ ਕਿ ਉਹ ਇਸ ਲਹਿਰ ਨੂੰ ਦਬਾਉਣ ਵਿਚ ਪੱਕੇ ਹੱਥ ਪਾ ਸਕਣ।

## ਕੋਈ ਫਰਕ ਨਹੀਂ ਹੈ

ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਬੁੱਧ ਸਿੰਘ ਹੁਣ ਤੱਕ ਆਪਣੇ ਘਰੋਗੀ ਕੰਮ ਕਾਰ ਵਿਚ ਹੀ ਲੱਗੇ ਰਹਿੰਦੇ ਸਨ। ਇਕ ਦਿਨ ਜਦੋਂ ਮੋਢੇ ਉੱਤੇ ਹੱਲ ਰਖੀਂ ਉਹ ਆ ਰਹੇ ਸਨ, ਤਾਂ ਸਤਿਗੁਰੂ ਜੀ ਨੇ ਬੁੱਧ ਸਿੰਘ ਨੂੰ ਹੱਲ ਰੱਖ ਦੇਣ ਲਈ ਕਿਹਾ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਹੁਣ ਤੁਸੀਂ ਭਜਨ ਬੰਦਗੀ ਕਰਿਆ ਕਰੋ ਅਤੇ ਲੰਗਰ ਵਿਚੋਂ ਪਰਸ਼ਾਦਾ ਛਕਿਆ ਕਰੋ। [1*]"ਸਤਿਗੁਰੂ ਜੀ ਉਥੋਂ ਹੀ ਬਾਂਹ ਫੜਕੇ ਲੰਗਰ ਮੈਂ ਲੈ ਆਏ। ਲਾਂਗਰੀਆਂ ਨੇ ਦੋ ਚੌਕੀਆਂ ਡਾਹ ਦਿੱਤੀਆਂ। ਦੋਨੋਂ ਭਾਈ ਚਿੱਟੀਆਂ ਪੁਸ਼ਾਕਾਂ ਪਾਇਕੇ ਚੌਕੀਆਂ ਪਰ ਬੈਠੇ। ਪਰਸਾਦ ਛਕਣੇ ਲਗੇ। ਦੀਨਾਨਾਥ ਜੀ ਸਿੱਖਾਂ ਨੂੰ ਪੁੱਛਿਆ ਸਾਡੇ ਦੋਹਾਂ ਮੈਂ ਕੋਈ ਫਰਕ ਲੱਗਦਾ ਹੈ ? ਸਿੱਖਾਂ ਕਿਹਾ ਜੀ ਕੋਈ ਫਰਕ ਨਹੀਂ ਹੈ।"

"ਬਾਬਾ ਬੁੱਧ ਸਿੰਘ ਜੀ ਉਸੇ ਦਿਨ ਤੋਂ ਲੰਗਰ ਵਿਚੋਂ ਪਰਸ਼ਾਦ ਛੱਕਣ ਲੱਗੇ ਤੇ ਭਜਨ ਬਾਣੀ ਵਿਚ ਲੀਨ ਰਹਿਣ ਲੱਗੇ। ਜਿਵੇਂ ਸਤਿਗੁਰੂ ਜੀ ਬਚਨ ਕਰਦੇ ਉਵੇਂ ਹੀ ਮੰਨਦੇ। ਬਚਪਨ ਤੋਂ ਹੀ ਦੋਹਾਂ ਭਰਾਵਾਂ ਦਾ ਬੜਾ ਪ੍ਰੇਮ ਸੀ।" ਸ੍ਰੀ ਸਤਿਗੁਰੂ ਜੀ ਬਚਨ ਕੀਤਾ - ਬੁੱਧ ਸਿੰਘ ਨਾ ਤੇਰੇ ਪੁੱਤਰ ਹੈਂ ਨਾ ਮੇਰੇ ਪੁੱਤਰ ਹੈਂ। ਮੈਂ ਤਾਂ ਜਾਣਾ ਹੈ ਪਰਦੇਸ ਨੂੰ, ਤੂੰ ਤਾਂ ਬਿਵਾਹ ਕਰਵਾਇ ਲੈ ਹੋਰ। ਮਹਾਰਾਜ ਜੀ ਚੁਪ ਕਰ ਰਹੇ। ਕੋਈ ਉੱਤਰ ਨਹੀਂ ਦਿੱਤਾ ਉਸ ਵਕਤ"

ਇਸ ਨਿੱਕੀ ਜਿਹੀ ਘਟਨਾ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਜਾਣਦੇ ਸਨ।

ਸਤਿਗੁਰੂ ਜੀ ਨੇ ਮਾਘੀ ਦੇ ਪੁਰਬ ਉਤੇ ਮੁਕਤਸਰ ਜਾਣ ਦੀ ਸਰਕਾਰ ਕੋਲੋਂ ਆਗਿਆ ਮੰਗੀ, ਜੋ ਦਿੱਤੀ ਨਹੀਂ ਸੀ ਗਈ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਮਾਘੀ ਦਾ ਜੋੜ ਮੇਲਾ ਇਸ ਸਾਲ ਰਾਮਦਾਸਪੁਰੇ ਹੀ ਮਨਾਇਆ ਜਾਵੇ।

---

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 423



Sri Satguru Jagjit Singh Ji Elibrary NamdhariElibrary@gmail.com

**ਮਾਘੀ ਦਾ ਜੋੜ-ਮੇਲਾ-10 ਤੋਂ 13 ਜਨਵਰੀ 1872**

[1*]"ਅੱਗੇ ਮਾਘੀ ਨੇੜੇ ਆਈ। ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਜੱਸਾ ਕੇ ਭੋਗ ਪੌਣੇ ਹੈਂ। ਚਿੱਠੀਆਂ ਲਿਖ ਭੇਜੋ ਮਾਘੀ ਪਰ ਭੋਗ ਪੈਣਗੇ। ਸਰਬ ਖਾਲਸਾ ਆਵੇ। ਰਾਮਦਾਸਪੁਰੇ ਮੈਂ। ਸਾਰੇ ਦੇਸਾਂ ਨੂੰ ਲਿਖਿਆ। ਜਿਨ੍ਹਾਂ ਨੇ ਦਰਸ਼ਨ ਕਰਨਾ ਹੈ ਮੇਰਾ ਸੋ ਇਸ ਮੇਲੇ ਪਰ ਆਵੇ ਕਰ ਲਵੇ। ਫੇਰ ਦਰਸ਼ਨ ਸਮੇਂ ਨਾਲ ਹੋਊਗਾ।" ਇਸ ਮੇਲੇ ਉੱਤੇ ਮਾਤਾ ਜੱਸਾ ਜੀ ਅਤੇ ਸ਼ਹੀਦ ਹੋਏ ਸਿੰਘਾਂ ਨਮਿਤ 101 ਪਾਠਾਂ ਦਾ ਭੋਗ ਪਾਇਆ ਗਿਆ। ਮਾਘੀ ਦੇ ਮੇਲੇ ਦੀਆਂ ਰੌਣਕਾਂ ਬਾਰੇ ਸੰਤ ਬਾਹੋਵਾਲ ਦਾ ਬਿਆਨ ਵਰਣਨਯੋਗ ਹੈ।" ਮਾਘੀ ਨੇੜੇ ਆਈ ਤਾਂ ਸਿੰਘਾਂ ਦੀਆਂ ਫੌਜਾਂ ਵੀ ਆਵਨੇ ਲਗੀਆਂ ਜਿੱਥੇ ਜਿੱਥੇ ਸਿੰਘਾਂ ਨੇ ਸੁਣਿਆ ਸੋ ਸੋ ਸਭ ਆਏ। ਦਰਸ਼ਨ ਕਰਦੇ ਹੈਂ। ਤੀਨ ਤਾਪ ਹਰਦੇ ਹੈਂ। ਮਾਘੀ ਆਈ ਤਾਂ ਸਰਦਾਰ ਲੋਕ ਔਣ ਲੱਗੇ। ਰੱਥਾਂ ਪਰ, ਗਡਿਆਂ ਪਰ, ਹੋਰ ਕਈ ਸਵਾਰੀਆਂ ਆਈਆਂ। ਢੋਲਕੀਆਂ ਛੈਣੇ ਬਜਦੇ ਚਲੇ ਆਂਵਦੇ ਹੈਂ। ਦਰਸ਼ਨ ਕਰਕੇ ਮੋਹਣੀ ਮੂਰਤ ਕਾ ਨਿਹਾਲ ਹੁੰਦੇ ਹੈਂ। ਜੈਕਾਰੇ ਗਜਾਉਂਦੇ ਹੈਨ। ਸ਼ਬਦ ਪੜ੍ਹਦੇ ਹੈਨ। ਅੰਮ੍ਰਿਤ ਕੀ ਬਾਰਸ਼ ਹੁੰਦੀ ਹੈ। ਮਾਨੋ ਹੰਸਾਂ ਕੀਆ ਡਾਰਾਂ ਫਿਰਦੀਆਂ ਹੈਨ। ਕੋਈ ਮਾਲਾ ਫੇਰਦਾ ਹੈ, ਕੋਈ ਬਾਣੀ ਪੜ੍ਹਦਾ ਹੈ।"

ਇਸ ਸਮੇਂ ਮਸਤਾਨਾ ਦਲ ਦੇ ਸ਼ਹੀਦੀ ਜੱਥੇ ਦੇ ਸਿੰਘ ਵੀ ਹੁਮ ਹੁਮਾ ਕੇ ਪੁੱਜੇ। ਉਹਨਾਂ ਦਾ ਡੇਰਾ ਅਕਾਲ ਬੁੰਗੇ ਦੇ ਸਾਹਮਣੇ ਕੁਝ ਵਿੱਥ ਉੱਤੇ ਖੂਹ ਉੱਤੇ ਲਵਾਇਆ ਗਿਆ। ਸੰਤ ਬਾਹੋਵਾਲ ਅਨੁਸਾਰ ਬਿਛੌਣੇ ਵਿਛਾਏ ਗਏ ਅਤੇ 25 ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਪ੍ਰਕਾਸ਼ ਕੀਤਾ ਗਿਆ।" ਹੁਕਮ ਇਹ ਦਿੱਤਾ ਪਾਂਚ ਸਿੰਘ ਉੱਚੀ ਪਾਠ ਕਰੋ ਹੋਰ ਸਿੰਘ ਹੌਲੀ ਹੌਲੀ ਪਾਠ ਕਰੋ। ਇਕੱਤਰ ਸੋ ਭੋਗ ਪਿਆ। [2*]ਬਾਬਾ ਸਨਮੁਖ ਸਿੰਘ ਨੇ ਅਰਜ ਕੀਤੀ ਜੀ ਪ੍ਰਾਨੀ ਕੇ ਚੜ੍ਹੇ ਕਾ ਜੋ ਭੋਗ ਹੈ ਤਿਸਕੇ ਪਾਛੇ 'ਸਦ' ਪੜ੍ਹਿਆ ਚਾਹੀਏ। ਕਈ ਪੜ੍ਹਦੇ ਹੈਂ ਕਈ ਨਹੀਂ ਪੜ੍ਹਦੇ। ਸ੍ਰੀ ਸਤਿਗੁਰੂ ਜੀ ਹੁਕਮ ਦਿੱਤਾ ਕਿ ਸਭ 'ਸਦ' ਪੜਿਆ ਕਰੋ। ਜਿਸ ਪ੍ਰਾਣੀ ਦੇ ਨਮਿਤ ਬਹੁਤ ਭੋਗ ਹੋਣ ਉਸ ਕੇ ਨਮਿਤ ਇਕ ਵਾਰ 'ਸਦ' ਪੜ੍ਹਿਆ ਚਾਹੀਏ ਤਾਂ 'ਸਦ' ਪੜ੍ਹਨੇ ਲਗੇ।

**ਫਰਵਾਹੀ ਦੇ ਨੰਬਰਦਾਰ ਗੁਰਮੁਖ ਸਿੰਘ ਦੇ ਬਿਆਨ ਦਾ ਪ੍ਰਭਾਵ**

ਫਰਵਾਹੀ ਦੇ ਨੰਬਰਦਾਰ ਗੁਰਮੁਖ ਸਿੰਘ ਨੇ ਆ ਕੇ ਖਬਰ ਦਿਤੀ ਕਿ ਇਕ ਬੰਨੇ ਤਾਂ ਸਿੰਘ ਗਊ-ਗਰੀਬ ਦੀ ਰੱਖਿਆ ਲਈ ਸ਼ਹੀਦੀਆਂ ਪਾ ਰਹੇ ਹਨ

---

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 453

[2*] ਉਪਰੋਕਤ, ਪੰਨਾ 454



Sri Satguru Jagjit Singh Ji Elibrary NamdhariElibrary@gmail com

ਅਤੇ ਦੂਜੇ ਬੰਨੇ ਮਲੇਰਕੋਟਲੇ ਵਿਖੇ ਕਹਿਰ ਵਰਤ ਰਿਹਾ ਹੈ। ਉਸਨੇ ਦੱਸਿਆ ਕਿ [1*]"ਮੈਂ ਜਦੋਂ ਆ ਰਿਹਾ ਸਾਂ ਤਾਂ ਮਲੇਰਕੋਟਲੇ ਦਾ ਇਕ ਅਰਾਈਂ ਬਲਦ ਉਤੇ ਮਣਾਂ ਮੂੰਹੀ ਸਬਜੀ ਦਾ ਭਾਰ ਲੱਦੀ ਆ ਰਿਹਾ ਸੀ। ਉਹ ਆਪ ਵੀ ਉਸ ਉਤੇ ਸਵਾਰ ਹੋ ਕੇ ਬੈਠਾ ਸੀ। ਮੈਂ ਉਸ ਨੂੰ ਰੋਕਿਆ ਕਿ ਕਿਉਂ ਗਊ ਦੇ ਜਾਏ ਨੂੰ ਦੁਖੀ ਕਰਦਾ ਹੈਂ। ਬੈਲ ਉਤੇ ਤਾਂ ਸਬਜੀ ਦਾ ਭਾਰ ਹੀ ਬਹੁਤ ਹੈ। ਉਸ ਨਾਲ ਮੇਰਾ ਬੋਲ-ਬੁਲਾਰਾ ਹੋ ਗਿਆ। ਸ਼ਹਿਰ ਵਿਚ ਜਾ ਕੇ ਮੈਂ ਹਾਕਮਾ ਅੱਗੇ ਫਰਿਆਦ ਕੀਤੀ ਕਿ ਅਜਿਹਾ ਕਹਿਰ ਬੰਦ ਹੋਣਾ ਚਾਹੀਦਾ ਹੈ, ਪਰ ਹਾਕਮਾਂ ਨੇ ਮੇਰੀ ਇਕ ਨਾ ਸੁਣੀ, ਸਗੋਂ ਮੇਰੀਆਂ ਅੱਖਾਂ ਸਾਹਮਣੇ ਉਸ ਬੈਲ ਨੂੰ ਜਿਬ੍ਹਾ ਕਰਵਾ ਦਿੱਤਾ। ਉਹ ਤੜਫਦਾ ਹੋਇਆ ਮੇਰੇ ਸਾਹਮਣੇ ਦਮ ਤੋੜ ਗਿਆ। ਉੱਥੇ ਰਾਮ ਗਊਆਂ ਵੀ ਨਿਤ ਮਾਰੀਆਂ ਜਾਂਦੀਆਂ ਹਨ। ਖਾਲਸਾ ਜੀ! ਸਾਡਾ ਜੀਵਨ ਹਰਾਮ ਹੈ!" ਇਹ ਖਬਰ ਸੁਣਕੇ ਰੋਸ ਦੀ ਜਬਰਦਸਤ ਲਹਿਰ ਫੈਲ ਗਈ ਤੇ ਮਸਤਾਨਾ ਦਲ ਨੇ ਸ. ਹੀਰਾ ਸਿੰਘ ਅਤੇ ਲਹਿਣਾ ਸਿੰਘ ਦੀ ਅਗਵਾਈ ਵਿਚ ਸ਼ਹੀਦੀ ਜੱਥਾ ਬਣਾ ਕੇ ਮਲੇਰਕੋਟਲੇ ਉਤੇ ਹੱਲਾ ਬੋਲਣ ਦਾ ਐਲਾਨ ਕਰ ਦਿੱਤਾ। ਜੋਸ਼ ਵਿਚ ਆ ਕੇ 150 ਦੇ ਲਗਭਗ ਸਿੰਘ ਮਲੇਰਕੋਟਲੇ ਤੇ ਧਾਵਾ ਬੋਲਣ ਲਈ ਤਿਆਰ ਹੋ ਗਏ। ਸਤਿਗੁਰੂ ਜੀ ਨੇ ਜਾ ਕੇ ਗਲ ਵਿਚ ਪੱਲਾ ਪਾ ਕੇ ਉਨ੍ਹਾਂ ਨੂੰ ਕਿਹਾ ਕਿ ਆਪਣੇ ਘਰੋਂ-ਘਰੀ ਚਲੇ ਜਾਉ। 'ਹਾਲੀ ਪਨੀਰੀ ਬੜੀ ਨੰਨ੍ਹੀਂ ਹੈ।' ਪਰ ਸਿੰਘਾਂ ਨੇ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਨੇ ਦਰਸ਼ਨ ਦੇ ਕੇ ਅਜਿਹਾ ਕਰਨ ਲਈ ਹੁਕਮ ਕੀਤਾ ਹੈ। ਸਤਿਗੁਰੂ ਜੀ ਨੇ ਕਿਹਾ 'ਮੈਂ ਫਰੰਗੀ ਦੀ ਮਾਰ ਤਾਂ ਝੱਲ ਸਕਦਾ ਹਾਂ, ਪਰ ਗੁਰੂ ਤੇਗ ਬਹਾਦਰ ਸਾਹਿਬ ਦਾ ਹੁਕਮ ਤਾਂ ਮੈਂ ਵੀ ਨਹੀਂ ਮੋੜ ਸਕਦਾ।' ਪਰ ਹਾਲੀ ਸਮਾਂ ਨਹੀਂ ਆਇਆ। ਥੋੜਾ ਚਿਰ ਹੋਰ ਉਡੀਕ ਕਰੋ। ਪਰ ਮਸਤਾਨਾ ਦਲ ਬੜੇ ਜੋਸ਼ ਵਿਚ ਸੀ। ਸ. ਹੀਰਾ ਸਿੰਘ ਨੇ ਕਿਹਾ ਸਾਨੂੰ ਆਪਣੇ ਹਥੀਂ ਜਾਂਦੀ ਵਾਰ ਦਾ ਲੰਗਰ ਛਕਾ ਦਿਉ। ਇਨ੍ਹਾਂ ਸਿੰਘਾਂ ਨੂੰ ਲੰਗਰ ਤਿਆਰ ਕਰਵਾ ਕੇ ਛਕਾਇਆ ਗਿਆ। ਹੀਰਾ ਸਿੰਘ ਨੇ ਮੂਹਰੇ ਹੋ ਕੇ ਤਲਵਾਰ ਨਾਲ ਲਕੀਰ ਖਿੱਚ ਦਿੱਤੀ ਤੇ ਲਲਕਾਰ ਕੇ ਕਿਹਾ ਕਿ ਜਿਸਨੇ ਸੀਸ ਦੇਣਾ ਹੈ, ਉਹ ਲਕੀਰ ਤੋਂ ਪਾਰ ਹੋ ਜਾਵੇ। "ਢਾਈ ਸੌ ਵਿਚੋਂ ਕੋਈ 140 ਸਿੰਘਾਂ ਨੇ ਲੀਕ ਟੱਪੀ। ਹੁਣ ਸਰਦਾਰ ਹੀਰਾ ਸਿੰਘ ਨੇ ਧਰਮਯੁੱਧ ਲਈ ਕਮਰ ਕਸੇ ਕਰਨ ਦਾ ਅਰਦਾਸਾ ਕੀਤਾ ਅਤੇ ਵਿਦਾ ਹੋਣ ਲਗਿਆਂ ਸਤਿਗੁਰੂ ਜੀ ਤੋਂ ਪੁੱਛਿਆ "ਪਾਤਸ਼ਾਹ! ਪਹਿਲਾ ਪੜਾ ਕਿਥੇ ਕੀਤਾ ਜਾਵੇ?" ਸਤਿਗੁਰੂ ਜੀ ਨੇ ਕਿਹਾ "ਹੈ ਭੀ ਰੱਬ ਹੋਸੀ ਭੀ ਰੱਬ" ਇਸ ਦਾ ਅਰਥ ਮਸਤਾਨਿਆਂ ਨੇ ਰੱਬੋਂ ਪਿੰਡ ਸਮਝਿਆ।" [2*]ਸਿੰਘਾਂ ਵਿਚ ਇਨਾਂ ਜੋਸ਼ ਸੀ ਕਿ ਦੋ

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 384

[2*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 462



Sri Satguru Jagjit Singh Ji Elibrary NamdhariElibrary@gmail.com

ਰੁੜਕੇ ਦੇ ਜ਼ਿਮੀਦਾਰ ਉੱਤਮ ਸਿੰਘ ਤੇ ਚੜ੍ਹਤ ਸਿੰਘ ਲੰਗਰ ਵਿਚੋਂ ਆਟਾ ਗੁੰਨਦੇ ਹੋਏ ਆ ਕੇ ਸ਼ਹੀਦੀ ਜੱਥੇ ਵਿਚ ਜਾ ਰਲੇ।

ਦੋ ਮਾਈਆਂ ਇੰਦ ਕੌਰ ਤੇ ਖੇਮ ਕੌਰ, ਜੋ ਪਹਿਲਾਂ ਕੋਠੇ ਤੇ ਚੜ੍ਹ ਕੇ ਸਿੰਘਾਂ ਨੂੰ ਸ਼ਹੀਦੀ ਜੱਥੇ ਵਿਚ ਰੱਲਣ ਲਈ ਵੰਗਾਰ ਪਾ ਰਹੀਆਂ ਸਨ, ਵੀ ਜੱਥੇ ਵਿਚ ਸ਼ਾਮਿਲ ਹੋ ਗਈਆਂ।

ਡਾ. ਫੌਜਾ ਸਿੰਘ ਨੇ ਇਸ ਸਮੇਂ ਦੇ ਮਹਿਲ ਨੂੰ ਬੜਾ ਤਨਾਉ ਭਰਿਆ ਤੇ ਉੱਤੇਜਨਾ ਵਾਲਾ ਦੱਸਿਆ ਹੈ। ਸਰਕਾਰੀ ਕਰਮਚਾਰੀ ਇਸ ਮੇਲੇ ਦੀਆਂ ਕਾਰਵਾਈਆਂ ਦੀਆਂ ਰਿਪੋਰਟਾਂ ਦੇਣ ਲਈ ਇਥੇ ਪੁੱਜੇ ਹੋਏ ਸਨ। ਸਤਿਗੁਰੂ ਜੀ ਨੇ ਭਾਵੇਂ ਮਸਤਾਨਾ ਦਲ ਦੇ ਸ਼ਹੀਦੀ ਜੱਥੇ ਨੂੰ, ਹੁਣ ਡਕਣਾਂ ਉਚਿਤ ਨਾ ਸਮਝਿਆ, ਪਰ ਆਪ ਜੀ ਨੂੰ ਇਨ੍ਹਾਂ ਕਾਰਵਾਈਆਂ ਦੇ ਸਿੱਟਿਆਂ ਬਾਰੇ ਗਿਆਨ ਸੀ। ਇਸ ਵਿਚ ਵੀ ਕੋਈ ਸੰਦੇਹ ਨਹੀਂ ਸੀ ਕਿ ਸਰਕਾਰ ਨੂੰ ਇਨਾਂ ਸਭ ਘਟਨਾਵਾਂ ਦੇ ਪਿੱਛੇ ਸਤਿਗੁਰੂ ਜੀ ਦਾ ਹੱਥ ਹੀ ਲੱਗਦਾ ਸੀ। ਭਾਵੇਂ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੇ ਮਨ੍ਹਾਂ ਕਰਨ ਉੱਤੇ ਵੀ ਇਸ ਸ਼ਹੀਦੀ ਜੱਥੇ ਨੇ ਆਪਣੇ ਹੱਠ ਕਾਰਨ ਹੀ ਕੂਚ ਕੀਤਾ ਸੀ। ਸਰਕਾਰੀ ਕਰਮਚਾਰੀ ਪਲ-ਪਲ ਦੀਆਂ ਖ਼ਬਰਾਂ ਸਰਕਾਰ ਨੂੰ ਭੇਜ ਰਹੇ ਸਨ। ਪੁਲੀਸ ਇਨਸਪੇਕਟਰ ਸਰ-ਫਿਰਾਜ਼ ਖ਼ਾਨ ਇਸੇ ਕਾਰਨ ਇਥੇ ਹਾਜ਼ਰੀ ਭਰ ਰਿਹਾ ਸੀ। ਸਤਿਗੁਰੂ ਜੀ ਨੇ ਉਸਨੂੰ ਬੁਲਾ ਕੇ ਕਿਹਾ 'ਇਹ ਸਿੰਘ ਮੇਰੇ ਤੋਂ ਬਾਹਰੇ ਹੋ ਕੇ ਮਲੇਰਕੋਟਲੇ ਨੂੰ ਗਏ ਹਨ।' ਸਰਫਿਰਾਜ਼ ਖ਼ਾਨ ਦੇ ਕਹਿਣ ਉੱਤੇ ਸਤਿਗੁਰੂ ਜੀ ਨੇ ਇਨ੍ਹਾਂ 13 ਸਿੰਘਾਂ ਦੇ ਨਾਮ ਉਸਨੂੰ ਦੱਸ ਦਿੱਤੇ। ਇਹ 13 ਸਿੰਘ ਸਨ "ਲਹਿਣਾ ਸਿੰਘ, ਹੀਰਾ ਸਿੰਘ, ਅਨੂਪ ਸਿੰਘ, ਊਧਮ ਸਿੰਘ, ਨੰਦ ਸਿੰਘ, ਜੋਗਾ ਸਿੰਘ, ਵਰਿਆਮ ਸਿੰਘ, ਭਾਗ ਸਿੰਘ, ਨਰੈਣ ਸਿੰਘ, ਸਾਹਿਬ ਸਿੰਘ, ਸੁਜਾਨ ਸਿੰਘ, ਗਿਆਨ ਸਿੰਘ ਅਤੇ ਕਾਨ੍ਹ ਸਿੰਘ। ਸਤਿਗੁਰੂ ਜੀ ਦੀ ਦਿਲੀ ਮਨਸ਼ਾ ਸੀ ਕਿ ਸਰਕਾਰ ਪੇਸ਼ਬੰਦੀ ਕਰਕੇ ਇਸ ਟਕਰਾਉ ਨੂੰ ਰੋਕ ਦੇਵੇ।

ਇਸੇ ਮਨੋਰਥ ਲਈ ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਨੂੰ ਉਚੇਚੇ ਤੌਰ ਤੇ ਭੇਜਿਆ ਕਿ ਉਹ ਆਪਣੇ ਵਲੋਂ ਸਰਕਾਰ ਨੂੰ ਜਾ ਕੇ ਇਸ ਸ਼ਹੀਦੀ ਜੱਥੇ ਬਾਰੇ ਸੂਚਨਾ ਦੇ ਦੇਵੇ। ਸੂਬਾ ਲੱਖਾ ਸਿੰਘ ਪਹਿਲਾਂ ਸਾਹਨੇਵਾਲ ਥਾਣੇ ਪੁੱਜਾ। ਪਰ ਜਦੋਂ ਉਥੇ ਉਸ ਦੀ ਗੱਲ ਨਾ ਗੌਲੀ ਗਈ, ਤਾਂ ਉਸਨੇ ਲੁਧਿਆਣੇ ਜਾ ਕੇ ਪੁਲੀਸ ਸੁਪਰਡੈਂਟ ਨੂੰ ਸਾਰੀ ਸੂਚਨਾ ਦੇ ਦਿੱਤੀ।

ਮਲੇਰਕੋਟਲੇ ਰਿਆਸਤ ਦਾ ਨਵਾਬ ਮਰ ਚੁੱਕਾ ਸੀ ਅਤੇ ਉਸ ਦਾ ਹਾਲੀ ਕੋਈ ਵਾਰਿਸ ਮੁਕੱਰਰ ਨਹੀਂ ਸੀ ਕੀਤਾ ਗਿਆ। ਇਸ ਲਈ ਉਥੋਂ ਦਾ ਪ੍ਰਬੰਧ ਰੀਜੈਂਸੀ ਕੌਂਸਲ ਦੇ ਅਧੀਨ ਸੀ। ਜਿਸਦੀ ਵਾਗਡੋਰ ਲੁਧਿਆਣੇ ਦੇ ਡਿਪਟੀ



Sri Satguru Jagjit Singh Ji Elibrary NamdhariElibrary@gmail.com

ਕਮਿਸ਼ਨਰ ਕਾਵਨ ਦੇ ਹੱਥ ਵਿਚ ਸੀ।

ਲੁਧਿਆਣੇ ਦੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਕੋਈ ਠੋਸ ਕਾਰਵਾਈ ਕਰਨ ਦੀ ਥਾਂ ਉਲਟਾ ਸੂਬਾ ਲੱਖਾ ਸਿੰਘ ਨੂੰ ਕੈਦ ਕਰ ਲਿਆ ਗਿਆ। ਉਸਨੂੰ ਵਾਪਿਸ ਭੈਣੀ ਸਾਹਿਬ ਨਾ ਜਾਣ ਦਿੱਤਾ ਗਿਆ। ਰਾਤ ਅੱਠ ਵਜੇ ਆ ਕੇ ਪੁਲੀਸ ਇਨਸਪੈਕਟਰ ਸਰਫਰਾਜ਼ ਖ਼ਾਨ ਨੇ ਵੀ ਜ਼ਿਲ੍ਹਾ ਅਧਿਕਾਰੀਆਂ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ।

ਜ਼ਿਲ੍ਹਾ ਅਧਿਕਾਰੀਆਂ ਵੱਲੋਂ ਕੋਈ ਫੌਰੀ ਕਾਰਵਾਈ ਨਾ ਕਰਨ ਬਾਰੇ ਐਮ. ਐਮ. ਆਹਲੂਵਾਲੀਆ ਇਸ ਤਰ੍ਹਾਂ ਲਿਖਦਾ ਹੈ, 1*"ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਅੰਗਰੇਜ਼ਾਂ ਨੇ ਦੂਜੀ ਸਿੱਖ ਜੰਗ ਵਿਚ ਮੁਲਤਾਨ ਦੀ ਬਗ਼ਾਵਤ ਸਮੇਂ ਪਹਿਲਾਂ-ਪਹਿਲ ਉਸਨੂੰ ਫੈਲ ਜਾਣ ਦੀ ਨੀਤੀ ਨੂੰ ਅਪਣਾਇਆ ਸੀ, ਤਾਂ ਜੋ ਪਿਛੋਂ ਉਸਨੂੰ ਦਬਾ ਕੇ ਪੰਜਾਬ ਰਾਜ ਦੇ ਰਲੇਵੇਂ ਦੀ ਗੱਲ ਨੂੰ ਸਿਰੇ ਚਾੜ੍ਹਿਆ ਜਾ ਸਕੇ। ਐਨ ਇਸੇ ਤਰ੍ਹਾਂ ਸਰਕਾਰ ਕੋਈ ਅਗਲੇਰਾ ਕਦਮ ਨਹੀਂ ਸੀ ਚੁੱਕ ਰਹੀ। ਤਾਂ ਜੋ ਜੋਸ਼ ਵਿਚ ਭੜਕੇ ਹੋਏ ਕੂਕੇ ਹਿੰਸਕ ਵਾਰਦਾਤਾਂ ਕਰ ਸਕਣ। ਇਸ ਨਾਲ ਸਰਕਾਰ ਨੂੰ ਕੂਕਿਆਂ ਨੂੰ ਪੂਰੀ ਤਰ੍ਹਾਂ ਦਬਾਉਣ ਲਈ ਚੰਗਾ ਬਹਾਨਾ ਤੇ ਮੌਕਾ ਮਿਲ ਸਕੇਗਾ।

---

1* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰ ਆਫ਼ ਦ ਪੰਜਾਬ, ਪੰਨਾ 84



Sri Satguru Jagjit Singh Ji Elibrary NamdhariElibrary@gmail.com

## 25

# ਮਲੌਂਦ ਅਤੇ ਮਲੇਰਕੋਟਲਾ ਦੇ ਇਤਿਹਾਸਕ ਸਾਕੇ

**ਰੱਬੋਂ ਵਿਚ ਡੇਰਾ (13 ਜਨਵਰੀ, 1872)**

13 ਜਨਵਰੀ 1872 ਨੂੰ ਸ਼ਹੀਦੀ ਜੱਥਾ ਭੈਣੀ ਸਾਹਿਬ ਤੋਂ ਚਲ ਕੇ ਲਾਟੋਂ, ਕਟਾਣੀ, ਰਾਮਪੁਰ ਤੇ ਪਾਇਲ ਤੋਂ ਹੁੰਦਾ ਹੋਇਆ ਰਾਤ ਤਕ ਰੱਬੋਂ ਪਹੁੰਚ ਗਿਆ। ਜੱਥੇ ਦੇ ਨਾਲ ਜਿਹੜੇ ਨੰਬਰਦਾਰ ਤੇ ਪੁਲਿਸ ਦੇ ਸਿਪਾਹੀ ਪਿਛਾ ਕਰ ਰਹੇ ਸਨ, ਇਹ ਵੇਖ ਕੇ ਕਿ ਜੱਥਾ ਹੁਣ ਅੰਗਰੇਜ਼ੀ ਇਲਾਕੇ ਤੋਂ ਬਾਹਰ ਰਿਆਸਤ ਦੇ ਖੇਤਰ ਵਿਚ ਚਲਾ ਗਿਆ ਹੈ, ਵਾਪਿਸ ਮੁੜ ਗਏ। ਰਾਤ ਪੈਣ ਤਕ ਜੱਥਾ ਰੱਬੋਂ ਪਹੁੰਚ ਗਿਆ। ਅਗਲੇ ਦਿਨ ਦੁਪਹਿਰ ਤਕ ਜੱਥਾ ਰੱਬੋਂ ਹੀ ਟਿਕਿਆ ਰਿਹਾ। ਰੱਬੋਂ ਦੇ ਹੀ ਨਾਮਧਾਰੀ ਸਿੰਘਾਂ ਨੇ ਜੱਥੇ ਲਈ ਲੰਗਰ ਪਾਣੀ ਦਾ ਪ੍ਰਬੰਧ ਕੀਤਾ ਅਤੇ ਸਾਰੀ ਰਾਤ ਜੱਥਾ ਸ਼ਬਦ ਕੀਰਤਨ ਕਰਦਾ ਰਿਹਾ।

ਪਿੰਡ ਦੇ ਲੋਕ ਵੀ ਦੀਵਾਨ ਵਿਚ ਆ ਗਏ। ਇਸ ਸਮੇਂ ਕਿਰਪਾਨ ਉਤੇ ਪਾਬੰਦੀ ਲਗੀ ਹੋਈ ਸੀ। ਸ਼ਹੀਦੀ ਜੱਥੇ ਦੇ ਬੰਦਿਆਂ ਕੋਲ 3-4 (ਦਾਤਣਾਂ ਲਾਹੁਣ ਵਾਲੇ) ਟਕੂਏ ਤੇ ਕੁਝ ਡਾਂਗਾਂ ਹੀ ਸਨ। ਉਨ੍ਹਾਂ ਨੇ ਮਲੇਰਕੋਟਲੇ ਉਤੇ ਹਮਲਾ ਕਰਨ ਦਾ ਨਿਸ਼ਾਨਾ ਤਾਂ ਮਿਥ ਲਿਆ ਸੀ, ਪਰ ਬੇਹਥਿਆਰੇ ਸਿੰਘ ਮਲੇਰਕੋਟਲੇ ਦੇ ਹਥਿਆਰਬੰਦ ਅਮਲੇ ਦਾ ਕਿਵੇਂ ਟਾਕਰਾ ਕਰ ਸਕਦੇ ਸਨ? ਇਸ ਲਈ ਸ. ਹੀਰਾ ਸਿੰਘ ਦੇ ਕਹਿਣ ਉਤੇ ਮਲੌਂਦ ਦੇ ਸਰਦਾਰ ਬਦਨ ਸਿੰਘ ਤੋਂ ਕੁਝ ਹਥਿਆਰ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਗਿਆ। ਦੁਪਹਿਰ ਤੋਂ ਬਾਦ ਜੱਥਾ ਮਲੌਂਦ ਨੂੰ ਰਵਾਨਾ ਹੋ ਗਿਆ, ਜੋ ਰੱਬੋਂ ਤੋਂ ਕੁਝ ਮੀਲਾਂ ਦੀ ਵਿਥ ਤੇ ਸੀ।

ਸਰਦਾਰ ਬਦਨ ਸਿੰਘ ਉਸ ਇਲਾਕੇ ਦਾ ਮੰਨਿਆ-ਪਰਮੰਨਿਆ ਜਾਗੀਰਦਾਰ ਸੀ। ਉਹ ਕਿਸੇ ਸਮੇਂ ਸ੍ਰੀ ਭੈਣੀ ਸਾਹਿਬ ਗਿਆ ਸੀ ਤੇ ਉਸਨੇ ਸਤਿਗੁਰੂ ਰਾਮ ਸਿੰਘ ਜੀ ਕੋਲ ਬੇਨਤੀ ਕੀਤੀ ਸੀ ਕਿ "ਮਹਾਰਾਜ ਜੀ! ਸਾਨੂੰ ਵੀ ਕੋਈ ਸੇਵਾ ਬਖਸ਼ੋ!" ਹੀਰਾ ਸਿੰਘ ਕੋਲ ਹੀ ਬੈਠਾ ਸੀ ਅਤੇ ਉਸਨੇ ਸ. ਬਦਨ ਸਿੰਘ ਨੂੰ ਕਿਹਾ ਕਿ ਸਮਾਂ ਆਉਣ ਤੇ ਤੁਹਾਨੂੰ ਵੀ ਸੇਵਾ ਦਾ ਮੌਕਾ



Sri Satguru Jagjit Singh Ji Elibrary NamdhariElibrary@gmail.com

ਦਿਆਂਗੇ। ਕੁਝ ਲੇਖਕਾਂ ਨੇ ਸਰਦਾਰ ਬਦਨ ਸਿੰਘ ਨੂੰ ਹੀਰਾ ਸਿੰਘ ਦਾ ਰਿਸ਼ਤੇਦਾਰ ਵੀ ਦੱਸਿਆ ਹੈ। 14 ਜਨਵਰੀ ਨੂੰ ਹੀ ਰਾਤ ਪੈਣ ਸਮੇਂ ਜੱਥੇ ਦੇ ਸਿੰਘ ਮਲੌਦ ਦੇ ਪੱਛਮ ਵਾਲੇ ਦਰਵਾਜੇ ਤੋਂ ਹੁੰਦੇ ਹੋਏ ਸਰਦਾਰ ਦੇ ਕਿਲ੍ਹੇ ਵਿਚ ਜਾ ਵੜੇ ਸਰਦਾਰ ਹੀਰਾ ਸਿੰਘ ਨੇ ਬਦਨ ਸਿੰਘ ਨੂੰ ਉਸਦੀ ਉਹ ਗਲ ਯਾਦ ਕਰਵਾਈ ਤੇ ਮਲੇਰਕੋਟਲੇ ਉਤੇ ਧਾਵਾ ਕਰਨ ਲਈ ਘੋੜਿਆਂ ਤੇ ਹਥਿਆਰਾਂ ਦੀ ਮੰਗ ਕੀਤੀ। ਬਦਨ ਸਿੰਘ ਬਿਸਵੇਦਾਰ ਤੇ ਜਾਗੀਰਦਾਰ ਸਰਦਾਰਾਂ ਦੀ ਸ਼੍ਰੇਣੀ ਵਿਚੋਂ ਸੀ। ਉਸਨੂੰ ਫਰੰਗੀ ਸਰਕਾਰ ਦਾ ਭੈਅ ਵੀ ਸੀ। ਉਸਨੇ ਹਥਿਆਰ ਦੇਣ ਅਤੇ ਜੱਥੇ ਦੀ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਉਤੇ ਮਾਤਾ ਇੰਦ ਕੌਰ, ਜੋ ਜੱਥੇ ਦੇ ਨਾਲ ਆਈ ਸੀ, ਨੇ ਤੈਸ਼ ਵਿਚ ਆ ਕੇ ਬਦਨ ਸਿੰਘ ਨੂੰ ਟਕੂਆ ਮਾਰ ਕੇ ਜ਼ਖਮੀ ਕਰ ਦਿੱਤਾ, ਜਿਸ ਪਿਛੋਂ ਬਦਨ ਸਿੰਘ ਤਾਂ ਅੰਦਰ ਭਜ ਗਿਆ ਪਰ ਉਸ ਦੇ ਬੰਦਿਆਂ ਨੇ ਖਤਰੇ ਦੀ ਸੀਟੀ ਵਜਾ ਦਿੱਤੀ ਤੇ ਦੋਹਾਂ ਧਿਰਾਂ ਵਿਚ ਝੜਪ ਸ਼ੁਰੂ ਹੋ ਗਈ।

ਇਸ ਲੜਾਈ ਵਿਚ ਸ਼ਹੀਦੀ ਜੱਥੇ ਦੇ ਦੋ ਸਿੰਘ ਨੰਦ ਸਿੰਘ (ਹੰਡਿਆਇਆ) ਅਤੇ ਅਤਰ ਸਿੰਘ ਥਾਂ 'ਤੇ ਹੀ ਮਾਰੇ ਗਏ ਅਤੇ ਚਾਰ ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਅਤੇ ਮਿਹਰ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਰੌਲਾ ਸੁਣ ਕੇ ਲਾਗਲੇ ਪਿੰਡ ਖੇੜੀ ਤੋਂ ਵੀ ਵਾਹਰ ਆ ਗਈ ਸੀ ਅਤੇ ਲੋਕ ਕੋਠਿਆਂ ਤੋਂ ਜੱਥੇ ਨੂੰ ਇਟਾਂ-ਵੱਟੇ ਵੀ ਮਾਰ ਰਹੇ ਸਨ। ਇਸ ਝੜਪ ਵਿਚ ਬਦਨ ਸਿੰਘ ਦੇ ਦੋ ਨੌਕਰ ਬੂਟਾ ਕੋਚਵਾਨ ਤੇ ਮੁਨਸ਼ੀ ਨਬੀ ਬਖਸ਼ ਮਾਰੇ ਗਏ ਅਤੇ ਦੋ-ਬਦਨ ਸਿੰਘ ਤੇ ਨਿਹਾਲ ਸਿੰਘ ਜ਼ਖਮੀ ਹੋ ਗਏ ਸਨ। ਸ਼ਹੀਦੀ ਜੱਥੇ ਦੇ ਹੱਥ ਤਿੰਨ ਤਲਵਾਰਾਂ, ਇਕ ਦੁਨਾਲੀ ਬੰਦੂਕ, ਦੋ ਘੋੜੇ ਅਤੇ ਇਕ ਘੋੜੀ ਹੱਥ ਲੱਗੇ ਅਤੇ ਸ਼ਹੀਦੀ ਜੱਥਾ ਇਟਾਂ-ਵੱਟਿਆਂ ਅਤੇ ਮਲੌਦ ਦੀ ਵਾਹਰ ਨਾਲ ਟਾਕਰਾ ਕਰਦਾ ਹੋਇਆ ਕਿਲ੍ਹੇ ਤੋਂ ਬਾਹਰ ਆ ਗਿਆ। ਸ਼ਹੀਦੀ ਜੱਥੇ ਨੂੰ ਇਸ ਮੁਕਾਬਲੇ ਵਿਚ ਜੋ ਕੁਝ ਵੀ ਮਿਲਿਆ, ਉਹ ਉਨ੍ਹਾਂ ਦੇ ਇਸ ਲੜਾਈ ਵਿਚ ਦਲੇਰੀ ਨਾਲ ਟਾਕਰਾ ਕਰਨ ਦੇ ਸਿੱਟੇ ਵਜੋਂ ਬਹੁਤ ਨਿਗੂਣਾ ਸੀ। ਜੱਥੇ ਦੇ ਜਾਣ ਪਿਛੋਂ ਬਦਨ ਸਿੰਘ ਦੇ ਪਿਤਾ ਸ. ਮਿਤ ਸਿੰਘ ਨੇ ਉਸੇ ਰਾਤ ਆਪਣਾ ਇਕ ਬੰਦਾ ਡੇਹਲੋਂ ਦੇ ਥਾਣੇ ਇਸ ਘਟਨਾ ਦੀ ਸੂਚਨਾ ਦੇਣ ਲਈ ਭੇਜ ਦਿੱਤਾ। ਇਸ ਪਿਛੋਂ ਡੇਹਲੋਂ ਦੇ ਥਾਣੇ ਦੇ ਮੁਖੀ ਨੇ ਇਕ ਹਵਾਲਦਾਰ ਨੂੰ ਭੇਜ ਕੇ ਲੁਧਿਆਣੇ ਦੇ ਪੁਲਿਸ ਕਪਤਾਨ ਤੇ ਡਿਪਟੀ ਕਮਿਸ਼ਨਰ ਤਕ ਵੀ ਇਹ ਖਬਰ ਪੁਚਾ ਦਿੱਤੀ।

### ਮਲੇਰਕੋਟਲੇ ਉਤੇ ਹੱਲਾ (15 ਜਨਵਰੀ, 1872)

ਸ਼ਹੀਦੀ ਜੱਥਾ ਭੈਣੀ ਸਾਹਿਬ ਤੋਂ ਤੁਰਨ ਸਮੇਂ ਹੀ ਮਲੇਰਕੋਟਲੇ ਉਤੇ ਹੱਲਾ ਕਰਨ ਅਤੇ ਉਥੋਂ ਦੇ ਬੁਚੜਾਂ ਨੂੰ ਸੋਧਣ ਦੀ ਵਿਉਂਤ ਬਣਾ ਕੇ ਤੁਰਿਆ ਸੀ।



Sri Satguru Jagjit Singh Ji Elibrary NamdhariElibrary@gmail.com

ਮਲੌਦ ਦੀ ਘਟਨਾ ਤਾਂ ਰਾਹ ਜਾਂਦਿਆਂ ਹੀ ਜੱਥੇ ਦੇ ਗਲ ਪੈ ਗਈ ਸੀ। ਉਹਨਾਂ ਨੂੰ ਆਸ ਸੀ ਕਿ ਸ. ਬਦਨ ਸਿੰਘ ਤੋਂ ਕੁਝ ਹਥਿਆਰ ਤੇ ਹੋਰ ਲੋੜੀਂਦਾ ਸਮਾਨ ਘੋੜੇ ਆਦਿ ਮਿਲ ਜਾਣਗੇ, ਪਰ ਸਰਦਾਰ ਵਲੋਂ ਕੋਰਾ ਜਵਾਬ ਮਿਲਣ ਉਤੇ ਮਲੌਦ ਦੀ ਲੜਾਈ ਉਨ੍ਹਾਂ ਦੇ ਗਲ ਪੈ ਗਈ, ਜਿਸ ਦੀ ਸ਼ਹੀਦੀ ਜੱਥੇ ਨੂੰ ਕੋਈ ਆਸ ਨਹੀਂ ਸੀ।

ਮਲੌਦ ਤੋਂ ਮਲੇਰਕੋਟਲਾ 6-7 ਮੀਲ ਦੀ ਵਿਥ ਉਤੇ ਸੀ। ਜੱਥਾ ਰਾਤੋ-ਰਾਤ ਤੁਰਦਾ ਹੋਇਆ 15 ਜਨਵਰੀ ਨੂੰ ਅਧੀ ਰਾਤ ਸਮੇਂ ਮਲੇਰਕੋਟਲੇ ਪਹੁੰਚ ਗਿਆ·ਅਤੇ ਉਹ ਮਲੇਰਕੋਟਲੇ ਤੋਂ ਬਾਹਰ ਇਕ ਬਾਗ ਵਿਚ ਡੇਰਾ ਲਾ ਕੇ ਅਗਲੀ ਕਾਰਵਾਈ ਲਈ ਤਿਆਰੀ ਕਰਨ ਲੱਗੇ।

ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕਾਵਨ ਨੂੰ ਇਸ ਹੱਲੇ ਬਾਰੇ ਪਹਿਲਾਂ ਹੀ ਸੂਚਨਾ ਸੂਬਾ ਲੱਖਾ ਸਿੰਘ ਅਤੇ ਇਨਸਪੈਕਟਰ ਸਰ ਫਰਾਜ਼ ਖਾਨ ਰਾਹੀਂ 13 ਜਨਵਰੀ ਨੂੰ ਹੀ ਮਿਲ ਚੁੱਕੀ ਸੀ। ਮਲੇਰਕੋਟਲੇ ਵਿਚ ਭਾਵੇਂ ਰੀਜੈਂਸੀ ਕੌਂਸਲ ਪ੍ਰਬੰਧ ਲਈ ਮੌਜੂਦ ਸੀ, ਪਰ ਰਿਆਸਤ ਦਾ ਮੁਖੀ ਨਾਬਾਲਗ ਹੋਣ ਕਰਕੇ ਉਥੋਂ ਦਾ ਪ੍ਰਸ਼ਾਸਨ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਦੇ ਅਧੀਨ ਸੀ। ਉਸਨੇ ਪਹਿਲਾਂ ਹੀ ਮਲੇਰਕੋਟਲੇ ਉਤੇ ਹੱਲਾ ਹੋਣ ਦੀ ਸੰਭਾਵਨਾ ਬਾਰੇ ਉਥੋਂ ਦੇ ਪ੍ਰਬੰਧਕਾਂ ਨੂੰ ਪੱਕਾ ਇੰਤਜਾਮ ਕਰਨ ਲਈ ਕਹਿ ਦਿੱਤਾ ਸੀ। ਇਸ ਤੋਂ ਬਿਨਾਂ ਉਸਨੇ ਜੀਂਦ, ਸੰਗਰੂਰ, ਨਾਭਾ ਤੇ ਪਟਿਆਲੇ ਦੀਆਂ ਰਿਆਸਤਾਂ ਦੇ ਵਕੀਲਾਂ ਨੂੰ ਵੀ ਸਹਾਇਤਾ ਕਰਨ ਲਈ ਕਹਿ ਦਿੱਤਾ ਸੀ।

ਉਸ ਰਾਤ ਮਲੇਰਕੋਟਲੇ ਦੇ ਪ੍ਰਸ਼ਾਸਕਾਂ ਨੇ ਸ਼ਹਿਰ ਦੇ ਦਰਵਾਜ਼ਿਆਂ ਅਗੇ ਪਹਿਰੇ ਲੱਗਵਾ ਦਿੱਤੇ ਸਨ ਅਤੇ ਸ਼ਹਿਰ ਦੇ ਅੰਦਰ ਤੇ ਬਾਹਰ ਵੀ ਪੁਲਿਸ ਦੇ ਗਸ਼ਤੀ ਦਸਤੇ ਲਾ ਦਿੱਤੇ ਗਏ ਸਨ। ਸ਼ਹਿਰ ਦੇ ਪ੍ਰਬੰਧਕ ਪੂਰੀ ਤਰ੍ਹਾਂ ਚੌਕਸ ਸਨ। ਸ਼ਾਇਦ ਇਸੇ ਲਈ ਜੱਥੇ ਨੇ ਰਾਤ ਹੱਲਾ ਨਹੀਂ ਸੀ ਬੋਲਿਆ। ਇਸ ਦਾ ਇਕ ਕਾਰਨ ਸਫਰ ਦੀ ਥਕਾਵਟ ਨੂੰ ਥੋੜਾ ਆਰਾਮ ਕਰਕੇ ਘਟਾਉਣਾ ਵੀ ਹੋ ਸਕਦਾ ਹੈ।

ਹੱਲਾ ਬੋਲਣ ਤੋਂ ਪਹਿਲਾਂ ਸ. ਹੀਰਾ ਸਿੰਘ ਨੇ ਫਿਰ ਇਕ ਵਾਰ ਲਲਕਾਰ ਕੇ ਕਿਹਾ ਕਿ 'ਜਿਸਨੇ ਸੀਸ ਦੇਣਾ ਹੈ ਉਹ ਵੀ ਅਗੇ ਆਵੇ। ਬਾਕੀ ਘਰਾਂ ਨੂੰ ਜਾ ਸਕਦੇ ਹਨ। ਢਾਬੀ ਦਰਵਾਜ਼ੇ ਦੇ ਨੇੜੇ ਇਕ ਥਾਂ ਤੇ ਸ਼ਹਿਰ ਦੀ ਫਸੀਲ ਡਿੱਗੀ ਹੋਈ ਸੀ। ਕੁਝ ਸਿੰਘਾਂ ਨੇ ਅੰਦਰ ਜਾ ਕੇ ਦਰਵਾਜ਼ਾ ਖੋਲ ਦਿੱਤਾ। ਜੱਥੇ ਦੇ ਸਿੰਘ ਮਾਰੋ-ਮਾਰ ਕਰਦੇ ਤੇ ਜੈਕਾਰੇ ਬੁਲਾਉਂਦੇ ਹੋਏ ਸ਼ਹਿਰ ਦੇ ਅੰਦਰ ਵੜ ਗਏ ਅਤੇ ਚਿੜੀਮਾਰਾਂ ਦੇ ਮਹੱਲੇ ਪਹੁੰਚ ਗਏ, ਜਿਥੇ ਗਊ ਹਤਿਆ ਕੀਤੀ ਜਾਂਦੀ ਸੀ। ਸ਼ਹਿਰ ਵਿਚ ਰੌਲਾ-ਗੌਲਾ ਤੇ ਚੀਕ-ਚਿਹਾੜਾ ਮਚ ਗਿਆ। ਅਗੋਂ



Sri Satguru Jagjit Singh Ji Elibrary NamdhariElibrary@gmail com

ਸ਼ਹਿਰ ਵਾਲੇ ਵੀ ਤਿਆਰ ਸਨ। ਜੱਥੇ ਨਾਲ ਸਿਧਾ ਟਾਕਰਾ ਹੋਇਆ। ਇਸ ਲੜਾਈ ਵਿਚ ਅਹਿਮਦ ਖਾਂ ਕੋਤਵਾਲ ਮਾਰਿਆ ਗਿਆ, ਜਿਸਨੇ ਫਰਵਾਹੀ ਦੇ ਨੰਬਰਦਾਰ ਗੁਰਮੁਖ ਸਿੰਘ ਦੇ ਸਾਹਮਣੇ ਹੁਕਮ ਦੇ ਕੇ ਹੀ ਬੈਲ ਨੂੰ ਜ਼ਿਬ੍ਹਾ ਕਰਵਾਇਆ ਸੀ। ਪੁਲਿਸ ਦੇ 7 ਸਿਪਾਹੀ ਅਤੇ ਕੁਝ ਹੋਰ ਲੋਕ ਵੀ ਮਾਰੇ ਗਏ।

1*ਇਸ ਤੋਂ ਪਿਛੋਂ ਨਵਾਬ ਦੇ ਮਹਿਲ ਤੇ ਖਜ਼ਾਨੇ ਉਪਰ ਹੱਲਾ ਬੋਲਿਆ ਗਿਆ, ਪਰ ਉਥੋਂ ਜੱਥੇ ਦੇ ਹੱਥ ਬਹੁਤਾ ਮਾਲ ਨਾ ਲਗਾ। ਇਕ ਅਲਮਾਰੀ ਵਿਚ ਕੁਝ ਮਿਸਲਾਂ ਪਈਆਂ ਸਨ। ਕੁਝ ਤਲਵਾਰਾਂ ਤੇ ਬੰਦੂਕਾਂ ਜ਼ਰੂਰ ਮਿਲ ਗਈਆਂ। ਸ਼ਹਿਰੀਆਂ ਵਲੋਂ ਵੀ ਇਟਾਂ-ਵਟਿਆਂ ਦੀ ਮਾਰ ਕੀਤੀ ਜਾ ਰਹੀ ਸੀ, ਪਰ ਸਿੰਘ ਜੈਕਾਰੇ ਬੁਲਾਉਂਦੇ ਹੋਏ ਸ਼ਹਿਰ ਤੋਂ ਬਾਹਰ ਆ ਗਏ। ਇਨ੍ਹਾਂ ਝੜਪਾਂ ਵਿਚ ਦੋਹਾਂ ਧਿਰਾਂ ਦਾ ਨੁਕਸਾਨ ਹੋਇਆ। ਰਿਆਸਤ ਦੇ 8 ਆਦਮੀ ਮਾਰੇ ਗਏ ਅਤੇ 4 ਜ਼ਖਮੀ ਹੋਏ। ਜੱਥੇ ਦੇ ਸਿੰਘਾਂ ਵਿਚੋਂ 7 ਮਾਰੇ ਗਏ ਅਤੇ 2 ਜ਼ਖਮੀ ਹੋਏ। 2*ਨਾਹਰ ਸਿੰਘ ਅਤੇ 3*ਤਾਰਾ ਸਿੰਘ ਅਨਜਾਣ ਨੇ ਇਨਾਂ ਮਾਰੇ ਗਏ ਅਤੇ ਜ਼ਖਮੀ ਵਿਅਕਤੀਆਂ ਦੇ ਨਾਵਾਂ ਦੇ ਵੇਰਵੇ ਵੀ ਦਿੱਤੇ ਹਨ। ਜਥੇ ਦੇ ਬਹੁਤ ਸਾਰੇ ਹੋਰ ਸਿੰਘਾਂ ਨੂੰ ਵੀ ਜ਼ਖਮ ਲੱਗੇ, ਕਿਉਂ ਜੋ ਜਦੋਂ ਸ਼ੇਰਪੁਰ ਤੋਂ ਜੱਥੇ ਦੇ ਸਿੰਘਾਂ ਨੂੰ ਗ੍ਰਿਫਤਾਰ ਕਰਾ ਕੇ ਲਿਆਂਦਾ ਗਿਆ ਤਾਂ ਉਨ੍ਹਾਂ ਜ਼ਖਮੀਆਂ ਦੀ ਗਿਣਤੀ 29 ਦਸੀ ਗਈ ਸੀ। 4*ਤਾਰਾ ਸਿੰਘ ਅਨਜਾਣ ਨੇ ਮਲੌਦ ਅਤੇ ਮਲੇਰਕੋਟਲੇ ਦੇ ਸਾਕਿਆਂ ਵਿਚ ਮਾਰੇ ਗਏ ਸਿੰਘਾਂ ਦਾ ਵੇਰਵਾ ਇਸ ਪ੍ਰਕਾਰ ਲਿਖਿਆ ਹੈ : "ਇਹ ਸ਼ਹੀਦੀ ਜਥਾ 13 ਜਨਵਰੀ 1872 ਨੂੰ ਸ੍ਰੀ ਭੈਣੀ ਸਾਹਿਬ ਤੋਂ ਤੁਰਿਆ ਸੀ। ਦੋ ਸਿੰਘ ਮਲੌਦ ਖੇਤ ਰਹੇ। 7 ਮਲੇਰਕੋਟਲੇ ਹੋਈਆਂ ਝੜਪਾਂ ਦੀ ਭੇਟ ਚੜ੍ਹ ਗਏ। ਇਕ ਸਿੰਘ ਬਾਅਦ ਵਿਚ ਗਹਿਰੇ ਜ਼ਖ਼ਮ ਲੱਗਣ ਕਰਕੇ ਅਕਾਲ ਚਲਾਣਾ ਕਰ ਗਿਆ।"

ਸ਼ਹੀਦੀ ਜੱਥੇ ਨੇ ਬਾਹਰ ਆ ਕੇ ਪਿੰਡ ਰੜ ਵਲ ਜਾਣ ਦਾ ਫੈਸਲਾ ਕੀਤਾ। ਰਿਆਸਤ ਦੇ ਕੁਝ ਸਿਪਾਹੀਆਂ ਨੇ ਜੱਥੇ ਦਾ ਪਿਛਾ ਕੀਤਾ, ਪਰ ਜਦੋਂ ਜੱਥੇ ਦੇ ਸਿੰਘ ਪਿਛੇ ਮੁੜਕੇ ਲਲਕਾਰਦੇ, ਤਾਂ ਉਨ੍ਹਾਂ ਵਿਚੋਂ ਕਿਸੇ ਦਾ ਵੀ ਸਿੰਘਾਂ ਨਾਲ ਟਾਕਰਾ ਕਰਨ ਦਾ ਹੌਸਲਾ ਨਾ ਪੈਂਦਾ।

**ਸਮੁੰਦ ਖ਼ਾਂ ਨਾਲ ਲੜਾਈ**

ਮਲੇਰਕੋਟਲੇ ਦਾ ਪਠਾਨ ਸਮੁੰਦਰ ਖਾਂ ਬੜਾ ਜੋਸ਼ੀਲਾ ਤੇ ਬਹਾਦੁਰ ਮੰਨਿਆ

---

1* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰ ਆਫ਼ ਦ ਪੰਜਾਬ, ਪੰਨਾ 86

2* ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 391

3* ਤਾਰਾ ਸਿੰਘ ਅਨਜਾਣ, ਸਭਹਨ ਕੋ ਸਿਰਮੌਰ, ਪੰਨਾ 141

4* ਤਾਰਾ ਸਿੰਘ ਅਨਜਾਣ, ਸਭਹਨ ਕੋ ਸਿਰਮੌਰ, ਪੰਨਾ 148



Sri Satguru Jagjit Singh Ji Elibrary NamdhariElibrary@gmail.com

ਜਾਂਦਾ ਸੀ। ਇਸ ਹੱਲੇ ਸਮੇਂ ਉਹ ਕਿਤੇ ਵਾਂਢੇ ਗਿਆ ਹੋਇਆ ਸੀ। ਜਦੋਂ ਵਾਪਿਸ ਆ ਕੇ ਉਸ ਨੇ ਇਸ ਬਾਰੇ ਸੁਣਿਆ ਅਤੇ ਲਹੂ-ਲੁਹਾਨ ਹੋਈ ਧਰਤੀ ਅਤੇ ਲਾਸ਼ਾਂ ਨੂੰ ਤਕਿਆ ਤਾਂ ਉਸਦੇ ਖ਼ੂਨ ਨੇ ਉਬਾਲਾ ਖਾਧਾ। ਉਹ ਕੁਝ ਸਿਪਾਹੀਆਂ ਨੂੰ ਨਾਲ ਲੈ ਕੇ ਜੱਥੇ ਨਾਲ ਟਾਕਰਾ ਕਰਨ ਲਈ ਉਨ੍ਹਾਂ ਦੇ ਪਿਛੇ ਹੋ ਤੁਰਿਆ। ਭੂਦਨ ਵਾਲੇ ਖੂਹ ਦੇ ਨੇੜੇ ਦੋਹਾਂ ਧਿਰਾਂ ਦਾ ਮੁਕਾਬਲਾ ਹੋਇਆ। ਸਮੁੰਦਰ ਖਾਂ ਨੇ ਜੱਥੇ ਨੂੰ ਵੰਗਾਰਿਆ, ਤਾਂ ਹੀਰਾ ਸਿੰਘ ਵੀ ਅਗੇ ਆ ਗਿਆ ਅਤੇ ਉਸਦੀ ਵੰਗਾਰ ਦਾ ਟਾਕਰਾ ਕਰਨ ਲਈ ਤਿਆਰ ਹੋ ਗਿਆ। ਫੈਸਲਾ ਹੋਇਆ ਕਿ ਦੋਹਾਂ ਧਿਰਾਂ ਦੇ ਆਗੂ ਸਮੁੰਦ ਖਾਂ ਤੇ ਹੀਰਾ ਸਿੰਘ, ਦੁੰਦ ਯੁੱਧ ਵਿਚ ਟਾਕਰਾ ਕਰ ਕੇ ਵੇਖ ਲੈਣ। ਹੀਰਾ ਸਿੰਘ ਨੇ ਵੀ ਘੋੜਾ ਸਮੁੰਦ ਖਾਂ ਦੇ ਸਾਹਮਣੇ ਲੈ ਆਂਦਾ ਅਤੇ ਕਿਹਾ 'ਪਹਿਲਾ ਤੂੰ ਵਾਰ ਕਰ ਕੇ ਵੇਖ ਲੈ।' ਸਮੁੰਦ ਖਾਂ ਨੇ ਹੀਰਾ ਸਿੰਘ ਤੇ ਤਲਵਾਰ ਦਾ ਵਾਰ ਕੀਤਾ। ਹੀਰਾ ਸਿੰਘ ਕੋਲ ਢਾਲ ਤਾਂ ਨਹੀਂ ਸੀ। ਉਸਨੇ ਆਪਣੀ ਖੱਬੀ ਬਾਂਹ ਅਗੇ ਕਰ ਕੇ ਵਾਰ ਨੂੰ ਰੋਕ ਲਿਆ। ਜਿਸ ਨਾਲ ਉਸ ਦਾ ਖੱਬਾ ਗੁੱਟ ਕੱਟਿਆ ਗਿਆ। ਫਿਰ ਜਦ ਹੀਰਾ ਸਿੰਘ ਨੇ ਉਸ ਉਤੇ ਆਪਣੀ ਤਲਵਾਰ ਦਾ ਵਾਰ ਕੀਤਾ, ਤਾਂ ਸਮੁੰਦਰ ਖਾਂ ਦੇ ਸਿਰ ਤੇ ਸਰੀਰ ਨੂੰ ਚੀਰਦੀ ਹੋਈ ਤਲਵਾਰ ਦੇ ਵਾਰ ਨਾਲ ਉਹ ਥਾਂ ਹੀ ਮਾਰਿਆ ਗਿਆ। ਕਿਸੇ ਨੇ ਗੋਲੀ ਚਲਾਈ, ਜਿਸ ਨਾਲ ਹੀਰਾ ਸਿੰਘ ਦਾ ਘੋੜਾ ਮਰ ਗਿਆ। ਗੋਲੀ ਉਸ ਦੀ ਧੌਣ ਵਿਚ ਲਗੀ। ਆਪਣੇ ਆਗੂ ਸਮੁੰਦ ਖਾਂ ਦੇ ਮਰਨ ਪਿਛੋਂ ਜੱਥੇ ਦਾ ਟਾਕਰਾ ਕਰਨ ਲਈ ਆਏ ਸਾਰੇ ਬੰਦੇ ਵਾਪਿਸ ਮੁੜ ਗਏ।

ਸ਼ਹੀਦੀ ਜੱਥਾ ਰੜ ਪਿੰਡ ਪਹੁੰਚ ਗਿਆ ਤੇ ਉਸਦੇ ਬਾਹਰਵਾਰ ਪਿਪਲ ਵਾਲੇ ਖੂਹ ਉਤੇ ਡੇਰਾ ਲਾ ਲਿਆ ਗਿਆ। ਇਥੇ ਹੀਰਾ ਸਿੰਘ ਨੇ ਮੁੜ ਸਾਰੇ ਸਿੰਘਾਂ ਨੂੰ ਕਿਹਾ ਕਿ 'ਸਾਡਾ ਕੰਮ ਹੁਣ ਖਤਮ ਹੋ ਗਿਆ ਹੈ। ਅਸੀਂ ਜੋ ਨਿਸ਼ਚਾ ਕਰ ਕੇ ਆਏ ਸਾਂ ਉਹ ਗਲ ਪੂਰੀ ਹੋ ਗਈ ਹੈ। ਹੁਣ ਜਿਸ ਨੇ ਸੀਸ ਦੇਣਾ ਹੈ ਉਹ ਇਥੇ ਰਹੇ। ਬਾਕੀ ਜਿਸਨੇ ਘਰਾਂ ਨੂੰ ਜਾਣਾ ਹੈ ਬੇਸ਼ਕ ਚਲੇ ਜਾਣ।' ਜੱਥੇ ਵਿਚੋਂ ਕੁਝ ਸਿੰਘ ਉਠ ਕੇ ਤੁਰ ਗਏ। ਬਾਕੀ 68 ਦੇ ਲਗਭਗ, ਜਿਨ੍ਹਾਂ ਵਿਚ ਦੋ ਮਾਈਆਂ ਵੀ ਸਨ, ਬੈਠੇ ਰਹੇ।

ਰੜ ਪਿੰਡ ਦੇ 6 ਸਿੰਘ ਗੁਰਦਿਤ ਸਿੰਘ, ਹੀਰਾ ਸਿੰਘ, ਖਿਸ਼ਨ ਸਿੰਘ, ਸੁੰਦਰ ਸਿੰਘ, ਹਰਨਾਮ ਸਿੰਘ ਅਤੇ ਕਰਮ ਸਿੰਘ ਸਨ, ਜਿਨ੍ਹਾਂ ਨੇ ਆਪਣੇ-ਆਪਣੇ ਘਰਾਂ ਨੂੰ ਜਾ ਕੇ ਜੱਥੇ ਲਈ ਰਸਦ-ਪਾਣੀ ਤੇ ਲੰਗਰ ਦਾ ਸਮਾਨ ਲੈ ਆਂਦਾ। ਕੜ੍ਹਾਈ ਵਿਚ ਤੇਲ ਪਾ ਕੇ ਨਾਰਾਇਣ ਸਿੰਘ ਨੇ ਆਪਣਾ ਟੁੰਡ ਅਤੇ ਹੀਰਾ ਸਿੰਘ ਨੇ ਆਪਣਾ ਗੁੱਟ ਤਲਿਆ। 16 ਜਨਵਰੀ ਸਵੇਰ ਤੱਕ ਜੱਥੇ ਨੇ ਉਥੇ ਹੀ ਮੁਕਾਮ ਕੀਤਾ ਅਤੇ ਤਾਰਾ ਸਿੰਘ ਅਨਜਾਣ ਅਨੁਸਾਰ ਉਸੇ ਦਿਨ ਹੀ ਜੱਥਾ



Sri Satguru Jagjit Singh Ji Elibrary NamdhariElibrary@gmail.com

ਸ਼ੇਰਪੁਰ ਦੇ ਥਾਣੇਂ ਨੂੰ ਆਤਮ-ਸਮਰਪਣ ਲਈ ਤੁਰ ਪਿਆ।

## ਗ੍ਰਿਫ਼ਤਾਰੀ ਕਿ ਆਤਮ-ਸਮਰਪਣ

ਰੜ ਵਿਖੇ ਹੀ ਸ. ਹੀਰਾ ਸਿੰਘ ਨੇ ਇਹ ਗਲ ਆਖ ਦਿੱਤੀ ਸੀ ਕਿ ਸਾਡਾ ਕੰਮ ਖਤਮ ਹੋ ਗਿਆ ਹੈ, ਜੋ ਗੁਰੂ ਤੇਗ ਬਹਾਦਰ ਸਾਹਿਬ ਦਾ ਹੁਕਮ ਸੀ, ਉਹ ਅਸਾਂ ਪੂਰਾ ਕਰ ਵਿਖਾਇਆ ਹੈ। [1*]ਸੰਤ ਬਾਹੋਵਾਲ ਅਨੁਸਾਰ ਹੀਰਾ ਸਿੰਘ ਨੇ ਸੌਣ ਸਿੰਘ ਨੂੰ ਕਹਾ ਕੇ ਤੂੰ ਜਾਇਕੇ ਸ੍ਰੀ ਸਤਿਗੁਰੂ ਜੀ ਪਾਸ ਸਾਡੀ ਰਪਟ ਦੇਓ।' ਹੀਰਾ ਸਿੰਘ ਇਹ ਵੀ ਸਮਝਦਾ ਸੀ ਕਿ ਮਲੇਰਕੋਟਲੇ ਦੇ ਇਸ ਸਾਕੇ ਦੇ ਸੰਬੰਧ ਵਿਚ ਕੁਝ ਨਿਰਦੋਸ਼ਾਂ ਦੇ ਸਿਰ ਇਹ ਕਾਰਾ ਨਾ ਮੜ੍ਹਿਆ ਜਾਵੇ ਅਤੇ ਉਹ ਬਿਨਾਂ ਕਿਸੇ ਦੋਸ਼ ਦੇ ਸਜਾਵਾਂ ਦੇ ਭਾਗੀ ਨਾ ਬਣ ਜਾਣ। ਇੰਝ ਪ੍ਰਤੀਤ ਹੁੰਦਾ ਹੈ ਕਿ ਸ. ਹੀਰਾ ਸਿੰਘ ਇਸ ਘਟਨਾ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਕੇ ਸੁਰਖਰੂ ਹੋਣਾ ਚਾਹੁੰਦਾ ਸੀ। ਉਸਦੀ ਹਾਲਤ ਤਾਂ :-

'ਬਰਸਣ ਅੱਗਾਂ ਤੇ ਚਲਣ ਭਾਵੇਂ ਆਰੇ।
ਨਾ ਮੁੜਦੇ ਪਿਛਾਂਹ ਨੇ ਆਦਰਸ਼ਾਂ ਦੇ ਪਿਆਰੇ।
ਉਹ ਪਰਬਤ ਤੇ ਸਾਗਰ ਤੇ ਥਲ ਚੀਰ ਧਰਦੇ,
ਇਰਾਦੇ ਜਿਨ੍ਹਾਂ ਨੇ ਸ਼ਹੀਦੀ ਦੇ ਧਾਰੇ।' (ਗਿ: ਹੀਰਾ ਸਿੰਘ ਦਰਦ)

ਵਰਗੀ ਸੀ। ਸ਼ਹੀਦੀ ਜੱਥੇ ਦੀ ਗਿਰਫਤਾਰੀ ਬਾਰੇ ਇਤਿਹਾਸਕਾਰਾਂ ਨੇ ਵੱਖ-ਵੱਖ ਰਾਵਾਂ ਪ੍ਰਗਟਾਈਆਂ ਹਨ। ਗੰਡਾ ਸਿੰਘ, ਫੌਜਾ ਸਿੰਘ ਬਾਜਵਾ ਤੇ ਜਸਵੰਤ ਸਿੰਘ ਜੱਸ ਆਦਿ ਲੇਖਕ ਪਟਿਆਲਾ ਰਿਆਸਤ ਦੇ ਡਿਪਟੀ ਨਾਜ਼ਿਮ ਨਿਆਜ਼ ਅਲੀ ਦੁਆਰਾ ਜੱਥੇ ਤੋਂ ਹਥਿਆਰ ਲੈਣ ਅਤੇ ਗਿਰਫਤਾਰ ਕਰਕੇ ਸ਼ੇਰਪੁਰ ਦੇ ਕਿਲ੍ਹੇ ਵਿਚ ਡਕ ਦੇਣ ਨੂੰ ਸਹੀ ਮੰਨਦੇ ਹਨ, ਜਿਥੋਂ ਉਨ੍ਹਾਂ ਨੂੰ ਅਗਲੇ ਦਿਨ ਮਲੇਰਕੋਟਲੇ ਪੁਚਾ ਦਿੱਤਾ ਗਿਆ ਸੀ, ਪਰ 'ਜੁਗ ਪਲਟਾਊ ਸਤਿਗੁਰੂ ਦੇ ਕਰਤਾ ਸੰਤ ਨਿਧਾਨ ਸਿੰਘ ਆਲਿਮ ਥਾਣੇਦਾਰ ਉਤਮ ਸਿੰਘ ਵਲੋਂ ਜੱਥੇ ਨੂੰ ਧੋਖੇ ਨਾਲ ਫੜਾਉਣ ਬਾਰੇ ਲਿਖਦੇ ਹਨ। [2*]'ਕੁਝ ਚਿਰ ਪਿਛੋਂ ਸ਼ੇਰਪੁਰ ਦਾ ਥਾਣੇਦਾਰ ਉਤਮ ਸਿੰਘ ਨਾਮਧਾਰੀ ਲਿਬਾਸ ਵਿਚ ਉਨ੍ਹਾਂ ਕੋਲ ਆਇਆ ਅਤੇ ਬੜੀ ਅਧੀਨਗੀ ਨਾਲ ਲੰਗਰ ਵਾਸਤੇ ਅਰਜ ਕੀਤੀ। ਸਰਦਾਰ ਹੀਰਾ ਸਿੰਘ ਉਸਦੇ ਕਪਟ ਨੂੰ ਤਾੜ ਤਾਂ ਗਏ ਪਰ ਆਪਣਾ ਪੰਧ ਛੇਤੀ ਨਿਬੇੜਨ ਦੇ ਵਿਚਾਰ ਨਾਲ ਉਨ੍ਹਾਂ ਨੇ ਬੇਨਤੀ ਪ੍ਰਵਾਨ ਕਰ ਲਈ। ਥਾਣੇਦਾਰ ਉਨ੍ਹਾਂ ਨੂੰ ਘਰ ਲੈ ਗਿਆ ਤੇ ਸਭ ਨੂੰ ਗ੍ਰਿਫਤਾਰ ਕਰਵਾ ਦਿੱਤਾ। ਅਮਰ ਗੜ੍ਹ ਰਿ. ਪਟਿਆਲਾ ਦੇ ਨਾਇਬ

---

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 470

[2*] ਸੰਤ ਨਿਧਾਨ ਸਿੰਘ ਆਲਮ, ਜੁਗ ਪਲਟਾਊ ਸਤਿਗੁਰੂ, ਪੰਨਾ 176



Sri Satguru Jagjit Singh Ji Elibrary NamdhariElibrary@gmail.com

ਨਾਜ਼ਮ ਨਿਆਜ਼ ਅਲੀ ਨੇ ਇਨ੍ਹਾਂ 68 ਕੂਕਿਆਂ ਨੂੰ ਸ਼ੇਰਪੁਰ ਦੇ ਕਿਲੇ ਵਿਚ ਬੰਦ ਕਰ ਦਿੱਤਾ।[1*] ਪਰ ਡਾ. ਗੰਡਾ ਸਿੰਘ ਨੇ ਪੁਸਤਕ 'ਕੂਕਿਆਂ ਦੀ ਵਿਥਿਆ' ਵਿਚ ਨਾਇਬ ਨਾਜ਼ਿਮ ਨਿਆਜ਼ ਅਲੀ ਦੀ ਇਕ ਗਵਾਹੀ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ – 'ਰੜ ਤੋਂ ਇਕ ਜਮਾਂਦਾਰ ਆਇਆ ਤੇ ਉਸਨੇ ਮੈਨੂੰ ਸ਼ੇਰਪੁਰ ਰਿਪੋਰਟ ਦਿੱਤੀ ਕਿ ਕੂਕਿਆਂ ਦੇ ਇਕ ਜੱਥੇ ਨੇ ਕੋਟਲੇ ਵਿਚ ਫਸਾਦ ਕੀਤਾ ਸੀ ਤੇ ਉਹ ਰੜ ਆਇਆ ਹੋਇਆ ਹੈ। ਮੈਂ ਝਟ ਤਿੰਨ ਸਵਾਰ ਅਤੇ ਇਕ ਮੁਹੱਰਰ ਲੈ ਕੇ ਰੜ ਨੂੰ ਤੁਰ ਪਿਆ। ਇਕ ਬਜੇ ਦੁਪਹਿਰ ਪਿਛੋਂ ਉਥੇ ਪੁੱਜਾ। ਮੈਂ ਪਿੰਡੋ ਬਾਹਰ ਤੀਹ ਚਾਲੀ ਕਦਮ ਦੀ ਵਿਥ ਤੇ ਜੰਗਲ ਵਿਚ 68 ਕੂਕੇ ਵੇਖੇ, ਜਿਨ੍ਹਾਂ ਵਿਚ 29 ਫੱਟੜ ਸਨ, ਕੁਝ ਨੂੰ ਮਾਮੂਲੀ ਝਰੀਟਾਂ ਹੀ ਸਨ। ਮੈਂ ਉਨ੍ਹਾਂ ਨੂੰ ਪੁਛਿਆ ਤੁਸੀਂ ਕਿੱਥੋਂ ਆਏ ਹੋ। ਉਹਨਾਂ ਨੇ ਕਿਹਾ ਅਸੀਂ ਮਲੌਦ ਅਤੇ ਮਲੇਰਕੋਟਲੇ ਤੇ ਹੱਲਾ ਕਰ ਕੇ ਆਏ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਹਥਿਆਰ ਛੱਡ ਦਿਓ। ਕੁਝ ਤਾਂ ਹਥਿਆਰ ਰੱਖ ਦੇਣਾ ਮੰਨ ਗਏ, ਦੂਸਰਿਆਂ ਨੇ ਨਾਂਹ ਕਰ ਦਿੱਤੀ ਤੇ ਇਸ ਬਾਬਤ ਝਗੜਨ ਲਗ ਪਏ। ਅੰਤ ਉਨ੍ਹਾਂ ਨੇ 16 ਤਲਵਾਰਾਂ, ਇਕ ਬਰਛਾ, ਕੁਝ ਗੰਡਾਸੇ ਕੁਹਾੜੀਆਂ (ਟਕੂਏ) ਤੇ ਲਾਠੀਆਂ ਦੇ ਦਿੱਤੀਆਂ। ਮੈਂ ਇਨ੍ਹਾਂ 68 ਕੂਕਿਆਂ ਨੂੰ ਗ੍ਰਿਫਤਾਰ ਕਰਕੇ ਸ਼ੇਰਪੁਰ ਲੈ ਗਿਆ।[1*] ਨਿਆਜ਼ ਅਲੀ ਦੇ ਉਪਰੋਕਤ ਬਿਆਨ ਵਿਚ ਕੁਝ ਅਤਿ-ਕਥਨੀ ਜ਼ਰੂਰ ਪ੍ਰਤੀਤ ਹੁੰਦੀ ਹੈ, ਜਿਸਦੀ ਸੰਭਾਵਨਾ ਸਰਕਾਰ ਪਖੀ ਗਵਾਹੀਆਂ ਵਿਚ ਸਦਾ ਬਣੀ ਰਹਿੰਦੀ ਹੈ। ਬਿਨਾਂ ਸ਼ਕ ਇਸ ਸਾਰੀ ਘਟਨਾ ਲੜੀ ਵਿਚ ਨਿਆਜ਼ ਅਲੀ ਦੀ ਭੂਮਿਕਾ ਬੜੀ ਅਹਿਮ ਹੈ, ਪਰ ਉਸਦੇ ਸਾਰੇ ਬਿਆਨ ਨੂੰ ਸੱਚਾ ਸਹੀ ਮੰਨਿਆ ਜਾ ਸਕਦਾ ਹੈ, ਕਿਉਂਜੋ ਨਿਆਜ਼ ਅਲੀ ਦਾ ਰੋਲ ਤਾਂ ਜੱਥੇ ਦੇ ਥਾਣੇ ਸ਼ੇਰਪੁਰ ਪਹੁੰਚਣ ਤੋਂ ਪਿਛੋਂ ਹੀ ਸ਼ੁਰੂ ਹੁੰਦਾ ਹੈ।

ਪ੍ਰਸਿੱਧ ਨਾਮਧਾਰੀ ਇਤਿਹਾਸਕਾਰ[2*] ਸ. ਨਾਹਰ ਸਿੰਘ ਜੱਥੇ ਦੇ ਰੜ ਤੋਂ ਸ਼ੇਰਪੁਰ ਥਾਣੇ ਪੁੱਜਣ ਨੂੰ ਆਤਮ-ਸਮਰਪਣ ਹੀ ਸਿਧ ਕਰਦੇ ਹਨ – 'ਰੜ ਪਿੰਡ ਵਿਚ ਥੋੜਾ ਸਸਤਾ ਕੇ ਅਤੇ ਪਰਸ਼ਾਦ ਛਕ ਕੇ ਜੱਥਾ ਨਾਲ ਦੇ ਥਾਨੇ ਸ਼ੇਰਪੁਰ ਵਲ ਨੂੰ ਚਲ ਪਿਆ। ਆਪਣੇ ਆਪ ਗਿਰਫਤਾਰ ਹੋਵਣ ਦੀ ਅਣਸੁਣੀ ਤੇ ਅਣਹੋਣੀ ਜਿਹੀ ਗੱਲ ਨੂੰ ਸੁਣ ਕੇ ਪਿੰਡ ਰੜ ਦੇ ਜੈਮਲ ਸਿੰਘ, ਉੱਤਮ ਸਿੰਘ ਅਤੇ ਹੋਰ ਕਈ ਬੰਦੇ ਅਤੇ ਰਾਮਨਗਰ ਦਾ ਲੰਬੜਦਾਰ ਪੰਜਾਬ ਸਿੰਘ ਭੀ ਜੱਥੇ ਦੇ ਨਾਲ ਹੀ ਤੁਰ ਪਏ। ਜੱਥੇ ਵਾਲੇ ਸਤਿ ਸ੍ਰੀ ਅਕਾਲ ਗਜਾਂਦੇ ਅਤੇ ਸ਼ਬਦ ਪੜ੍ਹਦੇ ਰਵਾਂ ਰਵੀਂ ਰਾਤ ਵੇਲੇ ਸ਼ੇਰਪੁਰ ਪਹੁੰਚ ਗਏ। ਠਾਣੇਦਾਰ ਨੂੰ ਸਾਰਾ ਬਿਰਤਾਂਤ

[1*] ਡਾ. ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ਪੰਨਾ 173-174

[2*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 396-397



Sri Satguru Jagjit Singh Ji Elibrary NamdhariElibrary@gmail.com

ਸੁਣਾ ਕੇ ਅਤੇ ਇਕਬਾਲੀ ਬਿਆਨ ਦੇ ਕੇ ਸਿੰਘਾਂ ਨੇ ਆਪਣੇ ਆਪ ਨੂੰ ਗਿਰਫਤਾਰੀ ਲਈ ਪੇਸ਼ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਦਾ ਇਕ ਹੋਰ ਜੀਵਨੀਕਾਰ[1]* ਵੀ ਇਸ ਜੱਥੇ ਦੇ ਆਤਮ ਸਮਰਪਣ ਦੀ ਹੀ ਗਲ ਕਰਦਾ ਹੈ : – '16 ਜਨਵਰੀ 1872 ਈ. ਨੂੰ ਸਵੇਰੇ ਹੀ ਸਿੰਘ ਜਥੇਦਾਰਾਂ ਦਾ ਹੁਕਮ ਮੰਨ ਕੇ ਰੜ ਪਿੰਡ ਤੋਂ ਛੇ ਕੁ ਮੀਲ ਦੂਰ ਸ਼ੇਰਪੁਰ ਥਾਣੇ ਵਲ ਨੂੰ ਤੁਰ ਪਏ। ਰਸਤੇ ਵਿਚ ਜੈਕਾਰੇ ਛੱਡੀ ਜਾਣ, ਸ਼ਬਦ ਪੜ੍ਹੀ ਜਾਣ ਅਤੇ ਗਾਈ ਜਾਣ, "ਭੱਜੇ ਜਾਂਦੇ ਨੇ ਫਿਰੰਗੀ ਵੱਜਣ ਘੁੰਗਰੂ।" ਇਸ ਤਰ੍ਹਾਂ ਬਰਤਾਨਵੀ ਸਰਕਾਰ ਦੇ ਖਿਲਾਫ ਕੂਕਦੇ ਕੂਕੇ ਸ਼ੇਰਪੁਰ ਥਾਣੇ ਪਹੁੰਚੇ। ਉੱਥੇ ਆਪ ਨੇ ਮਲੌਦ ਅਤੇ ਮਲੇਰਕੋਟਲੇ ਕੀਤੀ ਕਾਰਵਾਈ ਬਾਰੇ ਮਾਣ ਨਾਲ ਸਚੋ ਸਚ ਦਸਿਆ। ਫਿਰ ਸਾਰਿਆਂ ਨੇ ਆਤਮ ਸਮਰਪਣ ਕਰ ਦਿੱਤਾ।"

ਸੋ ਉਪਰੋਕਤ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਵਿਵੇਚਨ ਤੋਂ ਇਹ ਗਲ ਭਲੀ ਪ੍ਰਕਾਰ ਸਿਧ ਹੋ ਜਾਂਦੀ ਹੈ ਕਿ ਜੱਥੇ ਨੇ ਆਤਮ-ਸਮਰਪਣ ਹੀ ਕੀਤਾ ਸੀ। ਪਹਿਲੀ ਗਲ ਤਾਂ ਇਹ ਹੈ ਕਿ ਜੱਥੇ ਦਾ ਮਲੇਰਕੋਟਲੇ ਦੇ ਹਾਕਮਾਂ ਨੂੰ ਸਬਕ ਸਿਖਾਉਣ ਤੋਂ ਬਿਨਾਂ ਹੋਰ ਕੋਈ ਨਿਸ਼ਚਿਤ ਮਨੋਰਥ ਨਹੀਂ ਸੀ। ਜੇ ਜੱਥੇ ਦੇ ਸਿੰਘ ਚਾਹੁੰਦੇ ਤਾਂ ਉਹ ਰੜ ਤੋਂ ਹੀ ਆਪਣੇ-ਆਪਣੇ ਘਰਾਂ ਨੂੰ ਜਾ ਸਕਦੇ ਸਨ। ਇੰਝ ਉਨ੍ਹਾਂ ਨੂੰ ਪਕੜਿਆ ਵੀ ਨਹੀਂ ਸੀ ਜਾ ਸਕਦਾ। ਜੱਥੇ ਦੇ 68 ਸਿੰਘ, ਜੋ ਸ. ਹੀਰਾ ਸਿੰਘ ਦੀ ਅਗਵਾਈ ਵਿਚ ਪੂਰੇ ਅਨੁਸ਼ਾਸਨ ਵਿਚ ਵਿਚਰੇ, ਜਿਸ ਤੋਂ ਉਨ੍ਹਾਂ ਦੇ ਆਦਰਸ਼ਕ ਚਰਿਤਰ ਤੇ ਦਲੇਰੀ ਦਾ ਪਤਾ ਲਗਦਾ ਹੈ ਕਿ ਕਿਵੇਂ ਉਹ ਸ਼ਹੀਦੀ ਗਾਨੇ ਬੰਨ ਕੇ ਇਸ ਮੁਹਿੰਮ ਵਿਚ ਕੁਦੇ ਸਨ। ਇਸ ਤੋਂ ਬਿਨਾਂ ਜੇ ਉਨ੍ਹਾਂ ਦਾ ਇਰਾਦਾ ਸ਼ਹੀਦੀ ਜਾਮ ਜਾਂ ਖਿੜੇ ਮੱਥੇ ਸਜਾਵਾਂ ਭੁਗਤਣ ਦਾ ਨਾਂ ਹੁੰਦਾ, ਤਾਂ ਉਹ ਜ਼ਰੂਰ ਨਿਆਜ਼ ਅਲੀ ਤੇ ਉਸਦੇ ਨਾਲ ਦੇ ਤਿਨਾਂ ਸਿਪਾਹੀਆਂ ਨਾਲ ਦੋ ਹੱਥ ਵੀ ਕਰ ਸਕਦੇ ਸਨ। ਨਾਲ ਹੀ ਉਨ੍ਹਾਂ ਨੂੰ ਇਹ ਵੀ ਵਿਸ਼ਵਾਸ਼ ਹੋ ਗਿਆ ਸੀ ਕਿ ਸਤਿਗੁਰੂ ਜੀ ਦਾ ਥਾਪੜਾ ਉਨ੍ਹਾਂ ਦੀ ਕੰਡ ਉਤੇ ਹੈ ਅਤੇ ਜੋ ਕੁਝ ਵੀ ਵਾਪਰਨਾ ਹੈ ਉਹ ਸਤਿਗੁਰੂ ਜੀ ਦੀ ਰਜ਼ਾ ਵਿਚ ਹੀ ਹੋਣਾ ਹੈ। ਜਿਥੋਂ ਤਕ ਨਿਆਜ਼ ਅਲੀ ਅਤੇ ਹੋਰ ਪੁਲਿਸ ਦੇ ਕਰਮਚਾਰੀਆਂ ਦੀ ਭੂਮਿਕਾ ਦਾ ਸੰਬੰਧ ਹੈ, ਉਹ ਸ਼ਹੀਦੀ ਜੱਥੇ ਦੇ ਸ਼ੇਰਪੁਰ ਵਿਖੇ ਇਕਬਾਲੀ ਬਿਆਨਦੇਣ ਅਤੇ ਸਵੈ-ਇਛਾ ਨਾਲ ਆਤਮ-ਸਮਰਪਣ ਕਰਨ ਤੋਂ ਪਿਛੋਂ ਹੀ ਸ਼ੁਰੂ ਹੁੰਦਾ ਹੈ। ਮਲੌਦ ਦੀ 14 ਜਨਵਰੀ ਰਾਤ ਦੀ ਘਟਨਾ ਬਾਰੇ ਸੂਚਨਾ ਸਵੇਰ ਤਕ ਮਿਲ ਗਈ ਸੀ। ਉਸਨੂੰ ਸ਼ਹੀਦੀ ਜੱਥੇ ਵਲੋਂ ਕੀਤੇ ਗਏ ਹੱਲੇ ਤੇ ਮਲੌਦ ਵਿਚ ਹੋਈ ਲੜਾਈ ਦੇ ਸਿਟਿਆਂ ਬਾਰੇ ਵੀ ਪਤਾ ਲੱਗ ਚੁੱਕਾ ਸੀ ਕਿ ਇਸ

[1]* ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 142–143



Sri Satguru Jagjit Singh Ji Elibrary NamdhariElibrary@gmail.com

ਵਿਚ ਮਲੌਦ ਦੇ 2 ਬੰਦੇ ਮਾਰੇ ਗਏ ਅਤੇ 2 ਜ਼ਖਮੀ ਹੋਏ ਹਨ। ਦੂਜੇ ਬੰਨੇ ਜੱਥੇ ਦੇ 2 ਬੰਦੇ ਮਾਰੇ ਗਏ ਅਤੇ 4 ਜ਼ਖਮੀ ਹੋਏ, ਜਿਨ੍ਹਾਂ ਨੂੰ ਪਕੜ ਲਿਆ ਗਿਆ ਸੀ। ਡਿਪਟੀ ਕਮਿਸ਼ਨਰ ਨੇ ਜਿਥੇ ਪੁਲਿਸ ਕਪਤਾਨ ਨੂੰ ਮਲੌਦ ਪਹੁੰਚਣ ਦਾ ਹੁਕਮ ਦਿੱਤਾ ਉਥੇ ਨਾਲ ਹੀ ਸਿਵਲ ਸਰਜਨ ਨੂੰ ਜ਼ਖਮੀਆਂ ਦੀ ਦਵਾ ਦਾਰੂ ਲਈ ਵੀ ਪਹੁੰਚ ਜਾਣ ਦੀ ਆਗਿਆ ਕੀਤੀ। ਇਹ ਸਾਰਾ ਸਰਕਾਰੀ ਅਮਲਾ 15 ਜਨਵਰੀ ਦੁਪਹਿਰ ਤਕ ਮਲੌਦ ਪਹੁੰਚ ਗਿਆ ਸੀ। ਕੇਵਲ ਸਿਵਲ ਸਰਜਨ ਮਿਸ਼ਟਰ ਇਨਸ ਅਤੇ ਉਸਦਾ ਸਹਾਇਕ ਮਿਰਜ਼ਾ ਅਮੀਰ ਬੇਗ ਮੀਂਹ ਪੈ ਜਾਣ ਕਾਰਨ ਥੋੜਾ ਦੇਰ ਨਾਲ ਪਹੁੰਚੇ। ਕਾਵਨ ਸਾਹਿਬ ਨੇ ਇਸ ਘਟਨਾ ਦੀ ਪੜਤਾਲ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਇਸ ਸੰਬੰਧ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਬੁਲਾ ਭੇਜਿਆ। ਸ੍ਰੀ ਸਤਿਗੁਰੂ ਜੀ ਦੇ ਮਲੌਦ ਪਹੁੰਚਣ ਬਾਰੇ [1*]ਸੰਤ ਸੰਤੋਖ ਸਿੰਘ ਬਾਹੋਵਾਲ ਇਸ ਤਰ੍ਹਾਂ ਵਰਣਨ ਕਰਦਾ ਹੈ :- "ਮਲੌਦ ਥੀਂ ਥਾਨੇਦਾਰ ਰਾਮਦਾਸਪੁਰੇ ਸਾਹਿਬ ਆਇਆ। ਦੀਨ ਦਇਆਲ ਜੀ ਕੋ ਥਾਨੇਦਾਰ ਨੇ ਕਹਿਆ ਕੇ ਮਲੌਦ ਮੈਂ ਫਰੰਗੀ ਨੇ ਯਾਦ ਕੀਤਾ ਹੈ। ਥਾਨੇਦਾਰ ਕਹਿਕੇ ਚਲਾ ਗਿਆ। ਗੁਰੂ ਸਾਹਿਬ ਜੀ ਪੰਜਾਂ ਸਿੰਘਾਂ ਨਾਲ ਚਲੇ ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ, ਖਜਾਨ ਸਿੰਘ ਤੇ ਜੋਗਾ ਸਿੰਘ। ਗੁਰੂ ਜੀ ਸੁਰਖੀ ਘੋੜੀ ਪਰ ਅਸਵਾਰ ਹੋਣੇ ਨਾਲ ਏਕ ਗੱਡ ਸੀ। ਜਾਂ ਮੀਲ ਭਰ ਗਏ ਤਾਂ ਗੱਡੇ ਪਰ ਚੜ੍ਹ ਬੈਠੇ ਘੋੜੀ ਸੂਬੇ ਕੋ ਦਿੱਤੀ।

ਮਲੌਦ ਦਰਵਾਜ਼ੇ ਪਰ ਡੇਰਾ ਕੀਤਾ। ਫਰੰਗੀ ਕੋਲ ਸਨੇ ਬਜਾਰ ਦੇ ਵਿਚੋਂ ਦੀ, ਸੀਸ ਉਪਰ ਚਾਦਰ ਲਈ ਹੋਈ ਸੀ। ਬਾਣੀਏ ਕਹਿੰਦੇ ਹੈਂ ਇਹ ਜਾਂਦਾ ਹੈ ਗਰੀਬ ਜਿਹਾ ਬਣਿਆ ਸਾਡੇ ਸਿਰ ਪੜਵਾਇਕੇ। ਜਾਂ ਫਰਗੀ ਕੋਲ ਗਏ ਤਾਂ ਫਰੰਗੀ ਨੇ ਕਿਹਾ ਕੇ ਦੇਖੋ ਤੁਮ੍ਹਾਰੇ ਸਿੰਘਾਂ ਨੇ ਆਨ ਲੜਾਈਆਂ ਕੀਤੀਆਂ ਹੈਂ। ਇਕ ਦਰੋਗਾ ਮਾਰਿਆ ਹੈ ਦੂਆ ਕਾਜ਼ੀ ਮਾਰਿਆ ਹੈ ਕਾਰਦਾਰ। ਤੁਮਾਰੇ ਸਿੰਘ ਭੀ ਦੋ ਮਾਰੇ ਗਏ ਹੈ ਗੋਰਖਾ ਤੇ ਨੰਦ ਸਿੰਘ, ਮਲੌਦ ਸਰਦਾਰ ਦੇ ਪੁੱਤ ਨੂੰ ਟਾਕੂਆ ਮਾਰਿਆ ਹੈ।

ਸਰਦਾਰ ਨੇ ਅੱਖ ਬਚਾਇਕੇ ਕਹਾ ਕੇ ਮੈਂ ਆਪ ਕਾ ਸਿਖ ਹਾਂ, ਮੇਰੇ ਵੀ ਘੋੜੇ ਲੈ ਗਏ ਹਨ। ਮੇਰੇ ਵੀ ਸ਼ਸਤਰ ਲੈ ਗਏ ਹੈਂ, ਮੇਰੇ ਪੁੱਤਰ ਕੋ ਮਾਰ ਦੇਣਾ ਸੀ। ਆਪ ਨੇ ਹਾਥ ਦੇ ਕੇ ਰੱਖਿਆ ਹੈ। ਮੈਨੂੰ ਬਖਸ਼ੋ ਮੇਰਾ ਗੁਨਾਊਂ ਕੋਈ ਨਹੀਂ। ਸਤਿਗੁਰੂ ਜੀ ਬਚਨ ਕੀਤਾ ਤੈਨੂੰ ਬਖਸ਼ਿਆ ਹੈ। ਦੋ ਸਿੰਘ ਤਾਂ ਸਾਡੇ ਬੀ ਚੜ੍ਹ ਗਏ ਹੈਂ। ਸ਼ਹਿਰ ਵਾਲਿਆਂ ਨੂੰ ਕਹਾ ਕੇ ਤੁਸਾਂ ਬੜੀ ਮਾੜੀ ਕੀਤੀ ਹੈ। ਇੱਟਾਂ ਨਾਲ ਸਿੰਘ ਮਾਰੇ ਹੈਂ। ਕੀ ਮਾਰਿਆ ਹੈ ? ਅਨਿਆਈ ਮਾਰੇ ਹੈਂ। ਥੁਆਨੂੰ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 471-472



Sri Satguru Jagjit Singh Ji Elibrary NamdhariElibrary@gmail.com

ਕਰਤਾਰ ਮਾਰੇਗਾ। ਸਰਦਾਰ ਨੇ ਕਹਿਆ ਜੀ ਸਿੰਘਾਂ ਕੇ ਮਰਨ ਕੀ ਮੈਨੂੰ ਕੁਛ ਖ਼ਬਰ ਨਹੀਂ ਹੈ।

ਫਰੰਗੀ ਨੇ ਸਤਿਗੁਰੂ ਜੀ ਕਾ ਨਾਮ ਲਿਖਿਆ ਤੇ ਸੂਬਿਆਂ ਕਾ ਕਿੱਤਾ ਪੁੱਛਿਆ ਕੀ ਕਰਦੇ ਹੈਂ? ਬਚਨ ਹੋਇਆ ਏਹਨਾਂ ਦਾ ਭਜਨ ਸੁਣਾਉਣ ਦਾ ਕਿੱਤਾ ਹੈ। ਆਪ ਮੈਂ ਫਰੰਗੀ ਗਿਟ-ਮਿਟ ਕਰਕੇ ਕਹਿਨ ਲਗੇ ਵੈਲ ਰਾਮ ਸਿੰਘ ਜਾਓ ਭੈਣੀ ਕੋ ਫੇਰ ਲੁਧਿਆਣੇ ਬੁਲਾਵਾਂਗੇ। ਸੂਬਿਆਂ ਕੋ ਹੁਕਮ ਦੀਆ ਕੇ ਤੁਮ ਭੀ ਨਾਲ ਹੀ ਜਾਓ। ਜੋਗਾ ਸਿੰਘ ਨੂੰ ਕਹਿਆ ਤੁਮ ਫਰੋਜਪੁਰ ਨੂੰ ਜਾਓ ਤੇਰਾ ਪਰਵਾਨਾ ਗਿਆ ਹੈ।

ਜਾਂ ਸਤਿਗੁਰੂ ਜੀ ਮੁੜੇ ਤਾਂ ਸੀਸ ਉਤੋਂ ਦੀ ਚਾਦਰ ਲਾਹ ਕੇ ਮੋਢਿਆਂ ਦੇ ਉਤੋਂ ਦੀ ਪਾਇ ਲਈ ਹੈ। ਲੰਬੀ ਗਰਦਨ ਕਾ ਦੂਰੋਂ ਦਰਸ਼ਨ ਹੋਵੇ। ਹੱਟੀਆਂ ਵਾਲੇ ਫੇਰ ਕਹਿਨ ਲਗੇ ਅੱਗੇ ਜਾਂਦਾ ਸਾਨੀ ਗਰੀਬ ਬਣਿਆ ਹੁਣ ਸ਼ੇਰ ਕੀ ਤਰ੍ਹਾਂ ਜਾਂਦਾ ਹੈ। ਉਸੀ ਵਖਤ ਅਸਵਾਰ ਹੋਇਕੇ ਸਿਆੜ੍ਹ ਨੂੰ ਮੁੜ ਗਏ। ਅੰਗਰੇਜ਼ ਮਲੇਰਕੋਟਲੇ ਚਲੇ ਗਏ।"

ਮਲੇਰਕੋਟਲੇ ਦੇ ਹੱਲੇ ਅਤੇ ਉਥੋਂ ਦੀਆਂ ਦੋਹਾਂ ਧਿਰਾਂ ਦੀਆਂ ਮੌਤਾਂ ਅਤੇ ਜ਼ਖ਼ਮੀਆਂ ਬਾਰੇ ਕਾਵਨ ਸਾਹਿਬ ਨੂੰ ਖਬਰ ਮਲੌਦ ਹੀ ਮਿਲ ਗਈ ਸੀ। ਇਸ ਲਈ ਉਹ ਕੋਟਲੇ ਪਹੁੰਚਣ ਲਈ ਬੜਾ ਉਤਾਵਲਾ ਸੀ। ਜਾਣ ਤੋਂ ਪਹਿਲਾਂ ਉਸਨੇ ਇਕ ਤਾਰ ਪੰਜਾਬ ਸਰਕਾਰ ਦੇ ਸਕੱਤਰ, ਜੋ ਉਸ ਸਮੇਂ ਦਿਲੀ ਵਿਚ ਸੀ ਨੂੰ ਲਿਖ ਕੇ ਇਕ ਹਰਕਾਰੇ ਰਾਹੀਂ ਲੁਧਿਆਣੇ ਭੇਜ ਦਿੱਤੀ। ਇਸ ਤਾਰ ਵਿਚ ਲਿਖੇ ਸੰਖੇਪ ਜਿਹੇ ਵੇਰਵੇ ਤੋਂ ਇਹ ਪਤਾ ਲਗਦਾ ਹੈ ਕਿ ਕਾਵਨ ਦੇ ਮਨ ਵਿਚ ਉਸ ਸਮੇਂ ਕਿਹੜੇ ਵਿਚਾਰ ਆ ਰਹੇ ਸਨ? ਇਸ ਤਾਰ ਵਿਚ ਇਹ ਸ਼ਬਦ ਲਿਖੇ ਗਏ ਸਨ : 1*"ਮਲੌਦ ਦੇ ਚਾਰ ਕਾਤਲਾਂ ਬਾਰੇਂ ਸਬੂਤ ਬੜੇ ਮੰਨਣਯੋਗ ਹਨ। ਮੈਨੂੰ ਆਗਿਆ ਬਖਸ਼ੋ ਕਿ ਮੈਂ ਇਨ੍ਹਾਂ ਨੂੰ ਇਸੇ ਥਾਂ ਹੀ ਮੌਤ ਦੀ ਸਜ਼ਾ ਦੇ ਸਕਾਂ। ਇਹ ਬੜਾ ਜ਼ਰੂਰੀ ਹੈ ਕਿ ਸਜ਼ਾ ਤੁਰੰਤ ਦਿੱਤੀ ਜਾਵੇ। ਮੈਂ ਕੋਟਲੇ ਜਾ ਰਿਹਾ ਹਾਂ।

ਕਾਵਨ ਨੂੰ ਇਸ ਗਲ ਦਾ ਖਦਸ਼ਾ ਸੀ ਕਿ ਕੂਕਿਆਂ ਦੀਆਂ ਬਾਗੀ ਕਾਰਵਾਈਆਂ ਵਡੇ ਵਿਦਰੋਹ ਦਾ ਰੂਪ ਨਾ ਧਾਰ ਲੈਣ। ਕੋਟਲੇ ਨੂੰ ਜਾਂਦੇ ਹੋਏ ਕਾਵਨ ਨੂੰ ਅਤੇ ਰਸਤੇ ਵਿਚ ਹੀ ਪਟਿਆਲੇ ਰਿਆਸਤ ਦਾ ਨਾਇਬ ਨਾਜ਼ਿਮ ਨਿਆਜ਼ ਅਲੀ ਮਿਲ ਪਿਆ, ਜਿਸਨੇ ਉਸਨੂੰ ਇਹ ਇਤਲਾਹ ਦਿੱਤੀ ਕਿ ਉਸਨੇ ਰੜ ਤੋਂ 68 ਕੂਕਿਆਂ ਦੇ ਜੱਥੇ ਨੂੰ ਗਿਰਫਤਾਰ ਕਰਕੇ ਸ਼ੇਰਪੁਰ ਦੇ ਥਾਣੇ ਵਿਚ ਬੰਦ ਕਰ ਦਿੱਤਾ ਹੈ। ਉਸਨੇ ਇਹ ਵੀ ਦਸ ਦਿੱਤਾ ਕਿ ਜੱਥੇ ਦੇ ਬੰਦੇ ਸਰਕਾਰ

1* ਨਾਹਰ ਸਿੰਘ, ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 176



Sri Satguru Jagjit Singh Ji Elibrary NamdhariElibrary@gmail.com

ਵਿਰੁੱਧ ਗਾਲੀ ਗਲੋਚ ਵਾਲੀ ਭਾਸ਼ਾ ਵਰਤ ਰਹੇ ਹਨ। ਕਾਵਨ ਨਿਆਜ਼ ਅਲੀ ਨੂੰ ਜੱਥੇ ਦੇ ਬੰਦੀਆਂ ਨੂੰ ਕੋਟਲੇ ਪਹੁੰਚਾਉਣ ਦਾ ਹੁਕਮ ਦੇ ਕੇ ਆਪ ਮਲੇਰਕੋਟਲੇ ਨੂੰ ਚਲਾ ਗਿਆ। ਉਹ 17 ਜਨਵਰੀ ਦੀ ਸਵੇਰ ਤਕ ਕੋਟਲੇ ਪਹੁੰਚ ਕੇ ਕੈਦੀਆਂ ਦੀ ਬੇਸਬਰੀ ਨਾਲ ਉਡੀਕ ਕਰਨ ਲਗਾ।

ਮਲੌਦ ਤੋਂ ਚਲਣ ਸਮੇਂ ਉਸਨੇ ਸਿਵਲ ਸਰਜਨ ਦੇ ਅਮਲੇ ਨੂੰ ਮਲੌਦ ਦੇ ਜ਼ਖ਼ਮੀਆਂ ਦੀ ਮਰ੍ਹਮ-ਪੱਟੀ ਕਰ ਕੇ. ਕੋਟਲੇ ਪਹੁੰਚਣ ਲਈ ਆਦੇਸ਼ ਕਰ ਦਿੱਤਾ ਸੀ।

## ਸ਼ਹੀਦੀ ਜੱਥੇ ਦਾ ਕੋਟਲੇ ਪਹੁੰਚਣਾ

ਪੁਲਿਸ ਦੀਆਂ ਗਾਰਦਾਂ ਦੇ ਪਹਿਰੇ ਵਿਚ ਜੱਥੇ ਨੂੰ ਸ਼ੇਰਪੁਰ ਤੋਂ ਮਲੇਰਕੋਟਲੇ ਲਿਜਾਇਆ ਜਾ ਰਿਹਾ ਸੀ। ਉਸ ਰਾਤ ਕਾਫੀ ਮੀਂਹ ਵਰ੍ਹਿਆ ਸੀ। ਇਸ ਲਈ ਰਾਹ ਵਿਚ ਕਈ ਥਾਵਾਂ ਤੇ ਪਾਣੀ ਇਕੱਠਾ ਹੋ ਗਿਆ ਸੀ ਤੇ ਸੜਕ ਉਤੇ ਖੋਭਾ ਸੀ। ਜੱਥੇ ਦੇ ਸਖਤ ਜ਼ਖਮੀਆਂ ਨੂੰ ਮੰਜਿਆਂ ਤੇ ਲਿਟਾ ਕੇ ਵਗਾਰੀ ਚੁੱਕ ਕੇ ਲਿਜਾ ਰਹੇ ਸਨ। ਕੁਝ ਗੱਡਿਆਂ ਉਤੇ ਬੈਠੇ ਸਨ ਤੇ ਕੁਝ ਨੇ ਹਾਕਮਾਂ ਦੀ ਸਵਾਰੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਉਹ ਪੈਦਲ ਹੀ ਤੁਰੇ ਜਾ ਰਹੇ ਸਨ। ਜੱਥੇ ਦੇ ਬੰਦਿਆਂ ਵਿਚ ਡਰ ਭੈਅ ਦਾ ਕੋਈ ਨਿਸ਼ਾਨ ਨਹੀਂ ਸੀ, ਸਗੋਂ ਉਹ ਮੌਤ ਤੋਂ ਬੇਪਰਵਾਹ ਹੋ ਕੇ ਖਿੜੇ-ਮੱਥੇ ਸਜਾਵਾਂ ਭੁਗਤਣ ਲਈ ਤਿਆਰ ਬਰ ਤਿਆਰ ਸਨ। ਉਹ ਤਾਂ ਦੇਸ਼ ਦੀ ਅਜ਼ਾਦੀ ਖਾਤਿਰ ਵਿਦੇਸ਼ੀ ਹਾਕਮਾਂ ਦੇ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਮੌਤ ਲਾੜੀ ਨੂੰ ਵਿਆਹੁਣ ਜਾ ਰਹੇ ਸਨ। ਦੂਜੇ ਬੰਨੇ ਕਾਵਨ ਇਨ੍ਹਾਂ ਕੈਦੀਆਂ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ। ਉਹ ਪਹਿਲਾਂ ਹੀ ਉਨ੍ਹਾਂ ਨੂੰ ਸਖਤ ਸਜਾਵਾਂ ਦੇਣ ਲਈ ਕਾਹਲਾ ਤੇ ਉਤਾਵਲਾ ਸੀ। ਜਦੋਂ ਦੁਪਹਿਰ ਤਕ ਜੱਥਾ ਕੋਟਲੇ ਨਾ ਪਹੁੰਚਿਆ ਤਾਂ ਉਸਨੇ ਪੁਲਿਸ ਕਪਤਾਨ ਨੂੰ ਅਗਲਵਾਂਢੀ ਜਾ ਕੇ ਇਹ ਪਤਾ ਕਰਨ ਲਈ ਕਿਹਾ ਕਿ ਜੱਥੇ ਨੂੰ ਲਿਆਉਣ ਵਿਚ ਇੰਨੀ ਦੇਰੀ ਕਿਉਂ ਹੋ ਰਹੀ ਹੈ।

ਕਤਲਗਾਹਾਂ ਦਾ ਇਤਿਹਾਸ ਦੁਹਰਾਇਆ ਜਾ ਰਿਹਾ ਸੀ। 18ਵੀਂ ਸਦੀ ਦੇ ਦੂਜੇ ਦਹਾਕੇ ਵਿਚ ਸੰਨ 1715 ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਲਾਹੌਰ ਤੋਂ ਦਿਲੀ ਤੱਕ 740 ਤੋਂ ਵੀ ਵੱਧ ਸਿੰਘਾਂ ਦਾ ਸ਼ਹੀਦੀ ਜੱਥਾ ਲਾਹੌਰ ਤੋਂ ਦਿਲੀ ਲਿਜਾਇਆ ਜਾ ਰਿਹਾ ਸੀ। ਕੂਕਿਆਂ ਦੇ ਇਸ ਸ਼ਹੀਦੀ ਜੱਥੇ ਦੀ ਗਿਣਤੀ ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਿੰਘਾਂ ਨਾਲੋਂ ਦਸਵੇਂ ਹਿਸੇ ਦੀ ਹੀ ਸੀ, ਪਰ ਉਨ੍ਹਾਂ ਵਿਚ ਬੀਰ-ਆਤਮਾ ਗੁਰੂ ਗੋਬਿੰਦ ਸਿੰਘ ਦੇ ਬੀਰ ਭਾਵੀ ਆਦਰਸ਼ਾਂ ਨੂੰ ਹੀ ਸਾਕਾਰ ਕਰ ਰਹੀ ਸੀ। ਲੁਧਿਆਣੇ ਦਾ ਪੁਲਿਸ ਕਪਤਾਨ ਚਾਰ-ਪੰਜ ਮੀਲ ਦੀ ਦੂਰੀ ਤੇ ਜੱਥੇ ਨੂੰ ਜਾ ਮਿਲਿਆ। ਗੱਡਿਆਂ ਵਿਚ ਜੁੱਤੇ



Sri Satguru Jagjit Singh Ji Elibrary NamdhariElibrary@gmail.com

ਬਲਦ ਥੱਕ ਚੁੱਕੇ ਸਨ। ਇਨਾਂ ਬਲਦਾਂ ਦੀ ਥਾਂ ਨਵੇਂ ਬਲਦ ਜੋੜੇ ਗਏ। ਆਪਣੇ 16 ਫਰਵਰੀ, 1872 ਦੇ ਇਕ ਪੱਤਰ ਵਿਚ ਪੁਲਿਸ ਕਪਤਾਨ ਮਿ. ਪਰਕਿਨਜ਼ ਜੱਥੇ ਦੀ ਹਾਲਤ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ, [1*]"ਕਿਉਂਕਿ ਕੈਦੀ 12 ਵਜੇ ਤਕ ਪਹੁੰਚੇ ਨਹੀਂ ਸਨ, ਇਸ ਲਈ ਡਿਪਟੀ ਕਮਿਸ਼ਨਰ ਨਾਲ ਸਲਾਹ ਕਰਕੇ ਮੈਂ ਘੋੜਸਵਾਰਾਂ ਨੂੰ ਨਾਲ ਲੈ ਕੇ ਕੈਦੀਆਂ ਨੂੰ ਹਫਾਜ਼ਤ ਨਾਲ ਲਿਆਵਣ ਲਈ, ਜੋ ਇਸ ਸਮੇਂ ਕੋਈ 6 ਕੁ ਮੀਲ ਤੇ ਦੱਸੀਦੇ ਸਨ, ਚਲ ਪਿਆ। ਸੜਕਾਂ ਬੜੀਆਂ ਹੀ ਭੈੜੀਆਂ ਸਨ ਅਤੇ ਟੁੱਟੀਆਂ ਪਈਆਂ ਸਨ। ਗੱਡਿਆਂ ਦੇ ਬੈਲ ਥੱਕੇ ਹੋਏ ਡਿਗ ਡਿਗ ਪੈਂਦੇ ਸਨ ਅਤੇ ਖੱਡਿਆਂ ਤੇ ਚਲ੍ਹਿਆਂ ਵਿਚੀਂ ਗੱਡੇ ਬੜੇ ਔਖੇ ਲੰਘਦੇ ਸਨ। ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਬਹੁਤ ਕੀਮਤੀ ਪੁਸ਼ਾਕਾਂ ਪਾਈਆਂ ਹੋਈਆਂ ਸਨ ਅਤੇ ਉਹ ਅਮੀਰ ਆਦਮੀ ਲਗਦੇ ਸਨ। ਉਨ੍ਹਾਂ ਦੇ ਚਿਹਰੇ ਮੋਹਰਿਆਂ ਤੋਂ ਮਲੂਮ ਹੁੰਦਾ ਸੀ ਕਿ ਉਹ ਦਲੇਰ ਅਤੇ ਦ੍ਰਿੜ ਵਿਸ਼ਵਾਸ ਵਾਲੇ ਬੰਦੇ ਸਨ। ਇਹ ਜੱਥਾ ਸ਼ਾਮ ਦੇ 4 ਵਜੇ ਦੇ ਕਰੀਬ ਮਲੇਰਕੋਟਲੇ ਪੁੱਜਾ। ਅਗੋਂ ਕਾਵਨ ਯਮਦੂਤ ਦੇ ਰੂਪ ਵਿਚ ਖੜਾ ਉਨ੍ਹਾਂ ਦੀ ਉਡੀਕ ਕਰ ਰਿਹਾ ਸੀ।

## ਕਾਵਨ ਦੀ ਉਲਾਰ ਮਾਨਸਿਕ ਦਸ਼ਾ

ਐਲ. ਕਾਵਨ ਭਾਵੇਂ ਅੰਗਰੇਜ਼ ਸਰਕਾਰ ਦਾ ਵਫਾਦਾਰ ਅਧਿਕਾਰੀ ਸੀ, ਪਰ 1871 ਦੇ ਪਿਛਲੇ ਛੇ-ਸੱਤ ਮਹੀਨਿਆਂ ਵਿਚ ਵਾਪਰੀਆਂ ਘਟਨਾਵਾਂ ਨੇ ਉਸਦੀ ਪਰੇਸ਼ਾਨੀ ਤੇ ਮਾਨਸਿਕ ਬੇਚੈਨੀ ਵਿਚ ਬਹੁਤ ਵਾਧਾ ਕਰ ਦਿੱਤਾ ਸੀ। ਅੰਮ੍ਰਿਤਸਰ ਵਿਚ ਬਹੁਤ ਵਾਧਾ ਕਰ ਦਿੱਤਾ ਸੀ। ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਾਂ ਦੇ ਕਾਤਲਾਂ ਨੂੰ ਫਾਂਸੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਸਨ। ਇਥੋਂ ਤਕ ਕਿ ਲੁਧਿਆਣੇ ਵਿਚ 26 ਨਵੰਬਰ 1871 ਨੂੰ ਗਿਆਨੀ ਰਤਨ ਸਿੰਘ ਮੰਡੀ ਅਤੇ ਰਤਨ ਸਿੰਘ ਨਾਈਵਾਲੇ ਵਰਗੇ ਨਿਰਦੋਸ਼ਾਂ ਨੂੰ ਵੀ ਫਾਂਸੀ ਦੇ ਦਿੱਤੀ ਗਈ ਸੀ। ਮਲੌਦ ਅਤੇ ਮਲੇਰਕੋਟਲੇ ਦੀਆਂ ਤਾਜ਼ਾ ਘਟਨਾਵਾਂ ਨੇ ਕਾਵਨ ਦੀ ਨੀਂਦ ਹਰਾਮ ਕਰ ਛਡੀ ਸੀ।

ਜ਼ਿਲ੍ਹੇ ਲੁਧਿਆਣੇ ਦਾ ਮੁਖ ਅਧਿਕਾਰੀ ਹੋਣ ਕਾਰਨ ਉਸਦੀ ਜ਼ਿਮੇਵਾਰੀ ਹੋਰ ਵੀ ਵਧ ਗਈ ਸੀ, ਕਿਉਂ ਜੋ ਕੂਕਿਆਂ ਦਾ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਉਸਦੇ ਅਧਿਕਾਰ ਖੇਤਰ ਵਿਚ ਹੀ ਆਉਂਦਾ ਸੀ। ਕੇਵਲ ਕਾਵਨ ਹੀ ਨਹੀਂ ਸਗੋਂ ਅੰਬਾਲੇ ਡਿਵੀਜ਼ਨ ਦਾ ਕਮਿਸ਼ਨਰ ਫੌਰਸਾਈਥ ਅਤੇ ਪੰਜਾਬ ਪੁਲਿਸ ਦਾ ਉਚ ਅਧਿਕਾਰੀ ਮੈਕ-ਐਂਡਰੀਊ ਸਾਰੇ ਹੀ ਸਤਿਗੁਰੂ ਰਾਮ ਸਿੰਘ ਤੇ ਕੂਕਿਆਂ ਦੀਆਂ ਵਧ ਰਹੀਆਂ ਸਰਗਰਮੀਆਂ ਬਾਰੇ ਚਿੰਤਾਤੁਰ ਸਨ। ਉਨ੍ਹਾਂ ਵਿਚੋਂ ਕੁਝ

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 430



Sri Satguru Jagjit Singh Ji Elibrary NamdhariElibrary@gmail.com

ਇਕ ਨੇ ਤਾਂ ਸਤਿਗੁਰੂ ਰਾਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਤੋਂ ਬਾਹਰ ਭੇਜਣ ਦੇ ਸੁਝਾਅ ਵੀ ਪੰਜਾਬ ਤੇ ਹਿੰਦ ਸਰਕਾਰ ਨੂੰ ਲਿਖਤੀ ਰੂਪ ਵਿਚ ਭੇਜ ਦਿੱਤੇ ਸਨ। ਅੰਗਰੇਜ਼ ਉਚ ਅਧਿਕਾਰੀ ਇਹ ਤੌਖਲਾ ਪ੍ਰਗਟ ਕਰ ਰਹੇ ਸਨ ਕਿ ਪੰਜਾਬ ਵਿਚ ਕੂਕਿਆਂ ਦੀ ਬਗਾਵਤ ਹੋਣ ਹੀ ਵਾਲੀ ਹੈ। ਇਸੇ ਕਾਰਨ ਅੰਗਰੇਜ਼ ਸਰਕਾਰ ਨੇ ਲੁਧਿਆਣੇ ਦੀ ਫੌਜੀ ਛਾਉਣੀ ਨੂੰ ਗੋਰਖਾ ਪਲਟਨਾਂ ਭੇਜ ਕੇ ਮਜ਼ਬੂਤ ਕਰ ਲਿਆ ਸੀ।

ਉਪਰੋਕਤ ਪਿਛੋਕੜ ਤੇ ਹਾਲਤਾਂ ਨੂੰ ਮੁੱਖ ਰਖ ਕੇ ਕਾਵਨ ਦਾ ਫਿਕਰਮੰਦ ਹੋਣਾ ਕੁਝ ਹਦ ਤਕ ਨਿਆਏਕਾਰੀ ਵੀ ਪ੍ਰਤੀਤ ਹੁੰਦਾ ਹੈ। ਪਰ ਜੇ ਉਸਦੇ ਮਨ ਦਾ ਅੰਤਰ-ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਵੀ ਗਿਆਤ ਹੋ ਜਾਂਦਾ ਹੈ ਕਿ ਉਹ ਲੋੜ ਤੋਂ ਵਧੇਰੇ ਮਹੱਤਵਅਕਾਂਖੀ ਸੀ। ਉਹ ਇਸ ਹਾਲਤ ਤੋਂ ਵੱਧ ਤੋਂ ਵੱਧ ਲਾਭ ਉਠਾ ਕੇ ਆਪ ਨਾਇਕ ਬਣਨਾ ਚਾਹੁੰਦਾ ਸੀ, ਤਾਂ ਜੋ ਉਸ ਲਈ ਹੋਰ ਤਰੱਕੀ ਦਾ ਰਾਹ ਖੁੱਲ੍ਹ ਸਕੇ ਅਤੇ ਉੱਚ ਅਧਿਕਾਰੀ ਉਸ ਦੀ ਪ੍ਰਸੰਸਾ ਕਰਨ। ਉਸ ਦੀ ਇਸ ਮਾਨਸਿਕ ਖਿਚੋਤਾਣ ਅਤੇ ਲੋੜ ਤੋਂ ਵੱਧ ਅਭਿਲਾਸ਼ਾ ਨੇ ਉਸ ਦੇ ਮਾਨਸਿਕ ਸੰਤੁਲਨ ਨੂੰ ਹਿਲਾ ਦਿੱਤਾ ਸੀ। ਇਸ ਲਈ ਉਹ ਆਪਣੇ ਅਧਿਕਾਰਾਂ ਤੋਂ ਲਾਂਭੇ ਜਾ ਕੇ ਅਤੇ ਸੰਵਿਧਾਨਕ ਜ਼ਿੰਮੇਵਾਰੀਆਂ ਨੂੰ ਅਖੋਂ-ਪਰੋਖੇ ਕਰਕੇ ਆਪ ਹੁਦਰੇ ਅਤੇ ਗੈਰ-ਕਾਨੂੰਨੀ ਕਦਮ ਚੁੱਕਣ ਉੱਤੇ ਤੁਲਿਆ ਹੋਇਆ ਸੀ। ਉਸ ਦਾ 17 ਜਨਵਰੀ, 1872 ਦਾ ਉਹ ਪੱਤਰ[1*] ਜਿਹੜਾ ਉਸਨੇ ਕਮਿਸ਼ਨਰ ਅੰਬਾਲਾ ਮਿ: ਫੋਰਸਾਈਥ ਨੂੰ ਸਾਰੇ ਹਾਲਾਤ ਸੰਬੰਧੀ ਜਾਣੂ ਕਰਾਉਣ ਲਈ ਲਿਖਿਆ ਸੀ, ਉਸ ਵਿੱਚ ਉਸ ਦੇ ਲੁਕਵੇਂ ਇਰਾਦਿਆਂ ਦੀ ਝਲਕ ਸਾਫ-ਸਾਫ ਦਿਖਾਈ ਦਿੰਦੀ ਹੈ, ਜੋ ਉਸਦੀ ਉਲਾਰ ਉਤੇਜਤ ਅਤੇ ਅਸੰਤੁਲਿਤ ਮਾਨਸਿਕ ਦਸ਼ਾ ਨੂੰ ਵੀ ਪ੍ਰਗਟ ਕਰਦੀ ਹੈ। ਇਸ ਪੱਤਰ ਦਾ ਸਾਰ ਨਿਮਨਲਿਖਿਤ ਹੈ :

[1*]"ਇਸ ਪੱਤਰ ਵਿੱਚ ਉਹ ਸਭ ਤੋਂ ਪਹਿਲਾਂ ਕਮਿਸ਼ਨਰ ਫੋਰਸਾਈਥ ਨੂੰ ਆਪਣੇ ਉਸ ਪੱਤਰ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ, ਜੋ ਉਸਨੇ ਮਲੌਦ ਤੋਂ ਲਿਖਿਆ ਸੀ। ਇਸ ਵਿੱਚ ਇਹ ਉਲੇਖ ਸੀ ਕਿ ਅਮਨ ਪੂਰੀ ਤਰ੍ਹਾਂ ਬਹਾਲ ਹੋ ਚੁੱਕਾ ਹੈ ਅਤੇ ਹੁਣ ਤੁਹਾਨੂੰ ਕੋਟਲੇ ਆਉਣ ਦੀ ਕੋਈ ਲੋੜ ਨਹੀਂ ਹੈ। ਇਸ ਤੋਂ ਅੱਗੇ ਮਲੌਦ ਦੀਆਂ ਘਟਨਾਵਾਂ ਦੇ ਵੇਰਵੇ ਦਿੱਤੇ ਗਏ ਹਨ।"

ਇਸ ਤੋਂ ਅੱਗੇ ਉਹ ਸ੍ਰੀ ਭੈਣੀ ਸਾਹਿਬ ਦੇ ਸ਼ਹੀਦੀ ਜੱਥੇ ਤੇ ਉਸਦੇ ਆਗੂਆਂ ਹੀਰਾ ਸਿੰਘ ਤੇ ਲਹਿਣਾ ਸਿੰਘ ਬਾਰੇ ਦੱਸਦਾ ਹੈ ਕਿ ਇਹ ਦੋਵੇਂ ਪਹਿਲਾਂ ਬੜੇ ਰੱਜੇ-ਪੁੱਜੇ ਵਿਅਕਤੀ ਸਨ, ਪਰ ਹੁਣ ਗਰੀਬ ਹੋ ਗਏ ਹਨ।

[1*] ਸ੍ਰ. ਨਾਹਰ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 185-189



Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਨੇ 60 ਤੋਂ 100 ਤੱਕ ਦਾ ਇੱਕ ਜੱਥਾ ਬਣਾ ਲਿਆ ਸੀ। ਇਹ ਸਾਰੇ (ਗੁਰੂ) ਰਾਮ ਸਿੰਘ ਦੇ ਧਾਰਮਿਕ ਦੀਵਾਨਾਂ ਤੋਂ ਵੱਖਰੇ ਬੈਠੇ ਸਨ ਅਤੇਬੜੇ ਜੋਸ਼ ਵਿੱਚ ਅੰਗਰੇਜ਼ੀ ਸਰਕਾਰ ਅਤੇ ਉਨ੍ਹਾਂ ਰਿਆਸਤਾਂ ਦੇ ਹਾਕਮਾਂ ਨੂੰ ਗਾਲ੍ਹਾਂ ਕੱਢ ਰਹੇ ਸਨ, ਜਿਨ੍ਹਾਂ ਨੇ ਰਾਇਕੋਟ ਦੇ ਕਾਤਲਾਂ ਨੂੰ ਫੜਾਉਣ ਵਿੱਚ ਮਦਦ ਕੀਤੀ ਸੀ। ਉਹ ਕਹਿੰਦੇ ਸਨ ਕਿ ਉਨ੍ਹਾਂ ਨੇ ਸੂਬਾ ਗਿਆਨੀ ਸਿੰਘ ਦਾ ਬਦਲਾ ਲੈਣਾ ਹੈ, ਜਿਸਨੂੰ ਇੱਕ ਮਹੀਨਾ ਪਹਿਲਾਂ ਲੁਧਿਆਣੇ ਫਾਂਸੀ ਦੇ ਦਿੱਤੀ ਗਈ ਸੀ। ਉਹ ਇਹ ਵੀ ਕਹਿੰਦੇ ਸਨ ਕਿ ਜੇਕਰ ਉਹ ਉਨ੍ਹਾਂ ਦਾ ਸਾਥ ਨਿਭਾਉਣਗੇ, ਤਾਂ ਉਨ੍ਹਾਂ ਨੂੰ ਘੋੜੇ, ਹਥਿਆਰ ਅਤੇ ਨਕਦੀ ਵੀ ਦਿੱਤੀ ਜਾਵੇਗੀ। ਹਥਿਆਰ ਅਤੇ ਘੋੜੇ ਆਦਿ ਮਲੇਰਕੋਟਲੇ ਤੋਂ ਪ੍ਰਾਪਤ ਕਰਕੇ ਉਹ ਸੰਗਰੂਰ, ਨਾਭਾ ਅਤੇ ਪਟਿਆਲਾ ਦੇ ਹਾਕਮਾਂ ਨੂੰ ਸੌਂਪਣਗੇ। (ਗੁਰੂ) ਰਾਮ ਸਿੰਘ ਨੇ ਇਨ੍ਹਾਂ ਬਾਰੇ ਡਿਪਟੀ ਸੁਪਰਡੈਂਟ ਪੁਲਿਸ ਸਰ ਫਰਾਜ਼ ਖਾਨ ਨੂੰ ਇਤਲਾਹ ਦੇ ਦਿੱਤੀ ਸੀ ਅਤੇ ਉਨ੍ਹਾਂ ਨੂੰ ਵੀ ਕਹਿ ਦਿੱਤਾ ਸੀ ਕਿ ਉਹ ਭੈਣੀ ਸਾਹਿਬ ਵਿਖੇ ਕੋਈ ਗੜਬੜ ਨਾ ਕਰਨ। ਮੈਂ ਨਹੀਂ ਕਹਿ ਸਕਦਾ ਕਿ ਇਹ ਗੱਲ ਉਸਨੇ ਸੱਚੇ ਦਿਲੋਂ ਕਹੀ ਸੀ ਜਾਂ ਉਸਦਾ ਕੋਈ ਹੋਰ ਗੁਪਤ ਇਰਾਦਾ ਸੀ।

13 ਜਨਵਰੀ ਨੂੰ 2 ਵਜੇ ਦੇ ਕਰੀਬ ਇਹ ਜੱਥਾ ਭੈਣੀ ਤੋਂ ਚੱਲ ਕੇ ਰਾਮਪੁਰ ਤੇ ਪਾਇਲ ਹੁੰਦਾ ਹੋਇਆ ਰੱਬੋ ਪਹੁੰਚ ਗਿਆ, ਜੋ ਮਲੌਦ ਤੋਂ ਸਾਢੇ ਤਿੰਨ ਮੀਲ ਦੀ ਦੂਰੀ ਤੇ ਸੀ। ਉਸੇ ਰਾਤ ਸਾਹਨੇਵਾਲ ਦੇ ਡਿਪਟੀ ਸੁਪਰਡੈਂਟ ਪੁਲਿਸ ਸਰ ਫਰਾਜ਼ ਖਾਨ ਨੇ ਇਤਲਾਹ ਦੇ ਦਿੱਤੀ ਸੀ ਅਤੇ ਮੈਂ ਰਾਤ ਦੇ 11 ਵਜੇ ਕੋਟਲੇ ਅਤੇ ਪਟਿਆਲੇ ਨੂੰ ਵੀ ਖਬਰ ਦੇ ਕੇ ਚੌਕਸ ਰਹਿਣ ਲਈ ਕਹਿ ਦਿੱਤਾ ਸੀ।

ਇਸ ਜੱਥੇ ਦੀ ਗਿਣਤੀ 150 ਤੋਂ ਵੱਧ ਕਦੇ ਨਹੀਂ ਵਧੀ। ਰੱਬੋ ਇਹ ਜੱਥਾ 13-14 ਨੂੰ ਇਸ ਲਈ ਅਟਕਿਆ ਰਿਹਾ ਕਿ ਸ਼ਾਇਦ ਉਨ੍ਹਾਂ ਨਾਲ ਹੋਰ ਬੰਦੇ ਆ ਰਲਣ, ਪਰ ਅਜਿਹਾ ਨਾ ਹੋਇਆ। ਮਲੌਦ ਤਾਂ ਉਹ ਹਥਿਆਰ ਲੈਣ ਦੀ ਝਾਕ ਵਿੱਚ ਗਏ ਸਨ। ਭੈਣੀ ਤੋਂ ਚੱਲਣ ਸਮੇਂ ਜੱਥੇ ਦਾ ਮਲੌਦ ਉੱਤੇ ਹੱਲਾ ਬੋਲਣ ਦਾ ਕੋਈ ਇਰਾਦਾ ਨਹੀਂ ਸੀ। ਇਸ ਤੋਂ ਅੱਗੇ ਮਲੌਦ ਦੀ ਘਟਨਾ ਬਾਰੇ ਵੇਰਵੇ ਦਿੱਤੇ ਗਏ ਹਨ ਅਤੇ ਕਾਵਨ ਦਾ ਇਹ ਵਿਚਾਰ ਹੈ ਕਿ ਉੱਥੇ ਜੱਥੇ ਨੂੰ ਕੋਈ ਬਹੁਤ ਵੱਡੀ ਸਫ਼ਲਤਾ ਨਹੀਂ ਮਿਲੀ। ਮਲੇਰਕੋਟਲੇ ਦੀ ਘਟਨਾ ਦੇ ਵੇਰਵੇ ਦਿੱਤੇ ਗਏ ਹਨ, ਜੋ ਬਹੁਤਾ ਕਰਕੇ ਤੱਥਾਂ ਉੱਤੇ ਆਧਾਰਿਤ ਹਨ। ਇਸ ਤੋਂ ਅੱਗੇ ਰੜ ਵਿੱਚ ਪਟਿਆਲੇ ਦੇ ਨਾਇਬ ਨਾਜ਼ਿਮ ਨਿਆਜ਼ ਅਲੀ ਵੱਲੋਂ ਰੜ ਵਿਖੇ ਜੱਥੇ ਦੀ ਗਿਰਫਤਾਰੀ ਅਤੇ ਸ਼ੇਰਪੁਰ ਲਿਆਉਣ ਬਾਰੇ ਦੱਸਿਆ ਗਿਆ ਹੈ। ਇਸ ਗੱਲ ਦਾ ਵੀ ਜ਼ਿਕਰ ਕੀਤਾ



Sri Satguru Jagjit Singh Ji Elibrary NamdhariElibrary@gmail.com

ਗਿਆ ਹੈ ਕਿ ਨਾਭਾ ਅਤੇ ਜੀਂਦ ਨੇ ਉਸਦੀਆਂ ਬੇਨਤੀਆਂ ਦਾ ਫੌਰੀ ਹੁੰਗਾਰਾ ਭਰਿਆ ਹੈ ਅਤੇ ਆਪਣੇ ਸੈਨਿਕ ਦਸਤੇ ਭੇਜ ਦਿੱਤੇ ਹਨ। ਮੇਰੇ ਮੁਰਾਸਲੇ ਦੇ ਪਹੁੰਚਣ ਦੇ ਇੱਕ ਘੰਟੇ ਦੇ ਅੰਦਰ ਹੀ ਉਨ੍ਹਾਂ ਨੇ ਤੋਪਖਾਨਾ, ਰਸਾਲੇ ਅਤੇ ਪੈਦਲ ਫ਼ੌਜ ਨੂੰ ਭੇਜ ਦਿੱਤਾ ਹੈ। ਇਨ੍ਹਾਂ ਫ਼ੌਜਾਂ ਨੂੰ ਵੀ ਮੈਂ ਅੱਜ ਸ਼ਾਮ ਜਾਂ ਭਲਕ ਤੱਕ ਵਾਪਿਸ ਭੇਜ ਦੇਵਾਂਗਾ।

ਜਦੋਂ ਮੈਂ ਪਹਿਲੀ ਵਾਰ ਕੋਟਲੇ ਉੱਤੇ ਹੱਲੇ ਬਾਰੇ ਸੁਣਿਆ ਤਾਂ ਇਹ ਸਥਿਤੀ ਮੈਨੂੰ ਬੜੀ ਗੰਭੀਰ ਜਾਪੀ ਅਤੇ ਮੈਂ ਤਾਰ ਦੇ ਦਿਤੀ ਕਿ ਫ਼ੌਜ ਭੇਜ ਦਿੱਤੀ ਜਾਵੇ, ਕਿਉਂ ਜੋ ਕੋਟਲੇ ਅਤੇ ਮਲੌਦ ਉੱਤੇ ਹੱਲਾ ਉਨ੍ਹਾਂ ਲੋਕਾਂ ਵੱਲੋਂ ਹੀ ਕੀਤਾ ਗਿਆ ਹੈ, ਜਿਨ੍ਹਾਂ ਨੇ ਅੰਮ੍ਰਿਤਸਰ ਅਤੇ ਰਾਇਕੋਟ ਵਿਖੇ ਬੁੱਚੜਾਂ ਨੂੰ ਮਾਰਿਆ ਸੀ। ਇਸ ਲਈ ਮੇਰਾ ਇਹ ਸੋਚਣਾ ਠੀਕ ਹੀ ਸੀ ਕਿ ਇਹ ਡਾਕੇ ਤੋਂ ਵਧੇਰੇ ਕੋਈ ਗੰਭੀਰ ਘਟਨਾ ਹੈ। ਮੈਨੂੰ ਇੰਝ ਜਾਪਿਆ ਜਿਵੇਂ ਇਹ ਕਿਸੇ ਬਗਾਵਤ ਦਾ ਆਰੰਭ ਹੋਵੇ। ਇਸ ਲਈ ਮੈਂ ਆਪਣੀ ਪਹਿਲੀ ਰਿਪੋਰਟ ਵਿੱਚ ਕੋਈ ਗੈਰ-ਜ਼ਰੂਰੀ ਚਿਤਾਵਨੀ ਨਹੀਂ ਦਿੱਤੀ।

ਇਹ ਸਭ ਕੁਝ ਸਕਰੌਦੀ ਦੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਜਥੇਬੰਦ ਕੀਤਾ ਹੈ, ਜਿਨ੍ਹਾਂ ਨੇ ਕੂਕਿਆਂ ਵਿੱਚੋਂ ਬੇਸੂਝ ਬੰਦਿਆਂ ਨੂੰ ਨਾਲ ਰਲਾ ਲਿਆ, ਜੋ ਛੋਟੀ ਚੁੱਕ ਵਿੱਚ ਆ ਸਕਦੇ ਸਨ। ਉਨ੍ਹਾਂ ਦਾ ਪਹਿਲਾ ਨਿਸ਼ਾਨਾ ਲੁੱਟਮਾਰ ਦਾ ਹੀ ਸੀ, ਪਰ ਉਨ੍ਹਾਂ ਦਾ ਅੰਤਿਮ ਮਨੋਰਥ ਕੀ ਸੀ, ਇਸ ਬਾਰੇ ਕੁਝ ਕਹਿਣਾ ਮੁਸ਼ਕਿਲ ਹੈ। ਇੱਕ ਆਗੂ ਲਹਿਣਾ ਸਿੰਘ ਨੂੰ ਤਾਂ ਰੜ ਵਿਖੇ ਹੀ ਕਾਬੂ ਕਰ ਲਿਆ ਗਿਆ ਸੀ ਅਤੇ ਦੂਜਾ ਹੀਰਾ ਸਿੰਘ ਜਾਪਦਾ ਹੈ ਕਿ ਕੋਟਲੇ ਵਿਖੇ ਹੀ ਮਾਰਿਆ ਗਿਆ ਹੈ, ਪਰ ਲਾਸ਼ਾਂ ਦੀ ਹਾਲੀ ਸ਼ਨਾਖਤ ਨਹੀਂ ਹੋ ਸਕੀ।

ਬਾਗੀਆਂ ਦਾ ਪਿਛਲੇ 3 ਦਿਨਾਂ ਵਿੱਚ ਜੋ ਨੁਕਸਾਨ ਹੋਇਆ ਹੈ, ਉਹ ਹੇਠ ਲਿਖੇ ਅਨੁਸਾਰ ਹੈ। ਮਲੌਦ-2 ਮਾਰੇ ਗਏ ਅਤੇ 4 ਜ਼ਖ਼ਮੀ ਹਾਲਤ ਵਿੱਚ ਪਕੜੇ ਗਏ। ਕੋਟਲੇ 7 ਮਾਰੇ ਗਏ ਅਤੇ 5 ਫੜੇ ਗਏ। ਰੜ ਵਿਖੇ 68 ਫੜੇ ਗਏ, ਜਿਨ੍ਹਾਂ ਵਿੱਚੋਂ 29 ਜ਼ਖ਼ਮੀ ਹਨ।

ਉਨ੍ਹਾਂ ਨੇ ਮਲੌਦ ਵਿਖੇ 2 ਮਾਰੇ ਅਤੇ 2 ਜ਼ਖ਼ਮੀ ਕੀਤੇ। ਕੋਟਲੇ ਵਿਖੇ 8 ਮਾਰੇ ਅਤੇ 15 ਜ਼ਖ਼ਮੀ ਕੀਤੇ। ਸਾਰੇ ਜੱਥੇ ਵਿੱਚੋਂ ਦੋ-ਤਿਹਾਈ ਬੰਦੇ ਜਾਂ ਤਾਂ ਮਾਰੇ ਗਏ ਹਨ ਜਾਂ ਜ਼ਖ਼ਮੀ ਹੋਏ ਹਨ ਅਤੇ ਜਾਂ ਫੜੇ ਗਏ ਹਨ। ਬਾਕੀਆਂ ਨੂੰ ਫੜਨ ਦਾ ਯਤਨ ਕੀਤਾ ਜਾ ਰਿਹਾ ਹੈ।

"ਇਸ ਸਮੇਂ ਮੈਂ ਰੜ ਤੋਂ ਆਉਣ ਵਾਲੇ ਕੈਦੀਆਂ ਦੀ ਉਡੀਕ ਕਰ ਰਿਹਾ ਹਾਂ। ਮੈਂ ਉਨ੍ਹਾਂ ਸਭ ਨੂੰ, ਜਿਨ੍ਹਾਂ ਨੇ ਮਲੌਦ ਅਤੇ ਮਲੇਰਕੋਟਲੇ ਦੇ ਹੱਲੇ ਵਿੱਚ ਹਿੱਸਾ ਲਿਆ, ਮੌਤ ਦੀ ਸਜ਼ਾ ਦੇਣ ਦੀ ਤਜਵੀਜ਼ ਕਰਦਾ ਹਾਂ। ਮੈਂ ਉਸ ਵੱਡੀ



Sri Satguru Jagjit Singh Ji Elibrary NamdhariElibrary@gmail.com

ਜ਼ਿੰਮੇਵਾਰੀ ਬਾਰੇ ਸੁਚੇਤ ਹਾਂ, ਜੋ ਮੈਂ ਉਸ ਅਧਿਕਾਰ ਦੀ ਵਰਤੋਂ ਕਰਕੇ ਕਰਨਾ ਚਾਹੁੰਦਾ ਹਾਂ, ਜਿਸਦੀ ਵਰਤੋਂ ਦਾ ਮੈਨੂੰ ਕੋਈ ਅਧਿਕਾਰ ਨਹੀਂ ਹੈ। ਪਰ ਇਹ ਵਾਕਿਆ ਅਸਾਧਾਰਨ ਭਾਂਤ ਦਾ ਹੈ। ਇਹ ਬੰਦੇ ਸਾਧਾਰਨ ਜੁਰਮਾਂ ਦੇ ਦੋਸ਼ੀ ਨਹੀਂ ਹਨ। ਇਹ ਬਾਗੀ ਹਨ, ਜਿਨ੍ਹਾਂ ਦਾ ਪਹਿਲਾ ਨਿਸ਼ਾਨਾ ਲੁੱਟ-ਮਾਰ ਅਤੇ ਅੰਤਿਮ ਮਨੋਰਥ ਸਰਕਾਰ ਦਾ ਤਖਤਾ ਉਲਟਾਉਣਾ ਹੈ। ਇਹ ਗੱਲ ਯਕੀਨੀ ਹੈ ਕਿ ਜੇਕਰ ਇਨ੍ਹਾਂ ਦੇ ਪਹਿਲੇ ਯਤਨ ਸਫ਼ਲ ਹੋ ਜਾਂਦੇ ਅਤੇ ਜੇਕਰ ਇਨ੍ਹਾਂ ਦੇ ਹੱਥ ਹਥਿਆਰ, ਘੋੜੇ ਅਤੇ ਖਜ਼ਾਨਾ ਆ ਜਾਂਦਾ ਤਾਂ ਇਨ੍ਹਾਂ ਦੇ ਨਾਲ ਕਈ ਹੋਰ ਭੈੜੇ ਬੰਦਿਆਂ ਨੇ ਰਲ ਜਾਣਾ ਸੀ ਅਤੇ ਇਨ੍ਹਾਂ ਉੱਤੇ ਕਾਬੂ ਪਾਉਣ ਲਈ ਬੜੇ ਤਕੜੇ ਯਤਨ ਕਰਨੇ ਪੈਣੇ ਸਨ, ਪਰ ਸਮੇਂ ਸਿਰ ਕੋਟਲੇ ਵਿਖੇ ਤਿਆਰੀ ਕਰ ਲੈਣ ਨਾਲ ਉਨ੍ਹਾਂ ਦਾ ਪਹਿਲਾ ਯਤਨ ਸਫ਼ਲ ਨਹੀਂ ਹੋ ਸਕਿਆ ਅਤੇ ਪਟਿਆਲੇ ਦੇ ਅਹਿਲਕਾਰਾਂ ਦੇ ਸਮੇਂ ਸਿਰ ਕੀਤੇ ਗਏ ਯਤਨਾਂ ਸਦਕਾ ਇਸ ਬਗਾਵਤ ਨੂੰ ਉਠਦਿਆਂ ਹੀ ਦੱਬਾ ਦਿੱਤਾ ਗਿਆ ਹੈ।

ਦੂਜੇ ਹੋਰਾਂ ਨੂੰ ਇਸ ਥੰਨਿਓਂ ਰੋਕਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਅਜਿਹੀ ਸਖ਼ਤ ਅਤੇ ਮਿਸਾਲੀ ਸਜ਼ਾ ਦੇਣੀ ਚਾਹੀਦੀ ਹੈ, ਜੋ ਬੜੀ ਭਿਅੰਕਰ ਅਤੇ ਦੂਜਿਆਂ ਦੇ ਮਨਾਂ ਵਿੱਚ ਦਹਿਸ਼ਤ ਬਿਠਾਉਣ ਵਾਲੀ ਹੋਵੇ। ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਰੰਗੇ ਹੱਥੀਂ ਫੜੇ ਗਏ ਕੈਦੀਆਂ ਨੂੰ ਤੁਰੰਤ ਮੌਤ ਦੀ ਸਜਾ ਦੇਣ ਦੀ ਪ੍ਰਵਾਨਗੀ ਦੇ ਦੇਵੇਗੀ।"

ਉਪਰੋਕਤ ਪੱਤਰ ਨੂੰ ਧਿਆਨ ਨਾਲ ਪੜਤਾਲਣ ਤੋਂ ਇਸਦੇ ਲੇਖਕ ਦੀ ਮਾਨਸਿਕ ਬਣਤਰ ਅਤੇ ਉਤੇਜਤ ਅਤੇ ਅਸੰਤੁਲਿਤ ਮਨੋਦਸ਼ਾ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਕੁਝ ਗੱਲਾਂ ਤਾਂ ਤੱਥਾਂ ਦੇ ਵਿਪਰਿਤ ਹਨ, ਜਿਵੇਂ ਲਹਿਣਾ ਸਿੰਘ ਦਾ ਰੜ ਵਿਖੇ ਗਿਰਫਤਾਰ ਕੀਤਾ ਜਾਣਾ ਅਤੇ ਹੀਰਾ ਸਿੰਘ ਦਾ ਕੋਟਲੇ ਮਾਰਿਆ ਜਾਣਾ। ਦੂਜੀ ਉਸਦੀ ਇੱਕ ਪੱਕੀ ਬੱਝ ਚੁੱਕੀ ਧਾਰਨਾ ਕਿ ਉਹ ਇਨ੍ਹਾਂ ਕੈਦੀਆਂ ਨੂੰ ਮੌਤ ਦੀ ਸਜਾ ਦੇਣ ਦਾ ਪਹਿਲਾਂ ਹੀ ਪੱਕਾ ਇਰਾਦਾ ਬਣਾ ਚੁੱਕਾ ਸੀ। ਮਲੌਦ, ਕਿਉਂ ਜੋ ਅੰਗਰੇਜ਼ੀ ਇਲਾਕੇ ਵਿੱਚ ਸੀ, ਇਸ ਲਈ ਉੱਥੇ ਉਸਨੂੰ ਮੁਕੱਦਮਾ ਚਲਾਉਣ ਅਤੇ ਸਜਾਵਾਂ ਦੇਣ ਦਾ ਪੂਰਨ ਅਧਿਕਾਰ ਸੀ। ਭਾਵੇਂ ਉਹ ਇਹ ਵੀ ਮੰਨਦਾ ਹੈ ਕਿ ਮਲੌਦ ਉੱਤੇ ਹੱਲਾ ਜੱਥੇ ਦੀ ਵਿਉਂਤੀ ਹੋਈ ਯੋਜਨਾ ਦਾ ਭਾਗ ਨਹੀਂ ਸੀ। ਇਹ ਤਾਂ ਅਚਾਨਕ ਉਨ੍ਹਾਂ ਦੇ ਗਲ ਪਈ ਬਲਾ ਸਮਾਨ ਸੀ। ਜਿਥੋਂ ਤੱਕ ਮਲੇਰਕੋਟਲੇ ਦੀਆਂ ਘਟਨਾਵਾਂ ਦਾ ਸੰਬੰਧ ਹੈ, ਉਥੋਂ ਦੀ ਅਦਾਲਤੀ ਕਾਰਵਾਈ ਕਰਨ ਦਾ ਅਧਿਕਾਰ ਉਥੋਂ ਦੀ ਰੀਜੇਂਸੀ ਕੌਂਸਲ ਨੂੰ ਸੀ, ਕਿਉਂ ਜੋ ਮਲੇਰਕੋਟਲਾ ਇੱਕ ਸੁਤੰਤਰ ਰਿਆਸਤ ਸੀ। ਅਗਲੀਆਂ ਵਾਪਰਨ ਵਾਲੀਆਂ ਘਟਨਾਵਾਂ ਅਤੇ ਜੱਥੇ ਦੇ ਮੈਂਬਰਾਂ ਨੂੰ ਦਿੱਤੀਆਂ ਗਈਆਂ ਸਜਾਵਾਂ ਗੈਰ-ਕਾਨੂੰਨੀ ਅਤੇ ਮਹਾ-ਮਲਿਕਾ ਮਹਾਰਾਣੀ



Sri Satguru Jagjit Singh Ji Elibrary NamdhariElibrary@gmail com

ਵਿਕਟੋਰੀਆਂ ਵੱਲੋਂ ਪਰਜਾ ਨੂੰ ਦਯਾ ਦ੍ਰਿਸ਼ਟੀ ਤੋਂ ਕੀਤੇ ਜਾਣ ਵਾਲੇ ਨਿਆਂ ਦੇ ਐਲਾਨ ਦੀਆਂ ਧਜੀਆਂ ਉਡਾਉਣ ਵਾਲੀਆਂ ਸਨ।

ਕਾਵਨ ਦੀ ਉਪਰ ਵਰਣਨ ਕੀਤੀ ਗਈ ਮਨੋਦਸ਼ਾ ਦੀ ਪੁਸ਼ਟੀ ਸ: ਨਾਹਰ ਸਿੰਘ ਇਨ੍ਹਾਂ ਸ਼ਬਦਾਂ ਰਾਹੀਂ ਕਰਦਾ ਹੈ :

[1*]"ਮਿਸਟਰ ਕਾਵਨ ਭੀ ਸਰਕਾਰੀ ਕਾਨੂੰਨ, ਉਪਰਲੇ ਅਫਸਰਾਂ ਦੇ ਹੁਕਮ, ਮੁਕੱਦਮਿਆਂ ਸੰਬੰਧੀ ਜ਼ਰੂਰੀ ਕਾਰਵਾਈਆਂ, ਮਿਸਲਾਂ ਦੇ ਪੇਟ ਭਰਨ ਆਦਿ ਨੂੰ ਪਰੇ ਸੁੱਟ ਕੇ ਨਾਮਧਾਰੀਆਂ ਲਈ ਪੂਰਾ ਯਮਦੂਤ ਬਣਿਆ ਖੜਾ ਸੀ। ਸਰਕਾਰ ਅੰਗਰੇਜ਼ੀ ਦੀ ਸਲਾਮਤੀ, ਰੁਹਬ, ਦਬਦਬਾ ਅਤੇ ਇੱਜ਼ਤ ਉਹ ਇਸੇ ਗੱਲ ਵਿੱਚ ਸਮਝਦਾ ਸੀ ਕਿ ਕੋਟਲੇ ਪਹੁੰਚਦਿਆਂ ਸਾਰ ਹੀ ਕੂਕਿਆਂ ਨੂੰ ਇੱਕਦਮ ਮਾਰ ਮੁੱਕਾ ਦਿੱਤਾ ਜਾਵੇ। ਉਸ ਦੇ ਦਿਲ ਨੂੰ ਇਹ ਵਹਿਮ ਖਾਈ ਜਾ ਰਿਹਾ ਸੀ ਕਿ ਜੇਕਰ ਇਤਨੀ ਕਰੜੀ ਸਜ਼ਾ ਨਾ ਦਿੱਤੀ ਗਈ, ਤਦ ਥੋੜ੍ਹੇ ਦਿਨਾਂ ਅੰਦਰ ਹੀ ਮੁਲਕ ਵਿੱਚ ਚੌਧੇ ਦੇ ਗ਼ਦਰ ਦੇ ਹਾਲਾਤ ਮੁੜ ਫੇਰ ਪੈਦਾ ਹੋ ਜਾਵਣਗੇ।"

## ਮ੍ਰਿਤੂ ਦੰਡ ਦਾ ਮਹਾ-ਖੂਨੀ ਸਾਕਾ

ਮਲੇਰਕੋਟਲੇ ਦੇ ਨਾਲ ਲੱਗਦੇ ਪਿੰਡ ਜਮਾਲਪੁਰ ਦੇ ਰੱਕੜ ਵਿੱਚ ਕਾਵਨ ਨੇ ਮਹਾ-ਖੂਨੀ ਹੱਤਿਆਕਾਂਡ ਲਈ ਪਿੜ ਪਹਿਲਾਂ ਹੀ ਰਚ ਲਿਆ ਸੀ। ਜੀਂਦ, ਨਾਭਾ ਅਤੇ ਸੰਗਰੂਰ ਦੀਆਂ ਤੋਪਾਂ ਤੇ ਸਾਢੇ ਸੱਤ ਸੌ ਦੇ ਲਗਭਗ ਸੈਨਿਕ ਕਾਵਨ ਦੇ ਹੁਕਮਾਂ ਦੀ ਪਾਲਣਾ ਲਈ ਮਹਾ-ਮ੍ਰਿਤੂ ਦੇ ਨਾਟਕ ਦੀ ਤਿਆਰੀ ਲਈ ਪਹਿਲਾਂ ਹੀ ਡਟੇ ਖੜੇ ਸਨ। ਪਿੰਡਾਂ ਦੇ ਲੋਕ ਵੀ ਇਸ ਭਿਆਨਕ ਝਾਕੀ ਨੂੰ ਵੇਖਣ ਲਈ ਇਕੱਠੇ ਹੋ ਗਏ ਸਨ। ਜੱਥਾ ਸ਼ਾਮ ਦੇ ਚਾਰ-ਪੰਜ ਵਜੇ ਦੇ ਕਰੀਬ ਮਲੇਰਕੋਟਲੇ ਪਹੁੰਚਿਆ, ਜਿਥੋਂ ਉਸਨੂੰ ਸਿੱਧਾ ਹੀ ਮੌਤ ਦੇ ਉਸ ਮੈਦਾਨ ਵਿੱਚ ਲਿਜਾਇਆ ਗਿਆ, ਜਿੱਥੇ ਪਹਿਲਾਂ ਹੀ ਕਾਵਨ ਨੇ 9 ਤੋਪਾਂ ਬੀੜ ਰਖੀਆਂ ਸਨ। 7 ਤੋਪਾਂ ਨਾਲ ਜੱਥੇ ਦੇ ਸਿਰ ਤੇ ਖੱਫਣ ਬੰਨ੍ਹ ਕੇ ਆਏ ਬੰਦਿਆਂ ਨੂੰ ਉਡਾਉਣ ਵਾਲੀ ਥਾਂ ਦੇ ਨੇੜੇ ਹੀ ਬਿਠਾ ਦਿੱਤਾ ਗਿਆ। ਕਾਵਨ ਨੇ ਉਨ੍ਹਾਂ ਨੂੰ ਮੌਤ ਦਾ ਹੁਕਮ ਸੁਣਾ ਦਿੱਤਾ। ਹਾਲਾਂਕਿ ਕਮਿਸ਼ਨਰ ਫੋਰਸਾਈਥ ਨੇ ਆਪਣੇ 16 ਫਰਵਰੀ ਦੇ ਇੱਕ ਪੱਤਰ ਰਾਹੀਂ ਕਾਵਨ ਨੂੰ ਤਾੜਨਾ ਕਰ ਦਿੱਤੀ ਸੀ ਕਿ ਉਹ ਮੁਕੱਦਮਾ ਚਲਾਉਣ ਤੋਂ ਪਹਿਲਾਂ ਕੋਈ ਸਜਾ ਨਾ ਦੇਵੇ ਅਤੇ ਉਸਦੀ ਉਡੀਕ ਕਰੇ। ਪਰ ਕਾਵਨ ਦੀ ਬੇਸਬਰੀ ਦੀ ਕੋਈ ਹੱਦ ਨਹੀਂ ਸੀ ਰਹੀ। ਉਸਨੇ ਕਮਿਸ਼ਨਰ ਦੀ ਚਿੱਠੀ ਦੀ ਭੋਰਾ ਭਰ ਵੀ ਪਰਵਾਹ ਨਾ ਕੀਤੀ ਅਤੇ ਉਸਨੂੰ ਆਪਣੀ ਜੇਬ ਵਿੱਚ ਪਾ ਲਿਆ।

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 429



Sri Satguru Jagjit Singh Ji Elibrary NamdhariElibrary@gmail.com

ਹੀਰਾ ਸਿੰਘ ਤੇ ਲਹਿਣਾ ਸਿੰਘ, ਜੋ ਇਸ ਜੱਥੇ ਦੇ ਆਗੂ ਸਨ, ਨਾਲ ਕਾਵਨ ਦੀ ਸਰਸਰੀ ਗੱਲਬਾਤ ਹੋਈ, ਜਿਸ ਦੇ ਵੇਰਵੇ ਸ: ਨਾਹਰ ਸਿੰਘ ਨੇ ਇਸ ਤਰ੍ਹਾਂ ਦਿੱਤੇ ਹਨ। [1*]"ਬਿੱਲੇ ਨੇ ਹੀਰਾ ਸਿੰਘ ਸੇ ਪੁਛਿਆ, ਤੁਮ ਨੇ ਕਿਉਂ ਗਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ, ਅਸੀਂ ਫਰੰਗੀਆਂ ਕਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤੱਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ। ਮੁੜ-ਮੁੜ ਜੰਮਾਂਗੇ ਅਤੇ ਤੁਹਾਨੂੰ ਮਾਰਾਂਗੇ। ਤੁਸੀਂ ਗਊ ਬਧ ਕਰਦੇ ਹੋ, ਅਸੀਂ ਗਊ-ਬਧ ਨਹੀਂ ਸਹਾਰ ਸਕਦੇ ਹੈਂ। ਬਿੱਲਾ ਬੋਲਿਆ, ਹਮ ਜਾਨਤੇ ਹੈਂ, ਤੁਮ ਨੇ ਰਾਜ ਕੇ ਲੀਏ ਗਦਰ ਮਚਾਇਆ, ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ, ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ।"*

### ਸਮੁੰਦ ਖਾਂ ਦੀ ਪ੍ਰਸੰਸਾ

[2*]"ਫਰੰਗੀ ਨੇ ਪੁੱਛਿਆ, ਕਿਨ ਮਾਰਿਆ ਹੈ ਸਮੁੰਦ ਖਾਂ? ਉਸਦੇ ਪੁੱਤ ਨੇ ਹੀਰਾ ਸਿੰਘ ਵੱਨੀ ਹੱਥ ਕਰਕੇ ਕਿਹਾ ਉਸਨੇ ਮਾਰਿਆ ਹੈ। ਹੀਰਾ ਸਿੰਘ ਨੇ ਕਿਹਾ ਸਮੁੰਦ ਖਾਂ ਪਠਾਨ ਦਾ ਕੋਈ ਲੜਕਾ ਹੈ? ਮੰਗਵਾਵੋ! ਦੋ ਲੜਕੇ ਥੇ ਆਏ। ਦੋਨੋਂ ਕੇ ਸਿਰ ਪਰ ਹੱਥ ਧਰ ਕੇ ਬਚਨ ਕੀਤਾ ਸਮੁੰਦ ਖਾਂ ਈਂ ਪਠਾਨ ਥਾਂ ਹੋਰ ਸਭ ਜੁਲਾਹੇ ਪੇਂਜੇ ਹੀ ਇਕੱਠੇ ਹੋਣੇ ਹੈਂ? ਏਨ੍ਹਾਂ ਕਾਈ ਸੇਰ ਆਟਾ ਕਰੋ, ਜਿਨ ਕਰਨਾ ਹੈ, ਪਠਾਨ ਕੇ ਪੂਤ ਹੈਂ।"

### ਸਿੰਘਾਂ ਦਾ ਤੋਪਾਂ ਅੱਗੇ ਉਡਾਇਆ ਜਾਣਾ

7 ਤੋਪਾਂ ਸਿੰਘਾਂ ਨੂੰ ਉਡਾਉਣ ਲਈ ਬੀੜੀਆਂ ਗਈਆਂ ਸਨ। 2 ਤੋਪਾਂ ਦੋਹੀਂ ਬੰਨੀ ਸੁਰੱਖਿਆ ਲਈ ਤਿਆਰ ਰਖੀਆਂ ਗਈਆਂ। ਕਾਵਨ ਨੂੰ ਡਰ ਸੀ ਕਿ ਹੋਰ ਨਾਮਧਾਰੀ ਸਿੰਘ ਇਸ ਘਟਨਾ ਬਾਰੇ ਸੁਣ ਕੇ ਇਕੱਠੇ ਹੋ ਕੇ ਹੱਲਾ ਨਾ ਬੋਲ ਦੇਣ। ਕਿਉਂ ਜੋ ਇਹ ਅਫਵਾਹ ਆਮ ਸੀ ਕਿ ਹੋਰ ਪਿੰਡਾਂ ਦੇ ਨਾਮਧਾਰੀ ਕੋਟਲੇ ਉੱਤੇ ਦੁਬਾਰਾ ਹੱਲਾ ਵੀ ਕਰ ਸਕਦੇ ਹਨ।

ਕਾਵਨ ਨੇ ਸੱਤ ਸਿੰਘਾਂ ਨੂੰ ਤੋਪਾਂ ਅੱਗੇ ਰੱਸਿਆਂ ਨਾਲ ਬੰਨਣ ਦਾ ਹੁਕਮ ਕੀਤਾ। ਪਰ ਸਿੰਘਾਂ ਨੇ ਕਿਹਾ ਕਿ "ਅਸੀਂ ਤੋਪਾਂ ਤੋਂ ਨਹੀਂ ਡਰਦੇ। ਖਿੜੇ ਮੱਥੇ ਸ਼ਹੀਦੀਆਂ ਪਾਵਾਂਗੇ।" ਫਿਰ ਕਾਵਨ ਨੇ ਕਿਹਾ, "ਤੋਪਾਂ ਵੱਲ ਪਿੱਠ ਕਰਕੇ ਖਲੋ ਜਾਉ।" ਸਿੰਘਾਂ ਨੇ ਕਿਹਾ "ਅਸੀਂ ਤੋਪਾਂ ਵੱਲ ਪਿੱਠ ਕਰਕੇ ਨਹੀਂ, ਸਗੋਂ ਸਾਹਮਣੇ ਛਾਤੀਆਂ ਡਾਹ ਕੇ ਸੀਸ ਦੇਵਾਂਗੇ। ਪਹਿਲੇ ਸ਼ਹੀਦੀ ਟੋਲੇ ਵਿੱਚ

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 434

[2*] ਸੰਤ ਸੰਤੋਖ ਸਿੰਘ ਥਾਰੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 473



Sri Satguru Jagjit Singh Ji Elibrary NamdhariElibrary@gmail.com

ਹੀ ਸ: ਹੀਰਾ ਸਿੰਘ ਅਤੇ ਲਹਿਣਾ ਸਿੰਘ ਖੜ੍ਹੇ ਹੋਏ। ਤਿੰਨ ਵਾਰ ਤੋਪਾਂ ਪਲੀਤਾ ਚੱਟ ਗਈਆਂ। ਫਿਰ ਹੀਰਾ ਸਿੰਘ ਦੇ ਕਹਿਣ ਉੱਤੇ ਫਿਰ ਤੋਪਾਂ ਚਲਾਈਆਂ ਗਈਆਂ ਤਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਸਿੰਘਾਂ ਦੇ ਸਰੀਰ ਤੋਪਾਂ ਦੀ ਬੁਛਾੜ ਅੱਗੇ ਫੀਤਾ ਫੀਤਾ ਹੋ ਕੇ ਸ਼ਹੀਦਾਂ ਦੇ ਖ਼ੂਨ ਨਾਲ ਧਰਤੀ ਨੂੰ ਰੰਗ ਗਏ। ਇਸੇ ਤਰ੍ਹਾਂ ਸੱਤਾਂ ਟੋਲੀਆਂ ਨੂੰ ਸੱਤ-ਸੱਤ ਦੀ ਗਿਣਤੀ ਵਿੱਚ ਤੋਪਾਂ ਦਾ ਖਾਜਾ ਬਣਾ ਦਿੱਤਾ ਗਿਆ।"

**ਦੋ ਯਾਦਗਾਰੀ ਘਟਨਾਵਾਂ**

17-18 ਜਨਵਰੀ ਵਾਲੇ ਦਿਨ ਹੀ ਦੋ ਯਾਦਗਾਰੀ ਘਟਨਾਵਾਂ ਵਾਪਰੀਆਂ। ਵਰਿਆਮ ਸਿੰਘ ਛੋਟੇ ਕੱਦ ਦਾ ਸਿੰਘ ਸੀ। ਉਹ ਪਟਿਆਲੇ ਦੇ ਕਿਸੇ ਅਹਿਲਕਾਰ ਦਾ ਰਿਸ਼ਤੇਦਾਰ ਵੀ ਸੀ। ਕਾਵਨ ਨੇ ਉਸਨੂੰ ਛੱਡ ਦੇਣ ਦਾ ਮਨ ਬਣਾ ਲਿਆ। ਪਰ ਉਸਨੇ ਲਾਗਲੇ ਵਾਹਨ ਵਿੱਚੋਂ ਢੀਮਾਂ ਇਕੱਠੀਆਂ ਕਰਕੇ ਉੱਚੀ ਢੇਰੀ ਬਣਾ ਲਈ ਅਤੇ ਉਸ ਉੱਤੇ ਖਲੋ ਕੇ ਤੋਪ ਦੇ ਮੂੰਹ ਦੇ ਬਰਾਬਰ ਹੋ ਕੇ ਸ਼ਹੀਦੀ ਪਾ ਗਿਆ। ਇਹ ਘਟਨਾ 18 ਜਨਵਰੀ ਨੂੰ ਵਾਪਰੀ।

ਇਸ ਤੋਂ ਪਹਿਲੇ ਦਿਨ ਬਿਸ਼ਨ ਸਿੰਘ 11-12 ਸਾਲ ਦਾ ਬੱਚਾ ਸੀ। ਕਾਵਨ ਉਸਨੂੰ ਵੀ ਛੱਡ ਦੇਣਾ ਚਾਹੁੰਦਾ ਸੀ। ਉਸਨੂੰ ਬੁਲਾ ਕੇ ਕਹਿਣ ਲੱਗਾ "ਜੇਕਰ ਤੂੰ ਕਹਿ ਦੇਵੇ ਕਿ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਤਾਂ ਮੈਂ ਤੈਨੂੰ ਛੱਡ ਦੇਵਾਂਗਾ।" ਬਿਸ਼ਨ ਸਿੰਘ ਨੇ ਕਿਹਾ ਕਿ ਮੈਂ ਤੇਰੇ ਕੰਨ ਵਿੱਚ ਕੋਈ ਗੱਲ ਦੱਸਣਾ ਚਾਹੁੰਦਾ ਹਾਂ। ਜਦ ਕਾਵਨ ਨੇ ਸਿਰ ਨੀਵਾਂ ਕਰਕੇ ਬਿਸ਼ਨ ਸਿੰਘ ਦੇ ਮੂੰਹ ਅੱਗੇ ਆਪਣਾ ਕੰਨ ਕਰਨ ਦਾ ਯਤਨ ਕੀਤਾ ਤਾਂ ਬਾਲ ਬਿਸ਼ਨ ਸਿੰਘ ਨੇ ਉਸਦੀ ਦਾੜ੍ਹੀ ਨੂੰ ਘੁੱਟ ਕੇ ਫੜ ਲਿਆ। ਇੰਨੇ ਜ਼ੋਰ ਨਾਲ ਉਸਨੂੰ ਖਿਚਿਆ ਕਿ ਕਾਵਨ ਘਬਰਾ ਗਿਆ। ਪੂਰਾ ਤਾਣ ਲਾਉਣ ਉੱਤੇ ਵੀ ਕਾਵਨ ਆਪਣੀ ਦਾੜ੍ਹੀ ਨਾ ਛੁਡਾ ਸਕਿਆ। ਫਿਰ ਰਿਆਸਤ ਦੇ ਇੱਕ ਫ਼ੌਜੀ ਨੇ ਤਲਵਾਰ ਦਾ ਵਾਰ ਕਰਕੇ ਉਸਦੀਆਂ ਦੋਵੇਂ ਬਾਹਵਾਂ ਕੱਟ ਦਿੱਤੀਆਂ ਅਤੇ ਉਸਨੂੰ ਤਲਵਾਰ ਦੇ ਵਾਰ ਨਾਲ ਸ਼ਹੀਦ ਕਰ ਦਿੱਤਾ। ਇਸ ਤਰ੍ਹਾਂ 17 ਜਨਵਰੀ ਦੀ ਰਾਤ ਤੱਕ 49 ਸਿੰਘਾਂ ਨੂੰ ਤੋਪਾਂ ਨਾਲ ਅਤੇ ਇੱਕ ਬਿਸ਼ਨ ਸਿੰਘ ਨੂੰ ਤਲਵਾਰ ਦੇ ਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਉਸਨੇ ਆਪਣੀ ਅੱਖੀਂ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਨੂੰ ਵੇਖਿਆ ਹੈ। ਸਿੰਘਾਂ ਦੇ ਬੀਰਤਾ ਪੂਰਵਕ ਸ਼ਹੀਦ ਹੋਣ ਦੀ ਵਾਰਤਾ ਨੂੰ ਗਿਆਨੀ ਜੀ ਇੰਝ ਕਲਮਬੰਦ ਕਰਦੇ ਹਨ : "ਸੰਮਤ ਉਨੀ ਸੈ ਅਠਾਈ। ਕੂਕੇ ਸਿੰਘ ਮਿਲੇ ਤਬ ਆਈ। ਜੋ ਬੁੱਚੜ ਗਊਆਂ ਥੇ ਮਾਰਤ। ਤਿਨਕੋ ਸੋ ਸਿੰਘ ਭਣੇ ਬਿਦਾਹਤ। ਜਬ ਸਿੰਘ ਸਾਠਕ ਪਕੜੇ ਗਏ। ਫੜੇ ਮਲੇਰਕੋਟਲੇ ਆਏ। ਉਨ ਹਿਤ ਹੁਕਮ ਅੰਗਰੇਜ਼ੀ



Sri Satguru Jagjit Singh Ji Elibrary NamdhariElibrary@gmail.com

ਆਯੋ। ਇਨਕੋ ਤੋਪਨ ਸੰਗ ਉਡਾਯੋ। ਜਬ ਇਹ ਹੁਕਮ ਉਨੈ ਸੁਣ ਪਾਯੋ। ਖੁਸ਼ੀ ਤਬੈ ਅਤਿ ਹੀਯ ਹੁਲਸਾਯੋ। ਮੁਖ ਪਰ ਲਾਲੀ ਚਢੀ ਬਧੇਰੇ। ਗਾਵਤ ਗੁਰ ਕੇ ਸ਼ਬਦ ਉਚੇਰੇ। ਦੀਵੇ ਪਰ ਜਥੋਂ ਆਇ ਪਤੰਗੇ। ਤਯੋਂ ਤੋਪਨ ਦਿਸ ਜਾਇ ਨਿਸ਼ੰਗੇ। ਉਡੇ ਖੁਸ਼ੀ ਵੈ ਵੈ ਕਰ ਸਾਰੇ। ਜਰਾ ਨਾ ਕੀਨੇ ਪਰਾਨ ਪਯਾਰੇ। ਇਹ ਹਮ ਨੇ ਖੁਦ ਨੈਨ ਨਿਹਾਰੇ। ਦੇਖਤ ਥੇ ਜੋ ਲੋਗ ਅਪਾਰੇ। ਰਹੇ ਹਿਰਾਨ ਤਿਨੇ ਪਿਖ ਸਾਰੇ।

[1*]ਇਹ ਸਿੰਘਨ ਕੀ ਰੀਤੀ ਵਰ ਹੈ। ਸਸਤ੍ਰ ਕੀ ਮ੍ਰਿਤ ਤੇ ਨਾਹਿ ਡਰ ਹੈ।
ਸੰਮੁਖ ਸੱਤ੍ਰ ਜੰਗਮੈ ਜੋ ਹੈ। ਮਰਨ ਮਾਰਨੇ ਨਾਹਿ ਟਰੇ ਹੈਂ।"

ਅਰਥਾਤ ਗਿਆਨੀ ਗਿਆਨ ਸਿੰਘ ਜੀ ਦੱਸਦੇ ਹਨ ਕਿ "ਸੰਮਤ 1928 (1871) ਵਿੱਚ ਕੂਕੇ ਸਿੰਘ ਇਕੱਤਰ ਹੋਏ। ਜਿਹੜੇ ਬੁੱਚੜ ਗਊਆਂ ਮਾਰਦੇ ਸਨ, ਸਿੰਘਾਂ ਨੇ ਉਨ੍ਹਾਂ ਨੂੰ ਮਾਰ ਦਿੱਤਾ। ਜਦੋਂ 60 ਦੇ ਲਗਭਗ ਸਿੰਘ, ਜਿਨ੍ਹਾਂ ਦੀ ਅਸਲ ਗਿਣਤੀ 68 ਸੀ, ਗਿਰਫਤਾਰ ਕਰਕੇ ਮਲੇਰਕੋਟਲੇ ਲਿਆਏ ਗਏ ਤਾਂ ਅੰਗਰੇਜ਼ਾਂ ਨੇ ਹੁਕਮ ਦੇ ਦਿੱਤਾ ਕਿ ਇਨ੍ਹਾਂ ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਜਾਵੇ। ਜਦ ਉਨ੍ਹਾਂ ਨੇ ਇਸ ਹੁਕਮ ਨੂੰ ਸੁਣਿਆ ਤਾਂ ਉਨ੍ਹਾਂ ਨੂੰ ਬੜੀ ਖੁਸ਼ੀ ਹੋਈ। ਉਨ੍ਹਾਂ ਦੇ ਚਿਹਰੇ ਤੇ ਲਾਲੀਆਂ ਛਾ ਗਈਆਂ ਅਤੇ ਉਹ ਗੁਰੂ ਦੇ ਸ਼ਬਦਾਂ ਨੂੰ ਉੱਚੀ ਸੁਰ ਵਿੱਚ ਗਾਉਣ ਲੱਗੇ। ਜਿਸ ਤਰ੍ਹਾਂ ਦੀਪਕ ਉੱਤੇ ਪਰਵਾਨੇ ਆਉਂਦੇ ਹਨ, ਇਸ ਤਰ੍ਹਾਂ ਸਿੰਘ ਨਿਰਭੈ ਹੋ ਕੇ ਤੋਪਾਂ ਅੱਗੇ ਆਉਣ ਲੱਗੇ। ਉਨ੍ਹਾਂ ਨੂੰ ਖੁਸ਼ੀ ਹੋ ਰਹੀ ਸੀ ਅਤੇ ਉਨ੍ਹਾਂ ਨੇ ਆਪਣੇ ਪ੍ਰਾਣਾਂ ਦਾ ਕੋਈ ਮੋਹ ਨਹੀਂ ਕੀਤਾ। ਇਹ ਸਭ ਕੁਝ ਮੈਂ ਆਪਣੇ ਅਖੀਂ ਵੇਖਿਆ ਹੈ। ਹੋਰ ਜਿਨ੍ਹਾਂ ਲੋਕਾਂ ਨੇ ਇਸ ਦ੍ਰਿਸ਼ ਨੂੰ ਅਖੀਂ ਵੇਖਿਆ ਉਹ ਸਾਰੇ ਇਹ ਵੇਖ ਕੇ ਹੈਰਾਨ ਹੁੰਦੇ ਸਨ। ਇਹ ਤਾਂ ਸਿੰਘਾਂ ਦੀ ਰਹੁ-ਰੀਤ ਹੈ ਕਿ ਉਹ ਸ਼ਸਤਰ ਦੀ ਮਾਰ ਤੋਂ ਨਹੀਂ ਡਰਦੇ। ਸ਼ਸਤਰਾਂ ਦੇ ਸਾਹਮਣੇ ਉਹ ਡਟ ਜਾਂਦੇ ਹਨ ਅਤੇ ਮਰਨ-ਮਾਰਨ ਤੋਂ ਸੰਕੋਚ ਨਹੀਂ ਕਰਦੇ।"

## ਸਤਿਗੁਰੂ ਰਾਮ ਸਿੰਘ ਜੀ ਸਿਆੜ ਵਿੱਚ

16 ਜਨਵਰੀ ਨੂੰ ਸਤਿਗੁਰੂ ਰਾਮ ਸਿੰਘ ਜੀ ਮਲੌਦ ਤੋਂ ਸੂਬਿਆਂ ਸਮੇਤ ਸਿਆੜ ਵਿੱਚ ਟਿਕ ਗਏ ਅਤੇ 17 ਜਨਵਰੀ ਤੱਕ ਉੱਥੇ ਹੀ ਰਹੇ।

17 ਜਨਵਰੀ ਲੌਢੇ ਪਹਿਰ ਤੋਂ ਪਿਛੋਂ ਜਦੋਂ ਮਲੇਰਕੋਟਲਾ ਵਿਖੇ ਨਾਮਧਾਰੀ ਸਿੰਘਾਂ ਨੂੰ ਤੋਪਾਂ ਅੱਗੇ ਉਡਾਇਆ ਜਾ ਰਿਹਾ ਸੀ ਤਾਂ ਆਪ ਜੀ ਨੇ ਵੀ ਤੋਪਾਂ ਦੇ ਗਰਜਣ ਦੀ ਆਵਾਜ਼ ਸੁਣੀ। ਆਪ ਜੀ ਨੇ ਸੂਬਾ ਕਾਹਨ ਸਿੰਘ ਤੋਂ ਪੁੱਛਿਆ "ਸੁਣੋ! ਇਹ ਤੋਪ ਚੱਲਣ ਦੀ ਆਵਾਜ਼ ਹੈ, ਪਤਾ ਕਰੋ।" ਇੱਕ ਹੋਰ ਸਿੰਘ

---

[1*] ਪ੍ਰਿੰ. ਬੇਅੰਤ ਕੌਰ, ਧਰਮ ਹੇਤ ਸਾਕਾ ਜਿਨਿ ਕੀਆ, ਪੰ. 109



Sri Satguru Jagjit Singh Ji Elibrary NamdhariElibrary@gmail.com

ਸਾਵਣ ਸਿੰਘ ਨੇ ਆ ਕੇ ਦੱਸਿਆ ਕਿ ਇਹ ਤੋਪਾਂ ਚੱਲਣ ਦੀ ਹੀ ਆਵਾਜ਼ ਹੈ। ਸਤਿਗੁਰੂ ਜੀ ਨੂੰ ਇਹ ਅਨੁਮਾਨ ਲਾਉਣ ਵਿੱਚ ਦੇਰ ਨਾ ਲੱਗੀ ਕਿ ਮਸਤਾਨਾ ਦਲ ਦੇ ਸਿੰਘਾਂ ਨੂੰ ਹੀ ਮਲੇਰਕੋਟਲੇ ਵਿਖੇ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤਾ ਜਾ ਰਿਹਾ ਹੈ। ਉਸ ਸਮੇਂ ਦੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਕੀਤੇ ਗਏ ਬਚਨ ਬੜੇ ਮਹੱਤਵਪੂਰਨ ਹਨ, ਜੋ ਆਪ ਜੀ ਦੇ ਅੰਤਰ ਮਨ ਦੀ ਵਿਆਖਿਆ ਵੀ ਕਰ ਜਾਂਦੇ ਹਨ :

[1*]"ਸਤਿਗੁਰੂ ਜੀ ਬਚਨ ਕੀਤਾ, ਚੜ੍ਹ ਗਏ ਹੈਂ, ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ। ਬਚਨ ਹੋਇਆ ਦੋਇ ਸ਼ਸਤਰ ਹੈ। ਇੱਕ ਤਾਂ ਨੀਵਾਂ ਹੋਇ ਜਾਣਾ, ਦੂਜਾ ਇਹ ਹੈ ਜੋ ਹਾਥ ਮੇਂ ਆਇ, ਭਾਵੇਂ ਛਿਤਰ ਹਾਥ ਮੇਂ ਆਇ ਜਾਇ, ਤਾਂ ਅੱਗੇ ਨੂੰ ਜਾਏ, ਪਿਛੇ ਨ ਮੁੜਨ, ਸਿਰ ਭਾਵੇਂ ਜਾਏ। ਅੱਗੇ ਨੂੰ ਜਾਣਾ ਸੂਰਮੇ ਦਾ ਧਰਮ ਹੈ, ਪਰ ਨਿਮਖੀ ਕਾ ਸ਼ਸਤਰ ਬਡਾ ਹੈ।"

ਤੋਪਾਂ ਚੱਲਣ ਦੀਆਂ ਭਰਮਾਰ ਆਵਾਜ਼ਾਂ ਸੁਣ ਕੇ ਆਪ ਜੀ ਨੇ ਉੱਚੀ-ਉੱਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਹ ਸਵੱਯਾ ਬਾਰ-ਬਾਰ ਪੜ੍ਹਨਾ ਸ਼ੁਰੂ ਕੀਤਾ, 'ਦੇਹ ਸ਼ਿਵਾ ਵਰ ਮੋਹੇ ਇਹੋ ਸ਼ੁਭ ਕਰਮਨ ਤੇ ਕਬਹੂੰ ਨਾ ਟਰੋ।"

## 18 ਜਨਵਰੀ, 1872 ਦੀਆਂ ਕਾਰਵਾਈਆਂ

18 ਜਨਵਰੀ ਨੂੰ ਅੰਬਾਲਾ ਡਿਵੀਜ਼ਨ ਦਾ ਕਮਿਸ਼ਨਰ ਫੋਰਸਾਈਥ ਵੀ ਮਲੇਰਕੋਟਲੇ ਪਹੁੰਚ ਗਿਆ। ਉਸਦੇ 17 ਜਨਵਰੀ ਦੇ ਪੱਤਰ ਦੇ ਮਿਲ ਜਾਣ ਉੱਤੇ ਕਾਵਨ ਨੇ ਕੋਈ ਪਰਵਾਹ ਨਹੀਂ ਸੀ ਕੀਤੀ। ਉਸਨੂੰ ਨਜ਼ਰ-ਅੰਦਾਜ਼ ਕਰਕੇ ਕਾਵਨ ਨੇ ਬੇ-ਪਰਵਾਹੀ ਨਾਲ ਆਪਣੀ ਜੇਬ ਵਿੱਚ ਪਾ ਲਿਆ ਸੀ ਅਤੇ ਬਿਨਾਂ ਕੋਈ ਅਦਾਲਤੀ ਕਾਰਵਾਈ ਕੀਤੇ 49 ਸਿੰਘਾਂ ਨੂੰ ਬਰਬਰਤਾ ਪੂਰਵਕ ਢੰਗ ਨਾਲ ਤੋਪਾਂ ਅੱਗੇ ਖੜਾ ਕਰਕੇ ਉਡਾ ਦਿੱਤਾ ਸੀ। ਉਸਦੀ ਮਾਨਵ ਹੱਤਿਆ ਕਰਨ ਦੀ ਪਿਆਸ ਹਾਲੀਂ ਨਹੀਂ ਸੀ ਬੁੱਝੀ। ਰਾਤ ਦੇ ਹਨੇਰੇ ਨੇ ਉਸਨੂੰ ਬਾਕੀ ਰਹਿੰਦੇ ਸਿੰਘਾਂ ਨੂੰ ਤੋਪਾਂ ਅੱਗੇ ਉਡਾਉਣ ਤੋਂ ਰੋਕ ਦਿੱਤਾ ਸੀ। ਜੇਕਰ ਉਸਦਾ ਵੱਸ ਚਲਦਾ, ਤਾਂ ਉਹ 18 ਜਨਵਰੀ ਨੂੰ ਵੀ ਅਜਿਹਾ ਹੀ ਕਾਰਾ ਕਰਦਾ। ਪਰ ਕਮਿਸ਼ਨਰ ਫੋਰਸਾਈਥ ਦੇ ਮਲੇਰਕੋਟਲੇ ਪਹੁੰਚਣ ਨਾਲ ਉਹ ਹੁਣ ਆਪਣੀ ਮਨਮਰਜ਼ੀ ਨਹੀਂ ਸੀ ਕਰ ਸਕਦਾ। ਉਸਨੂੰ ਆਪਣੇ ਤੋਂ ਉਚੇਰੇ ਅਫਸਰਾਂ ਦੀ ਪ੍ਰਵਾਨਗੀ ਲੈਣੀ ਬੜੀ ਜ਼ਰੂਰੀ ਸੀ। ਕਮਿਸ਼ਨਰ ਫੋਰਸਾਈਥ ਵੀ ਤਾਂ ਸਾਮਰਾਜੀ ਸਰਕਾਰ ਦਾ ਹੀ ਇੱਕ ਪੁਰਜਾ ਸੀ। ਕੂਕਾ ਲਹਿਰ ਨੂੰ ਦਬਾਉਣ ਸੰਬੰਧੀ ਤਾਂ ਸਰਕਾਰੀ ਨੀਤੀ 1871 ਵਿੱਚ ਹੀ ਮਿੱਥ ਲਈ ਗਈ ਸੀ। ਕੂਕਾ

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 453-454



Sri Satguru Jagjit Singh Ji Elibrary NamdhariElibrary@gmail.com

ਬਗਾਵਤ ਦਾ ਹਊਆ ਖੜਾ ਕਰਕੇ ਇਸ ਜਨਤਕ ਲਹਿਰ ਨੂੰ, ਜੋ ਹਾਲੀਂ ਆਪਣੇ ਪਹਿਲੇ ਪੜਾਅ ਵਿੱਚ ਹੀ ਸੀ, ਤਾਕਤ ਨਾਲ ਦਬਾਉਣ ਦੇ ਮਨਸੂਬੇ ਬਣਾਏ ਜਾ ਰਹੇ ਸਨ। ਕੂਕਿਆਂ ਵੱਲੋਂ ਹਾਲੀਂ ਕੋਈ ਏਨਾ ਵੱਡਾ ਖ਼ਤਰਾ ਨਜ਼ਰੀ ਨਹੀਂ ਸੀ ਪੈਂਦਾ। ਇਸ ਲਹਿਰ ਨੂੰ ਦਬਾਉਣ ਲਈ ਗੋਰਖਿਆਂ ਦੀਆਂ ਪਲਟਨਾਂ ਲੁਧਿਆਣੇ ਮੰਗਵਾਈਆਂ ਗਈਆਂ ਅਤੇ ਇਸ ਲਈ ਫ਼ੌਜੀ ਤਿਆਗੀ ਕਰ ਲਈ ਗਈ। ਇਸਦੀ ਹਾਲੀ ਕੋਈ ਲੋੜ ਨਹੀਂ ਸੀ ਜਾਪਦੀ। ਪਰ ਸਰਕਾਰੀ ਨੀਤੀ ਤਾਂ ਪਹਿਲਾਂ ਹੀ ਘੜੀ ਜਾ ਚੁੱਕੀ ਸੀ ਅਤੇ ਫੋਰਸਾਈਥ ਕਿਵੇਂ ਉਸਦੇ ਉਲਟ ਜਾ ਸਕਦਾ ਸੀ।

ਫੋਰਸਾਈਥ ਨੇ ਆ ਕੇ 17 ਜਨਵਰੀ ਦੀ ਕਾਵਨ ਦੀ ਕਾਰਵਾਈ ਦੀ ਪ੍ਰਵਾਨਗੀ ਹੀ ਨਹੀਂ ਦਿੱਤੀ, ਸਗੋਂ ਉਸ ਦੀ ਪੁਸ਼ਟੀ ਵੀ ਕਰ ਦਿੱਤੀ। ਪਰ ਅਗਲੇਰੇ ਦਨ ਬਾਕੀ ਰਹਿੰਦੇ ਮਸਤਾਨਾ ਦਲ ਦੇ ਸਿੰਘਾਂ ਨੂੰ ਤੋਪਾਂ ਅੱਗੇ ਉਡਾਉਣ ਤੋਂ ਪਹਿਲਾਂ ਇੱਕ ਸਰਸਰੀ ਮੁਕੱਦਮੇ ਦਾ ਢੌਂਗ ਜ਼ਰੂਰ ਰਚ ਲਿਆ ਗਿਆ।

1*"ਜੱਥੇ ਦੇ ਬਾਕੀ 16 ਨਾਮਧਾਰੀ ਕੈਦੀਆਂ ਨੂੰ ਮਿਸਟਰ ਕਾਵਨ, ਕੋਟਲੇ ਦੇ ਨਾਜ਼ਮ ਅਤੇ ਤਹਿਸੀਲਦਾਰ ਤਿੰਨਾਂ ਦੇ ਬੈਂਚ ਦੀ ਅਦਾਲਤ ਸਾਹਮਣੇ ਮੁਲਜ਼ਮਾਂ ਦੀ ਹੈਸੀਅਤ ਵਿੱਚ ਪੇਸ਼ ਕੀਤਾ ਗਿਆ। ਸਾਰੀ ਕਾਰਵਾਈ ਕਾਨੂੰਨ ਦੀ ਮਨਸ਼ਾ ਮੁਤਾਬਕ ਅਮਲ ਵਿੱਚ ਲਿਆਂਦੀ ਗਈ ਅਤੇ ਪੂਰੀ ਮਿਸਲ ਤਿਆਰ ਕੀਤੀ ਗਈ। ਬੈਂਚ ਦੀ ਅਦਾਲਤ ਨੇ 16 ਦੋਸ਼ੀਆਂ ਨੂੰ ਵੀ ਮੌਤ ਦੀ ਸਜਾ ਸੁਣਾ ਦਿੱਤੀ, ਜੋ ਕਮਿਸ਼ਨਰ ਨੇ ਝਟ-ਪਟ ਹੀ ਮਨਜ਼ੂਰ ਕਰ ਦਿੱਤੀ। ਇਨ੍ਹਾਂ 16 ਨਾਮਧਾਰੀਆਂ ਨੂੰ 18 ਜਨਵਰੀ ਵਾਲੇ ਦਿਨ ਅੰਗਰੇਜ਼ ਅਫ਼ਸਰਾਂ, ਮਲੇਰਕੋਟਲਾ ਅਤੇ ਨਾਲ ਲੱਗਦੀਆਂ ਸਿੱਖ ਰਿਆਸਤਾਂ ਦੇ ਵਕੀਲਾਂ ਅਤੇ ਫ਼ੌਜੀ ਅਫ਼ਸਰਾਂ ਦੇ ਸਾਹਮਣੇ ਦੁਪਹਿਰ ਤੋਂ ਪਹਿਲੋਂ ਤੋਪਾਂ ਨਾਲ ਉਡਾ ਦਿੱਤਾ ਗਿਆ।

ਜੱਥੇ ਵਿੱਚ ਸ਼ਾਮਿਲ ਦੋ ਬੀਬੀਆਂ ਮਾਤਾ ਨਿੰਦ ਕੌਰ ਅਤੇ ਖੇਮ ਕੌਰ ਨੂੰ ਪਟਿਆਲੇ ਰਿਆਸਤ ਦੇ ਅਹਿਲਕਾਰਾਂ ਦੇ ਸਪੁਰਦ ਕਰ ਦਿੱਤਾ ਗਿਆ।

ਟੋਡੀਆਂ ਤੇ ਸਹਾਇਕਾਂ ਨੂੰ ਸਰਕਾਰੀ ਇਨਾਮ ਤੇ ਪ੍ਰਸੰਸਾ ਪੱਤਰ

2*ਤਾਰਾ ਸਿੰਘ ਅਨਜਾਣ ਅਨੁਸਾਰ, "18 ਜਨਵਰੀ, 1872 ਨੂੰ ਇੱਕ ਦਰਬਾਰ ਕੀਤਾ ਗਿਆ। ਇਸ ਦਰਬਾਰ ਵਿੱਚ ਮਲੇਰਕੋਟਲੇ ਦੇ ਖ਼ਜ਼ਾਨੇ ਵਿੱਚੋਂ ਸਰਕਾਰ ਦੀ ਮਦਦ ਕਰਨ ਬਦਲੇ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਗਏ :

| | | |
|---|---|---|
| 1. | ਨਿਆਜ਼ ਅਲੀ ਨਾਇਬ ਨਾਜ਼ਿਮ | 1000 ਰੁਪਏ |
| 2. | ਪੰਜਾਬ ਸਿੰਘ ਦਰਬਾਰੀ | 300 ਰੁਪਏ |

1* ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 444-445

2* ਤਾਰਾ ਸਿੰਘ ਅਨਜਾਣ, ਸਤਹਨ ਕੇ ਸਿਰਮੌਰ, ਪੰਨਾ 153



Sri Satguru Jagjit Singh Ji Elibrary NamdhariElibrary@gmail.com

| | | |
|---|---|---|
| 3. | ਜੈਮਲ ਸਿੰਘ ਜਿਸਨੇ ਜਾਣਕਾਰੀ ਦਿੱਤੀ | 200 ਰੁਪਏ |
| 4. | ਮਸਤਾਨ ਅਲੀ | 100 ਰੁਪਏ |
| 5. | ਉੱਤਮ ਸਿੰਘ | 50 ਰੁਪਏ |
| 6. | ਰਤਨ ਸਿੰਘ | 50 ਰੁਪਏ |
| 7. | ਗੁਲਾਬ ਸਿੰਘ | 50 ਰੁਪਏ |
| 8. | ਪ੍ਰਤਾਪ ਸਿੰਘ | 50 ਰੁਪਏ |

ਇਸ ਤੋਂ ਇਲਾਵਾ ਜਿਨ੍ਹਾਂ ਮਲੇਰਕੋਟਲੇ ਦੀ ਰਿਆਸਤ ਤੇ ਮਹਿਲ, ਖ਼ਜ਼ਾਨੇ ਅਤੇ ਹੋਰ ਜ਼ਾਇਦਾਦ ਦੀ ਰਾਖੀ ਲਈ ਜਾਨਾਂ ਦਿੱਤੀਆਂ, ਉਨ੍ਹਾਂ ਦੇ ਪਰਿਵਾਰਾਂ ਲਈ ਵੀ ਫੋਰਸਾਈਥ ਨੇ ਮਦਦ ਦੀ ਸਿਫਾਰਿਸ਼ ਕੀਤੀ। ਇਸ ਦਾ ਵੇਰਵਾ ਕੋਟਲੇ ਦੇ ਹਾਕਮ ਨਾਲ ਬਹਿ ਕੇ ਕਮਿਸ਼ਨਰ ਨੇ ਬਾਅਦ ਵਿੱਚ ਤਿਆਰ ਕਰਨਾ ਸੀ।

ਇਸ ਤੋਂ ਬਿਨਾਂ ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਦੇ ਮੁਖੀਆਂ ਨੂੰ ਸਮੇਂ ਸਿਰ ਸਹਾਇਤਾ ਕਰਨ ਲਈ ਧੰਨਵਾਦ ਅਤੇ ਪ੍ਰਸੰਸਾ ਦੇ ਪੱਤਰ ਵੀ ਲਿਖੇ ਗਏ।

**ਮਲੇਰਕੋਟਲੇ ਦੇ 66 ਨਾਮਧਾਰੀ ਸ਼ਹੀਦਾਂ ਦੀ ਸੂਚੀ**

ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ (ਪਿੰਡ ਤੇ ਡਾਕ: ਸਕੇਤੜੀ, ਜ਼ਿਲ੍ਹਾ ਪੰਚਕੂਲਾ) ਦੀ ਖੋਜ ਅਨੁਸਾਰ ਇਨ੍ਹਾਂ 66 ਸ਼ਹੀਦਾਂ ਵਿੱਚ 36 ਰਿਆਸਤ ਪਟਿਆਲਾ ਦੇ, 20 ਅੰਗਰੇਜ਼ੀ ਇਲਾਕੇ ਜ਼ਿਲ੍ਹਾ ਫਿਰੋਜ਼ਪੁਰ, ਲੁਧਿਆਣਾ, ਸਰਸਾ, ਅੰਮ੍ਰਿਤਸਰ ਅਤੇ ਅੰਬਾਲਾ ਦੇ, ਬਾਕੀ 7 ਰਿਆਸਤ ਨਾਭਾ, 2 ਜੀਂਦ, 2 ਮਲੇਰਕੋਟਲਾ ਅਤੇ 1 ਰਿਆਸਤ ਫ਼ਰੀਦਕੋਟ ਦੇ ਹਨ ਅਤੇ 2 ਮਾਈਆਂ ਸਰਦਾਰਨੀ ਇੰਦਾਂ/ਸੁਪਤਨੀ ਸ: ਨੰਦ ਸਿੰਘ ਹੰਡਿਆਇਆ, ਥਾਨਾ ਤਹਿਸੀਲ ਅਨਾਦਗੜ੍ਹ ਅਤੇ ਸਰਦਾਰਨੀ ਖੇਮ ਕੌਰ/ਸ: ਗੁਰਦਿੱਤ ਸਿੰਘ ਦਿੱਤੂਪੁਰਾ।

ਸਾਰਾ ਜ਼ੋਰ ਲਾਉਣ 'ਤੇ ਵੀ ਤੇ ਹੋਰਨਾਂ ਦੀ ਸਹਾਇਤਾ ਲੈਣ ਦੇ ਬਾਵਜੂਦ ਸ਼ਹੀਦਾਂ ਦੀ ਸੂਚੀ ਦਾ ਪੰਜਾਬੀ ਰੂਪਾਂਤਰਣ ਪੂਰਨ ਤੌਰ 'ਤੇ ਭਰੋਸੇਯੋਗ ਨਹੀਂ ਕਿਹਾ ਜਾ ਸਕਦਾ। ਏਸ ਪਰਥਾਏ ਹੇਠਾਂ ਦਿੱਤੀ ਵੇਰਵਾ ਸੂਚੀ ਵਿੱਚ ਕੁਝ ਵੇਰਵਿਆਂ ਅੱਗੇ ਸਵਾਲੀਆ ਨਿਸ਼ਾਨ (?) ਪਾਏ ਗਏ ਹਨ ਅਤੇ ਜਿਹੜੇ ਵੇਰਵੇ ਬਿਲਕੁਲ ਹੀ 'ਉਠਾਏ' ਜਾ ਸਕੇ, ਉੱਥੇ 'ਅਸਪੱਸ਼ਟ' ਲਿਖ ਦਿੱਤਾ ਹੈ।

ਚੂੰਕਿ ਕਈ ਸ਼ਹੀਦਾਂ ਦੇ ਪਿੰਡਾਂ ਬਾਰੇ ਸਪੱਸ਼ਟਤਾ ਨਹੀਂ ਮਿਲਦੀ ਕਿ ਉਹ ਕਿਹੜੇ ਜ਼ਿਲ੍ਹੇ ਜਾਂ ਕਿਹੜੀ ਰਿਆਸਤ ਦੇ ਸਨ, ਏਸ ਲਈ ਹੇਠ ਲਿਖੀ ਜਾਣਕਾਰੀ ਜੋ ਇਸ ਸੂਚੀ ਨਾਲ ਦਿੱਤੀ ਹੋਈ ਹੈ, ਉਹ ਦੇਣੀ ਜ਼ਰੂਰੀ ਹੈ – ਕੁੱਲ 68 ਜਿਨ੍ਹਾਂ ਵਿੱਚ ਦੋ ਬੀਬੀਆਂ ਮਾਤਾਵਾਂ ਵੀ ਸ਼ਾਮਿਲ ਹਨ, ਨਾਲ ਜੋੜ ਕੇ 36



Sri Satguru Jagjit Singh Ji Elibrary NamdhariElibrary@gmail.com

ਰਿਆਸਤ ਪਟਿਆਲਾ ਦੇ, 20 ਅੰਗਰੇਜ਼ੀ ਇਲਾਕੇ, ਭਾਵ ਜ਼ਿਲ੍ਹਾ ਫਿਰੋਜ਼ਪੁਰ, ਲੁਧਿਆਣਾ, ਸਰਸਾ, ਅੰਮ੍ਰਿਤਸਰ ਅਤੇ ਅੰਬਾਲਾ ਦੇ ਤੇ ਬਾਕੀ ਸੱਤ ਰਿਆਸਤ ਨਾਭਾ, 2 ਜੀਂਦ, 2 ਮਲੇਰਕੋਟਲਾ ਅਤੇ 1 ਰਿਆਸਤ ਫਰੀਦਕੋਟ ਦੇ ਹਨ।

ਇੱਕ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਕਿ ਜਿਹੜੀ ਸੂਚੀ ਮੈਂ ਪਹਿਲਾਂ ਆਪਣੇ ਤੌਰ ਤੇ ਬਣਾਈ ਸੀ, ਉਹਦੇ ਵਿੱਚੋਂ ਕੇਵਲ 33 ਠੀਕ ਨਿਕਲੇ ਹਨ, ਜਿਨ੍ਹਾਂ ਵਿੱਚ 14 ਨਾਂ 18 ਜਨਵਰੀ, 1872 ਵਾਲੇ ਵੀ ਸ਼ਾਮਿਲ ਹਨ। ਸੋ 17 ਜਨਵਰੀ, 1872 ਵਾਲੀ ਮੇਰੀ ਸੂਚੀ ਵਿੱਚ ਕੇਵਲ 19 ਨਾਂ ਹੀ ਦਰੁਸਤ ਪਾਏ ਗਏ ਹਨ।

ਹੁਣ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ 18 ਜਨਵਰੀ ਵਾਲੇ 16 ਨਾਂ ਜਿਹੜੇ ਪਹਿਲਾਂ ਉਪਲੱਬਧ ਰਿਕਾਰਡ ਵਿੱਚ ਸ਼ਾਮਿਲ ਹਨ, ਉਨ੍ਹਾਂ ਵਿੱਚ ਵੀ ਦੋ ਇਸ ਸੂਚੀ ਵਿੱਚ ਨਹੀਂ ਮਿਲੇ, ਇਹ ਦੋ ਨਾਂ ਹਨ – ਸ: ਹਾਕਮ ਸਿੰਘ ਝਬਾਲ (ਅੰਮ੍ਰਿਤਸਰ) ਅਤੇ ਸ: ਵਰਿਆਮ ਸਿੰਘ ਛੰਨਾ (ਲੁਧਿਆਣਾ), ਕੁਲ ਮਿਲਾ ਕੇ ਸਾਨੂੰ ਇਸ ਨਵੀਂ ਸੂਚੀ 'ਤੇ ਵੀ ਨਿਰਭਰ ਕਰਨਾ ਵਾਜਬ ਹੋਵੇਗਾ, ਕਿਉਂਕਿ ਇਸਦੇ ਵਿੱਚ ਹਰੇਕ ਦੇ ਵੇਰਵੇ ਵਧੇਰੇ ਵਿਸਥਾਰ ਵਿੱਚ ਹਨ, ਜਦੋਂ ਕਿ ਪਿਛਲੀ ਉਪਲੱਬਧ ਸੂਚੀ ਵਿੱਚ ਕੇਵਲ ਨਾਂ, ਪਿੰਡ ਅਤੇ ਜ਼ਿਲ੍ਹਾ ਹੀ ਦਰਜ ਹੈ।

ਸੋ ਇਤਿਹਾਸਕ ਪੱਖੋਂ ਇਹ ਨਵੀਂ ਲੱਭੀ ਸੂਚੀ ਪਹਿਲੀ ਵਾਰੀ ਇਸ ਮੁੱਦੇ ਨੂੰ ਸਰਬ ਪ੍ਰਮਾਣਿਤ ਢੰਗ ਨਾਲ ਨਿਬੇੜਨ ਦੇ ਸਮਰੱਥ ਹੈ।

ਅਖੀਰ ਵਿੱਚ ਮਲੇਰਕੋਟਲੇ ਸਥਾਪਿਤ ਕੀਤੇ ਸ਼ਾਨਦਾਰ ਮੈਮੋਰੀਅਲ ਵੱਲ ਧਿਆਨ ਦਿਵਾਉਣਾ ਚਾਹਾਂਗਾ। ਬੇਸ਼ੱਕ ਇਹ ਸ਼ਾਨਾਮੱਤਾ ਮੈਮੋਰੀਅਲ ਹੈ ਜਿਹੜਾ ਇਨ੍ਹਾਂ 66 ਪਰਵਾਨਿਆਂ ਦੀ ਯਾਦ ਤਾਜ਼ਾ ਰੱਖਣ ਖਾਤਰ ਢੁੱਕਵੀਂ ਯਾਦਗਾਰ ਹੈ – ਪਰ ਹੁਣ ਚੂੰਕਿ ਇਨ੍ਹਾਂ ਸ਼ਹੀਦਾਂ ਦੇ ਨਾਂ ਮਿਲ ਗਏ ਹਨ, ਇਨ੍ਹਾਂ ਨੂੰ ਢੁੱਕਵੇਂ ਤੌਰ 'ਤੇ ਉੱਥੇ ਅੰਕ੍ਰਿਤ ਕਰਵਾਉਣਾ ਲੋੜੀਂਦੇ।

ਇਨ੍ਹਾਂ ਸ਼ਹੀਦਾਂ ਦੇ ਨਾਂ, ਪਿਤਾ/ਪਤੀ ਦਾ ਨਾਂ ਅਤੇ ਪਤਾ ਆਦਿ ਕ੍ਰਮ ਅਨੁਸਾਰ ਹੇਠਾਂ ਲਿਖੇ ਮੁਤਾਬਿਕ ਹਨ : 1. ਹੀਰਾ ਸਿੰਘ/ਸ: ਕਾਹਨ ਸਿੰਘ, ਸਕਰੌਦੀ (ਭਵਾਨੀਗੜ੍ਹ), 2. ਲਹਿਨਾ ਸਿੰਘ/ਸ: ਮਹਿਤਾਬ ਸਿੰਘ, ਸਕਰੌਦੀ (ਭਵਾਨੀਗੜ੍ਹ), 3. ਸ: ਸਿਬੀ ? ਸਿੰਘ/ਸ: ਗੰਡਾ ਸਿੰਘ, ਭਦਲ ਥੂਆ, ਥਾਨਾ ਅਮਲੋਹ, ਇਲਾਕਾ ਸਰਕਾਰ ਨਾਭਾ, 4. ਸ: ਕਾਹਨ ਸਿੰਘ/ਸ: ਰਕੜ ? ਸਿੰਘ, ਲਹਿਰਾ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 5. ਸ: ਦੇਵਾ ਸਿੰਘ/ਸ: ਹਕੂਮਤ ਸਿੰਘ, ਲੋਹਗੜ੍ਹ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 6. ਸ: ਨਰਾਇਣ ਸਿੰਘ/ਸ: ਮਹਿਤਾਬ ਸਿੰਘ, ਰੜ੍ਹ ਤਹਿਸੀਲਦਾਰ ਸ਼ੇਰਪੁਰ, 7. ਸ: ਜੋਗਾ ਸਿੰਘ/ਸ: ਸਾਹਿਬ



Sri Satguru Jagjit Singh Ji Elibrary NamdhariElibrary@gmail.com

ਸਿੰਘ, ਮਹਿਰਾਜ, ਥਾਨਾ ਨਥਾਨਾ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ, 8. ਸ: ਵਰਿਆਮ ਸਿੰਘ/ਸ: ਅਮਰੀਕ ਸਿੰਘ, ਮਹਿਰਾਜ, ਥਾਨਾ ਨਥਾਨਾ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ, 9. ਸ: ਅਤਰ ਸਿੰਘ/ਸ: ਭਾਗ ਸਿੰਘ, ਮਹਿਰਾਜ, ਥਾਨਾ ਨਥਾਨਾ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ, 10. ਸ: ਗੁਰਮੁੱਖ ਸਿੰਘ/ਸ: ਖਜ਼ਾਨ ਸਿੰਘ, ਫਰਵਾਹੀ, ਇਲਾਕਾ ਕੋਟਲਾ, 11. ਸ: ਭੂਪ ਸਿੰਘ/ਸ: ਖਜ਼ਾਨ ਸਿੰਘ, ਫਰਵਾਹੀ, ਇਲਾਕਾ ਕੋਟਲਾ, 12. ਸ: ਖਜ਼ਾਨ ਸਿੰਘ/ਸ: ਵਜ਼ੀਰ ਸਿੰਘ, ਜੱਲੋਕੇ, ਇਲਾਕਾ ਫ਼ਰੀਦਕੋਟ, 13. ਸ: ਹਰਨਾਮ ਸਿੰਘ/ਸ: ਨਗਾਹੀਆ ਸਿੰਘ, ਥਾਨਾ ਭਦੌੜ, ਤਹਿਸੀਲ ਅਨਹਦਗੜ੍ਹ (ਬਰਨਾਲਾ), 14. ਸਰਦਾਰਨੀ ਇੰਦਾਂ/ਸਪਤਨੀ ਸ: ਨੰਦ ਸਿੰਘ, ਹੰਡਿਆਇਆ, ਥਾਨਾ, ਤਹਿਸੀਲ ਅਨਹਦਗੜ੍ਹ, 15. ਸ: ਕਾਹਨ ਸਿੰਘ/ਸ: ਭੱਲਾ ਸਿੰਘ, ਲਹਿਰਾ, ਥਾਨਾ ਸੁਨਾਮ, 16. ਸ: ਨੱਥਾ ਸਿੰਘ/ਸ: ਬੁੱਧ ਸਿੰਘ, ਬਰਨਾਲਾ, ਇਲਾਕਾ ਪਟਿਆਲਾ, 17. ਸ: ਸੱਦਾ ਸਿੰਘ/ਸ: ਮਹਿਤਾਬ ਸਿੰਘ, ਰੜ੍ਹ, ਥਾਨਾ ਤਹਿਸੀਲ ਸ਼ੇਰਪੁਰ, 18. ਸ: ਵਰਿਆਮ ਸਿੰਘ/ਸ: ਮੱਖਣ ਸਿੰਘ, ਬਰਨਾਲਾ, ਤਹਿਸੀਲ ਅਨਹਦਗੜ੍ਹ, 19. ਸ: ਸੁਜਾਨ ਸਿੰਘ/ਸ: ਸੁਜਾ ਸਿੰਘ ਰੁੜਕੀ ?, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 20. ਸ: ਉਤਮ ਸਿੰਘ/ਸ: ਮਿਹਰ ਸਿੰਘ, ਰੁੜਕਾ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ 21. ਸ: ਅੱਤਰ ਸਿੰਘ/ਸ: ਦੇਸਾ ਸਿੰਘ, ਮਜਰਾਈ, ਥਾਨਾ ਤਹਿਸੀਲ ਅਮਲੋਹ, ਇਲਾਕਾ ਨਾਭਾ, 22. ਸ: ਜਵਾਹਰ ਸਿੰਘ/ਸ: ਦੇਸਾ ਸਿੰਘ, ਮਜਰਾਈ, ਥਾਨਾ ਤਹਿਸੀਲ ਅਮਲੋਹ, ਇਲਾਕਾ ਨਾਭਾ, 23. ਸ: ਬਸੰਤ ਸਿੰਘ/ਸ: ਸੁਜਾਨ ਸਿੰਘ, ਸੈਦ ਬਰਾਹਾਂ, 24. ਸ: ਨਿਹਾਲ ਸਿੰਘ/ਸ: ਬੂਟਾ ਸਿੰਘ, ਲਹਿਰਾ, ਥਾਨਾ ਡੇਹਲੋਂ, ਇਲਾਕਾ ਲੁਧਿਆਣਾ, 25. ਸ: ਗੁਲਾਬ ਸਿੰਘ/ਸ: ਜਮੀਅਤ ਸਿੰਘ, ਮਿਸਰਾਂਵਾਲਾ, ਜ਼ਿਲ੍ਹਾ ਅੰਮ੍ਰਿਤਸਰ, 26. ਸ: ਬੇਲਾ ਸਿੰਘ/ਸ: ਰਾਮ ਸਿੰਘ, ਰੱਬੋਂ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 27. ਸ: ਮਿਤ ਸਿੰਘ/ਸ: ਬੁੱਧ ਸਿੰਘ ਸਕਰੌਦੀ, ਥਾਨਾ ਤਹਿਸੀਲ ਭਵਾਨੀਗੜ੍ਹ, 28. ਸ: ਜਵਾਹਰ ਸਿੰਘ/ਸ: ਊਧਮ ਸਿੰਘ, ਬਾਲੀਆਂ, ਥਾਨਾ ਤਹਿਸੀਲ ਸ਼ੇਰਪੁਰ, 29. ਸ: ਖਜ਼ਾਨ ਸਿੰਘ/ਸ: ਭਗਵਾਨ ਸਿੰਘ, ਪੀਰ ਕੇ ਕੋਟ, ਤਹਿਸੀਲ ਰਜ਼ੀ ਸਰ, 30. ਸ: ਸੱਦਾ ਸਿੰਘ/ਸ: ਦਇਆ ਸਿੰਘ ਰੱਬੋਂ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 31. ਸ: ਸ਼ੋਭਾ ਸਿੰਘ/ਸ: ਦਇਆ ਸਿੰਘ, ਰੱਬੋਂ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 32. ਸ: ਵਜ਼ੀਰ ਸਿੰਘ/ਸ: ਬਾਗਾ ਸਿੰਘ, ਰੱਬੋਂ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 33. ਸ: ਗੁਰਮੁੱਖ ਸਿੰਘ/ਸ: ਬਹਾਲੋ ? ਸਿੰਘ, ਲਤਾਲਾ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 34. ਸ: ਬੀਰ ਸਿੰਘ/ਸ: ਭਗਤ ਸਿੰਘ, ਥਾਨਾ ਤਹਿਸੀਲ ਭਵਾਨੀਗੜ੍ਹ, 35. ਸ: ਭੂਪ ਸਿੰਘ/ਸ: ਕੇਸਰ ਸਿੰਘ, ਦਿਆਲਗੜ੍ਹ, ਥਾਨਾ



Sri Satguru Jagjit Singh Ji Elibrary NamdhariElibrary@gmail.com

ਤਹਿਸੀਲ ਭਵਾਨੀਗੜ੍ਹ, 36. ਸ: ਬਸਾਵਾ ਸਿੰਘ/ਸ: ਸੌਂਦਾ ਸਿੰਘ, ਦਿਆਲਗੜ੍ਹ, ਥਾਨਾ ਤਹਿਸੀਲ ਭਵਾਨੀਗੜ੍ਹ, 37. ਸ: ਹਰਨਾਮ ਸਿੰਘ/ਸ: ਲਹਿਨਾ ਸਿੰਘ, ਦਿਆਲਗੜ੍ਹ, ਥਾਨਾ ਤਹਿਸੀਲ ਭਵਾਨੀਗੜ੍ਹ, 38. ਸ: ਅਨੂਪ ਸਿੰਘ/ਸ: ਮਹਿਤਾਬ ਸਿੰਘ, ਸਕਰੌਦੀ, ਥਾਨਾ ਤਹਿਸੀਲ ਭਵਾਨੀਗੜ੍ਹ, 39. ਸ: ਰੂਪ ਸਿੰਘ/ਸ: ਨੂਰਾ ਸਿੰਘ, ਦੇਵਾ, ਥਾਨਾ ਤਹਿਸੀਲ (ਸਾਹਿਬਗੜ੍ਹ (ਪਾਇਲ), 40. ਸ: ਰਤਨ ਸਿੰਘ/ਸ: ਜੱਸਾ ਸਿੰਘ, ਗੁਮਟੀ, ਥਾਨਾ ਤਹਿਸੀਲ ਸ਼ੇਰਪੁਰ, 41. ਸ: ਗੁਰਦਿੱਤ ਸਿੰਘ/ਸ: ਰੱਬੀ ਸਿੰਘ, ਰੜ੍ਹ, ਥਾਨਾ ਤਹਿਸੀਲ ਸ਼ੇਰਪੁਰ, 42. ਸ: ਬਿਸ਼ਨ ਸਿੰਘ/ਸ: ਤਹਿਮਾਬ ਸਿੰਘ, ਰੜ੍ਹ, ਥਾਨਾ ਤਹਿਸੀਲ ਸ਼ੇਰਪੁਰ, 43. ਸ: ਦਸੌਂਧਾ ਸਿੰਘ/ਸ: ਬੀਰ ਸਿੰਘ, ਬਲਾਸੌਰ, ਥਾਨਾ ਖਮਾਣੌਂ, 44. ਸ: ਵਰਿਆਮ ਸਿੰਘ/ਸ: ਜੱਸਾ ਸਿੰਘ, ਖਨੌਰੀ, ਤਹਿਸੀਲ ਸ਼ੇਰਪੁਰ, 45. ਸ: ਵਰਿਆਮ ਸਿੰਘ/ਸ: ਬਾਹੀਆ ? ਸਿੰਘ, ਜ਼ਿਲ੍ਹਾ ਅੰਬਾਲਾ, 46. ਸਰਦਾਰਨੀ ਖੇਮੋਂ/ਸ: ਗੁਰਦਿੱਤ ਸਿੰਘ ?, 47. ਸ: ਪਰੇਮ ਸਿੰਘ/ਸ: ਪਾਲ ਸਿੰਘ, ਗਗੜਪੁਰ, ਥਾਨਾ ਤਹਿਸੀਲ ਸੰਗਰੂਰ, ਇਲਾਕਾ ਜੀਂਦ, 48. ਸ: ਕਾਹਨ ਸਿੰਘ/ਅਸਪਸ਼ਟ, ਥਾਨਾ ਤਹਿਸੀਲ ਸਾਹਿਬਗੜ੍ਹ, 49. ਸ: ਹਰਨਾਮ ਸਿੰਘ/ਸ: ਦਲੀਪ ਸਿੰਘ, ਮੰਡੀ, ਥਾਨਾ ਨਾਈਆਂ ਵਾਲਾ ?, 50. ਸ: ਅਲਬੇਲ ਸਿੰਘ/ਸ: ਸੁਜਾਨ ਸਿੰਘ, ਬਾਲੀਆ, ਥਾਨਾ ਤਹਿਸੀਲ ਸ਼ੇਰਪੁਰ, 51. ਸ: ਸੱਦਾ ਸਿੰਘ/ਸ: ਮਹਾ ਸਿੰਘ, ਰੜ੍ਹ, ਥਾਨਾ ਸ਼ੇਰਪੁਰ, 52. ਸ: ਹਰਨਾਮ ਸਿੰਘ/ਸ: ਚੜ੍ਹਤ ਸਿੰਘ, ਰੜ੍ਹ, ਥਾਨਾ ਸ਼ੇਰਪੁਰ, 53. ਸ: ਬਖਸ਼ਾ ਸਿੰਘ/ਅਸਪੱਸ਼ਟ, ਅਰੋੜਾ, ਜ਼ਿਲ੍ਹਾ ਸਰਸਾ, 54. ਸ: ਚੜ੍ਹਤ ਸਿੰਘ/ਸ: ਦਹਰੀਆ, ਬਾਲੀਆ, ਥਾਨਾ ਤਹਿਸੀਲ ਸ਼ੇਰਪੁਰ, 55. ਸ: ਰੂੜ ਸਿੰਘ/ਸ: ਬੂਟਾ ਸਿੰਘ, ਮਲ੍ਹ ਮੁਜ਼ਾਰਿਆ, ਥਾਨਾ ਸ਼ੇਰਪੁਰ, 56. ਸ: ਕੇਸਰ ਸਿੰਘ/ਸ: ਧਿਆਨ ਸਿੰਘ, ਗਿੱਲਾਂ, ਥਾਨਾ ? ਇਲਾਕਾ ਨਾਭਾ, 57. ਸ: ਚੜ੍ਹਤ ਸਿੰਘ/ਸ: ਮਾਘ ਸਿੰਘ, ਰੁੜਕਾ, ਥਾਨਾ ਡੇਹਲੋਂ, ਜ਼ਿਲ੍ਹਾ ਲੁਧਿਆਣਾ, 58. ਸ: ਭਗਤ ਸਿੰਘ/ਸ: ਦਿਆਲ ਸਿੰਘ, ਕਾਂਝਲਾ, ਥਾਨਾ ਤਹਿਸੀਲ ਸ਼ੇਰਪੁਰ, 59. ਸ: ਜੀਵਨ ਸਿੰਘ/ਸ: ਪੌਕਲ ? ਸਿੰਘ, ਫੂਲ, ਥਾਨਾ ਸੁਨਾਮ, 60. ਸ: ਸ਼ੋਭਾ ਸਿੰਘ/ਸ: ਖਜ਼ਾਨ ਸਿੰਘ, ਭਦਲ ਥੂਆ, ਥਾਨਾ ਅਮਲੋਹ, ਨਾਭਾ, 61. ਸ: ਸ਼ਾਮ ਸਿੰਘ/ਸ: ਮਿਹਰ ਸਿੰਘ, ਜੋਗਾ, ਤਹਿਸੀਲ ਭੀਖੀ, 62. ਸ: ਸੱਦਾ ਸਿੰਘ/ਸ: ਰੂਪਾ ਸਿੰਘ, ਜੋਗਾ, ਤਹਿਸੀਲ ਭੀਖੀ, 63. ਸ: ਮਹਾਂ ਸਿੰਘ/ਸ: ਮੰਗਲ ਸਿੰਘ, ਸਾਦਕ, ਥਾਨਾ ਮਲੋਦ, ਥਾਨਾ ਕੋਟ, 64. ਸ: ਚੜ੍ਹਤ ਸਿੰਘ/ਸ: ਰਾਮ ਸਿੰਘ, ਬਾਲੀਆਂ, ਥਾਨਾ ਤਹਿਸੀਲ ਸ਼ੇਰਪੁਰ, 65. ਸ: ਰੂੜ ਸਿੰਘ/ਸ: ਜੱਸਾ ਸਿੰਘ, ਬਿਸ਼ਨਪੁਰਾ, ਥਾਨਾ ? ਇਲਾਕਾ ਨਾਭਾ, 66. ਸ: ਸੱਦਾ ਸਿੰਘ/ਸ: ਬੀਰ ਸਿੰਘ, ਅਸਪੱਸ਼ਟ, ਥਾਨਾ ਤਹਿਸੀਲ ਸ਼ੇਰਪੁਰ, 67. ਸ: ਜਬਰ ਸਿੰਘ/ਸ: ਗੁਲਾਬ ਸਿੰਘ, ਗੁਮਟੀ, ਥਾਨਾ ਤਹਿਸੀਲ ਸ਼ੇਰਪੁਰ,



Sri Satguru Jagjit Singh Ji Elibrary NamdhariElibrary@gmail.com

68. ਸ: ਕਟਾਰ ਸਿੰਘ, ਧੌਲਾ, ਇਲਾਕਾ ਨਾਭਾ।

ਜਿਵੇਂ ਕਿ ਉਪਰ ਸੰਕੇਤ ਕੀਤਾ ਹੈ, ਮੇਰੇ ਪੰਜਾਬੀ ਰੂਪਾਂਤਰ ਵਿੱਚ ਖੱਪੇ, ਉਕਾਈਆਂ ਅਤੇ ਊਣਤਾਈਆਂ ਰਹਿ ਗਈਆਂ ਹਨ, ਇਨ੍ਹਾਂ ਦੀ ਸੁਧਾਈ ਲਈ ਸਾਰੀਆਂ ਸੰਬੰਧਿਤ ਧਿਰਾਂ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ ਇਸ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾ ਕੇ ਇਹ ਤਰੁੱਟੀਆਂ ਦੂਰ ਕਰਨ ਵਿੱਚ ਦਾਸ ਦੀ ਸਹਾਇਤਾ ਕਰੋਗੇ। ਇਸ ਸੰਬੰਧ ਵਿੱਚ ਜਾਂ ਕਿਸੇ ਹੋਰ ਪ੍ਰਸੰਗ ਵਿੱਚ ਜੇਕਰ ਕਿਸੇ ਨੂੰ ਇਸ ਸੂਚੀ ਦਾ ਮੂਲ (ਉਰਦੂ) ਰੂਪ ਵੇਖਣਾ ਦਰਕਾਰ ਹੋਵੇ ਤਾਂ ਦਾਸ ਨਾਲ ਸੰਪਰਕ ਕਰੇ, ਲੋੜ ਅਨੁਸਾਰ ਫੋਟੋ ਕਾਪੀ ਦੇਣ ਦਾ ਉਪਰਾਲਾ ਜ਼ਰੂਰ ਕੀਤਾ ਜਾਵੇਗਾ।

ਪ੍ਰੋ: ਮਲਵਿੰਦਰਜੀਤ ਸਿੰਘ ਵੜਾਇਚ ਨੇ ਜਿਹੜੀ 17-18 ਜਨਵਰੀ, 1872 ਦੇ ਮਲੇਰਕੋਟਲੇ ਦੇ ਸ਼ਹੀਦਾਂ ਦੀ ਸੂਚੀ ਮਤੀਉਦੀਨ ਸੁਪਰਡੈਂਟ, ਪੁਰਾਤੱਤਬ ਵਿਭਾਗ, ਪਟਿਆਲਾ ਰਾਹੀਂ ਪ੍ਰਾਪਤ ਕੀਤੀ ਹੈ, ਉਸ ਵਿੱਚ ਉਪਰੋਕਤ ਦਿੱਤੀ ਗਈ ਸ਼ਹੀਦਾਂ ਦੀ ਸੂਚੀ ਨਾਲੋਂ ਥੋੜ੍ਹੇ ਅੰਤਰ ਵੀ ਮੌਜੂਦ ਹਨ, ਜਿਨ੍ਹਾਂ ਬਾਰੇ ਇੱਥੇ ਉਲੇਖ ਕਰ ਦੇਣਾ ਵੀ ਉਚਿਤ ਹੋਵੇਗਾ। ਇਹ ਅੰਤਰ ਗਿਣਤੀ ਵਿੱਚ ਦਸਾਂ ਦੇ ਸੰਬੰਧ ਵਿੱਚ ਹਨ। ਜਿਨ੍ਹਾਂ ਦੇ ਨਾਂ ਨਿਮਨਲਿਖਿਤ ਹਨ :

(1) ਉਪਰੋਕਤ ਸੂਚੀ ਵਿਚ ਨੰ:3 ਵਿਚ ਸ਼ਹੀਦ ਦਾ ਨਾਂ ਸਰਦਾਰ ਸਿਬੀ ਸਿੰਘ ਦੀ ਥਾਂ ਤੇ ਜੈ ਸਿੰਘ ਦਿੱਤਾ ਗਿਆ ਹੈ, ਬਾਕੀ ਵੇਰਵਾ ਉਹੀ ਹੈ।

(2) ਉਪਰੋਕਤ ਸੂਚੀ ਵਿਚ ਨੰ:13 ਵਿਚ ਸ਼ਹੀਦ ਦਾ ਨਾਂ ਹਰਨਾਮ ਸਿੰਘ ਦੀ ਥਾਂ ਤੇ ਵਰਿਆਮ ਸਿੰਘ ਦਿੱਤਾ ਗਿਆ ਹੈ, ਬਾਕੀ ਵੇਰਵਾ ਉਹੀ ਹੈ।

(3) ਉਪਰੋਕਤ ਸੂਚੀ ਵਿਚ ਨੰ:17 ਵਿਚ ਸ਼ਹੀਦ ਦਾ ਨਾਂ ਸੱਦਾ ਸਿੰਘ ਦੀ ਥਾਂ ਤੇ ਹੀਰਾ ਸਿੰਘ ਦਿੱਤਾ ਗਿਆ ਹੈ, ਬਾਕੀ ਵੇਰਵਾ ਉਹੀ ਹੈ।

(4) ਉਪਰੋਕਤ ਸੂਚੀ ਵਿਚ ਨੰ:7 ਵਿਚ ਸ਼ਹੀਦ ਦਾ ਨਾਂ ਜੋਗਾ ਸਿੰਘ ਦੀ ਥਾਂ ਤੇ ਮੋਗਾ ਸਿੰਘ ਦਿੱਤਾ ਗਿਆ ਹੈ, ਬਾਕੀ ਵੇਰਵਾ ਉਹੀ ਹੈ (ਪਰ ਜੋਗਾ ਸਿੰਘ ਠੀਕ ਪ੍ਰਤੀਤ ਹੁੰਦਾ ਹੈ)।

(5) ਉਪਰੋਕਤ ਸੂਚੀ ਵਿਚ ਨੰ:37 ਵਿਚ ਹਰਨਾਮ ਸਿੰਘ ਦੀ ਥਾਂ ਤੇ ਵਰਿਆਮ ਸਿੰਘ ਦਿੱਤਾ ਗਿਆ ਹੈ, ਬਾਕੀ ਵੇਰਵਾ ਉਹੀ ਹੈ।

(6) ਉਪਰੋਕਤ ਸੂਚੀ ਵਿਚ ਨੰ:39 ਵਿਚ ਸ਼ਹੀਦ ਦਾ ਨਾਂ ਰੂਪ ਸਿੰਘ ਦੀ ਥਾਂ ਤੇ ਭੂਪ ਸਿੰਘ, ਪਿਤਾ ਦਾ ਨਾਂ ਨੂਰਾ ਸਿੰਘ ਦੀ ਥਾਂ ਤੇ ਭੂਰਾ ਸਿੰਘ ਹੈ, ਬਾਕੀ ਵੇਰਵਾ ਉਹੀ ਹੈ।

(7) ਉਪਰੋਕਤ ਸੂਚੀ ਵਿਚ ਨੰ:49 ਵਿਚ ਸ਼ਹੀਦ ਦਾ ਨਾਂ ਵਰਿਆਮ ਸਿੰਘ ਦੀ ਥਾਂ ਤੇ ਹਰਨਾਮ ਸਿੰਘ ਅਤੇ ਪਿਤਾ ਦਾ ਨਾਂ ਜੱਸਾ ਸਿੰਘ ਦੀ ਥਾਂ ਤੇ



Sri Satguru Jagjit Singh Ji Elibrary NamdhariElibrary@gmail.com

ਜੈ ਸਿੰਘ ਹੈ, ਪਿੰਡ ਦਾ ਨਾਂ ਖਨੌਰੀ ਦੀ ਥਾਂ ਤੇ ਘਨੌਰੀ ਦਿੱਤਾ ਹੈ,ਬਾਕੀ ਵੇਰਵਾ ਉਹੀ ਹੈ।

(8) ਉਪਰੋਕਤ ਸੂਚੀ ਵਿਚ ਨੰ:45 ਵਿਚ ਸ਼ਹੀਦ ਵਰਿਆਮ ਸਿੰਘ ਦੇ ਪਿਤਾ ਦਾ ਨਾਂ ਬਾਹੀਆ ਸਿੰਘ ਦੀ ਥਾਂ ਤੇ ਸਾਹੀਆ ਸਿੰਘ ਹੈ, ਬਾਕੀ ਵੇਰਵਾ ਉਹੀ ਹੈ।

(9) ਉਪਰੋਕਤ ਸੂਚੀ ਵਿਚ ਨੰ:66 ਵਿਚ ਸ਼ਹੀਦ ਦਾ ਨਾਂ ਸੱਦਾ ਸਿੰਘ ਦੀ ਥਾਂ ਤੇ ਹੀਰਾ ਸਿੰਘ, ਥਾਣਾ ਸ਼ੇਰਪੁਰ ਦੀ ਥਾਂ ਤੇ ਥਾਣਾ ਫੂਲ ਦਿੱਤਾ ਗਿਆ ਹੈ, ਪਿੰਡ ਪਿੱਥੋਕੇ, ਇਲਾਕਾ ਨਾਭਾ ਦੱਸਿਆ ਗਿਆ ਹੈ।

(10) ਉਪਰੋਕਤ ਸੂਚੀ ਵਿਚ ਨੰ:67 ਵਿਚ ਸ਼ਹੀਦ ਦਾ ਨਾਂ ਜਬਰ ਸਿੰਘ ਦੀ ਥਾਂ ਤੇ ਚਤਰ ਸਿੰਘ ਦਿੱਤਾ ਗਿਆ ਹੈ, ਬਾਕੀ ਵੇਰਵਾ ਉਹੀ ਹੈ।

ਇਹ ਸੂਚੀ ਸ: ਮਲਵਿੰਦਰਜੀਤ ਸਿੰਘ ਬੜੈਚ ਨੂੰ ਮਤੀਉਦੀਨ ਸੁਪਰਡੈਂਟ ਪੁਰਾਤੱਤਵ ਵਿਭਾਗ, ਪਟਿਆਲਾ ਦੇ ਸਹਿਯੋਗ ਦੁਆਰਾ ਪ੍ਰਾਪਤ ਕੀਤੀ।

(ੳ) ਰਿਆਸਤ ਪਟਿਆਲਾ ਜਾਂ ਨਾਭਾ

1. ਹੀਰਾ ਸਿੰਘ ਸਕਰੌਦੀ - ਜਥੇਦਾਰ
2. ਲਹਿਣਾ ਸਿੰਘ ਸਕਰੌਦੀ - ਜਥੇਦਾਰ
3. ਮਿੱਤ ਸਿੰਘ ਸਕਰੌਦੀ
4. ਕਟਾਰ ਸਿੰਘ ਧਨੌਲਾ
5. ਪ੍ਰਸਾ ਸਿੰਘ ਗੁਰੂਸਰ
6. ਧਿਆਨ ਸਿੰਘ ਭੱਥਲ ਬੂਹਾ
7. ਰਤਨ ਸਿੰਘ ਭੱਥਲ ਬੂਹਾ
8. ਭੂਪ ਸਿੰਘ ਦਿਆਲਗੜ੍ਹ
9. ਅੱਤਰ ਸਿੰਘ ਦਿਆਲਗੜ੍ਹ
10. ਹਰਨਾਮ ਸਿੰਘ ਗਿੱਲ
11. ਗੁਜਰ ਸਿੰਘ ਹਰੀ ਪੁਰ
12. ਨੰਦ ਸਿੰਘ ਹੰਡਿਆਇਆ
13. ਸੱਦਾ ਸਿੰਘ ਹੰਡਿਆਇਆ
14. ਨੱਥਾ ਸਿੰਘ ਬਰਨਾਲਾ
15. ਵਰਿਆਮ ਸਿੰਘ ਬਰਨਾਲਾ
16. ਰਤਨ ਸਿੰਘ ਬਰਨਾਲਾ
17. ਹਰਨਾਮ ਸਿੰਘ ਧਮੋਟ



Sri Satguru Jagjit Singh Ji Elibrary NamdhariElibrary@gmail.com

18. ਸੱਦਾ ਸਿੰਘ ਰੜ
19. ਅੱਤਰ ਸਿੰਘ ਰੜ
20. ਨਰਾਇਣ ਸਿੰਘ ਰੜ
21. ਬਿਸ਼ਨ ਸਿੰਘ ਰੜ
22. ਹੀਰਾ ਸਿੰਘ ਰੜ
23. ਹਰਨਾਮ ਸਿੰਘ ਰੜ
24. ਜੈਮਲ ਸਿੰਘ ਰੜ
25. ਗੁਰਦਿੱਤ ਸਿੰਘ ਰੜ
26. ਸ਼ੇਰ ਸਿੰਘ ਦੀਵਾ
27. ਵਰਿਆਮ ਸਿੰਘ ਮੂੰਮ
28. ਬੀਰ ਸਿੰਘ ਮੂੰਮ
29. ਨਾਰਾਇਣ ਸਿੰਘ ਰੰਗੀਆਂ
30. ਕਾਲਾ ਸਿੰਘ ਦਿਆਲਪੁਰ ਕੋਟਲਾ

(ਅ) ਰਿਆਸਤ ਮਲੇਰਕੋਟਲਾ

31. ਗੁਰਮੁੱਖ ਸਿੰਘ ਨੰਬਰਦਾਰ ਫਰਵਾਹੀ
32. ਭੂਪ ਸਿੰਘ ਫਰਵਾਹੀ
33. ਨਾਰਾਇਣ ਸਿੰਘ ਚੁੰਘ
34. ਧਿਆਨ ਸਿੰਘ ਚੱਕ ਕੂਕਿਆਂ
35. ਖੜਗ ਸਿੰਘ ਫਰਵਾਹੀ

(ੲ) ਰਿਆਸਤ ਸੰਗਰੂਰ ਅਤੇ ਜੀਂਦ

36. ਅੱਤਰ ਸਿੰਘ ਵਾਲੀਆ
37. ਫਤਹ ਸਿੰਘ ਵਾਲੀਆ
38. ਫਤਹ ਸਿੰਘ ਖੜਗਪੁਰ
39. ਪ੍ਰੇਮ ਸਿੰਘ ਖੜਗਪੁਰ
40. ਹਰਨਾਮ ਸਿੰਘ ਮੰਡੀ

(ਸ) ਜ਼ਿਲ੍ਹਾ ਫਿਰੋਜ਼ਪੁਰ

41. ਮਾਘਾ ਸਿੰਘ ਮਰ੍ਹਾਜ
42. ਅਤਰ ਸਿੰਘ ਮਰ੍ਹਾਜ
43. ਜੋਧ ਸਿੰਘ ਮਰ੍ਹਾਜ
44. ਨਿਧਾਨ ਸਿੰਘ ਸਾਦਕ



Sri Satguru Jagjit Singh Ji Elibrary NamdhariElibrary@gmail.com

45. ਹਰਨਾਮ ਸਿੰਘ ਸਾਦਕ
46. ਜਗਤ ਸਿੰਘ ਗੰਜੀਂ

(ਹ) ਜ਼ਿਲ੍ਹਾ ਲੁਧਿਆਣਾ
47. ਉਤਮ ਸਿੰਘ ਰੁੜਕਾ
48. ਚੜ੍ਹਤ ਸਿੰਘ ਰੁੜਕਾ
49. ਸੁਹੇਲ ਸਿੰਘ ਲਹਿਰਾ
50. ਦੇਵਾ ਸਿੰਘ ਗਰੇਵਾਲ ਲੋਹਗੜ੍ਹ
51. ਮਹਾ ਸਿੰਘ ਚਾਓ
52. ਹਜ਼ਾਰਾ ਸਿੰਘ ਚਾਓ
53. ਬੀਰ ਸਿੰਘ ਚਾਓ
54. ਪ੍ਰੇਮ ਸਿੰਘ ਪੀਰ ਦਾ ਕੋਟ
55. ਕਾਹਨ ਸਿੰਘ ਸੰਗੋਵਾਲ
56. ਜੀਵਨ ਸਿੰਘ ਥੱਲੋ
57. ਮੀਹਾਂ ਸਿੰਘ ਲਤਾਣਾ
58. ਗੁਰਮੁਖ ਸਿੰਘ ਲਤਾਣਾ
59. ਨੱਥਾ ਸਿੰਘ ਰੱਬੋਂ

ਨੋਟ : ਇਸ ਸੂਚੀ ਵਿੱਚ ਮਲੇਰਕੋਟਲੇ ਦੀ ਲੜਾਈ ਵਿੱਚ ਮਾਰੇ ਗਏ 7+1 ਸ਼ਹੀਦ ਸਿੰਘ ਵੀ ਸ਼ਾਮਿਲ ਹਨ। ਇਨ੍ਹਾਂ ਵਿੱਚੋਂ 7 ਤਾਂ ਉਸੇ ਦਿਨ 15 ਜਨਵਰੀ ਨੂੰ ਹੀ ਮਾਰੇ ਗਏ ਸਨ ਅਤੇ ਇੱਕ ਪਿਛੋਂ ਜ਼ਖ਼ਮਾਂ ਦੀ ਤਾਬ ਨਾ ਸਹਿੰਦਾ ਹੋਇਆ ਦਮ ਤੋੜ ਗਿਆ ਸੀ। ਇਸ ਵਿੱਚ ਮਲੌਦ ਦੀਆਂ ਝੜਪਾਂ ਵਿੱਚ ਮਾਰੇ ਗਏ 2 ਸਿੰਘ ਨੰਦ ਸਿੰਘ ਅਤੇ ਅੱਤਰ ਸਿੰਘ ਵੀ ਸ਼ਾਮਿਲ ਹਨ।

[1*]18 ਜਨਵਰੀ ਨੂੰ ਤੋਪਾਂ ਅੱਗੇ ਉਡਾਏ ਗਏ 16 ਸ਼ਹੀਦ ਸਿੰਘਾਂ ਦੀ ਸੂਚੀ :
1. ਅਲਬੇਲ ਸਿੰਘ ਵਾਲੀਆ ਰਿਆਸਤ ਪਟਿਆਲਾ
2. ਰੂੜ ਸਿੰਘ ਮੁਲ੍ਹ ਮਾਜਰਾ, ਰਿਆਸਤ ਪਟਿਆਲਾ
3. ਅਨੂਪ ਸਿੰਘ ਸਕਰੌਦੀ ਰਿਆਸਤ ਪਟਿਆਲਾ
4. ਭਗਤ ਸਿੰਘ ਕਾਂਝਲਾ ਰਿਆਸਤ ਪਟਿਆਲਾ
5. ਸ਼ਾਮ ਸਿੰਘ ਜੋਗਾ ਰਿਆਸਤ ਪਟਿਆਲਾ
6. ਜਵਾਹਰ ਸਿੰਘ ਵਾਲੀਆ ਰਿਆਸਤ ਪਟਿਆਲਾ
7. ਕੇਸਰ ਸਿੰਘ ਗਿੱਲ ਪਿਥੋ ਰਿਆਸਤ ਨਾਭਾ

[1*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 151-152



Sri Satguru Jagjit Singh Ji Elibrary NamdhariElibrary@gmail.com

8. ਹੀਰਾ ਸਿੰਘ ਪਿਥੋਕੇ ਰਿਆਸਤ ਨਾਭਾ
9. ਸ਼ੋਭਾ ਸਿੰਘ ਭੱਠਲ ਬੂਹਾ ਰਿਆਸਤ ਨਾਭਾ
10. ਸੇਵਾ ਸਿੰਘ ਰੱਥੋਂ ਜ਼ਿਲ੍ਹਾ ਲੁਧਿਆਣਾ
11. ਸ਼ੋਭਾ ਸਿੰਘ ਰੱਥੋਂ ਜ਼ਿਲ੍ਹਾ ਲੁਧਿਆਣਾ
12. ਵਰਿਆਮ ਸਿੰਘ ਛੰਨਾ ਬਹਾਦਰ ਸਿੰਘ, ਜ਼ਿਲ੍ਹਾ ਲੁਧਿਆਣਾ
13. ਸੁਜਾਨ ਸਿੰਘ ਰੱਥੋਂ, ਲੁਧਿਆਣਾ
14. ਬੇਲਾ ਸਿੰਘ ਰੱਥੋਂ, ਲੁਧਿਆਣਾ
15. ਹਾਕਮ ਸਿੰਘ ਭਬਾਲ, ਅੰਮ੍ਰਿਤਸਰ
16. ਵਰਿਆਮ ਸਿੰਘ ਮਰ੍ਹਾਜ਼, ਫਿਰੋਜ਼ਪੁਰ

### ਸਾਕਾ ਮਲੇਰਕੋਟਲਾ ਦਾ ਇਤਿਹਾਸਕ ਪਰਿਪੇਖ

ਅੰਗਰੇਜ਼ ਸਰਕਾਰ ਨੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ 14-15 ਜੂਨ ਦੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਸਾਕੇ ਤੋਂ ਲੈ ਕੇ ਇਨ੍ਹਾਂ ਸਾਰੇ ਸਮਾਚਾਰਾਂ ਨੂੰ ਕੂਕਾ ਬਗਾਵਤ ਦਾ ਨਾਂ ਦੇਣ ਦਾ ਯਤਨ ਕੀਤਾ। ਇਸੇ ਸਿਰਲੇਖ ਥਲੇ ਹੀ ਉਸ ਸਮੇਂ ਦੇ ਸਮਾਚਾਰ ਪੱਤਰਾਂ ਅਤੇ ਅੰਗਰੇਜ਼ ਅਧਿਕਾਰੀਆਂ ਦੀਆਂ ਸਰਕਾਰੀ ਰਿਪੋਰਟਾਂ ਵਿੱਚ ਇਨ੍ਹਾਂ ਘਟਨਾਵਾਂ ਨੂੰ ਕੂਕਾ ਬਗਾਵਤ ਕਰਕੇ ਲਿਖਿਆ ਅਤੇ ਪ੍ਰਚਾਰਿਆ ਗਿਆ, ਤਾਂ ਜੋ ਸਤਿਗੁਰੂ ਰਾਮ ਸਿੰਘ ਨੂੰ ਗਿਰਫ਼ਤਾਰ ਕਰਕੇ ਜਲਾਵਤਨ ਕਰ ਦਿੱਤਾ ਜਾਵੇ। ਪਰ ਜੇਕਰ ਇਨ੍ਹਾਂ ਇਤਿਹਾਸਕ ਘਟਨਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਅਤੇ ਤੱਥਾਂ ਦੀ ਖੋਜ ਕੀਤੀ ਜਾਵੇ ਤਾਂ ਇਹ ਕੂਕਿਆਂ ਦੁਆਰਾ ਜਾਰੀ ਸੁਤੰਤਰਤਾ ਸੰਗਰਾਮ ਦਾ ਹੀ ਇੱਕ ਭਾਗ ਸੀ ਅਤੇ ਇਸਨੇ ਕੂਕਾ ਬਗਾਵਤ ਦਾ ਰੂਪ ਅਜੇ ਪੂਰੀ ਤਰ੍ਹਾਂ ਧਾਰਨ ਨਹੀਂ ਸੀ ਕੀਤਾ। ਇਸ ਮੱਤ ਦੀ ਪੁਸ਼ਟੀ ਲਈ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ :

1. 13 ਜਨਵਰੀ, 1872 ਨੂੰ ਜਦੋਂ ਮਸਤਾਨਾ ਦਲ ਮਲੇਰਕੋਟਲਾ ਉੱਤੇ ਧਾਵਾ ਕਰਨ ਲਈ ਚਲਿਆ ਤਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸਿੰਘਾਂ ਨੂੰ ਕੁਝ ਸਮਾਂ ਹੋਰ ਉਡੀਕਣ ਲਈ ਕਿਹਾ ਗਿਆ ਸੀ। ਮਸਤਾਨਾ ਦਲ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਨਾਂ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਇਸ ਦੀ ਪ੍ਰਵਾਨਗੀ ਲਈ ਗਈ ਸੀ। ਜੋ ਉੱਥੇ ਹਾਜ਼ਿਰ ਸੀ, ਇਤਲਾਹ ਦੇ ਦਿੱਤੀ ਸੀ। ਇਤਲਾਹ ਹੀ ਨਹੀਂ ਸੀ ਦਿੱਤੀ, ਸਗੋਂ ਸੂਚਨਾ ਪਹੁੰਚਾ ਦਿੱਤੀ ਸੀ। ਸਤਿਗੁਰੂ ਰਾਮ ਸਿੰਘ ਜੀ ਇਸ ਨੂੰ ਸਮੇਂ ਤੋਂ ਪਹਿਲਾਂ ਕੀਤੀ ਗਈ, ਛੋਟੀ ਪਨੀਰੀ ਦੀ, ਬਿਨਾਂ ਤਿਆਰੀ ਅਗੇਤਰੀ ਕਾਰਵਾਈ ਮੰਨਦੇ ਸਨ।

2. ਇਸ ਵਿੱਚ ਕੋਈ ਸੰਦੇਹ ਨਹੀਂ ਕਿ ਨਾਮਧਾਰੀ ਅੰਦੋਲਨ ਵਿੱਚ ਧਾਰਮਿਕ ਅਤੇ ਸਮਾਜਿਕ ਆਦਰਸ਼ਾਂ ਦੇ ਨਾਲ-ਨਾਲ ਰਾਜਨੀਤਕ ਉਦੇਸ਼



Sri Satguru Jagjit Singh Ji Elibrary NamdhariElibrary@gmail.com

ਵੀ ਪ੍ਰਤੱਖ ਤੇ ਪ੍ਰਗਟ ਸਨ। ਕੂਕੇ ਉਸ ਸਮੇਂ ਸਿੱਖ ਰਾਜ ਦੀ ਪੁਨਰ ਸਥਾਪਤੀ ਚਾਹੁੰਦੇ ਸਨ।

3. ਸਤਿਗੁਰੂ ਰਾਮ ਸਿੰਘ ਜੀ ਨੇ 1857 ਈ: ਤੋਂ ਜਿਹੜਾ ਅੰਗਰੇਜ਼ੀ ਸਰਕਾਰ ਨਾਲ ਨਾ-ਮਿਲਵਰਤਨ ਅਤੇ ਸਵਦੇਸ਼ੀ ਦਾ ਮਾਰਗ ਚੁਣਿਆ, ਉਸੇ ਦੀ ਹੀ ਇਤਿਹਾਸਕ ਮਹੱਤਤਾ ਨੂੰ ਵਧਰੇ ਮੰਨਿਆ ਜਾਂਦਾ ਹੈ।

4. ਭਾਵੇਂ ਹੀਰਾ ਸਿੰਘ ਅਤੇ ਲਹਿਣਾ ਸਿੰਘ ਜੱਥਾ ਮਲੇਰਕੋਟਲੇ ਦੇ ਹਾਕਮਾਂ ਨੂੰ ਸਬਕ ਸਿਖਾਉਣ ਲਈ ਤੁਰੇ ਸਨ। ਫਰਵਾਹੀ ਦੇ ਨੰਬਰਦਾਰ ਗੁਰਮੁੱਖ ਸਿੰਘ ਦੁਆਰਾ ਮਲੇਰਕੋਟਲੇ ਦੇ ਕੋਤਵਾਲ ਵੱਲੋਂ ਬੈਲ ਬਧ ਕਰਵਾਏ ਜਾਣ ਦੀ ਘਟਨਾ ਇਸਦਾ ਫੌਰੀ ਕਾਰਨ ਬਣੀ ਸੀ, ਪਰ ਅੰਮ੍ਰਿਤਸਰ ਅਤੇ ਰਾਇਕੋਟ ਦੀਆਂ ਬੁੱਚੜ-ਬਧ ਘਟਨਾਵਾਂ ਅਤੇ ਮਲੇਰਕੋਟਲੇ ਦੇ ਸਾਕੇ ਵਿੱਚ ਇੱਕ ਬੁਨਿਆਦੀ ਅੰਤਰ ਸੀ, ਉਹ ਇਹ ਕਿ ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਾਂ ਉੱਤੇ ਹੱਲੇ ਗੁਪਤ ਰੂਪ ਵਿੱਚ ਅਤੇ ਅਚਾਨਕ ਕੀਤੇ ਗਏ ਸਨ, ਪਰ ਮਲੇਰਕੋਟਲੇ ਲਈ ਰਵਾਨਾ ਹੋਇਆ ਜੱਥਾ ਲਲਕਾਰ ਕੇ ਗਊ-ਹੱਤਿਆ ਕਰਾਉਣ ਵਾਲਿਆਂ ਉੱਤੇ ਚੜ੍ਹਾਈ ਕਰਨ ਲਈ ਤੁਰਿਆ ਸੀ। ਇਸ ਉਦੇਸ਼ ਲਈ ਉਨ੍ਹਾਂ ਨੇ ਪਹਿਲਾਂ ਹੀ ਸ਼ਹੀਦੀਆਂ ਪਾਉਣ ਦੇ ਨਿਸ਼ਾਨੇ ਨੂੰ ਮਿੱਥ ਲਿਆ ਸੀ।

ਜੇਕਰ ਸਿੰਘ ਚਾਹੁੰਦੇ ਤਾਂ ਰੜ ਵਿਖੇ ਹੀਰਾ ਸਿੰਘ ਦੇ ਕਹਿਣ ਅਨੁਸਾਰ ਆਪਣੇ ਘਰੋ-ਘਰੀ ਜਾ ਸਕਦੇ ਸਨ ਅਤੇ ਕੁਝ ਚਲੇ ਵੀ ਗਏ ਸਨ। ਪਰ ਜਿਹੜੇ ਬਾਕੀ ਉੱਥੇ ਸ਼ਹੀਦੀ ਪਾਉਣ ਦੇ ਇਰਾਦੇ ਨਾਲ ਬੈਠੇ ਰਹੇ ਸਨ, ਉਨ੍ਹਾਂ ਦਾ ਨਿਸ਼ਾਨਾ ਸ਼ਾਂਤਮਈ ਸਤਿਆਗ੍ਰਹਿ ਵਾਲਾ ਹੀ ਸੀ। ਇਹੋ ਕਾਰਨ ਹੈ ਕਿ ਉਨ੍ਹਾਂ ਨੇ ਨਾਇਬ ਨਾਜ਼ਿਮ ਨਿਆਜ਼ ਅਲੀ ਨਾਲ ਕੋਈ ਝੜਪ ਨਹੀਂ ਸੀ ਲਈ ਅਤੇ ਆਪਣੇ ਆਪ ਨੂੰ ਖੁਸ਼ੀ-ਖੁਸ਼ੀ ਗਿਰਫਤਾਰੀ ਲਈ ਪੇਸ਼ ਕਰ ਦਿੱਤਾ ਸੀ। ਇਸ ਲਈ ਵਾਸਤਵ ਵਿੱਚ ਇਹ ਆਪਣੇ ਆਦਰਸ਼ਾਂ ਦੀ ਪ੍ਰਾਪਤੀ ਲਈ ਆਪਣੇ ਸੰਗਰਾਮ ਨੂੰ ਚੱਲਦਾ ਰੱਖਣ ਲਈ ਵੱਡਾ ਯਤਨ ਸੀ।

ਸਤਿਗੁਰੂ ਰਾਮ ਸਿੰਘ ਇਸ ਗੱਲ ਨੂੰ ਭਲੀ ਪ੍ਰਕਾਰ ਜਾਣਦੇ ਸਨ ਕਿ ਉਸ ਸਮੇਂ ਦੀ ਅੰਗਰੇਜ਼ ਸਰਕਾਰ ਨਾਲ, ਜਿਨ੍ਹਾਂ ਦੇ ਸਾਮਰਾਜ ਵਿੱਚ ਇਹ ਦਾਅਵਾ ਕੀਤਾ ਜਾਂਦਾ ਸੀ ਕਿ ਸੂਰਜ ਨਹੀਂ ਡੁੱਬਦਾ, ਅਜੇ ਹਥਿਆਰਬੰਦ ਟੱਕਰ ਲੈ ਸਕਣਾ ਸੰਭਵ ਨਹੀਂ ਸੀ। ਇਸੇ ਕਾਰਨ ਉਹ ਰੂਸ ਅਤੇ ਅਫਗਾਨਿਸਤਾਨ ਵਰਗੇ ਬਾਹਰਲੇ ਦੇਸ਼ਾਂ ਦੀ ਸਹਾਇਤਾ ਉੱਤੇ ਆਸ ਰੱਖ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਉਦੇਸ਼ ਭਾਵੇਂ ਦੇਸ਼ ਨੂੰ ਆਜ਼ਾਦ ਕਰਵਾਉਣਾ ਹੀ ਸੀ, ਪਰ ਮਲੇਰਕੋਟਲੇ ਦੇ ਸਾਕੇ ਸਮੇਂ ਤਾਂ ਹਾਲੀ ਅੰਗਰੇਜ਼ ਸਰਕਾਰ ਵਿਰੁੱਧ ਖੁਲੀ ਬਗਾਵਤ ਲਈ ਸਮਾਂ ਅਨੁਕੂਲ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

## ਮਲੌਦ ਵਿਖੇ ਸੰਖੇਪ ਅਦਾਲਤੀ ਕਾਰਵਾਈ

ਮਲੇਰਕੋਟਲੇ ਤੋਂ ਡਿਪਟੀ ਕਮਿਸ਼ਨਰ ਕਾਵਨ ਅਤੇ ਕਮਿਸ਼ਨਰ ਫੋਰਸਾਈਥ 19 ਜਨਵਰੀ ਨੂੰ ਮਲੌਦ ਪਹੁੰਚੇ, ਤਾਂ ਜੋ 14-15 ਜਨਵਰੀ ਦੀ ਰਾਤ ਨੂੰ ਬਦਨ ਸਿੰਘ ਉੱਤੇ ਕੀਤੇ ਗਏ ਹੱਲੇ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਣ। ਇਸ ਹੱਲੇ-ਗੁੱਲੇ ਵਿੱਚ ਜੱਥੇ ਦੇ 2 ਸਿੰਘ ਨੰਦ ਸਿੰਘ ਅਤੇ ਅੱਤਰ ਸਿੰਘ ਪਹਿਲਾਂ ਹੀ ਮਾਰੇ ਜਾ ਚੁੱਕੇ ਸਨ ਅਤੇ 4 ਸਿੰਘਾਂ ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਅਤੇ ਮਿਹਰ ਸਿੰਘ ਜੋ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ, ਇਨ੍ਹਾਂ ਨੂੰ ਬਦਨ ਸਿੰਘ ਦੇ ਹਵਾਲੇ ਕਰਕੇ ਕਾਵਨ ਜਲਦੀ-ਜਲਦੀ ਮਲੇਰਕੋਟਲੇ ਨੂੰ ਰਵਾਨਾ ਹੋ ਗਿਆ ਸੀ। ਉਸਨੂੰ ਉਸ ਸਮੇਂ ਮਲੇਰਕੋਟਲੇ ਦੀਆਂ ਘਟਨਾਵਾਂ ਬਾਰੇ ਖਬਰ ਮਿਲ ਚੁੱਕੀ ਸੀ।

19 ਜਨਵਰੀ ਨੂੰ ਫੋਰਸਾਈਥ ਅਤੇ ਕਾਵਨ ਦੋਵੇਂ ਮਲੌਦ ਪਹੁੰਚੇ, ਤਾਂ ਜੋ ਮਲੌਦ ਵਿੱਚ ਗਿਰਫਤਾਰ ਕੀਤੇ ਗਏ ਸਿੰਘਾਂ ਨੂੰ ਸਜ਼ਾਵਾਂ ਦੇ ਸਕਣ। ਕਮਿਸ਼ਨਰ ਫੋਰਸਾਈਥ ਨੂੰ ਸੈਸ਼ਨ ਜੱਜ ਦੇ ਅਧਿਕਾਰ ਪ੍ਰਾਪਤ ਸਨ।

19 ਜਨਵਰੀ ਨੂੰ ਮਲੌਦ ਵਿਖੇ ਸੰਖੇਪ ਅਦਾਲਤੀ ਮੁਕੱਦਮਾ ਚਲਾਇਆ ਗਿਆ। ਕਾਵਨ ਨੇ ਮੁਕੱਦਮੇ ਦੀ ਮਿਸਲ ਤਿਆਰ ਕੀਤੀ ਅਤੇ ਮੀਰ ਹਾਸ਼ਮ ਖਾਂ, ਗੁਲਾਮ ਕਾਦਰ ਸੁਪਰਡੈਂਟ ਅਬੋਹ ਅਤੇ ਮਹਿਤਾਬ ਸਿੰਘ ਨੰਬਰਦਾਰ ਨੂੰ ਅਸੈਸਰ ਬਣਾ ਲਿਆ ਗਿਆ। ਸਰਫਰਾਜ਼ ਖ਼ਾਂ, ਬਦਨ ਸਿੰਘ, ਹੀਰਾ ਸਿੰਘ, ਸੁੰਦਰ ਸਿੰਘ ਆਦਿ ਦੀਆਂ ਗੁਆਹੀਆਂ ਲੈਣ ਪਿਛੋਂ ਫੋਰਸਾਈਥ ਨੇ ਸੈਸ਼ਨ ਜੱਜ ਦੀ ਹੈਸੀਅਤ ਵਿੱਚ ਇਨ੍ਹਾਂ ਚਹੁੰ ਕੈਦੀਆਂ ਨੂੰ ਉਮਰ ਕੈਦ ਅਤੇ ਦੇਸ਼ ਨਿਕਾਲੇ ਦੀ ਸਜ਼ਾ ਦੇ ਦਿੱਤੀ। ਇਹ ਚਾਰੇ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਸਨ ਅਤੇ ਇੱਕ ਦਾ ਤਾਂ ਪਤਾ ਨਹੀਂ ਸਾਹ ਕਿਵੇਂ ਅਟਕਿਆ ਹੋਇਆ ਸੀ। ਇਨ੍ਹਾਂ ਚਹੁੰਆਂ ਕੈਦੀਆਂ ਨੂੰ ਲੁਧਿਆਣੇ ਜ਼ੇਲ੍ਹ ਵਿੱਚ ਭੇਜ ਦਿੱਤਾ ਗਿਆ। ਇਸ ਕੇਸ ਵਿੱਚ ਨਾਮਧਾਰੀ ਜੱਥੇ ਦੇ ਬੰਦੀਆਂ ਨੇ ਆਪਣੀ ਕੋਈ ਸਫ਼ਾਈ ਪੇਸ਼ ਨਹੀਂ ਸੀ ਕੀਤੀ। ਨਾ ਹੀ ਕੋਈ ਵਕੀਲ ਉਨ੍ਹਾਂ ਦੇ ਪੱਖ ਦੀ ਪੈਰਵੀ ਕਰਨ ਲਈ ਮੁਕੱਰਰ ਕੀਤਾ ਗਿਆ ਸੀ। ਇਹ ਵੀ ਇੱਕ ਤਰ੍ਹਾਂ ਦਾ ਸਰਸਰੀ ਮੁਕੱਦਮਾ (Summary Trial) ਹੀ ਸੀ, ਜੋ ਆਮ ਤੌਰ ਤੇ ਜੰਗ ਦੀ ਹਾਲਤ ਵਿੱਚ ਕੀਤਾ ਜਾਂਦਾ ਹੈ। ਫੋਰਸਾਈਥ ਅਨੁਸਾਰ ਮਲੇਰਕੋਟਲਾ ਵਿਖੇ ਪਹਿਲਾਂ ਹੀ 66 ਨਾਮਧਾਰੀ ਸਿੰਘਾਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਸਨ, ਜੋ ਜਨਤਾ ਵਿੱਚ ਦਹਿਸ਼ਤ ਫੈਲਾਉਣ ਲਈ ਕਾਫ਼ੀ ਸਨ। ਇਸ ਲਈ ਇਨ੍ਹਾਂ ਅਧਿਕਾਰੀਆਂ ਵੱਲੋਂ ਨਰਮੀ ਵਰਤਣ ਦੇ ਪ੍ਰਭਾਵ ਨੂੰ ਉਜਾਗਰ ਕਰਨ ਲਈ ਮੌਤ ਦੀ ਸਜ਼ਾ ਦੀ ਥਾਂ ਇਨ੍ਹਾਂ ਨੂੰ ਉਮਰ ਕੈਦ ਅਤੇ ਦੇਸ਼ ਨਿਕਾਲੇ ਦੀ ਸਜ਼ਾ ਹੀ ਕਾਫ਼ੀ ਸਮਝੀ ਗਈ ਸੀ।



Sri Satguru Jagjit Singh Ji Elibrary NamdhariElibrary@gmail.com

### ਰੱਬੋਂ ਦੇ ਨਾਮਧਾਰੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਨੂੰ ਸਜ਼ਾਵਾਂ

[1]*ਸੰਤ ਸੰਤੋਖ ਸਿੰਘ ਬਾਹੋਵਾਲ 'ਸਤਿਗੁਰੂ ਬਿਲਾਸ' ਵਿੱਚ ਰੱਬੋਂ ਤੇ ਰੜ ਦੇ ਲੋਕਾਂ ਨੂੰ ਸਜ਼ਾਵਾਂ ਦੇਣ ਬਾਰੇ ਇਸ ਤਰ੍ਹਾਂ ਉਲੇਖ ਕਰਦਾ ਹੈ : "ਪੁਲਿਸ ਨੇ ਰੱਬੋਂ ਥੀਂ ਜਾ ਕੇ ਤਲਾਸ਼ੀ ਲਈ। ਦੇਵਾ ਸਿੰਘ ਰਾਮਦਾਸੀਆ ਰੱਬੋਂ ਕਾ ਤੇ ਸ਼ੀਹਾ ਸਿੰਘ ਜ਼ਿਮੀਦਾਰ ਇਨ ਕੇ ਘਰ ਵਿਚੋਂ ਇੱਕ ਇੱਕ ਸ੍ਰੀ ਸਾਹਿਬ ਨਿਕਲਿਆ। ਜ਼ਿਮੀਂਦਾਰਾਂ ਕੇ ਤੇ ਛੇ ਸਰੀਰ ਫੜ ਆਂਦੇ, ਦੋਨੋਂ ਰਾਮ-ਦਾਸੀਏ ਫੜੇ। ਛੇ ਕੀਆਂ ਤਾਂ ਜਮਾਨਤਾਂ ਲੈ ਕੇ ਛਡ ਦਿੱਤੇ। ਕਹਾ ਕੇ ਤੁਮ ਕਿਸੀ ਕੂਕੇ ਕੋ ਘਰ ਨਾ ਬੜਨ ਦੇਉ ਨਹੀਂ ਤਾਂ ਸਜਾਇ ਦੇਵਾਂਗੇ। ਦੇਵਾ ਸਿੰਘ ਅਤੇ ਸ਼ੀਹਾਂ ਸਿੰਘ ਕੋ ਤਲਵਾਰਾਂ ਨਿਕਲਣੇ ਸੇ ਤੀਨ ਤੀਨ ਬਰ੍ਹੇ ਕੀ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜੁਰਮਾਨਾ ਕੀਤਾ। ਫਰੰਗੀ ਨੇ ਜਗਾ ਪਰ ਜਗਾ ਤਾਰ ਭੇਜੀ ਕੇ ਬੰਦੋਬਸਤ ਕਰ ਲਿਆ ਹੈ। ਜਹਾਂ ਕੀਆਂ ਤਹਾਂ ਫੌਜਾਂ ਖੜੋਇ ਜਾਉ। ਹੁਕਮ ਸੀ ਕਿ ਰੜ ਆਕੀ ਹੈ ਉਡਾਇ ਦਿਉ। ਪਿੰਡ ਦੇ ਲੋਕ ਥਰ ਥਰ ਕੰਬਦੇ ਹੈ ਕੇ ਉਡਾਇ ਦੇਣਗੇ। ਜਹਾਂ ਕੀਆਂ ਤਹਾਂ ਫ਼ੌਜਾਂ ਖੜੋ ਗਈਆਂ।"

### ਸਤਿਗੁਰੂ ਰਾਮ ਸਿੰਘ ਜੀ ਦੀ ਗਿਰਫਤਾਰੀ ਅਤੇ ਦੇਸ਼ ਨਿਕਾਲਾ (18 ਜਨਵਰੀ, 1872)

ਮਲੇਰਕੋਟਲੇ ਵਿੱਚ 66 ਨਾਮਧਾਰੀ ਸਿੰਘਾਂ ਦੇ ਖ਼ੂਨ ਨਾਲ ਹੱਥ ਰੰਗ ਕੇ ਅਤੇ ਮਲੌਦ ਦੇ ਸਰਸਰੀ ਮੁਕੱਦਮੇ ਦਾ ਫ਼ੈਸਲਾ ਸੁਣਾ ਕੇ ਡਿਪਟੀ ਕਮਿਸ਼ਨਰ ਕਾਵਨ ਅਤੇ ਕਮਿਸ਼ਨਰ ਫੋਰਸਾਈਥ ਦੇ ਧਿਆਨ ਦੇ ਕੇਂਦਰ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਪ੍ਰਮੁੱਖ ਸੂਬੇ ਸਨ, ਜਿਨ੍ਹਾਂ ਨੂੰ ਗ੍ਰਿਫਤਾਰ ਕਰਨਾ ਅਤੇ ਕੂਕਿਆਂ ਦੇ ਕੇਂਦਰ ਸ੍ਰੀ ਭੈਣੀ ਸਾਹਿਬ ਤੋਂ ਚਲਾਈਆਂ ਜਾ ਰਹੀਆਂ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਰੋਕਣਾ ਅਤੇ ਕੂਕਿਆਂ ਦੀ ਵੱਧ ਰਹੀ ਲਹਿਰ ਨੂੰ ਠਲ ਪਾਉਣਾ ਇਨ੍ਹਾਂ ਸਾਮਰਾਜੀ ਹਾਕਮਾਂ ਦਾ ਮੁੱਖ ਲਕਸ਼ ਸੀ। ਇਸ ਮੌਕੇ ਦੀ ਉਡੀਕ ਤਾਂ ਸਰਕਾਰੀ ਅਧਿਕਾਰੀ, ਗਵਰਨਰ ਅਤੇ ਪੁਲਿਸ ਦੇ ਇੰਸਪੈਕਟਰ ਜਨਰਲ 1871 ਦੇ ਪਿਛਲੇ ਛੇਆਂ ਮਹੀਨਿਆਂ ਤੋਂ ਕਰ ਰਹੇ ਸਨ। ਸਰਕਾਰੀ ਰਿਪੋਰਟਾਂ ਵਿੱਚ ਮਿ: ਮੈਕਨਬ (ਹਵਾਲਾ ਪੱਤਰ ਮਿਤੀ 4 ਨਵੰਬਰ, 1871) ਅਤੇ ਡੀ. ਆਈ. ਜੀ. ਪੁਲਿਸ ਮੈਕਐਂਡਰੀਊ (ਹਵਾਲਾ ਪੱਤਰ 20 ਨਵੰਬਰ, 1871) ਨੇ ਇਸ ਸੰਬੰਧੀ ਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਦੀ ਗ੍ਰਿਫਤਾਰੀ ਦੀ ਯੋਜਨਾ ਪਹਿਲਾਂ ਤੋਂ ਹੀ ਬਣਾ ਰੱਖੀ ਸੀ। ਉਹ ਤਾਂ ਕੇਵਲ ਕਿਸੇ ਉੱਚਿਤ ਮੌਕੇ ਦੀ ਹੀ ਉਡੀਕ ਕਰ ਰਹੇ ਸਨ, ਜਿਸਦਾ ਬਹਾਨਾ ਬਣਾ ਕੇ ਅਤੇ ਜਨਤਾ ਦੀ ਅੱਖੀਂ ਘੱਟਾ ਪਾ ਕੇ ਉਹ ਇਸ ਪਹਿਲਾਂ ਤੋਂ ਹੀ ਮਿਥੀ ਹੋਈ ਕਾਰਵਾਈ ਨੂੰ ਸਿਰੇ ਚਾੜ੍ਹ ਸਕਣ। ਮਲੌਦ ਅਤੇ ਮਲੇਰਕੋਟਲੇ ਦੀਆਂ ਵਾਪਰੀਆਂ ਘਟਨਾਵਾਂ ਨੇ ਸਰਕਾਰੀ ਅਧਿਕਾਰੀਆਂ ਨੂੰ

* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 472



Sri Satguru Jagjit Singh Ji Elibrary NamdhariElibrary@gmail.com

No. 46

To

THE CHIEF COMMISSIONER OF BRITISH BURMAH.

Whereas the Governor General in Council, for good and sufficient reasons, has seen fit to determine that Ram Singh

shall be placed under personal restraint in British Burmah, you are hereby required and commanded, in pursuance of that determination, to receive the person abovenamed into your custody, and to deal with him in conformity to the orders of the Governor General in Council, and the provisions of Regulation III. of 1818.

By Order of the Governor General in Council,

9/3/72

*Secy. to the Govt. of India, in the Home Dept.*

Fort William;
The 9 March 1872.

सर्वाधिकार सुरक्षित राष्ट्रीय अभिलेखागार भारत सरकार के अधीन

Copyright vests in the National Archives of India Government of India.

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਵਿਖੇ ਨਜ਼ਰਬੰਦ ਕਰਨ ਲਈ 9 ਮਾਰਚ 1872 ਨੂੰ ਜਾਰੀ ਕੀਤਾ ਗਿਆ ਵਾਰੰਟ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail com

ਲੋੜੀਂਦਾ ਮੌਕਾ ਦੇ ਦਿੱਤਾ ਸੀ। ਦੂਰਦਰਸ਼ੀ ਸਤਿਗੁਰੂ ਰਾਮ ਸਿੰਘ ਜੀ ਵੀ ਉਨ੍ਹਾਂ ਦੀ ਇਸ ਕੁਨੀਤੀ ਤੋਂ ਜਾਣੂ ਸਨ। ਇਸੇ ਲਈ ਉਨ੍ਹਾਂ ਨੇ 13 ਜਨਵਰੀ, 1872 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਾਘੀ ਦੇ ਸਮਾਗਮ ਉੱਤੇ ਇਕੱਤਰ ਹੋਏ ਸਿੰਘਾਂ ਨੂੰ ਅਮਨ-ਚੈਨ ਨਾਲ ਘਰੋ-ਘਰੀ ਜਾਣ ਲਈ ਕਹਿ ਦਿੱਤਾ ਸੀ। ਨਾ ਤਾਂ ਮਸਤਾਨਾ ਦਲ ਦੇ ਆਗੂਆਂ ਨੇ ਉਨ੍ਹਾਂ ਦੀ ਗੱਲ ਮੰਨੀ ਅਤੇ ਨਾ ਹੀ ਸਰਕਾਰੀ ਅਧਿਕਾਰੀਆਂ ਨੇ ਇਸ ਘਟਨਾ ਨੂੰ ਵਾਪਰਨ ਤੋਂ ਰੋਕਣ ਅਤੇ ਟਾਲਣ ਦਾ ਯਤਨ ਕੀਤਾ। ਇਸਦੇ ਉਲਟ ਉਹ ਤਾਂ ਕਿਸੇ ਢੁਕਵੇਂ ਮੌਕੇ ਦੀ ਉਡੀਕ ਵਿੱਚ ਸਨ।

ਅੰਬਾਲੇ ਡਿਵੀਜ਼ਨ ਦਾ ਨਵ-ਨਿਯੁਕਤ ਕਮਿਸ਼ਨਰ ਜਨਵਰੀ ਦੇ ਇਨ੍ਹਾਂ ਦਿਨਾਂ ਵਿੱਚ ਦਿੱਲੀ ਵਿੱਚ ਸੀ। ਪੰਜਾਬ ਦਾ ਗਵਰਨਰ ਵੀ ਉੱਥੇ ਹੀ ਸੀ। ਜਦੋਂ ਕਾਵਨ ਨੇ ਉਸਨੂੰ ਤਾਰ ਰਾਹੀਂ ਸਾਰੀ ਹਾਲਤ ਬਾਰੇ ਸੂਚਿਤ ਕੀਤਾ ਤਾਂ ਪੰਜਾਬ ਦੇ ਗਵਰਨਰ ਨੇ ਫੋਰਸਾਈਥ ਨੂੰ ਇਹ ਆਦੇਸ਼ ਦੇ ਕੇ ਭੇਜਿਆ ਸੀ ਕਿ [1*]"ਗੁਰੂ ਰਾਮ ਸਿੰਘ ਅਤੇ ਮਸ਼ਹੂਰ ਨਾਮਧਾਰੀ ਸੂਬਿਆਂ ਨੂੰ ਗ੍ਰਿਫਤਾਰ ਕਰਕੇ ਇੱਕਦਮ ਦਿੱਲੀ ਭੇਜ ਦਿੱਤਾ ਜਾਵੇ।" ਫੋਰਸਾਈਥ ਨੇ ਲੁਧਿਆਣੇ ਪਹੁੰਚ ਕੇ 17 ਜਨਵਰੀ ਨੂੰ ਪੰਜਾਬ ਦੇ ਡੀ. ਆਈ. ਜੀ. ਲੈਫਟੀਨੈਂਟ ਕਰਨਲ ਬੇਲੀ, ਜੋ ਉਸ ਸਮੇਂ ਸਾਹਨੇਵਾਲ ਠਹਿਰਿਆ ਹੋਇਆ ਸੀ, ਨੂੰ 17 ਜਨਵਰੀ, 1872 ਨੂੰ ਹੇਠ ਦਿੱਤਾ ਪੱਤਰ ਲਿਖਿਆ, ਜਿਸ ਵਿੱਚ ਭੈਣੀ ਸਾਹਿਬ ਜਾ ਕੇ ਗੁਰੂ ਰਾਮ ਸਿੰਘ ਅਤੇ ਸੂਬਿਆਂ ਨੂੰ ਗ੍ਰਿਫਤਾਰ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਸਨ :

ਮਿਤੀ 17 ਜਨਵਰੀ, 1872

[2*]ਵੱਲੋਂ :

ਟੀ.ਡੀ. ਫੋਰਸਾਈਥ
ਕਾਰਜਕਾਰੀ ਕਮਿਸ਼ਨਰ, ਅੰਬਾਲਾ ਡਿਵੀਜ਼ਨ

ਸੇਵਾ ਵਿੱਚ,

ਲੈਫਟੀਨੈਂਟ ਕਰਨਲ ਜੇ.ਸੀ.ਪੀ. ਬੇਲੀ,
ਕਾਰਜਕਾਰੀ ਡਿਪਟੀ ਇੰਨਸਪੈਕਟਰ ਜਨਰਲ ਆਫ ਪੁਲਿਸ,
ਲੁਧਿਆਣਾ ਮੰਡਲ।

ਮੇਰੀ ਬੇਨਤੀ ਹੈ ਕਿ ਤੁਸੀਂ 10 ਬੰਗਾਲ ਰਸਾਲੇ ਦੇ 25 ਸਵਾਰਾਂ ਅਤੇ ਪੁਲਿਸ ਲਾਈਨ ਵਿੱਚੋਂ ਜਿੰਨੀ ਵੀ ਨਫਰੀ ਮਿਲ ਸਕਦੀ ਹੈ, ਲੈ ਕੇ ਭੈਣੀ ਜਾਉ ਅਤੇ ਸਾਰੇ ਸੂਬਿਆਂ, ਜਿਹੜੇ ਉੱਥੇ ਮਿਲਣ, ਨੂੰ ਚੁੱਪ-ਚਾਪ ਲੁਧਿਆਣੇ ਲੈ ਆਉ।

[1*] ਸ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 454

[2*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਭਾਗ ਪਹਿਲਾ, ਪੰਨਾ 190



Sri Satguru Jagjit Singh Ji Elibrary NamdhariElibrary@gmail.com

ਇਨ੍ਹਾਂ ਸਾਰੇ ਬੰਦਿਆਂ ਤੋਂ ਸਾਰੇ ਹਥਿਆਰ ਗੰਡਾਸੇ, ਲਾਠੀਆਂ ਅਤੇ ਕੁਹਾੜੀਆਂ ਆਦਿ ਜਮ੍ਹਾ ਕਰਵਾ ਲਉ। ਸਾਰਿਆਂ ਨੂੰ ਪਿੰਡ ਤੋਂ ਬਾਹਰ ਕੱਢ ਕੇ ਚੰਗੀ ਤਰ੍ਹਾਂ ਤਲਾਸ਼ੀ ਲਉ ਕਿ ਕਿਸੇ ਕੋਲ ਕੋਈ ਵੀ ਕਾਗਜ਼ ਪੱਤਰ ਨਾ ਰਹਿ ਜਾਵੇ। ਇਹ ਤਲਾਸ਼ੀ ਕਾਨੂੰਨ ਅਨੁਸਾਰ ਹੋਣੀ ਚਾਹੀਦੀ ਹੈ।

ਜੇਕਰ ਕੋਈ ਕੂਕਾ ਅੱਗੋਂ ਕੋਈ ਗੜਬੜ ਕਰੇ ਤਾਂ ਸਾਹਨੇਵਾਲ ਥਾਣੇ ਤੋਂ ਇੱਕ ਕੰਪਨੀ ਗੋਰਖਿਆਂ ਦੀ ਮੰਗਵਾ ਲੈਣੀ, ਜਿਨ੍ਹਾਂ ਨੂੰ ਪਹਿਲਾਂ ਹੀ ਉੱਥੇ ਤਿਆਰ ਰਹਿਣ ਦੇ ਹੁਕਮ ਹਨ। ਮੈਨੂੰ ਸਵਾਰ ਰਾਹੀਂ ਜਾਂ ਤਾਰ ਰਾਹੀਂ ਸਾਰੇ ਹਾਲਾਤ ਬਾਰੇ ਸੂਚਨਾ ਦੇ ਦੇਣਾ।

ਤੁਸੀਂ ਭੈਣੀ ਵਿਖੇ ਪੁਲਿਸ ਅਤੇ ਅਫਸਰਾਂ ਦੀ ਗਾਰਦ ਅਗਲੇ ਹੁਕਮਾਂ ਤੱਕ ਤਾਇਨਾਤ ਕਰ ਦੇਣੀ।"

17 ਜਨਵਰੀ ਦੀ ਸ਼ਾਮ ਨੂੰ ਜਦੋਂ ਕਾਵਨ ਮਲੇਰਕੋਟਲੇ ਵਿਖੇ ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕਰ ਰਿਹਾ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਕੰਨੀਂ ਤੋਪਾਂ ਦੀ ਗਰਜ ਦੀ ਆਵਾਜ਼ ਸੁਣ ਲਈ ਸੀ ਅਤੇ ਇਸ ਗੱਲ ਉੱਤੇ ਤਸੱਲੀ ਪ੍ਰਗਟਾਈ ਸੀ ਕਿ ਸਿੰਘਾਂ ਨੇ ਆਪਣਾ ਸਿਦਕ ਕਾਇਮ ਰੱਖਿਆ ਹੈ ਅਤੇ ਬੇਸਿਦਕੇ ਨਹੀਂ ਹੋਏ। ਸਤਿਗੁਰੂ ਰਾਮ ਸਿੰਘ ਜੀ ਦੀ ਇਹ ਅੰਤਰ-ਅਵਸਥਾ ਉਸੇ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਕਿ ਸ੍ਰੀ ਦਸ਼ਮੇਸ਼ ਜੀ ਦੀ ਚਮਕੌਰ ਅਤੇ ਸਰਹਿੰਦ ਦੇ ਸਾਕਿਆਂ, ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦ ਹੋਣ ਪਿਛੋਂ ਦੀ ਸੀ। ਕਾਰਜ ਅਤੇ ਉਦੇਸ਼ ਦੋਹਾਂ ਸਤਿਗੁਰਾਂ ਦਾ ਇੱਕ ਸਮਾਨ ਸੀ, ਕਿ ਸਿੱਖੀ ਦੇ ਬਾਗ ਨੂੰ ਕਿਵੇਂ ਹਰਿਆ ਰੱਖਿਆ ਜਾਵੇ. ਗ਼ੁਲਾਮੀ ਤੋਂ ਨਜਾਤ ਕਿਵੇਂ ਹਾਸਿਲ ਕੀਤੀ ਜਾਵੇ। ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂਵਾਕ ਅਨੁਸਾਰ 'ਇਨ ਗਰੀਬਨ ਕੋ ਦੇਵਹੁ ਪਾਤਸ਼ਾਹੀ' ਦੀ ਪੂਰਤੀ ਹੋਵੇ ਅਤੇ ਦੇਸ਼ ਦੀ ਪਰਜਾ ਨੂੰ ਮੁੜ ਸੁਤੰਤਰਤਾ ਦਾ ਜੀਵਨ ਮਿਲੇ।

ਉਸੇ ਸ਼ਾਮ ਸਤਿਗੁਰੂ ਰਾਮ ਸਿੰਘ ਜੀ ਸੂਬਾ ਸਾਹਿਬ ਸਿੰਘ ਤੇ ਜਵਾਹਰ ਸਿੰਘ ਨਾਲ ਸ੍ਰੀ ਭੈਣੀ ਸਾਹਿਬ ਪੁੱਜਣ ਲਈ ਘੋੜਿਆਂ ਤੇ ਸਵਾਰ ਹੋਏ, ਪਰ ਰਸਤੇ ਵਿੱਚ ਕਮਿਸ਼ਨਰ ਫੋਰਸਾਈਥ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਡੀ.ਆਈ.ਜੀ. ਕਰਨਲ ਬੇਲੀ ਅਤੇ ਹੋਰ ਕਰਮਚਾਰੀ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਨੂੰ ਫੜਨ ਲਈ ਅਗਲਵਾਂਢੀ ਹੀ ਜਾਲ ਵਿਛਾਈ ਬੈਠੇ ਸਨ। ਭੈਣੀ ਸਾਹਿਬ ਪਹਿਲਾਂ ਹੀ ਸੂਹੀਏ ਭੇਜ ਦਿੱਤੇ ਗਏ ਸਨ। ਜਦੋਂ ਸਤਿਗੁਰੂ ਜੀ ਸਾਹਨੇਵਾਲ ਦੇ ਥਾਣੇ ਕੋਲੋਂ ਦੀ ਲੰਘੇ ਤਾਂ ਥਾਣੇਦਾਰ ਸ਼ਾਹ ਵਲੀ ਖ਼ਾਂ ਵੀ ਉਨ੍ਹਾਂ ਦੇ ਪਿੱਛੇ ਹੀ ਤੁਰਿਆ। ਡਿਪਟੀ ਇਨਸਪੈਕਟਰ ਗੁਲਾਬ ਸਿੰਘ ਵੀ ਕੁਝ ਹੋਰ ਸਿਪਾਹੀਆਂ ਨੂੰ ਨਾਲ ਲੈ ਕੇ ਭੈਣੀ ਸਾਹਿਬ ਪਹੁੰਚ ਗਿਆ। ਉਸਨੇ ਸਤਿਗੁਰੂ ਜੀ ਨੂੰ ਇਹ ਹੁਕਮ ਸੁਣਾ ਦਿੱਤਾ ਕਿ



Sri Satguru Jagjit Singh Ji Elibrary NamdhariElibrary@gmail.com

ਕਮਿਸ਼ਨਰ ਸਾਹਿਬ ਨੇ ਆਪ ਜੀ ਨੂੰ ਲੁਧਿਆਣੇ ਸਦ ਭੇਜਿਆ ਹੈ।

ਜਿਵੇਂ ਡਿਪਟੀ ਕਮਿਸ਼ਨਰ ਕਾਵਨ ਮਲੇਰਕੋਟਲੇ ਵਿਖੇ ਸਿੰਘਾਂ ਨੂੰ ਸ਼ਹੀਦ ਕਰਨ ਲਈ ਬਹੁਤ ਕਾਹਲਾ ਸੀ, ਉਸੇ ਤਰ੍ਹਾਂ ਕਮਿਸ਼ਨਰ ਟੀ. ਡੀ. ਫੋਰਸਮਾਈਥ ਵੀ ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਛੇਤੀ ਤੋਂ ਛੇਤੀ ਗ੍ਰਿਫਤਾਰ ਕਰਕੇ ਸਰਕਾਰ ਤੋਂ ਕਿਰਤੀਮਾਨ ਪ੍ਰਾਪਤ ਕਰਨਾ ਚਾਹੁੰਦਾ ਸੀ। ਇਹ ਦੋਵੇਂ ਸਰਕਾਰੀ ਅਧਿਕਾਰੀ ਅੰਗਰੇਜ਼ਾਂ ਦੀ ਸਾਮਰਾਜੀ ਹਕੂਮਤ ਦੇ ਹੱਥ ਠੋਕੇ ਬਣੇ ਹੋਏ ਸਨ।

**ਸ੍ਰੀ ਭੈਣੀ ਸਾਹਿਬ ਤੋਂ ਅੰਤਿਮ ਵਾਰ ਵਿਦਾਇਗੀ ਲੈਣ ਦਾ ਕਰੁਣਾਮਈ ਦ੍ਰਿਸ਼**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਜੀਵਨ ਦੇ ਪੂਰੇ 56 ਸਾਲ ਇਸ ਛੋਟੇ ਜਿਹੇ ਪਿੰਡ ਵਿੱਚ ਗੁਜਾਰੇ ਸਨ। ਜਦੋਂ 1816 ਦੀ ਬਸੰਤ ਪੰਚਮੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਰਾਈਆਂ ਪਿੰਡ ਵਿੱਚ ਹੋਇਆ ਤਾਂ ਇਹ ਛੋਟਾ ਜਿਹਾ ਪਿੰਡ ਅਣਜਾਣਿਆ ਹੀ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ-ਕਟਾਖ ਸਦਕਾ ਹੁਣ ਇਹ ਸਾਰੇ ਸੰਸਾਰ ਵਿੱਚ ਉਜਾਗਰ ਹੋ ਗਿਆ ਸੀ।

12 ਅਪ੍ਰੈਲ, 1857 ਨੂੰ ਵਿਸਾਖੀ ਦੇ ਸ਼ੁਭ ਦਿਹਾੜੇ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਿਰਜਣਾ ਕਰਕੇ ਸਿੰਘਾਂ ਦਾ ਨਵਾਂ ਇਤਿਹਾਸ ਰਚ ਦਿੱਤਾ ਸੀ। ਆਪ ਜੀ ਦੀ ਚਲਾਈ ਹੋਈ ਧਾਰਮਿਕ ਅਤੇ ਸਮਾਜਿਕ ਸੁਧਾਰ ਦੀ ਲਹਿਰ ਨੇ ਨਾਮਧਾਰੀਆਂ ਵਿੱਚ ਹੀ ਨਹੀਂ, ਸਗੋਂ ਸਮੁੱਚੇ ਸਿੱਖ ਜਗਤ ਵਿੱਚ ਨਵੀਂ ਜਾਗ੍ਰਿਤੀ ਲੈ ਆਉਂਦੀ ਸੀ। ਫਿਰ ਆਪ ਜੀ ਨੇ ਵਿਦੇਸ਼ੀ ਅੰਗਰੇਜ਼ੀ ਹਕੂਮਤ ਵਿਰੁੱਧ ਨਾ-ਮਿਲਵਰਤਨ ਦੀ ਸ਼ਾਂਤਮਈ ਲਹਿਰ ਚਲਾ ਕੇ ਸੁਤੰਤਰਤਾ ਪ੍ਰਾਪਤੀ ਦਾ ਸਾਰੇ ਸੰਸਾਰ ਨੂੰ ਹੀ ਨਵਾਂ ਮਾਰਗ ਸੁਝਾ ਦਿੱਤਾ ਸੀ। ਸਤਿਗੁਰੂ ਜੀ ਦੇ ਇਨ੍ਹਾਂ ਲੋਕ-ਭਲਾਈ ਲਈ ਚੁੱਕੇ ਗਏ ਕਦਮਾਂ ਤੋਂ ਜਨਤਾ ਜਾਗ ਉੱਠੀ ਸੀ ਅਤੇ ਹੁਣ ਅਰਾਈਆਂ ਦੇ ਉਸੇ ਅਨਜਾਣੇ ਪਿੰਡ ਨੂੰ ਅੰਗਰੇਜ਼ ਸਰਕਾਰ ਸਭ ਤੋਂ ਵੱਧ ਖ਼ਤਰਨਾਕ ਸਮਝ ਰਹੀ ਸੀ। ਇਸ ਸ਼ਾਂਤਮਈ ਧਾਰਮਿਕ ਪੁਨਰ ਜਾਗ੍ਰਿਤੀ ਅਤੇ ਸਮਾਜਿਕ ਸੁਧਾਰ ਦੇ ਅੰਦੋਲਨ ਨੂੰ ਅੰਗਰੇਜ਼ ਹਕੂਮਤ ਖ਼ਤਰਨਾਕ ਕਿਉਂ ਨਾ ਸਮਝਦੀ। ਅੰਗਰੇਜ਼ ਅਧਿਕਾਰੀ ਇਹ ਜਾਣਦੇ ਸਨ ਕਿ "(ੳ) ਕੂਕਾ ਝੂਠ ਨਹੀਂ ਬੋਲਦਾ, (ਅ) ਕੂਕਾ ਮਾਸ, ਸ਼ਰਾਬ ਦੀ ਵਰਤੋਂ ਨਹੀਂ ਕਰਦਾ ਅਤੇ (ੲ) ਕੂਕਾ ਅੰਗਰੇਜ਼ ਸਰਕਾਰ ਦਾ ਵਫ਼ਾਦਾਰ ਨਹੀਂ ਹੋ ਸਕਦਾ।" ਇਸੇ ਕਾਰਨ ਸ੍ਰੀ ਭੈਣੀ ਸਾਹਿਬ ਦੀ ਸ਼ਾਂਤਮਈ ਅਤੇ ਪਾਵਨ ਧਾਰਮਿਕ ਭੂਮੀ ਵਿੱਚੋਂ ਅੰਗਰੇਜ਼ ਸਰਕਾਰ ਨੂੰ ਸੁਤੰਤਰਤਾ ਦੀ ਲਹਿਰ ਦੇ ਬੀਜ, ਜੋ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੱਥੀ ਬੀਜੇ ਸਨ, ਵੱਡੇ ਕ੍ਰਾਂਤੀਕਾਰੀ ਸੁਤੰਤਰਤਾ ਸੰਗਰਾਮ ਦੇ ਰੂਪ ਵਿੱਚ ਵੱਡੇ ਬ੍ਰਿਛ ਦੀ ਨਿਆਈਂ ਵਧਦੇ-ਫੁਲਦੇ ਸਾਫ਼ ਦਿਖਾਈ ਦੇ ਰਹੇ ਸਨ। ਇਸੇ ਲਈ ਅੰਗਰੇਜ਼ ਹਕੂਮਤ ਸਤਿਗੁਰੂ ਰਾਮ ਸਿੰਘ, ਉਨ੍ਹਾਂ ਦੇ ਸੂਬਿਆਂ ਅਤੇ ਕੂਕਾ ਲਹਿਰ



Sri Satguru Jagjit Singh Ji Elibrary NamdhariElibrary@gmail.com

ਨੂੰ ਆਪਣਾ ਸਭ ਤੋਂ ਵੱਡਾ ਸ਼ਤਰੂ ਮੰਨ ਕੇ ਭੈਣੀ ਸਾਹਿਬ ਦੀ ਹਸਤੀ ਨੂੰ ਮਿਟਾਉਣ ਉੱਤੇ ਤੁਲੀ ਹੋਈ ਸੀ। ਅਜਿਹੇ ਸਾਰੇ ਤੌਖਲੇ, ਫਿਕਰ ਅਤੇ ਚਿੰਤਾਵਾਂ ਵਾਇਸਰਾਏ ਹਿੰਦ ਤੋਂ ਲੈ ਕੇ ਪੰਜਾਬ ਦੇ ਗਵਰਨਰ ਅਤੇ ਉੱਚ ਅਧਿਕਾਰੀਆਂ ਵੱਲੋਂ ਇੱਕ ਦੂਜੇ ਨੂੰ ਲਿਖੇ ਗਏ ਅਨੇਕ ਪੱਤਰਾਂ ਤੋਂ ਸਾਫ਼ ਝਲਕਦੇ ਦਿਖਾਈ ਦਿੰਦੇ ਹਨ।

ਮਾਲੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਲਾਮ ਦੇਸ਼ ਵਿੱਚ ਆਜ਼ਾਦੀ ਦਾ ਬਾਗ ਲੱਗਾ ਦਿੱਤਾ ਸੀ, ਪਰ ਅੰਗਰੇਜ਼ ਸਰਕਾਰ ਤਸ਼ੱਦਦ, ਜ਼ੁਲਮ ਅਤੇ ਜ਼ੋਰ ਜਬਰ ਨਾਲ ਇਸ ਬਾਗ ਨੂੰ ਉਜਾੜਨਾ ਅਤੇ ਜੜ ਤੋਂ ਪੁੱਟ ਦੇਣਾ ਲੋਚਦੀ ਸੀ। ਸਤਿਗੁਰੂ ਰਾਮ ਸਿੰਘ ਅਤੇ ਮੁਖੀ ਸੂਬਿਆਂ ਦੀ ਗ੍ਰਿਫਤਾਰੀ ਇਸੇ ਉਪਰੋਕਤ ਸਾਮਰਾਜੀ ਨੀਤੀ ਦੀ ਹੀ ਇੱਕ ਕੜੀ ਸੀ।

ਸਤਿਗੁਰੂ ਜੀ ਅਤੇ ਸੂਬੇ ਹਾਲੀ ਸਿਆੜ ਤੋਂ ਚੱਲ ਕੇ ਭੈਣੀ ਸਾਹਿਬ ਪੁੱਜੇ ਹੀ ਸਨ। ਘੋੜਿਆਂ ਤੋਂ ਕਾਠੀਆਂ ਲਾਹ ਕੇ ਹਾਲੀ ਕੁਝ ਪਲ ਆਰਾਮ ਵੀ ਨਹੀਂ ਸੀ ਕੀਤਾ ਕਿ ਤਾਬੜਤੋੜ ਸਰਕਾਰੀ ਹੁਕਮ ਸੁਣਾ ਦਿੱਤਾ ਗਿਆ ਕਿ "ਆਪ ਜੀ ਨੂੰ ਕਮਿਸ਼ਨਰ ਸਾਹਿਬ ਨੇ ਲੁਧਿਆਣੇ ਸਦ ਭੇਜਿਆ ਹੈ।" ਸਰਕਾਰੀ ਸਵਾਰ ਪਿੰਡ ਦੇ ਬਾਹਰ ਰਸਤਾ ਰੋਕੀ ਖੜ੍ਹੇ ਸਨ। ਜਦੋਂ ਆਪ ਜੀ ਨੂੰ ਸਰਕਾਰੀ ਕਰਮਚਾਰੀਆਂ ਨੇ ਇਹ ਹੁਕਮ ਸੁਣਾਇਆ ਤਾਂ ਆਪ ਜੀ ਨੇ ਪਹਿਲਾਂ ਘੋੜੇ ਤਿਆਰ ਕਰਨ ਲਈ ਹੁਕਮ ਕੀਤਾ, ਪਰ ਫਿਰ ਇਹ ਸੋਚ ਕੇ ਕਿ ਘੋੜੇ ਪਹਿਲਾਂ ਹੀ ਸਫ਼ਰ ਤੋਂ ਥੱਕ ਕੇ ਆਏ ਹਨ; ਗੁਰਦਿੱਤ ਸਿੰਘ ਗਾਡੀ ਨੂੰ ਗੱਡਾ ਤਿਆਰ ਕਰਨ ਲਈ ਹੁਕਮ ਕੀਤਾ। ਗੱਡੇ ਵਿੱਚ ਆਲੇ-ਦੁਆਲੇ ਪੱਲੇ ਤਾਣ ਕੇ ਤੰਬੂ ਵਾਂਗ ਬਣਾ ਲੈਣ ਲਈ ਕਿਹਾ। ਸਤਿਗੁਰੂ ਜੀ ਸਰਕਾਰ ਦੀ ਨੀਤੀ ਤੇ ਆਪਣੇ ਭਵਿੱਖ ਤੋਂ ਪੂਰੀ ਤਰ੍ਹਾਂ ਜਾਣੂ ਸਨ। ਭੈਣੀ ਸਾਹਿਬ ਦੀ ਸੰਗਤ ਜੋ ਇਹ ਖ਼ਬਰ ਸੁਣ ਕੇ ਹਕੀ ਬਕੀ ਰਹਿ ਗਈ ਸੀ, ਸਤਿਗੁਰੂ ਜੀ ਕੋਲ ਆ ਜੁੜੀ। ਆਪ ਜੀ ਨੇ ਉੱਚੀ ਸੁਰ ਵਿੱਚ ਸਭ ਨੂੰ ਸੁਣਾ ਕੇ ਗੁਪਾਲ ਸਿੰਘ ਨੂੰ ਇਹ ਬਚਨ ਕੀਤਾ [1*]"ਗੁਪਾਲ ਸਿੰਘ ਅਸੀਂ ਤਾਂ ਸਭ ਦਾ ਭਲਾ ਈ ਕਰਦੇ ਹਾਂ, ਗ੍ਰਿਹਸਤੀ ਲੋਕ ਹੈਂ, ਇਉਂ ਆਪਣਿਆਂ ਘਰਾਂ ਨੂੰ ਚਲੇ ਜਾਣ ਤਾਂ ਅੱਛੀ ਬਾਤ ਹੈ।" ਤੇਜੀ ਮੇਂ ਹੋਇਕੇ ਬਚਨ ਕੀਤਾ, ਚਲੇ ਜਾਉ ਘਰਾਂ ਨੂੰ ਜੇਹੜਾ ਐਥੇ ਰਹੇਗਾ ਸੋ ਔਖਾ ਹੋਵੇਗਾ। ਏਥੇ ਖਵਰੇ ਕਿਵੇਂ ਬਰਤਨੀ ਹੈ।"

### ਭਰਾ ਬੁੱਧ ਸਿੰਘ ਜੀ ਵੱਲੋਂ ਬੇਨਤੀ

ਬਾਬਾ ਬੁੱਧ ਸਿੰਘ ਜੀ ਨੇ ਸਤਿਗੁਰੂ ਜੀ ਅੱਗੇ ਨਿਮਰਤਾ ਨਾਲ ਹੰਝੂ ਭਰੀਆਂ ਅੱਖਾਂ ਨਾਲ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਥਾਂ ਤੇ ਇਕਬਾਲੀ ਬਿਆਨ ਦੇ ਕੇ ਸਾਰਾ ਭਾਰ ਆਪਣੇ ਸਿਰ ਲੈ ਲੈਂਦਾ ਹਾਂ, ਤਾਂ ਜੋ ਤੁਹਾਡਾ ਵਾਲ ਵੀ ਵਿੰਗਾ ਨਾ ਹੋਵੇ। ਪਰ ਸਤਿਗੁਰੂ ਜੀ ਨੇ ਇਸ ਗੱਲ ਦੀ ਆਗਿਆ

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਭਾਗ ਪਹਿਲਾ, ਪੰਨਾ 458



Sri Satguru Jagjit Singh Ji Elibrary NamdhariElibrary@gmail.com

ਨਾ ਦਿੱਤੀ। ਆਪ ਜਾਣਦੇ ਸਨ ਕਿ ਮੇਰੇ ਜਾਣ ਤੋਂ ਪਿਛੋਂ ਭਾਈ ਬੁੱਧ ਸਿੰਘ ਜੀ ਨੇ ਹੀ ਇਸ ਬਾਗ ਦੀ ਸਿੱਖੀ ਦੀ ਖੇਤੀ ਨੂੰ ਹਰੀ ਰਖਣਾ ਹੈ। ਸਤਿਗੁਰੂ ਜੀ ਨੇ ਆਪ ਹੀ ਅਰਦਾਸ ਕੀਤੀ। ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਹੁਕਮ ਕੀਤਾ ਕਿ ਕੋਈ ਸਿੰਘ ਸਵੇਂ ਨਾ। ਸਾਰੇ ਪਾਠ ਅਤੇ ਨਾਮ ਸਿਮਰਨ ਕਰਨ। ਭਾਈ ਬੁੱਧ ਸਿੰਘ ਅਤੇ ਜੁੜੀ ਸੰਗਤ ਨੂੰ ਧੀਰਜ ਦੇ ਕੇ ਸਤਿਗੁਰੂ ਜੀ ਕਾਲੀ ਕੰਬਲੀ, ਜੋ ਕੁਝ ਚਿਰ ਪਹਿਲਾਂ ਮਾਈ ਕਰਮੋ ਨੇ ਭੇਟ ਕੀਤੀ ਸੀ, ਦੀ ਬੁੱਕਲ ਮਾਰ ਕੇ ਗੱਡੇ ਵਿੱਚ ਜਾ ਬੈਠੇ। ਸੂਬਾ ਸਾਹਿਬ ਸਿੰਘ, ਸੂਬਾ ਜਵਾਹਰ ਸਿੰਘ ਅਤੇ ਭਾਈ ਨਾਨੂੰ ਸਿੰਘ ਸਤਿਗੁਰੂ ਜੀ ਨਾਲ ਬੈਠ ਗਏ। ਸਤਿਗੁਰੂ ਜੀ ਨੇ ਗੁਰਦਿੱਤ ਸਿੰਘ ਗਾਡੀ ਨੂੰ ਗੱਡਾ ਤੋਰਨ ਲਈ ਕਿਹਾ। ਅੱਧੀ ਰਾਤ ਗੱਡਾ ਲੁਧਿਆਣੇ ਪਹੁੰਚ ਗਿਆ। ਕਮਿਸ਼ਨਰ ਫੋਰਸਾਈਥ ਆਪ ਜੀ ਦੀ ਪਹਿਲਾਂ ਹੀ ਉਡੀਕ ਵਿੱਚ ਸੁੱਤਾ ਨਹੀਂ ਸੀ। ਤਿੰਨਾਂ ਸਿੰਘਾਂ ਨੂੰ ਬਾਹਰ ਬਿਠਾ ਕੇ ਅਤੇ ਗੱਡੇ ਨੂੰ ਵਾਪਿਸ ਮੋੜ ਕੇ ਟੀ.ਡੀ. ਫੋਰਸਾਈਥ ਨੇ ਸਤਿਗੁਰੂ ਰਾਮ ਸਿੰਘ ਜੀ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ, ਜਿਸਦੇ ਹਵਾਲੇ ਉੱਚ ਅਧਿਕਾਰੀਆਂ ਵੱਲ ਉਸ ਵੱਲੋਂ ਲਿਖੇ ਗਏ ਪੱਤਰਾਂ ਤੋਂ ਮਿਲ ਜਾਂਦੇ ਹਨ। ਕਮਿਸ਼ਨਰ ਦੀ ਪੁੱਛ-ਗਿਛ ਦਾ ਸਾਰ ਨਿਮਨਲਿਖਿਤ ਹੈ : "ਬਹੁਤ ਸਾਰੇ ਸਿੰਘ ਮੇਰੀ ਜਾਣਕਾਰੀ ਤੋਂ ਬਿਨਾਂ ਹੀ ਕਈ ਗੱਲਾਂ ਕਰੀ ਜਾਂਦੇ ਹਨ। ਜਦੋਂ ਰਾਮ ਸਿੰਘ ਤੋਂ ਪੁੱਛਿਆ ਗਿਆ ਕਿ ਇਨ੍ਹਾਂ ਘਟਨਾਵਾਂ ਦੇ ਵਾਪਰਨ ਤੋਂ ਪਹਿਲਾਂ ਤੁਸੀਂ ਸਰਕਾਰ ਨੂੰ ਕੋਈ ਇਤਲਾਹ ਕਿਉਂ ਨਾ ਦਿੱਤੀ, ਉਸਦਾ ਇਸ਼ਾਰਾ ਅੰਮ੍ਰਿਤਸਰ ਤੇ ਰਾਇਕੋਟ ਦੀਆਂ ਘਟਨਾਵਾਂ ਵੱਲ ਸੀ। ਤਾਂ ਗੁਰੂ ਰਾਮ ਸਿੰਘ ਨੇ ਕਿਹਾ ਕਿ ਮੈਨੂੰ ਤੁਹਾਡੇ ਕਾਨੂੰਨ ਦਾ ਬਹੁਤਾ ਗਿਆਨ ਨਹੀਂ ਹੈ।" ਆਪਣੀ ਪੁੱਛ-ਪੜਤਾਲ ਦੀ ਨਿਚੋੜ ਫੋਰਸਾਈਥ ਇਸ ਤਰ੍ਹਾਂ ਕਰਦਾ ਹੈ, [1*]"ਅਜਿਹੇ ਵਿਅਕਤੀ ਨੂੰ ਖੁੱਲ੍ਹਾ ਵਿਚਰਣ ਦੇਣਾ ਖ਼ਤਰੇ ਤੋਂ ਖਾਲੀ ਨਹੀਂ ਹੋ ਸਕਦਾ। ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਗੁਰੂ ਰਾਮ ਸਿੰਘ ਦਾ ਬਿਆਨ ਠੀਕ ਹੈ ਅਤੇ ਉਹ ਇਨ੍ਹਾਂ ਬਾਰੇ ਨਿਰਦੋਸ਼ ਹੈ ਤਾਂ ਵੀ ਜੇਕਰ ਅੰਮ੍ਰਿਤਸਰ ਅਤੇ ਰਾਇਕੋਟ ਦੀਆਂ ਘਟਨਾਵਾਂ ਬਾਰੇ ਸਰਕਾਰ ਨੂੰ ਪਹਿਲਾਂ ਸੂਚਨਾ ਮਿਲ ਜਾਂਦੀ ਤਾਂ ਇਨ੍ਹਾਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਸੀ। ਗੁਰੂ ਰਾਮ ਸਿੰਘ ਦਾ ਇਨ੍ਹਾਂ ਘਟਨਾਵਾਂ ਬਾਰੇ ਚੁੱਪ ਸਾਧ ਰੱਖਣਾ ਵੀ ਉੱਚਿਤ ਨਹੀਂ ਸੀ, ਕਿਉਂ ਜੋ ਇਸ ਨਾਲ ਉਨ੍ਹਾਂ ਦੇ ਪੈਰੋਕਾਰ ਗਲਤ ਅਨੁਮਾਨ ਵੀ ਲਾ ਸਕਦੇ ਸਨ। ਜੇਕਰ ਕੂਕਿਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਸਾਰੇ ਸੂਬੇ ਦੇ ਅਮਲ ਨੂੰ ਕੋਈ ਬਹੁਤਾ ਖ਼ਤਰਾ ਨਹੀਂ ਸੀ ਤਾਂ ਲੁਧਿਆਣੇ ਦੇ ਇਲਾਕੇ ਵਿੱਚ ਕੂਕਿਆਂ ਦੀਆਂ ਕਾਰਵਾਈਆਂ ਨੂੰ ਜਾਰੀ ਨਹੀਂ ਰਹਿਣ ਦੇਣਾ ਚਾਹੀਦਾ।

[1*] ਸ੍ਰ. ਨਾਹਰ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 201-202



Sri Satguru Jagjit Singh Ji Elibrary NamdhariElibrary@gmail.com

ਉਹ ਕਿਸੇ ਵੇਲੇ ਵੀ ਖ਼ਤਰੇ ਦਾ ਕਾਰਨ ਬਣ ਸਕਦੀਆਂ ਹਨ। ਫੋਰਸਾਈਥ ਦਾ ਵਿਚਾਰ ਸੀ ਕਿ ਗੁਰੂ ਰਾਮ ਸਿੰਘ ਇਸ ਸਮੇਂ ਸਭ ਤੋਂ ਖ਼ਤਰਨਾਕ ਵਿਅਕਤੀ ਹੈ। ਇਸੇ ਕਾਰਨ ਉਸਨੇ ਪੰਜਾਬ ਸਰਕਾਰ ਤੇ ਹਿੰਦ ਸਰਕਾਰ ਤੋਂ ਇਹ ਆਗਿਆ ਮੰਗੀ ਕਿ ਗੁਰੂ ਰਾਮ ਸਿੰਘ ਅਤੇ ਹੋਰ ਸੂਬਿਆਂ ਨੂੰ ਬੰਗਾਲ ਦੇ ਰੈਗੂਲੇਸ਼ਨ 1818 ਦੀ ਧਾਰਾ III ਅਧੀਨ ਪੰਜਾਬ ਤੋਂ ਬਾਹਰ ਅਲਾਹਾਬਾਦ ਭੇਜ ਦਿੱਤਾ ਜਾਵੇ ਅਤੇ ਅਗਲੇ ਹੁਕਮਾਂ ਤੱਕ ਉੱਥੇ ਹੀ ਨਜ਼ਰਬੰਦ ਰੱਖਿਆ ਜਾਵੇ।"

ਉਸੇ ਰਾਤ ਹੀ ਸਵੇਰੇ 4 ਵਜੇ ਦੀ ਗੱਡੀ ਸਤਿਗੁਰੂ ਰਾਮ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਲੱਖਾ ਸਿੰਘ ਅਤੇ ਨਾਨੂੰ ਸਿੰਘ ਨੂੰ ਮਿ: ਜੈਕਸਨ ਦੀ ਗੋਰਖਾ ਗਾਰਦ ਦੇ ਪਹਿਰੇ ਹੇਠ ਡਾਕ ਗੱਡੀ ਦੇ ਇੱਕ ਖਾਸ ਡੱਬੇ ਵਿੱਚ ਬਿਠਾ ਕੇ ਅਲਾਹਾਬਾਦ ਨੂੰ ਰਵਾਨਾ ਕਰ ਦਿੱਤਾ ਗਿਆ।

### ਹੋਰ ਸੂਬਿਆਂ ਦੀ ਗ੍ਰਿਫਤਾਰੀ

ਕਰਨਲ ਬੇਲੀ ਦੂਜੇ ਸੂਬਿਆਂ ਨੂੰ ਗ੍ਰਿਫਤਾਰ ਕਰਨ ਲਈ ਸਾਹਨੇਵਾਲ ਹੀ ਅਟਕਿਆ ਹੋਇਆ ਸੀ। ਉਹ ਆਪ ਇਸ ਕਾਰਵਾਈ ਨੂੰ ਸਿਰੇ ਚਾੜ੍ਹਨ ਲਈ ਵੱਡੀ ਤਾਦਾਦ ਵਿੱਚ ਗਾਰਦ ਨੂੰ ਨਾਲ ਲੈ ਕੇ ਭੈਣੀ ਸਾਹਿਬ ਜਾਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਭੈਣੀ ਸਾਹਿਬ ਨੂੰ ਪਹਿਲਾਂ ਭੇਜੀ ਗਈ ਪੁਲਿਸ ਦੀ ਗਾਰਦ ਡਿਪਟੀ ਇਨਸਪੈਕਟਰ ਪੁਲਿਸ ਦੀ ਨਿਗਰਾਨੀ ਅਤੇ ਪੁਲਿਸ ਦੇ ਪਹਿਰੇ ਵਿੱਚ ਸੂਬਾ ਕਾਹਨ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਪਹਾੜਾ ਸਿੰਘ, ਗੁਪਾਲ ਸਿੰਘ ਅਤੇ ਸੁਜਾਨ ਸਿੰਘ ਨੂੰ ਲੈ ਕੇ ਸਾਹਨੇਵਾਲ ਪਹੁੰਚ ਗਈ। ਸੂਬਾ ਕਾਹਨ ਸਿੰਘ ਨਿਹੰਗ ਨੂੰ ਉਸਦੇ ਪਿੰਡ ਚੱਕ ਮਲੇਰਕੋਟਲਾ ਤੋਂ ਗ੍ਰਿਫਤਾਰ ਕਰਕੇ ਲਿਆਂਦਾ ਗਿਆ। ਇਨ੍ਹਾਂ ਸਭ ਨੂੰ ਉਸੇ ਦਿਨ ਲੁਧਿਆਣੇ ਭੇਜ ਦਿੱਤਾ ਗਿਆ। ਸੂਬਾ ਗੁਪਾਲ ਸਿੰਘ ਅਤੇ ਸੁਜਾਨ ਸਿੰਘ ਨੂੰ ਬਹੁਤੇ ਖ਼ਤਰਨਾਕ ਵਿਅਕਤੀ ਨਾ ਸਮਝ ਕੇ ਵਾਪਸ ਭੈਣੀ ਸਾਹਿਬ ਜਾਣ ਦੀ ਆਗਿਆ ਦੇ ਦਿੱਤੀ ਗਈ। ਮਿ: ਸਮਿਥ ਦੀ ਨਿਗਰਾਨੀ ਵਿੱਚ 19 ਜਨਵਰੀ ਨੂੰ ਸੂਬਾ ਬ੍ਰਹਮਾ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ ਅਤੇ ਕਾਹਨ ਸਿੰਘ ਨੂੰ ਵੀ ਅਲਾਹਾਬਾਦ ਭੇਜਣ ਲਈ ਰੇਲ ਗੱਡੀ ਤੇ ਚੜ੍ਹਾ ਦਿੱਤਾ ਗਿਆ। ਬਾਅਦ ਵਿੱਚ ਸੂਬਾ ਰੂੜ ਸਿੰਘ, ਮਲੂਕ ਸਿੰਘ ਅਤੇ ਮਾਨ ਸਿੰਘ ਨੂੰ ਵੀ ਅਲਾਹਾਬਾਦ ਹੀ ਰਵਾਨਾ ਕਰ ਦਿੱਤਾ ਗਿਆ। ਇਨ੍ਹਾਂ ਸੂਬਿਆਂ ਤੋਂ ਬਿਨਾਂ ਸ: ਮੰਗਲ ਸਿੰਘ ਜੋ ਬਿਸ਼ਨਪੁਰਾ ਦਾ ਨਿਵਾਸੀ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਸ਼ਰਧਾਵਾਨ ਸਿੱਖ ਸੀ, ਨੂੰ ਵੀ ਮਹਾਰਾਜਾ ਮਹਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਗ੍ਰਿਫਤਾਰ ਕੀਤਾ ਗਿਆ ਅਤੇ ਉਸਨੂੰ ਵੀ ਅਲਾਹਾਬਾਦ ਭੇਜ ਦਿੱਤਾ ਗਿਆ। ਇਸ ਸਾਰੇ ਘਟਨਾ ਚੱਕਰ ਵਿੱਚ ਸ: ਮਹਿੰਦਰ ਸਿੰਘ ਪਟਿਆਲਾ ਸ਼ੁਰੂ ਤੋਂ ਹੀ ਕੂਕਿਆਂ



Sri Satguru Jagjit Singh Ji Elibrary NamdhariElibrary@gmail.com

ਦਾ ਵਿਰੋਧੀ ਰਿਹਾ ਸੀ। ਉਸਨੇ ਜਿਹੜੇ ਪੱਤਰ ਪੰਜਾਬ ਸਰਕਾਰ ਨੂੰ ਕੂਕਿਆਂ ਦੀਆਂ ਗ੍ਰਿਫਤਾਰੀਆਂ ਅਤੇ ਮਲੇਰਕੋਟਲੇ ਦੇ ਹੱਤਿਆਕਾਂਡਾਂ ਬਾਰੇ ਲਿਖੇ ਸਨ, ਉਨ੍ਹਾਂ ਸਭ ਵਿੱਚ ਉਹ ਅੰਗਰੇਜ਼ ਸਰਕਾਰ ਦੀ ਪ੍ਰਸੰਸਾ ਕਰਦਾ ਹੈ ਅਤੇ ਇਸਨੂੰ ਸਰਕਾਰ ਵੱਲੋਂ ਕੀਤੀ ਗਈ ਉੱਚਿਤ ਕਾਰਵਾਈ ਦੱਸਦਾ ਹੈ।

ਉਪਰੋਕਤ ਕਾਰਵਾਈਆਂ ਨੂੰ ਸਿਰੇ ਚਾੜ੍ਹ ਕੇ ਟੀ. ਡੀ. ਫੋਰਸਾਈਥ ਸਮਝਦਾ ਸੀ ਕਿ ਉਸਨੇ ਅਮਲ ਬਹਾਲ ਕਰ ਲਿਆ ਹੈ। ਪਰ ਹਾਲੀਂ ਵੀ ਇਨ੍ਹਾਂ ਵਿਦੇਸ਼ੀ ਹਾਕਮਾਂ ਦੀ ਭੁੱਖ ਨਹੀਂ ਸੀ ਮਿਟੀ ਅਤੇ ਹਾਲੀ ਵੀ ਉਹ ਕੂਕਿਆਂ ਉੱਤੇ ਹੋਰ ਤਸ਼ੱਦਦ ਕਰਨ ਅਤੇ ਦਮਨ ਚੱਕਰ ਚਲਾ ਕੇ ਪੰਜਾਬ ਦੇ ਲੋਕਾਂ ਦੇ ਦਿਲਾਂ ਵਿੱਚ ਹਕੂਮਤ ਦਾ ਭੈਅ ਅਤੇ ਦਬਦਬਾ ਬਿਠਾਉਣਾ ਚਾਹੁੰਦਾ ਸੀ। ਸਰਕਾਰ ਵੱਲੋਂ ਕੂਕਿਆਂ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਤੋਂ ਇਸ ਜਾਬਰ ਨੀਤੀ ਦੇ ਸਬੂਤ ਸਹਿਜੇ ਹੀ ਮਿਲ ਜਾਂਦੇ ਹਨ।

**ਡਾ: ਫੌਜਾ ਸਿੰਘ ਦਾ ਮੱਤ**

[1*]ਡਾ: ਫੌਜਾ ਸਿੰਘ ਅਨੁਸਾਰ, "1872 ਦੀ ਕੂਕਾ ਬਗਾਵਤ ਸਮੇਂ ਸਾਡੇ ਇਤਿਹਾਸ ਦੇ ਸਭ ਤੋਂ ਕਠੋਰ, ਜ਼ੁਲਮ, ਤਸ਼ੱਦਦ ਅਤੇ ਦਰਿੰਦਗੀ ਦੇ ਦ੍ਰਿਸ਼ ਵੇਖਣ ਵਿੱਚ ਆਏ। 1857 ਦੀ ਬਗਾਵਤ ਦੀਆਂ ਯਾਦਾਂ ਹਾਲੀਂ ਵੀ ਤਾਜ਼ਾ ਸਨ। ਅੰਗਰੇਜ਼ ਅਧਿਕਾਰੀ ਹਾਲੀ ਵੀ ਡਰੇ ਹੋਏ ਸਨ ਅਤੇ ਉਹ ਉਨ੍ਹਾਂ ਲੋਕਾਂ ਨੂੰ ਸਬਕ ਸਿਖਾਉਣ ਉੱਤੇ ਤੁਲੇ ਹੋਏ ਸਨ, ਜਿਨ੍ਹਾਂ ਨੇ ਵਿਦੇਸ਼ੀ ਹਕੂਮਤ ਦੇ ਤਸੱਲਤ ਨੂੰ ਪ੍ਰਵਾਨ ਨਹੀਂ ਸੀ ਕੀਤਾ। ਉਹ ਸਦਾ ਇਸ ਤਾੜ ਵਿੱਚ ਰਹਿੰਦੇ ਸਨ ਕਿ ਕਦੋਂ ਮੌਕਾ ਮਿਲਣ ਉੱਤੇ ਉਨ੍ਹਾਂ ਉੱਤੇ ਕਰਾਰੀ ਚੋਟ ਕੀਤੀ ਜਾਵੇ। ਵਿਦੇਸ਼ੀ ਹਕੂਮਤ ਸਦਾ ਹੀ ਜੋਰ ਜਬਰ ਨਾਲ ਚਲਾਈ ਜਾਂਦੀ ਹੈ ਅਤੇ ਅੰਗਰੇਜ਼ ਸਰਕਾਰ ਵੀ ਇਸ ਨੀਤੀ ਤੋਂ ਬਾਹਰੀ ਨਹੀਂ ਸੀ। ਸਰਕਾਰ ਨੇ ਭਾਵੇਂ ਲੋਕਾਂ ਨੂੰ ਰਿਆਇਤਾਂ, ਇਨਾਮ, ਕਰਾਮ ਅਤੇ ਖਿਤਾਬ ਦੇ ਕੇ ਰਿਝਾਉਣ ਦਾ ਬਥੇਰਾ ਯਤਨ ਕੀਤਾ, ਪਰ ਇਹ ਸਭ ਕੁਝ ਵੀ ਲੋਕਾਂ ਦੇ ਦਿਲਾਂ ਨੂੰ ਪੂਰੀ ਤਰ੍ਹਾਂ ਜਿੱਤ ਨਾ ਸਕਿਆ। ਫਿਰ ਉਨ੍ਹਾਂ ਨੇ 'ਪਾੜੋ ਤੇ ਰਾਜ ਕਰੋ' ਦੇ ਹਥਿਆਰ ਦੀ ਵਰਤੋਂ ਕੀਤੀ। ਇਹ ਉਨ੍ਹਾਂ ਲਈ ਸਭ ਤੋਂ ਵਧੇਰੇ ਕਾਰਗਰ ਸਿੱਧ ਹੋਇਆ। ਇਸਦੇ ਬਾਵਜੂਦ ਉਹ ਪੂਰੀ ਤਰ੍ਹਾਂ ਸਮਝਦੇ ਸਨ ਕਿ ਜਿੰਨਾ ਚਿਰ ਵਿਰੋਧੀਆਂ ਅਤੇ ਬਾਗੀਆਂ ਨੂੰ ਸਖ਼ਤ ਸਜ਼ਾਵਾਂ ਨਾ ਦਿੱਤੀਆਂ ਜਾਣ, ਉਨ੍ਹਾਂ ਚਿਰ ਤੱਕ ਉਹ ਜਨਤਾ ਨੂੰ ਕਾਬੂ ਵਿੱਚ ਰੱਖ ਕੇ ਲੰਮੇ ਚਿਰ ਤੱਕ ਰਾਜ ਨਹੀਂ ਕਰ ਸਕਣਗੇ। 1857 ਤੋਂ 15 ਸਾਲ ਪਿਛੋਂ ਹੁਣ 1872 ਵਿੱਚ ਹੀ ਉਨ੍ਹਾਂ ਨੂੰ ਬਦਲਾ ਲੈਣ ਦਾ ਮੌਕਾ ਹੱਥ ਲੱਗਾ ਸੀ। ਕੂਕਾ ਲਹਿਰ ਤੇ ਬਗਾਵਤ

[1*] ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, ਪੰਨਾ 107-108



Sri Satguru Jagjit Singh Ji Elibrary NamdhariElibrary@gmail.com

ਉਸ ਤੋਂ ਥੋੜ੍ਹਾ ਸਮਾਂ ਪਿਛੋਂ ਹੀ ਸਰਗਰਮ ਹੋ ਗਈ। ਇਸ ਲਈ ਸਾਮਰਾਜੀਆਂ ਨੂੰ ਮੁੜ ਸਖ਼ਤੀ ਅਤੇ ਤਸ਼ੱਦਦ ਕਰਨ ਦੀ ਲੋੜ ਮਹਿਸੂਸ ਹੋਈ।"

ਕਾਵਨ ਅਤੇ ਫੋਰਸਾਈਥ ਵੱਲੋਂ 2 ਦਿਨਾਂ ਦੇ ਅੰਦਰ-ਅੰਦਰ 65 ਵਿਅਕਤੀਆਂ ਨੂੰ ਤੋਪਾਂ ਨਾਲ ਉਡਾਉਣ ਅਤੇ 1 ਨੂੰ ਤਲਵਾਰ ਨਾਲ ਕਤਲ ਕਰ ਦੇਣ ਦੀਆਂ ਗੈਰ-ਕਾਨੂੰਨੀ ਘਟਨਾਵਾਂ ਨੂੰ ਪੰਜਾਬ ਸਰਕਾਰ ਵੱਲੋਂ ਵੀ ਪ੍ਰਵਾਨਗੀ ਦੇ ਦਿੱਤੀ ਗਈ। ਭਾਵੇਂ ਕਾਵਨ ਦੀਆਂ ਕਾਰਵਾਈਆਂ ਨੂੰ ਪਸੰਦ ਨਹੀਂ ਸੀ ਕੀਤਾ ਗਿਆ। ਫਿਰ ਵੀ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਇਹ ਕਹਿ ਕੇ ਵਕਾਲਤ ਕੀਤੀ ਕਿ, "ਇਹ ਕਾਰਵਾਈ ਨੇਕ ਨੀਤੀ ਅਤੇ ਸਰਕਾਰ ਦੇ ਸਰਵੋਤਮ ਹਿੱਤਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ।" ਇਸ ਸਖ਼ਤ ਸਜ਼ਾ ਬਾਰੇ ਪਿਛੋਂ ਜਾ ਕੇ ਇਹ ਦਲੀਲ ਦਿੱਤੀ ਗਈ ਕਿ "ਤੋਪਾਂ ਨਾਲ ਉਡਾ ਕੇ ਮੌਤ ਦੀ ਸਜ਼ਾ ਦੇਣੀ ਇਸ ਲਈ ਠੀਕ ਸਮਝੀ ਗਈ ਸੀ ਤਾਂ ਜੋ ਇਸ ਸਮੇਂ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਦਰਸ਼ਕਾਂ ਦੇ ਮਨ ਵਿੱਚ ਦਹਿਸ਼ਤ ਦਾ ਪ੍ਰਭਾਵ ਪਾਇਆ ਜਾ ਸਕੇ।" ਪਰ ਉਨ੍ਹਾਂ ਦਾ ਇਹ ਤਰਕ ਉੱਚਤਮ ਅਧਿਕਾਰੀਆਂ ਦੇ ਮਜ਼ਾਕ ਅਤੇ ਤਨਜ਼ ਦਾ ਕਾਰਨ ਬਣਿਆ। ਉਦਾਹਰਣ ਵਜੋਂ ਜਾਨ ਸਟਰੈਚੀ, ਜੋ ਵਾਇਸਰਾਏ ਦੀ ਕੌਂਸਲ ਦਾ ਮੈਂਬਰ ਸੀ, ਨੇ ਅਜਿਹੀ ਸਜ਼ਾ ਨੂੰ ਮਾਨਵਤਾ ਵਿਰੋਧੀ ਅਤੇ ਸਭਿਅ ਮਨੁੱਖ ਵੱਲੋਂ ਦਿੱਤੀ ਜਾਣ ਵਾਲੀ ਸਜ਼ਾ ਦੇ ਪ੍ਰਤੀਕੂਲ ਕਿਹਾ। ਉਸਨੇ ਇਹ ਵੀ ਕਿਹਾ ਕਿ "ਅਜਿਹੀ ਸਜ਼ਾ ਨੂੰ ਦਯਾ ਦ੍ਰਿਸ਼ਟੀ ਦੀ ਸੰਗਿਆ ਦੇਣੀ ਭਾਸ਼ਾ ਦੀ ਅਜੀਬ ਕੁਵਰਤੋਂ ਹੈ।"

"ਪੰਜਾਬ ਸਰਕਾਰ ਦੇ ਬਿਲਕੁਲ ਉਲਟ ਹਿੰਦ ਸਰਕਾਰ ਨੇ ਸ਼ੁਰੂ ਤੋਂ ਹੀ ਕਾਵਨ ਅਤੇ ਫੋਰਸਾਈਥ ਦੇ ਇਨ੍ਹਾਂ ਸਰਸਰੀ ਤੌਰ ਤੇ ਚਲਾਏ ਗਏ ਮੁਕੱਦਮਿਆਂ ਦੀ ਪ੍ਰਵਾਨਗੀ ਨਹੀਂ ਸੀ ਦਿੱਤੀ। 3 ਮਹੀਨੇ ਦੀ ਪੁੱਛ-ਪੜਤਾਲ ਪਿਛੋਂ ਹਿੰਦ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਹ ਹੁਕਮ ਜਾਰੀ ਕੀਤਾ, [1*]"ਗਵਰਨਰ ਜਨਰਲ ਦੀ ਕੌਂਸਲ ਮਿ: ਕਾਵਨ ਅਤੇ ਮਿ: ਫੋਰਸਾਈਥ ਦੇ ਵਿਹਾਰ ਦੀ ਨਿੰਦਾ ਕਰਨ ਲਈ ਮਜ਼ਬੂਰ ਹੈ। ਪਹਿਲੇ (ਕਾਵਨ) ਨੂੰ ਸੇਵਾ ਤੋਂ ਬਰਖਾਸਤ ਕੀਤਾ ਜਾਵੇ ਅਤੇ ਮਿ: ਫੋਰਸਾਈਥ ਨੂੰ ਅਵਧ ਦਾ ਕਮਿਸ਼ਨਰ ਬਣਾ ਕੇ ਤਬਦੀਲ ਕਰ ਦਿੱਤਾ ਜਾਵੇ ਅਤੇ ਉਸਨੂੰ ਅਦਾਲਤੀ ਹੱਕਾਂ ਤੋਂ ਵੰਚਿਤ ਕਰ ਦਿੱਤਾ ਜਾਵੇ।"

ਗੁਰੂ ਰਾਮ ਸਿੰਘ ਅਤੇ ਸੂਬਿਆਂ ਨੂੰ ਅਲਾਹਾਬਾਦ ਭੇਜ ਕੇ ਵੀ ਪੰਜਾਬ ਸਰਕਾਰ ਦੀ ਦਮਨਕਾਰੀ ਨੀਤੀ ਨੂੰ ਠੱਲ ਨਹੀਂ ਸੀ ਪਈ। ਸਗੋਂ ਇਸ ਦਮਨ ਚੱਕਰ ਦਾ ਤਾਂ ਹਾਲੀ ਆਰੰਭ ਹੀ ਹੋਇਆ ਸੀ। ਹਾਲੀ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਅਤੇ ਕੂਕਿਆਂ ਵਿਰੁੱਧ ਹੋਰ ਕਾਲੇ ਕਾਨੂੰਨ ਲਾਗੂ ਕਰਨੇ ਬਾਕੀ ਸਨ।



Sri Satguru Jagjit Singh Ji Elibrary NamdhariElibrary@gmail.com

## 26

# ਸਤਿਗੁਰੂ ਹਰੀ ਸਿੰਘ (1872–1906)

ਸਤਿਗੁਰੂ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਅਤੇ ਜਲਾਵਤਨੀ ਪਿਛੋਂ ਉਨ੍ਹਾਂ ਦੇ ਛੋਟੇ ਭਾਈ ਬਾਬਾ ਬੁੱਧ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਮੁਖੀ ਵਜੋਂ ਗੁਰੂ ਪਦ ਦੇ ਕਰਤੱਵ ਨੂੰ ਨਿਭਾਇਆ। ਸਤਿਗੁਰੂ ਰਾਮ ਸਿੰਘ ਜੀ ਨੇ ਸਿੰਘਾਂ ਦੇ ਪੁੱਛਣ ਉੱਤੇ ਇਹ ਆਗਿਆ ਕੀਤੀ ਸੀ ਕਿ ਮੇਰੇ ਪਿਛੋਂ ਭਾਈ ਬੁੱਧ ਸਿੰਘ ਹੀ ਸਿੱਖੀ ਨੂੰ ਹਰੀ ਰਖੇਗਾ। ਇਕ ਹੋਰ ਹੁਕਮਨਾਮਾ ਭਾਈ ਦਰਬਾਰਾ ਸਿੰਘ ਰਾਇਪੁਰੀਏ ਹੱਥੀਂ ਜਨਵਰੀ 1875 ਈ: ਵਿੱਚ ਆਇਆ ਸੀ। ਇਸ ਪਿਛੋਂ ਆਪ ਜੀ ਨੂੰ ਨਾਮਧਾਰੀ ਪੰਥ ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਰਿਹਾ ਹੈ। ਨਾਮਧਾਰੀ ਅਰਦਾਸ ਵਿੱਚ ਆਪ ਜੀ ਨੂੰ ਇਨ੍ਹਾਂ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ : "ਜੋਤ ਕਾ ਜਾਮਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ ਟੂਟੀ ਲਈ ਮਿਲਾਏ।" ਅੰਗਰੇਜ਼ ਸਰਕਾਰ ਦੇ ਜਬਰ ਦੇ ਪਹਾੜ ਨੂੰ ਆਪ ਜੀ ਨੇ ਬਾਬਾ ਫ਼ਰੀਦ ਜੀ ਦੇ ਕਥਨ "ਫਰੀਦਾ ਦਰਵੇਸ਼ਾਂ ਨੌ ਲੋੜੀਐ, ਰੁੱਖਾਂ ਦੀ ਜੀਰਾਂਦਿ" ਸਮਾਨ ਵੱਡੇ ਸਬਰ ਅਤੇ ਠੰਡੇ ਦਿਲ ਨਾਲ ਬਰਦਾਸ਼ਤ ਕੀਤਾ। ਇਸੇ ਲਈ ਕੁਝ ਲੇਖਕਾਂ ਨੇ ਆਪ ਜੀ ਨੂੰ 'ਸ਼ੀਤਲਤਾ ਦਾ ਸੋਮਾ' ਆਖ ਕੇ ਵੀ ਵਰਣਨ ਕੀਤਾ ਹੈ।

**18 ਜਨਵਰੀ 1872 – ਨਾਮਧਾਰੀ ਪੰਥ ਲਈ ਕਹਿਰ ਦਾ ਦਿਹਾੜਾ**

ਜਿਸ ਦਿਨ ਅਰਥਾਤ 18 ਜਨਵਰੀ, 1872 ਤੋਂ ਸਤਿਗੁਰੂ ਹਰੀ ਸਿੰਘ ਜੀ ਨੇ ਪੰਥ ਦੀ ਜ਼ਿੰਮੇਵਾਰੀ ਨੂੰ ਸੰਭਾਲਿਆ, ਉਹ ਦਿਨ ਨਾਮਧਾਰੀ ਪੰਥ ਦੇ ਇਤਿਹਾਸ ਵਿੱਚ ਬੜਾ ਕਹਿਰ ਦਾ ਦਿਨ ਸੀ। ਇਸ ਬਾਰੇ ਇਤਿਹਾਸਕਾਰ ਨਾਹਰ ਸਿੰਘ ਇਸ ਤਰ੍ਹਾਂ ਲਿਖਦੇ ਹਨ : [1*]"18 ਜਨਵਰੀ, 1872 ਅਰਥਾਤ ਵੀਰਵਾਰ ਦਾ ਦਿਨ ਭਿਆਨਕ ਦਿਹਾੜਾ ਸੀ। ਗੁਰੂ ਰਾਮ ਸਿੰਘ ਜੀ 3 ਸੂਬਿਆਂ ਸਮੇਤ ਦੇਸ਼

---

[1*] ਸ੍ਰ. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਪੰਨਾ 467



Sri Satguru Jagjit Singh Ji Elibrary NamdhariElibrary@gmail.com

ਤੋਂ ਜਲਾਵਤਨ ਹੋਏ ਗਾਰਦਾਂ ਦੇ ਪਹਿਰੇ ਵਿੱਚ ਅਲਾਹਾਬਾਦ ਵੱਲ ਨੂੰ ਰੇਲ ਵਿੱਚ ਲਿਜਾਏ ਜਾ ਰਹੇ ਸਨ। 5 ਸੂਬੇ ਲੁਧਿਆਣੇ ਗਾਰਦ ਦੇ ਪਹਿਰੇ ਵਿੱਚ ਬੈਠੇ ਸਨ 16 ਨਾਮਧਾਰੀ ਕੋਟਲੇ ਤੋਪਾਂ ਨਾਲ ਉਡਾਏ ਜਾ ਰਹੇ ਸਨ। 172 ਨਾਮਧਾਰੀਆਂ ਦਾ ਵਹੀਰ ਭੈਣੀ ਤੋਂ ਲੁਧਿਆਣੇ ਫ਼ੌਜੀ ਗਾਰਦ ਦੇ ਪਹਿਰੇ ਵਿੱਚ ਪੈਦਲ 12 ਕੋਹ ਤੋਰ ਕੇ ਲਿਆਂਦਾ ਗਿਆ ਸੀ।"

ਸਕੱਤਰ ਪੰਜਾਬ ਸਰਕਾਰ ਵੱਲੋਂ ਹਿੰਦ ਸਰਕਾਰ ਨੂੰ ਭੇਜੀ ਗਈ ਤਾਰ ਵਿੱਚ ਵੀ ਉਪਰੋਕਤ ਘਟਨਾਵਾਂ ਦੀ ਪੁਸ਼ਟੀ ਕੀਤੀ ਗਈ ਹੈ। [1*]"ਕਮਿਸ਼ਨਰ ਨੇ ਕਲ ਹੋਰ 16 ਬੰਦਿਆਂ ਨੂੰ ਕੋਟਲੇ ਮਾਰ ਮੁਕਾਇਆ ਹੈ। ਚਾਰ ਪਟਿਆਲੇ ਵਾਲਿਆਂ ਦੇ ਹਵਾਲੇ ਕਰ ਦਿੱਤੇ ਗਏ ਹਨ। ਜਿਹੜੇ ਸੱਤ ਮਲੌਦ ਫੜੇ ਗਏ ਹਨ, ਉਨ੍ਹਾਂ ਉੱਤੇ ਅੱਜ ਬਾਕਾਇਦਾ ਤੌਰ ਤੇ ਮੁਕੱਦਮਾ ਚਲੇਗਾ। ਮਿਸਟਰ ਬੇਲੀ ਅਜੇ ਭੈਣੀ ਹੀ ਹੈ, ਉਸਨੇ ਉਥੋਂ ਸਭ ਆਦਮੀਆਂ ਨੂੰ ਕੱਢ ਕੇ ਲੈ ਆਉਂਦਾ ਹੈ। ਜਿਹੜੇ 172 ਕਲ ਦੁਪਹਿਰ ਪਿਛੋਂ ਇਥੇ ਮੇਰੇ ਪਾਸ ਪਹੁੰਚੇ ਸਨ, ਮੈਂ ਉਨ੍ਹਾਂ ਵਿੱਚੋਂ 122 ਨੂੰ ਟੋਲੀਆਂ ਵਿੱਚ ਉਨ੍ਹਾਂ ਦੇ ਆਪਣੇ-ਆਪਣੇ ਜ਼ਿਲ੍ਹਿਆਂ ਨੂੰ ਭੇਜ ਦਿੱਤਾ ਹੈ। ਅਜੇ 50 ਬਾਕੀ ਹਨ, ਜਿਨ੍ਹਾਂ ਦਾ ਭੈਣੀ ਤੋਂ ਬਗੈਰ ਕੋਈ ਰਿਹਾਇਸ਼ੀ ਥਾਂ ਨਹੀਂ। ਇਨ੍ਹਾਂ ਨੂੰ ਮੈਂ ਕਮਿਸ਼ਨਰ ਦੇ ਹੁਕਮ ਦੀ ਉਡੀਕ ਤੱਕ ਇੱਥੇ ਨਿਗਰਾਨੀ ਵਿੱਚ ਰੱਖਿਆ ਹੋਇਆ ਹੈ। ਮਿਸਟਰ ਸਮਿਥ ਲਾਹੌਰ ਤੋਂ ਇਥੇ ਪਹੁੰਚ ਕੇ ਕਾਹਨ ਸਿੰਘ ਅਤੇ ਹੋਰ ਸੂਬਿਆਂ ਨੂੰ ਅੱਜ ਦੁਪਹਿਰ ਤੋਂ ਪਿਛੋਂ ਅਲਾਹਾਬਾਦ ਨੂੰ ਲੈ ਜਾਵੇਗਾ।"

## ਭੈਣੀ ਸਾਹਿਬ ਦੇ ਡੇਰੇ ਦੀ ਤਲਾਸ਼ੀ

18 ਜਨਵਰੀ, 1872 ਨੂੰ ਲੈਫਟੀਨੈਂਟ ਕਰਨਲ ਬੇਲੀ 12 ਨੰਬਰ ਰਸਾਲੇ ਦੇ ਗੋਰਖਿਆਂ ਦੀ ਕੰਪਨੀ ਦੇ 25 ਸਵਾਰਾਂ ਅਤੇ ਕਈ ਪੁਲਿਸ ਦੇ ਸਿਪਾਹੀਆਂ ਨੂੰ ਨਾਲ ਲੈ ਕੇ ਸਵੇਰੇ-ਸਵੇਰੇ ਹੀ ਸ਼੍ਰੀ ਭੈਣੀ ਸਾਹਿਬ ਆ ਧਮਕਿਆ। ਉਸਨੇ ਆਉਂਦਿਆਂ ਹੀ ਪਿੰਡ ਦੇ ਆਲੇ-ਦੁਆਲੇ ਘੇਰਾ ਪਾ ਲਿਆ। ਉਸਨੇ ਝਟਪਟ ਤਲਾਸ਼ੀ ਦਾ ਕਾਰਜ ਆਰੰਭ ਕਰ ਦਿੱਤਾ। ਡੇਰੇ ਵਿੱਚ ਰਹਿਣ ਵਾਲੇ ਸਾਰੇ ਇਸਤਰੀ ਪੁਰਸ਼ਾਂ ਨੂੰ ਬਾਹਰ ਸੱਦ ਕੇ ਬਿਠਾ ਲਿਆ ਗਿਆ। ਸਰਦੀ ਦੀ ਰੁੱਤ ਸੀ ਅਤੇ ਕਈ ਵਿਚਾਰੇ ਤਾਂ ਬਿਨਾਂ ਭਾਰੇ ਕੱਪੜੇ ਪਾਈ, ਉਸੇ ਤਰ੍ਹਾਂ ਹੀ ਠੁਰ-ਠੁਰ ਕਰਦੇ ਆ ਬੈਠੇ ਸਨ। ਸੰਤ ਬਾਹੋਵਾਲ ਨੇ ਇਸ ਘਟਨਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ : [2*]"ਲੁਧਿਆਣੇ ਸੇ ਬੇਲੀ ਸਾਹਿਬ ਚੜ੍ਹਿਆ ਨਾਲ ਤੋਪਾਂ ਭੀ ਲਿਆਇਆ। ਫਰੰਗੀ ਨੇ ਤੋਪਾਂ ਘੁਆੜੇ ਪੜਾਉ ਪਰ ਛੱਡ ਦਿੱਤੀਆਂ। ਆਗੇ ਜਾ ਪਿੰਡ ਦੀ ਹੱਦ ਪਰ ਪਹਿਰਾ ਖੜ੍ਹਾ ਕੀਤਾ। ਦਰਵਾਜ਼ੇ ਪਾਸ ਆਇ ਦੇਖੇ ਮਹਾਰਾਜ ਹਰੀ ਸਿੰਘ ਜੀ ਖੜ੍ਹੇ

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 212

[2*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 487



Sri Satguru Jagjit Singh Ji Elibrary NamdhariElibrary@gmail.com

ਹੈਂ। ਪੁਛਨੇ ਲੱਗਾ ਤੁਮ ਕੌਣ ਹੋ? ਮਹਾਰਾਜ ਜੀ ਬਚਨ ਕੀਤਾ ਕਿ ਮੈਂ ਭਾਈ ਹਾਂ ਸਤਿਗੁਰੂ ਜੀ ਕਾ, ਸਿੰਘਾਂ ਨੂੰ ਚਾਰ-ਚਾਰ ਕਰਕੇ ਬਠਾਈ ਗਏ ਅਕਾਲ ਬੁੰਗੇ ਵਾਲੇ ਰਸਤੇ ਪਰ ਸਿੱਧੇ।" ਜਿਹੜੇ ਨੰਗ-ਤੜੰਗੇ ਹੀ ਆ ਗਏ ਸਨ, ਉਨ੍ਹਾਂ ਨੂੰ ਬਸਤਰ ਪਹਿਨ ਕੇ ਆਉਣ ਲਈ ਕਿਹਾ ਗਿਆ। ਗੋਰਖੇ ਸਿਪਾਹੀ ਤਵਿਆਂ ਤੇ ਰੋਟੀਆਂ ਪਾਉਂਦੇ-ਪਾਉਂਦੇ ਹੀ ਆ ਗਏ ਸਨ। ਹੱਟੀ ਦੇ ਨੇੜੇ ਪਹੁੰਚ ਕੇ ਬੇਲੀ ਨੇ ਲੁੱਟ ਦਾ ਹੁਕਮ ਦੇ ਦਿੱਤਾ। ਹੱਟੀ ਵਿੱਚੋਂ ਸਿਪਾਹੀਆਂ ਨੇ ਜੋ ਕੁਝ ਵੀ ਖੰਡ, ਘਿਉ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਮਿਲੀਆਂ, ਸਭ ਖਾ-ਪੀ ਕੇ ਬਾਕੀ ਪੱਲੇ ਵੀ ਬੰਨ੍ਹ ਲਈਆਂ। ਫਿਰ ਜੁੱਤੀਆਂ ਸਮੇਤ ਲੰਗਰ ਵਿੱਚ ਜਾ ਵੜੇ। ਕੜਾਹ ਪ੍ਰਸ਼ਾਦ ਦੀ ਇੱਕ ਦੇਗ ਬਣੀ ਹੋਈ ਸੀ। ਦੂਜੀ ਤਿਆਰ ਹੋ ਰਹੀ ਸੀ। ਪਰਸ਼ਾਦੇ ਵੀ ਬਣੇ ਪਏ ਸਨ। ਭੁੱਖੇ ਸਿਪਾਹੀਆਂ ਨੇ ਖੂਬ ਰੱਜ ਕੀਤਾ। ਇਸ ਪਿਛੋਂ ਲੁੱਟ-ਮਾਰ ਕਰਨ ਦਾ ਹੁਕਮ ਬੰਦ ਕਰ ਦਿੱਤਾ ਗਿਆ। ਸਤਿਗੁੱਰੂ ਜੀ ਦੀ ਕੋਠੜੀ ਦਾ ਜੰਦਰਾ ਤੋੜ ਕੇ ਅੰਦਰਲੇ ਸਾਮਾਨ ਦੀ ਗਿਣਤੀ ਕੀਤੀ ਗਈ, ਜਿਸ ਵਿੱਚੋਂ ਹੇਠ ਲਿਖਿਆ ਸਾਮਾਨ ਬਰਾਮਦ ਹੋਇਆ : 2 ਖੋਖਰੀਆਂ, ਸੋਨੇ ਚਾਂਦੀ ਦੇ ਗਹਿਣੇ, 1500 ਰੁਪਏ ਨਕਦ, 36 ਟਕੂਏ ਜਾਂ ਸਫਾਜੰਗ, ਇੱਕ ਇਸਪਾਤ ਦੇ ਬਣੇ ਸਫਾਜੰਗ ਉੱਤੇ ਗੁਰਮੁਖੀ ਅੱਖਰਾਂ ਵਿੱਚ 'ਅਕਾਲ ਸਹਾਇ' ਦੇ ਸ਼ਬਦ ਉਚਰੇ ਹੋਏ ਸਨ, 6 ਗੰਡਾਸੇ, ਡਾਂਗਾਂ ਅਤੇ ਚੱਕਰ (ਗਿਣਤੀ ਨਹੀਂ ਦਿੱਤੀ) ਅਤੇ ਕੁਝ ਕਾਗਜ਼ ਪੱਤਰ ਜਿਨ੍ਹਾਂ ਵਿੱਚ ਕੋਈ ਵੀ ਇਤਰਾਜ਼ ਯੋਗ ਪੱਤਰ ਨਹੀਂ ਸੀ। ਇਹ ਸਭ ਸਾਮਾਨ ਲੁਧਿਆਣੇ ਦੇ ਸਰਕਾਰੀ ਖਜ਼ਾਨੇ ਵਿੱਚ ਮੋਹਰਬੰਦ ਕਰਕੇ ਰੱਖ ਦਿੱਤਾ ਗਿਆ। ਦੋਖੀ ਮੁਖਬਰਾਂ, ਨੰਬਰਦਾਰਾਂ ਅਤੇ ਸਰਕਾਰ ਦੇ ਖੁਸ਼ਾਮਦੀ ਕਹਿ ਰਹੇ ਸਨ ਕਿ ਇੱਥੇ ਬਹੁਤ ਸਾਰੀ ਰਕਮ ਦੱਬੀ ਪਈ ਹੈ। ਕੁਝ ਕਮਰਿਆਂ ਦੀ ਪੁਟਾਈ ਵੀ ਕੀਤੀ ਗਈ, ਪਰ ਕੋਈ ਨਕਦ ਮਾਲ ਨਾ ਮਿਲਿਆ। ਬਹੁਤੀਆਂ ਅਫਵਾਹਾਂ ਹੀ ਉਡਾਈਆਂ ਗਈਆਂ ਸਨ। 172 ਆਦਮੀਆਂ ਨੂੰ ਭੁੱਖੇ-ਪਿਆਸਿਆਂ ਨੂੰ ਹੀ ਪੁਲਿਸ ਦੇ ਪਹਿਰੇ ਵਿੱਚ ਲੁਧਿਆਣੇ ਨੂੰ ਤੋਰ ਦਿੱਤਾ ਗਿਆ। ਪੈਦਲ 12 ਕੋਹਾਂ ਦਾ ਸਫ਼ਰ ਕਰਕੇ ਉਹ ਦੁਪਹਿਰ ਤੋਂ ਬਾਅਦ ਲੁਧਿਆਣੇ ਪਹੁੰਚੇ। ਡੇਰੇ ਵਿੱਚ ਕੇਵਲ ਬਾਬਾ ਬੁੱਧ ਸਿੰਘ ਜੀ, ਬਾਬਾ ਜੱਸਾ ਸਿੰਘ, ਦੁਕਾਨ ਦੇ ਪ੍ਰਬੰਧਕ ਭਾਈ ਵਰਿਆਮ ਸਿੰਘ, ਬੀਬੀ ਨੰਦਾ, ਉਸਦੇ ਤਿੰਨ ਬੱਚਿਆਂ ਅਤੇ ਨਿੱਜੀ ਸੇਵਕ ਭਾਈ ਮੱਖਣ ਸਿੰਘ ਨੂੰ ਹੀ ਰਹਿਣ ਦਿੱਤਾ ਗਿਆ। 82 ਪਸ਼ੂਆਂ ਦੀ ਦੇਖਭਾਲ ਲਈ 11 ਹੋਰ ਬੰਦਿਆਂ ਨੂੰ ਰਹਿਣ ਦਿੱਤਾ ਗਿਆ। ਡੇਰੇ ਅਰਥਾਤ ਗੁਰਦੁਆਰੇ ਦੇ ਬੂਹੇ ਅੱਗੇ ਥਾਣੇਦਾਰ ਅਮਰਾਉ ਅਲੀ ਦੀ ਨਿਗਰਾਨੀ ਵਿੱਚ 20 ਸਿਪਾਹੀਆਂ ਦੀ ਚੌਕੀ ਬਿਠਾ ਦਿੱਤੀ ਗਈ। ਇਹ ਸਖ਼ਤ ਹੁਕਮ ਦਿੱਤਾ ਗਿਆ ਕਿ ਡੇਰੇ ਵਿੱਚ ਆਉਣ-ਜਾਣ ਵਾਲੇ ਹਰ ਬੰਦੇ ਦਾ ਨਾਮ ਲਿਖਿਆ ਜਾਵੇ। ਇਥੋਂ ਤੱਕ ਕਿ ਘਰ ਦੇ ਜੀਆਂ ਨੂੰ ਵੀ ਛੋਟ ਨਹੀਂ ਸੀ ਦਿੱਤੀ ਗਈ। ਉਨ੍ਹਾਂ ਦੇ ਆਉਣ-



Sri Satguru Jagjit Singh Ji Elibrary NamdhariElibrary@gmail.com

ਜਾਣ ਉੱਤੇ ਵੀ ਪੁਲਿਸ ਦੇ ਸਿਪਾਹੀ ਚੋਖਵੀਂ ਨਿਗਾਹ ਰੱਖਦੇ ਸਨ।

ਜਿਹੜੇ 172 ਬੰਦੇ ਭੈਣੀ ਸਾਹਿਬ ਤੋਂ ਲੁਧਿਆਣੇ ਲਿਆਂਦੇ ਗਏ ਸਨ, ਉਨ੍ਹਾਂ ਵਿੱਚੋਂ 122 ਨੂੰ ਸਖ਼ਤ ਤਾੜਨਾ ਕਰਕੇ ਉਨ੍ਹਾਂ ਦੇ ਆਪਣੇ-ਆਪਣੇ ਜ਼ਿਲ੍ਹਿਆਂ ਦੇ ਪਿੰਡਾਂ ਨੂੰ ਭੇਜ ਦਿੱਤਾ ਗਿਆ। ਜਿਹੜੇ 50 ਬੰਦੇ ਬਚੇ ਸਨ, ਉਨ੍ਹਾਂ ਦਾ ਇਹ ਬਿਆਨ ਸੀ ਕਿ ਸਾਡਾ ਭੈਣੀ ਸਾਹਿਬ ਤੋਂ ਬਿਨਾਂ ਹੋਰ ਕੋਈ ਟਿਕਾਣਾ ਨਹੀਂ ਹੈ। ਇਨ੍ਹਾਂ ਨੂੰ ਟੀ.ਡੀ. ਫੋਰਸਾਈਥ ਬੜੇ ਖ਼ਤਰਨਾਕ ਬੰਦੇ ਗਿਣਦਾ ਹੈ। [1*]"50 ਬੰਦੇ ਅਜਿਹੇ ਹਨ, ਜਿਨ੍ਹਾਂ ਦਾ ਕੋਈ ਘਰ-ਘਾਟ ਨਹੀਂ ਹੈ। ਉਹ ਆਪਣਾ ਸਭ ਕੁਝ ਵੇਚ ਕੇ ਭੈਣੀ ਹੀ ਆ ਗਏ ਸਨ। ਇਹ ਬੜੇ ਖ਼ਤਰਨਾਕ ਬੰਦੇ ਹਨ, ਕਿਉਂ ਜੋ ਇਹ ਆਪਣੇ ਗੁਰੂ ਦੇ ਕਹੇ ਤੇ ਸਭ ਕੁਝ ਕਰ ਸਕਦੇ ਹਨ। ਉਨ੍ਹਾਂ ਨੂੰ ਜਾਂ ਤਾਂ ਜ਼ਮਾਨਤ ਤੇ ਰਿਹਾ ਕੀਤਾ ਜਾ ਸਕਦਾ ਹੈ ਜਾਂ 2 ਸਾਲ ਲਈ ਨਜ਼ਰਬੰਦ ਕੀਤਾ ਜਾ ਸਕਦਾ ਹੈ।" ਪਰ ਭੈਣੀ ਸਾਹਿਬ ਤੋਂ ਬਿਨਾਂ ਇਨ੍ਹਾਂ ਨਿਥਾਵੇਂ ਬਿਹੰਗਮ ਸਾਧਾਂ ਨੂੰ ਵੀ 2 ਸਾਲ ਤੱਕ ਦੀ ਕੈਦ ਹੀ ਭੁਗਤਣੀ ਪਈ ਸੀ। ਇਸ ਤੋਂ ਪਿਛੋਂ ਇਨ੍ਹਾਂ ਦਾ ਕੀ ਹਾਲ ਹੋਇਆ, ਇਸ ਬਾਰੇ ਵੀ ਠੀਕ ਜਾਣਕਾਰੀ ਨਹੀਂ ਮਿਲ ਸਕੀ। ਸਰਕਾਰੀ ਦਮਨ ਚੱਕਰ ਦੀ ਚੱਕੀ ਵਿੱਚ ਇਹ ਸਤਿਗੁਰੂ ਰਾਮ ਸਿੰਘ ਦੇ ਅਨਿੰਨ ਭਗਤ ਵੀ ਦਲੇ ਮਲੇ ਗਏ ਹੋਣਗੇ। ਮਿ: ਕਾਵਨ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਫੋਰਸਾਈਥ ਦਾ ਵਿਚਾਰ ਹੈ ਕਿ ਉਸਨੇ ਕਈ ਕਦਮ ਭਾਵੇਂ ਕਾਹਲੀ ਵਿੱਚ ਚੁੱਕੇ ਹਨ, ਪਰ ਉਸਦੀ ਨੀਅਤ ਮਾੜੀ ਨਹੀਂ ਸੀ। ਉਹ ਲਿਖਦਾ ਹੈ : [2*]"ਮਿ: ਕਾਵਨ ਨੇ ਭਾਵੇਂ ਚੰਗਾ ਕੰਮ ਕੀਤਾ ਹੈ, ਪਰ ਸਰਸਰੀ ਮੁਕੱਦਮਾ ਚਲਾਉਣ ਸਮੇਂ ਉਸਨੇ ਕੁਝ ਕਾਹਲੀ ਕੀਤੀ ਹੈ। ਪਰ ਜਦੋਂ ਮੇਰੀ ਚਿੱਠੀ ਉਸਨੂੰ ਮਿਲੀ, ਉਸ ਨੇ ਬਾਕੀ ਬੰਦਿਆਂ ਦੇ ਮੁਕੱਦਮੇ ਨੂੰ ਅਗਲੇ ਦਿਨ ਉੱਤੇ ਪਾ ਦਿੱਤਾ।"

**1872 ਵਿੱਚ ਕੂਕਿਆਂ ਵੱਲੋਂ ਕੀਤੀਆਂ ਗਈਆਂ ਘਟਨਾਵਾਂ ਤੇ ਸਰਕਾਰ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ :-**

ਕਮਿਸ਼ਨਰ ਟੀ.ਡੀ. ਫੋਰਸਾਈਥ ਨੇ ਆਪਣੇ 20 ਜਨਵਰੀ, 1872 ਦੇ ਪੱਤਰ ਵਿੱਚ ਕਾਵਨ ਵੱਲੋਂ ਲਏ ਗਏ ਫ਼ੈਸਲਿਆਂ ਨੂੰ ਨਿਆਇ-ਉੱਚਿਤ ਸਿੱਧ ਕਰਨ ਦਾ ਯਤਨ ਕੀਤਾ ਹੈ। ਉਸਦੇ ਪੱਤਰ ਤੋਂ ਇਹ ਗੱਲ ਵੀ ਸਿੱਧ ਹੋ ਜਾਂਦੀ ਹੈ ਕਿ ਅੰਗਰੇਜ਼ ਅਧਿਕਾਰੀ ਜਾਂ ਤਾਂ ਇਸ ਅਖੌਤੀ ਕੂਕਾ ਵਿਦਰੋਹ ਦੇ ਖ਼ਤਰੇ ਨੂੰ ਵਧੇਰੇ ਵੱਧਾ ਚੜ੍ਹਾ ਕੇ ਵੇਖ ਰਹੇ ਸਨ ਅਤੇ ਜਾਂ ਫਿਰ ਕਾਵਨ ਦੀ ਕਾਨੂੰਨੀ ਅਧਿਕਾਰ ਤੋਂ ਬਾਹਰ ਜਾ ਕੇ ਕੀਤੀ ਗਈ ਐਡੀ ਵਡੀ ਮਾਨਵ ਹੱਤਿਆ ਉੱਤੇ ਪੋਚਾ ਪਾ ਕੇ ਉਸ ਨੂੰ ਠੀਕ

---

[1*] ਭਾਈ ਨਾਹਰ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 258

[2*] ਉਕਤ, ਪੰਨਾ 258-259



Sri Satguru Jagjit Singh Ji Elibrary NamdhariElibrary@gmail.com

ਸਿੱਧ ਕਰਨ ਦਾ ਯਤਨ ਕਰ ਰਹੇ ਸਨ। ਫੋਰਸਾਈਥ ਦੇ ਪੱਤਰ ਤੋਂ ਇਹ ਗੱਲ ਸੁੱਤੇ ਸਿੱਧ ਹੀ ਪ੍ਰਗਟ ਹੋ ਜਾਂਦੀ ਹੈ। ਇੱਥੇ ਇਸ ਪੱਤਰ ਦੇ ਕੁਝ ਜ਼ਰੂਰੀ ਅੰਸ਼ ਹੀ ਦਿੱਤੇ ਜਾ ਰਹੇ ਹਨ :

1. [1*]"19 ਜਨਵਰੀ ਨੂੰ ਮੈਂ ਮਲੌਦ ਵਿਖੇ ਪਕੜੇ ਗਏ 4 ਦੋਸ਼ੀਆਂ ਨੂੰ ਮੁਕੱਦਮਾ ਸੁਣਨ ਉਪਰੰਤ ਮੌਤ ਦੀ ਥਾਂ ਉਮਰ ਕੈਦ ਦੀ ਸਜਾ ਦਿੱਤੀ ਹੈ। ਮੌਤ ਦੀਆਂ ਸਜਾਵਾਂ ਪਹਿਲਾਂ ਹੀ ਬੜੀਆਂ ਦਿੱਤੀਆਂ ਜਾ ਚੁੱਕੀਆਂ ਹਨ।"
2. ਕੈਪਟਨ ਮੈਨਜੀਜ਼ ਡੀ.ਆਈ.ਜੀ. ਪੁਲਿਸ ਅਤੇ ਕੈਪਟਨ ਬੇਲੀ ਨੇ ਭੈਣੀ ਜਾ ਕੇ 172 ਆਦਮੀਆਂ ਨੂੰ ਗ੍ਰਿਫਤਾਰ ਕਰਕੇ ਲਿਆਂਦਾ ਹੈ, ਜਿਨ੍ਹਾਂ ਵਿੱਚੋਂ 13 ਸੂਬਿਆਂ ਨੂੰ ਅਲਾਹਾਬਾਦ ਭੇਜ ਦਿੱਤਾ ਗਿਆ ਹੈ। 122 ਆਦਮੀਆਂ ਨੂੰ ਤਾੜਨਾ ਕਰਕੇ ਘਰੋ ਘਰੀ ਭੇਜ ਦਿੱਤਾ ਗਿਆ ਹੈ। ਪਰ 50 ਆਦਮੀ ਅਜਿਹੇ ਹਨ, ਜਿਨ੍ਹਾਂ ਦਾ ਕੋਈ ਘਰ-ਘਾਟ ਨਹੀਂ ਹੈ। ਉਹ ਆਪਣਾ ਸਭ ਕੁਝ ਵੇਚ ਕੇ ਭੈਣੀ ਹੀ ਆ ਗਏ ਸਨ।
3. ਇਸ ਸਮੇਂ ਮੈਂ ਭੈਣੀ ਕੁਝ ਪੁਲਿਸ ਦੀ ਨਫਰੀ ਤਾਇਨਾਤ ਕਰ ਦਿੱਤੀ ਹੈ।
4. ਪਿਛਲੇ ਹਫਤੇ ਕੋਟਲੇ ਦੇ ਇਰਦ-ਗਿਰਦ ਕੂਕਿਆਂ ਦੇ ਕਈਂ ਜੱਥੇ ਘੁੰਮਦੇ ਰਹੇ ਹਨ। ਮਲੇਰਕੋਟਲੇ ਦੂਜੇ ਹਮਲੇ ਦਾ ਖ਼ਤਰਾ ਹੋ ਸਕਦਾ ਹੈ। ਇਸ ਨੂੰ ਮੁੱਖ ਰੱਖ ਕੇ ਕੋਟਲੇ ਦੇ ਨਾਜ਼ਿਮ ਨੂੰ 100 ਬੰਦਿਆਂ ਦੀ ਨਫਰੀ ਤਿਆਰ ਰੱਖਣ ਲਈ ਕਹਿ ਦਿੱਤਾ ਹੈ।
5. ਮੈਂ ਇਸ ਤੋਂ ਬਿਨਾਂ ਇੱਕ ਐਕਸਟਰਾ ਅਸਿਸਟੈਂਟ ਕਮਿਸ਼ਨਰ ਨੂੰ ਉੱਥੇ ਲਗਾਉਣ ਲਈ ਕਹਿ ਦਿੱਤਾ ਹੈ। ਉਹ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਾ ਦੇਵੇ, ਸਗੋਂ ਸਾਰੇ ਪ੍ਰਬੰਧ ਨੂੰ ਸਾਵਧਾਨੀ ਨਾਲ ਵੇਖਦਾ ਰਹੇ। ਹਾਲ ਦੀ ਘੜੀ ਅਗਲੇ ਹੁਕਮਾਂ ਤੱਕ ਮੈਂ ਨਾਰਾਇਣ ਸਿੰਘ ਨੂੰ ਉੱਥੇ ਭੇਜ ਦਿੱਤਾ ਹੈ।
6. ਗੁਲਾਮ ਮੁਹੰਮਦ ਖਾਨ ਬਿਨਾਂ ਛੁੱਟੀ ਲਏ ਕਲਕੱਤਾ ਚਲਾ ਗਿਆ ਹੈ। ਉਸਦੇ ਬੇਟੇ ਨੂੰ ਅਯੋਗ ਜਾਣ ਕੇ ਕਿਸੇ ਬੱਦ-ਅਮਨੀ ਦੇ ਖ਼ਤਰੇ ਤੋਂ ਬਚਣ ਲਈ ਮੈਂ ਸਾਰਾ ਪ੍ਰਬੰਧ ਨਾਜ਼ਿਮ ਦੇ ਹਵਾਲੇ ਕਰ ਦਿੱਤਾ ਹੈ।
7. ਗੁਰੂ ਰਾਮ ਸਿੰਘ ਨੇ ਭਾਵੇਂ ਇਸ ਗੜਬੜ ਬਾਰੇ ਦਸ ਦਿੱਤਾ ਸੀ ਅਤੇ ਇਹ ਮੰਨਿਆ ਸੀ ਕਿ ਇਹ ਲੋਕ ਮੇਰੀ ਆਗਿਆ ਤੋਂ ਬਾਹਰ ਹਨ। ਲਗਭਗ 100 ਆਦਮੀ ਗਿ: ਗਿਆਨਾ ਸਿੰਘ ਦਾ ਬਦਲਾ ਲੈਣ ਲਈ ਕੋਟਲੇ 'ਤੇ ਧਾਵਾ ਕਰਨ ਲਈ ਚੜ੍ਹੇ ਸਨ। ਪਰ ਗੁਰੂ ਰਾਮ ਸਿੰਘ ਵੱਲੋਂ 13 ਦੀ ਸੂਚੀ ਹੀ ਦਿੱਤੀ ਗਈ ਸੀ। ਡਿਪਟੀ ਇੰਸਪੈਕਟਰ ਸਰਫਰਾਜ਼ ਖਾਨ ਦੇ ਕਹਿਣ

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 257-261



Sri Satguru Jagjit Singh Ji Elibrary NamdhariElibrary@gmail.com

ਤੇ ਗੁਰੂ ਰਾਮ ਸਿੰਘ ਨੇ ਉਨ੍ਹਾਂ ਨੂੰ ਗਲ ਵਿੱਚ ਪੱਲਾ ਪਾ ਕੇ ਘਰੋ ਘਰ ਜਾਣ ਤੇ ਗੜਬੜ ਨਾ ਕਰਨ ਦੀ ਬੇਨਤੀ ਕੀਤੀ ਸੀ। ਪਰ ਜੇਕਰ ਗੁ ਰਾਮ ਸਿੰਘ 11-12 ਤਾਰੀਖ ਨੂੰ ਇਤਲਾਹ ਦੇ ਦਿੰਦਾ ਤਾਂ ਇਹ ਉਸ ਲਈ ਚੰਗੀ ਗੱਲ ਸੀ। ਪਰ ਉਸਨੇ ਐਨ ਮੌਕੇ ਸਿਰ ਇਤਲਾਹ ਦਿੱਤੀ ਹੈ।

8. ਇਹ ਸਾਰੀ ਯੋਜਨਾ ਭੈਣੀ ਵਿਖੇ ਹੀ ਬਣਾਈ ਗਈ ਸੀ ਕਿ ਕੋਟਲਾ ਕਮਜ਼ੋ ਰਿਆਸਤ ਹੈ। ਉਥੋਂ ਹਥਿਆਰ ਅਤੇ ਖਜ਼ਾਨਾ ਲੁੱਟ ਕੇ ਜੀਂਦ, ਨਾਭਾ ਅਤੇ ਪਟਿਆਲਾ ਵੱਲ ਵੱਧਿਆ ਜਾ ਸਕੇਗਾ।

9. ਲੱਖਾ ਸਿੰਘ ਨੂੰ ਸਾਰੀ ਸਥਿਤੀ ਦੀ ਜਾਣਕਾਰੀ ਸੀ। ਪ੍ਰਮੁੱਖ ਸੂਬੇ ਦ ਹੈਸੀਅਤ ਵਿੱਚ ਉਹ ਸਾਰੀ ਸੂਚਨਾ ਦੇ ਸਕਦਾ ਸੀ ਅਤੇ ਇਸ ਖ਼ੂਨ ਖਰਾ ਤੋਂ ਬਚਿਆ ਜਾ ਸਕਦਾ ਸੀ।

10. ਪਿਛਲੇ ਹਫ਼ਤੇ ਅਤੇ ਪਿਛਲੇ ਸਾਲ ਦੀਆਂ ਕੂਕਿਆਂ ਦੀਆਂ ਕਾਰਵਾਈਆ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕੂਕਾ ਖ਼ਤਰਨਾ ਫਿਰਕਾ ਹੈ, ਜਿਨ੍ਹਾਂ ਉੱਤੇ ਕੂਕਿਆਂ ਦੇ ਮੁਖੀਆਂ ਦਾ ਪ੍ਰਭਾਵ ਨਹੀਂ ਹੈ ਇਸ ਲਈ ਇਨ੍ਹਾਂ ਦੇ ਇਕੱਠਾਂ ਉੱਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ ਅਤੇ 10 ਜਾਂ 12 ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ ਦੀ ਆਗਿਆ ਨਹੀਂ ਦੇਣੀ ਚਾਹੀਦੀ।

11. ਲੁਧਿਆਣੇ ਨੂੰ ਹਾਲੀ ਵੀ ਫ਼ੌਜੀ ਨਿਗਰਾਨੀ ਵਿੱਚ ਰੱਖਣਾ ਚਾਹੀਦਾ ਹੈ ਅਤੇ ਇੱਥੇ ਫ਼ੌਜ ਦਾ ਰੱਖਣਾ ਜ਼ਰੂਰੀ ਹੈ।

12. ਮਿ: ਕਾਵਨ ਨੇ ਭਾਵੇਂ ਚੰਗਾ ਕੰਮ ਕੀਤਾ ਹੈ, ਪਰ ਸਰਸਰੀ ਮੁਕੱਦਮਾ ਚਲਾਉਣ ਸਮੇਂ ਉਸ ਨੇ ਕੁਝ ਕਾਹਲੀ ਕੀਤੀ ਹੈ, ਪਰ ਜਦੋਂ ਮੇਰੀ ਚਿੱਠੀ ਉਸ ਨੂੰ ਮਿਲੀ ਤਾਂ ਉਸਨੇ ਬਾਕੀ ਬੰਦੀਆਂ ਦੇ ਮੁਕੱਦਮੇ ਨੂੰ ਅਗਲੇ ਦਿਨ ਉੱਤੇ ਪਾ ਦਿੱਤਾ।

13. ਕਰਨਲ ਥੋਲੀ ਅਤੇ ਕੇਪਟਨ ਮੈਨਜੀਸ ਨੇ ਕਾਫ਼ੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸੇ ਤਰ੍ਹਾਂ ਮਹਾਰਾਜਾ ਪਟਿਆਲਾ, ਨਾਭਾ ਅਤੇ ਜੀਂਦ ਦਾ ਸਹਿਯੋਗ ਵੀ ਸ਼ਲਾਘਾਯੋਗ ਹੈ।

14. ਹੁਣ ਇੱਥੇ ਯੂਰਪੀ ਫ਼ੌਜ ਰੱਖਣ ਦੀ ਲੋੜ ਨਹੀਂ ਹੈ। ਇਨ੍ਹਾਂ ਨੂੰ ਜਲੰਧਰ ਭੇਜ ਦਿੱਤਾ ਜਾਵੇ ਅਤੇ ਇੱਥੇ ਕੇਵਲ ਗੋਰਖਾ ਫ਼ੌਜ ਰਹਿਣ ਦਿੱਤੀ ਜਾਵੇ।

15. ਮੈਂ ਅੰਬਾਲੇ ਵਾਪਿਸ ਜਾ ਰਿਹਾ ਹਾਂ।

16. ਤੁਹਾਡੀ ਤਾਰ ਮਿਲਣ ਉਪਰੰਤ ਇਹ ਦੱਸਿਆ ਜਾਂਦਾ ਹੈ ਕਿ 16 ਹੋਰਾਂ ਨੂੰ ਕੋਟਲੇ ਦੀ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ। 4 ਨੂੰ ਉਮਰ ਕੈਦ ਅਤੇ ਬਾਕੀ 10 ਨੂੰ ਛੱਡ ਦਿੱਤਾ ਗਿਆ ਹੈ।"



Sri Satguru Jagjit Singh Ji Elibrary NamdhariElibrary@gmail.com

## ਦੇਸੀ ਰਿਆਸਤਾਂ ਦੇ ਹਾਕਮਾਂ ਦੀਆਂ ਕੂਕਿਆਂ ਵਿਰੋਧੀ ਕਾਰਵਾਈਆਂ

ਦੇਸੀ ਰਿਆਸਤਾਂ ਪਟਿਆਲਾ, ਨਾਭਾ ਅਤੇ ਜੀਂਦ ਦੇ ਹੁਕਮਰਾਨ ਤਤਕਾਲਕ ਕੂਕਾ ਲਹਿਰ ਨੂੰ ਦਬਾਉਣ ਵਿੱਚ ਕਿਸੇ ਤਰ੍ਹਾਂ ਵੀ ਪਿਛੇ ਨਹੀਂ ਸਨ ਰਹੇ। ਉਨ੍ਹਾਂ ਨੇ ਕਾਵਨ ਦੀਆਂ ਕੂਕਿਆਂ ਵਿਰੁੱਧ ਕੀਤੀਆਂ ਗਈਆਂ ਜ਼ੁਲਮੀ ਕਾਰਵਾਈਆਂ ਵਿੱਚ ਵੱਧ ਚੜ੍ਹ ਕੇ ਫਰੰਗੀ ਸਰਕਾਰ ਦੀ ਮਦਦ ਕੀਤੀ। ਕਰਦੇ ਵੀ ਕਿਉਂ ਨਾ? ਇਤਿਹਾਸ ਨੇ ਆਪਣੇ ਆਪ ਨੂੰ ਮੁੜ ਦੁਹਰਾਇਆ ਸੀ। 1857 ਦੇ ਪਹਿਲੇ ਸੁਤੰਤਰਤਾ ਸੰਗਰਾਮ ਵਿੱਚ ਵੀ ਇਨ੍ਹਾਂ ਦੇਸੀ ਰਿਆਸਤਾਂ ਦੀਆਂ ਫ਼ੌਜਾਂ ਨੇ ਹੀ ਅੰਗਰੇਜ਼ੀ ਸਰਕਾਰ ਦੀ ਹਿੱਕ ਥਾਪੜ ਕੇ ਸਹਾਇਤਾ ਕੀਤੀ ਸੀ। ਹੁਣ ਇਸ ਸਮੇਂ ਵੀ ਉਹ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਕਿਉਂ ਨਾ ਕਰਦੇ? ਉਨ੍ਹਾਂ ਦੇ ਹੱਥ ਠੋਕੇ ਕਿਉਂ ਨਾ ਬਣਦੇ? ਉਨ੍ਹਾਂ ਨੂੰ ਪਤਾ ਸੀ ਕਿ ਸਾਡੀਆਂ ਰਾਜ ਗੱਦੀਆਂ ਅੰਗਰੇਜ਼ਾਂ ਦੇ ਰਹਿਮ-ਕਰਮ 'ਤੇ ਹੀ ਟਿੱਕੀਆਂ ਹੋਈਆਂ ਹਨ। ਇਨ੍ਹਾਂ ਰਿਆਸਤਾਂ ਵਿੱਚੋਂ ਸਭ ਤੋਂ ਮੰਦਾ ਰੋਲ ਪਟਿਆਲੇ ਦੇ ਮਹਾਰਾਜੇ ਦਾ ਸੀ, ਜਿਸਨੇ 19 ਜਨਵਰੀ, 1872 ਨੂੰ ਜਦੋਂ ਹਾਲੀ ਮਲੇਰਕੋਟਲੇ ਦੇ ਕੂਕਾ ਸ਼ਹੀਦਾਂ ਦੀ ਡੁੱਲੀ ਰੱਤ ਵੀ ਨਹੀਂ ਸੀ ਸੁਕੀ, ਕੂਕਿਆਂ ਵਿਰੁੱਧ ਨਵਾਂ ਫ਼ੁਰਮਾਨ ਜਾਰੀ ਕਰ ਦਿੱਤਾ। ਇਸ ਫ਼ੁਰਮਾਨ ਬਾਰੇ ਡਾ: ਫੌਜਾ ਸਿੰਘ ਬਾਜਵਾ ਇਸ ਤਰ੍ਹਾਂ ਜ਼ਿਕਰ ਕਰਦਾ ਹੈ : 1*"ਇਹ ਫ਼ੁਰਮਾਨ ਰਿਆਸਤ ਵਿੱਚੋਂ ਕੂਕਿਆਂ ਦਾ ਮਲੀਆਮੇਟ ਕਰਨ ਅਤੇ ਲੋਕਾਂ ਵਿੱਚ ਭੈਅ ਉਤਪੰਨ ਕਰਨ ਲਈ ਜਾਰੀ ਕੀਤਾ ਗਿਆ। ਸਾਰੇ ਜ਼ਿਲ੍ਹਿਆਂ ਦੇ ਨਾਜ਼ਿਮਾਂ ਨੂੰ ਜ਼ਰੂਰੀ ਹਦਾਇਤਾਂ ਭੇਜੀਆਂ ਗਈਆਂ ਕਿ ਕੂਕਿਆਂ ਦੇ ਜਿਹੜੇ ਬੰਦੇ ਹਾਲੀਂ ਫੜੇ ਨਹੀਂ ਗਏ ਅਤੇ ਜਿਹੜੇ ਇਸ ਸਾਲ ਮਾਘੀ ਦੇ ਮੇਲੇ ਤੇ ਭੈਣੀ ਗਏ ਸਨ, ਉਨ੍ਹਾਂ ਸਭ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਜਾਵੇ। ਮਾਘੀ ਮੇਲੇ ਉੱਤੇ ਜਾਣ ਵਾਲੇ ਬੰਦਿਆਂ ਨੂੰ ਕੇਵਲ ਉਦੋਂ ਛੱਡਿਆ ਜਾਵੇ, ਜਦੋਂ ਉਹ ਆਪਣੀ ਨੇਕਚੱਲਨੀ ਦਾ ਸਬੂਤ ਦੇ ਦੇਣ ਕਿ ਅੱਗੇ ਤੋਂ ਉਹ ਕੂਕਿਆਂ ਨਾਲ ਕੋਈ ਵਾਸਤਾ ਨਹੀਂ ਰੱਖਣਗੇ। ਇਸੇ ਫ਼ੁਰਮਾਨ ਵਿੱਚ ਇਹ ਹੁਕਮ ਵੀ ਸਾਦਰ ਕੀਤਾ ਗਿਆ ਕਿ ਪਟਿਆਲਾ ਦੀ ਪਰਜਾ ਵਿੱਚੋਂ, ਜਿਨ੍ਹਾਂ ਨੇ ਮਲੌਦ ਅਤੇ ਮਲੇਰਕੋਟਲੇ ਦੇ ਹੱਲਿਆਂ ਵਿੱਚ ਹਿੱਸਾ ਲਿਆ ਹੈ ਅਤੇ ਤੋਪਾਂ ਅੱਗੇ ਉਡਾਏ ਗਏ ਹਨ, ਉਨ੍ਹਾਂ ਸਭ ਦੀਆਂ ਜ਼ਾਇਦਾਦਾਂ ਜਬਤ ਕਰ ਲਈਆਂ ਜਾਣ। ਇਸ ਤੋਂ ਬਿਨਾਂ ਕੂਕਿਆਂ ਦੇ ਸਾਰੇ ਜੋੜ-ਮੇਲਿਆਂ ਅਤੇ ਦੀਵਾਨਾਂ ਉੱਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਅਤੇ ਕੂਕਿਆਂ ਦੀਆਂ ਸਾਰੀਆਂ ਕਾਰਵਾਈਆਂ ਉੱਤੇ ਸਖ਼ਤ ਨਿਗਰਾਨੀ ਰੱਖਣ ਲਈ ਕਿਹਾ ਗਿਆ। ਸਾਰੇ ਨੰਬਰਦਾਰਾਂ ਨੂੰ ਤਾੜਨਾ ਕੀਤੀ ਗਈ ਕਿ ਉਹ ਆਪਣੇ ਹਲਕੇ ਦੇ ਕੂਕਿਆਂ ਨੂੰ ਪਿੰਡ ਦੀ ਹੱਦ ਤੋਂ ਬਾਹਰ ਨਾ ਜਾਣ ਦੇਣ। ਨਹੀਂ ਤਾਂ ਇਸ ਲਈ ਉਹ ਜ਼ਿੰਮੇਵਾਰ ਹੀ ਸਮਝੇ ਜਾਣਗੇ।"

1* ਡਾ. ਐਫ. ਐਸ. ਬਾਜਵਾ, ਕੂਕਾ ਮੂਵਮੈਂਟ, ਪੰਨਾ 123-124



Sri Satguru Jagjit Singh Ji Elibrary NamdhariElibrary@gmail.com

ਲੇਖਕ ਲਿਖਦਾ ਹੈ ਕਿ, "ਇਹ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ ਕਿ ਇਨ੍ਹਾਂ ਰਿਆਸਤਾਂ ਦੇ ਮੁਖੀਆਂ ਦਾ ਅਜਿਹਾ ਵਤੀਰਾ ਕਿਉਂ ਬਣ ਗਿਆ ਸੀ? ਉਨ੍ਹਾਂ ਦੇ ਇਸ ਅਨੋਖੇ ਅਤੇ ਦੇਸ਼ ਵਿਰੋਧੀ ਵਿਹਾਰ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਕੂਕੇ ਇਨ੍ਹਾਂ ਰਿਆਸਤਾਂ ਵਿੱਚ ਆਪਣੇ ਮਜ਼ਬੂਤ ਗੜ੍ਹ ਬਣਾ ਰਹੇ ਸਨ। ਉਨ੍ਹਾਂ ਦੀ ਕੇਵਲ ਗਿਣਤੀ ਹੀ ਨਹੀਂ ਵੱਧ ਰਹੀ ਸੀ, ਸਗੋਂ ਉਹ ਵੱਡੇ-ਵੱਡੇ ਸਰਦਾਰਾਂ ਨੂੰ ਵੀ ਆਪਣੇ ਨਾਲ ਰਲਾ ਰਹੇ ਸਨ। ਸਾਧਾਰਨ ਤੌਰ ਤੇ ਵੇਖਿਆਂ ਕੂਕੇ ਦੇਸੀ ਰਿਆਸਤਾਂ ਦੇ ਵਿਰੁੱਧ ਨਹੀਂ ਸਨ, ਸਗੋਂ ਉਨ੍ਹਾਂ ਦਾ ਮੁੱਖ ਨਿਸ਼ਾਨਾ ਤਾਂ ਅੰਗਰੇਜ਼ ਸਰਕਾਰ ਸੀ। ਪਰ ਇਨ੍ਹਾਂ ਦੋਹਾਂ ਵਿੱਚ ਲਕੀਰ ਖਿਚਣੀ ਮੁਸ਼ਕਿਲ ਸੀ, ਕਿਉਂ ਜੋ ਇਹ ਦੇਸੀ ਰਾਜੇ ਤਾਂ ਹਰ ਤਰ੍ਹਾਂ ਨਾਲ ਅੰਗਰੇਜ਼ੀ ਸਰਕਾਰ ਦੀ ਹੀ ਕਠਪੁਤਲੀ ਬਣੇ ਹੋਏ ਸਨ ਅਤੇ ਉਨ੍ਹਾਂ ਦੀ ਨੀਤੀ ਦੇ ਪੱਕੇ ਸਮਰੱਥਕ ਸਨ। ਦੂਜੇ 1857 ਤੋਂ ਪਿਛੋਂ ਬਰਤਾਨਵੀ ਤਾਜ ਦਾ ਦਬਦਬਾ ਪੂਰੀ ਤਰ੍ਹਾਂ ਸਥਾਪਿਤ ਹੋ ਗਿਆ ਸੀ ਅਤੇ ਇਹ ਰਜਵਾੜੇ ਤਾਂ ਇੱਕ ਤਰ੍ਹਾਂ ਨਾਲ ਉਨ੍ਹਾਂ ਦੇ ਮੁਜਾਰੇ ਅਰਥਾਤ ਪਿੱਠੂ ਹੀ ਬਣ ਗਏ ਸਨ। ਉਨ੍ਹਾਂ ਦੀ ਕੋਈ ਵੀ ਸੁਤੰਤਰ ਨੀਤੀ ਨਹੀਂ ਸੀ। ਇਹ ਤਾਂ ਉਸ ਸ਼ਕਤੀਸ਼ਾਲੀ ਹਕੂਮਤ ਦੀ ਮੁੱਠੀ ਵਿੱਚ ਬੰਦ ਸਨ। ਉਨ੍ਹਾਂ ਦੇ ਵਿਰੁੱਧ ਜਾਣ ਨਾਲ ਉਨ੍ਹਾਂ ਦੀਆਂ ਗੱਦੀਆਂ ਨੂੰ ਖ਼ਤਰਾ ਸੀ। ਉਹ ਇੱਕ ਤਰ੍ਹਾਂ ਨਾਲ ਵਿਦੇਸ਼ੀ ਸਰਕਾਰ ਵਾਂਗ ਹੀ ਵਿਹਾਰ ਕਰਦੇ ਸਨ।"

ਅੰਗਰੇਜ਼ਾਂ ਨੇ ਕੂਕਿਆਂ ਦੀ ਇਸ ਲਹਿਰ ਨੂੰ ਦਬਾਉਣ ਲਈ ਸਿਰਤੋੜ ਤਸ਼ੱਦਦ ਦੀ ਵਰਤੋਂ ਕੀਤੀ, ਪਰ ਕੀ ਇਸ ਨਾਲ ਕੂਕਿਆਂ ਦੇ ਹੌਸਲੇ ਪਸਤ ਹੋਏ? ਕੂਕਾ ਸ਼ਹੀਦਾਂ ਦੇ ਉੱਚੇ ਹੌਸਲਿਆਂ ਦੀ ਪ੍ਰਸੰਸਾ ਕਰਦਾ ਹੋਇਆ ਡਾ: ਫੌਜਾ ਸਿੰਘ ਬਾਜਵਾ ਲਿਖਦਾ ਹੈ, [1*]"ਅੰਗਰੇਜ਼ੀ ਸਰਕਾਰ ਦੇ ਜ਼ੁਲਮਾਂ ਦੇ ਵਾਰ ਸਹਿੰਦੇ ਹੋਏ ਵੀ ਕੂਕਿਆਂ ਦਾ ਵਿਹਾਰ ਬਹਾਦਰਾਂ ਵਾਲਾ ਸੀ। ਜਿਸ ਬਾਰੇ ਕਾਵਨ ਵੀ ਕਹਿੰਦਾ ਹੈ ਕਿ ਕੂਕਾ ਬੰਦੀਆਂ ਦਾ ਵਿਹਾਰ ਬੜਾ ਅੱਖੜ ਸੀ। ਮੌਤ ਦੇ ਪਰਛਾਵੇਂ ਥਲੇ ਖਲੋਤੇ ਵੀ ਜਦੋਂ ਉਨ੍ਹਾਂ ਨੂੰ ਯਕੀਨ ਸੀ ਕਿ ਮੌਤ ਉਨ੍ਹਾਂ ਦੇ ਸਾਹਮਣੇ ਖੜ੍ਹੀ ਹੈ, ਉਹ ਕਿਸੇ ਤਰ੍ਹਾਂ ਵੀ ਭੈਭੀਤ ਨਹੀਂ ਹੋਦੇ। ਉਹ ਅੰਗਰੇਜ਼ੀ ਸਰਕਾਰ ਅਤੇ ਰਿਆਸਤਾਂ ਦੇ ਰਾਜਿਆਂ ਨੂੰ ਗਾਲਾਂ ਕੱਢ ਰਹੇ ਸਨ। ਸਭ ਨੇ ਇਸ ਗੱਲ ਦਾ ਇਕਬਾਲ ਕਰ ਲਿਆ ਸੀ ਕਿ ਉਹ ਮਲੌਦ ਅਤੇ ਮਲੇਰਕੋਟਲੇ ਦੀਆਂ ਕਾਰਵਾਈਆਂ ਵਿੱਚ ਸ਼ਾਮਿਲ ਸਨ ਅਤੇ ਇਹ ਉਨ੍ਹਾਂ ਦਾ ਇੱਕ ਸ਼ਾਨਦਾਰ ਕਾਰਨਾਮਾ ਸੀ। ਛੋਟੀ ਉਮਰ ਦੇ ਸ਼ਹੀਦ ਬਿਸ਼ਨ ਸਿੰਘ ਜਿਸਨੇ ਕਾਵਨ ਦੀ ਦਾੜ੍ਹੀ ਨੂੰ ਫੜ ਲਿਆ ਸੀ, ਬਾਰੇ ਉਹ ਦੱਸਦਾ ਹੈ ਕਿ ਉਹ ਬੜਾ ਬਲਵਾਨ ਅਤੇ ਨਿਡਰ ਵਿਅਕਤੀ ਸੀ। ਲੈਫਟੀਨੈਂਟ ਕਰਨਲ ਈ. ਪਰਕਿਨਜ਼ ਜਿਹੜਾ ਇਨ੍ਹਾਂ ਸੂਰਬੀਰਾਂ ਦੇ ਜੱਥੇ ਨੂੰ ਅਗਲਵਾਂਢੀ ਹੋ ਕੇ ਲੈਣ ਗਿਆ ਸੀ, ਦਾ ਵੀ ਇਹੋ ਕਥਨ ਹੈ ਕਿ ਇਸ ਜੱਥੇ ਦੇ ਆਗੂਆਂ ਹੀਰਾ ਸਿੰਘ ਅਤੇ ਲਹਿਣਾ

[1*] ਡਾ. ਐਫ. ਐਸ. ਬਾਜਵਾ, ਕੂਕਾ ਮੂਵਮੈਂਟ, ਪੰਨਾ 124-125



Sri Satguru Jagjit Singh Ji Elibrary NamdhariElibrary@gmail.com

ਸਿੰਘ ਨੇ ਚੰਗੀਆਂ ਪੁਸ਼ਾਕਾਂ ਪਹਿਣੀਆਂ ਹੋਈਆਂ ਸਨ ਅਤੇ ਉਨ੍ਹਾਂ ਦੇ ਚਿਹਰੇ ਉੱਤੇ ਨਿਰਭੈਤਾ ਅਤੇ ਦ੍ਰਿੜ੍ਹਤਾ ਪ੍ਰਤੱਖ ਨਜ਼ਰੀ ਪੈ ਰਹੀ ਸੀ।" ਸ: ਹੀਰਾ ਸਿੰਘ ਨੇ ਕਾਵਨ ਨੂੰ ਦੋ ਟੂਕ ਜਵਾਬ ਦਿੱਤਾ ਕਿ "ਅਸੀਂ ਤੁਹਾਡਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਸਾਡਾ ਸੰਗਰਾਮ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਾਡਾ ਨਿਸ਼ਾਨਾ ਪੂਰਾ ਨਹੀਂ ਹੋ ਜਾਂਦਾ।"

ਇਨ੍ਹਾਂ ਸਿਰਲਥ ਯੋਧਿਆਂ ਅਤੇ ਕੌਮੀ ਸ਼ਹੀਦਾਂ ਨੇ ਨਵਾਂ ਇਤਿਹਾਸ ਰਚ ਦਿੱਤਾ ਸੀ ਅਤੇ ਇੱਕ ਅਜਿਹੀ ਮਸ਼ਾਲ ਰੌਸ਼ਨ ਕਰ ਦਿੱਤੀ ਸੀ ਕਿ ਜਿਸਨੇ ਭਾਰਤ ਦੀ ਗੁਲਾਮੀ ਦੀ ਕਾਲੀ ਰਾਤ ਵਿੱਚ ਆਜ਼ਾਦੀ ਦੀ ਨਵੀਂ ਜੋਤ ਜਗਾ ਦਿੱਤੀ ਸੀ।

**ਕੂਕਾ ਲਹਿਰ ਨੂੰ ਦਬਾਉਣ ਲਈ ਕੀਤੀਆਂ ਗਈਆਂ ਹੋਰ ਕਾਰਵਾਈਆਂ ਸਰਕਾਰ ਵੱਲੋਂ ਲਈਆਂ ਗਈਆਂ ਜ਼ਮਾਨਤਾਂ**

18 ਜਨਵਰੀ, 1872 ਨੂੰ ਜਿਨ੍ਹਾਂ ਕੂਕੇ ਸਿੰਘਾਂ ਨੂੰ ਪੁਲਿਸ ਦੇ ਪਹਿਰੇ ਵਿੱਚ ਭੈਣੀ ਸਾਹਿਬ ਤੋਂ ਲੁਧਿਆਣੇ ਲਿਆਂਦਾ ਗਿਆ ਸੀ, ਉਨ੍ਹਾਂ ਵਿੱਚੋਂ 122 ਨੂੰ ਤਾਂ ਤਾੜਨਾ ਕਰਕੇ ਆਪਣੇ-ਆਪਣੇ ਪਿੰਡਾਂ ਵਿੱਚ ਭੇਜ ਦਿੱਤਾ ਗਿਆ ਅਤੇ ਇਹ ਹੁਕਮ ਸੁਣਾ ਦਿੱਤਾ ਗਿਆ ਕਿ ਉਹ ਅੱਗੇ ਤੋਂ ਨਾ ਤਾਂ ਕੋਈ ਦੀਵਾਨ ਕਰ ਸਕਦੇ ਹਨ ਅਤੇ ਨਾ ਹੀ ਪਿੰਡਾਂ ਤੋਂ ਬਾਹਰ ਜਾ ਸਕਦੇ ਹਨ। ਪਿੰਡ ਦੇ ਨੰਬਰਦਾਰਾਂ ਨੂੰ ਇਹ ਹਦਾਇਤਾਂ ਭੇਜ ਦਿੱਤੀਆਂ ਗਈਆਂ ਕਿ ਉਹ ਇਨ੍ਹਾਂ ਕੂਕਿਆਂ ਦੀਆਂ ਕਾਰਵਾਈਆਂ ਉੱਤੇ ਕਰੜੀ ਨਜ਼ਰ ਰੱਖਣ ਅਤੇ ਸਮੇਂ-ਸਮੇਂ ਸਿਰ ਸਰਕਾਰ ਨੂੰ ਇਨ੍ਹਾਂ ਬਾਰੇ ਇਤਲਾਹ ਦਿੰਦੇ ਰਹਿਣ।

ਜਿਨ੍ਹਾਂ ਨਾਮਧਾਰੀ ਸਿੰਘਾਂ ਤੋਂ ਜ਼ਮਾਨਤਾਂ ਮੰਗੀਆਂ ਗਈਆਂ, ਉਨ੍ਹਾਂ ਦੇ ਕੁਝ ਵੇਰਵੇ ਜ਼ਮਾਨਤੀਆਂ ਸਮੇਤ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਦਿੱਤੇ ਹਨ, "ਜਿਨ੍ਹਾਂ ਕੇ ਵਾਰਸ ਆਏ ਹੇਠੇ ਸੇ ਤਿਨਾਂ ਕੋ ਤਾਂ ਜ਼ਮਾਨਤਾਂ ਦੇ ਕੇ ਛੁਡਾਇ ਲਏ। ਲਹਿਣਾ ਸਿੰਘ ਕੀ ਕੋਈ ਜ਼ਮਾਨਤ ਨਾ ਸੀ ਦੇਂਦਾ ਤਾਂ ਬਾਬੇ ਦਰਬਾਰਾ ਸਿੰਘ ਜ਼ਮਾਨਤ ਦਿੱਤੀ। ਮਹਾਰਾਜ ਬੁੱਧ ਜੀ ਕੀ ਜ਼ਮਾਨਤ ਮਾਈ ਭੋਲੀ ਨੇ ਦਿੱਤੀ ਲੁਧਿਆਣੇ ਵਾਲੀ ਨੇ। ਗੁਪਾਲ ਸਿੰਘ ਸੂਬੇ ਕੀ ਜ਼ਮਾਨਤ ਰਾਈਆਂ ਵਾਲੇ ਮਸਤਾਨ ਸਿੰਘ ਨੇ ਦਿੱਤੀ। ਛੁਡਾਇ ਲੈ ਆਇਆ। ਗੁਪਾਲ ਸਿੰਘ ਨੇ ਆਇਕੇ ਧੌਂਸਾ ਵਜਾਇਆ ਖੁਸ਼ੀ ਕੀਤੀ ਨਾਲੇ ਕੜਾਹ ਪ੍ਰਸਾਦਿ ਕਰਾਇਆ।

ਪੰਜਾਬ ਸਿੰਘ ਅਤੇ ਨਿਹਾਲਾ ਸਿੰਘ ਬਚਿੱਤਰ ਸਿੰਘ ਜੋਗੇ ਵਾਲਿਆਂ ਕੌ ਬਰਨਾਲੇ ਮੈ ਲੈ ਗਏ। ਥਾਨੇਦਾਰ ਨੇ ਪੁੱਛਿਆ ਤੁਸੀਂ ਵਿੱਚ ਸੇ ਤਾਂ ਸਿੰਘਾਂ ਨੇ ਕਿਹਾ, ਅਸੀਂ ਨਾ ਸੇ ਵਿੱਚ। ਥਾਨੇਦਾਰ ਨੇ ਕਿਹਾ ਧੁਆਨੂੰ ਖਵਰ ਤਾਂ ਸੀ। ਸਿੰਘਾਂ ਨੇ ਕਹਿਆ ਸਾਨੂੰ ਖਵਰ ਤਾਂ ਸੀ, ਪਰ ਸਾਨੂੰ ਹੁਕਮ ਸੀ ਕੇ ਆਪੋ-ਆਪਣੇ ਘਰਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਚਲੇ ਜਾਵੋ। ਸੋ ਅਸੀਂ ਕਿਤੇ ਨਹੀਂ ਠਹਿਰੇ, ਘਰ ਹੀ ਆਇ ਗਏ ਹੈਂ। ਕਹਾ ਕੇ ਤੁਮਾਰੀ ਘੋੜੀ ਰੜ ਕਿਉਂ ਰਹੀ? ਪੰਜਾਬ ਸਿੰਘ ਨੇ ਕਹਾ ਕੇ ਘੋੜੀ ਬੀਮਾਰ ਸੀ ਇਸ ਕਰਕੇ ਛੱਡ ਆਏ। ਨਾਜ਼ਮ ਨੇ ਕਹਾ ਕੇ ਤੁਮਾਰਾ ਚਲਾਨ ਸਰਹੰਦ ਬੱਸੀ ਕਾ ਹੈ। ਉੱਥੇ ਦੋ ਕੂਕੀਆਂ ਹੈਨ, ਜੋ ਉਹਨਾਂ ਨੇ ਕਿਹਾ ਵਿੱਚ ਸੇ ਤਾਂ ਤੁਮ ਫਾਂਸੀ ਜਾਂ ਤੋਪ ਅੱਗੇ ਉਡਾਏ ਜਾਉਗੇ, ਜੇ ਕਹਾ ਕੇ ਨਾ ਥੇ ਤਾਂ ਜੋ ਹਾਕਮ ਦੀ ਮਰਜੀ ਸੋ ਹੋਵੇਗਾ। ਚਲਾਨ ਕਰ ਦੀਆ।"

ਅਗਲੇ ਦਿਨ ਕਚਹਿਰੀ ਵਿੱਚ ਸੱਦਿਆ। ਇੱਕ ਸਿੰਘਣੀ ਸੇ ਪੂਛਾ ਕੇ ਏਹ ਨਾਲ ਥੇ? ਦਿੱਤੂਪੁਰੇ ਵਾਲੀ ਨੇ ਕਿਹਾ ਕਿ ਮੈਨੂੰ ਨਹੀਂ ਖ਼ਬਰ। ਹੰਡਿਆਏ ਵਾਲੀ ਮਸਤਾਨੀ ਨੇ ਕਿਹਾ ਕੇ ਹਾਂ ਮੈਂ ਜਾਣਦੀ ਹਾਂ, ਸਾਡੇ ਹਮੇਸ਼ਾਂ ਆਉਣੇ ਜਾਣੇ ਵਾਲੇ ਹੈਂ, ਵਿੱਚ ਨਾ ਥੇ। ਨਾਜਮ ਨੇ ਕਹਾ ਕੇ ਸਾਡੀ ਤਰਫੋਂ ਰਿਹਾਇ। ਤੁਮਾਰਾ ਸੂਬਾ ਜੋ ਚਾਹੇ ਸੋ ਕਰੇ। ਫੇਰ ਬਰਨਾਲੇ ਭੇਜ ਦੀਏ। ਤੀਏ ਮਹੀਨੇ ਜਮਾਨਤਾਂ ਲੈ ਕੇ ਛੱਡੇ ਪਾਂਚ ਪਾਂਚ ਸੇ ਕੀਆਂ।

ਹੋਰ ਜੋ ਸਿੰਘ ਸੇ ਸਭ ਕੋ ਸਦਵਾਇਕੇ ਜਮਾਨਤਾਂ ਲਈਆਂ। ਹੁਕਮ ਏਹ ਦੀਆ ਕੇ ਬਹੁਤੇ ਸਿੰਘ ਇਕੱਠੇ ਨਾ ਹੋਣਾ। ਭੈਣੀ ਨਹੀਂ ਜਾਣਾ। ਜੇ ਜਾਣਾ ਹੋਵੇ ਕਿੱਧਰੇ ਤਾਂ ਇਤਲਾਹ ਦੇ ਕੇ ਜਾਣ। ਘਰੀਂ ਹਾਜਰ ਰਹੋ।

ਆਲਮ ਪੁਰੇ ਕੇ ਤਿਨ ਸਿੰਘ ਸੇ, ਤਿੰਨਾਂ ਸੇ ਪੁੱਛਿਆ। ਉਹਨਾਂ ਨੇ ਕਿਹਾ ਅਸੀਂ ਦਸਵੇਂ ਪਾਤਸ਼ਾਹ ਕੇ ਸਿੰਘ ਹਾਂ। ਕੂਕਪੁਣਾ ਛੱਡਿਆ ਹੈ। ਥਾਣੇਦਾਰ ਗੁੱਸੇ ਹੋਇਆ ਕੇ ਤੁਮਨੇ ਕੂਕਪੁਣਾ ਛੱਡਿਆ ਹੈ। ਚੌਥੇ ਨੂੰ ਕਹਾ ਕਿ ਤੁਮ ਕੂਕੇ ਹੋ? ਕਹਾ ਹਾਂ ਜੀ ਨਾਮਧਾਰੀਏ ਹੈਂ। ਥਾਨੇਦਾਰ ਬੜਾ ਪ੍ਰਸੰਨ ਹੋਇਆ ਕਿ ਤੁਸੀਂ ਧਰਮਾਤਮਾ ਪੁਰਸ਼ ਹੋ, ਸੱਚ ਬੋਲਨੇ ਵਾਲੇ। ਯੇ ਤੀਨੇ ਫਰੇਬੀ ਹੈਂ, ਇਨਕਾ ਬਸਾਹੁ ਨਹੀਂ ਕਰਨਾ। ਤਿੰਨਾਂ ਕੋ ਕਹਾ ਤੁਮ ਕਿਉਂ ਮੁਕਰਦੇ ਹੋ ਬੇਧਰਮ ਹੁੰਦੇ ਹੋ? ਕੈ ਦਿਨ ਕੇ ਜੀਵਨ ਕਾਰਨੇ ਧਰਮ ਤਿਆਗਦੇ ਹੋ। ਜਮਾਨਤਾਂ ਲੈ ਕੇ ਛੱਡੇ। ਹੁਕਮ ਦੀਆ ਕੇ ਜੇ ਕਿਤੇ ਜਾਣਾ ਹੋਵੇ, ਇਤਲਾਹ ਦੇ ਕੇ ਜਾਣਾ।

ਕਾਹਨ ਸਿੰਘ ਬਹਮਾਲੀਪੁਰੀਏ ਕੋ ਭੀ ਫੜਕੇ ਲੈ ਗਏ। ਥਾਣੇਦਾਰ ਕਹਿਣ ਲੱਗਾ ਕੂਕਿਆਂ ਦੇ ਨਾਮ ਲਖਾਵੋ। ਤੁਮ ਅਬ ਤੋਪ ਮੋਹਰੇ ਉਡੋਗੇ। ਹੀਰਾ ਸਿੰਘ ਸੂਬੇ ਸਾਹਿਬ ਸਿੰਘ ਦਾ ਸਕਾ ਭਾਈ ਕਹਿਣ ਲੱਗਾ ਇੱਕ ਫੇਰੀ ਉਠਾਂਗੇ ਕੇ ਦੋ ਫੇਰੀ? ਤਾਂ ਕਾਹਨ ਸਿੰਘ ਨੇ ਕਹਾ ਕੇ ਤੂੰ ਕੂਕਿਆਂ ਦੇ ਨਾਮ ਲਿਖਣ ਨੂੰ ਪੁੱਛਦਾ ਹੈਂ, ਜਿਨ੍ਹਾਂ ਚਿਰ ਖਲੜੀ ਵਿੱਚ ਸੁਾਸ ਹੈ, ਉਤਨਾ ਚਿਰ ਕੂਕਿਆਂ ਕਾ ਨਾਮ ਨਹੀਂ ਲਖਾਵਾਂਗੇ। ਪਿਛੋਂ ਪਿਆ ਲਿਖੀਂ। ਅੰਮ੍ਰਿਤਸਰ ਕੋ ਚਲਾਨ ਕੀਤਾ ਸੱਤਾਂ ਸਿੰਘਾਂ ਕਾ ਕੇ ਏਹ ਸਿੰਘ ਭੈਣੀ ਸੇ ਆਏ ਹੈਂ। ਰਾਤ ਸਿੰਘ ਅਰਦਾਸਾ ਕਰਕੇ ਬਗਜੇ। ਸ੍ਰੀ ਸਤਿਗੁਰੂ ਜੀ ਦਰਸ਼ਨ

[1]* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 489-491



Sri Satguru Jagjit Singh Ji Elibrary NamdhariElibrary@gmail.com

ਦੀਆ। ਹੁਕਮ ਕੀਤਾ ਦਿਨ ਖੜੇ ਤੁਸੀਂ ਛੁੱਟ ਜਾਓਗੇ। ਦੂਏ ਦਿਨ ਫ਼ਰੰਗੀ ਦੇ ਪੇਸ਼ ਕੀਤੇ। ਦੇਖ ਕੇ ਉਸਨੇ ਛੋਡ ਦੀਏ।"

**ਸਤਿਗੁਰੂ ਰਾਮ ਸਿੰਘ ਅਤੇ 11 ਸੂਬੇ ਅਲਾਹਾਬਾਦ ਸੈਂਟਰਲ ਜੇਲ੍ਹ ਵਿੱਚ**

ਸਤਿਗੁਰੂ ਰਾਮ ਸਿੰਘ ਅਤੇ 11 ਪ੍ਰਮੁੱਖ ਸੂਬਿਆਂ – ਸੂਬਾ ਰੂੜ ਸਿੰਘ, ਸੂਬਾ ਮਲੂਕ ਸਿੰਘ, ਸੂਬਾ ਪਹਾੜਾ ਸਿੰਘ, ਸੂਬਾ ਮਾਨ ਸਿੰਘ, ਸੂਬਾ ਹੁਕਮਾ ਸਿੰਘ, ਸੂਬਾ ਜਵਾਹਰ ਸਿੰਘ, ਸੂਬਾ ਲੱਖਾ ਸਿੰਘ, ਸੂਬਾ ਬ੍ਰਹਮਾ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਕਾਹਨ ਸਿੰਘ ਨਿਹੰਗ ਅਤੇ ਸ: ਮੰਗਲ ਸਿੰਘ ਨੂੰ ਅਲਾਹਾਬਾਦ ਦੀ ਸੈਂਟਰਲ ਜੇਲ ਵਿੱਚ ਕੈਦ ਕਰ ਦਿੱਤਾ ਗਿਆ। ਸ: ਮੰਗਲ ਸਿੰਘ ਨੂੰ ਕੂਕਿਆਂ ਦੇ ਕੱਟੜ ਵਿਰੋਧੀ ਮਹਾਰਾਜਾ ਪਟਿਆਲਾ ਦੀ ਸਿਫਾਰਿਸ਼ ਉੱਤੇ ਗ੍ਰਿਫਤਾਰ ਕੀਤਾ ਗਿਆ ਸੀ। ਕਿਉਂ ਜੋ ਉਹ ਪਟਿਆਲਾ ਰਿਆਸਤ ਦਾ ਵਾਸੀ ਸੀ। ਉਸ ਬਾਰੇ ਤਾਰਾ ਸਿੰਘ ਅਨਜਾਣ ਦੇ ਹੇਠ ਲਿਖੇ ਵਿਚਾਰ ਬੜੇ ਮਹੱਤਵਪੂਰਨ ਹਨ : [1*]"ਮੰਗਲ ਸਿੰਘ ਬਿਸ਼ਨਪੁਰੇ ਦਾ ਇੱਕ ਸਰਦਾ ਪੁੱਜਦਾ ਜ਼ਿਮੀਂਦਾਰ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਚਰਨ ਸੇਵਕ ਸੀ। ਨਾ ਉਹ ਕੋਈ ਸੂਬਾ ਸੀ ਨਾ ਜੱਥੇਦਾਰ। ਬੱਸ ਇੱਕ ਸਾਧਾਰਨ ਸ਼ਰਧਾਵਾਨ ਨਾਮਧਾਰੀ ਸੀ। ਉਹ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਦੀਆਂ ਅੱਖਾਂ ਵਿੱਚ ਰੜਕਦਾ ਸੀ। ਸੋ ਉਸਦੀ ਸ਼ਿਕਾਇਤ ਉੱਤੇ ਮੰਗਲ ਸਿੰਘ ਨੂੰ ਪੰਜਾਬੋਂ ਬਾਹਰ ਕੱਢਣਾ ਜ਼ਰੂਰੀ ਸਮਝਿਆ ਗਿਆ।" ਜੇਲ੍ਹ ਦੇ ਸੁਪਰਡੈਂਟ ਆਰ. ਜੇਮਸਨ ਨੇ 25 ਜਨਵਰੀ, 1872 ਨੂੰ ਅਲਾਹਾਬਾਦ ਦੇ ਮੈਜਿਸਟਰੇਟ ਜੇ.ਸੀ. ਰੋਬਰਟਸਨ ਨੂੰ ਇੱਕ ਪੱਤਰ ਰਾਹੀਂ ਸੂਚਿਤ ਕੀਤਾ ਕਿ, [2*]"ਕੂਕਾ ਗੁਰੂ ਰਾਮ ਸਿੰਘ ਅਤੇ 10 ਸੂਬਿਆਂ ਨੂੰ ਰੱਖਣ ਦਾ ਪ੍ਰਬੰਧ ਤਾਂ ਹੈ, ਪਰ ਇੱਕ ਥੰਨਿਉਂ ਜੇਲ੍ਹ ਦੀ ਕੰਧ ਕਮਜ਼ੋਰ ਹੈ। ਜੇਕਰ 100 ਆਦਮੀ ਇਨ੍ਹਾਂ ਨੂੰ ਛੁਡਾਉਣ ਲਈ ਆ ਜਾਣ ਤਾਂ ਇਕੱਲਾ ਸੰਤਰੀ ਕੁਝ ਨਹੀਂ ਕਰ ਸਕਦਾ। ਇਸ ਲਈ ਇਸ ਪੱਖ ਤੋਂ ਇਹ ਜੇਲ੍ਹ ਸੁਰੱਖਿਅਤ ਨਹੀਂ ਹੈ।"

ਮੈਜਿਸਟਰੇਟ ਅਤੇ ਜੱਜ ਰੋਕੀਟਸ ਨੇ ਜੇਲ੍ਹ ਦਾ ਦੌਰਾ ਕਰਕੇ ਇਸ ਨੂੰ ਸੁਰੱਖਿਅਤ ਨਾ ਸਮਝ ਕੇ ਇਨ੍ਹਾਂ ਕੈਦੀਆਂ ਨੂੰ ਅਲਾਹਾਬਾਦ ਦੇ ਕਿਲ੍ਹੇ ਵਿੱਚ ਭੇਜ ਦੇਣ ਦੀ ਪ੍ਰਵਾਨਗੀ ਦੇ ਦਿੱਤੀ।

**1818 ਦੇ ਬੰਗਾਲ ਰੈਗੂਲੇਸ਼ਨ ਐਕਟ ਦੀ ਧਾਰਾ III**

ਗੁਰੂ ਰਾਮ ਸਿੰਘ ਅਤੇ 11 ਸੂਬਿਆਂ ਉੱਤੇ 1818 ਦੇ ਬੰਗਾਲ ਰੈਗੂਲੇਸ਼ਨ ਐਕਟ ਦੀ ਧਾਰਾ III ਨੂੰ ਲਾਗੂ ਕੀਤਾ ਗਿਆ। ਇਹ ਐਕਟ ਕਿੰਨ੍ਹਾਂ ਵਿਅਕਤੀਆਂ

---

[1*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 172

[2*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 288



Sri Satguru Jagjit Singh Ji Elibrary NamdhariElibrary@gmail.com

ਉੱਤੇ ਲਗਾਇਆ ਜਾਂਦਾ ਸੀ ਅਤੇ ਇਸ ਦਾ ਉਦੇਸ਼ ਕੀ ਸੀ, ਇਸ ਬਾਰੇ ਸਰਕਾਰੀ [1*]ਦਸਤਾਵੇਜ਼ਾਂ ਵਿੱਚ ਇਸ ਤਰ੍ਹਾਂ ਵਿਆਖਿਆ ਕੀਤੀ ਗਈ ਹੈ :

1. ਜਿਸ ਵਿਅਕਤੀ ਉੱਤੇ ਸਾਧਾਰਨ ਕਾਨੂੰਨ ਅਨੁਸਾਰ ਮੁਕੱਦਮਾ ਨਾ ਚਲਾਇਆ ਜਾ ਸਕੇ ਜਾਂ ਗੁਆਹੀਆਂ ਦੀ ਅਣਹੋਂਦ ਜਾਂ ਹੋਰ ਕਿਸੇ ਕਾਰਨ ਉਸਨੂੰ ਬੰਗਾਲ ਰੈਗੁਲੇਸ਼ਨ ਐਕਟ 1818 ਦੀ ਧਾਰਾ III ਅਧੀਨ ਨਜ਼ਰਬੰਦ ਰੱਖਿਆ ਜਾ ਸਕਦਾ ਹੈ।
2. ਅਜਿਹੇ ਸ਼ਾਹੀ ਜਾਂ ਰਾਜਸੀ ਕੈਦੀ ਦੀ ਪਦਵੀ ਤੇ ਰੁਤਬੇ ਅਨੁਸਾਰ ਉਸਦਾ ਖਿਆਲ ਰੱਖਣਾ ਜ਼ਰੂਰੀ ਹੈ। ਉਸੇ ਅਨੁਸਾਰ ਹੀ ਉਸਦਾ ਖਰਚਾ ਬੰਨ ਦੇਣਾ ਚਾਹੀਦਾ ਹੈ ਅਤੇ ਉਸਦੀਆਂ ਸਹੂਲਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ।
3. ਜਿਸ ਜ਼ਿਲ੍ਹਾ ਅਧਿਕਾਰੀ ਜਾਂ ਹੋਰ ਉਚੇਰੇ ਅਧਿਕਾਰੀ ਦੀ ਨਿਗਰਾਨੀ ਵਿੱਚ ਉਸ ਨੂੰ ਰੱਖਿਆ ਜਾਵੇ, ਉਹ ਉਸ ਦੀ ਸਿਹਤ ਅਤੇ ਸਹੂਲਤਾਂ ਬਾਰੇ ਹਰ ਸਾਲ 1 ਜਨਵਰੀ ਅਤੇ 1 ਜੁਲਾਈ ਨੂੰ ਰਿਪੋਰਟ ਕਰੇ ਅਤੇ ਸਮੇਂ-ਸਮੇਂ ਸਿਰ ਉਸਨੂੰ ਮਿਲ ਕੇ ਉਸ ਦੀ ਸਿਹਤ ਅਤੇ ਸਹੂਲਤਾਂ ਦਾ ਖਿਆਲ ਰਖੇ।
4. ਜਿਨ੍ਹਾਂ ਚਿਰ ਉਹ ਕੈਦ ਹੈ, ਉਸਦੀ ਕੋਈ ਵੀ ਜ਼ਾਇਦਾਦ ਜੋ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਕਰ ਲਈ ਹੈ, ਨਾ ਵੇਚੀ ਜਾ ਸਕਦੀ ਹੈ, ਨਾ ਕਿਸੇ ਹੋਰ ਨੂੰ ਦਿੱਤੀ ਜਾ ਸਕਦੀ ਹੈ। ਸਗੋਂ ਸਰਕਾਰੀ ਅਧਿਕਾਰੀ ਉਸਦਾ ਪੂਰਾ-ਪੂਰਾ ਹਿਸਾਬ ਰੱਖੇ।
5. ਉਸ ਬਾਰੇ ਰਿਪੋਰਟਾਂ ਸਰਕਾਰ ਹਿੰਦ ਨੂੰ ਨਿਯਮਿਤ ਰੂਪ ਵਿੱਚ ਮਿਲਣੀਆਂ ਚਾਹੀਦੀਆਂ ਹਨ।

## ਮਲੇਰਕੋਟਲੇ ਦੇ ਹਤਿਆਕਾਂਡ ਬਾਰੇ ਸਰਕਾਰੀ ਦ੍ਰਿਸ਼ਟੀਕੋਣ

ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕਾਵਨ ਅਤੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਟੀ. ਡੀ. ਫੋਰਸਾਈਥ ਨੇ ਤਤਫੱਟ ਅਤੇ ਫੌਰੀ ਕਾਰਵਾਈਆਂ ਕਰਕੇ ਅੰਗਰੇਜ਼ੀ ਸਰਕਾਰ ਵੱਲੋਂ ਪ੍ਰਚਾਰ ਕੀਤੀ ਗਈ ਆਖੌਤੀ ਕੂਕਾ ਬਗਾਵਤ ਨੂੰ ਭਾਵੇਂ ਇਨ੍ਹਾਂ ਸਰਕਾਰੀ ਅਧਿਕਾਰੀਆਂ ਦੇ ਦਿੱਤੇ ਗਏ ਬਿਆਨਾਂ ਅਨੁਸਾਰ ਦਬਾ ਦਿੱਤਾ ਗਿਆ ਸੀ, ਫਿਰ ਵੀ ਕਾਵਨ ਵੱਲੋਂ ਆਪਣੇ ਤੋਂ ਵੱਧ ਅਧਿਕਾਰਾਂ ਦੀ ਵਰਤੋਂ ਕਾਰਨ ਅਤੇ ਟੀ. ਡੀ. ਫੋਰਸਾਈਥ ਵੱਲੋਂ ਮਲੇਰਕੋਟਲੇ ਅਤੇ ਮਲੌਂਦ ਵਿਖੇ ਦਿੱਤੀਆਂ ਗਈਆਂ ਸਖ਼ਤ ਸਜ਼ਾਵਾਂ ਬਾਰੇ ਪੰਜਾਬ ਸਰਕਾਰ ਨੇ ਭਾਵੇਂ ਦਬਵੀਂ ਆਵਾਜ਼ ਵਿੱਚ ਇਨ੍ਹਾਂ ਦੀ ਹਾਮੀ ਭਰੀ ਸੀ, ਪਰ ਹਿੰਦ ਸਰਕਾਰ ਅਤੇ ਗਵਰਨਰ ਜਨਰਲ ਦੀ ਕੌਂਸਲ ਵੱਲੋਂ ਇਨ੍ਹਾਂ ਦੀ ਨਿੰਦਾ ਹੀ ਕੀਤੀ ਗਈ ਸੀ। ਸਿੱਟੇ ਵਜੋਂ ਐਲ. ਕਾਵਨ ਨੂੰ ਸੇਵਾ ਤੋਂ

---

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 273-279



Sri Satguru Jagjit Singh Ji Elibrary NamdhariElibrary@gmail.com

ਬਰਖਾਸਤ ਕਰ ਦਿੱਤਾ ਗਿਆ ਅਤੇ ਉਸਨੂੰ ਗੁਜ਼ਾਰੇ ਮਾਤਰ ਕੋਠੀ ਪੈਨਸ਼ਨ ਆਦਿ ਵੀ ਨਹੀਂ ਸੀ ਦਿੱਤੀ ਗਈ। ਟੀ. ਡੀ. ਫੋਰਸਾਈਥ ਨੂੰ ਵੀ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਤੋਂ ਯੂ. ਪੀ. ਵਿੱਚ ਅਵਧ ਦੇ ਸਥਾਨ ਉੱਤੇ ਬਦਲ ਕੇ ਉਸ ਨੂੰ ਅਦਾਲਤੀ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਉਸ ਸਮੇਂ ਦੇ ਸਮਾਚਾਰ ਪੱਤਰਾਂ ਅਤੇ ਇੰਗਲਿਸਤਾਨ ਦੀ ਪਾਰਲੀਮੈਂਟ ਵਿੱਚ ਵੀ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੀ ਗਈ ਸੀ। ਇਨ੍ਹਾਂ ਸਰਸਰੀ ਮੁਕੱਦਮਿਆਂ ਅਤੇ ਦਿੱਤੀਆਂ ਗਈਆਂ ਸਖ਼ਤ ਸਜ਼ਾਵਾਂ ਨੇ ਅੰਗਰੇਜ਼ ਸਾਮਰਾਜ ਅਤੇ ਵਿਸ਼ੇਸ਼ ਕਰਕੇ ਮਲਕਾ ਵਿਕਟੋਰੀਆ ਦੇ ਦਯਾ-ਦ੍ਰਿਸ਼ਟੀ ਵਾਲੇ ਨਿਆਂ ਦਾ ਭਾਂਡਾ ਚੌਰਾਹੇ ਵਿੱਚ ਭੰਨ ਦਿੱਤਾ ਸੀ।

**ਜੇ. ਡਬਲਿਯੂ. ਮੈਕਨਬ ਭੂਤਪੂਰਵ ਕਾਰਜਕਾਰੀ ਕਮਿਸ਼ਨਰ ਅੰਬਾਲਾ ਡਿਵੀਜ਼ਨ ਦਾ ਮਤ**

ਜੇ. ਡਬਲਿਯੂ. ਮੈਕਨਬ ਇਸ ਸਮੇਂ ਅੰਬਾਲਾ ਡਿਵੀਜ਼ਨ ਦਾ ਕਾਰਜਕਾਰੀ ਕਮਿਸ਼ਨਰ ਰਹਿ ਚੁੱਕਾ ਸੀ। ਉਸਨੇ ਬਹੁਤ ਸਾਰੇ ਪ੍ਰਮਾਣਾਂ ਅਤੇ ਗੁਆਹੀਆਂ ਦੇ ਆਧਾਰ 'ਤੇ ਕੂਕਾ ਮਤ ਅਤੇ ਕੂਕਿਆਂ ਦੀ ਇਸ ਬਗਾਵਤ ਬਾਰੇ 1 ਫਰਵਰੀ, 1872 ਨੂੰ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਐਲ. ਐਚ. ਗ੍ਰਿਫਿਨ ਨੂੰ ਜਿਹੜਾ [1*]ਪੱਤਰ ਲਿਖਿਆ ਸੀ, ਉਸ ਵਿੱਚੋਂ ਬਹੁਤ ਸਾਰੇ ਮਹੱਤਵਪੂਰਨ ਨੁਕਤੇ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਸ ਨੂੰ ਪੰਜਾਬ ਸਰਕਾਰ ਦੀ ਨੀਤੀ ਦਾ ਖੁਲਾਸਾ ਹੀ ਸਮਝਿਆ ਜਾ ਸਕਦਾ ਹੈ।

1. **ਗਊ-ਹੱਤਿਆ ਬਾਰੇ ਅੰਗਰੇਜ਼ ਸਰਕਾਰ ਦੀ ਸਪੱਸ਼ਟ ਨੀਤੀ ਦਾ ਖੁੱਲ੍ਹਾ ਪ੍ਰਗਟਾਅ :-** ਮੈਕਨਬ ਦੇ ਇਸ ਪੱਤਰ ਵਿੱਚ ਅੰਗਰੇਜ਼ ਸਰਕਾਰ ਦੀ ਗਊ-ਹੱਤਿਆ ਬਾਰੇ ਸਪੱਸ਼ਟ ਨੀਤੀ ਦਾ ਪ੍ਰਗਟਾਅ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ ਗਿਆ ਹੈ : "ਮੇਰੇ ਸਾਹਮਣੇ 18 ਜਨਵਰੀ ਨੂੰ ਦਿੱਤਾ ਗਿਆ ਗੁਰੂ ਰਾਮ ਸਿੰਘ ਦਾ ਬਿਆਨ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕੁਝ ਚਿਰ ਪਹਿਲਾਂ ਕੁਝ ਸਿੱਖ ਮੈਥੋਂ ਬੁੱਚੜਾਂ ਨੂੰ ਕਤਲ ਕਰਨ ਦੀ ਆਗਿਆ ਮੰਗਦੇ ਰਹੇ ਹਨ, ਪਰ ਮੈਂ ਉਨ੍ਹਾਂ ਨੂੰ ਰੋਕਦਾ ਰਿਹਾ ਹਾਂ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਸਾਹਮਣੇ ਗਊ-ਹੱਤਿਆ ਨੂੰ ਬੰਦ ਕਰਨ ਦਾ ਸਪੱਸ਼ਟ ਮੰਤਵ ਮੌਜੂਦ ਸੀ। ਹੁਣ ਇਹ ਸਰਵ-ਵਿਦਿਤ (ਜਾਣੀ-ਪਛਾਣੀ ਗੱਲ) ਹੈ ਕਿ ਬਰਤਾਨਵੀ ਰਾਜ ਵਿੱਚ ਗਊ-ਹੱਤਿਆ ਦੀ ਆਗਿਆ ਹੈ ਅਤੇ ਜੇਕਰ ਕਦੀ ਸਿੱਖ ਸਰਕਾਰ ਸਾਡੇ ਉੱਤੇ ਭਾਰੂ ਹੋ ਜਾਵੇ ਤਾਂ ਉਸਦਾ ਪਹਿਲਾ ਕਦਮ ਗਊ-ਹੱਤਿਆ ਉੱਤੇ ਰੋਕ ਲਾਉਣਾ ਹੋਵੇਗਾ।" ਇੱਥੇ ਮੈਕਨਬ ਨੇ 1857 ਦੀ ਰੋਪੜ ਵਿਖੇ ਵਾਪਰੀ ਇੱਕ ਘਟਨਾ ਦਾ ਹਵਾਲਾ ਦਿੱਤਾ ਹੈ, "ਜਦੋਂ 1857

---

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 300-306



Sri Satguru Jagjit Singh Ji Elibrary NamdhariElibrary@gmail.com

ਵਿੱਚ ਦਿੱਲੀ ਦੇ ਕਤਲੇਆਮ ਬਾਰੇ ਰੋਪੜ ਵਿੱਖੇ ਇਹ ਖਬਰ ਪਹੁੰਚੀ ਕਿ ਅੰਗਰੇਜ਼ੀ ਰਾਜ ਦਾ ਖਾਤਮਾ ਹੋ ਗਿਆ ਹੈ ਤਾਂ ਬਾਜ਼ਾਰਾਂ ਵਿੱਚ ਇਹ ਮੁਨਾਦੀ ਕਰਵਾ ਦਿੱਤੀ ਗਈ ਕਿ ਗਊ-ਹੱਤਿਆ ਬੰਦ ਕਰ ਦਿੱਤੀ ਗਈ ਹੈ ਅਤੇ ਜਿਹੜਾ ਮੁੱਖ ਸਿੱਖ ਇਸ ਧੰਦੇ ਵਿੱਚ ਲੱਗਾ ਹੋਇਆ ਸੀ, ਉਸਨੂੰ ਤੁਰੰਤ ਫਾਹੇ ਲਾ ਦਿੱਤਾ ਗਿਆ ਸੀ। ਕੂਕਿਆਂ ਦੀ ਗਊ-ਹੱਤਿਆ ਨੂੰ ਬੰਦ ਕਰਨ ਦੀ ਇੱਛਾ ਵਿੱਚ ਇਹ ਗੱਲ ਭਲੀ ਪ੍ਰਕਾਰ ਪ੍ਰਗਟ ਹੈ ਕਿ ਇਹ ਸਿੱਖ ਰਾਜ ਨੂੰ ਸਥਾਪਿਤ ਕਰਨ ਲਈ ਪਹਿਲਾ ਮੁੱਖ ਕਦਮ ਹੋ ਸਕਦਾ ਸੀ। ਰਾਮ ਸਿੰਘ ਨੇ ਆਪਣੇ ਬਿਆਨਾਂ ਵਿੱਚ ਇਹ ਗੱਲ ਮੰਨੀ ਹੈ ਕਿ ਅੰਮ੍ਰਿਤਸਰ ਦੇ ਕਤਲਾਂ ਤੋਂ ਪਹਿਲਾਂ ਗੱਲਬਾਤ ਚੱਲਦੀ ਰਹੀ ਸੀ। ਜਦੋਂ ਅੰਮ੍ਰਿਤਸਰ ਦੇ ਕਤਲ ਹੋ ਗਏ ਤਾਂ ਰਾਏਕੋਟ ਦੇ ਕਤਲਾਂ ਬਾਰੇ ਉਸ ਤੋਂ ਪੁੱਛਿਆ ਗਿਆ, ਪਰ ਉਸਨੇ ਮਨਾ ਕਰ ਦਿੱਤਾ ਸੀ। ਜੇਕਰ ਇਸ ਕਥਨ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਗੁਰੂ ਰਾਮ ਸਿੰਘ ਲਈ ਇਹ ਜ਼ਰੂਰੀ ਸੀ ਕਿ ਉਹ ਹੋਰ ਖ਼ੂਨ ਖਰਾਬੇ ਨੂੰ ਰੋਕਣ ਲਈ ਇਸਦੀ ਸਰਕਾਰ ਨੂੰ ਇਤਲਾਹ ਦਿੰਦਾ। ਉਸਨੇ ਅੰਮ੍ਰਿਤਸਰ ਦੇ ਕਤਲਾਂ ਬਾਰੇ ਮਨਾ ਕੀਤਾ ਸੀ, ਪਰ ਫਿਰ ਵੀ ਉਹ ਕਤਲ ਕਰ ਦਿੱਤੇ ਗਏ ਸਨ। ਮੇਰੇ ਮਨ ਵਿੱਚ ਇਸ ਬਾਰੇ ਕੋਈ ਸ਼ੰਕਾ ਨਹੀਂ ਹੈ ਕਿ ਰਾਮ ਸਿੰਘ ਨੂੰ ਆਪਣੇ ਪੈਰੋਕਾਰਾਂ ਦੇ ਗਊ-ਹੱਤਿਆ ਬੰਦ ਕਰਨ ਦੇ ਇਰਾਦਿਆਂ ਬਾਰੇ ਪੂਰੀ ਜਾਣਕਾਰੀ ਸੀ। ਉਸਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਸੀ ਕਿ ਅਜਿਹੀ ਕਾਰਵਾਈ ਅੰਗਰੇਜ਼ ਸਰਕਾਰ ਦੇ ਹੁਕਮਾਂ ਦੀ ਅਵਗਿਆ ਕਰਨ ਦੇ ਤੁਲ ਸੀ।"

2. ਕੂਕਿਆਂ ਵੱਲੋਂ ਕੀਤੇ ਗਏ ਇਸ ਵਿਦਰੋਹ ਦੇ ਪ੍ਰਮਾਣ :- "ਐਕਸਟਰਾ ਅਸਿਸਟੈਂਟ ਕਮਿਸ਼ਨਰ ਨਾਰਾਇਣ ਸਿੰਘ ਵੱਲੋਂ ਇੰਸਪੈਕਟਰ ਜਨਰਲ ਨੂੰ ਲਿਖਤੀ ਰੂਪ ਵਿੱਚ ਅਤੇ ਮੈਨੂੰ ਮੌਖਿਕ ਰੂਪ ਵਿੱਚ ਸਮੇਂ-ਸਮੇਂ ਸਿਰ ਬਾਗੀ ਕਾਰਵਾਈਆਂ ਬਾਰੇ ਸੂਚਨਾ ਦਿੱਤੀ ਜਾਂਦੀ ਰਹੀ ਹੈ। ਪਟਿਆਲੇ ਦੇ ਵਕੀਲ ਵੱਲੋਂ ਵੀ ਇਹ ਖ਼ਬਰ ਮਿਲੀ ਸੀ ਕਿ ਸਕਰੌਦੀ ਦੇ 23 ਆਦਮੀਆਂ ਨੇ ਆਪਣੀਆਂ ਜ਼ਮੀਨਾਂ ਤੇ ਜ਼ਾਇਦਾਦ ਵੇਚ ਕੇ ਆਪਣੇ ਗੁਰੂ ਦੀ ਸੇਵਾ ਵਿੱਚ ਜਾਣ ਦਾ ਫ਼ੈਸਲਾ ਕੀਤਾ ਹੈ।"

"ਜੀਂਦ ਦੇ ਵਕੀਲ ਨੇ ਵੀ ਦੇਵਾ ਸਿੰਘ ਨਾਂ ਦੇ ਵਿਅਕਤੀ ਦੇ ਬਿਆਨ ਦਾ ਹਵਾਲਾ ਦਿੱਤਾ ਹੈ, ਜਿਸਨੇ ਕਿਹਾ ਸੀ ਕਿ ਉਹ ਆਪਣੀ ਜ਼ਮੀਨ ਜ਼ਾਇਦਾਦ ਵੇਚ ਕੇ ਆਪਣੇ ਗੁਰੂ ਕੋਲ ਜਾ ਰਿਹਾ ਹੈ। ਉਸਦਾ ਇਹ ਵੀ ਕਹਿਣਾ ਸੀ ਕਿ ਅਗਲੇ ਅਪਰੈਲ (ਚੇਤ) ਵਿੱਚ ਗੜਬੜ ਹੋ ਜਾਣੀ ਹੈ।

ਹੋਰਨਾਂ ਆਦਮੀਆਂ ਦੇ ਜ਼ਾਇਦਾਦਾਂ ਵੇਚ ਕੇ ਆਪਣੇ ਗੁਰੂ ਦੀ ਸ਼ਰਨ ਵਿੱਚ ਜਾਣ ਦੇ ਹਵਾਲੇ ਪਟਿਆਲੇ ਦੇ ਵਕੀਲ ਅਤੇ ਕਾਵਨ ਵੱਲੋਂ ਦਿੱਤੀਆਂ ਗਈਆਂ ਖ਼ਬਰਾਂ ਵਿੱਚ ਮਿਲਦੇ ਹਨ।

ਭੈਣੀ ਦੇ ਲੰਬਰਦਾਰ ਅਨੁਸਾਰ ਕੂਕਿਆਂ ਦੇ ਦੀਵਾਨਾਂ ਵਿੱਚ ਬਿਨਾਂ ਕਿਸੇ ਲੁਕਾ-



Sri Satguru Jagjit Singh Ji Elibrary NamdhariElibrary@gmail.com

ਛਿਪਾ ਦੇ ਆਪਣੇ ਇਰਾਦਿਆਂ ਬਾਰੇ ਖੁੱਲ੍ਹਾ ਪ੍ਰਗਟਾਅ ਕਰ ਦਿੱਤਾ ਜਾਂਦਾ ਹੈ।

ਰਾਏਕੋਟ ਦੇ ਕਤਲ ਦੇ ਮੁਕੱਦਮਿਆਂ ਵਿੱਚ ਗਿਆਨੀ ਸਿੰਘ ਦੇ ਬਿਆਨ ਵਿੱਚ ਮਹੱਤਵਪੂਰਨ ਸਬੂਤ ਮੌਜੂਦ ਹਨ। ਉਸਦਾ ਬਿਆਨ ਸੀ ਕਿ, "ਕੂਕਿਆਂ ਵਿੱਚੋਂ ਮਸਤਾਨਿਆਂ ਦਾ ਇਹ ਵਿਸ਼ਵਾਸ ਹੈ ਕਿ ਛੇਤੀ ਹੀ ਦੇਸ਼ ਉੱਤੇ ਉਨ੍ਹਾਂ ਦਾ ਰਾਜ ਹੋ ਜਾਵੇਗਾ। ਉਸਦੇ ਹੀ ਬਿਆਨਾਂ ਅਨੁਸਾਰ, "ਸੂਬਾ ਬਿਸ਼ਨ ਸਿੰਘ ਕਾਬਲ ਵਿੱਚ, ਨਰਾਇਣ ਸਿੰਘ ਗਵਾਲੀਅਰ ਵਿੱਚ, ਕਾਹਨ ਸਿੰਘ ਬਨਾਰਸ ਵਿੱਚ ਨਵੇਂ ਕੂਕੇ ਬਣਾ ਰਹੇ ਹਨ ਅਤੇ ਨਿਹੰਗ (ਕਾਹਨ) ਸਿੰਘ ਅਤੇ ਸਾਹਿਬ ਸਿੰਘ ਨੇਪਾਲ ਵਿੱਚ ਗੱਲਬਾਤ ਕਰਕੇ ਆਏ ਹਨ। ਹੇਮਾ ਸਿੰਘ ਕਸ਼ਮੀਰ ਵਿੱਚ ਪ੍ਰਚਾਰ ਕਰ ਰਿਹਾ ਹੈ। ਦੇਸੀ ਫ਼ੌਜਾਂ ਵਿੱਚ ਵੀ ਕਾਫ਼ੀ ਗਿਣਤੀ ਵਿੱਚ ਕੂਕੇ ਹਨ। ਹਜ਼ਾਰਾਂ ਕੂਕੇ ਅੰਗਰੇਜ਼ੀ ਸੈਨਾ ਵਿੱਚ ਵੀ ਭਰਤੀ ਹਨ। ਸੂਬਾ ਜਵਾਹਰ ਸਿੰਘ ਨੇ ਇਹ ਆਦੇਸ਼ ਜਾਰੀ ਕੀਤਾ ਹੈ ਕਿ ਫ਼ੌਜਾਂ ਵਿੱਚ ਕੂਕਿਆਂ ਦੀ ਗਿਣਤੀ ਬਾਰੇ ਕੋਈ ਗੱਲ ਪ੍ਰਗਟ ਨਾ ਕੀਤੀ ਜਾਵੇ। ਜੰਮੂ ਅਤੇ ਨੇਪਾਲ ਦੇ ਹਾਕਮਾਂ ਵੱਲੋਂ ਗੁਰੂ ਰਾਮ ਸਿੰਘ ਨੂੰ ਪੱਤਰ ਅਤੇ ਸੰਦੇਸ਼ੇ ਮਿਲਦੇ ਹੀ ਰਹਿੰਦੇ ਹਨ।"

"ਇਹ ਖਿਆਲ ਆਮ ਹੈ ਕਿ ਅਪਰੈਲ (ਚੇਤ) ਵਿੱਚ ਬਗਾਵਤ ਹੋਵੇਗੀ। ਪਰ ਇਹ ਸਪੱਸ਼ਟ ਹੀ ਹੈ ਕਿ ਇਹ ਮਸਲਾ ਕਾਹਲੀ ਕਰਨ ਨਾਲ ਛੇਤੀ ਭੱਖ ਗਿਆ ਸੀ। ਹੇਠਲੇ ਪ੍ਰਮਾਣਾਂ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ 11 ਤੋਂ 13 ਜਨਵਰੀ ਦੇ ਵਿਚਕਾਰ ਭੈਣੀ ਵਿਖੇ ਹੀ ਮਸਤਾਨਾ ਦਲ ਵੱਲੋਂ ਇਹ ਮਤਾ ਪਕਾਇਆ ਗਿਆ ਕਿ ਉਹ ਗਿਆਨੀ ਸਿੰਘ ਦਾ ਬਦਲਾ ਲੈਣ ਲਈ ਮਲੇਰਕੋਟਲੇ ਦੇ ਬੁੱਚੜਾਂ ਨੂੰ ਇਕਦਮ ਕਤਲ ਕਰਕੇ ਦਮ ਲੈਣਗੇ ਅਤੇ ਉਥੋਂ ਮਿਲੇ ਹਥਿਆਰਾਂ ਨੂੰ ਵੀ ਕਬਜ਼ੇ ਵਿੱਚ ਲੈ ਲੈਣਗੇ। ਇਹ ਪੁੱਛਿਆ ਜਾਂ ਸਕਦਾ ਹੈ ਕਿ ਉਨ੍ਹਾਂ ਨੂੰ ਹਥਿਆਰ ਕਿਸ ਮੰਤਵ ਲਈ ਚਾਹੀਦੇ ਸਨ? ਅੱਧੀ ਰਾਤ ਨੂੰ ਹਮਲਾ ਕਰਨ ਲਈ ਇਨ੍ਹਾਂ ਮਸਤਾਨਿਆਂ ਕੋਲ ਕਾਫ਼ੀ ਹਥਿਆਰ, ਕੁਹਾੜੀਆਂ ਅਤੇ ਗੰਡਾਸੇ ਆਦਿ ਸਨ। ਫਿਰ ਇਨ੍ਹਾਂ ਨੂੰ ਹੋਰ ਹਥਿਆਰ ਕਿਸ ਮਨੋਰਥ ਲਈ ਚਾਹੀਦੇ ਸਨ।"

"ਮੈਕਨਬ ਨੇ ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ, ਮਿਹਰ ਸਿੰਘ, ਅਲਬੇਲ ਸਿੰਘ, ਭਗਤ ਸਿੰਘ ਆਦਿ ਗੁਆਹਾਂ ਦੇ ਬਿਆਨਾਂ ਦੇ ਆਧਾਰ ਤੇ ਇਹ ਗੱਲ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗਿਆਨੀ ਸਿੰਘ ਦਾ ਬਦਲਾ ਲੈਣ ਲਈ ਉਹ ਮਲੇਰਕੋਟਲੇ ਦੇ ਬੁੱਚੜਾਂ ਉੱਤੇ ਹਮਲਾ ਕਰਨ ਜਾ ਰਹੇ ਹਨ। ਉਥੋਂ ਉਨ੍ਹਾਂ ਨੂੰ ਹੋਰ ਹਥਿਆਰ ਵੀ ਮਿਲ ਜਾਣਗੇ। ਪਰ ਕਿਸ ਉਦੇਸ਼ ਲਈ? ਇਸ ਬਾਰੇ ਇੱਕ ਹੋਰ ਗੁਆਹ ਕਹਿੰਦਾ ਹੈ ਕਿ ਇਸ ਬਾਰੇ ਉਹ ਪਿਛੋਂ ਜਾ ਕੇ ਦਸਣਗੇ। ਇੱਕ ਹੋਰ ਗੁਆਹ ਨੇ ਇਹ ਬਿਆਨ ਦਿੱਤਾ ਕਿ ਸੂਬਾ ਲੱਖਾ ਸਿੰਘ ਅਤੇ ਹਰਨਾਮ ਸਿੰਘ ਨੇ ਮਸਤਾਨਿਆਂ ਕੋਲ ਆ ਕੇ ਇਹ ਗੱਲ ਆਖੀ ਕਿ ਅਸੀਂ ਵੀ ਤੁਹਾਡਾ ਪਿਛਾ ਕਰਾਂਗੇ। ਗਿਆਨ ਸਿੰਘ ਦਾ



Sri Satguru Jagjit Singh Ji Elibrary NamdhariElibrary@gmail.com

ਬਿਆਨ ਸੀ ਕਿ, "ਹੀਰਾ ਸਿੰਘ ਨੇ ਮੈਨੂੰ ਕਿਹਾ ਕਿ ਤੁਸੀਂ ਸਾਡੇ ਨਾਲ ਕੋਟਲੇ ਚੱਲੋ ਉਥੋਂ ਉਨ੍ਹਾਂ ਨੂੰ ਹਥਿਆਰ ਤੇ ਘੋੜੇ ਮਿਲ ਜਾਣਗੇ। ਉਹ ਕਹਿ ਰਹੇ ਸਨ ਕਿ (ਪਹਿਲਾ ਉਹ ਕੋਟਲੇ ਨੂੰ ਲੁਟਣਗੇ, ਫਿਰ ਸੰਗਰੂਰ, ਨਾਭੇ ਅਤੇ ਪਟਿਆਲੇ ਜਾਣਗੇ)। ਲਹਿਣਾ ਸਿੰਘ ਨੇ ਕਿਹਾ ਸੀ ਕਿ, "ਉਹ ਨਾਭਾ, ਪਟਿਆਲਾ ਅਤੇ ਦਿੱਲੀ ਤੋਂ ਹੋ ਕੇ ਆਇਆ ਹੈ। ਸਾਰੀ ਅੰਗਰੇਜ਼ੀ ਫ਼ੌਜ ਦਿੱਲੀ ਵਿੱਚ ਹੈ। ਮਹਾਰਾਜਾ (ਪਟਿਆਲੇ ਵੱਲ ਵੀ ਸੰਕੇਤ ਹੈ) ਉੱਥੇ ਹੈ। ਸਾਰਾ ਦੇਸ਼ ਸੁੰਨਾ ਪਿਆ ਹੈ ਅਤੇ ਇਹ ਬੜਾ ਢੁੱਕਵਾਂ ਮੌਕਾ ਹੈ।"

ਮਿਹਰ ਸਿੰਘ ਦਾ ਬਿਆਨ ਸੀ ਕਿ "ਲਹਿਣਾ ਸਿੰਘ ਆਖ ਰਿਹਾ ਸੀ ਕਿ ਜਦੋਂ ਸਾਡੇ ਕਬਜ਼ੇ ਵਿੱਚ ਹਥਿਆਰ ਆ ਜਾਣਗੇ ਤਾਂ ਸਾਰੇ ਸੱਚੇ ਸਿੱਖਾਂ ਨੂੰ ਆ ਕੇ ਸਾਡੇ ਨਾਲ ਰਲ ਜਾਣਾ ਚਾਹੀਦਾ ਹੈ। ਉਸਨੇ ਇਹ ਵੀ ਕਿਹਾ ਸੀ ਕਿ ਆਪਣੀ ਸਾਰੀ ਯੋਜਨਾ ਬਾਰੇ ਉਹ ਕੋਟਲੇ ਉੱਤੇ ਕਬਜ਼ਾ ਕਰਨ ਪਿਛੋਂ ਹੀ ਦਸਣਗੇ।"

ਅਲਬੇਲ ਸਿੰਘ ਦਾ ਬਿਆਨ ਸੀ ਕਿ, "ਹੀਰਾ ਸਿੰਘ ਕਹਿ ਰਿਹਾ ਸੀ ਕਿ ਸਾਡੇ ਨਾਲ ਮਲੌਦ ਤੱਕ ਚੱਲੋ, ਉਥੋਂ ਸ਼ਸਤਰ ਲੈ ਕੇ ਅਸੀਂ ਪਸ਼ੂਆਂ ਦੇ ਕਾਤਲਾਂ ਨੂੰ ਸੋਧਣ ਲਈ ਹਥਿਆਰ ਦੇਵਾਂਗੇ।"

ਭਗਤ ਸਿੰਘ ਦਾ ਬਿਆਨ ਸੀ ਕਿ, "ਮੈਂ ਮਾਘੀ ਦੇ ਮੇਲੇ ਤੇ ਭੈਣੀ ਗਿਆ। ਹੀਰਾ ਸਿੰਘ ਅਤੇ ਲਹਿਣਾ ਸਿੰਘ ਗਊ-ਹੱਤਿਆ ਵਿਰੁੱਧ ਪ੍ਰਚਾਰ ਕਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਅਸੀਂ ਕੋਟਲੇ ਗਊਆਂ ਦੇ ਕਾਤਲਾਂ ਨੂੰ ਹੀ ਸੋਧਣ ਜਾ ਰਹੇ ਹਾਂ। ਰਾਮ ਸਿੰਘ ਜੀ ਉੱਥੇ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਇੱਥੇ ਗੜਬੜ ਨਾ ਕਰੋ। ਲੰਗਰ ਛੱਕ ਕੇ ਘਰੋ ਘਰੀ ਚੱਲੇ ਜਾਉ।"

ਡਿਪਟੀ ਕਮਿਸ਼ਨਰ ਕਾਵਨ ਦੇ ਮਲੇਰਕੋਟਲੇ ਤੋਂ ਨਾਲ ਲਿਆਂਦੇ ਪੂਰਨ ਨਾਥ ਨੇ 19 ਜਨਵਰੀ ਨੂੰ ਮਲੌਦ ਵਿਖੇ ਇਹ ਬਿਆਨ ਦਿੱਤਾ ਕਿ ਕੋਟਲੇ ਉੱਤੇ ਹੱਲਾ ਕਰਨ ਪਿਛੋਂ ਕਈ ਲੋਕ ਇਕੱਠੇ ਹੋ ਗਏ ਹਨ ਅਤੇ ਉਹ ਕਹਿ ਰਹੇ ਸਨ ਕਿ ਅੱਜ ਦੇ ਦਿਹਾੜੇ ਤਾਂ ਅਸੀਂ ਏਥੇ ਹਾਂ ਅਤੇ ਅਗੋਂ ਜੋ ਪ੍ਰਭੂ ਦਾ ਹੁਕਮ ਹੋਵੇਗਾ।

ਇਸ ਸੰਬੰਧ ਵਿੱਚ ਕਰਨਲ ਬੇਲੀ ਅਤੇ ਹੋਰਨਾਂ ਰਾਹੀਂ ਵੀ ਕਈ ਹੋਰ ਗੁਆਹੀਆਂ ਮੌਜੂਦ ਹਨ, ਜਿਨ੍ਹਾਂ ਤੋਂ ਇਸ ਬਗਾਵਤ ਦੇ ਸ਼ੁਰੂ ਹੋਣ ਬਾਰੇ ਉਪਰਲੇ ਹਵਾਲਿਆਂ ਦੀ ਹੀ ਪੁਸ਼ਟੀ ਹੁੰਦੀ ਹੈ।

ਬਿਨਾਂ ਸ਼ੱਕ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਗੁਆਹਾਂ ਦੇ ਬਿਆਨਾਂ ਤੋਂ, ਜੋ ਕਰਨਲ ਬੇਲੀ ਨੇ ਵੀ ਲਏ ਹਨ, ਇਹ ਸਿੱਧ ਹੋ ਸਕਦਾ ਹੈ ਕਿ ਭੈਣੀ ਵਿਖੇ ਹੀ ਇਸ ਵਿਰੋਧੀ ਪ੍ਰਦਰਸ਼ਨ (ਬਗਾਵਤ) ਦਾ ਫ਼ੈਸਲਾ ਕਰ ਲਿਆ ਗਿਆ ਸੀ, ਜਿਸਨੂੰ ਕਿ ਲਹਿਣਾ ਸਿੰਘ, ਹੀਰਾ ਸਿੰਘ ਅਤੇ ਉਸਦੇ ਜੱਥੇ ਨੇ ਸ਼ੁਰੂ ਕਰਨਾ ਸੀ ਅਤੇ ਲੱਖਾ ਸਿੰਘ ਨੇ ਕੇਵਲ ਇਸਦੀ ਪ੍ਰਵਾਨਗੀ ਹੀ ਨਹੀਂ ਸੀ ਦਿੱਤੀ, ਸਗੋਂ ਇਨ੍ਹਾਂ ਨਾਲ ਸ਼ਾਮਿਲ ਹੋਣ ਦੀ ਵੀ ਸਹਿਮਤੀ ਪ੍ਰਗਟਾਈ ਸੀ। ਮੈਂ ਆਪਣਾ ਧਿਆਨ ਮਿ: ਕਾਵਨ ਦੇ 31



Sri Satguru Jagjit Singh Ji Elibrary NamdhariElibrary@gmail.com

ਜਨਵਰੀ ਦੇ ਪੱਤਰ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ। ਇਸ ਸੰਬੰਧੀ ਹੋਰ ਪ੍ਰਮਾਣ ਵੀ ਇਕੱਤਰ ਕੀਤੇ ਜਾ ਸਕਦੇ ਹਨ, ਪਰ ਜਿਹੜੇ ਸਬੂਤ ਇੱਥੇ ਪੇਸ਼ ਕੀਤੇ ਗਏ ਹਨ, ਇਸ ਬਗਾਵਤ ਦੇ ਅਸਲੀ ਸਰੂਪ ਬਾਰੇ ਜਾਣਕਾਰੀ ਦੇਣ ਲਈ ਕਾਫ਼ੀ ਹਨ, ਜਿਸਨੂੰ ਕੋਟਲੇ ਦੀ ਕਾਰਵਾਈ ਦੁਆਰਾ ਰੋਕ ਲਿਆ ਗਿਆ ਹੈ।"

ਮੈਕਨਬ ਦੇ ਉਪਰੋਕਤ ਪੱਤਰ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿੱਚ ਸਰਕਾਰੀ ਨੀਤੀ ਨੂੰ ਹੀ ਦੁਹਰਾਇਆ ਗਿਆ ਹੈ ਅਤੇ ਲੁਕਵੇਂ ਢੰਗ ਨਾਲ ਉਹ ਡੀ.ਸੀ.ਐਲ. ਕਾਵਨ ਅਤੇ ਕਮਿਸ਼ਨਰ ਟੀ.ਡੀ. ਫੋਰਸਾਈਥ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਦੀ ਪ੍ਰੋੜਤਾ ਹੀ ਕਰ ਰਿਹਾ ਹੈ। ਜਿਸ ਕੂਕਾ ਵਿਦਰੋਹ ਦੇ ਫੈਲਣ ਬਾਰੇ ਇਸ ਪੱਤਰ ਵਿੱਚ ਸੰਕੇਤ ਕੀਤਾ ਗਿਆ ਹੈ, ਉਹ ਨਾਮਧਾਰੀ ਸਰੋਤਾਂ ਅਨੁਸਾਰ ਫਰਵਾਹੀ ਦੇ ਨੰਬਰਦਾਰ ਗੁਰਮੁਖ ਸਿੰਘ ਵੱਲੋਂ ਮਲੇਰਕੋਟਲਾ ਵਿਖੇ ਕੀਤੀ ਗਈ ਬੈਲ ਦੀ ਹੱਤਿਆ ਦੇ ਪ੍ਰਤੀਕਰਮ ਵਜੋਂ ਹੀ ਮਸਤਾਨਾ ਦੱਲ ਵੱਲੋਂ ਵੱਡੇ ਰੋਹ ਦਾ ਰੂਪ ਧਾਰਨ ਕਰ ਗਿਆ ਸੀ। ਗਿਆਨਾ ਸਿੰਘ ਦੀ ਸ਼ਹੀਦੀ ਜਾਂ ਫਾਂਸੀ ਚੜ੍ਹਾਏ ਜਾਣ ਦੀ ਘਟਨਾ ਨੇ ਵੀ ਇਸ ਰੋਸ ਦੀ ਲਹਿਰ ਵਿੱਚ ਵਾਧਾ ਕੀਤਾ, ਪਰ ਸਤਿਗੁਰੂ ਰਾਮ ਸਿੰਘ ਜੀ ਦਾ ਇਸ ਕਾਰਵਾਈ ਲਈ ਪ੍ਰਵਾਨਗੀ ਦੇਣ ਤੋਂ ਸੰਕੋਚ ਕਰਨਾ, ਇਹ ਸਿੱਧ ਕਰਦਾ ਹੈ ਕਿ ਜੇਕਰ ਕਿਸੇ ਵਿਦਰੋਹ ਦੇ ਕੂਕਿਆਂ ਵੱਲੋਂ ਛੇੜਨ ਦੀ ਸੰਭਾਵਨਾ ਵੀ ਸੀ ਤਾਂ ਇਹ ਕਿਸੇ ਖਾੜਕੂ ਕਾਰਵਾਈ ਲਈ ਢੁੱਕਵਾਂ ਸਮਾਂ ਨਹੀਂ ਸੀ। ਬਿਨਾਂ ਵਿਆਪਕ ਅਤੇ ਠੋਸ ਤਿਆਰੀ ਤੋਂ ਅਜਿਹੇ ਸੰਗਰਾਮ ਸਫ਼ਲ ਨਹੀਂ ਹੋ ਸਕਦੇ। ਫਿਰ ਉਸ ਸਮੇਂ ਦੀ ਸ਼ਕਤੀਸ਼ਾਲੀ ਅੰਗਰੇਜ਼ ਸਰਕਾਰ, ਜੋ ਸੈਨਿਕ ਸ਼ਕਤੀ ਦੇ ਨਾਲ-ਨਾਲ ਪ੍ਰਬੰਧਕੀ ਮਾਮਲਿਆਂ ਵਿੱਚ ਵੀ ਬੜੀ ਨਿਪੁੰਨ ਸੀ, ਵਿਰੁੱਧ ਹਥਿਆਰਬੰਦ ਬਗਾਵਤ ਦਾ ਸਿਰੇ ਚੜ੍ਹਨਾ ਬੜਾ ਕਠਿਨ ਸੀ। ਇਸਦੇ ਉਲਟ ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜਾ ਵਿਦੇਸ਼ੀ ਸਰਕਾਰ ਵਿਰੁੱਧ ਨਾ-ਮਿਲਵਰਤਣ ਦਾ ਸ਼ਾਂਤਮਈ ਸਤਿਆਗ੍ਰਹਿ ਦਾ ਮਾਰਗ ਸੁਝਾਇਆ ਸੀ, ਉਹ ਅੰਗਰੇਜ਼ ਸਰਕਾਰ ਦੇ ਪੈਰ ਉਖਾੜਨ ਲਈ ਲੰਬਾ ਰਾਹ ਹੋਣ ਦੇ ਬਾਵਜੂਦ ਬੜਾ ਸ਼ਕਤੀਸ਼ਾਲੀ ਸਿੱਧ ਹੋਇਆ। 50 ਸਾਲ ਪਿਛੋਂ ਆਜ਼ਾਦੀ ਸੰਗਰਾਮ ਦੇ ਉਸੇ ਮਾਰਗ ਨੂੰ ਹੀ ਇੰਡੀਅਨ ਨੈਸ਼ਨਲ ਕਾਂਗਰਸ ਵਰਗੇ ਪ੍ਰਮੁੱਖ ਰਾਸ਼ਟਰੀ ਦਲ ਨੇ ਅਪਣਾਇਆ। ਇਸ ਉਤੇਜਨਾ ਭਰਪੂਰ ਕਾਰਵਾਈ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਆਦੇਸ਼ਾਂ ਦੀ ਅਵਗਿਆ ਕਰਕੇ ਮਸਤਾਨਾ ਦਲ ਵੱਲੋਂ ਜਜ਼ਬਾਤੀ ਕਾਰਵਾਈ ਕਰਨ ਨਾਲ ਸਮੁੱਚੇ ਕੂਕਾ ਅੰਦੋਲਨ ਨੂੰ ਬੜਾ ਵੱਡਾ ਧੱਕਾ ਲੱਗਾ। ਫਲਸਰੂਪ ਕੂਕਾ ਲਹਿਰ ਦੀਆਂ ਨਿਯਮਿਤ ਧਾਰਮਿਕ ਅਤੇ ਸਮਾਜਿਕ ਕਾਰਵਾਈਆਂ ਵੀ ਕਾਫ਼ੀ ਲੰਬੇ ਸਮੇਂ ਲਈ ਰੁਕ ਗਈਆਂ ਅਤੇ ਸਰਕਾਰੀ ਦਬਾਅ ਹੇਠ ਰਹੀਆਂ। ਪਰ ਸਤਿਗੁਰੂ



Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਜੀ ਵੱਲੋਂ ਜਗਾਈ ਗਈ ਆਜ਼ਾਦੀ ਦੀ ਜੋਤ ਵਿਦੇਸ਼ੀ ਸਰਕਾਰ ਦੇ ਕਠੋਰ ਦਮਨ ਚੱਕਰ ਅਤੇ ਤਸ਼ੱਦਦ ਦੇ ਹੁੰਦਿਆ ਹੋਇਆਂ ਵੀ ਨਾ ਬੁਝ ਸਕੀ। ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਲੰਮੇ ਇਤਿਹਾਸ ਵਿੱਚ ਇਹ ਸਥਾਈ ਪ੍ਰੇਰਨਾ ਨੂੰ ਜਗਾਈ ਰੱਖਣ ਦਾ ਕਾਰਨ ਸਿੱਧ ਹੋਈ।

**ਦੇਸੀ ਰਿਆਸਤਾਂ ਦੇ ਹੁਕਮਰਾਨ ਕੂਕਿਆਂ ਦੇ ਅੰਗਰੇਜ਼ਾਂ ਤੋਂ ਵੀ ਵੱਧ ਵੈਰੀ**

ਕੂਕਾ ਦਸਤਾਵੇਜ਼ਾਂ ਵਿੱਚ ਪੰਨਾ 319-321 ਤੱਕ ਪਟਿਆਲੇ ਦੇ ਮਹਾਰਾਜਾ ਮਹਿੰਦਰ ਸਿੰਘ ਦਾ 12 ਫਰਵਰੀ, 1872 ਦਾ ਐਲ.ਐਚ. ਗ੍ਰਿਫਿਨ ਕਾਰਜਕਾਰੀ ਸਕੱਤਰ ਪੰਜਾਬ ਸਰਕਾਰ ਨੂੰ ਲਿਖਿਆ ਗਿਆ ਇੱਕ ਲੰਮਾ ਚੌੜਾ [1*]ਪੱਤਰ ਦਰਜ ਹੈ, ਜਿਸ ਵਿੱਚ ਉਸਨੇ ਕੂਕਿਆਂ ਦੀਆਂ ਉਸ ਸਮੇਂ ਦੀਆਂ ਸਰਗਰਮੀਆਂ ਅਤੇ ਅੰਗਰੇਜ਼ੀ ਸਰਕਾਰ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਆਪਣੀਆਂ ਟਿੱਪਣੀਆਂ ਦਿੱਤੀਆਂ ਹਨ। ਇੱਥੇ ਇਹ ਦੱਸ ਦੇਣਾ ਬੜਾ ਜ਼ਰੂਰੀ ਹੈ ਕਿ ਸ: ਮਹਿੰਦਰ ਸਿੰਘ ਅੰਗਰੇਜ਼ ਸਰਕਾਰ ਦੇ ਉੱਚ ਅਧਿਕਾਰੀਆਂ ਦੇ ਬੜਾ ਨੇੜੇ ਸੀ। ਇਸ ਤੋਂ ਬਿਨਾਂ ਉਹ ਅੰਗਰੇਜ਼ੀ ਸਰਕਾਰ ਦਾ ਵੱਡਾ ਖ਼ੈਰਖਾਹ ਅਤੇ ਕੂਕਿਆਂ ਦਾ ਕਟੜ ਦੁਸ਼ਮਣ ਸੀ। ਉਸਦੇ ਇਸ ਪੱਤਰ ਨੂੰ ਪੜ੍ਹ ਕੇ ਜੇਕਰ ਉਸਨੂੰ ਦੇਸੀ ਅੰਗਰੇਜ਼ ਕਹਿ ਦਿੱਤਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂ ਜੋ ਇਸ ਪੱਤਰ ਵਿੱਚ ਉਸਨੇ ਰੱਜ ਕੇ ਕੂਕਿਆਂ ਵਿਰੁੱਧ ਜ਼ਹਿਰ ਉਗਲਿਆ ਹੈ ਅਤੇ ਕੂਕਾ ਲਹਿਰ ਨੂੰ ਠੱਲ੍ਹ ਪਾਉਣ ਲਈ ਅੰਗਰੇਜ਼ੀ ਅਧਿਕਾਰੀਆਂ ਵਰਗੇ ਸੁਝਾਅ ਹੀ ਨਹੀਂ ਦਿੱਤੇ, ਸਗੋਂ ਕੂਕਿਆਂ ਵਿਰੁੱਧ ਉਨ੍ਹਾਂ ਨਾਲੋਂ ਵੀ ਅੱਗੇ ਕਦਮ ਪੁੱਟਣ ਦੀ ਵਕਾਲਤ ਕੀਤੀ ਹੈ। ਦੇਸੀ ਰਜਵਾੜੇ ਅਤੇ ਮਹਾਰਾਜੇ ਅੰਗਰੇਜ਼ੀ ਰਾਜ ਦੇ ਸੱਜੇ ਹੱਥ ਅਤੇ ਮੁੱਛ ਦਾ ਵਾਲ ਬਣੇ ਹੋਏ ਸਨ। ਹਵਾਲਾ ਅਧੀਨ ਪੱਤਰ ਦੇ ਕੁਝ ਜ਼ਰੂਰੀ ਅੰਸ਼ ਹੀ ਪੇਸ਼ ਕਰਨੇ ਕਾਫ਼ੀ ਹੋਣਗੇ। ਉਹ ਐਲ.ਐਚ. ਗ੍ਰਿਫਿਨ ਨੂੰ ਲਿਖਦਾ ਹੈ ਕਿ, "ਆਪ ਜੀ ਦੇ ਪੁੱਛਣ ਉੱਤੇ ਅਤੇ ਲੈਫਟੀਨੈਂਟ ਗਵਰਨਰ ਸਾਹਿਬ ਦੀ ਜਾਣਕਾਰੀ ਲਈ ਮੈਂ ਥੋੜ੍ਹਾ ਚਿਰ ਪਹਿਲਾਂ ਹੋਈ ਕੂਕਾ ਬਗਾਵਤ ਬਾਰੇ ਕੁਝ ਵਿਸ਼ੇਸ਼ ਪੜਤਾਲ ਕਰਨ ਪਿਛੋਂ ਜਿਸ ਨਤੀਜੇ 'ਤੇ ਪੁੱਜਾ ਹਾਂ, ਉਹ ਹਾਜ਼ਰ ਹੈ।"

[1*]"ਬਹੁਤ ਸਾਰੇ ਇਕੱਤਰ ਕੀਤੇ ਗਏ ਪ੍ਰਮਾਣਾਂ ਤੋਂ ਪੱਤਾ ਲੱਗਦਾ ਹੈ ਕਿ ਰਾਮ ਸਿੰਘ ਦਾ ਅਸਲੀ ਮਨੋਰਥ ਤੇ ਭਾਵਨਾ ਧਾਰਮਿਕ ਪਰਦੇ ਥੱਲੇ ਪ੍ਰਭੁਤਾ ਪ੍ਰਾਪਤ ਕਰਨਾ ਹੀ ਸੀ। ਉਹ ਆਪਣੀਆਂ ਚਤੁਰ ਚਲਾਕ ਭਾਵਨਾਵਾਂ ਨੂੰ ਆਪਣੇ ਘੱਟ ਸੂਝ ਰੱਖਣ ਵਾਲੇ ਅਤੇ ਵਹਿਮਾਂ-ਭਰਮਾਂ ਵਿੱਚ ਗ੍ਰਸੇ ਪੈਰੋਕਾਰਾਂ ਦੇ ਮਨਾਂ ਵਿੱਚ ਕਪਟੀ ਢੰਗ ਨਾਲ ਇਹ ਗੱਲ ਬਿਠਾ ਰਿਹਾ ਸੀ ਕਿ ਉਨ੍ਹਾਂ ਦਾ ਫਿਰਕਾ ਬੜੀ ਛੇਤੀ

---

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 319-321



Sri Satguru Jagjit Singh Ji Elibrary NamdhariElibrary@gmail.com

ਤਾਕਤ ਵਿੱਚ ਆ ਜਾਵੇਗਾ ਅਤੇ ਹਰ ਥਾਂ ਸਰਕਾਰ ਦੀ ਵਾਗਡੋਰ ਉਨ੍ਹਾਂ ਦੇ ਹੱਥਾਂ ਵਿੱਚ ਆ ਜਾਵੇਗੀ। ਉਹ ਉਨ੍ਹਾਂ ਦੇ ਮਨਾਂ ਵਿੱਚ ਇਸ ਬੇਹੂਦਾ ਵਿਚਾਰ ਨੂੰ ਪੱਕੇ ਵਿਸ਼ਵਾਸਾਂ ਦੀ ਨਿਆਈਂ ਬਿਠਾ ਰਹੀ ਸੀ ਤਾਂ ਜੋ ਉਨ੍ਹਾਂ ਦੇ ਮਨਾਂ ਵਿੱਚ ਇੱਕ ਤਰ੍ਹਾਂ ਦਾ ਜੋਸ਼ ਅਤੇ ਉਤੇਜਨਾ ਭਰੀ ਰਹੇ। ਜਿਸ ਦੇ ਫਲਸਰੂਪ ਉਸਦੀ ਅਸਲੀ ਇੱਛਾ ਦੀ ਪੂਰਤੀ ਹੋ ਸਕੇ। ਹੁਣ ਤੱਕ ਉਸਦੇ ਸਿੱਖਾਂ ਦੀ ਗਿਣਤੀ ਕਾਫ਼ੀ ਵੱਧ ਚੁੱਕੀ ਹੈ (ਆਪਣੇ ਧਰਮ ਉੱਤੇ ਕੱਟੜ ਅਤੇ ਅੰਧ-ਵਿਸ਼ਵਾਸ ਸਦਕਾ ਉਹ ਆਪਣੇ ਜੀਵਨ ਅਤੇ ਜਾਇਦਾਦ ਦੀ ਕੋਈ ਪ੍ਰਵਾਹ ਨਹੀਂ ਕਰਦੇ ਅਤੇ ਆਪਣੇ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹਨ। ਉਸ ਨੂੰ ਆਪਣੀ ਜਿੱਤ ਉੱਤੇ ਪੂਰਨ ਭਰੋਸਾ ਹੈ ਅਤੇ ਉਸ ਨੇ ਗਊ-ਹੱਤਿਆ ਬਾਰੇ ਬੜੀ ਸਖ਼ਤ ਘਿਰਣਾ ਫੈਲਾ ਦਿੱਤੀ ਹੈ।

ਅਜਿਹੇ ਫ਼ੁਆਸਬ ਜਿਸ ਤਰ੍ਹਾਂ 1857 ਵਿੱਚ ਚਰਬੀ ਵਾਲੇ ਕਾਰਤੂਸਾਂ ਦੀ ਵਰਤੋਂ ਨੇ ਸਾਰੇ ਹਿੰਦੁਸਤਾਨ ਵਿੱਚ ਅੱਗ ਦੇ ਭਾਂਬੜ ਬਾਲ ਦਿੱਤੇ ਸਨ, ਨੂੰ ਉਕਸਾ ਕੇ ਉਸਦਾ ਮਨੋਰਥ ਇਹ ਸੀ ਕਿ ਇਸ ਤਰ੍ਹਾਂ ਤੀਲੀ ਬਾਲ ਕੇ ਉਹ ਹਿੰਦੂ ਜਨਤਾ, ਜਿਸ ਵਿੱਚ ਅਮੀਰ, ਭਦਰ ਲੋਕ ਅਤੇ ਸੈਨਿਕ ਸ਼ਾਮਿਲ ਹਨ, ਨੂੰ ਆਪਣੇ ਪਿੱਛੇ ਲਾ ਲਵੇਗਾ ਅਤੇ ਉਹ ਦੇਸ਼ ਦੇ ਹੁਕਮਰਾਨਾਂ ਵਿਰੁੱਧ ਉਸ ਦੇ ਹਮਦਰਦ ਬਣ ਕੇ ਇਸ ਸਾਂਝੇ ਉਦੇਸ਼ ਲਈ ਉਸ ਦੀ ਹਮਾਇਤ ਕਰਨ ਲੱਗ ਪੈਣਗੇ। ਇਸ ਤਰ੍ਹਾਂ ਉਹ ਹਿੰਦੂ ਜਨਤਾ ਵਿੱਚ ਸਤਿਕਾਰ ਪੂਰਵਕ ਪਦਵੀ ਨੂੰ ਪ੍ਰਾਪਤ ਕਰਕੇ ਉਨ੍ਹਾਂ ਦਾ ਇਸ਼ਟ ਦੇਵ ਬਣ ਜਾਵੇਗਾ ਅਤੇ ਇਸ ਪ੍ਰਕਾਰ ਉਹ ਹਿੰਦੂ ਜਨਤਾ ਉਪਰ ਹਾਵੀ ਹੋ ਸਕੇਗਾ ਅਤੇ ਇਸ ਗੱਲ ਨੂੰ ਮੰਨਣਾ ਪਵੇਗਾ ਕਿ ਉਹ ਇਸ ਆਦਰਸ਼ ਦੀ ਪ੍ਰਾਪਤੀ ਲਈ ਬੜਾ ਸੁਹਿਰਦ ਹੈ। ਜੇਕਰ ਬਾਗੀਆਂ ਨੂੰ ਅਜਿਹੀਆਂ ਸਖ਼ਤ ਸਜ਼ਾਵਾਂ ਤੱਤਫੱਟ ਨਾ ਦਿੱਤੀਆਂ ਜਾਂਦੀਆਂ ਅਤੇ ਜੇ ਗੁਰੂ ਰਾਮ ਸਿੰਘ ਅਤੇ ਉਸਦੇ ਸੂਬਿਆਂ ਨੂੰ ਜਲਾਵਤਨ ਨਾ ਕੀਤਾ ਜਾਂਦਾ ਤਾਂ ਇਸ ਗੜਬੜ ਨੂੰ ਛੇਤੀ ਦਬਾ ਸਕਣ ਦੀ ਕੋਈ ਆਸ ਨਹੀਂ ਸੀ ਅਤੇ ਦੇਸ਼ ਵਿੱਚ ਪੂਰੀ ਤਰ੍ਹਾਂ ਅਮਨ ਸ਼ਾਂਤੀ ਬਹਾਲ ਕਰਨ ਲਈ ਬਹੁਤ ਸਾਰਾ ਧਨ ਅਤੇ ਮਨੁੱਖੀ ਜਾਨਾਂ ਦਾ ਨੁਕਸਾਨ ਹੋਣਾ ਸੀ।"

ਜੇਕਰ ਮਲੌਦ ਅਤੇ ਕੋਟਲੇ ਵਿਖੇ ਕੂਕਿਆਂ ਨੂੰ ਥੋੜ੍ਹੀ ਜਿੰਨੀ ਕਾਮਯਾਬੀ ਵੀ ਮਿਲ ਜਾਂਦੀ ਤਾਂ ਸਭ ਪਾਸਿਆਂ ਤੋਂ ਇਨ੍ਹਾਂ ਸ਼ੈਤਾਨ ਦੇ ਪੁੱਤਰਾਂ ਨੇ ਭੂਤ-ਮੰਡਲੀ ਬਣ ਕੇ ਉੱਠ ਖੜੋਣਾ ਸੀ, ਜੋ ਇਨ੍ਹਾਂ ਹੱਲਿਆਂ ਦੇ ਨਤੀਜਿਆਂ ਨੂੰ ਚੁੱਪ-ਚਾਪ ਵਾਚ ਰਹੇ ਸਨ।

ਉਪਰੋਕਤ ਸਭ ਕੁਝ ਮੇਰੇ ਵੱਲੋਂ ਕੀਤੀਆਂ ਗਈਆਂ ਪੜਤਾਲਾਂ ਦਾ ਸਾਰ ਤੱਤ ਹੈ, ਜਿਨ੍ਹਾਂ ਦਾ ਮੈਂ ਬੜੇ ਧਿਆਨ ਪੂਰਵਕ ਇੱਥੇ ਉਲੇਖ ਕਰ ਰਿਹਾ ਹਾਂ।

ਮੇਰੇ ਖਿਆਲ ਵਿੱਚ ਇੱਕ ਹੋਰ ਗੱਲ ਤੁਹਾਡੇ ਧਿਆਨ ਵਿੱਚ ਲਿਆਉਣੀ



Sri Satguru Jagjit Singh Ji Elibrary NamdhariElibrary@gmail.com

ਬੜੀ ਜ਼ਰੂਰੀ ਹੈ। ਮੈਂ ਕੁਝ ਅਖ਼ਬਾਰਾਂ ਵਿੱਚੋਂ ਦਿੱਤੇ ਗਏ ਸਮਾਚਾਰਾਂ ਤੋਂ ਜਾਣਿਆ ਹੈ ਕਿ ਸਥਾਨਕ ਅਧਿਕਾਰੀਆਂ ਵੱਲੋਂ ਇਨ੍ਹਾਂ ਬਾਗੀਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਬਾਰੇ ਸਰਕਾਰ ਨੇ ਆਪਣੀ ਅਪ੍ਰਸੰਨਤਾ ਪ੍ਰਗਟ ਕੀਤੀ ਹੈ। ਮੇਰਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਸਰਕਾਰੀ ਨੀਤੀ ਨੂੰ ਗਲਤ ਰੂਪ ਵਿੱਚ ਸਮਝਿਆ ਜਾਵੇਗਾ। ਖਾਸ ਤੌਰ ਤੇ ਸਥਾਨਕ ਜਨਤਾ ਅਤੇ ਕੂਕਿਆਂ ਦਾ ਸੁਸੰਗਠਿਤ ਫਿਰਕਾ ਨਿਰਸੰਦੇਹ ਇਸ ਨੂੰ ਸਤਿਗੁਰੂ ਦੀ ਕਰਾਮਾਤੀ ਸ਼ਕਤੀ ਦਾ ਫ਼ਲ ਸਮਝੇਗਾ। ਇਹ ਗੱਲ ਬਹੁਤ ਹੱਦ ਤੱਕ ਬਰਤਾਨਵੀ ਅਧਿਕਾਰੀਆਂ ਅਤੇ ਦੇਸੀ ਰਾਜਿਆਂ ਵਿੱਚ ਨਿਰਾਸ਼ਾ ਅਤੇ ਨਿਰਉਤਸ਼ਾਹ ਦਾ ਕਾਰਨ ਵੀ ਬਣੇਗੀ, ਜਿਨ੍ਹਾਂ ਨੇ ਇਸ ਬੁਰਾਈ ਨੂੰ ਦਬਾਉਣ ਲਈ ਬੜੀ ਸਰਗਰਮ ਅਤੇ ਉੱਚਿਤ ਕਾਰਵਾਈ ਕੀਤੀ ਹੈ। ਇਸ ਨਾਲ ਇਸ ਬੁਰਾਈ ਦੇ ਹੋਰ ਫੈਲਣ ਅਤੇ ਭਾਂਬੜ ਬਣ ਕੇ ਮਚਣ ਦੀ ਕਿਰਿਆ ਦੇ ਜੰਮਦੀ ਉੱਤੇ ਹੀ ਕਾਬੂ ਪਾ ਲਿਆ ਗਿਆ। ਇਸ ਨਾਲ ਉਨ੍ਹਾਂ ਅਧਿਕਾਰੀਆਂ ਨੂੰ ਘੱਟ ਪ੍ਰਭਾਵਸ਼ਾਲੀ ਅਤੇ ਸ਼ਕਤੀਹੀਣ ਹੋਣ ਦਾ ਭੁਲੇਖਾ ਪਵੇਗਾ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਨਾਲ ਲੋਕਾਂ ਵਿੱਚ ਸਰਕਾਰ ਦੀ ਸ਼ਕਤੀ ਬਾਰੇ ਭੁਲੇਖਾ ਪੈਣ ਦਾ ਖਦਸ਼ਾ ਹੈ ਅਤੇ ਇਸ ਦੇ ਨਾਖੁਸ਼ਗਵਾਰ ਨਤੀਜੇ ਵੀ ਹੋ ਸਕਦੇ ਹਨ। ਇਸੇ ਲਈ ਮੈਂ ਇਸ ਵਿਸ਼ੇ ਉੱਤੇ ਆਪਣੇ ਵਿਚਾਰਾਂ ਦਾ ਖੁਲਾਸਾ ਕਰ ਦਿੱਤਾ ਹੈ। ਮੈਨੂੰ ਆਸ ਹੈ ਆਪ ਪੂਰੀ ਤਰ੍ਹਾਂ ਸਿਹਤਮੰਦ ਅਤੇ ਪ੍ਰਸੰਨਚਿਤ ਹੋਵੋਗੇ।"

ਮੈਂ ਹਾਂ,
ਮੇਰੇ ਪਿਆਰੇ ਮਿੱਤਰ,
ਤੁਹਾਡਾ ਪਰਮ ਹਿੱਤੂ,
ਸਹੀ – ਮਹਿੰਦਰ ਸਿੰਘ
(ਮਹਾਰਾਜਾ ਪਟਿਆਲਾ)

ਉਪਰੋਕਤ ਪੱਤਰ ਦੇ ਸੰਬੰਧ ਵਿੱਚ ਜਿਹੜੀ ਟਿਪਣੀ ਐਮ.ਐਮ. ਆਹਲੂਵਾਲੀਆ ਨੇ ਕੀਤੀ ਹੈ, ਉਹ ਇਸ ਪੱਤਰ ਦੇ ਕਰਤਾ (ਮਹਾਰਾਜਾ ਮਹਿੰਦਰ ਸਿੰਘ), ਉਸਦੀ ਅਸਲੀ ਮਨਸ਼ਾ ਅਤੇ ਉਸਦੇ ਸ਼ਾਹੀ ਖਾਨਦਾਨ ਦੇ ਕਿਰਦਾਰ ਦਾ ਚੰਗਾ ਪਾਜ ਉਘਾੜਦੀ ਹੈ ਅਤੇ ਉਸਦਾ ਸਖ਼ਤ ਸ਼ਬਦਾਂ ਵਿੱਚ ਖੰਡਨ ਵੀ ਕਰਦੀ ਹੈ। "ਮਹਾਰਾਜਾ ਪਟਿਆਲਾ ਦਾ ਉਪਰੋਕਤ ਪੱਤਰ ਨਿਰਸੰਦੇਹ ਪੰਜਾਬ ਦੇ ਲੈਫਟੀਨੈਂਟ ਗਵਰਨਰ ਅਤੇ ਉਸਦੇ ਦੋ ਅਫ਼ਸਰਾਂ (ਜੋ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਲਈ ਜ਼ਿੰਮੇਵਾਰ ਸਨ) ਦੀ ਪੁਜੀਸ਼ਨ ਨੂੰ ਵਿਸ਼ੇਸ਼ ਤੌਰ ਤੇ ਬਚਾਉਣ ਲਈ ਲਿਖਿਆ ਗਿਆ ਸੀ। ਮਹਾਰਾਜਾ ਪਟਿਆਲਾ ਦੀ ਇਸ ਚਿੱਠੀ ਤੋਂ ਕਈ ਨਤੀਜੇ ਕੱਢੇ ਜਾ ਸਕਦੇ ਹਨ। ਪਹਿਲੀ ਗੱਲ ਇਹ ਕਿ ਮਹਾਰਾਜੇ ਨੇ ਇੰਝ ਮਹਿਸੂਸ ਕੀਤਾ ਕਿ ਗੁਰੂ ਰਾਮ ਸਿੰਘ ਆਪਣੀ ਸਲਤਨਤ ਕਾਇਮ ਕਰਨਾ ਚਾਹੁੰਦਾ ਸੀ।



Sri Satguru Jagjit Singh Ji Elibrary NamdhariElibrary@gmail.com

ਉਹ ਅਤੇ ਉਸਦੇ ਪੈਰੋਕਾਰ ਗਊ ਦੇ ਸੱਚੇ ਉਪਾਸਕ ਨਹੀਂ ਸਨ। ਗਊ-ਰੱਖਿਆ ਦਾ ਤਾਂ ਉਨ੍ਹਾਂ ਨੇ ਬਹਾਨਾ ਹੀ ਪਾਇਆ ਸੀ।

ਦੂਜੇ ਮਹਾਰਾਜੇ ਨੇ ਇਹ ਵੀ ਮਹਿਸੂਸ ਕੀਤਾ ਕਿ ਵੱਡੇ ਖ਼ਤਰੇ ਨੂੰ ਮੁੱਖ ਰੱਖ ਕੇ ਕਾਵਨ ਤੇ ਫੋਰਸਾਈਥ ਨੇ ਜਿਸ ਢੰਗ ਦੀਆਂ ਸਜ਼ਾਵਾਂ ਦਿੱਤੀਆਂ ਹਨ, ਉਹ ਬਿਲਕੁਲ ਠੀਕ ਸਨ।

ਤੀਜੇ ਮਹਾਰਾਜਾ ਕਾਵਨ ਅਤੇ ਫੋਰਸਾਈਥ ਦੀ ਆਗਾਮੀ ਹੋਣੀ ਬਾਰੇ ਚਿੰਤਾਤੁਰ ਸੀ, ਜਿਨ੍ਹਾਂ ਨੂੰ ਉਹ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਸਖ਼ਤ ਕਾਰਵਾਈਆਂ ਦੇ ਨਤੀਜਿਆਂ ਤੋਂ ਬਚਾਉਣਾ ਚਾਹੁੰਦਾ ਸੀ। ਚੌਥੇ ਮਹਾਰਾਜਾ ਪਟਿਆਲਾ ਮਲੌਦ ਅਤੇ ਮਲੇਰਕੋਟਲੇ ਦੀਆਂ ਕਾਰਵਾਈਆਂ ਨੂੰ ਸਾਧਾਰਨ ਘਟਨਾਵਾਂ ਨਹੀਂ ਸੀ ਮੰਨਦਾ। ਉਸ ਅਨੁਸਾਰ ਇਹ ਹੱਲੇ ਵੱਡੀ ਗੜਬੜ ਨੂੰ ਸ਼ੁਰੂ ਕਰਨ ਲਈ ਪ੍ਰਥਮ ਕੜੀਆਂ ਵਾਲੀਆਂ ਵਾਰਦਾਤਾਂ ਸਨ। ਇਸ ਤੋਂ ਪਿਛੋਂ ਇਹ ਕੂਕਾ ਇਤਿਹਾਸਕਾਰ ਆਪਣੀ okJ/Ëdkj Ën k£b ydkW fe, [1*]"ਸਿੱਟੇ ਵਜੋਂ ਅਸੀਂ ਇਸ ਸ਼ਾਹੀ ਖਾਨਦਾਨ ਤੋਂ ਹੋਰ ਕੋਈ ਆਸ ਨਹੀਂ ਰੱਖ ਸਕਦੇ ਸਾਂ, ਜਿਨ੍ਹਾਂ ਨੇ ਸਦਾ ਹੀ ਸਾਮਰਾਜੀਆਂ ਦਾ ਸਾਥ ਨਿਭਾਇਆ, ਜਿਨ੍ਹਾਂ ਦਾ ਕਿਰਦਾਰ ਲਾਹੌਰ ਰਾਜ ਨੂੰ ਖ਼ਤਮ ਕਰਵਾਉਣ ਵਿੱਚ ਬੜਾ ਉੱਘਾ ਹੈ। ਇਹ ਗੱਲ ਧਿਆਨ ਵਿੱਚ ਰੱਖਣੀ ਬੜੀ ਜ਼ਰੂਰੀ ਹੈ ਕਿ ਕੂਕਿਆਂ ਨੂੰ ਤੋਪਾਂ ਅੱਗੇ ਉਡਾਉਣ ਵਿੱਚ ਕਾਵਨ ਦੇ ਨਾਲ ਪਟਿਆਲਾ ਰਿਆਸਤ ਵੀ ਬਰਾਬਰ ਦੀ ਭਾਈਵਾਲ ਸੀ। ਇਹ ਗੱਲ ਤਾਂ ਉਪਰ ਦਿੱਤੇ ਹਵਾਲਾ ਅਧੀਨ ਪੱਤਰ ਤੋਂ ਵੀ ਸਪੱਸ਼ਟ ਹੋ ਜਾਂਦੀ ਹੈ।"

ਕਾਵਨ ਅਤੇ ਫੋਰਸਾਈਥ ਦੇ ਹੱਕ ਵਿੱਚ ਇਹ ਕੋਈ ਇਕੱਲੀ ਦਸਤਾਵੇਜ਼ ਹੀ ਨਹੀਂ ਸੀ, ਸਗੋਂ ਹਰਨਾਮ ਸਿੰਘ ਆਹਲੂਵਾਲੀਆ, ਸੁਚੇਤ ਸਿੰਘ ਆਹਲੂਵਾਲੀਆ, ਵਿਕਰਮ ਸਿੰਘ ਆਹਲੂਵਾਲੀਆ, ਗੋਲਕ ਨਾਥ ਇਸਾਈ ਮਿਸ਼ਨਰੀ ਅਤੇ ਸੈਂਕੜੇ ਹੋਰ ਸਾਮਰਾਜੀ ਭਗਤਾਂ ਅਤੇ ਹੱਥ ਠੋਕਿਆਂ ਦੇ ਬਿਆਨ ਕਲਮਬੰਦ ਕਰਕੇ ਇਸਾਈ ਮਿਸ਼ਨਰੀਆਂ ਦੁਆਰਾ ਇਕੱਠੇ ਕਰਕੇ ਪੇਸ਼ ਕੀਤੇ ਗਏ ਸਨ, ਜੋ ਕਾਵਨ ਅਤੇ ਫੋਰਸਾਈਥ ਦੇ ਹੱਕ ਵਿੱਚ ਉਨ੍ਹਾਂ ਦੇ ਬਚਾਉ ਲਈ ਲਿਖਵਾਏ ਗਏ ਸਨ। ਉਨ੍ਹਾਂ ਦਾ ਮਤ ਸੀ ਕਿ ਫੋਰਸਾਈਥ ਬੜਾ ਤਜਰਬੇਕਾਰ ਅਫ਼ਸਰ ਹੈ, ਜਿਸਨੇ ਇਸ ਚਿੰਗਾੜੀ ਨੂੰ ਭਾਂਬੜ ਬਣਨ ਤੋਂ ਪਹਿਲਾਂ ਹੀ ਬੁਝਾ ਦਿੱਤਾ ਸੀ। ਅਸੀਂ ਇਸ ਅਫ਼ਸਰ ਦੇ ਬਹੁਤ ਰਿਣੀ ਹਾਂ, ਇਤਿਆਦਿ।"

## ਕੂਕਾ ਲਹਿਰ ਤੇ 1872 ਦੇ ਇਤਿਹਾਸਕ ਸਾਕਿਆਂ ਉੱਤੇ ਪੁਨਰ ਝਾਤ

ਸ੍ਰੀ ਭੈਣੀ ਸਾਹਿਬ ਦੇ 12-13 ਜਨਵਰੀ ਦੇ ਮਾਘੀ ਦੇ ਜੋੜ ਮੇਲੇ ਤੋਂ ਲੈ

---

[1*] ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ ਦ ਪੰਜਾਬ, ਪੰਨਾ 100-101



Sri Satguru Jagjit Singh Ji Elibrary NamdhariElibrary@gmail.com

ਕੇ ਮਲੌਦ ਅਤੇ ਮਲੇਰਕੋਟਲੇ ਦੇ ਇਤਿਹਾਸਕ ਸਾਕਿਆਂ ਤੱਕ ਦੇ ਪ੍ਰਸੰਗ ਵਿੱਚ ਤਤਕਾਲਕ ਕੂਕਾ ਲਹਿਰ ਬਾਰੇ ਨਿਰਣਾਜਨਕ ਵਿਚਾਰ ਅਤੇ ਵਿਸ਼ਲੇਸ਼ਣ ਕਰ ਲੈਣਾ ਉੱਚਿਤ ਪ੍ਰਤੀਤ ਹੁੰਦਾ ਹੈ, ਕਿਉਂ ਜੋ ਉਸ ਸਮੇਂ ਦੇ ਅੰਗਰੇਜ਼ ਅਧਿਕਾਰੀਆਂ ਅਤੇ ਉਨ੍ਹਾਂ ਦੀਆਂ ਸਰਕਾਰੀ ਰਿਪੋਰਟਾਂ ਵਿੱਚ ਅਤੇ ਨਾਮਧਾਰੀ ਸਰੋਤਾਂ ਵਿੱਚ ਕਾਫ਼ੀ ਅੰਤਰ ਹੈ। ਇਸ ਲਈ 1872 ਦੇ ਆਰੰਭ ਵਿੱਚ ਕੂਕਾ ਲਹਿਰ ਦੀ ਕੀ ਸਥਿਤੀ ਸੀ? ਕੀ ਅੰਗਰੇਜ਼ ਸਰਕਾਰ ਵਿਰੁੱਧ ਕੋਈ ਖੁੱਲ੍ਹੀ ਬਗਾਵਤ ਛਿੜਨ ਵਾਲੀ ਸੀ ਜਾਂ ਦੂਜੇ ਸ਼ਬਦਾਂ ਵਿੱਚ ਕੂਕਾ ਲਹਿਰ ਦਾ ਉਸ ਸਮੇਂ ਕੀ ਉਦੇਸ਼ ਸੀ? ਕੀ ਸਚਮੁਚ ਕੋਈ ਰਾਜਨੀਤਕ ਉਦੇਸ਼ ਸੀ? ਇਨ੍ਹਾਂ ਸਭ ਗੱਲਾਂ ਦਾ ਨਿਰਣਾ ਕਰ ਲੈਣਾ ਅਪ੍ਰਸੰਗਿਕ ਨਹੀਂ ਹੋਵੇਗਾ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ 1857 ਦੇ ਆਪਣੇ ਜਨਮ ਕਾਲ ਤੋਂ ਲੈ ਕੇ ਸੰਤ ਖਾਲਸੇ, ਨਾਮਧਾਰੀ ਅਤੇ ਕੂਕਾ ਲਹਿਰ ਉਸ ਸਮੇਂ ਦੀ ਸਭ ਤੋਂ ਵੱਡੀ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਜਾਗ੍ਰਿਤੀ ਫੈਲਾਉਣ ਵਾਲੀ ਅੰਗਰੇਜ਼ ਸਾਮਰਾਜ ਵਿਰੋਧੀ ਸਭ ਤੋਂ ਮਹੱਤਵਪੂਰਨ ਸੁਤੰਤਰਤਾ ਦੀ ਜੋਤ ਨੂੰ ਜਗਾਉਣ ਵਾਲੀ ਲਹਿਰ ਸੀ, ਜਿਸਦੇ ਪ੍ਰਭਾਵ 20ਵੀਂ ਸਦੀ ਦੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਵੀ ਸਕਾਰਾਤਮਕ ਭੂਮਿਕਾ ਨੂੰ ਨਿਭਾਉਂਦੇ ਰਹੇ ਹਨ।

ਅੰਗਰੇਜ਼ੀ ਸਰਕਾਰ ਆਰੰਭ ਤੋਂ ਹੀ ਕੂਕਾ ਮਤ ਦੇ ਵਾਧੇ ਅਤੇ ਫੈਲਣ ਉੱਤੇ ਨਿਗਾਹ ਰੱਖ ਰਹੀ ਸੀ। ਅੰਗਰੇਜ਼ ਸਰਕਾਰ ਨੇ ਕੂਕਿਆਂ ਦੇ ਧਾਰਮਿਕ ਅੰਦੋਲਨਾਂ ਵਿੱਚੋਂ ਵੀ ਰਾਜਨੀਤਕ ਉਦੇਸ਼ਾਂ ਦੀ ਟੋਹ ਪਾ ਲਈ ਸੀ ਅਤੇ ਇਸ ਲਹਿਰ ਨੂੰ ਸਮੇਂ-ਸਮੇਂ ਸਿਰ ਦਬਾਉਣ, ਇਸਦੇ ਆਗੂਆਂ ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬਿਆਂ ਦੀਆਂ ਕਾਰਵਾਈਆਂ ਉੱਤੇ ਪਾਬੰਦੀਆਂ ਲਗਾਉਣ ਦੀ ਨੀਤੀ ਉੱਤੇ ਅਮਲ ਕਰ ਰਹੀ ਸੀ। ਇਸਦੇ ਬਾਵਜੂਦ ਕੂਕਾ ਲਹਿਰ ਕੌੜੀ ਵੇਲ ਵਾਂਗ ਵਧੀ ਅਤੇ ਕੁਝ ਸਾਲਾਂ ਵਿੱਚ ਹੀ ਵੱਡੀ ਜਨਤਕ ਲਹਿਰ ਬਣ ਗਈ। ਇਸੇ ਕਾਰਨ ਹੀ ਅੰਗਰੇਜ਼ ਸਰਕਾਰ ਇਸ ਬਾਰੇ ਵਧੇਰੇ ਚੇਤੰਨ ਅਤੇ ਚਿੰਤਾਤਰ ਸੀ। 1872 ਦੀਆਂ ਇਤਿਹਾਸਕ ਘਟਨਾਵਾਂ ਨੇ ਇਸ ਲਹਿਰ ਨੂੰ ਨਵਾਂ ਮੋੜ ਦੇ ਦਿੱਤਾ। ਇਸ ਲਹਿਰ ਦੀ ਕ੍ਰਾਂਤੀਕਾਰੀ ਸ਼ਕਤੀ ਤੋਂ ਭੈਭੀਤ ਹੋ ਕੇ ਅੰਗਰੇਜ਼ ਸਰਕਾਰ ਨੇ ਇਸ ਵਿਰੁੱਧ ਦਮਨਕਾਰੀ ਨੀਤੀ ਨੂੰ ਲਾਗੂ ਕੀਤਾ। 1871 ਦੀਆਂ ਅੰਮ੍ਰਿਤਸਰ ਅਤੇ ਰਾਏਕੋਟ ਦੀਆਂ ਬੁੱਚੜ-ਬਧ ਘਟਨਾਵਾਂ ਅਤੇ ਇਸ ਸੰਬੰਧ ਵਿੱਚ ਕੂਕਿਆਂ ਨੂੰ ਦਿੱਤੀਆਂ ਗਈਆਂ ਫਾਂਸੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਨੇ ਇਸ ਲਹਿਰ ਨੂੰ ਨਵੇਂ ਮੋੜ ਤੇ ਲਿਆ ਖੜ੍ਹਾ ਕੀਤਾ। 1872 ਦੇ ਜਨਵਰੀ ਮਹੀਨੇ ਦੇ ਮਲੌਦ ਅਤੇ ਮਲੇਰਕੋਟਲੇ ਦੇ ਸਾਕਿਆਂ ਨਾਲ ਅੰਗਰੇਜ਼ ਸਰਕਾਰ ਦਾ ਕੂਕਿਆਂ ਪ੍ਰਤੀ ਵਿਰੋਧ ਹੋਰ ਵੀ ਪ੍ਰਤੱਖ ਰੂਪ ਧਾਰਨ ਕਰ ਗਿਆ। ਐਲ. ਕਾਵਨ ਅਤੇ ਫੋਰਸਾਈਥ ਨੇ ਕੂਕਿਆਂ ਨੂੰ ਆਪਣੇ



Sri Satguru Jagjit Singh Ji Elibrary NamdhariElibrary@gmail.com

ਅਧਿਕਾਰਾਂ ਤੋਂ ਬਾਹਰ ਜਾ ਕੇ ਵੱਡੀ ਗਿਣਤੀ ਵਿੱਚ ਤੋਪਾਂ ਅੱਗੇ ਉਡਾਉਣ ਵਾਲੀਆਂ ਅਜਿਹੀਆਂ ਅਮਾਨਵੀ ਸਜ਼ਾਵਾਂ ਦਿੱਤੀਆਂ, ਜੋ ਆਮ ਤੌਰ ਤੇ ਜੰਗ ਦੀ ਹਾਲਤ ਵਿੱਚ ਵੀ ਨਹੀਂ ਦਿੱਤੀਆਂ ਜਾਂਦੀਆਂ। ਉੱਥੇ ਵੀ ਜੰਗੀ ਕੈਦੀਆਂ, ਜੋ ਹਥਿਆਰ ਸੁੱਟ ਕੇ ਆਪਣੇ ਆਪ ਨੂੰ ਦੁਸ਼ਮਣ ਦੇ ਹਵਾਲੇ ਕਰ ਦਿੰਦੇ ਹਨ, ਲਈ ਕੋਈ ਨੈਤਿਕ ਆਚਾਰ ਸੰਹਿਤਾ ਹੁੰਦੀ ਹੈ। ਪਰ ਉਸ ਸਮੇਂ ਦੇ ਅੰਗਰੇਜ਼ ਅਧਿਕਾਰੀਆਂ ਕਾਵਨ ਅਤੇ ਫੋਰਸਾਈਥ ਨੇ ਸਥਾਪਿਤ ਕਾਨੂੰਨ ਅਤੇ ਆਪਣੇ ਅਧਿਕਾਰਾਂ ਤੋਂ ਬਾਹਰ ਜਾ ਕੇ ਜਿਹੜੀਆਂ ਗੈਰ-ਮਨੁਖੀ ਅਤੇ ਬਰਬਰਤਾ-ਪੂਰਵਕ ਸਜ਼ਾਵਾਂ ਕਤਲੇਆਮ ਦੇ ਰੂਪ ਵਿੱਚ ਕੂਕਿਆਂ ਦੇ ਸ਼ਹੀਦੀ ਜੱਥੇ ਦੇ ਸਿੰਘਾਂ ਨੂੰ ਦਿੱਤੀਆਂ ਸਨ, ਉਹ ਕਈ ਪ੍ਰਕਾਰ ਦੀ ਆਲੋਚਨਾ ਦਾ ਕਾਰਨ ਬਣੀਆਂ। ਕਾਵਨ ਅਤੇ ਫੋਰਸਾਈਥ ਵਰਗੇ ਇਨ੍ਹਾਂ ਘਟਨਾਵਾਂ ਨਾਲ ਜੁੜੇ ਅਧਿਕਾਰੀਆਂ ਨੇ ਇਨ੍ਹਾਂ ਕਠੋਰ ਸਜ਼ਾਵਾਂ ਨੂੰ ਉੱਚਿਤ ਅਤੇ ਨਿਆਂਕਾਰੀ ਦੱਸਿਆ ਅਤੇ ਪਟਿਆਲਾ ਰਿਆਸਤ ਦੇ ਮਹਾਰਾਜਾ ਮਹਿੰਦਰ ਸਿੰਘ ਨੇ ਵੀ ਇਨ੍ਹਾਂ ਦੀ ਖੁੱਲ੍ਹ ਕੇ ਹਮਾਇਤ ਕੀਤੀ। ਪੰਜਾਬ ਦੇ ਗਵਰਨਰ ਨੇ ਵੀ ਆਪਣੇ ਇਨ੍ਹਾਂ ਅਫ਼ਸਰਾਂ ਦੇ ਬਚਾਉ ਦੀ ਨੀਤੀ ਨੂੰ ਮੁੱਖ ਰੱਖ ਕੇ ਦਬਵੀਂ ਜ਼ੁਬਾਨ ਵਿੱਚ ਇਨ੍ਹਾਂ ਦੀ ਨਿੰਦਾ ਕਰਨ ਦੀ ਥਾਂ ਇਨ੍ਹਾਂ ਸਜ਼ਾਵਾਂ ਨੂੰ ਉੱਚਿਤ ਠਹਿਰਾਇਆ। ਇਸ ਸੰਬੰਧ ਵਿੱਚ ਡਾ: ਫੌਜਾ ਸਿੰਘ ਲਿਖਦਾ ਹੈ, 1*"ਇਸ ਪੱਖ ਉੱਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਦਾ ਮਤ ਬੜਾ ਸਪੱਸ਼ਟ ਹੈ। ਉਹ ਆਪਣੀ ਉੱਚਤਮ ਸਰਕਾਰ (ਹਿੰਦ ਸਰਕਾਰ) ਅੱਗੇ ਇਸ ਗੱਲ ਦੀ ਜ਼ੋਰਦਾਰ ਵਕਾਲਤ ਕਰਦਾ ਹੈ ਕਿ, "ਭਾਵੇਂ ਉਸ ਦੇ ਵਿਚਾਰ ਅਨੁਸਾਰ ਕਾਵਨ ਦੀਆਂ ਕਾਰਵਾਈਆਂ ਜਲਦਬਾਜ਼ੀ ਵਿੱਚ ਕੀਤੀਆਂ ਗਈਆਂ ਬੇਨੇਮੀਆਂ ਸਨ, ਪਰ ਜਨਤਕ ਸੁਰੱਖਿਆ (ਅਮਨ) ਲਈ ਇਹ ਚੰਗੀ ਨੀਅਤ ਨਾਲ ਕੀਤੀਆਂ ਗਈਆਂ ਸਨ। ਭਾਵੇਂ ਇਹ ਸਜ਼ਾਵਾਂ ਵਿਵੇਕ-ਰਹਿਤ, ਨੀਤੀ-ਵਿਰੁੱਧ ਅਤੇ ਵਧੇਰੇ-ਕਠੋਰ ਸਨ, ਪਰ ਇਨ੍ਹਾਂ ਵਿੱਚ ਕੋਈ ਬੇਇਨਸਾਫ਼ੀ ਵਾਲੀ ਗੱਲ ਨਹੀਂ ਸੀ।"

ਸਤਿਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਦੀ ਗ੍ਰਿਫਤਾਰੀ ਬਾਰੇ ਜਿਹੜੇ ਹੁਕਮ ਉਸਨੇ ਦਿੱਤੇ, ਉਨ੍ਹਾਂ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦਾ ਹੈ, 2*"ਇਨ੍ਹਾਂ ਵਾਪਰੀਆਂ ਘਟਨਾਵਾਂ ਦੇ ਪਰਿਣਾਮਸਰੂਪ ਇਹ ਗੱਲ ਪ੍ਰਤੱਖ ਹੀ ਹੈ ਕਿ ਇਨ੍ਹਾਂ ਦੇ ਪਿਛੋਕੜ ਵਿੱਚ ਇਨ੍ਹਾਂ ਦੇ ਆਗੂਆਂ ਦਾ ਸਿੱਧਾ ਹੱਥ ਸੀ। ਜਿੰਨਾ ਚਿਰ ਤੱਕ ਇਹ ਆਗੂ ਆਜ਼ਾਦ ਹਨ, ਦੇਸ਼ ਸੁਰੱਖਿਅਤ ਨਹੀਂ ਹੈ। ਇਸ ਲਈ ਮੈਂ ਫੋਰਸਾਈਥ ਨੂੰ ਇਹ ਅਧਿਕਾਰ ਸੌਂਪ ਦਿੱਤੇ ਹਨ ਕਿ ਉਹ ਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਨੂੰ ਗ੍ਰਿਫਤਾਰ ਕਰ ਲਵੇ।" ਉਪਰੋਕਤ ਗੱਲ ਉਸਨੇ ਇੱਕ ਤਾਰ ਰਾਹੀਂ ਗਵਰਨਰ

1* ਡਾ. ਐਚ. ਐਸ. ਬਾਜਵਾ, ਕੂਕਾ ਮੂਵਮੈਂਟ, ਪੰਨਾ 112
2* ਉਕਤ, ਪੰਨਾ 113



Sri Satguru Jagjit Singh Ji Elibrary NamdhariElibrary@gmail.com

ਜਨਰਲ ਨੂੰ ਲਿਖ ਕੇ ਭੇਜੀ ਸੀ। ਇਨ੍ਹਾਂ ਤੱਥਾਂ ਤੋਂ ਇਹ ਪੂਰੀ ਤਰ੍ਹਾਂ ਸਿੱਧ ਹੋ ਜਾਂਦਾ ਹੈ ਕਿ ਕੂਕਾ ਲਹਿਰ ਨੂੰ ਦਬਾਉਣ ਵਿੱਚ ਸਰਕਾਰ ਵੱਲੋਂ ਘੜੀ ਗਈ ਨਿਸ਼ਚਿਤ ਯੋਜਨਾ ਅਨੁਸਾਰ ਹੀ ਸਾਰੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਸਨ ਅਤੇ ਅੰਗਰੇਜ਼ ਸਰਕਾਰ ਉਸ ਸਮੇਂ ਕੂਕਾ ਲਹਿਰ ਨੂੰ ਆਪਣਾ ਸਭ ਤੋਂ ਵੱਡਾ ਖ਼ਤਰਨਾਕ ਦੁਸ਼ਮਣ ਮੰਨ ਰਹੀ ਸੀ।

ਉਸ ਸਮੇਂ ਦੀ ਪੰਜਾਬ ਸਰਕਾਰ ਤਾਂ ਕਾਵਨ ਅਤੇ ਫੋਰਸਾਈਥ ਵੱਲੋਂ ਦਿੱਤੀਆਂ ਗਈਆਂ ਇਨ੍ਹਾਂ ਗੈਰ-ਮਨੁੱਖੀ ਅਤੇ ਬਰਬਰਤਾਪੂਰਵਕ ਸਜ਼ਾਵਾਂ ਨੂੰ ਉੱਚਿਤ ਠਹਿਰਾ ਰਹੀ ਸੀ ਅਤੇ ਇਹ ਤਰਕ ਦੇ ਰਹੀ ਸੀ ਕਿ ਭਾਵੇਂ ਇਹ ਸਜ਼ਾਵਾਂ ਲੋੜੀਂਦੀ ਅਦਾਲਤੀ ਕਾਰਵਾਈ ਦੇ ਖੇਤਰ ਤੋਂ ਬਾਹਰ ਜਾ ਕੇ ਦਿੱਤੀਆਂ ਗਈਆਂ ਸਨ, ਪਰ ਇਨ੍ਹਾਂ ਅਧਿਕਾਰੀਆਂ ਦੀ ਨੀਅਤ ਬਾਰੇ ਉਸ ਦਾ ਇਹ ਤਰਕ ਸੀ ਕਿ ਇਹ ਸਜ਼ਾਵਾਂ ਚੰਗੀ ਨੀਅਤ ਨਾਲ ਦਿੱਤੀਆਂ ਗਈਆਂ ਸਨ, ਪਰ ਹਿੰਦ ਸਰਕਾਰ ਨੇ ਇਨ੍ਹਾਂ ਸਜ਼ਾਵਾਂ ਦੀ ਗੈਰ-ਮਨੁੱਖੀ, ਸਭਿਅਤਾਹੀਣ ਅਤੇ ਸਭਿਅ ਸਮਾਜ ਉੱਤੇ ਕਲੰਕ ਕਹਿ ਕੇ ਨਿੰਦਾ ਕੀਤੀ ਅਤੇ ਅੱਗੇ ਤੋਂ ਪੰਜਾਬ ਸਰਕਾਰ ਨੂੰ ਅਜਿਹੇ ਸੰਖੇਪ ਮੁਕੱਦਮੇ ਚਲਾ ਕੇ ਸਜ਼ਾਵਾਂ ਦੇਣ ਤੋਂ ਰੋਕ ਦਿੱਤਾ ਸੀ। 1*ਐਮ. ਐਮ. ਆਹਲੂਵਾਲੀਆ ਦਾ ਵਿਚਾਰ ਹੈ ਕਿ, "ਕੂਕਿਆਂ ਵਿਰੁੱਧ ਇਸ ਤਰ੍ਹਾਂ ਦੇ ਸਰਸਰੀ ਮੁਕੱਦਮੇ ਚਲਾ ਕੇ ਮੌਤ ਅਤੇ ਹੋਰ ਸਖ਼ਤ ਸਜ਼ਾਵਾਂ ਦੇਣ ਦਾ ਸਿਲਸਿਲਾ ਸਰਕਾਰ ਹਿੰਦ ਦੀ 19 ਜਨਵਰੀ ਦੇ ਤਾਰ ਦੇ ਪਿਛੋਂ ਹੀ ਰੋਕ ਦਿੱਤਾ ਗਿਆ ਸੀ। 19 ਜਨਵਰੀ ਦੀ ਇਹ ਤਾਰ ਪੰਜਾਬ ਸਰਕਾਰ ਨੂੰ ਨਾ ਮਿਲਦੀ ਤਾਂ ਇਹ ਸੰਭਾਵਨਾ ਹੋ ਸਕਦੀ ਸੀ ਕਿ ਬਹੁਤ ਸਾਰੇ ਹੋਰ ਕੂਕਿਆਂ ਨੂੰ ਵੀ ਅਜਿਹੀ ਹੋਣੀ ਦਾ ਹੀ ਸ਼ਿਕਾਰ ਹੋਣਾ ਪੈਣਾ ਸੀ।"

ਕਾਵਨ ਅਤੇ ਫੋਰਸਾਈਥ ਨੇ ਆਪਣੇ ਹੱਕ ਵਿੱਚ ਬਹੁਤ ਸਾਰੇ ਆਪਣੇ ਹਮਾਇਤੀਆਂ ਤੋਂ ਪੱਤਰ ਲਿਖਵਾ ਕੇ ਅਤੇ ਦਸਤਖਤ ਕਰਵਾ ਕੇ ਆਪਣੇ ਬਚਾਉ ਦਾ ਨਿਰਮੂਲ ਯਤਨ ਕੀਤਾ, ਪਰ ਫਿਰ ਵੀ ਉਨ੍ਹਾਂ ਨੂੰ ਆਪਣੇ ਗੈਰ-ਕਾਨੂੰਨੀ ਅਤੇ ਗੈਰ-ਮਨੁੱਖੀ ਅਤਿਆਚਾਰਾਂ ਕਾਰਨ ਹਿੰਦ ਸਰਕਾਰ ਵੱਲੋਂ ਦੰਡਿਤ ਕੀਤਾ ਗਿਆ ਸੀ।

### ਸਮਕਾਲੀ ਅਖ਼ਬਾਰਾਂ ਵਿੱਚ ਚਰਚਾ

ਪੰਜਾਬ ਵਿਚਲੇ ਸਮਾਚਾਰ ਪੱਤਰ ਤਾਂ ਸਰਕਾਰ ਤੋਂ ਡਰਦੇ ਮੋਨ ਧਾਰੀ ਬੈਠੇ ਸਨ। ਕੁਝ ਮੁਸਲਿਮ ਅਖ਼ਬਾਰਾਂ ਨੇ ਸਰਕਾਰ ਦੀ ਚਾਪਲੂਸੀ ਕਰਨ ਲਈ ਕੂਕਿਆਂ ਦੀ ਆਲੋਚਨਾ ਕੀਤੀ, ਪਰ ਬਹੁਤ ਸਾਰੇ ਤਤਕਾਲਕ ਭਾਰਤੀ ਸਮਾਚਾਰ ਪੱਤਰਾਂ ਨੇ ਇਨ੍ਹਾਂ ਘਟਨਾਵਾਂ ਤੇ ਦਿੱਤੀਆਂ ਗਈਆਂ ਸਜ਼ਾਵਾਂ ਦਾ ਵਿਸ਼ਲੇਸ਼ਣ ਠੋਸ ਦਲੀਲਾਂ

---

1* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ ਦ ਪੰਜਾਬ, ਪੰਨਾ 96



Sri Satguru Jagjit Singh Ji Elibrary NamdhariElibrary@gmail.com

ਦੇ ਕੇ ਆਪਣੀਆਂ ਟਿੱਪਣੀਆਂ ਦੁਆਰਾ ਕੀਤਾ ਹੈ ਅਤੇ ਇਨ੍ਹਾਂ ਬਾਰੇ ਕੀਤੇ ਗਏ ਨਿਰਣੇ ਵੀ ਮੰਨਣਯੋਗ ਪ੍ਰਤੀਤ ਹੁੰਦੇ ਹਨ। ਇੱਥੇ ਸਮਕਾਲੀ ਸਮਾਚਾਰ ਪੱਤਰਾਂ ਵਿੱਚੋਂ ਕੁਝ ਉਦਾਹਰਣ ਦੇਣ ਹੀ ਕਾਫ਼ੀ ਹੋਣਗੇ :

[1]*1 ਫਰਵਰੀ, 1872 ਦੇ 'ਦੀ ਫਰੈਂਡਜ਼ ਆਫ਼ ਇੰਡੀਆ' ਦੇ ਅੰਕ ਵਿੱਚ ਇਸ ਤਰ੍ਹਾਂ ਰਿਪੋਰਟ ਕੀਤੀ ਗਈ – "ਅਸੀਂ ਸਰਕਾਰੀ ਬਿਆਨ ਆਉਣ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਕਾਵਨ ਦੀ ਉਸ ਕਾਰਵਾਈ, ਜੋ ਉਸਨੇ ਸਾਮੂਹਿਕ ਮੌਤ ਦੀਆਂ ਸਜ਼ਾਵਾਂ ਦੇ.ਕੇ ਆਪਣੀ ਹਾਜ਼ਰੀ ਵਿੱਚ ਕੀਤੀ ਹੈ, ਵਿਰੁੱਧ ਰੋਸ ਪ੍ਰਗਟ ਕਰਦੇ ਹਾਂ। ਹਿੰਦੁਸਤਾਨ ਦਾ ਲੋਕ ਮਤ ਇਸਨੂੰ ਇਸੇ ਰੂਪ ਵਿੱਚ ਹੀ ਲੈਂਦਾ ਹੈ। ਸੱਚ ਭਾਵੇਂ ਕੁਝ ਵੀ ਹੋਵੇ, ਪਰ ਸਾਡੇ ਵਿਚਾਰ ਅਨੁਸਾਰ ਇਸ ਕਾਰਵਾਈ ਲਈ ਉਹ ਸਖ਼ਤ ਝਾੜ ਪਾਉਣ ਦੇ ਯੋਗ ਹੈ। ਇੱਥੇ 49 ਵਿਅਕਤੀਆਂ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਕਾਰਵਾਈ ਕਰਦਿਆਂ ਪਕੜਿਆ ਗਿਆ ਹੈ, ਪਰ ਇਹ ਸੱਚਾਈ ਨਹੀਂ ਹੈ। ਇਸ ਗੱਲ ਉੱਤੇ ਵਿਚਾਰ ਕਰਕੇ ਕਿ ਕਿਵੇਂ ਕੁਝ ਆਦਮੀ ਮਾਰੇ ਗਏ ਅਤੇ ਕੁਝ ਜ਼ਖ਼ਮੀ ਹੋਏ, ਪਰ ਇਹ ਹਥਿਆਰ ਉਠਾ ਕੇ ਲੜਦੇ ਹੋਏ ਨਹੀਂ ਸਨ ਫੜੇ ਗਏ। ਜੇਕਰ ਅਜਿਹਾ ਹੁੰਦਾ ਤਾਂ ਹਰ ਇੱਕ ਨੂੰ ਭਾਵੇਂ ਉਡਾ ਦਿੱਤਾ ਜਾਂਦਾ, ਕਿਉਂ ਜੋ ਉਹ ਆਹਮੋ-ਸਾਹਮਣੇ ਦੀ ਲੜਾਈ ਵਿੱਚ ਸ਼ਾਮਿਲ ਸਨ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕਾਵਨ ਨੂੰ ਇਨ੍ਹਾਂ ਆਦਮੀਆਂ ਨੂੰ ਤੱਤਫੱਟ ਗੋਲੀ ਮਾਰਨ ਦੀ ਆਗਿਆ ਕਿਸਨੇ ਦਿੱਤੀ ਸੀ, ਜੋ ਪਹਿਲਾਂ ਹੀ ਉਸਦੇ ਕਬਜ਼ੇ ਵਿੱਚ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਨੱਠ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ। ਸਾਨੂੰ ਆਸ ਹੈ ਕਿ ਹਿੰਦੁਸਤਾਨ ਅਤੇ ਇੰਗਲਿਸਤਾਨ ਦੇ ਲੋਕ ਇਸ ਸਵਾਲ ਦਾ ਜਵਾਬ ਪੁੱਛਣਗੇ। ਮਹਾਨ ਗਦਰ ਦੀ ਹਾਲਤ ਵਿੱਚ ਤਾਂ ਖ਼ਤਰੇ ਸਮੇਂ ਅਜਿਹਾ ਕਰਨ ਦੀ ਆਗਿਆ ਹੋ ਸਕਦੀ ਹੈ। ਪਰ ਇਸ ਤਰ੍ਹਾਂ ਦੇ ਸਾਧਾਰਨ ਵਿਦਰੋਹ ਵਿੱਚ ਅਜਿਹੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਭਾਵੇਂ ਲੋਕ ਮਜ਼ਬੂਤ ਸਰਕਾਰ ਦੇ ਗੁੱਸੇ ਦੀ ਗੱਲ ਕਿਉਂ ਨਾ ਕਹਿਣ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਹਿੰਦੁਸਤਾਨ ਵਿੱਚ ਸਰਕਾਰ ਜਾਂ ਤਾਂ ਮਜ਼ਬੂਤ ਹੋਣੀ ਚਾਹੀਦੀ ਹੈ ਜਾਂ ਫਿਰ ਅਜਿਹੀ ਸਰਕਾਰ ਨੂੰ ਦੇਸ਼ ਨੂੰ ਛੱਡ ਦੇਣਾ ਚਾਹੀਦਾ ਹੈ। ਪਰ ਕੀ ਕੋਈ ਇਹ ਖਿਆਲ ਵੀ ਕਰ ਸਕਦਾ ਹੈ ਕਿ ਇਹ ਗੱਲ ਇੰਗਲੈਂਡ ਅਤੇ ਹਿੰਦੁਸਤਾਨ ਦੀ ਭਲਾਈ ਵਿੱਚ ਹੈ ਕਿ ਅਸੀਂ ਆਪਣੇ ਆਪ ਨੂੰ ਲੋਕਾਂ ਵਿੱਚ ਦਹਿਸ਼ਤ ਫੈਲਾ ਕੇ ਅਤੇ ਵੱਡੇ ਪੈਮਾਨੇ ਉੱਤੇ ਲੋਕਾਂ ਨੂੰ ਤੋਪਾਂ ਅੱਗੇ ਉਡਾ ਕੇ ਹੀ ਸ਼ਕਤੀਸ਼ਾਲੀ ਬਣਾਈਏ?

ਇਹ ਕਿਹਾ ਜਾ ਸਕਦਾ ਹੈ ਅਤੇ ਕਿਹਾ ਗਿਆ ਹੈ ਕਿ ਇਨ੍ਹਾਂ ਦਿੱਤੀਆਂ ਗਈਆਂ ਸਖ਼ਤ ਸਜ਼ਾਵਾਂ ਨੇ ਬਗਾਵਤ ਨੂੰ ਦਬਾ ਦਿੱਤਾ ਹੈ। ਅਮਨ ਦੇ ਸਮੇਂ ਵਿੱਚ

[1]* ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 393-396



Sri Satguru Jagjit Singh Ji Elibrary NamdhariElibrary@gmail.com

ਇੱਕ ਕੱਟੜ ਫਿਰਕੇ ਵੱਲੋਂ ਇਸ ਛੋਟੀ ਜਿਹੀ ਗੜਬੜ ਨੂੰ ਬਹੁਤ ਵੱਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਜਿਵੇਂ ਵੱਡੇ ਸਾਮਰਾਜ ਦੇ ਨਸ਼ਟ ਹੋ ਜਾਣ ਵਾਲਾ ਖ਼ਤਰਾ ਮੌਜੂਦ ਸੀ, ਜਿਸ ਵਿੱਚ ਇਸਤਰੀ ਦੀ ਪੱਤ ਲੁੱਟੀ ਗਈ ਹੋਵੇ ਜਾਂ ਕੋਈ ਹੋਰ ਬਰਬਰਤਾ-ਪੂਰਵਕ ਅਸਭਿਅ ਘਟਨਾ ਵਾਪਰੀ ਹੋਵੇ। ਫਿਰ ਇਹ ਸਭ ਕੁਝ ਇੱਕ ਡਿਪਟੀ ਕਮਿਸ਼ਨਰ ਦੇ ਹੁਕਮ ਦੁਆਰਾ ਕੀਤਾ ਗਿਆ ਸੀ। ਇਹ ਬਗਾਵਤ ਕੋਈ ਵੱਡੀ ਅਤੇ ਖ਼ਤਰਨਾਕ ਨਹੀਂ ਸੀ। ਸ਼ਾਹੀ ਫ਼ੌਜ ਦੇ ਆਉਣ ਤੋਂ ਪਹਿਲਾਂ ਹੀ ਸਾਡੇ ਦੇਸੀ ਸਹਿਯੋਗੀਆਂ ਦੀ ਮਦਦ ਨਾਲ ਇਸਨੂੰ ਦਬਾਇਆ ਜਾ ਚੁੱਕਾ ਸੀ। ਇਹ ਸਭ ਕੁਝ ਕੁਝ ਘੰਟਿਆਂ ਦੀ ਹੀ ਖੇਡ ਸੀ। ਜਦੋਂ ਕਿ ਆਸ-ਪਾਸ ਸਾਡੀ 15,000 ਦੀ ਗਿਣਤੀ ਵਿੱਚ ਫ਼ੌਜ ਮੌਜੂਦ ਸੀ। ਜਿਸ ਤਰ੍ਹਾਂ ਇਸ ਨੂੰ ਪੇਸ਼ ਕੀਤਾ ਗਿਆ ਹੈ ਉਹ ਵਧੇਰੇ ਹੀ ਕਲਪਿਤ ਗੱਲ ਜਾਪਦੀ ਹੈ। 200-300 ਦੀ ਗਿਣਤੀ ਵਿੱਚ ਕੂਕਿਆਂ ਨੇ, ਜਿਨ੍ਹਾਂ ਵਿੱਚ ਕੁਝ ਔਰਤਾਂ ਵੀ ਸ਼ਾਮਿਲ ਸਨ, ਮਲੌਦ ਦੇ ਕਿਲ੍ਹੇ ਉੱਤੇ ਧਾਵਾ ਕੀਤਾ, ਜੋ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਦਾ ਸੀ। ਉਨ੍ਹਾਂ ਦਾ ਨਿਸ਼ਾਨਾ ਉਥੋਂ ਹਥਿਆਰ ਲੈਣਾ ਜਾਂ ਇਸ ਗੱਲ ਦਾ ਬਦਲਾ ਲੈਣਾ ਸੀ ਕਿ ਉਸਨੇ ਰਾਏਕੋਟ ਦੇ ਬੁੱਚੜਾਂ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਵਾਉਣ ਵਿੱਚ ਮਦਦ ਕੀਤੀ ਸੀ। ਮਲੌਦ ਤੋਂ ਕੱਢੇ ਜਾਣ ਪਿਛੋਂ ਉਹ ਮਲੇਰਕੋਟਲੇ ਪਹੁੰਚ ਗਏ ਅਤੇ ਉਨ੍ਹਾਂ ਨੇ ਤੁਰੰਤ ਫ਼ੈਸਲਾ ਕਰਨ ਦੀ ਥਾਂ ਸਾਰੀ ਰਾਤ ਇੱਕ ਬਾਗ ਵਿੱਚ ਡੇਰਾ ਜਾ ਲਾਇਆ। ਅਜਿਹੇ ਬੰਦੇ ਕੋਈ ਵੱਡੀ ਕਾਰਵਾਈ ਨਹੀਂ ਸਨ ਕਰ ਸਕਦੇ। ਸਵੇਰ ਹੋਣ ਤੋਂ ਪਹਿਲਾਂ ਹੀ ਮਲੇਰਕੋਟਲੇ ਦੇ ਵਾਸੀਆਂ ਨੂੰ ਇਸ ਹੋਣ ਵਾਲੇ ਹੱਲੇ ਦਾ ਪਤਾ ਸੀ ਅਤੇ ਉਨ੍ਹਾਂ ਨੇ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ। ਸ਼ਹਿਰ ਵਾਲਿਆਂ ਨੇ ਹੱਲੇ ਨੂੰ ਪਛਾੜ ਦਿੱਤਾ। ਪਟਿਆਲੇ ਅਤੇ ਨਾਭੇ ਦੇ ਫ਼ੌਜੀ ਮੌਕੇ 'ਤੇ ਪਹੁੰਚ ਗਏ। ਬਾਗੀਆਂ ਨੂੰ ਪਕੜ ਕੇ ਫਾਹੇ ਲਾਇਆ ਗਿਆ ਜਾਂ ਗੋਲੀਆਂ ਨਾਲ ਉਡਾ ਦਿੱਤਾ ਗਿਆ। ਜੇਕਰ ਇਨ੍ਹਾਂ ਬਾਗੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਵੀ ਹੁੰਦੀ ਤਾਂ ਅੰਗਰੇਜ਼ੀ ਫ਼ੌਜ ਹਜ਼ਾਰਾਂ ਦੀ ਗਿਣਤੀ ਵਿੱਚ ਇਨ੍ਹਾਂ ਨੂੰ ਦਬਾਉਣ ਲਈ ਮੌਜੂਦ ਸੀ। ਕੂਕਿਆਂ ਦੇ ਆਗੂ ਜਾਂ ਤਾਂ ਫੜ੍ਹ ਲਏ ਗਏ ਸਨ ਜਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਇਹ ਬਗਾਵਤ ਭਾਵੇਂ ਸ਼ੁਰੂ ਵਿੱਚ ਕਿਡੀ ਵੱਡੀ ਜਾਪਦੀ ਹੋਵੇ, ਪਰ ਹੁਣ ਬੇਤੁਕੀ ਜਿਹੀ ਜਾਪਦੀ ਸੀ। ਫਿਰ ਵੀ ਇੱਥੇ ਕਾਵਨ ਆ ਧਮਕਿਆ ਅਤੇ ਉਸਨੇ 49 ਆਦਮੀਆਂ ਨੂੰ ਭਿਆਨਕ ਮ੍ਰਿਤੂ ਦੰਡ ਦੇ ਦਿੱਤਾ। ਜੇਕਰ ਕਵਨ ਨੇ ਇਹ ਹੁਕਮ ਨਾ ਵੀ ਦਿੱਤਾ ਹੁੰਦਾ ਤਾਂ ਵੀ ਉਸਦਾ ਉੱਥੇ ਹਾਜ਼ਿਰ ਹੋਣਾ ਉਸ ਨੂੰ ਦੋਸ਼ ਮੁਕਤ ਨਹੀਂ ਸੀ ਕਰ ਸਕਦਾ। ਇੰਗਲੈਂਡ ਦੇ ਕਿਸੇ ਅਫ਼ਸਰ ਦੇ ਉੱਥੇ ਹੋਣ ਦੀ ਕੋਈ ਤੁਕ ਨਹੀਂ ਸੀ।

ਇੰਗਲਿਸ਼ਮੈਨ ਵਿੱਚ ਇਹ ਪੜ੍ਹ ਕੇ ਸਾਨੂੰ ਹੋਰ ਵੀ ਹੈਰਾਨੀ ਹੋਈ ਹੈ ਕਿ



Sri Satguru Jagjit Singh Ji Elibrary NamdhariElibrary@gmail.com

"ਇਸ ਵਿੱਚ 'ਫ਼ਰੈਂਡਜ਼ ਆਫ ਇੰਡੀਆ' ਦੇ ਬਿਆਨ ਦੀ ਅਗੇਤਰਾ ਨਿਰਣਾ ਕਹਿ ਕੇ ਆਲੋਚਨਾ ਕੀਤੀ ਗਈ ਹੈ। ਫਿਰ ਇਸ ਘਟਨਾ ਦੀ ਲੁਸ਼ਾਈ ਸਰੇਨ ਨਾਲ ਤੁਲਨਾ ਕੀਤੀ ਗਈ ਹੈ।" ਅਸੀਂ ਇਸ ਤੁਲਨਾ ਉੱਤੇ ਹੈਰਾਨ ਨਹੀਂ ਹੋਏ, ਪਰ ਸਾਨੂੰ ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਕਿਵੇਂ ਲੁਸ਼ਾਈ ਦੀ ਘਟਨਾ ਦੇ ਟਾਕਰੇ ਉੱਤੇ ਡਿਪਟੀ ਕਮਿਸ਼ਨਰ ਨੇ ਇਹ ਅੰਨਿਆਈ ਮੌਤ ਦੀ ਸਜ਼ਾ ਦਿੱਤੀ ਸੀ। ਜੰਗ ਦੀ ਹੋਰ ਗੱਲ ਹੈ। ਉੱਥੇ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਵੱਡੀ ਤਬਾਹੀ ਵੀ ਮਚਾਈ ਜਾ ਸਕਦੀ ਹੈ, ਪਰ ਇਹ ਕੋਈ ਬੀਰ ਸੈਨਿਕਾਂ ਦਾ ਕਰਤੱਵ ਨਹੀਂ ਹੈ ਅਤੇ ਨਾ ਹੀ ਇਹ ਕੋਈ ਸੱਭਿਅਤਾ ਦਾ ਨੇਮ ਹੈ ਕਿ ਜਦੋਂ ਲੜਾਈ ਖ਼ਤਮ ਹੋ ਗਈ ਹੋਵੇ ਤਾਂ 49 ਬੰਦਿਆਂ ਨੂੰ ਅੰਨ੍ਹੇਵਾਹ ਤੋਪਾਂ ਅੱਗੇ ਉਡਾ ਦਿੱਤਾ ਜਾਵੇ, ਜਿਨ੍ਹਾਂ ਦੇ ਨੱਠ ਜਾਣ ਦਾ ਕੋਈ ਖ਼ਤਰਾ ਨਹੀਂ ਸੀ, ਨਾ ਹੀ ਉਨ੍ਹਾਂ ਉੱਤੇ ਕੋਈ ਦੋਸ਼ ਲਗਾਇਆ ਗਿਆ ਸੀ ਅਤੇ ਇਹ ਕੇਵਲ ਜੋਸ਼ ਵਿੱਚ ਆ ਕੇ ਕੀਤੀ ਗਈ ਕਾਰਵਾਈ ਹੀ ਸੀ। 'ਇੰਗਲਿਸ਼ਮੈਨ' ਭਾਵੇਂ ਆਪਣੀ ਮਨਮਰਜੀ ਅਨੁਸਾਰ ਇਸ ਦੀ ਨਿੰਦਾ ਕਰੇ, ਪਰ 10 ਵਿੱਚੋਂ ਜਬਰ ਅੰਗਰੇਜ਼ ਇਹ ਕਹਿਣ ਲਈ ਮਜ਼ਬੂਰ ਹੋਣਗੇ ਕਿ ਇਸ ਘਟਨਾ ਦੀ ਲੁਸ਼ਾਈ ਗਰੇਨ ਨਾਲ ਕੋਈ ਸਮਾਨਤਾ ਨਹੀਂ ਹੈ। ਲੁਸ਼ਾਈ ਗਰੇਨ ਦੀ ਤਬਾਹੀ ਜੰਗੀ ਕਾਰਨਾਮਾ ਸੀ, ਪਰ ਇਹ ਤੋਪਾਂ ਨਾਲ ਕੀਤੀਆਂ ਗਈਆਂ ਮਨੁੱਖੀ ਹੱਤਿਆਵਾਂ ਸੱਭਿਅਤਾ ਦਾ ਮਲੀਆ-ਮੇਟ ਕਰਨ ਵਾਲੀਆਂ ਵਾਰਦਾਤਾਂ ਸਨ। ਸਰਕਾਰੀ ਰਿਪੋਰਟਾਂ ਨੂੰ ਆ ਲੈਣ ਦਿਉ, ਪਰ ਬਰਤਾਨਵੀ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿੱਚ ਇਸ ਕਤਲੇਆਮ ਦੇ ਹੁਕਮ ਨੂੰ ਅਦਲ-ਇਨਸਾਫ ਵਾਲੀ ਕਾਰਵਾਈ ਨਹੀਂ ਮੰਨਿਆ ਜਾ ਸਕਦਾ। ਪਰ ਪੇਚਾ-ਪਾਚੀ ਦੁਆਰਾ ਇਸ ਨੂੰ ਉੱਚਿਤ ਠਹਿਰਾਉਣ ਦੇ ਯਤਨ ਕਮਜ਼ੋਰ ਦਲੀਲਾਂ ਵਾਲੇ ਹੀ ਹੋ ਸਕਣਗੇ। ਇੰਗਲੈਂਡ ਦਾ ਇੱਕ ਫਰਜ਼ ਇਹ ਬਣਦਾ ਹੈ ਕਿ ਪੂਰਬੀ ਕੌਮਾਂ ਉੱਤੇ ਮਨੁੱਖੀ ਕਦਰਾਂ-ਕੀਮਤਾਂ ਦੇ ਪੱਛਮੀ ਦ੍ਰਿਸ਼ਟੀਕੋਣ ਦਾ ਪ੍ਰਭਾਵ ਉਜਾਗਰ ਕੀਤਾ ਜਾਵੇ ਅਤੇ ਇਹ ਸਿੱਧ ਕੀਤਾ ਜਾਵੇ ਕਿ ਪੱਛਮੀ ਦੇਸ਼ਾਂ ਵਿੱਚ ਕਾਨੂੰਨ ਦੀਆਂ ਨਜ਼ਰਾਂ ਵਿੱਚ ਅਦਨੇ ਤੋਂ ਅਦਨਾ ਆਦਮੀ ਅਤੇ ਤਾਜਧਾਰੀ ਬਾਦਸ਼ਾਹ ਬਰਾਬਰ ਹਨ।

ਸਾਨੂੰ ਪਤਾ ਹੈ ਕਿ ਇਸਦਾ ਕੀ ਜਵਾਬ ਦਿੱਤਾ ਜਾਵੇਗਾ। ਸਾਨੂੰ ਦੱਸਿਆ ਜਾਵੇਗਾ ਕਿ ਪੂਰਬੀ ਕੌਮਾਂ ਉੱਤੇ ਪੂਰਬ ਦੀਆਂ ਪਰੰਪਰਾਵਾਂ ਅਤੇ ਰੁਚੀਆਂ ਅਨੁਸਾਰ ਰਾਜ ਕਰਨਾ ਚਾਹੀਦਾ ਹੈ, ਪਰ ਜਿੱਥੇ ਕਿਤੇ ਲੋੜ ਪੈਂਦੀ ਹੈ, ਅਸੀਂ ਆਪਣੇ ਹਿੱਤ ਅਨੁਸਾਰ ਇਨ੍ਹਾਂ ਨੂੰ ਤੋੜ ਵੀ ਦਿੰਦੇ ਹਾਂ। ਜਿੱਥੇ ਇਹ ਸਾਡੇ ਹਿੱਤਾਂ ਦੇ ਵਿਰੁੱਧ ਹੁੰਦਾ ਹੈ, ਉੱਥੇ ਅਸੀਂ ਇਸ ਨੂੰ ਅਸਵੀਕਾਰ ਕਰਨ ਵਿੱਚ ਹੀ ਆਪਣਾ ਮਾਣ ਸਮਝਦੇ ਹਾਂ।

ਕੂਕਿਆਂ ਦੀ ਇਸ ਬਗਾਵਤ ਨੂੰ ਖ਼ਤਰਨਾਕ ਵਿਦਰੋਹ ਕਿਹਾ ਗਿਆ ਹੈ। ਚੰਗਾ ਹੁੰਦਾ ਜੇਕਰ ਇਸ ਬਾਰੇ ਪੱਛਮ ਵਾਂਗ ਸਾਧਾਰਨ ਮੁਕੱਦਮਾ ਚਲਾਇਆ ਜਾਂਦਾ



Sri Satguru Jagjit Singh Ji Elibrary NamdhariElibrary@gmail.com

ਅਤੇ ਮੁਕੱਦਮੇ ਦੇ ਤੱਥਾਂ ਅਨੁਸਾਰ ਫ਼ੈਸਲਾ ਕੀਤਾ ਜਾਂਦਾ, ਪਰ ਇਸਦੇ ਉਲਟ ਉਨ੍ਹਾਂ ਨੂੰ ਪਕੜ ਕੇ ਜੇਲ੍ਹ ਵਿੱਚ ਰੱਖ ਕੇ ਗੋਲੀਆਂ ਨਾਲ ਉਡਾ ਦਿੱਤਾ ਗਿਆ ਅਤੇ ਇਹ ਸਭ ਕੁਝ ਮਹਾਰਾਣੀ ਦੇ ਇੱਕ ਬਰਤਾਨਵੀ ਅਧਿਕਾਰੀ ਵੱਲੋਂ ਕੀਤਾ ਗਿਆ। ਜੇਕਰ ਹਿੰਦ ਸਰਕਾਰ ਕਾਵਨ ਦੀ ਇਸ ਕਾਰਵਾਈ ਦੀ ਜ਼ਿੰਮੇਵਾਰੀ ਨੂੰ ਪ੍ਰਵਾਨ ਕਰਦੀ ਹੈ ਤਾਂ ਬਰਤਾਨੀਆ ਵਿੱਚ ਉਸ ਨੂੰ ਜਵਾਬਦੇਹ ਹੋਣਾ ਪਵੇਗਾ। ਇਹ ਹਿੰਦ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਕਾਵਨ ਕੋਲੋਂ ਉਸ ਦੀ ਕੀਤੀ ਗਈ ਕਾਰਵਾਈ ਤੇ ਵਿਹਾਰ ਬਾਰੇ ਜਵਾਬਤਲਬੀ ਕਰੇ। ਜੇਕਰ ਇਹ ਮੰਨ ਲਿਆ ਜਾਵੇ ਕਿ ਡਿਪਟੀ ਕਮਿਸ਼ਨਰ ਕੋਲ ਇਹ ਅਧਿਕਾਰ ਸੀ ਅਤੇ ਅੰਗਰੇਜ਼ਾਂ ਦੇ ਲੋਕਮਤ ਨੇ ਉਸ ਨੂੰ ਇਹ ਅਧਿਕਾਰ ਦਿੱਤਾ ਹੋਇਆ ਸੀ ਕਿ ਕਿਸੇ ਵੀ ਸਾਧਾਰਨ ਗੜਬੜ ਦੀ ਹਾਲਤ ਵਿੱਚ ਉਹ ਦੋਸ਼ੀਆਂ ਨੂੰ ਤੋਪਾਂ ਅੱਗੇ ਉਡਾਉਣ ਦਾ ਹੁਕਮ ਦੇ ਸਕਦਾ ਹੈ ਤਾਂ ਇਸ ਦਾ ਭਾਵ ਇਹ ਹੋਵੇਗਾ ਕਿ ਅਸੀਂ ਅੰਗਰੇਜ਼ੀ ਸੱਭਿਅਤਾ ਨੂੰ ਜਾਂਗਲੀ ਅਵਸਥਾ ਤੱਕ ਪਿਛੇ ਲੈ ਗਏ ਹਾਂ। ਸਾਡਾ ਇਹ ਵਿਚਾਰ ਹੈ ਕਿ ਜੇਕਰ ਗਵਰਨਰ ਜਨਰਲ ਵੀ ਉੱਥੇ ਹੁੰਦਾ ਤਾਂ ਇਹ ਸਭ ਤੋਂ ਖ਼ਤਰਨਾਕ ਗੱਲ ਹੁੰਦੀ ਕਿ ਉਸਨੇ ਨਾਗਰਿਕ ਕਾਨੂੰਨ ਦੀ ਪ੍ਰਵਾਹ ਕੀਤੇ ਬਿਨਾਂ ਅਜਿਹੀ ਹੱਤਿਆ ਦਾ ਹੁਕਮ ਸਾਦਰ ਕਰ ਦਿੱਤਾ ਹੈ। ਲੁਸ਼ਾਈ ਗਰੇਨ ਦੀ ਸਾੜ-ਫੂਕ ਨਾਲ ਇਸ ਦੀ ਕੋਈ ਤੁਲਨਾ ਨਹੀਂ ਹੋ ਸਕਦੀ। ਪਹਿਲੀ ਗੱਲ ਤਾਂ ਜੰਗ ਦੇ ਦਿਨਾਂ ਵਿੱਚ ਸਦਾ ਕਾਇਮ ਰਹੇਗੀ। ਦੂਜੀ ਸਥਾਪਿਤ ਨਹੀਂ ਰਹਿ ਸਕਦੀ। ਇਹ ਕੇਵਲ ਉਸ ਸਮੇਂ ਹੀ ਜਾਇਜ਼ ਹੋਵੇਗੀ, ਜਦੋਂ ਆਪਣੀ ਕੌਮ ਨੂੰ ਵੱਡਾ ਖ਼ਤਰਾ ਹੋਵੇ ਅਤੇ ਦੂਜੀ ਕੌਮ ਨੂੰ ਹਾਨੀ ਪਹੁੰਚਾਉਣੀ ਹੋਵੇ।"

ਇਹੋ ਅਖ਼ਬਾਰ ਫਰਵਰੀ ਦੇ ਹੀ ਇੱਕ ਹੋਰ ਅੰਕ ਵਿੱਚ ਇੰਝ ਲਿਖਦਾ ਹੈ, [1*]"ਗਦਰ ਦੇ ਨਾਇਕ ਯੋਧਿਆਂ ਦੇ ਕਾਰਨਾਮੇ ਅਤੇ ਉਨ੍ਹਾਂ ਦੇ ਨਾਂ ਤਾਂ ਅਮਰ ਹੋ ਗਏ ਹਨ, ਪਰ ਜਿੱਥੇ ਕਿਤੇ ਵੀ ਮਨੁੱਖੀ ਜ਼ਿੰਦਗੀ ਦਾ ਸੰਬੰਧ ਹੈ ਅਤੇ ਜੇਕਰ ਕੋਈ ਅਜਿਹੇ ਸਮੇਂ ਗਲਤੀ ਕਰਦਾ ਹੈ ਤਾਂ ਉਹ ਜ਼ਰੂਰ ਉਸ ਘਟਨਾ ਲਈ ਜਵਾਬਦੇਹ ਹੈ। ਸਾਡਾ ਇਹ ਵੀ ਵਿਸ਼ਵਾਸ ਹੈ ਕਿ ਹਿੰਦੁਸਤਾਨ ਵਿੱਚ ਆਪਣੇ ਰਾਜ ਨੂੰ ਸਥਿਰ ਰੱਖਣ ਲਈ ਅਜਿਹੀਆਂ ਕਾਰਵਾਈਆਂ ਜ਼ਰੂਰੀ ਨਹੀਂ ਹਨ। ਅਸੀਂ ਆਪਣੇ ਰਾਜ ਵਿੱਚ ਇਹ ਦਰਸਾਉਣਾ ਹੈ ਕਿ ਰਾਜ ਕਰਨ ਨਾਲੋਂ ਮਨੁੱਖੀ ਜਿੰਦੜੀਆਂ ਵਧੇਰੇ ਕੀਮਤੀ ਹਨ ਅਤੇ ਕਾਨੂੰਨ ਦਾ ਰਾਜ ਵੀ ਠੀਕ ਹੈ। ਨਹੀਂ ਤਾਂ ਸਾਨੂੰ ਅਤਿ ਦੇ ਘਟੀਆ ਹੁਕਮਰਾਨਾਂ ਕਰਕੇ ਜਾਣਿਆ ਜਾਵੇਗਾ। ਆਪਣੇ ਰਾਜ ਨੂੰ ਪੱਕਾ ਕਰਨ ਲਈ ਕਾਨੂੰਨ ਅਤੇ ਇਨਸਾਫ ਤੋਂ ਲਾਂਭੇ ਨਾ ਜਾਣਾ ਹੀ ਚੰਗੀ ਸਰਕਾਰ ਦਾ ਕਿਰਦਾਰ ਹੋ ਸਕਦਾ ਹੈ। ਸਰਕਾਰ ਸੈਨਿਕ ਸਿੱਖਿਆ ਬਾਰੇ ਵੀ ਵਧੇਰੇ ਖੋਜ ਪੜਤਾਲ ਕਰੇਗੀ। ਇਸ ਆਧਾਰ ਉੱਤੇ ਹੀ ਬਰਬਰਤਾ ਅਤੇ ਸੱਭਿਅਤਾ ਵਿਚਕਾਰ ਹੱਦ ਨਿਸ਼ਚਿਤ

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 396-397



Sri Satguru Jagjit Singh Ji Elibrary NamdhariElibrary@gmail.com

ਕੀਤੀ ਜਾ ਸਕਦੀ ਹੈ। ਇਨ੍ਹਾਂ ਦੋਹਾਂ ਵਿੱਚੋਂ ਸਾਡੀ ਸੋਚ ਦਾ ਜਿਸ ਬੰਨੇ ਵੀ ਪਲੜਾ ਭਾਰੀ ਹੋਵੇਗਾ। ਉਸ ਨੂੰ ਮੁੱਖ ਰੱਖ ਕੇ ਹੀ ਅਸੀਂ ਸਭਿਅ ਜਾਂ ਜਾਂਗਲੀ ਅਖਵਾਉਣ ਦੇ ਅਧਿਕਾਰੀ ਹੋਵਾਂਗੇ।"

ਇੱਕ ਹੋਰ ਸਮਕਾਲੀ ਅਖ਼ਬਾਰ 'ਦੀ ਇੰਗਲਿਸ਼ਮੈਨ' ਨੇ ਕਾਵਨ ਦੀ ਕਾਰਵਾਈ ਦੀ ਹਮਾਇਤ ਕੀਤੀ ਹੈ ਅਤੇ ਉਸਦੇ ਕਈਂ ਅੰਕਾਂ ਵਿੱਚ ਸਰਕਾਰੀ ਨੀਤੀ ਅਤੇ ਕਾਰਵਾਈ ਦੀ ਪ੍ਰਸੰਸਾ ਕੀਤੀ ਗਈ ਹੈ ਅਤੇ ਬਹੁਤ ਕੁਝ ਵਧਾ ਚੜ੍ਹਾ ਕੇ ਲਿਖਿਆ ਗਿਆ ਹੈ। ਉਸ ਦੇ ਟਾਕਰੇ ਉੱਤੇ 'ਫਰੈਂਡਜ਼ ਆਫ਼ ਇੰਡੀਆ' ਦਾ ਬਿਆਨ ਬੜਾ ਸੰਤੁਲਿਤ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਕਾਰਵਾਈਆਂ ਦਾ ਪਾਜ ਉਘਾੜਨ ਵਾਲਾ ਹੈ।"

## ਬਰਤਾਨਵੀ ਪਾਰਲੀਮੈਂਟ ਵਿੱਚ ਚਰਚਾ

"15 ਫਰਵਰੀ, 1872 ਦੇ 'ਦੀ ਟਾਈਮਜ਼' ਅਖ਼ਬਾਰਾਂ ਵਿੱਚ ਕੂਕੇ ਬੰਦੀਆਂ ਨੂੰ ਅਜਿਹੀਆਂ ਜ਼ਾਲਮਾਨਾਂ ਸਜ਼ਾਵਾਂ ਦੇਣ ਬਾਰੇ ਖ਼ਬਰਾਂ ਪ੍ਰਕਾਸ਼ਿਤ ਹੋਈਆਂ ਸਨ, ਜਿਨ੍ਹਾਂ ਨੂੰ ਮੁੱਖ ਰੱਖ ਕੇ ਬਰਤਾਨਵੀ ਪਾਰਲੀਮੈਂਟ ਦੇ ਮੈਂਬਰ ਮਿ: ਹੈਵੀਲੈਂਡ ਬਰਕ ਨੇ ਅੰਡਰ ਸੈਕਰੇਟਰੀ ਤੋਂ ਪਾਰਲੀਮੈਂਟ ਵਿੱਚ ਇਹ ਪ੍ਰਸ਼ਨ ਪੁੱਛੇ :

1. 5 ਫਰਵਰੀ ਦੇ 'ਦੀ ਟਾਈਮਜ਼' ਵਿੱਚ ਜਿਹੜੀ ਖ਼ਬਰ ਕਾਵਨ ਵੱਲੋਂ 50 ਕੂਕਿਆਂ ਨੂੰ ਤੋਪਾਂ ਅੱਗੇ ਉਡਾਉਣ ਬਾਰੇ ਛਪੀ ਹੈ, ਕੀ ਉਹ ਠੀਕ ਹੈ ?
2. ਕੀ ਮਿ: ਫੋਰਸਾਈਥ ਕਮਿਸ਼ਨਰ ਅੰਬਾਲਾ ਨੇ 16 ਹੋਰ ਨੂੰ ਵੀ ਉਸੇ ਤਰ੍ਹਾਂ ਦੀਆਂ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਹਨ।
3. ਕੀ ਇਨ੍ਹਾਂ 66 ਆਦਮੀਆਂ ਉੱਤੇ ਮੁਕੱਦਮਾ ਚਲਾਉਣ ਬਾਰੇ ਕੋਈ ਅਦਾਲਤ ਬਿਠਾਈ ਗਈ ਸੀ ਅਤੇ
4. ਉਸ ਅਦਾਲਤ ਨੇ ਕੀ ਫ਼ੈਸਲਾ ਦਿੱਤਾ ਸੀ?

ਇਨ੍ਹਾਂ ਪ੍ਰਸ਼ਨਾਂ ਨੇ ਸੈਕਰੇਟਰੀ ਆਫ਼ ਸਟੇਟ ਨੂੰ ਗੁੱਠੇ ਲਾ ਦਿੱਤਾ। ਮਿ: ਗ੍ਰਾਂਟ ਡੱਫ ਨੇ ਇਨ੍ਹਾਂ ਪ੍ਰਸ਼ਨਾਂ ਬਾਰੇ ਹੇਠ ਲਿਖਿਆ ਉੱਤਰ ਦਿੱਤਾ : "ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੇਰਾ ਉੱਤਰ ਇਨ੍ਹਾਂ ਬਾਰੇ ਹਾਂ ਵਿੱਚ ਹੈ।"

ਉਸਨੇ ਇਹ ਵੀ ਹਵਾਲਾ ਦਿੱਤਾ ਕਿ 19 ਜਨਵਰੀ, 1872 ਨੂੰ ਹਿੰਦ ਦੇ ਗਵਰਨਰ ਜਨਰਲ ਨੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਹੇਠ ਲਿਖੀ ਤਾਰ ਭੇਜੀ, "ਆਪਣੇ ਸਪੱਸ਼ਟ ਹੁਕਮਾਂ ਤੋਂ ਬਿਨਾਂ ਕੂਕਿਆਂ ਦੀਆਂ ਇਹ ਤੱਤਫੱਟ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਬੰਦ ਕਰੋ।"

ਪਰ ਪਾਰਲੀਮੈਂਟ ਦੇ ਮੈਂਬਰ ਇਸ ਬਿਆਨ ਨਾਲ ਸੰਤੁਸ਼ਟ ਨਾ ਹੋ ਸਕੇ ਅਤੇ ਉਨ੍ਹਾਂ ਫਿਰ ਸਵਾਲ ਕੀਤਾ ਕਿ ਕੀ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਤੋਂ ਪਹਿਲਾਂ ਕੋਈ ਅਦਾਲਤੀ ਕਾਰਵਾਈ ਕੀਤੀ ਗਈ ਸੀ। ਸਵਾਲਾਂ ਦੀ ਬੁਛਾਰ ਦੇ ਉੱਤਰ ਵਿੱਚ ਅੰਡਰ



Sri Satguru Jagjit Singh Ji Elibrary NamdhariElibrary@gmail.com

ਸੈਕਰੇਟਰੀ ਆਫ਼ ਸਟੇਟ ਗ੍ਰਾਂਟ ਡਫ ਨੇ ਹੇਠ ਲਿਖਿਆ ਸਪੱਸ਼ਟ ਉੱਤਰ ਦਿੱਤਾ, "ਜਿਥੋਂ ਤੱਕ ਸਾਨੂੰ ਪਤਾ ਹੈ ਮਿ: ਕਾਵਨ ਵੱਲੋਂ ਕੋਈ ਅਜਿਹੀ ਅਦਾਲਤੀ ਕਾਰਵਾਈ ਨਹੀਂ ਸੀ ਕੀਤੀ ਗਈ। ਉਸਨੇ ਬਿਨਾਂ ਮੁਕੱਦਮਾ ਚਲਾਏ ਮ੍ਰਿਤੂ ਦੰਡ ਦੇ ਦਿੱਤਾ।"

ਪਰ ਉਪਰੋਕਤ ਪਾਰਲੀਮੈਂਟ ਵਿੱਚ ਹੋਏ ਸਵਾਲਾਂ ਜਵਾਬਾਂ ਬਾਰੇ ਨਿਰਣਾ ਕਰਦਾ ਹੋਇਆ ਐਮ. ਐਮ. ਆਹਲੂਵਾਲੀਆ ਲਿਖਦਾ ਹੈ, 1*"ਕੂਕਿਆਂ ਦੇ ਇਹ ਸੰਖੇਪ ਮੁਕੱਦਮੇ, ਜਿਨ੍ਹਾਂ ਵਿੱਚ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ, ਉਦੋਂ ਹੀ ਰੁੱਕੇ ਜਦੋਂ 19 ਜਨਵਰੀ ਨੂੰ ਹਿੰਦ ਸਰਕਾਰ ਦੀ ਤਾਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਮਿਲੀ, ਜਿਸ ਵਿੱਚ ਇਨ੍ਹਾਂ ਸੰਖੇਪ ਮੁਕੱਦਮਿਆਂ ਨੂੰ ਬੰਦ ਕਰਨ ਦੇ ਆਦੇਸ਼ ਮਿਲੇ। ਇਸ ਦੀ ਸੰਭਾਵਨਾ ਸੀ ਕਿ ਜੇਕਰ 19 ਜਨਵਰੀ ਦੀ ਇਹ ਤਾਰ ਨਾ ਭੇਜੀ ਜਾਂਦੀ ਤਾਂ ਬਹੁਤ ਸਾਰੇ ਹੋਰ ਕੂਕਿਆਂ ਨੂੰ ਵੀ ਉਸੇ ਹੋਣੀ ਦਾ ਹੀ ਸ਼ਿਕਾਰ ਹੋਣਾ ਪੈਣਾ ਸੀ।"

### ਕੈਦਾਂ, ਨਜ਼ਰਬੰਦੀਆਂ ਤੇ ਪਾਬੰਦੀਆਂ

### (ੳ) ਕੂਕਾ ਕੈਦੀਆਂ ਬਾਰੇ ਸਰਕਾਰੀ ਨੀਤੀ

13 ਮਾਰਚ, 1872 ਨੂੰ ਹਿੰਦ ਸਰਕਾਰ ਦੇ ਸਕੱਤਰ ਕਰਨਲ ਈ. ਸੀ. ਬੇਲੀ ਵੱਲੋਂ ਜਿਹੜਾ ਪੱਤਰ ਐਲ. ਐਚ. ਗ੍ਰਿਫਿਨ ਕਾਰਜਕਾਰੀ ਸਕੱਤਰ ਪੰਜਾਬ ਸਰਕਾਰ ਨੂੰ ਲਿਖਿਆ ਗਿਆ, ਉਹ ਕੂਕਾ ਲਹਿਰ ਦੇ ਕੈਦੀਆਂ ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਬਾਰੇ ਕੀਤੀ ਜਾਣ ਵਾਲੀ ਅਗਲੇਰੀ ਕਾਰਵਾਈ ਬਾਰੇ ਕਾਫ਼ੀ ਹੱਦ ਤੱਕ ਪ੍ਰਕਾਸ਼ ਪਾਉਂਦਾ ਹੈ। ਇਸ ਪੱਤਰ ਵਿੱਚ ਸਤਿਗੁਰੂ ਰਾਮ ਸਿੰਘ ਬਾਰੇ ਹੇਠ ਲਿਖੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਇਸ ਦੇ ਸ਼ਬਦ ਇਸ ਪ੍ਰਕਾਰ ਹਨ, 2*"ਗਵਰਨਰ ਜਨਰਲ ਦੀ ਕੌਂਸਲ ਦਾ ਵਿਚਾਰ ਹੈ ਕਿ ਗੁਰੂ ਰਾਮ ਸਿੰਘ ਦੀ ਨਜ਼ਰਬੰਦੀ ਨੂੰ ਨਿਰੰਤਰ ਜਾਰੀ ਰੱਖਣ ਲਈ ਕਾਫ਼ੀ ਪ੍ਰਮਾਣ ਮੌਜੂਦ ਹਨ। ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਉਸਨੂੰ ਰਿਹਾਅ ਕਰਨ ਵਿੱਚ ਮੁਲਕ ਦੇ ਅਮਨ-ਚੈਨ ਨੂੰ ਖ਼ਤਰਾ ਹੈ। ਇਸ ਤੋਂ ਬਿਨਾਂ ਇਹ ਵਿਚਾਰ ਵੀ ਪ੍ਰਗਟ ਕੀਤਾ ਗਿਆ ਹੈ ਕਿ ਉਸਨੂੰ ਭਾਰਤ ਵਿੱਚ ਰੱਖਣ ਨਾਲ ਸੁਰੱਖਿਆ ਨਹੀਂ ਰਹਿ ਸਕੇਗੀ ਅਤੇ ਇਹ ਜ਼ਰੂਰੀ ਹੈ ਕਿ ਉਸਨੂੰ ਉਸ ਦੇ ਪੈਰੋਕਾਰਾਂ ਨਾਲ ਤਾਲਮੇਲ ਰੱਖਣ ਤੋਂ ਰੋਕਿਆ ਜਾਵੇ। ਕੌਂਸਲ ਨੂੰ ਗਵਰਨਰ ਜਨਰਲ ਨੇ ਇਹ ਹੁਕਮ ਦਿੱਤਾ ਹੈ ਕਿ ਉਸਨੂੰ ਬ੍ਰਿਟਿਸ਼ ਬਰਮਾ ਵਿਖੇ ਨਜ਼ਰਬੰਦ ਰੱਖਿਆ ਜਾਵੇ।"

ਇਸੇ ਪੱਤਰ ਵਿੱਚ ਪ੍ਰਮੁੱਖ ਸੂਬਿਆਂ ਬਾਰੇ ਅਗਲੀ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਕਿਸੇ ਅਜਿਹੇ ਸੁਯੋਗ

---

1* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ਼ ਦ ਪੰਜਾਬ, ਪੰਨਾ 95-96

2* ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 359-361



Sri Satguru Jagjit Singh Ji Elibrary NamdhariElibrary@gmail.com

ਅਧਿਕਾਰੀ ਨੂੰ ਅਲਾਹਾਬਾਦ ਭੇਜ ਕੇ ਹਰ ਕੈਦੀ ਤੋਂ ਪੁੱਛ-ਪੜਤਾਲ ਕਰਕੇ ਉਨ੍ਹਾਂ ਸੰਬੰਧੀ ਪੰਜਾਬ ਸਰਕਾਰ ਰਾਹੀਂ ਹਿੰਦ ਸਰਕਾਰ ਨੂੰ ਲਿਖਿਆ ਜਾਵੇ ਕਿ ਇਨ੍ਹਾਂ ਨੂੰ ਰਿਹਾਅ ਕਰਨਾ ਹੈ ਜਾਂ ਇਨ੍ਹਾਂ ਦੀ ਨਜ਼ਰਬੰਦੀ ਵਿੱਚ ਹੋਰ ਵਾਧਾ ਕਰਨਾ ਹੈ। ਜੇਕਰ ਇਨ੍ਹਾਂ ਨੂੰ ਰਿਹਾਅ ਕਰਨਾ ਹੈ ਤਾਂ ਕਿੰਨੇ ਚਿਰ ਪਿਛੋਂ ਰਿਹਾਅ ਕੀਤਾ ਜਾਵੇ। ਇਨ੍ਹਾਂ ਬਾਰੇ ਸਪੱਸ਼ਟ ਹਦਾਇਤ ਕੀਤੀ ਗਈ ਸੀ ਕਿ, "ਇਨ੍ਹਾਂ ਬਾਰੇ ਹਿੰਦ ਸਰਕਾਰ ਕੋਲ ਇਹ ਸਿੱਧ ਕਰਨ ਲਈ ਕਾਫ਼ੀ ਪ੍ਰਮਾਣ ਨਹੀਂ ਹਨ ਕਿ ਇਹ ਠੀਕ ਹੀ ਖ਼ਤਰਨਾਕ ਆਦਮੀ ਹਨ।"

"ਭਾਵੇਂ ਗਵਰਨਰ ਜਨਰਲ ਦੀ ਕੌਂਸਲ ਇਹ ਗੱਲ ਮੰਨਦੀ ਹੈ ਕਿ ਸਥਾਨਕ ਸਰਕਾਰ ਵੱਲੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਜ਼ਰੂਰੀ ਸੀ, ਪਰ ਗਵਰਨਰ ਜਨਰਲ ਦਾ ਇਹ ਵਿਚਾਰ ਵੀ ਹੈ ਕਿ ਅੰਬਾਲਾ ਡਿਵੀਜ਼ਨਾਂ ਵਿੱਚ ਜਿਹੜੀ ਗੜਬੜ ਉੱਠੀ ਸੀ, ਹੁਣ ਉਹ ਠੰਡੀ ਪੈ ਗਈ ਹੈ ਤਾਂ ਵੀ ਹਿੰਦ ਸਰਕਾਰ ਕੋਲ ਇਨ੍ਹਾਂ ਬਾਰੇ ਕਾਫ਼ੀ ਸਬੂਤ ਹੋਣੇ ਚਾਹੀਦੇ ਹਨ।"

ਇਸ ਲਈ ਮੈਨੂੰ ਇਹ ਨਿਰਦੇਸ਼ ਦਿੱਤਾ ਗਿਆ ਹੈ ਕਿ ਇਨ੍ਹਾਂ ਸੰਬੰਧੀ ਜਿਹੜੇ ਵੀ ਪ੍ਰਮਾਣ ਮੌਜੂਦ ਹਨ, ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਇਕੱਤਰ ਕਰ ਲਿਆ ਜਾਵੇ ਅਤੇ ਕਿਸੇ ਤਜਰਬੇਕਾਰ ਅਧਿਕਾਰੀ ਜਿਸ ਕੋਲ ਅਦਾਲਤੀ ਕਾਰਵਾਈ ਦਾ ਵੀ ਚੰਗਾ ਅਨੁਭਵ ਹੋਵੇ, ਨੂੰ ਅਲਾਹਾਬਾਦ ਭੇਜ ਕੇ ਇਨ੍ਹਾਂ ਕੈਦੀਆਂ ਬਾਰੇ ਹਰ ਇੱਕ ਤੋਂ ਪੁੱਛ-ਪੜਤਾਲ ਕੀਤੀ ਜਾਵੇ ਅਤੇ ਇਨ੍ਹਾਂ ਦੇ ਬਿਆਨਾਂ ਨੂੰ ਕਲਮਬੰਦ ਕੀਤਾ ਜਾਵੇ।"

"ਅਜਿਹਾ ਕਰਕੇ ਹਰ ਕੈਦੀ ਬਾਰੇ ਵੱਖੋ-ਵੱਖ ਰਿਪੋਰਟ ਤਿਆਰ ਕਰਕੇ ਭੇਜੀ ਜਾਵੇ ਅਤੇ ਉਨ੍ਹਾਂ ਬਾਰੇ ਨਿਰਣਾ ਹਰ ਕੈਦੀ ਦੇ ਆਪਣੇ ਬਿਆਨਾਂ ਦੇ ਆਧਾਰ ਤੇ ਕੀਤਾ ਜਾਵੇ। ਉਸ ਪੜਤਾਲ ਕਰਨ ਵਾਲੇ ਅਧਿਕਾਰੀ ਦੀ ਹਰ ਇੱਕ ਬਾਰੇ ਰਾਏ ਪਤਾ ਕੀਤੀ ਜਾਵੇ ਕਿ ਉਸ ਅਨੁਸਾਰ ਉਨ੍ਹਾਂ ਦੀ ਨਜ਼ਰਬੰਦੀ ਵਿੱਚ ਵਾਧਾ ਕੀਤਾ ਜਾਵੇ ਜਾਂ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ।"

ਇਸ ਪਿਛੋਂ ਇਨ੍ਹਾਂ ਰਿਪੋਰਟਾਂ ਦੇ ਆਧਾਰ ਤੇ ਗਵਰਨਰ ਜਨਰਲ ਇਨ੍ਹਾਂ ਕੈਦੀਆਂ ਬਾਰੇ ਹੁਕਮ ਜਾਰੀ ਕਰਨਗੇ ਕਿ ਇਨ੍ਹਾਂ ਦੀ ਨਜ਼ਰਬੰਦੀ ਨੂੰ ਜਾਰੀ ਰਖਣਾ ਹੈ ਜਾਂ ਇਨ੍ਹਾਂ ਨੂੰ ਜੇਕਰ ਰਿਹਾਅ ਕਰਨਾ ਹੈ ਤਾਂ ਕਿੰਨੇ ਸਮੇਂ ਪਿਛੋਂ ਕਰਨਾ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਗੁਰੂ ਰਾਮ ਸਿੰਘ ਬਾਰੇ ਸਰਕਾਰ ਕੋਲ ਕਾਫ਼ੀ ਸਬੂਤ ਮੌਜੂਦ ਸਨ ਤਾਂ ਉਨ੍ਹਾਂ ਬਾਰੇ ਅਦਾਲਤੀ ਕਾਰਵਾਈ ਕਿਉਂ ਨਾ ਕੀਤੀ ਗਈ। ਜੇਕਰ ਸੂਬਿਆਂ ਬਾਰੇ ਕਾਫ਼ੀ ਪ੍ਰਮਾਣ ਮੌਜੂਦ ਨਹੀਂ ਸਨ ਤਾਂ ਉਨ੍ਹਾਂ ਨੂੰ ਲੰਮੀਆਂ-ਲੰਮੀਆਂ ਕੈਦਾਂ ਕਿਉਂ ਭੁਗਤਣੀਆਂ ਪਈਆਂ। ਇਸ ਤੋਂ ਸਾਫ਼ ਤੌਰ ਤੇ ਸਿੱਧ ਹੋ ਜਾਂਦਾ ਹੈ ਕਿ ਕੂਕਾ ਲਹਿਰ ਸੰਬੰਧੀ ਅੰਗਰੇਜ਼ ਸਰਕਾਰ ਦੀ ਨੀਅਤ ਸਾਫ਼ ਨਹੀਂ ਸੀ ਅਤੇ ਉਹ



Sri Satguru Jagjit Singh Ji Elibrary NamdhariElibrary@gmail.com

ਹਾਲੀਂ ਵੀ ਕੂਕਿਆਂ ਨੂੰ ਆਪਣਾ ਕੱਟੜ ਦੁਸ਼ਮਣ ਮੰਨ ਰਹੀ ਸੀ।

## ਕੂਕਾ ਲਹਿਰ ਬਾਰੇ ਡਾ: ਫੌਜਾ ਸਿੰਘ ਦੇ ਵਿਚਾਰ

ਕੂਕਾ ਲਹਿਰ ਦਾ ਆਗਮਨ ਅਤੇ ਸੰਤ ਖਾਲਸੇ ਦਾ ਜਨਮ 12 ਅਪ੍ਰੈਲ, 1857 ਨੂੰ ਉਸ ਸਮੇਂ ਹੋਇਆ, ਜਦੋਂ ਇੱਕ ਮਹੀਨਾ ਪਿਛੋਂ ਸਾਰੇ ਹਿੰਦੁਸਤਾਨ ਵਿੱਚ ਅੰਗਰੇਜ਼ੀ ਹਕੂਮਤ ਵਿਰੁੱਧ ਰਾਸ਼ਟਰ ਵਿਆਪੀ ਬਗਾਵਤ ਆਰੰਭ ਹੋ ਗਈ ਸੀ। ਜੋ ਉਦੋਂ ਤੱਕ ਦੇ ਅੰਗਰੇਜ਼ੀ ਸਾਮਰਾਜ ਵਿਰੁੱਧ ਸਭ ਤੋਂ ਵੱਡੀ ਇਤਿਹਾਸਕ ਘਟਨਾ ਸੀ। ਇਸ ਬਗਾਵਤ ਨੂੰ ਅੰਗਰੇਜ਼ਾਂ ਨੇ ਆਪਣੀ ਫ਼ੌਜੀ ਤਾਕਤ ਅਤੇ ਦੇਸੀ ਰਿਆਸਤਾਂ ਦੀ ਸਹਾਇਤਾ ਨਾਲ ਦਬਾ ਤਾਂ ਲਿਆ, ਪਰ ਲੋਕਾਂ ਉੱਤੇ ਦਹਿਸ਼ਤ ਦਾ ਪ੍ਰਭਾਵ ਪਾਉਣ ਲਈ ਅੰਗਰੇਜ਼ੀ ਫ਼ੌਜ ਵੱਲੋਂ ਵੱਡੇ ਪੈਮਾਨੇ 'ਤੇ ਕਤਲੇਆਮ, ਲੁੱਟ-ਮਾਰ ਅਤੇ ਸਾਮੂਹਿਕ ਤੌਰ ਤੇ ਬੇਗੁਨਾਹ ਲੋਕਾਂ ਨੂੰ ਦਰੱਖ਼ਤਾਂ ਨਾਲ ਬੰਨ-ਬੰਨ ਕੇ ਫਾਂਸੀਆਂ ਉੱਤੇ ਲਟਕਾਉਣ ਦੇ ਜ਼ੁਲਮ ਢਾਹੇ ਗਏ।

ਇਸ ਜ਼ੁਲਮ ਤੇ ਤਸ਼ੱਦਦ ਬਾਰੇ ਡਾ: ਫ਼ੌਜਾ ਸਿੰਘ ਨੇ ਆਪਣੀ ਪੁਸਤਕ 'ਕੂਕਾ ਲਹਿਰ' ਵਿੱਚ ਦਰਦਨਾਕ ਵੇਰਵੇ ਦਿੱਤੇ ਹਨ। ਇਸ ਸਾਰੇ ਦਹਿਸ਼ਤ ਦੇ ਮਾਹੌਲ ਵਿੱਚ ਵੀ ਕੂਕਾ ਲਹਿਰ ਨੇ ਜਿਸ ਤਰ੍ਹਾਂ ਬੀਰਤਾਵੀ ਤੌਰ ਤੇ ਆਜ਼ਾਦੀ ਦੀ ਜੋਤ ਜਗਾਈ, ਉਸ ਨਿਰਭੈਤਾ ਤੇ ਦ੍ਰਿੜ ਵਿਸ਼ਵਾਸ ਦੀ ਵੀ ਪ੍ਰਸੰਸਾ ਕਰਨੀ ਬਣਦੀ ਹੈ। ਡਾ: ਫੌਜਾ ਸਿੰਘ 1857 ਦੀ ਕੌਮੀ ਬਗਾਵਤ ਜਿਸ ਨੂੰ ਅੰਗਰੇਜ਼ਾਂ ਨੇ 'ਗਦਰ' ਕਹਿ ਕੇ ਭੰਡਿਆ ਬਾਰੇ ਲਿਖਦਾ ਹੈ, "ਕੂਕਾ ਲਹਿਰ 19ਵੀਂ ਸਦੀ ਦੇ ਦੂਜੇ ਅੱਧ ਦੀ ਸਭ ਤੋਂ ਸ਼ਾਨਦਾਰ ਲਹਿਰ ਸੀ। ਇਸਦਾ ਜਨਮ 1857 ਦੀ ਬਗਾਵਤ ਦੇ ਪਰਛਾਵੇਂ ਥੱਲੇ ਹੋਇਆ। ਅੰਗਰੇਜ਼ਾਂ ਦੇ ਸਮੁੱਚੇ ਸ਼ਾਸਨ ਵਿੱਚ 1857 ਦੀ ਇਹ ਸਭ ਤੋਂ ਵੱਡੀ ਬਗਾਵਤ ਸੀ ਅਤੇ ਇਸ ਦੇ ਪ੍ਰਤੀਕਰਮ ਵਜੋਂ ਅੰਗਰੇਜ਼ੀ ਹਕੂਮਤ ਨੇ ਜਿਸ ਜ਼ੁਲਮ ਅਤੇ ਤਸ਼ੱਦਦ ਦਾ ਝੱਖੜ ਝੁਲਾਇਆ, ਉਸ ਦੀ ਵੀ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ।"

ਇਸਦੇ ਕੁਝ ਉਦਾਹਰਣ ਦੇਣੇ ਹੀ ਕਾਫ਼ੀ ਹੋਣਗੇ। ਲਾਰਡ ਐਲਫਿਨਸਟਨ ਨੇ ਜਾਨ ਲਾਰੈਂਸ ਨੂੰ ਦਿੱਲੀ ਦੇ ਕਤਲੇਆਮ ਬਾਰੇ ਇੰਝ ਲਿਖਿਆ ਸੀ, "ਲੜਾਈ ਦੇ ਖ਼ਤਮ ਹੋਣ ਪਿਛੋਂ ਜਿਹੜੇ ਜ਼ੁਲਮ ਸਾਡੀ ਫ਼ੌਜ ਨੇ ਕੀਤੇ, ਉਹ ਦਿਲ ਕੰਬਾਊ ਹਨ। ਇਹ ਬਦਲਾ ਦੋਸਤ ਤੇ ਦੁਸ਼ਮਣ ਦੀ ਪਛਾਣ ਕਰਨ ਤੋਂ ਬਿਨਾਂ ਲਿਆ ਗਿਆ। ਜਿਥੋਂ ਤੱਕ ਲੁੱਟ-ਮਾਰ ਦਾ ਸੰਬੰਧ ਹੈ, ਅਸੀਂ ਨਾਦਰ ਸ਼ਾਹ ਨੂੰ ਵੀ ਮਾਤ ਕਰ ਗਏ ਸਾਂ।" ਕੈਸਰ-ਉਲ-ਤਵਾਰੀਖ ਦਾ ਕਰਤਾ ਲਿਖਦਾ ਹੈ, "27,000 ਦੀ ਗਿਣਤੀ ਵਿੱਚ ਦਿੱਲੀ ਵਿੱਚ ਲੋਕਾਂ ਨੂੰ ਕਤਲ ਕੀਤਾ ਗਿਆ।" ਇਸੇ ਤਰ੍ਹਾਂ ਦੀ ਤਬਾਹੀ ਲਖਨਊ ਵਿਖੇ ਕੀਤੀ ਗਈ। ਬਨਾਰਸ, ਅਲਾਹਾਬਾਦ ਅਤੇ ਕਾਨਪੁਰ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਜੋ ਕੁਝ ਵਾਪਰਿਆ, ਉਸ ਬਾਰੇ ਕੋਅ ਐਂਡ ਨੈਲਸਨ ਲਿਖਦਾ ਹੈ, "ਪਿੰਡਾਂ ਵਿੱਚ ਜਲਾਦਾਂ ਦੇ ਜੱਥੇ ਅੰਬਾਂ ਦੇ ਦਰੱਖਤਾਂ ਨਾਲ ਬੇਗੁਨਾਹ



Sri Satguru Jagjit Singh Ji Elibrary NamdhariElibrary@gmail.com

ਲੋਕਾਂ ਨੂੰ ਫਾਹੇ ਲਾ ਰਹੇ ਸਨ। ਅੱਠਾਂ-ਅੱਠਾਂ ਬੰਦਿਆਂ ਨੂੰ ਇਕੱਠਾ ਹੀ ਪਾਰ ਬੁਲਾਇਆ ਜਾ ਰਿਹਾ ਸੀ।

ਪੰਜਾਬ ਵੀ ਅੰਗਰੇਜ਼ਾਂ ਦੇ ਇਸ ਗੁੱਸੇ ਦੇ ਅੰਨ੍ਹੇ ਜੋਸ਼ ਤੋਂ ਬਚ ਨਾ ਸਕਿਆ। ਦਿੱਲੀ ਤੋਂ ਅੰਬਾਲੇ ਤੱਕ ਸਰਸਰੀ ਢੰਗ ਦਾ ਕੋਰਟ ਮਾਰਸ਼ਲ ਕਰਕੇ ਸੈਂਕੜੇ ਹਿੰਦੁਸਤਾਨੀਆਂ ਨੂੰ ਫਾਹੇ ਲਾਇਆ ਗਿਆ। ਜਦੋਂ ਇਨ੍ਹਾਂ ਲਈ ਫਾਂਸੀ ਤਿਆਰ ਕੀਤੀ ਜਾ ਰਹੀ ਸੀ ਤਾਂ ਇਨ੍ਹਾਂ ਨੂੰ ਗੈਰ-ਮਨੁੱਖੀ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਵਾਲ ਪੁੱਟੇ ਗਏ, ਸੰਗੀਨਾਂ ਨਾਲ ਉਨ੍ਹਾਂ ਦੇ ਜਿਸਮ ਨੂੰ ਨੋਚਿਆ ਗਿਆ ਅਤੇ ਫਿਰ ਉਹ ਕੁਝ ਕੀਤਾ ਗਿਆ ਕਿ ਉਹ ਮੌਤ ਦੀ ਦਹਿਸ਼ਤ ਨੂੰ ਕਦੀ ਵੀ ਭੁਲਾ ਨਾ ਸਕਣ। ਗਊ-ਮਾਸ ਨੂੰ ਬਰਛਿਆਂ ਅਤੇ ਸੰਗੀਨਾਂ ਅੱਗੇ ਲਗਾ ਕੇ ਬੇਗੁਨਾਹ ਹਿੰਦੂਆਂ ਦੇ ਮੂੰਹ ਵਿੱਚ ਤੁੰਨਿਆ ਗਿਆ।

ਇਸ ਜ਼ੁਲਮ ਤਸ਼ੱਦਦ ਦੇ ਕਾਰਨ ਲੋਕ ਸਹਿਮ ਗਏ। ਇਥੋਂ ਤੱਕ ਕਿ ਹਕੂਮਤ ਵਿਰੁੱਧ ਆਵਾਜ਼ ਉਠਾਉਣ ਲਈ ਵੱਡੀ ਹਿੰਮਤ ਅਤੇ ਹੌਸਲੇ ਦੀ ਲੋੜ ਸੀ। ਇਹੋ ਗੱਲ ਇਸ ਸਮੇਂ ਕੂਕਿਆਂ ਨੇ ਕੀਤੀ। ਅਜਿਹਾ ਕਰਦੇ ਹੋਇਆਂ ਉਨ੍ਹਾਂ ਨੇ ਨਾ ਕੇਵਲ ਮਨੁੱਖੀ ਆਤਮਾ ਦੀ ਦ੍ਰਿੜ੍ਹਤਾ ਨੂੰ ਹੀ ਪ੍ਰਗਟਾਇਆ, ਸਗੋਂ ਕੌਮੀ ਬੀਰਤਾ ਦੀ ਉਹ ਪਰੰਪਰਾ ਸਥਾਪਿਤ ਕੀਤੀ ਅਤੇ ਆਜ਼ਾਦੀ ਦੀ ਉਹ ਜੋਤ ਜਗਾਈ, ਜਿਹੜੀ ਸਮਾਂ ਪਾ ਕੇ ਹੋਰ ਪ੍ਰਚੰਡ ਹੁੰਦੀ ਗਈ।"

ਇੰਨੇ ਤਸ਼ੱਦਦ ਵਿਰੁੱਧ ਜੇਕਰ ਕੋਈ ਲਹਿਰ ਜਥੇਬੰਦ ਨਾ ਹੋ ਸਕੀ ਤਾਂ ਇਸ ਦਾ ਕਾਰਨ ਨਿਰਭੈ ਅਤੇ ਦਲੇਰ ਆਗੂਆਂ ਦੀ ਅਣਹੋਂਦ ਸੀ। ਪੰਜਾਬ ਦੇ ਦੇਸੀ ਰਿਆਸਤਾਂ ਦੇ ਹੁਕਮਰਾਨ ਤਾਂ ਪਹਿਲਾਂ ਹੀ ਅੰਗਰੇਜ਼ਾਂ ਦੀ ਸ਼ਰਨ ਵਿੱਚ ਜਾ ਚੁੱਕੇ ਸਨ। ਉਨ੍ਹਾਂ ਨੇ ਵਿਦੇਸ਼ੀ ਗੁਲਾਮੀ ਵਿਰੁੱਧ ਲੜ੍ਹਨ ਦੀ ਥਾਂ ਅੰਗਰੇਜ਼ੀ ਹਕੂਮਤ ਦਾ ਸਾਥ ਦੇ ਕੇ ਗੁਲਾਮੀ ਦੇ ਸੰਗਲਾਂ ਨੂੰ ਹੋਰ ਪੱਕਾ ਕੀਤਾ। ਬਹੁਤ ਸਾਰੇ ਜਗੀਰਦਾਰ ਅਤੇ ਸਰਦਾਰ ਅੰਗਰੇਜ਼ੀ ਹਕੂਮਤ ਤੋਂ ਰਿਆਇਤਾਂ ਪ੍ਰਾਪਤ ਕਰਕੇ ਚੁੱਪ ਸਾਧ ਕੇ ਬੈਠੇ ਰਹੇ। ਪ੍ਰਮੁੱਖ ਗੁਰਧਾਮਾਂ ਅਤੇ ਗੁਰਦੁਆਰਿਆਂ ਦੇ ਮਹੰਤ ਜਾਗੀਰਾਂ ਨੂੰ ਸੁਰੱਖਿਅਤ ਰੱਖ ਕੇ ਅੰਗਰੇਜ਼ ਭਗਤ ਬਣ ਗਏ। ਅਕਾਲ ਤਖ਼ਤ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਇਨ੍ਹਾਂ ਪੁਜਾਰੀਆਂ ਅਤੇ ਮਹੰਤਾਂ ਨੇ ਕੂਕਿਆਂ ਦੀਆਂ ਅਰਦਾਸਾਂ ਤੱਕ ਨਾ ਕੀਤੀਆਂ। ਅੰਗਰੇਜ਼ਾਂ ਨੇ ਆਪਣੇ ਰਾਜ ਨੂੰ ਪੱਕਾ ਕਰਨ ਲਈ ਸਿੱਖਿਆ, ਅਦਾਲਤਾਂ ਅਤੇ ਪੁਲਿਸ ਪ੍ਰਬੰਧ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ-ਨਾਲ ਰੇਲਾਂ, ਨਹਿਰਾਂ ਅਤੇ ਡਾਕਖਾਨਿਆਂ ਦਾ ਜਾਲ ਵੀ ਵਿਛਾ ਦਿੱਤਾ। ਜ਼ਮੀਨ ਦੇ ਨਵੇਂ ਬੰਦੋਬਸਤ ਵੀ ਕੀਤੇ ਗਏ, ਪਰ ਫਿਰ ਵੀ ਪੰਜਾਬ ਦਾ ਕਿਸਾਨ ਅਤੇ ਆਮ ਜਨਤਾ ਸੰਤੁਸ਼ਟ ਨਾ ਹੋ ਸਕੇ। ਜ਼ਮੀਨ ਦਾ ਮਾਲੀਆ ਜਿਨਸਾਂ ਦੀ ਥਾਂ ਨਕਦ ਉਗਰਾਹੁਣਾ ਸ਼ੁਰੂ ਕੀਤਾ ਗਿਆ। ਨਕਦ ਪੈਸੇ ਦੀ ਥੁੜ੍ਹ ਕਾਰਨ ਲੋਕਾਂ ਉੱਤੇ ਕਰ ਭਰਵਾਉਣ ਲਈ ਸਖ਼ਤੀ



Sri Satguru Jagjit Singh Ji Elibrary NamdhariElibrary@gmail.com

ਕੀਤੀ ਗਈ। ਇਸ ਤੋਂ ਬਿਨਾਂ ਪੰਜਾਬ ਦੇ ਲੋਕਾਂ ਖਾਸ ਤੌਰ ਤੇ ਸਿੱਖ ਜਨਤਾ ਨੂੰ ਇਹ ਤੀਖਣ ਅਹਿਸਾਸ ਸੀ ਕਿ ਅੰਗਰੇਜ਼ਾਂ ਤੋਂ ਖ਼ਾਲਸਾ ਸੈਨਾ ਨੇ ਜੰਗ ਖ਼ਾਲਸਾ ਸੈਨਾ ਦੀ ਬੀਰਤਾ ਅਤੇ ਸ਼ਕਤੀ ਦੀ ਅਣਹੋਂਦ ਕਾਰਨ ਨਹੀਂ, ਸਗੋਂ ਅੰਗਰੇਜ਼ਾਂ ਨਾਲ ਰਲ ਚੁੱਕੇ ਸਰਦਾਰਾਂ ਦੀ ਗਦਾਰੀ ਕਰਕੇ ਹਾਰੀ ਹੈ। ਅੰਗਰੇਜ਼ਾਂ ਨੇ ਖ਼ਾਲਸਾ ਸੈਨਾ ਦੇ ਵੱਡੇ ਭਾਗ ਨੂੰ ਨਿਹੱਥੇ ਕਰ ਦਿੱਤਾ ਸੀ। ਇਥੋਂ ਤੱਕ ਕਿ ਕਿਰਪਾਨ, ਜੋ ਸਿੱਖਾਂ ਦਾ ਧਾਰਮਿਕ ਚਿੰਨ੍ਹ ਸੀ, ਉੱਤੇ ਵੀ ਪਾਬੰਦੀ ਲਗਾ ਦਿੱਤੀ ਸੀ। ਹਰ ਤਰ੍ਹਾਂ ਦੇ ਸ਼ਸਤਰ ਰੱਖਣ ਦੀ ਮਨਾਹੀ ਕਰ ਦਿੱਤੀ ਗਈ ਸੀ। ਸਿੱਖਾਂ ਦੇ ਟਾਕਰੇ ਵਿੱਚ ਅੰਗਰੇਜ਼ ਮੁਸਲਮਾਨ ਫਿਰਕੇ ਨੂੰ ਵਧੇਰੇ ਮਹੱਤਵ ਦੇ ਰਹੇ ਸਨ ਅਤੇ ਉਨ੍ਹਾਂ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਬੜੀ ਕਾਰਗਰ ਸਿੱਧ ਹੋ ਰਹੀ ਸੀ।

ਅਜਿਹੇ ਸੰਕਟ ਸਮੇਂ ਕੂਕਾ ਲਹਿਰ ਨੇ ਹੀ ਲੋਕਾਂ ਦੀ ਅਗਵਾਈ ਕਰਨ ਦਾ ਬੀੜਾ ਚੁੱਕਿਆ। ਕੂਕਾ ਲਹਿਰ ਨੇ ਸੰਤ ਖ਼ਾਲਸੇ ਦੇ ਰੂਪ ਵਿੱਚ ਸਿੱਖਾਂ ਵਿੱਚ ਨਵੀਂ ਰੂਹ ਫੂਕ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬੀਰਭਾਵੀ ਆਤਮਕ ਸ਼ਕਤੀ ਨੂੰ ਮੁੜ ਸੁਰਜੀਤ ਕਰ ਦਿੱਤਾ ਸੀ। ਇਸ ਬਾਰੇ ਡਾ: ਫੌਜਾ ਸਿੰਘ ਦੇ ਵਿਚਾਰ ਕੂਕਾ ਲਹਿਰ ਦੇ ਵਿਸ਼ਲੇਸ਼ਣ ਅਤੇ ਉਸਦੇ ਇਤਿਹਾਸਕ ਕਰਤੱਵ ਬਾਰੇ ਬੜੇ ਸਪੱਸ਼ਟ ਅਤੇ ਮਹੱਤਵਪੂਰਨ ਹਨ, "ਇਨ੍ਹਾਂ ਅਨੁਕੂਲ ਹਾਲਤਾਂ ਦੇ ਬਾਵਜੂਦ ਜੇਕਰ ਕੁਝ ਨਾ ਹੋ ਸਕਿਆ ਤਾਂ ਉਸ ਦਾ ਕਾਰਨ ਆਗੂਆਂ ਦੀ ਅਣਹੋਂਦ ਅਤੇ ਉਨ੍ਹਾਂ ਦੀ ਅਯੋਗਤਾ ਸੀ। ਪੰਜਾਬ ਵਿੱਚ ਕੋਈ ਆਗੂ ਭਾਲਿਆ ਵੀ ਨਹੀਂ ਸੀ ਮਿਲਦਾ। ਅੰਗਰੇਜ਼ ਵਿਰੋਧੀ ਸਰਦਾਰਾਂ ਅਤੇ ਮੂਲਰਾਜ ਵਰਗੇ ਹਾਕਮਾਂ ਨੂੰ ਪਹਿਲਾਂ ਹੀ ਗ੍ਰਿਫਤਾਰ ਕਰਕੇ ਪੰਜਾਬ ਤੋਂ ਬਾਹਰ ਨਜ਼ਰਬੰਦ ਕਰ ਦਿੱਤਾ ਗਿਆ ਸੀ। ਬਾਬਾ ਮਹਾਰਾਜ ਸਿੰਘ ਦੀ ਸਿੱਖ ਕੌਮੀ ਲਹਿਰ ਦਸੰਬਰ 1849 ਵਿੱਚ ਉਨ੍ਹਾਂ ਦੀ ਗ੍ਰਿਫਤਾਰੀ ਪਿਛੋਂ ਠੰਡੀ ਪੈ ਗਈ ਸੀ।"

ਅਜਿਹੇ ਸਮੇਂ ਪੰਜਾਬ ਦੀ ਜਨਤਾ ਅਤੇ ਸਿੱਖ ਜਨਤਾ ਦੀ ਯੋਗ ਅਗਵਾਈ ਕੂਕਾ ਲਹਿਰ ਵੱਲੋਂ ਹੀ ਕੀਤੀ ਗਈ। ਭਾਵੇਂ ਇਹ 1857 ਵਿੱਚ ਹੀ ਸ਼ੁਰੂ ਹੋਈ ਸੀ, ਪਰ ਇਸਦਾ ਵਧੇਰੇ ਪ੍ਰਭਾਵ ਕੁਝ ਸਾਲਾਂ ਪਿਛੋਂ ਹੀ ਪਿਆ। ਇਹ ਤਾਂ ਸ਼ੁਭ ਕਾਮਨਾ ਹੀ ਕੀਤੀ ਜਾ ਸਕਦੀ ਹੈ ਕਿ ਜੇਕਰ ਇਸਦਾ ਜਨਮ ਥੋੜ੍ਹਾ ਪਹਿਲਾਂ ਹੋਇਆ ਹੁੰਦਾ ਤਾਂ ਇਹ ਵਧੇਰੇ ਸ਼ਕਤੀਸ਼ਾਲੀ ਹੋਣੀ ਸੀ। ਭਾਵੇਂ ਇਤਿਹਾਸ ਦੇ ਕੁਝ ਖੋਜੀ ਅਤੇ ਵਿਦਵਾਨ ਇਹ ਵੀ ਮੰਨਦੇ ਹਨ ਕਿ 1857 ਦੀ ਬਗਾਵਤ ਸੰਪੂਰਨ ਰੂਪ ਦੀ ਕੌਮੀ ਬਗਾਵਤ ਨਹੀਂ ਸੀ। ਫਿਰ ਵੀ ਉਸ ਸਮੇਂ ਦੇਸ਼ ਭਗਤੀ ਦੀ ਭਾਵਨਾ ਦਾ ਲੋਕਾਂ ਵਿੱਚ ਅਭਾਵ ਨਹੀਂ ਸੀ ਹੋਇਆ। ਅਜਿਹਾ ਸੰਗਰਾਮ ਮੰਡਣ ਲਈ ਲੋੜੀਂਦੀ ਸਮੱਗਰੀ ਮੌਜੂਦ ਸੀ। ਕੇਵਲ ਸਿਆਣੇ, ਦ੍ਰਿੜ੍ਹ ਅਤੇ ਕਲਪਨਾਸ਼ੀਲ ਨੇਤਾ ਇਨ੍ਹਾਂ ਹਾਲਤਾਂ ਵਿੱਚ ਸਫ਼ਲ ਸਿੱਟੇ ਕੱਢ ਸਕਦੇ ਸਨ। ਜੇਕਰ ਅਜਿਹੀ ਸਮੱਗਰੀ ਨਾ ਹੁੰਦੀ ਅਤੇ ਸਿੱਖ ਜਨਤਾ ਵਿੱਚ ਆਪਣੇ ਖੁੱਸ ਚੁੱਕੇ ਰਾਜ ਨੂੰ ਮੁੜ ਵਾਪਿਸ



Sri Satguru Jagjit Singh Ji Elibrary NamdhariElibrary@gmail.com

ਲੈਣ ਦੀ ਭਾਵਨਾ ਮੌਜੂਦ ਨਾ ਹੁੰਦੀ ਤਾਂ ਗੁਰੂ ਰਾਮ ਸਿੰਘ ਇੱਕ ਦਹਾਕੇ ਦੇ ਸੰਖੇਪ ਸਮੇਂ ਵਿੱਚ ਹੀ ਲੱਖਾਂ ਦੀ ਗਿਣਤੀ ਵਿੱਚ ਆਪਣੇ ਪੈਰੋਕਾਰ ਕਿਵੇਂ ਪੈਦਾ ਕਰ ਲੈਂਦੇ? ਗੁਰੂ ਰਾਮ ਸਿੰਘ ਦੀ ਸਫ਼ਲਤਾ ਦੇ ਪਿਛੋਕੜ ਵਿੱਚ ਉਪਰੋਕਤ ਸਾਰੀਆਂ ਬਾਹਰਮੁਖੀ ਪਰਸਥਿਤੀਆਂ ਕਰਮਸ਼ੀਲ ਸਨ।

ਭਾਵੇਂ ਇਹ ਧਾਰਮਿਕ, ਸਮਾਜਕ ਜਾਂ ਰਾਜਨੀਤਕ ਅੰਦੋਲਨ ਸੀ, ਪਰ ਇਸਦੇ ਪਿਛੋਕੜ ਵਿੱਚ ਗੁਰੂਆਂ ਦੇ ਉਪਦੇਸ਼ ਤੇ ਪ੍ਰੇਰਣਾ ਅਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕ ਜੋਤ ਦਾ ਵਧੇਰੇ ਹੱਥ ਸੀ। ਕੂਕਿਆਂ ਵਿੱਚ ਯੂਰਪ ਵਾਲੀ ਆਜ਼ਾਦੀ ਦੀ ਭਾਵਨਾ, ਜੋ ਉਸ ਸਮੇਂ ਤੱਕ ਭਾਰਤ ਦੇ ਬਹੁਤ ਸਾਰੇ ਭਾਗਾਂ ਵਿੱਚ ਫੈਲ ਚੁੱਕੀ ਸੀ; ਹਾਲੀਂ ਨਹੀਂ ਸੀ ਉਪਜੀ। ਪਰ ਦੂਜੇ ਬੰਨੇ ਰੱਬੀ ਏਕਤਾ, ਮਾਨਵੀ ਭਰਾਤਰੀਅਤਾ, ਇਸਤਰੀ ਪੁਰਸ਼ਾਂ ਦੀ ਬਰਾਬਰੀ ਅਤੇ ਸੁਤੰਤਰਤਾ ਦੇ ਵਿਚਾਰ ਸਿੱਖ ਧਰਮ ਵਿੱਚ ਪਹਿਲਾਂ ਤੋਂ ਹੀ ਮੌਜੂਦ ਸਨ। ਇਸ ਲਈ ਉਨ੍ਹਾਂ ਦਾ ਯੂਰਪ ਦੇ ਸੁਤੰਤਰਤਾ ਦੇ ਵਿਚਾਰਾਂ ਪਿੱਛੇ ਲੱਗਣ ਦੀ ਥਾਂ ਆਪਣੇ ਹੀ ਧਰਮ ਵਿੱਚ ਜਿਹੜੇ ਤੱਤ ਮੌਜੂਦ ਸਨ, ਉਨ੍ਹਾਂ ਉੱਤੇ ਅਮਲ ਕਰਨਾ ਹੀ ਕਾਫ਼ੀ ਸੀ।.

ਮੋਟੇ ਤੌਰ ਤੇ ਕੂਕਾ ਮੱਤ ਵਿੱਚ ਚਾਰ ਮੁੱਖ ਨੁਕਤੇ ਸਨ – ਨਾਮ, ਸਮਾਜਕ ਬਰਾਬਰੀ, ਖ਼ਾਲਸੇ ਦਾ ਸੰਗਠਨ ਅਤੇ ਸਿੱਖ ਰਾਸ਼ਟਰੀਅਤਾ। ਪਹਿਲੇ ਦੋ ਤਾਂ ਸਾਰੇ ਸਿੱਖ ਗੁਰੂਆਂ ਦੀ ਵਿਚਾਰਧਾਰਾ ਦੀਆਂ ਮੁੱਖ ਤੰਦਾਂ ਸਨ ਅਤੇ ਪਿਛਲੇ ਦੋ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਸਨ, ਜਿਨ੍ਹਾਂ ਨੂੰ ਉਸ ਧਾਰਮਿਕ ਬ੍ਰਿਛ ਦੇ ਫ਼ਲ ਪ੍ਰਾਪਤ ਹੋਏ, ਜਿਸ ਦਾ ਬੀਜ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੀ ਨਿਆਈਂ ਹੀ ਸੰਤ ਖਾਲਸੇ ਨੂੰ ਸਥਾਪਿਤ ਕੀਤਾ ਗਿਆ ਸੀ। ਖੰਡੇ ਦਾ ਅੰਮ੍ਰਿਤ ਜੋ ਕਾਫ਼ੀ ਲੰਮੇ ਸਮੇਂ ਤੋਂ ਖਾਲਸੇ ਵਿੱਚ ਪ੍ਰਵੇਸ਼ ਕਰਨ ਲਈ ਜ਼ਰੂਰੀ ਸੀ, ਦਾ ਲੰਮੇ ਸਮੇਂ ਤੋਂ ਅਭਾਵ ਹੋ ਗਿਆ ਸੀ। ਗੁਰੂ ਰਾਮ ਸਿੰਘ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਪ੍ਰਥਾ ਨੂੰ ਮੁੜ ਸੁਰਜੀਤ ਕੀਤਾ। ਸੰਤ ਖਾਲਸੇ ਵਿੱਚ ਪ੍ਰਵੇਸ਼ ਕਰਨ ਲਈ ਕਰੜੀ ਰਹਿਤ ਮਰਿਯਾਦਾ ਨੂੰ ਧਾਰਨ ਕਰਨਾ ਜ਼ਰੂਰੀ ਸਮਝਿਆ ਗਿਆ। ਇਸ ਤੋਂ ਬਿਨਾਂ ਸੰਤ ਖਾਲਸੇ ਵਿੱਚ ਕਈਂ ਨਵੇਂ ਪਛਾਣ ਚਿੰਨ੍ਹ ਲਾਗੂ ਕੀਤੇ ਗਏ, ਜੋ ਉਨ੍ਹਾਂ ਨੂੰ ਦੂਜੇ ਸਿੱਖ ਭਾਈਚਾਰੇ ਨਾਲੋਂ ਵਿਲੱਖਣਤਾ ਪ੍ਰਦਾਨ ਕਰਦੇ ਸਨ। ਇਨ੍ਹਾਂ ਵਿੱਚੋਂ ਪ੍ਰਮੁੱਖ ਸਨ – ਸਫੇਦ ਉੱਨ ਦੀ ਅਠੋਤਰੀ ਮਾਲਾ, ਸਫੇਦ ਬਸਤਰ ਅਤੇ ਸਿੱਧੀ ਦਸਤਾਰ। ਇਸ ਤੋਂ ਬਿਨਾਂ ਕੂਕੇ ਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਮੰਨਦੇ ਸਨ। ਉਹ ਗੁਰੂ ਰਾਮ ਸਿੰਘ ਤੋਂ ਕੰਨ ਵਿੱਚ ਗੁਪਤ ਗੁਰਮੰਤਰ ਲੈ ਕੇ ਗੁਰੂ ਦੇ ਹੁਕਮ ਦੀ ਸਿਰਮੱਥੇ ਪਾਲਣਾ ਕਰਦੇ ਸਨ।

ਕੂਕਾ ਮੱਤ ਦੀ ਇਸ ਨਵੀਂ ਰਹਿਤ ਮਰਿਯਾਦਾ ਅਤੇ ਸੰਤ ਖਾਲਸੇ ਦੇ ਸਰੂਪ ਨੂੰ ਸਨਾਤਨੀ ਸਿੱਖ ਮਹੰਤ ਅਤੇ ਪੁਜਾਰੀ ਪ੍ਰਤੀਕੂਲ ਦ੍ਰਿਸ਼ਟੀ ਤੋਂ ਵੇਖਦੇ ਸਨ। ਇਸ



Sri Satguru Jagjit Singh Ji Elibrary NamdhariElibrary@gmail.com

ਵਖਰੇਵੇਂ ਕਾਰਨ ਕੂਕਿਆਂ ਨੂੰ ਵਿਅਕਤੀਗਤ ਅਤੇ ਸਮਸ਼ਟੀਗਤ ਦੋਹਾਂ ਰੂਪਾਂ ਵਿੱਚ ਹੀ ਬੜੀਆਂ ਮੁਸ਼ਕਿਲਾਂ ਝਲਣੀਆਂ ਪਈਆਂ। ਇਹ ਗੱਲ ਉਨ੍ਹਾਂ ਦੀ ਸ਼ਲਾਘਾ ਵਿੱਚ ਜਾਂਦੀ ਹੈ ਕਿ ਉਨ੍ਹਾਂ ਨੇ ਇਨ੍ਹਾਂ ਸਭ ਔਕੜਾਂ ਦਾ ਦ੍ਰਿੜ੍ਹਤਾ ਨਾਲ ਟਾਕਰਾ ਕੀਤਾ। ਭਾਵੇਂ ਆਮ ਸਿੱਖ ਭਾਈਚਾਰੇ ਨੇ ਉਨ੍ਹਾਂ ਨੂੰ ਨਾ ਅਪਣਾਇਆ, ਫਿਰ ਵੀ ਉਹ ਆਪਣੇ ਮਾਰਗ ਤੋਂ ਡਿੱਗੇ ਡੋਲੇ ਨਹੀਂ। ਸਿੱਖ ਰਾਸ਼ਟਰੀਅਤਾ ਬਾਰੇ ਵੀ ਕੂਕਿਆਂ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੀ ਸਥਾਪਿਤ ਪਰੰਪਰਾ ਦਾ ਵਾਰਿਸ ਅਤੇ ਪਹਿਰੇਦਾਰ ਦੱਸਿਆ। ਉਹ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਉੱਤਰਾਧਿਕਾਰੀਆਂ ਦੇ ਰਾਜ ਨੂੰ ਖਾਲਸਾ ਰਾਜ ਮੰਨਦੇ ਸਨ। ਅੰਗਰੇਜ਼ਾਂ ਹੱਥੋਂ ਇਸਦੇ ਖੁੱਸ ਜਾਣ ਦਾ ਉਨ੍ਹਾਂ ਦੇ ਮਨ ਵਿੱਚ ਬੜਾ ਰੋਸ ਸੀ ਅਤੇ ਉਹ ਉਸ ਦੀ ਮੁੜ ਬਹਾਲੀ ਲੋਚਦੇ ਸਨ। ਉਹ ਇਸ ਹਾਰ ਨੂੰ ਸਿੱਖਾਂ ਦੀ ਆਚਰਨਿਕ ਹਾਰ ਦੱਸਦੇ ਸਨ ਅਤੇ ਰਾਜਨੀਤਕ ਉਦੇਸ਼ਾਂ ਦੀ ਸਫ਼ਲਤਾ ਲਈ ਕਰੜੇ ਅਨੁਸ਼ਾਸਨ ਵਾਲੀ ਖਾਲਸਾ ਰਹਿਤ ਮਰਿਯਾਦਾ ਅਤੇ ਧਾਰਮਿਕ ਅਨੁਸ਼ਾਸਨ ਨੂੰ ਜ਼ਰੂਰੀ ਅੰਗ ਮੰਨਦੇ ਸਨ। ਗੁਰੂ ਗੋਬਿੰਦ ਸਿੰਘ ਸਮਾਨ ਉਹ ਆਖਰੀ ਹੀਲੇ ਵਜੋਂ ਹੱਕ ਨਿਆਂ ਦੀ ਪ੍ਰਾਪਤੀ ਲਈ ਤਲਵਾਰ ਨੂੰ ਪਕੜਨਾ ਵੀ ਜਾਇਜ਼ ਮੰਨਦੇ ਸਨ। ਪ੍ਰੇਮ ਸੁਮਾਰਗ ਅਨੁਸਾਰ ਹੱਕ ਨਿਆਂ ਦੀ ਪ੍ਰਾਪਤੀ ਅਤੇ ਭ੍ਰਸ਼ਟ ਹਾਕਮਾਂ ਨੂੰ ਸੋਧਣ ਲਈ ਆਖਰੀ ਹੀਲੇ ਵਜੋਂ ਤਲਵਾਰ ਨੂੰ ਵਰਤ ਲੈਣਾ ਉੱਚਿਤ ਹੀ ਹੈ। ਉਹ ਸੱਚੇ ਦਿਲੋਂ ਇਹ ਮੰਨਦੇ ਸਨ ਕਿ ਗੁਰੂ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਹੈ ਤਾਂ ਹੀ ਉਨ੍ਹਾਂ ਨੇ ਉਨ੍ਹਾਂ ਦੇ ਸਿੱਧਾਂਤਾਂ ਅਰਥਾਤ ਤਲਵਾਰ ਨੂੰ ਸੂਤ ਲੈਣ ਦੀ ਪਰੰਪਰਾ ਨੂੰ ਕਈ ਥਾਂਵਾਂ ਉੱਤੇ ਵਰਤਿਆ ਹੈ।"

ਉਪਰੋਕਤ ਸਮਾਚਾਰਾਂ ਨੂੰ ਮੁੱਖ ਰੱਖ ਕੇ ਅੰਗਰੇਜ਼ ਸਰਕਾਰ ਕੂਕਿਆਂ ਤੋਂ ਵਡੇਰੇ ਅਤੇ ਵਿਆਪਕ ਵਿਦਰੋਹ ਦੀ ਸੰਭਾਵਨਾ ਨੂੰ ਸਨਮੁਖ ਰੱਖ ਕੇ ਕੂਕਿਆਂ ਵਿਰੁੱਧ ਸਖ਼ਤ ਨੀਤੀ ਨੂੰ ਅਪਣਾ ਰਹੀ ਸੀ ਅਤੇ ਉਨ੍ਹਾਂ ਦੇ ਲੋਕ-ਆਧਾਰਾਂ, ਪੂਜਾ-ਪਾਠ ਅਤੇ ਦੀਵਾਨਾਂ ਉੱਤੇ ਪਾਬੰਦੀਆਂ ਅਤੇ ਸਖ਼ਤ ਨਿਗਰਾਨੀ ਦੇ ਹੁਕਮ ਜਾਰੀ ਕਰ ਰਹੀ ਸੀ। ਪਰ ਸਭ ਤੋਂ ਵਧੇਰੇ ਅੰਗਰੇਜ਼ੀ ਨੀਤੀ ਇਹ ਤਹੱਈਆ ਕਰ ਚੁੱਕੀ ਸੀ ਕਿ ਗ੍ਰਿਫਤਾਰ ਕੀਤੇ ਜਾ ਚੁੱਕੇ ਕੂਕੇ ਬੰਦੀਆਂ ਵਿਸ਼ੇਸ਼ ਕਰਕੇ ਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਨੂੰ ਲੰਮੇ ਸਮੇਂ ਲਈ ਪੰਜਾਬ ਤੋਂ ਜਲਾਵਤਨ ਹੀ ਰੱਖਿਆ ਜਾਵੇ। ਫਲਸਰੂਪ ਇਨ੍ਹਾਂ ਕੂਕਾ ਬੰਦੀਆਂ ਨੂੰ ਲੰਮੇ ਸਮੇਂ ਲਈ ਵੱਖ-ਵੱਖ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਰਹਿਣਾ ਪਿਆ ਅਤੇ ਕਈ ਤਾਂ ਲੰਮੀਆਂ-ਲੰਮੀਆਂ ਕੈਦਾਂ ਭੁਗਤਦੇ ਹੋਏ ਜੇਲ੍ਹਾਂ ਵਿੱਚ ਹੀ ਕਾਲਵਾਸ ਹੋ ਗਏ ਸਨ।

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਭੇਜਣਾ

ਪੰਜਾਬ ਸਰਕਾਰ ਦੀ ਨੀਤੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ



Sri Satguru Jagjit Singh Ji Elibrary NamdhariElibrary@gmail.com

ਤੋਂ ਦੂਰ ਕਿਸੇ ਅਜਿਹੀ ਥਾਂ 'ਤੇ ਭੇਜ ਦਿੱਤਾ ਜਾਵੇ, ਜਿੱਥੇ ਉਹ ਆਪਣੇ ਪੈਰੋਕਾਰਾਂ ਤੋਂ ਦੂਰ ਚੱਲੇ ਜਾਣ ਅਤੇ ਉਨ੍ਹਾਂ ਨਾਲ ਕੋਈ ਤਾਲਮੇਲ ਨਾ ਰੱਖ ਸਕਣ।" 10 ਮਾਰਚ, 1872 ਈ: ਨੂੰ ਸਤਿਗੁਰੂ ਜੀ ਨੂੰ ਇੰਸਪੈਕਟਰ ਹੈਨਰੀ ਦੀ ਨਿਗਰਾਨੀ ਹੇਠ ਗੱਡੀ ਰਾਹੀਂ ਅਲਾਹਾਬਾਦ ਤੋਂ ਹਾਵੜਾ ਪਹੁੰਚਾਇਆ ਗਿਆ। ਆਪ ਜੀ ਦੇ ਨਾਲ ਗੜਵਈ ਭਾਈ ਨਾਨੂੰ ਸਿੰਘ ਵੀ ਸੀ। ਫਿਰ ਕਲਕੱਤਿਓਂ ਸਮੁੰਦਰੀ ਜਹਾਜ਼ ਰਾਹੀਂ ਆਪ ਨੂੰ ਰੰਗੂਨ ਭੇਜਿਆ ਗਿਆ।"

## ਭਾਈ ਨਾਨੂੰ ਸਿੰਘ ਦਾ ਇਕਰਾਰਨਾਮਾ

ਭਾਈ ਨਾਨੂੰ ਸਿੰਘ ਗੁਰੂ ਰਾਮ ਸਿੰਘ ਜੀ ਦੇ ਨਿੱਜੀ ਸਹਾਇਕ ਵਜੋਂ ਆਪ ਜੀ ਦੇ ਨਾਲ ਹੀ ਅਲਾਹਾਬਾਦ ਆ ਗਿਆ ਸੀ। ਸਤਿਗੁਰੂ ਰਾਮ ਸਿੰਘ ਉਸਨੂੰ ਆਪਣੇ ਨਾਲ ਹੀ ਰੱਖਣਾ ਚਾਹੁੰਦੇ ਸਨ। ਭਾਈ ਨਾਨੂੰ ਸਿੰਘ ਤੋਂ ਸਰਕਾਰ ਨੇ ਇਹ ਇਕਰਾਰਨਾਮਾ ਲਿਖਵਾ ਲਿਆ ਸੀ ਕਿ ਉਹ ਆਪਣੀ ਰਜ਼ਾਮੰਦੀ ਨਾਲ ਸਤਿਗੁਰੂ ਜੀ ਨਾਲ ਰਹਿਣਾ ਚਾਹੁੰਦਾ ਹੈ। ਉਸ ਤੋਂ ਲਿਖਾਏ ਗਏ ਇਕਰਾਰਨਾਮੇ ਦਾ ਉਤਾਰਾ ਇੱਥੇ ਦਿੱਤਾ ਜਾ ਰਿਹਾ ਹੈ :

[1*]"ਮੈਂ ਨਾਨੂੰ ਸਿੰਘ ਪੰਜਾਬ ਇਲਾਕਾ ਪਟਿਆਲਾ ਗਾਂਵ ਰੁੜਕੀ ਕਾ ਰਹਿਣੇ ਵਾਲਾ ਹਾਲ ਮੁਕਾਮ ਰੰਗੂਨ ਜੇਲ੍ਹ ਯਹ ਇਕਰਾਰ ਕਰਤਾ ਹੂੰ ਔਰ ਸੰਨਦ ਨਾਮਾ ਭੀ ਲਿਖ ਦੇਤਾ ਹੂੰ। ਕਿਸ ਵਾਸਤੇ ਤੋਂ ਯਹ ਜੇਲ੍ਹ ਮੇਂ ਆਪਣੀ ਖੁਸ਼ੀ ਸੇ ਰਾਜੀ-ਓ-ਰਜ਼ਾਮੰਦੀ ਕੇ ਸਾਥ ਯਹੀਂ ਰਹੂੰਗਾ। ਔਰ ਖਿਦਮਤ ਤੋਂ ਰਾਜਾ ਸਾਹਿਬ ਆਪਨੇ ਗੁਰੂ ਕੇ ਹਮਰਾਹ ਬਿਲਾ ਉਜ਼ਰ ਬਤੌਰ ਕੈਦ ਕੇ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਕਰੂੰ ਤੋਂ ਬਾਤਲ ਹੈ। ਇਸੇ ਵਾਸਤੇ ਯਹ ਸੰਨਦਨਾਮਾ ਲਿਖ ਦੇਤਾ ਹੂੰ। ਨਿਹਾਜਾ ਸਰਕਾਰ ਕੇ ਕਾਮ ਆਵੇ।

ਨਾਨੂੰ ਸਿੰਘ ਦੇ ਅੰਗੂਠੇ ਦਾ ਨਿਸ਼ਾਨ — ਮਾਰਚ 1872

ਨਾਨੂੰ ਸਿੰਘ ਨੇ ਮੇਰੀ ਹਾਜਰੀ
ਵਿੱਚ ਦਸਤਖਤ ਕੀਤੇ
ਕਾਰਜਕਾਰ ਦਸਤਖ਼ਤ
ਸੁਪਰਡੈਂਟ

## ਲਾਰਡ ਮਿਓ ਦਾ ਕਤਲ

ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਵਾਇਸਰਾਇ ਹਿੰਦ ਲਾਰਡ ਮਿਓ ਨੇ ਸਤਿਗੁਰੂ ਰਾਮ ਸਿੰਘ ਅਤੇ ਸੂਬਿਆਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਸੀ, ਜੋ ਠੀਕ ਨਹੀਂ ਹੈ। ਸਥਾਪਤ ਸਰਕਾਰ ਵਿਰੁੱਧ ਲੜਾਈ ਫਸਾਦ ਜਾਂ ਮਲਕਾ ਵਿਰੁੱਧ

[1*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 177



Sri Satguru Jagjit Singh Ji Elibrary NamdhariElibrary@gmail.com

ਬਗਾਵਤ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਦਿੱਤੀ ਜਾ ਸਕਦੀ ਸੀ। ਪਰ ਨਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਅਤੇ ਨਾ ਹੀ ਸੂਬਿਆਂ ਨੇ ਸਿੱਧੇ ਤੌਰ ਤੇ ਕਿਸੇ ਬਗਾਵਤ ਵਿੱਚ ਹਿੱਸਾ ਲਿਆ। ਪਰ ਕੁਝ ਸੂਬਿਆਂ ਨੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਨੂੰ ਉਤਸ਼ਾਹ ਜ਼ਰੂਰ ਦਿੱਤਾ ਸੀ। ਇਸ ਦੋਸ਼ ਵਿੱਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਜ਼ਰੂਰ ਦਿੱਤੀ ਜਾ ਸਕਦੀ ਸੀ। ਲਾਰਡ ਮਿਓ ਅੰਡੇਮਾਨ ਟਾਪੂ ਵਿੱਚ ਦੌਰੇ ਤੇ ਗਿਆ ਸੀ ਅਤੇ ਵਾਪਸੀ ਉੱਤੇ ਜਹਾਜ ਵਿੱਚ ਚੜ੍ਹਨ ਸਮੇਂ ਇੱਕ ਕੈਦੀ ਸ਼ੇਰ ਖਾਂ ਨੇ ਉਸਨੂੰ ਜਖ਼ਮੀ ਕਰ ਦਿੱਤਾ ਸੀ। 8 ਫਰਵਰੀ, 1872 ਨੂੰ ਉਸਦਾ ਦੇਹਾਂਤ ਹੋ ਗਿਆ ਸੀ।

### ਵੱਡੇ-ਵੱਡੇ ਸਰਦਾਰਾਂ ਅਤੇ ਜਗੀਰਦਾਰਾਂ ਵੱਲੋਂ ਕੂਕਾ ਲਹਿਰ ਦਾ ਵਿਰੋਧ

ਦੇਸੀ ਰਿਆਸਤਾਂ ਦੇ ਹੁਕਮਰਾਨਾਂ ਵਿਸ਼ੇਸ਼ ਕਰਕੇ ਮ: ਮਹਿੰਦਰ ਸਿੰਘ ਪਟਿਆਲਾ ਵਾਂਗ ਪੰਜਾਬ ਦੇ ਵੱਡੇ-ਵੱਡੇ ਸਰਦਾਰਾਂ ਅਤੇ ਜਾਗੀਰਦਾਰਾਂ ਨੇ ਵੀ ਅੰਗਰੇਜ਼ ਸਰਕਾਰ ਦੀ ਵਫਾਦਾਰੀ ਦਾ ਦਮ ਭਰਦੇ ਹੋਇਆਂ ਕੂਕਾ ਲਹਿਰ ਵਿਰੁੱਧ ਜ਼ਹਿਰ ਉਗਲਿਆ ਹੈ ਅਤੇ ਅੰਗਰੇਜ਼ ਸਰਕਾਰ ਦੀ ਕੂਕਿਆਂ ਵਿਰੁੱਧ ਚਲਾਈ ਗਈ ਦਮਨਕਾਰੀ ਨੀਤੀ ਦੀ ਜ਼ੋਰਦਾਰ ਹਮਾਇਤ ਕੀਤੀ ਹੈ। ਇਸਦਾ ਇੱਕ ਪ੍ਰਮਾਣ ਸ: ਦਿਆਲ ਸਿੰਘ ਮਜੀਠੀਏ ਦਾ ਉਹ ਬਿਆਨ ਹੈ, ਜੋ ਉਸਨੇ ਸਰਕਾਰ ਭਗਤਾਂ ਦੇ ਵਫਾਦਾਰ ਪਿਠੂਆਂ ਦੀ ਸਭਾ ਵਿੱਚ ਅੰਮ੍ਰਿਤਸਰ ਵਿਖੇ ਦਿੱਤਾ ਸੀ, ਜਿਸ ਉੱਤੇ ਕਈ ਟੋਡੀ ਸਰਦਾਰਾਂ ਦੇ ਹਸਤਾਖਰ ਵੀ ਕਰਵਾਏ ਗਏ ਅਤੇ ਜਿਹੜਾ ਪੰਜਾਬ ਸਰਕਾਰ ਦੇ ਗਜ਼ਟ ਵਿੱਚ 16 ਮਈ, 1872 ਨੂੰ ਪ੍ਰਕਾਸ਼ਿਤ ਹੋਇਆ ਸੀ। :

"ਸਤਿਕਾਰਯੋਗ ਲੈਫਟੀਨੈਂਟ ਗਵਰਨਰ ਪੰਜਾਬ ਦੀ ਸੇਵਾ ਵਿੱਚ,

ਅਸੀਂ ਅੰਮ੍ਰਿਤਸਰ ਦੇ ਸਭ ਜਾਤੀਆਂ ਦੇ ਸਿੱਖ ਸਰਦਾਰ ਜਿਨ੍ਹਾਂ ਦੇ ਦਸਤਖ਼ਤ ਇਸ ਪੱਤਰ ਹੇਠਾਂ ਕੀਤੇ ਗਏ ਹਨ, ਸਰਬਸੰਮਤੀ ਨਾਲ ਇਹ ਬਿਆਨ ਦੇ ਰਹੇ ਹਾਂ ਕਿ ਸਾਡਾ ਕੂਕੇ ਫਿਰਕੇ ਨਾਲ ਜੋ ਪਿੱਛੇ ਜਿਹੇ ਆਪਣੀਆਂ ਕਾਰਵਾਈਆਂ ਕਰਕੇ ਬੜਾ ਬਦਨਾਮ ਹੋ ਗਿਆ ਹੈ, ਨਾਲ ਨਾ ਤਾਂ ਕੋਈ ਸੰਬੰਧ ਹੈ ਅਤੇ ਨਾ ਹੀ ਉਸ ਨਾਲ ਸਾਡੀ ਕੋਈ ਹਮਦਰਦੀ ਹੈ। ਇਸ ਦੇ ਉਲਟ ਅਸੀਂ ਕਈ ਧਾਰਮਿਕ ਅਸੂਲਾਂ ਕਰਕੇ ਵੀ ਉਨ੍ਹਾਂ ਤੋਂ ਵੱਖਰੇ ਹਾਂ। ਸਾਨੂੰ ਖ਼ੁਸ਼ੀ ਹੈ ਕਿ ਸਰਕਾਰ ਨੇ ਇਸ ਸ਼ਰਾਰਤੀ ਅਤੇ ਕੁਰਾਏ ਪਏ ਫਿਰਕੇ 'ਤੇ ਕਾਬੂ ਪਾਉਣ ਲਈ ਢੁੱਕਵੇਂ ਅਤੇ ਸ਼ਾਨਦਾਰ ਕਦਮ ਚੁੱਕੇ ਹਨ। ਖਾਸ ਕਰਕੇ ਇਹ ਕਦਮ ਉਨ੍ਹਾਂ ਨੂੰ ਇਨ੍ਹਾਂ ਬਦਨੀਅਤਾਂ ਵੱਲੋਂ ਭਵਿੱਖ ਵਿੱਚ ਸ਼ਰਾਰਤੀ ਕਾਰਵਾਈਆਂ ਰੋਕਣ ਲਈ ਬੜੇ ਕਾਰਗਰ ਸਿੱਧ ਹੋਣਗੇ। ਇਸ ਨਾਲ ਇਨ੍ਹਾਂ ਬਦਕਾਰਾਂ ਵੱਲੋਂ ਦੂਜੇ ਫਿਰਕਿਆਂ ਉੱਤੇ ਕਾਰਵਾਈਆਂ ਕਰਨ ਤੋਂ ਵੀ ਰੋਕ ਲੱਗ ਸਕੇਗੀ। ਜਿਵੇਂ ਕਿ ਜੋ ਇਨ੍ਹਾਂ ਨੇ ਅੰਮ੍ਰਿਤਸਰ ਦੇ ਬੁੱਚੜਾਂ ਨੂੰ ਕਤਲ ਕਰਕੇ ਕੀਤਾ ਸੀ। ਇਸ ਤੋਂ ਛੁੱਟ ਕੂਕੇ ਸਾਡੇ ਨਾਲੋਂ ਕੇਵਲ ਧਰਮ ਵਿੱਚ ਹੀ ਵੱਖਰੇ ਨਹੀਂ ਸਨ, ਸਗੋਂ ਸਾਡੇ ਜਾਨੀ ਦੁਸ਼ਮਣ ਹਨ। ਆਪਣੇ ਦੁਰਵਿਹਾਰ ਅਤੇ ਬੁਰੀਆਂ ਨੀਤੀਆਂ



Sri Satguru Jagjit Singh Ji Elibrary NamdhariElibrary@gmail.com

ਕਾਰਨ ਇਨ੍ਹਾਂ ਨੇ ਸਰਕਾਰ ਦੀਆਂ ਨਜ਼ਰਾਂ ਵਿੱਚ ਸਾਨੂੰ ਨੀਵਾਂ ਕਰ ਦਿੱਤਾ ਹੈ ਅਤੇ 1857 ਵਿੱਚ ਅੰਗਰੇਜ਼ਾਂ ਦੀ ਸਹਾਇਤਾ ਕਰਕੇ ਜਿਹੜਾ ਜੱਸ ਉਨ੍ਹਾਂ ਦੇ ਵਫਾਦਾਰ ਹੋਣ ਦਾ ਖੱਟਿਆ ਸੀ, ਇਨ੍ਹਾਂ ਨੇ ਉਸ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਹੈ। ਪਰ ਜਿਵੇਂ ਕਿ ਅਖਾਣ ਹੈ ਕਿ ਸੱਚਾਈ ਸਦਾ ਕਾਇਮ ਰਹਿੰਦੀ ਹੈ, ਸਰਕਾਰ ਨੂੰ ਇਹ ਗਿਆਨ ਹੋ ਚੁੱਕਾ ਹੈ ਕਿ ਸਾਡੀ ਇਸ ਫਿਰਕੇ ਨਾਲ ਕੋਈ ਭਾਈਵਾਲੀ ਨਹੀਂ ਸੀ। ਜਿਥੋਂ ਤੱਕ ਇਹ ਫਿਰਕਾ ਸਾਡਾ ਦੁਸ਼ਮਣ ਹੈ, ਅਸੀਂ ਸਰਕਾਰ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਇਨ੍ਹਾਂ ਨੂੰ ਦਬਾਉਣ ਲਈ ਢੁੱਕਵੇਂ ਕਦਮ ਉਠਾਏ ਹਨ, ਇਸ ਨਾਲ ਸਾਡੇ ਦਿਲਾਂ ਦੀਆਂ ਭਾਵਨਾਵਾਂ ਦੀ ਪੂਰਤੀ ਹੋਈ ਹੈ।

*ਸਹੀ*

1. ਸ: ਬਖਸ਼ੀਸ਼ ਸਿੰਘ ਸੰਧਾਂਵਾਲੀਆ
2. ਸ: ਭਗਵਾਨ ਸਿੰਘ
3. ਸ: ਦਿਆਲ ਸਿੰਘ ਮਜੀਠੀਆ
4. ਸ: ਜਵਾਹਰ ਸਿੰਘ ਜਫਰਵਾਲ
5. ਸ: ਮੰਗਲ ਸਿੰਘ ਰਾਮਗੜ੍ਹੀਆ

ਅਤੇ ਕਈ ਹੋਰ ਜਿਨ੍ਹਾਂ ਦੀ ਕੁੱਲ ਗਿਣਤੀ 14 ਹੈ।

ਇਸ ਦੇ ਉੱਤਰ ਵਿੱਚ ਪੰਜਾਬ ਦੇ ਗਵਰਨਰ ਨੇ ਜਿਹੜਾ ਪੱਤਰ ਭੇਜਿਆ, ਉਸ ਦਾ ਵੇਰਵਾ ਪੰਜਾਬ ਗਜ਼ਟ ਦੇ 16 ਮਈ, 1872 ਦੇ ਅੰਕ ਵਿੱਚ ਜ਼ਮੀਮੇ ਵਜੋਂ ਦਰਜ ਹੈ : "ਇਸ ਨਵੇਂ ਫਿਰਕੇ ਦੇ ਕੁਰਾਹੇ ਪਏ ਭੜਕੇ ਹੋਏ ਮੈਂਬਰ ਬੜੇ ਜ਼ਾਲਮਾਨਾ ਅਪਰਾਧ ਕਰਨ ਦੇ ਦੋਸ਼ੀ ਹਨ। ਬੱਜਰ ਕੱਟੜ ਪ੍ਰਸਤ ਭਾਵਨਾਵਾਂ ਅਧੀਨ ਉਨ੍ਹਾਂ ਨੇ ਸੁੱਤੇ ਪਏ ਇਸਤਰੀ, ਪੁਰਸ਼ਾਂ ਅਤੇ ਬੱਚਿਆਂ ਨੂੰ ਕਤਲ ਕੀਤਾ ਹੈ। ਰਾਤ ਦੇ ਹਨੇਰੇ ਵਿੱਚ ਲੁੱਟ-ਮਾਰ ਕਰਨ ਖਾਤਰ ਉਨ੍ਹਾਂ ਨੇ ਪਰਮ ਸਤਿਕਾਰਯੋਗ ਸਿੱਖ ਸਰਦਾਰ ਦੇ ਘਰ ਉੱਤੇ ਹੱਲਾ ਬੋਲਿਆ ਅਤੇ ਉਸਦੇ ਲੜਕੇ ਨੂੰ ਜ਼ਖ਼ਮੀ ਕਰਕੇ ਉਸਦੇ ਨੌਕਰਾਂ ਨੂੰ ਕਤਲ ਕਰ ਦਿੱਤਾ। ਉਨ੍ਹਾਂ ਨੇ ਮਲੇਰਕੋਟਲੇ ਦੇ ਕਸਬੇ ਅਤੇ ਖਜ਼ਾਨੇ ਉੱਤੇ ਕਬਜ਼ਾ ਕਰਨ ਦਾ ਯਤਨ ਕੀਤਾ। ਕਈਂ ਸਾਲਾਂ ਤੋਂ ਬ੍ਰਿਟਿਸ਼ ਸਰਕਾਰ ਨੇ ਸਭ ਧਰਮਾਂ ਲਈ ਸਹਿਣਸ਼ੀਲਤਾ ਦੀ ਨੀਤੀ ਨੂੰ ਅਪਣਾਈ ਰੱਖਿਆ ਹੈ। ਉਨ੍ਹਾਂ ਨੇ ਸਰਕਾਰ ਦੀ ਇਸ ਨੀਤੀ ਦਾ ਗੁਪਤ ਰੂਪ ਵਿੱਚ ਵਿਰੋਧ ਕੀਤਾ ਹੈ ਅਤੇ ਧਾਰਮਿਕ ਇਕੱਤਰਤਾਵਾਂ ਦੇ ਬਹਾਨੇ ਕਤਲਾਂ, ਮਾਰ-ਧਾੜਾਂ ਅਤੇ ਬਗਾਵਤ ਨੂੰ ਫੈਲਾਉਣ ਦਾ ਨਿਰੰਤਰ ਯਤਨ ਕੀਤਾ ਹੈ। ਗਵਰਨਰ ਨੇ ਇਨ੍ਹਾਂ ਸਿੱਖਾਂ ਦੀ ਪ੍ਰਸੰਸਾ ਕੀਤੀ ਹੈ, ਜਿਨ੍ਹਾਂ ਨੇ ਕੂਕਿਆਂ ਦੀਆਂ ਕਾਰਵਾਈਆਂ ਦੀ ਖੁੱਲ੍ਹ ਕੇ ਨਿੰਦਾ ਕੀਤੀ ਹੈ। ਮੰਗਲ ਸਿੰਘ ਰਾਮਗੜ੍ਹੀਏ ਨੂੰ ਅੰਮ੍ਰਿਤਸਰ ਦੇ ਸ਼ਾਹੀ ਦਰਬਾਰ ਵਿੱਚ ਇਸ ਸ਼ਲਾਘਾਯੋਗ ਕਾਰਜ ਨੂੰ ਜਥੇਬੰਦ ਕਰਨ ਲਈ ਖਿੱਲਤ ਭੇਟ ਕੀਤੀ ਗਈ ਸੀ।"



Sri Satguru Jagjit Singh Ji Elibrary NamdhariElibrary@gmail.com

## ਸਤਿਗੁਰੂ ਹਰੀ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਡੇਰੇ ਦੀਆਂ ਕੁੰਜੀਆਂ ਸੌਂਪਣਾ

ਜਦੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਨਾਮਧਾਰੀ ਸੂਬੇ ਅਲਾਹਾਬਾਦ ਦੇ ਕਿਲ੍ਹੇ ਵਿੱਚ ਕੈਦ ਸਨ ਤਾਂ ਕੁਝ ਦਿਨ ਪਿਛੋਂ ਉਨ੍ਹਾਂ ਕੋਲੋਂ ਪੁੱਛਿਆ ਗਿਆ ਕਿ ਭੈਣੀ ਸਾਹਿਬ ਦੇ ਡੇਰੇ ਦੀਆਂ ਕੁੰਜੀਆਂ ਕਿਸ ਨੂੰ ਸੌਂਪੀਆਂ ਜਾਣ ਅਰਥਾਤ ਸਤਿਗੁਰੂ ਰਾਮ ਸਿੰਘ ਜੀ ਪਿਛੋਂ ਕੌਣ ਉਨ੍ਹਾਂ ਦਾ ਵਾਰਿਸ ਜਾਂ ਉੱਤਰਾਧਿਕਾਰੀ ਹੋਵੇਗਾ। ਇਸ ਘਟਨਾ ਦੇ ਵੇਰਵੇ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਆਪਣੀ ਪੁਸਤਕ 'ਸਤਿਗੁਰੂ ਬਿਲਾਸ' ਵਿੱਚ ਦਿੱਤੇ ਹਨ, "ਇੱਕ ਦਿਨ ਫਰੰਗੀ ਨੇ ਪੁੱਛਿਆ, ਜੀ ਕੁੰਜੀਆਂ ਤੁਮਾਰੀਆਂ ਕਿਸ ਨੂੰ ਮਿਲਣ। ਦੀਨ ਦਇਆਲ ਜੀ ਸੂਬਿਆਂ ਥੀ ਪੁੱਛਿਆ ਕੁੰਜੀਆਂ ਕਿਸ ਨੂੰ ਦੇਈਏ। ਪਹਿਲੇ ਤਾਂ ਸੂਬਿਆਂ ਨੇ ਕਿਹਾ ਕੇ ਦੇਸ-ਦੇਸ ਮੈ ਮਹੰਤ ਬਣਾਇ ਦੇਵੋ। ਆਪੋ ਆਪਣੇ ਦੇਸ ਕੀ ਕਾਰ ਕਰਨ। ਉਹਨਾਂ ਦਾ ਹੁਕਮ ਮੰਨਣ, ਕਾਰ ਤੁਰੀ ਰਹੇਗੀ। ਏਹੁ ਭੀ ਸੂਬਿਆਂ ਕੀ ਰਾਇ ਸੀ ਕਿ ਕੁੰਜੀ ਗੁਪਾਲ ਸਿੰਘ ਕੋ ਮਿਲੇ। ਬਾਬਾ ਨਿਹੰਗ ਸਿੰਘ (ਕਾਹਨ ਸਿੰਘ) ਚੱਕ ਸੀ, ਤਿਸ ਥੀਂ ਪੁੱਛਿਆ। ਬਾਬੇ ਕਾਹਨ ਸਿੰਘ ਨੇ ਕਹਿਆ ਕੇ ਹੋਰ ਮੈਨੂੰ ਕੋਈ ਨਹੀਂ ਦਿਸਦਾ, ਜੋ ਏਸ ਕਾਰ ਨੂੰ ਤੋਰ ਲਵੇ। ਤੁਹਾਡਾ ਭਾਈ ਭਾਵੇਂ ਏਸ ਕਾਰ ਨੂੰ ਚਲਾਵੇ। ਹੋਰ ਕਿਸੇ ਜੀਵ ਕੀ ਸ਼ਕਤ ਨਹੀਂ। ਦੀਨ ਦਿਆਲ ਜੀ ਬਚਨ ਕੀਤਾ ਪ੍ਰਸੰਨ ਹੋਇ ਕੇ, ਸਾਡੀ ਭੀ ਏਹੋ ਰਾਇ ਸੀ ਕਿ ਓਹੀ ਚਲਾਵਨਗੇ। ਬਿੱਲੇ ਨੂੰ ਕਹਿ ਦੀਆ ਕੇ ਦੋ ਹੈਨ ਮੇਰੇ ਘਰ ਦੇ ਬਾਬਾ ਜੱਸਾ ਅਤੇ ਭਾਈ ਬੁੱਧ ਸਿੰਘ। ਬਾਬੇ ਜਵਾਹਰ ਸਿੰਘ ਅਤੇ ਹੋਰ ਸੂਬਿਆਂ ਨੇ ਸੁਣ ਕੇ ਕੋਲੋਂ ਕਹਾ ਜ਼ੀ ਘਰ ਵੱਨੇ ਨਿਗ੍ਹਾ ਕੀਤੀ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਏਹੁ ਭਾਈ ਕੇ ਹੀ ਚੁਕਣੇ ਕਾ ਭਾਰ ਹੈ। ਏਹੁ ਕਾਰ ਏਸੇ ਕੇ ਚਲਾਵਣ ਕੀ ਹੈ। ਹੋਰ ਸੇ ਨਹੀਂ ਚੱਲ ਸਕਦੀ। ਤਾਂ ਏਹਨਾਂ ਨੂੰ ਬਖ਼ਸ਼ੀ ਹੈ। ਏਸ ਦਿਨ ਵਾਸਤੇ ਗੁਪਤ ਰੱਖਿਆ ਹੋਇਆ ਸੀ। ਜੇ ਆਗੇ ਪ੍ਰਗਟ ਹੋਇਆ ਹੁੰਦਾ ਤਾਂ ਮੇਰੇ ਨਾਲ ਹੀ ਫੜ ਲਿਆਉਂਦੇ। ਏਸੇ ਵਾਸਤੇ ਲੁਕਾਇਕੇ ਰੱਖਿਆ ਹੋਇਆ ਸੀ।

ਥਾਨੇ ਸਾਹਨੇ ਮੈਂ ਹੁਕਮ ਆਇ ਗਿਆ। ਥਾਨੇਦਾਰ ਰਾਮਦਾਸ ਪੁਰੇ ਸਾਹਿਬ ਆਇਕੇ ਦੋਹਾਂ ਕੋ ਬੁਲਾਇਕੇ ਕਹਾ ਤੁਮਾਰੇ ਦੋਹਾਂ ਕੇ ਨਾਮ ਕੀ ਮਾਲਕੀ ਹੈ। ਜਿਸਨੂੰ ਕਹੋ ਉਸ ਨੂੰ ਕੁੰਜੀਆਂ ਦੇ ਦੇਈਏ। ਬਾਬੇ ਜੱਸਾ ਸਿੰਘ ਜੀ ਬਚਨ ਕੀਤਾ ਕੇ ਮੇਰੇ ਥਾਇ ਬੁੱਧ ਸਿੰਘ ਹੋਇਆ। ਬੀਬੀ ਨੰਦਾ ਨੇ ਸਮਝਿਆ ਜੋ ਮੇਰਾ ਚਾਚਾ ਲੱਗਦਾ ਹੈ ਏਸੇ ਨੂੰ ਕੁੰਜੀਆਂ ਚਾਹੀਏ। ਬੀਬੀ ਨੇ ਭੀ ਕਹਿ ਦੀਆ ਜੋ ਮੇਰੀ ਤਰਫ ਸੇ ਭੀ ਏਹੀ ਮਾਲਕ ਰਿਹਾ। ਥਾਨੇਦਾਰ ਨੇ ਲਿਖਵਾਇ ਕੇ ਤਾਂ ਕੁੰਜੀਆਂ ਦਿੱਤੀਆਂ ਮਹਾਰਾਜ ਜੀ ਕੋ। ਅਠਾਰਮੇਂ ਦਿਨ ਕੁੰਜੀਆਂ ਮਿਲ ਗਈਆਂ। ਲੁਧਿਆਣੇ ਸਦ ਕੇ ਸਭ ਚੀਜ਼ ਜੋ ਕਾਗਜ਼ ਪਰ ਚੜ੍ਹੀ ਹੋਈ ਸੀ, ਸੋ ਸਭ ਨਾਮਾਂ ਬੋਲ-ਬੋਲ ਕੇ ਦੇਈ ਜਾਂਦੇ ਹਨ। ਏਕ ਸੰਦੂਕ ਮੈ ਖੋਖਰੀਆਂ ਪਈਆਂ ਸੀਆਂ ਸੋ ਕੁੰਜੀਆਂ ਨਾ ਮਿਲਨ ਕਰਕੇ ਲਗਾ



Sri Satguru Jagjit Singh Ji Elibrary NamdhariElibrary@gmail.com

ਲਗਾਇਆ ਜਿੰਦਾ ਈ ਮੋੜ ਦੀਆ। ਇਕ-ਇਕ ਕਰਕੇ ਗਹਿਣੇ ਆਦਿ ਸਭ ਚੀਜ਼ ਮੋੜ ਦਿੱਤੀ। ਨਗਦ ਰੁਪੈਆ ਜੋ ਸੀ ਸੋ ਗੌਰਮਿੰਟ ਪਾਸ ਰਿਹਾ।"

ਸ੍ਰੀ ਭੈਣੀ ਸਾਹਿਬ ਦੇ ਡੇਰੇ ਦੀਆਂ ਕੁੰਜੀਆਂ ਸੌਂਪਣ ਦੇ ਨਾਲ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਅਸਿੱਧੇ ਤੌਰ ਤੇ ਹੀ ਆਪਣੇ ਭਾਈ ਬੁੱਧ ਸਿੰਘ ਨੂੰ ਆਪਣਾ ਸਤਿਗੁਰੂ ਦਾ ਸਰੂਪ ਅਤੇ ਪੱਦ ਵੀ ਪ੍ਰਦਾਨ ਕਰ ਦਿੱਤਾ ਅਤੇ ਆਪ ਸ੍ਰੀ ਸਤਿਗੁਰੂ ਹਰੀ ਸਿੰਘ ਦੇ ਨਾਮ ਨਾਲ ਨਾਮਧਾਰੀ ਪੰਥ ਵਿੱਚ ਉਜਾਗਰ ਹੋ ਗਏ।

## ਜੇ. ਡਬਲਿਊ. ਮੈਕਨਬ ਦੀ ਰਿਪੋਰਟ

ਗਵਰਨਰ ਜਨਰਲ ਦੇ ਆਦੇਸ਼ਾਂ ਨੂੰ ਮੁੱਖ ਰੱਖ ਕੇ ਮਿ: ਜੇ.ਡਬਲਿਊ ਮੈਕਨਬ ਡਿਪਟੀ ਕਮਿਸ਼ਨਰ ਅੰਬਾਲਾ ਨੇ ਅਲਾਹਾਬਾਦ ਸੈਂਟਰਲ ਜੇਲ੍ਹ ਵਿੱਚ ਜਾ ਕੇ 23, 24, 25 ਅਪ੍ਰੈਲ 1872 ਨੂੰ ਪ੍ਰਮੁੱਖ ਕੂਕੇ ਸੂਬਿਆਂ ਤੋਂ ਪੁੱਛ-ਪੜਤਾਲ ਕਰਕੇ ਜੋ ਰਿਪੋਰਟ ਪੰਜਾਬ ਸਰਕਾਰ ਨੂੰ ਪੇਸ਼ ਕੀਤੀ, ਉਸ ਬਾਰੇ ਸੰਖੇਪ ਜਾਣਕਾਰੀ ਇੱਥੇ ਦਿੱਤੀ ਜਾਂਦੀ ਹੈ। ਇਸੇ ਰਿਪੋਰਟ ਵਿੱਚ ਕੂਕਾ ਸੂਬਿਆਂ ਦੇ ਆਪਣੇ ਦਿੱਤੇ ਗਏ ਬਿਆਨਾਂ ਦੇ ਵੇਰਵੇ ਵੀ ਮਿਲਦੇ ਹਨ।

1. ਸਾਹਿਬ ਸਿੰਘ ਸਪੁੱਤਰ ਦਿਆਲ ਸਿੰਘ ਪਿੰਡ ਬਨਵਾਲੀਪੁਰ, ਤਰਨਤਾਰਨ (ਅੰਮ੍ਰਿਤਸਰ) ਉਮਰ 38 ਸਾਲ, ਜਾਤ ਤਰਖਾਣ : ਕੂਕਾ ਪੰਥ ਵਿੱਚ ਆਉਣ ਤੋਂ ਪਹਿਲਾਂ ਮੈਂ ਉਦਾਸੀ ਸਾਧ ਰਿਹਾ। 1859 ਵਿੱਚ ਮੈਂ ਹਜਰੋਂ ਗਿਆ ਸਾਂ ਅਤੇ (ਗੁਰੂ) ਬਾਲਕ ਸਿੰਘ, ਜਿਨ੍ਹਾਂ ਦੀ ਮ੍ਰਿਤੂ 1862 ਵਿੱਚ ਹੋਈ ਸੀ, ਵੱਲੋਂ ਮੈਨੂੰ ਕੂਕਾ ਬਣਾਇਆ ਗਿਆ। ਬਾਲਕ ਸਿੰਘ ਨੇ ਗੁਰੂ ਰਾਮ ਸਿੰਘ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ ਸੀ। ਗੁਰੂ ਰਾਮ ਸਿੰਘ ਨੇ ਕਿਸੇ ਨੂੰ ਆਪਣਾ ਉੱਤਰਾਧਿਕਾਰੀ ਨਹੀਂ ਥਾਪਿਆ।

ਮੈਨੂੰ 5-6 ਸਾਲ ਪਹਿਲਾਂ ਸੂਬਾ ਥਾਪਿਆ ਗਿਆ ਸੀ। ਮੈਥੋਂ ਪਹਿਲਾਂ ਬਣਾਏ ਗਏ ਸੂਬੇ ਕਾਨ੍ਹ ਸਿੰਘ, ਸੁਧ ਸਿੰਘ ਅਤੇ ਜਵਾਹਰ ਸਿੰਘ ਸਨ। ਸਵਾ ਸਾਲ ਪਹਿਲਾਂ ਮੈਂ ਕਾਨ੍ਹ ਸਿੰਘ, ਅੱਤਰ ਸਿੰਘ, ਜੀਵਨ ਸਿੰਘ ਅਤੇ 2 ਹੋਰਾਂ ਨਾਲ ਨੇਪਾਲ ਮਿਸ਼ਨ ਤੇ ਵੀ ਗਿਆ ਸਾਂ। ਸੂਬੇ ਦੇ ਤੌਰ ਤੇ ਮੈਂ ਅਸਤਬਲ ਅਤੇ ਮਾਲ ਡੰਗਰ ਦੀ ਸੰਭਾਲ ਕਰਦਾ ਸਾਂ। ਕੁਝ ਸਾਲ ਪਹਿਲਾਂ ਮੈਂ ਹਰਦੁਆਰ ਜਾ ਕੇ ਘੋੜੇ ਵੀ ਵੇਚੇ ਸਨ। ਜਿਨ੍ਹਾਂ ਦਾ ਸਾਰਾ ਨਫਾ ਲੰਗਰ ਵਿੱਚ ਪਾਇਆ ਗਿਆ ਸੀ। ਮੈਂ ਗੁਰੂ ਰਾਮ ਸਿੰਘ ਨਾਲ ਦੌਰਿਆਂ 'ਤੇ ਜਾਂਦਾ ਸਾਂ ਅਤੇ ਕੂਕੇ ਵੀ ਬਣਾਉਂਦਾ ਸਾਂ।

ਇਸ ਬਾਰੇ ਮੈਕਨਬ ਟਿੱਪਣੀ ਕਰਦਾ ਹੋਇਆ ਲਿਖਦਾ ਹੈ, "ਇਹ ਬੜਾ ਸੂਝਵਾਨ, ਚਤਰ ਅਤੇ ਦ੍ਰਿੜ ਇਰਾਦੇ ਵਾਲਾ ਅਤੇ ਸੂਬਿਆਂ ਵਿੱਚੋਂ ਬੜਾ ਲਾਇਕ ਹੈ।

2. ਸੂਬਾ ਰੂੜ ਸਿੰਘ, ਉਮਰ 41 ਸਾਲ, ਬਨਵਾਲੀਪੁਰ ਵਾਸੀ ਸੂਬਾ ਸਾਹਿਬ ਸਿੰਘ ਦਾ ਭਰਾ : ਮੈਂ ਟੱਬਰਦਾਰ ਹਾਂ ਅਤੇ ਅੰਮ੍ਰਿਤਸਰ ਵਿੱਚ ਰਹਿੰਦਾ ਹਾਂ। ਗੁਰੂ



Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਨੇ ਮੈਨੂੰ 1860 ਵਿੱਚ ਸੂਬਾ ਥਾਪਿਆ ਸੀ। ਮੈਂ ਆਨੰਦਪੁਰ ਦੇ ਮੇਲੇ ਸਮੇਂ ਵੀ ਹਾਜ਼ਰ ਸਾਂ। ਆਨੰਦਪੁਰ ਦੇ ਮੇਲੇ ਪਿਛੋਂ ਹੀ ਮੈਨੂੰ ਨਾਮ ਦੇਣ ਦੀ ਆਗਿਆ ਮਿਲ ਗਈ ਸੀ। ਮੈਂ ਸ਼ਹਿਰ (ਅੰਮ੍ਰਿਤਸਰ) ਵਿੱਚ ਵੀ ਪ੍ਰਚਾਰ ਕਰਦਾ ਸਾਂ। ਇਸ ਬਾਰੇ ਮੈਕਨਬ ਲਿਖਦਾ ਹੈ ਕਿ ਇਹ ਕੋਈ ਬਹੁਤ ਮਹੱਤਵ ਨਹੀਂ ਰੱਖਦਾ। ਸਾਹਿਬ ਸਿੰਘ ਦਾ ਭਰਾ ਹੋਣ ਕਰਕੇ ਹੀ ਉਸਨੂੰ ਇਹ ਪੱਦਵੀ ਦਿੱਤੀ ਗਈ ਹੈ।

3. **ਲੱਖਾ ਸਿੰਘ ਸਪੁੱਤਰ ਰਾਣਾ ਸਿੰਘ, ਉਮਰ 36 ਸਾਲ ਪਿੰਡ ਮਲੌਦ, ਲੁਧਿਆਣਾ** : ਮੈਂ ਪਹਿਲਾਂ ਸ਼ੇਰ ਦਿਲ ਰਜਮੈਂਟ ਵਿੱਚ ਨੌਕਰ ਸਾਂ। ਜਦੋਂ ਇਸਨੂੰ ਤੋੜ ਦਿੱਤਾ ਗਿਆ ਤਾਂ ਮੈਂ ਪੁਲਿਸ ਵਿੱਚ ਆ ਗਿਆ। ਮੈਂ 1861 ਵਿੱਚ ਅਸਤੀਫ਼ਾ ਦੇ ਦਿੱਤਾ ਸੀ। ਮੈਨੂੰ 1859-60 ਵਿੱਚ ਜਦ ਕਾਲ ਪਿਆ ਸੀ, ਸੂਬਾ ਬਣਾਇਆ ਗਿਆ ਸੀ। ਮੈਂ ਮਾਲ, ਡੰਗਰ ਅਤੇ ਲੰਗਰ ਦੀ ਸੇਵਾ ਕਰਦਾ ਰਿਹਾ ਹਾਂ। ਮੈਂ ਖੋਟਿਆਂ ਦੇ ਹੋਲੇ-ਮਹੱਲੇ ਅਤੇ ਦਮਦਮੇ ਸਾਹਿਬ ਦੀ ਵਿਸਾਖੀ ਉੱਤੇ ਵੀ ਹਾਜ਼ਰ ਸਾਂ।

ਇਸ ਬਾਰੇ ਮੈਕਨਬ ਦਾ ਵਿਚਾਰ ਸੀ ਕਿ ਇਹ ਗੜਬੜ ਫੈਲਾਉਣ ਵਾਲਾ ਸਭ ਤੋਂ ਖ਼ਤਰਨਾਕ ਸੂਬਾ ਹੈ। ਇਹ ਬਾਗੀਆਨਾ ਪ੍ਰਚਾਰ ਕਰਦਾ ਰਿਹਾ ਹੈ ਅਤੇ ਇਸ ਨੇ ਹੀਰਾ ਸਿੰਘ ਅਤੇ ਲਹਿਣਾ ਸਿੰਘ ਨੂੰ ਵੀ ਉਤਸ਼ਾਹ ਦਿੱਤਾ ਸੀ। ਇਸਨੂੰ ਲਗਾਤਾਰ ਦੇਸ਼ੋਂ ਬਾਹਰ ਹੀ ਰੱਖਣਾ ਚਾਹੀਦਾ ਹੈ।

4. **ਕਾਹਨ ਸਿੰਘ ਨਿਹੰਗ, ਉਮਰ 60 ਸਾਲ, ਕੌਮ-ਜੱਟ, ਵਾਸੀ ਚੱਕ ਮਲੇਰਕੋਟਲਾ** : (ਕੰਵਰ) ਨੌਨਿਹਾਲ ਸਿੰਘ ਦੀ ਰਜਮੈਂਟ ਵਿੱਚ ਮੈਂ ਹਵਾਲਦਾਰ ਅਤੇ (ਗੁਰੂ) ਰਾਮ ਸਿੰਘ ਸਿਪਾਹੀ ਸੀ। ਅਸੀਂ ਮੇਜਰ ਮੈਕਸਨ ਦੇ ਅਧੀਨ ਸਾਂ। ਮੈਨੂੰ 1841 ਵਿੱਚ ਮਹਾਰਾਜਾ ਸ਼ੇਰ ਸਿੰਘ ਸਮੇਂ ਗੁਰੂ ਬਾਲਕ ਸਿੰਘ ਨੇ ਕੂਕਾ ਬਣਾਇਆ ਸੀ। ਮੇਰੇ ਨਾਲ ਰਾਮ ਸਿੰਘ ਵੀ ਕੂਕਾ ਸਜਿਆ ਸੀ। ਜਦ ਰਾਵਲਪਿੰਡੀ ਵਿੱਚ ਹਥਿਆਰ ਸੁੱਟ ਦਿੱਤੇ ਗਏ ਤਾਂ ਮੈਂ ਫ਼ੌਜ ਦੀ ਨੌਕਰੀ ਛੱਡ ਦਿੱਤੀ।

ਜਦੋਂ ਗੁਰੂ ਰਾਮ ਸਿੰਘ ਨੂੰ ਨਜ਼ਰਬੰਦ ਕੀਤਾ ਗਿਆ ਤਾਂ ਮੈਂ ਮੈਕਲੋਡ ਸਾਹਿਬ ਨੂੰ ਮਿਲ ਕੇ ਇਹ ਕਿਹਾ ਕਿ ਗੁਰੂ ਰਾਮ ਸਿੰਘ ਦੀ ਪਾਬੰਦੀ ਕਾਰਨ ਲੋਕਾਂ ਦੇ ਵਿਆਹ-ਸ਼ਾਦੀਆਂ ਅਤੇ ਧਾਰਮਿਕ ਕਾਰਜਾਂ ਵਿੱਚ ਸ਼ਾਮਿਲ ਹੋਣ ਤੇ ਬੜੀ ਰੋਕ ਪੈਂਦੀ ਹੈ।

ਮੈਂ ਨੈਣਾ ਸਿੰਘ ਦੇ ਚੇਲੇ ਵੱਲੋਂ ਕੀਤੀ ਗਈ ਗੜਬੜ ਵਿੱਚ ਸ਼ਾਮਿਲ ਨਹੀਂ ਸਾਂ। ਮੈਂ ਆਪਣੀ ਰਜਮੈਂਟ ਵਿੱਚ ਸਾਂ। ਮੈਂ ਸਾਹਿਬ ਸਿੰਘ ਨਾਲ ਖੱਚਰਾਂ ਅਤੇ ਮੱਝਾਂ ਲੈ ਕੇ ਨੇਪਾਲ ਗਿਆ ਸਾਂ। ਅੰਮ੍ਰਿਤਸਰ ਦੇ ਕਤਲਾਂ ਸਮੇਂ ਮੈਂ ਹੁਸ਼ਿਆਰਪੁਰ ਵਿਖੇ ਨਿਗਰਾਨੀ ਅਧੀਨ ਸਾਂ। ਰਾਇਕੋਟ ਦੇ ਕਤਲਾਂ ਸਮੇਂ ਮੈਨੂੰ ਹੁਸ਼ਿਆਰਪੁਰ ਜਾਣ ਤੋਂ ਰੋਕ ਦਿੱਤਾ ਗਿਆ ਸੀ। ਮੈਂ ਹੁਸ਼ਿਆਰਪੁਰ ਵਿਖੇ 1 ਹਵਾਲਦਾਰ ਅਤੇ 15 ਸਿਪਾਹੀਆਂ ਨੂੰ ਕੂਕਾ ਬਣਾਇਆ ਸੀ। ਮੈਂ ਹਰਨੀਆਂ ਦਾ ਮਰੀਜ ਹੋਣ ਕਾਰਨ ਬਹੁਤਾ



Sri Satguru Jagjit Singh Ji Elibrary NamdhariElibrary@gmail.com

ਚਲ ਫਿਰ ਨਹੀਂ ਸਕਦਾ। ਮੈਂ ਦਸਤ ਮਰੋੜਾਂ ਦਾ ਵੀ ਰੋਗੀ ਹਾਂ।

ਮੈਕਨਬ ਦਾ ਵਿਚਾਰ ਹੈ ਕਿ ਮੈਂ ਇਸ ਕੋਲੋਂ ਕੋਈ ਭੇਦ ਨਾ ਲੈ ਸਕਿਆ। ਇਹ ਲੱਖਾ ਸਿੰਘ ਵਾਂਗ ਬੜਾ ਚਤਰ ਚਲਾਕ ਹੈ, ਪਰ ਸਾਹਿਬ ਸਿੰਘ ਵਰਗਾ ਸੂਝਵਾਨ ਨਹੀਂ ਹੈ। ਕਾਨ੍ਹ ਸਿੰਘ ਬੜਾ ਮਹੱਤਵਪੂਰਨ ਵਿਅਕਤੀ ਹੈ। ਇਹ ਸੂਬਿਆਂ ਵਿੱਚੋਂ ਤੀਜੇ ਸਥਾਨ 'ਤੇ ਆਉਂਦਾ ਹੈ। ਮੈਂ ਇਸ ਨੂੰ ਉਮਰ ਭਰ ਲਈ ਦੇਸੋਂ ਬਾਹਰ ਰੱਖਣ ਦੀ ਸਿਫਾਰਿਸ਼ ਕਰਦਾ ਹਾਂ।

5. **ਬ੍ਰਹਮਾ ਸਿੰਘ ਸਪੁੱਤਰ ਗੁਲਾਬ ਸਿੰਘ, ਉਮਰ 50 ਸਾਲ, ਜੱਟ, ਪਿੰਡ ਦਰਿਆਪੁਰ ਕੈਥਲ :** ਅਣਦਾੜ੍ਹੀਏ ਉਮਰ ਵਿੱਚ ਮੈਂ ਉਦਾਸੀ ਸਾਧ ਹੋ ਗਿਆ ਸਾਂ। 1859 ਵਿੱਚ ਮੈਂ ਕਸ਼ਮੀਰ ਤੋਂ ਵਾਪਿਸ ਆਉਂਦੇ ਹੋਏ ਹਜਰੋਂ ਵਿਖੇ ਗੁਰੂ ਬਾਲਕ ਸਿੰਘ ਵੱਲੋਂ ਕੂਕਾ ਬਣਾਇਆ ਗਿਆ ਸਾਂ। ਮੈਨੂੰ ਨਾਮ ਦੇ ਦਿੱਤਾ ਗਿਆ। ਮੈਂ 1864 ਵਿੱਚ ਗਿੱਲੀਂ ਰਹਿੰਦਾ ਸਾਂ। ਅੰਮ੍ਰਿਤਸਰ ਵਿਖੇ ਮੇਰਾ ਮੇਲ ਗੁਰੂ ਰਾਮ ਸਿੰਘ ਨਾਲ ਹੋਇਆ ਅਤੇ ਮੈਂ ਭੈਣੀ ਆ ਗਿਆ। ਸਿਆਲਕੋਟ ਦੇ ਇਲਾਕੇ ਵਿੱਚ ਕੂਕਾ ਮੱਤ ਦੇ ਪ੍ਰਚਾਰ ਲਈ ਮੇਰੀ ਸੇਵਾ ਲਗਾਈ ਗਈ, ਕਿਉਂ ਜੋ ਉਨ੍ਹਾਂ ਦਾ ਭੈਣੀ ਆਉਣਾ ਬਹੁਤਾ ਸੌਖਾ ਨਹੀਂ ਸੀ। ਮੈਂ ਬੇਨਤੀ ਕੀਤੀ ਕਿ ਮੈਂ ਤਾਂ ਇਕਾਂਤ ਵਿੱਚ ਰਹਿਣਾ ਚਾਹੁੰਦਾ ਹਾਂ। ਪਰ ਗੁਰੂ ਰਾਮ ਸਿੰਘ ਨੇ ਮੈਨੂੰ ਇਹ ਕਹਿ ਕੇ ਸੇਵਾ ਸੌਂਪ ਦਿੱਤੀ ਕਿ ਤੈਨੂੰ ਇਹ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਮੈਂ ਕਦੀ ਇਕੱਲਾ ਅਤੇ ਕਦੀ ਜੋਤਾ ਸਿੰਘ ਨਾਲ ਧਰਮ ਪ੍ਰਚਾਰ ਲਈ ਜਾਂਦਾ ਸਾਂ।

ਮੈਂ ਬੀਬੀਆਂ ਨੂੰ ਕੱਛ ਪਹਿਨਣ ਲਈ, ਕੁੜੀਆਂ ਨੂੰ ਨਾ ਮਾਰਨ, ਨਾ ਵੇਚਣ ਅਤੇ ਨਾ ਵੱਟਾ ਕਰਨ ਬਾਰੇ ਕਹਿੰਦਾ ਸਾਂ। ਇਸ ਲਈ ਆਮ ਲੋਕ ਮੈਨੂੰ ਚੰਗਾ ਨਹੀਂ ਸਨ ਸਮਝਦੇ ਅਤੇ ਮੇਰੇ ਉੱਤੇ ਝੂਠੀਆਂ ਊਜਾਂ ਲਾਉਂਦੇ ਸਨ।

ਮੈਕਨਬ ਅਨੁਸਾਰ ਇਹ ਧਾਰਮਿਕ ਰੁਚੀਆਂ ਵਾਲਾ ਅਤੇ ਜੋਸ਼ ਵਿੱਚ ਆ ਜਾਣ ਵਾਲਾ ਵਿਅਕਤੀ ਹੈ। ਨਿਰਸੰਦੇਹ ਬਰਮਾ ਸਿੰਘ ਕੁਝ ਸਮੇਂ ਲਈ ਬਾਗੀਆਨਾ ਪ੍ਰਚਾਰ ਵੀ ਕਰਦਾ ਰਿਹਾ ਹੈ। ਦੂਜਿਆਂ ਦੇ ਟਾਕਰੇ ਉੱਤੇ ਮੈਨੂੰ ਇਹ ਧਾਰਮਿਕ ਵਧੇਰੇ ਅਤੇ ਰਾਜਨੀਤਕ ਘੱਟ ਪ੍ਰਤੀਤ ਹੁੰਦਾ ਹੈ। ਪਰ ਜੋਸ਼ ਵਿੱਚ ਆ ਕੇ ਅਜਿਹੇ ਵਿਚਾਰ ਖ਼ਤਰਨਾਕ ਵੀ ਹੋ ਜਾਂਦੇ ਹਨ। ਮੈਂ ਸਾਹਿਬ ਸਿੰਘ, ਕਾਨ੍ਹ ਸਿੰਘ ਅਤੇ ਲੱਖਾ ਸਿੰਘ ਸਮਾਨ ਇਸ ਲਈ ਵੀ ਦੇਸ਼ ਨਿਕਾਲੇ ਦੀ ਸਿਫਾਰਿਸ਼ ਕਰਦਾ ਹਾਂ।

6. **ਜਵਾਹਰ ਸਿੰਘ ਸਪੁੱਤਰ ਦੱਲ ਸਿੰਘ, ਉਮਰ 50 ਸਾਲ, ਜੱਟ, ਪਿੰਡ ਡਰੋਲੀ ਭਾਈ ਕੀ, ਮੋਗਾ ਫਿਰੋਜ਼ਪੁਰ :** ਮੈਂ 5 ਸਾਲ ਦਾ ਸਾਂ, ਜਦੋਂ ਮੇਰਾ ਪਿਤਾ ਗੁਜਰ ਗਿਆ। ਮੈਂ ਖੇਤੀ ਕਰਦਾ ਸਾਂ, ਪਰ 1878 ਬਿਕਰਮੀ ਵਿੱਚ ਨਿਰਮਲਾ ਸਾਧ ਬਣ ਗਿਆ ਅਤੇ ਸਾਰੇ ਦੇਸ਼ ਵਿੱਚ ਭ੍ਰਮਣ ਕਰਦਾ ਰਿਹਾ। ਮੈਂ 4 ਸਾਲ ਬਨਾਰਸ



Sri Satguru Jagjit Singh Ji Elibrary NamdhariElibrary@gmail.com

ਵਿੱਚ ਵੀ ਰਿਹਾ। ਮੈਂ 1860 ਈ: ਵਿੱਚ ਕੂਕਾ ਪੰਥ ਵਿੱਚ ਸ਼ਾਮਿਲ ਹੋਇਆ। ਮੈਨੂੰ ਇਹ ਭਲੇ ਲੋਕ ਲੱਗੇ। ਬਿਲਾਸਪੁਰ ਦੇ ਖੂਹ ਉੱਤੇ ਮੈਂ ਸਾਧ ਬਣ ਕੇ ਰਹਿੰਦਾ ਰਿਹਾ। 7 ਸਾਲ ਪਹਿਲਾਂ ਮੈਨੂੰ ਸੂਬਾ ਥਾਪਿਆ ਗਿਆ ਸੀ। ਨਰਾਇਣ ਸਿੰਘ ਦੱਖਣ ਵੱਲ ਚਲਾ ਗਿਆ ਸੀ। ਮੈਂ ਗੁਰੂ ਰਾਮ ਸਿੰਘ ਨਾਲ ਸਾਰੇ ਮੇਲਿਆਂ – ਦੀਵਾਲੀ, ਮਾਘੀ ਅਤੇ ਆਨੰਦਪੁਰ ਆਦਿ ਤੇ ਵੀ ਗਿਆ ਸਾਂ।

ਮੈਕਨਬ ਅਨੁਸਾਰ ਜਵਾਹਰ ਸਿੰਘ ਦਰਵੇਸ਼ ਸੁਭਾਅ ਵਾਲਾ ਵਿਅਕਤੀ ਹੈ ਅਤੇ ਖ਼ਤਰਨਾਕ ਵੀ ਨਹੀਂ ਹੈ, ਪਰ ਕੂਕਾ ਮੱਤ ਬਾਰੇ ਇਸ ਨੂੰ ਭਰਪੂਰ ਜਾਣਕਾਰੀ ਹੈ। ਉਪਰਲੀਆਂ ਗੱਲਾਂ ਵੀ ਬੜੀ ਮੁਸ਼ਕਿਲ ਨਾਲ ਉਸਨੇ ਦਸੀਆਂ ਹਨ। ਮੈਂ ਸਿਫਾਰਿਸ਼ ਕਰਦਾ ਹਾਂ ਕਿ ਜਵਾਹਰ ਸਿੰਘ ਨੂੰ ਵੀ ਨਿਰੰਤਰ ਦੇਸੋਂ ਬਾਹਰ ਰੱਖਿਆ ਜਾਵੇ।

7. **ਮਲੂਕ ਸਿੰਘ ਸਪੁੱਤਰ ਸੁੱਖਾ ਸਿੰਘ, ਉਮਰ 39 ਸਾਲ, ਪਿੰਡ ਫੂਲੇਵਾਲਾ, ਮੁਕਤਸਰ (ਫਿਰੋਜ਼ਪੁਰ) :** ਮੈਨੂੰ (ਗੁਰੂ) ਰਾਮ ਸਿੰਘ ਨੇ 1864 ਵਿੱਚ ਕੂਕਾ ਪੰਥ ਵਿੱਚ ਸ਼ਾਮਿਲ ਕੀਤਾ ਸੀ। 2 ਸਾਲ ਪਿਛੋਂ ਮੈਨੂੰ ਸੂਬਾ ਥਾਪਿਆ ਗਿਆ।

ਮੈਕਨਬ ਅਨੁਸਾਰ 1869 ਵਿੱਚ ਮਲੂਕ ਸਿੰਘ ਬੜਾ ਕੱਟੜ ਬਾਗੀਆਨਾ ਪ੍ਰਚਾਰ ਕਰਦਾ ਰਿਹਾ ਹੈ। 2 ਸਾਲ ਪਿਛੋਂ ਉਸਨੂੰ ਇਨ੍ਹਾਂ ਸ਼ਰਤਾਂ ਉੱਤੇ ਵਾਪਿਸ ਭੇਜ ਦੇਣਾ ਚਾਹੀਦਾ ਹੈ ਕਿ ਉਹ ਪੁਲਿਸ ਦੀ ਨਿਗਰਾਨੀ ਵਿੱਚ ਰਹੇਗਾ ਅਤੇ ਕਿਸੇ ਵੀ ਮੇਲੇ ਜਾਂ ਧਾਰਮਿਕ ਇਕੱਠ ਵਿੱਚ ਸ਼ਾਮਿਲ ਨਹੀਂ ਹੋਵੇਗਾ।

8. **ਮਾਨ ਸਿੰਘ ਸਪੁੱਤਰ ਮੱਖਣ ਸਿੰਘ, ਜੱਟ, ਉਮਰ 40 ਸਾਲ, ਪਿੰਡ ਸੈਦੇਕੀ, ਫਿਰੋਜ਼ਪੁਰ :** 1865 ਵਿੱਚ ਮੈਂ ਕੂਕਾ ਪੰਥ ਵਿੱਚ ਸ਼ਾਮਿਲ ਹੋਇਆ। ਮੈਂ ਕਾਸ਼ਤਕਾਰ ਹਾਂ। ਮੈਂ ਨਾਮ ਦੇਣ ਵਾਲਾ) ਸੂਬਾ ਨਹੀਂ ਹੈ। ਦੂਜੇ ਕੈਦੀ ਸੂਬੇ ਹਨ। ਮੈਨੂੰ ਇਹ ਪਤਾ ਨਹੀਂ ਹੈ ਕਿ ਮੰਗਲ ਸਿੰਘ ਸੂਬਾ ਹੈ ਜਾਂ ਨਹੀਂ। ਪਰ ਉਹ ਸਿੱਖ ਹੈ।

ਗੁਰੂ ਰਾਮ ਸਿੰਘ ਦੇ ਨਾਮ ਨੂੰ ਗੁਪਤ ਰੱਖਣ ਦੇ ਆਦੇਸ਼ ਕਾਰਨ ਉਸਨੇ ਬੜੀ ਮੁਸ਼ਕਲ ਨਾਲ ਆਪਣੇ ਦੰਦਾਂ ਵਿੱਚ ਹੀ ਨਾਮ (ਵਾਹਿਗੁਰੂ) ਦਾ ਉਚਾਰਨ ਕੀਤਾ। ਮੈਕਨਬ ਅਨੁਸਾਰ ਇਹ ਵਿਅਕਤੀ ਖ਼ਤਰਨਾਕ ਨਹੀਂ, ਸਾਧਾਰਨ ਜਿਹਾ ਜੱਟ ਸਿੱਖ ਹੈ।

ਭਾਵੇਂ ਉਹ ਸੂਬਾ ਨਹੀਂ, ਪਰ ਬੜਾ ਤਕੜਾ ਪ੍ਰਚਾਰਕ ਹੈ। ਜੇਕਰ ਹਾਲਾਤ ਸ਼ਾਂਤ ਹੋ ਜਾਣ ਤਾਂ 3 ਸਾਲ ਪਿਛੋਂ ਇਸਨੂੰ ਦੇਸ਼ ਵਾਪਿਸ ਭੇਜ ਦੇਣਾ ਚਾਹੀਦਾ ਹੈ। ਇਸ ਨੂੰ ਮਲੂਕ ਸਿੰਘ ਨਾਲ ਨਾ ਭੇਜਿਆ ਜਾਵੇ ਕਿਉਂ ਜੋ ਦੋਵੇਂ ਇਕੋ ਇਲਾਕੇ ਦੇ ਵਾਸੀ ਹਨ। ਜੇਕਰ ਵਾਪਿਸ ਭੇਜਿਆ ਜਾਵੇ ਤਾਂ ਇਸ ਉੱਤੇ ਵੀ ਦੂਜਿਆਂ ਵਾਲੀਆਂ ਸ਼ਰਤਾਂ ਲਾਗੂ ਕਰਨੀਆਂ ਚਾਹੀਦੀਆਂ ਹਨ।

9. **ਹੁਕਮਾ ਸਿੰਘ, ਉਮਰ 35 ਸਾਲ, ਜੱਟ, ਪਿੰਡ ਪਿੱਥੋਂ ਰਿਆਸਤ ਨਾਭਾ :** ਮੈਂ 1857 ਵਿੱਚ ਕੂਕਾ ਪੰਥ ਵਿੱਚ ਸ਼ਾਮਿਲ ਹੋਇਆ ਸਾਂ ਅਤੇ 1866 ਵਿੱਚ



Sri Satguru Jagjit Singh Ji Elibrary NamdhariElibrary@gmail.com

ਸੂਬਾ ਥਾਪਿਆ ਗਿਆ ਸਾਂ। ਇਸ ਤੋਂ ਪਹਿਲਾਂ ਮੈਂ ਨਿਰਮਲਾ ਸਾਧ ਅਤੇ ਵਿਰੱਕਤ ਵਿਅਕਤੀ ਸਾਂ। ਮੈਂ ਭੈਣੀ ਸਾਹਿਬ ਰਹਿ ਕੇ ਪੋਥੀਆਂ ਦਾ ਉਤਾਰਾ ਕਰਦਾ ਸਾਂ ਅਤੇ ਜੇਕਰ ਕੋਈ ਨਾਮ ਦੀ ਮੰਗ ਕਰਦਾ ਤਾਂ ਮੈਂ ਉਸਨੂੰ ਨਾਮ ਦੇ ਦਿੰਦਾ ਸਾਂ।

ਮੈਕਨਬ ਅਨੁਸਾਰ ਇਹ ਬੜਾ ਉਤਸ਼ਾਹੀ ਸੂਬਾ ਸੀ ਅਤੇ ਹਰ ਸਮੇਂ ਗੁਰੂ ਰਾਮ ਸਿੰਘ ਨਾਲ ਰਹਿੰਦਾ ਸੀ। ਇਹ ਬਾਗੀਆਨਾ ਪ੍ਰਚਾਰ ਕਰਦਾ ਸੀ। ਹੁਕਮਾ ਸਿੰਘ ਕੋਈ ਬਹੁਤਾ ਵਿਸ਼ੇਸ਼ ਤੇ ਮਹੱਤਵਪੂਰਨ ਵਿਅਕਤੀ ਨਹੀਂ ਹੈ। ਉਹ ਕਈਂ ਸਾਲ ਗੁਰੂ ਰਾਮ ਸਿੰਘ ਦਾ ਨਿੱਜੀ ਸਹਾਇਕ ਰਿਹਾ ਹੈ। ਉਹ ਪੋਥੀਆਂ ਦਾ ਉਤਾਰਾ ਕਰਦਾ ਰਿਹਾ ਹੈ। ਇਨ੍ਹਾਂ ਪੋਥੀਆਂ ਵਿੱਚ ਬਹੁਤ ਸਾਰੀ ਬਾਗੀਆਨਾ ਸਮੱਗਰੀ ਹੋ ਸਕਦੀ ਹੈ। ਜੇਕਰ ਸਾਰੇ ਹਾਲਾਤ ਸ਼ਾਂਤ ਹੋ ਜਾਣ ਤਾਂ ਇਸਨੂੰ 1 ਸਾਲ ਪਿਛੋਂ ਦੇਸ਼ ਭੇਜਿਆ ਜਾ ਸਕਦਾ ਹੈ। ਇਸ ਨੂੰ ਨਾਭਾ ਰਿਆਸਤ ਦੇ ਹਵਾਲੇ ਕੀਤਾ ਜਾਵੇ ਅਤੇ ਪਿੰਡ ਪਿਥੋਂ ਵਿੱਚ ਨਿਗਰਾਨੀ ਵਿੱਚ ਰੱਖਿਆ ਜਾਵੇ। ਇਸ ਤੇ ਧਾਰਮਿਕ ਦੀਵਾਨਾਂ ਅਤੇ ਮੇਲਿਆਂ ਉੱਤੇ ਜਾਣ ਦੀ ਰੋਕ ਲਗਾਈ ਜਾਵੇ।

**10. ਪਹਾੜਾ ਸਿੰਘ ਸਪੁੱਤਰ ਹੇਮਾ, ਜੱਟ, ਉਮਰ 42 ਸਾਲ, ਪਿੰਡ ਮਲੌਦ, ਲੁਧਿਆਣਾ :** ਮੈਂ ਸ: ਮਿੱਤ ਸਿੰਘ ਦਾ ਮੁਲਾਜ਼ਮ ਸਾਂ, ਪਰ 1857 ਦੇ ਗਦਰ ਸਮੇਂ ਮੈਂ ਉਸਦੀ ਨੌਕਰੀ ਛੱਡ ਕੇ ਨਿਰਮਲਾ ਸਾਧ ਬਣ ਗਿਆ। (ਗੁਰੂ) ਰਾਮ ਸਿੰਘ ਨੇ 1860 ਵਿੱਚ ਮੈਨੂੰ ਕੂਕਾ ਬਣਾਇਆ ਅਤੇ 5 ਸਾਲ ਪਿਛੋਂ ਮੈਨੂੰ ਸੂਬਾ ਥਾਪਿਆ ਗਿਆ।

ਇਸ ਪਿਛੋਂ ਮੈਂ ਪਿੰਡ ਸਿਆਹੜ ਥਾਨਾ ਡੇਹਲੋਂ ਵਿੱਚ ਹੀ ਰਿਹਾ ਹਾਂ। ਸਿਆਹੜ ਵਿੱਚ ਮੇਰੇ ਬਹੁਤ ਸਾਰੇ ਭਾਈਬੰਦ ਅਤੇ ਨਾਮ ਭਾਈ ਕੂਕੇ ਹਨ। ਮੈਂ ਗੁਰੂ ਰਾਮ ਸਿੰਘ ਨਾਲ ਬਹੁਤ ਸਾਰੇ ਮੇਲਿਆਂ ਅੰਮ੍ਰਿਤਸਰ, ਆਨੰਦਪੁਰ, ਖੋਟੇ ਗਿਆ ਸਾਂ, ਪਰ ਮੈਂ ਦਮਦਮੇ ਦੇ ਮੇਲੇ ਤੇ ਨਹੀਂ ਸਾਂ ਗਿਆ।

ਮੈਕਨਬ ਅਨੁਸਾਰ ਇਹ ਵੇਖਣ ਨੂੰ ਬੜਾ ਕੱਟੜ ਅਤੇ ਖ਼ਤਰਨਾਕ ਵਿਅਕਤੀ ਜਾਪਦਾ ਹੈ। ਇਸਦੇ ਚਿਹਰੇ ਤੇ ਦ੍ਰਿੜਤਾ ਝਲਕਦੀ ਹੈ। ਮੈਕਨਬ ਅਨੁਸਾਰ ਪਹਾੜਾ ਸਿੰਘ ਬੜਾ ਪ੍ਰਭਾਵਸ਼ਾਲੀ ਅਤੇ ਖ਼ਤਰਨਾਕ ਵਿਅਕਤੀ ਹੈ। ਇਸਦਾ ਪ੍ਰਭਾਵ ਭਾਵੇਂ ਥੋੜ੍ਹਾ ਹੋਵੇ, ਪਰ ਮੈਂ ਇਸਨੂੰ ਬ੍ਰਹਮਾ ਸਿੰਘ ਨਾਲੋਂ ਵੀ ਖ਼ਤਰਨਾਕ ਸਮਝਦਾ ਹਾਂ। ਮੈਂ ਇਸ ਨੂੰ 10 ਸਾਲ ਲਈ ਦੇਸੋਂ ਬਾਹਰ ਰੱਖਣ ਦੀ ਸਿਫਾਰਿਸ਼ ਕਰਦਾ ਹਾਂ। ਇਸ ਤੋਂ ਪਿਛੋਂ ਉਸ ਬਾਰੇ ਦੇਸ਼ ਵਿਚਲੇ ਹਾਲਾਤ ਅਨੁਸਾਰ ਨਿਰਣਾ ਕਰ ਲਿਆ ਜਾਵੇ। ਜੇਕਰ ਇਸਨੂੰ ਰਿਹਾਅ ਕੀਤਾ ਜਾਵੇ ਤਾਂ ਪਿੰਡ ਵਿੱਚ ਸਖ਼ਤ ਨਿਗਰਾਨੀ ਥੱਲੇ ਰੱਖਿਆ ਜਾਵੇ ਅਤੇ ਉਸਦੇ ਦੀਵਾਨਾਂ ਅਤੇ ਮੇਲਿਆਂ ਉੱਤੇ ਜਾਣ ਉੱਤੇ ਰੋਕ ਲਗਾਈ ਜਾਵੇ।

**11. ਸ: ਮੰਗਲ ਸਿੰਘ, ਬਿਸ਼ਨਪੁਰਾ ਪਟਿਆਲਾ ਦਾ ਬਿਆਨ :** 5 ਸਾਲ ਪਹਿਲਾਂ ਮੇਰਾ ਪੁੱਤਰ ਬਿਮਾਰ ਹੋ ਗਿਆ ਸੀ। ਮੈਂ ਉਸਨੂੰ ਲੈ ਕੇ ਗੁਰੂ ਰਾਮ ਸਿੰਘ



Sri Satguru Jagjit Singh Ji Elibrary NamdhariElibrary@gmail.com

ਦੇ ਹਾਜ਼ਰ ਹੋਇਆ ਸਾਂ। ਉਹ ਰਾਜ਼ੀ ਹੋ ਗਿਆ ਅਤੇ ਮੈਨੂੰ ਗੁਰੂ ਰਾਮ ਸਿੰਘ 'ਤੇ ਭਰੋਸਾ ਹੋ ਗਿਆ, ਪਰ ਮੈਂ ਕੂਕਾ ਕਦੇ ਨਹੀਂ ਸਾਂ ਬਣਿਆ। ਮੈਂ ਪੁੰਨ ਆਤਮਾ ਸਮਝ ਕੇ ਗੁਰੂ ਰਾਮ ਸਿੰਘ ਦੇ 200, 300, 400 ਰੁਪਏ ਭੇਟ ਕਰਦਾ ਰਿਹਾ ਹਾਂ। ਨਾ ਮੈਂ ਸੂਬਾ ਬਣਿਆ, ਨਾ ਹੀ ਮੈਂ ਕੂਕਾ ਹਾਂ। ਜਦੋਂ ਮੈਂ ਇਹ ਵੇਖਿਆ ਕਿ ਕੂਕੇ ਸਰਕਾਰ ਨੂੰ ਮੁਸ਼ਕਿਲਾਂ ਵਿੱਚ ਪਾ ਰਹੇ ਹਨ ਅਤੇ ਸਰਕਾਰ ਉਨ੍ਹਾਂ 'ਤੇ ਨਾਰਾਜ਼ ਹੈ ਤਾਂ ਮੈਂ ਕੂਕਾ ਮੱਤ ਦਾ ਤਿਆਗ ਕਰ ਦਿੱਤਾ। ਇਹ ਡੇਢ ਸਾਲ ਪਹਿਲਾਂ ਦੀ ਗੱਲ ਹੈ। ਜੇਕਰ ਸਰਕਾਰ ਮੈਨੂੰ ਛੱਡ ਦੇਵੇਗੀ ਤਾਂ ਮੈਂ ਅਕਾਲ ਬੁੰਗੇ ਜਾ ਕੇ ਪ੍ਰਾਸਚਿਤ ਕਰਾਂਗਾ। ਕੂਕਾ ਮਤ ਦਾ ਤਿਆਗ ਕਰਕੇ ਮੈਂ ਮਾਸ, ਸ਼ਰਾਬ ਦੀ ਵਰਤੋਂ ਵੀ ਕਰਨ ਲੱਗ ਪਿਆ ਹਾਂ।

ਮੈਕਨਬ ਅਨੁਸਾਰ ਇਹ ਬੜਾ ਛੋਟਾ ਆਦਮੀ ਅਤੇ ਗਲਾਦੜ੍ਹ ਹੈ। ਨਿਰਸੰਦੇਹ ਕੁਝ ਗੱਲਾਂ ਕਰਕੇ ਮੰਗਲ ਸਿੰਘ ਗੁਰੂ ਰਾਮ ਸਿੰਘ ਦਾ ਸਭ ਤੋਂ ਮਹੱਤਵਪੂਰਨ ਪੈਰੋਕਾਰ ਹੈ। ਉਸਦੇ ਕੂਕਾ ਪੰਥ ਵਿੱਚ ਆਉਣ ਨਾਲ ਬਹੁਤ ਵੱਡਾ ਪ੍ਰਭਾਵ ਪਿਆ ਹੈ।

ਦੂਜੇ ਬੰਨੇ ਮੰਗਲ ਸਿੰਘ ਅਜਿਹਾ ਵਿਅਕਤੀ ਹੈ, ਜੋ ਦੂਰ ਤੱਕ ਜਾ ਸਕਦਾ ਹੈ। ਜੇਕਰ ਕਦੀ ਕੂਕਾ ਰਾਜ ਸਥਾਪਿਤ ਹੋ ਜਾਂਦਾ ਤਾਂ ਗੁਰੂ ਰਾਮ ਸਿੰਘ ਨਾਲੋਂ ਵੀ ਵਧੇਰੇ ਇਸਨੂੰ ਲਾਭ ਪ੍ਰਾਪਤ ਹੋਣਾ ਸੀ। ਸ: ਮੰਗਲ ਸਿੰਘ ਮਹਾਰਾਜਾ ਪਟਿਆਲਾ ਦਾ ਕੈਦੀ ਹੈ ਨਾ ਕਿ ਅੰਗਰੇਜ਼ ਸਰਕਾਰ ਦਾ। ਇਸ ਦ੍ਰਿਸ਼ਟੀ ਤੋਂ ਮੈਨੂੰ ਉਸ ਬਾਰੇ ਕੋਈ ਰਾਇ ਨਹੀਂ ਦੇਣੀ ਚਾਹੀਦੀ। ਮੈਂ ਤਾਂ ਇਸ ਬਾਰੇ ਇਹੋ ਕੁਝ ਕਹਿ ਸਕਦਾ ਹਾਂ ਕਿ ਜਾਂ ਤਾਂ ਇਸਨੂੰ ਤੁਰੰਤ ਰਿਹਾਅ ਕੀਤਾ ਜਾਵੇ ਜਾਂ ਇਸਨੂੰ ਲਗਾਤਾਰ ਦੇਸੋਂ ਬਾਹਰ ਰੱਖਿਆ ਜਾਵੇ।"

ਪੰਜਾਬ ਸਰਕਾਰ ਨੇ ਜੇ.ਡਬਲਿਊ. ਮੈਕਨਬ ਦੀ ਰਿਪੋਰਟ ਅਤੇ ਉਸ ਦੀਆਂ ਸਿਫਾਰਿਸ਼ਾਂ ਨੂੰ ਡੂੰਘੀ ਤਰ੍ਹਾਂ ਵਾਚਣ ਪਿਛੋਂ ਇਹੋ ਨਿਰਣਾ ਲਿਆ ਕਿ ਇਨ੍ਹਾਂ ਕੂਕਾ ਕੈਦੀਆਂ ਉੱਤੇ ਅਦਾਲਤੀ ਮੁਕੱਦਮੇ ਨਾ ਚਲਾਏ ਜਾਣ ਅਤੇ ਇਨ੍ਹਾਂ ਵਿਚੋਂ ਸਿਵਾਏ ਸ: ਮੰਗਲ ਸਿੰਘ ਦੇ ਬਾਕੀ ਸਭ ਨੂੰ ਪੰਜਾਬ ਤੋਂ ਬਾਹਰ ਰੱਖਿਆ ਜਾਵੇ ਅਤੇ ਨਜ਼ਰਬੰਦੀ ਦੀ ਮਿਆਦ ਨਿਸ਼ਚਿਤ ਨਾ ਕੀਤੀ ਜਾਵੇ ਜਾਂ ਇਨ੍ਹਾਂ ਵਿੱਚਾਂ ਕਿਸੇ ਨੂੰ ਵੀ ਰਿਹਾਅ ਨਾ ਕੀਤਾ ਜਾਵੇ। ਪੰਜਾਬ ਸਰਕਾਰ ਇਹ ਸਮਝਦੀ ਸੀ ਕਿ ਇਨ੍ਹਾਂ ਨੇ ਮਲਕਾ ਦੇ ਰਾਜ ਵਿਰੁੱਧ ਬਗਾਵਤ ਕੀਤੀ ਹੈ ਅਤੇ ਬਗਾਵਤ ਲਈ ਉਤਸ਼ਾਹਿਤ ਕੀਤਾ ਹੈ। ਇਸ ਲਈ ਇਨ੍ਹਾਂ ਦੀ ਸਜ਼ਾ ਮੌਤ ਵੀ ਹੋ ਸਕਦੀ ਹੈ ਜਾਂ ਫਿਰ ਉਮਰ ਕੈਦ। ਸਗੋਂ ਮੰਗਲ ਸਿੰਘ ਬਾਰੇ ਵੀ ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਉਸਨੂੰ ਵੀ ਤੁਰੰਤ ਰਿਹਾਅ ਨਾ ਕੀਤਾ ਜਾਵੇ, ਸਗੋਂ ਨਜ਼ਰਬੰਦ ਹੀ ਰੱਖਿਆ ਜਾਵੇ, ਤਾਂ ਜੋ ਦੂਜਿਆਂ ਨੂੰ ਤਾੜਨਾ ਹੋ ਸਕੇ। ਪਰ ਪਿਛੋਂ ਜਾ ਕੇ ਇਨ੍ਹਾਂ ਸਭ ਵਿੱਚੋ ਕੇਵਲ ਮੰਗਲ ਸਿੰਘ ਨੂੰ ਹੀ ਰਿਹਾਅ ਕਰਕੇ ਅਗਲੀ ਕਾਰਵਾਈ ਲਈ ਰਿਆਸਤ



Sri Satguru Jagjit Singh Ji Elibrary NamdhariElibrary@gmail.com

ਪਟਿਆਲਾ ਨੂੰ ਸੌਂਪ ਦਿੱਤਾ ਗਿਆ ਸੀ। ਕਰਨਲ ਬੇਲੀ ਨੇ ਕੁਝ ਗਵਾਹੀਆਂ ਇਕੱਤਰ ਕਰਕੇ ਕੁਝ ਸੂਬਿਆਂ ਵਿਰੁੱਧ ਬਗਾਵਤ ਕਰਨ ਅਤੇ ਹਥਿਆਰ ਉਠਾਉਣ ਅਤੇ ਮਲੌਦ ਅਤੇ ਮਲੇਰਕੋਟਲੇ ਉੱਤੇ ਹੱਲਾ ਕਰਨ ਦੇ ਦੋਸ਼ ਆਰੋਪਣ ਕੀਤੇ, ਪਰ ਸਤਿਗੁਰੂ ਰਾਮ ਸਿੰਘ ਜੀ ਵਿਰੁੱਧ ਕੋਈ ਅਜਿਹਾ ਪ੍ਰਮਾਣ ਨਾ ਮਿਲ ਸਕਿਆ ਜੋ ਸਿੱਧੇ ਅਤੇ ਅਸਿੱਧੇ ਤੌਰ ਤੇ ਉਨ੍ਹਾਂ ਨੂੰ ਕਿਸੇ ਬਗਾਵਤ ਨੂੰ ਉਕਸਾਉਣ ਦੇ ਦੋਸ਼ ਨੂੰ ਸਿੱਧ ਕਰ ਸਕੇ। ਇਸ ਲਈ ਸਤਿਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਨੂੰ ਦੇਸ਼ ਤੋਂ ਬਾਹਰ ਲੰਮੇ ਸਮਿਆਂ ਲਈ ਨਜ਼ਰਬੰਦ ਰੱਖਣ ਦਾ ਫ਼ੈਸਲਾ ਕੀਤਾ ਗਿਆ। ਦੂਜੇ ਇਸ ਗੱਲ ਦੀ ਸਾਵਧਾਨੀ ਵਰਤਣ ਲਈ ਕਿਹਾ ਗਿਆ, ਤਾਂ ਜੋ ਇਹ ਸ਼ਾਹੀ ਕੈਦੀ ਚਿੱਠੀ ਪੱਤਰ ਜਾਂ ਕੋਈ ਹੋਰ ਮਨੁੱਖੀ ਸਾਧਨਾਂ ਰਾਹੀਂ ਪੰਜਾਬ ਨਾਲ ਤਾਲਮੇਲ ਨਾ ਰੱਖ ਸਕਣ। ਅਦਾਲਤੀ ਮੁਕੱਦਮਾ ਚਲਾਉਣ ਲਈ ਪੰਜਾਬ ਸਰਕਾਰ ਨੂੰ ਇਹ ਤੌਖਲਾ ਸੀ ਕਿ ਸ਼ਾਇਦ ਬਹੁਤੇ ਠੋਸ ਸਬੂਤ ਪੇਸ਼ ਨਾ ਕੀਤੇ ਜਾ ਸਕਣ। ਇਸ ਲਈ ਇਨ੍ਹਾਂ ਨੂੰ ਲੰਮੇ ਸਮੇਂ ਲਈ ਕੈਦ ਰੱਖਣ ਦਾ ਹੀ ਫ਼ੈਸਲਾ ਕੀਤਾ ਗਿਆ ਅਤੇ ਕੈਦ ਦੇ ਦੌਰਾਨ ਇਨ੍ਹਾਂ ਨੂੰ ਵੱਖ-ਵੱਖ ਥਾਂਵਾਂ 'ਤੇ ਭੇਜਣ ਦਾ ਨਿਰਣਾ ਲਿਆ ਗਿਆ ਤਾਂ ਜੋ ਇਹ ਸਾਰੇ ਇਕੱਠੇ ਨਾ ਰਹਿ ਸਕਣ। ਅੰਡੇਮਾਨ ਨੂੰ ਵੀ ਇਨ੍ਹਾਂ ਦੇ ਰੱਖਣ ਲਈ ਸੁਰੱਖਿਅਤ ਨਾ ਸਮਝਿਆ ਗਿਆ। ਇਸ ਲਈ ਇਨ੍ਹਾਂ ਨੂੰ ਵੱਖ-ਵੱਖ ਥਾਂਵਾਂ ਤੇ ਵੱਖ-ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਇਨ੍ਹਾਂ ਉੱਤੇ 1818 ਦਾ ਬੰਗਾਲ ਰੈਗੂਲੇਸ਼ਨ ਐਕਟ III ਹੀ ਲਾਗੂ ਕੀਤਾ ਗਿਆ ਅਤੇ ਇਨ੍ਹਾਂ ਨੂੰ ਸ਼ਾਹੀ ਕੈਦੀਆਂ ਵਾਲੀਆਂ ਸਹੂਲਤਾਂ ਤੇ ਖਰਚੇ ਦੇਣ ਦਾ ਨਿਰਣਾ ਲਿਆ ਗਿਆ।

**ਕੂਕੇ ਨਜ਼ਰਬੰਦਾਂ ਬਾਰੇ ਪੰਜਾਬ ਦੇ ਸਰਕਾਰੀ ਅਧਿਕਾਰੀਆਂ ਦਾ ਦ੍ਰਿਸ਼ਟੀਕੋਣ**

ਬਹੁਤ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੇ ਪੰਜਾਬ ਸਰਕਾਰ ਅੱਗੇ ਆਪਣੇ-ਆਪਣੇ ਵਿਚਾਰ ਪ੍ਰਗਟਾਏ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਜ਼ਿਲ੍ਹਾ ਅਧਿਕਾਰੀ ਇਸ ਗੱਲ ਦੇ ਹੱਕ ਵਿੱਚ ਸਨ ਕਿ ਇਨ੍ਹਾਂ ਕੂਕੇ ਨਜ਼ਰਬੰਦਾਂ ਉੱਤੇ ਮੁਕੱਦਮੇ ਨਾ ਚਲਾਏ ਜਾਣ। ਸਿਆਲਕੋਟ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਆਰ.ਡਬਲਿਊ. ਟਰੈਫਰਡ ਨੇ ਲਿਖਿਆ ਕਿ, "ਕੂਕਾ ਬੰਦੀਆਂ ਅਤੇ ਮੁਕੱਦਮਾ ਚਲਾਉਣ ਨਾਲ ਕਈ ਪੇਚੀਦਗੀਆਂ ਪੈਦਾ ਹੋ ਜਾਣਗੀਆਂ। ਕੂਕਿਆਂ ਨੂੰ ਮੌਕਾ ਮਿਲੇਗਾ ਅਤੇ ਉਹ ਇਨ੍ਹਾਂ ਦੇ ਬਚਾਉ ਲਈ ਫੰਡ ਆਦਿ ਇਕੱਠਾ ਕਰਨਗੇ। ਇਉਂ ਉਨ੍ਹਾਂ ਨੂੰ ਹੋਰ ਜ਼ਿਆਦਾ ਮਹਾਨਤਾ ਪ੍ਰਾਪਤ ਹੋਵੇਗੀ।" ਇਹੋ ਵਿਚਾਰ ਫਿਰੋਜ਼ਪੁਰ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਅਤੇ ਲੁਧਿਆਣਾ ਦੇ ਕਾਰਜਕਾਰੀ ਡਿਪਟੀ ਕਮਿਸ਼ਨਰ ਕੈਪਟਨ ਸੀ.ਬੀਡਨ ਦਾ ਸੀ। ਗੁਜਰਾਂਵਾਲੇ ਦੇ ਡਿਪਟੀ ਕਮਿਸ਼ਨਰ ਮੇਜਰ ਐਫ.ਜੇ. ਮਿਲਰ ਨੇ ਲਿਖਿਆ ਕਿ "ਵਹਾਬੀ ਮੌਲਵੀ ਇਸ ਲਹਿਰ ਨੂੰ ਵੱਖਰਾ ਰੰਗ ਦੇ ਰਹੇ ਹਨ, ਕਿਉਂ ਜੋ ਉਨ੍ਹਾਂ ਦਾ ਉਦੇਸ਼ ਵੀ ਬਰਤਾਨਵੀ ਹਕੂਮਤ ਦਾ ਤਖ਼ਤਾ ਉਲਟਾ ਕੇ



Sri Satguru Jagjit Singh Ji Elibrary NamdhariElibrary@gmail.com

ਹਿੰਦੁਸਤਾਨ ਵਿੱਚ ਮੁੜ ਇਸਲਾਮੀ ਸ਼ਾਸਨ ਨੂੰ ਕਾਇਮ ਕਰਨਾ ਸੀ। ਯਾਦ ਰਹੇ ਕਿ ਅੰਗਰੇਜ਼ਾਂ ਨੇ ਮੁਗਲ ਸਰਕਾਰ ਨੂੰ ਸ਼ਿਕਸਤ ਦੇ ਕੇ ਹੀ ਦਿੱਲੀ ਉੱਤੇ ਕਬਜ਼ਾ ਕੀਤਾ ਸੀ। ਭਾਵੇਂ ਪੁਲਿਸ ਅਧਿਕਾਰੀਆਂ ਵੱਲੋਂ ਲਈਆਂ ਗਈਆਂ ਗਵਾਹੀਆਂ ਕਾਫ਼ੀ ਵੱਡੇ ਸਬੂਤ ਹਨ, ਪਰ ਇਨ੍ਹਾਂ ਬੰਦੀਆਂ ਉੱਤੇ ਮੁਕੱਦਮਾ ਚਲਾਉਣ ਨਾਲ ਕਈ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ। ਇਹ ਮੇਰਾ ਪੱਕਾ ਨਿਸ਼ਚਾ ਹੈ ਕਿ ਕੂਕਾ ਬੰਦੀਆਂ ਉੱਤੇ ਮੁਕੱਦਮਾ ਤਾਂ ਹੀ ਚਲਾਇਆ ਜਾਵੇ ਜੇਕਰ ਪ੍ਰਾਪਤ ਸਬੂਤਾਂ ਅਤੇ ਗਵਾਹੀਆਂ ਦੇ ਆਧਾਰ ਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾ ਸਕਦੀ ਹੋਵੇ। ਜੇ ਨਿਯਮਿਤ ਮੁਕੱਦਮਾ ਚਲਾਉਣ ਪਿਛੋਂ ਇਹ ਸਾਰੇ ਬਰੀ ਹੋ ਗਏ ਤਾਂ ਇਸ ਦਾ ਬੜਾ ਮਾੜਾ ਪ੍ਰਭਾਵ ਪਵੇਗਾ। ਇਸ ਤਰ੍ਹਾਂ ਸਰਕਾਰ ਦੀਆਂ ਨੀਤੀਆਂ ਨੂੰ ਗਲਤ ਸਮਝਿਆ ਜਾਵੇਗਾ। ਸੋ ਸਿੱਟੇ ਵਜੋਂ ਇਹੀ ਫ਼ੈਸਲਾ ਕੀਤਾ ਗਿਆ ਕਿ ਇਨ੍ਹਾਂ ਨੂੰ ਮੁਕੱਦਮਾ ਚਲਾਏ ਬਿਨਾਂ ਹੀ ਪੰਜਾਬ ਤੋਂ ਬਾਹਰ ਨਜ਼ਰਬੰਦ ਰੱਖਿਆ ਜਾਵੇ। ਇਸੇ ਨੀਤੀ ਅਧੀਨ ਗੁਰੂ ਰਾਮ ਸਿੰਘ ਅਤੇ ਕੂਕੇ ਸੂਬਿਆਂ ਨੂੰ ਬੰਗਾਲ ਦੇ ਰੈਗੂਲੇਸ਼ਨ 1818 ਦੀ ਧਾਰਾ III ਅਧੀਨ ਰਾਜਨੀਤਕ ਕੈਦੀਆਂ ਵਜੋਂ ਰੱਖਿਆ ਗਿਆ ਅਤੇ ਇਨ੍ਹਾਂ ਨੂੰ ਸ਼ਾਹੀ ਕੈਦੀਆਂ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ।

**ਸੂਬਿਆਂ ਨੂੰ ਲੰਮੀਆਂ ਕੈਦਾਂ ਭੁਗਤਣੀਆਂ ਪਈਆਂ**

ਕੂਕਿਆਂ ਦੇ ਪ੍ਰਮੁੱਖ ਸੂਬਿਆਂ ਨੂੰ ਲੰਮੀਆਂ-ਲੰਮੀਆਂ ਕੈਦਾਂ ਭੁਗਤਣੀਆਂ ਪਈਆਂ ਅਤੇ ਸਭ ਨੂੰ ਵੱਖ-ਵੱਖ ਥਾਂਵਾਂ ਦੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਕਈਆਂ ਦੇ ਤਾਂ ਦੇਹਾਂਤ ਵੀ ਜੇਲ੍ਹਾਂ ਵਿੱਚ ਹੀ ਹੋ ਗਿਆ ਸੀ। ਇਨ੍ਹਾਂ ਸੂਬਿਆਂ ਵੱਲੋਂ ਭੋਗੀਆਂ ਗਈਆਂ ਕੈਦਾਂ ਦੇ ਵੇਰਵੇ ਨਿਮਲਿਖਤ ਹਨ :

1. ਸੂਬਾ ਸਾਹਿਬ ਸਿੰਘ : ਸੂਬਾ ਸਾਹਿਬ ਸਿੰਘ ਨੂੰ 23 ਮਾਰਚ, 1873 ਨੂੰ ਅਦਨ ਭੇਜ ਦਿੱਤਾ ਗਿਆ। ਸਿਹਤ ਦੀ ਖਰਾਬੀ ਅਤੇ ਸ਼ੱਕਰ ਰੋਗ ਦੇ ਕਾਰਨ ਉਨ੍ਹਾਂ ਨੂੰ 23 ਅਪ੍ਰੈਲ, 1875 ਨੂੰ ਹਜ਼ਾਰੀਬਾਗ਼ ਜੇਲ੍ਹ ਵਿੱਚ ਬਦਲ ਦਿੱਤਾ ਗਿਆ ਅਤੇ ਇਸੇ ਜੇਲ੍ਹ ਵਿੱਚ 10 ਜੂਨ, 1879 ਨੂੰ ਆਪ ਦਾ ਦੇਹਾਂਤ ਹੋ ਗਿਆ।

ਕੁੱਲ ਕੈਦ – 7 ਸਾਲ, 4 ਮਹੀਨੇ ਅਤੇ 23 ਦਿਨ।

2. ਸੂਬਾ ਰੂੜ ਸਿੰਘ : 15 ਦਸੰਬਰ, 1872 ਨੂੰ ਸੂਬਾ ਰੂੜ ਸਿੰਘ ਨੂੰ ਅਸੀਰਗੜ੍ਹ ਕਿਲ੍ਹੇ ਵਿੱਚ ਭੇਜਿਆ ਗਿਆ। 1884 ਵਿੱਚ ਆਪ ਦਾ ਦੇਹਾਂਤ ਇਸੇ ਸਥਾਨ 'ਤੇ ਹੋਇਆ।

ਕੁੱਲ ਕੈਦ – ਲਗਭਗ 12 ਸਾਲ।

3. ਸੂਬਾ ਲੱਖਾ ਸਿੰਘ : 30 ਦਸੰਬਰ, 1872 ਨੂੰ ਆਪ ਨੂੰ ਮੌਲਮੀਨ, ਕਾਂਇਊਟਕਾਂ ਆਊਟ ਪੋਸਟ ਜੇਲ੍ਹ ਵਿੱਚ ਭੇਜਿਆ ਗਿਆ। 1892 ਵਿੱਚ ਸਿਹਤ ਖਰਾਬ ਰਹਿਣ ਕਾਰਨ ਆਪ ਨੂੰ ਰਿਹਾਅ ਕਰ ਦਿੱਤਾ ਗਿਆ, ਪਰ ਮੌਲਮੀਨ ਤੋਂ



Sri Satguru Jagjit Singh Ji Elibrary NamdhariElibrary@gmail.com

ਬਾਹਰ ਜਾਣ ਦੀ ਆਗਿਆ ਨਹੀਂ ਸੀ। ਇਸੇ ਸ਼ਹਿਰ ਵਿੱਚ ਰਹਿ ਕੇ ਆਪ ਨੇ ਇੱਕ ਬਰਮੀ ਔਰਤ ਨਾਲ ਸ਼ਾਦੀ ਕਰ ਲਈ, ਜਿਸ ਤੋਂ ਦੋ ਬੱਚੀਆਂ ਹੋਈਆਂ। ਮੌਲਮੀਨ ਵਿਖੇ ਹੀ 1903 ਵਿੱਚ ਆਪ ਦਾ ਦੇਹਾਂਤ ਹੋ ਗਿਆ।

ਕੁੱਲ ਕੈਦ – ਲਗਭਗ 20 ਸਾਲ।

4. ਸੂਬਾ ਕਾਹਨ ਸਿੰਘ : 24 ਮਾਰਚ, 1873 ਨੂੰ ਆਪ ਨੂੰ ਅਦਨ ਜੇਲ੍ਹ ਭੇਜ ਦਿੱਤਾ ਗਿਆ। ਸਿਹਤ ਦੀ ਖਰਾਬੀ ਕਾਰਨ 24 ਅਪਰੈਲ, 1875 ਨੂੰ ਆਪ ਨੂੰ ਹਜ਼ਾਰੀ ਬਾਗ ਜੇਲ੍ਹ ਵਿੱਚ ਬਦਲ ਦਿੱਤਾ ਗਿਆ। 25 ਮਈ, 1880 ਨੂੰ ਆਪ ਨੂੰ ਚੁਨਾਰ ਦੇ ਕਿਲ੍ਹੇ ਵਿੱਚ ਬਦਲ ਦਿੱਤਾ ਗਿਆ, ਕਿਉਂ ਜੋ ਆਪ ਸੂਬਾ ਸਾਹਿਬ ਸਿੰਘ ਦੇ ਅਕਾਲ ਚਲਾਣੇ ਪਿਛੋਂ ਇਕੱਲੇ ਰਹਿ ਗਏ ਸਨ। 30 ਮਾਰਚ, 1888 ਨੂੰ ਆਪ ਨੂੰ ਰਿਹਾਅ ਕਰ ਦਿੱਤਾ ਗਿਆ। ਕੁਝ ਚਿਰ ਭੈਣੀ ਸਾਹਿਬ ਰਹਿ ਕੇ ਆਪ ਅੰਮ੍ਰਿਤਸਰ ਚੱਲੇ ਗਏ। ਆਪ ਦਾ ਦੇਹਾਂਤ 1897 ਵਿੱਚ ਹੋਇਆ।

ਕੁੱਲ ਕੈਦ – ਲਗਭਗ 16 ਸਾਲ, 2 ਮਹੀਨੇ ਅਤੇ 13 ਦਿਨ।

5. ਸੂਬਾ ਬ੍ਰਹਮਾ ਸਿੰਘ : ਅਲਾਹਾਬਾਦ ਤੋਂ ਆਪ ਨੂੰ ਮੌਲਮੀਨ ਭੇਜ ਦਿੱਤਾ ਗਿਆ। ਜਿਥੋਂ 25 ਫਰਵਰੀ, 1887 ਨੂੰ ਆਪ ਨੂੰ ਰਿਹਾਅ ਕਰ ਦਿੱਤਾ ਗਿਆ।

ਕੁੱਲ ਕੈਦ – 15 ਸਾਲ, 1 ਮਹੀਨਾ ਅਤੇ 8 ਦਿਨ।

6. ਸੂਬਾ ਜਵਾਹਰ ਸਿੰਘ : 14 ਦਸੰਬਰ, 1872 ਨੂੰ ਆਪ ਨੂੰ ਮੌਲਮੀਨ ਭੇਜ ਦਿੱਤਾ ਗਿਆ। ਇੱਥੇ ਹੀ ਆਪ 29 ਨਵੰਬਰ, 1882 ਨੂੰ ਕਾਲਵਸ ਹੋਏ।

ਕੁੱਲ ਕੈਦ : 10 ਸਾਲ, 10 ਮਹੀਨੇ ਅਤੇ 12 ਦਿਨ।

7. ਸੂਬਾ ਮਲੂਕ ਸਿੰਘ : 15 ਦਸੰਬਰ, 1872 ਨੂੰ ਆਪ ਨੂੰ ਅਸੀਰਗੜ੍ਹ ਦੇ ਕਿਲ੍ਹੇ ਵਿੱਚ ਭੇਜਿਆ ਗਿਆ। 17 ਦਸੰਬਰ, 1887 ਨੂੰ ਆਪ ਨੂੰ ਰਿਹਾਅ ਕਰ ਦਿੱਤਾ ਗਿਆ। ਪੰਜਾਬ ਆ ਕੇ ਉਨ੍ਹਾਂ ਦਾ ਦੇਹਾਂਤ 1920 ਵਿੱਚ ਰੋਹੀ ਦੀ ਢਾਬ ਵਿਖੇ ਹੋਇਆ।

ਕੁੱਲ ਕੈਦ – 15 ਸਾਲ, 11 ਮਹੀਨ।

8. ਸੂਬਾ ਮਾਨ ਸਿੰਘ : 1 ਦਸੰਬਰ, 1872 ਨੂੰ ਆਪ ਨੂੰ ਚੁਨਾਰ ਦੇ ਕਿਲ੍ਹੇ ਵਿੱਚ ਬਦਲ ਦਿੱਤਾ ਗਿਆ। 1 ਜੁਲਾਈ, 1875 ਵਿੱਚ ਆਪ ਦੀ ਸੁਪਤਨੀ ਜੀਵਨੀ ਪੰਜਾਬ ਸਰਕਾਰ ਕੋਲੋਂ ਆਗਿਆ ਲੈ ਕੇ ਮੁਲਾਕਾਤ ਲਈ ਗਈ, ਪਰ ਜੇਲ੍ਹ ਅਧਿਕਾਰੀਆਂ ਨੇ ਮੁਲਾਕਾਤ ਨਾ ਹੋਣ ਦਿੱਤੀ। 17 ਫਰਵਰੀ, 1887 ਨੂੰ ਆਪ ਨੂੰ ਰਿਹਾਅ ਕੀਤਾ ਗਿਆ। 1909 ਵਿੱਚ ਆਪ ਦਾ ਦੇਹਾਂਤ ਹੋ ਗਿਆ।

ਕੁੱਲ ਕੈਦ – 15 ਸਾਲ, 1 ਮਹੀਨਾ।

9. ਸੂਬਾ ਹੁਕਮਾ ਸਿੰਘ : ਜਬਰ ਦਸੰਬਰ, 1872 ਨੂੰ ਆਪ ਨੂੰ ਚੁਨਾਰ ਦੇ ਕਿਲ੍ਹੇ ਵਿੱਚ ਬਦਲ ਦਿੱਤਾ ਗਿਆ। 17 ਫਰਵਰੀ, 1881 ਨੂੰ ਆਪ ਨੂੰ ਰਿਹਾਅ



Sri Satguru Jagjit Singh Ji Elibrary NamdhariElibrary@gmail.com

ਕਰ ਦਿੱਤਾ ਗਿਆ। ਆਪ ਪੰਜਾਬ ਆ ਕੇ ਆਪਣੇ ਪਿੰਡ ਪਿੱਥੋਂ ਰਿਆਸਤ ਨਾਭਾ ਵਿੱਚ ਰਹੇ। 1907 ਵਿੱਚ ਆਪ ਦਾ ਦੇਹਾਂਤ ਹੋ ਗਿਆ।

ਕੁੱਲ ਕੈਦ – ਜਬਰ ਸਾਲ, 1 ਮਹੀਨਾ।

10. ਸੂਬਾ ਪਹਾੜਾ ਸਿੰਘ : 15 ਦਸੰਬਰ, 1872 ਨੂੰ ਆਪ ਨੂੰ ਅਸੀਰਗੜ੍ਹ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ। ਉੱਥੇ ਹੀ ਆਪ 2 ਮਾਰਚ, 1882 ਨੂੰ ਕਾਲਵਾਸ ਹੋ ਗਏ।

ਕੁੱਲ ਕੈਦ – 10 ਸਾਲ, 1 ਮਹੀਨਾ ਅਤੇ 13 ਦਿਨ।

11. ਸ: ਮੰਗਲ ਸਿੰਘ : ਸ: ਮੰਗਲ ਸਿੰਘ ਬਿਸ਼ਨਪੁਰੀਏ ਨੂੰ ਮਹਾਰਾਜਾ ਪਟਿਆਲਾ ਦੀ ਸਿਫਾਰਿਸ਼ ਉੱਤੇ 3 ਮਾਰਚ, 1873 ਨੂੰ ਅਰਥਾਤ 1 ਸਾਲ, 1 ਮਹੀਨਾ, 14 ਦਿਨ ਕੈਦ ਰੱਖ ਕੇ ਰਿਹਾਅ ਕਰ ਦਿੱਤਾ ਗਿਆ। ਇਨ੍ਹਾਂ ਰਾਜਸੀ ਕੈਦੀਆਂ ਵਿੱਚੋਂ ਸ: ਮੰਗਲ ਸਿੰਘ ਹੀ ਅਜਿਹਾ ਵਿਅਕਤੀ ਸੀ, ਜਿਸਨੇ ਕਿਹਾ ਕਿ ਉਹ ਕੂਕਾ ਨਹੀਂ ਹੈ ਅਤੇ ਅਕਾਲ ਤਖ਼ਤ ਸਾਹਿਬ ਜਾ ਕੇ ਪ੍ਰਾਸਚਿਤ ਕਰੇਗਾ। ਮੰਗਲ ਸਿੰਘ ਸਮਾਨ ਵੱਡੇ-ਵੱਡੇ ਸਰਦਾਰਾਂ ਦਾ ਵੀ ਅਜਿਹਾ ਹੀ ਵਤੀਰਾ ਰਿਹਾ ਹੈ, ਜਿਹਾ ਕਿ ਸ: ਦਿਆਲ ਸਿੰਘ ਮਜੀਠੀਏ ਵੱਲੋਂ 16 ਮਈ, 1872 ਨੂੰ ਪੰਜਾਬ ਸਰਕਾਰ ਨੂੰ ਪੇਸ਼ ਕੀਤੇ ਗਏ ਬਿਆਨ ਤੋਂ ਭਲੀ-ਭਾਂਤ ਸਿੱਧ ਹੋ ਜਾਂਦਾ ਹੈ।

**ਪੰਜਾਬ ਵਿੱਚ ਪੰਜ ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ ਉੱਤੇ ਪਾਬੰਦੀ**

23 ਜਨਵਰੀ, 1872 ਨੂੰ ਹੀ ਪੰਜਾਬ ਸਰਕਾਰ ਵੱਲੋਂ ਸਾਰੇ ਕਮਿਸ਼ਨਰਾਂ ਅਤੇ ਡੀ. ਆਈ. ਜੀ. ਪੁਲਿਸ ਨੂੰ ਇੱਕ ਵਿਸ਼ੇਸ਼ ਗਸ਼ਤੀ ਪੱਤਰ ਜਾਰੀ ਕੀਤਾ ਗਿਆ, ਜਿਸ ਵਿੱਚ ਪੰਜ ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ ਉੱਤੇ ਮਨਾਹੀ ਕਰ ਦਿੱਤੀ ਗਈ। ਇਸ ਗਸ਼ਤੀ ਪੱਤਰ ਦਾ ਸਾਰ ਇਹ ਸੀ, [1*]"ਲੈਫਟੀਨੈਂਟ ਗਵਰਨਰ ਪੰਜਾਬ ਵੱਲੋਂ ਇਹ ਆਦੇਸ਼ ਜਾਰੀ ਕੀਤਾ ਜਾਂਦਾ ਹੈ ਕਿ ਕੂਕਿਆਂ ਦੇ ਕਿਸੇ ਵੀ ਜੱਥੇ ਨੂੰ 5 ਜਾਂ ਇਸ ਤੋਂ ਵੱਧ ਇਕੱਠੇ ਹੋਣ ਦੀ ਇਜ਼ਾਜਤ ਨਹੀਂ ਹੈ ਅਤੇ ਇਹ ਪੁਲਿਸ ਦੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੇ ਇਕੱਠਾਂ ਉੱਤੇ ਰੋਕ ਲਾਉਣ ਅਤੇ ਇਸ ਬਾਰੇ ਨੇੜੇ ਦੇ ਮੈਜਿਸਟਰੇਟ ਨੂੰ ਤੁਰੰਤ ਸੂਚਨਾ ਦੇਣ ਅਤੇ ਇਹ ਹਦਾਇਤਾਂ ਆਪਣੇ ਅਧੀਨ ਕਰਮਚਾਰੀਆਂ ਨੂੰ ਵੀ ਜਾਰੀ ਕਰ ਦੇਣ।"

**ਐਲ. ਕਾਵਨ ਅਤੇ ਟੀ. ਡੀ. ਫੋਰਸਾਈਥ ਦੇ ਆਪਣੇ ਬਚਾਅ ਲਈ ਕੀਤੇ ਗਏ ਯਤਨ**

ਮਲੌਦ ਅਤੇ ਮਲੇਰਕੋਟਲੇ ਦੇ ਇਤਿਹਾਸਕ ਸਾਕਿਆਂ ਦੇ ਸੰਬੰਧ ਵਿੱਚ

[1*] ਭਾਈ ਨਾਹਰ ਸਿੰਘ, ਭਾਈ ਕਿਰਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 283



Sri Satguru Jagjit Singh Ji Elibrary NamdhariElibrary@gmail.com

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਐਲ. ਕਾਵਨ ਅਤੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਟੀ. ਡੀ. ਫੋਰਸਾਈਥ ਨੇ ਆਪਣੇ ਕਾਨੂੰਨੀ ਅਧਿਕਾਰਾਂ ਤੋਂ ਲਾਂਭੇ ਜਾ ਕੇ ਜੋ ਗੈਰ-ਮਨੁੱਖੀ ਸਜ਼ਾਵਾਂ ਬਿਨਾਂ ਉੱਚਿਤ ਅਦਾਲਤੀ ਕਾਰਵਾਈ ਦੇ ਕੂਕਾ ਨਜ਼ਰਬੰਦਾਂ ਨੂੰ ਦਿੱਤੀਆਂ ਅਤੇ ਵਿਸ਼ੇਸ਼ ਕਰਕੇ ਮਲੇਰਕੋਟਲਾ ਵਿਖੇ 17-18 ਜਨਵਰੀ, 1872 ਨੂੰ 66 ਕੂਕੇ ਬੰਦੀਆਂ ਨੂੰ ਜਿਨ੍ਹਾਂ ਨੇ ਆਪਣੇ ਆਪ ਨੂੰ ਸਰਕਾਰੀ ਅਧਿਕਾਰੀਆਂ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ, ਤੋਪਾਂ ਅੱਗੇ ਉਡਾ ਕੇ ਜਿਸ ਅਤਿਆਚਾਰ ਦੇ ਭਾਗੀ ਬਣੇ, ਉਸ ਉੱਤੇ ਹਿੰਦ ਸਰਕਾਰ ਅਤੇ ਗਵਰਨਰ ਜਨਰਲ ਦੀ ਕੌਂਸਲ ਨਾ ਖੁਸ਼ ਸੀ। ਸਿੱਟੇ ਵਜੋਂ ਐਲ. ਕਾਵਨ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਅਤੇ ਟੀ. ਡੀ. ਫੋਰਸਾਈਥ ਨੂੰ ਅਵਧ ਵਿੱਚ ਬਦਲ ਕੇ ਉਸਨੂੰ ਅਦਾਲਤੀ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ। ਆਪਣੀਆਂ ਇਨ੍ਹਾਂ ਸਜ਼ਾਵਾਂ ਨੂੰ ਘਟਾਉਣ ਅਤੇ ਆਪਣੇ ਆਪ ਨੂੰ ਦੋਸ਼ ਮੁਕਤ ਸਿੱਧ ਕਰਨ ਲਈ ਉਨ੍ਹਾਂ ਨੇ ਆਪਣੇ ਚਾਪਲੂਸ ਹਮਾਇਤੀਆਂ ਅਤੇ ਅੰਗਰੇਜ਼ ਸਰਕਾਰ ਦੇ ਪਿਛਲੱਗਾਂ ਤੋਂ ਕੂਕਾ ਲਹਿਰ ਦੇ ਵਿਰੋਧ ਵਿੱਚ ਬਹੁਤ ਸਾਰੀਆਂ ਗੱਲਾਂ ਵਧਾ-ਚੜ੍ਹਾ ਕੇ ਕੁਝ ਯਾਦ ਪੱਤਰ ਲਿਖਵਾ ਕੇ ਉੱਚ ਅਧਿਕਾਰੀਆਂ ਨੂੰ ਭੇਜੇ, ਇਨ੍ਹਾਂ ਵਿੱਚੋਂ ਇੱਕ ਪ੍ਰਾਰਥਨਾ ਪੱਤਰ ਜਲੰਧਰ ਦੇ ਪਾਦਰੀ ਗੋਲਕ ਨਾਥ ਨੇ 28 ਅਗਸਤ, 1872 ਨੂੰ ਸ: ਬਿਕਰਮ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਲਿਖਵਾਇਆ ਸੀ, ਜਿਸ ਉੱਤੇ ਸੈਂਕੜੇ ਅੰਗਰੇਜ਼ ਭਗਤਾਂ ਦੇ ਹਸਤਾਖਰ ਕਰਵਾਏ ਗਏ ਸਨ। ਇਹ ਪੱਤਰ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਐਲ. ਐਚ. ਗ੍ਰਿਫਿਨ ਰਾਹੀਂ ਗਵਰਨਰ ਜਨਰਲ ਲਾਰਡ ਨਾਰਥਬਰੁਕ ਨੂੰ ਭੇਜਿਆ ਗਿਆ ਸੀ। ਇਸ ਪੱਤਰ ਵਿੱਚ ਕੂਕਿਆਂ ਦੀ ਇਸ ਲਹਿਰ ਵਿਰੁੱਧ ਬਹੁਤ ਸਾਰਾ ਜ਼ਹਿਰ ਉਗਲਿਆ ਗਿਆ ਹੈ ਅਤੇ ਇਸ ਰਾਹੀਂ ਇਸ ਲਹਿਰ ਨੂੰ ਇੱਕ ਖਤਰੇ ਵਾਲੀ ਵੱਡੀ ਬਗ਼ਾਵਤ ਕਿਹਾ ਗਿਆ ਹੈ, ਜਿਸਨੂੰ ਦਬਾਅ ਕੇ ਇਨ੍ਹਾਂ ਅਧਿਕਾਰੀਆਂ ਨੇ ਸ਼ਲਾਘਾਯੋਗ ਕਾਰਜ ਕੀਤਾ ਹੈ। ਪਰ ਸਭ ਕੁਝ ਇਨ੍ਹਾਂ ਉਪਰੋਕਤ ਅਫ਼ਸਰਾਂ ਦੇ ਇਸ਼ਾਰੇ ਉੱਤੇ ਹੀ ਕੀਤਾ ਗਿਆ ਸੀ। ਇਸ [1*]ਪ੍ਰਾਰਥਨਾ ਪੱਤਰ ਵਿੱਚੋਂ ਕੁਝ ਅੰਸ਼ ਇੱਥੇ ਦਿੱਤੇ ਜਾਂਦੇ ਹਨ : "ਮਿ: ਐਲ. ਐਚ. ਗ੍ਰਿਫਿਨ ਕਾਰਜਕਾਰੀ ਸਕੱਤਰ ਪੰਜਾਬ ਸਰਕਾਰ ਵੱਲੋਂ ਸਕੱਤਰ ਹਿੰਦ ਸਰਕਾਰ ਡੈਮਪੀਅਰ ਨੂੰ ਮਿਤੀ 22 ਅਕਤੂਬਰ, 1872 ਨੂੰ ਭੇਜੇ ਗਏ ਪੱਤਰ ਰਾਹੀਂ ਗੋਲਕਨਾਥ ਪਾਦਰੀ ਅਤੇ ਵੱਖ-ਵੱਖ ਸ਼ਹਿਰਾਂ ਤੋਂ ਇਕੱਠੇ ਹੋਏ ਪ੍ਰਤਿਸ਼ਠ ਵਿਅਕਤੀਆਂ ਜੋ ਸ: ਬਿਕਰਮ ਸਿੰਘ ਆਹਲੂਵਾਲੀਆ ਦੀ ਪ੍ਰਧਾਨਗੀ ਵਿੱਚ ਇਕੱਠੇ ਹੋਏ ਦੀ ਲਾਰਡ ਨਾਰਥਬਰੁਕ ਗਵਰਨਰ ਜਨਰਲ ਹਿੰਦ ਨੂੰ ਭੇਜੀ ਗਈ ਅਪੀਲ, ਜਿਸ ਵਿੱਚ ਐਲ. ਕਵਨ

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 586-589



Sri Satguru Jagjit Singh Ji Elibrary NamdhariElibrary@gmail.com

ਅਤੇ ਟੀ. ਡੀ. ਫੋਰਸਾਈਥ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਨੂੰ ਮਾਫ਼ ਕਰਨ ਲਈ ਅਪੀਲ ਕੀਤੀ ਗਈ ਹੈ।

ਇਸ ਲੰਮੇ ਚੌੜੇ ਬਿਨੇ ਪੱਤਰ ਵਿੱਚ ਕੂਕਾ ਮੱਤ ਬਾਰੇ ਬਹੁਤ ਸਾਰੀਆਂ ਗੱਲਾਂ ਵਧਾ-ਚੜ੍ਹਾ ਕੇ ਲਿਖੀਆਂ ਗਈਆਂ ਹਨ ਕਿ ਇਨ੍ਹਾਂ ਤੋਂ ਸਰਕਾਰ ਅਤੇ ਪਰਜਾ ਨੂੰ ਬੜਾ ਖ਼ਤਰਾ ਸੀ। ਇਹ ਗੜਬੜ ਅਤੇ ਗਦਰ ਫੈਲਾਉਂਦੇ ਸਨ ਅਤੇ ਸਰਕਾਰ ਦਾ ਤਖਤਾ ਉਲਟਾਉਣਾ ਚਾਹੁੰਦੇ ਸਨ।

ਇਹ ਗੁਰੂ ਰਾਮ ਸਿੰਘ ਨੂੰ 11ਵਾਂ ਅਵਤਾਰ ਮੰਨਦੇ ਸਨ ਅਤੇ ਉਸਨੂੰ ਪਾਤਸ਼ਾਹ ਕਹਿ ਕੇ ਸੰਬੋਧਨ ਕਰਦੇ ਸਨ। ਇਨ੍ਹਾਂ ਦਾ ਨਾਹਰਾ ਸੀ :

"ਖਾਲਸਾ ਜੀ ਦਾ ਰਾਜ ਹੋਸੀ,
ਉਨ ਕੇ ਆਗੇ ਰਹੇ ਨਾ ਕੋਸੀ।"

ਅਤੇ 'ਦੀਵਾਰੇ ਮਸੀਤਾਂ ਢਾਹ ਕੇ ਕਰ ਦਿਉ ਮੈਦਾਨਾ'

ਕਈ ਥਾਂਵਾਂ 'ਤੇ ਅਜਿਹਾ ਕੀਤਾ ਵੀ ਗਿਆ। ਭੈਣੀ ਅਤੇ ਹੋਰ ਥਾਵਾਂ 'ਤੇ ਵੱਡੇ-ਵੱਡੇ ਮੇਲੇ ਹੋਏ। ਇਨ੍ਹਾਂ ਨੇ ਸੂਬੇ ਅਤੇ ਨਾਇਬ ਸੂਬੇ ਥਾਪੇ ਅਤੇ ਗਿਆਨਾ ਸਿੰਘ ਨੂੰ ਪ੍ਰਮੁੱਖ ਅਦਾਲਤੀ ਥਾਪਿਆ। ਗਊ-ਰੱਖਿਆ ਦੇ ਬਹਾਨੇ ਹੇਠ ਇਨ੍ਹਾਂ ਨੇ ਬੁਚੜਾਂ ਨੂੰ ਕਤਲ ਕਰਨ ਦੀ ਲਹਿਰ ਚਾਲੂ ਕੀਤੀ, ਤਾਂ ਜੋ ਸਾਰੇ ਲੋਕ ਜੋ ਗਊ-ਹੱਤਿਆ ਨੂੰ ਪਾਪ ਸਮਝਦੇ ਹਨ, ਇਨ੍ਹਾਂ ਦੇ ਨਾਲ ਆ ਰਲਣ।

ਭੈਣੀ ਵਿਖੇ ਬਹੁਤ ਵੱਡਾ ਭੰਡਾਰ ਇਕੱਠਾ ਕੀਤਾ ਗਿਆ ਅਤੇ ਹਥਿਆਰ ਵੀ ਇਕੱਠੇ ਕੀਤੇ ਗਏ। ਕੁਝ ਲੋਕ ਆਪਣੇ ਆਪ ਨੂੰ ਮਸਤਾਨੇ ਕਹਿੰਦੇ ਸਨ ਅਤੇ ਕਹਿੰਦੇ ਸਨ ਕਿ ਅਸੀਂ ਗਿਆਨਾ ਸਿੰਘ, ਜਿਸਨੂੰ ਫਾਂਸੀ ਲਾਇਆ ਗਿਆ ਸੀ, ਦਾ ਬਦਲਾ ਲੈਣਾ ਹੈ। ਪਹਿਲਾਂ ਮਲੌਦ ਅਤੇ ਫਿਰ ਕੋਟਲੇ ਹੱਲਾ ਕੀਤਾ ਗਿਆ। ਜੇਕਰ ਇਹ ਕਾਮਯਾਬ ਹੋ ਜਾਂਦੇ ਤਾਂ ਉਨ੍ਹਾਂ ਨੇ ਤੁਰੰਤ ਨਾਭਾ ਅਤੇ ਪਟਿਆਲਾ ਤੇ ਹੱਲਾ ਬੋਲ ਦੇਣਾ ਸੀ। ਮਿ: ਕਾਵਨ ਨੇ ਅੰਗਰੇਜ਼ੀ ਸੈਨਾ ਅਤੇ ਹੋਰ ਫ਼ੌਜ ਬੁਲਾ ਕੇ ਚੰਗਾ ਕੀਤਾ। ਪਟਿਆਲਾ, ਨਾਭਾ ਅਤੇ ਜੀਂਦ ਰਿਆਸਤਾਂ ਦੀ ਸਹਾਇਤਾ ਲਈ ਅਤੇ ਇਸ ਬਗਾਵਤ ਨੂੰ ਬਾਗੀਆਂ ਨੂੰ ਤੋਪਾਂ ਅੱਗੇ ਉਡਾ ਕੇ ਸ਼ਾਂਤ ਕਰ ਦਿੱਤਾ ਗਿਆ। ਨਹੀਂ ਤਾਂ ਇਹ ਲਹਿਰ ਬੜੀ ਵੱਧ ਜਾਣੀ ਸੀ ਅਤੇ ਆਲੇ-ਦੁਆਲੇ ਤੋਂ ਬਹੁਤ ਸਾਰੇ ਕੂਕਿਆਂ ਨੇ ਇਕੱਠੇ ਹੋ ਕੇ ਵੱਡੀ ਗੜਬੜ ਫੈਲਾ ਦੇਣੀ ਸੀ।

ਅਸੀਂ ਸਰਕਾਰ ਦੇ ਵਫ਼ਾਦਾਰ ਲੋਕ ਹਾਂ ਅਤੇ ਸਮਝਦੇ ਹਾਂ ਕਿ ਕਾਵਨ ਅਤੇ ਫੋਰਸਾਈਥ ਨੇ ਠੀਕ ਸਮੇਂ ਕਦਮ ਉਠਾਇਆ ਹੈ।

ਉਪਰੋਕਤ ਨੂੰ ਮੁੱਖ ਰੱਖ ਕੇ ਸਰਕਾਰ ਨੂੰ ਇਨ੍ਹਾਂ ਅਫ਼ਸਰਾਂ ਦੀਆਂ ਸਜ਼ਾਵਾਂ ਮਾਫ਼ ਕਰ ਦੇਣੀਆਂ ਚਾਹੀਦੀਆਂ ਹਨ। ਦੇਸ਼ ਦੀਆਂ ਅਖ਼ਬਾਰਾਂ ਵਿੱਚ ਵੀ ਕੁਝ



Sri Satguru Jagjit Singh Ji Elibrary NamdhariElibrary@gmail.com

ਬਿਆਨ ਛਪੇ ਹਨ। ਅਸੀਂ ਸਾਰੇ ਗਵਾਹ ਹਾਂ ਕਿ ਇਨ੍ਹਾਂ ਅਫ਼ਸਰਾਂ ਅਤੇ ਰਿਆਸਤਾਂ ਦੇ ਹਾਕਮਾਂ ਨੇ ਮਿਲਕੇ ਇਸ ਲਹਿਰ ਨੂੰ ਦਬਾ ਕੇ ਚੰਗਾ ਕੰਮ ਕੀਤਾ ਹੈ।

ਇਸ ਪੱਤਰ ਉੱਤੇ ਦਸਤਖ਼ਤ ਕਰਨ ਵਾਲਿਆਂ ਬਾਰੇ ਉਲੇਖ ਹੈ :

ਹਰਨਾਮ ਸਿੰਘ ਆਹਲੂਵਾਲੀਆ
ਬਿਕਰਮ ਸਿੰਘ ਆਹਲੂਵਾਲੀਆ
ਸੁਚੇਤ ਸਿੰਘ ਆਹਲੂਵਾਲੀਆ
ਗੋਲਕ ਨਾਥ ਮਿਸ਼ਨਰੀ

ਅਤੇ 437 ਹੋਰ ਜਾਗੀਰਦਾਰਾਂ, ਮਿਊਂਸਪਲ ਕਮੇਟੀ ਦੇ ਮੈਂਬਰਾਂ, ਸ਼ਾਹੂਕਾਰਾਂ, ਜੈਲਦਾਰਾਂ ਆਦਿ ਦੇ ਦਸਤਖ਼ਤ ਸਨ, ਜੋ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਦੇ ਵਾਸੀ ਸਨ।"

**ਕੁਝ ਹੋਰ ਬਿਨੇ-ਪੱਤਰ**

[1*]"ਹੁਸ਼ਿਆਰਪੁਰ ਦੀ ਅੰਜਮਨ ਦੁਆਰਾ ਵੀ ਕਾਵਨ ਅਤੇ ਫੋਰਸਾਈਥ ਦੀਆਂ ਸਜ਼ਾਵਾਂ ਨੂੰ ਘੱਟ ਕਰਨ ਅਤੇ ਹਟਾਉਣ ਲਈ ਅਪੀਲ ਕੀਤੀ ਗਈ। ਇਸ ਵਿੱਚ ਅਜਿਹੀਆਂ ਦਲੀਲਾਂ ਦਿੱਤੀਆਂ ਗਈਆਂ ਸਨ ਕਿ ਫੋਰਸਾਈਥ ਅਤੇ ਕਾਵਨ ਨੇ ਮਲੌਦ ਅਤੇ ਮਲੇਰਕੋਟਲੇ ਦੇ ਬਾਗੀ ਕੂਕਿਆਂ ਨੂੰ ਐਨ ਸਮੇਂ ਸਿਰ ਸਜਾਵਾਂ ਦੇ ਕੇ ਦੇਸ਼ ਦੇ ਭਲੇ ਦੀ ਗੱਲ ਕੀਤੀ ਹੈ ਅਤੇ ਅਮਨ ਬਹਾਲ ਕੀਤਾ ਹੈ। ਭਾਵੇਂ ਇਹ ਸਜ਼ਾਵਾਂ ਇਨ੍ਹਾਂ ਅਧਿਕਾਰੀਆਂ ਵੱਲੋਂ ਤੈਸ਼ ਵਿੱਚ ਆ ਕੇ ਦਿੱਤੀਆਂ ਗਈਆਂ ਹਨ, ਪਰ ਇਨ੍ਹਾਂ ਨਾਲ ਲੋਕਾਂ ਦਾ ਭਲਾ ਹੀ ਹੋਇਆ ਹੈ।"

ਇੱਥੇ ਕੁਝ ਦਲੀਲਾਂ ਕੂਕਿਆਂ ਵਿਰੁੱਧ ਦਿੱਤੀਆਂ ਗਈਆਂ ਹਨ :

1. ਉਨ੍ਹਾਂ ਨੇ ਸੂਬੇ ਥਾਪੇ, ਜਿਸ ਵਿੱਚ ਉਨ੍ਹਾਂ ਦੇ ਖੇਤਰਾਂ ਨੂੰ ਵੀ ਵੰਡ ਦਿੱਤਾ ਗਿਆ ਸੀ।
2. ਉਹ ਆਪਣੀਆਂ ਗੁਪਤ ਯੋਜਨਾਵਾਂ ਅਤੇ ਸੰਦੇਸ਼ਾਂ ਨੂੰ ਇਸ ਤਰ੍ਹਾਂ ਦੂਜਿਆਂ ਤੱਕ ਪਹੁੰਚਾਉਂਦੇ ਸਨ ਅਤੇ ਗੁਪਤ ਰੱਖਦੇ ਸਨ ਕਿ ਦੂਜਿਆਂ ਦੇ ਕੰਨਾਂ ਤੱਕ ਭਿਣਕ ਤੱਕ ਨਾ ਪਵੇ।
3. ਉਨ੍ਹਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਗਈ, ਜੋ ਪਹਿਲਾਂ ਸੈਂਕੜਿਆਂ ਤੱਕ ਸੀਮਿਤ ਸੀ ਅਤੇ ਪਿਛੋਂ ਲੱਖਾਂ ਤੱਕ ਪਹੁੰਚ ਗਈ।
4. ਉਨ੍ਹਾਂ ਨੇ ਆਪਣੀ ਲਹਿਰ ਨੂੰ ਇਸ ਤਰ੍ਹਾਂ ਆਰੰਭ ਕੀਤਾ, ਜਿਸ ਨਾਲ ਦੂਜੇ ਫਿਰਕਿਆਂ ਵਿੱਚ ਵੀ ਉਨ੍ਹਾਂ ਲਈ ਹਮਦਰਦੀ ਜਾਗੇ। ਇਸ ਲਈ ਉਨ੍ਹਾਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਵਿੱਚ ਬੁੱਚੜ-ਬਧ ਸਾਕੇ ਕੀਤੇ।
5. ਉਹ ਇਹ ਨਾਅਰੇ ਲਗਾਉਂਦੇ ਸਨ ਅਤੇ ਖੁੱਲ੍ਹੇਆਮ ਕਹਿੰਦੇ ਸਨ :

---

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 601-604



Sri Satguru Jagjit Singh Ji Elibrary NamdhariElibrary@gmail.com

"ਖਾਲਸਾ ਜੀ ਦਾ ਰਾਜ ਹੋਸੀ,
ਉਨਕੇ ਆਗੇ ਰਹੇ ਨਾ ਕੋਸੀ।"

6. ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਾਂ ਦੇ ਕਤਲਾਂ ਪਿਛੋਂ ਉਨ੍ਹਾਂ ਨੇ ਖੁੱਲ੍ਹੇ ਤੌਰ ਤੇ ਬਗਾਵਤ ਦਾ ਐਲਾਨ ਕਰਕੇ ਮਲੌਦ ਅਤੇ ਮਲੇਰਕੋਟਲੇ 'ਤੇ ਹੱਲਾ ਬੋਲਿਆ। ਇਹ ਹੱਲਾ ਉਸ ਸਮੇਂ ਬੋਲਿਆ ਗਿਆ, ਜਦੋਂ ਬਹੁਤੀ ਫ਼ੌਜ ਦਿੱਲੀ ਵਿੱਚ ਸੀ ਅਤੇ ਸੂਬੇ ਆਪੋ-ਆਪਣੇ ਖੇਤਰਾਂ ਵਿੱਚ ਬਗਾਵਤ ਕਰਵਾ ਸਕਦੇ ਸਨ, ਪਰ ਛੇਤੀ ਹੀ ਉੱਚਿਤ ਪ੍ਰਬੰਧ ਕਰ ਲਏ ਗਏ ਅਤੇ ਇਨ੍ਹਾਂ ਬਾਗੀਆਂ ਉੱਤੇ ਕਾਬੂ ਪਾ ਲਿਆ ਗਿਆ।

ਉਪਰੋਕਤ ਬਗਾਵਤ ਨੂੰ ਦਬਾਉਣ ਵਿੱਚ ਫੋਰਸਾਈਥ ਅਤੇ ਕਾਵਨ ਵਰਗੇ ਅਫ਼ਸਰਾਂ ਦੀ ਕਾਰਵਾਈ ਬੜੇ ਢੁੱਕਵੇਂ ਢੰਗ ਨਾਲ ਠੀਕ ਸਮੇਂ ਕੀਤੀ ਗਈ। ਇਨ੍ਹਾਂ ਦੋਹਾਂ ਵਿਸ਼ੇਸ਼ ਕਰਕੇ ਫੋਰਸਾਈਥ ਦਾ ਰਿਕਾਰਡ ਬੜਾ ਸ਼ਾਨਦਾਰ ਹੈ। ਅਸੀਂ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਦੀਆਂ ਸਜ਼ਾਵਾਂ ਨੂੰ ਮਾਫ਼ ਕਰ ਦਿੱਤਾ ਜਾਵੇ।

*ਦਸਤਖ਼ਤ*

ਰਾਜਾ ਹਮੀਦੁਲਾ ਖਾਨ, ਰਾਜੋਰੀ, ਹੁਸ਼ਿਆਰਪੁਰ
ਅਮੀਰ ਚੰਦ ਰਈਸ ਬਿਜਵਾੜਾ, ਹੁਸ਼ਿਆਰਪੁਰ
ਪੰ: ਹਰੀ ਸ਼ੰਕਰ ਐਕਸਟਰਾ ਅਸਿਸਟੈਂਟ ਹੁਸ਼ਿਆਰਪੁਰ
ਸ਼ਿਉ ਪ੍ਰਸ਼ਾਦ ਤਹਿਸੀਲਦਾਰ ਹੁਸ਼ਿਆਰਪੁਰ

ਇਸੇ ਬਿਨੇ ਪੱਤਰ ਉੱਤੇ ਆਨੰਦਪੁਰ ਦੇ ਸੋਢੀਆਂ ਅਤੇ ਹੋਰ ਸਰਕਾਰ ਪ੍ਰਸਤਾਂ ਨੇ ਆਨੰਦਪੁਰ ਵਿਖੇ ਸਹੀ ਪਾਈ ਅਤੇ ਇਸ ਦੀ ਪੁਸ਼ਟੀ ਕੀਤੀ, ਦਸਤਖਤ ਕਰਤਾ ਸਨ :

(1) ਬੇਦੀ ਸੁਜਾਨ ਸਿੰਘ
(2) ਜੈਮਲ ਸਿੰਘ ਮੈਂਬਰ ਮਿਊਂਸਪਿਲ ਕਮੇਟੀ
(3) ਲਛਮਣ ਦਾਸ ਸੁਪਰਡੈਂਟ ਆਫ
ਸੇਟਲਮੈਂਟ ਪਰਗਨਾ, ਊਨਾ
ਅਤੇ 40 ਹੋਰ ਜੈਲਦਾਰਾਂ, ਸ਼ਾਹੂਕਾਰਾਂ
ਆਦਿ ਨੇ ਵੀ ਦਸਤਖ਼ਤ ਕੀਤੇ।"

ਹਿੰਦ ਸਰਕਾਰ ਨੇ ਇਨ੍ਹਾਂ ਬਿਨੇ-ਪੱਤਰਾਂ ਉੱਤੇ ਕੋਈ ਉੱਚਿਤ ਕਾਰਵਾਈ ਕਰਨ ਦੀ ਲੋੜ ਨਾ ਸਮਝੀ, ਕਿਉਂ ਜੋ ਗਵਰਨਰ ਜਨਰਲ ਦਾ ਵਿਚਾਰ ਸੀ ਕਿ ਇਨ੍ਹਾਂ ਅਧਿਕਾਰੀਆਂ ਸੰਬੰਧੀ ਜੋ ਕਾਰਵਾਈ ਕੀਤੀ ਜਾ ਚੁੱਕੀ ਹੈ, ਉਹੋ ਹੀ ਕਾਫ਼ੀ ਸੀ।

**ਕਾਵਨ ਅਤੇ ਫੋਰਸਾਈਥ ਦੀਆਂ ਕਾਰਵਾਈਆਂ ਦੀ ਸਮੀਖਿਆ**

ਉਸ ਸਮੇਂ ਦੇ ਬਹੁਤ ਸਾਰੇ ਸਮਾਚਾਰ ਪੱਤਰਾਂ ਅਤੇ ਉੱਘੇ ਪੱਤਰਕਾਰਾਂ,



Sri Satguru Jagjit Singh Ji Elibrary NamdhariElibrary@gmail.com

ਸੰਪਾਦਕਾਂ ਅਤੇ ਕੁਝ ਹੱਦ ਤੱਕ ਬਰਤਾਨਵੀ ਸਰਕਾਰ ਦੇ ਉੱਚ ਅਧਿਕਾਰੀਆਂ ਨੇ ਕਾਵਨ ਅਤੇ ਫੋਰਸਾਈਥ ਵੱਲੋਂ ਕਾਨੂੰਨ ਦੇ ਘੇਰੇ ਤੋਂ ਬਾਹਰ ਜਾ ਕੇ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ ਸਨ ਅਤੇ ਕਈ ਲੇਖ ਲਿਖੇ ਸਨ, ਜਿਨ੍ਹਾਂ ਤੋਂ ਮਲੌਦ ਅਤੇ ਮਲੇਰਕੋਟਲੇ ਦੇ ਇਤਿਹਾਸਕ ਸਾਕਿਆਂ ਸੰਬੰਧੀ ਉਸ ਸਮੇਂ ਦੇ ਲੋਕ ਮਤ ਦਾ ਖੁੱਲ੍ਹ ਕੇ ਪ੍ਰਗਟਾਅ ਕੀਤਾ ਗਿਆ ਹੈ। ਇਨ੍ਹਾਂ ਵਿੱਚ ਪ੍ਰਗਟਾਏ ਗਏ ਵਿਚਾਰਾਂ ਦੇ ਕੁਝ ਅੰਸ਼ ਇੱਥੇ ਦੇਣੇ ਉੱਚਿਤ ਪ੍ਰਤੀਤ ਹੁੰਦੇ ਹਨ ਤਾਂ ਜੋ ਕੂਕਾ ਲਹਿਰ ਸੰਬੰਧੀ ਉਸ ਸਮੇਂ ਦੇ ਲੋਕ ਮੱਤ ਤੋਂ ਜਾਣੂ ਹੋਇਆ ਜਾ ਸਕੇ। ਸਮਕਾਲੀ ਸਮਾਚਾਰ ਪੱਤਰਾਂ ਵਿੱਚ ਪ੍ਰਕਾਸ਼ਿਤ ਇਨ੍ਹਾਂ ਟਿੱਪਣੀਆਂ ਅਤੇ ਲੇਖਾਂ ਤੋਂ ਕੂਕਾ ਲਹਿਰ ਸੰਬੰਧੀ ਹਾਂ-ਪੱਖੀ ਅਤੇ ਕੂਕਾ ਅੰਦੋਲਨ ਵਿਰੁੱਧ ਦਿੱਤੇ ਗਏ ਨਾ ਪੱਖੀ ਬਿਆਨਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਕੂਕਾ ਲਹਿਰ ਦੇ ਸਾਰਥਕ ਕਿਰਦਾਰ ਨੂੰ ਸਪੱਸ਼ਟ ਕਰਨ ਵਿੱਚ ਬਹੁਤ ਹੱਦ ਤੱਕ ਸਹਾਈ ਹੋ ਸਕਦਾ ਹੈ ਅਤੇ ਇਸ ਸੰਬੰਧੀ ਪਾਏ ਗਏ ਬਹੁਤ ਸਾਰੇ ਭਰਮ-ਭੁਲੇਖਿਆਂ ਨੂੰ ਦੂਰ ਵੀ ਕਰ ਸਕਦਾ ਹੈ। ਇਨ੍ਹਾਂ ਦਾ ਸਾਰ ਇਸ ਤਰ੍ਹਾਂ ਹੈ :

1. **'ਫਰੈਂਡਜ਼ ਆਫ਼ ਇੰਡੀਆ' ਵਿੱਚ ਇੱਕ ਈਸਾਈ ਮਿਸ਼ਨਰੀ ਦੀ ਪੁਕਾਰ :** 4 ਅਪ੍ਰੈਲ, 1872 ਦੇ ਅਖਬਾਰ 'ਦੀ ਫਰੈਂਡਜ਼ ਆਫ਼ ਇੰਡੀਆ' ਦੇ ਅੰਕ ਵਿੱਚ ਇੱਕ ਈਸਾਈ ਮਿਸ਼ਨਰੀ ਦੇ ਕੂਕਾ ਲਹਿਰ ਅਤੇ ਈਸਾਈ ਮਿਸ਼ਨਰੀਆਂ ਦੀ ਚੁੱਪ ਬਾਰੇ ਛਾਪੇ ਬਿਆਨ ਵਿੱਚ ਕੂਕਾ ਲਹਿਰ ਸੰਬੰਧੀ ਬਹੁਤ ਹੀ ਮਹੱਤਵਪੂਰਨ ਨੁਕਤੇ ਉਠਾਏ ਗਏ ਹਨ, ਜਿਸ ਵਿੱਚ ਮਲੇਰਕੋਟਲੇ ਵਿਖੇ ਕੂਕਿਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਨੂੰ ਅਮਾਨਵੀ ਅਤੇ ਸੱਭਿਅਤਾ ਉੱਤੇ ਕਲੰਕ ਦੱਸਿਆ ਗਿਆ ਹੈ।[1*] "ਈਸਾਈ ਮਿਸ਼ਨਰੀ ਸਦਾ ਹੀ ਸਰਕਾਰ ਦੀ ਨੀਤੀ ਦਾ ਸਮਰਥਣ ਕਰਦੇ ਰਹੇ ਹਨ, ਪਰ ਅਫਸੋਸ ਹੈ ਕਿ ਇਸ ਕੇਸ ਵਿੱਚ ਉਨ੍ਹਾਂ ਨੇ ਕਿਉਂ ਚੁੱਪ ਸਾਧ ਰਖੀ ਹੈ। ਐਲ. ਕਾਵਨ ਨੇ 49 ਕੂਕਿਆਂ ਨੂੰ ਤੋਪਾਂ ਅੱਗੇ ਉਡਾਇਆ ਅਤੇ ਫੋਰਸਾਈਥ ਨੇ ਉਸਦੀ ਪ੍ਰਵਾਨਗੀ ਵੀ ਦੇ ਦਿੱਤੀ ਅਤੇ ਅਗਲੇ ਦਿਨ 16 ਹੋਰਾਂ ਨੂੰ ਅਜਿਹੀਆਂ ਹੀ ਸਜ਼ਾਵਾਂ ਦਿੱਤੀਆਂ ਗਈਆਂ। ਇਸ ਕਤਲੇਆਮ ਦਾ ਅਸਰ ਸਾਰੇ ਹਿੰਦੁਸਤਾਨ ਅਤੇ ਇੰਗਲੈਂਡ ਉੱਤੇ ਹੋਇਆ ਹੈ। ਅਸੀਂ ਮਾਨਵਤਾ ਦੇ ਨਾਤੇ ਇਹ ਪੁੱਛ ਕਰਦੇ ਹਾਂ ਕਿ ਇੱਥੇ ਕਿਉਂ ਈਸਾਈ ਮਿਸ਼ਨਰੀਆਂ ਨੇ ਚੁੱਪ ਸਾਧ ਰਖੀ ਹੈ। ਜਦੋਂ ਉਨ੍ਹਾਂ ਉੱਤੇ ਕੋਈ ਬਿਪਤਾ ਪੈਂਦੀ ਹੈ ਤਾਂ ਉਹ ਢੋਲ ਵਜਾ ਕੇ ਉੱਚੀ-ਉੱਚੀ ਪੁਕਾਰ ਕਰਦੇ ਹਨ, ਪਰ ਇੱਥੇ ਉਨ੍ਹਾਂ ਵੱਲੋਂ ਕੋਈ ਕਾਰਵਾਈ ਨਹੀਂ ਦਰਸਾਈ ਗਈ।

2. **'ਫਰੈਂਡਜ਼ ਆਫ਼ ਇੰਡੀਆ' ਦੀ 11 ਅਪਰੈਲ, 1872 ਦੀ ਇੱਕ ਮਿਸ਼ਨਰੀ ਦੀ ਰਿਪੋਰਟ :** "ਅਖ਼ਬਾਰ ਦੇ ਸੰਪਾਦਕ ਨੂੰ ਇਹ ਪੱਤਰ ਮਿਲਿਆ ਕਿ

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 612



Sri Satguru Jagjit Singh Ji Elibrary NamdhariElibrary@gmail.com

ਕਾਵਨ ਨੂੰ ਕਿਸੇ ਗਿਰਜੇ ਘਰ ਦਾ ਬਿਸ਼ਪ ਬਣਾ ਦਿੱਤਾ ਜਾਵੇ। ਇਹ ਕਿੰਨੀ ਮਾੜੀ ਗੱਲ ਹੋਵੇਗੀ ਕਿ ਜਿਸਦੇ ਹੱਥ ਖੂਨ ਨਾਲ ਰੰਗੇ ਹੋਏ ਹਨ ਅਤੇ ਮਨੁੱਖਤਾ ਤੇ ਸੱਭਿਅਤਾ ਜਿਸ ਨੂੰ ਕਦੇ ਮਾਫ਼ ਨਹੀਂ ਕਰ ਸਕਦੇ, ਨੂੰ ਈਸਾਈ ਧਰਮ ਦਾ ਬਿਸ਼ਪ ਬਣਾ ਦਿੱਤਾ ਜਾਵੇ।"

3. 'ਅੰਮ੍ਰਿਤ ਬਜਾਰ ਪੱਤ੍ਰਿਕਾ' ਦੀ ਮਿਤੀ ਜਬਰ ਮਈ, 1872 ਦੀ ਰਿਪੋਰਟ : ਭਾਵੇਂ ਕਾਵਨ ਦਾ ਇਰਾਦਾ ਕਿੰਨਾ ਵੀ ਨੇਕ ਹੋਵੇ, ਪਰ ਇਸ ਤਰ੍ਹਾਂ ਦੀ ਵੱਡੇ ਪੈਮਾਨੇ ਤੇ ਦਿੱਤੀ ਗਈ ਮੌਤ ਦੀ ਸਜ਼ਾ ਨੂੰ ਉੱਚਿਤ ਨਹੀਂ ਠਹਿਰਾਇਆ ਜਾ ਸਕਦਾ। ਇਹ ਗੱਲ ਨਿਆਂ ਤੇ ਇਨਸਾਨੀਅਤ ਦੋਹਾਂ ਦੇ ਵਿਰੁੱਧ ਹੈ। ਛੋਟਾ ਜਿਹਾ ਐਂਗਲੋ ਇੰਡੀਅਨ ਤਬਕਾ ਭਾਵੇਂ ਕਾਵਨ ਦੀ ਕਾਰਵਾਈ ਨੂੰ ਨਿਆਕਾਰੀ ਦਸੇ, ਪਰ ਆਮ ਲੋਕ ਇਸ ਦੀ ਸ਼ਲਾਘਾ ਨਹੀਂ ਕਰ ਸਕਦੇ।

4. 'ਦੀ ਫਰੈਂਡਜ਼ ਆਫ਼ ਇੰਡੀਆ' ਦੀ ਖ਼ਬਰ ਮਈ, 1872 ਦੀ ਰਿਪੋਰਟ : ਇਸ ਰਿਪੋਰਟ ਅਤੇ ਲੇਖ ਵ੍ਰਿਚ ਕਾਵਨ ਅਤੇ ਫੋਰਸਾਈਥ ਵੱਲੋਂ ਕੂਕਿਆਂ ਨੂੰ ਦਿੱਤੇ ਗਏ 17-18 ਜਨਵਰੀ ਦੇ ਮ੍ਰਿਤੂ ਦੰਡ ਬਾਰੇ ਗਵਰਨਰ ਜਨਰਲ ਅਤੇ ਉਸਦੀ ਕੌਂਸਲ ਵੱਲੋਂ ਇਨ੍ਹਾਂ ਅਫ਼ਸਰਾਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਬਾਰੇ ਲੰਮਾ ਚੌੜਾ ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਸਦਾ ਸਾਰ ਕੁਝ ਇਸ ਤਰ੍ਹਾਂ ਹੈ :

1. ਕਾਵਨ ਨੇ ਜੋ ਕੁਝ ਵੀ ਕੀਤਾ, ਉਹ ਨਿਆਂ ਉੱਚਿਤ ਨਹੀਂ ਸੀ ਕਿਉਂ ਜੋ ਸਾਰੇ ਬੰਦੀ ਬੇਹਥਿਆਰੇ ਸਨ ਅਤੇ ਉਨ੍ਹਾਂ ਵਿੱਚੋਂ ਕਈ ਜ਼ਖ਼ਮੀ ਸਨ।

2. ਕਾਵਨ ਦਾ ਇਹ ਡਰ ਕਿ ਆਲੇ-ਦੁਆਲੇ ਤੋਂ ਕੂਕੇ ਇਕੱਠੇ ਹੋ ਕੇ ਆ ਰਹੇ ਸਨ, ਇੱਕ ਭਰਮ ਸੀ ਕਿਉਂ ਜੋ ਅਜਿਹਾ ਕੋਈ ਵੀ ਇਕੱਠ ਨਹੀਂ ਵੇਖਿਆ ਗਿਆ।

3. ਅਜਿਹੀ ਹਾਲਤ ਵਿੱਚ ਕਾਵਨ ਦਾ ਆਪਣੇ ਹੱਥ ਵਿੱਚ ਕਾਨੂੰਨ ਲੈ ਕੇ ਬਿਨਾਂ ਅਦਾਲਤੀ ਕਾਰਵਾਈ ਦੇ ਇਨ੍ਹਾਂ ਬੰਦੀਆਂ ਨੂੰ ਤੋਪਾਂ ਅੱਗੇ ਉਡਾਉਣਾ ਨਿਆਂ ਦੀ ਘੋਰ ਉਲੰਘਣਾ ਸੀ, ਕਿਉਂ ਜੋ ਕਾਵਨ ਕੋਲ ਮੌਤ ਦੀ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਸੀ।

4. ਫੋਰਸਾਈਥ ਕੋਲ ਇਹ ਅਧਿਕਾਰ ਮੌਜੂਦ ਸੀ, ਪਰ ਇਹ ਉਸਦੀ ਕਮਜ਼ੋਰੀ ਸੀ ਕਿ ਉਸਨੇ ਕਾਵਨ ਦੀ ਕਾਰਵਾਈ ਦੀ ਬਿਨਾਂ ਸੋਚੇ-ਸਮਝੇ ਪੁਸ਼ਟੀ ਕਰ ਦਿੱਤੀ ਅਤੇ ਅਗਲੇ ਦਿਨ ਆਪ ਵੀ ਸੰਖੇਪ ਕਾਰਵਾਈ ਪਿਛੋਂ ਬਾਕੀ 16 ਨੂੰ ਵੀ ਉਹੋ ਸਜ਼ਾ ਦਿੱਤੀ, ਜੋ ਇੱਕ ਦਿਨ ਪਹਿਲਾਂ ਕਾਵਨ ਨੇ ਦਿੱਤੀ ਸੀ।

5. ਜਦੋਂ ਫੋਰਸਾਈਥ ਦੀ ਚਿੱਠੀ ਕਾਵਨ ਨੂੰ ਮਿਲੀ ਕਿ ਮੇਰੇ ਆਉਣ ਤੱਕ ਕਾਰਵਾਈ ਰੋਕ ਲਈ ਜਾਵੇ, ਉਸਨੇ ਉਸਦੀ ਕੋਈ ਪਰਵਾਹ ਨਾ ਕੀਤੀ ਅਤੇ ਉਹ ਚਿੱਠੀ ਮਿ: ਪਰਕਿਨਜ਼ ਨੂੰ ਫੜਾ ਦਿੱਤੀ ਅਤੇ ਰਹਿੰਦੇ ਸੱਤਾਂ ਨੂੰ ਵੀ ਤੋਪਾਂ ਅੱਗੇ ਉਡਾ ਦਿੱਤਾ। ਕਾਵਨ ਦੀ ਇਹ ਕਾਰਵਾਈ ਜੋਸ਼ ਅਤੇ ਫਿਕਰਮੰਦੀ ਵਿੱਚ ਕੀਤੀ ਗਈ



Sri Satguru Jagjit Singh Ji Elibrary NamdhariElibrary@gmail.com

ਸੀ ਅਤੇ ਇਹ ਸਥਾਪਿਤ ਕਾਨੂੰਨ ਦੀ ਥਾਂ ਇੱਕ ਰਾਜਨੀਤਕ ਫ਼ੈਸਲਾ ਹੀ ਸੀ।

6. ਕਾਵਨ ਦੀ ਕਾਰਵਾਈ ਸੰਬੰਧੀ ਹੋਰ ਵਿਚਾਰ :

(i) ਇਨ੍ਹਾਂ ਬੰਦੀਆਂ ਨੂੰ ਕੇਵਲ ਗਿਣਤੀ ਦੇ ਬੰਦਿਆਂ ਨੇ ਰੜ ਵਿਖੇ ਗ੍ਰਿਫਤਾਰ ਕਰਕੇ ਬੰਦੀ ਬਣਾ ਲਿਆ ਸੀ।

(ii) ਇਹ ਕੋਈ ਫ਼ੌਜੀ ਬਗਾਵਤ ਜਾਂ ਅਜਿਹੀ ਕਾਰਵਾਈ ਨਹੀਂ ਸੀ, ਜਿਸ ਵਿੱਚ ਕਿ ਆਹਮੋ-ਸਾਹਮਣੇ ਲੜਾਈ ਹੋਈ ਹੋਵੇ।

ਕਾਵਨ ਅਤੇ ਫੋਰਸਾਈਥ ਨੂੰ ਦਿੱਤੀਆਂ ਗਈਆਂ ਸਜਾਵਾਂ ਭਾਵੇਂ ਗਵਰਨਰ ਜਨਰਲ ਦੀ ਕੌਂਸਲ ਵੱਲੋਂ ਸੋਚ ਸਮਝ ਕੇ ਦਿੱਤੀਆਂ ਗਈਆਂ ਹਨ, ਪਰ ਇਨ੍ਹਾਂ ਦਾ ਪ੍ਰਭਾਵ ਜਨਤਾ 'ਤੇ ਚੰਗਾ ਨਹੀਂ ਪਵੇਗਾ। ਕਾਨੂੰਨ ਸਭ ਲਈ ਬਰਾਬਰ ਹੁੰਦਾ ਹੈ। ਅੰਗਰੇਜ਼ੀ ਸਰਕਾਰ ਦੀ ਨੀਤੀ ਵਿੱਚ ਨਿਆਂ ਅਤੇ ਦਇਆ ਨੂੰ ਮੁੱਖ ਰੱਖ ਕੇ ਇਨਸਾਫ਼ ਕੀਤਾ ਜਾਂਦਾ ਹੈ ਨਾ ਕਿ ਆਪ ਹੁਦਰੇ ਢੰਗ ਨਾਲ। ਜਿਵੇਂ ਕਿ ਕਾਵਨ ਨੇ ਕੀਤਾ ਹੈ, ਜਿਸ ਨੂੰ ਮੌਤ ਦੀ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਸੀ। ਫੋਰਸਾਈਥ ਨੂੰ ਕਮਿਸ਼ਨਰ ਅੰਬਾਲਾ ਦੇ ਅਹੁੱਦੇ ਤੋਂ ਬਦਲ ਕੇ ਅਵਧ ਭੇਜ ਦਿੱਤਾ ਗਿਆ ਹੈ ਅਤੇ ਇਹ ਵੀ ਪਾਬੰਦੀ ਲਾ ਦਿੱਤੀ ਗਈ ਹੈ ਕਿ ਉਹ ਅੱਗੇ ਤੋਂ ਕਿਸੇ ਅਦਾਲਤੀ ਕਾਰਵਾਈ ਵਿੱਚ ਹਿੱਸਾ ਨਹੀਂ ਲੈ ਸਕਦਾ। ਇਨ੍ਹਾਂ ਅਧਿਕਾਰੀਆਂ ਨੂੰ ਦਿੱਤੀਆਂ ਗਈਆਂ ਇਹ ਸਜ਼ਾਵਾਂ ਭਾਵੇਂ ਅੱਜ ਕੁਝ ਕਹਿਣ ਲਈ ਨਿਰ-ਉਤਸ਼ਾਹਿਤ ਕਰਨ ਪਰ ਕਲ੍ਹ ਕਲੋਤੱਰ ਨੂੰ ਇੰਗਲੈਂਡ ਅਤੇ ਭਾਰਤ ਦੇ ਲੋਕਾਂ ਵਿੱਚ ਇਹ ਸਵਾਲ ਜ਼ਰੂਰ ਉੱਠੇਗਾ ਕਿ ਉਨ੍ਹਾਂ ਨੂੰ ਦਿੱਤੀਆਂ ਗਈਆਂ ਇਹ ਸਜ਼ਾਵਾਂ ਬਹੁਤ ਘੱਟ ਸਨ।

5. 'ਦੀ ਹਿੰਦੂ ਪੈਟ੍ਰੀਓਟ' ਦੀ 13 ਮਈ, 1872 ਦੀ ਰਿਪੋਰਟ : ਗਵਰਨਰ ਜਨਰਲ ਕੌਂਸਲ ਵੱਲੋਂ ਤਿਆਰ ਕੀਤੀ ਗਈ ਦਸਤਾਵੇਜ, ਜੋ ਪ੍ਰਕਾਸ਼ਿਤ ਕੀਤੀ ਗਈ ਹੈ, ਵਿੱਚ ਸਪੱਸ਼ਟ ਤੌਰ ਤੇ ਅੰਕਿਤ ਕੀਤਾ ਗਿਆ ਹੈ ਕਿ :

(1) ਕਿਸੇ ਵੀ ਅਫ਼ਸਰ ਨੂੰ ਕਿਸੇ ਵੀ ਸਮੇਂ ਅਤੇ ਕਿਸੇ ਵੀ ਹਾਲਤ ਵਿੱਚ ਸਥਾਪਿਤ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਇਨਸਾਫ ਲਈ ਕੀਤੀ ਗਈ ਗੰਭੀਰ ਸੋਚ ਵਿਚਾਰ ਤੋਂ ਬਿਨਾਂ ਆਪ-ਹੁਦਰੇ ਢੰਗ ਨਾਲ ਸਜ਼ਾ ਦੇਣ ਦਾ ਅਧਿਕਾਰ ਨਹੀਂ ਹੈ।

(2) ਇਸ ਸੰਬੰਧ ਵਿੱਚ ਮਿ: ਕਾਵਨ ਵਧੇਰੇ ਦੋਸ਼ੀ ਹੈ। ਉਸਨੇ ਸਥਾਪਿਤ ਕਾਨੂੰਨ ਦੀ ਪਰਵਾਹ ਕੀਤੇ ਬਿਨਾਂ ਆਪਣੀ ਮਰਜ਼ੀ ਨਾਲ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਕੇ ਉਨ੍ਹਾਂ ਕੈਦੀਆਂ ਨੂੰ ਮੌਤ ਦੀ ਸਜ਼ਾ ਦਿੱਤੀ, ਜੋ ਬੰਦੀ ਬਣ ਗਏ ਸਨ, ਜਿਨ੍ਹਾਂ ਵਿੱਚੋਂ ਕਈ ਜ਼ਖ਼ਮੀ ਸਨ ਅਤੇ ਜਿਨ੍ਹਾਂ ਕੋਲੋਂ ਇਹ ਆਸ ਨਹੀਂ ਸੀ ਕਿ ਉਹ ਕੋਈ ਦੰਗਾ-ਫਸਾਦ ਕਰਨ ਵਾਲੇ ਹਨ। ਅਜਿਹੀ ਹਾਲਤ ਵਿੱਚ ਸਰਸਰੀ ਮੁਕੱਦਮੇ ਦੀ ਵੀ ਆਗਿਆ ਨਹੀਂ ਹੈ। ਸਗੋਂ ਅਜਿਹੇ ਸਮੇਂ ਸਥਾਪਿਤ ਕਾਨੂੰਨ ਅਨੁਸਾਰ ਹੀ



Sri Satguru Jagjit Singh Ji Elibrary NamdhariElibrary@gmail.com

ਸਜ਼ਾ ਦੇਣੀ ਬਣਦੀ ਹੈ।

(3) ਕਾਵਨ ਵਾਂਗ ਹੀ ਫੋਰਸਾਈਥ ਦੀ ਗਲਤੀ ਇਹ ਹੈ ਕਿ ਉਸਨੇ ਨਾ ਕੇਵਲ ਕਾਵਨ ਦੀ ਕਰਨੀ ਉੱਤੇ ਹੀ ਮੋਹਰ ਲਗਾਈ, ਸਗੋਂ ਅਗਲੇ ਦਿਨ ਆਪ ਵੀ ਉਹੋ ਕੁਝ ਕੀਤਾ। ਇਸ ਲਈ ਇਨ੍ਹਾਂ ਦੋਹਾਂ ਅਧਿਕਾਰੀਆਂ ਨੂੰ ਗਵਰਨਰ ਜਨਰਲ ਕੌਂਸਲ ਵੱਲੋਂ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਗੰਭੀਰ ਗਲਤੀਆਂ ਨੂੰ ਮੁੱਖ ਰੱਖ ਕੇ ਸਜ਼ਾ ਦਿੱਤੀ ਗਈ ਹੈ। ਕਾਵਨ ਨੂੰ ਨੌਕਰੀ ਤੋਂ ਬਰਤਰਫ ਕਰ ਦਿੱਤਾ ਗਿਆ ਹੈ ਅਤੇ ਕਮਿਸ਼ਨਰ ਫੋਰਸਾਈਥ ਨੂੰ ਅੰਬਾਲੇ ਤੋਂ ਬਦਲ ਕੇ ਅਵਧ ਭੇਜ ਦਿੱਤਾ ਗਿਆ ਹੈ ਅਤੇ ਉਸ ਕੋਲੋਂ ਅਦਾਲਤੀ ਅਧਿਕਾਰ ਖੋਹ ਲਏ ਗਏ ਹਨ।

(4) ਅੱਗੇ ਤੋਂ ਸਭ ਅਧਿਕਾਰੀਆਂ ਨੂੰ ਇਹ ਇੱਕ ਚੇਤਾਵਨੀ ਹੈ ਕਿ ਉਹ ਕਿਸੇ ਵੀ ਹਾਲਤ ਵਿੱਚ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਾ ਲੈਣ ਅਤੇ ਸਥਾਪਿਤ ਨਿਆਂ ਪ੍ਰਣਾਲੀ ਅਨੁਸਾਰ ਹੀ ਸੋਚ ਸਮਝ ਕੇ ਨਿਆਂ ਕਰਨ। ਮਲਕਾ ਮੁਅਜ਼ਮਾ ਦੇ ਰਾਜ ਵਿੱਚ ਨਿਆ ਅਤੇ ਦਿਆ ਦੀ ਭਾਵਨਾ ਅਨੁਸਾਰ ਹੀ ਨਿਆਂ ਕੀਤਾ ਜਾਂਦਾ ਹੈ। ਬਰਤਾਨਵੀ ਸਰਕਾਰ ਇੰਨੀ ਬਲਵਾਨ ਹੈ ਕਿ ਉਹ ਕਿਸੇ ਵੀ ਕਿਸਮ ਦੀ ਗੜਬੜ ਅਤੇ ਉਪੱਦਰ ਨੂੰ ਦਬਾ ਸਕਦੀ ਹੈ।

ਇਹ ਸ੍ਰੀ ਹਜ਼ੂਰ ਨੂੰ ਭਰੋਸਾ ਹੈ ਕਿ ਇਹ ਸਭ ਨੂੰ ਵਿੱਦਿਤ ਹੋ ਜਾਵੇਗਾ ਕਿ ਮਿ: ਕਾਵਨ ਦੁਆਰਾ ਲਿਆ ਗਿਆ ਫ਼ੈਸਲਾ ਕਾਨੂੰਨ ਵਿਰੋਧੀ ਅਤੇ ਇੱਕ ਨੀਤੀ ਵਜੋਂ ਬੁਰਾ ਹੈ। ਕਿਸੇ ਵੀ ਅਫ਼ਸਰ ਨੂੰ ਬੰਦੀਆਂ ਨੂੰ ਆਪਣੇ ਹੀ ਢੰਗ ਨਾਲ ਅਜਿਹੀ ਸਜ਼ਾ ਦੇਣ ਦੀ ਆਗਿਆ ਨਹੀਂ ਹੈ। ਜੋਸ਼ ਅਤੇ ਉਤੇਜਨਾ ਵਿੱਚ ਲਿਆ ਗਿਆ ਕੋਈ ਵੀ ਫ਼ੈਸਲਾ ਕਦੇ ਵੀ ਨਿਆਂ ਉੱਚਿਤ ਨਹੀਂ ਹੋ ਸਕਦਾ। ਇਹ ਪ੍ਰਤੱਖ ਹੀ ਹੈ ਕਿ ਕਾਵਨ ਨੇ ਕਾਨੂੰਨ ਦੇ ਸਰੂਪ ਅਤੇ ਨੇਮਾਂ ਦੀ ਕੋਈ ਪਰਵਾਹ ਨਾ ਕੀਤੀ। ਗਵਰਨਰ ਜਨਰਲ ਦਾ ਵਿਚਾਰ ਹੈ ਕਿ ਕਾਵਨ ਦੁਆਰਾ ਇਨ੍ਹਾਂ ਬੰਦੀਆਂ ਨੂੰ ਆਪਣੀ ਨਿਗਰਾਨੀ ਵਿੱਚ ਰੱਖ ਕੇ ਅਦਾਲਤੀ ਕਾਰਵਾਈ ਲਈ ਸਥਾਪਿਤ ਅਦਾਲਤ ਦੇ ਸਪੁਰਦ ਕਰ ਦੇਣਾ ਚਾਹੀਦਾ ਸੀ। ਕਾਵਨ ਨੇ ਤਾਂ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ, ਪਰ ਫੋਰਸਾਈਥ ਦੀ ਗਲਤੀ ਵੀ ਮਾਫ ਕਰਨ ਯੋਗ ਨਹੀਂ ਹੈ।

ਗਵਰਨਰ ਜਨਰਲ ਦੀ ਕੌਂਸਲ ਦਾ ਇਹ ਮੱਤ ਹੈ ਕਿ ਇਹ ਗੱਲ ਭਲੀ ਭਾਂਤ ਸਪੱਸ਼ਟ ਹੈ ਕਿ ਕਾਵਨ ਵਰਗੀ ਕਾਰਵਾਈ ਦੀ ਕਾਨੂੰਨ ਆਗਿਆ ਨਹੀਂ ਦਿੰਦਾ ਅਤੇ ਅਜਿਹੀ ਕਾਰਵਾਈ ਨੀਤੀ ਵਜੋਂ ਵੀ ਭੈੜੀ ਹੈ, ਕਿਉਂ ਜੋ ਇਸ ਵਿੱਚ ਨਿਆਂ ਲਈ ਨਿਖੇੜਾ ਅਤੇ ਸੋਧ ਕਰਨ ਲਈ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਇਸ ਵਿੱਚ ਸੋਚ-ਵਿਚਾਰ ਦਾ ਤਿਆਗ ਕਰਕੇ ਕਾਹਲੀ ਵਿੱਚ ਫ਼ੈਸਲੇ ਕੀਤੇ ਗਏ ਹਨ, ਜੋ ਉੱਚਿਤ ਨਹੀਂ ਹੈ।

6. 'ਅੰਮ੍ਰਿਤ ਬਜ਼ਾਰ ਪੱਤ੍ਰਿਕਾ' ਦੀ 30 ਮਈ, 1872 ਦੀ ਰਿਪੋਰਟ :



Sri Satguru Jagjit Singh Ji Elibrary NamdhariElibrary@gmail.com

ਕਾਵਨ ਨੇ ਸੋਚ-ਸਮਝ ਕੇ ਗ਼ਲਤੀ ਕੀਤੀ ਅਤੇ ਠੀਕ ਥਾਂ 'ਤੇ ਚੋਟ ਮਾਰੀ, ਪਰ ਸਵਾਲ ਇਹ ਉੱਠਦਾ ਹੈ ਕਿ ਕਾਵਨ ਨੇ 50 ਬੰਦੀਆਂ ਨੂੰ ਉਠਾ ਕੇ ਕਾਨੂੰਨ ਦੀ ਸੇਵਾ ਕੀਤੀ ਹੈ ਜਾਂ ਆਪਣੇ ਆਪ ਦੀ? ਸਪੱਸ਼ਟ ਹੈ ਕਿ ਉਹ ਇਸ ਘਟਨਾ ਵਿੱਚ ਵੱਡਾ ਨਾਇਕ ਬਣ ਕੇ ਉਭਰਨਾ ਚਾਹੁੰਦਾ ਸੀ। ਉਸਨੇ ਇਸ ਕਾਰਵਾਈ ਦੁਆਰਾ ਸਰਕਾਰ ਦੀ ਸੇਵਾ ਨਹੀਂ ਕੀਤੀ, ਸਗੋਂ ਆਪਣਾ ਸੁਆਰਥ ਸਿੱਧ ਕੀਤਾ ਹੈ। ਉਸਨੇ ਆਪਣੇ ਤੋਂ ਉਪਰਲੇ ਅਫ਼ਸਰਾਂ ਦੇ ਹੁਕਮਾਂ ਦੀ ਕੋਈ ਪਰਵਾਹ ਨਾ ਕੀਤੀ ਅਤੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਕੇ ਸੰਖੇਪ ਢੰਗ ਨਾਲ 49 ਬੰਦਿਆਂ ਨੂੰ ਤੋਪਾਂ ਅੱਗੇ ਉਡਾ ਦਿੱਤਾ। ਇਸ ਉੱਤੇ ਐਂਗਲੋ ਇੰਡੀਅਨ ਭਾਵੇਂ ਕਿੰਨੀ ਖੁਸ਼ੀ ਪ੍ਰਗਟ ਕਰਨ, ਪਰ ਸਾਡੇ ਦੇਸੀ ਲੋਕ ਕੁੱਤੇ ਅਤੇ ਬਿੱਲੀਆਂ ਵਾਂਗ ਉਨ੍ਹਾਂ ਦੇ ਪੈਰ ਨਹੀਂ ਚੱਟ ਸਕਦੇ। ਉਨ੍ਹਾਂ ਦੀ ਵੀ ਆਪਣੀ ਸੋਚ-ਸਮਝ ਹੈ। ਐਂਗਲੋ ਇੰਡੀਅਨ ਭਾਵੇਂ ਜਿਵੇਂ ਮਰਜੀ ਇਸ ਅਫ਼ਸਰ ਦੀ ਸ਼ਲਾਘਾ ਕਰਦੇ ਜਾਣ, ਪਰ ਸੱਚ ਇਹ ਹੈ ਕਿ ਉਸਨੇ ਆਪਣੇ ਸੇਵਾਕਾਲ ਦੇ ਐਨ ਵਿਚਕਾਰਲੇ ਸਮੇਂ ਬਹੁਤ ਵੱਡਾ ਅਪਰਾਧ ਕੀਤਾ। ਠੰਡੇ ਦਿਲ ਨਾਲ ਨਹੀਂ ਸੋਚਿਆ, ਹਾਲਾਂਕਿ ਉਸ ਕੋਲ ਮੌਕਾ ਸੀ। ਆਪ ਹੁਦਰੇ ਢੰਗ ਨਾਲ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ। ਉਪਰਲੇ ਅਫ਼ਸਰਾਂ ਦੇ ਹੁਕਮਾਂ ਦੀ ਕੱਖ ਪਰਵਾਹ ਨਾ ਕੀਤੀ। ਇਸ ਲਈ ਉਸ ਨੂੰ ਮਾਨਵਤਾ ਅਤੇ ਇਨਸਾਫ਼ ਦਾ ਹਤਿਆਰਾ ਹੀ ਕਹਿਣਾ ਬਣਦਾ ਹੈ।

7. 'ਅੰਮ੍ਰਿਤ ਬਜ਼ਾਰ ਪੱਤ੍ਰਿਕਾ' ਦੀ 30 ਮਈ, 1872 ਦੀ ਰਿਪੋਰਟ : ਕੂਕਾ ਕੇਸ ਸਿਰਲੇਖ ਅਧੀਨ ਮਿ: ਕਾਵਨ ਦੀ ਕਾਰਵਾਈ ਦੀ ਨਿੰਦਾ ਕੀਤੀ ਗਈ ਹੈ। ਉਨ੍ਹਾਂ ਦੀ ਵੀ ਨਿੰਦਾ ਕੀਤੀ ਗਈ ਹੈ, ਜੋ ਉਸਨੂੰ ਹੀਰੋ ਬਣਾ ਕੇ ਪੇਸ਼ ਕਰਦੇ ਹਨ। ਮਿ: ਕਾਵਨ ਦੀ ਕਾਰਵਾਈ ਨਾ ਕੇਵਲ ਕਾਨੂੰਨ ਤੋਂ ਲਾਂਭੇ ਜਾ ਕੇ ਆਪ ਹੁਦਰੀ ਸੀ ਅਤੇ ਕਾਨੂੰਨ ਵਿਰੋਧੀ ਸੀ, ਸਗੋਂ ਇਹ ਇੱਕ ਅਮਾਨਵੀ ਕਾਰਾ ਸੀ, ਜਿਸਨੂੰ ਜਾਂਗਲੀ ਅਤੇ ਬਰਬਰਤਾ ਵਾਲੀ ਕਾਰਵਾਈ ਹੀ ਕਿਹਾ ਜਾ ਸਕਦਾ ਹੈ।

ਕਾਵਨ ਲਈ ਕਿਹੜੀ ਮਜਬੂਰੀ ਸੀ। ਕੈਦੀ ਬੇਹਥਿਆਰੇ ਅਤੇ ਜ਼ਖ਼ਮੀ ਸਨ। ਉਨ੍ਹਾਂ ਕੋਲੋਂ ਕਿਸੇ ਬਗਾਵਤ ਦਾ ਖ਼ਤਰਾ ਨਹੀਂ ਸੀ। ਜਿਹੜਾ ਇਹ ਖ਼ਤਰਾ ਕਿ ਬਾਹਰੋਂ ਆ ਕੇ ਉਨ੍ਹਾਂ ਦੇ ਸਾਥੀ ਕੂਕੇ ਬਗਾਵਤ ਕਰ ਸਕਦੇ ਹਨ, ਵੀ ਨਿਰਮੂਲ ਹੈ, ਕਿਉਂ ਜੋ ਕਾਵਨ ਕੋਲ ਤਕੜੀ ਸੈਨਾ ਅਤੇ ਫ਼ੌਜੀ ਟੁਕੜੀਆਂ ਮੌਜੂਦ ਸਨ ਅਤੇ ਹੋਰ ਵੀ ਬੁਲਾਈਆਂ ਜਾ ਸਕਦੀਆਂ ਸਨ। ਸਾਨੂੰ ਉਸ ਉੱਤੇ ਤਰਸ ਤਾਂ ਆਉਂਦਾ ਹੈ, ਪਰ ਉਸ ਨਾਲ ਸਾਡੀ ਕੋਈ ਹਮਦਰਦੀ ਨਹੀਂ ਹੈ। ਹਾਂ, ਉਸਦੇ ਪਰਿਵਾਰ ਲਈ ਜ਼ਰੂਰ ਸਹਾਨੁਭੂਤੀ ਹੈ। ਉਨ੍ਹਾਂ ਦੇ ਗੁਜ਼ਾਰੇ ਲਈ ਪੈਨਸ਼ਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਤੁਹਾਡੇ ਅਖ਼ਬਾਰ ਨੇ ਇਸ ਸੰਬੰਧ ਵਿੱਚ ਸ਼ਲਾਘਾਯੋਗ ਕਦਮ ਉਠਾਇਆ ਹੈ ਅਤੇ ਦੋਸ਼ੀ ਨੂੰ ਦੋਸ਼ੀ ਕਹਿ ਕੇ ਆਉਣ ਵਾਲੇ ਸਮੇਂ ਲਈ ਹੋਰ ਅਧਿਕਾਰੀਆਂ ਨੂੰ



Sri Satguru Jagjit Singh Ji Elibrary NamdhariElibrary@gmail.com

ਵੀ ਤਾੜਨਾ ਕਰ ਦਿੱਤੀ ਹੈ।

8. 'ਅੰਮ੍ਰਿਤ ਬਾਜ਼ਾਰ ਪੱਤ੍ਰਿਕਾ' ਦੀ 13 ਜੂਨ, 1872 ਦੀ ਰਿਪੋਰਟ : ਮਿ: ਡੋਨਲਡ ਮੈਕਲੀਉਡ, ਜਿਸਨੂੰ ਕਿ ਇੱਕ ਚੰਗਾ ਈਸਾਈ ਦੱਸਿਆ ਗਿਆ ਹੈ, ਦੇ ਵਿਚਾਰਾਂ ਦਾ ਖੰਡਨ ਕੀਤਾ ਗਿਆ ਹੈ। ਉਸ ਅਨੁਸਾਰ 'ਕਾਵਨ ਅਤੇ ਫੋਰਸਾਈਥ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਜੇਕਰ ਘਟੀਆਂ ਨਹੀਂ ਤਾਂ ਵੱਡੀ ਗਲਤੀ ਸਨ।'

ਉਪਰੋਕਤ ਦੇ ਸੰਬੰਧ ਵਿੱਚ 'ਅੰਮ੍ਰਿਤ ਬਾਜ਼ਾਰ ਪੱਤ੍ਰਿਕਾ' ਨੇ ਆਪਣੇ 13 ਜੂਨ, 1872 ਦੇ ਅੰਕ ਵਿੱਚ ਪੰਜਾਬ ਵਿੱਚ ਕੂਕਿਆਂ ਦੀ ਅਖੌਤੀ ਬਗਾਵਤ ਸੰਬੰਧੀ ਜੋ ਭਰਮ ਭੁਲੇਖੇ ਪਾਏ ਜਾਂਦੇ ਹਨ, ਉਨ੍ਹਾਂ ਦਾ ਵਿਵੇਕਪੂਰਨ ਵਿਸ਼ਲੇਸ਼ਣ ਕਰਕੇ ਇਹ ਸਿੱਧ ਕੀਤਾ ਹੈ ਕਿ ਸੱਭਿਆ ਦੇਸ਼ ਦੇ ਕਾਨੂੰਨ ਹਰ ਸਮੇਂ ਇੱਕ ਸਮਾਨ ਹੁੰਦੇ ਹਨ। ਮਿ: ਮੈਕਲੀਉਡ ਦਾ ਬਿਆਨ ਈਸਾਈ ਮੱਤ ਦੇ ਵੀ ਵਿਰੁੱਧ ਅਤੇ ਅਤੇ ਮਨੁੱਖਤਾ ਦੇ ਅਸੂਲਾਂ ਦੇ ਵੀ। ਇਹ ਗੱਲ ਕਿ ਅਜਿਹੇ ਐਮਰਜੈਂਸੀ ਦੇ ਸਮੇਂ ਸੰਬੰਧਿਤ ਅਧਿਕਾਰੀ ਨੂੰ ਛੇਤੀ ਤੋਂ ਛੇਤੀ ਅਤੇ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ। ਕੁਝ ਹੱਦ ਤੱਕ ਠੀਕ ਤਾਂ ਹੈ, ਪਰ ਇਸਦਾ ਮਤਲਬ ਇਹ ਨਹੀਂ ਕਿ ਨਿਆਂ ਕਰਨ ਸਮੇਂ ਕਾਨੂੰਨ ਅਤੇ ਮਾਨਵਤਾ ਦੇ ਸਾਰੇ ਨੇਮਾਂ ਨੂੰ ਛਿਕੇ 'ਤੇ ਟੰਗ ਦਿੱਤਾ ਜਾਵੇ।

ਕਾਵਨ ਨੇ ਕੇਵਲ ਆਪਣੇ ਅਧਿਕਾਰਾਂ ਦੀ ਹੀ ਅਵੱਗਿਆ ਨਹੀਂ ਕੀਤੀ, ਸਗੋਂ ਆਪਣੇ ਹਾਕਮਾਂ ਦੀ ਵੀ ਅਵੱਗਿਆਂ ਕੀਤੀ ਹੈ। ਇਹ ਹੋਰ ਵੀ ਦੁੱਖ ਵਾਲੀ ਗੱਲ ਹੈ ਕਿ ਕੂਕਿਆਂ ਦੇ ਸੰਬੰਧ ਵਿੱਚ ਉਹ ਲੋਕ, ਜੋ ਈਸਾਈ ਧਰਮ ਨੂੰ ਮੰਨਣ ਵਾਲੇ ਹਨ, ਵੀ ਗ਼ਲਤ ਬਿਆਨੀ ਕਰਦੇ ਹਨ ਅਤੇ ਈਸਾਈ ਧਰਮ ਦੇ ਦਇਆ ਤੇ ਨਿਆਂ ਦੇ ਸਿਧਾਂਤ ਦੇ ਉਲਟ ਕਥਨ ਕਰਦੇ ਹਨ।

9. 'ਦੀ ਇੰਗਲਿਸ਼ਮੈਨ' ਦੀ  ਜੂਨ, 1872 ਦੀ ਰਿਪੋਰਟ : ਇਸ ਵਿੱਚ ਕਾਵਨ ਅਤੇ ਫੋਰਸਾਈਥ ਬਾਰੇ ਪਹਿਲੀਆਂ ਦਲੀਲਾਂ ਹੀ ਪੇਸ਼ ਕੀਤੀਆਂ ਗਈਆਂ ਹਨ ਕਿ ਕਾਵਨ ਨੇ ਤਾਂ ਆਪਣੇ ਅਧਿਕਾਰਾਂ ਤੋਂ ਬਾਹਰ ਜਾ ਕੇ ਸਰਸਰੀ ਮੁਕੱਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ, ਪਰ ਫੋਰਸਾਈਥ ਵੀ ਉਸੇ ਗ਼ਲਤੀ ਦਾ ਹੀ ਸ਼ਿਕਾਰ ਹੋ ਗਿਆ, ਹਾਲਾਂਕਿ ਉਹ ਬਰਤਾਨਵੀ ਸਰਕਾਰ ਦਾ ਸੁਯੋਗ ਅਧਿਕਾਰੀ ਸੀ।

ਸਰਕਾਰ ਨੇ ਇਨ੍ਹਾਂ ਨੂੰ ਸਜ਼ਾਵਾਂ ਦੇਣ ਬਾਰੇ ਭਾਵੇਂ ਖੇਦ ਪ੍ਰਗਟ ਕੀਤਾ ਹੈ, ਪਰ ਇਹ ਸਜ਼ਾਵਾਂ ਇਸ ਲਈ ਆਵੱਸ਼ਕ ਸਨ, ਤਾਂ ਜੋ ਅੱਗੇ ਤੋਂ ਬਾਕੀ ਅਧਿਕਾਰੀਆਂ ਨੂੰ ਕੰਨ ਹੋ ਜਾਣ। ਕੂਕਾ ਬਗਾਵਤ ਦੇ ਫੈਲਣ ਦਾ ਕੋਈ ਇੰਨਾ ਵੱਡਾ ਖ਼ਤਰਾ ਨਹੀਂ ਸੀ। ਉਨ੍ਹਾਂ ਬਾਗੀਆਂ ਨੇ ਆਪਣੇ ਆਪ ਨੂੰ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਸੀ ਅਤੇ ਉਨ੍ਹਾਂ ਉੱਤੇ ਕਾਨੂੰਨ ਦੁਆਰਾ ਵੀ ਮੁਕੱਦਮਾ ਚਲਾਇਆ ਜਾ ਸਕਦਾ ਸੀ।



Sri Satguru Jagjit Singh Ji Elibrary NamdhariElibrary@gmail.com

10. 'ਦੀ ਇੰਗਲਿਸ਼ਮੈਨ' ਦੀ 10 ਜੂਨ 1872 ਦੀ ਰਿਪੋਰਟ : ਡੋਨਲਡ ਮੈਕਲੀਉਡ ਦੀ ਟਿੱਪਣੀ ਬਾਰੇ ਲੰਮਾ ਚੌੜਾ ਨੋਟ ਲਿਖਿਆ ਗਿਆ ਹੈ। ਕਾਵਨ ਦੀ ਬਰਖਾਸਤਗੀ ਬਾਰੇ ਸਾਰੇ ਤੱਥਾਂ ਦੇ ਅਭਾਵ ਕਾਰਨ ਉਸਨੇ ਕੁਝ ਕਹਿਣ ਤੋਂ ਸੰਕੋਚ ਕੀਤਾ ਅਤੇ ਇਸ ਸਮੇਂ ਕੁਝ ਕਹਿਣਾ ਅਗੇਤਰਾ ਦੱਸਿਆ ਹੈ। ਮਹਾਰਾਜਾ ਪਟਿਆਲਾ ਦੇ ਲਿਖੇ ਗਏ ਪੱਤਰ ਨੂੰ, ਜੋ ਅੰਗਰੇਜ਼ ਸਰਕਾਰ ਦਾ ਸਮਰਥਕ ਹੈ, ਪ੍ਰਮਾਣ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਮਹਾਰਾਜਾ ਨੇ ਲਿਖਿਆ ਹੈ ਕਿ ਕਾਵਨ ਨੂੰ ਸਜ਼ਾ ਦੇਣੀ ਇੱਕ ਵੱਡੀ ਰਾਜਨੀਤਕ ਗ਼ਲਤੀ ਹੈ।

ਮਹਾਰਾਜਾ ਪਟਿਆਲਾ ਅਤੇ ਅੰਗਰੇਜ਼ ਸਰਕਾਰ ਦੇ ਹਮਦਰਦਾਂ ਦਾ ਭਾਵੇਂ ਕੁਝ ਵੀ ਵਿਚਾਰ ਕਿਉਂ ਨਾ ਹੋਵੇ, ਇਸ ਗੱਲ ਨੂੰ ਪ੍ਰਵਾਨ ਕਰ ਲੈਣਾ ਉੱਚਿਤ ਹੈ ਕਿ ਜਿਸ ਨਿਆਂ ਦੀ ਭਾਵਨਾ ਨਾਲ ਅਸੀਂ ਇੰਗਲੈਂਡ ਵਿੱਚ ਵਰਤਦੇ ਹਾਂ, ਅਜਿਹੀ ਭਾਵਨਾ ਹੀ ਨਿਆ ਕਰਨ ਸਮੇਂ ਸਾਡੀ ਵਿਦੇਸ਼ੀ ਪਰਜਾ ਬਾਰੇ ਹੋਣੀ ਚਾਹੀਦੀ ਹੈ। ਮਾਨਵਤਾ ਦੇ ਪੱਖ ਤੋਂ ਕਾਵਨ ਵੱਲੋਂ ਦਿੱਤੀ ਗਈ ਸਜ਼ਾ ਪਰਸਥਿਤੀਆਂ ਨੂੰ ਮੁੱਖ ਰੱਖ ਕੇ ਵੀ ਵਧੇਰੇ ਕਠੋਰ ਸੀ।

11. 'ਦੀ ਹਿੰਦੂ ਪ੍ਰੈਟੀਓਟ' ਦੀ ਸਤੰਬਰ 2, 1872 ਦੀ ਰਿਪੋਰਟ : ਮਿ: ਕਾਵਨ ਨੂੰ ਦਿੱਤੀ ਗਈ ਸਜ਼ਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਮਿ: ਨੈਪੀਅਰ ਗਵਰਨਰ ਜਨਰਲ ਕੌਂਸਲ ਨੇ 12 ਪੰਕਤੀਆਂ ਦੇ ਆਦੇਸ਼ ਰਾਹੀਂ ਕਾਵਨ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਹਮਦਰਦੀ ਵਜੋਂ ਉਸਨੂੰ 300 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਗਈ ਹੈ।

ਪਰ ਜੇਕਰ ਨਿਰਪੱਖ ਹੋ ਕੇ ਇਸ ਸਾਰੇ ਕੇਸ ਨੂੰ ਵਿਚਾਰਿਆ ਜਾਵੇ ਤਾਂ ਕਾਵਨ ਨੇ ਇਸ ਮਾਮਲੇ ਵਿੱਚ ਕਾਨੂੰਨ ਵਿਰੁੱਧ ਫ਼ੈਸਲੇ ਲਏ ਹਨ :

ਜਦੋਂ ਉਸਨੇ 49 ਕੂਕਿਆਂ ਨੂੰ ਤੋਪਾਂ ਅੱਗੇ ਉਡਾਉਣ ਦਾ ਫ਼ੈਸਲਾ ਕੀਤਾ ਤਾਂ ਉਹ ਕਿਸੇ ਤਰ੍ਹਾਂ ਵੀ ਉੱਚਿਤ ਨਹੀਂ ਸੀ, ਕਿਉਂਕਿ :

(1) ਉਸ ਸਮੇਂ ਕਿਸੇ ਬਗਾਵਤ ਦਾ ਖ਼ਤਰਾ ਨਹੀਂ ਸੀ।
(2) ਕੂਕੇ ਬੰਦੀਆਂ ਨੇ ਆਪਣੇ ਆਪ ਨੂੰ ਬੜੇ ਥੋੜ੍ਹੇ ਜਿਹੇ ਸਰਕਾਰੀ ਅਮਲੇ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ।
(3) ਉਨ੍ਹਾਂ ਵਿੱਚੋਂ ਬਹੁਤ ਸਾਰੇ ਜ਼ਖ਼ਮੀ ਸਨ। ਉਸ ਸਮੇਂ ਕੋਈ ਵੀ ਰਾਜਸੀ ਫ਼ੈਸਲਾ ਲੈਣਾ ਉੱਚਿਤ ਨਹੀਂ ਸੀ, ਕਿਉਂ ਜੋ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਅਦਾਲਤੀ ਕਾਰਵਾਈ ਲਈ ਸਪੁਰਦ ਕੀਤਾ ਜਾ ਸਕਦਾ ਸੀ।
(4) ਕਾਵਨ ਨੇ ਆਪਣੇ ਤੋਂ ਉਪਰਲੇ ਅਧਿਕਾਰੀਆਂ ਦੇ ਆਦੇਸ਼ਾਂ ਦੀ ਵੀ ਪਰਵਾਹ ਨਾ ਕੀਤੀ ਅਤੇ ਮਨ ਮਰਜੀ ਦੇ ਫ਼ੈਸਲੇ ਲਏ।

ਕਾਵਨ ਬਾਰੇ ਜੋ ਫ਼ੈਸਲਾ ਗਵਰਨਰ ਜੇਨਰਲ ਨੇ ਲਿਆ ਹੈ ਉਹ ਬਹੁਤ



Sri Satguru Jagjit Singh Ji Elibrary NamdhariElibrary@gmail.com

ਮਾਮੂਲੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕਲ੍ਹ ਨੂੰ ਇਹ ਸਭ ਕੁਝ ਇਤਿਹਾਸ ਦੇ ਕਟਹਿਰੇ ਵਿੱਚ ਪੁਣ-ਛਾਣ ਲਈ ਰੱਖਿਆ ਜਾਵੇਗਾ। ਇਤਿਹਾਸ ਉਸਦਾ ਲਿਹਾਜ ਨਹੀਂ ਕਰੇਗਾ, ਕਿਉਂ ਜੋ ਜਜ਼ਬਾਤ ਵਿੱਚ ਲਏ ਗਏ ਫ਼ੈਸਲੇ ਕਦੇ ਵੀ ਸਹੀ ਨਹੀਂ ਹੁੰਦੇ। ਇਸ ਲਈ ਕਾਵਨ ਦੀ ਸਦਾ ਲਈ ਨਿੰਦਾ ਕੀਤੀ ਜਾਵੇਗੀ।

ਸਾਰਾਂਸ਼ ਵਜੋਂ ਉਪਰੋਕਤ ਸਮਾਚਾਰ ਪੱਤਰਾਂ ਦੀ ਵਿਸ਼ਲੇਸ਼ਣਾਤਮਕ ਪਰਖ-ਪੜਚੋਲ ਤੋਂ ਇਹੋ ਗੱਲ ਸਿੱਧ ਹੁੰਦੀ ਹੈ ਕਿ ਕਾਵਨ ਅਤੇ ਫੋਰਸਾਈਥ ਦੀਆਂ ਕਾਰਵਾਈਆਂ ਕਾਨੂੰਨ ਅਤੇ ਨਿਆਂ ਵਿਰੋਧੀ, ਅਮਾਨਵੀ ਅਤੇ ਹੱਤਿਆਰਿਆਂ ਵਾਲੀਆਂ ਸਨ। ਉਸ ਸਮੇਂ ਦੀ ਪੰਜਾਬ ਸਰਕਾਰ ਨੇ ਵੀ ਇਨ੍ਹਾਂ ਉੱਤੇ ਮੋਹਰ ਹੀ ਲਗਾਈ ਹੈ ਅਤੇ ਅਗਲੇ ਦੌਰ ਵਿੱਚ ਕੂਕਾ ਲਹਿਰ ਨੂੰ ਦਬਾਉਣ ਵਿੱਚ ਦਮਨ ਚੱਕਰ ਚਲਾਉਣ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਇਨ੍ਹਾਂ ਦੋਹਾਂ ਅਧਿਕਾਰੀਆਂ ਨੂੰ ਇਹ ਸਜ਼ਾਵਾਂ ਗਵਰਨਰ ਜਨਰਲ ਦੀ ਕੌਂਸਲ ਅਤੇ ਹਿੰਦ ਸਰਕਾਰ ਵੱਲੋਂ ਹੀ ਦਿੱਤੀਆਂ ਗਈਆਂ ਸਨ, ਜਿਸ ਨੂੰ ਬਰਤਾਨਵੀ ਕਾਨੂੰਨ ਅਨੁਸਾਰ ਪ੍ਰਸ਼ਾਸਨ ਚਲਾਉਣ ਦਾ ਅਧਿਕਾਰ ਮਿਲਿਆ ਹੋਇਆ ਸੀ। ਗਵਰਨਰ ਜਨਰਲ ਨੂੰ ਇਹ ਵੀ ਤੌਖਲਾ ਸੀ ਕਿ ਉਸਨੂੰ ਬਰਤਾਨੀਆ ਦੇ ਸੈਕਰੇਟਰੀ ਆਫ਼ ਸਟੇਟ ਅਤੇ ਬਰਤਾਨਵੀ ਪਾਰਲੀਮੈਂਟ ਅੱਗੇ ਵੀ ਜਵਾਬਦੇਹ ਹੋਣਾ ਪੈਣਾ ਹੈ।



Sri Satguru Jagjit Singh Ji Elibrary NamdhariElibrary@gmail.com

## 27

# ਸ਼ਾਹੀ ਕੈਦੀ ਗੁਰੂ ਰਾਮ ਸਿੰਘ

ਪੰਜਾਬ ਸਰਕਾਰ ਕੋਲ ਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਵਿਰੁੱਧ ਅਦਾਲਤੀ ਕਾਰਵਾਈ ਅਰਥਾਤ ਮੁਕੱਦਮਾ ਚਲਾਉਣ ਲਈ ਠੋਸ ਸਬੂਤ ਮੌਜੂਦ ਨਹੀਂ ਸਨ। ਇਸ ਲਈ ਉਨ੍ਹਾਂ ਨੂੰ ਬੰਗਾਲ ਰੈਗੂਲੇਸ਼ਨ ਐਕਟ 1818 ਦੀ ਧਾਰਾ III ਅਨੁਸਾਰ ਨਜ਼ਰਬੰਦ ਰੱਖਣ ਦਾ ਫ਼ੈਸਲਾ ਕੀਤਾ ਗਿਆ। ਇਸ ਸੰਬੰਧ ਵਿੱਚ ਮਹਾਰਾਣੀ ਵਿਕਟੋਰੀਆ ਦੀ ਕੌਂਸਲ ਨੇ ਵੀ 20 ਫਰਵਰੀ, 1873 ਨੂੰ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਉੱਤੇ ਮੋਹਰ ਲਗਾ ਦਿੱਤੀ ਸੀ। ਇਸ ਸੰਬੰਧ ਵਿੱਚ ਸੈਕਰੇਟਰੀ ਆਫ਼ ਸਟੇਟ ਹਿੰਦ ਸਰਕਾਰ ਦੇ 20 ਫਰਵਰੀ, 1873 ਦੇ ਪੱਤਰ ਵਿੱਚ ਇਹ ਆਦੇਸ਼ ਦਿੱਤੇ ਗਏ ਹਨ ਕਿ, "ਗੁਰੂ ਰਾਮ ਸਿੰਘ ਅਤੇ ਹੋਰ ਸੂਬਿਆਂ ਉੱਤੇ ਮੁਕੱਦਮੇ ਚਲਾਉਣ ਦੀ ਥਾਂ ਉਨ੍ਹਾਂ ਨੂੰ ਰਾਜਸੀ ਕੈਦੀ ਬਣਾ ਕੇ ਨਜ਼ਰਬੰਦ ਰੱਖਿਆ ਜਾਵੇ। ਅਸੀਰਗੜ੍ਹ, ਚੁਨਾਰ ਅੱਤੇ ਮੌਲਮੀਨ ਵਿਖੇ ਉਨ੍ਹਾਂ ਨੂੰ ਭੇਜ ਦਿੱਤਾ ਜਾਵੇ ਅਤੇ ਇਸ ਸੰਬੰਧੀ ਬੰਬਈ ਉੱਤਰ-ਪੱਛਮੀ ਸੰਯੁਕਤ ਪ੍ਰਦੇਸ਼ ਅਤੇ ਬਰਮਾ ਦੇ ਚੀਫ ਕਮਿਸ਼ਨਰ ਨੂੰ ਸੂਚਿਤ ਕਰ ਦਿੱਤਾ ਜਾਵੇ।"

10 ਮਾਰਚ, 1872 ਈ: ਨੂੰ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਇਨਸਪੈਕਟਰ ਹੈਨਰੀ ਦੀ ਨਿਗਰਾਨੀ ਹੇਠ ਰੇਲ ਰਾਹੀਂ ਅਲਾਹਾਬਾਦ ਤੋਂ ਲੈ ਜਾ ਕੇ ਹਾਵੜਾ ਪਹੁੰਚਾਇਆ ਗਿਆ। ਉਨ੍ਹਾਂ ਨਾਲ ਉਨ੍ਹਾਂ ਦਾ ਸਹਾਇਕ ਨਾਨੂੰ ਸਿੰਘ ਵੀ ਸੀ। ਫਿਰ ਕਲਕੱਤਿਉਂ ਸਮੁੰਦਰੀ ਜਹਾਜ਼ ਰਾਹੀਂ ਆਪ ਨੂੰ ਰੰਗੂਨ ਭੇਜ ਦਿੱਤਾ ਗਿਆ। ਰੰਗੂਨ ਵਿੱਚ ਆਪ ਜੀ ਨੂੰ ਪਹਿਲਾਂ ਸੈਂਟਰਲ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਪਿਛੋਂ ਡਾਕਖਾਨੇ ਵਾਲੇ ਉਸ ਬੰਗਲੇ ਵਿੱਚ ਬਦਲ ਦਿੱਤਾ ਗਿਆ, ਜਿੱਥੇ ਪਹਿਲਾਂ ਆਖਰੀ ਮੁਗਲ ਬਾਦਸ਼ਾਹ ਬਹਾਦਰਸ਼ਾਹ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ ਸੀ। ਸ਼ਾਹੀ ਕੈਦੀ ਦੇ ਰੂਪ ਵਿੱਚ ਗੁਰੂ ਰਾਮ ਸਿੰਘ ਜੀ ਨੂੰ ਸਰਕਾਰ ਵੱਲੋਂ ਸਭ ਲੋੜੀਂਦੀਆਂ ਸਹੂਲਤਾਂ ਦੇਣ ਦਾ ਪ੍ਰਬੰਧ ਵੀ ਕਰ ਦਿੱਤਾ ਗਿਆ ਸੀ। ਸਮਾਂ ਪਾ ਕੇ ਨਜ਼ਰਬੰਦ ਸੂਬਿਆਂ ਨੂੰ ਵੀ ਵੱਖ-ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਪੰਜਾਬ



Sri Satguru Jagjit Singh Ji Elibrary NamdhariElibrary@gmail.com

ਸਰਕਾਰ ਇਨ੍ਹਾਂ ਰਾਜਸੀ ਬੰਦੀਆਂ ਨੂੰ ਪੰਜਾਬ ਤੋਂ ਦੂਰ ਅਗਿਆਤ ਥਾਵਾਂ ਉੱਤੇ ਰੱਖਣਾ ਚਾਹੁੰਦੀ ਸੀ, ਤਾਂ ਜੋ ਇਹ ਕਿਸੇ ਤਰ੍ਹਾਂ ਦਾ ਵੀ ਸੰਪਰਕ ਪੰਜਾਬ ਨਾਲ ਨਾ ਰੱਖ ਸਕਣ। ਖਾਸ ਤੌਰ ਤੇ ਗੁਰੂ ਰਾਮ ਸਿੰਘ ਜੀ ਬਾਰੇ ਤਾਂ ਬੜੀ ਚੌਕਸੀ ਵਰਤੀ ਜਾ ਰਹੀ ਸੀ। ਇਥੋਂ ਤੱਕ ਕਿ ਉਨ੍ਹਾਂ ਦਾ ਸਾਧਾਰਨ ਪੱਤਰ ਵੀ ਉਨ੍ਹਾਂ ਦੇ ਭਾਈ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ) ਤੱਕ ਪਹੁੰਚਣ ਨਹੀਂ ਸੀ ਦਿੱਤਾ ਗਿਆ। ਬੁੱਧ ਸਿੰਘ ਨੂੰ ਵੀ ਸਤਿਗੁਰੂ ਰਾਮ ਸਿੰਘ ਨੂੰ ਕਿਹੜੇ ਸਥਾਨ ਤੇ ਰੱਖਿਆ ਗਿਆ ਹੈ, ਦੀ ਖਬਰ ਤੱਕ ਨਹੀਂ ਸੀ ਦਿੱਤੀ ਗਈ। ਕਲਕੱਤੇ ਦੇ ਅਖ਼ਬਾਰਾਂ ਵਿੱਚ ਤਾਂ ਉਨ੍ਹਾਂ ਦੇ ਬਰਮਾ ਭੇਜੇ ਜਾਣ ਦੀਆਂ ਖ਼ਬਰਾਂ ਮਾਰਚ 1872 ਵਿੱਚ ਹੀ ਛਪ ਚੁੱਕੀਆਂ ਸਨ, ਪਰ ਨਾਮਧਾਰੀ ਪਰੰਪਰਾ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਨੂੰ ਉਨ੍ਹਾਂ ਦੇ ਰੰਗੂਨ ਭੇਜਣ ਬਾਰੇ ਜਾਣਕਾਰੀ, 2 ਸਾਲ ਪਿਛੋਂ ਲੁਧਿਆਣੇ ਦੇ ਸੁਪਰਡੈਂਟ ਪੁਲਿਸ ਮਿ: ਵਾਰਬਰਟਨ ਦੀ ਪਤਨੀ ਰਾਹੀਂ ਮਿਲੀ ਸੀ। ਉਸਨੇ ਗੱਲਾਂ-ਬਾਤਾਂ ਵਿੱਚ ਬਾਬਾ ਦਰਬਾਰਾ ਸਿੰਘ ਨੂੰ, ਜੋ ਕਿਸੇ ਕੰਮ ਲਈ ਵਾਰਬਰਟਨ ਨੂੰ ਮਿਲਣ ਗਿਆ ਸੀ, ਹਮਦਰਦੀ ਵਿੱਚ ਪਸੀਜ ਕੇ ਦੱਸ ਦਿੱਤਾ ਕਿ ਤੁਹਾਡਾ ਗੁਰੂ ਰੰਗੂਨ ਵਿੱਚ ਉਸ ਬੰਗਲੇ ਵਿੱਚ ਕੈਦ ਹੈ, ਜਿੱਥੇ ਕੁਝ ਸਮਾਂ ਪਹਿਲਾਂ ਸਰਕਾਰ ਨੇ ਮੁਗਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਨੂੰ ਰੱਖਿਆ ਸੀ।

ਦੂਜੇ ਸੂਬਿਆਂ ਬਾਰੇ ਵੀ ਸਰਕਾਰ ਸਾਵਧਾਨੀ ਨਾਲ ਇਸੇ ਨੀਤੀ ਉੱਤੇ ਹੀ ਅਮਲ ਕਰ ਰਹੀ ਸੀ। ਸੂਬਾ ਮਾਨ ਸਿੰਘ ਜਿਸਨੂੰ ਚੁਨਾਰ ਦੇ ਕਿਲ੍ਹੇ ਵਿੱਚ ਕੈਦ ਰੱਖਿਆ ਹੋਇਆ ਸੀ, ਨੂੰ ਉਸ ਦੀ ਪਤਨੀ ਜੀਵਨੀ ਨੂੰ ਮਿਲਣ ਦੀ ਆਗਿਆ ਨਹੀਂ ਸੀ ਦਿੱਤੀ ਗਈ। ਜੋ ਪੰਜਾਬ ਸਰਕਾਰ ਤੋਂ ਆਗਿਆ ਲੈ ਕੇ ਆਪਣੇ ਪਤੀ ਦੀ ਮੁਲਾਕਾਤ ਲਈ ਗਈ ਸੀ। ਉਸਦੀ ਦੁਖਾਂ ਭਰੀ ਹਾਲਤ ਬਾਰੇ ਡਾ: ਐਮ. ਐਮ. ਆਹਲੂਵਾਲੀਆ ਇਸ ਤਰ੍ਹਾਂ ਬਿਆਨ ਕਰਦਾ ਹੈ : 1*"ਚੁਨਾਰ ਦੇ ਕਿਲ੍ਹੇ ਵਿੱਚ ਕੈਦ ਸੂਬਾ ਮਾਨ ਸਿੰਘ ਦੀ ਪਤਨੀ ਆਪਣੀ ਹਾਲਤ ਇੰਝ ਬਿਆਨ ਕਰਦੀ ਹੈ। ਜਦੋਂ ਸਰਕਾਰ ਨੇ ਮਾਨ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ ਤਾਂ ਉਸ ਸਮੇਂ ਸਾਡੇ 5 ਪੁੱਤਰ ਅਤੇ 2 ਬੇਟੀਆਂ ਸਨ। 15 ਸਾਲ ਦੀ ਸਾਡੀ ਬੇਟੀ 6 ਮਹੀਨੇ ਆਪਣੇ ਪਿਤਾ ਦੇ ਗਮ ਵਿੱਚ ਡੁੱਬੀ ਹੋਈ ਦਮ ਤੋੜ ਗਈ। ਚਾਰ ਮਹੀਨੇ ਪਿਛੋਂ 6 ਸਾਲ ਦਾ ਇੱਕ ਹੋਰ ਪੁੱਤਰ ਗੁਜਰ ਗਿਆ। 4 ਸਾਲ ਦਾ ਦੂਜਾ ਬੇਟਾ ਭੁੱਖ ਕਾਰਨ ਮਰ ਗਿਆ। ਬਾਕੀ ਬੱਚੇ ਵੀ ਭੁੱਖੇ ਮਰ ਰਹੇ ਹਨ। ਮੈਂ ਸਰਕਾਰ ਤੋਂ ਆਗਿਆ ਲੈ ਕੇ ਆਪਣੇ ਬੱਚਿਆਂ ਨੂੰ ਰੱਬ ਆਸਰੇ ਛੱਡ ਕੇ ਹਜ਼ਾਰਾਂ ਮੀਲਾਂ ਦਾ ਪੰਧ ਮਾਰ ਕੇ ਆਪਣੇ ਪਤੀ ਨੂੰ ਮਿਲਣ ਆਈ ਹਾਂ। ਮੈਂ ਦਸ ਦਿਨ ਆਪਣੇ ਪਤੀ ਕੋਲ ਰਹਿ ਕੇ ਵਾਪਿਸ ਚਲੀ ਜਾਵਾਂਗੀ।" 5 ਜੂਨ, 1875 ਨੂੰ ਉਸਨੇ ਫਿਰ ਲਿਖਿਆ, "ਅੱਜ ਮੈਨੂੰ ਇੱਥੇ

1* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ਼ ਦ ਪੰਜਾਬ, ਪੰਨਾ 153



Sri Satguru Jagjit Singh Ji Elibrary NamdhariElibrary@gmail.com

ਆਇਆਂ 22 ਦਿਨ ਹੋ ਗਏ ਹਨ, ਪਰ ਕਿਸੇ ਨੇ ਵੀ ਮੈਨੂੰ ਆਪਣੇ ਪਤੀ ਨਾਲ ਮਿਲਣ ਨਹੀਂ ਦਿੱਤਾ। ਹੁਣ ਤਾਂ ਮੇਰੇ ਕੋਲ ਪੈਸੇ ਵੀ ਮੁੱਕ ਗਏ ਹਨ।" ਉਸਨੂੰ ਉਥੋਂ ਨਿਰਾਸ਼ ਹੀ ਮੁੜਨਾ ਪਿਆ। ਸੂਬਾ ਮਾਨ ਸਿੰਘ ਨੂੰ ਚੁਨਾਰ ਦੇ ਕਿਲ੍ਹੇ ਵਿੱਚੋਂ 17 ਫਰਵਰੀ, 1887 ਨੂੰ ਰਿਹਾਅ ਕਰ ਦਿੱਤਾ ਗਿਆ ਸੀ।

### ਕੈਦ ਵਿੱਚ ਸਹੂਲਤਾਂ ਅਤੇ ਪਾਬੰਦੀਆਂ

ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਦੀ ਸੈਂਟਰਲ ਜੇਲ੍ਹ ਵਿੱਚ ਰੱਖਿਆ ਗਿਆ। ਆਪ ਜੀ ਨੂੰ ਰਾਜਸੀ ਕੈਦੀ ਵਾਲੀਆਂ ਸਾਰੀਆਂ ਸਹੂਲਤਾਂ ਦੇਣ ਦਾ ਪ੍ਰਬੰਧ ਸੀ। ਰੰਗੂਨ ਦੀ ਸੈਂਟਰਲ ਜੇਲ੍ਹ ਵਿੱਚ ਆਪ ਨੇ ਵਧੇਰੇ ਗਰਮੀ ਅਤੇ ਹੁੱਸੜ ਹੋਣ ਦੀ ਸ਼ਿਕਾਇਤ ਕੀਤੀ। ਇਸ ਲਈ ਬਰਮਾ ਦੇ ਚੀਫ਼ ਕਮਿਸ਼ਨਰ ਅਤੇ ਇੰਸਪੈਕਟਰ ਜਨਰਲ ਜੇਲ੍ਹ ਨੇ ਆਪ ਜੀ ਨੂੰ ਕੁਝ ਮਹੀਨਿਆਂ ਪਿਛੋਂ ਛਾਉਣੀ ਦੇ ਉਸ ਬੰਗਲੇ ਵਿੱਚ ਭੇਜ ਦਿੱਤਾ, ਜਿੱਥੇਂ ਪਹਿਲਾਂ ਅੰਤਿਮ ਮੁਗਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਨੂੰ ਰੱਖਿਆ ਗਿਆ ਸੀ। ਉਸ ਦੀ ਇਮਾਰਤ ਵਿੱਚ ਕੁਝ ਤਬਦੀਲੀਆਂ ਕਰਵਾ ਦਿੱਤੀਆਂ ਗਈਆਂ ਅਤੇ ਬਾਹਰ ਦੀ ਚਾਰ-ਦੀਵਾਰੀ ਨੂੰ ਜਬਰ ਫੁੱਟ ਉੱਚਾ ਕਰ ਦਿੱਤਾ ਗਿਆ। ਉਸ ਸਮੇਂ ਸਤਿਗੁਰੂ ਜੀ, ਭਾਈ ਨਾਨੂੰ ਸਿੰਘ ਅਤੇ ਚਾਰ ਨੌਕਰਾਂ ਉੱਤੇ ਕੁੱਲ ਖਰਚਾ 98 ਰੁਪਏ 12 ਆਨੇ ਪ੍ਰਤੀ ਮਹੀਨਾ ਆਉਂਦਾ ਸੀ ਅਤੇ ਸਤਿਗੁਰੂ ਜੀ ਅਤੇ ਨਾਨੂੰ ਸਿੰਘ ਦਾ ਔਸਤਨ ਖਰਚਾ 31 ਰੁਪਏ 1 ਆਨਾ 4 ਪਾਈ ਆਉਂਦਾ ਸੀ। ਇਸ ਖਰਚੇ ਦੇ ਵੇਰਵੇ ਸਰਕਾਰੀ ਦਸਤਾਵੇਜ਼ਾਂ ਤੋਂ ਮਿਲ ਜਾਂਦੇ ਹਨ।

ਭਾਵੇਂ ਸਰਕਾਰ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਸ਼ਾਹੀ ਕੈਦੀ ਵਜੋਂ ਇਹ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ ਅਤੇ ਉਨ੍ਹਾਂ ਦੇ ਸੈਰ ਕਰਨ ਲਈ ਵੀ ਬੱਘੀ ਦਾ ਪ੍ਰਬੰਧ ਕਰ ਦਿੱਤਾ ਗਿਆ ਸੀ। ਫਿਰ ਵੀ ਉਨ੍ਹਾਂ ਉੱਤੇ ਕਈਂ ਪ੍ਰਕਾਰ ਦੀਆਂ ਪਾਬੰਦੀਆਂ ਲਾਗੂ ਸਨ। ਸਤਿਗੁਰੂ ਜੀ ਦਾ ਜਲਾਵਤਨੀ ਦੀ ਕੈਦ ਵਿੱਚ ਬਹੁਤਾ ਧਿਆਨ ਪੰਜਾਬ ਅਤੇ ਨਾਮਧਾਰੀ ਸੰਗਤ ਦੀਆਂ ਚਿੰਤਾਵਾਂ ਅਤੇ ਸਮੱਸਿਆਵਾਂ ਉੱਤੇ ਲੱਗਾ ਹੋਇਆ ਸੀ। ਵਤਨ ਤੋਂ ਦੂਰ ਬੈਠੇ ਵੀ ਉਹ ਵਤਨ ਦੀ ਆਜ਼ਾਦੀ ਬਾਰੇ ਹੀ ਸੋਚਦੇ ਰਹਿੰਦੇ।

### ਰੰਗੂਨ ਤੋਂ ਲਿਖੇ ਗਏ ਪੱਤਰ ਦਾ ਹੱਥਰ

24 ਜੂਨ, 1872 ਈ: ਨੂੰ ਸਤਿਗੁਰੂ ਜੀ ਨੇ ਆਪਣੇ ਭਾਈ ਬੁੱਧ ਸਿੰਘ ਅਤੇ ਗੁਪਾਲ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਦੇ ਪਤੇ ਉੱਤੇ ਇੱਕ ਪੱਤਰ ਲਿਖਿਆ, ਜਿਸ ਵਿੱਚ ਸਾਧਾਰਨ ਗੱਲਾਂ ਅਤੇ ਜੀਆਂ ਦੀ ਸੁੱਖ-ਸਾਂਦ ਬਾਰੇ ਪੁੱਛ-ਗਿੱਛ ਕੀਤੀ ਗਈ ਸੀ। ਇਸ ਪੱਤਰ ਦਾ ਉਤਾਰਾ ਇੱਥੇ ਦਿੱਤਾ ਜਾ ਰਿਹਾ ਹੈ, "ਲਿਖਤਮ ਰਾਮ ਸਿੰਘ ਨਾਨੂੰ ਸਿੰਘ ਅੱਗੇ ਭਾਈ ਗੋਪਾਲ ਸਿੰਘ ਅਤੇ ਬੁੱਧ ਸਿੰਘ



Sri Satguru Jagjit Singh Ji Elibrary NamdhariElibrary@gmail.com

ਜੀ। ਸਮੂਹ ਖਾਲਸੇ ਕੋ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਉਣੀ ਅਤੇ ਬੀਬੀ ਨੰਦਾ ਕੋ ਰਾਮ ਸੱਤ।"

ਸਰੀਰਕ ਤੌਰ ਉੱਤੇ ਮੈਂ ਠੀਕ ਠਾਕ ਹਾਂ। ਸਰਕਾਰ ਸਾਨੂੰ ਅੰਨ ਅਤੇ ਕੱਪੜੇ ਦੇਂਦੀ ਹੈ। ਪਰ ਬਿਰਹੋਂ ਦੀ ਅੱਗ ਮੈਨੂੰ ਬੜਾ ਸਾੜਦੀ ਹੈ। ਸਾਨੂੰ ਕਲਕੱਤਿਓਂ ਸਾਢੇ ਚਾਰ ਦਿਨ ਯਾਤਰਾ ਕਰਨੀ ਪਈ। ਨਗਰ ਨੂੰ ਰੰਗੂਨ ਕਹਿੰਦੇ ਹਨ। ਇਹ ਬੰਦਰਗਾਹ ਹੈ। ਮੈਨੂੰ ਲਿਖੋ ਵੱਡੇ ਬਾਬਾ ਜੀ (ਬਾਬਾ ਜੱਸਾ ਸਿੰਘ) ਦਾ ਕੀ ਹਾਲ ਹੈ। ਕੀ ਗੁਜ਼ਰ ਤਾਂ ਨਹੀਂ ਗਏ? ਸਾਨੂੰ ਇਕੋ ਗੁਰੂ 'ਤੇ ਭਰੋਸਾ ਹੈ, ਜਿਸ ਨੇ ਸਾਡੀ ਅੱਜ ਵਾਲੀ ਬਦਕਿਸਮਤੀ ਭਾਗਾਂ ਵਿੱਚ ਲਿਖੀ ਹੈ, ਸਾਨੂੰ ਸਾਰਾ ਕੁਝ ਆਪਣੇ ਆਪ ਦੱਸੋ। ਇਹ ਵੀ ਦੱਸੋ ਕਿ ਸਰਕਾਰ ਨੇ ਸਾਰੀ ਜ਼ਾਇਦਾਦ, ਜਿਸ ਨੂੰ ਉਸਨੇ ਜ਼ਬਤ ਕਰ ਲਿਆ ਸੀ, ਵਾਪਿਸ ਦੇ ਦਿੱਤੀ ਹੈ ਜਾਂ ਉਸ ਦਾ ਕੁਝ ਹਿੱਸਾ ਰੱਖਿਆ ਹੈ?

ਕੀ ਰਾਇਪੁਰ ਅਤੇ ਸਢੌਰੇ ਦੇ ਲੋਕਾਂ ਅਤੇ ਕਾਹਨ ਸਿੰਘ ਵਿੱਚੋਂ ਕਿਸੇ ਨੂੰ ਰਿਹਾਅ ਕਰ ਦਿੱਤਾ ਹੈ? ਅਤੇ ਉਹ ਕਿੱਥੇ ਹਨ?

ਤੁਹਾਨੂੰ ਦੋਹਾਂ (ਗੋਪਾਲ ਸਿੰਘ ਅਤੇ ਬੁੱਧ ਸਿੰਘ) ਨੂੰ ਮਿੱਤਰਤਾ ਪੂਰਵਕ ਰਹਿਣਾ ਚਾਹੀਦਾ ਹੈ। ਨਾਸ਼ਵਾਨ ਆਤਮਾਵਾਂ ਦਾ ਮਿਲਣਾ ਅਤੇ ਵਿਛੜਨਾ ਤਾਂ ਕਰਮਾਂ ਦੇ ਵੱਸ ਹੈ।

ਜਿਹੜੀਆਂ ਵੀ ਮੱਝਾਂ, ਬਲਦ ਜਾਂ ਗਾਵਾਂ ਤੁਹਾਨੂੰ ਦਾਨ ਦੇ ਰੂਪ ਵਿੱਚ ਮਿਲਣ, ਉਨ੍ਹਾਂ ਨੂੰ ਗੁਰੂ ਦੇ ਨਾਂ ਤੇ ਲਾ ਦੇਣਾ, ਉਨ੍ਹਾਂ ਨੂੰ ਨਾ ਰੱਖਣਾ। ਨੰਦਾ ਨੂੰ ਸੁਖੀ ਰੱਖਣਾ।

ਆਪਣੀ ਚਿੱਠੀ ਮੈਨੂੰ ਇਸ ਤਰ੍ਹਾਂ ਲਿਖਣਾ :

ਸੇਵਾ ਵਿਖੇ,

ਰਾਮ ਸਿੰਘ ਰੰਗੂਨ,
ਜੇਲ੍ਹ ਦਫ਼ਤਰ
ਮਾਰਫ਼ਤ ਸੁਪਰਡੈਂਟ

ਪਤਾ ਗੁਰਮੁਖੀ ਅਤੇ ਅੰਗਰੇਜ਼ੀ ਦੋਹਾਂ ਵਿੱਚ ਲਿਖਣਾ।

ਨਾਨੂੰ ਸਿੰਘ ਦੇ ਪਰਵਾਰ ਬਾਰੇ ਵੀ ਲਿਖਣਾ। ਆਪਣੀ ਚਿੱਠੀ ਨਾਲ ਰੁੜਕੀ ਤੋਂ ਨਾਨੂੰ ਸਿੰਘ ਦੇ ਚਾਚੇ ਦੇ ਹੱਥਾਂ ਦੀ ਲਿਖੀ ਚਿੱਠੀ ਵੀ ਭੇਜਣੀ। ਉਸ ਵਿੱਚ ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਵੀ ਲਿਖਣਾ। ਸਤਿਗੁਰੂ ਬਾਬਤ ਵੀ ਲਿਖਣਾ ਕਿ ਹਜ਼ਰੋ ਸਭ ਠੀਕ-ਠਾਕ ਹੈ ਜਾਂ ਨਹੀਂ? ਸਭ ਕੁਝ ਬਾਰੇ ਪੂਰੀ ਤਰ੍ਹਾਂ ਲਿਖਣਾ।

ਮੇਰੇ ਭਲੇ ਲਈ ਗ੍ਰੰਥ ਸਾਹਿਬ ਦੇ ਪਾਠ ਕਰੋ। ਮੇਰੇ ਫਾਇਦੇ ਲਈ ਦਾਨ ਕਰੋ। ਅਕਾਲ ਪੁਰਖ ਅੱਗੇ ਅਰਦਾਸ ਕਰੋ।

ਭੋਲੀ ਨੂੰ ਦੱਸ ਦੇਣਾ ਕਿ ਚੰਦੋ ਕੋਲੋਂ ਉਸ ਦੇ ਰੁਪਏ ਮਿਲਣ ਦੀ ਕੋਈ ਆਸ



Sri Satguru Jagjit Singh Ji Elibrary NamdhariElibrary@gmail.com

ਨਹੀਂ। ਉਹ ਸਮਝ ਲਵੇ ਕਿ ਉਸਨੇ ਆਪਣੇ ਭਲੇ ਲਈ ਚੰਦੋ ਨੂੰ ਪੈਸੇ ਪੁੰਨਦਾਨ ਲਈ ਦਿੱਤੇ ਸਨ।

ਬੁੱਧ ਸਿੰਘ ਅਤੇ ਨੰਦਾ ਮੇਰੇ ਵਾਲੇ ਕਮਰੇ ਵਿੱਚ ਰਹਿਣ, ਜਿਹੜਾ ਕਦੀ ਖਾਲ਼ੀ ਨਾ ਛੱਡਿਆ ਜਾਵੇ।

ਸਭ ਅਕਾਲ ਪੁਰਖ ਦੇ ਹੁਕਮ ਵਿੱਚ ਹੋਇਆ ਹੈ।

ਚਿੱਠੀ ਦਾ ਜੁਆਬ ਜ਼ਰੂਰ ਦੇਣਾ। ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਲਿਖਣਾ ਨਾ ਭੁਲਣਾ।

ਹਾੜ ਵਦੀ ਚੌਥ ਸੰਮਤ 1929 ਬਿਕਰਮੀ।"

ਇਹ ਚਿੱਠੀ ਬ੍ਰਿਟਿਸ਼ ਬਰਮਾ ਦੇ ਚੀਫ ਕਮਿਸ਼ਨਰ ਦੇ ਸਕੱਤਰ ਨੇ ਹਿੰਦ ਸਰਕਾਰ ਰਾਹੀਂ ਪੰਜਾਬ ਸਰਕਾਰ ਨੂੰ ਇਹ ਜਾਣਨ ਲਈ ਭੇਜ ਦਿੱਤੀ ਕਿ ਪੰਜਾਬ ਸਰਕਾਰ ਨੂੰ ਇਹ ਚਿੱਠੀ ਬੁੱਧ ਸਿੰਘ ਨੂੰ ਭੈਣੀ ਸਾਹਿਬ ਭੇਜਣ ਉੱਤੇ ਕੋਈ ਇਤਰਾਜ ਤਾਂ ਨਹੀਂ। ਪੰਜਾਬ ਸਰਕਾਰ ਨੇ ਇਹ ਸਾਧਾਰਨ ਜਿਹੀ ਚਿੱਠੀ ਵੀ ਸ੍ਰੀ ਭੈਣੀ ਸਾਹਿਬ ਭੇਜਣ ਤੋਂ ਰੋਕ ਦਿੱਤੀ, ਕਿਉਂ ਜੋ ਪੰਜਾਬ ਸਰਕਾਰ ਇਹ ਨਹੀਂ ਸੀ ਚਾਹੁੰਦੀ ਕਿ ਸਤਿਗੁਰੂ ਰਾਮ ਸਿੰਘ ਜੀ ਨਾਲ ਕੋਈ ਵੀ ਪੱਤਰ ਵਿਹਾਰ ਕੀਤਾ ਜਾਵੇ।

## ਸਤਿਗੁਰੂ ਹਰੀ ਸਿੰਘ ਦੀ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਦੀ ਅਰਜ਼ੀ ਰੱਦ

13 ਜਨਵਰੀ, 1873 ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਇੱਕ ਦਰਖ਼ਾਸਤ ਪੰਜਾਬ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਜੀ ਨਾਲ ਮੁਲ਼ਾਕਾਤ ਕਰਨ ਦੀ ਆਗਿਆ ਪ੍ਰਾਪਤ ਕਰਨ ਲਈ ਦਿੱਤੀ, ਜਿਸ ਨੂੰ ਪੰਜਾਬ ਸਰਕਾਰ ਨੇ ਰੱਦ ਕਰ ਦਿੱਤਾ।

ਪੰਜਾਬ ਸਰਕਾਰ ਨੂੰ ਇਹ ਡਰ ਸੀ ਕਿ ਜੇਕਰ ਸਤਿਗੁਰੂ ਰਾਮ ਸਿੰਘ ਨਾਲ ਚਿੱਠੀ ਪੱਤਰ ਜਾਂ ਕਿਸੇ ਤਰ੍ਹਾਂ ਦਾ ਵੀ ਮੇਲ-ਮੁਲਾਕਾਤਾਂ ਦਾ ਕੋਈ ਸਿਲਸਿਲਾ ਸ਼ੁਰੂ ਹੋ ਗਿਆ ਤਾਂ ਇਸ ਦਾ ਕੂਕਾ ਲਹਿਰ, ਜਿਸ ਨੂੰ ਸਰਕਾਰ ਪੂਰੀ ਤਰ੍ਹਾਂ ਦਬਾਉਣਾ ਚਾਹੁੰਦੀ ਸੀ, ਬਾਰੇ ਚੰਗਾ ਨਹੀਂ ਹੋਵੇਗਾ। ਇਸ ਨਾਲ ਕੂਕਾ ਲਹਿਰ ਨੂੰ ਹੋਰ ਸ਼ਕਤੀ ਮਿਲੇਗੀ।

## ਸਤਿਗੁਰੂ ਰਾਮ ਸਿੰਘ ਦਾ ਪੋਥੀਆਂ ਮੰਗਵਾਉਣ ਬਾਰੇ ਬਿਨੇ-ਪੱਤਰ

ਰੰਗੂਨ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਸਰਕਾਰ ਨੂੰ ਕੁਝ ਧਾਰਮਿਕ ਗ੍ਰੰਥਾਂ ਦੀਆਂ ਪੋਥੀਆਂ ਮੰਗਵਾਉਣ ਬਾਰੇ ਬਿਨੇ-ਪੱਤਰ ਲਿਖਿਆ। ਦੋ ਪੋਥੀਆਂ ਮੰਗਵਾਉਣ ਲਈ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਇੱਕ ਸੀ ਪੰਜ ਗ੍ਰੰਥੀ, ਜਿਸ ਵਿੱਚ (1) ਜਪੁ (2) ਰਹਿਰਾਸ (3) ਕੀਰਤਨ ਸੋਹਿਲਾ (4) ਦੱਖਣੀ ਓਅੰਕਾਰ (5) ਬਾਵਨ ਅੱਖਰੀ (6) ਸੁਖਮਨੀ ਸਾਹਿਬ (7) ਆਨੰਦ (8) ਆਸਾ ਦੀ ਵਾਰ (ਜਬਰ) ਨੌਵੇਂ ਗੁਰੂ ਦੇ ਸ਼ਬਦ ਅਤੇ ਸਲੋਕ ਬਾਣੀਆਂ ਸ਼ਾਮਿਲ



Sri Satguru Jagjit Singh Ji Elibrary NamdhariElibrary@gmail.com

ਸਨ। ਦੂਜੀ ਪੋਥੀ ਦਸ ਗ੍ਰੰਥੀ ਸੀ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ : (1) ਜਾਪੁ (2) ਅਕਾਲ ਉਸਤਤ (3) ਚੰਡੀ ਦੀ ਵਾਰ (4) ਚੰਡੀ ਚਰਿੱਤਰ (5) ਸਵਈਏ (6) ਬਚਿਤ੍ਰ ਨਾਟਕ (7) ਗਿਆਨ ਪ੍ਰਬੋਧ ਆਦਿ ਬਾਣੀਆਂ ਸ਼ਾਮਿਲ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਇਹ ਮੰਗ ਵੀ ਕੀਤੀ ਸੀ ਕਿ ਇਹ ਪੋਥੀਆਂ ਹੱਥ ਲਿਖਤੀ ਅਤੇ ਸੋਧੀਆਂ ਹੋਈਆਂ ਚਾਹੀਦੀਆਂ ਹਨ। ਇਹ ਬਿਨੇ-ਪੱਤਰ ਚੀਫ਼ ਕਮਿਸ਼ਨਰ ਬਰਮਾ ਰਾਹੀਂ 11 ਮਈ, 1872 ਈ: ਨੂੰ ਗ੍ਰਹਿ ਸਕੱਤਰ ਭਾਰਤ ਸਰਕਾਰ ਨੂੰ ਭੇਜਿਆ ਗਿਆ। ਪੰਜਾਬ ਸਰਕਾਰ ਨੇ ਇਨ੍ਹਾਂ ਬਾਣੀਆਂ ਦੀ ਘੋਖਵੀਂ ਪੜਤਾਲ ਕਰਕੇ ਇਨ੍ਹਾਂ ਪੋਥੀਆਂ ਨੂੰ ਭੇਜਣ ਦੀ ਆਗਿਆ ਤਾਂ ਦੇ ਦਿੱਤੀ, ਪਰ ਦਸਮ ਗ੍ਰੰਥੀ ਵਿੱਚੋਂ ਬਚਿਤ੍ਰ ਨਾਟਕ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਵੈ-ਜੀਵਨੀ ਹੈ, ਨੂੰ ਕੱਢ ਦਿੱਤਾ ਗਿਆ।

### ਸ੍ਰੀ ਭੈਣੀ ਸਾਹਿਬ ਦੇ ਡੇਰੇ ਤੋਂ ਜਬਤ ਕੀਤੀਆਂ ਗਈਆਂ ਚੀਜ਼ਾਂ ਵਸਤਾਂ ਬਾਰੇ ਕੀਤੀ ਗਈ ਕਾਰਵਾਈ

ਸਤਿਗੁਰੂ ਰਾਮ ਸਿੰਘ ਜੀ ਤੋਂ ਇਹ ਪੁੱਛ ਅਲਾਹਾਬਾਦ ਵਿਖੇ ਵੀ ਕੀਤੀ ਗਈ ਸੀ ਕਿ ਉਨ੍ਹਾਂ ਦੇ ਭੈਣੀ ਸਾਹਿਬ ਦੇ ਡੇਰੇ ਦੀ ਤਲਾਸ਼ੀ ਸਮੇਂ ਜ਼ਬਤ ਕੀਤੀ ਗਈ ਸੰਪਤੀ ਕਿਸ ਦੇ ਹਵਾਲੇ ਕੀਤੀ ਜਾਵੇ। ਉਸ ਸਮੇਂ ਵੀ ਉਨ੍ਹਾਂ ਨੇ ਸੂਬਿਆਂ ਦੀ ਹਾਜਰੀ ਵਿੱਚ ਇਹ ਜ਼ਾਇਦਾਦ ਆਪਣੇ ਭਾਈ ਬੁੱਧ ਸਿੰਘ ਦੇ ਹਵਾਲੇ ਕਰਨ ਲਈ ਕਿਹਾ ਸੀ। ਹੁਣ ਵੀ ਆਪ ਜੀ ਦਾ ਇਹੋ ਉੱਤਰ ਸੀ। ਇਸ ਸੰਬੰਧ ਵਿੱਚ ਸਰਕਾਰ ਨੇ ਸਾਰੀ ਕਾਰਵਾਈ ਪੂਰੀ ਕਰਕੇ ਅਤੇ ਗਵਾਹਾਂ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਦਸਤਖ਼ਤ ਕਰਵਾ ਕੇ ਇਹ ਸਾਰੀ ਚੱਲ ਅਤੇ ਅਚੱਲ ਸੰਪਤੀ ਸਤਿਗੁਰੂ ਹਰੀ ਸਿੰਘ ਜੀ ਦੇ ਹਵਾਲੇ ਕਰ ਦਿੱਤੀ ਅਤੇ ਇਸ ਸਾਰੀ ਕਾਰਵਾਈ ਉੱਤੇ ਜਿਹੜਾ 16 ਰੁਪਏ ਖਰਚਾ ਆਇਆ ਉਹ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਸਰਕਾਰੀ ਖਜ਼ਾਨੇ ਵਿੱਚ ਪਈ ਨਕਦ ਰਾਸ਼ੀ ਵਿੱਚੋਂ ਕੱਟ ਲਏ।

### ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਹੋਣ ਬਾਰੇ ਕੂਕਿਆਂ ਨੂੰ ਸੂਹ ਲੱਗਣੀ

ਭਾਵੇਂ ਕਲਕੱਤੇ ਦੀਆਂ ਅਖ਼ਬਾਰਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਬਰਮਾ ਭੇਜੇ ਜਾਣ ਬਾਰੇ ਖ਼ਬਰਾਂ ਮਾਰਚ 1872 ਵਿੱਚ ਹੀ ਛੱਪ ਚੁੱਕੀਆਂ ਸਨ, ਪਰ ਸਤਿਗੁਰੂ ਹਰੀ ਸਿੰਘ ਅਤੇ ਸ੍ਰੀ ਭੈਣੀ ਸਾਹਿਬ ਦੀ ਸਾਧ ਸੰਗਤ ਨੂੰ ਆਪ ਦੇ ਰੰਗੂਨ ਭੇਜੇ ਜਾਣ ਦੀ ਖ਼ਬਰ ਜਨਵਰੀ 1875 ਵਿੱਚ ਉਸ ਸਮੇਂ ਲੱਗੀ ਜਦੋਂ ਬਾਬਾ ਦਰਬਾਰਾ ਸਿੰਘ ਕਿਸੇ ਖਾਸ ਕਾਰਜ ਲਈ ਲੁਧਿਆਣੇ ਦੇ ਸੁਪਰਡੈਂਟ ਪੁਲਿਸ ਵਾਰਬਰਟਨ ਨੂੰ ਉਸ ਦੀ ਕੋਠੀ ਮਿਲਣ ਲਈ ਗਿਆ ਸੀ। ਸੰਤ ਬਾਹੋਵਾਲ ਨੇ ਇਸ ਵਿਸ਼ੇਸ਼ ਸੂਚਨਾ ਦੇ ਪਹਿਲੀ ਵਾਰ ਪ੍ਰਾਪਤ ਹੋਣ ਉੱਤੇ ਇਸ ਤਰ੍ਹਾਂ ਉਲੇਖ ਕੀਤਾ ਹੈ,



Sri Satguru Jagjit Singh Ji Elibrary NamdhariElibrary@gmail.com

"ਮਹਾਰਾਜ ਬੁੱਧ ਸਿੰਘ ਅਤੇ ਸਾਰੀ ਸੰਗਤ ਸੋਚਾਂ ਕਰਦੇ ਹੈਂ ਕੇ ਕੁਝ ਪਤਾ ਨਹੀਂ ਲੱਗਦਾ ਕੇ ਪਰਾਗਰਾਜ ਥੀਂ ਸ੍ਰੀ ਸਤਿਗੁਰੂ ਜੀ ਨੂੰ ਕਿੱਥੇ ਲੈ ਗਏ ਹੈਂ ਦੁਸ਼ਟ। ਜੇਕਰ ਪਤਾ ਲੱਗੇ ਤਾਂ ਦਰਸ਼ਨ ਕਰਨ ਜਾਈਏ। [1*]ਬਾਬਾ ਦਰਬਾਰਾ ਸਿੰਘ ਬਟਨ ਪਾਸ ਜਾਂਦਾ ਹੁੰਦਾ ਸੀ ਲੁਧਿਆਣੇ ਕਈ ਕੰਮਾਂ ਵਾਸਤੇ। ਇੱਕ ਦਿਨ ਗਿਆ ਤਾਂ ਬਟਨ ਕੀ ਮੇਮ ਨੇ ਕਿਹਾ ਕਿ, [2*]"ਦਰਬਾਰਾ ਸਿੰਘ ਆਪਕੋ ਮਾਲੂਮ ਹੈ ਜੋ ਗੁਰੂ ਰਾਮ ਸਿੰਘ ਜੀ ਕਹਾ ਹੈ?" ਬਾਬੇ ਜੀ ਕਹਿਆ, "ਨਹੀਂ ਮਾਲੂਮ।" ਮੇਮ ਨੇ ਕਿਹਾ, "ਗੁਰੂ ਰਾਮ ਸਿੰਘ ਜੀ ਰੰਗੂਨ ਕੇ ਬੰਗਲੇ ਮੇ ਹੈਂ।" ਬਟਨ ਮੇਮ ਕੋ ਗੁੱਸੇ ਹੋਇਆ ਕੇ, "ਤੈਂ ਕਿਉਂ ਦੱਸਿਆ ਹੈ। ਏਹੁ ਤਾਂ ਰੰਗੂਨ ਜਾਇ ਰਹਿਨਗੇ।" ਮੇਮ ਨੇ ਕਿਹਾ, "ਕੀ ਡਰ ਹੈ, ਇਨਕੇ ਗੁਰੂ ਹੈਨ। ਜੇਕਰ ਕੋਈ ਤੁਹਾਡੇ ਪੈਗੰਬਰ ਦੀ ਦਸ ਪਾਵੇ ਤਾਂ ਉਸਨੂੰ ਕੀ ਡਰ ਹੈ। ਇਸ ਵਿੱਚ ਕੀ ਹਰਜ ਹੈ।" ਫੇਰ ਮੇਮ ਨੇ ਬਾਬੇ ਜੀ ਨੂੰ ਕਿਹਾ ਕਿ, "ਪਹਿਲੇ ਏਥੋਂ ਰੇਲ ਚੜ੍ਹ ਕੇ ਕਲਕੱਤੇ, ਕਲਕੱਤੇ ਤੋਂ ਜਹਾਜ ਚੜ੍ਹ ਕੇ ਰੰਗੂਨ ਜਾਵੋ। ਉੱਥੇ ਜਾ ਕੇ ਫਲਾਨੀ ਤਰਫ਼ ਬੰਗਲਾ ਹੈ, ਉੱਥੇ ਗੁਰੂ ਰਾਮ ਸਿੰਘ ਜੀ ਹੈਂ।"

ਜਦੋਂ ਬਾਬਾ ਦਰਬਾਰਾ ਸਿੰਘ ਜੀ ਨੇ ਇਹ ਖ਼ਬਰ ਸਤਿਗੁਰੂ ਹਰੀ ਸਿੰਘ ਜੀ ਨੂੰ ਦਸੀ ਤਾਂ ਉਨ੍ਹਾਂ ਨੂੰ ਅਤੇ ਸਾਧ ਸੰਗਤ ਨੂੰ ਬੜੀ ਖੁਸ਼ੀ ਹੋਈ। ਸਤਿਗੁਰੂ ਹਰੀ ਸਿੰਘ ਨੇ ਸਭ ਤੋਂ ਪਹਿਲਾਂ ਬਾਬਾ ਦਰਬਾਰਾ ਸਿੰਘ ਜੀ ਨੂੰ ਹੀ ਰੰਗੂਨ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਹੁਕਮ ਕੀਤਾ।

ਬਾਬਾ ਦਰਬਾਰਾ ਸਿੰਘ ਨੇ ਸਤਿਗੁਰੂ ਹਰੀ ਸਿੰਘ ਤੋਂ ਇੱਕ ਮਹੀਨੇ ਦੀ ਛੁੱਟੀ ਲੈ ਕੇ ਪਟਿਆਲੇ ਆਪਣੇ ਪੁੱਤਰ, ਜੋ ਉੱਥੇ ਰਿਆਸਤੀ ਮੁਲਾਜ਼ਮ ਸੀ, ਕੋਲ ਜਾ ਕੇ ਉਸਨੂੰ ਕਹਿ ਦਿੱਤਾ ਕਿ, "ਜੇ ਕੋਈ ਪੁੱਛੇ ਤਾਂ ਕਹਿ ਦੇਈਂ ਅੰਦਰ ਨਿਤਨੇਮ ਕਰਦਾ ਹੈ, ਬੋਲਦਾ ਨਹੀਂ ਕਿਸੇ ਨਾਲ।"

## ਬਾਬਾ ਜੱਸਾ ਸਿੰਘ ਜੀ ਦਾ ਅਕਾਲ ਚਲਾਣਾ – 1874 ਈ:

ਬਾਬਾ ਜੱਸਾ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਕੀਤੇ ਜਾਣ ਤੋਂ 2 ਸਾਲ ਪਿਛੋਂ 1874 ਵਿੱਚ ਅਕਾਲ ਚਲਾਣਾ ਕਰ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਪਾਸ ਬਾਬਾ ਜੱਸਾ ਸਿੰਘ ਜੀ ਨੇ ਬਚਨ ਕੀਤਾ ਸੀ ਕਿ ਮੇਰੇ ਅੰਤ ਸਮੇਂ ਆਪ ਮੇਰੇ ਕੋਲ ਹੋਣੇ ਚਾਹੀਦੇ ਹੋ। ਸੰਤ ਬਾਹੋਵਾਲ ਅਨੁਸਾਰ ਜਿਸ ਦਿਨ ਬਾਬਾਂ

---

1* ਪਿਤਾ ਦਾ ਨਾਂ ਮਹਿਤਾਬ ਸਿੰਘ। ਪਿੰਡ ਰਾਏਪੁਰ ਥਾਣਾ ਡੇਹਲੋਂ ਦਾ ਨਿਵਾਸੀ ਸੀ, ਜੋ ਕੂਕਾ ਪੰਥ ਵਿਚ ਬੜਾ ਪ੍ਰਭਾਵਸ਼ਾਲੀ ਵਿਅਕਤੀ ਕਰਕੇ ਜਾਣਿਆ ਜਾਂਦਾ ਸੀ। ਆਪਣੇ ਧਰਮ ਦੀ ਖਾਤਰ ਉਸਨੇ ਸਾਰੀ ਜਾਇਦਾਦ ਦਾ ਤਿਆਗ ਕਰ ਦਿੱਤਾ। ਸਤੰਬਰ 1873 ਵਿਚ 1872 ਦੇ ਐਕਟ 10 ਦੀ ਧਾਰਾ 505 ਅਧੀਨ ਉਸਨੂੰ ਕੈਦ ਦੀ ਸਜ਼ਾ ਹੋਈ। ਦਸੰਬਰ 1875 ਵਿਚ ਉਸ ਕੋਲੋਂ 1000 ਰੁਪਏ ਦੀ ਜਮਾਨਤ ਲਈ ਗਈ – ਕੂਕਾਜ਼ ਆਫ ਨੋਟ ਇਨ ਪੰਜਾਬ, ਪੰਨਾ 26

2* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 363



Sri Satguru Jagjit Singh Ji Elibrary NamdhariElibrary@gmail.com

ਜੱਸਾ ਸਿੰਘ ਜੀ ਨੇ ਚੜ੍ਹਾਈ ਕੀਤੀ, ਉਸ ਤੋਂ ਇੱਕ ਰਾਤ ਪਹਿਲਾਂ ਬਾਬਾ ਜੱਸਾ ਸਿੰਘ ਨੂੰ ਸੁਪਨੇ ਵਿੱਚ ਦੋਹਾਂ ਭਰਾਵਾਂ ਨੇ ਇਸ਼ਨਾਨ ਕਰਵਾ ਕੇ ਰੱਥ ਪਰ ਚੜਾਇਆ ਸੀ। ਅਗਲੀ ਰਾਤ ਜਦੋਂ ਬਾਬਾ ਜੱਸਾ ਸਿੰਘ ਨੇ ਪ੍ਰਾਣ ਤਿਆਗੇ ਤਾਂ ਇੱਕ ਕੋਲ ਬੈਠੇ ਸਿੰਘ ਦੇ ਦੱਸਣ ਅਨੁਸਾਰ ਬਾਬਾ ਜੀ ਨੇ ਬਚਨ ਕੀਤਾ ਕਿ, [1*]"ਦੇਖੋ ਸਤਿਗੁਰੂ ਜੀ ਬੈਠੇ ਹੈਂ ਮੈਨੂੰ ਦਿੱਸਦੇ ਹੈਂ। ਸਵਾ ਪਹਿਰ ਰਾਤ ਨਾਲ ਬਾਬੇ ਜੱਸਾ ਸਿੰਘ ਜੀ ਕਾ ਇਸ਼ਨਾਨ ਕਰਾਇਆ। ਮੰਜੇ ਪਰ ਬੈਠੇ ਈ ਬਾਬਾ ਜੱਸਾ ਸਿੰਘ ਜੀ ਸਮਾ ਗਏ। ਏਕ ਸਿੰਘ ਨੇ ਬਾਬੇ ਜੱਸਾ ਸਿੰਘ ਨੂੰ ਵੇਖਿਆ, ਪ੍ਰਾਨ ਹੈ ਨਹੀਂ।" ਖ਼ਬਰ ਸੁਣ ਕੇ ਸਿੰਘ ਆਉਣ ਲੱਗੇ ਅਤੇ ਬੈਠ ਕੇ ਭਜਨ ਕਰਨ ਲੱਗੇ। ਰਾਮਸਰ ਵਿਖੇ ਚਿਖਾ ਤਿਆਰ ਕੀਤੀ ਗਈ, ਪਰ ਸੁਖੂ ਹੋਰਾਂ ਨੇ ਉੱਥੇ ਦਾਹ ਸੰਸਕਾਰ ਹੋਣ ਤੋਂ ਰੋਕ ਦਿੱਤਾ। ਇੱਕ ਸਮੇਂ ਬਾਬਾ ਜੱਸਾ ਸਿੰਘ ਨੇ ਕਿਹਾ ਸੀ ਕਿ ਮੇਰਾ ਦਾਹ ਸੰਸਕਾਰ ਮਨਸਾ ਰਾਮ ਕੀ ਸਮਾਧ ਕੋਲ ਕਰਨਾ। ਇਸ ਲਈ ਉਨ੍ਹਾਂ ਦਾ ਸੰਸਕਾਰ ਮਨਸਾ ਰਾਮ ਦੀ ਸਮਾਧ ਦੇ ਪੂਰਬ ਦੀ ਬਾਹੀ ਕੀਤਾ ਗਿਆ।

ਗੁਰੂ ਘਰ ਦੇ ਦੋਖੀ ਸਰਕਾਰੀ ਅਫ਼ਸਰਾਂ ਕੋਲ ਮੁਖਬਰੀ ਕਰਦੇ ਰਹਿੰਦੇ ਸਨ। [2*]"ਸਤਿਗੁਰੂ ਹਰੀ ਸਿੰਘ ਜੀ ਨੇ ਅਰਜ਼ੀ ਦਿੱਤੀ ਕਿ ਸਾਡਾ ਪਿਤਾ ਚੜ੍ਹਾਈ ਕਰ ਗਿਆ ਹੈ। ਬਾਬੇ ਕੇ ਨਮਿਤ ਭੋਗ ਧਰਾਂਗੇ ਗ੍ਰੰਥ ਸਾਹਿਬ ਜੀ ਕਾ। ਪਾਠ ਅੱਗੇ ਬੰਦ ਸਨ। ਉਸੀ ਦਿਨ ਤੋਂ ਪਾਠਾਂ ਦੀ ਖੁੱਲ੍ਹ ਹੋ ਗਈ। ਪਾਠ ਹੋਣ ਲੱਗਾ। ਮਹਾਰਾਜ ਹਰੀ ਸਿੰਘ ਜੀ ਨੇ ਸਿੰਘ ਭੇਜ ਕੇ ਰਾਗੀ ਸਿੰਘ ਦੁਆਬੇ ਵਿੱਚੋਂ ਮੰਗਵਾਏ। ਬਾਬੇ ਚੜੇ ਥੀਂ ਤੀਏ ਦਿਨ ਆ ਮੱਥਾ ਟੇਕਿਆ। ਆਸਾ ਦੀ ਵਾਰ ਲਾਵਨੀ, ਪਹਿਲੀ ਰਾਤ (ਅੰਮ੍ਰਿਤ ਵੇਲੇ) ਕਾ ਦੀਵਾਨ ਦੋ ਬਖਤ ਕਾ ਸ਼ੁਰੂ ਕੀਤਾ।"

ਬਾਬਾ ਦਰਬਾਰਾ ਸਿੰਘ ਪਟਿਆਲੇ ਸ਼ਾਹੀ ਭੇਸ ਬਦਲ ਕੇ ਅੰਬਾਲੇ ਤੋਂ ਕਲਕੱਤੇ ਤੱਕ ਰੇਲ ਅਤੇ ਫਿਰ ਕਲਕੱਤੇ ਤੋਂ ਸਮੁੰਦਰੀ ਜਹਾਜ ਰਾਹੀਂ ਰੰਗੂਨ ਪਹੁੰਚ ਗਿਆ। ਰੰਗੂਨ ਉਹ ਕਈ ਦਿਨ ਠਹਿਰਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਵਿੱਚ ਸਫ਼ਲ ਹੋ ਗਿਆ। ਸ਼ਾਮ ਨੂੰ ਜਦੋਂ ਸਤਿਗੁਰੂ ਜੀ ਬਘੀ 'ਤੇ ਸੈਰ ਕਰਨ ਜਾਂਦੇ ਤਾਂ ਉਹ ਵੀ ਨਾਲ ਹੋ ਜਾਂਦਾ ਅਤੇ ਸਤਿਗੁਰੂ ਜੀ ਨਾਲ ਬਚਨ ਬਿਲਾਸ ਕਰਦਾ ਰਹਿੰਦਾ। ਸਾਰਜੰਟ ਭਾਵੇਂ ਬਚਨ ਬਿਲਾਸ ਕਰਨ ਤੋਂ ਰੋਕਦਾ, ਪਰ ਸਤਿਗੁਰੂ ਜੀ ਅਤੇ ਬਾਬਾ ਦਰਬਾਰਾ ਸਿੰਘ ਪੰਜਾਬੀ ਵਿੱਚ ਗੱਲਬਾਤ ਕਰਦੇ ਰਹਿੰਦੇ, ਜਿਸਦੀ ਸਾਰਜੰਟ ਨੂੰ ਸਮਝ ਨਹੀਂ ਸੀ ਪੈਂਦੀ। ਬੰਗਲੇ ਦੇ ਨੇੜੇ ਹੀ ਇੱਕ ਮੰਦਿਰ ਸੀ। ਦਰਬਾਰਾ ਸਿੰਘ ਨੇ ਉਥੋਂ ਦੇ ਪ੍ਰਬੰਧਕਾਂ ਨਾਲ ਵੀ ਸੰਬੰਧ ਜੋੜ ਲਿਆ, ਜੋ ਪਿਛੋਂ ਜਾ ਕੇ ਸਤਿਗੁਰੂ ਦੇ ਦਰਸ਼ਨਾਂ ਲਈ ਆਏ ਦਰਸ਼ਨਾਰਥੀਆਂ ਲਈ ਬੜਾ ਸਹਾਈ

[1*] ਸੰਤ ਸੰਤੋਖ ਸਿੰਘ ਥਾਹੋਵਾਲ, ਸਤਿਗੁਰੂ ਬਿਲਾਸ, ਭਾਗ ਪਹਿਲਾ, ਪੰਨਾ 359

[1*] ਉਕਤ, ਪੰਨਾ 360



Sri Satguru Jagjit Singh Ji Elibrary NamdhariElibrary@gmail.com

ਸਿੱਧ ਹੋਇਆ। ਇੱਕ ਦਿਨ ਦਰਬਾਰਾ ਸਿੰਘ ਅੱਖ ਬਚਾ ਕੇ ਬੰਗਲੇ ਦੇ ਅੰਦਰ ਜਾਣ ਵਿੱਚ ਵੀ ਸਫ਼ਲ ਹੋ ਗਿਆ, ਜਿੱਥੇ ਸਤਿਗੁਰੂ ਜੀ ਨੇ ਕਮਰੇ ਦੇ ਬੂਹੇ ਬੰਦ ਕਰਕੇ ਖੁੱਲ੍ਹ ਕੇ ਗੱਲਾਂ ਬਾਤਾਂ ਕੀਤੀਆਂ। ਸਤਿਗੁਰੂ ਜੀ ਨੇ ਗਿਲਾ ਵੀ ਕੀਤਾ ਕਿ ਜੇਕਰ ਕਿਸੇ ਦੀ ਵੱਛੀ ਵੀ ਗੁਆਚ ਜਾਏ ਤਾਂ ਉਹ ਉਸਦੀ ਭਾਲ ਕਰਦਿਆਂ ਨਹੀਂ ਥਕਦੇ। ਪਰ ਸੰਗਤ ਨੇ ਮੈਨੂੰ ਭੁਲਾ ਹੀ ਛੱਡਿਆ ਸੀ। 3 ਸਾਲ ਗੁਜ਼ਰਨ ਉੱਤੇ ਵੀ ਕੋਈ ਖ਼ਬਰ ਨਾ ਲਈ। ਫਿਰ ਦਰਬਾਰਾ ਸਿੰਘ ਨੇ ਡੇਰੇ ਉੱਤੇ ਲੱਗੀਆਂ ਪਾਬੰਦੀਆਂ ਅਤੇ ਬੂਹੇ ਉੱਤੇ ਪੁਲਿਸ ਦੀ ਬਿਠਾਈ ਗਈ ਚੌਂਕੀ ਬਾਰੇ ਦੱਸਿਆ। ਇਸ ਸਮੇਂ ਬਾਬਾ ਦਰਬਾਰਾ ਸਿੰਘ ਨੇ ਬਾਬਾ ਜੱਸਾ ਸਿੰਘ ਦੇ ਅਕਾਲ ਚਲਾਣੇ ਬਾਰੇ ਵੀ ਵੇਰਵੇ ਸਹਿਤ ਸਭ ਕੁਝ ਦਸ ਦਿੱਤਾ। ਸਤਿਗੁਰੂ ਜੀ ਨੇ ਬਾਬਾ ਦਰਬਾਰਾ ਸਿੰਘ ਨੂੰ ਜ਼ੁਬਾਨੀ ਸੁਨੇਹਾ ਦੇਣ ਦੇ ਨਾਲ-ਨਾਲ ਇੱਕ ਹੁਕਮਨਾਮਾ ਵੀ ਲਿਖ ਕੇ ਦਿੱਤਾ।

ਇਹ ਆਦੇਸ਼ ਕੀਤਾ ਕਿ ਲੰਗਰ ਦਾ ਪ੍ਰਸ਼ਾਦਾ ਮੋਟਾ ਅਤੇ ਦਾਲਾ ਕਰੜਾ ਹੋਣਾ ਚਾਹੀਦਾ ਹੈ, ਪਤਲਾ ਨਹੀਂ ਅਤੇ ਆਪਣੇ ਦਰਸ਼ਨ ਨਮਿਤ ਸਹਿਜ ਅਤੇ ਅਖੰਡ ਪਾਠ ਕਰਨ ਲਈ ਕਿਹਾ। ਸੰਤ ਬਾਹੋਵਾਲ ਅਨੁਸਾਰ ਜਿਸ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ ਦਰਬਾਰਾ ਸਿੰਘ ਨੂੰ ਲੰਗਰ ਦੇ ਕਰੜੇ ਦਾਲੇ ਅਤੇ ਮੋਟੇ ਪ੍ਰਸ਼ਾਦੇ ਬਾਰੇ ਕਿਹਾ ਸੀ, ਉਸੇ ਦਿਨ ਤੋਂ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਇਹ ਮਰਿਯਾਦਾ ਚਾਲੂ ਕਰ ਦਿੱਤੀ ਸੀ। ਇਹ ਦੋਹਾਂ ਭਰਾਵਾਂ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਵਿੱਚ ਆਤਮਕ ਸਾਂਝ ਦਾ ਪ੍ਰਗਟ ਪਹਾਰਾ ਹੀ ਮੰਨਿਆ ਜਾ ਸਕਦਾ ਹੈ।

ਬਾਬਾ ਦਰਬਾਰਾ ਸਿੰਘ ਨੇ ਭੈਣੀ ਸਾਹਿਬ ਵਾਪਿਸ ਆ ਕੇ ਸਤਿਗੁਰੂ ਜੀ ਨੂੰ ਸਾਰਾ ਹਾਲ-ਚਾਲ ਦੱਸਿਆ। ਸੰਗਤ ਨੇ ਬੜੀ ਖ਼ੁਸ਼ੀ ਮਨਾਈ। ਸਤਿਗੁਰੂ ਹਰੀ ਸਿੰਘ ਜੀ ਨੇ ਉਹ ਹੁਕਮਨਾਮਾ ਪੜ੍ਹ ਕੇ ਸਾੜ ਦੇਣ ਲਈ ਕਿਹਾ। ਇਸ ਹੁਕਮਨਾਮੇ ਵਿੱਚ ਜਿਹੜੀਆਂ ਖ਼ਾਸ ਗੱਲਾਂ ਲਿਖੀਆਂ ਗਈਆਂ ਸਨ, ਉਨ੍ਹਾਂ ਵਿੱਚੋਂ ਕੁਝ ਇਹ ਸਨ : "ਜੋ ਏਸ ਮੂਰਤੀ ਕੋ ਮੇਰੇ ਸਮਾਨ ਜਾਣੇਗਾ ਸੋ ਮੈਨੂੰ ਭੀ ਜਾਣੇਗ। ਜੋ ਏਨਾਂ ਕੋ ਮੇਰੇ ਸਮਾਨ ਨਾ ਜਾਣੇਗਾ ਸੋ ਸੱਤ ਜਨਮ ਕੁਸ਼ਟੀ ਰਹੇਗਾ। ਅੱਜ ਤੋਂ ਏਨਾ ਦਾ ਨਾਂ ਹਰੀ ਸਿੰਘ ਹੋਇਆ। ਸੰਗਤ ਨੂੰ ਹਰੀ ਰਖੇਗਾ। ਏਹਨੂੰ ਸਿਰ ਕਰਤਾ ਜਾਨਣਾ। ਏਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ। ਮੇਰੇ ਧੱਕੇ ਨੂੰ ਇਹ ਬਖਸ਼ ਲਵੇਗਾ। ਭੁੱਖੇ ਨੂੰ ਪ੍ਰਸ਼ਾਦਾ ਨੰਗੇ ਨੂੰ ਕੱਪੜੇ ਦੇਣਾ ਮੇਰੇ ਨਮਿਤ। ਇਹ ਭੀ ਲਿਖ ਭੇਜਿਆ ਕਿ ਜਿਸ ਕਿਸੇ ਕੀ ਅਮਾਨਤ ਰੱਖੀ ਹੋਈ ਹੈ, ਸੋ ਦੇ ਦੇਊ। ਕਿਉਂ ਅਮਾਨਤ ਰਖਣੀ ਹੈ?" ਸਤਿਗੁਰੂ ਹਰੀ ਸਿੰਘ ਜੀ ਨੇ ਇਨ੍ਹਾਂ ਸਾਰੇ ਆਦੇਸ਼ਾਂ ਦੀ ਪਾਲਣਾ ਕੀਤੀ।

ਭਾਰਤ ਦੇ ਅਧਿਆਤਮਕ ਸਾਹਿਤ ਵਿੱਚ ਮਹਾਂ-ਪੁਰਸ਼ਾਂ, ਭਗਤਾਂ, ਦਰਵੇਸ਼ਾਂ ਅਤੇ ਗੁਰੂਆਂ ਦੇ ਦਰਸ਼ਨ ਦਾ ਬਹੁਤ ਮਹਾਤਮ ਦੱਸਿਆ ਗਿਆ ਹੈ। ਦਰਸ਼ਨ ਕਰਨ



Sri Satguru Jagjit Singh Ji Elibrary NamdhariElibrary@gmail.com

ਨਾਲ ਦਰਸ਼ਨਾਰਥੀਆਂ ਦੇ ਹਿਰਦੇ ਨੂੰ ਅਥਾਹ ਸ਼ਾਂਤੀ ਮਿਲਦੀ ਹੈ ਅਤੇ ਆਤਮਕ ਵਿਸ਼ਵਾਸ ਅਨੁਸਾਰ ਜਨਮਾਂ-ਜਨਮਾਂਤਰਾਂ ਦੇ ਪਾਪ ਸੰਤਾਪ ਕਟੇ ਜਾਂਦੇ ਹਨ। ਸੋ ਬਾਬਾ ਦਰਬਾਰਾ ਸਿੰਘ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਕੇ ਦਰਸ਼ਨ ਕਰਨ ਪਿਛੋਂ ਬਹੁਤ ਸਾਰੇ ਨਾਮਧਾਰੀ ਸਿੰਘਾਂ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਖਿੱਚ ਹੋਰ ਵੀ ਪ੍ਰਬਲ ਹੋ ਗਈ।

## ਹਰਨਾਮ ਸਿੰਘ ਤੇ ਚੰਦੋਂ ਦਾ ਰੰਗੂਨ ਤੋਂ ਵਾਪਿਸ ਭੇਜਿਆ ਜਾਣਾ

ਰਿਆਸਤ ਫ਼ਰੀਦਕੋਟ ਦੇ ਪਿੰਡ ਭਾਣਾ ਦਾ ਨਾਮਧਾਰੀ ਸਿੰਘ ਹਰਨਾਮ ਸਿੰਘ ਅਤੇ ਉਸਦੀ ਧਰਮ ਪਤਨੀ ਮਾਈ ਚੰਦੋਂ ਦੇ ਮਨਾਂ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਚਾਹ ਉਪਜੀ। ਦੋਹਾਂ ਨੇ 2 ਦਸੰਬਰ, 1874 ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵਿੱਚ ਜਾ ਕੇ ਦਰਸ਼ਨ ਕਰਨ ਦੀ ਆਗਿਆ ਮੰਗੀ, ਜੋ ਪੰਜਾਬ ਸਰਕਾਰ ਨੇ ਪਰਵਾਨ ਕਰ ਲਈ ਅਤੇ ਪੰਜਾਬ ਸਰਕਾਰ ਦੇ ਐਕਸਟਰਾ ਅਸਿਸਟੈਂਟ ਕਮਿਸ਼ਨਰ ਨੇ ਇੱਕ ਮੋਹਰਬੰਦ ਉਰਦੂ ਵਿੱਚ ਲਿਖਿਆ ਪੱਤਰ ਉਨ੍ਹਾਂ ਨੂੰ ਦੇ ਦਿੱਤਾ ਕਿ ਉਹ ਰੰਗੂਨ ਜਾ ਕੇ ਇਹ ਪੱਤਰ ਉਥੋਂ ਦੇ ਅਧਿਕਾਰੀਆਂ, ਕਮਿਸ਼ਨਰ ਅਤੇ ਜੇਲਰ ਨੂੰ ਵਿਖਾ ਕੇ ਮੁਲਾਕਾਤ ਕਰ ਲੈਣ। ਸਤਿਗੁਰੂ ਰਾਮ ਸਿੰਘ ਜੀ ਦੀ ਦਰਸ਼ਨ ਭੇਟ ਲਈ ਇਨ੍ਹਾਂ ਦੋਹਾਂ ਜੀਆਂ ਨੇ 300 ਰੁਪਏ ਨਕਦ, ਇੱਕ ਉੱਨ ਦੀ ਮਾਲਾ ਅਤੇ ਪਹਿਨਣ ਲਈ ਜੁੱਤੀਆਂ ਦਾ ਜੋੜਾ ਉਚੇਚੇ ਤੌਰ ਤੇ ਬਣਵਾ ਕੇ ਨਾਲ ਲਿਆ। ਉਹ ਮਾਰਚ, 1875 ਵਿੱਚ ਫ਼ਰੀਦਕੋਟ ਤੋਂ ਰਵਾਨਾ ਹੋਏ। ਕਲਕੱਤੇ ਪਹੁੰਚ ਕੇ ਸਮੁੰਦਰੀ ਜਹਾਜ਼ ਰਾਹੀਂ 16 ਅਪ੍ਰੈਲ, 1875 ਨੂੰ ਉਹ ਰੰਗੂਨ ਪਹੁੰਚ ਗਏ। ਜਦੋਂ ਉਨ੍ਹਾਂ ਨੇ ਉਰਦੂ ਵਿੱਚ ਲਿਖਿਆ ਪਰਵਾਨਾ ਬਰਮਾ ਦੇ ਅਧਿਕਾਰੀਆਂ ਨੂੰ ਵਿਖਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਆਗਿਆ ਮੰਗੀ ਤਾਂ ਉਰਦੂ ਅੱਖਰਾਂ ਤੋਂ ਅਗਿਆਤ ਹੋਣ ਕਰਕੇ ਉਨ੍ਹਾਂ ਨੇ ਉਸ ਪਰਵਾਨੇ ਨੂੰ ਜਾਲੀ ਸਮਝਿਆ ਅਤੇ ਇਨ੍ਹਾਂ ਦੋਹਾਂ ਨੂੰ ਉਲਟਾ ਕੈਦ ਕਰ ਲਿਆ ਅਤੇ ਰੰਗੂਨ ਤੋਂ ਹੀ 26 ਅਪਰੈਲ, 1875 ਨੂੰ ਪੁਲਿਸ ਦੀ ਨਿਗਰਾਨੀ ਵਿੱਚ ਵਾਪਿਸ ਕਲਕੱਤੇ ਭੇਜ ਦਿੱਤਾ। ਪੰਜਾਬ ਸਰਕਾਰ ਦੇ ਸਤਿਗੁਰੂ ਜੀ ਦੀ ਮੁਲਾਕਾਤ ਲਈ ਦਿੱਤੇ ਗਏ ਆਗਿਆ ਪੱਤਰ ਦੀ ਵੀ ਕੋਈ ਪਰਵਾਹ ਨਾ ਕੀਤੀ ਗਈ। ਇਸ ਸਾਰੇ ਸਫਰ ਉੱਤੇ ਇਸ ਜੋੜੇ ਦਾ 200 ਰੁਪਏ ਖਰਚ ਆਇਆ।

ਹਰਨਾਮ ਸਿੰਘ ਆਪਣੀ ਇਸ ਅਸਫ਼ਲ ਯਾਤਰਾ ਬਾਰੇ ਇੰਝ ਬਿਆਨ ਕਰਦਾ ਹੈ, [1*]"ਛੇ ਮਹੀਨੇ ਪਹਿਲਾਂ ਮੈਂ ਰਜਿਸਟਰਡ ਪੱਤਰ ਰਾਹੀਂ ਪੰਜਾਬ ਦੇ

[1*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 761



Sri Satguru Jagjit Singh Ji Elibrary NamdhariElibrary@gmail.com

ਲੈਫਟੀਨੈਂਟ ਗਵਰਨਰ ਨੂੰ ਬਿਨੈ-ਪੱਤਰ ਭੇਜਿਆ ਸੀ ਕਿ ਮੈਨੂੰ ਰੰਗੂਨ ਜਾ ਕੇ ਆਪਣੇ ਗੁਰੂ ਨਾਲ ਮੁਲਾਕਾਤ ਕਰਨ ਦੀ ਆਗਿਆ ਦਿੱਤੀ ਜਾਵੇ। ਮੈਨੂੰ ਡਾਕ ਰਾਹੀਂ ਉੱਤਰ ਮਿਲ ਗਿਆ। ਇਸ ਉੱਤੇ ਸਰਕਾਰੀ ਮੋਹਰ ਲੱਗੀ ਹੋਈ ਸੀ ਜਿਸਦਾ ਸਾਰ ਇਹ ਸੀ ਕਿ ਤੁਸੀਂ ਰੰਗੂਨ ਜਾ ਕੇ ਉਥੋਂ ਦੇ ਸਾਹਿਬ ਤੋਂ ਆਪਣੇ ਗੁਰੂ ਨੂੰ ਮਿਲਣ ਦੀ ਆਗਿਆ ਲੈ ਲੈਣੀ। ਇੱਕ ਮਹੀਨਾ ਪਹਿਲਾਂ ਮੈਂ ਆਪਣੇ ਘਰੋਂ ਰਵਾਨਾ ਹੋਇਆ। ਮੈਂ ਕਲਕੱਤੇ ਤੱਕ ਰੇਲ ਰਾਹੀਂ ਅਤੇ ਰੰਗੂਨ ਸਮੁੰਦਰੀ ਜਹਾਜ ਰਾਹੀਂ ਪਹੁੰਚਿਆ। ਰੰਗੂਨ ਜਾ ਕੇ ਮੈਂ ਆਪਣਾ ਬਿਨੈ-ਪੱਤਰ ਬਹੁਤ ਸਾਰੇ ਯੂਰਪੀਅਨ ਅਫ਼ਸਰਾਂ ਦੇ ਪੇਸ਼ ਕੀਤਾ। ਉਨ੍ਹਾਂ ਵਿੱਚੋਂ ਇੱਕ ਨੇ ਮੈਨੂੰ ਇਹ ਪੱਤਰ ਜੇਲ੍ਹਰ ਸਾਹਿਬ ਦੇ ਪੇਸ਼ ਕਰਨ ਲਈ ਕਿਹਾ, ਜਿਸਨੇ ਅੱਗੋਂ ਮੈਨੂੰ ਕੁਲੈਕਟਰ ਸਾਹਿਬ ਕੋਲ ਭੇਜ ਦਿੱਤਾ ਅਤੇ ਉਸਨੇ ਮੈਨੂੰ ਵਾਪਿਸ ਜਾਣ ਦਾ ਹੁਕਮ ਸੁਣਾ ਦਿੱਤਾ।" ਇਸ ਪੱਤਰ ਉੱਤੇ ਉਸਨੇ 1 ਮਈ, 1875 ਨੂੰ ਸਹੀ ਪਾਈ।

ਬਰਮਾ ਦੇ ਅਧਿਕਾਰੀਆਂ ਨੇ ਪੁਲਿਸ ਦੀ ਨਿਗਰਾਨੀ ਵਿੱਚ ਇਨ੍ਹਾਂ ਦੋਹਾਂ ਨੂੰ ਵਾਪਿਸ ਕਲਕੱਤੇ ਭੇਜ ਦਿੱਤਾ। ਇਹ ਸ਼ੰਕਾ ਪ੍ਰਗਟ ਕੀਤੀ ਗਈ ਕਿ ਇਹ ਪੱਤਰ ਜਾਲੀ ਹੈ। ਭੈਣੀ ਸਾਹਿਬ ਪਹੁੰਚ ਕੇ ਇਨ੍ਹਾਂ ਨੇ ਜਦੋਂ ਸਾਰਾ ਹਾਲ ਸਤਿਗੁਰੂ ਹਰੀ ਸਿੰਘ ਜੀ ਨੂੰ ਸੁਣਾਇਆ ਤਾਂ ਇਹ ਫ਼ੈਸਲਾ ਕੀਤਾ ਗਿਆ ਕਿ ਅਗੋਂ ਤੋਂ ਕੋਈ ਵੀ ਨਾਮਧਾਰੀ ਸਰਕਾਰੀ ਆਗਿਆ ਲੈ ਕੇ ਰੰਗੂਨ ਨਾ ਜਾਵੇ। ਸਗੋਂ ਚੋਰੀ-ਛਿਪੇ ਹੀ ਸਤਿਗੁਰਾਂ ਦੇ ਦਰਸ਼ਨਾਂ ਨੂੰ ਜਾਇਆ ਜਾਵੇ। ਪਰ ਨਾਮਧਾਰੀ ਇਤਿਹਾਸਕਾਰ ਜਸਵਿੰਦਰ ਸਿੰਘ ਅਨੁਸਾਰ ਇਹ ਦੋਵੇਂ ਪਤੀ-ਪਤਨੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਿੱਚ ਸਫ਼ਲ ਹੋ ਗਏ ਸਨ।

ਉਹ ਲਿਖਦਾ ਹੈ, [1*]"ਹਰਿਨਾਮ ਸਿੰਘ ਅਤੇ ਉਸਦੀ ਪਤਨੀ ਚੰਦੋ ਬਾਰੇ ਵੀ ਅਫ਼ਸਰਾਂ ਨੇ ਇਹ ਖ਼ਬਰ ਸਰਕਾਰ ਨੂੰ ਦਿੱਤੀ ਸੀ ਕਿ ਉਹਨਾਂ ਨੂੰ ਰੰਗੂਨ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਣ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਹਿੰਦੁਸਤਾਨ ਭੇਜ ਦਿੱਤਾ ਗਿਆ ਹੈ। ਪਰ ਹਕੀਕਤ ਕੁਝ ਹੋਰ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਪਿਆਰੇ ਦੋਵੇਂ ਜੀਅ ਗੁਪਤ ਰੂਪ ਵਿੱਚ ਸਰਕਾਰ ਤੋਂ ਨਜ਼ਰਾਂ ਬਚਾ ਕੇ ਸਤਿਗੁਰੂ ਜੀ ਦੇ ਦਰਸ਼ਨ ਵੀ ਕਰ ਆਏ ਅਤੇ ਹੁਕਮਨਾਮੇ ਵੀ ਲੈ ਆਏ ਸਨ।"

## ਹੋਰ ਸਿੰਘਾਂ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਜਾਣਾ

ਨਾਮਧਾਰੀ ਇਤਿਹਾਸਕਾਰ ਬਿਸ਼ਨ ਸਿੰਘ ਨੇ ਉਨ੍ਹਾਂ 80 ਸਿੰਘਾਂ ਦੇ ਨਾਮ ਲਿਖੇ ਹਨ, ਜਿਹੜੇ ਵੱਖ-ਵੱਖ ਸਮਿਆਂ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਬਰਮਾ ਵਿਖੇ ਰੰਗੂਨ ਅਤੇ ਮਰਗੋਈ ਵਿੱਚ ਦਰਸ਼ਨ ਕਰਨ ਗਏ ਸਨ। ਇਨ੍ਹਾਂ ਵਿੱਚੋਂ ਕੁਝ

[1*] ਜਸਵਿੰਦਰ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ, ਪੰਨਾ 81



Sri Satguru Jagjit Singh Ji Elibrary NamdhariElibrary@gmail.com

ਦੇ ਨਾਂ ਹਨ :

[1*]ਰਾਇਪੁਰ ਦੇ ਦਰਬਾਰਾ ਸਿੰਘ; ਵਰਿਆਂਹ ਦੇ ਨੈਣਾ ਸਿੰਘ; ਸਰਹਾਲੀ ਦੇ ਮੀਹਾਂ ਸਿੰਘ, ਜੀਉਣ ਸਿੰਘ, ਕਿਸ਼ਨ ਸਿੰਘ, ਸੁਬੇਗ ਸਿੰਘ, ਸ਼ਾਮ ਸਿੰਘ; ਫ਼ਰੀਦਕੋਟ ਦੇ ਹਰਨਾਮ ਸਿੰਘ, ਅਤੇ ਮਾਈ ਚੰਦੋ; ਸੇਖਵਾਂ ਦੇ ਟਹਿਲ ਸਿੰਘ, ਮਤਾਬ ਸਿੰਘ; ਨਾਰਲੀ ਦੇ ਬਘੇਲ ਸਿੰਘ, ਅੱਤਰ ਸਿੰਘ, ਫੂਲਾ ਸਿੰਘ, ਜਗਤ ਸਿੰਘ; ਘੁੰਗਰਵਾਲੀ ਦੇ ਬਿਹਾਰੀ ਸਿੰਘ, ਲੁਹਾਰਾ ਸਿੰਘ, ਸੁੰਦਰ ਸਿੰਘ; ਅੰਮ੍ਰਿਤਸਰ ਦੇ ਭਗਵਾਨ ਸਿੰਘ, ਗੁਰਦਿੱਤ ਸਿੰਘ, ਕਿਰਪਾਲ ਸਿੰਘ, ਸਦਾ ਸਿੰਘ, ਅਰੁੜ ਸਿੰਘ; ਪਟਿਆਲੇ ਦੇ ਮਿਹਰ ਸਿੰਘ, ਰਤਨ ਸਿੰਘ, ਦਇਆ ਸਿੰਘ; ਸੰਤੂ ਨਗਲ ਦੇ ਵਸਾਵਾ ਸਿੰਘ, ਆਲਾ ਸਿੰਘ, ਮਤਾਬ ਸਿੰਘ; ਮਰਹਾਵਾ ਦੇ ਭਗਵਾਨ ਸਿੰਘ (ਅੜਬੰਗੀ); ਖੋਟੇ ਦੇ ਸਮੁੰਦ ਸਿੰਘ ਆਦਿ ਸ਼ਾਮਿਲ ਹਨ। ਪਰ ਨਾਮਧਾਰੀ ਇਤਿਹਾਸਕਾਰ ਜਸਵਿੰਦਰ ਸਿੰਘ ਨੇ ਪੁਸਤਕ 'ਹੁਕਮਨਾਮੇ' (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਗਏ ਅਤੇ ਉਨ੍ਹਾਂ ਤੋਂ ਹੁਕਮਨਾਮੇ ਲਿਆਉਣ ਵਾਲੇ ਸਿੰਘਾਂ ਦੀ ਗਿਣਤੀ ਲਗਭਗ 100 ਦੇ ਕਰੀਬ ਦੱਸੀ ਹੈ।

ਸੰਤ ਬਾਹੋਵਾਲ ਨੇ ਵੀ ਸਤਿਗੁਰੂ ਬਿਲਾਸ ਵਿੱਚ ਇਨ੍ਹਾਂ ਮੁਲਾਕਾਤਾਂ ਦੇ ਬੜੇ ਦਿਲਚਸਪ ਵੇਰਵੇ ਦਿੱਤੇ ਹਨ ਕਿ ਕਿਵੇਂ ਇਹ ਭੇਸ ਬਦਲ-ਬਦਲ ਕੇ ਅਤੇ ਵੱਖ-ਵੱਖ ਸੰਕੇਤਾਂ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਦੇ ਰਹੇ ਅਤੇ ਆਪਣੇ ਨਾਲ ਲਿਆਂਦੀਆਂ ਅਰਦਾਸਾਂ (ਚਿੱਠੀਆਂ) ਸਤਿਗੁਰੂ ਰਾਮ ਸਿੰਘ ਜੀ ਨੂੰ ਪਹੁੰਚਾਉਂਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਲਿਖੇ ਗਏ ਹੁਕਮਨਾਮੇ ਅਤੇ ਮੌਖਿਕ ਸੰਦੇਸ਼ ਲਿਆ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ ਪਹੁੰਚਾਉਂਦੇ ਰਹੇ ਸਨ। ਇਹ ਗੱਲ ਵੀ ਵਰਣਨਯੋਗ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਪਹਿਰੇਦਾਰਾਂ ਅਤੇ ਅਫ਼ਸਰਾਂ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ ਪੰਜਾਬ ਦੇ ਸਮਾਚਾਰਾਂ ਨਾਲ ਸਕਰਮਕ ਤੌਰ ਤੇ ਜੁੜੇ ਰਹੇ ਸਨ। ਇਨ੍ਹਾਂ ਗੁਪਤ ਪੱਤਰਾਂ ਦੇ ਆਦਾਨ-ਪ੍ਰਦਾਨ ਸਦਕਾ ਪੰਜਾਬ ਦੇ ਨਾਮਧਾਰੀਆਂ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਹੋ ਗਿਆ ਸੀ, ਜਿਸ ਬਾਰੇ ਅੰਗਰੇਜ਼ ਸਰਕਾਰ ਵੀ ਬੜੀ ਚੌਕੰਨੀ ਹੋ ਗਈ ਸੀ।

ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ [2*]ਐਲ. ਐਚ. ਗ੍ਰਿਫਿਨ ਨੇ ਜਿਹੜਾ ਪੱਤਰ 12 ਨਵੰਬਰ, 1877 ਨੂੰ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਲਿਖਿਆ, ਉਸ ਤੋਂ ਇਸ ਦੇ ਸਪੱਸ਼ਟ ਪ੍ਰਮਾਣ ਮਿਲ ਜਾਂਦੇ ਹਨ। ਇਸ ਪੱਤਰ ਵਿੱਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਦੀਆਂ ਗੁਰੂ ਰਾਮ ਸਿੰਘ ਅਤੇ ਕੂਕਿਆਂ ਬਾਰੇ ਵੱਧ ਰਹੀਆਂ ਚਿੰਤਾਵਾਂ ਦਾ ਵਰਣਨ ਕੀਤਾ ਗਿਆ ਹੈ ਅਤੇ ਗੁਰੂ

[1*] ਤਾਰਾ ਸਿੰਘ ਅਨਜਾਣ, ਸਭਨਨ ਕੇ ਸਿਰਮੌਰ, ਪੰਨਾ 188-189

[2*] ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ, ਰੇਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ, ਪੰਨਾ 785-786



Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਅਤੇ ਉਨ੍ਹਾਂ ਨਾਲ ਕੂਕਿਆਂ ਦੀਆਂ ਕੀਤੀਆਂ ਜਾ ਰਹੀਆਂ ਮੁਲਾਕਾਤਾਂ ਅਤੇ ਚਿੱਠੀ ਪੱਤਰ ਬਾਰੇ ਵੇਰਵੇ ਸਹਿਤ ਉਲੇਖ ਕੀਤਾ ਗਿਆ ਹੈ। ਇਸ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਗੁਰੂ ਰਾਮ ਸਿੰਘ ਅਤੇ ਉਸਦੇ ਪੈਰੋਕਾਰਾਂ ਵਿੱਚ ਕੀਤੇ ਜਾ ਰਹੇ ਗੁਪਤ ਪੱਤਰ ਵਿਹਾਰ ਤੋਂ ਇਹ ਗੱਲ ਬੜੀ ਚਿੰਤਾ ਵਾਲੀ ਹੈ ਕਿ ਸਰਕਾਰ ਵੱਲੋਂ ਲਾਈਆਂ ਗਈਆਂ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਰਾਮ ਸਿੰਘ ਨਿਰੰਤਰ ਆਪਣੇ ਪੈਰੋਕਾਰਾਂ ਨਾਲ ਚਿੱਠੀ ਪੱਤਰਾਂ ਦਾ ਸਿਲਸਿਲਾ ਜਾਰੀ ਰੱਖ ਰਿਹਾ ਹੈ। ਇਨ੍ਹਾਂ ਚਿੱਠੀ ਪੱਤਰਾਂ ਵਿੱਚੋਂ ਬਹੁਤ ਸਾਰੇ ਗੁਪਤ ਢੰਗ ਨਾਲ ਪੰਜਾਬ ਸਰਕਾਰ ਨੂੰ ਪ੍ਰਾਪਤ ਵੀ ਹੋਏ ਹਨ। ਇਸਦੇ ਫਲਸਰੂਪ ਕੂਕਿਆਂ ਦੀਆਂ ਸਰਗਰਮੀਆਂ ਵੱਧ ਗਈਆਂ ਹਨ ਅਤੇ ਉਨ੍ਹਾਂ ਵੱਲੋਂ ਬਹੁਤ ਸਾਰੀਆਂ ਦਰਖਾਸਤਾਂ ਗੁਰੂ ਰਾਮ ਸਿੰਘ ਨੂੰ ਰਿਹਾਅ ਕਰਨ ਬਾਰੇ ਸਰਕਾਰ ਕੋਲ ਪੁੱਜੀਆਂ ਹਨ। ਇਥੋਂ ਪਤਾ ਲੱਗਦਾ ਹੈ ਕਿ ਗੁਰੂ ਰਾਮ ਸਿੰਘ ਉੱਤੇ ਕੀਤੀ ਜਾਂਦੀ ਨਿਗਰਾਨੀ ਵਿੱਚ ਬੜੀਆਂ ਤਰੁੱਟੀਆਂ ਹਨ। ਉਨ੍ਹਾਂ ਦੇ ਬੰਦੀਖਾਨੇ ਦੇ ਨੇੜੇ ਇੱਕ ਬੈਰਾਗੀ ਫ਼ਕੀਰ ਦਾ ਡੇਰਾ ਹੈ, ਜੋ ਇਨ੍ਹਾਂ ਚਿੱਠੀਆਂ ਨੂੰ ਰੋੜੇ ਜਾਂ ਮਿੱਟੀ ਦੇ ਢੇਲੇ ਵਿੱਚ ਬੰਨ ਕੇ ਅੰਦਰ ਸੁੱਟ ਦਿੰਦਾ ਹੈ ਅਤੇ ਦੂਜੇ ਬੰਨਿਉਂ ਉਸੇ ਤਰ੍ਹਾਂ ਹੀ ਬੱਝੇ-ਬਝਾਏ ਇਨ੍ਹਾਂ ਦੇ ਉੱਤਰ ਉਸ ਬੈਰਾਗੀ ਸਾਧੂ ਕੋਲ ਪਹੁੰਚ ਜਾਂਦੇ ਹਨ, ਜੋ ਅੱਗੋਂ ਇਸ ਉਦੇਸ਼ ਲਈ ਆਏ ਕੂਕਿਆਂ ਦੇ ਹਵਾਲੇ ਕਰ ਦਿੰਦਾ ਹੈ। ਚਿੱਠੀ ਪੱਤਰਾਂ ਦੇ ਆਦਾਨ-ਪ੍ਰਦਾਨ ਦਾ ਇਹ ਢੰਗ ਠੀਕ ਹੈ ਜਾਂ ਗਲਤ, ਪਰ ਇਸ ਦੇ ਸਿੱਟੇ ਵਜੋਂ ਕੂਕਿਆਂ ਵੱਲੋਂ ਕੀਤੀਆਂ ਜਾਂਦੀਆਂ ਕਾਰਵਾਈਆਂ ਵਿੱਚ ਬੜਾ ਵਾਧਾ ਹੋ ਰਿਹਾ ਹੈ। ਲੈਫਟੀਨੈਂਟ ਗਵਰਨਰ ਦੀ ਇਹ ਇੱਛਾ ਹੈ ਕਿ ਚਿੱਠੀ ਪੱਤਰਾਂ ਦੇ ਇਸ ਆਦਾਨ-ਪ੍ਰਦਾਨ ਉੱਤੇ ਪਾਬੰਦੀਆਂ ਵਧੇਰੇ ਸਖ਼ਤੀ ਨਾਲ ਲਾਗੂ ਕੀਤੀਆਂ ਜਾਣ। ਜੇ ਨਿਗਰਾਨੀ ਵਿੱਚ ਲਿਆਂਦੀਆਂ ਤਬਦੀਲੀਆਂ ਤੇ ਹੋਰ ਪਕਿਆਈ ਨਾਲ ਇੱਛਾਪੂਰਵਕ ਨਤੀਜੇ ਨਾ ਨਿਕਲਣ ਤਾਂ ਲੈਫਟੀਨੈਂਟ ਗਵਰਨਰ ਦਾ ਵਿਚਾਰ ਹੈ ਕਿ ਗੁਰੂ ਰਾਮ ਸਿੰਘ ਨੂੰ ਅਦਨ ਜਾਂ ਕਿਸੇ ਹੋਰ ਅਜਿਹੀ ਥਾਂ ਤੇ ਤਬਦੀਲ ਕਰ ਦਿੱਤਾ ਜਾਵੇ, ਜਿੱਥੇ ਉਸ ਉੱਤੇ ਠੀਕ ਢੰਗ ਨਾਲ ਸਖ਼ਤ ਨਿਗਰਾਨੀ ਹੋ ਸਕੇ।

ਸਤਿਗੁਰੂ ਰਾਮ ਸਿੰਘ ਜੀ ਨੇ ਨਾ ਕੇਵਲ ਵਿਦੇਸ਼ੀ ਸਰਕਾਰ ਵਿਰੁੱਧ ਨਾ-ਮਿਲਵਰਤਨ ਲਹਿਰ ਦਾ ਸੰਚਾਲਨ ਕਰਕੇ ਸੁਤੰਤਰਤਾ ਸੰਗਰਾਮ ਵਿੱਚ ਇੱਕ ਨਵੀਂ ਪਰੰਪਰਾ ਨੂੰ ਹੀ ਆਰੰਭ ਕੀਤਾ ਸੀ, ਸਗੋਂ ਉਨ੍ਹਾਂ ਨੇ ਆਪਣੀ ਦੂਰਦਰਸ਼ਤਾ ਅਤੇ ਕਰਨੀ ਰਾਹੀਂ ਇਹ ਵੀ ਦੱਸ ਦਿੱਤਾ ਕਿ ਬੰਦੀ ਜੀਵਨ ਵਿੱਚ ਵੀ ਕਿਵੇਂ ਗੁਪਤ ਢੰਗ ਨਾਲ ਰਾਜਨੀਤਕ ਸੰਗਰਾਮਾਂ ਨੂੰ ਜਾਰੀ ਰੱਖਿਆ ਜਾ ਸਕਦਾ ਹੈ। ਸਤਿਗੁਰੂ ਜੀ ਆਪਣੇ ਪਹਿਲੇ ਪੱਤਰ ਵਿੱਚ ਆਪਣਾ ਨਾਂ ਸਪੱਸ਼ਟ ਕਰਕੇ ਲਿਖ ਦਿੰਦੇ ਸਨ ਅਤੇ ਜਿਸਨੂੰ ਪੱਤਰ ਭੇਜਦੇ ਸਨ, ਉਸਦਾ ਨਾਂ ਵੀ ਦੇ ਦਿੰਦੇ ਸਨ, ਪਰ ਜਦੋਂ ਤੋਂ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਸਾਧਾਰਨ ਪੱਤਰ ਵੀ ਭਾਈ ਬੁੱਧ ਸਿੰਘ ਨੂੰ ਮਿਲਣ



Sri Satguru Jagjit Singh Ji Elibrary NamdhariElibrary@gmail.com

ਨਾ ਦਿੱਤੇ, ਤਾਂ ਉਨ੍ਹਾਂ ਨੇ ਚਿੱਠੀ ਪੱਤਰ ਵਿੱਚ ਆਪਣਾ ਨਾਂ ਬਦਲ ਲਿਆ ਅਤੇ 'ਲਿਖਤੁਮ ਦਿਆਲ ਸਿੰਘ ਜੋਗ ਉਪਮਾ ਭਾਈ ਹਰੀ ਸਿੰਘ' ਲਿਖਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਪੱਤਰਾਂ, ਜਿਨ੍ਹਾਂ ਨੂੰ 'ਹੁਕਮਨਾਮੇ' ਕਰਕੇ ਸਤਿਕਾਰਿਆ ਜਾਂਦਾ ਸੀ, ਵਿੱਚ ਸਤਿਗੁਰੂ ਰਾਮ ਸਿੰਘ ਕਈ ਮਹੱਤਵਪੂਰਨ ਨੁਕਤਿਆਂ ਬਾਰੇ ਆਦੇਸ਼ ਦੇ ਦਿੰਦੇ ਸਨ। ਇੱਥੇ ਹਵਾਲੇ ਵਜੋਂ ਉਨ੍ਹਾਂ ਦੇ ਇੱਕ ਪੱਤਰ ਦਾ ਉਤਾਰਾ ਦਿੱਤਾ ਜਾਂਦਾ ਹੈ, ਜਿਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਰਾਜਨੀਤਕ, ਧਾਰਮਿਕ ਅਤੇ ਵਿਹਾਰਿਕ ਨੀਤੀ ਬਾਰੇ ਕਾਫ਼ੀ ਮਹੱਤਵਪੂਰਨ ਜਾਣਕਾਰੀ ਮਿਲ ਜਾਂਦੀ ਹੈ। [1*]ਪੱਤਰ ਦਾ ਉਤਾਰਾ ਹੇਠਾਂ ਦਿੱਤਾ ਜਾਂਦਾ ਹੈ।

ੴ ਸਤਿਗੁਰ ਪ੍ਰਸਾਦਿ॥

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਤੇ ਜੋਗ ਭਾਈ ਸਮੁੰਦ ਸਿੰਘ ਤੇ ਸਰਮੁਖ ਸਿੰਘ, ਗੁਰਦਿੱਤ ਸਿੰਘ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਭਾਈ ਤੁਸੀਂ ਧਨ ਹੋ, ਤੁਸੀਂ ਸਿੱਖੀ ਦਾ ਕੰਮ ਪੂਰਾ ਕੀਤਾ ਜੋ ਬੜੀ ਦੂਰ ਸਮੁੰਦ੍ਰ ਲੰਘ ਕੇ ਦਰਸ਼ਨ ਦੀਆ ਹੈ। ਮੇਰੇ ਮੈ ਤਾਂ ਗੁਰਿਆਈ ਦਾ ਕੰਮ ਬਾਲ ਜਿਨਾ ਬੀ ਨਹੀਂ ਹੈ।

ਹੋਰੁ ਭਾਈ ਏਥੇ ਦਾ ਹਵਾਲ ਏਹੁ ਹੈ, ਇੱਥੇ ਨੈਣਾ ਸਿੰਘ ਹੁਰੀ ਆਵੇ। ਉਨ੍ਹਾਂ ਨੂ ਅਸੀਂ ਇਕੁ ਹਰਿਦਾਸ ਦਿੱਤੀ। ਹਰਿਦਾਸ ਉਤੋਂ ਉਤਾਰ ਕਰਕੇ ਨੈਣਾ ਸਿੰਘ ਨੇ ਬਹੁਤੇ ਲੋਕਾਂ ਨੂੰ ਦਿੱਤੀ। ਓ ਸਾਰੀ ਬਾਤ ਫਰੰਗੀਆਂ ਨੇ ਸੁਣ ਲਈ। ਫੇਰ ਅੰਮ੍ਰਿਤਸਰ ਵਾਲੇ ਗੋਰੇ ਨੇ ਲਾਟ ਨੂ ਲਿਖਿਆ। ਲਾਟ ਨੇ ਐਥੇ ਵਾਲਿਆ ਨੂੰ ਲਿਖਿਆ ਤੁਸੀਂ ਕਿਆ ਖਬਰਦਾਰੀ ਰੱਖਦੇ ਹੋ, ਰਾਮ ਸਿੰਘ ਤੇ? ਨੈਣਾ ਸਿੰਘ ਅਰਦਾਸ ਲੈ ਗਿਆ ਹੈ। ਦੇਸ ਮੈ ਜਾ ਕੇ ਸਭ ਕੂਕਿਓਂ ਕੋ ਨਕਲ ਉਤਾਰਿ ਉਤਾਰਿ ਦਿੰਦਾ ਹੈ।

ਇੱਥੇ ਸਾਡੇ ਪਾਸ ਇੱਕ ਬਡਾ ਗੋਰਾ ਆ ਕੇ ਪੁੱਛਣ ਲਗਾ ਤੁਮਾਰੇ ਪਾਸ ਨੈਣਾ ਸਿੰਘ ਆਇਆ? ਤੁਮਨੇ ਚਿੱਠੀ ਦਈ? ਅਸੀਂ ਕਹਾ ਨਹੀਂ ਦੇਖਾ ਨੈਣਾ ਸਿੰਘ। ਫੇਰ ਉਹ ਬੋਲਾ ਲਾਟ ਨੇ ਲਿਖਾ ਹੈ ਅਰ ਤੁਮਕੋ ਕਿਤੇ ਦੂਸਰੇ ਟਾਪੂ ਮੈ ਜਾਣਾ ਹੋਊ। ਮੈ ਕਹਾ ਜਿਥੇ ਮਰਜੀ ਹੈ, ਓਥੇ ਲੈ ਜਾਓ, ਤੁਸੀਂ ਆਪਣੇ ਬਚਣ ਦੀ ਬਾਤ ਕਰ ਲਓ। ਜਿਸ ਤਰ੍ਹਾਂ ਤੁਸੀਂ ਬਚੋ ਸੋ ਤੁਸੀਂ ਕਰੋ। ਬੋਲਤਾ ਗਿਆ ਹੈ, ਪਰ ਹਾਲ ਠਹਿਰੇ ਹੋਏ ਹੈਨ। ਅਗੇ ਸੋ ਹੋਊ ਜੋ ਗੁਰੂ ਸਾਹਿਬ ਨੇ ਕਰਨੀ ਹੈ।

ਲਾਟ ਨੇ ਏਨਾ ਨੂੰ ਬਡੀ ਸ਼ਿਮਿੰਦਗੀ ਦਿੱਤੀ ਹੈ, ਏਥੇ ਵਾਲਿਆ ਨੂ। ਏਨਾ ਦੇ ਹੱਥ ਕੋਈ ਬਾਤ ਆਈ ਨਹੀਂ, ਹੁਣ ਬਡਾ ਬੰਦੋਬਸਤ ਕਰਨ ਲੱਗੇ ਹੈ। ਸਾਡੇ ਆਦਮੀ ਦੀ ਸਾਡੀ ਚਿੱਠੀ ਫਕੜਨ ਨੂੰ। ਗੁਰੂ ਸਾਹਿਬ ਈ ਪੜਦੇ ਕਜੇ ਹੈ। ਜੇ ਸਾਡੀ ਚਿੱਠੀ ਫਕੜ ਲੈਣ ਤਾਂ ਏ ਸਾਡੇ ਆਦਮੀ ਨੂੰ ਕੈਦ ਕਰ ਦੇਣਗੇ, ਸਾਨੂ ਕਿ ਜਾਣੇ ਕੇਹੜੇ ਟਾਪੂ ਲੈ ਜਾਣਗੇ। ਏਨਾ ਨੂ ਮੇਰੇ ਸਰੀਰ ਦਾ ਵੱਡਾ ਡਰ ਹੈ। ਮੈਂ ਤਾਂ ਕਿਸੇ ਨੂ

[1*] ਜਸਵਿੰਦਰ ਸਿੰਘ, ਹੁਕਮਨਾਮੇ, ਪੰਨਾ 152-164



Sri Satguru Jagjit Singh Ji Elibrary NamdhariElibrary@gmail.com

ਕੁਛ ਨਹੀਂ ਕੀਤਾ। ਪਿਛੋਂ ਤਾਂ ਲਿਆਏ ਹੈ, ਜੋ ਏਥੋਂ ਰਹਾ ਤਾਂ ਚੌਧੇ ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਏਹ ਡਰ ਹੈ ਭਾਈ ਚਿੱਠੀ ਭੇਜਕੇ ਪਿੱਛੇ ਸੂੜ ਕਰਾ ਦੇਊ, ਏਹੁ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ, ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ। ਏਥੇ ਸਾਨੂੰ ਸੁੱਖ ਵਡਾ ਹੈ, ਅੱਛੀ ਜਗਾ ਹੈ, ਵਿੱਚ ਖੂਹੀ ਹੈ। ਹਵਾ ਬੜੀ ਲੱਗਦੀ ਹੈ। ਭਜਨ ਬਾਣੀ ਗੁਰੂ ਅੱਛਾ ਕਰੌਂਦਾ ਹੈ। ਨ੍ਹਾਉਣ ਦਾ ਬੜਾ ਸੁੱਖ ਹੈ। ਇੱਕ ਦੁੱਖ ਵਡਾ ਹੈ, ਸੰਗਤ ਦੇ ਵਿਛੋੜੇ ਦਾ। ਸੋ ਦੁਖ ਗੁਰੂ ਸਾਹਿਬ ਦੇ ਦੂਰਿ ਕਰਨ ਦਾ ਹੈ। ਗੁਰੂ ਚਾਹੁ ਤਾਂ ਤੁਰੰਤ ਦੂਰਿ ਕਰ ਦੇਊ। ਸੰਗਤ ਨੇ ਬੀ ਬਡੀ ਮਿਹਰਬਾਨੀ ਕੀਤੀ ਹੈ, ਜੋ ਏਨੇ ਭੋਗ ਪਾਠ ਕੀਤੇ ਹੈ, ਮੇਰੇ ਵਾਸਤੇ।

ਅਰੁ ਭਾਈ ਸਮੁੰਦ ਸਿੰਘ ਜੋ ਤੈ ਪਰਉਪਕਾਰ ਕੀਤਾ ਹੈ, ਸੋ ਤਾਂ ਮੇਰੇ ਪਾਸੋਂ ਕਹਾ ਨਹੀਂ ਜਾਂਦਾ ਜੋ ਐਨੇ ਭੋਗ ਪਾਠ ਕਰਾਏ ਮੇਰੇ ਨਿਮਿਤ। ਧੰਨਿ ਤੇਰਾ ਜਨਮੁ ਹੈ। ਗੁਰੂ ਜੀ ਦਾ ਹੁਕਮੁ ਹੈ, ਬਹੁ ਦੁਖ ਪਾਵੈ ਖਾਲਸਾ। ਸੋ ਤਾਂ ਪਾਉਣ ਹੀ ਥਾ ਨਾ। ਐਸਾ ਪ੍ਰਮੇਸਰ ਦਾ ਭਾਣਾ ਵਰਤਿਆ, ਰਾਜੇ ਰਈਅਤਿ ਭੇਖ ਹੋਰ ਲੋਕ ਸਭੇ ਮਾਰ-ਮਾਰ ਕਰਦੇ ਹੈ, ਅਰੁ ਬਹੁਤ ਨਿੰਦਾ ਸੁਣਦੇ ਹਾ ਹੋਇ ਰਹੀ ਹੈ। ਦਮਦਮੀਆਂ ਨੇ ਬੜਾ ਅਧਰਮ ਕੀਤਾ। ਜੋਰਾਬਰੀ ਸੰਗਤ ਨੂੰ ਮਥਾ ਨਾ ਟੇਕਣ ਦਿੱਤਾ। ਅੱਗੇ ਆਪਣੇ ਖਾਲਸੇ ਵਿੱਚ ਤਾਂ ਏਹੁ ਵਰਤਾਰਾ ਵਰਤ ਗਿਆ। ਅੱਜਕਲ੍ਹ ਕੇ ਸਮੇਂ ਮੈਂ। ਪਹਿਲਾਂ ਸਿੱਖਾਂ ਦੀ ਕਿਰਪਾ ਬੀਰ ਸਿੰਘ ਤੇ ਹੋਈ ਫੇਰ ਮਹਾਰਾਜ ਸਿੰਘ ਤੇ ਹੋਈ। ਹੁਣ ਮੇਰੇ ਉੱਤੇ ਸਿੱਖਾਂ ਕੀ ਕਿਰਪਾ ਹੋਈ।

॥

ਹੋਰੁ ਮੋਗਮਈ ਤੇ ਕੋਈ ਚਿੱਠੀ ਨਾ ਲਿਆਉਣੀ। ਸਾਨੂੰ ਲੈਣੀ ਐਥੇ ਮੁਸਕਲ ਹੈ। ਸੁਖਸਾਂਦ ਦੀ ਏਨੀ ਬਾਤ ਬੋਲ ਦੇਣੀ ਤੁਰੇ ਜਾਂਦੇ 'ਅਨੰਦ' ਅਰ ਤੁਸੀਂ ਓਸੇ ਅੰਬ ਹੇਠ ਬੈਠਿਆ ਕਰੋ, ਨੇੜੇ ਨਹੀਂ ਬੈਠਣਾ। ਜਦ ਅਸੀਂ ਪਲਾ ਹਲਾਈਏ ਤਾਂ ਆਇ ਜਾਣਾ। ਬੋਲਣਾ ਨਹੀਂ, ਖੜੇ ਨਹੀਂ ਹੋਣਾ। ਤੁਰੇ ਜਾਂਦੇ ਦਰਸ਼ਨ ਦੇ ਜਾਣਾ। ਭਾਵੇਂ ਬੀਸ ਵਾਰ, ਕੋਈ ਡਰ ਨਹੀਂ। ਏਹੁ ਅਰਦਾਸਾ ਅੱਛੀ ਤਰ੍ਹਾਂ ਸਮਝ ਕੇ ਫੇਰ ਪਾਣੀ ਮੈ ਗਾਲ ਦੇਣੀਆਂ। ਬਾਤਾ ਸਾਰੀਆਂ ਜਾਦ ਰਖਣੀਆਂ ਜੋ ਜੋ ਲਿਖਾ ਹੈ। ਭਾਣਾ ਪਰਮੇਸਰ ਦਾ, ਸਮਾਂ ਹੈ ਨਿਕਲ ਜਾਊਗਾ। ਹਮੇਸ਼ਾਂ ਐਸੀ ਤੰਗੀ ਨਾਮਧਾਰੀਆਂ ਨੂੰ ਨਹੀਂ ਰਹਿਣੀ।

ਅਰ ਜਿਸ ਜਿਸ ਦੀ ਅਰਦਾਸ ਆਈ ਹੈ, ਸੋ ਅਸੀਂ ਅੱਛੀ ਤਰ੍ਹਾਂ ਪੜੀ ਹੈ, ਸਮਝ ਲਈ ਹੈ। ਗੁਰੂ ਜੀ ਨੇ ਤਾਂ ਬੜਾ ਦੁੰਦ ਲਿਖਾ ਹੈ। ਅਗਲਿਆ ਬਰਸਾ ਚਾਲੀਆ ਤਾਈ, ਅੱਗੇ ਗੁਰੂ ਜਾਣੇ। ਅਰ ਭਾਈ ਪਿਰਥੀ ਨੇ ਬੀ ਬੜੀ ਸਿੰਡ ਮਿਟੀ ਚੁੱਕੀ ਹੈ। ਜੁਲਮ ਉੱਤੇ ਲੱਕ ਬੰਨ ਲਿਆ ਹੈ ਭਲੇ ਬੁਰੇ ਨੇ। ਦੇਖੀਏ ਅੱਗੇ ਹੁਣ



Sri Satguru Jagjit Singh Ji Elibrary NamdhariElibrary@gmail.com

ਕੀ ਵਰਤਾਰਾ ਵਰਤਦਾ ਹੈ। ਦਿਨ ਤਾਂ ਪੁੱਜੇ ਹੋਏ ਹੈ, ਅੱਗੇ ਗੁਰੂ ਬੇਅੰਤ ਹੈ ਭਾਈ। ਅਰ ਭਾਈ ਅਸਚਰਜ ਖੇਲ ਰਚਾ ਹੈ ਗੁਰੂ ਨੇ। ਇੱਕ ਤਾਂ ਆਖੇ ਹੈ ਬਡਾ ਅੱਛਾ ਹੈ, ਇੱਕ ਆਖੇ ਹੈ ਜੇ ਬਸ ਲਗੇ ਤਾਂ ਜਾਨੋਂ ਮਾਰ ਦੇਈਏ। ਖ਼ਬਰ ਨਹੀਂ ਕਉਣ ਕਮਲੇ ਕਉਣ ਸਿਆਣੇ ਹੈ।

ਤਪੇ ਨੇ ਸਲਾਹ ਕੀਤੀ ਥੀ ਅਖੇ ਮਾਰ ਦੇਈਏ ਕਲੇ ਬੈਠੇ ਨੂੰ, ਕਲਾਮ ਪੜਦੇ ਨੂੰ। ਸਿਖੀ ਖਰਾਬ ਕਰ ਦਿੱਤੀ। ਫੇਰ ਹਟ ਗਏ, ਦੇਖੋ ਹਟ ਜਾਊਗਾ ਕਲਾਮ ਤੇ, ਕਛਾ ਪੁਆਈਆ ਹੈਨ। ਲੋਕ ਏ ਤਾਂ ਜੀ ਠੀਕ ਅੰਨੇ ਬੋਲੇ ਹੋਇ ਗਏ। ਗੁਰੂ ਜੀ ਦੇ ਬਚਨਾਂ ਨੂੰ ਨਾ ਸੁਣਦੇ ਹੈ ਨਾ ਅੱਖੀਂ ਦਿਸਦਾ ਹੈ। ਦੇਖੋ ਇਹ ਕਲਾਮ ਦਾ ਲਛਣ ਹੈ? ਕਹੇ ਸੁਣੇ ਨੂੰ ਨਹੀਂ ਮੰਨਦੇ। ਏਹ ਕੀ ਕਰਨ? ਗੁਰੂ ਸਾਹਿਬ ਦਾ ਹੁਕਮ ਥੀ ਇੱਕ ਸੰਤ ਖਾਲਸੇ ਅਤੇ ਬਿਨਾਂ ਹੋਰ ਮਲੇਛ ਪੰਥ ਮੈਂ ਮਿਲ ਜਾਵਹਿਗੇ। ਸੋ ਸਭਨਾ ਦਾ ਇੱਕ ਸੁਭਾਉ ਹੋਇ ਗਇਆ ਬਿਲਿਆ ਜੇਹਾ ਹੀ।

ਅੱਗੇ ਮਲੇਛ ਪੰਥ ਦੇ ਨਾਸੁ ਦਾ ਹੁਕਮ ਹੈ। ਸੋ ਸਮਾਂ ਤੇ ਆਇ ਪਹੁੰਚਿਆ ਹੈ ਨੇੜੇ ਹੀ। ਅੱਗੇ ਭਾਈ ਗੁਰੂ ਬਿਅੰਤ ਹੈ। ਏਥੇ ਆ ਕੇ ਸਾਖੀਆਂ ਦੇ ਅਰਥ ਬੀ ਗੁਰੂ ਜੀ ਬਹੁਤ ਮਾਲੂਮ ਕਰਵਾਏ ਹੈਨ। ਹੋਰੁ ਜੀ ਅਰਦਾਸਾਂ ਤਾਂ ਬਹੁਤ ਬਹੁਤ ਲਿਖ ਹੋ ਗਈਆਂ, ਤੁਸਾਂ ਦੇ ਕਹੇ ਮੁਜਬ, ਪਰ ਕੀ ਕਰੀਏ ਅਰਦਾਸ ਦੇਣੀ ਲੈਣੀ ਮੁਸ਼ਕਲ ਹੈ। ਬੜੀ ਕੁਸਾਮਤ ਕਰਕੇ ਦੇਈਦੀ ਹੈ ਜੀ। ਏਨਾ ਨੂੰ ਬੀ ਡਰੁ ਹੈ ਸਾਨੂੰ ਬੀ ਡਰੁ ਹੈ। ਹੋਰ ਨਾ ਤੁਸੀਂ ਲਿਖੋ ਨਾ ਅਸੀਂ ਲਿਖੀਏ। ਦਰਸ਼ਨ ਆਉਂਦੇ ਜਾਂਦੇ ਦਿੰਦੇ ਰਹਿਣਾ।

ਇੱਕ ਬਚਨ ਹੋਰ ਕਹਾ ਹੈ ਗੁਰੂ ਜੀ ਨੇ 'ਵਿਕ੍ਰਮਦਾਇਨ ਅੱਠ ਦਸ ਸਤ ਬੀਤੇ ਜਬ ਸਿਖਾ।' ਏਹੁ ਬੀ ਏਨਾ ਨੂੰ ਕਹਾ ਹੈ, ਅੱਗੇ ਭਾਈ ਗੁਰੂ ਜਾਣੇ। ਦੇਖੋ ਕਰਤਾਰ ਦੇ ਰੰਗ ਤਮਾਸੇ, ਕਰਤਾਰ ਕੀ ਕਰਦਾ ਹੈ। ਹੋਰੁ ਬਹੁਤਾ ਕੀ ਲਿਖੀਏ, ਨਾਮ ਠਾਮ ਤਾਂ ਲਿਖੇ ਨਹੀਂ ਜਾਂਦੇ। ਲਿਖਣੇ ਤੇ ਕਾਗਦ ਬਧ ਜਾਂਦਾ ਹੈ। ਖਾਲਸਾ ਅਨੰਤ ਹੈ, ਨਾਮ ਠਾਮ ਲਿਖੇ ਨਹੀਂ ਜਾਂਦੇ। ਲਗ ਅਖਰ ਆਪ ਸੋਧ ਪੜਨਾ। ਖਾਲਸਾ ਜੀ ਮੇਰੀ ਤਾਂ ਮਤਿ ਅਲਪ ਹੈ। ਹਉ ਤਾ ਮੂਰਖ ਮੁਗਧ ਹਾਂ, ਪਰ ਸ਼ਰਨਿ ਗੁਰੂ ਸਾਹਿਬ ਦੀ ਲਈ ਹੈ। ਅੱਗੇ ਜੋ ਗੁਰੂ ਨੂੰ ਭਾਵੇ। ਗੁਰੂ ਭਾਣੇ ਦਾ ਮਾਲਿਕ ਹੈ। ਅਸੰਖ ਖਤੇ ਬਖਸਣੇ ਜੋਗ ਹੈ, ਪਤਿਤ ਪਾਵਨ ਹੈ। ਏਹੁ ਹਰਿਦਾਸ ਸਾਂਝੇ ਲਿਖੀ ਸਾਰੀ ਸੰਗਤਿ ਦੇ ਬਾਸਤੇ। ਸਿਰੀ ਗੁਰੂ ਜੀ ਸਹਾਈ ਹੋਏ ਸੂਬਤ ਸੰਗਤਿ ਕੋ।

*ਹਰਿਦਾਸ ਦੇਣੀ ਸਿਆਮ ਸਿੰਘ ਨੂੰ।*

ਉਪਰੋਕਤ ਹੁਕਮਨਾਮੇ ਦੇ ਸਰਸਰੀ ਪਾਠ ਤੋਂ ਕਈ ਮਹੱਤਵਪੂਰਨ ਗੱਲਾਂ ਦਾ ਬੋਧ ਹੁੰਦਾ ਹੈ, ਜੋ ਉਸ ਸਮੇਂ ਦੇ ਇਤਿਹਾਸ ਦੇ ਭਿੰਨ-ਭਿੰਨ ਪੱਖਾਂ ਉੱਤੇ ਪ੍ਰਕਾਸ਼ ਪਾਉਂਦੀਆਂ ਹਨ।

ਇਸ ਹੁਕਮਨਾਮੇ ਅਰਥਾਤ ਪੱਤਰ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰੀਵ



Sri Satguru Jagjit Singh Ji Elibrary NamdhariElibrary@gmail.com

ਮਾਨਸਿਕ ਅਤੇ ਆਤਮਕ ਦਸ਼ਾ ਦਾ ਪਤਾ ਚੱਲਦਾ ਹੈ। ਆਪ ਇੱਕ ਬੰਨੇ ਨਾਮਧਾਰੀ ਸੰਗਤ ਦੇ ਵਿਛੋੜੇ ਦੇ ਦੁੱਖ ਨੂੰ ਬੜੀ ਤੀਬਰਤਾ ਨਾਲ ਮਹਿਸੂਸ ਕਰ ਰਹੇ ਸਨ। ਆਪਣੇ ਦੇਸ਼ ਤੋਂ ਦਰਸ਼ਨ ਕਰਨ ਵਾਲੇ ਵਿਅਕਤੀਆਂ ਦੇ ਆਉਣ ਉੱਤੇ ਆਪ ਨੂੰ ਪ੍ਰਸੰਨਤਾ ਤਾਂ ਹੁੰਦੀ ਹੈ, ਪਰ ਨਾਲ ਹੀ ਆਪ ਇਸ ਗੱਲ ਬਾਰੇ ਫਿਕਰਮੰਦ ਹਨ ਕਿ ਇੱਕ ਤਾਂ ਇਹ ਸਿੰਘ ਕਸ਼ਟ ਝੱਲ ਕੇ ਅਤੇ ਕਾਫ਼ੀ ਖਰਚਾ ਕਰਕੇ ਇੱਥੇ ਪਹੁੰਚਦੇ ਹਨ ਅਤੇ ਉਨ੍ਹਾਂ ਨਾਲ ਖੁੱਲ੍ਹ ਕੇ ਵੀ ਗੱਲਬਾਤ ਕਰਨ ਦਾ ਮੌਕਾ ਨਹੀਂ ਮਿਲਦਾ, ਫਿਰ ਵੀ ਆਪ ਨੂੰ ਤਸੱਲੀ ਹੈ ਕਿ ਏਨਾ ਮੁਲਾਕਾਤਾਂ ਨਾਲ ਆਪ ਪੰਜਾਬ ਨਾਲ ਸੰਪਰਕ ਰੱਖ ਰਹੇ ਹਨ ਅਤੇ ਉਨ੍ਹਾਂ ਨੂੰ ਦੇਸ ਵਿੱਚ ਵਾਪਰ ਰਹੀਆਂ ਹਾਲਤਾਂ ਬਾਰੇ ਪਤਾ ਲੱਗਦਾ ਰਹਿੰਦਾ ਹੈ।

ਆਪਣੇ ਬਾਰੇ ਉਨ੍ਹਾਂ ਦਾ ਸ੍ਵੈ ਕਥਨ ਹੈ ਕਿ ਅੰਗਰੇਜ ਸਰਕਾਰ ਉਨ੍ਹਾਂ ਦਾ ਬਾਬਾ ਬੀਰ ਸਿੰਘ ਨੌਰੰਗਾਬਾਦੀ ਅਤੇ ਬਾਬਾ ਮਹਾਰਾਜ ਸਿੰਘ ਜਿੰਨਾ ਭੈਅ ਰੱਖਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਸੰਬੰਧ ਉਹਨਾਂ ਵਿਅਕਤੀਆਂ ਨਾਲ ਦੱਸਿਆ ਹੈ, ਜੋ ਅੰਗਰੇਜ਼ ਸਰਕਾਰ ਦੇ ਵਿਰੋਧੀ ਸਨ। ਆਪ ਨੇ ਇਹ ਕਿਹਾ ਹੈ ਕਿ ਸਰਕਾਰ ਦਾ ਵਿਚਾਰ ਹੈ ਕਿ ਇਹ 1857 ਵਰਗੀ ਗੜਬੜ ਕਰਵਾ ਦੇਵੇਗਾ। ਇਸ ਸੰਬੰਧ ਵਿੱਚ ਆਪ ਨੇ ਦਰਸ਼ਨ ਕਰਨ ਲਈ ਆਉਣ ਵਾਲੇ ਸਿੰਘਾਂ ਨੂੰ ਕੁਝ ਇਸ਼ਾਰੇ ਵੀ ਦੱਸੇ ਹਨ, ਜਿਨ੍ਹਾਂ ਦੀ ਵਰਤੋਂ ਦੁਆਰਾ ਉਹ ਸਤਿਗੁਰੂ ਜੀ ਦੇ ਦਰਸ਼ਨ ਵੀ ਕਰ ਸਕਦੇ ਹਨ ਅਤੇ ਹੁਕਮਨਾਮੇ ਵੀ ਪ੍ਰਾਪਤ ਕਰ ਸਕਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਤੋਂ ਪੁੱਛ-ਗਿੱਛ ਕਰਨ ਲਈ ਆਉਣ ਵਾਲੇ ਅਧਿਕਾਰੀਆਂ ਨੂੰ ਕਹਿ ਦਿੱਤਾ ਸੀ ਕਿ ਉਹ ਆਪ ਜੀ ਨੂੰ ਜਿੱਥੇ ਜੀ ਕਰੇ, ਭੇਜ ਦੇਣ। ਆਪ ਜੀ ਨੇ ਇਹ ਵੀ ਲਿਖਿਆ ਹੈ ਕਿ ਕੁਝ ਆਦਮੀ ਇਹ ਕਹਿੰਦੇ ਹਨ ਕਿ ਇਹ ਬੰਦਾ ਚੰਗਾ ਨਹੀਂ ਹੈ, ਪਰ ਕੁਝ ਕਹਿੰਦੇ ਹਨ ਕਿ ਉਹ ਭਲਾਈ ਦਾ ਕੰਮ ਕਰਦਾ ਹੈ। ਫਿਰ ਸਤਿਗੁਰੂ ਜੀ ਇਹ ਆਸ ਵੀ ਪ੍ਰਗਟ ਕਰਦੇ ਹਨ ਕਿ ਨਾਮਧਾਰੀਆਂ ਉੱਤੇ ਅਜਿਹੇ ਦਿਨ ਸਦਾ ਨਹੀਂ ਰਹਿਣੇ। ਸਮਾਂ ਪਾ ਕੇ ਹਾਲਾਤ ਸੁਖਾਵੇਂ ਹੋ ਜਾਣਗੇ। ਆਪ ਉਨ੍ਹਾਂ ਵਿਅਕਤੀਆਂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਦੇ ਨਮਿਤ ਗ੍ਰੰਥ ਸਾਹਿਬ ਦੇ ਕਈ ਪਾਠ ਕਰਵਾਏ ਹਨ, ਭਾਵੇਂ ਇਸ ਸਮੇਂ ਉਨ੍ਹਾਂ ਨੂੰ ਵਿਅਕਤੀਗਤ ਤੌਰ ਤੇ ਰਾਜਸੀ ਕੈਦੀਆਂ ਵਰਗੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ, ਫਿਰ ਵੀ ਉਨ੍ਹਾਂ ਦੇ ਧਿਆਨ ਦਾ ਕੇਂਦਰ ਸੰਤ ਖਾਲਸੇ ਦਾ ਵਾਧਾ ਅਤੇ ਵਿਕਾਸ ਬਣਿਆ ਹੋਇਆ ਹੈ।

### ਜੇ. ਪੀ. ਬਾਰਬਟਨ ਦੇ ਪੱਤਰ ਦਾ ਹਵਾਲਾ

ਜੇ. ਪੀ. ਬਾਰਬਟਨ ਜੋ ਪਿਛਲੇ ਛੇ ਸਾਲਾਂ ਤੋਂ ਜ਼ਿਲ੍ਹਾ ਲੁਧਿਆਣੇ ਦਾ ਪੁਲਿਸ ਸੁਪਰਡੈਂਟ ਰਿਹਾ ਸੀ, ਨੇ ਜਿਹੜਾ ਅ.ਸ. ਪੱਤਰ ਐਚ.ਐਨ. ਮਿੱਲਰ



Sri Satguru Jagjit Singh Ji Elibrary NamdhariElibrary@gmail.com

ਇੰਸਪੈਕਟਰ ਜਨਰਲ ਪੁਲਿਸ ਨੂੰ ਮਿਤੀ 31 ਅਗਸਤ, 1878 ਨੂੰ ਲਿਖਿਆ, ਉਹ ਵੀ ਐਲ.ਐਚ. ਗ੍ਰਿਫਿਨ ਦੇ ਉਪਰੋਕਤ ਪੱਤਰ ਦੀ ਸਰਕਾਰੀ ਨੀਤੀ ਵਜੋਂ ਪੁਸ਼ਟੀ ਕਰਦਾ ਹੈ। ਇਸ ਪੱਤਰ ਵਿੱਚ ਉਠਾਏ ਗਏ ਕੁਝ ਨੁਕਤੇ ਹੇਠਾਂ ਦਿੱਤੇ ਜਾ ਰਹੇ ਹਨ : ਇਹ ਸੂਚਨਾ ਉਸ ਨੂੰ ਈਸ਼ਰ ਸਿੰਘ ਰਾਹੀਂ ਗੁਰੂ ਰਾਮ ਸਿੰਘ ਜੀ ਦੇ ਪੱਤਰਾਂ ਦੇ ਉਤਾਰਿਆਂ ਤੋਂ ਮਿਲੀ ਹੈ, ਜੋ ਸਰਕਾਰ ਦੇ ਖੁਫੀਆ ਸੂਹੀਏ ਵਜੋਂ ਕੰਮ ਕਰ ਰਿਹਾ ਸੀ। ਇਸ ਲਈ ਬਾਰਬਟਨ ਉਪਰੋਕਤ ਪੱਤਰ ਵਿੱਚ ਦਰਜ ਤੱਥਾਂ ਦੀ ਪ੍ਰਮਾਣਿਕਤਾ ਨੂੰ ਸਹੀ ਮੰਨਦਾ ਹੈ। ਉਸ ਦਾ ਵਿਚਾਰ ਹੈ ਕਿ ਕੂਕਿਆਂ ਉੱਤੇ ਭੈਣੀ ਸਾਹਿਬ ਵਿਖੇ ਲਾਈਆਂ ਗਈਆਂ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਡੇਰੇ ਵਿੱਚ ਹਰੀ ਸਿੰਘ ਦੇ ਦਰਸ਼ਨਾਂ ਨੂੰ ਜਾਣ ਵਾਲੀ ਸੰਗਤ ਇੱਕ ਸਮੇਂ 10 ਤੋਂ ਵੱਧ ਨਾ ਹੋਵੇ ਅਤੇ ਉਨ੍ਹਾਂ ਦੀ ਵੀ ਸਖ਼ਤ ਨਿਗਰਾਨੀ ਕੀਤੀ ਜਾਵੇ। ਫਿਰ ਵੀ ਕੂਕਿਆਂ ਦੀ ਗਿਣਤੀ ਵੱਧ ਰਹੀ ਹੈ।

ਸਖ਼ਤ ਨਿਗਰਾਨੀ ਦੇ ਬਾਵਜੂਦ ਇਨ੍ਹਾਂ ਦੇ ਵਿਚਾਰਾਂ ਦਾ ਆਮ ਲੋਕਾਂ ਉੱਤੇ ਕਾਫ਼ੀ ਪ੍ਰਭਾਵ ਪੈਂਦਾ ਹੈ; ਜਿਨ੍ਹਾਂ ਦਾ ਵਿਚਾਰ ਹੈ ਕਿ ਅੰਗਰੇਜ਼ਾਂ ਦਾ ਰਾਜ ਨਹੀਂ ਰਹੇਗਾ, ਕੂਕਾ ਰਾਜ ਸਥਾਪਿਤ ਹੋਵੇਗਾ।

ਮੇਰੇ ਖਿਆਲ ਵਿੱਚ ਸਾਨੂੰ ਵਧੇਰੇ ਸਾਵਧਾਨੀ ਨਾਲ ਇਸ ਫਿਰਕੇ 'ਤੇ ਨਿਗਰਾਨੀ ਰੱਖਣੀ ਚਾਹੀਦੀ ਹੈ, ਤਾਂ ਜੋ ਇਸ ਬੀਜ ਨੂੰ ਉੱਗਣ ਹੀ ਨਾ ਦਿੱਤਾ ਜਾਵੇ। ਲੁਧਿਆਣੇ ਦੇ ਪਿਛਲੇ ਡੀ.ਸੀ. ਵੇਕਫੀਲਡ ਨੇ ਇਹ ਸੁਝਾਅ ਦਿੱਤਾ ਸੀ ਕਿ ਗੁਰੂ ਹਰੀ ਸਿੰਘ ਪਾਸ ਕਿਸੇ ਨੂੰ ਜਾਣ ਨਾ ਦਿੱਤਾ ਜਾਵੇ, ਪਰ ਇਹ ਗੱਲ ਸਰਕਾਰ ਨੇ ਪ੍ਰਵਾਨ ਨਹੀਂ ਸੀ ਕੀਤੀ। ਕੂਕਿਆਂ ਦੀ ਕਿਸੇ ਵੀ ਕਾਰਵਾਈ ਨੂੰ ਰੋਕਣ ਲਈ ਸਾਨੂੰ ਬੜੀ ਤਕੜਾਈ ਨਾਲ ਨਿਗਰਾਨੀ ਕਰਨੀ ਚਾਹੀਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਚਾਰ ਕੂਕੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਇਹ ਸੂਚਨਾ ਨਾਮਧਾਰੀਆਂ ਨੂੰ ਮੌਖਿਕ ਸੰਦੇਸ਼ ਦੇ ਰੂਪ ਵਿੱਚ ਜਾ ਕੇ ਦਸਦੇ ਹਨ। ਉਹ ਕੇਵਲ ਪੱਕੇ ਨਾਮਧਾਰੀਆਂ ਨੂੰ ਹੀ ਇਹ ਸੂਚਨਾ ਦਿੰਦੇ ਹਨ, ਇਸ ਲਈ ਉਨ੍ਹਾਂ ਦਾ ਭੇਦ ਲੈ ਸਕਣਾ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਕੁਝ ਕੂਕਿਆਂ ਨੂੰ ਖਰੀਦ ਲਿਆ ਜਾਵੇ।

ਬਾਰਬਟਨ ਦੇ ਇਸ ਪੱਤਰ ਤੋਂ ਇਹ ਗੱਲ ਵੀ ਸਿੱਧ ਹੋ ਜਾਂਦੀ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿੱਚ ਸਰਕਾਰੀ ਦਮਨ ਚੱਕਰ ਦੇ ਹੁੰਦਿਆਂ ਹੋਇਆਂ ਵੀ ਕੂਕਾ ਮੱਤ ਨੂੰ ਦਬਾਇਆ ਨਹੀਂ ਸੀ ਜਾ ਸਕਿਆ।

ਕੁਝ ਨਾਮਧਾਰੀ ਸਿੰਘਾਂ ਦਾ ਰੰਗੂਨ ਅਤੇ ਮਰਗੋਈ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਆਉਣ ਤੇ ਹੁਕਮਨਾਮੇ ਲੈ ਕੇ ਆਉਣ ਦੇ ਫਲਸਰੂਪ ਕੂਕਾ ਲਹਿਰ ਵਿੱਚ ਨਵੀਂ ਸ਼ਕਤੀ ਆ ਗਈ ਸੀ।

ਇੱਕ ਹੋਰ ਪੱਤਰ ਵਿੱਚ ਜਿਹੜਾ ਬਾਰਬਟਨ ਨੇ ਜਗਰਾਉਂ ਤੋਂ ਮਿਤੀ 19



Sri Satguru Jagjit Singh Ji Elibrary NamdhariElibrary@gmail.com

ਜੁਲਾਈ, 1879 ਨੂੰ ਡੀ. ਆਈ. ਜੀ. ਅੰਬਾਲਾ ਨੂੰ ਭੇਜਿਆ ਸੀ, ਉਸ ਵਿੱਚ ਉਸ ਨੇ ਇਹ ਲਿਖਿਆ ਸੀ ਕਿ ਪਿੰਡ ਰੋਡੇ, ਥਾਣਾ ਬਾਗਾਪੁਰਾਣਾ, ਫਿਰੋਜ਼ਪੁਰ ਦੇ ਨਾਰਾਇਣ ਸਿੰਘ ਤੋਂ ਉਹ ਕਈ ਪੱਤਰ ਪ੍ਰਾਪਤ ਹੋਏ ਹਨ, ਜੋ ਗੁਰੂ ਰਾਮ ਸਿੰਘ ਨੇ ਬਰਮਾ ਤੋਂ ਭੇਜੇ ਹਨ। ਇਹ ਪੱਤਰ ਅਸਲੀ ਜਾਪਦੇ ਹਨ ਅਤੇ ਇਹ ਗੁਰੂ ਰਾਮ ਸਿੰਘ ਦੇ ਹੱਥਾਂ ਦੇ ਲਿਖੇ ਹੋਏ ਹਨ। ਬਾਰਬਟਨ ਨੂੰ ਇਨ੍ਹਾਂ ਚਿੱਠੀਆਂ ਦੀ ਪ੍ਰਾਪਤੀ ਤੇ ਬੜੀ ਖ਼ੁਸ਼ੀ ਹੋਈ ਹੈ ਅਤੇ ਉਹ ਇਨ੍ਹਾਂ ਨੂੰ ਆਪਣੀ ਵੱਡੀ ਪ੍ਰਾਪਤੀ ਸਮਝਦਾ ਹੈ। ਇਨ੍ਹਾਂ ਵਿੱਚ ਰੂਸ ਅਤੇ ਕਾਬਲ ਦੇ ਸਮਾਚਾਰਾਂ ਦਾ ਵੀ ਜ਼ਿਕਰ ਹੈ। ਵਾਰਬਟਨ ਇਸ ਗੱਲ ਤੇ ਖ਼ੁਸ਼ੀ ਮਨਾਉਂਦਾ ਹੈ ਕਿ ਹੁਣ ਰੂਸ ਤੇ ਤੁਰਕੀ ਦੀ ਲੜਾਈ ਖ਼ਤਮ ਹੋ ਗਈ ਹੈ ਅਤੇ ਕਾਬਲ ਨਾਲ ਅੰਗਰੇਜ਼ਾਂ ਦੀ ਸੁਲਹ ਹੋ ਗਈ ਹੈ।

### ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਭੇਜਣਾ

ਜਦੋਂ ਤੋਂ ਨਾਮਧਾਰੀ ਸੰਗਤ ਅਤੇ ਸਤਿਗੁਰੂ ਹਰੀ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਹੋਣ ਬਾਰੇ 1875 ਵਿੱਚ ਜਾਣਕਾਰੀ ਮਿਲੀ, ਉਸ ਸਮੇਂ ਤੋਂ ਹੀ ਗੁਪਤ ਅਤੇ ਪ੍ਰਗਟ ਢੰਗ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਸਿੱਕ ਬੜੀ ਪ੍ਰਬਲ ਹੋ ਗਈ ਸੀ ਅਤੇ ਨਾਮਧਾਰੀ ਇਤਿਹਾਸਕਾਰਾਂ ਦੀ ਖੋਜ ਅਨੁਸਾਰ 80 ਤੋਂ 100 ਦੇ ਦਰਮਿਆਨ ਸਿੰਘ ਉਨ੍ਹਾਂ ਦੇ ਦਰਸ਼ਨਾਂ ਨੂੰ ਰੰਗੂਨ ਪਹੁੰਚੇ ਸਨ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨਾਲ ਮੁਲਾਕਾਤ ਕਰਨ ਅਤੇ ਪੰਜਾਬ ਨਾਲ ਤਾਲਮੇਲ ਰੱਖਣ ਦੀ ਸਖ਼ਤ ਮਨਾਹੀ ਸੀ। ਇਸ ਲਈ ਇਨ੍ਹਾਂ ਮੁਲਾਕਾਤੀਆਂ ਵਿੱਚੋਂ ਕਈ ਦਰਸ਼ਨਾਰਥੀ ਗ੍ਰਿਫਤਾਰ ਵੀ ਕੀਤੇ ਗਏ ਅਤੇ ਉਨ੍ਹਾਂ ਉੱਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਕੈਦਾਂ ਵੀ ਕਟਣੀਆਂ ਪਈਆਂ। ਫ਼ਰੀਦਕੋਟ ਦੇ ਹਰਨਾਮ ਸਿੰਘ ਅਤੇ ਉਸਦੀ ਪਤਨੀ ਚੰਦੋਂ ਨੂੰ ਜੋ ਪੰਜਾਬ ਸਰਕਾਰ ਦੀ ਆਗਿਆ ਨਾਲ ਗਏ ਸਨ, ਨੂੰ ਵੀ ਬਿਨਾਂ ਸਤਿਗੁਰੂ ਜੀ ਦੇ ਦਰਸ਼ਨ ਕੀਤਿਆਂ ਗ੍ਰਿਫਤਾਰ ਕਰਕੇ ਕਲਕੱਤੇ ਵਾਪਿਸ ਭੇਜ ਦਿੱਤਾ ਗਿਆ ਸੀ। 1880 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲ ਕੇ ਆਉਂਦੇ ਧੰਨਾ ਸਿੰਘ ਗੁਮਟੀ ਵਾਲੇ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸਦੀ ਜਾਮਾ ਤਲਾਸ਼ੀ ਸਮੇਂ ਸਤਿਗੁਰਾਂ ਜੀ ਦੇ ਦੋ ਪੱਤਰ ਨਿਕਲੇ।

ਕਈ ਹੋਰ ਸਿੰਘਾਂ ਦੇ ਰੰਗੂਨ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਉਣ ਤੇ ਉਨ੍ਹਾਂ ਦੇ ਹੁਕਮਨਾਮੇ ਲੈ ਕੇ ਆਉਣ ਨਾਲ ਪੰਜਾਬ ਸਰਕਾਰ ਦੀ ਚਿੰਤਾ ਹੋਰ ਵੀ ਵੱਧ ਗਈ। ਉਸਨੇ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਲਿਖਿਆ ਕਿ ਗੁਰੂ ਰਾਮ ਸਿੰਘ ਉੱਤੇ ਨਿਗਰਾਨੀ ਅਤੇ ਪਹਿਰੇ ਹੋਰ ਸਖ਼ਤ ਕਰ ਦਿੱਤੇ ਜਾਣ। ਪੁਲਿਸ ਮੁਲਾਜ਼ਮਾਂ ਦੀ ਥਾਂ ਫ਼ੌਜੀ ਪਹਿਰਾ ਲੱਗਾ ਦਿੱਤਾ ਗਿਆ। 1878 ਤੋਂ ਹੀ ਪੰਜਾਬ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਕਿਸੇ ਅਜਿਹੇ



Sri Satguru Jagjit Singh Ji Elibrary NamdhariElibrary@gmail.com

ਸਥਾਨ ਤੇ ਭੇਜਣ ਲਈ ਸਿਫਾਰਿਸ਼ ਕਰ ਰਹੀ ਸੀ, ਜਿੱਥੇ ਉਨ੍ਹਾਂ ਦੇ ਪੰਜਾਬ ਵਾਸੀਆਂ ਨਾਲ ਕੋਈ ਸ਼ੰਬੰਧ ਚਿੱਠੀ ਪੱਤਰ ਜਾਂ ਮੇਲ ਮੁਲਾਕਾਤਾਂ ਸੰਭਵ ਨਾ ਹੋ ਸਕਣ। ਨਿਕੋਬਾਰ ਅਤੇ ਕਈ ਹੋਰ ਥਾਵਾਂ ਦੇ ਸੁਝਾਵਾਂ ਤੇ ਵਿਚਾਰ ਕਰਨ ਪਿਛੋਂ ਆਪ ਨੂੰ ਬਰਮਾ ਦੇ ਟਾਪੂ ਮਰਗੋਈ ਭੇਜਣ ਦਾ ਫ਼ੈਸਲਾ ਕੀਤਾ ਗਿਆ, ਪਰ ਮਰਗੋਈ ਜੇਲ੍ਹ ਵਿੱਚ ਉਨ੍ਹਾਂ ਦੀ ਰਿਹਾਇਸ਼ ਲਈ ਨਵੀਂ ਇਮਾਰਤ ਬਣਾਉਣ ਤੇ ਪਹਿਰੇਦਾਰਾਂ ਦੇ ਪ੍ਰਬੰਧ ਕਰਨ ਉੱਤੇ ਕਈ ਸਾਲ ਲੱਗ ਗਏ। ਆਖਿਰ 18 ਸਤੰਬਰ, 1880 ਨੂੰ ਆਪ ਜੀ ਨੂੰ 'ਅਨੰਦਾ' ਨਾਂ ਦੇ ਸਮੁੰਦਰੀ ਜਹਾਜ਼ ਵਿੱਚ ਬਿਠਾ ਕੇ ਭਾਈ ਨਾਨੂੰ ਸਿੰਘ ਸਮੇਤ ਮਰਗੋਈ ਨੂੰ ਤੋਰ ਦਿੱਤਾ ਗਿਆ। 21 ਸਤੰਬਰ 1880 ਨੂੰ ਆਪ ਮਰਗੋਈ ਜੇਲ੍ਹ ਦੇ ਬਾਹਰਵਾਰ ਬਣੇ ਨਵੇਂ ਬੰਗਲੇ ਵਿੱਚ ਪਹੁੰਚ ਗਏ। ਸਤਿਗੁਰੂ ਜੀ ਦੇ ਮਰਗੋਈ ਭੇਜਣ ਬਾਰੇ ਸਮਾਚਾਰ ਨੂੰ ਬਿਲਕੁਲ ਗੁਪਤ ਰੱਖਿਆ ਗਿਆ ਅਤੇ ਇਸ ਦੀ ਦੂਜੇ ਕੰਨੀ ਭਿਣਕ ਵੀ ਨਾ ਪੈਣ ਦਿੱਤੀ ਗਈ। [1*]"ਮਰਗੋਈ ਜੇਲ੍ਹ ਦੇ ਇੱਕ ਪਾਸੇ ਬਾਗ ਵਾਲੀ ਥਾਂ ਆਪ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਉਚੇਚਾ 30" ਲੰਮੀ 10' ਚੌੜੀ ਥਾਂ ਛਤੀ ਗਈ, ਜਿਸ ਵਿੱਚ ਇੱਕ ਕਮਰਾ, ਬਰਾਂਡਾ, ਰਸੋਈ, ਪਖਾਨਾ, ਗੁਸਲਖਾਨਾ ਆਦਿ ਅਤੇ ਦੁਆਲੇ ਉੱਚਾ ਜੰਗਲਾ ਬਣਾਏ ਗਏ। ਇਸ ਉੱਤੇ ਉਸ ਸਮੇਂ ਦੀ ਸਰਕਾਰ ਦੇ 3783 ਰੁਪਏ ਖਰਚ ਆਏ। ਸਤਿਗੁਰਾਂ ਦੀ ਨਿਗਰਾਨੀ ਲਈ 7 ਸਿਪਾਹੀ ਤਾਇਨਾਤ ਕੀਤੇ ਗਏ, ਉਨ੍ਹਾਂ ਦਾ ਸਾਲਾਨਾ ਖ਼ਰਚ ਉਸ ਸਮੇਂ ਮੁਤਾਬਿਕ 1052 ਰੁਪਏ ਸੀ।" ਇਨ੍ਹਾਂ ਵਿੱਚ ਗੋਰੇ ਅਧਿਕਾਰੀ ਵੀ ਸ਼ਾਮਿਲ ਸਨ। ਮਰਗੋਈ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਕੋਈ ਵੀ ਪੰਜਾਬੀ ਇੱਥੇ ਨਾ ਆ ਸਕੇ ਜੇਕਰ ਕੋਈ ਆਵੇ ਤਾਂ ਉਸ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ ਜਾਵੇ। ਇੱਥੇ ਹੀ ਆਪ 1885 ਤੱਕ ਰੱਖੇ ਗਏ।

ਸੰਤ ਸੰਤੋਖ ਸਿੰਘ ਬਾਹੋਵਾਲ ਨੇ ਉਨ੍ਹਾਂ ਦੇ ਮਰਗੋਈ ਦੀ ਨਜ਼ਰਬੰਦੀ ਦੇ ਕਈ ਬੜੇ ਰੋਚਕ ਵੇਰਵੇ ਦਿੱਤੇ ਹਨ। ਪਰ ਨਾਮਧਾਰੀ ਸਿੰਘਾਂ ਦੀ ਦ੍ਰਿੜ੍ਹਤਾ, ਸਿਰੜ ਅਤੇ ਕੁਰਬਾਨੀ ਦੀ ਵੀ ਤਾਰੀਫ ਕਰਨੀ ਬਣਦੀ ਹੈ, ਜਿਨ੍ਹਾਂ ਨੇ ਉੱਥੇ ਜਾ ਕੇ ਵੀ ਸਤਿਗੁਰੂ ਜੀ ਦੇ ਦਰਸ਼ਨ ਜਾ ਕੀਤੇ। ਇਹ ਸਿੰਘ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਤਾ ਹੁੰਦੇ ਹੀ ਸਨ, ਪਰ ਇਨ੍ਹਾਂ ਦੇ ਪਿੱਛੇ ਸਤਿਗੁਰੂ ਹਰੀ ਸਿੰਘ ਅਤੇ ਨਾਮਧਾਰੀ ਸੰਗਤ ਦਾ ਇੱਕ ਮੁੱਖ ਉਦੇਸ਼ ਪੰਜਾਬ ਬਾਰੇ ਸਤਿਗੁਰੂ ਜੀ ਨੂੰ ਜਾਣਕਾਰੀ ਪਹੁੰਚਾਉਣਾ ਅਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮੌਖਿਕ ਆਦੇਸ਼ਾਂ ਅਤੇ ਲਿਖਤੀ ਹੁਕਮਨਾਮਿਆਂ ਨੂੰ ਲੈ ਕੇ ਆਉਣ ਦਾ ਵੀ ਹੁੰਦਾ ਸੀ।

ਸਤਿਗੁਰੂ ਹਰੀ ਸਿੰਘ ਜੀ ਨੂੰ ਜਦੋਂ ਇਹ ਪਤਾ ਲੱਗਾ ਕਿ ਸਤਿਗੁਰੂ ਰਾਮ

[1*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 190-191



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਨੂੰ ਰੰਗੂਨ ਤੋਂ ਕਿਸੇ ਹੋਰ ਅਗਿਆਤ ਥਾਂ ਉੱਤੇ ਭੇਜ ਦਿੱਤਾ ਗਿਆ ਹੈ ਤਾਂ ਉਨ੍ਹਾਂ ਦੇ ਮਨ ਵਿੱਚ ਇਹ ਚਿੰਤਾ ਹੋਈ ਕਿ ਸਤਿਗੁਰੂ ਜੀ ਦੀ ਸੂਹ ਕੱਢੀ ਜਾਵੇ ਕਿ ਫ਼ਰੰਗੀ ਉਨ੍ਹਾਂ ਨੂੰ ਕਿੱਥੇ ਲੈ ਗਏ ਹਨ।

ਸੰਤ ਸੰਤੋਖ ਸਿੰਘ ਥਾਹੋਵਾਲ ਨੇ ਆਪਣੇ ਸਤਿਗੁਰੂ ਬਿਲਾਸ ਵਿੱਚ ਇਸ ਘਟਨਾ ਦੇ ਪੂਰੇ-ਪੂਰੇ ਵੇਰਵੇ ਦਿੱਤੇ ਹਨ ਕਿ ਕਿਸ ਤਰ੍ਹਾਂ ਸੰਤ ਮੀਹਾਂ ਸਿੰਘ ਅਤੇ [1*]ਨਰੈਣ ਸਿੰਘ ਸਤਿਗੁਰੂ ਹਰੀ ਸਿੰਘ ਜੀ ਦੀ ਆਗਿਆ ਨਾਲ ਰੰਗੂਨ ਪੁੱਜ ਗਏ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਟਾਪੂ ਵਿੱਚ ਦਰਸ਼ਨ ਕਰਨ ਵਿੱਚ ਸਫ਼ਲ ਹੋ ਗਏ ਸਨ।

ਜਦੋਂ ਇਹ ਦੋਵੇਂ ਦਰਸ਼ਨਾਰਥੀ ਰੰਗੂਨ ਪੁੱਜੇ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੇ ਉਸ ਬੰਗਲੇ ਦੇ ਦਰਸ਼ਨ ਕੀਤੇ, ਜਿੱਥੇ ਉਨ੍ਹਾਂ ਨੂੰ ਕਈ ਸਾਲ ਨਜ਼ਰਬੰਦ ਰੱਖਿਆ ਗਿਆ ਸੀ। ਕੁਝ ਪੰਜਾਬੀ ਸਿੰਘਾਂ ਨੂੰ ਮਿਲ ਕੇ ਉਹ ਇੱਕ ਹੌਲਦਾਰ ਨੂੰ ਮਿਲਣ ਵਿੱਚ ਸਫ਼ਲ ਹੋ ਗਏ, ਜਿਸਨੇ ਉਨ੍ਹਾਂ ਨੂੰ ਇੱਕ ਅਜਿਹੇ ਸਿਪਾਹੀ ਦੀ ਦੱਸ ਪਾਈ, ਜੋ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਲਿਜਾਉਣ ਵਾਲੀ ਪਹਿਰੇ ਵਾਲੇ ਗਾਰਦ ਵਿੱਚ ਸ਼ਾਮਿਲ ਸੀ; ਭਾਵੇਂ ਉਸ ਨੂੰ ਵੀ ਸਖ਼ਤ ਹਦਾਇਤ ਸੀ ਕਿ ਇਸ ਗੱਲ ਦੀ ਸੂਹ ਨਾ ਕੱਢੀ ਜਾਵੇ, ਪਰ ਉਸ ਪਹਿਰੇਦਾਰ ਨੇ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਭੇਜਣ ਬਾਰੇ ਦੱਸ ਦਿੱਤਾ। ਇਹ ਦੋਵੇਂ ਵਿਅਕਤੀ ਮੌਲਮੀਨ ਤੋਂ ਹੁੰਦੇ ਹੋਏ ਸਮੁੰਦਰੀ ਜਹਾਜ਼ ਵਿੱਚ ਸਵਾਰ ਹੋ ਕੇ 24 ਜਨਵਰੀ, 1881 ਨੂੰ ਮਰਗੋਈ ਪਹੁੰਚ ਗਏ। ਮਰਗੋਈ ਦੇ ਅੰਗਰੇਜ਼ ਅਧਿਕਾਰੀਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਉੱਥੇ ਆਉਣ ਪਿਛੋਂ ਇਹ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਕਿਸੇ ਵੀ ਪੰਜਾਬੀ ਨੂੰ ਮਰਗੋਈ ਨਾ ਆਉਣ ਦਿੱਤਾ ਜਾਵੇ ਅਤੇ ਜੇਕਰ ਕੋਈ ਆ ਜਾਵੇ ਤਾਂ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਵਾਪਿਸ ਭੇਜ ਦਿੱਤਾ ਜਾਵੇ। ਇਨ੍ਹਾਂ ਦੋਹਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਅਤੇ ਰਾਤ ਹਵਾਲਾਤ ਵਿੱਚ ਰੱਖ ਕੇ ਪੁੱਛ-ਗਿੱਛ ਕੀਤੀ ਕਿ ਉਹ ਇੱਥੇ ਕਿਉਂ ਆਏ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਨੌਕਰੀ ਦੀ ਭਾਲ ਵਿੱਚ ਇੱਥੇ ਆਏ ਹਾਂ। ਸਾਨੂੰ ਰੰਗੂਨ ਤੋਂ ਪਤਾ ਲੱਗਾ ਹੈ ਕਿ ਮਰਗੋਈ ਦੇ ਟਾਪੂ ਵਿੱਚ ਨੌਕਰੀ ਮਿਲ ਸਕਦੀ ਹੈ ਅਤੇ ਉਥੋਂ ਦੇ ਅਧਿਕਾਰੀ ਪੰਜਾਬੀਆਂ ਨੂੰ ਖੁਸ਼ ਹੋ ਕੇ ਰੱਖਦੇ ਹਨ। ਉਨ੍ਹਾਂ ਨੂੰ ਦੱਸਿਆ ਗਿਆ ਕਿ ਪੰਜਾਬੀਆਂ ਨੂੰ ਇੱਥੇ ਰਹਿਣ ਦਾ ਹੁਕਮ ਨਹੀਂ ਹੈ। ਤੁਹਾਨੂੰ ਵਾਪਸ ਜਹਾਜ਼ ਰਾਹੀਂ ਕਲਕੱਤੇ ਭੇਜ ਦਿੱਤਾ ਜਾਵੇਗਾ।

ਮਰਗੋਈ ਵਿੱਚ ਪਹੁੰਚ ਕੇ ਉਨ੍ਹਾਂ ਨੂੰ ਇੱਕ ਬੰਗਾਲੀ ਤੋਂ ਪਤਾ ਲੱਗਾ ਕਿ ਇੱਥੇ

[1*] ਹਿਸਟੋਰੀਅਨ ਜਸਵਿੰਦਰ ਸਿੰਘ, ਸੰਪਾਦਕ ਸਤਿਗੁਰੂ ਬਿਲਾਸ ਅਤੇ ਹੁਕਮਨਾਮੇ ਅਨੁਸਾਰ ਇਹ ਦੂਜਾ ਵਿਅਕਤੀ ਨਰੈਣ ਸਿੰਘ ਨਹੀਂ ਸਗੋਂ ਸੰਤ ਸਿੰਘ ਸੀ।



Sri Satguru Jagjit Singh Ji Elibrary NamdhariElibrary@gmail.com

ਕੇਵਲ ਤਿੰਨ ਪੰਜਾਬੀ ਹੀ ਹਨ; ਇੱਕ ਦਾ ਨਾਮ ਸਾਹਿਬ ਸਿੰਘ ਹੈ, ਜੋ ਇੱਥੇ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ ਅਤੇ ਕੁਝ ਮਹੀਨਿਆਂ ਤੋਂ 2 ਹੋਰ ਪੰਜਾਬੀ ਇੱਥੇ ਆਏ ਹਨ। ਮੀਹਾਂ ਸਿੰਘ ਅਤੇ ਨਰੈਣ ਸਿੰਘ (ਜਾਂ ਸੰਤ ਸਿੰਘ) ਉਸ ਬੰਗਾਲੀ ਦੇ ਦੱਸਣ ਉੱਤੇ ਸਾਹਿਬ ਸਿੰਘ ਦੇ ਮਕਾਨ ਤੇ ਪੁੱਜ ਗਏ, ਜਿਸ ਨੇ ਉਨ੍ਹਾਂ ਦੀ ਰਾਤ ਖ਼ੂਬ ਸੇਵਾ ਕੀਤੀ। ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਨ ਦਾ ਵੀ ਪਤਾ ਲੱਗ ਗਿਆ ਸੀ, ਜਿੱਥੇ ਗਾਰਦ ਦਾ ਸਖ਼ਤ ਪਹਿਰਾ ਨਿਰੰਤਰ ਰਹਿੰਦਾ ਸੀ। ਤੁਰੇ ਜਾਂਦਿਆਂ ਨੂੰ ਹੌਲਦਾਰ ਨੇ ਵੇਖ ਲਿਆ ਅਤੇ ਗੋਰੇ ਅਫ਼ਸਰ ਦੇ ਸਾਹਮਣੇ ਜਾ ਪੇਸ਼ ਕੀਤਾ। ਉਸ ਨੂੰ ਪੁੱਛਿਆ ਕਿ ਤੁਸੀਂ ਇੱਥੇ ਕਿਉਂ ਆਏ ਹੋ? ਉਨ੍ਹਾਂ ਕਿਹਾ ਕਿ ਨੌਕਰੀ ਦੀ ਖ਼ਾਤਰ ਆਏ ਹਾਂ। ਛੋਟੇ ਅੰਗਰੇਜ਼ ਅਧਿਕਾਰੀ ਨੇ ਉਨ੍ਹਾਂ ਨੂੰ ਵੱਡੇ ਗੋਰੇ ਅਧਿਕਾਰੀ ਦੇ ਪੇਸ਼ ਕੀਤਾ।

ਇਸ ਯਾਤਰਾ ਦੇ ਕੁਝ ਅਗਲੇ ਸਮਾਚਾਰ ਸੰਤ ਬਾਹੋਵਾਲ ਦੇ ਸ਼ਬਦਾਂ ਵਿੱਚ ਹੀ ਦਿੱਤੇ ਜਾ ਰਹੇ ਹਨ :

[1*]"ਏਤਨੇਂ ਮੈ ਬਡਾ ਫਰੰਗੀ ਆਇ ਗਿਆ। ਤਾਂ ਉਸਨੇ ਕਿਹਾ ਕਿ ਕੀ ਮਾਂਗਤਾ ਹੈ ? ਸਿੰਘ ਨੇ ਕਿਹਾ ਸੇਰ ਆਟਾ ਮਾਂਗਤਾ ਹੈਂ ਕਿ ਸਾਡੀ ਨੌਕਰੀ ਹੋਈ ਜਾਵੇ। ਉਸ ਨੇ ਕਿਹਾ ਕਿ ਨੌਕਰੀ ਨਾ ਮਿਲੇਗੀ। ਮੀਹਾਂ ਸਿੰਘ ਨੇ ਕਹਾ ਕਿ ਅਸੀਂ ਬੇਖ਼ਰਚ ਹੈ। ਫਰੰਗੀ ਨੇ ਕਿਹਾ ਰੰਗੂਨ ਨਾ ਮਿਲੀ ਨੌਕਰੀ ? ਕਹਾ ਕਿ ਰੰਗੂਨ ਮੈ ਜਗਾ ਖਾਲੀ ਨਹੀਂ ਹੈ। ਫਰੰਗੀ ਨੇ ਫੇਰ ਕਹਾ ਮੋਲਮੀਣ ਨਾ ਮਿਲੀ ? ਕਹਾ ਕਿ ਨਾ ਮਿਲੀ। ਫਰੰਗੀ ਨੇ ਕਿਹਾ ਕਿ ਪੰਜਾਬ ਕੇ ਉਮੈਦਵਾਰਾਂ ਸੇ ਪੁੱਛਿਆ ਸੀ। ਉਨ੍ਹਾਂ ਨੇ ਕਿਹਾ ਕਿ ਏਥੇ ਜਗ੍ਹਾ ਨਹੀਂ ਹੈ। ਏਕ ਹੌਲਦਾਰ ਹਿੰਦੁਸਤਾਨੀ ਥਾ। ਤਿਸਨੇ ਸਾਨੂੰ ਦਸ ਪਾਈ ਕਿ ਮਰਗੋਈ ਕੇ ਟਾਪੂ ਵਾਲਾ ਫਰੰਗੀ ਚਾਹ ਕੇ ਰੱਖਦਾ ਹੈ ਪੰਜਾਬੀ ਆਦਮੀ ਕੋ। ਨਮਾਂ ਟਾਪੂ ਹੈ ਓਥੇ ਜਾਵੋ। ਏਸ ਵਾਸਤੇ ਨਾਮ ਸੁਣਕੇ ਆਏ ਹੈਂ; ਅਗੇ ਜੋ ਰਜਾਇ ਹੈ ਧੁਆਡੀ ਸੋ ਕਰੋ। ਆਪਣੀ ਕਚੈਹਰੀ ਮੇਂ ਲੈ ਗਿਆ ਸਿੰਘਾਂ ਨੂੰ। ਨਾਮ, ਜ਼ਿਲ੍ਹਾ, ਪਿੰਡ ਸਭ ਲਿਖ ਲਿਆ। ਫਰੰਗੀ ਨੇ ਕਿਹਾ ਕਿ ਤੁਮ ਕੋ ਮਾਲੂਮ ਹੈ ਕਿ ਯਹਾ ਨੌਕਰੀ ਕਿਉਂ ਨਹੀਂ ਮਿਲਦੀ? ਸਿੰਘਾਂ ਨੇ ਕਿਹਾ ਜੀ ਸਾਨੂੰ ਨਹੀਂ ਮਾਲੂਮ। ਫਰੰਗੀ ਨੇ ਕਿਹਾ ਕਿ ਜਿਸ ਰੋਜ਼ ਸੇ ਰਾਜਾ ਰਾਮ ਸਿੰਘ ਪੰਜਾਬ ਕਾ ਏਸ ਜਗ੍ਹਾ ਆਇਆ ਹੈ। ਓਸ ਦਿਨ ਤੇ ਪੰਜਾਬੀ ਆਦਮੀ ਕੋ ਹੁਕਮ ਨਹੀਂ ਰੱਖਣੇ ਕਾ। ਨਾ ਪੰਜਾਬੀ ਕੋ ਔਣੇਂ ਕਾ ਹੁਕਮ ਹੈ, ਏਸ ਟਾਪੂ ਮੈ। ਤੁਮਕੋ ਮਲੂਮ ਹੈ ਕਿ ਨਹੀਂ? ਤੁਮ ਜਾਨਤੇ ਹੋ। ਸਿੰਘਾਂ ਨੇ ਕਹਾ ਕਿ ਅਸੀਂ ਨਹੀਂ ਜਾਣਦੇ ਹੈਂ। ਫਰੰਗੀ ਨੇ ਕਿਹਾ ਤੁਮਨੇ ਉਸ ਕੇ ਸਾਥ ਬਾਤ ਕਰੀ ਤਾਂ ਤੁਮ ਕੋ ਭੀ ਓਸ ਕੇ ਸਾਥ ਰਹਿਣਾ ਪੜੇਗਾ। ਕਹਾ ਕਿ ਅਸੀਂ ਕਿਓਂ ਜਾਣਾ ਹੈ ਓਧਰ। ਸਰਕਾਰ ਕੀ ਹੁਕਮ ਅਦੂਲੀ ਨਹੀਂ ਕਰਨੀ। ਫਰੰਗੀ ਨੇ ਕਿਹਾ ਕਿ ਕਲ੍ਹ ਕੋ ਦਸ ਵਜੇ ਕਲਕੱਤੇ ਵਾਲੇ ਜਹਾਜ

[1*] ਹੱਥ ਲਿਖਤ ਖਰੜਾ, ਸਤਿਗੁਰੂ ਬਿਲਾਸ, ਪੰਨਾ 435



Sri Satguru Jagjit Singh Ji Elibrary NamdhariElibrary@gmail.com

ਮੈ ਬਠਾਏ ਜਾਮੋਂਗੇ। ਸਰਕਾਰ ਕਰਾਇਆ ਦੇਵੇਗੀ।"

ਮੀਹਾਂ ਸਿੰਘ ਦੇ ਮਨ ਵਿੱਚ ਤੌਖਲਾ ਹੋਇਆ ਕਿ ਜੇਕਰ ਉਹ ਸਾਨੂੰ ਕੱਲ੍ਹ ਨੂੰ ਵਾਪਿਸ ਭੇਜ ਦੇਣਗੇ ਤਾਂ ਸਾਡਾ ਇੱਥੇ ਆਉਣਾ ਵਿਅਰਥ ਹੋਵੇਗਾ। ਉਸਨੇ ਸਤਿਗੁਰੂ ਜੀ ਦੇ ਚਰਨਾਂ 'ਤੇ ਅਰਦਾਸ ਕੀਤੀ। ਅਕਾਲ ਪੁਰਖ, ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਬਖਸ਼ਿਸ਼ ਕਰੋ। ਉਹ ਭੇਸ ਬਦਲ ਕੇ ਬਜ਼ਾਰ ਵੱਲ ਚਲਿਆ ਗਿਆ। ਪੁਲਿਸ ਵਾਲਾ ਹੌਲਦਾਰ ਵੀ ਉਸਦੇ ਮਗਰ-ਮਗਰ ਜਾ ਰਿਹਾ ਸੀ। ਕਦੀ ਉਹ ਬਜ਼ਾਰ ਵਿੱਚ ਕੁਝ ਖਰੀਦਣ ਦਾ ਭੁਲਾਵਾ ਦਿੰਦਾ, ਕਦੀ ਕੁਝ। ਕਦੀ ਕਿਸੇ ਹੋਰ ਦੁਕਾਨ ਤੇ ਜਾ ਖਲੌਂਦਾ। ਜਦ ਹਨੇਰਾ ਹੋ ਗਿਆ ਤਾਂ ਉਹ ਵਾਪਿਸ ਮੁੜਦਾ ਹੋਇਆ ਹੌਲਦਾਰ ਨੂੰ ਚਕਮਾ ਦੇਣ ਲਈ ਇੱਕ ਦਰੱਖਤ ਦੇ ਓਹਲੇ ਹੋ ਗਿਆ। ਤਦ ਇੱਕ ਪਹਿਰੇਦਾਰ ਪਹਾੜ ਦੀ ਬਾਹੀ ਵੱਲ ਦੱਖਣ ਵੱਲ ਜਾ ਰਿਹਾ ਸੀ ਅਤੇ ਦੱਖਣ ਵਾਲਾ ਪਹਾੜ ਦੀ ਬਾਹੀ ਨੂੰ ਆ ਰਿਹਾ ਸੀ ਤਾਂ ਮੀਹਾਂ ਸਿੰਘ ਨੇ ਅੱਖ ਬਚਾ ਕੇ ਸੋਟੀ ਦੇ ਸਹਾਰੇ ਜੰਗਲਾ ਟੱਪ ਕੇ ਅੰਦਰ ਛਾਲ ਮਾਰ ਦਿੱਤੀ। ਪਹਿਲਾਂ ਉਸਦੀ ਭੇਟ ਨਾਨੂੰ ਸਿੰਘ ਨਾਲ ਹੋਈ। ਨਾਨੂੰ ਸਿੰਘ ਨੇ ਕਿਹਾ, [1*]"ਕਿ ਦਿਨ ਨੂੰ ਧੁਆਨੂੰ ਆਵਾਜ਼ਾਂ ਮਾਰੀਆਂ ਕਿ ਏਧਰ ਆਇਕੇ ਦਰਸ਼ਨ ਕਰ ਲਵੋ। ਹੁਣ ਆਇਆ ਹੈਂ। ਪੰਜਾਬ ਸੇ ਰੰਗੂਨ ਕੱਢਿਆ। ਰੰਗੂਨ ਸੇ ਮਰਗੋਈ ਭੇਜਿਆ। ਹੁਣ ਕਿੱਥੇ ਕੱਢਣ ਕੋ ਆਏ ਹੋ?" ਜਦੋਂ ਸਤਿਗੁਰੂ ਜੀ ਨੂੰ ਨਾਨੂੰ ਸਿੰਘ ਨੇ ਮੀਹਾਂ ਸਿੰਘ ਦੇ ਆਉਣ ਬਾਰੇ ਦੱਸਿਆ ਤਾਂ ਆਪ ਜੀ ਨੇ ਮੀਹਾਂ ਸਿੰਘ ਨੂੰ ਆਪਣੇ ਕਮਰੇ ਵਿੱਚ ਬੁਲਾ ਲਿਆ। ਮੀਹਾਂ ਸਿੰਘ ਨੇ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਨੇ ਪ੍ਰਸ਼ਾਦਿ ਛਕਾਇਆ ਅਤੇ ਸਾਰੀ ਰਾਤ ਬਚਨ ਬਿਲਾਸ ਹੁੰਦੇ ਰਹੇ। ਸਵੇਰੇ ਮੀਹਾਂ ਸਿੰਘ ਨੂੰ ਵਾਪਿਸ ਜਾਣ ਦਾ ਖ਼ਿਆਲ ਆਇਆ। ਮਨ ਵਿੱਚ ਇਹ ਵੀ ਧੁੜਕੂ ਸੀ ਕਿ ਮੈਨੂੰ ਗਿਰਫਤਾਰ ਕਰਕੇ ਪਤਾ ਨਹੀਂ ਕੀ ਸਜ਼ਾ ਦੇਣਗੇ। ਸਤਿਗੁਰੂ ਜੀ ਨੇ ਕਿਹਾ ਕਿ ਤੂੰ ਸੱਚੋਂ ਸੱਚ ਦੱਸ ਦੇਵੀਂ ਕੋਈ ਲੁਕਾ ਨਾ ਰੱਖੀਂ।

ਇੱਕ ਹੋਰ ਗੱਲ ਜਿਹੜੀ ਸਤਿਗੁਰੂ ਜੀ ਨੇ [2*]ਮੀਹਾਂ ਸਿੰਘ ਨੂੰ ਕਹੀ ਕਿ ਤੂੰ ਹੁਣ ਮੇਰੇ ਕੋਲ ਰਹੋ। ਨਾਨੂੰ ਸਿੰਘ ਮੈਨੂੰ ਬਹੁਤ ਤੰਗ ਕਰਦਾ ਹੈ। ਇੰਨੇ ਨੂੰ ਹੌਲਦਾਰ ਲਾਲਟੈਨ ਲੈ ਕੇ ਅੰਦਰ ਆ ਗਿਆ। "ਹੌਲਦਾਰ ਨੇ ਦੇਖ ਕੇ ਮੀਹਾਂ ਸਿੰਘ ਕੋ ਕਹਾ ਕਿ ਸਾਡੇ ਨਾਲ ਚਲੋ ਤੁਮ। ਮੀਹਾਂ ਸਿੰਘ ਨੇ ਕਿਹਾ ਕਿ ਸਤਿਗੁਰੂ ਜੀ ਕੇ ਕਹੇ ਬਿਨਾਂ ਮੈਂ ਨਹੀਂ ਜਾਂਦਾ ਹਾਂ। ਹੌਲਦਾਰ ਨੇ ਨਾਨੂੰ ਸਿੰਘ ਕੌ ਕਹਾ ਕਿ ਮੈਨੂੰ ਰੁਕਸਤ ਲੈ ਦਿਓ ਕਿ ਮੀਹਾਂ ਸਿੰਘ ਮੇਰੇ ਨਾਲ ਚਲੇ। ਨਾਨੂੰ ਸਿੰਘ ਨੇ ਜਾਇ ਅਰਜ਼ ਕੀਤੀ ਕਿ ਹੌਲਦਾਰ ਮੀਹਾਂ ਸਿੰਘ ਕੋ

[1*] ਹੱਥ ਲਿਖਤ ਖਰੜਾ, ਸਤਿਗੁਰੂ ਬਿਲਾਸ, ਪੰਨਾ 436

[2*] ਇਤਿਹਾਸਕਾਰ ਜਸਵਿੰਦਰ ਸਿੰਘ ਦੀ ਖੋਜ ਅਨੁਸਾਰ ਮੀਹਾਂ ਸਿੰਘ ਨੇ ਸੂਬਾ ਗੁਰਚਰਨ ਸਿੰਘ ਵਲੋਂ ਤਾਸ਼ਕੰਦ ਤੋਂ ਲਿਆਉਂਦਾ ਹੋਇਆ ਰੂਸ ਦਾ ਸਰਕਾਰੀ ਪਤਰ ਲੈ ਕੇ ਸਤਿਗੁਰੂ ਰਾਮ ਸਿੰਘ ਨੂੰ ਪਹੁੰਚਾ ਦਿੱਤਾ ਸੀ। (ਜਸਵਿੰਦਰ ਸਿੰਘ, ਹੁਕਮਨਾਮੇ, ਪੰਨਾ 83-84)



Sri Satguru Jagjit Singh Ji Elibrary NamdhariElibrary@gmail.com

ਲਜਾਣਾ ਚਾਹੁੰਦਾ ਹੈ। ਬਚਨ ਹੋਇਆ ਤੂੰ ਕੀ ਆਂਹਦਾ ਹੈਂ। ਅਸਾਂ ਤੇ ਇੱਥੇ ਹੀ ਰੱਖਣਾ ਹੈ। ਜਾਹ ਗੋਰੇ ਕੋ ਕਹੁ ਏਥੇ ਆਇ ਕੇ ਦੇਖ ਲਵੇ ਜੁਆਈ ਨੂੰ। ਹੌਲਦਾਰ ਅਧੀਨ ਹੋਇਕੇ ਕੈਹਣ ਲੱਗਾ ਸਾਡਾ ਨਾਮਾ ਕਟਿਆ ਜਾਵੇਗਾ ਅਤੇ ਨਾਲੇ ਸਜ਼ਾ ਦੇਣਗੇ। ਬਹੁਤ ਹੀ ਅਧੀਨ ਹੋਇ ਕੇ ਕਹਾ ਤਾਂ ਸਤਿਗੁਰੂ ਜੀ ਬਚਨ ਕੀਤਾ ਲੈ ਜਾਵੋ।"

ਸਤਿਗੁਰੂ ਜੀ ਨੇ ਮੀਹਾਂ ਸਿੰਘ ਨੂੰ ਬਚਨ ਕੀਤਾ 1*'ਜਿਮੇਂ ਰਖਣ ਤਿਮੇਂ ਰਹਿਣਾ।' ਸਤਿਗੁਰੂ ਜੀ ਨੇ ਮੀਹਾਂ ਸਿੰਘ ਨੂੰ ਕਿਹਾ, 'ਜੇ ਪੁਛਣ ਅੰਦਰ ਕਿਉਂ ਗਿਆ ਸੀ ਤਾਂ ਆਖਣਾ ਕਿਸੇ ਕੀ ਚੋਰੀ ਨਹੀਂ ਕੀਤੀ, ਯਾਰੀ ਨਹੀਂ ਕੀਤੀ, ਦਰਸ਼ਨ ਨੂੰ ਗਏ ਥੇ ਸੋ ਕੀਤਾ ਹੈ। ਕਿਸੇ ਕੀ ਠਗੀ ਨਹੀਂ ਕੀਤੀ। ਕਿਸੇ ਨੂੰ ਮਾਰਿਆ ਨਹੀਂ ਹੈ। ਸੱਚੀ ਸੱਚੀ ਕੈਹ ਦੇਵੀਂ ?" ਹੋਲਦਾਰ ਨਾਲ ਤੁਰਿਆ ਤਾਂ ਅੱਗੇ ਗੋਰਾ ਭੀ ਆ ਗਿਆ। ਉੱਥੇ ਹੀ ਪੁੱਛਾ ਕਿਸ ਵਾਸਤੇ ਫੜਿਆ ਹੈ ? ਹੋਲਦਾਰ ਨੇ ਕਿਹਾ ਕਿ ਰਾਜਾ ਰਾਮ ਸਿੰਘ ਕੇ ਬੰਗਲੇ ਸੇ ਫੜਿਆ ਹੈ। ਪੁੱਛਾ ਕਿ, "ਵੈੱਲ ਮੀਹਾਂ ਸਿੰਘ ਤੁਮ ਅੰਦਰ ਗਏ ? ਕਹਾ ਕਿ ਹਾਂ, ਅੰਦਰ ਗਏ। ਪੁੱਛਾ ਕਿ ਹਾਂ ਕਿਸ ਤਰ੍ਹਾਂ ਗਏ ? ਪੈਹਰੇ ਵਾਲੇ ਸੁੱਤੇ ਪਏ ਥੇ ? ਕਹਾ ਕਿ ਪਹਿਰਾ ਟਹਿਲਦਾ ਜਾਗਦਾ ਸੀ। ਪੈਹਰੇ ਵਾਲਾ ਜਾਂ ਦੱਖਣ ਨੂੰ ਗਿਆ ਤਾਂ ਮੈਂ ਫੁਰਤੀ ਨਾਲ ਪਹਾੜ ਕੀ ਤਰਫੋਂ ਹੋਇ ਕੇ ਅੰਦਰ ਜਾਇ ਬੜਿਆ ਜੰਗਲਾ ਟਪ ਕੇ......। ਬਡੇ ਫਰੰਗੀ ਕੋਲ ਭੇਜ ਦਿਆ। ਫਰੰਗੀ ਨੇ ਪੁੱਛਿਆ ਤੁਮ ਅੰਦਰ ਗਏ ? ਕਹਾ ਕਿ ਹਾਂ ਅੰਦਰ ਗਏ। ਕਹਾ ਕਿ ਤੁਮ ਤੋਂ ਕਹਿਤੇ ਥੇ ਕਿ ਰਾਜਾ ਸਾਹਿਬ ਕੋ ਨਹੀਂ ਜਾਣਤੇ ਨੌਕਰੀ ਕੋ ਆਏ ਹੈਂ ? ਮੀਹਾ ਸਿੰਘ ਨੇ ਕਿਹਾ ਕਿ ਏਸੇ ਨੌਕਰੀ ਕੋ ਆਏ ਸੇ, ਸੋ ਨੌਕਰੀ ਕਰ ਲਈ ਹੈ। ਪੁਛਾ ਤੁਮ ਕੋਈ ਚਿੱਠੀ ਲਿਆਏ ਹੋ? ਕਹਾ ਕਿ ਹੋਰ ਚਿੱਠੀ ਕੀ ਕਰਨੀ ਹੈ? ਮੈਂ ਜੋ ਸਾਢੇ ਤੀਨ ਹੱਥ ਚਿੱਠੀ ਹਾਂ। ਤਾਂ ਹਵਾਲਾਤ ਮੇਂ ਦੁਆਇ ਦੀਆ। ਅਗਲੇ ਦਿਨ ਮੀਹਾਂ ਸਿੰਘ ਅਤੇ ਨਰੈਣ ਸਿੰਘ ਕੌ ਜਹਾਜ ਪਰ ਚੜਾ ਕੇ ਮੌਲਮੀਣ ਆਨ ਉਤਾਰਿਆ।"

ਜਦੋਂ ਉਹ ਮੌਲਮੀਣ ਪੁੱਜੇ ਤਾਂ ਪੁਲਿਸ ਨੇ ਉਨ੍ਹਾਂ ਤੋਂ ਪੁੱਛ-ਗਿੱਛ ਕੀਤੀ। ਮੀਹਾਂ ਸਿੰਘ ਨੇ ਕਿਹਾ ਕਿ ਨਰੈਣ ਸਿੰਘ ਮੇਰੇ ਨਾਲ ਕਲਕੱਤੇ ਤੋਂ ਚੜਿਆ ਸੀ। ਉਸ ਨੂੰ ਛੱਡ ਦਿੱਤਾ ਗਿਆ ਅਤੇ ਮੀਹਾਂ ਸਿੰਘ ਨੂੰ ਜੱਜ ਦੇ ਪੇਸ਼ ਕੀਤਾ ਗਿਆ। ਜੱਜ ਨੇ ਕਿਹਾ ਕਿ 2*"ਤੁਮ ਕੋ ਜੋ ਕਿਹਾ ਗਿਆ ਸੀ ਕਿ ਜੇਕਰ ਰਾਜਾ ਰਾਮ ਸਿੰਘ ਕੋਲ ਜਾਉਗੇ ਤਾਂ ਤੁਮ ਕੋ ਭੀ ਉਨ੍ਹਾਂ ਦੇ ਨਾਲ ਹੀ ਰਹਿਣਾ ਪਵੇਗਾ। ਤੂੰ ਕਿਉਂ ਵੜਿਆ ? ਹੁਕਮ ਆਦੂਲੀ ਕੀਤੀ ਹੈ। ਮੀਹਾਂ ਸਿੰਘ ਨੇ ਕਿਹਾ ਕਿ ਮੈਂ ਹੁਕਮ ਵਰਤਿਆ ਹੈ। ਜੇਕਰ ਤੇਰਾ ਪੈਗੰਬਰ ਹੋਵੇ ਯਾ ਤੇਰਾ ਪਿਉ ਹੋਵੇ ਤੂੰ ਨਾ ਜਾਵੇ ਮਿਲਣੇ ਕੋ ? ਤੂੰ ਭੀ ਦੇਰ ਨਾ ਕਰੇਂ। ਮੇਰੇ ਗੁਰੂ ਹਨ ਮੈਂ ਗਿਆ ਹਾਂ। ਉਸ ਫਰੰਗੀ ਨੇ ਕਿਹਾ

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੋ, ਪੰਨਾ 146

2* ਉਕਤ, ਪੰਨਾ 147



Sri Satguru Jagjit Singh Ji Elibrary NamdhariElibrary@gmail.com

ਜਾਉ ਤੁਮ ਕੋ ਰੁਖਸਦ।"

ਇਸ ਦੌਰਾਨ ਨਰੈਣ ਸਿੰਘ ਨੇ ਮੋਲਮੀਨ ਵਿੱਚ ਨਜ਼ਰਬੰਦ ਤਿੰਨਾਂ ਸੂਬਿਆਂ ਸੂਬਾ ਜਵਾਹਰ ਸਿੰਘ, ਸੂਬਾ ਲੱਖਾ ਸਿੰਘ ਅਤੇ ਸੂਬਾ ਬ੍ਰਹਮਾ ਸਿੰਘ ਨਾਲ ਮੁਲਾਕਾਤ ਕੀਤੀ। ਸ੍ਰੀ ਭੈਣੀ ਸਾਹਿਬ ਵਾਪਿਸ ਆ ਕੇ ਜਦੋਂ ਮੀਹਾਂ ਸਿੰਘ ਨੇ ਸਤਿਗੁਰੂ ਰਾਮ ਸਿੰਘ ਬਾਰੇ ਦਰਸ਼ਨ ਕਰਨ ਦਾ ਸਾਰਾ ਬਿਰਤਾਂਤ ਦੱਸਿਆ ਤਾਂ ਸਤਿਗੁਰੂ ਹਰੀ ਸਿੰਘ ਬੜੇ ਪ੍ਰਸੰਨ ਹੋਏ ਅਤੇ ਸੰਗਤਾਂ ਨੂੰ ਵੀ ਅਪਾਰ ਖੁਸ਼ੀ ਹੋਈ।

## ਨਾਨੂੰ ਸਿੰਘ ਦੀ ਪੰਜਾਬ ਵਾਪਸੀ

ਪੰਜਾਬ ਵਿੱਚ 19ਵੀਂ ਸਦੀ ਦੇ ਸਤਰਵੇਂ ਦੇ ਦਹਾਕੇ ਦੇ ਸਮਾਚਾਰਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਤੋਂ ਭੇਜੇ ਗਏ ਹੁਕਮਨਾਮਿਆਂ ਤੋਂ ਇਸ ਗੱਲ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਕੂਕਾ ਲਹਿਰ ਇਸ ਸਮੇਂ ਭਵਿੱਖ ਵਿੱਚ ਰਚੇ ਜਾਣ ਵਾਲੇ ਕਿਸੇ ਨਵੇਂ ਸੰਗਰਾਮ ਬਾਰੇ ਬੜੀ ਆਸਵੰਦ ਸੀ। ਕੂਕਾ ਲਹਿਰ ਵਿੱਚ ਆਰੰਭ ਤੋਂ ਹੀ ਪੰਜਾਬ ਦੀ ਸੁਤੰਤਰਤਾ ਦੇ ਖੁਸ ਜਾਣ ਅਤੇ ਇਸ ਦੀ ਮੁੜ ਬਹਾਲੀ ਦਾ ਰਾਜਨੀਤਕ ਆਦਰਸ਼ ਸੰਤ ਖ਼ਾਲਸੇ ਦੇ ਜਨਮ ਤੋਂ ਹੀ ਆਰੰਭ ਹੋ ਗਿਆ ਸੀ। ਉਸ ਸਮੇਂ ਇੱਕ ਲੋਕ-ਬੋਲੀ ਤੋਂ ਜਿਸ ਨੂੰ ਕੂਕੇ ਅਕਸਰ ਬੋਲਦੇ ਸਨ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਆਦਰਸ਼ ਖ਼ਾਲਸਾ ਰਾਜ ਦੀ ਪੁਨਰ ਸਥਾਪਤੀ ਸੀ, "ਇਥੋਂ ਚੁੱਕ ਲੈ ਫਰੰਗੀਆਂ ਡੇਰਾ ਖਾਲਸੇ ਨੇ ਰਾਜ ਕਰਨਾ।"

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਰੂਸ ਅਤੇ ਤੁਰਕੀ ਦੀ ਲੜਾਈ ਪੱਛਮੀ ਦੇਸ਼ ਅਫਗਾਨਿਸਤਾਨ ਦੇ ਸਹਿਯੋਗ ਨਾਲ ਰੂਸ ਦੇ ਪੰਜਾਬ ਆਉਣ ਬਾਰੇ ਅਤੇ ਗੜਬੜ ਛਿੜਨ ਬਾਰੇ ਵੀ ਲੋਕ-ਬੋਲੀਆਂ ਮਿਲਦੀਆਂ ਹਨ :

*'ਜਦ ਰੂਸ ਪੰਜਾਬੇ ਆਵੇ, ਅੰਨ ਸੇਰ ਟਕੇ ਵਕਾਵੇ।*
*ਉਹ ਵੀ ਭਾਲਿਆ ਹੱਥ ਨਾ ਆਵੇ,*
*ਪਰ ਗੁਰ ਕਾ ਸਿੱਖ ਭੁੱਖਾ ਨਾ ਜਾਵੇ।'*

ਵਡ ਤੀਰਥ, ਪ੍ਰਹਿਲਾਦਸਰ ਤੋਂ ਜਿਹੜੀ ਸਾਖੀ ਮਿਲੀ ਸੀ ਅਤੇ ਜਿਸ ਵਿੱਚ ਭਵਿੱਖਬਾਣੀਆਂ ਅੰਕਿਤ ਕੀਤੀਆਂ ਗਈਆਂ ਸਨ ਕਿ ਬਿਕਰਮੀ ਸੰਨ 1934 (1878) ਵਿੱਚ ਇਹ ਬਗਾਵਤ ਸ਼ੁਰੂ ਹੋਵੇਗੀ। ਹੁਕਮਨਾਮਿਆਂ ਵਿੱਚ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸਪੱਸ਼ਟ ਸੰਕੇਤ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਕਈ ਪੁਛਾਂ ਪੁੱਛਦੇ ਰਹਿੰਦੇ ਸਨ। 1881 ਵਿੱਚ ਲਾਟੋਂ ਦੀ ਢੱਕੀ ਵਿੱਚ ਜਿਹੜੀ ਕੂਕਿਆਂ ਦੀ ਵਿਸ਼ੇਸ਼ ਇਕੱਤਰਤਾ ਪਿਛੋਂ 39 ਕੂਕਿਆਂ ਨੂੰ ਫੜਿਆ ਗਿਆ ਸੀ, ਆਦਿ ਕਈ ਘਟਨਾਵਾਂ ਅੰਗਰੇਜ਼ੀ ਸਰਕਾਰ ਵਿਰੁੱਧ ਸੰਗਰਾਮ ਦੇ ਨਵੇਂ ਸਿਰਿਉਂ ਸ਼ੁਰੂ ਹੋਣ ਬਾਰੇ ਆਸ-ਉਮੀਦ ਬਣਾਉਂਦੀਆਂ ਸਨ। ਪਿਛੋਂ ਜਾ ਕੇ ਮਹਾਰਾਜਾ ਦਲੀਪ ਸਿੰਘ ਦੀ ਪੰਜਾਬ ਵਾਪਸੀ ਬਾਰੇ ਕੀਤੇ ਗਏ ਯਤਨ ਸੂਬਾ ਬਿਸ਼ਨ ਸਿੰਘ ਅਤੇ ਗੁਰਚਰਨ ਸਿੰਘ ਦੀਆਂ ਅਫਗਾਨਿਸਤਾਨ



Sri Satguru Jagjit Singh Ji Elibrary NamdhariElibrary@gmail.com

ਅਤੇ ਮੱਧ ਏਸ਼ੀਆ ਵਿੱਚ ਸਰਗਰਮੀਆਂ ਨੇ ਕੂਕਾ ਲਹਿਰ ਦੇ ਰਾਜਨੀਤਕ ਉਦੇਸ਼ਾਂ ਬਾਰੇ ਕੋਈ ਉਹਲਾ ਬਾਕੀ ਨਹੀਂ ਸੀ ਰਹਿਣ ਦਿੱਤਾ। ਇਹਨਾਂ ਸਾਰੇ ਸੰਗਰਾਮਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਵਰਗੇ ਮਹਾਨ ਨੇਤਾ ਦੀ ਲੋੜ ਸੀ, ਜੋ ਗੁਰੂਆਂ ਵਰਗੇ ਦ੍ਰਿੜ੍ਹ ਇਰਾਦਿਆਂ ਦਾ ਧਾਰਨੀ ਹੋਵੇ ਅਤੇ ਅਜਿਹੇ ਸੰਗਰਾਮਾਂ ਦੀ ਅਗਵਾਈ ਕਰ ਸਕੇ। ਅਜਿਹੇ ਸਾਰੇ ਸਮਾਚਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਨਜ਼ਰਬੰਦੀ ਦੀਆਂ ਪਾਬੰਦੀਆਂ ਨੂੰ ਲਾਂਭੇ ਸੁੱਟ ਦੇਣ ਲਈ ਪ੍ਰੇਰ ਰਹੇ ਸਨ। ਅਜਿਹੀ ਹਾਲਤ ਵਿੱਚ ਹੀ ਆਪ ਜੀ ਨੇ ਨਾਨੂੰ ਸਿੰਘ ਨੂੰ ਪੰਜਾਬ ਵਾਪਿਸ ਭੇਜ ਦੇਣ ਦੀ ਵਿਉਂਤ ਬਣਾਈ।

ਸਰਕਾਰੀ ਅਧਿਕਾਰੀਆਂ ਦੇ ਅੱਖੀ ਘੱਟਾ ਪਾਉਣ ਲਈ ਆਪ ਜੀ ਨੇ ਨਾਨੂੰ ਸਿੰਘ ਨਾਲ ਨਾਰਾਜ਼ ਅਤੇ ਗੁੱਸੇ ਰਹਿਣ ਦਾ ਪ੍ਰਗਟਾਵਾ ਕੀਤਾ। ਮਸਤਾਨਾ ਬਿਰਤੀ ਵਿੱਚ ਆ ਕੇ ਉਸਨੂੰ ਕੁੱਟਦੇ ਮਾਰਦੇ ਵੀ ਰਹਿੰਦੇ। ਇੱਕ ਵਾਰ ਤਾਂ ਬਲਦੇ ਚੋਆਂ ਨੂੰ ਮਾਰਕੇ ਉਸਦੀ ਪਿੱਠ 'ਤੇ ਜ਼ਖ਼ਮ ਵੀ ਕਰ ਦਿੱਤੇ ਸਨ। ਅਜਿਹਾ ਪ੍ਰਗਟਾਵਾ ਸਤਿਗੁਰੂ ਰਾਮ ਸਿੰਘ ਜੀ ਆਪਣੇ ਉਸ ਸੇਵਕ ਨਾਲ ਕਿਉਂ ਕਰਨ ਲੱਗ ਪਏ ਸਨ, ਜਿਸ ਨੇ ਕਿ ਆਪ ਜੀ ਦੀ ਕੈਦ ਵਿੱਚ ਨਾਲ ਰਹਿਣ ਦੀ ਪ੍ਰਤਿਗਿਆ ਕੀਤੀ ਸੀ। ਇਹ ਗੱਲ ਵੀ ਹਾਲੀਂ ਤੱਕ ਇੱਕ ਰਹੱਸ ਦਾ ਕਾਰਨ ਬਣੀ ਹੋਈ ਹੈ ਅਤੇ ਸ਼ਾਇਦ ਬਣੀ ਵੀ ਰਹੇ। ਹੁਣ ਨਾਨੂੰ ਸਿੰਘ ਨੇ ਵੀ ਆਪਣਾ ਪਹਿਲਾ ਹਠ ਛੱਡ ਕੇ ਪੰਜਾਬ ਵਾਪਿਸ ਜਾਣ ਨੂੰ ਹੀ ਤਰਜੀਹ ਦਿੱਤੀ ਸੀ। ਸਰਕਾਰੀ ਦਸਤਾਵੇਜ਼ਾਂ ਵਿੱਚ ਨਾਨੂੰ ਸਿੰਘ ਦੀ ਪੰਜਾਬ ਵਾਪਸੀ ਬਾਰੇ ਇਸ ਤਰ੍ਹਾਂ ਉਲੇਖ ਕੀਤਾ ਗਿਆ ਹੈ : [1*]"14 ਨਵੰਬਰ, 1881 ਨੂੰ ਨਾਨੂੰ ਸਿੰਘ ਨੂੰ ਰਿਹਾਅ ਕਰਕੇ ਕਲਕੱਤੇ ਭੇਜ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਨੂੰ ਤਾਕੀਦ ਕੀਤੀ ਗਈ ਕਿ ਉਹ ਨਾਨੂੰ ਸਿੰਘ ਦੀ ਤਲਾਸ਼ੀ ਲੈ ਕੇ ਇਹ ਚੰਗੀ ਤਰ੍ਹਾਂ ਵੇਖ ਲੈਣ ਕਿ ਉਸ ਕੋਲ ਰਾਮ ਸਿੰਘ ਦੀ ਕੋਈ ਚਿੱਠੀ ਨਾ ਹੋਵੇ। ਪੁਲਿਸ ਦੀ ਨਿਗਰਾਨੀ ਵਿੱਚ ਉਸਨੂੰ ਕਲਕੱਤੇ ਤੋਂ ਵਾਪਿਸ ਘਰ ਭੇਜ ਦਿੱਤਾ ਜਾਵੇ।"* ਉਸਨੂੰ ਇਹ ਆਦੇਸ਼ ਕੀਤਾ ਗਿਆ ਕਿ ਉਹ ਭੈਣੀ ਸਾਹਿਬ ਨਹੀਂ ਜਾ ਸਕਦਾ ਅਤੇ ਆਪਣੇ ਪਿੰਡ ਵਿੱਚ ਹੀ ਰਹੇਗਾ। ਇਸ ਤੋਂ ਬਿਨਾਂ ਜੇ ਕਿਤੇ ਬਾਹਰ ਜਾਣਾ ਹੋਵੇ ਤਾਂ ਨੰਬਰਦਾਰ ਨੂੰ ਇਤਲਾਹ ਦੇ ਕੇ ਜਾਵੇ। ਫਿਰ ਵੀ ਇਹ ਪਤਾ ਲੱਗਦਾ ਹੈ ਕਿ ਨਾਨੂੰ ਸਿੰਘ ਭੇਸ ਬਦਲ ਕੇ (ਘੋੜਿਆਂ ਦੇ ਸੌਦਾਗਰ ਦੇ ਭੇਸ ਵਿੱਚ) ਸ੍ਰੀ ਭੈਣੀ ਸਾਹਿਬ ਪਹੁੰਚਿਆ ਸੀ। ਇਸ ਦਾ ਇੱਕ ਸਬੂਤ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰਵੀਂ ਵਿੱਚ ਸੰਤ ਸੰਤੋਖ ਸਿੰਘ ਬਾਹੋਵਾਲ ਵੱਲੋਂ ਦਿੱਤੇ ਗਏ ਉਹ ਹਵਾਲੇ ਹਨ, ਜਿਨ੍ਹਾਂ ਵਿੱਚ ਕਈ ਥਾਂਵਾਂ ਤੇ ਨਾਨੂੰ ਸਿੰਘ ਨਾਲ ਸੰਬੰਧਿਤ ਘਟਨਾਵਾਂ ਦਾ ਵਰਣਨ ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਨੂੰ ਸਿੰਘ ਦਾ ਪਰਸਪਰ ਵਿਵਾਦ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਨਾਨੂੰ ਸਿੰਘ ਨੂੰ ਮਾਰਨਾ ਕੁੱਟਣਾ

[1*] ਜਸਵਿੰਦਰ ਸਿੰਘ, ਕੂਕਾ ਮੂਵਮੈਂਟ, ਪੰਨਾ 85



Sri Satguru Jagjit Singh Ji Elibrary NamdhariElibrary@gmail.com

ਆਦਿ ਹਵਾਲੇ ਨਾਨੂੰ ਸਿੰਘ ਦੁਆਰਾ ਹੀ ਲੇਖਕ ਨੂੰ ਦੱਸੇ ਗਏ ਪ੍ਰਤੀਤ ਹੁੰਦੇ ਹਨ।

**ਸਤਿਗੁਰੂ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਦੀ ਸਰਕਾਰੀ ਸੂਚਨਾ ਉੱਤੇ ਵਿਚਾਰ**

ਮਰਗੋਈ ਦੇ ਸਿਵਲ ਸਰਜਨ ਦੀ ਰਿਪੋਰਟ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦਾ ਦੇਹਾਂਤ 29 ਨਵੰਬਰ, 1885 ਨੂੰ ਸ਼ਾਮ 4.30 ਵਜੇ ਮਰਗੋਈ ਵਿਖੇ ਹੋਇਆ। ਕੁਝ ਮਹੀਨਿਆਂ ਤੋਂ ਆਪ ਦਸਤ ਮਰੋੜਾਂ ਦੇ ਰੋਗ ਦੇ ਸ਼ਿਕਾਰ ਸਨ। ਉਨ੍ਹਾਂ ਵੱਲੋਂ ਸਰਦੀ ਲੱਗਣ ਦੀ ਸ਼ਿਕਾਇਤ ਕਰਨ ਉੱਤੇ ਉਨ੍ਹਾਂ ਨੂੰ ਇੱਕ ਹੋਰ ਕੰਬਲ ਵੀ ਖਰੀਦ ਕੇ ਦੇ ਦਿੱਤਾ ਗਿਆ ਸੀ। ਇਸੇ ਅਧਿਕਾਰੀ ਦੀ ਸੂਚਨਾ ਅਨੁਸਾਰ [1*]"ਆਪ ਜੀ ਦਾ ਦਾਹ ਸੰਸਕਾਰ 30 ਨਵੰਬਰ, 1885 ਨੂੰ ਪੌਣੇ ਅੱਠ ਵਜੇ ਉਸ ਦੀ ਹਾਜ਼ਰੀ ਵਿੱਚ ਹੋਇਆ, ਜੋ 9 ਵਜ ਕੇ 5 ਮਿੰਟ ਤੱਕ ਪੂਰਾ ਹੋਇਆ। ਸਿਵਾ ਠੰਢਾ ਹੋਣ ਉੱਤੇ ਅਸਥੀਆਂ ਬਰਤਨ ਵਿੱਚ ਪਾ ਦਿੱਤੀਆਂ ਗਈਆਂ ਤਾਂ ਜੋ ਹਿੰਦੂ ਰੀਤੀ ਅਨੁਸਾਰ ਉਨ੍ਹਾਂ ਨੂੰ ਦਰਿਆ ਵਿੱਚ ਪ੍ਰਵਾਹਿਤ ਕਰ ਦਿੱਤਾ ਜਾਵੇ।"

2 ਦਸੰਬਰ, 1885 ਨੂੰ ਉਨ੍ਹਾਂ ਦੀਆਂ ਅਸਥੀਆਂ ਜਿਨ੍ਹਾਂ ਨੂੰ ਇੱਕ ਮਿੱਟੀ ਦੇ ਬਰਤਨ ਵਿੱਚ ਪਾ ਕੇ ਰੱਖਿਆ ਗਿਆ ਸੀ, ਦਰਿਆ ਵਿੱਚ ਪ੍ਰਵਾਹਿਤ ਕਰ ਦਿੱਤੀਆਂ ਗਈਆਂ। ਇਸੇ ਸਿਵਲ ਸਰਜਨ ਨੇ ਇਹ ਬਿਆਨ ਵੀ ਦਿੱਤਾ ਹੈ ਕਿ ਉਪਰੋਕਤ ਸਾਰੇ ਕਾਰਜ ਉਸ ਦੀ ਨਿਗਰਾਨੀ ਵਿੱਚ ਕੀਤੇ ਗਏ ਸਨ। ਸੰਸਕਾਰ ਸਮੇਂ ਅਤੇ ਅਸਥੀਆਂ ਨੂੰ ਪ੍ਰਵਾਹ ਕਰਨ ਸਮੇਂ ਉਸ ਦੇ ਨਾਲ ਦੋ ਕੈਦੀ, ਇੱਕ ਬ੍ਰਾਹਮਣ ਸਹਾਇਕ (ਸਤਿਗੁਰੂ ਰਾਮ ਸਿੰਘ ਜੀ ਦਾ ਸਹਾਇਕ), ਇੱਕ ਹਿੰਦੂ ਵਿਅਕਤੀ ਅਤੇ ਦੋ ਬ੍ਰਾਹਮਣ ਜਾਤੀ ਦੇ ਵਿਅਕਤੀ ਜੇਲ੍ਹ ਦੇ ਗਾਰਡਾਂ ਵਿੱਚੋਂ ਮੌਜੂਦ ਸਨ।

ਪਰ ਨਾਮਧਾਰੀ ਇਤਿਹਾਸਕਾਰ ਲੇਖਕ ਫੌਜਾ ਸਿੰਘ ਬਾਜਵਾ, ਐਮ.ਐਮ. ਆਹਲੂਵਾਲੀਆ, ਤਾਰਾ ਸਿੰਘ ਅਨਜਾਣ, ਸੰਤ ਸੰਤੋਖ ਸਿੰਘ ਬਾਹੋਵਾਲ ਅਤੇ ਸੰਤ ਨਿਧਾਨ ਸਿੰਘ ਆਲਿਮ, ਸਤਿਗੁਰੂ ਰਾਮ ਸਿੰਘ ਜੀ ਦੇ ਦੇਹਾਂਤ ਦੇ ਉਪਰੋਕਤ ਵੇਰਵੇ ਨੂੰ ਸੱਚ ਨਹੀਂ ਮੰਨਦੇ ਅਤੇ ਹੁਣ ਤੱਕ ਵੀ ਇਸ ਨੂੰ ਵਾਦ-ਵਿਵਾਦ ਦਾ ਵਿਸ਼ਾ ਮੰਨਦੇ ਹਨ।

ਤਾਰਾ ਸਿੰਘ ਅਨਜਾਣ ਲਿਖਦਾ ਹੈ, [2*]"ਨਾਮਧਾਰੀ ਵਿਸ਼ਵਾਸ ਵੀ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ 29 ਨਵੰਬਰ, 1885 ਨੂੰ ਜੋਤੀ ਜੋਤ ਨਹੀਂ ਸਮਾਏ ਸਗੋਂ ਆਪ ਜੇਲ੍ਹ ਅਧਿਕਾਰੀਆਂ ਦੇ ਅੱਖੀ ਘੱਟਾ ਪਾ ਕੇ ਗੁਪਤ ਵਾਸ ਵਿੱਚ ਚੱਲੇ ਗਏ ਸਨ।"

ਸੰਤ ਬਾਹੋਵਾਲ ਨੇ 'ਸਤਿਗੁਰੂ ਬਿਲਾਸ' ਵਿੱਚ ਸਤਿਗੁਰੂ ਰਾਮ ਸਿੰਘ ਜੀ

---

[1*] ਜਸਵਿੰਦਰ ਸਿੰਘ, ਕੂਕਾ ਮੂਵਮੈਂਟ, ਪੰਨਾ 223

[2*] ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 194



Sri Satguru Jagjit Singh Ji Elibrary NamdhariElibrary@gmail.com

ਦੇ ਮਰਗੋਈ ਸਮੇਂ ਦੇ ਸਮਾਚਾਰਾਂ ਵਿੱਚ ਇੱਕ ਘਟਨਾ ਦਾ ਵੇਰਵਾ ਇਹ ਵੀ ਦਿੱਤਾ ਹੈ ਕਿ ਆਪ ਬੰਗਲੇ ਦੇ ਜੰਦਰਿਆਂ ਦੇ ਬਾਵਜੂਦ ਅਤੇ ਗਾਰਡ ਦੇ ਪਹਿਰੇ ਵਿੱਚ ਵੀ ਰਾਤ ਨੂੰ ਦੋ ਵੱਜੇ ਬਾਹਰ ਤਲਾਉ ਤੇ ਇਸ਼ਨਾਨ ਕਰਨ ਬਿਨ੍ਹਾਂ ਰੋਕ-ਟੋਕ ਚੱਲੇ ਜਾਂਦੇ ਸਨ।

[1*]ਮਰਗੋਈ ਕੇ ਬੰਗਲੇ ਮੇਂ ਲੈ ਗਏ। ਮਰਗੋਈ ਭੀ ਦੋ ਬਜੇ ਰਾਤ ਕੋ ਬਾਹਰ ਜਾ ਕੇ ਇਸਨਾਨ ਕਰਕੇ ਮੁੜ ਆਵਣਾਂ। ਸਿਪਾਹੀ ਭੀ ਕਈ ਦਿਨ ਦੇਖ ਜਾਚ ਕੇ ਗਾਰਦ ਦੇ ਅਫ਼ਸਰ ਫਰੰਗੀ ਨੂੰ ਕਿਹਾ ਕਿ ਉਨ੍ਹਾਂ ਦਾ ਪਹਿਰਾ ਹਮ ਕਿਆ ਦੇਂਗੇ। ਦੋ ਬਜੇ ਰਾਤ ਕੇ ਜਾਇ ਕੇ ਤਲਾਉ ਪਰ ਨਾਇਕੇ ਮੁੜ ਔਂਦੇ ਹੈਂ। ਜੰਦਰੇ ਲਗੇ ਲਗਾਏ ਰਹਿ ਜਾਂਦੇ ਹੈਂ। ਤੀਸਰੀ ਰਾਤ ਰਿਪੋਰਟ ਕੀਤੀ ਸੀ। ਚੌਥੀ ਰਾਤ ਫਰੰਗੀ ਨੇ ਮੰਜਾ ਆਇ ਡਾਹਿਆ ਅਤੇ ਕਿਹਾ ਜਬ ਜਾਵੇ ਤਬ ਹਮ ਕੋ ਖ਼ਬਰ ਕਰਨੀ। ਰਾਤ ਕੋ ਦੋ ਵਜੇ ਇਸ਼ਨਾਨ ਕਰਨੇ ਗਏ ਸਤਿਗੁਰੂ ਜੀ। ਸਿਪਾਹੀ ਨੇ ਫਰੰਗੀ ਨੂੰ ਖ਼ਬਰ ਦਿੱਤੀ ਕਿ ਹੁਣੇ ਗਏ ਹੈਂ। ਫਰੰਗੀ ਨੇ ਜੰਦਰਾ ਖੁਲਾਇ ਕੇ ਦੇਖਿਆ ਕਿ ਅੰਦਰ ਨਹੀਂ ਹੈ। ਹੈਰਾਨ ਪਰੇਸ਼ਾਨ ਹੋਇਆ। ਫਰੰਗੀ ਕਹੇ ਕਿ ਕਿਸ ਰਾਸਤੇ ਨਿਕਲ ਗਏ ਹੈਂ। ਜੰਦਰੇ ਫਿਰ ਲਗਾਇ ਦੀਏ। ਮੰਜੇ ਪਰ ਜਾਇ ਪਿਆ। ਸਿਪਾਹੀ ਨੇ ਫਿਰ ਰਪਟ ਦਿੱਤੀ ਕਿ ਹੁਣੇ ਆਏ ਗਏ ਹੈਂ। ਫਰੰਗੀ ਜੰਦਰਾ ਖੋਹਲ ਕੇ ਅੰਦਰ ਜਾਇਕੇ ਕੈਹਣ ਲੱਗਾ, "ਹੋ ਸੀਖ ਤੁਮ ਕਹਾਂ ਗਏ ਥੇ? ਸਤਿਗੁਰੂ ਜੀ ਨਾ ਬੋਲੇ। ਫਰੰਗੀ ਨੇ ਫਿਰ ਕਿਹਾ, "ਰੇ ਸੀਖ ਤੁਮ ਬੋਲਤਾ ਨਹੀਂ। ਹਮ ਤੁਮ ਕੋ ਬੁਲਾਤੇ ਹੈਂ। ਕਿ ਤੁਮ ਕਹਾਂ ਗਏ ਥੇ? ਸਤਿਗੁਰੂ ਜੀ ਨੇ ਸੱਜੇ ਹੱਥ ਕੀ ਚਪੇੜ ਫਰੰਗੀ ਕੇ ਮੂੰਹ ਪਰ ਮਾਰੀ ਜ਼ੋਰ ਸੇ। ਦੜ ਧਰਤੀ ਪਰ ਜਾਇ ਪਿਆ। ਟੋਪੀ ਭੀ ਦੂਰ ਜਾਇ ਪਈ। ਕ੍ਰੋਧ ਮੇਂ ਹੋਇ ਕੇ ਬਚਨ ਕੀਤਾ। ਮੈਨੂੰ ਨਹੀਂ ਹੈ ਕਿਸੇ ਦਾ ਡਰ ਬਧਾ ਮੈਂ ਨਹੀਂ ਕਿਸੇ ਕਾ ਆਇਆ ਹਾਂ। ਆਪਣੀ ਮਰਜੀ ਨਾਲ ਆਇਆ ਹਾਂ। ਮਰਜੀ ਨਾਲ ਹੀ ਜਾਮਾਂਗਾ।"

ਉਪਰੋਕਤ ਘਟਨਾ ਨੂੰ ਗੋਹ ਨਾਲ ਵਾਚਿਆ ਸਤਿਗੁਰੂ ਰਾਮ ਸਿੰਘ ਜੀ ਦਾ ਮਰਗੋਈ ਤੋਂ ਗੁਪਤ ਵਾਸ ਵਿੱਚ ਚੱਲੇ ਜਾਣਾ ਕੋਈ ਅਨਹੋਣੀ ਗੱਲ ਨਹੀਂ ਜਾਪਦੀ।

ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਵਿਖੇ ਦੇਹਾਂਤ ਦਾ ਖੰਡਨ ਕਰਨ ਲਈ ਕਈ ਤੱਥ ਪੇਸ਼ ਕੀਤੇ ਜਾ ਸਕਦੇ ਹਨ। ਸਾਡੀ ਕੈਦੀ ਹੋਣ ਦੀ ਹੈਸੀਅਤ ਵਿੱਚ ਉਨ੍ਹਾਂ ਦੀ ਨਜ਼ਰਬੰਦੀ ਸਮੇਂ ਇਹ ਹਦਾਇਤ ਕੀਤੀ ਗਈ ਸੀ ਕਿ ਆਪਵ ਜੀ ਦੀ ਸਿਹਤ ਦਾ ਖ਼ਾਸ ਧਿਆਨ ਰੱਖਿਆ ਜਾਵੇ ਅਤੇ ਹਰ ਛੇ ਮਹੀਨੇ ਪਿਛੋਂ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਇਸ ਬਾਰੇ ਰਿਪੋਰਟ ਦਿੱਤੀ ਜਾਵੇ।

ਐਮ. ਐਮ. ਆਹਲੂਵਾਲੀਆ ਅਨੁਸਾਰ ਸਤਿਗੁਰੂ ਰਾਮ ਸਿੰਘ ਦੀ ਸਿਹਤ

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਭਾਗ ਦੋ, ਪੰਨਾ 139



Sri Satguru Jagjit Singh Ji Elibrary NamdhariElibrary@gmail.com

ਬਾਰੇ ਸਮੇਂ-ਸਮੇਂ ਸਿਰ ਰਿਪੋਰਟ ਉੱਚ-ਅਧਿਕਾਰੀਆਂ ਨੂੰ ਭੇਜੀ ਜਾਂਦੀ ਸੀ। 11 ਅਗਸਤ; 1884 ਦੀ ਰਿਪੋਰਟ ਅਨੁਸਾਰ ਕੂਕਾ ਕੈਦੀਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਰਾਮ ਸਿੰਘ ਜੋ ਮਰਗੋਈ ਵਿਖੇ ਨਜ਼ਰਬੰਦ ਹੈ, ਬੀਤੇ ਸਾਲ ਉਸਦੀ ਸਿਹਤ ਬੜੀ ਚੰਗੀ ਰਹੀ ਹੈ ਅਤੇ ਉਸਦਾ ਚਲਣ ਵੀ ਅੱਗੇ ਨਾਲੋਂ ਕਾਫ਼ੀ ਚੰਗਾ ਹੈ।

ਤਾਂ ਦਸੰਬਰ 1885 ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਅਕਾਲ ਚਲਾਣੇ ਦੀ ਝੂਠੀ ਖ਼ਬਰ ਫੈਲਾਉਣ ਅਤੇ ਅਕਾਲ ਚਲਾਣੇ ਦੀ ਮਨਘੜਤ ਕਹਾਣੀ ਘੜਨ ਦੀ ਕਿਉਂ ਲੋੜ ਪਈ ਸੀ। ਇਸ ਦਾ ਉੱਤਰ ਬੜਾ ਸਪੱਸ਼ਟ ਹੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਮਰਗੋਈ ਦੇ ਬੰਗਲੇ ਵਿੱਚੋਂ ਆਪਣੀ ਇੱਛਾ ਅਤੇ ਯੋਜਨਾ ਅਨੁਸਾਰ ਨਿਕਲ ਕੇ ਗੁਪਤ ਵਾਸ ਵਿੱਚ ਚੱਲੇ ਗਏ ਸਨ। ਇਸ ਘਟਨਾ ਨੇ ਅਧਿਕਾਰੀਆਂ ਨੂੰ ਹਫੜਾ-ਦਫੜੀ ਅਤੇ ਸੋਚ ਵਿੱਚ ਪਾ ਦਿੱਤਾ ਸੀ। ਇਸ ਲਈ ਆਪਣੀ ਸ਼ਰਮਿੰਦਗੀ ਤੋਂ ਬੱਚਣ ਲਈ ਉਨ੍ਹਾਂ ਨੇ ਇਹ ਝੂਠੀ ਕਹਾਣੀ ਬਣਾ ਲਈ।

1*1885 ਦੀ ਜੇਲ੍ਹ ਰਿਪੋਰਟ ਸਤਿਗੁਰੂ ਜੀ ਦੇ ਅਕਾਲ ਚਲਾਣੇ ਦੀ ਪੁਸ਼ਟੀ ਨਹੀਂ ਕਰਦੀ। ਇਹ ਰਿਪੋਰਟ ਇੱਕ ਸਟੇਟਮੈਂਟ ਹੈ। ਜਿਸ ਦਾ ਨੰਬਰ 16 ਹੈ। ਇਸ ਵਿੱਚ ਬ੍ਰਿਟਿਸ਼ ਬਰਮਾ ਦੀਆਂ ਮੁੱਖ ਅਤੇ ਸਹਾਇਕ ਜੇਲ੍ਹਾਂ ਵਿੱਚ 1885 ਵਿੱਚ ਦਾਖਲ ਹੋਏ ਅਤੇ ਮੁੱਖ ਘਾਤਕ ਰੋਗ ਨਾਲ ਚਲਾਣਾ ਕਰ ਗਏ, ਕੈਦੀਆਂ ਦੀ ਗਿਣਤੀ ਸੰਬੰਧਿਤ ਖਾਨਿਆਂ ਵਿੱਚ ਦਿੱਤੀ ਹੋਈ ਹੈ। ਪਰ ਇਸ ਰਿਪੋਰਟ ਵਿੱਚ ਮਰਗੋਈ ਜੇਲ੍ਹ ਵਿੱਚ ਜੰਗਲ ਜਾਂ ਦਸਤ ਆਦਿ ਦੇ ਕਿਸੇ ਇੱਕ ਵੀ ਰੋਗੀ ਦੀ ਗਿਣਤੀ ਨਹੀਂ ਦੱਸੀ ਗਈ। ਭਾਵ ਨਾ ਹੀ ਕੋਈ ਉਕਤ ਰੋਗ ਦਾ ਬਿਮਾਰ 1885 ਵਿੱਚ ਮਰਗੋਈ ਵਿੱਚ ਦਾਖਲ ਹੋਇਆ ਅਤੇ ਨਾ ਹੀ ਕੋਈ ਉਸ ਰੋਗ ਨਾਲ ਪੂਰਾ ਹੋਇਆ। ਬਰਮਾ ਦੇ ਪ੍ਰਮੁੱਖ ਅਧਿਕਾਰੀਆਂ ਵੱਲੋਂ ਜਿਹੜੀ ਤਾਰ ਰੰਗੂਨ ਤੋਂ ਕਲਕੱਤੇ ਦੇ ਅਧਿਕਾਰੀਆਂ ਨੂੰ ਭੇਜੀ ਗਈ ਸੀ, ਉਸ ਵਿੱਚ ਮਰਗੋਈ ਦੇ ਸਿਵਲ ਸਰਜਨ ਦੀ ਰਿਪੋਰਟ ਦੀ ਇੰਨ-ਬਿੰਨ ਪੁਸ਼ਟੀ ਕੀਤੀ ਗਈ ਹੈ ਅਤੇ ਸੰਖੇਪ ਰੂਪ ਵਿੱਚ ਉਹ ਵੇਰਵੇ ਹੀ ਦਿੱਤੇ ਗਏ ਹਨ।

2*ਐਮ. ਐਮ. ਆਹਲੂਵਾਲੀਆ ਅਨੁਸਾਰ ਕੂਕੇ ਗੁਰੂ ਰਾਮ ਸਿੰਘ ਦੇ ਅਕਾਲ ਚਲਾਣੇ ਦੀ ਉਪਰੋਕਤ ਰਿਪੋਰਟ ਦਾ ਖੰਡਨ ਕਰਦੇ ਹਨ। ਕੂਕਿਆਂ ਦੇ ਮੱਤ ਅਨੁਸਾਰ ਗੁਰੂ ਰਾਮ ਸਿੰਘ ਨੇ ਬਰਤਾਨਵੀ ਜੇਲ੍ਹ ਵਿੱਚ ਅਕਾਲ ਚਲਾਣਾ ਨਹੀਂ ਕੀਤਾ। ਉਨ੍ਹਾਂ ਦਾ ਵਿਸ਼ਵਾਸ ਹੈ ਕਿ 1885 ਦੇ ਅੰਤ ਉੱਤੇ ਗੁਰੂ ਰਾਮ ਸਿੰਘ ਨਾਟਕੀ ਢੰਗ ਨਾਲ ਬਰਤਾਨੀਆ ਦੀ ਕੈਦ 'ਚੋਂ ਛੁਟਕਾਰਾ ਪ੍ਰਾਪਤ ਕਰ ਗਏ ਸਨ ਅਤੇ ਆਪਣੇ ਆਪ ਨੂੰ ਸੱਚਾ ਸਿੱਖ ਕਰਨ ਲਈ ਅੰਗਰੇਜ਼ ਅਧਿਕਾਰੀਆਂ ਨੇ ਸਤਿਗੁਰੂ ਰਾਮ ਸਿੰਘ ਦੇ

1* ਤਾਰਾ ਸਿੰਘ ਅਨਜਾਣ, ਸਭਹਨ ਕੇ ਸਿਰਮੌਰ, ਪੰਨਾ 194

2* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ਼ ਦ ਪੰਜਾਬ, ਪੰਨਾ 171



Sri Satguru Jagjit Singh Ji Elibrary NamdhariElibrary@gmail.com

ਅਕਾਲ ਚਲਾਣੇ ਬਾਰੇ ਇਹ ਮਨਘੜਤ ਕਹਾਣੀ ਘੜ ਲਈ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਦੀ ਨਜ਼ਰਬੰਦੀ ਤੋਂ ਸਵੈ-ਇੱਛਾ ਅਨੁਸਾਰ ਗੁਪਤ ਵਾਸ ਵਿੱਚ ਚੱਲੇ ਜਾਣ ਬਾਰੇ ਕਈ ਹੋਰ ਤੱਥਾਂ ਤੋਂ ਵੀ ਪੁਸ਼ਟੀ ਹੋ ਜਾਂਦੀ ਹੈ। ਨਾਮਧਾਰੀ ਇਤਿਹਾਸਕਾਰ ਐਮ. ਐਮ. ਆਹਲੂਵਾਲੀਆ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਵਿਖੇ 29 ਨਵੰਬਰ, 1885 ਨੂੰ ਹੋਏ ਅਕਾਲ ਚਲਾਣੇ ਨੂੰ ਸੱਚ ਨਹੀਂ ਮੰਨਿਆ ਜਾ ਸਕਦਾ। ਇਸ ਸੰਖੇਪ ਵਿੱਚ ਉਨ੍ਹਾਂ ਦਾ ਬਿਆਨ ਬੜਾ ਸਪੱਸ਼ਟ ਅਤੇ ਤਰਕ-ਸੰਗਤ ਹੈ।[1*] ਪ੍ਰਸਿੱਧ ਨਾਮਧਾਰੀ ਲੇਖਕ ਸੰਤ ਨਿਧਾਨ ਸਿੰਘ ਆਲਿਮ ਗੁਰੂ ਜੀ ਦੇ ਅਕਾਲ ਚਲਾਣੇ ਦੇ ਸਮਾਚਾਰਾਂ ਦਾ ਹੇਠ ਲਿਖੇ ਤੱਥਾਂ ਦੇ ਆਧਾਰ 'ਤੇ ਖੰਡਨ ਕਰਦਾ ਹੈ :

1. 1934 ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਸੰਤ ਨਿਧਾਨ ਸਿੰਘ ਆਲਿਮ ਜੀ ਨੂੰ ਜਦ ਬੈਂਕਾਕ ਜਾਣ ਦਾ ਮੌਕਾ ਮਿਲਿਆ ਤਾਂ ਵਾਪਸੀ ਉੱਤੇ ਉਨ੍ਹਾਂ ਦਾ ਸਮੁੰਦਰੀ ਜਹਾਜ ਕੁਝ ਸਮੇਂ ਲਈ ਮਰਗੋਈ ਰੁੱਕਿਆ ਸੀ। ਇੱਥੇ ਉਤਰ ਕੇ ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਮਰਗੋਈ ਨਜ਼ਰਬੰਦ ਰਹਿਣ ਬਾਰੇ ਪਤਾ ਕੀਤਾ। ਉਨ੍ਹਾਂ ਨੂੰ ਮਰਗੋਈ ਦੀ ਇੱਕ ਬਸਤੀ ਵਿੱਚ ਇੱਕ ਬਜ਼ੁਰਗ ਮਿਲਿਆ, ਜਿਸਨੇ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ, "ਮੇਰੀ ਉਮਰ ਹੁਣ 70 ਸਾਲ ਦੀ ਹੈ ਅਤੇ ਇੱਥੇ ਪਿਛਲੇ 20 ਸਾਲਾਂ ਤੋਂ ਮੈਂ ਦੋਧੀ ਦਾ ਧੰਦਾ ਕਰ ਰਿਹਾ ਹਾਂ। ਮੈਨੂੰ ਇੱਕ ਬਿਰਧ ਬਰਮੀ ਸਾਧੂ ਤੋਂ ਗੁਰੂ ਰਾਮ ਸਿੰਘ ਬਾਰੇ ਕੁਝ ਜਾਣਕਾਰੀ ਮਿਲੀ ਸੀ। ਉਸਨੇ ਮੈਨੂੰ ਦੱਸਿਆ ਕਿ ਗੁਰੂ ਰਾਮ ਸਿੰਘ ਅਨੰਤ ਕਲਾ ਦੇ ਮਾਲਕ ਸਨ ਅਤੇ ਉਨ੍ਹਾਂ ਦਾ ਦਰਸ਼ਨ ਕਰਕੇ ਰਾਹੀਆਂ ਨੂੰ ਵੀ ਸ਼ਾਂਤੀ ਮਿਲਦੀ ਸੀ। ਸ਼ੁਰੂ-ਸ਼ੁਰੂ ਵਿੱਚ ਆਪ ਜੀ ਨੂੰ ਜੇਲ੍ਹ ਵਿੱਚ ਰੱਖਿਆ ਗਿਆ, ਪਰ ਪਿਛੋਂ ਸਾਗਰ ਕੰਢੇ ਬਣਾਏ ਗਏ ਬੰਗਲੇ ਵਿੱਚ ਬਦਲ ਦਿੱਤਾ ਗਿਆ। ਉਨ੍ਹਾਂ ਉੱਤੇ ਪਹਿਰਾ ਵੀ ਸਖ਼ਤ ਨਹੀਂ ਸੀ ਹੁੰਦਾ। ਇੱਕ ਦਿਨ ਉਹ ਇਸ ਬੰਦੀ-ਖਾਨੇ ਵਿੱਚੋਂ ਅਲੋਪ ਹੋ ਗਏ ਅਤੇ ਕਾਫ਼ੀ ਯਤਨ ਕਰਨ ਉੱਤੇ ਵੀ ਲਭੇ ਨਾ ਜਾ ਸਕੇ। ਦੇਵ-ਨੇਤ ਇੱਕ ਹੋਰ ਰਾਮ ਸਿੰਘ ਨਾਂ ਦੇ ਡੋਗਰਾ ਕੈਦੀ ਦੀ ਅਚਾਨਕ ਮ੍ਰਿਤੂ ਹੋ ਗਈ। ਅਧਿਕਾਰੀਆਂ ਨੇ ਇਸ ਹਾਲਤ ਦਾ ਲਾਭ ਉਠਾਇਆ। ਉਨ੍ਹਾਂ ਇਹ ਗੱਲ ਧੁਮਾ ਦਿੱਤੀ ਕਿ ਕੂਕਾ ਗੁਰੂ ਦਾ ਦੇਹਾਂਤ ਹੋ ਗਿਆ ਹੈ ਅਤੇ ਉਸ ਦੇ ਦਾਹ ਸੰਸਕਾਰ ਦੇ ਵੇਰਵੇ ਡੋਗਰੇ ਕੈਦੀ ਰਾਮ ਸਿੰਘ ਨਾਲ ਜੋੜ ਦਿੱਤੇ। ਇਹ ਰਾਜਨੀਤਕ ਫਰੇਬ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ।

2. ਸਤਿਗੁਰੂ ਰਾਮ ਸਿੰਘ ਜੀ ਦਾ ਕੱਦ ਸ੍ਰੀ ਗੁਰੂ ਹਰੀ ਸਿੰਘ ਜੀ ਤੋਂ ਲੰਮਾ ਸੀ। ਪਰ ਗੁਰੂ ਰਾਮ ਸਿੰਘ ਜੀ ਦੇ ਦੇਹਾਂਤ ਦੇ ਸਮਾਚਾਰਾਂ ਪਿਛੋਂ ਜਿਹੜੇ ਉਨ੍ਹਾਂ ਦੇ

[1*] ਨਿਧਾਨ ਸਿੰਘ ਆਲਮ, ਜੁਗ ਪਲਟਾਊ ਸਤਿਗੁਰੂ, ਪੰਨਾ 216-218



Sri Satguru Jagjit Singh Ji Elibrary NamdhariElibrary@gmail.com

ਬਸਤਰ ਗੁਰੂ ਹਰੀ ਸਿੰਘ ਜੀ ਪਾਸ ਸਬੂਤ ਵਜੋਂ ਭੇਜੇ ਗਏ, ਉਹ ਕਿਸੇ ਪਤਲੇ ਅਤੇ ਮਧਰੇ ਬੰਦੇ ਦੇ ਸਨ। ਸਤਿਗੁਰੂ ਹਰੀ ਸਿੰਘ ਜੀ ਦੀ ਤਾਂ ਉਸ ਕੁੜਤੇ ਵਿੱਚ ਬਾਂਹ ਵੀ ਨਹੀਂ ਸੀ ਫਸਦੀ। ਇਸ ਲਈ ਉਨ੍ਹਾਂ ਨੇ ਇਨ੍ਹਾਂ ਵਸਤਾਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਹੋਣ ਨੂੰ ਪ੍ਰਵਾਨ ਨਾ ਕੀਤਾ।

3. ਉਨ੍ਹਾਂ ਨੇ ਕਿਹਾ ਕਿ ਜੇਕਰ ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਸਾਨੂੰ ਯਕੀਨ ਨਾਲ ਕੁਝ ਦੱਸਣਾ ਚਾਹੁੰਦੇ ਹੋ ਤਾਂ ਪ੍ਰਮਾਣ ਵਜੋਂ ਉਨ੍ਹਾਂ ਦਾ ਉਹ ਗੁਟਕਾ, ਜਿਸ ਤੋਂ ਉਹ ਪਾਠ ਕਰਦੇ ਹੁੰਦੇ ਸਨ ਅਤੇ ਗੜਵਾ ਭੇਜੋ। ਫਿਰ ਅਸੀਂ ਤੁਹਾਡੀ ਇਸ ਖ਼ਬਰ ਦਾ ਯਕੀਨ ਮੰਨ ਲਵਾਂਗੇ। ਪਰ ਸਰਕਾਰ ਇਨ੍ਹਾਂ ਦੋਹਾਂ ਵਸਤਾਂ ਨੂੰ ਭੇਜਣ ਤੋਂ ਅਸਮਰੱਥ ਰਹੀ।

4. ਐਸ. ਡੀ. ਓ. (ਪੰਜਾਬ) ਸ: ਆਲਿਮ ਸਿੰਘ ਨੇ ਨਾਮਧਾਰੀ ਪੱਤਰ 'ਸਤਿਜੁਗ' ਵਿੱਚ ਇਹ ਸਮਾਚਾਰ ਪ੍ਰਕਾਸ਼ਿਤ ਕਰਵਾਇਆ ਸੀ ਕਿ 1890 ਵਿੱਚ ਉਸਨੇ ਮੌਲਮੀਣ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਸੀ। ਉਸਨੇ ਸਰਕਾਰ ਨੂੰ ਚੁਣੌਤੀ ਦਿੱਤੀ ਸੀ ਕਿ ਉਹ ਇਸ ਖ਼ਬਰ ਦਾ ਖੰਡਨ ਕਰੇ, ਪਰ ਸਰਕਾਰ ਵੱਲੋਂ ਉਸ ਖ਼ਬਰ ਦਾ ਖੰਡਨ ਕਰਨ ਬਾਰੇ ਕੁਝ ਵੀ ਨਾ ਕੀਤਾ ਜਾ ਸਕਿਆ।

5. ਭਾਰਤ ਸਰਕਾਰ ਦੇ ਕੁਝ ਉੱਚ ਅਧਿਕਾਰੀਆਂ ਵੱਲੋਂ ਗੁਰੂ ਰਾਮ ਸਿੰਘ ਜੀ ਦੇ ਦੇਹਾਂਤ ਬਾਰੇ ਦਿੱਤੇ ਗਏ ਬਿਆਨ ਕਾਫ਼ੀ ਹੱਦ ਤੱਕ ਸਵੈ-ਵਿਰੋਧੀ ਹਨ। ਮਿ: ਮੈਕਲੀਗਨ ਦੀਭਾਰਤ ਦੀ ਜਨਸੰਖਿਆ ਦੀ ਰਿਪੋਰਟ ਦੱਸਦੀ ਹੈ ਕਿ ਗੁਰੂ ਰਾਮ ਸਿੰਘ ਦਾ ਦੇਹਾਂਤ ਰੰਗੂਨ ਵਿਖੇ 1887 ਜਾਂ 1888 ਵਿਖੇ ਹੋਇਆ ਸੀ।

ਅੰਤ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਬਿਆਨ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਜੋ ਉਨ੍ਹਾਂ ਨੇ ਸ਼੍ਰੀ ਭੈਣੀ ਸਾਹਿਬ ਤੋਂ 1872 ਵਿੱਚ ਜਾਣ ਸਮੇਂ ਗੱਡੇ ਵਿੱਚ ਬੈਠਿਆਂ ਆਪਣੇ ਸਾਥੀਆਂ ਨੂੰ ਦਿੱਤਾ ਸੀ ਕਿ ਜੇਕਰ ਬਰਤਾਨਵੀ ਸਰਕਾਰ ਮੇਰੇ ਜੀਵਨ ਜਾਂ ਮੌਤ ਬਾਰੇ ਕੋਈ ਬਿਆਨ ਦੇਵੇ ਤਾਂ ਉਸ ਉੱਤੇ ਵਿਸ਼ਵਾਸ ਨਹੀਂ ਕਰਨਾ। ਮੇਰਾ ਸਰੀਰ ਤਾਂ 250 ਸਾਲ ਤੱਕ ਜੀਵਤ ਰਹਿ ਸਕਦਾ ਹੈ।

ਕੂਕਿਆਂ ਦਾ ਇਹ ਵਿਸ਼ਵਾਸ ਹੁਣ ਤੱਕ ਕਾਇਮ ਰਿਹਾ ਹੈ ਕਿ ਉਨ੍ਹਾਂ ਦੇ ਪਿਆਰੇ ਸਤਿਗੁਰੂ ਹਾਲੀਂ ਵੀ ਜੀਵਤ ਹਨ ਅਤੇ ਉਹ ਨਿਕਟ ਭਵਿੱਖ ਵਿੱਚ ਸਾਨੂੰ ਆ ਕੇ ਦਰਸ਼ਨ ਦੇਣਗੇ।

### ਸਤਿਗੁਰੂ ਰਾਮ ਸਿੰਘ ਜੀ ਦਾ ਮਹਾਨ ਵਿਅਕਤੀਤਵ

ਸਤਿਗੁਰੂ ਰਾਮ ਸਿੰਘ ਜੀ ਆਪਣੇ ਸਮੇਂ ਦੇ ਮਹਾਨ ਯੁੱਗ ਪੁਰਸ਼ ਸਨ। 19ਵੀਂ ਸਦੀ ਵਿੱਚ ਪੰਜਾਬ ਵਿੱਚ ਇਨ੍ਹਾਂ ਸਤਰਾਂ ਦੇ ਲੇਖਕ ਦੇ ਵਿਚਾਰ ਅਨੁਸਾਰ ਸਿੱਖ ਜਗਤ ਵਿੱਚ ਦੋ ਮਹਾਨ ਵਿਅਕਤੀ ਹੀ ਦਿਖਾਈ ਦਿੰਦੇ ਹਨ। ਇੱਕ ਸਨ ਸ਼ੇਰੇ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਮਹਾਰਾਜਾ ਰਣਜੀਤ ਸਿੰਘ, ਜਿਨ੍ਹਾਂ ਨੇ ਪੰਜਾਬ ਵਿੱਚ ਸਰਬ ਸਾਂਝਾ ਖਾਲਸਾ ਰਾਜ ਸਥਾਪਿਤ ਕੀਤਾ ਅਤੇ ਦੂਜੇ ਸਨ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਦੀ ਸੰਤ ਖਾਲਸੇ ਦੇ ਰੂਪ ਵਿੱਚ ਪੁਨਰ-ਸੁਰਜੀਤੀ ਕੀਤੀ। ਆਪ ਜੀ ਦਾ ਵਿਚਾਰ ਸੀ ਕਿ 1849 ਵਿੱਚ ਪੰਜਾਬ ਦਾ ਬਰਤਾਨਵੀ ਸਾਮਰਾਜ ਦੇ ਅਧੀਨ ਹੋ ਜਾਣ ਦਾ ਮੁੱਖ ਕਾਰਨ ਸਿੱਖਾਂ ਵਿੱਚ ਆਈ ਆਚਰਣਕ ਗਿਰਾਵਟ ਅਤੇ ਕੁਝ ਸਿੱਖ ਆਗੂਆਂ ਦੀ ਗਦਾਰੀ ਸੀ। ਇਸੇ ਲਈ ਆਪ ਜੀ ਨੇ ਆਪਣੇ ਰਾਜਨੀਤਕ ਵਿਚਾਰਾਂ ਦਾ ਆਧਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਾਂਝੇ ਆਦਰਸ਼ਾਂ ਬਾਰੇ ਸੰਤ ਖਾਲਸੇ ਨੂੰ ਪ੍ਰਗਟ ਕਰਕੇ ਮੁੜ ਪੰਜਾਬ ਦੀ ਜਨਤਾ ਨੂੰ ਧਰਮ ਨਾਲ ਜੋੜ ਕੇ ਅਤੇ ਖੰਡੇ ਦੀ ਰੀਤੀ ਨਾਲ ਅੰਮ੍ਰਿਤ ਤਿਆਰ ਕਰਕੇ ਮੁੜ ਨਾਮ ਦੇ ਆਧਾਰ ਨਾਲ ਜੋੜਿਆ। ਨਾਮ ਦੀ ਇਸੇ ਧਾਰਮਿਕ ਭਾਵਨਾ ਵਿੱਚੋਂ ਹੀ ਸੁਤੰਤਰਤਾ ਪ੍ਰਾਪਤੀ ਦੀ ਨਵੀਂ ਜਾਗ੍ਰਿਤੀ ਦਾ ਜਨਮ ਹੋਇਆ। ਗੁਲਾਮੀ ਵਿਰੁੱਧ ਇਹ ਆਜ਼ਾਦੀ ਦੀ ਜੋਤ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਸਦਾ ਰਹਿਨੁਮਾਈ ਕਰਦੀ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਇਸ ਧਰਮ ਪਰਾਇਣ ਅਤੇ ਨਾਮ ਆਧਾਰਿਤ ਅਧਿਆਤਮਿਕ ਬਲ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਦੇ ਪ੍ਰਪੱਕ ਹੋਣ ਬਾਰੇ ਨਾਮਧਾਰੀ ਇਤਿਹਾਸਕਾਰ ਲੇਖਕ ਐਮ.ਐਮ. ਆਹਲੂਵਾਲੀਆ ਵੇਰਵੇ ਸਹਿਤ ਵਰਣਨ ਕਰਦਾ ਹੈ।

"ਉਸ ਅਨੁਸਾਰ ਗੁਰੂ ਰਾਮ ਸਿੰਘ ਜੀ ਦਾ ਸਥਾਨ ਸੰਸਾਰ ਦੇ ਉਨ੍ਹਾਂ ਮਹਾਨ ਮਨੁੱਖਾਂ ਵਿੱਚ ਹੈ, ਜੋ ਆਪਣੇ ਵਿਚਾਰਾਂ ਕਾਰਨ ਦੁੱਖੜੇ ਜਰਦੇ ਹਨ ਅਤੇ ਜਿਨ੍ਹਾਂ ਦੇ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਕੀਤੀਆਂ ਗਈਆਂ ਕੁਰਬਾਨੀਆਂ ਕੇਵਲ ਇਕਲੋਤਰੀਆਂ ਘਟਨਾਵਾਂ ਨਹੀਂ ਹੁੰਦੀਆਂ, ਸਗੋਂ ਸੱਚੇ ਦੇਸ਼ ਭਗਤਾਂ ਅਤੇ ਸੁਹਿਰਦ ਆਗੂਆਂ ਦੀ ਨਿਆਈਂ ਗੁਰੂ ਰਾਮ ਸਿੰਘ ਵੀ ਕਦਮ-ਬ-ਕਦਮ ਅੱਗੇ ਵੱਧ ਕੇ ਆਪਣੀ ਕਰਨੀ ਰਾਹੀਂ ਅਜਿਹੀ ਮਹਾਨ ਪਦਵੀ ਤੱਕ ਪਹੁੰਚੇ। ਆਪ ਉੱਜਲ ਦਿਦਾਰੀ ਵਿਅਕਤੀਤਵ ਅਤੇ ਦ੍ਰਿੜ ਆਚਰਣ ਦੇ ਸੁਆਮੀ ਸਨ। ਉਹ ਸੱਚਮੁਚ ਹੀ ਅਦੁੱਤੀ ਵਿਅਕਤੀ ਸਨ, ਜਿਨ੍ਹਾਂ ਦੀ ਮਰਦਾਨਗੀ ਅਨ੍ਹੇਰੇ ਸਮਿਆਂ ਵਿੱਚ ਵੀ ਚਮਕਦੀ ਜੋਤ ਸਮਾਨ ਪ੍ਰਕਾਸ਼ਮਾਨ ਹੋਈ। ਆਪਣੇ 14 ਸਾਲਾਂ ਦੇ ਬੰਦੀ ਜੀਵਨ ਵਿੱਚ ਆਪ ਕਦੀ ਵੀ ਨਿਰਾਸ਼ ਅਤੇ ਉਪਰਾਮ ਨਹੀਂ ਹੋਏ। ਆਪ ਆਪਣੇ ਆਦਰਸ਼ਾਂ ਨਾਲ ਪੱਕੀ ਪੀਡੀ ਤਰ੍ਹਾਂ ਜੁੜੇ ਰਹੇ ਅਤੇ ਉਨ੍ਹਾਂ ਨੇ ਆਪਣੇ ਬੰਦੀ ਜੀਵਨ ਦੀ ਕਾਲ ਕੋਠੜੀ ਵਿੱਚ ਵੀ ਆਪਣੀ ਧਾਰਮਿਕ ਵਿਚਾਰਧਾਰਾ ਦੀ ਸ਼ਾਨ ਨੂੰ ਕਾਇਮ ਰੱਖਿਆ। ਉਨ੍ਹਾਂ ਨੇ ਆਪਣੇ ਦਿਲ ਅਤੇ ਦਿਮਾਗ ਨੂੰ ਸਦਾ ਹੁਲਾਸ ਅਤੇ ਆਸ ਨਾਲ ਜੋੜੀ ਰੱਖਿਆ, ਜਿਸ ਦਾ ਸੰਬੰਧ ਬੇਮਿਸਾਲ ਰੱਬਤਾ ਨਾਲ ਹੁੰਦਾ ਹੈ। ਦੇਸ਼ ਭਗਤੀ ਅਤੇ ਅਧਿਆਤਮਕ ਉਜਲੇਪਨ ਵਿੱਚ ਉਨ੍ਹਾਂ ਦਾ ਅਦੁੱਤੀ



Sri Satguru Jagjit Singh Ji Elibrary NamdhariElibrary@gmail.com

ਵਿਅਕਤੀਤਵ ਸਦਾ ਬੇਦਾਗ ਰਿਹਾ।

1857 ਵਿੱਚ ਜਿਹੜਾ ਧਰਮ ਨਿਸ਼ਾਨ ਉਨ੍ਹਾਂ ਨੇ ਝੁਲਾਇਆ ਸੀ, ਉਨ੍ਹਾਂ ਨੇ ਆਪਣੇ 14 ਸਾਲਾਂ ਦੇ ਬਰਮਾ ਦੇ ਬੰਦੀ ਜੀਵਨ ਵਿੱਚ ਵੀ ਹੱਥੋਂ ਨਹੀਂ ਛਡਿਆ। ਉਹ ਆਪਣੇ ਵਿਸ਼ਵਾਸਾਂ ਅਤੇ ਆਦਰਸ਼ਾਂ ਉੱਤੇ ਕਠਿਨ ਪ੍ਰੀਖਿਆ ਦੀ ਘੜੀ ਵਿੱਚ ਵੀ ਸੁਦ੍ਰਿੜ ਅਤੇ ਅਡੋਲ ਰਹੇ। ਉਨ੍ਹਾਂ ਆਪਣੇ ਦ੍ਰਿਸ਼ਟੀਕੋਣ ਨੂੰ ਕਦੀ ਵੀ ਧੁੰਦਲਾ ਨਹੀਂ ਪੈਣ ਦਿੱਤਾ।

ਆਪਣੇ ਉਨ੍ਹਾਂ ਰਾਜਨੀਤਕ ਆਦਰਸ਼ਾਂ ਜਿਹੜੇ ਆਪ ਜੀ ਨੇ 1872 ਤੱਕ ਜਨਤਾ ਵਿੱਚ ਜਾਗਰੂਪ ਕੀਤੇ ਸਨ, ਉਨ੍ਹਾਂ ਤੋਂ ਬਿਨਾਂ ਆਪ ਨੇ ਧਾਰਮਿਕ ਅਸੂਲਾਂ ਨੂੰ ਵੀ ਕਦੀ ਅੱਖੋਂ-ਪਰੋਖੇ ਨਹੀਂ ਕੀਤਾ। ਆਪਣੇ ਅਧਿਆਤਮਕ ਮੱਤ ਨੂੰ ਉਹ ਸਦਾ ਪਰਚਾਰਦੇ ਰਹੇ। ਆਪਣੇ ਗੁਪਤ ਪੱਤਰਾਂ ਰਾਹੀਂ ਜਿਹੜੇ ਉਨ੍ਹਾਂ ਨੇ ਨਜ਼ਰਬੰਦੀ ਦੀ ਹਾਲਤ ਵਿੱਚ ਪੰਜਾਬ ਦੇ ਪੈਰੋਕਾਰਾਂ ਨੂੰ ਲਿਖੇ ਵਿੱਚੋਂ ਆਪ ਜੀ ਦੀ ਸਖਸ਼ੀਅਤ ਬਾਰੇ ਕਈ ਉੱਘੇ ਨੁਕਤੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਆਪ ਦੂਜੇ ਅਫਗਾਨ ਯੁੱਧ ਦੇ ਸਮਾਚਾਰਾਂ ਤੋਂ ਸੁਘੜ ਨੀਤੀਵਾਨਾਂ ਸਮਾਨ ਸੁਚੇਤ ਸਨ। ਦੂਜੇ ਬੰਨੇ ਆਪ ਭਾਰਤ ਵਿੱਚ ਬਰਤਾਨਵੀ ਰਾਜ ਦੇ ਕੱਟੜ ਵੈਰੀ ਸਨ।

ਤੀਜਾ ਉਨ੍ਹਾਂ ਦਾ ਪੰਜਾਬ ਵਿੱਚ ਖ਼ਾਲਸਾ ਰਾਜ ਦੀ ਪੁਨਰ ਸਥਾਪਤੀ ਬਾਰੇ ਪੱਕਾ ਵਿਸ਼ਵਾਸ ਸੀ। ਚੌਥੇ ਅਤੇ ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ ਸਦਾ ਇਹ ਚਿੰਤਾ ਰਹਿੰਦੀ ਸੀ ਕਿ ਉਨ੍ਹਾਂ ਦੇ ਪੈਰੋਕਾਰ ਨਿਰੰਤਰ ਧਾਰਮਿਕ ਮਨੋਤਾਵਾਂ ਪ੍ਰਭੂ ਦੇ ਭੈ ਵਿੱਚ ਰਹਿੰਦੇ ਹੋਏ ਸਿੱਧੇ ਸਾਦੇ ਅਤੇ ਬਲਵਾਨ ਆਚਰਨ ਦੇ ਧਾਰਨੀ ਹੋਣ ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਵੀ ਉਹ ਇਨ੍ਹਾਂ ਗੁਣਾਂ ਵਿੱਚ ਪੱਕੇ ਰਹਿਣ। ਅੰਤ ਵਿੱਚ ਗੁਰੂ ਰਾਮ ਸਿੰਘ ਦੇ ਵਿਅਕਤੀਤਵ ਬਾਰੇ ਇੱਕ ਹੋਰ ਗੱਲ ਵੱਲ ਸੰਕੇਤ ਦੇਣਾ ਉੱਚਿਤ ਪ੍ਰਤੀਤ ਹੁੰਦਾ ਹੈ। ਨਿਰਸੰਦੇਹ ਉਨ੍ਹਾਂ ਦੀ ਦੇਸ਼ ਭਗਤੀ ਦਾ ਮੂਲ ਆਧਾਰ ਧਰਮ ਸੀ। ਗੁਰੂ ਰਾਮ ਸਿੰਘ ਦਾ ਇਹ ਵੀ ਮੱਤ ਸੀ ਕਿ ਜੇਕਰ ਨਾਮਧਾਰੀ ਧਾਰਮਿਕ ਭਾਵਨਾ ਤੋਂ ਅਛੋਹ ਰਹਿਣਗੇ ਤਾਂ ਉਹ ਮੁਕਤੀ ਵੀ ਪ੍ਰਾਪਤ ਨਹੀਂ ਕਰ ਸਕਣਗੇ। ਫਲਸਰੂਪ ਉਨ੍ਹਾਂ ਦੇ ਭੇਜੇ ਗਏ ਹੁਕਮਨਾਮਿਆਂ ਵਿੱਚ ਬਹੁਤਾ ਬੱਲ ਧਾਰਮਿਕ ਭਾਵਨਾ ਉੱਤੇ ਦਿੱਤਾ ਗਿਆ ਹੈ।

## ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਅਤੇ 19ਵੀਂ ਸਦੀ ਦੇ ਉਤਰਾਰਧ ਵਿੱਚ ਕੂਕਾ ਲਹਿਰ ਦੀ ਪ੍ਰਕਿਰਤੀ ਧਾਰਮਿਕ ਉਥਾਨ, ਸਮਾਜ ਕਲਿਆਣ ਅਤੇ ਅੰਗਰੇਜ ਸਾਮਰਾਜ ਵਿਰੋਧੀ ਰਾਜਨੀਤਕ ਸੰਗਰਾਮ ਨੂੰ ਜੱਥੇਬੰਦ ਕਰਨ ਦੇ ਸੰਬੰਧ ਵਿੱਚ ਸਾਰੇ ਹਾਲਾਤ ਤੋਂ ਜਾਣੂ ਹੋਣ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸਭ ਤੋਂ ਮਹੱਤਵਪੂਰਨ ਅਤੇ ਪਰਮਾਣਿਕ ਇਤਿਹਾਸਕ ਸ੍ਰੋਤ



Sri Satguru Jagjit Singh Ji Elibrary NamdhariElibrary@gmail.com

ਮੰਨੇ ਜਾ ਸਕਦੇ ਹਨ। ਸ਼ੁਰੂ ਵਿੱਚ ਹੁਕਮਨਾਮੇ ਆਪਣੇ ਪਰਮਾਣਿਕ ਰੂਪ ਵਿੱਚ ਨਹੀਂ ਸਗੋਂ ਕੁਝ ਹਲਕਿਆਂ ਵੱਲੋਂ ਖੰਡਿਤ ਰੂਪ ਵਿੱਚ ਹੀ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ ਸਨ। ਪਰ ਹੁਣ ਇਹ 1998 ਵਿੱਚ ਨਾਮਧਾਰੀ ਇਤਿਹਾਸਕਾਰ ਜਸਵਿੰਦਰ ਸਿੰਘ ਵੱਲੋਂ ਸੰਪਾਦਿਤ ਕਰਕੇ ਨਾਮਧਾਰੀ ਦਰਬਾਰ ਸ਼੍ਰੀ ਭੈਣੀ ਸਾਹਿਬ ਵੱਲੋਂ ਪ੍ਰਕਾਸ਼ਿਤ ਕਰ ਦਿੱਤੇ ਗਏ ਹਨ। ਇਸ ਪ੍ਰਕਾਰ ਇਹ ਹੁਕਮਨਾਮੇ ਆਪਣੇ ਸਮੇਂ ਦੇ ਪ੍ਰਮਾਣਿਕ ਇਤਿਹਾਸਕ ਦਸਤਾਵੇਜ਼ ਬਣ ਗਏ ਹਨ।

ਨਾਮਧਾਰੀ ਜਗਤ ਨੂੰ ਜਦੋਂ 1875 ਵਿੱਚ ਬਾਬਾ ਦਰਬਾਰਾ ਸਿੰਘ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੇ ਬਰਮਾ ਵਿੱਚ ਰੰਗੂਨ ਕੈਦ ਕੀਤੇ ਜਾਣ ਦਾ ਪਤਾ ਲੱਗ ਗਿਆ ਤਾਂ ਸੌ ਦੇ ਕਰੀਬ ਨਾਮਧਾਰੀ ਸ਼ਰਧਾਲੂਆਂ ਨੇ ਸਤਿਗੁਰੂ ਹਰੀ ਸਿੰਘ ਜੀ ਦੀ ਆਗਿਆ ਸਹਿਤ ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੀ ਨਹੀਂ ਕੀਤੇ, ਸਗੋਂ ਉਨ੍ਹਾਂ ਵੱਲੋਂ ਕਈ ਹੁਕਮਨਾਮੇ ਵੀ (ਜੋ ਪੱਤਰਾਂ ਦੇ ਰੂਪ ਵਿੱਚ ਲਿਖੇ ਗਏ ਸਨ) ਲੈ ਆਂਦੇ। ਇਹ ਹੁਕਮਨਾਮੇ ਸਰਕਾਰੀ ਪਾਬੰਦੀਆਂ ਦੇ ਹੁੰਦਿਆਂ ਹੋਇਆਂ ਵੀ ਕੂਕਾ ਲਹਿਰ ਦੇ ਉਥਾਨ ਅਤੇ ਅੱਗੇ ਵਧਣ ਲਈ ਪ੍ਰੇਰਨਾ ਸਰੋਤ ਸਿੱਧ ਹੋਏ। ਇਨ੍ਹਾਂ ਹੁਕਮਨਾਮਿਆਂ ਨੂੰ ਲਿਆਉਣ ਲਈ ਕਈ ਨਾਮਧਾਰੀ ਸਿੰਘਾਂ ਨੇ ਅਨੇਕ ਕਸ਼ਟ ਸਹਿ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਜਿੱਥੇ ਮਨ ਨੂੰ ਸ਼ਾਂਤ ਕੀਤਾ, ਉੱਥੇ ਉਨ੍ਹਾਂ ਦੇ ਸੰਦੇਸ਼ਾਂ ਅਤੇ ਉਪਦੇਸ਼ਾਂ ਨੂੰ ਗੁਪਤ ਰੂਪ ਵਿੱਚ ਪੰਜਾਬ ਵਿੱਚ ਲਿਆਉਣ ਵਿੱਚ ਵੱਡੀ ਸਫ਼ਲਤਾ ਪ੍ਰਾਪਤ ਕੀਤੀ।

ਸ: ਜਸਵਿੰਦਰ ਸਿੰਘ ਵੱਲੋਂ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ' ਪੁਸਤਕ ਵਿੱਚ 64 ਹੁਕਮਨਾਮੇ ਸੰਕਲਿਤ ਹਨ। ਜਿਨ੍ਹਾਂ ਵਿੱਚੋਂ ਦੋ ਉੱਤੇ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਵੱਲੋਂ ਲਿਖੇ ਗਏ ਹੋਣ ਦਾ ਸੰਕੇਤ 'ਲਿਖਤੁਮ ਰਾਮ ਸਿੰਘ' ਲਿਖ ਕੇ ਦੇ ਦਿੱਤਾ ਹੈ। ਪਰ ਦੂਜੇ ਗੁਪਤ ਰੂਪ ਵਿੱਚ ਭੇਜੇ ਗਏ ਹੁਕਮਨਾਮਿਆਂ ਉੱਤੇ ਆਪਣਾ ਨਾਮ ਦਿਆਲ ਸਿੰਘ ਅਤੇ ਆਪਣੇ ਨਿੱਜੀ ਸੇਵਕ ਨਾਨੂੰ ਸਿੰਘ ਦਾ ਨਾਮ ਕਿਰਪਾਲ ਸਿੰਘ ਲਿਖਿਆ ਹੈ। ਇਸੇ ਤਰ੍ਹਾਂ ਇੱਕ ਹੋਰ ਥਾਂ ਤੇ ਆਪਣਾ ਨਾਮ ਗੰਗਾ ਵਾਲਾ ਮਸਤਾਨਾ ਲਿਖਿਆ ਹੈ। ਇਸੇ ਤਰ੍ਹਾਂ ਆਪਣੇ ਭਾਈ ਬੁੱਧ ਸਿੰਘ ਦੇ ਨਾਮ ਨੂੰ ਅਗਲੇ ਗੁਪਤ ਪੱਤਰਾਂ ਵਿੱਚ ਹਰੀ ਸਿੰਘ ਕਰਕੇ ਲਿਖਿਆ ਹੈ। ਕਿਉਂ ਜੋ ਇਹ ਹੁਕਮਨਾਮੇ ਚਿੱਠੀ ਪੱਤਰ ਦੀ ਰੀਤੀ ਅਨੁਸਾਰ ਲਿਖੇ ਗਏ ਸਨ। ਇਸ ਲਈ ਇਹਨਾਂ ਵਿੱਚੋਂ ਤੱਤਕਾਲਕ ਪੱਤਰਾਚਾਰ ਦੀ ਪ੍ਰਚੱਲਿਤ ਸ਼ੈਲੀ ਦੇ ਵਿਸ਼ੇਸ਼ ਪੱਖ ਭਲੀ-ਭਾਂਤੀ ਉਜਾਗਰ ਹੋ ਜਾਂਦੇ ਹਨ। ਡਾ: ਹਰਭਜਨ ਸਿੰਘ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਾਰਤਕ ਸ਼ੈਲੀ ਦਾ ਮੁੱਖ ਗੁਣ ਸਰਲਤਾ ਅਤੇ ਨਿਮਰਤਾ ਹੈ। ਪਰ ਇਨ੍ਹਾਂ ਦਾ ਗੰਭੀਰ ਅਧਿਐਨ ਨਾਮਧਾਰੀ ਮੱਤ ਦੇ ਅਨੇਕਾਂ ਪੱਖਾਂ ਉੱਤੇ ਪ੍ਰਕਾਸ਼ ਪਾਉਣ ਵਾਲਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਦੇ ਹਿਰਦੇ ਵਿੱਚ ਪੰਜਾਬ ਅਤੇ ਸਾਧ ਸੰਗਤ ਲਈ ਵਿਸ਼ੇਸ਼ ਪਿਆਰ ਸੀ। ਆਪ ਇਨ੍ਹਾਂ ਦੇ ਵਿਛੋੜੇ ਦਾ ਜ਼ਿਕਰ ਬਾਰ-ਬਾਰ ਕਈ ਹੁਕਮਨਾਮਿਆਂ ਵਿੱਚ ਕਰਦੇ ਹਨ। ਇਨ੍ਹਾਂ ਹੁਕਮਨਾਮਿਆਂ ਤੋਂ ਹੀ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਇਨ੍ਹਾਂ ਦਾ ਰਚਨਹਾਰ ਪ੍ਰਵਾਸ ਦੇ ਬੰਦੀ ਜੀਵਨ ਵਿੱਚ ਕੀ ਕੁਝ ਅਨੁਭਵ ਕਰਦਾ ਅਤੇ ਸੋਚਦਾ ਹੈ। ਪੰਜਾਬ ਦੇ ਇਤਿਹਾਸਕ ਸਮਾਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਜੀ ਦੇ ਮਨ ਵਿੱਚ ਕਿੰਨੀ ਉੱਤਸਕਤਾ ਹੈ। ਇਹ ਸੰਬੋਧਨੀ ਸ਼ੈਲੀ ਵਿੱਚ ਲਿਖੇ ਗਏ ਹਨ, ਜਿਸ ਵਿੱਚ ਸੰਕੇਤ੍ਕ ਰੂਪ ਵਿੱਚ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਹਰ ਪ੍ਰਕਾਰ ਦੀ ਜਾਣਕਾਰੀ ਅਤੇ ਅਗਵਾਈ ਦਿੱਤੀ ਗਈ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰ-ਆਤਮਾ ਨੂੰ ਜਾਨਣ ਲਈ ਇਨ੍ਹਾਂ ਹੁਕਮਨਾਮਿਆਂ ਤੋਂ ਵਧੇਰੇ ਹੋਰ ਕੋਈ ਉੱਤਮ ਪ੍ਰਮਾਣ ਨਹੀਂ ਹੋ ਸਕਦਾ। ਆਪ ਜੀ ਨੇ ਉਸ ਸਮੇਂ ਨਾਮ ਸਿਮਰਨ, ਬਾਣੀ ਪੜ੍ਹਨ, ਬਾਣੀ ਕੰਠ ਕਰਨ, ਗੁਰਮੁੱਖੀ ਅੱਖਰਾਂ ਦਾ ਬੋਧ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਯਤਨ ਕੀਤੇ ਅਤੇ ਸਮੂਹ ਨਾਮਧਾਰੀ ਸੰਗਤ ਨੂੰ ਆਪਣੀ ਬੋਲੀ ਅਤੇ ਗੁਰਮਤਿ ਦੇ ਸਭਿਆਚਾਰ ਨਾਲ ਜੋੜਨ ਦਾ ਮਹਾਨ ਯਤਨ ਕੀਤਾ। ਇਨ੍ਹਾਂ ਹੁਕਮਨਾਮਿਆਂ ਵਿੱਚ ਬਰਤਾਨਵੀ ਸਾਮਰਾਜ ਦੇ ਵਿਰੋਧ ਅਤੇ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਣ ਲਈ ਵੀ ਥਾਂ-ਥਾਂ ਤੇ ਸੰਕੇਤ ਕੀਤੇ ਗਏ ਹਨ।

(ਹੁਕਮਨਾਮੇ ਜਸਵਿੰਦਰ ਸਿੰਘ ਭੂਮਿਕਾ ਵਿੱਚੋਂ।)

ਇਹਨਾਂ ਹੁਕਮਨਾਮਿਆਂ ਵਿੱਚ ਹੀ ਰੂਸ ਬਾਰੇ 'ਸਰੂਪ ਸਿੰਘ' ਅਤੇ ਅੰਗਰੇਜ਼ਾਂ ਬਾਰੇ 'ਖਿਲਾ ਸਿੰਘ' ਆਦਿ ਨਾਵਾਂ ਦੇ ਸੰਕੇਤਾਂ ਦੀ ਵਰਤੋਂ ਕੀਤੀ ਗਈ ਹੈ। ਹੁਕਮਨਾਮਿਆਂ ਦੇ ਸੰਪਾਦਕ ਨੇ ਇਨ੍ਹਾਂ ਹੁਕਮਨਾਮਿਆਂ ਨੂੰ ਚਾਰ ਵਰਗਾਂ ਵਿੱਚ ਵੰਡਿਆ ਹੈ :

[1*](ੳ) ਕੁਝ ਹੁਕਮਨਾਮੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਧੇ ਸਤਿਗੁਰੂ ਹਰੀ ਸਿੰਘ ਜੀ ਨੂੰ ਅਥਵਾ ਬੀਬੀ ਨੰਦਾ ਨੂੰ ਲਿਖੇ ਸਨ।

(ਅ) ਕੁਝ ਹੁਕਮਨਾਮੇ ਸੰਗਤ ਦੇ ਨਾਂ ਸਮੂਹਿਕ ਰੂਪ ਵਿੱਚ ਲਿਖੇ ਸਨ।

(ੲ) ਕੁਝ ਹੁਕਮਨਾਮੇ ਪੰਜਾਬ ਤੋਂ ਭੇਜੀਆਂ ਗਈਆਂ ਅਰਦਾਸਾਂ ਦੇ ਉੱਤਰ ਵਿੱਚ ਲਿਖੇ ਸਨ, ਜਿਸ ਤਰ੍ਹਾਂ ਕਿ ਜਵਾਲਾਦੇਈ ਨੂੰ, ਸੁੱਧ ਸਿੰਘ ਨੂੰ, ਸ਼ਿਆਮ ਸਿੰਘ ਨੂੰ ਆਦਿ।

(ਸ) ਕੁਝ ਹੁਕਮਨਾਮੇ ਰੰਗੂਨ ਪੁੱਜੇ ਸਿੱਖਾਂ ਨੂੰ ਦਿੱਤੇ ਜਾਂਦੇ ਸਨ। ਇਹਨਾਂ ਹੁਕਮਨਾਮਿਆਂ ਵਿੱਚ ਸਮੁੰਦਰੋਂ ਪਾਰ ਕਸ਼ਟ ਝੱਲ ਕੇ ਆਉਣ ਅਤੇ ਦਰਸ਼ਨ ਦੇਣ ਨੂੰ ਧੰਨ ਕਿਹਾ ਗਿਆ ਹੈ। ਜਿਵੇਂ "ਤੁਸਾਂ ਦਾ ਧੰਨ ਜਨਮ ਹੈ ਜੋ ਤੁਸੀਂ ਸਾਨੂ ਐਤਨੀ ਦੂਰ ਸਮੁੰਦਰੋਂ ਪਾਰ ਚਲ ਕੇ ਦਰਸ਼ਨ ਦਿੱਤੇ

[1*] ਜਸਵਿੰਦਰ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਪੰਨਾ 51



Sri Satguru Jagjit Singh Ji Elibrary NamdhariElibrary@gmail.com

ਨਾਲੇ ਪਦਾਰਥ ਦੀਆ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਇਸ ਕਾਲ ਦੀ ਸਭ ਤੋਂ ਮਹੱਤਵਪੂਰਨ ਰਚਨਾ ਹੈ, ਜਿਸ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਆਤਮਾ ਦੀ ਚਿੰਤਨਧਾਰਾ ਪ੍ਰਤੱਖ ਰੂਪ ਵਿੱਚ ਪ੍ਰਕਾਸ਼ਮਾਨ ਹੈ।

ਐਮ. ਐਮ. ਆਹਲੂਵਾਲੀਆ ਨੇ ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮਿਆਂ ਬਾਰੇ ਬੜੇ ਸੁੰਦਰ ਅਤੇ ਪ੍ਰਭਾਵਸ਼ਾਲੀ ਵਿਚਾਰ ਪ੍ਰਗਟਾਏ ਹਨ। ਇਨ੍ਹਾਂ ਦੇ ਵਿਸ਼ੇ-ਵਸਤੂ ਬਾਰੇ ਉਹ ਲਿਖਦਾ ਹੈ :

(1) ਆਪ ਨੂੰ ਸਿੱਖਾਂ ਅਤੇ ਦੇਸ਼ ਨਾਲ ਅਥਾਹ ਪਿਆਰ ਸੀ। ਆਪਣੇ ਦਰਸ਼ਨ ਕਰਨ ਆਏ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਉਨ੍ਹਾਂ ਨੂੰ ਸਦਾ ਖਿਆਲ ਰਹਿੰਦਾ ਸੀ। ਆਪਣੇ ਮਨ ਦੀ ਅੰਤਰਦਸ਼ਾ ਤੋਂ ਆਪ ਭਲੀ-ਭਾਂਤ ਜਾਣੂ ਸਨ।

(2) ਗੁਰਬਾਣੀ ਅਤੇ ਗੁਰਮੰਤਰ ਦੇ ਜਾਪ ਨੂੰ ਆਪ ਸਦਾ ਦ੍ਰਿੜ੍ਹ ਕਰਵਾਉਂਦੇ ਰਹੇ। ਗੁਰਮੰਤਰ ਤੋਂ ਬਿਨਾਂ ਪ੍ਰਾਣੀ, ਸੂਅਰ, ਕੁੱਤਾ, ਗਧਾ ਅਤੇ ਸੱਪ ਹੈ। ਇਸੇ ਲਈ ਆਪ ਬਾਣੀ ਕੰਠ ਕਰਨ ਲਈ ਸਦਾ ਉਪਦੇਸ਼ ਕਰਦੇ ਹਨ। ਬਾਣੀ ਦਾ ਪਾਠ ਅਤੇ ਗੁਰਮੰਤਰ ਦਾ ਜਾਪ ਕਦੇ ਵਿਅਰਥ ਨਹੀਂ ਜਾਂਦਾ। ਇਸਦਾ ਫ਼ਲ ਸਦਾ ਪ੍ਰਾਪਤ ਹੁੰਦਾ ਹੈ।

(3) ਆਪ ਇਹ ਵੀ ਲਿਖਦੇ ਰਹੇ ਹਨ ਕਿ ਬਹੁਤੇ ਪੱਤਰ ਲਿਖਣ ਨਾਲ ਭਜਨ ਬਾਣੀ ਵਿੱਚ ਵਿਘਨ ਪੈਂਦਾ ਹੈ ਅਤੇ ਸਮਾਂ ਵਿਅਰਥ ਜਾਂਦਾ ਹੈ। ਨਾਮ ਜਪਣ ਨਾਲ ਬਾਣੀ ਨਾਲ ਪ੍ਰੇਮ ਪੈਂਦਾ ਹੈ ਅਤੇ ਬਾਣੀ ਪੜ੍ਹਨ ਨਾਲ ਨਾਮ ਦੀ ਮਹਿਮਾ ਉਜਾਗਰ ਹੁੰਦੀ ਹੈ। ਹਾਕਮਾਂ ਦੇ ਜਬਰ ਨੂੰ ਵੀ ਸਬਰ ਨਾਲ ਸਹਿਣ ਕਰੋ ਅਤੇ ਨਾਮ ਦਾ ਸਿਮਰਨ ਕਰੋ।

(4) ਮਾਲਾ ਰਾਹੀਂ ਨਾਮ ਦਾ ਜਪਣਾ ਜ਼ਰੂਰੀ ਹੈ। ਮਾਲਾ ਵਿਖਾਵੇ ਵਾਸਤੇ ਨਹੀਂ ਪਹਿਨਣੀ ਚਾਹੀਦੀ। ਗੁਰੂ ਹਰੀ ਸਿੰਘ ਨੂੰ ਆਪ ਲਿਖਦੇ ਹਨ, "ਕਿਸੇ ਬਾਰੇ ਮੰਦ ਭਾਵਨਾ ਨਾ ਰੱਖੋ। ਜਿਹੜੇ ਤੁਹਾਡਾ ਬੁਰਾ ਤੱਕਦੇ ਹਨ, ਉਨ੍ਹਾਂ ਨੂੰ ਅਜਿਹਾ ਹੀ ਫ਼ਲ ਮਿਲੇਗਾ। ਗਰੀਬਾਂ ਅਤੇ ਅਨਾਥਾਂ ਦੀ ਅੰਨ, ਕੱਪੜੇ ਨਾਲ ਸਹਾਇਤਾ ਕਰੋ। ਪ੍ਰਭੂ ਦਾ ਸਿਮਰਨ ਸਦਾ ਕਰੋ। ਇਸੇ ਤੋਂ ਹੀ ਸਭ ਫ਼ਲ ਪ੍ਰਾਪਤ ਹੁੰਦੇ ਹਨ।"

(5) ਗੁਰੂ ਰਾਮ ਸਿੰਘ ਨੇ ਕਈ ਪੱਖਾਂ ਤੋਂ ਸੁਤੰਤਰਤਾ ਸੰਗਰਾਮ ਦੀ ਅਗਵਾਈ ਕੀਤੀ। ਵਿਦੇਸ਼ੀ ਮਾਲ ਦਾ ਤਿਆਗ ਅਤੇ ਸਵਦੇਸ਼ੀ ਨਾਲ ਪ੍ਰੇਮ ਉਨ੍ਹਾਂ ਦੀ ਨੀਤੀ ਦਾ ਵੱਡਾ ਅੰਗ ਸੀ। ਨਾਮਧਾਰੀਆਂ



Sri Satguru Jagjit Singh Ji Elibrary NamdhariElibrary@gmail.com

ਨੇ 1947 ਤੱਕ ਇਸੇ ਨੀਤੀ ਨੂੰ ਅਪਣਾਇਆ।

ਐਮ. ਐਮ. ਆਹਲੂਵਾਲੀਆ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੀ ਆਤਮਕ ਉੱਚਤਾ ਦਾ ਇੱਕ ਵੱਡਾ ਪ੍ਰਮਾਣ ਉਨ੍ਹਾਂ ਦਾ ਮਾਈਸਰਖਾਨੇ ਦੀ ਬੀਬੀ ਅੱਤਰੀ ਦੇ ਬਾਰੇ ਉਨ੍ਹਾਂ ਦੇ ਆਪਣੇ ਵਿਚਾਰਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਆਪ ਉੱਚ ਆਚਰਨਿਕ ਕਿਰਦਾਰ ਦੇ ਸੁਆਮੀ ਅਤੇ ਪਾਵਨ ਅਤੇ ਪਾਰਦਰਸ਼ੀ ਆਤਮਾ ਦੇ ਧਾਰਨੀ ਅਤੇ ਸੰਸਾਰਿਕ ਕਾਮਨਾਵਾਂ ਤੋਂ ਬਹੁਤ ਉਚੇਰੇ ਅਤੇ ਅਛੋਹ ਸਨ।

**ਬੀਬੀ ਅੱਤਰੀ ਦਾ ਮਾਮਲਾ**

ਐਮ. ਐਮ. ਆਹਲੂਵਾਲੀਆ ਨੇ ਮਾਈਸਰਖਾਨੇ ਦੀ ਬੀਬੀ ਅੱਤਰੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪਰਸਪਰ ਸੰਬੰਧਾਂ ਬਾਰੇ ਆਪਣੀ ਅੰਗਰੇਜ਼ੀ ਪੁਸਤਕ 'ਪੰਜਾਬ ਦੇ ਸੁਤੰਤਰਤਾ ਸੰਗਰਾਮੀ ਕੂਕੇ' ਵਿੱਚ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ਹੈ। ਸਰਕਾਰੀ ਰਿਕਾਰਡਾਂ ਵਿੱਚ ਵੀ ਉਸ ਦਾ ਜ਼ਿਕਰ ਮਿਲਦਾ ਹੈ। 1871 ਵਿੱਚ ਮਾਤਾ ਜੱਸਾ ਜੀ ਦੇ ਅਕਾਲ ਚਲਾਣੇ ਪਿਛੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੁਝ ਸ਼ਰਧਾਲੂਆਂ ਅਤੇ ਬੀਬੀ ਅੱਤਰੀ ਦੇ ਮਾਪਿਆਂ ਵੱਲੋਂ ਇਹ ਸੁਝਾਅ ਦਿੱਤਾ ਗਿਆ ਕਿ ਉਸਦਾ ਵਿਆਹ ਸਤਿਗੁਰੂ ਰਾਮ ਸਿੰਘ ਨਾਲ ਕਰ ਦਿੱਤਾ ਜਾਵੇ, ਜਿਸ ਨੂੰ ਆਪ ਜੀ ਨੇ ਪਰਵਾਨ ਨਾ ਕੀਤਾ। ਉਸ ਸਮੇਂ ਵਾਪਰੀਆਂ ਇਤਿਹਾਸਕ ਘਟਨਾਵਾਂ ਅਤੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਪਿਛੋਂ 18 ਜਨਵਰੀ 1872 ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਕੇ ਅਲਾਹਾਬਾਦ ਭੇਜ ਦਿੱਤਾ ਗਿਆ। ਪਰ ਬੀਬੀ ਅਤਰੀ ਨੇ ਆਪਣੇ ਆਪ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਮੰਗੇਤਰ ਵਜੋਂ ਆਤਮਕ ਰਿਸ਼ਤੇ ਨੂੰ ਕਾਇਮ ਰੱਖਣ ਦਾ ਯਤਨ ਕੀਤਾ ਅਤੇ ਕੂਕਾ ਲਹਿਰ ਦੀਆਂ ਕੁਝ ਇਤਿਹਾਸਕ ਘਟਨਾਵਾਂ ਵਿਸ਼ੇਸ਼ ਕਰਕੇ 1881 ਵਿੱਚ ਸ੍ਰੀ ਭੈਣੀ ਸਾਹਿਬ ਦੇ ਨੇੜੇ ਕੂਕਿਆਂ ਦੀ ਇੱਕ ਇਕੱਤਰਤਾ ਵਿੱਚ ਸ਼ਾਮਿਲ ਹੋਣ ਪਿਛੋਂ ਬੀਬੀ ਅਤਰੀ ਨੂੰ ਵੀ 39 ਨਾਮਧਾਰੀਆਂ ਨਾਲ ਗਿਰਫ਼ਤਾਰ ਕਰ ਲਿਆ ਗਿਆ ਸੀ।

ਐਮ.ਐਮ. ਆਹਲੂਵਾਲੀਆ ਨੇ ਬੀਬੀ ਅੱਤਰੀ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਸੰਬੰਧਾਂ ਬਾਰੇ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ਹੈ। ਇੱਥੇ ਸਤਿਗੁਰੂ ਰਾਮ ਸਿੰਘ ਜੀ ਦੀ ਉੱਚ ਆਤਮਾ ਦਾ ਜ਼ਿਕਰ ਕਰਦਾ ਹੋਇਆ ਉਹ ਲਿਖਦਾ ਹੈ ਕਿ ਬੀਬੀ ਅੱਤਰੀ ਅਤੇ ਸਤਿਗੁਰੂ ਜੀ ਦੇ ਪਰਸਪਰ ਸੰਬੰਧਾਂ ਬਾਰੇ ਚਰਚਾ ਕਰਨੀ ਜ਼ਰੂਰੀ ਪ੍ਰਤੀਤ ਹੁੰਦੀ ਹੈ। ਨਾਮਧਾਰੀ ਫਿਰਕੇ ਦੇ ਇਸ ਪਾਵਨ ਆਗੂ ਸਤਿਗੁਰੂ ਰਾਮ ਸਿੰਘ ਜੀ ਦੇ ਉੱਚ ਕਿਰਦਾਰ ਬਾਰੇ ਇਹ ਸੰਬੰਧ ਸੁੰਦਰ ਪ੍ਰਕਾਸ਼ ਪਾਉਂਦੇ ਹਨ। 1882 ਵਿੱਚ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਲਿਖਿਆ ਕਿ ਅਤਰੀ 26 ਸਾਲ ਦੀ ਕੁਆਰੀ ਜੱਟ ਭਾਈਚਾਰੇ ਨਾਲ ਸੰਬੰਧਿਤ ਇਸਤਰੀ ਹੈ। ਉਹ ਖਾਨਾ (ਮਾਈਸਰਖਾਨਾ) ਵਿੱਚ ਰਹਿੰਦੀ ਹੈ। 1872 ਵਿੱਚ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਕੁਝ ਚਿਰ



Sri Satguru Jagjit Singh Ji Elibrary NamdhariElibrary@gmail.com

ਪਹਿਲਾਂ ਅਤਰੀ ਦੇ ਸਰਪ੍ਰਸਤਾਂ ਨੇ ਸਤਿਗੁਰੂ ਰਾਮ ਸਿੰਘ ਨਾਲ ਉਸ ਦੇ ਵਿਆਹ ਦੀ ਗੱਲ ਤੋਰੀ ਸੀ, ਪਰ ਗੁਰੂ ਰਾਮ ਸਿੰਘ ਨੇ ਇਨਕਾਰ ਕਰ ਦਿੱਤਾ ਸੀ। ਉਸਨੂੰ ਬੜੀ ਚਤੁਰ ਬੁੱਧ ਇਸਤਰੀ ਦੱਸਿਆ ਗਿਆ ਹੈ, ਜੋ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਤੋਂ ਬਿਨਾਂ ਆਪਣੀ ਕਵਿਤਾ ਵੀ ਰੱਚ ਲੈਂਦੀ ਸੀ ਅਤੇ ਭਜਨ-ਬੰਦਗੀ ਵੀ ਕਰਦੀ ਸੀ। ਉਹ ਚੰਗੀ ਘੋੜ ਸਵਾਰ ਵੀ ਸੀ। ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਤੋਂ ਦੋ ਸਾਲ ਪਿਛੋਂ ਉਸਨੇ ਇਹ ਪ੍ਰਗਟ ਤੌਰ ਤੇ ਆਖਣਾ ਸ਼ੁਰੂ ਕਰ ਦਿੱਤਾ ਕਿ ਉਹ ਸਤਿਗੁਰੂ ਰਾਮ ਸਿੰਘ ਦੀ ਆਤਮਕ ਮੰਗੇਤਰ ਹੈ। ਉਸਨੇ ਭੈਣੀ ਸਾਹਿਬ ਦੇ ਕੂਕਿਆਂ ਦੇ ਕੇਂਦਰੀ ਸਥਾਨ ਤੇ ਨਿਵਾਸ ਰੱਖ ਲਿਆ, ਪਰ ਸਰਕਾਰ ਨੇ ਉਸਨੂੰ ਉੱਥੇ ਰਹਿਣ ਦੀ ਆਗਿਆ ਨਾ ਦਿੱਤੀ। ਕੂਕੇ ਉਸਨੂੰ ਦੇਵੀ ਸੀਤਾ ਜਾਂ ਮਾਂਜੀ ਕਰਕੇ ਮੰਨਦੇ ਸਨ।

1*17 ਮਾਰਚ, 1881 ਨੂੰ ਸੁਪਰਡੈਂਟ ਪੁਲਿਸ ਨੇ ਉਸ ਨੂੰ ਭੈਣੀ ਸਾਹਿਬ ਦੇ ਨੇੜੇ ਇੱਕ ਜੰਗਲ ਵਿੱਚ ਗੁਪਤ ਇਕੱਤਰਤਾ ਕਰਦੀ ਹੋਈ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਇਕੱਤਰਤਾ ਵਿੱਚ 150 ਕੂਕੇ ਸ਼ਾਮਿਲ ਹੋਏ ਸਨ। ਬਹੁਤ ਸਾਰੇ ਬੱਚ ਕੇ ਨਿਕਲ ਗਏ, ਪਰੰਤੂ ਅੱਤਰੀ ਸਮੇਤ 39 ਬੰਦੇ ਗ੍ਰਿਫ਼ਤਾਰ ਕਰ ਲਏ ਗਏ। ਉਸ ਕੋਲੋਂ ਗੁਰੂ ਰਾਮ ਸਿੰਘ ਦੇ ਕਈ ਪੱਤਰ ਮਿਲੇ। ਇਹ ਸਰਕਾਰੀ ਬਿਆਨ ਹੀ ਹੈ।

ਦਸੰਬਰ 1881 ਵਿੱਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਅੱਤਰੀ ਵੱਲੋਂ ਇੱਕ ਦਰਖਾਸਤ ਪੁੱਜੀ ਕਿ ਉਹ ਪ੍ਰਦੇਸ਼ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਨਾਲ ਮੁਲਾਕਾਤ ਕਰਨਾ ਚਾਹੁੰਦੀ ਹੈ, ਜਿਸ ਵਿੱਚ ਉਸਨੇ ਇਹ ਲਿਖਿਆ ਸੀ ਕਿ ਉਹ 11 ਸਾਲ ਤੋਂ ਆਪਣੇ ਪਤੀ ਤੋਂ ਵਿਛੜੀ ਰਹੀ ਹੈ। ਇਹ ਮਾਮਲਾ ਬਰਮਾ ਦੇ ਅਧਿਕਾਰੀਆਂ ਕੋਲ ਉਠਾਇਆ ਗਿਆ। ਬਰਮਾ ਦੇ ਚੀਫ਼ ਕਮਿਸ਼ਨਰ ਨੇ ਮਰਗੋਈ ਦੇ ਡਿਪਟੀ ਕਮਿਸ਼ਨਰ ਦੇ ਹਵਾਲੇ ਨਾਲ ਹੇਠ ਲਿਖੀ ਰਿਪੋਰਟ ਹਿੰਦ ਸਰਕਾਰ ਨੂੰ ਭੇਜੀ।

"ਮੈਂ ਸਿਵਲ ਸਰਜਨ ਦੇ ਨਾਲ ਸਤਿਗੁਰੂ ਰਾਮ ਸਿੰਘ ਨੂੰ ਮਿਲਿਆ ਅਤੇ ਇਸ ਬਾਰੇ ਉਨ੍ਹਾਂ ਦੇ ਵਿਚਾਰ ਪੁੱਛੇ। ਉਨ੍ਹਾਂ ਨੇ ਕਿਹਾ ਕਿ ਅੱਤਰੀ ਉਸਦੀ ਪਤਨੀ ਨਹੀਂ ਹੈ। ਭਾਵੇਂ ਇੱਕ ਵਾਰ ਉਸਦੇ ਵਿਆਹ ਬਾਰੇ ਤਜਵੀਜ਼ ਪੇਸ਼ ਕੀਤੀ ਗਈ ਸੀ।

ਕੂਕਾ ਆਗੂ ਗੁਰੂ ਰਾਮ ਸਿੰਘ ਦੇ ਪੱਤਰ ਜਬਰ ਦੇ ਹਵਾਲੇ ਵਿੱਚ ਇਸ ਇਸਤਰੀ ਨੂੰ ਇਹ ਸ਼ਬਦ ਲਿਖੇ ਗਏ ਹਨ।

"ਅਤਰ ਕੌਰ ਨੂੰ ਮੇਰਾ ਇਹ ਕਹਿਣਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਬਹੁਤ ਬਿਰਧ ਹਾਂ ਅਤੇ ਮੇਰਾ ਦਾੜ੍ਹਾ ਵੀ ਸਫੈਦ ਹੋ ਗਿਆ ਹੈ। ਦੂਜਾ ਮੈਂ ਸਮੁੰਦਰੋਂ ਪਾਰ ਹਜ਼ਾਰਾਂ ਮੀਲ ਦੂਰ ਕੈਦ ਵਿੱਚ ਹਾਂ। ਰਾਤ-ਦਿਨ ਮੇਰੇ ਉੱਤੇ ਬੰਦੂਕਾਂ ਵਾਲੇ ਪਹਿਰਾ ਦਿੰਦੇ ਹਨ। ਦਿਨ ਵੇਲੇ ਕਾਲੇ ਅਤੇ ਰਾਤ ਨੂੰ ਗੋਰੇ ਮੇਰੇ ਪਹਿਰੇ ਤੇ ਰੱਖੇ ਗਏ

1* ਐਮ. ਐਮ. ਆਹਲੂਵਾਲੀਆ, ਕੂਕਾਜ਼ ਦ ਫਰੀਡਮ ਫਾਈਟਰਜ਼ ਆਫ ਪੰਜਾਬ, ਪੰਨਾ 180



Sri Satguru Jagjit Singh Ji Elibrary NamdhariElibrary@gmail.com

ਹਨ। ਉਹਨਾਂ ਦੀ ਮੇਰੇ ਜੀਉਂਦਾ-ਜੀਅ ਮੈਨੂੰ ਰਿਹਾਅ ਕਰਨ ਦੀ ਕੋਈ ਮਨਸ਼ਾ ਨਹੀਂ ਹੈ। ਅੱਗੇ ਮੇਰਾ ਭਵਿੱਖ ਗੁਰੂ ਦੇ ਹੱਥ ਹੈ। ਜੇ ਤੂੰ ਵਿਆਹ ਹੀ ਕਰਵਾਉਣਾ ਚਾਹੁੰਦੀ ਹੈ ਤਾਂ ਆਪਣੀ ਮਰਜ਼ੀ ਦੇ ਕਿਸੇ ਸਿੱਖ ਨੌਜੁਆਨ ਨਾਲ ਵਿਆਹ ਕਰਵਾ ਲੈ। ਪਰ ਜੇ ਤੂੰ ਕੁਆਰੀ ਰਹਿਣਾ ਚਾਹੁੰਦੀ ਹੈ ਤਾਂ ਆਪਣੇ ਘਰ ਵਿੱਚ ਬੈਠ ਕੇ ਪ੍ਰਭੂ ਦਾ ਸਿਮਰਨ ਕਰ। ਕਿਸੇ ਪੁਰਸ਼ ਦੇ ਮੱਥੇ ਨਾ ਲੱਗ। ਪਰਮਾਤਮਾ ਦਾ ਭਜਨ ਕਰ ਤੇਰਾ ਪਰਲੋਕ ਸੰਵਰੇਗਾ। ਅੱਗੇ ਤੂੰ ਆਪਣੀ ਮਰਜ਼ੀ ਕਰ। ਮੈਂ ਤੈਨੂੰ ਆਪਣੀ ਹਾਲਤ ਬਾਰੇ ਦੱਸ ਦਿੱਤਾ ਹੈ।"

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ 12 ਅਤੇ 31 ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਅਜਿਹੇ ਵਿਚਾਰ ਹੀ ਅੰਕਿਤ ਹਨ।

"ਅੱਗੇ ਮਨੀ ਸਿੰਘ ਜੀ ਤੁਸੀਂ ਅਤਰੀ ਦੇ ਮਾਂ-ਪਿਉ ਨੂੰ ਆਖਣਾ ਮੇਰਾ ਕਹਿਣਾ ਤੁਸੀਂ ਕਿਉਂ ਨਹੀਂ ਸਮਝਦੇ ? ਕਿਉਂ ਕਮਲੇ ਹੋਏ ਹੋ? ਅਤਰੀ ਦਾ ਅਨੰਦ ਕਿਸੇ ਸਿੱਖ ਦੇ ਲੜਕੇ ਨਾਲ ਕਿਉਂ ਨਹੀਂ ਪੜ੍ਹਾ ਦਿੰਦੇ। ਅਤਰੀ ਤਾਂ ਇਆਣੀ ਹੈ, ਤੁਸੀਂ ਵੀ ਇਆਣੇ ਹੋ? ਹੋਰ ਕੀ ਮੈਂ ਬਹੁਤਾ ਕਾਗਤ ਕਾਲਾ ਕਰਾਂ। ਥੋੜ੍ਹਾ ਲਿਖਾ ਬਹੁਤਾ ਕਰਕੇ ਜਾਣਨਾ। ਜਿਉਂ-ਤਿਉਂ ਕਰਕੇ ਭਾਈ ਮਨੀ ਸਿੰਘ ਜੀ ਅਤਰੀ ਦਾ ਸੰਜੋਗ ਕਰ ਦੇਣਾ। ਮੈਂ ਆਪਣੀ ਬਲੋਂ ਬੁਆਨੂੰ ਆਖ ਦਿੱਤਾ ਹੈ, ਅੱਗੇ ਤੁਸੀਂ ਜਾਣੋ। ਜੇਕਰ ਮਨੀ ਸਿੰਘ ਤੇਰਾ ਆਖਿਆ ਨਾ ਮੰਨਣ ਤਾਂ ਤੂ ਫੇਰ ਕੁਛ ਨਾ ਆਖੀ। ਆਪਣੀ ਨੂੰ ਕੁਮਾਰੀ ਰੱਖਣ ਚਾਹੇ ਵਿਆਹਿ ਦੇਵਣ ਚਾਹੇ ਮੇਲੇ ਲੈ ਜਾਵਣ, ਚਾਹੇ ਏਸਦੇ ਨਾਲ ਜਾਵਣ।"

*(ਹੁਕਮਨਾਮੇ ਪੰਨਾ 197-198)*

ਹੁਕਮਨਾਮਾ 31 ਵਿੱਚ ਵੀ ਇੰਝ ਉਲੇਖ ਕੀਤਾ ਗਿਆ ਹੈ :

"ਹੋਰ ਸਮੁੰਦ ਸਿੰਘ ਜੀ ਤੁਸੀਂ ਖਾਨੇ ਆਪ ਜਾ ਕੇ ਅਤਰੀ ਦੇ ਮਾਂ-ਬਾਪ ਨੂੰ ਆਖਣਾ ਏਹੁ ਤਾਂ ਇਆਣੀ ਹੈ। ਤੁਸੀਂ ਬੀ ਇਆਣੇ ਹੋ? ਕਿਸੇ ਸਿੱਖ ਦੇ ਲੜਕੇ ਨਾਲ ਅਨੰਦ ਪੜਾਇ ਦੇਵੋ ਅਤਰੀ ਦਾ। ਮੇਰੇ ਤਾਂ ਆਉਣ ਦੀ ਗੱਲ ਗੁਰੂ ਗੋਚਰੀ ਹੈ, ਅੰਗਰੇਜ਼ ਤਾਂ ਮੈਨੂੰ ਛੱਡਦੇ ਨਹੀਂ, ਗੁਰੂ ਛਡਾਇ ਲਏ ਤਾਂ ਭਾਵਾਂ ਛੁਡਾਇ ਲੇਵੇ। ਫੇਰ ਮੇਰੀ ਚਿੱਟੀ ਦਾਹੜੀ ਆਇ ਗਈ ਹੈ, ਜੋ ਏਹੁ ਬਾਤ ਦਾ ਹੁਣ ਸਮਾਂ ਨਹੀਂ ਰਹਾ। ਅੱਗੇ ਜੇ ਸਾਰੀ ਉਮਰ ਕਟਣੀ ਹੈ ਤਾਂ ਸਤ ਸੰਤੋਖ ਨਾਲ ਬੈਠੀ ਰਹੇ, ਭਜਣ ਬਾਣੀ ਬੈਠੀ ਕਰੇ ਤਾਂ ਬੀ ਚੰਗੀ ਹੈ। ਮਨੁੱਖ ਜਨਮ ਸਵਾਰ ਲਏ। ਜੇ ਵਿੱਚ ਡੋਲ ਗਈ ਤਾਂ ਦੁਹਾਂ ਸਿਰਿਆਂ ਤੋਂ ਜਾਊ। ਸਮਾਂ ਬਡਾ ਕਰੂਰ ਹੈ।

ਤੁਸੀਂ ਭਾਈ ਸਮੁੰਦ ਸਿੰਘ ਜੀ ਆਪ ਖਾਨੇ ਜਾਣਾ ਅਤੇ ਹੋਰ ਭਲੇ ਮਾਣਸ ਲੈ ਜਾਣੇ ਨਾਲ। ਦੋਹਾਂ ਬਾਤਾਂ ਤੇ ਇੱਕ ਪ੍ਰਮਾਨ ਕਰ ਲਏ, ਕੇ ਤਾ ਅਨੰਦ ਪੜਾ



Sri Satguru Jagjit Singh Ji Elibrary NamdhariElibrary@gmail.com

ਲਏ ਕਿਸੇ ਸਿੱਖ ਦੇ ਲੜਕੇ ਸਾਥ ਨਹੀਂ ਤਾਂ ਸਤਿ ਸੰਤੋਖ ਨਾਲ ਬੈਠੀ ਪ੍ਰਮੇਸਰ ਦਾ ਨਾਮ ਜਪੈ। ਅੰਨ ਪਾਣੀ ਦਾ ਘਾਟਾ ਕੋਈ ਨਹੀਂ ਰਹੂਗਾ। ਦੇਈ ਸਰੂਪ ਹੋਇ ਜਾਊ ਜੇ ਪਰ ਅੱਛੀ ਤਰ੍ਹਾਂ ਰਹੂਗੀ। ਸਮੁੰਦ ਸਿੰਘ ਜੀ ਤੁਸੀਂ ਅੱਛੀ ਤਰ੍ਹਾਂ ਸਮਝਾਇਓ ਅੱਤਰੀ ਨੂੰ ਨਾਲੇ ਅਤਰੀ ਦੇ ਮਾਂ-ਬਾਪ ਨੂੰ । ਏਹ ਬਾਤ ਥੋੜੀ ਲਿਖੀ ਤੁਸੀਂ ਬਹੁਤ ਕਰਕੇ ਸਮਝਣੀ।"

*(ਹੁਕਮਨਾਮੇ ਪੰਨਾ 313-314)*

ਅਤਰੀ ਦਾ ਅਗਲਾ ਜੀਵਨ ਕੁਝ ਚੰਗਾ ਨਹੀਂ ਸੀ ਰਿਹਾ। ਉਹ ਆਪਣੇ ਆਦਰਸ਼ਾਂ ਤੋਂ ਡਿੱਗ ਪਈ ਸੀ ਅਤੇ ਤੇਲੀ ਨਾਲ ਵਿਆਹ ਕਰਵਾ ਲਿਆ ਸੀ। ਅਨੰਦ ਪੜ੍ਹਾਉਣ ਵਾਲੇ ਸਿੰਘ ਦਾ ਬਹੁਤ ਬੁਰੀ ਤਰ੍ਹਾਂ ਕੁਟਾਪਾ ਕੀਤਾ ਗਿਆ ਸੀ।

ਐਮ. ਐਮ. ਆਹਲੂਵਾਲੀਆ ਅਤਰੀ ਬਾਰੇ ਚਰਚਾ ਦਾ ਸਾਰ ਇਸ ਪ੍ਰਕਾਰ ਦਿੰਦਾ ਹੈ। ਉਪਰੋਕਤ ਘਟਨਾ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਗੁਰੂ ਰਾਮ ਸਿੰਘ ਮਹਾਨ ਆਤਮਾ ਸਨ। ਉਨ੍ਹਾਂ ਦੀ ਭਲਿਆਈ ਅਤੇ ਮਨ ਦੀ ਪਵਿੱਤਰਤਾ ਅਤੇ ਆਪਣੇ ਇਰਾਦੇ ਦੀ ਦ੍ਰਿੜ੍ਹਤਾ ਕਾਰਨ ਸਾਡੇ ਇਤਿਹਾਸ ਵਿੱਚ ਉਨ੍ਹਾਂ ਦਾ ਮਹਾਨ ਸਥਾਨ ਹੈ।

## ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਕਾਲ ਨਾਲ ਸੰਬੰਧਿਤ ਸਾਹਿਤ

ਨਾਮਧਾਰੀ ਇਤਿਹਾਸ ਅਤੇ ਸਾਹਿਤ ਸਿਰਜਨਾ ਦੀ ਦ੍ਰਿਸ਼ਟੀ ਤੋਂ ਇਹ ਕਾਲ ਸਭ ਤੋਂ ਮਹੱਤਵਪੂਰਨ ਹੈ, ਜਿਸ ਵਿੱਚ ਨਾਮਧਾਰੀਆਂ ਨੇ ਅੰਗਰੇਜ਼ ਸਾਮਰਾਜ ਦੀ ਹਕੂਮਤ ਨਾਲ ਸਿੱਧਾ ਸੰਘਰਸ਼ ਜਾਰੀ ਰੱਖਿਆ। 1857 ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸਥਾਪਿਤ ਕੀਤੇ ਗਏ ਸੰਤ ਖਾਲਸੇ ਨੇ ਨਾ ਕੇਵਲ ਆਪਣੀਆਂ ਜੜ੍ਹਾਂ ਹੀ ਮਜ਼ਬੂਤ ਕੀਤੀਆਂ, ਸਗੋਂ ਲੱਖਾਂ ਦੀ ਗਿਣਤੀ ਵਿੱਚ ਕੁਝ ਸਾਲਾਂ ਵਿੱਚ ਹੀ ਨਾਮਧਾਰੀ ਮੱਤ ਦਾ ਪਾਸਾਰ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਦੇ ਲੋਕਾਂ ਵਿੱਚ ਦਿੱਤਾ ਗਿਆ ਧਾਰਮਿਕ ਸੰਦੇਸ਼ ਸਮਾਜ ਸੁਧਾਰ ਦੇ ਉਪਦੇਸ਼ ਖੁੱਸ ਚੁੱਕੀ ਸੱਤਾ ਦੀ ਪੁਨਰ ਪ੍ਰਾਪਤੀ ਲਈ ਚਲਾਏ ਗਏ ਗੁਪਤ ਪ੍ਰਗਟ, ਸੰਗਰਾਮ ਵਿਦੇਸ਼ੀ ਸਰਕਾਰ ਵੱਲੋਂ ਅਪਨਾਈ ਗਈ ਕੁਟਿੱਲ ਰਾਜਨੀਤੀ ਅਤੇ ਕੂਕਿਆਂ ਵਿਰੁੱਧ ਚਲਾਇਆ ਗਿਆ ਦਮਨ ਚੱਕਰ ਇਸ ਸਮੇਂ ਦੇ ਮਹੱਤਵਪੂਰਨ ਇਤਿਹਾਸਕ ਸਮਾਚਾਰਾਂ ਵਿੱਚੋਂ ਹਨ। ਸੁਤੰਤਰਤਾ ਸੰਗਰਾਮ ਦੇ ਪ੍ਰਥਮ ਮਹਾਂ-ਨਾਇਕ ਦੇ ਰੂਪ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਸੂਝ ਭਰੀ ਪਹੁੰਚ ਸੰਸਾਰ ਦੇ ਇਤਿਹਾਸ ਵਿੱਚ ਅਦੁੱਤੀ ਉਦਾਹਰਣ ਦੇ ਰੂਪ ਵਿੱਚ ਪੇਸ਼ ਕਰਨ ਯੋਗ ਹੈ। ਇਸ ਕਾਲ ਦੇ ਸਮਕਾਲੀ ਸਾਹਿਤ ਵਿੱਚੋਂ 'ਕੂਕਾ ਲਹਿਰ' ਦੇ ਉਦੇਸ਼ਾਂ ਅਤੇ ਸਰਗਰਮੀਆਂ ਬਾਰੇ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ, ਕਿਉਂ ਜੋ ਇਸ ਕਾਲ ਦੇ ਸਾਰੇ ਸਹਿਤਕਾਰ ਨਾਮਧਾਰੀ ਸਤਿਗੁਰੂ ਸਾਹਿਬਾਨ (ਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ) ਦੇ



Sri Satguru Jagjit Singh Ji Elibrary NamdhariElibrary@gmail.com

ਨਿਕਟਵਰਤੀ ਮੰਡਲਾਂ ਅਤੇ ਸ਼ਰਧਾਲੂਆਂ ਵਿੱਚੋਂ ਸਨ। ਪ੍ਰਾਪਤ ਸਾਹਿਤ ਭਾਵੇਂ ਬਹੁਤੀ ਮਾਤਰਾ ਵਿੱਚ ਨਹੀਂ ਮਿਲਦਾ, ਪਰ ਜੋ ਗਿਣਤੀ ਦੀਆਂ ਰਚਨਾਵਾਂ ਉਪਲੱਬਧ ਹਨ, ਉਨ੍ਹਾਂ ਰਾਹੀਂ ਨਾਮਧਾਰੀ ਮੱਤ ਦੇ ਆਦਰਸ਼ਾਂ ਅਤੇ ਸਰਗਰਮੀਆਂ ਬਾਰੇ ਚੋਖਾ ਅਤੇ ਵਾਸਤਵਿਕ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਹ ਰਚਨਾਵਾਂ ਕੁਝ ਤਾਂ ਬ੍ਰਜ ਭਾਸ਼ਾ ਵਿੱਚ ਹਨ, ਜੋ ਉਸ ਸਮੇਂ ਦੇ ਪੰਜਾਬ ਦੇ ਸਿੱਖ ਸਾਹਿਤ ਦੀ ਪ੍ਰਚੱਲਿਤ ਸ਼ੈਲੀ ਸੀ। ਕੁਝ ਰਚਨਾਵਾਂ ਪੰਜਾਬੀ ਭਾਸ਼ਾ ਵਿੱਚ ਹਨ, ਜਿਨ੍ਹਾਂ ਵਿੱਚੋਂ ਕੁਝ ਕਵਿਤਾ ਅਤੇ ਕੁਝ ਵਾਰਤਕ ਦੀਆਂ ਰਚਨਾਵਾਂ ਹਨ। ਇਨ੍ਹਾਂ ਦਾ ਵੇਰਵਾ ਨਿਮਨਲਿਖਿਤ ਹੈ।

1. ਹੁਕਮਨਾਮੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ)
2. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ (ਭਾਈ ਸੰਤੋਖ ਸਿੰਘ ਬਾਹੋਵਾਲ)
3. 28 ਕਬਿੱਤ ਗਿਆਨੀ ਗਿਆਨ ਸਿੰਘ (ਪ੍ਰਸਿੱਧ ਸਿੱਖ ਇਤਿਹਾਸਕਾਰ)
4. ਸ੍ਰੀ ਸਤਿਗੁਰੂ ਬਿਲਾਸ ਸੰਤ ਧਿਆਨ ਸਿੰਘ ਕਾਦਰਾਬਾਦੀ (ਕਵਿਤਾ ਬ੍ਰਜ ਭਾਸ਼ਾ)
5. ਬਾਰਾਂਮਾਹ ਬਾਬਾ ਚੰਦਾ ਸਿੰਘ
6. ਬਾਰਾਂਮਾਹ ਬਾਬਾ ਨਿਹਾਲ ਸਿੰਘ
7. ਬਾਰਾਂਮਾਹ ਬਾਬਾ ਕਾਲ੍ਹਾ ਸਿੰਘ
8. ਪੈਂਤੀ ਅੱਖਰੀ ਬਾਬਾ ਕਾਲ੍ਹਾ ਸਿੰਘ
9. ਸ਼ਹੀਦ ਬਿਲਾਸ ਬਾਬਾ ਕਾਲ੍ਹਾ ਸਿੰਘ
10. ਉਸਤਤ ਨਾਮਾ ਬਾਬਾ ਕਾਲ੍ਹਾ ਸਿੰਘ
11. ਪੰਥ ਪ੍ਰਕਾਸ ਸਿੰਘਾਂ ਨਾਮਧਾਰੀਆਂ ਦਾ – ਬਾਬਾ ਕਾਲ੍ਹਾ ਸਿੰਘ

**ਵਾਰਤਕ ਰਚਨਾਵਾਂ**

ਵਿਚਾਰ ਅਧੀਨ ਕਾਲ ਦੀ ਸਭ ਤੋਂ ਮਹੱਤਵਪੂਰਨ ਰਚਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਹਨ, ਜਿਨ੍ਹਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਆਤਮਾ ਦੀ ਚਿੰਤਨਧਾਰਾ ਪ੍ਰਤੱਖ ਰੂਪ ਵਿੱਚ ਪ੍ਰਕਾਸ਼ਮਾਨ ਹੋਈ ਹੈ। ਭਾਵੇਂ ਪਹਿਲਾਂ ਵੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਜ਼ਿਕਰ ਕੁਝ ਪੁਸਤਕਾਂ ਵਿੱਚ ਆਇਆ ਹੈ, ਪਰ ਇਨ੍ਹਾਂ ਦਾ ਪ੍ਰਮਾਣਿਕ ਸਰੂਪ ਹੁਣ ਜਸਵਿੰਦਰ ਸਿੰਘ ਇਤਿਹਾਸਕਾਰ ਦੁਆਰਾ ਸੰਪਾਦਿਤ ਅਤੇ 1998 ਵਿੱਚ ਨਾਮਧਾਰੀ ਦਰਬਾਰ (ਸ੍ਰੀ ਭੈਣੀ ਸਾਹਿਬ) ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿੱਚ 64 ਹੁਕਮਨਾਮੇ ਦਰਜ ਹਨ, ਜਿਨ੍ਹਾਂ ਵਿੱਚ ਦੋ ਸ੍ਰੀ ਭੈਣੀ ਸਾਹਿਬ ਤੋਂ ਲਿਖ ਕੇ ਸਮੂਹ ਸੰਗਤ ਨੂੰ ਭੇਜੇ ਗਏ ਸਨ, ਇਨ੍ਹਾਂ ਵਿੱਚ ਵਿਸ਼ੇਸ਼ ਕਰਕੇ ਨਾਮਧਾਰੀ ਮੱਤ ਦੀ ਰਹਿਤ ਮਰਿਯਾਦਾ, ਧਾਰਮਿਕ ਸੰਸਕਾਰ ਅਤੇ ਧਾਰਨ ਕਰਨਯੋਗ ਵਿਅਕਤੀਗਤ ਅਤੇ ਸਮੂਹਿਕ ਵਿਵਹਾਰ



Sri Satguru Jagjit Singh Ji Elibrary NamdhariElibrary@gmail.com

ਬਾਰੇ ਆਦੇਸ਼ ਦਿੱਤਾ ਗਿਆ ਹੈ। ਇਸ ਪੁਸਤਕ ਦੇ 62 ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਬਰਮਾ ਵਿੱਚੋਂ ਉਨ੍ਹਾਂ ਸਿੱਖਾਂ ਦੇ ਰਾਹੀਂ ਭੇਜੇ ਗਏ ਸਨ। ਜੋ ਬੜੀਆਂ ਮੁਸ਼ਕਿਲਾਂ ਝਾਗ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਗਏ ਸਨ। ਬਰਮਾ ਵਿੱਚੋਂ ਲਿਖੇ ਗਏ ਹੁਕਮਨਾਮੇ ਕਿਉਂ ਜੋ ਗੁਪਤ ਢੰਗ ਨਾਲ ਭੇਜੇ ਗਏ, ਇਸ ਲਈ ਇਨ੍ਹਾਂ ਵਿੱਚੋਂ ਕੁਝ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਨਾਮ ਦਿਆਲ ਸਿੰਘ ਅਤੇ ਆਪਣੇ ਨਿੱਜੀ ਸੇਵਕ (ਨਾਨੂੰ ਸਿੰਘ) ਦਾ ਨਾਮ 'ਕਿਰਪਾਲ ਸਿੰਘ' ਕਰਕੇ ਲਿਖਿਆ ਹੈ। ਕਿਉਂ ਜੋ ਇਹ ਹੁਕਮਨਾਮੇ ਚਿੱਠੀ ਪੱਤਰ ਦੀ ਸ਼ੈਲੀ ਵਿੱਚ ਲਿਖੇ ਗਏ ਹਨ, ਇਸ ਲਈ ਇਨ੍ਹਾਂ ਵਿੱਚੋਂ ਤੱਤਕਾਲਕ ਪੱਤਰਾਚਾਰ ਦੀ ਪ੍ਰਚੱਲਿਤ ਸ਼ੈਲੀ ਦੇ ਵਿਸ਼ੇਸ਼ ਪੱਖ ਭਲੀ ਭਾਂਤੀ ਉਜਾਗਰ ਹੋ ਜਾਂਦੇ ਹਨ।

ਡਾ: ਹਰਿਭਜਨ ਸਿੰਘ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਾਰਤਕ ਸ਼ੈਲੀ ਦਾ ਮੁੱਖ ਗੁਣ ਸਰਲਤਾ ਅਤੇ ਨਿਮਰਤਾ ਹੈ। ਪਰ ਇਨ੍ਹਾਂ ਦਾ ਗੰਭੀਰ ਅਧਿਐਨ ਨਾਮਧਾਰੀ ਮੱਤ ਦੇ ਅਨੇਕ ਪੱਖਾਂ ਉੱਤੇ ਪ੍ਰਕਾਸ਼ ਪਾਉਣ ਵਾਲਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਿਰਦੇ ਵਿੱਚ ਪੰਜਾਬ ਅਤੇ ਸਾਧ ਸੰਗਤ ਲਈ ਵਿਸ਼ੇਸ਼ ਪਿਆਰ ਸੀ। ਆਪ ਇਨ੍ਹਾਂ ਦੇ ਵਿਛੋੜੇ ਦਾ ਜ਼ਿਕਰ ਬਾਰ-ਬਾਰ ਕਈ ਹੁਕਮਨਾਮਿਆਂ ਵਿੱਚ ਕਰਦੇ ਹਨ। ਇਨ੍ਹਾਂ ਹੁਕਮਨਾਮਿਆਂ ਤੋਂ ਹੀ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਇਨ੍ਹਾਂ ਦਾ ਰਚਨਹਾਰ ਪ੍ਰਵਾਸ ਦੇ ਬੰਦੀ ਜੀਵਨ ਵਿੱਚ ਕੀ ਕੁਝ ਅਨੁਭਵ ਕਰਦਾ ਅਤੇ ਸੋਚਦਾ ਹੈ। ਪੰਜਾਬ ਦੇ ਇਤਿਹਾਸਕ ਸਮਾਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਜੀ ਦੇ ਮਨ ਵਿੱਚ ਕਿੰਨੀ ਉੱਤਸਕਤਾ ਹੈ। ਇਹ ਸੰਬੋਧਨੀ ਸ਼ੈਲੀ ਵਿੱਚ ਲਿਖੇ ਗਏ ਹਨ, ਜਿਸ ਵਿੱਚ ਸੰਕੇਤਕ ਰੂਪ ਵਿੱਚ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਹਰ ਪ੍ਰਕਾਰ ਦੀ ਜਾਣਕਾਰੀ ਅਤੇ ਅਗਵਾਈ ਦਿੱਤੀ ਗਈ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰ ਆਤਮਾ ਨੂੰ ਜਾਣਨ ਲਈ ਇਨ੍ਹਾਂ ਹੁਕਮਨਾਮਿਆਂ ਤੋਂ ਵਧੇਰੇ ਹੋਰ ਕੋਈ ਵੀ ਉੱਤਮ ਪ੍ਰਮਾਣ ਨਹੀਂ ਹੋ ਸਕਦਾ। ਆਪ ਜੀ ਨੇ ਉਸ ਸਮੇਂ ਨਾਮ ਸਿਮਰਨ, ਬਾਣੀ ਪੜ੍ਹਨ, ਬਾਣੀ ਕੰਠ ਕਰਨ, ਗੁਰਮੁੱਖੀ ਅੱਖਰਾਂ ਦਾ ਬੋਧ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਯਤਨ ਕੀਤੇ ਅਤੇ ਸਮੂਹ ਨਾਮਧਾਰੀ ਸੰਗਤ ਨੂੰ ਆਪਣੀ ਬੋਲੀ ਅਤੇ ਗੁਰਮਤਿ ਦੇ ਸਭਿਆਚਾਰ ਨਾਲ ਜੋੜਨ ਦਾ ਮਹਾਨ ਯਤਨ ਕੀਤਾ। ਇਨ੍ਹਾਂ ਹੁਕਮਨਾਮਿਆਂ ਵਿੱਚ ਬਰਤਾਨਵੀ ਸਾਮਰਾਜ ਦੇ ਵਿਰੋਧ ਅਤੇ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਣ ਲਈ ਵੀ ਥਾਂ-ਥਾਂ ਤੇ ਸੰਕੇਤ ਕੀਤੇ ਗਏ ਹਨ। ਇਨ੍ਹਾਂ ਹੁਕਮਨਾਮਿਆਂ ਦੀ ਗਦ ਸ਼ੈਲੀ ਦੇ ਕੁੱਝ ਉਦਾਹਰਣ ਪੇਸ਼ ਕੀਤੇ ਜਾਂਦੇ ਹਨ।

"ਫੇਰ ਇਸ਼ਨਾਨ ਕਰਨਾ, ਬਾਣੀ ਪੜ੍ਹਨੀ। ਜੇਕਰ ਕੰਠ ਕਰ ਲੈਣੀ ਸਰਬ ਮਾਈ ਭਾਈ ਬੁੱਢੇ ਬਾਲੇ ਨੇ। ਜਪੁ ਜਾਪੁ ਦੁਹਾ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ,



Sri Satguru Jagjit Singh Ji Elibrary NamdhariElibrary@gmail.com

ਸੋਹਿਲਾ ਏਤਨੀ ਤਾਂ ਜ਼ਰੂਰੀ ਹੀ ਕੰਠ ਕਰਨੀ ਅਤੇ ਸੀਲ ਸੰਤੋਖ ਸਭ ਨੇ ਰਖਣਾ। ਭਜਨੁ ਅਤੇ ਪਹਰ ਕਰਨਾ ਗੁਰੁ ਸਚੇ ਦਾ।"

*(ਹੁਕਮਨਾਮਾ 1)*

ਇਸ ਸਮੇਂ ਦੀਆਂ ਹੋਰ ਗਦ ਅਤੇ ਪਦ ਰਚਨਾਵਾਂ ਨਾਮਧਾਰੀ ਮੱਤ ਦੇ ਅਧਿਆਤਮਕ ਆਦਰਸ਼ਾਂ ਵਿਸ਼ੇਸ਼ ਸਮਾਚਾਰਾਂ ਉੱਤੇ ਬੜੇ ਨੇੜੇ ਤੋਂ ਪ੍ਰਕਾਸ਼ ਪਾਉਂਦੀਆਂ ਹਨ। ਇਨ੍ਹਾਂ ਗਦ ਰਚਨਾਵਾਂ ਵਿੱਚ ਹੀ ਸੰਤ ਸੰਤੋਖ ਸਿੰਘ ਬਾਹੋਵਾਲ ਰਚਿਤ ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰਵੀਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਹ ਵੱਡ ਆਕਾਰੀ ਗ੍ਰੰਥ ਸਰਲ ਅਤੇ ਸਰਬ ਸਧਾਰਨ ਦੀ ਗੱਲਕੱਥ ਦੀ ਸ਼ੈਲੀ ਵਿੱਚ ਰਚਿਆ ਗਿਆ ਹੈ। ਇਸ ਪੁਸਤਕ ਦਾ ਕਰਤਾ ਸ੍ਰੀ ਭੈਣੀ ਸਾਹਿਬ ਵਿਖੇ ਨਿਵਾਸ ਰੱਖਦਾ ਸੀ। ਇਸ ਲਈ ਗੁਰੂ ਘਰ ਨਾਲ ਸੰਬੰਧਿਤ ਨੇੜੇ ਦੇ ਸਮਾਚਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਸਿੱਧ ਪੱਧਰੇ ਲਿਖਣ ਢੰਗ ਨਾਲ ਇਸ ਲੇਖਕ ਨੇ ਕਈ ਇਤਿਹਾਸਕ ਘਟਨਾਵਾਂ ਦਾ ਵੇਰਵਾ ਬਹੁਤ ਸੋਹਣੀ ਤਰ੍ਹਾਂ ਸਪੱਸ਼ਟ ਰੂਪ ਵਿੱਚ ਇਸ ਤਰ੍ਹਾਂ ਕੀਤਾ ਹੈ, ਜਿਵੇਂ ਉਹ ਸਭ ਕੁਝ ਨੂੰ ਆਪਣੀ ਅੱਖੀਂ ਨਿਹਾਰ ਰਿਹਾ ਹੋਵੇ।

(ਇਹ ਰਚਨਾ ਹੁਣ ਛਪ ਗਈ ਹੈ)।

ਮਲੇਰਕੋਟਲੇ ਦੇ ਪ੍ਰਸਿੱਧ ਇਤਿਹਾਸਕ ਸ਼ਹੀਦੀ ਸਾਕੇ ਦੇ ਸੰਬੰਧ ਵਿੱਚ ਹੀਰਾ ਸਿੰਘ ਅਤੇ ਮਿਸਟਰ ਕਾਵਨ ਦੇ ਸੰਵਾਦ ਦਾ ਜ਼ਿਕਰ ਕਰਤਾ ਇਸ ਪ੍ਰਕਾਰ ਕਰਦਾ ਹੈ : "ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ, ਤੁਮ ਨੇ ਕਿਉਂ ਗਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤੱਕ ਥੋਡਾ ਰਾਜ ਨਹੀਂ ਮੁੱਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਅਤੇ ਦੇਵਾਂਗੇ। ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ। ਮੁੜ-ਮੁੜ ਜੰਮਾਂਗੇ। ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊ ਬਧ ਨਹੀਂ ਸਹਾਰ ਸਕਦੇ ਹਾਂ।"

ਇਤਿਹਾਸਕ ਦ੍ਰਿਸ਼ਟੀ ਤੋਂ ਇਹ ਪੁਸਤਕ ਬਹੁਤ ਹੀ ਮਹੱਤਵਪੂਰਣ ਹੈ, ਕਿਉਂ ਜੋ ਇਸ ਵਿੱਚ ਨਾਮਧਾਰੀ ਮੱਤ ਅਤੇ ਸਰਕਾਰੀ ਦਮਨ ਚੱਕਰ ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਆਚਰਣਿਕ ਦ੍ਰਿੜ੍ਹਤਾ, ਸੁਤੰਤਰਤਾ ਪ੍ਰਤੀ ਲਗਨ ਅਤੇ ਆਪਣੇ ਗੁਰੂ ਸਾਹਿਬਾਨ ਉੱਤੇ ਪੂਰਨ ਸਿੱਦਕ ਪ੍ਰਤੱਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਇਹ ਦੋਵੇਂ ਵਾਰਤਕ ਰਚਨਾਵਾਂ ਨਾ ਕੇਵਲ ਨਾਮਧਾਰੀ ਮੱਤ ਦੇ ਇਤਿਹਾਸ ਨੂੰ ਹੀ ਪ੍ਰਗਟ ਕਰਦੀਆਂ ਹਨ। ਸਗੋਂ ਇਨ੍ਹਾਂ ਰਾਹੀਂ ਸਮੁੱਚੇ ਭਾਰਤ ਦੇ ਰਾਸ਼ਟਰੀ ਸੁਤੰਤਰਤਾ ਸੰਗਰਾਮ ਦੇ ਅਨੇਕ ਪੱਖ ਵੀ ਉਜਾਗਰ ਹੁੰਦੇ ਹਨ।

### ਇਸ ਕਾਲ ਦੀਆਂ ਬ੍ਰਜ਼ ਰਚਨਾਵਾਂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿੱਚ ਇਸ ਗੱਲ ਦਾ ਬਾਰ-ਬਾਰ ਜ਼ਿਕਰ ਕਰਦੇ ਹਨ ਕਿ ਅੰਗਰੇਜ਼ੀ ਸਰਕਾਰ ਨੂੰ ਮੇਰਾ ਕਾਲ ਜਿੰਨਾ



Sri Satguru Jagjit Singh Ji Elibrary NamdhariElibrary@gmail.com

ਡੋ ਹੈ। ਬਾਬਾ ਮਹਾਰਾਜ ਸਿੰਘ ਤੋਂ ਪਿਛੋਂ ਉਹ ਮੈਨੂੰ ਹੀ ਸਭ ਤੋਂ ਖ਼ਤਰਨਾਕ ਦੁਸ਼ਮਣ ਮੰਨਦੇ ਹਨ। 'ਕੂਕਾ' ਵਿਦਰੋਹ ਨੂੰ ਦਬਾਉਣ ਲਈ ਵਿਦੇਸ਼ੀ ਸਰਕਾਰ ਨੇ ਉਸ ਸਮੇਂ ਮਹੰਤਾਂ, ਜਾਗੀਰਦਾਰਾਂ, ਮਹਾਰਾਜਿਆਂ ਅਤੇ ਵੱਡੇ ਸਿੱਖ ਸਰਦਾਰਾਂ ਨੂੰ ਆਪਣੇ ਨਾਲ ਰਿਆਇਤਾਂ ਦੇ ਕੇ ਜੋੜ ਲਿਆ ਸੀ। ਨਾਮਧਾਰੀ ਮੱਤ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਪਾਉਣ ਦੇ ਯਤਨ ਕੀਤੇ ਗਏ। ਇੱਕ ਤਾਂ ਗਲਤ ਪ੍ਰਚਾਰ ਇਹ ਕੀਤਾ ਗਿਆ ਕਿ ਗੁਰੂ ਰਾਮ ਸਿੰਘ ਆਪਣੇ ਸਿੱਖਾਂ ਦੇ ਕੰਨਾਂ ਵਿੱਚ ਜੋ ਗੁਰ-ਮੰਤਰ ਦੱਸਦਾ ਹੈ, ਉਹ ਮੁਸਲਮਾਨੀ ਕਲਾਮ ਹੈ। ਪ੍ਰਸਿੱਧ ਸਿੱਖ ਇਤਿਹਾਸਕਾਰ ਕਵੀ ਗਿਆਨੀ ਗਿਆਨ ਸਿੰਘ ਇਸ ਭਰਮ ਦੀ ਨਵਿਰਤੀ ਲਈ ਆਪ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਉਨ੍ਹਾਂ ਨੇ 28 ਕਬਿੱਤ ਨਾਮਧਾਰੀਆਂ ਬਾਰੇ ਲਿਖੇ, ਜਿਨ੍ਹਾਂ ਤੋਂ ਨਾਮਧਾਰੀ ਮਤ ਬਾਰੇ ਪਾਏ ਗਏ ਭੁਲੇਖਿਆਂ ਦਾ ਖੰਡਨ ਹੀ ਨਹੀਂ ਹੁੰਦਾ, ਸਗੋਂ ਨਾਮਧਾਰੀ ਮੱਤ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਗੁਰਮਤਿ ਦੀ ਪੁਨਰ ਸੁਰਜੀਤੀ ਦੇ ਮਹਾਨ ਇਤਿਹਾਸਕ ਕਰਤੱਵ ਦਾ ਵੀ ਬੋਧ ਹੋ ਜਾਂਦਾ ਹੈ। ਇਨ੍ਹਾਂ ਕਬਿੱਤਾਂ ਵਿੱਚ ਗਿਆਨੀ ਗਿਆਨ ਸਿੰਘ ਜੀ ਨੇ ਨਾਮਧਾਰੀ ਮੱਤ ਬਾਰੇ ਵਿਸ਼ਾਲ ਗਿਆਨ ਗਾਗਰ ਵਿਚ ਸਾਗਰ ਭਰਨ ਸਮਾਨ ਸੰਕੇਤਕ ਰੂਪ ਵਿੱਚ ਵਰਣਨ ਕਰ ਦਿੱਤਾ ਹੈ। ਨਾਮਧਾਰੀ ਰਹਿਤ ਮਰਿਆਦਾ ਅਤੇ ਅੰਮ੍ਰਿਤਸਰ ਰਾਏਕੋਟ ਅਤੇ ਮਲੇਰਕੋਟਲੇ ਦੀਆਂ ਬੁੱਚੜ ਬੱਧ ਘਟਨਾਵਾਂ ਦੇ ਇਤਿਹਾਸਕ ਵੇਰਵੇ ਦੇ ਦਿੱਤੇ ਹਨ। ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਦਾ ਵੀ ਵਰਣਨ ਕੀਤਾ ਹੈ ਅਤੇ ਸਤਿਗੁਰੂ ਹਰੀ ਸਿੰਘ ਜੀ ਦਾ ਵੀ ਜ਼ਿਕਰ ਕੀਤਾ ਹੈ। ਆਪ ਲਿਖਦੇ ਹਨ ਕਿ ਜਦੋਂ ਮਲੇਰਕੋਟਲੇ ਦਾ ਸ਼ਹੀਦੀ ਸਾਕਾ ਵਾਪਰਿਆ ਤਾਂ ਉਨ੍ਹਾਂ ਨੇ ਆਪਣੀ ਅੱਖੀਂ ਇਸ ਸਾਰੇ ਅਦੁੱਤੀ ਬਲੀਦਾਨ ਦੇ ਦ੍ਰਿਸ਼ ਨੂੰ ਵੇਖਿਆ ਸੀ ਕਿ ਕਿਵੇਂ ਗੁਰੂ ਦੇ ਸਿੱਖ ਖੁਸ਼ੀ-ਖੁਸ਼ੀ ਬਾਣੀ ਪੜ੍ਹਦੇ ਹੋਏ ਤੋਪਾਂ ਅੱਗੇ ਖਲੋ ਕੇ ਸ਼ਹੀਦੀਆਂ ਪਾ ਰਹੇ ਸਨ। ਇਸ ਰਚਨਾ ਵਿੱਚੋਂ ਕੁਝ ਉਦਾਹਰਣ ਪੇਸ਼ ਹਨ :

ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਹਿ ਸਮ ਔਰ ਨਾ ਦਰਾਜ ਫਲ ਦਾਇ ਕੈ।
ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ,
ਸੋਊ ਸਭਿ ਕੂਰ ਹਮ ਪੇਖਯੋ ਅਜਮਾਇ ਕੈ।

ਕਬਿੱਤ-1

ਪਾਇ ਏਹੁ ਹੁਕਮ ਪ੍ਰਮਤੇਸ਼ ਨਾ ਬਿਸੇਸ ਫਿਰ
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,



Sri Satguru Jagjit Singh Ji Elibrary NamdhariElibrary@gmail com

ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਖਾਸ ਚੋਰੀ ਜਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।

ਮਲੇਰਕੋਟਲੇ ਦੇ ਸ਼ਹੀਦੀ ਸਾਕੇ ਬਾਰੇ ਆਪ 'ਪੰਥ ਪ੍ਰਕਾਸ਼' ਦੀ ਇੱਕ ਚੋਪਈ ਵਿੱਚ ਇਸ ਤਰ੍ਹਾਂ ਵਰਣਨ ਕਰਦੇ ਹਨ :

ਸੰਮਤ ਉਨੀਸੈ ਅਠਾਈ,
ਕੂਕੇ ਸਿੰਘ ਮਿਲੇ ਤਬ ਆਈ
ਜੋ ਬੁੱਚੜ ਗਊਆ ਥੇ ਮਾਰਤ,
ਤਿਨਕੋ ਸੋ ਸਿੰਘ ਭਏ ਬਿਦਾਰਤ।
ਜਬ ਸਿੰਘ ਸਾਠਕ ਪਕੜ ਗਏ,
ਫੜੇ ਮਲੇਰਕੋਟਲੇ ਆਏ।
ਉਨ ਹਿਤ ਹੁਕਮ ਅੰਗਰੇਜ਼ੀ ਆਯੋ,
ਇਨ ਕੋ ਤੋਪਨ ਸੰਗ ਉੜਾਯੋ।
ਜਬ ਇਹੁ ਹੁਕਮ ਉਨੋਂ ਸੁਨ ਪਾਯੋ,
ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚਢੀ ਬਧੇਰੇ,
ਗਾਵਤ ਗੁਰ ਕੇ ਸਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ,
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ,
ਜਰਾ ਨਾ ਕੀਨੇ ਪਰਾਨ ਪਯਾਰੇ।
ਇਹ ਹਮਨੇ ਖੁਦ ਨੈਨ ਨਿਹਾਰੇ,
ਦੇਖਤ ਥੇ ਜੋ ਲੋਗ ਅਪਾਰੇ,
ਰਹੇ ਹੈਰਾਨ ਤਿਨੇ ਪਿਖ ਸਾਰੇ,
ਇਹੁ ਸਿੰਘਨ ਕੀ ਰੀਤੀ ਵਰਹੈ।
ਸਸਤ੍ਰ ਕੀ ਮ੍ਰਿਤ ਤੈ ਨਾਹਿ ਡਰ ਹੈ,
ਸੰਮੁਖ ਸੱਤ੍ਰ ਜੰਗ ਮੈ ਜੈਹੇ,
ਮਰਨ ਮਾਰਨੈ ਨਾਹਿ ਟਰੈਹੈਂ।

ਇਨ੍ਹਾਂ ਕਬਿੱਤਾਂ ਦਾ ਅੰਗਰੇਜ਼ੀ ਅਨੁਵਾਦ ਵੀ ਡਾ: ਹਰਿਭਜਨ ਸਿੰਘ ਵੱਲੋਂ ਕੀਤਾ ਗਿਆ ਹੈ। ਇਸ ਰਚਨਾ ਨੂੰ ਨਾਮਧਾਰੀ ਇਤਿਹਾਸ ਅਤੇ ਸਾਹਿਤ ਦਾ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਦੂਜੀ ਪ੍ਰਮਾਣਿਕ ਰਚਨਾ ਸੰਤ ਧਿਆਨ ਸਿੰਘ ਕਾਦਰਾਬਾਦੀ ਰਚਿਤ 'ਸ੍ਰੀ ਸਤਿਗੁਰੂ ਬਿਲਾਸ' ਹੈ। ਨਾਮਧਾਰੀ ਪੰਥ ਵਿੱਚ ਇਸ ਰਚਨਾ ਨੂੰ ਵਿਸ਼ੇਸ਼ ਗੌਰਵ ਪ੍ਰਾਪਤ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਅਮੋਲਕ ਪ੍ਰਵਚਨਾਂ (ਜੋ ਹੁਣ 'ਲਾਲਹਿ ਰਤਨ' ਦੇ ਰੂਪ ਵਿੱਚ ਪ੍ਰਕਾਸ਼ਿਤ ਹੋਏ ਹਨ) ਵਿੱਚ ਇਸ ਪੁਸਤਕ ਨੂੰ ਆਧਾਰ ਬਣਾ ਕੇ ਕਥਾ ਉਪਦੇਸ਼ ਕਰਦੇ ਰਹੇ ਹਨ। ਇਸ ਪੁਸਤਕ ਦੇ ਕਈ ਅਧਿਆਇ ਹਨ, ਜਿਨ੍ਹਾਂ ਵਿੱਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਵੱਲੋਂ ਰਾਏ ਸਿੰਘ ਨੂੰ ਅਬਿਚਲ ਨਗਰ ਭੇਜ ਕੇ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੀ ਰਹਿਤ ਮਰਿਯਾਦਾ ਨੂੰ ਲਿਆਉਣ ਦਾ ਬਿਰਤਾਂਤ ਹੈ। ਇਸੇ ਪੁਸਤਕ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਲੀ ਦੇ ਅਵਸਰ ਉੱਤੇ ਅੰਮ੍ਰਿਤਸਰ ਦੀ ਯਾਤਰਾ ਅਤੇ ਸਮਾਚਾਰ ਬੜੇ ਇਤਿਹਾਸਕ ਮਹੱਤਤਾ ਵਾਲੇ ਹਨ, ਕਿਉਂ ਜੋ ਇਸ ਕਥਾ ਦੇ ਬਿਰਤਾਂਤਕਾਰ ਭਾਈ ਹਰਮੀਤ ਸਿੰਘ ਨੇ ਇਨ੍ਹਾਂ ਨੂੰ ਆਪਣੀ ਅੱਖੀਂ ਨਿਹਾਰਿਆ ਹੈ। ਇਸ ਪੁਸਤਕ ਵਿੱਚੋਂ ਕੁਝ ਉਦਾਹਰਣ ਪੇਸ਼ ਹਨ।

ਗੁਰੂ ਰਾਮ ਸਿੰਘ ਮੂਰਿਤ ਰਾਮ।
ਦੀਨੀ ਸਿਖਯਾ ਆਦਿ ਭਿਰਾਮ।
ਗੋਬਿੰਦ ਸਿੰਘ ਗੁਰ ਰੀਤ ਸੰਭਾਲੋ।
ਲੋਕ ਦੂਹਨ ਕੋ ਜੋ ਰਖਵਾਲੋ।
ਪਾਂਚ ਕਕਾਰ ਵਾ ਨਾਮ ਸਨਾਨ।
ਦਾਨ ਕਿਯਾ ਸਤਿਗੁਰ ਸੁਖ ਦਾਨ।
ਮਾਸ ਸ਼ਰਾਬ ਵਿਕਰਮ ਦੁਹੇਲਾ।
ਤਰਕ ਕਰਹੁ ਤੁਰਕਨਿ ਕਾ ਮੇਲਾ।
ਦੇਵ ਰੀਤ ਧਾਰੋ ਸਭ ਭਾਈ।
ਦੈਂਤ ਬੁਧਿ ਆਪੇ ਨਸ ਜਾਈ।
ਤਟੋ ਨ ਆਵੈਗੀ ਫਿਰ ਕਾਈ।
ਜਪੋ ਨਾਮ ਜੋ ਅੰਤ ਸਹਾਈ।
ਨੜੀ ਮਾਰ ਕਾ ਸੰਗ ਨਾ ਕਰਹੋ।
ਜੂਠ ਝੂਠ ਸੇ ਹਰ ਦਮ ਡਰਿਹੋ।

*(ਸ੍ਰੀ ਸਤਿਗੁਰੂ ਬਿਲਾਸ ਪੰਨਾ 16)*

ਇਸ ਪ੍ਰਬੰਧ ਕਾਵਿ ਦੇ 20 ਅਧਿਆਇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਮ੍ਰਿਤਸਰ ਯਾਤਰਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਣ ਦਾ ਬਿਰਤਾਂਤ ਬਹੁਤ ਹੀ ਮਹੱਤਵਪੂਰਨ ਹੈ। ਗੁਰੂ ਰਾਮ ਸਿੰਘ ਜੀ ਚੜ੍ਹਦੀਕਲਾ ਨੂੰ ਦਰਸਾਉਣ ਵਾਲਾ ਇਹ ਬਿਰਤਾਂਤ ਜਿੱਥੇ ਵਾਸਤਵਿਕਤਾ ਦੇ ਬੜਾ ਨੇੜੇ ਹੈ, ਉੱਥੇ ਸ੍ਰੀ ਅਕਾਲ ਬੁੰਗੇ (ਅਕਾਲ ਤਖਤ), ਨਿਸ਼ਾਨ ਬੁੰਗੇ ਦੇ ਮਹੰਤਾਂ ਵੱਲੋਂ ਕੀਤੇ ਗਏ



Sri Satguru Jagjit Singh Ji Elibrary NamdhariElibrary@gmail.com

ਵਿਰੋਧ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਕੀਤੇ ਗਏ ਸਤਿਕਾਰ ਅਤੇ ਭੇਟ ਪ੍ਰਵਾਨ ਕਰਨ ਸਮੇਂ ਹੋਈ ਵਾਰਤਾਲਾਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੱਤ ਕਰਨੀ ਅਤੇ ਕੀਰਤੀ ਦਾ ਉੱਜਲ ਬਖਾਣ ਹੈ।

ਤਬ ਪੁਜਾਰੀਓ ਨਿਮ੍ਰਤ ਧਾਰਾ।
ਏਕ ਦੁਸ਼ਾਲਾ ਇਕ ਦਸਤਾਰਾ।
ਬਹੁਮੁੱਲੇ ਦੋ ਬਸਤਰ ਮੰਗਾਏ।
ਗੋਟੇਦਸ ਮਿਸਰੀ ਕੇ ਲਿਆਏ।
ਬੰਦਨ ਕਰ ਰਾਖੇ ਪ੍ਰਭ ਪਾਈ।
ਲੀਏ ਨਾਹਿ ਗੁਰੂ ਕਹਿਓ ਅਲਾਈ।
ਮੈ ਹੋ ਸੇਵਕ ਇਸ ਦਰਬਾਰੇ।
ਦਾਸਨ ਕੋ ਭੀ ਦਾਸ ਪਿਆਰੇ।
ਲੈਣਾ ਨਹਿ ਮੋਕੋ ਇਹ ਨੀਕੋ।
ਸੇਵਾ ਕਰਨ ਚਹੂੰ ਸਭਹੀ ਕੋ।
ਮੇਰੀ ਬੰਦਨ ਬਾਰੰਬਾਰੇ।
ਆਹਿ ਏਸ ਸਾਚੇ ਗੁਰ ਦੁਆਰੇ।
ਬੜੇ ਗ੍ਰੰਥੀ ਜੋਰੇ ਪਾਨ।
ਖੜੇ ਹੋਏ ਕਰ ਕੀਆ ਬਖਾਨ।
ਪੂਰਨ ਪੁਰਖ ਅਹੋ ਪ੍ਰਭ ਆਪ।
ਆਜ ਆਪ ਕੋ ਬਡ ਪ੍ਰਤਾਪ।
ਪਾਈ ਜਿਨ ਸੇਵਾ ਤੇ ਪਾਈ।
ਤਾਤ ਰਹੇ ਲਹਿਣੇ ਹੱਥ ਆਈ।
ਮੂਰਤਿ ਭਜਨ ਆਪ ਨੇ ਧਾਰੀ।
ਲਾਖੋ ਜੀਵ ਤਰੇ ਭਵ ਬਾਰੀ।

*(ਸ੍ਰੀ ਸਤਿਗੁਰੂ ਬਿਲਾਸ ਪੰਨਾ 68)*

### ਇਸ ਕਾਲ ਦੀਆਂ ਪੰਜਾਬੀ ਰਚਨਾਵਾਂ

ਇਸ ਕਾਲ ਵਿੱਚ ਨਾਮਧਾਰੀ ਕਵੀਆਂ ਵੱਲੋਂ ਰਚੇ ਗਏ ਤਿੰਨ ਬਾਰਾਂਮਾਹ ਨਾਮਧਾਰੀ ਸਾਹਿਤ ਦੀ ਹੀ ਨਹੀਂ ਸਗੋਂ ਪੰਜਾਬੀ ਦੇ ਬਾਰਾਂਮਾਹ ਕਾਵਿ ਦੀ ਵੀ ਵੱਡੀ ਪ੍ਰਾਪਤੀ ਹੈ, ਕਿਉਂ ਜੋ ਇਨ੍ਹਾਂ ਵਿੱਚ ਉਸ ਸਮੇਂ ਦੇ ਕਾਲ ਅਤੇ ਨਾਮਧਾਰੀ ਮੱਤ ਦੀ ਅੰਤਰੀਵ ਆਤਮਾ ਦੇ ਦਿੱਗ ਦਰਸ਼ਨ ਹੋ ਜਾਂਦੇ ਹਨ। ਬਾਰਾਂਮਾਹ ਭਾਵੇਂ ਸ਼ਿੰਗਾਰ ਰਸ ਪ੍ਰਧਾਨ ਕਾਵਿ ਹੈ। ਪਰ ਇਨ੍ਹਾਂ ਬਾਰਾਂਮਾਹ ਵਿੱਚ ਸ਼ਿੰਗਾਰ, ਸ਼ਾਂਤ, ਰੋਦਰ, ਬੀਰ ਅਤੇ ਕਰੁਣਾ ਰਸ ਦਾ ਅਜਿਹਾ ਸੁਮੇਲ ਕੀਤਾ ਗਿਆ ਹੈ ਕਿ ਇਨ੍ਹਾਂ ਦੀ ਸਮੁੱਚੀ



Sri Satguru Jagjit Singh Ji Elibrary NamdhariElibrary@gmail.com

ਆਤਮਾ ਇੱਕ ਨਿਵੇਕਲੇ ਹੀ ਕਾਵਿ ਰੰਗ ਨੂੰ ਉਜਾਗਰ ਕਰਦੀ ਹੈ। ਸ਼ਾਹ ਮੁਹੰਮਦ ਅਤੇ ਮਟਕ ਤੋਂ ਪਿਛੋਂ ਇਨ੍ਹਾਂ ਰਚਨਾਵਾਂ ਦੀ ਪ੍ਰਗੀਤਕ ਧੁਨੀ ਅੰਗਰੇਜ਼ ਸਾਮਰਾਜ ਵਿਰੋਧੀ ਅਤੇ ਪੂਰਨ ਤੌਰ ਤੇ ਦੇਸ਼ ਭਗਤੀ ਅਤੇ ਸਤਿਗੁਰੂ ਰਾਮ ਸਿੰਘ ਦੁਆਰਾ ਚਲਾਈ ਗਈ ਕੂਕਾ ਲਹਿਰ ਦੇ ਧਾਰਮਿਕ, ਇਤਿਹਾਸਕ ਅਤੇ ਸਭਿਆਚਾਰਕ ਦ੍ਰਿਸ਼ਾਂ ਨੂੰ ਭਲੀ-ਭਾਂਤ ਦ੍ਰਿਸ਼ਟਮਾਨ ਕਰਨ ਵਾਲੀ ਹੈ। ਜੇ ਇਸ ਤਰ੍ਹਾਂ ਕਹਿ ਲਈਏ ਕਿ ਇਨ੍ਹਾਂ ਰਚਨਾਵਾਂ ਵਿੱਚ ਨਾਮਧਾਰੀ ਮੱਤ ਦੇ ਤਤਕਾਲਕ ਵਾਸਤਵਿਕ ਚਿੱਤਰ ਅਤੇ ਝਲਕੀਆਂ ਵਿਦਮਾਨ ਹਨ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ।

**ਬਾਰਾਂਮਾਹ ਬਾਬਾ ਚੰਦਾ ਸਿੰਘ**

ਬਾਬਾ ਚੰਦਾ ਸਿੰਘ ਆਪਣੇ ਬਾਰੇ ਲਿਖਦੇ ਹਨ ਕਿ ਉਹ ਸੂਰਮਾ (ਨੇਤਰਹੀਣ) ਹੈ ਅਤੇ ਸਹਾਰਨ ਵਿਖੇ ਦੀਵਾਨ ਸਿੰਘ ਦੇ ਪਾਸ ਰਹਿੰਦਾ ਹੈ। ਇਸ ਬਾਰਾਂਮਾਹ ਨੂੰ ਸ੍ਰੀ ਗੁਰੂ ਬਿਲਾਸ ਹੀ ਸਮਝਣਾ ਚਾਹੀਦਾ ਹੈ :

ਚੰਦਾ ਸਿੰਘ ਸੂਰਮਾ ਰਹੇ ਸਹਾਰਨ ਦੀਵਾਨ ਸਿੰਘ ਕੇ ਪਾਸ
ਬਾਰਾਂਮਾਹ ਸ੍ਰੀ ਸਤਿਗੁਰੂ ਕਾ ਮਾਨੋ ਗੁਰੂ ਬਿਲਾਸ।
ਗੁਰ ਸੰਗਤ ਭੁਲ ਚੁਕ ਬਖਸ਼ ਲੈ ਜਾਨ ਦਾਸਾਂ ਦਾ ਦਾਸ।

ਕਵੀ ਮੰਗਲਾਚਰਣ ਤੋਂ ਆਰੰਭ ਕਰਕੇ ਹਰ ਮਹੀਨੇ ਦੇ ਕ੍ਰਮ ਅਨੁਸਾਰ ਜਿੱਥੇ ਪ੍ਰਕਿਰਤੀ ਵਰਣਨ, ਗੁਰੂ ਦੀ ਸੰਗਤ, ਸਮਕਾਲੀ ਇਤਿਹਾਸਕ ਘਟਨਾਵਾਂ ਦਾ ਉਲੇਖ ਕਰਦਾ ਹੈ, ਉੱਥੇ ਉਹ ਆਪਣੀ ਗੁਰੂ ਪ੍ਰਤੀ ਸ਼ਰਧਾ, ਪ੍ਰੇਮ ਅਤੇ ਵੈਰਾਗ ਦੀ ਭਾਵਨਾ ਨੂੰ ਵੀ ਅਤਿ ਦੀ ਮਧੁਰ ਪ੍ਰਗੀਤਕ ਧੁਨੀ ਵਿੱਚ ਉਚਾਰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਾਨ ਅਤੇ ਉਨ੍ਹਾਂ ਦੇ ਦੀਵਾਨਾਂ ਦੀ ਮਹਿਮਾ ਨੂੰ ਵਰਣਨ ਕਰਦਾ ਹੋਇਆ ਕਵੀ ਅੰਗਰੇਜ਼ ਹਕੂਮਤ ਦੀ ਕੁਟਿਲ ਨੀਤੀ ਅਤੇ ਕੂਕਾ ਲ਼ਹਿਰ ਦੇ ਉਥਾਨ ਅਤੇ ਸੰਗਰਾਮ ਦੇ ਭਿੰਨ-ਭਿੰਨ ਪੜਾਵਾਂ ਦਾ ਜ਼ਿਕਰ ਕਰਦਾ ਹੋਇਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਅਤੇ ਉਨ੍ਹਾਂ ਤੋਂ ਪਿਛੋਂ ਉਪਜੀ ਵਿਯੋਗ ਭਾਵਨਾ ਨੂੰ ਅਤਿ ਦੇ ਕਲਾਮਈ ਢੰਗ ਨਾਲ ਪ੍ਰਗਟਾਉਂਦਾ ਹੈ। ਕਿਤੇ-ਕਿਤੇ ਮਿਥਿਹਾਸਕ ਬਿੰਬਾਂ ਦੀ ਵੀ ਸੁੰਦਰ ਵਰਤੋਂ ਕਰਦਾ ਹੈ। ਆਰੰਭ ਵਿੱਚ ਹੀ ਕਵੀ ਸ੍ਰੀ ਸਤਿਗੁਰੂ ਬਾਲਕ ਸਿੰਘ ਦੀ ਮਹਿਮਾ ਦਾ ਵਰਣਨ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਸਮੇਂ ਦੇ ਸਮਾਚਾਰਾਂ ਨੂੰ ਹਰ ਮਹੀਨੇ ਅਨੁਸਾਰ ਬਿਆਨ ਕਰਦਾ ਹੈ :

ਹਜ਼ਰੋ ਸ਼ਹਿਰ ਸੁਹਾਵਣਾ ਸ੍ਰੀ ਸਤਿਗੁਰੂ ਲੀਆ ਅਵਤਾਰ।
ਜੋ ਨਰ ਦਰਸ਼ਨ ਪਾਵੰਦੇ ਸੋ ਭਉਜਲ ਉਤਰੇ ਪਾਰ।

ਉਪਰੋਕਤ ਦੋਹਰੇ ਵਿੱਚ ਪਹਿਲਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਉਪਮਾ ਕੀਤੀ ਗਈ ਹੈ ਅਤੇ ਫਿਰ ਰਾਮਦਾਸਪੁਰਾ (ਸ੍ਰੀ ਭੈਣੀ ਸਾਹਿਬ) ਵੱਲ ਸੰਕੇਤ ਕਰਕੇ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੂੰ ਨਮਸਕਾਰ ਕੀਤੀ ਹੈ। ਇਸ ਉਪਰੰਤ ਚੇਤਰ ਦੇ ਮਹੀਨੇ ਦਾ ਵਰਣਨ ਕਰਕੇ ਕਵੀ ਨੇ ਸਮਕਾਲੀ ਬਾਰਾਂਮਾਹ ਕਾਵਿ ਦਾ ਪ੍ਰਚੱਲਿਤ ਸ਼ੈਲੀ ਵਿੱਚ ਇੱਕ ਬਿਰਹਨ ਇਸਤਰੀ ਦੇ ਬਿੰਬ ਦੁਆਰਾ ਪੰਜਾਬ ਦੇ ਸਭਿਆਚਾਰਕ ਵਾਤਾਵਰਣ ਨੂੰ ਕਲਾਮਈ ਢੰਗ ਨਾਲ ਚਿਤਰਿਆ ਹੈ :

ਜਦ ਮੈ ਹੋ ਵਿਰਾਗਣ ਚੱਲੀ,
ਚਰਖੇ ਤੰਦ ਨ ਲਾਹੀ ਛੱਲੀ।
ਘਰ ਤੋਂ ਤੁਰਕੇ ਭਈ ਅੱਕਲੀ,
ਮੈਨੂੰ ਲੋਕ ਆਖਦੇ ਭੱਲੀ।
ਕਿਸੇ ਦੀ ਗੱਲ ਨ ਲੱਗਦੀ ਭਲੀ,
ਮੈ ਬਲਿਹਾਰੀਆਂ।

ਵੈਸਾਖ ਦੇ ਮਹੀਨੇ ਨਾਮਧਾਰੀ ਸਾਧ ਸੰਗਤ ਦੇ ਨਿੱਤ ਦੇ ਕਰਮ ਅਤੇ ਉਤਸ਼ਾਹ ਦਾ ਵਰਣਨ ਕਰਕੇ ਜੇਠ ਦੇ ਮਹੀਨੇ ਵਿੱਚ ਅੰਗਰੇਜ਼ੀ ਸਰਕਾਰ ਦੀ ਚਿੰਤਾ ਦਾ ਵੀ ਵਰਣਨ ਕੀਤਾ ਹੈ।

ਚੜਦੇ ਜੇਠ ਧੁਪ ਕੁਵਾਹੀ,
ਪ੍ਰਬਲ ਤੀਛਣ ਵਣੀ ਕਪਾਹੀ।
ਗੋਰੇ ਬਹਿ ਬਹਿ ਕਰਨ ਸਲਾਹੀ,
ਇਹ ਸਿੰਘ ਸਾਥੋਂ ਡਰਦੇ ਨਾਹੀਂ।
ਜਿਹੜੇ ਹੋ ਮਸਤਾਨੇ ਜਾਹੀਂ,
ਕੂਕਾਂ ਮਾਰਨ ਵਿੱਚ ਚੁਰਾਹੀਂ।
ਇਨ੍ਹਾਂ ਨੂੰ ਖੌਫ ਕਿਸੇ ਦਾ ਨਾਂਹੀ,
ਬਾਝ ਅਕਾਲ ਦੇ।

ਹਾੜ ਦੇ ਮਹੀਨੇ ਵਿੱਚ ਜਦੋਂ ਘਾਮ ਰੁੱਤ ਸ਼ਿਖਰ ਤੇ ਹੈ ਤਾਂ ਕਵੀ ਨੇ ਨਾਮਧਾਰੀ ਸੰਗਤ ਦੇ ਦੀਵਾਨ ਦਾ ਵਰਣਨ ਬੜੇ ਕਲਾਤਮਕ ਢੰਗ ਨਾਲ ਕੀਤਾ ਹੈ। ਹੱਲੇ ਦੇ ਦੀਵਾਨ ਅਤੇ ਜੋਟੀਆ ਦੇ ਸ਼ਬਦ ਪੜ੍ਹਨ ਅਤੇ ਢੋਲਕ ਛੈਣਿਆਂ ਦੀ ਖੜਕਾਰ ਸੁਣ ਕੇ ਸਿੰਘ ਮਸਤਾਨੇ ਹੋ ਜਾਂਦੇ ਹਨ ਅਤੇ ਬੀਬੀਆਂ ਦੇ ਹਿਰਦੇ ਵੈਰਾਗ ਵਿੱਚ ਕਬੂਤਰਾਂ ਵਾਂਗ ਫਟਕ ਰਹੇ ਹਨ ਅਤੇ ਉਹ ਸ਼ਬਦ ਦੀ ਧੁਨੀ ਵਿੱਚ ਮਸਤ ਹੋ ਨ੍ਰਿਤ ਕਰ ਰਹੀਆਂ ਹਨ। ਸਾਵਣ ਮਹੀਨੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਉੱਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਹਦੂਦ ਬੰਦ ਕਰਨ ਦਾ ਵਰਣਨ ਹੈ।

ਅੱਸੂ ਦੇ ਮਹੀਨੇ ਵਿੱਚ ਕਵੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਇਸ ਤਰ੍ਹਾਂ ਗਾਉਂਦਾ ਹੈ :



Sri Satguru Jagjit Singh Ji Elibrary NamdhariElibrary@gmail.com

ਅਸੂ ਅਸੀ ਪਛਾਣਿਆ ਗੁਰ ਪੂਰਨ ਅਵਤਾਰ।
ਗੁਰ ਧਰਮ ਚਲਾਇਆ ਜਗਤ ਵਿੱਚ ਹੋਵਨ ਜੈ ਜੈ ਕਾਰ।

ਪੋਹ ਦੇ ਮਹੀਨੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਹੁਕਮਨਾਮੇ ਲਿਖ ਕੇ ਮਾਘੀ ਦੇ ਪੁਰਬ ਉੱਤੇ ਸ਼੍ਰੀ ਭੈਣੀ ਸਾਹਿਬ ਇਕੱਤਰ ਹੋਣ ਦਾ ਉਲੇਖ ਹੈ : ਮਾਘ ਦੇ ਮਹੀਨੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਦਾ ਬਿਆਨ ਹੈ।

ਸੀਸ ਧਰਮ ਤੇ ਦੇਣ ਨੂੰ ਸਿੰਘ ਚਲੇ ਹੋਣ ਸ਼ਹੀਦ।
ਸਤਿਗੁਰੂ ਪ੍ਰਦੇਸ਼ ਸਿਧਾਨਗੇ ਮਾਨੋ ਬਿਸਵੇ ਬੀਸ।

ਫੱਗਣ ਦੇ ਮਹੀਨੇ ਵਿੱਚ ਕਵੀ ਨੇ ਡੂੰਘੇ ਕਰੁਣਾਮਈ ਸਵਰ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਸੁੰਦਰ ਸਾਹਿਤਕ ਸ਼ਬਦਾਵਲੀ ਦੁਆਰਾ ਕਲਾਮਈ ਢੰਗ ਦਾ ਵਰਣਨ ਕੀਤਾ ਹੈ। ਜਿਸ ਤੋਂ ਕਵੀ ਦੇ ਮਨ ਦੀ ਵੈਰਾਗਮਈ ਦਸ਼ਾ ਅਤੇ ਆਪਣੇ ਇਸ਼ਟ ਗੁਰੂ ਪ੍ਰਤੀ ਅਪਾਰ ਸ਼ਰਧਾ ਅਤੇ ਬਿਰਹੋ ਭਾਵਨਾ ਦੀ ਤੀਖਣ ਵੇਦਨਾ ਪ੍ਰਗਟ ਹੁੰਦੀ ਹੈ।

ਸਤਿਗੁਰੂ ਬਾਝੋਂ ਚੈਨ ਨ ਕੋਈ,
ਸੰਗਤ ਸਭ ਉਦਾਸੀ ਹੋਈ।
ਰਾਤੀਂ ਨੈਣੀ ਨੀਂਦ ਨਾ ਆਵੇ,
ਤਾਰੇ ਗਿਣਦਿਆਂ ਰੈਣ ਵਿਹਾਵੇ।
ਸਾਨੂੰ ਪਾਣੀ ਅੰਨ ਨਾ ਭਾਵੇ,
ਦਿਨ ਦਿਨ ਗ਼ਮ ਗੁਰਾਂ ਦਾ ਖਾਵੇ।
ਐਸਾ ਕੌਣ ਜੋ ਆਣ ਮਿਲਾਵੇ,
ਮੈਂ ਕਰਾਂ ਸਿਰਵਾਰਨੇ।

ਇਸ ਪ੍ਰਕਾਰ ਬਾਬਾ ਚੰਦਾ ਸਿੰਘ ਜੀ ਨੇ ਇਸ ਬਾਰਾਂਮਾਹ ਵਿੱਚ ਇੱਕ ਬੰਨੇ ਵਿਯੋਗਣ ਇਸਤਰੀ ਦੇ ਰੂਪ ਵਿੱਚ ਬਿਰਹਾ ਅਤੇ ਮਿਲਾਪ ਦਾ ਵਰਣਨ ਕੀਤਾ ਹੈ। ਦੂਜੇ ਬੰਨੇ ਗੁਰੂ ਮਹਿਮਾ ਨੂੰ ਗਾਇਆ ਹੈ ਅਤੇ ਤੀਜੇ ਬੰਨੇ ਤਤਕਾਲਕ ਨਾਮਧਾਰੀ ਲਹਿਰ ਦੇ ਸਾਰੇ ਇਤਿਹਾਸਕ ਪਿਛੋਕੜ ਦਾ ਬਿਆਨ ਕਰ ਦਿੱਤਾ ਹੈ। ਅੰਗਰੇਜ਼ ਸਰਕਾਰ ਪ੍ਰਤੀ ਰੋਸ ਅਤੇ ਵਿਦਰੋਹ ਦੀ ਭਾਵਨਾ ਨੂੰ ਉਤਪੰਨ ਕਰਨਾ, ਇਸ ਰਚਨਾ ਦਾ ਮੂਲ ਮਨੋਰਥ ਜਾਪਦਾ ਹੈ। ਪਰ ਇਸ ਦਾ ਵੱਡਾ ਆਧਾਰ ਸਤਿਗੁਰੂ ਵੱਲੋਂ ਬਖਸ਼ੀ ਗਈ ਨਾਮ, ਅੰਮ੍ਰਿਤ ਬਾਣੀ ਅਤੇ ਉਹ ਆਦਰਸ਼ਕ ਚਰਿੱਤਰ ਹੈ, ਜੋ ਉਸ ਸਮੇਂ ਅਤੇ ਪਿਛੋਂ ਭਾਰਤੀ ਸੁਤੰਤਰਤਾ ਸੰਗਰਾਮ ਦਾ ਮੂਹਰਲਾ ਭਾਗ ਜਾਂ ਹਰਾਵਲ ਦਸਤਾ ਬਣਿਆ।

**ਬਾਰਾਂਮਾਹ ਸੰਤ ਨਿਹਾਲ ਸਿੰਘ**

ਸੰਤ ਨਿਹਾਲ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਕੋਈ ਵੇਰਵਾ ਪ੍ਰਾਪਤ



Sri Satguru Jagjit Singh Ji Elibrary NamdhariElibrary@gmail com

ਨਹੀਂ ਹੈ, ਪਰ ਉਸ ਦਾ ਸਤਿਗੁਰੂ ਰਾਮ ਸਿੰਘ ਜੀ ਦਾ ਸਮਕਾਲੀ ਹੋਣਾ ਸੰਦੇਹ ਰਹਿਤ ਹੈ। ਇਸ ਬਾਰਾਂਮਾਹ ਵਿੱਚ ਕੁੱਲ 12 ਬੰਦ ਹਨ ਅਤੇ ਬਾਬਾ ਚੰਦਾ ਸਿੰਘ ਜੀ ਦੇ ਬਾਰਾਂਮਾਹ ਸਮਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨੀ ਅਤੇ ਉਨ੍ਹਾਂ ਦੇ ਵਿਛੋੜੇ ਦੇ ਵਰਣਨ ਤੱਕ ਹੀ ਸੀਮਿਤ ਹੈ, ਪਰ ਇਸ ਵਿੱਚ ਨਾਮਧਾਰੀ ਮੱਤ ਦੇ ਮੁੱਖ ਅਸੂਲਾਂ, ਗੁਰੂ ਪ੍ਰਤੀ ਸ਼ਰਧਾ, ਨਾਮ ਸਿਮਰਨ, ਕੀਰਤਨ ਅਤੇ ਸੰਤ ਖਾਲਸੇ ਦੇ ਉੱਚ ਆਚਰਣ ਬਾਰੇ ਜ਼ਿਕਰ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਮੁੱਲਵਾਨ ਹੈ। ਇਹ ਰਚਨਾ ਨਾਮਧਾਰੀ ਮੱਤ ਦੇ ਅਧਿਆਤਮਿਕ ਪੱਖ ਨੂੰ ਭਲੇਰੀ ਭਾਂਤ ਰੂਪਮਾਨ ਕਰ ਜਾਂਦੀ ਹੈ। ਫਿਰ ਵੀ ਇਸ ਵਿੱਚ ਸਮਕਾਲੀ ਰਾਜਨੀਤਕ ਪਰਸਥਿਤੀਆਂ ਅਤੇ ਕੂਕਾ ਲਹਿਰ ਦੇ ਦੂਰ-ਦੂਰ ਤੱਕ ਪਸਾਰੇ ਅਤੇ ਰਾਜਨੀਤਕ ਪੈਂਤਰੇਬਾਜ਼ੀ ਦੇ ਟਾਵੇਂ-ਟਾਵੇਂ ਇਸ਼ਾਰੇ ਵੀ ਮਿਲ ਜਾਂਦੇ ਹਨ।

ਚੇਤਰ ਚਾਲ ਹੈ ਨਿਆਰੀ ਇੱਕ ਪੰਥ ਨਾਮਧਾਰੀ,
ਸਿੰਘ ਹੋਏ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕਿਰਪਾਨ, ਕੱਛਾ ਕੜਾ ਇਹ ਪਛਾਣ,
ਏਹੋ ਸਿੰਘਾਂ ਦੇ ਨਿਸ਼ਾਨ, ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇੱਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠੇ ਪੜ੍ਹਦੇ ਨੇ ਗਰੰਥ,
ਇੱਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।

ਹਾੜ ਦੇ ਮਹੀਨੇ ਵਿੱਚ ਕਵੀ ਸੰਤ ਖਾਲਸੇ ਦੇ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਵਿੱਚ ਨਾਮਧਾਰੀ ਪੰਥ ਦੇ ਵਿਸਥਾਰ ਬਾਰੇ ਉਲੇਖ ਕਰਦਾ ਹੈ :

ਅੰਮ੍ਰਿਤਸਰ ਅਤੇ ਲਾਹੌਰ, ਲੁਧਿਆਣਾ ਕਲਾਨੌਰ
ਸ਼ਹਿਰ ਜਿਹਲਮ ਪਿਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ।
ਸਿੱਖੀ ਕਾਬਲ ਕੰਧਾਰ, ਨਾਲੇ ਬਲਖ ਤੇ ਬੁਖਾਰ,
ਦਿੱਲੀ ਆਗਰਾ ਹਿਸਾਰ, ਹੋਰ ਅੰਤ ਨਾ ਹਿਸਾਬ ਦਾ।

ਪੋਹ ਦੇ ਮਹੀਨੇ ਵਿੱਚ ਕਵੀ ਨਾਮਧਾਰੀ ਪੰਥ ਦੇ ਨਿੰਦਕਾਂ ਵੱਲੋਂ ਸਰਕਾਰ ਨੂੰ ਦਿੱਤੀਆਂ ਗਈਆਂ ਰਿਪੋਰਟਾਂ ਬਾਰੇ ਦੱਸਦਾ ਹੈ, ਜਿਨ੍ਹਾਂ ਦੇ ਫਲਸਰੂਪ ਵਿਦੇਸ਼ੀ ਹਕੂਮਤ ਅਤੇ ਨਾਮਧਾਰੀਆਂ ਉੱਤੇ ਪਾਬੰਦੀ ਸਖ਼ਤ ਕਰ ਦਿੱਤੀ ਸੀ ਅਤੇ ਇਸ ਲਹਿਰ ਨੂੰ ਦਬਾਉਣ ਲਈ ਤਗੜਾ ਦਮਨ ਚੱਕਰ ਚਲਾਇਆ ਸੀ। ਇਤਿਹਾਸਕਾਰਾਂ ਦੀ ਖੋਜ ਅਤੇ ਸਰਕਾਰੀ ਦਸਤਾਵੇਜ਼ਾਂ ਦੇ ਅਧਿਐਨ ਤੋਂ ਵੀ ਇਨ੍ਹਾਂ ਤੱਥਾਂ ਦੀ ਪੁਸ਼ਟੀ ਹੋ ਜਾਂਦੀ ਹੈ :

ਬਾਤ ਸੁਣੀ ਅੰਗਰੇਜ, ਬੈਠ ਕਰਦੇ ਵਿਚਾਰ



Sri Satguru Jagjit Singh Ji Elibrary NamdhariElibrary@gmail.com

ਐਸੀ ਹੋਵੇ ਨਾ ਕੋਈ ਕਾਰ ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ ਲਵੋ ਹਾਜਰੀ ਹਿਸਾਬ ਜੀ।

ਫੱਗਣ ਦੇ ਮਹੀਨੇ ਵਿੱਚ ਸਤਿਗੁਰੂ ਜੀ ਦੇ ਵਿਛੋੜੇ ਵਿੱਚ ਵਿਯੋਗੀ ਹੋਈ ਸਾਧ ਸੰਗਤ ਦਾ ਵਰਣਨ ਕਵੀ ਇਸ ਪ੍ਰਕਾਰ ਕਰਦਾ ਹੈ :

ਫਗਣ ਫੇਰ ਕਦੀਂ ਆਵੀਂ,
ਮੁਖ ਆਪਣਾ ਦਿਖਾਵੀਂ।
ਰਤਾ ਚੈਨ ਨਹੀਂ ਆਏ,
ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ,
ਜੈਸੇ ਜਿਗਰ ਵਿਚ ਫੋੜਾ।
ਦਿਨ ਰਾਤ ਇਹੋ ਝੋਰਾ,
ਕੋਈ ਗਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬਿਹਾਲ,
ਖੁਲ੍ਹੇ ਗਲ ਵਿੱਚ ਵਾਲ।
ਫਿਰ ਥਕੀ ਢੂੰਢ ਭਾਲ,
ਨੈਣੀ ਨੀਂਦ ਨਹੀਂ ਆਂਵਦੀ।
ਨਿਹਾਲ ਸਿੰਘ ਔਗੁਣਹਾਰ,
ਆਇਆ ਤੇਰੇ ਦਰਬਾਰ।
ਗੁਰੂ ਭੁੱਲ ਚੁੱਕ ਬਖਸ਼,
ਸੰਗਤ ਸੀਸ ਹੈ ਨਿਵਾਂਵਦੀ।

**ਬਾਰਾਂਮਾਹ ਬਾਬਾ ਕਾਲ੍ਹਾ ਸਿੰਘ ਜੀ :**

ਬਾਬਾ ਕਾਲਾ ਸਿੰਘ ਜੀ ਉਨ੍ਹਾਂ ਨਾਮਵਰ ਕਵੀਆਂ ਵਿੱਚੋਂ ਹਨ, ਜਿਨ੍ਹਾਂ ਨੇ ਨਾਮਧਾਰੀ ਮੱਤ ਨਾਲ ਸੰਬੰਧਿਤ ਬਾਰਾਂਮਾਹ ਤੋਂ ਬਿਨਾਂ 'ਪੈਂਤੀ ਅੱਖਰੀ', 'ਉਸਤਤ ਨਾਮਾ', 'ਸ਼ਹੀਦੀ ਬਿਲਾਸ' ਅਤੇ ਪੰਥ ਪਰਕਾਸ਼ ਸਿੰਘਾਂ ਨਾਮਧਾਰੀਆਂ ਦਾ ਵੀ ਲਿਖਿਆ। ਉਹ ਪਿੰਡ ਨੰਗਲ, ਜ਼ਿਲ੍ਹਾ ਲੁਧਿਆਣਾ ਦੇ ਜੰਮਪਲ ਸਨ ਅਤੇ ਕਿੱਤੇ ਵਜੋਂ ਠਠਿਆਰ ਸਨ। ਇਸ ਬਾਰਾਂਮਾਹ ਵਿੱਚ ਸਮਕਾਲੀ ਕਵੀ ਮੋਤੀ ਰਾਮ ਦੇ ਰਚਿਤ ਬਾਰਾਂਮਾਹ ਦੀ ਛੰਦ ਚਾਲ ਨੂੰ ਅਪਣਾਇਆ ਗਿਆ ਹੈ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਹ ਸਮਕਾਲੀ ਕਾਵਿ ਰੀਤੀ ਤੋਂ ਚੰਗੀ ਤਰ੍ਹਾਂ ਜਾਣੂ ਸੀ। ਕਵੀ ਦੇ ਬਿਆਨ ਵਿੱਚ ਸੰਜਮ ਅਤੇ ਸੁਹਜ ਦੋਵੇਂ ਗੁਣ ਵਿਦਮਾਨ ਹਨ। ਸ਼ਬਦਾਵਲੀ ਬੜੀ ਢੁੱਕਵੀਂ ਅਤੇ ਠੇਠ ਵਰਤੀ ਹੈ। ਇਸ 48 ਪੰਕਤੀਆਂ ਦੀ ਰਚਨਾ ਵਿੱਚ ਕਵੀ ਨੇ ਨਾਮਧਾਰੀ



Sri Satguru Jagjit Singh Ji Elibrary NamdhariElibrary@gmail.com

ਮੱਤ ਦੇ ਤਤਕਾਲਕ ਸਾਰੇ ਪੱਖਾਂ ਨੂੰ ਸੰਕੇਤਕ ਰੂਪ ਵਿੱਚ ਅਤਿ ਦੇ ਕਲਾਮਈ ਢੰਗ ਨਾਲ ਸਮੇਟਿਆ ਹੈ। ਕੁਝ ਹਵਾਲੇ ਦੇਣੇ ਯੋਗ ਹਨ।

ਚੇਤਰ ਚਿਤ ਵਿੱਚ ਚਾਰ ਅੱਖਰ ਦਾ ਹਰ ਦਮ ਨਾਮ ਚਿਤਾਰੀ ਤੂੰ।
ਭਇ ਨਿਹਾਲ ਅਕਾਲ ਜਪੀ ਜੋ ਰਾਤ ਦਿਨੇ ਨਾ ਵਿਸਾਰੀ ਤੂੰ।
..........................................................।
ਜੇਠ ਜਗਤ ਵਿੱਚ ਆਏ ਸਤਿਗੁਰ ਸਿੰਘ ਕਰਨ ਭਰਵਾਸਾ ਜੀ।
ਹਜਰੋਂ ਸਾਹਿਬ ਪਰਗਟ ਹੋਇ ਭੈਣੀ ਸਾਹਿਬ ਵਿੱਚ ਵਾਸਾ ਜੀ।
ਪਟਣੇ ਦਾ ਜਿਉਂ ਜਨਮ ਖਾਲਸਾ ਵਿੱਚ ਅਨੰਦਪੁਰ ਵਾਸਾ ਜੀ।
ਗੁਰੂ ਰਾਮ ਸਿੰਘ ਸਬਦ ਸੁਣਾਕੇ ਕਾਟੀ ਹੈ ਜਮਫਾਸਾ ਜੀ।
..........................................................।
ਹਾੜ ਹੁਕਮ ਕਰ ਰਹਿਤ ਰਖਾਈ ਪੰਥ ਗੁਰਾਂ ਦਾ ਸੱਚਾ ਜੀ।
ਕੰਨ ਵਿੱਚ ਭਜਨ ਸੁਣੇਂਦੇ ਸਤਿਗੁਰ ਝੂਠ ਨਾ ਬੋਲਣ ਅੱਛਾ ਜੀ।
..........................................................।
ਸਾਵਣ ਸੋਕ ਹਟਾ ਕੇ ਦਿਲ ਤੋਂ ਸਿਧਾ ਬੰਨ੍ਹ ਦਸਤਾਰਾ ਤੂੰ।
ਕੜਾ ਕਛ ਕਿਰਪਾਨ ਕੇਸ ਧਰ ਸਿੰਘ ਬਣ ਗੁਰੂ ਪਿਆਰਾ ਤੂੰ।
..........................................................।

ਮੱਘਰ ਦੇ ਮਹੀਨੇ ਆਉਣ ਵਾਲੇ ਸ਼ਹੀਦੀ ਸਾਕਿਆਂ ਅਤੇ ਬੁਚੜ ਬਧ ਕਰਨ ਵੱਲ ਸੰਕੇਤ ਕਰਦਾ ਹੋਇਆ ਕਵੀ ਇਸ ਨੂੰ ਅਕਾਲ ਦਾ ਭਾਣਾ ਕਹਿੰਦਾ ਹੈ, ਪਰ ਪੋਹ ਦੇ ਮਹੀਨੇ ਵਿੱਚ ਕਰਤਾ ਨੇ ਸਾਰੀ ਸਥਿਤੀ ਨੂੰ ਸਪੱਸ਼ਟ ਕਰ ਦਿੱਤਾ ਹੈ।

ਪੋਹ ਪੜੇ ਸਿੰਘ ਚਰਨੀ ਆ ਕੇ ਬੁਚੜ ਮਾਰ ਮੁਕਾਈਏ ਜੀ।
ਗਊ ਘਾਤ ਦਾ ਦੁਖ ਹੈ ਭਾਰੀ ਇਸਨੂੰ ਮਾਰ ਮੁਕਾਈਏ ਜੀ।
ਲਾ ਕੇ ਸੀਸ ਧਰਮ ਦੇ ਲੇਖੇ ਜੀਵਨ ਸਫਲ ਬਣਾਈਏ ਜੀ।
ਸਤਿਗੁਰੂ ਆਖਣ ਸਮਾਂ ਨਹੀਂ ਹੈ, ਸਿੰਘ ਕਹਿਣ ਫੁਰਮਾਈਏ ਜੀ।

ਮਾਘ ਦੇ ਮਹੀਨੇ ਵਿੱਚ ਮਲੇਰਕੋਟਲੇ ਦੇ ਇਤਿਹਾਸਿਕ ਸਾਕੇ ਦਾ ਵਰਣਨ ਵੇਰਵੇ ਸਹਿਤ ਕੀਤਾ ਗਿਆ ਹੈ ਅਤੇ ਸਿੰਘਾਂ ਦੇ ਤੋਪਾਂ ਅੱਗੇ ਉਡਾਉਣ ਦਾ ਜ਼ਿਕਰ ਹੈ। ਫੱਗਣ ਦੇ ਮਹੀਨੇ ਵਿੱਚ ਕਵੀ ਸਾਰੇ ਬਿਰਤਾਂਤ ਨੂੰ ਸਮੇਟਦਾ ਹੋਇਆ ਲਿਖਦਾ ਹੈ ਕਿ ਸਤਿਗੁਰੂ ਜੀ ਨੇ ਗਊ ਵੰਸ਼ ਦੀ ਰੱਖਿਆ ਲਈ ਇਹ ਕੌਤਕ ਕਰ ਵਿਖਾਏ ਹਨ ਅਤੇ ਆਪ ਹੁਣ ਜਲਾਵਤਨੀ ਦਾ ਬੰਦੀ ਜੀਵਨ ਬਤੀਤ ਕਰ ਰਹੇ ਹਨ। ਕਵੀ ਨੂੰ ਆਸ ਹੈ ਕਿ ਸਾਧ ਸੰਗਤ ਨੂੰ ਸਤਿਗੁਰੂ ਜੀ ਦੇ ਦਰਸ਼ਨ ਜ਼ਰੂਰ ਹੋਣਗੇ।



Sri Satguru Jagjit Singh Ji Elibrary NamdhariElibrary@gmail.com

ਫਰਗਣ ਫਸ ਕਟ ਗੁਰ ਸਾਡੀ ਦਲ ਪਰਦੇਸ ਸਿਧਾਰੇ ਨੇ।
ਭੈਣੀ ਸਾਹਿਬ ਵਿੱਚ ਪਰਗਟ ਹੋ ਕੇ ਕੀਤੇ ਚੋਜ ਨਿਆਰੇ ਨੇ।
ਗਊ ਵੰਸ ਨੂੰ ਰੱਖਣ ਦੇ ਹਿਤ ਸੀਸ ਸਿੰਘਾਂ ਨੇ ਵਾਰੇ ਨੇ।
ਕਾਲਾ ਸਿੰਘ ਦਰਸ਼ਨ ਗੁਰ ਹੋਸੀ ਹੋਣੇ ਜੈ ਜੈ ਕਾਰੇ ਨੇ।

ਬਾਬਾ ਕਾਲਾ ਸਿੰਘ ਦੇ ਉਸਤਤ ਨਾਮੇ ਵਿੱਚੋਂ ਵੀ ਇੱਕ ਉਦਾਹਰਣ ਪੇਸ਼ ਹੈ :

ਸੰਤ ਖਾਲਸਾ ਬਣਾਇਆ ਅਤੇ ਮਿਟਾਇਆ ਨ੍ਹੇਰ ਗੁਰੂ ਜੀ ਨੇ।
ਸੰਤ ਪੰਥ ਖਾਲਸਾ ਹੈ ਸਿੰਘਾਂ ਨਾਮਧਾਰੀਆਂ।
ਢੋਲਕਾਂ ਦੇ ਸਬਦ, ਅਖੰਡ ਪਾਠ ਸ਼ੁਰੂ ਕੀਤੇ।
ਅੰਮ੍ਰਿਤ ਛਕਾਇਆ ਖੰਡੇ ਧਾਰ ਨਰ ਨਾਰੀਆਂ।
ਗਿਰੀ ਹੋਈ ਸਿੱਖੀ ਨਵੇਂ ਸਿਰੇ ਠੇਰ ਕੌਮ ਕੀਤੀ
ਮੰਨਿਆ ਸੀ ਦੁਖ ਵੇਖ ਵੇਦੀਆਂ ਪੁਜਾਰੀਆਂ।
ਕਲੂ ਕਾਲ ਵਿੱਚ ਸਤਿਜੁਗ ਲਾਇਆ ਕਾਲਾ ਸਿੰਘਾ
ਗੁਰੂ ਰਹਿਤ ਨੂੰ ਦਸ ਕੁਰਹਿਤਾਂ ਸੁਧਾਰੀਆਂ।

*(ਉਸਤਤਨਾਮਾ – ਬਾਬਾ ਕਾਲਾ ਸਿੰਘ ਵਿੱਚੋਂ)*

ਨਾਮਧਾਰੀ ਸੰਤ ਪੁਰਸ਼ਾਂ ਵੱਲੋਂ ਲਿਖੇ ਗਏ ਇਹ ਤਿੰਨੇ ਬਾਰਾਂਮਾਹ ਭਾਵੇਂ ਸਰਬ ਸਾਧਾਰਨ ਦੀ ਲੋਕਭਾਸ਼ਾ ਵਿੱਚ ਰਚੇ ਗਏ ਹਨ। ਪਰ ਨਾਮਧਾਰੀ ਇਤਿਹਾਸ ਦੇ ਇਸ ਵਿਸ਼ੇਸ਼ ਕਾਲ ਦਾ ਬੋਧ ਕਰਵਾਉਣ ਲਈ ਇਹ ਬੜੀਆਂ ਉਪਯੋਗੀ ਅਤੇ ਸਾਰਥਕ ਰਚਨਾਵਾਂ ਹਨ।



Sri Satguru Jagjit Singh Ji Elibrary NamdhariElibrary@gmail.com

28

# ਸਤਿਗੁਰੂ ਹਰੀ ਸਿੰਘ (1872-1906)

ਸਤਿਗੁਰੂ ਹਰੀ ਸਿੰਘ ਨਾਮਧਾਰੀ ਪੰਥ ਦੇ ਮੁਖੀ ਥਾਪੇ ਗਏ। 18 ਜਨਵਰੀ, 1872 ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਭੈਣੀ ਸਾਹਿਬ ਤੋਂ ਅੰਤਿਮ ਵਾਰ ਵਿਦਾਇਗੀ ਲਈ ਤਾਂ ਉਸ ਸਮੇਂ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਭਾਈ ਬੁੱਧ ਸਿੰਘ ਜੀ ਨੂੰ ਆਪਣਾ ਵਾਰਿਸ ਤੇ ਉਤਰਾਧਿਕਾਰੀ ਥਾਪ ਦੇਣ ਦਾ ਸੰਕਲਪ ਕਰ ਲਿਆ ਸੀ। ਜਦੋਂ ਸਰਕਾਰੀ ਪਹਿਰੇ ਥਲੇ ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਤੋਂ ਵਿਦਾ ਹੋਣ ਲੱਗੇ ਤਾਂ ਭਾਈ ਬੁੱਧ ਸਿੰਘ ਨੇ ਕਿਹਾ ਸੀ ਕਿ ਤੁਹਾਡੀ ਥਾਂ ਤੇ ਮੈਂ ਚਲਿਆ ਜਾਂਦਾ ਹਾਂ।

1*"ਮਹਾਰਾਜ ਬੁੱਧ ਸਿੰਘ ਜੀ ਅਰਜ ਕੀਤੀ ਦੀਨਾ ਨਾਥ ਜੀ ਏਹੁ ਸਭ ਕੁਛ ਮੈਂ ਆਪਣੇ ਸਿਰ ਤੇ ਮੰਨ ਲੈਂਦਾ ਹਾਂ। ਮੈਂ ਕਰਾਇਆ ਹੈ। ਆਪ ਦੇ ਥਾਂ ਮੈਂ ਤੁਰ ਜਾਂਦਾ ਹਾਂ। ਤੁਸੀਂ ਏਥੇ ਰਹੋ। ਆਪ ਤੋਂ ਬਗੈਰ ਸੰਗਤਾਂ ਨਹੀਂ ਬਚ ਸਕਦੀਆਂ। ਸਤਿਗੁਰੂ ਜੀ ਇਹ ਬਚਨ ਕੀਤਾ ਇਹ ਕੰਮ ਮੇਰੇ ਜਾਣ ਦਾ ਹੀ ਹੈ। ਮੇਰੇ ਗਿਆਂ ਬਗੈਰ ਕੰਮ ਨਹੀਂ ਸਰਨਾ।"

ਪਰ ਜਾਣ ਲੱਗਿਆਂ ਆਪ ਜੀ ਨੇ ਇਹ ਸ਼ਬਦ ਵੀ ਕਹੇ ਸਨ ਕਿ ਮੇਰੇ ਪਿਛੋਂ ਭਾਈ ਬੁੱਧ ਸਿੰਘ ਨਾਮ ਬਾਣੀ ਨਾਲ ਸੰਗਤ ਨੂੰ ਜੋੜੀ ਰਖਣਗੇ। ਪਿਛੋਂ ਜਾ ਕੇ ਰੰਗੂਨ ਤੋਂ ਭੇਜੇ ਗਏ ਇੱਕ ਹੁਕਮਨਾਮੇ ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਸੰਗਤ ਦਾ ਸਿਰ ਕਰਤਾ ਥਾਪ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਗੱਲ ਦਾ ਗਿਆਨ ਸੀ ਕਿ ਅੰਗਰੇਜ਼ ਸਰਕਾਰ ਪਹਿਲਾਂ ਤੋਂ ਹੀ ਉਨ੍ਹਾਂ ਨੂੰ ਪੰਜਾਬ ਤੋਂ ਦੂਰ ਭੇਜਣ ਦੀ ਤਿਆਰੀ ਕਰ ਰਹੀ ਸੀ ਅਤੇ ਉਹ ਕਿਸੇ ਅਜਿਹੇ ਮੌਕੇ ਦੀ ਹੀ ਭਾਲ ਵਿੱਚ ਸੀ, ਜਿਸ ਦਾ ਬਹਾਨਾ ਬਣਾ ਕੇ ਅਜਿਹੀ ਕਾਰਵਾਈ ਕੀਤੀ ਜਾ ਸਕੇ। ਮਲੌਦ ਅਤੇ ਮਲੇਰਕੋਟਲੇ ਦੀਆਂ ਇਤਿਹਾਸਕ ਘਟਨਾਵਾਂ ਨੇ ਸਰਕਾਰ ਨੂੰ ਅਜਿਹਾ ਅਵਸਰ ਦੇ ਦਿੱਤਾ ਸੀ। ਸ਼੍ਰੀ ਭੈਣੀ

1* ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਹਿੱਸਾ ਪਹਿਲਾ ਪੰਨਾ 482



Sri Satguru Jagjit Singh Ji Elibrary NamdhariElibrary@gmail.com

ਸਾਹਿਬ ਤੋਂ ਜਾਣ ਤੋਂ ਕੁਝ ਸਮੇਂ ਪਹਿਲਾਂ ਸਤਿਗੁਰੂ ਰਾਮ ਸਿੰਘ ਨੇ ਭਾਈ ਬੁੱਧ ਸਿੰਘ ਨੂੰ ਖੇਤੀ ਦਾ ਕੰਮ ਛੁਡਵਾ ਕੇ ਡੇਰੇ ਵਿੱਚ ਲੈ ਆਉਂਦਾ ਸੀ। ਇਹ ਸਭ ਇੱਕ ਤਰ੍ਹਾਂ ਦੀ ਅਜਿਹੇ ਸਮੇਂ ਦੀ ਤਿਆਰੀ ਲਈ ਹੀ ਕੀਤਾ ਗਿਆ ਸੀ। ਇੱਕ ਤੋਂ ਵੀ ਵਧੇਰੇ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬੁੱਧ ਸਿੰਘ ਨਾਲ ਇਕੱਠੇ ਬੈਠ ਕੇ ਸੰਗਤ ਤੋਂ ਇਹ ਪੁੱਛ ਵੀ ਕੀਤੀ ਸੀ ਕਿ ਸਾਡੇ ਦੋਹਾਂ ਵਿੱਚ ਕੀ ਅੰਤਰ ਹੈ। ਇਨ੍ਹਾਂ ਗੱਲਾਂ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਪਹਿਲਾਂ ਤੋਂ ਹੀ ਭਾਈ ਬੁੱਧ ਸਿੰਘ ਨੂੰ ਆਪਣਾ ਉਤਰਾਧਿਕਾਰੀ ਥਾਪਣ ਦਾ ਵਿਚਾਰ ਬਣਾ ਚੁੱਕੇ ਸਨ।

1857 ਤੋਂ ਹੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਨੂੰ ਸਥਾਪਿਤ ਕੀਤਾ ਸੀ, ਉਦੋਂ ਤੋਂ ਹੀ ਆਪ ਜੀ ਨੇ ਆਪਣੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਦਰਸ਼ ਸੁਨਿਸ਼ਚਿਤ ਕਰ ਲਏ ਸਨ। ਦੋਵਾਂ ਭਾਈਆਂ ਅਰਥਾਤ ਦੋਵਾਂ ਸਤਿਗੁਰਾਂ ਦੇ ਸੰਕਲਪਾਂ ਅਤੇ ਆਦਰਸ਼ਾਂ ਵਿੱਚ ਕੋਈ ਅੰਤਰ ਨਹੀਂ ਸੀ। ਇਹ ਆਦਰਸ਼ ਸਨ ਨਾਮਧਾਰੀ ਮਤ ਦਾ ਚਹੁਮੁੱਖੀ ਵਿਕਾਸ ਅਤੇ ਭਾਰਤ ਨੂੰ ਅੰਗਰੇਜ਼ੀ ਸਰਕਾਰ ਦੀ ਵਿਦੇਸ਼ੀ ਗੁਲਾਮੀ ਤੋਂ ਮੁਕਤੀ ਦਿਵਾਉਣਾ। 1849 ਤੱਕ ਪੰਜਾਬ ਕਿਉਂ ਜੋ ਇੱਕ ਸੁਤੰਤਰ ਰਾਜ ਸੀ, ਇਸ ਲਈ ਇਸ ਸਮੇਂ ਸੁਤੰਤਰਤਾ ਪ੍ਰਾਪਤੀ ਦਾ ਆਦਰਸ਼ ਪੰਜਾਬ ਵਿੱਚ ਮੁੜ ਸੁਤੰਤਰ ਰਾਜ ਸਥਾਪਤ ਕਰਨਾ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਮੁੱਖ ਆਦਰਸ਼ ਤੋਂ ਬਿਨਾਂ ਸੰਤ ਖਾਲਸੇ ਦਾ ਸਫੈਦ ਪਰਚਮ ਲਹਿਰਾਉਣ ਦੇ ਨਾਲ-ਨਾਲ ਸਭ ਸੰਸਾਰ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਸੁਤੰਤਰਤਾ ਪ੍ਰਾਪਤੀ ਦੇ ਸੰਗਰਾਮ ਦਾਂ ਨਵਾਂ ਨਾ-ਮਿਲਵਰਤਨ ਦਾ ਮਾਰਗ ਸੁਝਾ ਦਿੱਤਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸੁਤੰਤਰਤਾ ਸੰਗਰਾਮ ਦੀ ਰੂਪ-ਰੇਖਾ ਯੁੱਗ ਅਨੁਕੂਲ ਹੀ ਸਿਰਜੀ ਸੀ। ਫਿਰ ਜਦੋਂ ਕੁਝ ਦਹਾਕੇ ਬੀਤ ਜਾਣ ਪਿਛੋਂ ਪੰਜਾਬ ਦੀ ਸੁਤੰਤਰਤਾ ਅਤੇ ਭਾਰਤ ਦੀ ਸੁਤੰਤਰਤਾ ਦੀ ਲਹਿਰ ਨੇ ਇੱਕ ਸਰੂਪ ਧਾਰਨ ਕਰ ਲਿਆ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਸੰਗਰਾਮ ਦੇ ਆਦਰਸ਼ ਹੋਰ ਵੀ ਸਪੱਸ਼ਟ ਰੂਪ ਵਿੱਚ ਕਾਰਗਰ ਸਿੱਧ ਹੋਏ।

1872 ਤੋਂ ਲੈ ਕੇ 1906 ਤੱਕ ਦੇ 34 ਸਾਲਾਂ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਪੂਰੀ ਦ੍ਰਿੜਤਾ ਨਾਲ ਜਾਰੀ ਰੱਖਿਆ। ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦੋਵੇਂ ਇੱਕ ਰੂਪ ਇੱਕ ਜੋਤ ਸਨ। ਜਿੱਥੇ ਸਤਿਗੁਰੂ ਰਾਮ ਸਿੰਘ ਨੇ ਸ਼ਾਹੀ ਕੈਦੀ ਦੇ ਰੂਪ ਵਿੱਚ ਸੁਤੰਤਰਤਾ ਦੇ ਸੰਗਰਾਮ ਅਤੇ ਅੰਗਰੇਜ਼ ਸਾਮਰਾਜ ਵਿਰੋਧੀ ਭਾਵਨਾ ਨੂੰ ਪ੍ਰਜਵਲਿਤ ਰੱਖਿਆ, ਉੱਥੇ ਸਤਿਗੁਰੂ ਹਰੀ ਸਿੰਘ ਨੇ ਪੰਜਾਬ ਵਿੱਚ ਬੈਠ ਕੇ ਇਸ ਸੰਗਰਾਮ ਦੀ ਉੱਚਿਤ ਢੰਗ ਨਾਲ ਸਰਪ੍ਰਸਤੀ ਅਤੇ ਅਗਵਾਈ ਕੀਤੀ। ਦੋਹਾਂ ਸਤਿਗੁਰੂ ਸਾਹਿਬਾਨ ਨੇ ਇੱਕ ਨੇ ਜੇਲ੍ਹ ਦੇ ਅੰਦਰੋਂ ਅਤੇ ਦੂਜੇ ਨੇ ਬਾਹਰ ਵਿਚਰ ਕੇ ਅਤੇ ਹਰ ਪ੍ਰਕਾਰ ਦੇ ਸਰਕਾਰੀ



Sri Satguru Jagjit Singh Ji Elibrary NamdhariElibrary@gmail.com

ਜ਼ਬਰ ਨੂੰ ਜਰਦਿਆਂ ਹੋਇਆਂ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਨਵੇਂ ਰਾਹ ਰੋਸ਼ਨ ਕਰਕੇ ਚਾਨਣ ਮੁਨਾਰੇ ਦੇ ਕਾਰਜ ਨੂੰ ਨਿਭਾਇਆ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਦੇ ਸਮੇਂ ਨੂੰ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਬੜੀ ਸੋਹਣੀ ਤਰ੍ਹਾਂ ਬਿਆਨ ਕੀਤਾ ਹੈ ਕਿ ਉਸ ਸਮੇਂ ਆਮ ਲੋਕ ਤੇ ਸਰਕਾਰ ਕੂਕਾ ਲਹਿਰ ਬਾਰੇ ਕਿਵੇਂ ਸੋਚਦੇ ਸਨ।

[1*]"ਜੈਸੇ ਰਾਮ ਚੰਦਰ ਜੀ ਭਾਈ ਭਰਤ ਕੋ ਰਾਜ ਸਾਜ ਦੇ ਕਰ ਬਨ ਵਿਖੇ ਚਲੇ ਗਏ ਥੇ ਤਿਸੀ ਤਰ੍ਹਾਂ ਗੁਰਿਆਈ ਕਾ ਅਭਿਸ਼ੇਕ ਗੁਪਤ ਤੌਰ ਸੇ ਆਪਨੇ ਭਾਈ ਕੋ ਸਤਿਗੁਰੂ ਜੀ ਭੀ ਦੇਕਰ ਪਰਾਗਰਾਜ ਮੈਂ ਜਾਇ ਇਸਥਿਤ ਹੋਏ ਹੈਂ। ਜੋ ਸੰਗਤ ਰੂਪੀ ਫੁਲਵਾੜੀ ਥੀ ਸੋ ਆਪਨੇ ਭਾਈ-ਸਰੂਪ ਮਾਲੀ ਕੇ ਅਧੀਨ ਕਰ ਗਏ। ਉਥੇ ਈ ਸਭ ਕੁਝ ਬੈਠੇ ਦੇਖਨਗੇ। ਨਿੰਦਕ ਦੁਸਟ ਰਾਜੀ ਹੋਏ ਕੇ ਹੁਣ ਕੂਕਾ ਪੰਥ ਮਿਟ ਜਾਇਗਾ। ਜੋ ਇਨਾਂ ਨੇ ਸਿੰਗਮਿੱਟੀ ਚੁੱਕੀ ਹੈ। ਜੇਹੜਾ ਕਰਾਉਂਦਾ ਸੀ ਹੱਲੇ ਬੁਚੜਾਂ ਪਰ ਸੋ ਤਾਂ ਲੈ ਗਏ ਹੈਨ। ਹੁਣ ਕੋਈ ਨਹੀਂ ਰਹਿਣਾ। ਉਸ ਕੇ ਜਰੀਏ ਧਨ ਆਂਵਦਾ ਸੀ ਤਾਂ ਲੰਗਰ ਚੱਲਦਾ ਸੀ। ਅੰਨ ਖਾਣੇ ਵਾਲੇ ਲੋਕ ਇਕੱਠੇ ਹੋਏ ਹੋਏ ਸੇ। ਏਥੇ ਕੋਈ ਜ਼ਮੀਨ ਨਹੀਂ ਹੈ। ਕੋਈ ਰਾਜ ਨਹੀਂ ਹੈ। ਏਥੋਂ ਕੇ ਆਦਮੀ ਕੋਈ ਕਿਰਤ ਨਹੀਂ ਕਰਦੇ, ਕਿਥੋਂ ਖਾਣਗੇ? ਕੋਈ ਖਜਾਨਾ ਬੀ ਨਹੀਂ ਹੈ ਭਰਿਆ ਹੋਇਆ। ਨਿੰਦਕ ਦੁਸ਼ਟ ਕਹਿਣ ਏਹੁ ਡੇਰਾ ਹੁਣ ਹਟ ਜਾਏਗਾ।"

ਜਾਗਾ ਪਰ ਜਾਗਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਸਤਤ ਨਿੰਦਾ ਕਰ ਰਹੇ ਹੈਂ। ਸਭ ਘਟ ਮੈਂ ਜੱਸ ਛਾਇ ਰਿਹਾ ਹੈ। ਕਿਸੀ ਘਟ ਮੈਂ ਉਸਤਤ ਰੂਪ ਹੋਏ ਕਰਕੇ, ਕਿਸੀ ਵਿਖੇ ਨਿੰਦਾ ਰੂਪ ਹੋ ਕਰਕੇ। ਸਤਿਗੁਰਾਂ ਨੂੰ ਨਿੰਦਾ ਉਸਤਤ ਕਾ ਕਿਆ ਹਰਖ ਸੋਗ ਹੈ ? ਜੋ ਲੋਕ ਧਰਮ ਕੇ ਪੱਖੀ ਹੈ, ਉਹ ਤਾਂ ਇਸ ਤਰ੍ਹਾਂ ਆਖਦੇ ਹਨ ਜੋ ਗਊਆਂ ਨਮਿਤ ਸਿੰਘਾਂ ਕੇ ਸੀਸ ਲੱਗੇ ਹੈਂ, ਐਸੇ ਧਰਮਾਤਮਾ ਪੁਰਛਾਂ ਕੋ ਦੁਖ ਦੇਣਾ ਅੱਛਾ ਨਹੀਂ ਹੈ। ਜਿਨ੍ਹਾਂ ਮੂਰਤੀਆਂ ਕਾ ਦਰਸ਼ਨ ਕਰਕੇ ਰੱਬ ਯਾਦ ਆਉਂਦਾ ਹੈ। ਬਿਰਤੀ ਇਕਾਗਰ ਹੋਇ ਜਾਂਦੀ ਹੈ, ਦਿਲ ਕੀ ਦਲੀਲ ਪੂਰੀ ਕਰਦੇ ਹੈ। ਅੰਤਰਯਾਮੀ ਸ੍ਰੀ ਸਤਿਗੁਰੂ ਜੀ ਕਾ ਦੀਦਾਰ ਕਰਕੇ ਧੀਰਜ ਆਇ ਜਾਂਦੀ ਹੈ। ਮੋਹਣੀ ਮੂਰਤ ਕਾ ਦਰਸ਼ਨ ਕਰਕੇ ਮੋਹੇ ਜਾਂਦੇ ਹੈਂ। ਐਸੇ ਧਰਮਾਤਮਾ ਪੁਰਸ਼ਾਂ ਕੋ ਏਸ ਦੇਸੋਂ ਕਿਉਂ ਕੱਢਣਾ ਸੀ ? ਬੜੀ ਮਾੜੀ ਕੀਤੀ ਹੈ। ਜਗ੍ਹਾ ਪਰ ਜਗ੍ਹਾ ਸੋਚਾਂ ਅਰੁ ਫਿਕਰ ਹੋਇ ਰਹੇ ਹੈਂ। ਸ੍ਰੀ ਸਤਿਗੁਰੂ ਜੀ ਕੇ ਜਾਨੇ ਕੀ ਅਚਿੰਤਾ ਈ ਵਾਰਤਾ ਹੋਈ ਹੈ। ਅਗੇ ਖਵਰੇ ਕੀ ਹੋਵੇਗੀ।"

---

[1*] ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ, ਹਿਸਾ ਪਹਿਲਾ, ਪੰਨਾ 486



Sri Satguru Jagjit Singh Ji Elibrary NamdhariElibrary@gmail.com

### ਕੂਕਾ ਲਹਿਰ ਨੂੰ ਦਬਾਉਣ ਲਈ ਸਰਕਾਰੀ ਦਮਨ ਚੱਕਰ

ਸਰਕਾਰ ਨੇ ਕੂਕਾ ਲਹਿਰ ਨੂੰ ਦਬਾਉਣ ਲਈ ਜ਼ਬਰਦਸਤ ਸਖ਼ਤੀ ਅਤੇ ਤਸ਼ੱਦਦ ਦਾ ਦੌਰ ਚਾਲੂ ਕੀਤਾ। ਅੰਗਰੇਜ਼ੀ ਸਰਕਾਰ ਦਾ ਮਨੋਰਥ ਨਾ ਕੇਵਲ ਕੂਕਾ ਲਹਿਰ ਨੂੰ ਦਬਾਉਣਾ ਹੀ ਸੀ, ਸਗੋਂ ਆਮ ਜਨਤਾ ਉੱਤੇ ਸਰਕਾਰੀ ਦਹਿਸ਼ਤ ਰਾਹੀਂ ਲੋਕਾਂ ਉੱਤੇ ਅਜਿਹਾ ਪ੍ਰਭਾਵ ਪਾਉਣਾ ਸੀ ਕਿ ਕੋਈ ਵੀ ਲਹਿਰ ਵਿਦੇਸ਼ੀ ਗੁਲਾਮੀ ਵਿਰੁੱਧ ਆਵਾਜ਼ ਨਾ ਉਠਾ ਸਕੇ। ਇਸ ਮਨੋਰਥ ਲਈ ਸਰਕਾਰ ਨੇ ਬਹੁਪੱਖੀ ਨੀਤੀ ਨੂੰ ਅਪਣਾਇਆ। ਇੱਕ ਬੰਨੇ ਕੂਕਾ ਲਹਿਰ ਉੱਤੇ ਸਖ਼ਤ ਨਿਗਰਾਨੀ ਰੱਖਣ ਅਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਲਗਾਈਆਂ ਗਈਆਂ। ਕੂਕਿਆਂ ਦੇ ਧਾਰਮਿਕ ਦੀਵਾਨ ਬੰਦ ਕਰ ਦਿੱਤੇ ਗਏ। ਪਿੰਡਾਂ ਵਿੱਚ ਨੰਬਰਦਾਰਾਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਗਈਆਂ ਕਿ ਕੋਈ ਵੀ ਕੂਕਾ ਨੰਬਰਦਾਰਾਂ ਦੀ ਆਗਿਆ ਤੋਂ ਬਿਨਾਂ ਪਿੰਡ ਤੋਂ ਬਾਹਰ ਨਾ ਜਾਵੇ। ਕੂਕਿਆਂ ਨੂੰ ਪੁਲਿਸ ਅਤੇ ਫ਼ੌਜ ਦੀਆਂ ਸਰਕਾਰੀ ਨੌਕਰੀਆਂ ਤੋਂ ਕੱਢ ਦਿੱਤਾ ਗਿਆ। ਪ੍ਰਮੁੱਖ ਕੂਕਿਆਂ ਅਥਵਾ ਉਨ੍ਹਾਂ ਦੇ ਆਗੂਆਂ ਦੀਆਂ ਸੂਚੀਆਂ ਤਿਆਰ ਕੀਤੀਆਂ ਗਈਆਂ ਤਾਂ ਜੋ ਉਨ੍ਹਾਂ ਉੱਤੇ ਸਖ਼ਤ ਨਿਗਰਾਨੀ ਰੱਖੀ ਜਾਵੇ। ਇੱਕ ਕਿਤਾਬਚਾ ਸਰਕਾਰ ਵੱਲੋਂ 31 ਦਸੰਬਰ, 1880 ਨੂੰ ਪ੍ਰਕਾਸ਼ਿਤ ਕਰਕੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਇਸ ਉਦੇਸ਼ ਨਾਲ ਭੇਜਿਆ ਗਿਆ ਤਾਂ ਜੋ ਕੂਕਿਆਂ ਉਪਰ ਸਖ਼ਤ ਨਿਗਰਾਨੀ ਨੂੰ ਜਾਰੀ ਰੱਖਿਆ ਜਾਵੇ। 1872 ਵਿੱਚ ਸਤਿਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਦੀ ਗਿਰਫ਼ਤਾਰੀ ਅਤੇ ਦੇਸ ਨਿਕਾਲੇ ਤੋਂ 8 ਸਾਲ ਪਿਛੋਂ ਇਹ ਸੂਚੀ ਇਸ ਲਈ ਤਿਆਰ ਕਰਨੀ ਪਈ ਸੀ ਕਿਉਂ ਜੋ ਪੰਜਾਬ ਵਿੱਚ ਕੂਕਾ ਲਹਿਰ ਹਾਲੀਂ ਵੀ ਪੂਰੀ ਤਰ੍ਹਾਂ ਸਰਗਰਮ ਸੀ। ਨਾਮਧਾਰੀ ਇਤਿਹਾਸਕਾਰ ਜਸਵਿੰਦਰ ਸਿੰਘ ਦੇ ਸ਼ਬਦਾਂ ਵਿੱਚ ਇਸ ਪੁਸਤਕ ਵਿੱਚ ਕੂਕੇ ਸਿੰਘਾਂ ਦੀ ਸੂਚੀ ਤਿਆਰ ਕਰਨ ਸਮੇਂ ਉਨ੍ਹਾਂ ਨੂੰ ਵੱਖ-ਵੱਖ ਵਰਗਾਂ ਵਿੱਚ ਵੰਡਿਆ ਗਿਆ ਹੈ।

1* 1. ਉਹ ਜਿਹੜੇ ਗਿਰਫ਼ਤਾਰ ਕੀਤੇ ਗਏ ਸਨ, ਜਿਨ੍ਹਾਂ ਨੂੰ ਸਜ਼ਾ ਹੋਈ ਅਤੇ ਜ਼ਮਾਨਤਾਂ ਦੇਣ ਲਈ ਕਿਹਾ ਗਿਆ ਸੀ, ਜ਼ਮਾਨਤਾਂ ਨਾ ਦੇਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਣਾ ਸੀ।
2. ਜਿਨ੍ਹਾਂ ਨੇ ਆਪਣੀ ਜ਼ਾਇਦਾਦ ਲੇਖੇ ਲਾ ਦਿੱਤੀ।
3. ਜਿਨ੍ਹਾਂ ਨੇ ਆਪਣੇ ਉਦੇਸ਼ ਪੂਰਤੀ ਲਈ ਆਪਣੇ ਘਰ-ਘਾਟ ਤਿਆਗ ਦਿੱਤੇ।
4. ਜਿਹੜੇ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਬਰਮਾ ਗਏ।
5. ਇਸ ਵਿੱਚ ਕੁਝ ਵਿਸ਼ੇਸ਼ ਅਸਰ-ਰਸੂਖ ਰੱਖਣ ਵਾਲੇ ਕੂਕੇ ਅਤੇ ਸੂਬੇ ਵੀ ਸ਼ਾਮਿਲ ਸਨ।

1* ਜਸਵਿੰਦਰ ਸਿੰਘ, ਪ੍ਰੀਵੇਸ ਕੂਕਾਜ਼ ਆਫ਼ ਨੋਟਸ ਇਨ ਦ ਪੰਜਾਬ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਅਤੇ ਪ੍ਰਮੁੱਖ ਸੂਬਿਆਂ ਨੂੰ ਬੰਦੀ ਬਣਾ ਕੇ ਪੰਜਾਬ ਤੋਂ ਦੂਰ ਇਸ ਲਈ ਰੱਖਿਆ ਗਿਆ ਸੀ ਤਾਂ ਜੋ ਉਹ ਪੰਜਾਬ ਨਾਲ ਸੰਪਰਕ ਰਾਹੀਂ ਕੂਕਾ ਲਹਿਰ ਨੂੰ ਮੁੜ ਸਰਗਰਮ ਨਾ ਕਰ ਸਕਣ। ਸ੍ਰੀ ਭੈਣੀ ਸਾਹਿਬ ਵਿੱਚ ਡੇਰੇ ਦੀ ਤਲਾਸ਼ੀ ਪਿਛੋਂ ਪੁਲਿਸ ਦੀ ਚੌਂਕੀ ਬਿਠਾ ਦਿੱਤੀ ਗਈ। ਇਥੋਂ ਤੱਕ ਕਿ ਸਤਿਗੁਰੂ ਹਰੀ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੂੰ ਵੀ ਦਿਨ ਵਿੱਚ ਇੱਕ ਵਾਰ ਬਾਹਰ ਜਾਣ ਦਿੱਤਾ ਜਾਂਦਾ ਸੀ।

ਜਿਹੜੇ ਸਿੱਖ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਜਾਂਦੇ, ਉਨ੍ਹਾਂ ਨੂੰ ਜਾਂ ਤਾਂ ਰਾਹ ਵਿੱਚੋਂ ਮੋੜ ਦਿੱਤਾ ਜਾਂਦਾ ਜਾਂ ਫਿਰ 5-5 ਨੂੰ ਅੰਦਰ ਜਾਣ ਦਿੱਤਾ ਜਾਂਦਾ।

ਜਿਲ੍ਹਾ ਅਫ਼ਸਰਾਂ ਵੱਲੋਂ ਜੈਲਦਾਰਾਂ, ਸਫੈਦ ਪੋਸ਼ਾਂ ਅਤੇ ਨੰਬਰਦਾਰਾਂ ਨੂੰ ਸਖ਼ਤ ਹਦਾਇਤ ਸੀ ਕਿ ਕੂਕੇ ਨਾ ਤਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਣ ਅਤੇ ਨਾ ਹੀ ਦੀਵਾਨ ਕਰ ਸਕਣ ਅਤੇ ਨਾ ਹੀ ਪੰਜ ਤੋਂ ਵੱਧ ਇਕੱਠੇ ਹੋ ਸਕਣ।

### ਸ੍ਰੀ ਭੈਣੀ ਸਾਹਿਬ ਦੇ ਉਸ ਸਮੇਂ (1872 ਦੇ ਪਿਛੋਂ) ਦੇ ਵੇਰਵੇ

ਸੰਤ ਬਾਹੋਵਾਲ ਨੇ ਸਤਿਗੁਰੂ ਬਿਲਾਸ ਵਿੱਚ ਬਿਆਨ ਕੀਤੇ ਹਨ :

[1*]"ਮਹਾਰਾਜ ਹਰੀ ਸਿੰਘ ਜੀ ਕੋ (ਸਤਿਗੁਰੂ ਰਾਮ ਸਿੰਘ ਜੀ ਦਾ) ਅਵਾਜਾ ਆਇਆ ਕਿ ਸਾਡੇ ਨਮਿਤ ਅਖੰਡ ਭੋਗ ਪਾਉ। ਪਾਂਚ ਭੋਗ ਮੰਦਰ ਮੇਂ ਬੜੇ ਸਾਹਿਬ ਬਾਲੇ ਕਮਰੇ ਮੇ ਪਾਏ। ਭੋਗ ਪੈਂਦੇ ਥੇ ਤਾਂ ਮੁਕਬਲਾ ਬਟਨ ਕੋਲ ਕਹਿਆ ਕਿ ਉਨਕੇ ਭੋਗ ਧਰੇ ਹੋਏ ਹੈਂ। ਸਿੰਘ ਔਣੇ ਜਾਣੇ ਲਗੇ ਹੈਂ, ਜਿਮੇ ਅਗੇ ਆਉਂਦੇ ਜਾਂਦੇ ਥੇ। ਬਟਨ ਚੜ੍ਹਕੇ ਆਇਆ। ਭੋਗ ਪੈ ਚੁੱਕੇ ਸੇ। ਬਟਨ ਨੇ ਦੇਖਿਆ ਪਾਠ ਤਾਂ ਕੋਈ ਨਹੀਂ ਹੈ। ਕੈਹਣੇ ਲਗਾ ਮਹਾਰਾਜ ਜੀ ਕੋ ਕੇ ਜੇਕਰ ਭਾਈ ਮਾਂਗੂੰ ਕਰੇਗਾ ਤਾਂ ਤੈਨੂੰ ਬੀ ਉਧੇ ਈ ਪਾਸ ਭੇਜਾਂਗੇ। ਭੋਰਾ ਨਾ ਪਾਵੇ। ਦੀਵਾਨ ਲਾਇਕੇ ਸਬਦ ਭੀ ਨਾ ਪੜ੍ਹੋ ਅਰ ਇੱਥੇ ਸਿੰਘ ਭੀ ਨਾ ਔਣੇ ਦੇਉ। ਮਹਾਰਾਜ ਜੀ ਬਚਨ ਕੀਤਾ ਜੇਕਰ ਹੁਕਮ ਦੇਓ ਤਾਂ ਭੋਰਾ ਗ੍ਰੰਥ ਸਾਹਿਬ ਜੀ ਕਾ ਪਾਇ ਲਈਏ। ਫਰੰਗੀ ਬੋਲਿਆ ਤੁਮਾਰੀ ਹਲਵਾ ਖਾਨੇ ਕੀ ਮਰਜੀ ਹੋਗੀ। ਭੋਰਾ ਨਹੀਂ ਪਾਉ ਅਰ ਏਥੇ ਸਿੰਘ ਭੀ ਨਾ ਔਣੇ ਦੇਉ। ਮੁਕਬਲਾਂ ਨੇ ਕਿਹਾ ਕਿ ਜਿਥੇ ਭੋਰਾ ਪੌਂਦੇ ਹੈਂ, ਉੱਥੇ ਹੀ ਇਕੱਠੇ ਹੁੰਦੇ ਹੈਂ ਅਤੇ ਗਲਬੇ ਕੀਆ ਬਾਤਾਂ ਕਰਦੇ ਹੈਂ। ਗਲਬਾ ਜਾਇਕੇ ਕਰਦੇ ਹੈਂ ਭੋਗ ਗ੍ਰੰਥ ਕੇ ਪਾਉਣੇ ਅਤੇ ਇਕੱਠੇ ਹੋਣਾ, ਏਹਨਾਂ ਕਾ ਏ ਈ ਬੰਦ ਕਰੋ। ਮੁਕਬਲਾਂ ਕੇ ਕਹੇ ਤੇ ਫਰੰਗੀ ਨੇ ਹੁਕਮ ਦੀਆ ਜੇਕਰ ਭੋਗ ਪਾਇਆ ਜਾਂ ਪਾਂਚ ਸਿੰਘ ਵੀ ਇਕੱਠੇ ਹੋਏ ਤਾਂ ਛੇ ਮਹੀਨੇ ਕੀ ਕੈਦ ਕਰਾਂਗਾ। ਜੋ ਜੋ ਨਾਮ ਧਾਰੀਆਂ ਸੀ ਸੋ ਸਭ ਨੂੰ ਸੁਣਾਇਆ ਗਿਆ ਸੀ ਏਹੁ ਹੁਕਮ।"

---

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ' – ਭਾਗ ਦੂਜਾ, ਪੰਨਾ 61



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ ਸਰਕਾਰ ਇਹ ਸਮਝਦੀ ਸੀ ਕਿ ਇਸ ਤਰ੍ਹਾਂ ਦੇ ਸਰਕਾਰੀ ਦਮਨ ਚੱਕਰ ਨਾਲ ਉਨ੍ਹਾਂ ਨੇ ਇਸ ਲਹਿਰ ਨੂੰ ਦਬਾ ਲਿਆ ਹੈ। ਪਰ 31 ਦਸੰਬਰ, 1880 ਦੇ ਕਿਤਾਬਚੇ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਉਸ ਸਮੇਂ ਵੀ ਕੂਕਾ ਲਹਿਰ ਸ੍ਰੀ ਸਤਿਗੁਰੂ ਹਰੀ ਸਿੰਘ ਦੀ ਅਗਵਾਈ ਵਿੱਚ ਕਿੰਨ੍ਹੇ ਮਜ਼ਬੂਤ ਆਧਾਰ ਤੇ ਖੜੀ ਸੀ। ਸਾਰੇ ਪੰਜਾਬ ਵਿੱਚ ਕੂਕੇ ਸਿੰਘਾਂ ਦਾ ਜਾਲ ਵਿੱਛਿਆ ਹੋਇਆ ਸੀ, ਜੋ ਭਾਵੇਂ ਸ਼ਾਂਤ ਸਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਆਜ਼ਾਦੀ ਦੀ ਤੜਪ, ਗੁਰੂ ਲਈ ਪ੍ਰੇਮ, ਗੁਲਾਮੀ ਵਿਰੁੱਧ ਘ੍ਰਿਣਾ ਅਤੇ ਆਤਮਕ ਸ਼ਕਤੀ ਦੀ ਅਗਨੀ ਪ੍ਰਚੰਡ ਸੀ, ਜੋ ਤਤਕਾਲਕ ਆਜ਼ਾਦੀ ਦੀਆਂ ਲਹਿਰਾਂ ਭਾਵੇਂ ਉਹ ਪੰਜਾਬ ਵਿੱਚ ਰੂਸ ਦੇ ਆਉਣ ਦੀ ਚਰਚਾ ਹੋਵੇ ਜਾਂ ਮਹਾਰਾਜਾ ਦਲੀਪ ਸਿੰਘ ਦੇ ਪੰਜਾਬ ਪਰਤਣ ਦੀ ਉਹ ਸਦਾ ਵਾਂਗ ਸੁਤੰਤਰਤਾ ਸੰਗਰਾਮ ਵਿੱਚ ਯਥਾਸ਼ਕਤ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਤੱਤਪਰ ਸਨ।

ਇਸ ਸੂਚੀ ਵਿੱਚ 774 ਉਨ੍ਹਾਂ ਸ਼ਹਿਰਾਂ, ਉਪਨਗਰਾਂ ਅਤੇ ਪਿੰਡਾਂ ਦੇ ਨਾਂ ਹਨ, ਜਿਨ੍ਹਾਂ ਵਿੱਚ ਕੂਕੇ ਰਹਿੰਦੇ ਸਨ ਅਤੇ ਗੁਪਤ ਢੰਗ ਨਾਲ ਧਾਰਮਿਕ ਕਾਰਵਾਈਆਂ ਜਾਰੀ ਰੱਖਦੇ ਸਨ ਅਤੇ 274 ਨਾਮੀ ਕੂਕਿਆਂ ਦੇ ਨਾਂ ਵੀ ਅੰਕਿਤ ਹਨ, ਜਿਨ੍ਹਾਂ ਨੂੰ ਸਰਕਾਰ ਅਤਿ ਦੇ ਖ਼ਤਰਨਾਕ ਸਮਝਦੀ ਸੀ। ਇਸ ਵਿੱਚ ਜੇਕਰ ਕੋਈ ਨਾਮੀ ਕੂਕਾ ਕਾਲਵਾਸ ਹੋ ਜਾਂਦਾ ਹੈ ਜਾਂ ਕਿਸੇ ਖਾਸ ਕਾਰਵਾਈ ਵਿੱਚ ਭਾਗ ਲੈਂਦਾ ਹੈ ਤਾਂ ਉਸ ਬਾਰੇ ਵੀ ਉੱਚ ਅਧਿਕਾਰੀਆਂ ਨੂੰ ਫੌਰੀ ਸੂਚਨਾ ਦੇਣ ਲਈ ਲਿਖਿਆ ਗਿਆ ਸੀ। ਇਸ ਸੂਚੀ ਵਿੱਚ ਅਜਿਹੀਆਂ ਘਟਨਾਵਾਂ ਨੂੰ ਤੁਰੰਤ ਲਿਖ ਲੈਣ ਲਈ ਵੀ ਕਿਹਾ ਗਿਆ।

### ਧੌਕਲ ਸਿੰਘ ਦੀ ਅਦੁੱਤੀ ਕੁਰਬਾਨੀ

ਧੌਕਲ ਸਿੰਘ ਕਿਲ੍ਹਾ ਰਾਇਪੁਰ ਦਾ ਵਸਨੀਕ ਅਤੇ ਦਰਸ਼ਨੀ ਜੁਆਨ ਸੀ। ਚੜ੍ਹਦੀ ਜੁਆਨੀ ਸਮੇਂ ਉਹ ਕਈ ਨਸ਼ਿਆਂ ਦਾ ਸ਼ਿਕਾਰ ਹੋ ਗਿਆ। ਅਫ਼ੀਮ, ਭੰਗ, ਪੋਸਤ ਆਦਿ ਨਸ਼ਿਆਂ ਦੀ ਵਰਤੋਂ ਕਰਨ ਲੱਗਾ। ਲੋਕਾਂ ਨੇ ਉਸ ਦਾ ਨਾਂ ਮਾਚੇ ਤੋੜ ਰੱਖ ਦਿੱਤਾ। ਪਰ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਰਾਇਪੁਰ ਵਿਖੇ ਸੰਗਤਾਂ ਨੂੰ ਦਰਸ਼ਨ ਦਿੱਤੇ ਤਾਂ ਧੌਕਲ ਸਿੰਘ ਨੂੰ ਨਾਮ ਦੀ ਦਾਤ ਪ੍ਰਾਪਤ ਹੋਈ। ਨਾਮ ਦੀ ਰੰਗਨ ਨੇ ਸਾਰੇ ਨਸ਼ਿਆਂ ਨੂੰ ਛੁਡਾ ਦਿੱਤਾ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਰੁੜਕੇ ਜਾ ਕੇ ਦੀਵਾਨ ਲਗਾਇਆ ਤਾਂ ਉਥੋਂ ਦੇ ਜੈਲਦਾਰ ਚੌਧਰੀ ਸਾਹਬਾ ਅਤੇ ਬ੍ਰਾਹਮਣਾਂ ਨੇ ਸ਼ਰਾਰਤ ਕਰਕੇ ਥਾਲ ਨੂੰ ਹੁੱਕੇ ਦੇ ਪਾਣੀ ਨਾਲ ਧੋ ਕੇ ਪਤਾਸਿਆਂ ਦਾ ਥਾਲ ਜਦੋਂ ਸਤਿਗੁਰੂ ਰਾਮ ਸਿੰਘ ਜੀ ਅੱਗੇ ਜਾ ਧਰਿਆ ਤਾਂ ਉਨ੍ਹਾਂ ਨੇ ਸੋਟੀ ਨਾਲ ਥਾਲ ਪਰੇ ਵਗਾ ਮਾਰਿਆ ਅਤੇ ਬਚਨ ਕੀਤਾ ਕਿ ਇਸ ਸ਼ਰਾਰਤੀ ਜੈਲਦਾਰ ਦੇ ਸੌ ਜੁੱਤੀਆਂ ਮਾਰਨੀਆਂ ਚਾਹੀਦੀਆਂ ਹਨ। ਧੌਕਲ ਸਿੰਘ ਨੇ ਸਤਿਗੁਰਾਂ ਦੇ ਇਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਬਚਨਾਂ ਦੀ ਇੰਨ-ਬਿੰਨ ਪਾਲਣਾ ਕੀਤੀ। ਇਸ ਤੋਂ ਬਾਅਦ ਬਿਕ੍ਰਮੀ 1927 (ਸੰਨ 1871) 22-23 ਸੌਣ ਨੂੰ ਧੌਕਲ ਸਿੰਘ ਅਤੇ 5 ਹੋਰ ਸਿੰਘਾਂ ਹੱਥੋਂ ਮੋਰਿੰਡਾ ਵਿਖੇ ਗਊਆਂ ਦੀ ਬੰਦ ਖਲਾਸੀ ਲਈ ਸ਼ਿਮਲੇ ਨੂੰ ਜਾਂਦਿਆਂ ਹੋਇਆਂ ਕਰੀਮ ਬਖਸ਼ ਚੌਕੀਦਾਰ ਮਾਰਿਆ ਗਿਆ। ਧੌਕਲ ਸਿੰਘ ਨੇ ਪਿੰਡ ਲੰਗਿਆਣਾ, ਜ਼ਿਲ੍ਹਾ ਫਿਰੋਜ਼ਪੁਰ ਦੇ ਮਿਹਰ ਸਿੰਘ, ਭਗਵਾਨ ਸਿੰਘ ਅੜਬੰਗੀ ਮਰ੍ਹਾਣਾ, ਜ਼ਿਲ੍ਹਾ ਅੰਮ੍ਰਿਤਸਰ, ਹਰਨਾਮ ਸਿੰਘ ਭੈਣੀ ਰਿਆਸਤ ਪਟਿਆਲਾ ਨਾਲ ਮਿਲ ਕੇ ਕੂਕਾ ਲਹਿਰ ਦੇ ਮੁਖਬਰਾਂ ਅਤੇ ਗਦਾਰਾਂ ਨੂੰ ਸੋਧਣ ਦੀ ਯੋਜਨਾ ਬਣਾਈ। ਉਨ੍ਹਾਂ ਦਾ ਮੁੱਖ ਨਿਸ਼ਾਨਾ ਪੁਲਿਸ ਕਪਤਾਨ ਬਾਰਵਰਟਨ, ਬੁਟਰਾਂ ਦੇ ਸੋਢੀ ਮਾਨ ਸਿੰਘ, ਅੰਬਾਲੇ ਦੇ ਸੁੰਦਰ ਸਿੰਘ, ਘੋਲੀਏ ਦੇ ਗੁਲਾਬ ਸਿੰਘ ਨਿਰਮਲਾ, ਕਮਾਲਪੁਰੇ ਦੇ ਕਾਹਨੇ, ਉੱਤਮ ਸਿੰਘ ਥਾਨੇਦਾਰ, ਕਟਾਣੀ ਪਿੰਡ ਦੇ ਇੰਦਰ ਅਤੇ ਨਰੈਣ ਸਿੰਘ ਐਸ. ਆਈ. ਓ. ਨੂੰ ਸੋਧਣਾ ਸੀ। ਪਰ ਰਾਇਪੁਰ ਦੇ ਸੇਵਾ ਸਿੰਘ ਨੇ ਧੋਖੇ ਨਾਲ ਧੌਕਲ ਸਿੰਘ ਨੂੰ ਫੜਾ ਦਿੱਤਾ। ਪੁਲਿਸ ਉਸ ਨੂੰ ਪਿੰਜਰੇ ਵਿੱਚ ਪਾ ਕੇ ਗੱਡੇ ਤੇ ਚੜ੍ਹਾ ਕੇ ਰਾਇਪੁਰ ਤੋਂ ਹੁਸ਼ਿਆਰਪੁਰ ਲੈ ਗਈ। ਬਿਕਰਮੀ 1931 (1874) ਵਿੱਚ ਧੌਕਲ ਸਿੰਘ ਦੀਆਂ ਅੱਖਾਂ ਬੰਦ ਕਰਕੇ ਰੇਲ ਗੱਡੀ ਵਿੱਚ ਚੜ੍ਹਾ ਕੇ ਅੰਡੇਮਾਨ ਭੇਜ ਦਿੱਤਾ ਗਿਆ। ਜਿੱਥੇ ਬਿਕਰਮੀ 1950 (1893) ਵਿੱਚ ਧੌਕਲ ਸਿੰਘ ਦਾ ਦੇਹਾਂਤ ਹੋ ਗਿਆ। [1*]ਬਿਸ਼ਨ ਸਿੰਘ ਇਤਿਹਾਸਕਾਰ ਨੇ ਉਸ ਦੀ ਇਸ ਬੀਰ ਗਾਥਾ ਨੂੰ 'ਇਨਕਲਾਬੀ ਕੂਕਾ' ਨਾਂ ਦੀ ਕਾਵਿ-ਪੁਸਤਕ ਵਿੱਚ ਵੇਰਵੇ ਸਹਿਤ ਕਾਨੀਬੰਦ ਕੀਤਾ ਹੈ।

ਸਰਕਾਰੀ ਤਸ਼ੱਦਦ ਦੀ ਇਹ ਹਾਲਤ ਸੀ ਕਿ ਧੌਕਲ ਸਿੰਘ ਦੇ ਦੇਹਾਂਤ ਤੋਂ ਬਾਅਦ ਉਸ ਦਾ ਘਰ ਢਹਿ ਢੇਰੀ ਕਰ ਦਿੱਤਾ ਗਿਆ। ਉਸਦੇ ਘਰ ਦਾ ਸਾਮਾਨ ਪੁਲਿਸ ਆਪਣੇ ਨਾਲ ਲੁਧਿਆਣੇ ਲੈ ਆਈ। ਉਸਦੇ ਦੋ ਹੋਰ ਭਰਾ ਕਾਲ੍ਹਾ ਸਿੰਘ ਅਤੇ ਮਸਤਾਨ ਸਿੰਘ ਨੂੰ ਸਤਿਗੁਰੂ ਹਰੀ ਸਿੰਘ ਨੇ ਭੈਣੀ ਸਾਹਿਬ ਲੈ ਆਂਦਾ। ਜਿੱਥੇ ਉਹ ਗੁਰੂ ਘਰ ਦੀ ਸੇਵਾ ਕਰਦੇ ਰਹੇ। ਧੌਕਲ ਸਿੰਘ ਦੀ ਭੈਣ ਮਹਾਂ ਕੌਰ ਦੇ ਪੁੱਤਰ ਦਲੀਪ ਸਿੰਘ ਨੇ ਕਾਫ਼ੀ ਸਮੇਂ ਪਿਛੋਂ ਆਪਣੇ ਮਾਮੇ ਧੌਕਲ ਸਿੰਘ ਦੀ ਜ਼ਮੀਨ ਦੀ ਸੰਭਾਲ ਕੀਤੀ। ਉਸ ਦੀ ਫ਼ਸਲ ਉਹ ਭੈਣੀ ਸਾਹਿਬ ਦੇ ਲੰਗਰ ਵਿੱਚ ਪਾ ਦਿੰਦਾ ਸੀ।

ਕੂਕਾ ਲਹਿਰ ਦੇ ਇਤਿਹਾਸ ਵਿੱਚ ਧੌਕਲ ਸਿੰਘ ਦੀ ਕੁਰਬਾਨੀ ਸੁਨਹਿਰੀ ਅੱਖਰਾਂ ਵਿੱਚ ਲਿਖਣ ਯੋਗ ਹੈ।

### ਸਰਕਾਰੀ ਜਬਰ ਦਾ ਅਤਿ ਕਾਲਾ ਦੌਰ

ਸਤਿਗੁਰੂ ਰਾਮ ਸਿੰਘ ਅਤੇ ਮੁਖੀ ਸੂਬਿਆਂ ਦੀ ਜਲਾਵਤਨੀ ਨਾਲ ਸਰਕਾਰੀ

---

[1*] ਵੇਰਵੇ ਲਈ ਵੇਖੋ ਬਿਸ਼ਨ ਸਿੰਘ ਇਤਿਹਾਸਕਾਰ ਦੀ ਕਾਵਿ ਪੁਸਤਕ 'ਇਨਕਲਾਬੀ ਕੂਕਾ"।



Sri Satguru Jagjit Singh Ji Elibrary NamdhariElibrary@gmail.com

ਪਾਬੰਦੀਆਂ ਜਬਰ ਤੇ ਤਸ਼ੱਦਦ ਦਾ ਕਾਲਾ ਦੌਰ ਆਰੰਭ ਹੋ ਗਿਆ। ਇਸ ਦਮਨਕਾਰੀ ਨੀਤੀ ਦੀਆਂ ਕੁਝ ਦਰਦਨਾਕ ਝਾਕੀਆਂ ਸ੍ਰੀ ਭੈਣੀ ਸਾਹਿਬ ਦੇ ਮੁੱਖ ਸਥਾਨ ਉੱਤੇ ਤਾਂ ਵਰਤਣੀਆਂ ਹੀ ਸਨ, ਪਰ ਬਾਹਰ ਪਿੰਡਾਂ ਵਿੱਚ ਜਿੱਥੇ ਕਿਤੇ ਵੀ ਨਾਮਧਾਰੀ ਸੰਗਤ ਵਸਦੀ ਸੀ, ਉੱਥੇ ਵੀ ਜਬਰ ਦੀ ਚੱਕੀ ਇਕਸਾਰ ਚਲਦੀ ਰਹੀ। ਅੰਗਰੇਜ਼ੀ ਅਧਿਕਾਰ ਦੇ ਇਲਾਕੇ ਤੋਂ ਬਿਨਾਂ ਰਿਆਸਤਾਂ ਵਿੱਚ ਵੀ ਇਹ ਜਬਰ ਵਰਤਦਾ ਰਿਹਾ। ਇਸ ਦਾ ਸਭ ਤੋਂ ਵਧੇਰੇ ਜ਼ੁਲਮ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਅਤੇ ਗੁਰੂ ਘਰ ਦੇ ਜੀਆਂ ਅਤੇ ਡੇਰੇ ਦੇ ਵਾਸੀ ਸਿੰਘਾਂ ਨੂੰ ਆਪਣੇ ਪਿੰਡਿਆਂ 'ਤੇ ਝੱਲਣਾ ਪਿਆ। ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੀ ਆਜ਼ਾਦੀ ਦੀ ਜੋਤ ਇਸ ਪਵਿੱਤਰ ਸਥਾਨ ਤੇ ਜਗਾਈ ਸੀ, ਉਹ ਅਜਿਹੀ ਜਬਰ ਦੀ ਅਨ੍ਹੇਰੀ ਵਿੱਚ ਬੁੱਝਣ ਵਾਲੀ ਨਹੀਂ ਸੀ, ਨਾ ਹੀ ਵਰੋਸਾਏ ਨਾਮਧਾਰੀ ਸਿੰਘਾਂ ਦਾ ਸਿਦਕ ਗੁਰੂ ਤੋਂ ਡੋਲ ਸਕਦਾ ਸੀ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਵਾਕ ਸੀ :

'ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹਉ ਕਰੌਂ ਨਿਵਾਸ।'

ਇਸ ਲਈ ਸੱਚੇ ਸਿੱਖਾਂ ਦਾ ਸਿਦਕ ਵੀ ਅਡੋਲ ਸੀ। ਸਤਿਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਨ ਲਈ ਅਤੇ ਤਪਦੇ ਮਨ ਦੀ ਪਿਆਸ ਬੁਝਾਨ ਲਈ ਜਿਹੜੇ ਸਿੰਘ ਆਉਂਦੇ ਸਨ, ਉਹਨਾਂ ਨੂੰ ਕਈ ਮੁਸ਼ਕਿਲਾਂ ਮੁਸੀਬਤਾਂ ਸਹਾਰਨੀਆਂ ਪੈਂਦੀਆਂ ਸਨ। ਸਿੱਖ ਅਤੇ ਗੁਰੂ ਦਾ ਰਿਸ਼ਤਾ ਅਜਿਹਾ ਪ੍ਰੇਮ ਭਰਪੂਰ ਅਤੇ ਅਟੁੱਟ ਹੈ ਕਿ ਦੋਹਾਂ ਧਿਰਾਂ ਵਿੱਚ ਮਿਲਾਪ ਦੀ ਸਿਕ ਬਣੀ ਰਹਿੰਦੀ ਹੈ।

1*"ਸਿਪਾਹੀਆਂ ਭੁੱਖੇ ਸਿੰਘਾਂ ਕੋ ਧਕੇ ਦੇਣੇ, ਪ੍ਰਸ਼ਾਦਾ ਨਾ ਲੈਣ ਦੇਨਾ। ਮਹਾਰਾਜ ਜੀ ਤਤਕਾਲ ਦਾਉ ਬਚਾਇਕੇ ਦਰਸ਼ਨ ਦੇ ਔਣਾ। ਬਗਲ ਮੇਂ ਪ੍ਰਸ਼ਾਦਾ ਲੈ ਕੇ, ਉਤੋਂ ਦੀ ਬੁਕਲ ਮਾਰ ਕੇ ਅਖ ਬਚਾਇਕੇ ਪ੍ਰਸਾਦ ਪੁਚਾਇ ਦੇਣਾ। ਜੋ ਰਾਤ ਪੈ ਜਾਇ ਤਾਂ ਰੇਤੇ ਮੇਂ ਬਿਸਤਰਾ ਕਰਕੇ ਸਿੰਘਾਂ ਰਾਤ ਕਟ ਲੈਣੀ। ਜਲ ਕਾ ਆਸਰਾ ਦੇਖ ਕੇ। ਜੇਕਰ ਇੱਕ ਸਿੰਘ ਹੋਵੇ ਤਿਸ ਨੇ ਭੀ ਹਨੇਰੇ ਹੋਏ ਨੇੜੇ ਅਕਾਲ ਬੁੰਗੇ ਯਾ ਰਾਮਸਰ ਰਾਤ ਕਟਣੀ ਯਾ ਕਟਾਣੀ ਮੀਂਹ ਸਮੇਂ ਸਿੰਘ ਨੇ ਜਾਇ ਰਹਿਣਾ। ਹਨੇਰੇ ਹਨੇਰੇ ਸਿੰਘਾਂ ਨੇ ਨਿਕਲ ਕੇ ਚਲੇ ਜਾਣਾ। ਮਹਾਰਾਜ ਜੀ ਇਹ ਬਚਨਾ ਕਰਨਾ ਦਰਸਨ ਦੇਇਆ ਕਰੋ। ਸਤਿਗੁਰੂ ਜੀ ਭੀ ਆਇ ਜਾਣੇ। ਭਜਨ ਕਰੋ ਬਾਣੀਆਂ ਪੜ੍ਹੋ। ਭੋਗ ਗ੍ਰੰਥ ਸਾਹਿਬ ਜੀ ਕਾ ਪਾਵੋ ਤੁਹਾਡਾ ਭਲਾ ਹੋਵੇਗਾ। ਜਹਾ ਜਹਾ ਜਾਮੋ ਤਹਾਂ ਤਹਾਂ ਸਾਡੀ ਫਤੇ ਬੁਲਾਉਣੀ।"

ਕੂਕਿਆਂ ਉੱਤੇ ਸਖ਼ਤੀ ਦਾ ਇਹ ਦਮਨ ਚੱਕਰ ਨਾ ਕੇਵਲ ਭੈਣੀ ਸਾਹਿਬ ਵਿਖੇ ਹੀ ਚਲਾਇਆ ਗਿਆ, ਸਗੋਂ ਪੂਰਬੀ ਪੰਜਾਬ ਦੀਆਂ ਰਿਆਸਤਾਂ ਅਤੇ ਪੰਜਾਬ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ ਜਾਰੀ ਰਿਹਾ। ਇਥੋਂ ਤੱਕ ਕਿ ਸਤਿਗੁਰੂ ਬਾਲਕ ਸਿੰਘ

1* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਜਾ ਪੰਨਾ-37



Sri Satguru Jagjit Singh Ji Elibrary NamdhariElibrary@gmail.com

ਜੀ ਦਾ ਸਥਾਨ ਹਜਰੋਂ ਵੀ ਇਸ ਦੀ ਪਕੜ ਤੋਂ ਨਾ ਬਚ ਸਕਿਆ।

[1*]"ਹਜਰੋਂ ਸਾਹਿਬ ਮੇ ਭੀ ਜਾ ਪੁੱਛਿਆ। ਫਰੰਗੀ ਨੇ ਤੁਮ ਕੂਕੇ ਹੋ? ਬਹੁਤੇ ਮੁਕਰ ਗਏ ਅਸੀਂ ਨਹੀਂ ਹੈਂ ਕੂਕੇ। ਕਿਉਂਕਿ ਏਹੁ ਖਵਰਾਂ ਅਗੇ ਈ ਹੋਈਆਂ ਸੀਆਂ ਕਿ ਸਿੰਘ ਤੋਪਾਂ ਨਾਲ ਉਡਾਏ ਹੈਂ ਅਤੇ ਜੋ ਨਾਮ ਕੂਕਾ ਕੌਮ ਹੈ, ਸੋ ਸਭ ਕੋ ਉਡਾਇ ਦੇਣਗੇ। ਇਸ ਸਬਬ ਸੇ ਮੁਕਰ ਗਏ ਕਿ ਅਸੀਂ ਨਹੀਂ ਕੂਕੇ ਹੈਂ। ਇੱਕ ਅਮਰ ਸਿੰਘ ਅਤੇ ਪੁੱਤਰ ਸੁੰਦਰ ਸਿੰਘ ਅਤੇ ਇੱਕ ਹਰਨਾਮ ਸਿੰਘ ਏਹਨਾਂ ਨੇ ਕਹਾ ਕੇ ਹਮ ਕੂਕੇ ਹੈਂ। ਰੁਜ਼ਗਾਰ ਕਰਕੇ ਛਕਦੇ ਹੈਂ। ਸਾਨੂੰ ਫੜਕੇ ਲੈ ਚਲੋ। ਕਿਸੇ ਕੀ ਬੁਰੀ ਭਲੀ ਮੇਂ ਨਹੀਂ ਹੈ। ਜਿਥੇ ਹੋਰ ਮੁਕਰੇ ਹੈਂ, ਅਸੀਂ ਨਹੀਂ ਮੁਕਰਦੇ ਹੈਂ। ਲਿਖ ਲਿਖਾਇਕੇ ਫਰੰਗੀ ਚਲਾ ਗਿਆ, ਫਿਰ ਸਾਰੇ ਪਛਤਾਵਣੇ ਲੱਗੇ ਕਿ ਅਸੀਂ ਕਿਉਂ ਮੁਕਰਨਾ ਸੀ, ਤੋਪਾਂ ਅੱਗੇ ਤੇ ਨਾ ਸੀ ਉਡਾਉਣਾ। ਕੂੜ ਕਾ ਬਰਤਾਰਾ ਬਰਤਾਵਣੇ ਲਗੇ ਹੈ ਸਚ ਕੋ ਛਪਾਵਨ ਲਗੇ ਹੈਂ।"

## ਗੋਂਦੇ ਸਿਪਾਹੀ ਦਾ ਕਤਲ

ਨਾਮਧਾਰੀ ਇਤਿਹਾਸ ਵਿੱਚ ਪਿੰਡ ਮਰ੍ਹਾਣੇ ਭਗਵਾਨ ਸਿੰਘ ਅੜਬੰਗੀ ਦਾ ਨਾਂ ਇੱਕ ਬੀਰ ਨਾਇਕ ਦੇ ਤੌਰ ਤੇ ਬੜਾ ਉੱਘਾ ਹੈ। ਉਹ ਅੰਮ੍ਰਿਤਸਰ ਰਾਇਕੋਟ ਅਤੇ ਮੁਰਿੰਡੇ ਦੀਆਂ ਵਾਰਦਾਤਾਂ ਵਿੱਚ ਸ਼ਾਮਿਲ ਸੀ, ਪਰ ਪੁਲਿਸ ਉਸ ਨੂੰ ਪਕੜਨ ਤੋਂ ਅਸਮਰੱਥ ਸੀ। 1883 ਵਿੱਚ ਭੈਣੀ ਸਾਹਿਬ ਵਿਖੇ ਗੋਂਦਾ ਸਿਪਾਹੀ ਨਿਗਰਾਨੀ ਵਾਲੀ ਗਾਰਡ ਵਿੱਚ ਲੱਗਾ ਹੋਇਆ ਸੀ। ਇਸ ਨੂੰ ਆਪਣੇ ਸਰੀਰਕ ਬਲ ਉੱਤੇ ਬੜਾ ਮਾਣ ਸੀ ਅਤੇ ਉਹ ਆਉਣ ਜਾਣ ਵਾਲੇ ਹਰ ਯਾਤਰੀ ਅਤੇ ਇਥੋਂ ਤੱਕ ਕਿ ਮਾਤਾਵਾਂ ਦਾ ਵੀ ਲਿਹਾਜ ਨਹੀਂ ਸੀ ਕਰਦਾ। ਸੰਤ ਭਗਵਾਨ ਸਿੰਘ ਨੇ ਸਤਿਗੁਰੂ ਜੀ ਤੋਂ ਆਗਿਆ ਮੰਗੀ ਕਿ ਦੁਸ਼ਟ ਗੋਂਦੇ ਨਾਲ ਕਿਵੇਂ ਸਿਜਿਆ ਜਾਵੇ [2*]"ਮਹਾਰਾਜ ਜੀ ਬਚਨ ਕੀਤਾ ਜਿਵੇਂ ਤੇਰੀ ਰਜਾਇ ਹੈ, ਤਿਵੇਂ ਕਰ। ਚਰਨਾਂ ਪਰ ਮੱਥਾ ਟੇਕ ਕੇ ਚੜ੍ਹਦੀ ਦਿਸ਼ਾ ਨੂੰ ਤੁਰਿਆ। ਕਾਹਲਾ ਕਦਮ, ਲੰਬੀ ਡਿੰਘ ਭਰੀ। ਮਹਾਰਾਜ ਜੀ ਡੇਰੇ ਨੂੰ ਮੁੜ ਆਏ। ਮੁਣਸੀ ਅਤੇ ਸਿਪਾਹੀ ਦੀ ਮੌਤ ਨੇੜੇ ਆਈ। ਭਾਈ ਕੇ ਪ੍ਰੇਰੇ ਹੋਏ ਉਸਕੇ ਮਗਰ ਨਸੇ। ਪਾਛੇ ਹੌਲਦਾਰ ਕੋਟ ਕੀ ਤਰਫ ਸੇ ਹੋਇਕੇ ਔਂਦਾ ਸੀ। ਤਿਸਨੇ ਮਗਰੋਂ ਆਵਾਜ਼ ਮਾਰੀ ਕਿ ਮੁੜ ਆਉ ਏਹ ਤਾਂ ਤੱਖਰਾਂ ਕਾ ਫਕੀਰ ਹੈ। ਮੁੜ ਆਉ ਮਗਰ ਨਾ ਜਾਉ। ਮੇਰਾ ਦੇਖਿਆ ਹੋਇਆ ਹੈ। ਪਰ ਉਨ੍ਹਾਂ ਕੋ ਹੋਣੀ ਲਈ ਜਾਵੇ। ਗੋਂਦਾ ਕੈਂਹਦਾ ਹੁੰਦਾ ਸੀ ਕਿ ਮੇਰੇ ਸਾਹਮਣੇ ਦੋ ਸਿੰਘ ਆਇ ਜਾਵਣ ਤਾਂ ਮੈਂ ਭਿੜਾਇ ਕੇ ਮਾਰ ਦੇਂਦਾ ਕੁਝ ਨਹੀਂ ਜਾਣਦਾ ਹਾਂ। ਹੁਣ ਇੱਕ ਸਿੰਘ ਦੇ ਸਾਹਮਣੇ ਹੋਣ ਲੱਗਾ ਹੈ। ਹੌਲਦਾਰ ਤਾਂ ਡੇਰੇ ਕੋ ਮੁੜ ਆਇਆ। ਸਿਪਾਹੀ

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਜਾ ਪੰਨਾ-32

[2*] ਉਪਰੋਕਤ, ਸਾਖੀ 158



Sri Satguru Jagjit Singh Ji Elibrary NamdhariElibrary@gmail.com

ਕੇ ਮਨ ਮੇ ਹੌਸਲਾ ਕੇ ਮੈਂ ਫੜ ਲਊਂਗਾ। ਕੋਟ ਕੀ ਜੂਹ ਲੰਘ ਕੇ ਅੱਗੇ ਰੇਤੇ ਕੇ ਟਿੱਬੇ ਆਏ। ਨਾਲੇ ਨੀਲੋਂ ਕੀ ਜ਼ਮੀਨ ਆ ਗਈ। ਅੜਬੰਗ ਸਿੰਘ ਨੇ ਕਿਹਾ ਕਿ ਮੁੜ ਜਾ ਨਾ ਆਉ ਅੱਗੇ। ਦੋ ਰੁਪਏ ਲੈ ਕੇ ਮੁੜ ਜਾ। ਮੁੜ ਜਾਣਾ ਅੱਛਾ ਕੰਮ ਹੈ। ਫਿਰ ਕਿਹਾ ਕਿ ਕੋਈ ਭੀ ਲੈ ਲੈ ਮੁੜ ਜਾ। ਗੜਵਾ ਪਿੰਨੀਆਂ ਕਾ ਭਰਿਆ ਸਿਟਿਆ ਅਤੇ ਕਿਹਾ ਕਿ ਮੁੜ ਜਾ। ਪਰ ਗੋਂਦਾ ਨਾ ਮੁੜਿਆ। ਮੌਤ ਲਈ ਜਾਵੇ। ਗੋਂਦੇ ਦੇ ਦਿਲ ਵਿੱਚ ਹੌਸਲਾ ਸੀ ਕਿ ਏਨੂੰ ਫੜਕੇ ਪੰਜ ਸੌ ਰੁਪਯਾ ਇਨਾਮ ਲਵਾਂਗਾ। ਮਗਰ ਨੱਸਿਆ ਜਾਂ ਨਾ ਸਿੰਘ ਨੂੰ ਮਿਲਿਆ ਗਿਆ ਤਾਂ ਅੜਬੰਗ ਸਿੰਘ ਨੂੰ ਤੁਰਕ ਨੇ ਆਣ ਪਾਈ ਕਿ ਤੂੰ ਗਊ ਖਾਵੇਂ ਜੇ ਅਗੇ ਜਾਵੇਂ। ਅੜਬੰਗ ਸਿੰਘ ਨੇ ਭੀ ਕਿਹਾ ਕਿ ਤੂੰ ਸੂਰ ਖਾਵੇਂ ਜੇ ਪਿਛੇ ਮੁੜੇਂ। ਅੜਬੰਗ ਸਿੰਘ ਖੜਾ ਹੋਇਆ ਅਤੇ ਕਿਹਾ ਕਿ ਵਾਰ ਕਰ ਲੈ। ਤੁਰਕ ਨੇ ਆਇਕੇ ਡੰਡਾ ਮਾਰਿਆ ਅੜਬੰਗ ਸਿੰਘ ਦੀ ਸਜੀ ਅੱਖ ਦੇ ਹੇਠਾਂ ਲਗਿਆ। ਸਿੰਘ ਨੇ ਜਰਾ ਕੁ ਸਿਰ ਫੇਰਿਆ। ਫਿਰ ਸਿੰਘ ਨੇ ਖੂੰਡ ਵਾਲੇ ਪਾਸਿਉਂ ਜਿਉਂ ਸੋਟਾ ਮਾਰਿਆ ਤੁਰਕ ਦੀ ਪੁੜਪੁੜੀ ਮੈਂ ਲਗਾ। ਤੁਰਕ ਬੇਹੋਸ਼ ਹੋ ਕੇ ਧਰਤੀ ਪਰ ਡਿੱਗ ਪਿਆ। ਉਠਨੇ ਲੱਗਾ ਤਾਂ ਇੱਕ ਹੋਰ ਮਾਰਿਆ ਮੱਥੇ ਵਿੱਚ ਨੱਕ ਦੇ ਉਤੋਂ ਦੀ ਲੱਗਾ। ਇੱਕ ਹੋਰ ਭੀ ਲਾਇਆ। ਗੋਂਦਾ ਹੰਕਾਰੀ ਸੈਹਕ ਸੈਹਕ ਕੇ ਮਰਿਆ।"

ਇਸ ਪਿਛੋਂ ਗਾਰਦ ਦੇ ਹਵਾਲਦਾਰ ਨੇ ਸਤਿਗੁਰੂ ਹਰੀ ਸਿੰਘ ਜੀ ਸਮੇਤ ਬਹੁਤ ਸਾਰੇ ਸਿੰਘਾਂ ਨੂੰ ਕਮਰੇ ਅੰਦਰ ਡੱਕ ਦਿੱਤਾ ਅਤੇ ਗੋਂਦੇ ਦੇ ਕਤਲ ਦੀ ਖ਼ਬਰ ਸਾਹਨੇਵਾਲ ਅਤੇ ਲੁਧਿਆਣੇ ਭੇਜ ਦਿੱਤੀ। ਬਾਰਬਰਟਨ ਅਤੇ ਕਮਿਸ਼ਨਰ ਦੋਨੋਂ ਤਫਤੀਸ਼ ਕਰਨ ਲਈ ਆਏ ਇਤਲਾਹ ਇਹ ਕੀਤੀ ਗਈ ਸੀ ਕਿ ਕੂਕਿਆਂ ਨੇ ਗਾਰਦ ਵੱਢ ਦਿੱਤੀ ਹੈ। ਪੁੱਛ-ਗਿੱਛ ਤੋਂ ਇਹ ਪਤਾ ਲੱਗਾ ਕਿ ਗੋਂਦੇ ਦਾ ਕਤਲ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਹੋਇਆ ਹੈ। ਗਾਰਡ ਦੇ ਸਿਪਾਹੀਆਂ ਨੂੰ ਹੁਕਮ ਸੀ ਕਿ ਪਹਿਰਾ ਦਰਵਾਜੇ ਉੱਤੇ ਰੱਖਿਆ ਜਾਵੇ। ਉਸ ਦਿਨ ਤੋਂ ਗਾਰਡ ਦੇ ਸਿਪਾਹੀਆਂ ਨੂੰ ਹੁਕਮ ਸੀ ਕਿ ਪਹਿਰਾ ਦਰਵਾਜੇ ਉਤੇ ਰੱਖਿਆ ਜਾਵੇ। ਉਸ ਦਿਨ ਤੋਂ ਗਾਰਦ ਦੇ ਸਿਪਾਹੀਆਂ ਨੇ ਪਹਿਰਾ ਦਰਵਾਜੇ ਤੇ ਹੀ ਰਖਣਾ ਸ਼ੁਰੂ ਕਰ ਦਿੱਤਾ। ਦਸ ਸਿੰਘ ਆਉਂਦੇ ਸਨ ਅਤੇ ਨਾਮਾ ਦਰਜ ਕਰਵਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਚੱਲੇ ਜਾਂਦੇ ਸਨ। ਗੁਰਦਿੱਤ ਸਿੰਘ ਨੂੰ ਅੜਬੰਗੀ ਨੂੰ ਲੱਭਣ ਲਈ ਭੇਜਿਆ ਗਿਆ। ਠਾਕਰੀਆ ਮੁਕਬਰ ਨੂੰ ਵੀ ਅੜਬੰਗੀ ਦੀ ਭਾਲ ਲਈ ਭੇਜਿਆ ਗਿਆ। ਬਾਰਵਰਟਨ ਨੇ ਵੀ ਆਪ ਕੋਈ ਕਸਰ ਬਾਕੀ ਨਹੀਂ ਛੱਡੀ। ਉਸੇ ਦੀ ਭਾਲ ਵਿੱਚ ਮੁੱਠਡੇ ਜਾ ਪਹੁੰਚਿਆ ਅਤੇ ਨਾਮਧਾਰੀ ਸਿੰਘਾਂ ਉੱਤੇ ਸਖ਼ਤੀ ਕਰਨ ਲੱਗਾ। ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਕਿ ਤੁਸੀਂ ਕੂਕਾ ਪੰਥ ਛੱਡ ਜਾਉ। ਪਰ ਸਿਦਕੀ ਸਿੰਘ ਆਪਣੇ ਮਤ



Sri Satguru Jagjit Singh Ji Elibrary NamdhariElibrary@gmail.com

ਵਿੱਚ ਪੱਕੇ ਸਨ। ਉਨ੍ਹਾਂ ਵਿੱਚੋਂ ਬਾਰਵਰਟਨ ਦੀਆਂ ਧਮਕੀਆਂ ਅੱਗੇ ਕੋਈ ਵੀ ਨਾ ਝੁਕਿਆ।

**ਬਾਰਵਰਟਨ ਵੱਲੋਂ ਮੁਠੱਢੇ ਵਿੱਚ ਸਖ਼ਤੀ**

ਬਾਰਵਰਟਨ ਨੇ ਇੱਕ ਹੋਰ ਚਾਲ ਚਲੀ ਨਾਮਧਾਰੀ ਬੀਬੀਆਂ ਨੂੰ [1]*ਜਿਨ੍ਹਾਂ ਦੀ ਗਿਣਤੀ 20 ਸੀ ਨੂੰ ਸਤਿਗੁਰੂ ਹਰੀ ਸਿੰਘ ਵਾਲੇ ਖੂਹ 'ਤੇ ਲਿਜਾ ਕੇ ਕਹਿਣ ਲੱਗਾ, "ਤੁਮਾਰੇ ਪਤੀ ਜੋ ਕੂਕੇ ਸਿੰਘ ਸੀ, ਕੂਕਾ ਪੰਥ ਛੱਡ ਗਏ ਨੇ, ਤੁਸੀਂ ਵੀ ਪੜ੍ਹਦੇ ਵਿੱਚ ਜਾ ਕੇ ਕਛਹਿਰੇ ਲਾ ਕੇ ਬੋਕੇ ਦਾ ਪਾਣੀ ਪੀ ਕੇ ਘਰਾਂ ਨੂੰ ਜਾਉ। ਭਾਈ ਬੀਰ ਸਿੰਘ ਦੀ ਪਤਨੀ ਬਿਸ਼ਨ ਕੌਰ ਨੇ ਬੜੀ ਦਲੇਰੀ ਨਾਲ ਕਿਹਾ, ਸਤਿਗੁਰੂ ਰਾਮ ਸਿੰਘ ਦੀ ਕਿਰਪਾ ਰਾਹੀਂ ਸਾਨੂੰ ਅੰਮ੍ਰਿਤ ਦੀ ਦਾਤ ਅਤੇ ਭਜਨ ਕਰਨ ਦੀ ਸਿੱਖਿਆ ਗੁਰਮਤਿ ਪ੍ਰਾਪਤ ਹੋਈ ਹੈ। ........ਸਾਡਾ ਹਰਤਾ-ਕਰਤਾ ਮਾਲਕ ਸਤਿਗੁਰੂ ਹੈ। ਅਸੀਂ ਗੁਰੂ ਦੀ ਰੀਤ ਛੱਡ ਕੇ ਅਤੇ ਦੇਸ਼ ਪਿਆਰ ਦੀ ਆਜ਼ਾਦੀ ਨੂੰ ਵੱਟਾ ਨਹੀਂ ਲਾਉਣਾ। ਇਹ ਸੁਣ ਕੇ ਬਾਰਵਰਟਨ ਸੜ ਬਲ ਕੇ ਕੋਲਾ ਹੋ ਗਿਆ। ਉਸਨੇ ਹੁਕਮ ਦਿੱਤਾ ਪੈਰਾਂ ਤੋਂ ਜੁੱਤੀਆਂ ਲਾਹ ਕੇ ਪਿੰਡ ਨੂੰ ਚਲੀਆਂ ਜਾਵੋ। ਕੜਕਵੀਂ ਧੁੱਪ ਵਿੱਚ ਰੇਤ ਵਿੱਚ ਉਹਨਾਂ ਸਿੰਘਣੀਆਂ ਨੂੰ ਨੰਗੇ ਪੈਰੀਂ ਤੋਰ ਦਿੱਤਾ। ਮਾਈ ਬਿਸ਼ਨ ਕੌਰ ਤੇ ਪਿੰਡ ਵੱਲ ਆ ਰਹੀਆਂ ਇਸਤਰੀਆਂ ਇਸ ਗੀਤ ਨੂੰ ਵਾਰ-ਵਾਰ ਕਹਿੰਦੀਆਂ ਸਨ :

ਜਾਲਮਾਂ ਜ਼ੁਲਮ ਕਮਾ ਲੈ ਵੇ, ਤੇਰਾ ਰਾਜ ਨਹੀਂ ਰਹਿਣਾ।
ਭਜ ਜਾਣ ਫਰੰਗੀ ਵੇ, ਜਾਲਮਾਂ ਤੇਰਾ ਰਾਜ ਨਹੀਂ ਰਹਿਣਾ।"

**ਕੂਕਾ ਲਹਿਰ ਵਿੱਚ ਇਸਤਰੀਆਂ ਦਾ ਮਹੱਤਵਪੂਰਨ ਯੋਗਦਾਨ**

ਸ: ਕਪੂਰ ਸਿੰਘ ਆਈ. ਸੀ. ਐਸ. ਦਾ ਇਹ ਕਥਨ ਬਹੁਤ ਮਹੱਤਵਪੂਰਨ ਹੈ ਕਿ ਜੇਕਰ ਬਾਕੀ ਗੱਲਾਂ ਨੂੰ ਅੱਖੋਂ-ਪਰੋਖੇ ਵੀ ਕਰ ਦਿੱਤਾ ਜਾਵੇ ਅਤੇ ਕੇਵਲ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀਆਂ ਦੇ ਸੁਧਾਰ ਕਾਰਜਾਂ ਨੂੰ ਸਨਮੁਖ ਰੱਖਿਆ ਜਾਵੇ ਤਾਂ ਆਪ ਜੀ ਨੂੰ ਇਸਤਰੀ ਸਮਾਜ ਦੇ ਸੁਧਾਰਾਂ ਦਾ ਵੱਡਾ ਕਰਤਾ ਮੰਨਿਆ ਜਾ ਸਕਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ 1 ਜੂਨ, 1863 ਸਿਆੜ ਵਿਖੇ ਇਸਤਰੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਇਸਤਰੀ ਸੁਧਾਰ ਦੇ ਕਾਰਜ ਨੂੰ ਆਰੰਭ ਕੀਤਾ। ਉਸੇ ਸਾਲ 3 ਜੂਨ, 1863 ਨੂੰ ਹੀ ਖੋਟੇ ਪਿੰਡ ਵਿੱਚ ਵਿਆਹ ਦੀ ਆਨੰਦ ਮਰਿਆਦਾ ਨੂੰ ਪ੍ਰਚੱਲਿਤ ਕਰਕੇ ਅੰਤਰ ਜਾਤੀ ਵਿਆਹ ਦੇ ਰਿਵਾਜ ਨੂੰ ਸਥਾਪਿਤ ਕਰਨ ਨਾਲ ਇੱਕ ਹੋਰ ਕ੍ਰਾਂਤੀਕਾਰੀ ਕਦਮ ਚੁੱਕਿਆ ਗਿਆ। ਵਰਿਆਹਾਂ ਜ਼ਿਲ੍ਹਾ ਅੰਮ੍ਰਿਤਸਰ ਦੀ ਬੀਬੀ ਹੁਕਮੀ ਨੂੰ ਸੂਬਾ ਥਾਪ ਕੇ ਸਤਿਗੁਰੂ ਰਾਮ ਸਿੰਘ ਜੀ ਨੇ

---

[1]* ਸੰਤ ਬਿਸ਼ਨ ਸਿੰਘ, ਇਤਿਹਾਸਕਾਰ, 'ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ', ਪੰਨਾ 87



Sri Satguru Jagjit Singh Ji Elibrary NamdhariElibrary@gmail.com

ਇਸਤਰੀਆਂ ਦੀ ਸਮਾਜਿਕ ਪੱਦਵੀ ਵਿੱਚ ਹੋਰ ਵੀ ਵਾਧਾ ਕਰ ਦਿੱਤਾ। ਨਾਮਧਾਰੀ ਬੀਬੀਆਂ ਨੂੰ ਪੂਰਨ ਰਹਿਤ ਮਰਿਯਾਦਾ ਧਾਰਨ ਕਰਵਾ ਕੇ ਆਚਰਨਿਕ ਤੌਰ ਤੇ ਉਨ੍ਹਾਂ ਨੂੰ ਨਵਾਂ ਆਤਮਕ ਬੱਲ ਬਖਸ਼ਿਆ। ਇਸ ਨਾਲ 19ਵੀਂ ਸਦੀ ਦੇ ਪਿਛਲੇ ਅੱਧ ਦੇ ਸਮਾਜ ਵਿੱਚ ਇਸਤਰੀ ਜਾਤੀ ਦਾ ਭਰਪੂਰ ਉਥਾਨ ਨਾਮਧਾਰੀ ਸਤਿਗੁਰੂ ਜੀ ਨੇ ਕੀਤਾ, ਫਲਸਰੂਪ ਬਹੁਤ ਸਾਰੀਆਂ ਇਸਤਰੀਆਂ ਨੇ ਅੱਗੇ ਆ ਕੇ ਨਾਮਧਾਰੀ ਲਹਿਰ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ। ਇੱਥੇ ਕੇਵਲ ਸੰਕੇਤ ਮਾਤਰ ਹੀ ਕੁਝ ਅਜਿਹੀਆਂ ਨਾਮਧਾਰੀ ਵੀਰਾਂਗਨਾਂ ਅਤੇ ਉੱਚ-ਕਿਰਦਾਰ ਵਾਲੀਆਂ ਕੁਝ ਬੀਬੀਆਂ ਅਤੇ ਮਾਤਾਵਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਕਾਰਨਾਮੇ ਨਾਮਧਾਰੀ ਇਤਿਹਾਸ ਦੇ ਪੰਨਿਆਂ ਉੱਤੇ ਸਦਾ ਚਮਕਦੇ ਰਹਿਣਗੇ। 1*ਸੰਤ ਬਿਸ਼ਨ ਸਿੰਘ ਇਤਿਹਾਸਕਾਰ ਨੇ ਆਪਣੀ ਪੁਸਤਕ 'ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ' ਵਿੱਚ ਕੁਝ ਅਜਿਹੀਆਂ ਉਚੇਰੇ ਅਤੇ ਆਦਰਸ਼ਕ ਵਿਅਕਤੀਤਵ ਦੀਆਂ ਸੁਆਮੀ ਇਸਤਰੀਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਨਾਮਧਾਰੀ ਇਤਿਹਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਕਾਫ਼ੀ ਹੱਥ ਵਟਾਇਆ ਅਤੇ ਆਪਣੇ ਹੱਥੀਂ ਚੱਕੀ ਪੀਹ ਕੇ ਲੰਗਰ ਦੀ ਸੇਵਾ ਕਰਦੇ ਰਹੇ। ਸਤਿਗੁਰੂ ਰਾਮ ਸਿੰਘ ਜੀ ਦੀ ਮਾਮੀ ਮਾਤਾ ਰਾਮੀ ਆਦਰਸ਼ਕ ਕਿਰਦਾਰ ਉੱਚ ਆਚਰਨ ਅਤੇ ਦੂਰ ਦ੍ਰਿਸ਼ਟੀ ਵਾਲੀ ਇਸਤਰੀ ਸੀ। ਆਪ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਹੱਟੀ ਦਾ ਕਾਰਜ ਆਰੰਭ ਕਰਨ ਲਈ ਪੂਰੀ-ਪੂਰੀ ਮਾਇਕ ਸਹਾਇਤਾ ਕੀਤੀ। ਲੁਧਿਆਣਾ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਨਾਨਕਾ ਘਰ ਸਾਧ-ਸੰਗਤ ਦੀ ਨਿਰੰਤਰ ਸੇਵਾ ਕਰਦਾ ਰਿਹਾ ਅਤੇ ਉਸਨੇ ਸਥਾਨਕ ਨਾਮਧਾਰੀ ਕੇਂਦਰ ਵਜੋਂ ਕਾਰਜ ਕੀਤਾ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਵਿਦੇਸ਼ਾਂ ਵਿੱਚ ਜਲਾਵਤਨ ਸਨ ਅਤੇ ਸਤਿਗੁਰੂ ਹਰੀ ਸਿੰਘ ਜੀ ਨੂੰ ਗੁਰਤੱਵ ਦੀ ਜ਼ਿੰਮੇਵਾਰੀ ਸੌਂਪ ਗਏ ਸਨ, ਤਾਂ ਮਾਤਾ ਰਾਮੀ ਜੀ ਦੀ ਨੂੰਹ ਅਤੇ ਖਜਾਨ ਸਿੰਘ ਦੀ ਪਤਨੀ ਬੀਬੀ ਭੋਲੀ ਸਤਿਗੁਰੂ ਹਰੀ ਸਿੰਘ ਉੱਤੇ ਪੂਰਨ ਭਰੋਸਾ ਰੱਖਦੀ ਸੀ, ਜਦੋਂ ਸਤਿਗੁਰੂ ਹਰੀ ਸਿੰਘ ਜੀ ਆਪਣੇ ਨਾਨਕੇ ਘਰ ਜਾ ਕੇ ਬੀਬੀ ਭੋਲੀ ਨੂੰ ਦਰਸ਼ਨ ਦਿੰਦੇ ਤਾਂ ਉਸ ਨੂੰ ਅਪਾਰ ਖੁਸ਼ੀ ਹੁੰਦੀ। ਬੀਬੀ ਭੋਲੀ ਨੇ ਸਤਿਗੁਰੂ ਹਰੀ ਸਿੰਘ ਜੀ ਦੀ ਉਪਮਾ ਵਿੱਚ ਬੜਾ ਮਨੋਹਰ ਗੀਤ ਵੀ ਰਚਿਆ ਹੋਇਆ ਸੀ, ਜਿਸਦਾ ਗਾਇਨ ਉਹ ਸਤਿਗੁਰੂ ਹਰੀ ਸਿੰਘ ਜੀ ਦੇ ਉਸ ਦੇ ਘਰ ਦਰਸ਼ਨ ਦੇਣ ਸਮੇਂ ਕਰਦੀ ਸੀ। ਗੀਤ ਦੇ ਸ਼ਬਦ ਸਨ :

1*ਭੋਲੀ ਭੂਲੀ ਨੂੰ ਤਾਰਨ ਆਇਆ ਗੁਰੂ ਬੱਘੀ ਦੇ ਅਸਵਾਰ।
ਜਸ ਰੱਥ ਦਾ ਤਾਰਾ ਸਹੀਉ ਰਾਮ ਲਛਮਨ ਦਾ ਅਵਤਾਰ।

1* ਸੰਤ ਬਿਸ਼ਨ ਸਿੰਘ, ਇਤਿਹਾਸਕਾਰ, 'ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ' ਪੰਨਾ 26



Sri Satguru Jagjit Singh Ji Elibrary NamdhariElibrary@gmail.com

ਭੈਣੀ ਦੇ ਵਿੱਚ ਰਹੇ ਨੀ ਸਹੀਉ ਸੰਗਤਾਂ ਕਰੇ ਉਧਾਰ।
ਆਉ ਸਹੀਉ ਰਲ ਦਰਸ਼ਨ ਕਰੀਏ ਹਰੀ ਸਿੰਘ ਤਾਰਨ ਹਾਰ।
ਮੈਂ ਬਲਿਹਾਰੇ ਸਈਉ ਨੀ ਗੁਰੂ ਹਰੀ ਸਿੰਘ ਤਾਰਨ ਹਾਰ।
ਭੋਲੀ ਭੁਲੀ ਨੂੰ ਤਾਰਨ ਆਇਆ ਗੁਰੂ ਬੱਘੀ ਦੇ ਅਸਵਾਰ।

**ਮਾਈ ਘੁਲੀ :** ਮਾਈ ਘੁਲੀ ਦਾ ਜਨਮ ਚੱਕ ਦੇਸਰਾਜ, ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਇਹ ਦੇਵਾ ਸਿੰਘ ਦੀ ਸਪੁੱਤਰੀ ਸੀ। ਇਸ ਦਾ ਪਹਿਲਾ ਨਾਂ ਉਤਮੀ ਸੀ। ਬਚਪਨ ਵਿੱਚ ਵਿਧਵਾ ਹੋ ਗਈ। ਸ਼ੁਰੂ-ਸ਼ੁਰੂ ਵਿੱਚ ਮਾਤਾ ਦੀ ਭਗਤਨੀ ਸੀ। ਆਪਣੇ ਮਾਮੇ ਬਚਿੱਤਰ ਸਿੰਘ ਨਾਮਧਾਰੀ ਨਾਲ ਭੈਣੀ ਸਾਹਿਬ ਆ ਕੇ ਸਤਿਗੁਰਾਂ ਦਾ ਦਰਸ਼ਨ ਕੀਤਾ ਅਤੇ ਭੈਣੀ ਸਾਹਿਬ ਜੋਗੀ ਹੀ ਹੋ ਗਈ। ਆਪ ਨੂੰ ਮਾਈ ਘੁਲੀ ਕਰਕੇ ਜਾਣਦੇ ਸਨ, ਜਿਸਨੇ ਗੁਰੂ ਘਰ ਦੇ ਲੰਗਰ ਦੀ ਬਹੁਤ ਸੇਵਾ ਕੀਤੀ। ਆਪ ਦਸ ਸੇਰ ਆਟਾ ਚੱਕੀ 'ਤੇ ਪੀਹ ਕੇ ਲੰਗਰ ਦੀ ਸੇਵਾ ਕਰਦੀ ਸੀ। ਉਸ ਉੱਤੇ ਵੀ ਚੌਕੀ ਦੇ ਪੁਲਿਸ ਵਾਲੇ ਸਖ਼ਤ ਨਿਗਰਾਨੀ ਰੱਖਦੇ ਸਨ। ਦੋ ਸਾਲ ਤੱਕ ਲੰਗਰ ਦਾ ਕੰਮ ਰਾਤ-ਦਿਨ ਚਲਾਉਂਦੀ ਰਹੀ। ਕਈ ਵਾਰ ਆਪਦੀ ਗਾਰਦ ਨਾਲ ਮੁੱਠਭੇੜ ਵੀ ਹੋਦੀ ਸੀ। ਆਪ ਬੜੀ ਨਿਧੜਕ ਅਤੇ ਨਿਰਭੈ ਇਸਤਰੀ ਸੀ। ਆਪ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਦੂਜੀਆਂ ਬੀਬੀਆਂ ਨਾਲ ਰੱਲ ਕੇ (ਲੰਗਰ ਦੀ ਸੇਵਾ ਤੋਂ ਬਿਨਾਂ) ਆਸਾ ਦੀ ਵਾਰ ਦਾ ਕੀਰਤਨ ਵੀ ਕਰਦੀ ਹੁੰਦੀ ਸੀ। ਮਾਈ ਘੁਲੀ ਦਾ ਦੇਹਾਂਤ ਸੰਮਤ 1955 (1898) ਵਿੱਚ ਹੋ ਗਿਆ।

**ਮਾਤਾ ਕਰਮ ਕੌਰ :** ਮਾਤਾ ਕਰਮ ਕੌਰ ਗੁਜਰਵਾਲ ਦੇ ਸਰਦਾਰ ਧੰਨਾ ਸਿੰਘ ਦੀ ਪੁੱਤਰੀ ਸੀ। ਆਪ ਉਹਨਾਂ ਮਾਈਆਂ ਵਿੱਚੋਂ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਸਿਆੜ ਵਿਖੇ 1 ਜੂਨ 1863 ਨੂੰ ਅੰਮ੍ਰਿਤ ਪਾਨ ਕੀਤਾ ਸੀ। ਆਪ ਦਾ ਵਿਆਹ ਧੰਨੇ ਦੇ ਬੇਅੰਤ ਸਿੰਘ ਨਾਲ ਹੋਇਆ। ਪਤੀ ਦਾ ਸਵਰਗਵਾਸ ਹੋ ਗਿਆ। ਇਨ੍ਹਾਂ ਦਾ ਇੱਕ ਪੁੱਤਰ ਬਹਾਲ ਸਿੰਘ ਸੀ। ਵਾਰਬਟਨ ਨੇ ਬਹਾਲ ਸਿੰਘ ਨੂੰ ਜ਼ਹਿਰ ਦੇ ਕੇ ਮਰਵਾ ਦਿੱਤਾ ਸੀ। ਮਾਤਾ ਕਰਮ ਕੌਰ ਨੇ ਗੁਜਰਵਾਲ ਵਿੱਚ ਆ ਕੇ ਨਾਮਧਾਰੀ ਮੱਤ ਦਾ ਬਹੁਤ ਪ੍ਰਚਾਰ ਕੀਤਾ। ਉਸਨੇ ਬੜੀ ਸ਼ਰਧਾ ਨਾਲ ਕਾਲੀ ਉਨ ਦੀ ਕੰਬਲੀ ਬਣਵਾ ਕੇ 1868 ਵਿੱਚ ਸਤਿਗੁਰੂ ਰਾਮ ਸਿੰਘ ਨੂੰ ਭੇਟ ਕੀਤੀ। ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਤੋਂ ਵਿਦਾ ਹੋਣ ਸਮੇਂ ਇਸੇ ਕਾਲੀ ਕੰਬਲੀ ਨੂੰ ਪਹਿਨ ਕੇ ਗੱਡੇ ਉੱਤੇ ਬੈਠੇ। ਜਦੋਂ ਲੋਹਗੜ੍ਹ ਪੰਜ ਅਖੰਡ ਪਾਠ ਕਰਨ ਸਮੇਂ ਸਿੰਘ ਪਕੜੇ ਗਏ ਸਨ ਤਾਂ ਮਾਤਾ ਕਰਮ ਕੌਰ ਨੂੰ ਵੀ ਡੇਹਲੋਂ ਦੇ ਥਾਣੇ ਲਿਆਂਦਾ ਗਿਆ ਸੀ। ਮਾਤਾ ਕਰਮ ਕੌਰ ਨੇ ਇਸਤਰੀਆਂ ਵਿੱਚ ਕਾਫ਼ੀ ਸੁਧਾਰ ਕੀਤਾ। ਸੰਮਤ 1951 (1894) ਵਿੱਚ ਪਲੇਗ ਦੀ ਬਿਮਾਰੀ ਕਾਰਨ ਆਪ ਜੀ ਦਾ ਦੇਹਾਂਤ ਹੋਇਆ। ਬਾਬਾ ਕਾਹਲਾ



Sri Satguru Jagjit Singh Ji Elibrary NamdhariElibrary@gmail.com

ਸਿੰਘ ਨੇ [1*]ਮਾਤਾ ਕਰਮ ਕੌਰ ਦੀ ਉਪਮਾ ਵਿੱਚ ਇੱਕ ਬੈਂਤ ਵੀ ਲਿਖਿਆ ਹੈ।

**ਮਾਈ ਭਾਗਣ :** ਸ਼ਾਮ ਸਿੰਘ ਅਟਾਰੀ ਦੀ ਵਾਸੀ ਰਾਮਗੜ੍ਹੀਆਂ ਪਰਿਵਾਰ ਵਿੱਚੋਂ ਸੀ। 15 ਸਾਲ ਦੀ ਉਮਰ ਵਿੱਚ ਸ਼ਾਦੀ ਹੋ ਗਈ, ਪਰ ਛੇਤੀ ਹੀ ਪਤੀ ਪਰਲੋਕ ਸਿਧਾਰ ਗਿਆ। 1863 ਵਿੱਚ ਮਾਈ ਭਾਗਣ ਨੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕੀਤੇ ਅਤੇ ਭਜਨ ਲੈ ਲਿਆ। 1865 ਵਿੱਚ ਮਾਈ ਭਾਗਣ ਨੇ ਬਹੁਤ ਸਾਰੇ ਗਹਿਣੇ ਭੈਣੀ ਸਾਹਿਬ ਸਤਿਗੁਰੂ ਜੀ ਦੇ ਭੇਟ ਕਰ ਦਿੱਤੇ। ਉਹ ਲੰਗਰ ਦੇ ਬਰਤਨ ਮਾਂਜਦੀ ਅਤੇ ਬੁਹਾਰੀ ਕਰਦੀ। ਬਿਸ਼ਨ ਸਿੰਘ ਹਿਸਟੋਰੀਅਨ ਨੇ ਮਾਈ ਭਾਗਣ ਅਤੇ ਬਾਰਬਟਨ ਦੇ ਸੰਬੰਧ ਵਿੱਚ ਇੱਕ ਰੋਚਕ ਵਾਰਤਾ ਲਿਖੀ ਹੈ। ਸੁਖੂ ਅਤੇ ਘੁਮੰਡਾ ਮੁਖਬਰ ਨੇ ਬਾਰ੍ਬਟਨ ਨੂੰ ਖ਼ਬਰ ਦਿੱਤੀ ਕਿ ਮਾਈ ਭਾਗਣ ਤੁਹਾਨੂੰ ਗਾਲਾਂ ਕੱਢਦੀ ਹੈ। ਜਦੋਂ ਬਾਰਬਟਨ ਨੇ ਭੈਣੀ ਸਾਹਿਬ ਆ ਕੇ ਸਤਿਗੁਰੂ ਹਰੀ ਸਿੰਘ ਤੋਂ ਇਹ ਪੁੱਛਿਆ ਕਿ – ਮਾਈ ਭਾਗਣ ਮੈਨੂੰ ਗਾਲਾਂ ਕੱਢਦੀ ਹੈ ਤਾਂ ਜਦੋਂ ਮਾਈ ਭਾਗਣ ਤੋਂ ਪੁੱਛਿਆ ਗਿਆ ਤਾਂ ਉਸਨੇ ਕਿਹਾ, [2*]"ਕਿਉਂ ਵੇ ਬਾਰਬਟਨਾ ਹਰਾਮੀਆ, ਕੁੱਤਿਆ, ਜਗੋਂ ਖਾਲੀ ਜਾਣਿਆ ਤੂੰ ਤੇ ਬੜੇ ਜੁਲਮ ਕੀਤੇ ਹਨ ਸ਼ੈਤਾਨਾ, ਕਿਹੜਾ ਨੰਬਰਦਾਰ ਕਹਿੰਦਾ ਹੈ ਕਿ ਭਾਗਣ ਤੈਨੂੰ ਗਾਲਾਂ ਕੱਢਦੀ ਹੈ। ਬਾਰਬਟਨ ਅਤੇ ਦੋਵੇਂ ਨੰਬਰਦਾਰ ਮਾਈ ਭਾਗਣ ਦੇ ਬੋਲ ਸੁਣ ਕੇ ਕੱਚੇ ਜਿਹੇ ਹੋ ਕੇ ਚੱਲੇ ਗਏ।"

**ਮਾਤਾ ਸਾਹਿਬ ਕੌਰ :** ਸਤਿਗੁਰੂ ਹਰੀ ਸਿੰਘ ਜੀ ਦੀ ਧਰਮ ਪਤਨੀ। 1880 ਦੇ ਆਸ-ਪਾਸ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੀਆਂ ਦੋ ਪੁੱਤਰੀਆਂ ਮਤਾਬ ਕੌਰ ਅਤੇ ਭਾਗ ਕੌਰ ਸਨ।

**ਮਾਈ ਮਾਨ ਕੌਰ :** ਮਾਨ ਕੌਰ ਦਾ ਜਨਮ ਮੁੱਠੜਿਆਂ ਦੇ ਗੰਡਾ ਸਿੰਘ ਦੇ ਘਰ ਹੋਇਆ। ਮਾਈ ਮਾਨ ਕੌਰ ਤੇ ਸਖ਼ਤ ਨਿਗਰਾਨੀ ਰੱਖੀ ਜਾਂਦੀ ਸੀ। ਉਹ ਲੱਲਾਂ ਪਿੰਡ ਵਿੱਚ ਸ: ਮੋਹਨ ਸਿੰਘ ਦੇ ਨਾਲ ਵਿਆਹੀ ਗਈ ਸੀ। ਮਾਈ ਮਾਨ ਕੌਰ ਨੂੰ ਆਪਣੇ ਪੇਕੇ ਘਰ ਜਾਣ ਵਾਸਤੇ ਵੀ ਇਜ਼ਾਜਤ ਲੈਣੀ ਪੈਂਦੀ ਸੀ। ਮਾਈ ਮਾਨ ਕੌਰ ਨੂੰ ਦਸ ਸਾਲ ਤੱਕ ਸਖ਼ਤ ਨਿਗਰਾਨੀ ਹੇਠ ਰੱਖਿਆ ਗਿਆ।

**ਸਿੰਘ ਸਭਾ ਦੀ ਸਥਾਪਤੀ ਅਤੇ ਕੂਕਾ ਮੱਤ**

1 ਅਕਤੂਬਰ, 1873 ਨੂੰ ਅੰਮ੍ਰਿਤਸਰ ਵਿੱਚ ਮੰਜੀ ਸਾਹਿਬ ਦੇ ਸਥਾਨ ਉੱਤੇ ਸਿੰਘ ਸਭਾ ਦੀ ਸਥਾਪਨਾ ਹੋਈ, ਜਿਸਦੇ ਪਹਿਲੇ ਪ੍ਰਧਾਨ ਠਾਕਰ ਸਿੰਘ ਸੰਧਾਂਵਾਲੀਆ ਅਤੇ ਸਕੱਤਰ ਗਿ. ਗਿਆਨ ਸਿੰਘ ਇਤਿਹਾਸਕਾਰ ਨੂੰ ਬਣਾਇਆ ਗਿਆ। ਪਿਛੋਂ ਜਾ ਕੇ ਇਸਦੇ ਹੋਰ ਅਹੁੱਦੇਦਾਰ ਮੀਤ ਪ੍ਰਧਾਨ, ਸਹਾਇਕ ਸਕੱਤਰ ਗਿਆਨੀ

[1*] ਸੰਤ ਬਿਸ਼ਨ ਸਿੰਘ, ਇਤਿਹਾਸਕਾਰ, 'ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ', ਪੰਨਾ 32
[2*] ਉਪਰੋਕਤ, ਪੰਨਾ 37



Sri Satguru Jagjit Singh Ji Elibrary NamdhariElibrary@gmail.com

ਉਪਦੇਸ਼ਕ, ਖਜ਼ਾਨਚੀ ਅਤੇ ਲਾਇਬਰੇਰੀਅਨ ਵੀ ਚੁਣੇ ਜਾਣ ਲੱਗੇ। ਪਹਿਲਾਂ-ਪਹਿਲ ਸਿੰਘ ਸਭਾ ਦੇ ਮੈਂਬਰਾਂ ਦੀ ਗਿਣਤੀ 95 ਸੀ, ਜਿਸ ਵਿੱਚ ਪਿਛੋਂ ਜਾ ਕੇ ਕਾਫ਼ੀ ਵਾਧਾ ਹੋਇਆ। ਸਿੰਘ ਸਭਾ ਲਹਿਰ ਨਾਲ ਸਿੱਖ ਜਗਤ ਦੇ ਮਧ ਵਰਗ ਦੇ ਨਵੇਂ ਪੜ੍ਹੇ-ਲਿਖੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਲਹਿਰ ਦਾ ਉਦੇਸ਼ ਵੀ ਸਿੱਖ ਜਨਤਾ ਵਿੱਚ ਆਈ ਆਚਰਨਿਕ ਗਿਰਾਵਟ ਵਿੱਚ ਸੁਧਾਰ ਕਰਨਾ ਅਤੇ ਸਿੱਖ ਮੱਤ ਦੇ ਅਸਲੀ ਸਰੂਪ ਨੂੰ ਪ੍ਰਚੱਲਿਤ ਕਰਨਾ ਸੀ। ਸਿੰਘ ਸਭਾ ਦੀ ਸਥਾਪਨਾ ਦੇ ਕਈ ਕਾਰਨ ਦੱਸੇ ਜਾਂਦੇ ਹਨ।

1849 ਤੋਂ ਹੀ ਜਦੋਂ ਤੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਅਮਲਦਾਰੀ ਅਧੀਨ ਲੈ ਆਉਂਦਾ ਸੀ, ਉਦੋਂ ਤੋਂ ਹੀ ਭਾਰਤ ਦੇ ਗਵਰਨਰ ਜਨਰਲ ਅਤੇ ਹੋਰ ਉੱਚ ਅੰਗਰੇਜ਼ ਅਧਿਕਾਰੀ ਨੇ ਪੰਜਾਬ ਵਿੱਚ ਇਸਾਈ ਮੱਤ ਦਾ ਖੁੱਲ੍ਹਾ ਪ੍ਰਚਾਰ ਕਰਕੇ ਕਈ ਥਾਂਵਾਂ ਤੇ ਈਸਾਈ ਮੱਤ ਦੇ ਕੇਂਦਰ ਸਥਾਪਿਤ ਕਰ ਲਏ ਸਨ। ਅੰਗਰੇਜ਼ ਅਧਿਕਾਰੀਆਂ ਅਤੇ ਈਸਾਈ ਧਰਮ ਪ੍ਰਚਾਰਕ ਆਮ ਜਨਤਾ ਨੂੰ ਈਸਾਈ ਧਰਮ ਨੂੰ ਅਪਨਾਉਣ ਲਈ ਉਤਸ਼ਾਹ ਦੇ ਰਹੇ ਸਨ। ਸਿੱਟੇ ਵਜੋਂ ਪੰਜਾਬ ਦੀ ਜਨਤਾ ਹਿੰਦੂਆਂ, ਮੁਸਲਮਾਨਾਂ ਅਤੇ ਕੁਝ ਹੱਦ ਤੱਕ ਸਿੱਖਾਂ ਵਿੱਚੋਂ ਵੀ ਲੋਕ ਈਸਾਈ ਧਰਮ ਨੂੰ ਅਪਨਾ ਰਹੇ ਸਨ। 1873 ਵਿੱਚ ਈਸਾਈ ਮਿਸ਼ਨ ਸਕੂਲ ਅੰਮ੍ਰਿਤਸਰ ਦੇ 4 ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ ਨੂੰ ਅਪਨਾਉਣ ਦਾ ਫ਼ੈਸਲਾ ਕੀਤਾ, ਜਿਸ ਕਾਰਨ ਸਿੰਘ ਸਭਾ ਲਹਿਰ ਦਾ ਜਨਮ ਹੋਇਆ, ਤਾਂ ਜੋ ਈਸਾਈ ਧਰਮ ਦੇ ਇਸ ਪ੍ਰਚਾਰ ਅਤੇ ਈਸਾਈ ਧਰਮ ਬਦਲੀ ਤੋਂ ਲੋਕਾਂ ਨੂੰ ਰੋਕਿਆ ਜਾਵੇ ਅਤੇ ਸਿੱਖ ਜਨਤਾ ਨੂੰ ਮੁੜ ਸਿੱਖੀ ਦੇ ਅਸੂਲਾਂ ਤੋਂ ਜਾਣੂ ਕਰਵਾ ਕੇ ਸਿੱਖ ਧਰਮ ਦੀ ਰਹਿਤ ਮਰਿਆਦਾ ਵਿੱਚ ਪੱਕਾ ਕੀਤਾ ਜਾਵੇ। ਦੂਜੇ ਬੰਨੇ ਕੂਕਾ ਲਹਿਰ ਦਾ ਵੀ ਇਹੋ ਉਦੇਸ਼ ਸੀ।

1872 ਵਿੱਚ ਮਲੇਰਕੋਟਲੇ ਦਾ ਇਤਿਹਾਸਿਕ ਸ਼ਹੀਦੀ ਸਾਕਾ ਹੋਇਆ ਅਤੇ ਸਰਕਾਰ ਵੱਲੋਂ ਕੂਕਾ ਲਹਿਰ ਨੂੰ ਦਬਾਉਣ ਲਈ ਸਖ਼ਤ ਕਾਰਵਾਈਆਂ ਕੀਤੀਆਂ ਗਈਆਂ। ਅੰਗਰੇਜ਼ੀ ਸਰਕਾਰ ਨੇ ਬਹੁਤ ਸਾਰੀਆਂ ਸੰਸਥਾਵਾਂ, ਵੱਡੇ ਸਰਦਾਰਾਂ, ਜ਼ਿਮੀਂਦਾਰਾਂ ਤੋਂ ਕੂਕਿਆਂ ਵਿਰੁੱਧ ਪੱਤਰ ਲਿਖਵਾ ਕੇ ਗਵਰਨਰ ਜਨਰਲ ਨੂੰ ਭੇਜੇ ਅਜਿਹੇ ਪਿਛੋਕੜ ਵਿੱਚ ਹੀ 1873 ਵਿੱਚ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਭਾਵੇਂ ਸਿੰਘ ਸਭਾ ਲਹਿਰ ਦਾ ਪ੍ਰਧਾਨ ਸ. ਠਾਕਰ ਸਿੰਘ ਸੰਧਾਵਾਲੀਆ ਅਤੇ ਸਕੱਤਰ ਗਿਆਨੀ ਗਿਆਨ ਸਿੰਘ, ਕੂਕਾ ਲਹਿਰ ਦੇ ਕੁਝ ਹੱਦ ਤੱਕ ਹਮਦਰਦ ਵੀ ਸਨ, ਫਿਰ ਵੀ ਸਿੰਘ ਸਭਾ ਨੇ ਕੂਕਾ ਲਹਿਰ ਦੀ ਅੰਗਰੇਜ਼ ਸਰਕਾਰ ਵਿਰੋਧੀ ਕ੍ਰਾਂਤੀਕਾਰੀ ਨੀਤੀ ਦੇ ਟਾਕਰੇ ਉੱਤੇ ਸੁਧਾਰਵਾਦੀ ਅਤੇ ਅੰਗਰੇਜ਼ ਪੱਖੀ ਨੀਤੀ ਨੂੰ ਅਪਨਾਇਆ। ਇਸ ਤੋਂ ਛੁਟ ਸਿੰਘ ਸਭਾ ਦਾ ਅਗਲਾ ਇਤਿਹਾਸ ਖੁੱਲ੍ਹ ਕੇ ਕੂਕਾ ਵਿਰੋਧੀ ਹੋ ਗਿਆ



Sri Satguru Jagjit Singh Ji Elibrary NamdhariElibrary@gmail.com

ਸੀ। ਇਸ ਦਾ ਸਪੱਸ਼ਟ ਪ੍ਰਮਾਣ ਉਸ ਸਮੇਂ ਮਿਲ ਜਾਂਦਾ ਹੈ, ਜਦੋਂ ਮਹਾਰਾਜਾ ਦਲੀਪ ਸਿੰਘ ਦੀ ਪੰਜਾਬ ਵਾਪਸੀ ਦੇ ਐਲਾਨ ਸਮੇਂ 1888 ਵਿੱਚ ਕੂਕਿਆਂ ਅਤੇ ਸਿੰਘ ਸਭਾਵਾਂ ਤੇ ਇਸ ਦੀ ਸਰਪ੍ਰਸਤੀ ਵਿੱਚ ਚੱਲ ਰਹੇ ਖਾਲਸਾ ਦੀਵਾਨਾਂ ਨੇ ਵੱਖਰੀ-ਵੱਖਰੀ ਅਤੇ ਪਰਸਪਰ ਵਿਰੋਧੀ ਨੀਤੀ ਨੂੰ ਅਪਣਾਇਆ। ਇਸ ਵਿੱਚ ਕੁਝ ਹੱਦ ਤੱਕ ਭੂਮਿਕਾ ਅੰਗਰੇਜ਼ ਅਧਿਕਾਰੀਆਂ ਦੀ ਵੀ ਸੀ। ਜੋ ਸਿੰਘ ਸਭਾ ਲਹਿਰ ਦੇ ਸੰਚਾਲਕਾਂ ਨੂੰ ਸਰਪ੍ਰਸਤੀ ਅਤੇ ਰਿਆਇਤਾਂ ਦੇ ਲਾਰੇ ਦੇ ਕੇ 'ਪਾੜੋ ਅਤੇ ਰਾਜ ਕਰੋ ਦੀ ਨੀਤੀ' ਉੱਤੇ ਅਮਲ ਕਰ ਰਹੇ ਸਨ। ਅੰਗਰੇਜ਼ ਸਰਕਾਰ ਦਾ ਇਹ ਸਪੱਸ਼ਟ ਉਦੇਸ਼ ਸੀ ਕਿ ਸਿੱਖਾਂ ਦੀ ਬਹੁ ਗਿਣਤੀ ਨੂੰ ਕੂਕਾ ਲਹਿਰ, ਜੋ ਅੰਗਰੇਜ਼ ਸਰਕਾਰ ਨਾਲ ਮੁਕੰਮਲ ਨਾ ਮਿਲਵਰਤਣ ਦੀ ਨੀਤੀ ਉੱਤੇ ਅਮਲ ਕਰ ਰਹੀ ਸੀ, ਉਸ ਤੋਂ ਦੂਰ ਲੈ ਜਾਇਆ ਜਾਵੇ। ਕੂਕਾ ਲਹਿਰ ਦੇ ਵਿਪਰੀਤ ਸਿੰਘ ਸਭਾ ਵਰਗੀ ਸੁਧਾਰਵਾਦੀ ਲਹਿਰ ਦਾ ਉਦੇਸ਼ ਅੰਗਰੇਜ਼ ਸਰਕਾਰ ਨਾਲ ਮਿਲਵਰਤਣ ਕਰਕੇ ਸਰਕਾਰ ਤੋਂ ਵੱਧ ਤੋਂ ਵੱਧ ਰਿਆਇਤਾਂ ਪ੍ਰਾਪਤ ਕਰਨ ਦਾ ਸੀ। ਇੱਕ ਵੱਡਾ ਅੰਤਰ ਸਿੰਘ ਸਭਾ ਨਾਲੋਂ ਕੂਕਾ ਲਹਿਰ ਦਾ ਇਹ ਸੀ ਕਿ ਉਸਨੇ ਸਦਾ ਸੁਤੰਤਰਤਾ ਪ੍ਰਾਪਤੀ ਨੂੰ ਆਪਣਾ ਮੁੱਖ ਉਦੇਸ਼ ਮਿਥਿਆ ਹੋਇਆ ਸੀ ਅਤੇ 1947 ਵਿੱਚ ਭਾਰਤ ਦੀ ਸੁਤੰਤਰਤਾ ਦੀ ਪ੍ਰਾਪਤੀ ਤੱਕ ਕੂਕਿਆਂ ਨੇ ਸਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ।

ਸਿੰਘ ਸਭਾ ਲਹਿਰ ਨੇ ਕੁਝ ਮੁੱਦੇ ਕੂਕਾ ਲਹਿਰ ਨਾਲੋਂ ਸਿਧਾਂਤਕ ਤੌਰ ਤੇ ਵੀ ਅਜਿਹੇ ਵੱਖਰੇ ਅਪਣਾ ਲਏ, ਜਿਸ ਕਾਰਨ ਇਹ ਦੋਵੇਂ ਲਹਿਰਾਂ ਸਿਧਾਂਤਕ ਤੌਰ ਤੇ ਵੀ ਇੱਕ ਦੂਜੇ ਦੀਆਂ ਵਿਰੋਧੀ ਬਣ ਗਈਆਂ। ਕੂਕੇ ਸਤਿਗੁਰੂ ਦੀ ਹਸਤੀ ਨੂੰ ਅਰਥਾਤ ਗੁਰੂ ਵਿਅਕਤੀ ਨੂੰ ਆਪਣਾ ਸਰਵ ਉੱਚ ਨੇਤਾ ਮੰਨਦੇ ਸਨ ਅਤੇ ਗੁਰੂ ਦੇ ਹੁਕਮ ਦੀ ਪਾਲਣਾ ਕੂਕਾ ਲਹਿਰ ਦਾ ਪ੍ਰਮੁੱਖ ਆਦਰਸ਼ ਸੀ। ਦੂਜੇ ਪਾਸੇ ਸਿੰਘ ਸਭਾ ਲਹਿਰ ਵਿੱਚ ਪੱਛਮੀ ਢੰਗ ਨਾਲ ਚੋਣਾਂ ਦੁਆਰਾ ਨੇਤਾ ਥਾਪੇ ਜਾਂਦੇ ਸਨ। ਵੱਖ-ਵੱਖ ਸਿੰਘ ਸਭਾਵਾਂ ਇੱਕ-ਦੂਜੇ ਦੀਆਂ ਵਿਰੋਧੀ ਵੀ ਬਣ ਗਈਆਂ ਸਨ। ਅੰਮ੍ਰਿਤਸਰ ਦੀ ਸਿੰਘ ਸਭਾ ਅਤੇ ਲਾਹੌਰ ਦੀ ਸਿੰਘ ਸਭਾ ਦਾ ਪਰਸਪਰ ਵਿਰੋਧ ਇਸ ਦੇ ਸਪੱਸ਼ਟ ਪ੍ਰਮਾਣ ਹਨ। ਕੂਕਾ ਮਤ ਅਤੇ ਸਿੰਘ ਸਭਾ ਲਹਿਰ ਦਾ ਸਿਧਾਂਤਕ ਵਿਰੋਧ 20ਵੀਂ ਸਦੀ ਵਿੱਚ ਜਾ ਕੇ ਹੋਰ ਵੀ ਤੀਖਣ ਰੂਪ ਧਾਰਨ ਕਰ ਗਿਆ ਸੀ। ਕੂਕਿਆਂ ਦੇ ਗੁਰੂ ਵਿਅਕਤੀ ਦੀ ਸਰਵ-ਉੱਚਤਾ ਦੇ ਟਾਕਰੇ ਉੱਤੇ ਸਿੰਘ ਸਭਾ ਲਹਿਰ ਨੇ 'ਸ਼ਬਦ ਗੁਰੂ' ਦੇ ਪ੍ਰਚਾਰ ਨੂੰ ਮੁੱਖ ਆਧਾਰ ਬਣਾਇਆ। ਹਾਲਾਂਕਿ ਗੁਰਬਾਣੀ ਦਾ ਸਤਿਕਾਰ ਦੋਹਾਂ ਵਿਰਕਿਆਂ ਵਿੱਚ ਕੀਤਾ ਜਾਂਦਾ ਸੀ। ਵਾਸਤਵ ਵਿੱਚ ਗੁਰਬਾਣੀ ਦਾ ਸਤਿਕਾਰ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਉੱਤੇ ਨਾਮਧਾਰੀ ਲਹਿਰ ਨੇ ਆਪਣੇ ਜਨਮ ਤੋਂ ਹੀ ਵਧੇਰੇ ਬਲ ਦਿੱਤਾ ਸੀ। ਪਰ 20ਵੀਂ ਸਦੀ ਵਿੱਚ ਆ



Sri Satguru Jagjit Singh Ji Elibrary NamdhariElibrary@gmail.com

ਕੇ ਸਿੰਘ ਸਭਾ ਅਤੇ ਨਾਮਧਾਰੀ ਮਤ ਦਾ ਇਹ ਸਿਧਾਂਤਕ ਵਿਰੋਧ ਲੰਮੀ ਸਿਧਾਂਤਕ ਚਰਚਾ ਦਾ ਵਿਸ਼ਾ ਬਣਿਆ ਰਿਹਾ। ਭਾਈ ਵੀਰ ਸਿੰਘ ਦੀ ਸਰਪ੍ਰਸਤੀ ਵਿੱਚ ਚੱਲਣ ਵਾਲਾ ਖਾਲਸਾ ਸਮਾਚਾਰ ਅਤੇ ਸੰਤ ਨਿਧਾਨ ਸਿੰਘ ਆਲਮ ਦੇ ਗੁਰੂ ਪੱਦ ਪ੍ਰਕਾਸ਼ ਦੇ ਗ੍ਰੰਥਾਂ ਵਿੱਚ ਇਹ ਸਿਧਾਂਤਕ ਬਹਿਸ ਲੰਮੇ ਸਮੇਂ ਤੱਕ ਜਾਰੀ ਰਹੀ।

ਜਿੱਥੇ ਕੂਕਾ ਲਹਿਰ ਨੇ ਅੰਗਰੇਜ਼ੀ ਸਰਕਾਰ ਦੇ ਸਕੂਲਾਂ ਅਤੇ ਸੰਸਥਾਵਾਂ ਦਾ ਮੁਕੰਮਲ ਤਿਆਗ ਕੀਤਾ, ਉੱਥੇ ਸਿੰਘ ਸਭਾ ਲਹਿਰ ਨੇ ਸਿੱਖੀ ਦੇ ਪ੍ਰਚਾਰ ਦੇ ਨਾਲ-ਨਾਲ ਸਿੱਖਾਂ ਵਿੱਚ ਵਿੱਦਿਆ ਦੇ ਪ੍ਰਚਾਰ ਨੂੰ ਵੀ ਆਪਣਾ ਮੁੱਖ ਨਿਸ਼ਾਨਾ ਥਾਪਿਆ। ਸਿੱਖ ਧਰਮ ਦੇ ਪ੍ਰਚਾਰ ਲਈ ਕਈ ਸਪਤਾਹਿਕ ਪੱਤਰ, ਖਾਲਸਾ ਅਖ਼ਬਾਰ, ਖਾਲਸਾ ਸਮਾਚਾਰ ਆਦਿ ਪ੍ਰਕਾਸ਼ਿਤ ਕੀਤੇ ਅਤੇ 1894 ਵਿੱਚ ਖਾਲਸਾ ਟਰੈਕਟ ਸੋਸਾਇਟੀ ਨੂੰ ਸਥਾਪਿਤ ਕੀਤਾ। ਉੱਥੇ ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਤੋਂ ਪਹਿਲਾਂ ਸਿੰਘ ਸਭਾ ਦੀ ਅਗਵਾਈ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ 1892 ਅਤੇ ਕਈ ਹੋਰ ਖਾਲਸਾ ਕਾਲਜ ਅਤੇ ਖਾਲਸਾ ਸਕੂਲ ਖੋਲ੍ਹੇ ਗਏ। 1909 ਵਿੱਚ ਚੀਫ਼ ਖਾਲਸਾ ਦੀਵਾਨ ਦੀ ਸਰਪ੍ਰਸਤੀ ਵਿੱਚ ਸਿੱਖ ਵਿੱਦਿਅਕ ਕਾਨਫਰੰਸਾਂ ਦਾ ਜਨਮ ਹੋਇਆ। ਜਿੱਥੇ ਸਿੰਘ ਸਭਾ ਲਹਿਰ ਨੂੰ ਸਰਕਾਰੀ ਸਰਪ੍ਰਸਤੀ ਪ੍ਰਾਪਤ ਰਹੀ ਅਤੇ ਸਿੰਘ ਸਭਾਵਾਂ ਦੇ ਅਧੀਨ ਚੱਲ ਰਹੇ ਕਾਲਜਾਂ ਦੇ ਮੁਖੀ ਤੱਕ ਅੰਗਰੇਜ਼ ਰਹੇ, ਉੱਥੇ ਨਾਮਧਾਰੀ ਅੰਗਰੇਜ਼ ਸਰਕਾਰ ਨਾਲ ਨਾ ਮਿਲਵਰਤਣ ਦੇ ਅਸੂਲ ਨੂੰ ਮੁੱਖ ਰੱਖ ਕੇ ਭਾਵੇਂ ਵਿੱਦਿਅਕ ਖੇਤਰ ਵਿੱਚ ਤਾ ਪਛੜ ਗਏ, ਪਰ ਸੁਤੰਤਰਤਾ ਸੰਗਰਾਮ ਵਿੱਚ ਇਨ੍ਹਾਂ ਦਾ ਯੋਗਦਾਨ ਮੋਹਰੀਆਂ ਵਾਲਾ ਰਿਹਾ। ਇਸ ਤੋਂ ਬਿਨਾਂ ਗੁਰਮਤਿ ਮਰਿਆਦਾ ਅਤੇ ਸਿੱਖ ਮੱਤ ਦੇ ਸਿਧਾਂਤਕ ਅਤੇ ਵਿਵਹਾਰਿਕ ਪ੍ਰਚਲਨ ਤੇ ਵਿਕਾਸ ਵਿੱਚ ਕੂਕਾ ਮੱਤ ਦਾ ਯੋਗਦਾਨ ਬਹੁਤ ਵੱਡਾ ਅਤੇ ਸਥਾਈ ਮਹੱਤਤਾ ਵਾਲਾ ਹੈ।

### ਕੂਕਿਆਂ ਵਿੱਚ ਨਵੇਂ ਉਤਸ਼ਾਹ ਅਤੇ ਜੋਸ਼ ਦੀ ਲਹਿਰ

ਪੁਸਤਕ 'ਕੂਕਾ ਲਹਿਰ' ਦੇ ਕਰਤਾ [1*]ਡਾ: ਫੌਜਾ ਸਿੰਘ ਬਾਜਵਾ ਨੇ 1876 ਤੋਂ ਲੈ ਕੇ 1882 ਅਤੇ ਫਿਰ 1888 ਤੱਕ ਦੇ ਕੂਕਾ ਲਹਿਰ ਦੇ ਸਮਾਚਾਰਾਂ ਦਾ ਢੁਕਵਾਂ ਵਿਸ਼ਲੇਸ਼ਣ ਕੀਤਾ ਹੈ। ਇੱਥੇ ਉਸਦੇ ਵਿਚਾਰਾਂ ਦਾ ਸਾਰ ਹੀ ਦਿੱਤਾ ਜਾ ਰਿਹਾ ਹੈ, ਤਾਂ ਜੋ ਇਸ ਸਮੇਂ ਦੇ ਪ੍ਰਮੁੱਖ ਸਮਾਚਾਰਾਂ ਅਤੇ ਇਤਿਹਾਸਿਕ ਪਿਛੋਕੜ ਤੋਂ ਜਾਣੂ ਹੋਇਆ ਜਾ ਸਕੇ।

1876 ਤੋਂ ਪਿਛੋਂ ਕੂਕੇ ਵਧੇਰੇ ਜੋਸ਼ ਅਤੇ ਉਤਸ਼ਾਹ ਵਿੱਚ ਸਨ। 1876 ਵਿੱਚ ਅੱਤਰ ਸਿੰਘ ਭਦੌੜ ਨੇ ਲਿਖਿਆ ਸੀ ਕਿ ਜੇ ਕੂਕਿਆਂ ਦੇ ਫਿਰਕੇ ਨੂੰ ਹੁਣ ਨਾ ਦਬਾਇਆ ਗਿਆ ਤਾਂ ਇਸ ਦੇ ਵਿਚਾਰ ਵਧੇਰੇ ਜ਼ੋਰ-ਸ਼ੋਰ ਨਾਲ ਫੈਲ ਜਾਣਗੇ

---

[1*] ਡਾ: ਫੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ, ਪੰਨਾ 160



Sri Satguru Jagjit Singh Ji Elibrary NamdhariElibrary@gmail.com

ਅਤੇ ਇਹ ਪਹਿਲੇ ਵਿਦਰੋਹ ਨਾਲੋਂ ਵੀ ਵਧੇਰੇ ਖ਼ਤਰਨਾਕ, ਹਿੰਸਕ ਬਗਾਵਤ ਦੇ ਪੈਦਾ ਹੋਣ ਦਾ ਕਾਰਨ ਬਣੇਗਾ। ਅੰਗਰੇਜ਼ਾਂ ਅਤੇ ਅਫ਼ਗਾਨਾਂ ਦੀ ਵੱਧ ਰਹੀ ਦੁਸ਼ਮਣੀ ਵੀ ਇਸ ਦਾ ਇੱਕ ਕਾਰਨ ਹੋ ਸਕਦਾ ਹੈ। ਦੂਜੇ ਇਸ ਵਿੱਚ ਸੁਹੇਵਾ ਸਾਹਿਬ ਦੇ ਸਮਾਚਾਰਾਂ ਅਤੇ ਖਾਸ ਕਰਕੇ ਉਨ੍ਹਾਂ ਭਵਿੱਖ ਬਾਣੀਆਂ ਦਾ ਵੱਡਾ ਹੱਥ ਹੈ, ਜਿਨ੍ਹਾਂ ਦੀ ਇਸ ਸਮੇਂ ਕੂਕਿਆਂ ਵਿੱਚ ਬੜੀ ਚਰਚਾ ਹੈ। ਇਨ੍ਹਾਂ ਸਾਖੀਆਂ ਬਾਰੇ ਅੱਤਰ ਸਿੰਘ ਇਸ ਤਰ੍ਹਾਂ ਬਿਆਨ ਕਰਦਾ ਹੈ :

"ਸੋਹਾਵਾ ਵਿਖੇ ਪਿੱਪਲ ਦਾ ਵੱਡਾ ਦਰੱਖ਼ਤ ਜੰਡ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ। ਹਾਲੀ ਪੂਰੀ ਤਰ੍ਹਾਂ ਪਿੱਪਲ ਨੇ ਜੰਡ ਨੂੰ ਨਹੀਂ ਵਲਿਆ। ਸ਼ੋਕ ! ਹੀਰਾ ਸਿੰਘ ਅਤੇ ਉਸਦੇ ਸਾਥੀਆਂ ਨੇ ਜੋਸ਼ ਵਿੱਚ ਆ ਕੇ ਕਾਹਲੀ ਤੋਂ ਕੰਮ ਲਿਆ ਅਤੇ ਸਤਿਗੁਰੂ ਰਾਮ ਸਿੰਘ ਦੇ ਇਨ੍ਹਾਂ ਬਚਨਾਂ ਨੂੰ ਵੀ ਨਾ ਮੰਨਿਆ ਕਿ ਥੋੜ੍ਹਾ ਚਿਰ ਹੋਰ ਠਹਿਰ ਜਾਉ।" ਜਿਸ ਕਰਕੇ ਸਾਡੇ ਉੱਤੇ ਇਹ ਬਿਪਤਾ ਆਈ। ਪਰ ਗੁਰੂ ਅਭੁੱਲ ਹੈ। ਜਦੋਂ ਪਿੱਪਲ ਪੂਰੀ ਤਰ੍ਹਾਂ ਜੰਡ ਨੂੰ ਘੇਰ ਲਵੇਗਾ ਤਾਂ ਸਤਿਗੁਰੂ ਜੀ ਦੇਸ਼ ਪਰਤ ਆਉਣਗੇ। ਉਨ੍ਹਾਂ ਦੀ ਜੈ ਜੈ ਕਾਰ ਹੋਵੇਗੀ।

1876 ਵਿੱਚ ਹੀ ਪ੍ਰਹਿਲਾਦ ਸਾਗਰ ਦੇ ਵੱਡ ਤੀਰਥ ਸਰੋਵਰ ਵਿੱਚੋਂ ਸਾਖੀਆਂ ਦੀ ਪੋਥੀ ਪ੍ਰਾਪਤ ਹੋਈ। ਇਹ ਵੱਡ ਤੀਰਥ ਸਰਸੇ ਜ਼ਿਲ੍ਹੇ ਦੇ ਹਰੀਪੁਰ ਵਿੱਚ ਇਸਥਿਤ ਹੈ। ਇਸ ਪੋਥੀ ਵਿੱਚ ਗੁਰੂ ਗੋਬਿੰਦ ਸਿੰਘ ਵੱਲੋਂ ਉਚਾਰੀਆਂ ਗਈਆਂ ਭਵਿੱਖਬਾਣੀਆਂ ਦਾ ਵਰਣਨ ਹੈ। ਪਰ 1*ਡਾ: ਫੌਜਾ ਸਿੰਘ ਇਨ੍ਹਾਂ ਸਾਖੀਆਂ ਨੂੰ ਕਿਸੇ ਚਤੁਰ ਬੁੱਧ ਵਿਅਕਤੀ ਦੀ ਰਚਨਾ ਮੰਨਦਾ ਹੈ। ਉਸ ਦਾ ਵਿਚਾਰ ਹੈ ਕਿ ਕੁਝ ਵੀ ਹੋਵੇ ਕੂਕਿਆਂ ਦੇ ਮਨਾਂ ਉੱਤੇ ਇਨ੍ਹਾਂ ਸਾਖੀਆਂ ਦਾ ਡੂੰਘਾ ਅਤੇ ਵਿਆਪਕ ਪ੍ਰਭਾਵ ਸੀ। ਇਹ ਗੱਲ ਉਹਨਾਂ ਦੇ ਮਨੋਵਿਗਿਆਨਕ ਚਰਿੱਤਰ ਦੀ ਵੀ ਲਖਾਇਕ ਹੈ ਅਤੇ ਦੂਜੇ ਬੰਨੇ ਸੁਤੰਤਰਤਾ ਪ੍ਰਾਪਤੀ ਲਈ ਕੂਕਿਆਂ ਦੀ ਸੱਚੀ ਲਗਨ, ਜੋਸ਼ ਅਤੇ ਉਤਸ਼ਾਹ ਦੀ ਵੀ ਸੂਚਕ ਹੈ।

ਇਸ ਸਾਖੀ ਪੋਥੀ ਵਿੱਚ ਗੁਰੂ ਰਾਮ ਸਿੰਘ ਜੀ ਦੇ ਛੇਤੀ ਦੇਸ਼ ਵਾਪਸ ਪਰਤਨ ਬਾਰੇ ਸੰਕੇਤ ਕੀਤਾ ਗਿਆ ਹੈ। ਹਿੰਦ ਦੇ ਉੱਤਮ-ਪੱਛਮੀ ਭਾਗ ਵਿੱਚ ਕਿਸੇ ਮੁਸਲਿਮ ਹਾਕਮ ਦੇ ਧਾਵੇ ਦਾ ਜ਼ਿਕਰ ਹੈ ਅਤੇ ਸੂਬਾ ਬਿਸ਼ਨ ਸਿੰਘ ਦੀ ਕਮਾਂਡ ਵਿੱਚ ਰੂਸੀ ਫ਼ੌਜਾਂ ਦੇ ਹੱਲੇ ਅਤੇ ਅੰਗਰੇਜ਼ਾਂ ਦੇ ਦੇਸ਼ ਵਿੱਚੋਂ ਕੂਚ ਕਰਨ ਦਾ ਉਲੇਖ ਹੈ। ਇਸ ਤੋਂ ਬਿਨਾਂ 1878 ਵਿੱਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਪ੍ਰਾਪਤ ਹੋਏ ਕੁਝ ਉਨ੍ਹਾਂ ਪੱਤਰਾਂ ਦੇ ਹਵਾਲੇ ਵੀ ਦਿੱਤੇ ਗਏ ਹਨ, ਜੋ ਉਸ ਸਮੇਂ ਉਨ੍ਹਾਂ ਦੇ ਦਰਸ਼ਨ ਲਈ ਬਰਮਾ ਗਏ ਸ਼ਰਧਾਲੂਆਂ ਕੋਲੋਂ ਪਕੜੇ ਗਏ ਸਨ।

ਗੁਰੂ ਜੀ ਦਾ ਫ਼ੁਰਮਾਨ ਹੈ ਕਿ ਚੌਤੀਏ ਦੇ ਆਰੰਭ (ਚੇਤ 1935) 1878

1* ਡਾ: ਫੌਜਾ ਸਿੰਘ ਬਾਜਵਾ, "ਕੂਕਾ ਮੂਵਮੈਂਟ" (ਇਕ ਹੋਰ ਨਵੇਂ ਉਠਣ ਵਾਲੇ ਝੱਖੜ ਦੇ ਸੰਕੇਤ)



Sri Satguru Jagjit Singh Ji Elibrary NamdhariElibrary@gmail.com

ਵਿੱਚ ਇਹ ਗੜਬੜ ਸ਼ੁਰੂ ਹੋਵੇਗੀ ਅਤੇ ਕਈ ਦੇਸ਼ਾਂ ਵਿੱਚ ਇਨਕਲਾਬ ਹੋਣਗੇ। ਖਾਲਸਾ ਜੀ ਇਹ ਗੜਬੜ ਹੁਣ ਸ਼ੁਰੂ ਹੋ ਚੁੱਕੀ ਹੈ (ਇੱਥੇ ਰੂਸੀ ਅਤੇ ਤੁਰਕੀ ਯੁੱਧ ਬਾਰੇ ਸੰਕੇਤ ਹੈ) ਇਸ ਲਈ ਕਲਗੀਵਾਲੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸਾਰੇ ਭਵਿੱਖ ਵਾਕ ਪੂਰੇ ਹੋਣਗੇ।

ਭਾਈ ਦਇਆ ਸਿੰਘ (ਸਤਿਗੁਰੂ ਹਰੀ ਸਿੰਘ ਦੇ ਫਰਜ਼ੀ ਨਾਮ ਵੱਲ ਸੰਕੇਤ ਹੈ) ਇਹ ਸਮਾਂ ਹੁਣ ਪੁੱਜ ਗਿਆ ਹੈ। ਗੁਰੂ ਸਰਵ-ਸ਼ਕਤੀਮਾਨ ਹੈ, ਉਹ ਸਭ ਕੁਝ ਦਾ ਜਾਨਣਹਾਰ ਹੈ। ਇਸ ਵਿੱਚ ਹਾਕਮ ਅਤੇ ਪਰਜਾ ਦੋਵੇਂ ਜੇ ਆਟੇ ਵਾਂਗ ਪੀਸੇ ਨਹੀਂ ਜਾਣਗੇ ਤਾਂ ਦਲੀਆ ਜ਼ਰੂਰ ਹੋਵੇਗਾ। ਸੰਤ ਖਾਲਸੇ ਦੀ ਰੱਖਿਆ ਹਿੱਤ ਪੱਛਮ ਵੱਲੋਂ ਮੁਸਲਿਮ ਸ਼ਾਸਕ ਉਠੇਗਾ ਅਤੇ ਸਭ ਨੂੰ ਇਕੱਤਰ ਕਰਕੇ ਮਲੇਛ ਪੰਥ ਦਾ ਅੰਤ ਕਰੇਗਾ।

ਇਹ ਵੀ ਉਲੇਖ ਸੀ ਕਿ ਜਦੋਂ ਹਾਕਮਾਂ ਨੂੰ ਹੂੰਝ ਦਿੱਤਾ ਜਾਵੇਗਾ, ਤਦੋਂ ਗੁਰੂ ਰਾਮ ਸਿੰਘ ਸੰਗਤ ਨੂੰ ਦਰਸ਼ਨ ਦੇਣਗੇ।

ਗੁਰੂ ਰਾਮ ਸਿੰਘ ਦੇ ਇਨ੍ਹਾਂ ਬਚਨਾਂ ਨੇ ਕੂਕਿਆਂ ਵਿੱਚ ਨਵੀਆਂ ਆਸਾਂ ਜਗਾ ਦਿੱਤੀਆਂ। ਕੂਕੇ ਪੁੱਛਦੇ ਸਨ ਕਿ ਅਜਿਹੇ ਅਨੁਕੂਲ ਸਮੇਂ ਸਾਨੂੰ ਕਿੱਥੇ ਸੱਟ ਮਾਰਨੀ ਚਾਹੀਦੀ ਹੈ। ਸਤਿਗੁਰੂ ਜੀ ਵੱਲੋਂ ਇਸ਼ਾਰਾ ਸੀ ਕਿ ਇਸ ਮੌਕੇ ਇਕੱਠੇ ਹੋ ਕੇ ਸੋਚ-ਵਿਚਾਰ ਕਰਕੇ ਹੀ ਕੋਈ ਠੋਸ ਕਦਮ ਚੁੱਕਿਆ ਜਾਵੇ।

ਲੁਧਿਆਣੇ ਦੇ ਜ਼ਿਲ੍ਹਾ ਸੁਪਰਡੈਂਟ ਪੁਲਿਸ ਵਾਰਬਰਟਨ ਵੱਲੋਂ 31 ਅਗਸਤ, 1878 ਨੂੰ ਇੰਸਪੈਕਟਰ ਜਨਰਲ ਪੁਲਿਸ, ਪੰਜਾਬ ਕਰਨਲ ਐਚ.ਐਨ. ਮਿਲਰ ਨੂੰ ਲਿਖੇ ਗਏ ਪੱਤਰ ਤੋਂ ਵੀ ਅਜਿਹੇ ਪ੍ਰਮਾਣਾਂ ਦੀ ਪੁਸ਼ਟੀ ਹੁੰਦੀ ਹੈ। ਵਾਰਬਰਟਨ ਲਿਖਦਾ ਹੈ ਕਿ, "ਮੇਰਾ ਇਹ ਦੱਸਣ ਦਾ ਫਰਜ਼ ਬਣਦਾ ਹੈ ਕਿ ਕੂਕੇ ਰਾਜਨੀਤਕ ਖਤਰੇ ਦੇ ਸਰੋਤ ਹਨ। ਭਾਵੇਂ ਇਨ੍ਹਾਂ ਦੀ ਗਿਣਤੀ ਹਾਲੀਂ ਥੋੜ੍ਹੀ ਹੈ, ਪਰ ਬਹੁਤ ਸਾਰੇ ਲੋਕ ਵੱਡੀ ਗਿਣਤੀ ਵਿੱਚ ਨਵੇਂ ਸਿਰਿਉਂ ਕੂਕਾ ਮੱਤ ਨੂੰ ਅਪਨਾ ਰਹੇ ਹਨ।

ਜਦੋਂ ਤੋਂ ਦਸਾਂ ਕੂਕਿਆਂ ਨੂੰ ਇਕੋ ਸਮੇਂ ਬੁੱਧ ਸਿੰਘ ਨਾਲ ਮਿਲਣ ਦੀ ਆਗਿਆ ਦਿੱਤੀ ਗਈ ਹੈ। ਕੂਕੇ ਸਭ ਪਾਸਿਉਂ ਭੈਣੀ ਆ ਰਹੇ ਹਨ ਅਤੇ ਭੈਣੀ ਦੇ ਬਾਹਰਵਾਰ ਲਾਗਲੇ ਪਿੰਡਾਂ ਵਿੱਚ ਆ ਕੇ ਠਹਿਰਦੇ ਹਨ। ਪਟਿਆਲਾ ਰਿਆਸਤ ਦੇ ਲੱਲਾਂ ਪਿੰਡ ਵਿੱਚ ਰਾਤ ਨੂੰ ਕੂਕਿਆਂ ਦੀਆਂ ਇਕੱਤਰਤਾਵਾਂ ਹੁੰਦੀਆਂ ਹਨ, ਉਨ੍ਹਾਂ ਦਾ ਖ਼ਬਰਾਂ ਭੇਜਣ ਦਾ ਪ੍ਰਬੰਧ ਬੜਾ ਮਜ਼ਬੂਤ ਹੈ। ਜਾਪਦਾ ਹੈ ਕਿ ਕੂਕੇ ਜ਼ਰੂਰ ਕੋਈ ਗੜਬੜ ਕਰਨਗੇ। ਸਾਡੀ ਨੀਤੀ ਇਹ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਸ਼ਰਾਰਤ ਕਰਨ ਤੋਂ ਰੋਕਿਆ ਜਾਵੇ। ਜੇ ਅਜਿਹਾ ਨਾ ਕੀਤਾ ਗਿਆ ਤਾਂ ਬਹੁਤ ਸਾਰੇ ਸਾਧਾਰਨ ਜੱਟ ਕਿਸਾਨ ਜੋ ਇਨ੍ਹਾਂ ਭਵਿੱਖਬਾਣੀਆਂ ਉੱਤੇ



Sri Satguru Jagjit Singh Ji Elibrary NamdhariElibrary@gmail.com

ਵਿਸ਼ਵਾਸ਼ ਰੱਖਦੇ ਹਨ, ਵੱਡੀ ਗਿਣਤੀ ਵਿੱਚ ਆ ਸ਼ਾਮਿਲ ਹੋਣਗੇ।

"ਇਸ ਬੰਨੇ ਡੂੰਘੀ ਪੜਤਾਲ ਕਰਕੇ ਜਿਹੜੇ ਵਿਅਕਤੀ ਇਨ੍ਹਾਂ ਕਾਰਵਾਈਆਂ ਵਿੱਚ ਸ਼ਾਮਿਲ ਹਨ, ਉਨ੍ਹਾਂ ਦੋਸ਼ੀਆਂ ਵਿਰੁੱਧ ਮੁਕੱਦਮੇ ਚਲਾ ਕੇ ਉਨ੍ਹਾਂ ਨੂੰ ਸਜ਼ਾਵਾਂ ਦੇ ਕੇ ਜਲਾਵਤਨ ਕਰ ਦੇਣਾ ਚਾਹੀਦਾ ਹੈ। ਇਹੋ ਹੀ ਇੱਕ ਮਾਤਰ ਉਨ੍ਹਾਂ ਕੂਕਿਆਂ ਦਾ ਇਲਾਜ ਹੋ ਸਕਦਾ ਹੈ, ਜੋ ਪੂਰੀ ਤਰ੍ਹਾਂ ਸਰਕਾਰ ਪ੍ਰਤੀ ਗੈਰ ਵਫਾਦਾਰ ਹਨ। ਉਨ੍ਹਾਂ ਦੀਆਂ ਬਾਗੀਆਨਾ ਕਾਰਵਾਈਆਂ ਦੀ ਪੜਤਾਲ ਢੁਕਵੇਂ ਢੰਗ ਨਾਲ ਕਰਨੀ ਚਾਹੀਦੀ ਹੈ ਅਤੇ ਜੇ ਹੋ ਸਕੇ ਤਾਂ ਇੱਕੋ ਦਿਨ ਨਿਸ਼ਚਿਤ ਕਰਕੇ ਸਾਰੇ ਕੂਕਿਆਂ ਦੇ ਘਰਾਂ ਦੀ ਤਲਾਸ਼ੀ ਲੈਣੀ ਚਾਹੀਦੀ ਹੈ।" ਇਸ ਪੱਤਰ ਦੇ ਅੰਤ ਵਿੱਚ ਇਸ ਗੱਲ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ ਕਿ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿ: ਵੇਕਫੀਲਡ ਦਾ ਵਿਚਾਰ ਹੈ ਕਿ ਜੇਕਰ ਸਰਕਾਰ ਪ੍ਰਵਾਨਗੀ ਦੇਵੇ ਤਾਂ 1872-73 ਵਰਗੀਆਂ ਸਖ਼ਤ ਕਾਰਵਾਈਆਂ ਕਰਨੀਆਂ ਉੱਚਿਤ ਹੋਣਗੀਆਂ।

ਪਰ ਵਾਰਬਰਟਨ ਅਤੇ ਵੇਕਫੀਲਡ ਦੀਆਂ ਇੱਛਾਵਾਂ ਦੇ ਉਲਟ ਸਰਕਾਰ ਨੇ 'ਵੇਖੋ ਤੇ ਇੰਤਜ਼ਾਰ ਕਰੋ' ਦੀ ਨੀਤੀ ਨੂੰ ਹੀ ਅਪਣਾਇਆ। ਪਹਿਲਾਂ ਵੀ ਬਹੁਤ ਸਾਰਾ ਦਮਨ ਕੀਤਾ ਜਾ ਚੁੱਕਾ ਸੀ। ਜੇ ਉਸਦੇ ਬਾਵਜੂਦ ਕੂਕੇ ਦੁਬਾਰਾ ਉੱਠ ਰਹੇ ਸਨ ਤਾਂ ਇਹ ਗੱਲ ਬੜੀ ਸਪੱਸ਼ਟ ਸੀ ਕਿ ਕਾਹਲੀ ਚੁਕਿਆ ਹੋਇਆ ਕੋਈ ਵੀ ਕਦਮ ਇਸ ਮਸਲੇ ਨੂੰ ਹੱਲ ਨਹੀਂ ਕਰ ਸਕੇਗਾ। ਇਸ ਵੇਲੇ ਇਸੇ ਗੱਲ ਨੂੰ ਹੀ ਢੁੱਕਵਾਂ ਸਮਝਿਆ ਗਿਆ ਕਿ ਹਾਲ ਦੀ ਘੜੀ ਗੁਰੂ ਰਾਮ ਸਿੰਘ ਅਤੇ ਕੂਕਾ ਸਿੱਖਾਂ ਵਿਚਕਾਰ ਤਾਲਮੇਲ ਨੂੰ ਰੋਕ ਦਿੱਤਾ ਜਾਵੇ ਅਤੇ ਗੁਰੂ ਰਾਮ ਸਿੰਘ ਨੂੰ ਰੰਗੂਨ ਤੋਂ ਮਰਗੋਈ ਭੇਜ ਦਿੱਤਾ ਜਾਏ। ਪਰ ਕੀ ਇਹ ਕਾਰਵਾਈ ਸਫ਼ਲ ਹੋਈ ? ਡਾ: ਫੌਜਾ ਸਿੰਘ ਦਾ ਮੱਤ ਹੈ, ਨਹੀਂ, ਕਿਉਂ ਜੋ ਇਸ ਨਾਲ ਨਾ ਤਾਂ ਕੂਕਿਆਂ ਅਤੇ ਗੁਰੂ ਰਾਮ ਸਿੰਘ ਵਿਚਾਲੇ ਤਾਲਮੇਲ ਰੁਕਿਆ ਅਤੇ ਦੂਜੇ ਬੰਨੇ ਇਸ ਨਾਲ ਕੂਕਿਆਂ ਦੇ ਮਨਾਂ ਵਿੱਚ ਸਰਕਾਰ ਪ੍ਰਤੀ ਨਫ਼ਰਤ ਹੋਰ ਵੀ ਵੱਧ ਗਈ ਸੀ।

ਸੂਬਾ ਬਿਸ਼ਨ ਸਿੰਘ ਅਤੇ ਗੁਰਚਰਨ ਸਿੰਘ ਨੇ ਆ ਕੇ ਇਹ ਸਮਾਚਾਰ ਦਿੱਤੇ ਕਿ ਅਫਗਾਨਿਸਤਾਨ ਵਿੱਚ ਅੰਗਰੇਜ਼ਾਂ ਨੂੰ ਮੂੰਹ ਦੀ ਖਾਣੀ ਪਈ ਹੈ ਅਤੇ ਰੂਸ ਦਾ ਵਤੀਰਾ ਸਾਡੇ ਪ੍ਰਤੀ ਦੋਸਤਾਂ ਵਾਲਾ ਹੈ, ਇਨ੍ਹਾਂ ਖ਼ਬਰਾਂ ਨੇ ਕੂਕਿਆਂ ਦੇ ਜੋਸ਼ ਵਿੱਚ ਹੋਰ ਵਾਧਾ ਕੀਤਾ। 1880 ਵਿੱਚ ਸਾਰੇ ਜ਼ਿਲ੍ਹਿਆਂ ਤੋਂ ਸਰਕਾਰ ਨੂੰ ਕੂਕਿਆਂ ਦੀਆਂ ਕਾਰਵਾਈਆਂ ਬਾਰੇ ਰਿਪੋਰਟਾਂ ਪ੍ਰਾਪਤ ਹੋਈਆਂ। ਲੁਧਿਆਣੇ ਜ਼ਿਲ੍ਹੇ ਦੀ ਰਿਪੋਰਟ ਵਧੇਰੇ ਧਿਆਨ ਯੋਗ ਸੀ। ਲੁਧਿਆਣੇ ਦੇ ਡਿਪਟੀ ਸੁਪਰਡੈਂਟ ਪੁਲਿਸ ਨੇ ਸੂਚਨਾ ਦਿੱਤੀ ਕਿ ਕੂਕੇ ਇਸ ਸਮੇਂ ਬੜੇ ਉਤਸ਼ਾਹ ਵਿੱਚ ਹਨ। ਉਹ ਅਕਸਰ ਸਲਾਹ ਮਸ਼ਵਰਾ ਕਰਦੇ ਰਹਿੰਦੇ ਹਨ ਅਤੇ ਭੈਣੀ ਵਿਖੇ ਬਾਬਾ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ) ਦੇ ਦਰਸ਼ਨਾਂ ਲਈ ਦੂਰੋਂ-ਦੂਰੋਂ ਕੂਕਿਆਂ ਦੀਆਂ ਵਹੀਰਾਂ ਚੱਲ ਕੇ ਆਉਂਦੀਆਂ ਹਨ।



Sri Satguru Jagjit Singh Ji Elibrary NamdhariElibrary@gmail.com

ਅਗਸਤ, 1880 ਵਿੱਚ ਫਿਰੋਜ਼ਪੁਰ ਦੇ ਕੂਕਿਆਂ ਵਿੱਚ ਇਹ ਹਵਾੜਾ ਆਮ ਪ੍ਰਚੱਲਿਤ ਸੀ ਕਿ ਸਮਾਂ ਆ ਗਿਆ ਹੈ ਜਦੋਂ ਰੂਸ ਕਾਬਲ ਰਾਹੀਂ ਭਾਰਤ ਤੇ ਹੱਲਾ ਕਰੇਗਾ। ਗੁਮਟੀ ਦੇ ਲਾਲ ਸਿੰਘ ਰਾਹੀਂ ਵੀ ਇਨ੍ਹਾਂ ਖ਼ਬਰਾਂ ਦਾ ਪ੍ਰਚਾਰ ਕੀਤਾ ਗਿਆ ਕਿ ਰੂਸ ਦਾ ਹੱਲਾ ਛੇਤੀ ਹੋਣ ਵਾਲਾ ਹੈ। ਉਸ ਅਨੁਸਾਰ ਉਸ ਨੂੰ ਇਹ ਖ਼ਬਰ ਸਤਿਗੁਰੂ ਹਰੀ ਸਿੰਘ ਨੇ ਦੱਸੀ ਹੈ। ਸੂਬਾ ਬਿਸ਼ਨ ਸਿੰਘ ਰਾਹੀਂ ਪਤਾ ਲੱਗਾ ਹੈ ਕਿ ਰੂਸ ਅੰਗਰੇਜ਼ਾਂ ਦੇ ਖਿਲਾਫ ਹੋ ਗਿਆ ਹੈ। ਸੰਘੇੜੇ ਦਾ ਦੇਵਾ ਸਿੰਘ ਨਵੰਬਰ ਵਿੱਚ ਇਹ ਪ੍ਰਚਾਰ ਕਰ ਰਿਹਾ ਸੀ ਕਿ ਸਾਖੀਆਂ ਦੀ ਭਵਿੱਖਬਾਣੀ ਅਨੁਸਾਰ ਰੂਸ ਹਿੰਦੁਸਤਾਨ ਉੱਤੇ 1882 ਵਿੱਚ ਧਾਵਾ ਕਰੇਗਾ।

ਅਗਸਤ, 1872 ਤੋਂ ਲੈ ਕੇ ਮਾਰਚ, 1881 ਤੱਕ ਸਤਿਗੁਰੂ ਰਾਮ ਸਿੰਘ ਦੇ ਕਈ ਪੱਤਰ ਸਰਕਾਰ ਨੇ ਪਕੜੇ, ਜਿਨ੍ਹਾਂ ਬਾਰੇ ਇੱਕ ਕਿਤਾਬਚਾ ਵੀ ਛਾਪਿਆ ਗਿਆ, ਜਿਸ ਵਿੱਚ ਬਾਰਵਰਟਨ ਦੇ ਅਰਧ ਸਰਕਾਰੀ ਪੱਤਰ ਵੀ ਦਰਜ ਸਨ ਅਤੇ ਇਸ ਦੀ ਭੂਮਿਕਾ ਸੀ. ਬਰਾਊਨ ਸਹਾਇਕ ਆਈ. ਜੀ. ਪੰਜਾਬ ਵੱਲੋਂ ਲਿਖੀ ਗਈ ਸੀ। ਇਨ੍ਹਾਂ ਉਪਰੋਕਤ ਪੱਤਰਾਂ ਦੀ ਘੋਖ ਪੜਤਾਲ ਪਿਛੋਂ ਉਹ ਆਪਣੇ ਵਿਚਾਰ ਸਤਿਗੁਰੂ ਰਾਮ ਸਿੰਘ ਵੱਲੋਂ ਭੇਜੇ ਗਏ ਇਨ੍ਹਾਂ ਪੱਤਰਾਂ ਬਾਰੇ ਲਿਖਦਾ ਹੈ ਕਿ ਇਨ੍ਹਾਂ ਰਾਹੀਂ ਕੂਕਿਆਂ ਵਿੱਚ ਨਵਾਂ ਜੋਸ਼ ਉਤਪੰਨ ਹੋ ਗਿਆ ਹੈ। ਭਾਵੇਂ ਇਸ ਵਿੱਚ ਕਿਸੇ ਨਿਸ਼ਚਿਤ ਯੋਜਨਾ ਬਾਰੇ ਕੋਈ ਗੱਲ ਨਹੀਂ ਕਹੀ ਗਈ। ਫਿਰ ਵੀ ਸੰਮਤ 1934 ਤੋਂ 1940 (1877 ਤੋਂ 1883) ਦੇ ਵਿਚਕਾਰ ਇਸ ਗੜਬੜ ਦੀ ਭਵਿੱਖਬਾਣੀ ਕੀਤੀ ਗਈ ਹੈ। ਇਨ੍ਹਾਂ ਵਿੱਚ ਗਊ ਹੱਤਿਆ, ਰੂਸ ਦੇ ਹਮਲੇ ਅਤੇ ਗੁਰੂ ਰਾਮ ਸਿੰਘ ਦੇ ਦੇਸ਼ ਪਰਤਣ ਬਾਰੇ ਵਰਣਨ ਹੈ। ਲੇਖਕ ਅਨੁਸਾਰ ਇਹ ਸਭ ਕੁਝ ਕੂਕਿਆਂ ਦਾ ਉਤਸ਼ਾਹ ਵਧਾਉਣ ਲਈ ਕੀਤਾ ਗਿਆ ਹੈ ਅਤੇ ਇਸ ਸਮੇਂ ਨੂੰ ਉਪਰੋਕਤ ਘਟਨਾਵਾਂ ਦੇ ਵਾਪਰਨ ਲਈ ਢੁੱਕਵਾਂ ਦੱਸਿਆ ਗਿਆ ਹੈ।

1881 ਵਿੱਚ ਕੂਕਿਆਂ ਦੀਆਂ ਕਾਰਵਾਈਆਂ ਬਾਰੇ ਉਸ ਸਮੇਂ ਪ੍ਰਾਪਤ ਖ਼ੁਫੀਆ ਸੂਚਨਾਵਾਂ ਦੇ ਆਧਾਰ ਤੇ ਲੇਖਕ ਵੱਲੋਂ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ। ਉਸ ਅਨੁਸਾਰ 150 ਕੂਕਿਆਂ ਦੀ ਇਕੱਤਰਤਾ ਲਾਟੋਂ ਦੇ ਨੇੜੇ ਢੱਕ ਜੰਗਲ ਵਿੱਚ 17 ਮਾਰਚ, 1881 ਨੂੰ ਹੋਈ, ਇਸ ਸਮੇਂ ਪੁਲਿਸ ਨੇ ਮੌਕੇ ਉੱਤੇ ਜਾ ਕੇ ਉਨ੍ਹਾਂ ਵਿੱਚੋਂ 39 ਆਦਮੀਆਂ ਨੂੰ ਛਾਪਾ ਮਾਰ ਕੇ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਨੂੰ ਪਿਛੋਂ ਜਾ ਕੇ ਜਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

ਬਾਜੇਖਾਨੇ ਦੇ ਸੂਬਾ ਕਾਹਨ ਸਿੰਘ ਅਤੇ ਜੈਮਲ ਸਿੰਘ ਨੇ ਭੈਣੀ ਵਿਖੇ ਪੁਲਿਸ ਵਾਲਿਆਂ ਨੂੰ ਗਾਲ੍ਹਾਂ ਕੱਢੀਆਂ। ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਇੱਕ-ਇੱਕ ਹਜ਼ਾਰ ਦੀਆਂ ਜਮਾਨਤਾਂ ਲੈ ਕੇ ਛੱਡਿਆ ਗਿਆ।

28 ਮਾਰਚ, 1881 ਨੂੰ ਨਾਈਂ ਵਾਲੇ ਦੇ ਸੂਬਾ ਗੁਰਦਾਸ ਸਿੰਘ, ਖ਼ੁਸ਼ਹਾਲ



Sri Satguru Jagjit Singh Ji Elibrary NamdhariElibrary@gmail.com

ਸਿੰਘ ਅਤੇ ਨੱਥਾ ਸਿੰਘ ਤੋਂ ਨੇਕ ਚਲਣੀ ਲਈ। ਇੱਕ ਸਾਲ ਲਈ ਹਜ਼ਾਰ-ਹਜ਼ਾਰ ਰੁਪਏ ਦੀਆਂ ਜ਼ਮਾਨਤਾਂ ਲਈਆਂ ਗਈਆਂ।

ਇੱਕ ਕੂਕਾ ਪਿੰਡ ਪਿੰਡ ਜਾ ਕੇ ਇਹ ਇਤਲਾਹ ਦੇ ਰਿਹਾ ਸੀ ਕਿ ਭੈਣੀ ਪੁੱਜਣ ਦਾ ਸਮਾਂ ਆ ਗਿਆ ਹੈ। ਕੁਝ ਕੂਕਿਆਂ ਨੂੰ ਜੋ ਭੈਣੀ ਜਾ ਰਹੇ ਸਨ। ਸਾਹਨੇਵਾਲ ਦੇ ਰੇਲਵੇ ਸਟੇਸ਼ਨ 'ਤੇ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਵਿੱਚੋਂ ਇੱਕ ਵਿਅਕਤੀ ਕੋਲ ਸਤਿਗੁਰੂ ਰਾਮ ਸਿੰਘ ਜੀ ਦੇ ਉਸ ਹੁਕਮਨਾਮੇ ਦੇ ਕੁਝ ਅੰਸ਼ ਲਿਖੇ ਹੋਏ ਮਿਲੇ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਵੜ੍ਹਿਆਂ ਪਿੰਡ ਦੇ ਮਹੰਤ ਨੈਣਾ ਸਿੰਘ ਅਤੇ ਭਗਵਾਨ ਸਿੰਘ ਨੇ ਰੰਗੂਨ ਤੋਂ ਲਿਆਂਦੇ ਸਨ। ਇਨ੍ਹਾਂ ਕੋਲੋਂ ਵੀ ਇੱਕ ਸਾਲ ਲਈ ਹਜ਼ਾਰ-ਹਜ਼ਾਰ ਰੁਪਿਆਂ ਦੀਆਂ ਜ਼ਮਾਨਤਾਂ ਲਈਆਂ ਗਈਆਂ।

### ਮਹਾਰਾਜਾ ਦਲੀਪ ਸਿੰਘ ਦੀ ਦੇਸ਼ ਵਾਪਸੀ ਦੇ ਚਰਚੇ

ਨਾਮਧਾਰੀਆਂ ਦੀਆਂ ਅਜਿਹੀਆਂ ਕਾਰਵਾਈਆਂ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰਹੀਆਂ। ਇਸੇ ਸਮੇਂ ਇਹ ਖਬਰਾਂ ਚੱਲ ਰਹੀਆਂ ਸਨ ਕਿ ਸੂਬਾ ਗੁਰਚਰਨ ਸਿੰਘ ਗੁਰੂ ਹਰੀ ਸਿੰਘ ਦਾ ਪੱਤਰ ਲੈ ਕੇ ਰੂਸ ਗਿਆ ਹੈ। ਇਨ੍ਹਾਂ ਦਿਨ੍ਹਾਂ ਵਿੱਚ ਹੀ ਮਹਾਰਾਜਾ ਦਲੀਪ ਸਿੰਘ ਅੰਗਰੇਜ਼ਾਂ ਵੱਲੋਂ ਪੂਰੀ ਤਰ੍ਹਾਂ ਨਿਰਾਸ਼ ਹੋ ਗਿਆ ਸੀ। ਕਿਉਂ ਜੋ ਉਸਨੂੰ ਭਾਰਤ ਵਿੱਚ ਆਉਣ ਤੋਂ ਅਦਨ ਵਿੱਚ ਹੀ ਰੋਕ ਲਿਆ ਗਿਆ। ਇਸ ਲਈ ਉਸਨੇ ਇੰਗਲੈਂਡ ਜਾਣ ਦੀ ਥਾਂ ਪੈਰਿਸ ਵਿੱਚ ਹੀ ਡੇਰਾ ਲਾ ਲਿਆ। ਅੰਗਰੇਜ਼ ਸਰਕਾਰ ਨੇ ਉਸਨੂੰ ਆਪਣੀ ਇੰਗਲੈਂਡ ਵਿੱਚ ਖਰੀਦੀ ਹੋਈ ਜ਼ਾਇਦਾਦ ਦੇ ਪੂਰੇ ਹੱਕ ਵੀ ਨਹੀਂ ਸੀ ਦਿੱਤੇ। ਅਦਨ ਵਿਖੇ ਹੀ ਮਹਾਰਾਜਾ ਦਲੀਪ ਸਿੰਘ ਨੇ ਈਸਾਈ ਧਰਮ ਦਾ ਤਿਆਗ ਕਰਕੇ ਸਿੱਖ ਮੱਤ ਧਾਰਨ ਕਰ ਲਿਆ ਸੀ। ਉਸਨੇ ਰੂਸ ਪੁੱਜ ਕੇ ਰੂਸੀ ਸਰਕਾਰ ਤੋਂ ਸਹਾਇਤਾ ਅਤੇ ਸਹਿਯੋਗ ਦੀ ਗੱਲ ਕੀਤੀ ਤਾਂ ਕਿ ਪੰਜਾਬ ਵਿੱਚ ਦੁਬਾਰਾ ਆਪਣਾ ਰਾਜ ਕਾਇਮ ਕਰ ਸਕੇ।[1*] 9 ਜਨਵਰੀ, 1888 ਨੂੰ 'ਸੰਡੇ ਟਾਈਮਸ' ਵਿੱਚ ਛੱਪੇ ਉਸਦੇ ਪੱਤਰ ਤੋਂ ਉਸ ਦੀਆਂ ਭਵਿੱਖੀ ਯੋਜਨਾਵਾਂ ਸੰਬੰਧੀ ਕਾਫ਼ੀ ਜਾਣਕਾਰੀ ਮਿਲ ਜਾਂਦੀ ਹੈ। ਇਹ ਪੱਤਰ ਮਹਾਰਾਜਾ ਦਲੀਪ ਸਿੰਘ ਨੇ ਆਪਣੇ ਇੱਕ ਫਰਾਂਸੀਸੀ ਮਿੱਤਰ ਨੂੰ 28 ਅਕਤੂਬਰ, 1887 ਵਿੱਚ ਮਾਸਕੋ ਤੋਂ ਲਿਖਿਆ ਸੀ। ਇਸ ਪੱਤਰ ਵਿੱਚ ਇਸ ਤਰ੍ਹਾਂ ਦਾ ਉਲੇਖ ਕੀਤਾ ਗਿਆ ਹੈ, "ਤੁਹਾਡੇ ਵਰਗੇ ਉਨ੍ਹਾਂ ਮਿੱਤਰਾਂ ਨਾਲ ਜਾਣ-ਪਛਾਣ ਕਰਕੇ ਬੜੀ ਖੁਸ਼ੀ ਹੁੰਦੀ ਹੈ, ਜੋ ਮੇਰੇ ਵਾਂਗ ਹੀ ਅੰਗਰੇਜ਼ਾਂ ਨਾਲ ਨਫ਼ਰਤ ਕਰਦੇ ਹਨ। ਮੈਨੂੰ ਇਹ ਅਫ਼ਸੋਸ ਨਾਲ ਦੱਸਣਾ ਪੈਂਦਾ ਹੈ ਕਿ ਤੁਹਾਡੇ ਗਣਤੰਤਰ ਦੇ ਪ੍ਰਧਾਨ ਨੇ ਮੇਰੇ ਨਾਲ ਉੱਚਿਤ ਸ਼ਿਸਟਾਚਾਰ ਨਹੀਂ ਦਰਸਾਇਆ। ਮੈਂ ਮਿਸਟਰ ਗਰੇਵੀ ਨੂੰ ਪੱਤਰ ਲਿਖ ਕੇ ਆਪਣੇ ਫਰਾਂਸ ਛੱਡਣ

---

[1*] ਡਾ: ਫੌਜਾ ਸਿੰਘ, 'ਕੂਕਾ ਮੂਵਮੈਂਟ', ਪੰਨਾ 203



Sri Satguru Jagjit Singh Ji Elibrary NamdhariElibrary@gmail.com

ਤੋਂ ਪਹਿਲਾਂ ਇਹ ਬੇਨਤੀ ਕੀਤੀ ਸੀ ਕਿ ਮੈਨੂੰ ਪਾਂਡੀਚਰੀ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ ਜਾਵੇ, ਪਰ ਮਿ: ਗਰੇਵੀ ਵੱਲੋਂ ਹਾਲੀਂ ਤੱਕ ਮੈਨੂੰ ਉਸ ਪੱਤਰ ਦਾ ਉੱਤਰ ਨਹੀਂ ਮਿਲ ਸਕਿਆ।

ਪਰ ਹੁਣ ਮੇਰੇ ਲਈ ਇਸ ਗੱਲ ਦਾ ਬਹੁਤਾ ਮਹੱਤਵ ਨਹੀਂ ਕਿਉਂ ਜੋ ਹੁਣ ਮੈਂ ਰੂਸ ਦੇ ਸ਼ਹਿਨਸ਼ਾਹ ਦੀ ਸ਼ਰਨ ਵਿੱਚ ਆਪਣਾ ਬਾਕੀ ਜੀਵਨ ਗੁਜਾਰਨਾ ਚਾਹੁੰਦਾ ਹਾਂ।

ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦੀ ਹਾਂ, ਕਿਉਂ ਜੋ ਤੁਹਾਨੂੰ ਮੇਰੇ ਦੇਸ਼ ਵਾਸੀਆਂ ਨਾਲ ਹਮਦਰਦੀ ਹੈ, ਜਿਨ੍ਹਾਂ ਦੀ ਸੁਤੰਤਰਤਾ ਲਈ ਮੈਂ ਯਤਨ ਕਰਨਾ ਚਾਹੁੰਦਾ ਹਾਂ ਕਿਉਂ ਜੋ 1725 (ਦੀਆਂ ਸਾਖੀਆਂ) ਵਿੱਚ ਗੁਰੂ ਗੋਬਿੰਦ ਸਿੰਘ ਵੱਲੋਂ ਅਜਿਹੀ ਭਵਿੱਖਬਾਣੀ ਕੀਤੀ ਗਈ ਹੈ।

ਮੈਂ ਹਾਂ ਤੁਹਾਡਾ ਵਫਾਦਾਰ ਦਲੀਪ ਸਿੰਘ ਜੋ ਸਿੱਖ ਕੌਮ ਦਾ ਮਹਾਰਾਜਾ ਹਾਂ। ਮੈਨੂੰ ਮਾਣ ਹੈ ਕਿ ਮੈਂ ਇੰਗਲੈਂਡ ਦਾ ਪੱਕਾ ਦੁਸ਼ਮਣ ਹਾਂ।

ਦੂਜਾ ਪੱਤਰ ਜੋ 4 ਨਵੰਬਰ, 1887 ਨੂੰ ਲਿਖਿਆ ਗਿਆ, ਵਧੇਰੇ ਨਿੱਜੀ ਹੈ। ਪਰ ਇਸ ਦੇ ਅੰਤ ਉੱਤੇ ਵੀ ਉਪਰੋਕਤ ਪੱਤਰ ਵਰਗੇ ਹੀ ਮਨੋਭਾਵ ਪ੍ਰਗਟਾਏ ਗਏ ਹਨ। ਇਹ ਪੱਤਰ ਅੰਗਰੇਜ਼ ਵਿਰੋਧੀ ਹੁੰਦੇ ਹੋਏ ਮਹਾਰਾਜਾ ਦਲੀਪ ਸਿੰਘ ਦੀ ਦੇਸ਼ ਭਗਤੀ ਦੀ ਸਾਖੀ ਭਰਦੇ ਹਨ।

ਆਪਣੇ ਰੂਸ ਵਿੱਚ ਪਰਵਾਸ ਸਮੇਂ ਹੀ ਮਹਾਰਾਜਾ ਦਲੀਪ ਸਿੰਘ ਨੇ ਆਪਣਾ ਇੱਕ ਐਲਾਨ ਨਾਮਾ ਜਾਰੀ ਕੀਤਾ, ਜੋ 5 ਅਗਸਤ, 1889 ਦੇ 'ਟਾਈਮਜ਼' ਵਿੱਚ ਪ੍ਰਕਾਸ਼ਿਤ ਹੋਇਆ। ਡਾ: ਫੌਜਾ ਸਿੰਘ ਅਨੁਸਾਰ ਇਸ ਐਲਾਨ ਨਾਮੇ ਨੂੰ ਭਾਵੇਂ ਉਸ ਦੇ ਵਿਰੋਧੀਆਂ ਨੇ ਬਾਗੀਆਨਾ ਕਰਾਰ ਦੇ ਕੇ ਰੱਦ ਕੀਤਾ ਸੀ, ਪਰ ਇਹ ਸੱਚੇ ਅਰਥਾਂ ਵਿੱਚ ਉਸਦੀ ਦੇਸ਼ ਭਗਤੀ ਦਾ ਅਦੁੱਤੀ ਪ੍ਰਮਾਣ ਸੀ। ਇਸ ਐਲਾਨ ਨਾਮੇ ਦਾ ਸੰਖੇਪ ਨਿਮਨਲਿਖਿਤ ਹੈ।

[1*]"ਮਹਾਰਾਜਾ ਦਲੀਪ ਸਿੰਘ ਵੱਲੋਂ ਇਹ ਅਸਾਧਾਰਨ ਭਾਂਤ ਦੀ ਅਪੀਲ ਆਪਣੇ ਦੇਸ਼ ਵਾਸੀਆਂ ਨੂੰ ਕੀਤੀ ਗਈ ਹੈ, ਜੋ ਪ੍ਰੈਸ ਵਿੱਚ ਛੱਪ ਚੁੱਕੀ ਹੈ। ਆਪਣੀਆਂ ਭਵਿੱਖ ਦੀਆਂ ਕਾਰਵਾਈਆਂ ਲਈ ਉਸਨੇ ਆਪਣੇ 25 ਕਰੋੜ ਦੇਸ਼ ਵਾਸੀਆਂ ਕੋਲੋਂ ਇੱਕ ਪੈਸੇ ਅਤੇ ਪੰਜਾਬ ਵਾਸੀਆਂ ਵੱਲੋਂ ਇੱਕ ਆਨਾ ਫੀ ਵਿਅਕਤੀ ਦੀ ਮੰਗ ਕੀਤੀ ਹੈ। ਇਸ ਦੁਆਰਾ ਜਨਤਕ ਕਰਜ਼ਿਆਂ ਨੂੰ ਰੱਦ ਕਰ ਦਿੱਤਾ ਗਿਆ ਹੈ। ਕਰ (ਟੈਕਸ) ਨਾ ਦੇਣ ਲਈ ਕਿਹਾ ਗਿਆ ਹੈ ਅਤੇ ਗਊ-ਹੱਤਿਆ ਦੀ ਮਨਾਹੀ ਕਰ ਦਿੱਤੀ ਗਹੀ ਹੈ। ਕੈਦੀ ਰਿਹਾਅ ਕਰ ਦਿੱਤੇ ਜਾਣਗੇ ਅਤੇ ਉਨ੍ਹਾਂ ਲੋਕਾਂ ਨੂੰ ਜੋ ਅੰਗਰੇਜ਼ਾਂ ਦੇ ਜ਼ੁਲਮ ਦਾ ਸ਼ਿਕਾਰ ਹੋਏ ਹਨ, ਉਨ੍ਹਾਂ ਦੇ ਅਧਿਕਾਰ ਬਹਾਲ ਕਰ ਦਿੱਤੇ

[1*] ਡਾ: ਫੌਜਾ ਸਿੰਘ ਬਾਜਵਾ, ਕੂਕਾ ਮੂਵਮੇਂਟ, ਪੰਨਾ 204-205



Sri Satguru Jagjit Singh Ji Elibrary NamdhariElibrary@gmail.com

ਜਾਣਗੇ। ਉਨ੍ਹਾਂ ਨਾਲ ਇਨਸਾਫ਼ ਹੋਵੇਗਾ। ਉਸਦੀ ਯੋਜਨਾ ਹੈ ਕਿ ਉਹ ਯੂਰਪੀ ਸੈਨਾ ਨਾਲ ਭਾਰਤ ਵਿੱਚ ਦਾਖਲ ਹੋਵੇਗਾ, ਜਿਸਦੀ ਪਦਾਰਥਕ ਸਹਾਇਤਾ ਰੂਸ ਵੱਲੋਂ ਕੀਤੀ ਜਾਵੇਗੀ।"

ਮਹਾਰਾਜੇ ਦੀ ਇਹ ਅਪੀਲ ਸਿੱਖਾਂ ਅਤੇ ਦੂਜੇ ਫਿਰਕਿਆਂ ਵੱਲੋਂ ਉਸ ਨਾਲ ਹਮਦਰਦੀ ਨਾ ਜੋੜ ਸਕੀ, ਕੇਵਲ ਕੂਕਿਆਂ ਨੇ ਹੀ ਉਸ ਨੂੰ ਹਾਂ-ਪੱਖੀ ਹੁੰਗਾਰਾ ਦਿੱਤਾ। ਦੂਜੇ ਬੰਨੇ ਸਿੰਘ ਸਭਾਵਾਂ ਅਤੇ ਸਿੱਖ ਸਰਦਾਰਾਂ ਨੇ ਸਾਫ਼ ਤੌਰ ਤੇ ਹੀ ਕਹਿ ਦਿੱਤਾ। ਉਹ ਉਸਦੀ ਇਸ "ਬੇਵਕੂਫ਼ਾਂ ਵਾਲੀ ਬਗਾਵਤ" ਦੀ ਕੋਈ ਹਿਮਾਇਤ ਨਹੀਂ ਕਰਨਗੇ।

ਦਲੀਪ ਸਿੰਘ 1888 ਤੱਕ ਰੂਸ ਵਿੱਚ ਰਹਿ ਕੇ ਆਪਣੇ ਇਨ੍ਹਾਂ ਯਤਨਾਂ ਨੂੰ ਜਾਰੀ ਰੱਖਦਾ ਰਿਹਾ, ਪਰ ਉਸਦੀਆਂ ਯੋਜਨਾਵਾਂ ਸਿਰੇ ਨਾ ਚੜ੍ਹ ਸਕੀਆਂ। ਉਹ ਖਾਲਸਾ ਪੰਥ ਵੱਲੋਂ ਕੀਤੇ ਗਏ ਇਸ ਇਨਕਾਰ ਅਤੇ ਨਿਰਾਦਰੀ ਨੂੰ ਕਦੀ ਵੀ ਭੁਲਾ ਨਾ ਸਕਿਆ। ਸਿੱਖ ਆਗੂਆਂ ਵੱਲੋਂ ਇਸ ਕੀਤੇ ਗਏ ਇਨਕਾਰ ਨੇ ਰੂਸੀਆਂ ਦੇ ਉਤਸ਼ਾਹ ਨੂੰ ਵੀ ਮੱਠਾ ਪਾ ਦਿੱਤਾ। 1887 ਵਿੱਚ ਇੰਗਲੈਂਡ ਨਾਲ ਸਰਹਦੀ ਸਮਝੌਤਾ ਹੋਣ ਕਰਕੇ ਰੂਸੀਆਂ ਦੀ ਅੰਗਰੇਜ਼ਾਂ ਪ੍ਰਤੀ ਦੁਸ਼ਮਣੀ ਵੀ ਕੁਝ ਘੱਟ ਗਈ ਸੀ। ਇਸ ਲਈ ਮਹਾਰਾਜਾ ਦਲੀਪ ਸਿੰਘ ਨਿਰਾਸ਼ ਹਾਲਤ ਵਿੱਚ ਹੀ ਪੈਰਿਸ ਵਾਪਸ ਆ ਗਿਆ। ਛੇਤੀ ਹੀ ਉਸ ਨੂੰ ਅਧਰੰਗ ਹੋ ਗਿਆ ਅਤੇ ਉਸਦਾ ਬਾਕੀ ਜੀਵਨ ਫਰਾਂਸ ਵਿੱਚ ਹੀ ਬੀਤਿਆ। ਇੱਥੇ ਹੀ ਇੱਕ ਹੋਟਲ ਵਿੱਚ 22 ਅਕਤੂਬਰ, 1893 ਨੂੰ ਉਸਦਾ ਦੇਹਾਂਤ ਹੋ ਗਿਆ।"

### ਸਤਿਗੁਰੂ ਹਰੀ ਸਿੰਘ ਜੀ ਦੀ ਆਦਰਸ਼ਕ ਅਗਵਾਈ

ਸਤਿਗੁਰੂ ਰਾਮ ਸਿੰਘ ਦੀ ਗ੍ਰਿਫਤਾਰੀ ਅਤੇ ਜਲਾਵਤਨੀ ਤੋਂ ਪਿਛੋਂ ਕੂਕਾ ਪੰਥ ਨੂੰ ਮੁੜ ਜਥੇਬੰਦ ਕਰਨ ਅਤੇ ਦਮਨ ਤੇ ਤਸ਼ੱਦਦ ਦੇ ਇਸ ਕਾਲੇ ਦੌਰ ਵਿੱਚ ਸਤਿਗੁਰੂ ਹਰੀ ਸਿੰਘ ਵੱਲੋਂ ਦਿੱਤੀ ਗਈ ਆਦਰਸ਼ਕ ਅਗਵਾਈ ਬਾਰੇ ਡਾ: ਫੌਜਾ ਸਿੰਘ ਨੇ ਕਾਫ਼ ਸ਼ਾਨਦਾਰ ਸ਼ਬਦਾਂ ਵਿੱਚ ਉਪਮਾ ਕੀਤੀ ਹੈ। ਡਾ: ਫੌਜਾ ਸਿੰਘ ਦੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਲਿਖੇ ਇਹ ਸ਼ਬਦ ਉਨ੍ਹਾਂ ਦੇ ਬਲਵਾਨ ਵਿਅਕਤੀਤਵ ਬਾਰੇ ਸੁੰਦਰ ਪ੍ਰਕਾਸ਼ ਪਾਉਂਦੇ ਹਨ :

[1*]"ਕੂਕਾ ਮੱਤ ਦੇ ਪੁਨਰ ਨਿਰਮਾਣ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ ਨਿਰਨਾਇਕ ਭੂਮਿਕਾ ਨੂੰ ਨਿਭਾਇਆ। ਆਪ ਜੀ ਨੇ ਸ਼੍ਰੀ ਭੈਣੀ ਸਾਹਿਬ ਵਿੱਚ ਨਿਵਾਸ ਰੱਖ ਕੇ ਚੁੱਪ ਅਤੇ ਸ਼ਾਂਤ ਮੁਦਰਾ ਵਿੱਚ ਵਿਚਰ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਪਿਛੋਂ ਉਤਪੰਨ ਹੋਏ ਖਲਾਅ ਨੂੰ ਭਰ ਦਿੱਤਾ। ਇਸ ਦਾ ਸਿੱਟਾ

---

1* ਡਾ: ਫੌਜਾ ਸਿੰਘ ਬਾਜਵਾ, 'ਕੂਕਾ ਮੂਵਮੈਂਟ', ਪੰਨਾ 139



Sri Satguru Jagjit Singh Ji Elibrary NamdhariElibrary@gmail.com

ਇਹ ਨਿਕਲਿਆ ਕਿ ਭੈਣੀ ਸਾਹਿਬ ਦੇ ਡੇਰੇ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਅਤੇ ਰੋਕਾਂ ਦੇ ਬਾਵਜੂਦ ਭੈਣੀ ਸਾਹਿਬ ਦੇ ਦਰਸ਼ਨ ਕਰਨ ਦੀ ਤਾਪ ਪਹਿਲਾਂ ਵਾਂਗ ਹੀ ਬਣੀ ਰਹੀ। ਕਿਸੇ ਨਾ ਕਿਸੇ ਤਰ੍ਹਾਂ ਨਾਮਧਾਰੀ ਸੰਗਤ ਸਤਿਗੁਰੂ ਦੇ ਦਰ 'ਤੇ ਪੁੱਜ ਹੀ ਜਾਂਦੀ ਸੀ। ਕਈ ਵਾਰ ਸਿੰਘ ਭੇਸ ਬਦਲ ਕੇ ਸਤਿਗੁਰੂ ਜੀ ਨੂੰ ਬਾਹਰ ਖੇਤਾਂ ਵਿੱਚ ਹੀ ਮਿਲ ਲੈਂਦੇ ਸਨ ਅਤੇ ਕਈ ਵਾਰ ਭੈਣੀ ਦੇ ਵਾਸੀ ਕੂਕਿਆਂ ਦੇ ਘਰਾਂ ਵਿੱਚ ਪ੍ਰਾਹੁਣੇ ਬਣ ਕੇ ਆ ਠਹਿਰਦੇ ਸਨ ਅਤੇ ਰਾਤ ਦੇ ਹਨੇਰੇ ਵਿੱਚ ਗੁਰੂ ਘਰ ਵਿੱਚ ਜਾ ਦਾਖਿਲ ਹੁੰਦੇ ਸਨ। ਉਹ ਸਤਿਗੁਰੂ ਜੀ ਲਈ ਭੇਟਾਵਾਂ ਲੈ ਕੇ ਪੁੱਜਦੇ ਸਨ। ਕੂਕਿਆਂ ਨੂੰ ਪੇਸ਼ ਆਉਣ ਵਾਲੀਆਂ ਕੁਝ ਵਿਸ਼ੇਸ਼ ਸਮੱਸਿਆਵਾਂ ਬਾਰੇ ਸਤਿਗੁਰੂ ਜੀ ਨਾਲ ਵਿਚਾਰ-ਵਟਾਂਦਰਾ ਕਰ ਲੈਂਦੇ ਸਨ। ਪੰਜਾਬ ਪੁਲਿਸ ਦੀ ਖੁਫੀਆ ਸੂਚਨਾ ਅਨੁਸਾਰ 12 ਮਾਰਚ ਤੋਂ 2 ਅਪ੍ਰੈਲ, 1881 ਦੇ ਤਿੰਨ ਹਫ਼ਤਿਆਂ ਵਿੱਚ 173 ਯਾਤਰੀ ਉਨ੍ਹਾਂ ਦੇ ਦਰਸ਼ਨ ਕਰਨ ਆਏ ਅਤੇ ਉਨ੍ਹਾਂ ਵੱਲੋਂ 319 ਰੁਪਏ, 14 ਆਨੇ, 0 ਪੈਸੇ ਭੇਟ ਕੀਤੇ ਗਏ। ਇਹ ਰਕਮਾਂ ਗੁਰੂ ਹਰੀ ਸਿੰਘ ਜੀ ਵੱਲੋਂ ਹੋਰ ਕੀਤੇ ਗਏ ਖਰਚਿਆਂ ਦੇ ਵੇਰਵਿਆਂ ਤੋਂ ਬਾਹਰ ਦੀਆਂ ਹਨ। ਲੇਖਕ ਦੇ ਅਨੁਮਾਨ ਅਨੁਸਾਰ ਉਨ੍ਹਾਂ ਨੂੰ ਹਰ ਹਫ਼ਤੇ ਚੜ੍ਹਾਵੇ ਵਜੋਂ 200 ਤੋਂ 300 ਰੁਪਏ ਪ੍ਰਾਪਤ ਹੁੰਦੇ ਸਨ ? ਹਰ ਕੂਕਾ ਹਰ ਛਮਾਹੀ ਪਿਛੋਂ ਨਕਦ ਜਾਂ ਜਿਨਸ ਦੇ ਰੂਪ ਵਿੱਚ ਆਪਣੀ ਆਮਦਨ ਦਾ ਦਸਵੰਧ ਪੇਸ਼ ਕਰਦਾ ਸੀ।

ਇਸ ਕੂਕਾ ਸੰਗਠਨ ਵਿੱਚ ਦੂਜੇ ਪ੍ਰਮੁੱਖ ਵਿਅਕਤੀ ਸੂਬੇ ਸਨ। ਸਤਿਗੁਰੂ ਹਰੀ ਸਿੰਘ ਨੇ ਸਤਿਗੁਰੂ ਰਾਮ ਸਿੰਘ ਨਾਲ ਕੈਦ ਕੀਤੇ ਗਏ ਸੂਬਿਆਂ ਦੀ ਥਾਂ ਬਹੁਤ ਛੇਤੀ ਹੀ ਨਵੇਂ ਸੂਬੇ ਨਿਯੁਕਤ ਕਰ ਦਿੱਤੇ। ਨਵੇਂ ਬਣਾਏ ਗਏ ਸੂਬਿਆਂ ਵਿੱਚੋਂ ਇਹ ਪ੍ਰਮੁੱਖ ਵਰਣਨ ਯੋਗ ਹਨ।

ਮੰਡੀ ਕਲ੍ਹਾਂ (ਪਟਿਆਲਾ) ਦਾ ਸੂਬਾ ਹਰਨਾਮ ਸਿੰਘ; ਘੋਟੇ (ਫਿਰੋਜ਼ਪੁਰ) ਪਿੰਡ ਦਾ ਸਮੁੰਦ ਸਿੰਘ; ਚੋਗਾਵੇਂ (ਅੰਮ੍ਰਿਤਸਰ) ਦਾ ਫੂਲਾ ਸਿੰਘ; ਬਾਜੇਖਾਨੇ (ਫ਼ਰੀਦਕੋਟ) ਦਾ ਕਾਹਨ ਸਿੰਘ; ਨਾਈਵਾਲਾ (ਪਟਿਆਲਾ) ਦਾ ਗੁਰਦਿੱਤ ਸਿੰਘ ਉਰਫ ਗੁਰਦਾਸ ਸਿੰਘ; ਲੁਧਿਆਣੇ ਦਾ ਖਜਾਨ ਸਿੰਘ; ਗਾਦੜੀ ਵਾਲੇ (ਫਿਰੋਜ਼ਪੁਰ) ਦਾ ਨੱਥਾ ਸਿੰਘ; ਬਰਾਜ (ਸਿਰਸੇ) ਦਾ ਖੁਸ਼ਹਾਲ ਸਿੰਘ ਅਤੇ ਵਲਟੋਆ (ਲਾਹੌਰ) ਦਾ ਫਤਿਹ ਸਿੰਘ। ਜਿੱਥੇ ਕਿਤੇ ਲੋੜ ਸਮਝੀ ਗਈ ਨਾਇਬ ਸੂਬੇ ਵੀ ਨਿਯੁਕਤ ਕੀਤੇ ਗਏ।"

ਇਸ ਵਿੱਚ ਕੋਈ ਸੰਦੇਹ ਨਹੀਂ ਕਿ 1872 ਤੋਂ ਪਿਛੋਂ ਸਰਕਾਰ ਵੱਲੋਂ ਕੂਕਿਆਂ ਉੱਤੇ ਕੀਤੇ ਗਏ ਜਬਰ, ਜ਼ੁਲਮ ਅਤੇ ਤਸ਼ੱਦਦ ਦੇ ਨਿਰੰਤਰ ਜਾਰੀ ਰਹਿਣ ਉੱਤੇ ਇਸ ਪੁਨਰ-ਉਥਾਨ ਅਤੇ ਕੂਕਿਆਂ ਦੇ ਮੁੜ ਚੜ੍ਹਦੀਕਲਾ ਵਿੱਚ ਆਉਣ ਲਈ ਕੁਝ ਸਮਾਂ ਲੱਗਾ। ਇਸ ਪੁਨਰ-ਉਥਾਨ ਵਿੱਚ ਸਤਿਗੁਰੂ ਰਾਮ ਸਿੰਘ ਵੱਲੋਂ ਭੇਜੇ ਗਏ ਹੁਕਮਨਾਮਿਆਂ ਦਾ ਵੀ ਵੱਡਾ ਹੱਥ ਸੀ। ਭਾਵੇਂ ਸਰਕਾਰ ਨੇ ਸਤਿਗੁਰੂ ਰਾਮ



Sri Satguru Jagjit Singh Ji Elibrary NamdhariElibrary@gmail.com

ਸਿੰਘ ਅਤੇ ਉਨ੍ਹਾਂ ਦੇ ਅਣਗਿਣਤ ਸ਼ਰਧਾਲੂਆਂ ਵਿੱਚ ਤਾਲਮੇਲ ਨੂੰ ਰੋਕਣ ਲਈ ਕਠੋਰ ਯਤਨ ਕੀਤੇ ਸਨ, ਪਰ ਸਰਕਾਰ ਦੇ ਇਹ ਯਤਨ ਸਫ਼ਲ ਨਾ ਹੋ ਸਕੇ। ਕਾਫ਼ੀ ਖਰਚਾ ਕਰਕੇ ਅਤੇ ਬਰਮਾ ਤੱਕ ਦੇ ਸਫ਼ਰ ਦੀਆਂ ਔਕੜਾਂ ਨੂੰ ਝਲਦੇ ਹੋਏ ਸੈਂਕੜੇ ਸਿੰਘ ਸਤਿਗੁਰੂ ਹਰੀ ਸਿੰਘ ਜੀ ਤੋਂ ਆਗਿਆ ਪ੍ਰਾਪਤ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਗਏ ਅਤੇ ਉਨ੍ਹਾਂ ਵੱਲੋਂ ਹੁਕਮਨਾਮੇ ਲਿਆਂਦੇ ਗਏ, ਜਿਨ੍ਹਾਂ ਨੂੰ ਨਾਮਧਾਰੀ ਸੰਗਤਾਂ ਵਿੱਚ ਪੜ੍ਹ ਕੇ ਸੁਣਾਇਆ ਜਾਂਦਾ। ਇਸ ਤੋਂ ਬਿਨਾਂ ਕੂਕਿਆਂ ਨੇ ਉੱਚ-ਕੋਟੀ ਦੇ ਸਦਾਚਾਰ ਅਤੇ ਆਤਮਕ ਤੌਰ ਤੇ ਚੜ੍ਹਦੀਕਲਾ ਵਿੱਚ ਵਿਚਰਨ ਦੀਆਂ ਅਨੇਕ ਮਸਾਲਾਂ ਪੇਸ਼ ਕੀਤੀਆਂ। ਪ੍ਰਭੂ ਭਗਤੀ ਅਰਥਾਤ ਨਾਮ ਸਿਮਰਨ ਦੇ ਨਾਲ-ਨਾਲ ਵਿਸ਼ੇਸ਼ ਬਾਣੀਆਂ ਨੂੰ ਕੰਠ ਕਰਕੇ ਨਿਤਨੇਮ ਦਾ ਅੰਗ ਬਣਾਉਣਾ, ਆਤਮ ਸੰਜਮ ਅਤੇ ਸ਼ੁੱਧ ਵਿਹਾਰ ਨੂੰ ਧਾਰਨ ਕੀਤਾ ਗਿਆ। ਪੁੰਨ-ਦਾਨ, ਸੇਵਾ ਭਾਵ, ਉਦਾਰਤਾ ਆਦਿ ਗੁਣਾਂ ਨੂੰ ਸਾਰੇ ਕੂਕੇ ਭਾਈਚਾਰੇ ਨੇ ਗ੍ਰਹਿਣ ਕੀਤਾ ਹੋਇਆ ਸੀ। ਇਸੇ ਤਰ੍ਹਾਂ ਜੰਮਦੀਆਂ ਕੁੜੀਆਂ ਮਾਰਨਾ, ਕੁੜੀਆਂ ਨੂੰ ਵੇਚਣ ਅਤੇ ਵੱਟੇ ਤੇ ਸਾਕ ਕਰਨ ਦੀਆਂ ਸਮਾਜਿਕ ਬੁਰਾਈਆਂ ਤੋਂ ਆਪਣੇ ਆਪ ਨੂੰ ਪਹਿਲਾਂ ਵਾਂਗ ਦੂਰ ਰੱਖਿਆ। ਇਸ ਤੋਂ ਬਿਨਾਂ ਜਿਸ ਗੱਲ ਉੱਤੇ ਜ਼ੋਰ ਦਿੱਤਾ ਗਿਆ, ਉਹ ਇਹ ਸੀ ਕਿ ਹਰ ਲੜਕਾ ਅਤੇ ਲੜਕੀ ਬਚਪਨ ਤੋਂ ਹੀ ਗੁਰਮੁਖੀ ਅੱਖਰ ਸਿੱਖੇ। ਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਨੇ ਉਨ੍ਹਾਂ ਨੂੰ ਚੜ੍ਹਦੀਕਲਾ ਅਤੇ ਗੁਰੂ ਉਪਰ ਭਰੋਸਾ ਕਰਨ ਦਾ ਬੱਲ ਬਖ਼ਸ਼ਿਆ। ਸਰਕਾਰੀ ਦਮਨ ਚੱਕਰ ਦੇ ਇਸ ਦੌਰ ਵਿੱਚ ਕੂਕੇ ਸ਼ਾਂਤ, ਅਡੋਲ ਅਤੇ ਆਸਵੰਤ ਰਹੇ ਭਾਵੇਂ ਉਹਨਾਂ ਨੂੰ 1872 ਦੀ ਮਾਰੂ ਸੱਟ ਨੇ ਇੱਕ ਵਾਰ ਤਾਂ ਨਿਢਾਲ ਕਰ ਦਿੱਤਾ ਸੀ ਅਤੇ ਸ਼ਕਤੀਸ਼ਾਲੀ ਸਰਕਾਰੀ ਤੰਤਰ ਨਾਲ ਹੋਈ ਸਿੱਧੀ ਟੱਕਰ ਲੈਣੀ ਸੌਖੀ ਗੱਲ ਨਹੀਂ ਸੀ। ਫਿਰ ਵੀ ਗੁਪਤ ਅਤੇ ਪ੍ਰਗਟ ਰੂਪ ਵਿੱਚ ਕੂਕਾ ਲਹਿਰ ਵਿੱਚ ਸੁਤੰਤਰਤਾ ਪ੍ਰਾਪਤੀ ਦੇ ਸੰਘਰਸ਼ ਲਈ ਨਵੇਂ ਵਲਵਲੇ ਵੀ ਅੰਗੜਾਈਆਂ ਲੈਣ ਲੱਗ ਪਏ ਸਨ। ਇਹੋ ਕਾਰਨ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ਾਂ ਵਿੱਚੋਂ ਭੇਜੇ ਸੰਦੇਸ਼ਾਂ ਅਤੇ ਸਤਿਗੁਰੂ ਹਰੀ ਸਿੰਘ ਦੇ ਦੇਸ਼ ਵਿੱਚ ਕੀਤੇ ਗਏ ਯਤਨਾਂ ਸਦਕਾ ਕੂਕੇ ਨਾ ਤਾਂ ਦਬਾਏ ਜਾ ਸਕੇ ਅਤੇ ਨਾ ਹੀ ਉਨ੍ਹਾਂ ਨੇ ਚੁਪ-ਚਾਪ ਅੰਗਰੇਜ਼ੀ ਸਰਕਾਰ ਅੱਗੇ ਗੋਡੇ ਟੇਕੇ। ਇਸ ਸਾਰੇ ਵਾਤਾਵਰਣ ਅਤੇ ਗੁਰੂ ਦੇ ਭਰੋਸੇ ਨੇ ਉਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਅਤੇ ਬਰਤਾਨਵੀ ਤਾਜ ਦੇ ਵਫ਼ਾਦਾਰ ਬਣ ਸਕਣ ਨੂੰ ਅਸੰਭਵ ਬਣਾ ਦਿੱਤਾ ਸੀ।

### ਜਬ ਰੂਸ ਪੰਜਾਬੇ ਆਵੇ

ਕਸ਼ਮੀਰ ਨੇਪਾਲ ਨਾਲ ਕੂਕਾ ਲਹਿਰ ਦੇ ਪਰਸਪਰ ਸੰਬੰਧਾਂ ਤੋਂ ਬਿਨਾਂ ਨਾਮਧਾਰੀ ਸਤਿਗੁਰੂ ਸਾਹਿਬਾਨ ਵੱਲੋਂ ਮੱਧ ਏਸ਼ੀਆ ਦੇ ਰੂਸੀ ਹੁਕਮਰਾਨਾਂ ਨਾਲ ਸੰਬੰਧ ਜੋੜਨ ਬਾਰੇ 1872 ਤੋਂ ਲੈ ਕੇ 1890-91 ਦੇ ਸਾਲਾਂ ਵਿੱਚ ਰੂਸ ਵੱਲੋਂ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਵਿੱਚ ਆ ਕੇ ਨਾਮਧਾਰੀਆਂ ਦੇ ਸਹਿਯੋਗ ਨਾਲ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਦੀ ਚਰਚਾ ਵੀ ਆਮ ਰਹੀ ਸੀ। ਇਸ ਦੇ ਇਤਿਹਾਸਕ ਪਿਛੋਕੜ ਨੂੰ ਸਮਝਣ ਦੀ ਲੋੜ ਹੈ।

ਇਤਿਹਾਸ ਦੇ ਇਸ ਕਾਲ ਵਿੱਚ ਬਰਤਾਨਵੀ ਸਾਮਰਾਜ ਅਤੇ ਰੂਸੀ ਸਾਮਰਾਜ ਦੋਵੇਂ ਬੜੇ ਸ਼ਕਤੀਸ਼ਾਲੀ ਸਾਮਰਾਜ ਸਨ। ਇਸ ਕਾਲ ਵਿੱਚ ਰੂਸੀ ਸਾਮਰਾਜ ਨੇ ਮੱਧ ਏਸ਼ੀਆ ਦੇ ਰੂਸੀ ਤੁਰਕਿਸਤਾਨ ਤੋਂ ਲੈ ਕੇ ਰੂਸ ਦੇ ਸਾਮਰਾਜ ਦਾ ਵਿਸਥਾਰ ਔਕਸਸ (OXUS) ਦਰਿਆ ਤੱਕ ਕਰ ਲਿਆ ਗਿਆ ਸੀ ਅਤੇ ਉਹ ਅਫਗਾਨਿਸਤਾਨ ਦੀਆਂ ਹੱਦਾਂ ਤੱਕ ਪਹੁੰਚ ਗਿਆ ਸੀ। ਥੋੜ੍ਹੇ ਜਿਹੇ ਸਾਲਾਂ ਵਿੱਚ ਹੀ ਰੂਸੀ ਸਾਮਰਾਜ ਦਾ ਇਸ ਖੇਤਰ ਵਿੱਚ ਵਿਸਥਾਰ ਹੋਇਆ। ਮੱਧ ਏਸ਼ੀਆ ਦੇ ਬਹੁਤ ਸਾਰੇ ਮਹੱਤਵਪੂਰਣ ਖੇਤਰਾਂ ਦੇ ਵੱਡੇ-ਵੱਡੇ ਸ਼ਹਿਰਾਂ, ਤਾਸ਼ਕੰਦ, ਸਮਰਕੰਦ ਅਤੇ ਬੁਖਾਰੇ ਆਦਿ ਉੱਤੇ ਰੂਸੀਆਂ ਦਾ ਕਬਜ਼ਾ ਹੋ ਗਿਆ ਸੀ। ਰੂਸ ਦੇ ਇਸ ਵਿਸਥਾਰ ਤੋਂ ਬਰਤਾਨਵੀ ਸਰਕਾਰ ਉਸੇ ਤਰ੍ਹਾਂ ਖ਼ਤਰਾ ਮਹਿਸੂਸ ਕਰ ਰਹੀ ਸੀ, ਜਿਵੇਂ ਉਹ 19ਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਫਰਾਂਸ ਕੋਲੋਂ ਭੈਅਭੀਤ ਸੀ। ਇਨ੍ਹਾਂ ਦੋਹਾਂ ਸਾਮਰਾਜਾਂ ਦੀਆਂ ਸਰਹੱਦਾਂ ਇੱਕ-ਦੂਜੇ ਦੇ ਵਧੇਰੇ ਨੇੜੇ ਆ ਗਈਆਂ ਸਨ। ਪਰ ਨੈਪੋਲੀਅਨ ਬੋਨਾਪਾਰਟ ਦੀ ਹਾਰ ਪਿਛੋਂ ਉਨ੍ਹਾਂ ਨੂੰ ਸੁੱਖ ਦਾ ਸਾਹ ਆਇਆ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਦੂਰਦਰਸ਼ਿਤਾ ਨੇ ਰਾਜਨੀਤਕ ਤੌਰ ਤੇ ਇਨ੍ਹਾਂ ਦੋਹਾਂ ਸਾਮਰਾਜਾਂ ਦੀ ਦੁਸ਼ਮਣੀ ਤੋਂ ਪੂਰਾ-ਪੂਰਾ ਲਾਭ ਉਠਾਉਣ ਦਾ ਯਤਨ ਕੀਤਾ। ਰਾਜਨੀਤੀ ਵਿੱਚ ਦੁਸ਼ਮਣ ਦਾ ਦੁਸ਼ਮਣ ਮਿੱਤਰ ਹੁੰਦਾ ਹੈ। ਇਸ ਲਈ ਰੂਸ ਦੀ ਸਹਾਇਤਾ ਨਾਲ ਸੁਤੰਤਰਤਾ ਅੰਦੋਲਨ ਦੇ ਉਦੇਸ਼ਾਂ ਦੀ ਸਫ਼ਲਤਾ ਲਈ ਰੂਸ ਨਾਲ ਸੰਬੰਧ ਕਾਇਮ ਕਰਨ ਵਿੱਚ ਕੋਈ ਗਲਤ ਗੱਲ ਨਹੀਂ ਸੀ। ਇਸ ਸੰਬੰਧ ਵਿੱਚ ਇਹ ਗੱਲ ਵੀ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਮਹਾਰਾਜਾ ਦਲੀਪ ਸਿੰਘ ਨੇ ਵੀ ਇਸ ਸਮੇਂ ਰੂਸ ਦੀ ਸਹਾਇਤਾ ਲੈਣੀ ਚਾਹੀ ਸੀ। ਇਸ ਵਿੱਚ ਨਾਮਧਾਰੀ ਸੂਬਿਆਂ ਗੁਰਚਰਨ ਸਿੰਘ ਅਤੇ ਬਿਸ਼ਨ ਸਿੰਘ ਨੇ ਬੜੀ ਵੱਡੀ ਭੂਮਿਕਾ ਨੂੰ ਨਿਭਾਇਆ, ਜਿਨ੍ਹਾਂ ਦੇ ਯਤਨਾਂ ਸਦਕਾ ਸਤਿਗੁਰੂ ਰਾਮ ਸਿੰਘ ਅਤੇ ਵਿਸ਼ੇਸ਼ ਕਰਕੇ ਸਤਿਗੁਰੂ ਹਰੀ ਸਿੰਘ ਮੱਧ ਏਸ਼ੀਆ ਦੇ ਰੂਸੀ ਹੁਕਮਰਾਨਾਂ ਨਾਲ ਸੰਪਰਕ ਸਥਾਪਿਤ ਕਰ ਸਕੇ। ਇਸ ਪ੍ਰਸੰਗ ਵਿੱਚ [1*]ਅੰਗਰੇਜ਼ਾਂ ਅਤੇ ਰੂਸੀਆਂ ਦੇ ਪਰਸਪਰ ਸੰਬੰਧ ਨੂੰ ਜਾਨਣਾ ਜ਼ਰੂਰੀ ਹੈ। 1872 ਦੇ ਸਮੇਂ ਰੂਸ ਮੱਧ ਏਸ਼ੀਆ ਵਿੱਚ ਅੱਗੇ ਵੱਧ ਰਿਹਾ ਸੀ। ਇਸ ਸਮੇਂ ਰੂਸ ਅਤੇ ਬਰਤਾਨਵੀ ਸਾਮਰਾਜਾਂ ਦੇ ਇਲਾਕਿਆਂ ਦੀ ਦੂਰੀ ਘੱਟਦੀ ਜਾ ਰਹੀ ਸੀ, ਜਿਸ ਨੂੰ ਅੰਗਰੇਜ਼ ਚੰਗਾ ਨਹੀਂ ਸਨ ਸਮਝਦੇ। ਇਹ ਘਿਰਣਾ ਭੈਅ ਦਾ ਰੂਪ ਧਾਰਨ ਕਰ ਗਈ। ਜਦੋਂ 1865 ਅਤੇ 1868 ਵਿੱਚ

1* ਡਾ: ਫੌਜਾ ਸਿੰਘ ਬਾਜਵਾ, 'ਕੂਕਾ ਮੂਵਮੈਂਟ', ਪੰਨਾ 142



Sri Satguru Jagjit Singh Ji Elibrary NamdhariElibrary@gmail.com

ਰੂਸੀਆਂ ਨੇ ਉਤੋਰਿਤੀ ਤਾਸ਼ਕੰਦ ਅਤੇ ਸਮਰਕੰਦ 'ਤੇ ਕਬਜ਼ਾ ਕਰ ਲਿਆ। ਜਨਰਲ ਕੋਫਮਾਨ (Kaufmann) ਨੂੰ 1867 ਵਿੱਚ ਤਾਸ਼ਕੰਦ ਦਾ ਗਵਰਨਰ ਥਾਪ ਦਿੱਤਾ ਗਿਆ। ਇਸ ਨਾਲ ਅੰਗਰੇਜ਼ਾਂ ਨੂੰ ਰੂਸੀਆਂ ਦੇ ਹੋਰ ਅੱਗੇ ਵੱਧਣ ਦਾ ਖ਼ਤਰਾ ਭਾਸਿਆ। 1873 ਵਿੱਚ ਖੀਵਾ (Khiva) ਨੂੰ ਰੂਸੀ ਸਲਤਨਤ ਵਿੱਚ ਮਿਲਾਉਣ ਨਾਲ ਇਹ ਗੱਲ ਸੱਚੀ ਸਿੱਧ ਹੋਣ ਲੱਗ ਪਈ ਸੀ ਅਤੇ ਰੂਸੀ ਸਾਮਰਾਜ ਦੀਆਂ ਸਰਹਦਾਂ ਦਰਿਆ ਔਕਸਸ (Oxus) ਦੇ ਕੰਡੇ ਤੱਕ ਪਹੁੰਚ ਕੇ ਅਫਗਾਨਿਸਤਾਨ ਦੀਆਂ ਹੱਦਾਂ ਨੂੰ ਜਾ ਛੂਹਣ ਲੱਗੀਆਂ। ਖੀਵੇ (Khiva) ਦੇ ਕਬਜ਼ੇ ਨਾਲ ਰੂਸੀ ਸੈਨਾ ਦੀਆਂ ਛੌਣੀਆਂ ਔਕਸਸ (OXUS) ਨਦੀ ਦੇ ਕੰਡੇ ਦੇ ਕਿਲ੍ਹੇ ਤੱਕ ਜਾ ਪਹੁੰਚੀਆਂ। ਛੇਤੀ ਹੀ ਖੋਖੰਡ (Khokhand) ਦੇ ਇਲਾਕੇ ਉੱਤੇ ਰੂਸ ਦਾ ਕਬਜ਼ਾ ਹੋ ਗਿਆ। 1875 ਤੱਕ ਜ਼ਾਰ ਰੂਸ ਦਾ ਸਾਰੇ ਮੱਧ ਏਸ਼ੀਆ ਉੱਤੇ ਅਧਿਕਾਰ ਸਥਾਪਤ ਹੋ ਗਿਆ ਸੀ। ਸਿੱਟੇ ਵਜੋਂ ਰੂਸ ਅਤੇ ਬਰਤਾਨੀਆ ਵਿੱਚ ਤਨਾਅ ਹੋਰ ਵੱਧ ਗਿਆ। ਇਨ੍ਹਾਂ ਇਤਿਹਾਸਕ ਸਮਾਚਾਰਾਂ ਨੂੰ ਮੁੱਖ ਰੱਖ ਕੇ ਬਰਤਾਨੀਆ ਨੇ ਅਫਗਾਨਿਸਤਾਨ ਨਾਲ ਆਪਣੇ ਰਾਜਨੀਤਕ ਸੰਬੰਧਾਂ ਨੂੰ ਵਧੇਰੇ ਸੁਖਾਵਾਂ ਅਤੇ ਪ੍ਰਭਾਵਸ਼ਾਲੀ ਬਣਾਉਣ ਦਾ ਯਤਨ ਕੀਤਾ, ਤਾਂ ਜੋ ਰੂਸੀ ਖ਼ਤਰੇ ਦਾ ਮੁਕਾਬਲਾ ਕੀਤਾ ਜਾ ਸਕੇ।

ਰੂਸ ਦੇ ਖ਼ਤਰੇ ਦਾ ਟਾਕਰਾ ਕਰਨ ਲਈ ਅੰਗਰੇਜ਼ਾਂ ਨੇ ਅਫਗਾਨਿਸਤਾਨ ਦੇ ਹਾਕਮਾਂ ਤੋਂ ਕੁਝ ਰਾਜਨੀਤਕ ਅਤੇ ਸੈਨਿਕ ਰਿਆਇਤਾਂ ਪ੍ਰਾਪਤ ਕਰਨ ਦਾ ਯਤਨ ਕੀਤਾ। ਅਫਗਾਨਿਸਤਾਨ ਦਾ ਅਮੀਰ ਸ਼ੇਰ ਅਲੀ ਅੰਗਰੇਜ਼ਾਂ ਦੀਆਂ ਸ਼ਰਤਾਂ ਮੰਨਣ ਨੂੰ ਤਿਆਰ ਨਹੀਂ ਸੀ, ਇਸ ਲਈ 1878 ਵਿੱਚ ਅੰਗਰੇਜ਼ਾਂ ਨੇ ਹੱਲਾ ਕਰਕੇ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ। ਅਮੀਰ ਸ਼ੇਰ ਅਲੀ ਨੇ ਭੱਜ ਕੇ ਰੂਸੀ ਤੁਰਕਿਸਤਾਨ ਵਿੱਚ ਸ਼ਰਨ ਲਈ ਜਿੱਥੇ ਛੇਤੀ ਹੀ ਉਸਦਾ ਦੇਹਾਂਤ ਹੋ ਗਿਆ। 1879 ਵਿੱਚ ਅੰਗਰੇਜ਼ਾਂ ਨੇ ਆਪਣੀ ਸਹਿਮਤੀ ਨਾਲ ਬਣਾਏ ਨਵੇਂ ਅਮੀਰ ਯਾਕੂਬ ਖਾਨ ਨਾਲ ਗੰਦਾਮਾਕ (Ganda Mak) ਵਿਖੇ ਸੰਧੀ ਕਰ ਲਈ, ਜਿਸਨੂੰ ਲਾਰਡ ਲਿਟਨ ਆਪਣੀ ਵੱਡੀ ਸਫ਼ਲਤਾ ਮੰਨਦਾ ਸੀ। ਪਰ ਅੰਗਰੇਜ਼ਾਂ ਲਈ ਇਹ ਖੁਸ਼ੀ ਥੋੜ੍ਹ ਚਿਰੀ ਹੀ ਸਾਬਤ ਹੋਈ, ਕਿਉਂ ਜੋ ਇਸ ਵਿਦੇਸ਼ੀ ਗਲਬੇ ਵਿਰੁੱਧ ਅਫਗਾਨਿਸਤਾਨ ਵਿੱਚ ਛੇਤੀ ਹੀ ਜ਼ਬਰਦਸਤ ਕੌਮੀ ਲਹਿਰ ਉੱਠ ਖੜ੍ਹੀ ਹੋਈ। ਅੰਗਰੇਜ਼ੀ ਰੈਜ਼ੀਡੈਂਟ ਅਤੇ ਉਸਦੇ ਸਹਾਇਕ ਕਤਲ ਕਰ ਦਿੱਤੇ ਗਏ। ਸਾਰੇ ਰਾਜ ਵਿੱਚ ਹਲਚਲ ਮਚ ਗਈ।

ਲਾਰਡ ਲਿਟਨ ਦੇ ਇਸ ਹਾਲਤ ਤੋਂ ਨਿਕਲ ਸਕਣ ਦੇ ਸਭ ਯਤਨ ਵਿਅਰਥ ਸਿੱਧ ਹੋਏ। ਅਫਗਾਨਿਸਤਾਨ ਦੇ ਸ਼ਾਹੀ ਖਾਨਦਾਨ ਵਿੱਚੋਂ ਅਮੀਰ ਅਬਦੁਰ ਰਹਿਮਾਨ ਜੋ ਰੂਸੀ ਇਲਾਕੇ ਵਿੱਚ ਆਪਣੀ ਦਿਨ ਕਟੀ ਕਰ ਰਿਹਾ



Sri Satguru Jagjit Singh Ji Elibrary NamdhariElibrary@gmail.com

ਸੀ, ਨੇ ਇਸ ਗੜਬੜ ਦੀ ਹਾਲਤ ਦਾ ਫਾਇਦਾ ਉਠਾਇਆ ਅਤੇ ਅਫਗਾਨਿਸਤਾਨ ਦਾ ਨਵਾਂ ਹੁਕਮਰਾਨ ਬਣ ਗਿਆ। ਪਰ ਇਸ ਨਾਲ ਅੰਗਰੇਜ਼ਾਂ ਅਤੇ ਰੂਸ ਦੇ ਸੰਬੰਧਾਂ ਵਿੱਚ ਕੋਈ ਸੁਧਾਰ ਨਾ ਹੋਇਆ। ਰੂਸ ਅਤੇ ਅਫਗਾਨਿਸਤਾਨ ਦੀਆਂ ਸਰਹੱਦਾਂ ਦਾ ਝਗੜਾ ਇਸ ਦਾ ਵੱਡਾ ਕਾਰਨ ਸੀ, ਜੋ 1907 ਤੱਕ ਲਟਕਦਾ ਰਿਹਾ। ਰੂਸ ਦੇ ਮਰਵ (Merv), ਦੱਰਾ ਜ਼ੁਲਫਕਾਰ ਅਤੇ ਪੰਜਦੇਹ (Panjdeh) ਉੱਤੇ ਕਬਜ਼ਾ ਕਰਨ ਕਾਰਨ ਅੰਗਰੇਜ਼ਾਂ ਦੇ ਦਿਲ ਦਾ ਧੜਕੂ ਹੋਰ ਵੱਧ ਗਿਆ। ਪੰਜਦੇਹ ਵਿੱਚੋਂ ਰੂਸੀ ਫ਼ੌਜਾਂ ਨੇ ਅਫਗਾਨ ਸਿਪਾਹੀਆਂ ਨੂੰ ਬਾਹਰ ਧੱਕ ਦਿੱਤਾ ਸੀ, ਜਿਸ ਕਾਰਨ ਦੋਹਾਂ ਦੇਸ਼ਾਂ ਵਿੱਚ 1885 ਵਿੱਚ ਜੰਗ ਸ਼ੁਰੂ ਹੋ ਗਈ। 1887 ਤੱਕ ਇਸ ਸਰਹੱਦੀ ਝਗੜੇ ਦਾ ਨਿਪਟਾਰਾ ਨਾ ਹੋ ਸਕਿਆ। ਸਿੱਟੇ ਵਜੋਂ ਅੰਗਰੇਜ਼ਾਂ ਅਤੇ ਰੂਸ ਦੇ ਸੰਬੰਧਾਂ ਵਿੱਚ ਤਨਾਅ 1907 ਦੇ ਸਮਝੌਤੇ ਤੱਕ ਬਣਿਆ ਹੀ ਰਿਹਾ।

ਅਜਿਹੇ ਇਤਿਹਾਸਿਕ ਪਿਛੋਕੜ ਨੂੰ ਧਿਆਨ ਵਿੱਚ ਰੱਖ ਕੇ ਹੀ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਰੂਸ ਨਾਲ ਸੰਬੰਧ ਜੋੜਨ ਦੇ ਯਤਨ ਕੀਤੇ। ਅੰਗਰੇਜ਼ੀ ਹਕੂਮਤ ਵਿਰੁੱਧ ਆਪਣੀ ਰਾਜਨੀਤਕ ਲਹਿਰ ਨੂੰ ਹੋਰ ਤਿੱਖਾ ਕਰਨ ਲਈ ਉਹ ਰੂਸ ਵੱਲੋਂ ਸਹਾਇਤਾ ਦੀ ਆਸ ਰੱਖਦੇ ਸਨ। ਉਨ੍ਹਾਂ ਦਾ ਅੰਤਿਮ ਮਨੋਰਥ ਤਾਂ ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਸੰਘਰਸ਼ ਨੂੰ ਜਾਰੀ ਰੱਖਣਾ ਸੀ। ਇਸ ਪਿੱਛੇ ਰਾਜਨੀਤਕ ਕੂਟਨੀਤੀ ਦੇ ਨਾਲ-ਨਾਲ ਸੈਨਿਕ ਸੰਘਰਸ਼ ਦੀ ਸੰਭਾਵਨਾ ਹੀ ਬਣੀ ਹੋਈ ਸੀ। ਇਸੇ ਕਾਰਨ ਸੂਬਾ ਗੁਰਚਰਨ ਸਿੰਘ ਅਤੇ ਫਿਰ ਸੂਬਾ ਬਿਸ਼ਨ ਸਿੰਘ ਦੀਆਂ ਸਰਗਰਮੀਆਂ ਰੂਸ ਦੇ ਨਾਲ ਸੰਬੰਧ ਜੋੜਨ ਅਤੇ ਪੱਕਾ ਕਰਨ ਵਿੱਚ ਨਿਰੰਤਰ ਜਾਰੀ ਰਹੀਆਂ ਅਤੇ ਮੱਧ ਏਸ਼ੀਆ ਦੇ ਰੂਸੀ ਅਧਿਕਾਰੀਆਂ ਅਤੇ ਨਾਮਧਾਰੀ ਕੇਂਦਰ ਭੈਣੀ ਸਾਹਿਬ ਰਾਹੀਂ ਚਿੱਠੀ ਪੱਤਰ ਕੀਤਾ ਜਾਂਦਾ ਰਿਹਾ। ਇਨ੍ਹਾਂ ਪੱਤਰਾਂ ਦੀ ਸੂਚਨਾ ਜਾਂ ਉਤਾਰੇ ਬਰਮਾ ਵਿੱਚ ਨਜ਼ਰਬੰਦ ਸਤਿਗੁਰੂ ਰਾਮ ਸਿੰਘ ਜੀ ਤੱਕ ਗੁਪਤ ਰੂਪ ਵਿੱਚ ਪਹੁੰਚਾਏ ਜਾਂਦੇ ਰਹੇ ਅਤੇ ਆਪ ਜੀ ਵੱਲੋਂ ਸਮੇਂ-ਸਮੇਂ ਸਿਰ ਭੇਜੇ ਜਾਂਦੇ ਹੁਕਮਨਾਮਿਆਂ ਵਿੱਚ ਵੀ ਸੰਕੇਤਕ ਜਾਂ ਗੁਪਤ ਰੂਪ ਵਿੱਚ ਆਦੇਸ਼ ਦਿੱਤੇ ਜਾਂਦੇ ਰਹੇ। ਇਨ੍ਹਾਂ ਚਿੱਠੀ ਪੱਤਰਾਂ ਦੇ ਹਵਾਲੇ ਅਤੇ ਵੇਰਵੇ ਨਾਮਧਾਰੀ ਇਤਿਹਾਸਕਾਰਾਂ ਡਾ: ਫੌਜਾ ਸਿੰਘ ਬਾਜਵਾ ਅਤੇ ਐਮ.ਐਮ. ਆਹਲੂਵਾਲੀਆ ਦੀਆਂ ਪੁਸਤਕਾਂ ਵਿੱਚ ਦਿੱਤੇ ਗਏ ਹਨ। ਡਾ: ਫੌਜਾ ਸਿੰਘ ਅਨੁਸਾਰ ਕੂਕਾ ਆਗੂਆਂ ਨੇ ਇਸ ਸੰਬੰਧ ਵਿੱਚ ਦੋ ਪੱਖੀ ਨੀਤੀ ਨੂੰ ਅਪਣਾਇਆ। ਪਹਿਲੀ ਇਹ ਕਿ ਅੰਗਰੇਜ਼ ਸਰਕਾਰ ਵੱਲੋਂ ਕੂਕਿਆਂ ਨਾਲ ਸੁਲਹਾ ਸਫ਼ਾਈ ਦੇ ਯਤਨਾਂ ਅਤੇ ਰਿਆਇਤਾਂ ਦੇਣ ਵਾਲੇ ਲੋਭਾਂ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਜਾਵੇ। ਦੂਜਾ ਅੰਗਰੇਜ਼ਾਂ ਵਿਰੁੱਧ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇ। ਸਤਿਗੁਰੂ ਰਾਮ ਸਿੰਘ ਜੀ ਨੇ ਬਰਮਾ ਤੋਂ ਭੇਜੇ ਗਏ ਆਪਣੇ ਹੁਕਮਨਾਮਿਆਂ ਵਿੱਚ



Sri Satguru Jagjit Singh Ji Elibrary NamdhariElibrary@gmail.com

ਸਪੱਸ਼ਟ ਤੌਰ ਤੇ ਆਪਣੇ ਪੈਰੋਕਾਰਾਂ ਨੂੰ ਇਹ ਆਗਿਆ ਕੀਤੀ ਕਿ ਕੋਈ ਵੀ ਨਾਮਧਾਰੀ ਸਿੰਘ ਅੰਗਰੇਜ਼ਾਂ ਦੀ ਨੌਕਰੀ ਨਾ ਕਰੇ।

1*"ਕਿਸੇ ਵੀ ਸਿੰਘ ਨੂੰ ਸਰਕਾਰੀ ਨੌਕਰੀ ਲਈ ਭਰਤੀ ਨਹੀਂ ਹੋਣਾ ਚਾਹੀਦਾ। ਜੋ ਅਜਿਹਾ ਕਰੇਗਾ, ਉਸ ਨੂੰ ਕਾਫ਼ੀ ਦੁੱਖ ਹੋਵੇਗਾ। ਮੇਰੀ ਗੱਲ ਨੂੰ ਸੱਚ ਮੰਨਣਾ। ਮੈਂ ਕੋਈ ਝੂਠ ਨਹੀਂ ਲਿਖ ਰਿਹਾ। ਹੁਣ ਸਮਾਂ ਬਦਲ ਚੁੱਕਾ ਹੈ। ਹੁਣ ਅੰਗਰੇਜ਼ਾਂ ਦੇ ਖਾਤਮੇ ਦਾ ਸਮਾਂ ਨੇੜੇ ਆ ਗਿਆ ਹੈ। ਗੁਰੂ ਜੀ ਦੀ ਰਜ਼ਾ ਅਨੁਸਾਰ ਉਨ੍ਹਾਂ ਦਾ ਅੰਤ ਸਾਫ਼ ਦਿਖਾਈ ਦੇ ਰਿਹਾ ਹੈ।"

ਇੱਕ ਹੋਰ ਹੁਕਮਨਾਮੇ ਵਿੱਚ ਆਪ ਜੀ ਨੇ ਇਹ ਤਾੜਨਾ ਕੀਤੀ। "ਖਾਲਸਾ ਜੀ! ਤੁਹਾਡੇ ਵਿੱਚੋਂ ਕੋਈ ਵੀ ਸਰਕਾਰੀ ਨੌਕਰੀ ਵਿੱਚ ਨਹੀਂ ਰਹਿਣਾ ਚਾਹੀਦਾ; ਜੇਕਰ ਕੋਈ ਅਜਿਹਾ ਕਰੇਗਾ, ਉਸਨੂੰ ਬਹੁਤ ਸਾਰੇ ਕਸ਼ਟ ਝਲਣੇ ਪੈਣਗੇ।"

ਇਸ ਨੀਤੀ ਦਾ ਦੂਜਾ ਪੱਖ ਇਹ ਸੀ ਕਿ ਅੰਗਰੇਜ਼ਾਂ ਵਿਰੁੱਧ ਰੂਸ ਦੀ ਸਹਾਇਤਾ ਲਈ ਜਾਵੇ। ਕੂਕੇ ਰਾਜਨੀਤਕ ਉਦੇਸ਼ਾਂ ਦੀ ਪ੍ਰਾਪਤੀ ਲਈ ਵਿਦੇਸ਼ੀ ਸਹਾਇਤਾ ਨੂੰ ਗਲਤ ਨਹੀਂ ਸਨ ਮੰਨਦੇ। ਕਿਸੇ ਬਾਹਰਲੇ ਮੁਲਕ ਤੋਂ ਸੈਨਿਕ ਬਲ ਦੀ ਵਰਤੋਂ ਦੇ ਖਤਰੇ ਨੂੰ ਉਨ੍ਹਾਂ ਦੀ ਅੰਗਰੇਜ਼ਾਂ ਪ੍ਰਤੀ ਤੀਖਣ ਵਿਰੋਧ ਦੀ ਭਾਵਨਾ ਅੱਖੋਂ-ਪਰੋਖੇ ਕਰ ਦਿੰਦੀ ਸੀ। ਅੰਗਰੇਜ਼ਾਂ ਅਤੇ ਰੂਸ ਦੇ ਤਨਾਅ ਵਾਲੇ ਸੰਬੰਧ ਉਨ੍ਹਾਂ ਵਿੱਚ ਇਸ ਦਿਸ਼ਾ ਵਿੱਚ ਆਪਣੀ ਸਫ਼ਲਤਾ ਦੀ ਆਸ ਨੂੰ ਜਗਾਈ ਰੱਖਦੇ ਸਨ।

ਸੂਬਾ ਗੁਰਚਰਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਇਸ ਬੰਨੇ ਪੂਰੀ ਤਨਦੇਹੀ ਨਾਲ ਨਿਸ਼ਕਾਮ ਅਤੇ ਨਿਰਸਵਾਰਥੀ ਭਾਵਨਾ ਨਾਲ ਜੁਟੇ ਹੋਏ ਸਨ। ਉਨ੍ਹਾਂ ਦੇ ਸਨਮੁੱਖ ਵੱਡਾ ਅਤੇ ਉੱਚਾ ਆਦਰਸ਼ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਹੀ ਸੀ। ਉਹ ਕਿਸੇ ਦੇ ਖਰੀਦੇ ਹੋਏ ਜਾਸੂਸ ਨਹੀਂ ਸਨ, ਜਿਸ ਤਰ੍ਹਾਂ ਕਿ ਸ਼ੰਕਰ ਰਾਏ ਅਤੇ ਗੁਲਾਸ ਖਾਂ ਸਨ। ਉਹ ਤਾਂ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦੀ ਅਗਵਾਈ ਹੇਠ ਸੱਚੇ ਦੇਸ਼ ਭਗਤਾਂ ਅਤੇ ਸੁਹਿਰਦ ਸੁਤੰਤਰਤਾ ਘੁਲਾਟੀਆਂ ਦੇ ਕਰਤੱਵਾਂ ਨੂੰ ਨਿਭਾ ਰਹੇ ਸਨ।

ਸੂਬਾ ਗੁਰਚਰਨ ਸਿੰਘ ਸਿਆਲਕੋਟ ਦੇ ਚੱਕ ਪੁਰਾਣਾ ਦਾ ਵਾਸੀ ਸੀ ਅਤੇ ਕਾਬਲ ਵਿੱਚ ਬਾਬਾ ਪਿਰਾਣਾ ਦੇ ਸਥਾਨ ਦੇ ਅਨੇਕ ਸ਼ਰਧਾਲੂ ਉਸਦਾ ਸਤਿਕਾਰ ਕਰਦੇ ਸਨ। ਸੂਬਾ ਗੁਰਚਰਨ ਸਿੰਘ ਖਾਲਸਾ ਸੈਨਾ ਵਿੱਚ 16 ਸਾਲ ਨੌਕਰੀ ਕਰ ਚੁੱਕਾ ਸੀ ਅਤੇ ਸਰੀਰਕ ਤੌਰ ਤੇ ਬਲਵਾਨ ਵਿਅਕਤੀ ਸੀ। 1870 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਨੂੰ ਸੂਬਾ ਥਾਪਿਆ ਅਤੇ ਮੱਧ ਏਸ਼ੀਆ ਦੇ ਰੂਸੀ ਅਧਿਕਾਰੀਆਂ ਨਾਲ ਸੰਬੰਧ ਜੋੜਨ ਲਈ ਉਸ ਨੂੰ ਢੁੱਕਵਾਂ ਵਿਅਕਤੀ ਸਮਝਿਆ

1* ਡਾ: ਫੌਜਾ ਸਿੰਘ ਬਾਜਵਾ, 'ਕੂਕਾ ਮੂਵਮੈਂਟ', ਪੰਨਾ 143



Sri Satguru Jagjit Singh Ji Elibrary NamdhariElibrary@gmail com

ਗਿਆ। ਕਾਬਲ ਵਿੱਚ ਵੀ ਉਸ ਦੇ ਕਈ ਸ਼ਰਧਾਲੂ ਉਸ ਦੇ ਬਾਬਾ ਪੁਰਾਣਾ ਦੀ ਵੰਸ਼ ਵਿੱਚੋਂ ਹੋਣ ਕਰਕੇ ਮੌਜੂਦ ਸਨ। ਉਸਨੇ ਬੜੇ ਸਫ਼ਲਤਾ ਨਾਲ ਆਪਣੇ ਜਿੰਮੇ ਲੱਗੇ ਕਾਰਜ ਨੂੰ ਨਿਭਾਇਆ। 1879 ਵਿੱਚ ਉਹ ਨਾਮਧਾਰੀ ਸਤਿਗੁਰੂ ਦੇ ਪੱਤਰ ਨੂੰ ਰੂਸੀ ਅਧਿਕਾਰੀਆਂ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੋ ਗਿਆ। ਡਾ: ਫੌਜਾ ਸਿੰਘ ਅਨੁਸਾਰ ਇਸ ਪੱਤਰ ਵਿੱਚ ਇਹ ਸ਼ਬਦ ਅੰਕਿਤ ਸਨ।

1*"ਸਭ ਤੋਂ ਪਹਿਲਾਂ ਰੂਸ ਦੇ ਸ਼ਹਿਨਸ਼ਾਹ, ਉਥੋਂ ਦੇ ਗਵਰਨਰ ਜਨਰਲ ਅਤੇ ਹੋਰ ਰੂਸੀ ਅਧਿਕਾਰੀਆਂ ਨੂੰ 'ਸਲਾਮ' ਕਹਿ ਕੇ ਸੰਬੋਧਨ ਕੀਤਾ ਗਿਆ ਹੈ ਅਤੇ ਇਸ ਵਿੱਚ ਲਿਖਿਆ ਗਿਆ ਹੈ ਕਿ ਰਾਮ ਸਿੰਘ 3,15,000 ਕੂਕਿਆਂ ਦਾ ਗੁਰੂ ਹੈ। ਇਹ ਸਾਰੇ ਵੀਰ ਸੈਨਿਕ ਹਨ, ਪਰ ਜ਼ਾਲਮ ਬਰਤਾਨਵੀ ਸਰਕਾਰ ਨੇ ਉਸ (ਸਤਿਗੁਰੂ ਰਾਮ ਸਿੰਘ) ਨੂੰ ਰੰਗੂਨ ਵਿਖੇ ਕੈਦ ਕੀਤਾ ਹੋਇਆ ਹੈ। ਉਨ੍ਹਾਂ ਦਾ ਛੋਟਾ ਭਾਈ ਲੁਧਿਆਣੇ ਵਿਖੇ ਆਪ ਜੀ ਨੂੰ ਸਾਰੇ ਸਮਾਚਾਰਾਂ ਤੋਂ ਜਾਣੂ ਕਰਵਾਉਂਦਾ ਰਹਿੰਦਾ ਹੈ। ਅੰਗਰੇਜ਼ਾਂ ਨੂੰ ਡਰ ਹੈ ਕਿ ਕੂਕੇ ਉਨ੍ਹਾਂ ਤੋਂ ਪੰਜਾਬ ਦਾ ਰਾਜ ਖੋਹ ਲੈਣਗੇ। ਪਰ ਪਵਿੱਤਰ ਗ੍ਰੰਥ (ਜਨਮ ਸਾਖੀ) ਵਿੱਚ ਉਲੇਖ ਹੈ ਕਿ ਰੂਸ ਹਿੰਦੁਸਤਾਨ ਵਿੱਚ ਆਵੇਗਾ ਅਤੇ ਖਾਲਸਾ ਉਸ ਦੀ ਸਹਾਇਤਾ ਨਾਲ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢ ਦੇਵੇਗਾ ਅਤੇ ਫਿਰ ਰੂਸ ਤੇ ਖਾਲਸਾ ਦੋਵੇਂ ਰੱਲ ਕੇ ਸਾਰੇ ਹਿੰਦੁਸਤਾਨ ਉੱਤੇ ਰਾਜ ਕਰਨਗੇ।"

ਗੁਰਚਰਨ ਸਿੰਘ ਪਸ਼ਤੋ ਤੇ ਫਾਰਸੀ ਜਾਣਦਾ ਸੀ। ਬਰਤਾਨਵੀ ਜਾਸੂਸ ਗੁਲਾਬ ਖ਼ਾਂ ਦੇ ਬਿਆਨਾਂ ਅਨੁਸਾਰ ਰੂਸੀ ਅਧਿਕਾਰੀਆਂ ਵੱਲੋਂ ਗੁਰਚਰਨ ਸਿੰਘ ਦਾ ਕਾਫ਼ੀ ਸਤਿਕਾਰ ਕੀਤਾ ਗਿਆ। ਸ਼ਿਕਾਰਪੁਰ ਦੇ ਸੌਦਾਗਰ ਜਵਾਲਾ ਨੂੰ ਉਸਦੀ ਮਹਿਮਾਨ ਨਿਵਾਜੀ ਲਈ ਮੁਕੱਰਰ ਕੀਤਾ ਗਿਆ ਅਤੇ ਇਸ ਚਿੱਠੀ ਦਾ ਪਹਿਲਾਂ ਫ਼ਾਰਸੀ ਵਿੱਚ ਅਤੇ ਫਿਰ ਰੂਸੀ ਭਾਸ਼ਾ ਵਿੱਚ ਅਨੁਵਾਦ ਕਰਕੇ ਸਮਰਕੰਦ ਦੇ ਗਵਰਨਰ ਨੂੰ ਤਾਰ ਰਾਹੀਂ ਇਸ ਬਾਰੇ ਸੂਚਿਤ ਕੀਤਾ ਗਿਆ।

ਗੁਲਾਬ ਖ਼ਾਂ ਨੇ 20 ਜੂਨ, 1880 ਦੇ ਪੱਤਰ ਦੇ ਹਵਾਲੇ ਰਾਹੀਂ ਦੱਸਿਆ ਕਿ 1 ਅਕਤੂਬਰ, 1879 ਨੂੰ ਗੁਰਚਰਨ ਸਿੰਘ ਦਾ ਵਿਸ਼ੇਸ਼ ਤੌਰ ਤੇ (ਦੂਤ ਸਮਝ ਕੇ) ਰੂਸੀ ਸਰਕਾਰ ਵੱਲੋਂ ਸਤਿਕਾਰ ਕੀਤਾ ਗਿਆ ਅਤੇ ਉਸ ਨੂੰ ਉਪਰੋਕਤ ਪੱਤਰ ਦਾ ਉੱਤਰ ਦੇ ਕੇ ਵਾਪਸ ਪੰਜਾਬ ਜਾਣ ਲਈ ਕਿਹਾ ਗਿਆ। ਇਸ ਅਵਸਰ ਉੱਤੇ ਉਸ ਨੂੰ ਕੁਝ ਨਕਦ ਰਕਮਾਂ ਅਤੇ ਰੇਸ਼ਮੀ ਚੋਗੇ )ਖਿਲਤਾਂ) ਵੀ ਸੌਗਾਤ ਵਜੋਂ ਦਿੱਤੇ ਗਏ।

ਇਸ ਮੁਲਾਕਾਤ ਦੀ ਪੁਸ਼ਟੀ ਉਜ਼ਬੇਕ ਸੋਸ਼ਲਿਸਟ ਰਿਪਬਲਿਕ ਦੇ ਪੁਰਾਤਤਵ ਵਿਭਾਗ ਦੇ ਦਸਤਾਵੇਜ਼ਾਂ ਤੋਂ ਵੀ ਹੋ ਜਾਂਦੀ ਹੈ। ਕਾਫ਼ੀ ਘੋਖ ਪੜਤਾਲ ਪਿਛੋਂ

1* ਡਾ: ਫੌਜਾ ਸਿੰਘ ਬਾਜਵਾ, 'ਕੂਕਾ ਮੂਵਮੈਂਟ', ਪੰਨਾ 145



Sri Satguru Jagjit Singh Ji Elibrary NamdhariElibrary@gmail.com

ਜ਼ੇਰਾਵਸ਼ਾਨਸਕ (Jeravshansk) ਦੇ ਪ੍ਰਮੁੱਖ ਅਧਿਕਾਰੀ ਮੇਜਰ ਜਨਰਲ ਐਨ.ਏ. ਇਵਾਨੋਵ (N.A. Ivanov) ਵੱਲੋਂ ਉਪਰੋਕਤ ਪੱਤਰ ਦਾ ਉੱਤਰ ਭੇਜਿਆ ਗਿਆ। ਡਾ: ਫੌਜਾ ਸਿੰਘ ਅਨੁਸਾਰ ਮੇਜਰ ਜਨਰਲ ਇਵਾਨੋਵ ਤੱਕ ਪਹੁੰਚ ਕਰਕੇ ਇਸ ਪੱਤਰ ਨੂੰ ਪਹੁੰਚਾਉਣਾ ਕੋਈ ਸੌਖੀ ਗੱਲ ਨਹੀਂ ਸੀ। ਚੰਗੇ ਭਾਗਾਂ ਨੂੰ ਹਿੰਦੁਸਤਾਨੀ ਸੌਦਾਗਰਾਂ ਵਿੱਚੋਂ ਇੱਕ ਵਿਅਕਤੀ ਗੁਰਮੁਖੀ ਅਤੇ ਫ਼ਾਰਸੀ ਜਾਣਦਾ ਸੀ। ਉਸ ਤੋਂ ਇਸ ਪੱਤਰ ਦਾ ਅਨੁਵਾਦ ਪਹਿਲਾਂ ਫ਼ਾਰਸੀ ਅਤੇ ਫਿਰ ਰੂਸੀ ਭਾਸ਼ਾ ਵਿੱਚ ਕਰਵਾਇਆ ਗਿਆ। ਅਨੁਵਾਦ ਕੀਤੇ ਗਏ ਪੱਤਰ ਦਾ ਸਾਰ ਇਨ੍ਹਾਂ ਸ਼ਬਦਾਂ ਵਿੱਚ ਅੰਕਿਤ ਹੈ।

[1*]"ਬਾਬਾ ਰਾਮ ਸਿੰਘ ਜੋ ਨੇਕ ਪੁਰਸ਼ਾਂ ਦਾ ਗੁਰੂ ਹੈ, ਨੇ ਰੂਸੀ ਲਾਟ (ਪ੍ਰਮੁੱਖ ਅਧਿਕਾਰੀ) ਨੂੰ ਸ਼ੁਭ ਕਾਮਨਾਵਾਂ ਭੇਜੀਆਂ ਹਨ ਅਤੇ ਲਿਖਿਆ ਹੈ ਕਿ ਮੈਂ ਆਪਣੇ ਇੱਕ ਸੂਬੇ ਜਿਸਦਾ ਨਾਂ ਗੁਰਚਰਨ ਸਿੰਘ ਹੈ, ਨੂੰ ਆਪ ਪਾਸ ਭੇਜ ਰਿਹਾ ਹਾਂ। ਗੁਰੂ ਗੋਬਿੰਦ ਸਿੰਘ ਨੇ ਭਵਿੱਖਬਾਣੀ ਕੀਤੀ ਸੀ ਕਿ ਸੰਤ ਖਾਲਸਾ 1238 (ਹਿਜ਼ਰੀ) ਵਿੱਚ ਪ੍ਰਗਟ ਹੋਵੇਗਾ ? ਉਦੋਂ ਤੱਕ ਅਸੀਂ ਔਰੰਗਜ਼ੇਬ ਦੀ ਗੁਲਾਮੀ ਤੋਂ ਮੁਕਤੀ ਪਾ ਸਕੇ ਹੋਵਾਂਗੇ। ਪਰ ਅਚਾਨਕ ਅੰਗਰੇਜ਼ ਆ ਕੇ ਸਾਡੇ ਉੱਤੇ ਜ਼ੁਲਮ ਢਾਹੁਣ ਲੱਗ ਜਾਣਗੇ। ਫੇਰ ਰੂਸ ਦੇ ਦਲ ਚੜ੍ਹ ਕੇ ਆਉਣਗੇ ਅਤੇ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢ ਦੇਣਗੇ। ਰੂਸ ਦੇ ਨੇਤਾ ਦੀ ਜਿੱਤ ਹੋਵੇਗੀ।"

ਇਹ ਪੇਸ਼ੀਨਗੋਈ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਵੱਲੋਂ ਕੀਤੀ ਗਈ ਸੀ। ਗੁਰੂ ਨਾਨਕ ਸਾਹਿਬ ਦਾ ਪ੍ਰਵਚਨ ਹੈ ਕਿ ਤੁਸੀਂ ਸਾਡੀ ਰੱਖਿਆ ਕਰੋਗੇ। 3,15,000 ਸਿੱਖ ਤੁਹਾਡੀ ਕਮਾਂਡ ਹੇਠ ਹੋਣਗੇ। ਹੋਰ ਗਿਣਤੀ ਵੀ ਇਸ ਕਾਰਜ ਵਿੱਚ ਆ ਸ਼ਾਮਿਲ ਹੋਵੇਗੀ। ਜਦੋਂ ਤੁਸੀਂ ਆਉਗੇ ਤਾਂ ਅਸੀਂ ਤੁਹਾਡੀ ਮਨਸ਼ਾ ਅਨੁਸਾਰ ਤਿਆਰ ਬਰ ਤਿਆਰ ਹੋਵਾਂਗੇ। ਗੁਰੂ ਗੋਬਿੰਦ ਸਿੰਘ ਜੀ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਇਹ ਜੰਗ ਕਿੱਥੇ ਹੋਵੇਗੀ ਤਾਂ ਆਪ ਜੀ ਦਾ ਉੱਤਰ ਸੀ, "ਸਭ ਤੋਂ ਪਹਿਲਾਂ ਕਾਬਲ ਦੀਆਂ ਪਹਾੜੀਆਂ ਵਿੱਚ, ਫੇਰ ਕਾਬਲ ਵਿੱਚ, ਫੇਰ ਜੰਮਰੋਦ, ਪਿਸ਼ਾਵਰ, ਜੰਮੂ-ਲਾਹੌਰ-ਫਿਰੋਜ਼ਪੁਰ ਅਤੇ ਲੁਧਿਆਣੇ ਵਿਖੇ ਇਸੇ ਤਰ੍ਹਾਂ ਹੋਰ ਵੇਰਵੇ ਦਿੱਤੇ ਗਏ ਹਨ।

ਤੁਰਕਸਤਾਨ ਵਿੱਚ ਇਸ ਪੱਤਰ ਲਿਆਉਣ ਵਾਲੇ ਵਿਅਕਤੀ ਦਾ ਬੜਾ ਆਦਰ-ਮਾਨ ਕੀਤਾ ਗਿਆ। ਜੇਰਾਵਸ਼ਾਨਸਕ ਦੇ ਪ੍ਰਮੁੱਖ ਸਹਾਇਕ ਐਨ.ਆਈ. ਕੌਰਲਕੋਵ (Korolkov) ਨੇ ਗੁਰਚਰਨ ਸਿੰਘ ਨਾਲ ਲੰਮੀ ਗੱਲਬਾਤ ਕੀਤੀ। ਜਿਸ ਪਿਛੋਂ ਕੌਰਲਕੋਵ ਨੇ ਇਸ ਸੰਬੰਧ ਵਿੱਚ ਇੱਕ ਲਿਖਤੀ ਨੋਟ ਲਿਖਿਆ, ਜਿਸ ਵਿੱਚ ਉਸਨੇ ਦੱਸਿਆ ਕਿ "ਗੁਰਚਰਨ ਸਿੰਘ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਰੂਸੀਆਂ

[1*] ਡਾ: ਫੌਜਾ ਸਿੰਘ ਬਾਜਵਾ, 'ਕੂਕਾ ਮੂਵਮੈਂਟ', ਪੰਨਾ 147-148



Sri Satguru Jagjit Singh Ji Elibrary NamdhariElibrary@gmail.com

ਦੇ ਆਉਣ ਉੱਤੇ ਵੱਖ-ਵੱਖ ਮੱਜ਼੍ਹਬਾਂ ਦੇ ਵਖੇਵਿਆਂ ਨੂੰ ਨਜ਼ਰ ਅੰਦਾਜ ਕਰਕੇ ਅੰਗਰੇਜ਼ਾਂ ਅਧੀਨ ਸਾਰੇ ਫਿਰਕੇ ਰੂਸੀਆਂ ਨਾਲ ਆ ਮਿਲਣਗੇ। ਇਸ ਵਿਸ਼ਵਾਸ ਦੀ ਪੁਸ਼ਟੀ ਅੰਗਰੇਜ਼ਾਂ ਦੇ ਹਿੰਦੁਸਤਾਨ ਵਿੱਚ ਆਉਣ ਤੋਂ ਪਹਿਲਾਂ ਗੁਰੂਆਂ ਦੇ ਬਚਨਾਂ ਤੋਂ ਹੁੰਦੀ ਹੈ।

ਗੁਰਚਰਨ ਸਿੰਘ ਦਾ ਹਿੰਦੁਸਤਾਨ ਦੇ ਹੋਰ ਲੋਕਾਂ ਵਾਂਗ ਇਹ ਵੀ ਮੱਤ ਹੈ ਕਿ ਰੂਸੀਆਂ ਦੀ ਹਿੰਦੁਸਤਾਨ ਉੱਤੇ ਰਾਜ ਕਰਨ ਦੀ ਕੋਈ ਮਨਸ਼ਾ ਨਹੀਂ ਹੈ। ਰੂਸੀਆਂ ਦੀ ਮਨਸ਼ਾ ਤਾਂ ਇੱਕ ਵਾਰ ਅੰਗਰੇਜ਼ਾਂ ਨਾਲ ਦੋ ਹੱਥ ਕਰਨ ਦੀ ਹੈ। ਕਿਉਂ ਜੋ ਉਨ੍ਹਾਂ ਦਾ ਵਤਨ ਤਾਂ ਰੂਸੀਆਂ ਦੀ ਪਹੁੰਚ ਤੋਂ ਪਰੇ ਚਾਰ-ਚੁਫੇਰੇ ਸਮੁੰਦਰ ਦੇ ਪਾਣੀਆਂ ਨਾਲ ਘਿਰਿਆ ਹੋਇਆ ਹੈ। ਉਨ੍ਹਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਅੰਗਰੇਜ਼ਾਂ ਨੂੰ ਹਰਾ ਕੇ ਰੂਸੀ ਪੰਜਾਬ ਦੇ ਰਾਜ ਪ੍ਰਬੰਧ ਨੂੰ ਪੰਜਾਬ ਦੇ ਸੰਸਥਾਪਕ ਮਹਾਰਾਜਾ ਰਣਜੀਤ ਸਿੰਘ ਦੇ ਉਤਰਾਧਿਕਾਰੀ ਅਤੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਦੇ ਹਵਾਲੇ ਕਰ ਦੇਣਗੇ।"

ਇਥੋਂ ਇਹ ਗੱਲ ਵੀ ਸਿੱਧ ਹੋ ਜਾਂਦੀ ਹੈ ਕਿ ਕਿਵੇਂ ਮਹਾਰਾਜਾ ਦਲੀਪ ਸਿੰਘ ਅਤੇ ਕੂਕਿਆਂ ਦੇ ਪੰਜਾਬ ਨੂੰ ਮੁੜ ਆਜ਼ਾਦ ਕਰਵਾਉਣ ਦੇ ਯਤਨਾਂ ਵਿੱਚ ਇੱਕ ਸਾਂਝ ਦੀ ਤੰਦ ਮੌਜੂਦ ਸੀ।

ਮੇਜਰ ਜਨਰਲ ਈਵਾਨੋਵ ਨੇ ਗੁਰਚਰਨ ਸਿੰਘ ਨਾਲ ਲੰਮੀ ਚੌੜੀ ਗੱਲਬਾਤ ਕੀਤੀ ਅਤੇ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ, ਕਿਉਂ ਜੋ ਇਸ ਵਿੱਚ ਅੰਗਰੇਜ਼ਾਂ ਵੱਲੋਂ ਗੁਲਾਮ ਬਣਾਏ ਗਏ ਹਿੰਦੁਸਤਾਨ ਦੇ ਲੋਕਾਂ ਦੇ ਜ਼ਖ਼ਮਾਂ ਦੀ ਪੀੜਾ ਦੀ ਚੀਸ ਤੇ ਸਵੈਮਾਨ ਦੇ ਸੁਹਿਰਦ ਮਨੋਭਾਵ ਮੌਜੂਦ ਸਨ। ਗੁਰਚਰਨ ਸਿੰਘ ਨੂੰ ਅੰਗਰੇਜ਼ਾਂ ਵਿਰੁੱਧ ਇਸ ਸੰਘਰਸ਼ ਵਿੱਚ ਰੂਸੀਆਂ ਦੀ ਜਿੱਤ ਉੱਤੇ ਪੂਰਨ ਵਿਸ਼ਵਾਸ ਵੀ ਉਸਦੀ ਦਿੱਲੀ ਸੱਚਾਈ ਦੀ ਸਾਖੀ ਭਰਦਾ ਸੀ। ਈਵਾਨੋਵ ਨੇ ਬਾਬਾ ਰਾਮ ਸਿੰਘ ਦੇ ਇਸ ਪੱਤਰ ਨੂੰ ਆਪਣੀਆਂ ਟਿੱਪਣੀਆਂ ਸਮੇਤ ਤੁਰਕਸਤਾਨ ਦੇ ਗਵਰਨਰ ਜਨਰਲ ਕੇ.ਪੀ. ਕਾਫਮਾਨ ਨੂੰ ਪੇਸ਼ ਕਰ ਦਿੱਤਾ। ਕਿਸੇ ਨਿਰਣੇ ਤੇ ਪਹੁੰਚਣ ਤੋਂ ਪਹਿਲਾਂ ਕਾਫਮਾਨ ਪੰਜਾਬ ਦੇ ਰਾਜਨੀਤਕ ਸਮਾਚਾਰਾਂ ਤੋਂ ਜਾਣੂ ਹੋਣਾ ਚਾਹੁੰਦਾ ਸੀ। ਉਸਨੇ ਹਿੰਦੁਸਤਾਨ ਦੇ ਸਮਾਚਾਰਾਂ ਬਾਰੇ ਜਾਣਕਾਰ ਵਿਸ਼ੇਸ਼ਗ ਆਈ. ਪੀ. ਮਿਨਾਏਵ ਦੇ ਦ੍ਰਿਸ਼ਟੀਕੋਣ ਤੋਂ ਜਾਣੂ ਹੋਣਾ ਚਾਹਿਆ। ਮਿਨਾਏਵ ਨੇ ਕੂਕਿਆਂ ਦੇ ਫਿਰਕੇ ਬਾਰੇ ਸੰਖੇਪ ਜਾਣਕਾਰੀ ਦਿੱਤੀ ਕਿ ਕਿਵੇਂ ਕੂਕਾ ਲਹਿਰ ਦਾ ਉਥਾਨ ਹੋਇਆ ਹੈ ਅਤੇ ਅੰਗਰੇਜ਼ਾਂ ਨੇ ਉਨ੍ਹਾਂ ਉੱਤੇ ਜ਼ਬਰਦਸਤ ਦਮਨ ਚੱਕਰ ਚਲਾਇਆ ਅਤੇ ਉਸ ਦੇ ਸਿੱਟੇ ਵਜੋਂ ਕਿਹੜੇ ਹਾਲਾਤ ਪੈਦਾ ਹੋਏ ਹਨ। ਉਸਦੇ ਵਿਚਾਰ ਅਨੁਸਾਰ ਬਾਬਾ ਰਾਮ ਸਿੰਘ ਵੱਲੋਂ ਆਪਣੇ ਇੱਕ ਦੂਤ ਰਾਹੀਂ ਅਜਿਹਾ ਪੱਤਰ ਭੇਜਣ ਅਤੇ ਆਪਣੇ ਵੱਲੋਂ ਚਲਾਈ ਗਈ ਆਜ਼ਾਦੀ ਦੀ ਲਹਿਰ ਅਤੇ ਰੂਸ ਕੋਲੋਂ ਸਹਾਇਤਾ ਦੀ ਮੰਗ ਕਰਨਾ



Sri Satguru Jagjit Singh Ji Elibrary NamdhariElibrary@gmail.com

ਇੱਕ ਸੁਭਾਵਿਕ ਗੱਲ ਹੀ ਹੈ। ਭਾਵੇਂ ਉਸ ਦਾ ਇਹ ਵੀ ਵਿਚਾਰ ਸੀ ਕਿ ਗੁਰੂ ਨਾਨਕ ਇਨ੍ਹਾਂ ਸਮਾਚਾਰਾਂ ਤੋਂ ਬਹੁਤ ਪਹਿਲਾਂ ਹੋ ਚੁੱਕੇ ਹਨ, ਉਹ ਆਪ ਇਸ ਸਾਖੀ ਦੇ ਕਰਤਾ ਨਹੀਂ ਹੋ ਸਕਦੇ, ਜਿਸ ਵਿੱਚ ਰੂਸੀਆਂ ਦੇ ਹਿੰਦੁਸਤਾਨ ਵਿੱਚ ਆਉਣ ਦੀ ਗੱਲ ਕੀਤੀ ਗਈ ਹੈ। ਫਿਰ ਵੀ ਉਸਦਾ ਵਿਚਾਰ ਸੀ ਕਿ ਅਜਿਹੀਆਂ ਲਹਿਰਾਂ ਵਿੱਚ ਉਤਸ਼ਾਹ ਜਗਾਉਣ ਲਈ ਕਈ ਵਾਰ ਅਜਿਹੀਆਂ ਭਵਿੱਖਬਾਣੀਆਂ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਸੱਚੀਆਂ ਮੰਨ ਲਈਆਂ ਜਾਂਦੀਆਂ ਹਨ। ਉਸਦਾ ਵਿਚਾਰ ਸੀ ਕਿ ਅਜਿਹੀ ਗੱਲ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਕਹੀ ਗਈ ਹੈ। ਜਨਰਲ ਕਾਫਮਾਨ ਨੇ ਥੋੜ੍ਹੀ ਸਾਵਧਾਨੀ ਨਾਲ ਇਸ ਮਾਮਲੇ ਵਿੱਚ ਭਵਿੱਖ ਲਈ ਕੋਈ ਨਿਰਣਾ ਕਰਨਾ ਚਾਹਿਆ। ਉਸਨੇ ਇਸ ਸੰਬੰਧ ਵਿੱਚ ਸਾਰੇ ਹਾਲਾਤ ਤੋਂ ਜਾਣੂ ਹੋਣ ਲਈ ਕੁਝ ਹੋਰ ਵੇਰਵੇ ਮੰਗਵਾਉਣੇ ਚਾਹੇ। ਜਨਰਲ ਕਾਫਮਾਨ ਨੇ ਸੂਬਾ ਗੁਰਚਰਨ ਸਿੰਘ ਰਾਹੀਂ ਇੱਕ ਪੱਤਰ ਕੂਕਿਆਂ ਦੇ ਆਗੂਆਂ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦੇ ਨਾਮ ਲਿਖ ਕੇ ਭੇਜਿਆ, ਜਿਸ ਵਿੱਚ ਅੰਕਿਤ ਸੀ ਕਿ, "ਕਮਾਂਡਰ-ਇਨ-ਚੀਫ਼ ਅਤੇ ਗਵਰਨਰ ਜਨਰਲ ਵੱਲੋਂ ਬਾਬਾ ਰਾਮ ਸਿੰਘ ਅਤੇ ਬਾਬਾ ਬੁੱਧ ਸਿੰਘ ਲਈ ਸ਼ੁਭ ਕਾਮਨਾਵਾਂ। ਗੁਰਚਰਨ ਸਿੰਘ ਤੋਂ ਪੱਤਰ ਪ੍ਰਾਪਤ ਹੋ ਗਿਆ ਹੈ ਅਤੇ ਪੜ੍ਹ ਕੇ ਬੜੀ ਪ੍ਰਸੰਨਤਾ ਹੋਈ ਹੈ। ਇਸ ਸੂਚਨਾ ਨੂੰ ਭੇਜਣ ਲਈ ਆਪ ਜੀ ਦਾ ਧੰਨਵਾਦ ਹੈ, ਪਰ ਹਿੰਦੁਸਤਾਨ ਵਿੱਚ ਨਵੇਂ ਸਮਾਚਾਰਾਂ ਤੇ ਹੋਰ ਵੇਰਵੇ ਜਾਣਨ ਦੀ ਲੋੜ ਪ੍ਰਤੀਤ ਹੁੰਦੀ ਹੈ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਭਵਿੱਖਬਾਣੀਆਂ ਧਿਆਨ ਪੂਰਵਕ ਵਾਚ ਲਈਆਂ ਗਈਆਂ ਹਨ। ਸਭ ਕੁਝ ਪਰਮਾਤਮਾ ਦੀ ਇੱਛਾ ਅਨੁਸਾਰ ਹੀ ਹੋਵੇਗਾ। ਇਹ ਪੈਗੰਬਰਾਂ ਨੂੰ ਹੀ ਪਤਾ ਹੈ ਕਿ ਉਹ ਸਮਾਂ ਕਦੋਂ ਆਵੇਗਾ।"

ਗੁਰਚਰਨ ਸਿੰਘ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਦਾ ਇਹ ਪੱਤਰ ਲੈ ਕੇ ਜਦੋਂ ਤਾਸ਼ ਕੁਰਗਾਨ (Tash Kurghan) ਪੁੱਜਾ ਤਾਂ ਉਸਨੇ ਇੱਕ ਹੋਰ ਹਿੰਦੂ ਸੁਦਾਗਰ ਮਾਇਆ ਰਾਹੀਂ ਅੰਗਰੇਜ਼ਾਂ ਦੀਆਂ ਫ਼ੌਜਾਂ ਦੇ ਬਲਖ ਵੱਲ ਵਧਣ ਦੀ ਸੂਚਨਾ ਰੂਸੀ ਅਧਿਕਾਰੀਆਂ ਨੂੰ ਭੇਜੀ। ਮਾਇਆ ਦਾ ਵੀ ਰੂਸੀਆਂ ਵੱਲੋਂ ਸਤਿਕਾਰ ਕੀਤਾ ਗਿਆ।

ਬਰਤਾਨੀਆਂ ਦੇ ਜਸੂਸ ਗੁਲਾਬ ਖ਼ਾਂ ਅਨੁਸਾਰ ਪੇਸ਼ਾਵਰ ਪਹੁੰਚ ਕੇ ਹਜਰੋ ਦੇ ਨਰਾਇਣ ਦਾਸ ਰਾਹੀਂ ਰੂਸੀਆਂ ਨੂੰ ਹੋਰ ਖ਼ਬਰਾਂ ਭੇਜੀਆਂ ਗਈਆਂ। ਪੱਤਰ ਵਿੱਚ ਗੁਰੂ ਰਾਮ ਸਿੰਘ ਦਾ ਸੰਦੇਸ਼ ਸੀ, ਜਿਸ ਨੂੰ ਗੁਰੂ ਹਰੀ ਸਿੰਘ ਨੇ ਲਿਖਿਆ ਸੀ। ਇਸ ਵਿੱਚ ਇਹ ਉਲੇਖ ਸੀ ਕਿ ਇੱਥੇ ਦੇਸ਼ ਵਿੱਚ ਗੁਰਚਰਨ ਸਿੰਘ ਦੇ ਰੂਸ ਜਾਣ ਬਾਰੇ ਸਾਰੀਆਂ ਖ਼ਬਰਾਂ ਫੈਲ ਗਈਆਂ ਹਨ। ਇਸ ਲਈ ਗੁਰਚਰਨ ਸਿੰਘ ਦਾ ਵਾਪਿਸ ਜਾ ਸਕਣਾ ਮੁਸ਼ਕਲ ਹੈ।



Sri Satguru Jagjit Singh Ji Elibrary NamdhariElibrary@gmail.com

ਪੇਸ਼ਾਵਰ ਵਿੱਚ ਗੁਰਚਰਨ ਸਿੰਘ ਨੂੰ ਅੰਗਰੇਜ਼ਾਂ ਦਾ ਜਸੂਸ ਗੁਲਾਬ ਖ਼ਾਂ ਮਿਲਿਆ, ਜਿਸਨੇ ਆਪਣੇ ਆਪ ਨੂੰ ਰੂਸ ਦੇ ਮੁਲਾਜ਼ਮ ਸਜੱਦ ਖਾਨ ਦਾ ਭਰਾ ਦਸ ਕੇ ਉਸ ਕੋਲੋਂ ਸਾਰਾ ਭੇਤ ਲੈ ਲਿਆ। ਪਰ ਗੁਰਚਰਨ ਸਿੰਘ ਕਈਂ ਦੂਰ ਨੇੜੇ ਦੇ ਗੁਪਤ ਰਾਹਾਂ ਤੋਂ ਹੁੰਦਾ ਹੋਇਆ ਤੁਰਕਿਸਤਾਨ ਦੇ ਗਵਰਨਰ ਜਨਰਲ ਦਾ ਇਹ ਪੱਤਰ ਸਰਹਾਲੀ ਦੇ ਸ਼ਾਮ ਸਿੰਘ ਪਾਸ ਪਹੁੰਚਾ ਦਿੱਤਾ ਤਾਂ ਜੋ ਉਹ ਇਸ ਨੂੰ ਬਰਮਾ ਵਿਖੇ ਗੁਰੂ ਰਾਮ ਸਿੰਘ ਪਾਸ ਪਹੁੰਚਾ ਦੇਵੇ। ਮੀਹਾਂ ਸਿੰਘ ਰਾਹੀਂ ਸ਼ੀਸ਼ੇ ਦੇ ਪਿਛਲੇ ਬੰਨੇ ਲੁਕਾ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਵਿਖੇ ਪਹੁੰਚਾਇਆ ਗਿਆ ਸੀ।

ਅੰਗਰੇਜ਼ੀ ਜਾਸੂਸ ਗੁਲਾਬ ਖ਼ਾਂ ਸਤਿਗੁਰੂ ਹਰੀ ਸਿੰਘ ਕੋਲ ਪਹੁੰਚ ਕੇ ਭੇਤ ਲੈਣ ਆਇਆ, ਪਰ ਕਾਮਯਾਬ ਨਾ ਹੋ ਸਕਿਆ। ਬਾਅਦ ਵਿੱਚ ਗੁਰਚਰਨ ਸਿੰਘ ਖੁਦ ਲਾਹੌਰ ਜਾਂ ਪੁਲਿਸ ਕੋਲ ਜਾ ਹਾਜ਼ਿਰ ਹੋ ਗਿਆ। ਲਾਹੌਰ ਦੀ ਕਾਲ ਕੋਠੜੀ ਵਿੱਚ ਗੁਲਾਬ ਖ਼ਾਂ ਫਿਰ ਇੱਕ ਰਾਤ ਗੁਰਚਰਨ ਸਿੰਘ ਦੇ ਨਾਲ ਕੈਦ ਰੱਖਿਆ ਗਿਆ, ਤਾਂ ਜੋ ਉਹ ਗੁਰਚਰਨ ਸਿੰਘ ਕੋਲੋਂ ਹੋਰ ਭੇਤ ਲੈ ਸਕੇ। ਅੰਗਰੇਜ਼ ਅਧਿਕਾਰੀਆਂ ਨੇ ਸੂਬਾ ਗੁਰਚਰਨ ਸਿੰਘ ਨੂੰ ਖ਼ਤਰਨਾਕ ਸਮਝ ਕੇ ਮੁਲਤਾਨ ਜੇਲ੍ਹ ਵਿੱਚ ਬੰਦੀ ਬਣਾ ਕੇ ਰੱਖਿਆ, ਪਰ ਪੱਕੇ ਸਬੂਤ ਨਾ ਹੋਣ ਕਰਕੇ ਉਸ ਨੂੰ 1818 ਦੇ ਰੈਗੂਲੇਸ਼ਨ ਦੀ ਧਾਰਾ III ਅਧੀਨ ਨਜ਼ਰਬੰਦ ਕੀਤਾ ਗਿਆ। ਉਸ ਨੂੰ 1886 ਵਿੱਚ ਇਨ੍ਹਾਂ ਸ਼ਰਤਾਂ ਤੇ ਰਿਹਾਅ ਕੀਤਾ ਗਿਆ ਕਿ ਉਹ ਆਪਣੇ ਪਿੰਡ ਚੱਕ (ਪੁਰਾਣਾ) ਵਿੱਚ ਹੀ ਰਹੇਗਾ ਅਤੇ ਕੂਕਿਆਂ ਨਾਲ ਕੋਈ ਹੋਰ ਸੰਬੰਧ ਨਹੀਂ ਰਖੇਗਾ। ਪਰ ਫਿਰ ਵੀ 1887 ਵਿੱਚ ਸਿਆਲਕੋਟ ਦੇ ਡੀ. ਸੀ. ਦੀ ਰਿਪੋਰਟ ਅਨੁਸਾਰ ਉਹ ਪਿੰਡ ਛੱਡ ਕੇ ਸਰਗਰਮ ਹੋ ਗਿਆ। ਉਸ ਦੀਆਂ ਅਗਲੇਰੀਆਂ ਕਾਰਵਾਈਆਂ ਬਾਰੇ ਕੋਈ ਵਿਸ਼ੇਸ਼ ਸੂਚਨਾ ਨਹੀਂ ਮਿਲਦੀ।

ਪਰ ਕੂਕਿਆਂ ਦਾ ਰੂਸੀਆਂ ਨਾਲ ਤਾਲਮੇਲ ਵਾਲਾ ਰਿਸ਼ਤਾ ਉਸੇ ਤਰ੍ਹਾਂ ਨਿਰਵਿਘਨ ਚੱਲਦਾ ਰਿਹਾ। ਰੂਸ ਨਾਲ ਤਾਲਮੇਲ ਦੀ ਜ਼ਿੰਮੇਵਾਰੀ ਸੂਬਾ ਬਿਸ਼ਨ ਸਿੰਘ ਨੇ ਵੀ ਨਿਭਾਈ।

ਸੂਬਾ ਬਿਸ਼ਨ ਸਿੰਘ ਕਾਬਲ ਵਿੱਚ ਰਹਿੰਦਾ ਸੀ ਅਤੇ ਉਥੋਂ ਦਾ ਉੱਘਾ ਵਪਾਰੀ ਸੀ। ਉਸ ਦਾ ਕਾਰੋਬਾਰ, ਪੇਸ਼ਾਵਰ, ਕਾਬਲ, ਬੁਖਾਰਾ ਅਤੇ ਰੂਸੀ ਇਲਾਕੇ ਵਿੱਚ ਸੀ। ਉਸਨੇ ਰੂਸ ਦੇ ਅਧਿਕਾਰੀਆਂ ਅਤੇ ਗੁਰੂ ਹਰੀ ਸਿੰਘ ਵਿਚਕਾਰ ਤਾਲਮੇਲ ਰੱਖਣ ਵਿੱਚ ਬੜਾ ਵੱਡਾ ਯੋਗਦਾਨ ਪਾਇਆ। ਬਿਸ਼ਨ ਸਿੰਘ ਨੂੰ ਗੁਰੂ ਬਾਲਕ ਸਿੰਘ ਰਾਹੀਂ ਹਜਰੋਂ ਵਿਖੇ ਨਾਮ ਦੀ ਦਾਤ ਪ੍ਰਾਪਤ ਹੋਈ ਸੀ। ਉਹ ਨਾਮਧਾਰੀਆਂ ਦੇ ਰੂਸ ਨਾਲ ਸੰਬੰਧਾਂ ਨੂੰ ਪੱਕਾ ਕਰਨ ਲਈ ਬੜਾ ਯੋਗ ਵਿਅਕਤੀ ਸੀ।

ਵੱਡ ਤੀਰਥ ਦੇ ਪ੍ਰਹਲਾਦ ਸਰ ਤੋਂ ਜਿਹੜੀ ਸਾਖੀ ਪ੍ਰਾਪਤ ਹੋਈ ਸੀ, ਉਸ ਵਿੱਚ ਇਸ ਗੱਲ ਦਾ ਵਰਣਨ ਸੀ ਕਿ ਬਿਸ਼ਨ ਸਿੰਘ ਕਾਬਲ ਦੇ ਮੁਸਲਮਾਨ ਅਮੀਰ



Sri Satguru Jagjit Singh Ji Elibrary NamdhariElibrary@gmail.com

ਨਾਲ ਮਿਲ ਕੇ ਰੂਸ ਦੀ ਸੈਨਾ ਨਾਲ ਪੰਜਾਬ ਵਿੱਚ ਆਵੇਗਾ। 1880 ਤੋਂ ਪਿਛੋਂ ਕੂਕਿਆਂ ਵਿੱਚ ਰੂਸ ਦੇ ਪੰਜਾਬ ਆਉਣ ਦੀ ਚਰਚਾ ਪੂਰੇ ਜ਼ੋਰ ਉੱਤੇ ਸੀ। ਬਿਸ਼ਨ ਸਿੰਘ ਨੇ ਸੂਬਾ ਗੁਰਚਰਨ ਸਿੰਘ ਨਾਲ ਰੂਸੀ ਅਧਿਕਾਰੀਆਂ ਨਾਲ ਸੰਬੰਧ ਜੋੜਨ ਵਿੱਚ ਕੇਵਲ ਦੂਤ ਵਾਲੀ ਭੂਮਿਕਾ ਨੂੰ ਹੀ ਨਹੀਂ ਨਿਭਾਇਆ, ਸਗੋਂ ਨਾਮਧਾਰੀ ਇਤਿਹਾਸਕਾਰਾਂ ਅਤੇ ਸਰਕਾਰੀ ਰਿਪੋਰਟਾਂ ਅਨੁਸਾਰ ਉਸਨੇ ਅਫਗਾਨਿਸਤਾਨ ਵਿੱਚ ਸੈਨਿਕ ਤਿਆਰੀ ਵੀ ਸ਼ੁਰੂ ਕਰ ਦਿੱਤੀ ਸੀ। ਇਸ ਗੱਲ ਦੇ ਹਵਾਲੇ ਮਿਲਦੇ ਹਨ ਕਿ ਉਸ ਕੋਲ 300 ਦੇ ਕਰੀਬ ਕੂਕੇ ਅਤੇ ਹੋਰ ਦੇਸ਼ ਭਗਤ ਜੋ ਅੰਗਰੇਜ਼ ਵਿਰੋਧੀ ਭਾਵਨਾ ਰੱਖਦੇ ਸਨ, ਫ਼ੌਜੀ ਤਿਆਰੀਆਂ ਵਿੱਚ ਜੁੱਟੇ ਹੋਏ ਸਨ। ਬਿਸ਼ਨ ਸਿੰਘ ਦੀ ਨਿਗਰਾਨੀ ਵਿੱਚ ਜਥੇਬੰਦ ਕੀਤੀ ਗਈ ਇਸ ਫੌਜੀ ਟੁਕੜੀ ਵਿੱਚ ਕੁਝ ਵਿਅਕਤੀ 1872 ਦੇ ਮਲੇਰਕੋਟਲੇ ਦੇ ਸਾਕੇ ਵਿੱਚੋਂ ਭਗੌੜੇ ਸਨ, ਜੋ ਕਾਬਲ ਪਹੁੰਚ ਗਏ ਸਨ। [1*]27 ਜੂਨ, 1885 ਦੀ ਲੁਧਿਆਣੇ ਦੇ ਜ਼ਿਲ੍ਹਾ ਪੁਲਿਸ ਕਪਤਾਨ ਦੀ ਰਿਪੋਰਟ ਅਨੁਸਾਰ ਕਮਾਲਪੁਰ ਦੇ ਕਾਹਨ ਸਿੰਘ ਨੇ ਦੱਸਿਆ ਹੈ ਕਿ ਰੂਸੀ ਇਲਾਕੇ ਵਿੱਚ ਬਿਸ਼ਨ ਸਿੰਘ ਕੋਲ 300-400 ਦੇ ਕਰੀਬ ਸੈਨਿਕ ਹਨ, ਜਿਨ੍ਹਾਂ ਵਿੱਚ ਕੁਝ 1872 ਦੇ ਮਲੇਰਕੋਟਲੇ ਦੇ ਸਾਕੇ ਤੋਂ ਬੱਚ ਕੇ ਨਿਕਲੇ ਵਿਅਕਤੀ ਸ਼ਾਮਲ ਸਨ, ਜਿਨ੍ਹਾਂ ਵਿੱਚ ਸੁਹੇਲ ਸਿੰਘ ਦਾ ਨਾਮ ਵਰਨਣਯੋਗ ਹੈ। ਇਸ ਤੋਂ ਬਿਨਾਂ ਮਹਾਰਾਜਾ ਰਣਜੀਤ ਸਿੰਘ ਦਾਲ ਦੇ ਸੰਗੋਲ ਦਾ ਕਾਹਨ ਸਿੰਘ ਅਤੇ ਕੁਝ ਬੰਦੇ ਜ਼ਿਲ੍ਹਾ ਗੁਰਦਾਸਪੁਰ ਦੇ ਅਧਿਕਾਰੀਆਂ ਦੀ ਰਿਪੋਰਟ ਅਨੁਸਾਰ ਉਸ ਇਲਾਕੇ ਵਿੱਚੋਂ ਜੰਮੂ ਦੇ ਰਸਤੇ ਬਿਸ਼ਨ ਸਿੰਘ ਨਾਲ ਜਾ ਮਿਲੇ ਸਨ।

ਗੁਰੂ ਰਾਮ ਸਿੰਘ ਦੀ ਜਲਾਵਤਨੀ ਪਿਛੋਂ ਸਤਿਗੁਰੂ ਹਰੀ ਸਿੰਘ ਇਸ ਮੁਹਿੰਮ ਦੀ ਅਗਵਾਈ ਕਰ ਰਹੇ ਸਨ। ਰੂਸੀ ਅਧਿਕਾਰੀਆ ਦੇ ਕੁਝ ਪੱਤਰ ਜਿਹੜੇ ਬਿਸ਼ਨ ਸਿੰਘ ਦੁਆਰਾ ਗੁਰੂ ਹਰੀ ਸਿੰਘ ਨੂੰ ਪ੍ਰਾਪਤ ਹੋਏ, ਉਨ੍ਹਾਂ ਵਿੱਚ ਇਹ ਪੁੱਛ ਕੀਤੀ ਗਈ ਸੀ ਕਿ ਸਿੱਖਾਂ ਤੋਂ ਬਿਨਾਂ ਕੀ ਹਿੰਦੂ ਅਤੇ ਮੁਸਲਮਾਨ ਵੀ ਇਸ ਮੁਹਿੰਮ ਵਿੱਚ ਸ਼ਾਮਿਲ ਹੋ ਸਕਦੇ ਹਨ। ਇਸ ਸਮੇਂ ਕੁਝ ਰਜਮੈਂਟਾਂ ਬੇਹਥਿਆਰੇ ਕਰਕੇ ਅੰਗਰੇਜ਼ਾਂ ਵੱਲੋਂ ਤੋੜ ਦਿੱਤੀਆਂ ਗਈਆਂ ਸਨ। ਇਹ ਪੁੱਛ ਵੀ ਕੀਤੀ ਗਈ ਸੀ ਕਿ ਕੀ ਉਹ ਫ਼ੌਜੀ ਇਸ ਉਦੇਸ਼ ਲਈ ਜਥੇਬੰਦ ਕੀਤੇ ਜਾ ਸਕਦੇ ਸਨ।

ਸੂਬਾ ਗੁਰਚਰਨ ਸਿੰਘ ਅਤੇ ਬਿਸ਼ਨ ਸਿੰਘ ਦੇ ਯਤਨਾਂ ਵਿੱਚ ਉਦੋਂ ਹੋਰ ਸ਼ਕਤੀ ਆ ਗਈ, ਜਦੋਂ ਇਹ ਪਤਾ ਲੱਗਾ ਕਿ ਮਹਾਰਾਜਾ ਦਲੀਪ ਸਿੰਘ ਵੀ ਰੂਸੀਆਂ ਦੀ ਸਹਾਇਤਾ ਨਾਲ ਪੰਜਾਬ ਵਿੱਚ ਪਰਤਣ ਦੇ ਯਤਨ ਕਰ ਰਿਹਾ ਹੈ।

ਮਹਾਰਾਜਾ ਦਲੀਪ ਸਿੰਘ ਦੀ ਵਾਪਸੀ ਵਿੱਚ ਬਨਾਰਸੀ ਦਾਸ ਕੂਕੇ ਦੇ ਯਤਨਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ, [2*]ਜਿਸਦਾ ਜ਼ਿਕਰ ਮਹਾਰਾਜਾ ਦਲੀਪ ਸਿੰਘ

[1*] ਜਸਵਿੰਦਰ ਸਿੰਘ, ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ, ਪੰਨਾ 192

[2*] ਉਕਤ, ਪੰਨਾ 309



Sri Satguru Jagjit Singh Ji Elibrary NamdhariElibrary@gmail.com

ਦੇ ਗੁਰੂ ਕਰਕੇ ਹੁੰਦਾ ਰਿਹਾ ਹੈ। ਬਨਾਰਸੀ ਦਾਸ ਖੱਤਰੀ ਵੰਸ਼ ਵਿੱਚੋਂ ਲਖਨਊ ਦਾ ਨਿਵਾਸੀ ਸੀ। ਉਹ ਗਊ ਹੱਤਿਆ ਨੂੰ ਰੋਕਣ ਬਾਰੇ ਮਹਾਰਾਣੀ ਵਿਕਟੋਰੀਆ ਨੂੰ ਬੇਨਤੀ ਕਰਨ ਲਈ ਇੰਗਲੈਂਡ ਚਲਾ ਗਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਪਰਤਣ ਲਈ ਪ੍ਰੇਰਨਾ ਦਾ ਕਾਰਨ ਵੀ ਬਣਿਆ।

ਦੇਸ਼ ਵਾਪਸ ਆ ਕੇ ਉਸਨੇ ਮਹਾਰਾਜਾ ਦਲੀਪ ਸਿੰਘ ਦੇ ਪੱਖ ਵਿੱਚ ਥਾਂ-ਥਾਂ ਜਾ ਕੇ ਬੜਾ ਪ੍ਰਚਾਰ ਕੀਤਾ। ਮਹਾਰਾਜਾ ਦਲੀਪ ਸਿੰਘ ਦੇਸ਼ ਪਰਤਣਾ ਚਾਹੁੰਦਾ ਸੀ। ਇਸ ਉਦੇਸ਼ ਲਈ ਉਸਨੇ ਪਾਂਡੀਚੇਰੀ ਵਿਖੇ ਠਾਕਰ ਸਿੰਘ ਸੰਧਾਂਵਾਲੀਏ ਨੂੰ ਆਪਣਾ ਪ੍ਰਧਾਨ ਮੰਤਰੀ ਥਾਪ ਕੇ ਆਪਣੀ ਮੋਹਰ ਉਸ ਨੂੰ ਦਿੱਤੀ ਸੀ। ਜਦੋਂ ਮਹਾਰਾਜਾ ਦਲੀਪ ਸਿੰਘ ਨੇ ਦੇਸ਼ ਵਾਸੀਆਂ ਨੂੰ ਆਪਣੀ ਮੁਹਿੰਮ ਦੀ ਸਫਲਤਾ ਲਈ ਕੁਝ ਰਕਮਾਂ ਦੇਣ ਲਈ ਅਪੀਲ ਕੀਤੀ ਸੀ ਤਾਂ ਕੇਵਲ ਨਾਮਧਾਰੀ ਸਤਿਗੁਰੂ ਹਰੀ ਸਿੰਘ ਨੇ ਉਸਦੀ ਸਹਾਇਤਾ ਕਰਨ ਦਾ ਬਚਨ ਦਿੱਤਾ ਸੀ।

ਬਨਾਰਸੀ ਦਾਸ ਕੂਕਾ ਜੋ ਆਪਣੇ ਆਪ ਨੂੰ ਮਹਾਰਾਜਾ ਦਲੀਪ ਸਿੰਘ ਦਾ ਗੁਰੂ ਦੱਸਦਾ ਸੀ ਨੇ ਵੀ ਇਸ ਸੰਬੰਧ ਵਿੱਚ ਥਾਂ-ਥਾਂ ਜਾ ਕੇ ਪ੍ਰਚਾਰ ਕੀਤਾ ਕਿ ਜਨਤਾ ਨੂੰ ਮਹਾਰਾਜਾ ਦਲੀਪ ਸਿੰਘ ਦੀ ਉਸ ਦੇ ਉਦੇਸ਼ ਪੰਜਾਬ ਰਾਜ ਦੀ ਮੁੜ ਪ੍ਰਾਪਤੀ ਲਈ ਸਹਾਇਤਾ ਕਰਨੀ ਚਾਹੀਦੀ ਹੈ। [1*]1886 ਵਿੱਚ ਮਹਾਰਾਜਾ ਦਲੀਪ ਸਿੰਘ ਦੇ ਇੰਗਲੈਂਡ ਤੋਂ ਅੰਤਿਮ ਵਿਦਾਇਗੀ ਲੈਣ ਤੋਂ ਕੁਝ ਚਿਰ ਪਹਿਲਾਂ ਬਨਾਰਸੀ ਦਾਸ ਕੂਕਾ ਉਸ ਨੂੰ ਮਿਲਿਆ। ਮਹਾਰਾਜਾ ਉਸ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਹਿੰਦੁਸਤਾਨ ਵਾਪਸ ਆ ਕੇ ਉਸਨੇ ਦਲੀਪ ਸਿੰਘ ਦੇ ਹੱਕ ਵਿੱਚ ਬਹੁਤ ਪ੍ਰਚਾਰ ਕੀਤਾ। ਕੱਲਕਤੇ ਦੇ ਸਿੱਖਾਂ ਵਿੱਚ ਉਸਦਾ ਬੜਾ ਸਤਿਕਾਰ ਕੀਤਾ ਜਾਂਦਾ ਸੀ। ਸਰਕਾਰੀ ਰਿਪੋਟਾਂ ਅਨੁਸਾਰ ਉੱਥੇ ਉਸਨੇ ਬਾਗੀਆਨਾ ਪ੍ਰਚਾਰ ਕੀਤਾ। ਉਸਦਾ ਉੱਤਰੀ ਭਾਰਤ ਦੇ ਸ਼ਹਿਰਾਂ ਵਿੱਚ ਬੜਾ ਰਸੂਖ ਸੀ। ਇਨ੍ਹਾਂ ਸਰਗਰਮੀਆਂ ਕਾਰਨ ਹੀ ਉਸਨੂੰ ਇੱਕ ਸਾਲ ਕੈਦ ਵੀ ਭੁਗਤਣੀ ਪਈ। ਉਹ ਪਾਂਡੀਚਰੀ ਵਿਖੇ ਸਰਦਾਰ ਠਾਕਰ ਸਿੰਘ ਸੰਧਾਂਵਾਲੀਆ ਪਾਸ ਪਹੁੰਚ ਗਿਆ। ਜਿਸ ਨੂੰ ਮਹਾਰਾਜਾ ਦਲੀਪ ਸਿੰਘ ਨੇ ਆਪਣਾ ਪ੍ਰਧਾਨ ਮੰਤਰੀ ਥਾਪਿਆ ਹੋਇਆ ਸੀ।

ਬਨਾਰਸੀ ਦਾਸ ਗਊ ਹੱਤਿਆ ਦੇ ਵਿਰੁੱਧ ਸੀ। ਉਸਨੇ 1884 ਵਿੱਚ ਦਿੱਲੀ ਜਾ ਕੇ ਗਊ ਰੱਖਿਆ ਸੰਮੇਲਨ ਵਿੱਚ ਭਾਗ ਲਿਆ, ਜੋ ਮਾਸਟਰ ਕੇਦਾਰ ਨਾਥ ਦੇ ਘਰ ਹੋਇਆ ਸੀ। ਉਸਨੇ ਇਸ਼ਨਾਨ ਘਾਟ ਵਿਖੇ ਲੋਕਾਂ ਦੀ ਵੱਡੀ ਇਕੱਤਰਤਾ ਵਿੱਚ ਭਾਸ਼ਣ ਦਿੱਤਾ। ਦਿੱਲੀ ਤੋਂ ਬਨਾਰਸੀ ਦਾਸ ਜੰਮੂ ਦੇ ਮਹਾਰਾਜਾ ਨਾਲ ਮੁਲਾਕਾਤ ਕਰਨ ਗਿਆ। ਮੇਰਠ ਵਿਖੇ ਉਸ ਨੂੰ ਇੱਕ ਸਾਲ ਦੀ ਕੈਦ ਅਤੇ 100

[1*] ਡਾ. ਫੌਜਾ ਸਿੰਘ ਬਾਜਵਾ, 'ਕੂਕਾ ਮੂਵਮੇਂਟ', ਪੰਨਾ 207



Sri Satguru Jagjit Singh Ji Elibrary NamdhariElibrary@gmail.com

ਰੁਪਏ ਜੁਰਮਾਨਾ ਹੋਇਆ। ਜੇਲ ਵਿੱਚ ਉਸਨੇ ਮਾਨਸਿਕ ਪੀੜਾ ਦੀ ਸ਼ਿਕਾਇਤ ਕੀਤੀ, ਜਿਸਨੂੰ ਡਾਕਟਰੀ ਤੌਰ ਤੇ ਅਸਵੀਕਾਰ ਕੀਤਾ ਗਿਆ। 16 ਫਰਵਰੀ 1887 ਨੂੰ ਮਹਾਰਾਣੀ ਵਿਕਟੋਰੀਆ ਦੀ ਜੁਬਲੀ ਸਮਾਰੋਹ ਸਮੇਂ ਉਸਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ। ਕਲਕੱਤੇ ਦੇ ਸਿੱਖਾਂ ਵਿੱਚ ਉਸਦਾ ਬੜਾ ਸਤਿਕਾਰ ਕੀਤਾ ਜਾਂਦਾ ਸੀ। ਉਹ ਇਹੋ ਪ੍ਰਚਾਰ ਕਰਦਾ ਸੀ ਕਿ ਮਹਾਰਾਜਾ ਦਲੀਪ ਸਿੰਘ ਹਰਾਤ ਵਿੱਚ ਹੈ ਅਤੇ ਉਹ ਰੂਸ ਦੀ ਸਹਾਇਤਾ ਨਾਲ ਭਾਰਤ ਆਉਣਾ ਚਾਹੁੰਦਾ ਹੈ। ਸਭ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮੁੜ ਪ੍ਰਾਪਤ ਕਰਨ ਲਈ ਉਸਦੀ ਸਹਾਇਤਾ ਕਰਨੀ ਚਾਹੀਦੀ ਹੈ। ਉਹ ਨਿਗਰਾਨੀ ਤੋਂ ਤੰਗ ਆ ਕੇ ਠਾਕਰ ਸਿੰਘ ਸੰਧਾਂਵਾਲੀਆ ਕੋਲ ਪਾਂਡੀਚਰੀ ਪਹੁੰਚ ਗਿਆ।

ਮਹਾਰਾਜਾ ਦਲੀਪ ਸਿੰਘ ਦੀ ਦੇਸ ਪਰਤਣ ਦੀ ਇੱਛਾ ਜੋ ਉਹ ਆਪਣੇ ਦਿਲ ਵਿੱਚ ਹੀ ਲੈ ਕੇ ਇਸ ਜਹਾਨ ਤੋਂ ਕੂਚ ਕਰ ਗਿਆ। ਬਾਰੇ ਸੰਤ ਨਿਧਾਨ ਸਿੰਘ ਆਲਮ ਨੇ ਇਸ ਤਰ੍ਹਾਂ ਉਲੇਖ ਕੀਤਾ ਹੈ। [1*]ਮਹਾਰਾਜਾ ਨੇ ਸਿੱਖ ਸਰਦਾਰਾਂ ਨੂੰ ਪੰਥ ਦੇ ਮੁਖੀਏ ਸਮਝ ਕੇ ਆਪਣੇ 25 ਮਾਰਚ, 1886 ਦੇ ਪੱਤਰ ਵਿੱਚ ਇਹ ਸ਼ਬਦ ਲਿਖੇ ਸਨ।

ਲੰਡਨ
25 ਮਾਰਚ, 1886

ਮੇਰੇ ਪਿਆਰੇ ਦੇਸ਼ ਵਾਸੀਓ।

ਭਾਰਤ ਵਿੱਚ ਆ ਕੇ ਰਹਿਣ ਅਤੇ ਵਸਣ ਦੀ ਮੇਰੀ ਇੱਛਾ ਨਹੀਂ ਸੀ। ਪਰ ਸਤਿਗੁਰੂ ਸਭ ਦੇ ਵਿਧਾਤਾ ਹਨ। ਉਹ ਅਸਾਂ ਸਭਨਾਂ ਨਾਲੋਂ ਵੱਡੇ ਸ਼ਕਤੀਮਾਨ ਹਨ। ਮੈਂ ਉਸ ਦਾ ਭੁਲਾ ਹੋਇਆ ਜੀਵ ਹਾਂ। ਮੇਰੀ ਇੱਛਾ ਨਾ ਹੋਣ ਪਰ ਵੀ ਮੈਂ ਸਤਿਗੁਰੂ ਦੇ ਹੁਕਮ ਅੰਦਰ ਇੰਗਲੈਂਡ ਤਿਆਗ ਭਾਰਤ ਵਿੱਚ ਆਵਾਂਗਾ ਅਤੇ ਸਾਧਾਰਨ ਰੂਪ ਵਿੱਚ ਵਸਾਂਗਾ। ਮੈਂ ਸਤਿਗੁਰੂ ਦੀ ਇੱਛਾ ਦੇ ਸਾਹਮਣੇ ਸਿਰ ਨਿਵਾਉਂਦਾ ਹਾਂ। ਉਸ ਦੀ ਜੋ ਮਰਜੀ ਹੈ, ਉਹੀ ਹੋਵੇਗਾ।

ਪਿਆਰੇ ਖਾਲਸਾ ਜੀ। ਮੈਂ ਆਪਣੇ ਵੱਡਿਆਂ ਦਾ ਧਰਮ ਤਿਆਗ ਕੇ ਪਰਾਯਾ ਮੱਤ ਗ੍ਰਹਿਣ ਕਰਨ ਲਈ ਆਪ ਜੀ ਤੋਂ ਖਿਮਾਂ ਮੰਗਦਾ ਹਾਂ, ਕਿਉਂਕਿ ਮੈਨੂੰ ਜਦੋਂ ਈਸਾਈ ਬਣਾਇਆ ਗਿਆ ਸੀ। ਮੇਰੀ ਉਮਰ ਉਦੋਂ ਬਹੁਤ ਛੋਟੀ ਸੀ। ਮੈਂ ਬੰਬਈ ਪੁੱਜ ਕੇ ਸਿੱਖ ਧਰਮ ਗ੍ਰਹਿਣ ਕਰ ਲਵਾਂਗਾ ਅਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਿਆ ਦਾ ਪਾਲਣ ਕਰਾਂਗਾ।

ਮੇਰੀ ਬਹੁਤ ਇੱਛਾ ਹੋਣ ਪਰ ਵੀ ਮੈਂ ਪੰਜਾਬ ਪੁੱਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ। ਇਸ ਵਾਸਤੇ ਇਹ ਚਿੱਠੀ ਲਿਖਣ ਤੇ ਲਾਚਾਰ ਹੋਇਆ ਸਾਂ। ਮਹਾਰਾਣੀ

[1*] ਸੰਤ ਨਿਧਾਨ ਸਿੰਘ ਆਲਮ, 'ਜੁਗ ਪਲਟਾਊ ਸਤਿਗੁਰੂ', ਪੰਨਾ 16-18



Sri Satguru Jagjit Singh Ji Elibrary NamdhariElibrary@gmail.com

ਵਿਕਟੋਰੀਆ ਵਿੱਚ ਮੇਰੀ ਜੋ ਪਰਮ ਭਗਤੀ ਸੀ, ਮੈਂ ਉਸਦਾ ਉੱਚਿਤ ਫਲ ਪਾ ਲਿਆ ਹੈ। ਸਤਿਗੁਰੂ ਜੀ ਦੀ ਇੱਛਾ ਪੂਰਨ ਹੋਵੇ। ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਪਿਆਰੇ ਦੇਸ਼ ਵਾਸੀਓ!

ਮੈਂ ਤੁਹਾਡਾ ਆਪਣਾ ਮਾਸ ਅਤੇ ਲਹੂ
ਦਲੀਪ ਸਿੰਘ

ਉਸਨੇ ਫਿਰ 27 ਜੂਨ, 1889 ਨੂੰ ਹੋਰ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਹੋਇਆਂ ਲਿਖਿਆ ਕਿ "ਹਿੰਦੁਸਤਾਨੀ ਇੱਕ ਪੈਸਾ ਮਹੀਨਾ, ਪੰਜਾਬ ਵਾਸੀ ਇੱਕ ਆਨਾ ਮਹੀਨਾ ਦੇਣ ਮੈਂ ਆਜ਼ਾਦ ਬਾਦਸ਼ਾਹਾਂ ਵਾਂਗ ਰੂਸ ਦੇਸ਼ ਦੀ ਫ਼ੌਜ ਨਾਲ਼ ਆਪਣਾ ਰਾਜ ਲੈਣ ਲਈ ਔਣ ਵਾਲਾ ਹਾਂ।"

1*30 ਅਕਤੂਬਰ, 1889 ਨੂੰ ਸਿੰਘਾਂ ਵੱਲੋਂ ਬੜਾ ਲੰਮਾ ਜਵਾਬ ਲਿਖਿਆ ਗਿਆ। "ਅਸੀਂ ਸਾਰਾ ਖਾਲਸਾ ਪੰਥ ਅਤੇ ਗੁਜਰਾਂਵਾਲਾ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ ਭੂਮੀ ਦਾ ਸੰਬੰਧ ਸਮਝਦਾ ਹੈਂ, ਤੇਰੀ ਉਸ ਚਿੱਠੀ ਦਾ ਜਵਾਬ ਦਿੰਦੇ ਹਾਂ। ਇਹ ਜਿਹੜਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗੀ ਹੋਇਆ ਹੈਂ, ਅਕਲ ਦੀ ਗੱਲ ਨਹੀਂ ਕੀਤੀ। ਸਾਡੇ ਲੋਕਾਂ ਵਿੱਚ ਜਿਹੜਾ ਥੋੜ੍ਹੀ ਅਕਲ ਭੀ ਰੱਖਦਾ ਹੈ, ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਏਗਾ। ਤੂੰ ਸਾਥੋਂ ਭੀ ਕੋਈ ਆਸ ਨਾ ਰਖੀਂ।"

ਅਜਿਹੀ ਨਿਰਾਸ਼ਾ ਅਤੇ ਸਿਥਲਤਾ ਵਾਲਾ ਉੱਤਰ ਜਦੋਂ ਸ: ਦਲੀਪ ਸਿੰਘ ਨੂੰ ਮਿਲਿਆ ਹੋਵੇਗਾ ਤਾਂ ਸਚਮੁੱਚ ਹੀ ਉਸ ਦੀ ਹਾਲਤ ਅਤਿ ਦੀ ਕਰੁਣਾਮਈ ਅਤੇ ਦੁਖੀ ਵਿਅਕਤੀ ਵਾਲੀ ਹੋ ਗਈ ਹੋਵੇਗੀ। ਅਜਿਹੀ ਘੋਰ ਨਿਰਾਸ਼ਾ ਦਾ ਮਨ ਉੱਤੇ ਬੋਝ ਲਈ ਪੰਜਾਬ ਦਾ ਇਹ ਆਖਰੀ ਅਪਦਸਤ ਮਹਾਰਾਜਾ ਪੈਰਿਸ ਦੇ ਡੇ ਲਾ ਟਰੇਮੋਵੀਲੇ ਹੋਟਲ ਵਿੱਚ 22 ਅਕਤੂਬਰ, 1893 ਨੂੰ ਪਰਲੋਕ ਸਿਧਾਰ ਗਿਆ।

## ਪ੍ਰਮੁੱਖ ਕੂਕੇ ਸਿੰਘਾਂ ਨੂੰ ਕੈਦਾਂ, ਸਜ਼ਾਵਾਂ ਅਤੇ ਜੁਰਮਾਨੇ

ਇਸ ਸਮੇਂ ਪੰਜਾਬ ਸਰਕਾਰ ਕੂਕਿਆਂ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੀ ਸੀ। ਕੂਕਾ ਲਹਿਰ ਨੂੰ ਦਬਾਉਣ ਲਈ ਸਰਕਾਰ ਵੱਲੋਂ ਅਨੇਕ ਯਤਨ ਕੀਤੇ ਗਏ। ਉਨ੍ਹਾਂ ਥਾਵਾਂ ਦੀ ਸੂਚੀ ਤਿਆਰ ਕੀਤੀ ਗਈ, ਜੋ ਕੂਕਿਆਂ ਦੇ ਗੜ੍ਹ ਮੰਨੇ ਜਾਂਦੇ ਸਨ। ਨਾਮੀ ਗ੍ਰਾਮੀ ਕੂਕਿਆਂ ਦੀਆਂ ਉਨ੍ਹਾਂ ਦੇ ਹੁਲੀਏ ਸਮੇਤ ਸੂਚੀਆਂ ਤਿਆਰ ਕੀਤੀਆਂ ਗਈਆਂ। ਪੰਜਾਬ ਸਰਕਾਰ ਨੇ ਇਸ ਸੰਬੰਧ ਵਿੱਚ ਜਿਹੜਾ ਕਿਤਾਬਚਾ ਸੈਂਟਰਲ ਪੁਲਿਸ ਦਫ਼ਤਰ ਸਪੈਸ਼ਲ ਬਰਾਂਚ ਲਾਹੌਰ ਵੱਲੋਂ 31 ਦਸੰਬਰ,

1* ਸੰਤ ਨਿਧਾਨ ਸਿੰਘ ਆਲਮ, 'ਜੁਗ ਪਲਟਾਊ ਸਤਿਗੁਰੂ', ਪੰਨਾ 18



Sri Satguru Jagjit Singh Ji Elibrary NamdhariElibrary@gmail com

1880 ਨੂੰ ਪ੍ਰਕਾਸ਼ਿਤ ਕੀਤਾ, ਉਸ ਵਿੱਚ ਉਨ੍ਹਾਂ ਪਿੰਡਾਂ ਅਤੇ ਪ੍ਰਸਿੱਧ ਕੂਕੇ ਸਿੰਘਾਂ ਦੇ ਨਾਮ ਦਰਜ ਸਨ, ਜੋ ਅੰਗਰੇਜ਼ੀ ਸਰਕਾਰ ਦੇ ਜਬਰਦਸਤ ਢੰਗ ਨਾਲ ਇਸ ਲਹਿਰ ਨੂੰ ਦਬਾਉਣ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਕੂਕਾ ਲਹਿਰ ਦੇ ਆਦਰਸ਼ਾਂ ਦੀ ਪ੍ਰਾਪਤ ਲਈ ਸੰਗਰਾਮ ਕਰ ਰਹੇ ਸਨ।

ਇਸ ਕਿਤਾਬਚੇ ਵਿੱਚ 785 ਪਿੰਡਾਂ ਅਤੇ ਸ਼ਹਿਰਾਂ ਦੇ ਨਾਮ ਦਰਜ ਹਨ ਅਤੇ 274 ਕੂਕੇ ਸਿੰਘਾਂ ਦੇ ਨਾਂ ਅੰਕਿਤ ਹਨ, ਇਨ੍ਹਾਂ ਵਿੱਚੋਂ 254 ਨੂੰ ਪ੍ਰਮੁੱਖ ਕੂਕੇ ਮੰਨਿਆ ਗਿਆ ਹੈ। ਜਿਨ੍ਹਾਂ ਨੂੰ ਵਿਸ਼ੇਸ਼ ਜਾਣ ਕੇ ਉਨ੍ਹਾਂ ਦੇ ਹੁਲੀਏ, ਕਿੱਤੇ ਅਤੇ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਬਾਰੇ ਵੇਰਵੇ ਦਿੱਤੇ ਗਏ ਹਨ। ਇਸ ਤੋਂ ਬਿਨਾਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਇਨ੍ਹਾਂ ਬਾਰੇ ਜੇ ਕਿਸੇ ਨਵੀਂ ਘਟਨਾ ਜਾਂ ਵਿਸ਼ੇਸ਼ ਕਾਰਵਾਈ ਦਾ ਪਤਾ ਲੱਗੇ ਤਾਂ ਉਸ ਬਾਰੇ ਤੁਰੰਤ ਸੂਚਨਾ ਉਪਰਲੇ ਅਧਿਕਾਰੀਆਂ ਨੂੰ ਦਿੱਤੀ ਜਾਵੇ। ਪੰਜਾਬ ਸਰਕਾਰ ਦੇ ਪੁਲਿਸ ਵਿਭਾਗ ਵੱਲੋਂ ਇਸ ਸੂਚਨਾ ਨੂੰ ਪ੍ਰਕਾਸ਼ਿਤ ਕਰਵਾਉਣ ਦਾ ਮੁੱਖ ਉਦੇਸ਼ ਕੀ ਹੋ ਸਕਦਾ ਸੀ? ਪਹਿਲੀ ਗੱਲ ਤਾਂ ਇਹ ਇਸ ਪੁਸਤਕ ਤੋਂ ਇਹ ਸਹਿਜੇ ਹੀ ਗਿਆਤ ਹੋ ਜਾਂਦਾ ਹੈ ਕਿ 1872 ਤੋਂ ਪਿਛੋਂ ਜਬਰ ਸਾਲਾਂ ਤੱਕ ਕੂਕਾ ਲਹਿਰ ਸਖ਼ਤ ਸਰਕਾਰੀ ਪਾਬੰਦੀਆਂ ਦੇ ਬਾਵਜੂਦ ਮੱਠੀ ਨਹੀਂ ਸੀ ਪਈ ਅਤੇ ਕੂਕਾ ਲਹਿਰ ਉਸ ਸਮੇਂ ਵੀ ਪੂਰੀ ਤਰ੍ਹਾਂ ਸਰਗਰਮ ਸੀ। ਉਦਾਹਰਣ ਵਜੋਂ ਬਾਬਾ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ) ਬਾਰੇ ਇਸ ਪੁਸਤਕ ਵਿੱਚ ਇਸ ਤਰ੍ਹਾਂ ਉਲੇਖ ਕੀਤਾ ਗਿਆ ਹੈ। "ਬੁੱਧ ਸਿੰਘ, ਪਿਤਾ ਦਾ ਨਾਂ ਜੱਸਾ ਸਿੰਘ, ਪੇਸ਼ਾ ਤਰਖਾਣ, ਪਿੰਡ ਭੈਣੀ, ਥਾਣਾ ਸਾਹਨੇਵਾਲ। ਵੇਰਵੇ ਸਹਿਤ ਵਰਨਣ - ਸਾਮਲਾ ਰੰਗ, ਲੰਬਾ ਚਿਹਰਾ, ਦਾੜ੍ਹੀ ਸਫੈਦ, ਲੰਬਾ ਕੱਦ, ਉਮਰ ਲਗਭਗ 57 ਸਾਲ। ਪੂਰਵ ਸੂਚਨਾ, ਚਾਲ ਚਲਣ ਆਦਿ ਇਹ ਗੁਰੂ ਰਾਮ ਸਿੰਘ ਦਾ ਛੋਟਾ ਭਾਈ ਹੈ ਅਤੇ ਉਸਨੂੰ ਇਸ ਫਿਰਕੇ ਦਾ ਪ੍ਰਤੀਨਿਧ ਅਤੇ ਮੁਖੀ ਕਰਕੇ ਜਾਣਿਆ ਜਾਂਦਾ ਹੈ। ਉਹ ਨਵੇਂ ਕੂਕੇ ਬਣਾਉਂਦਾ ਹੈ ਅਤੇ ਉਹ ਗੁਰੂ ਰਾਮ ਸਿੰਘ ਵਾਲੇ ਸਾਰੇ ਕਾਰਜ ਨਿਭਾਉਂਦਾ ਹੈ। ਕੂਕਿਆਂ ਉੱਤੇ ਉਸਦਾ ਚੋਖਾ ਪ੍ਰਭਾਵ ਹੈ।"

ਦੂਜੇ ਇਸ ਸੂਚੀ ਦੇ ਛਾਪਣ ਦਾ ਕਾਰਨ ਕੂਕਾ ਲਹਿਰ ਦੀਆਂ ਕਾਰਵਾਈਆਂ ਉੱਤੇ ਪੂਰੀ ਨਿਗਰਾਨੀ ਰਖਣ ਦਾ ਸੀ, ਜਿਸ ਦੀ ਲੋੜ ਸਰਕਾਰ ਹੁਣ ਵੀ ਸਮਝ ਰਹੀ ਸੀ। ਇਸ ਪੁਸਤਕ ਦੇ ਸੰਪਾਦਕ [1*]ਜਸਵਿੰਦਰ ਸਿੰਘ ਅਨੁਸਾਰ ਇਸ ਵਿੱਚ ਨਿਮਲਿਖਤ ਸ਼੍ਰੇਣੀਆਂ ਦੇ ਨਾਮ ਦਰਜ ਕੀਤੇ ਗਏ ਹਨ।

1. ਉਹ ਵਿਅਕਤੀ ਜੋ ਗ੍ਰਿਫਤਾਰ ਕੀਤੇ ਗਏ, ਜਿਨ੍ਹਾਂ ਉੱਤੇ ਮੁਕੱਦਮੇ ਚਲਾਏ ਗਏ, ਜਿਨ੍ਹਾਂ ਨੂੰ ਜਮਾਨਤਾਂ ਦੇਣ ਲਈ ਕਿਹਾ ਗਿਆ,

[1*] ਜਸਵਿੰਦਰ ਸਿੰਘ, ਪ੍ਰੀਵੇਂਸ ਕੂਕਾਜ਼ ਆਫ਼ ਨੋਟਸ ਇਨ ਦ ਪੰਜਾਬ, ਪੰਨਾ 28-31



Sri Satguru Jagjit Singh Ji Elibrary NamdhariElibrary@gmail com

ਅਜਿਹਾ ਨਾ ਕਰਨ ਦੀ ਹਾਲਤ ਵਿੱਚ ਉਨ੍ਹਾਂ ਨੂੰ ਕੈਦ ਕੀਤਾ ਗਿਆ।

2. ਜਿਨ੍ਹਾਂ ਨੇ ਆਪਣੀ ਜ਼ਾਇਦਾਦ ਇਸ ਲਹਿਰ ਦੇ ਲੇਖੇ ਲਾ ਦਿੱਤੀ।
3. ਜਿਨ੍ਹਾਂ ਨੇ ਇਸ ਲਹਿਰ ਦੀ ਖਾਤਰ ਆਪਣੇ ਘਰ-ਘਾਟ ਦਾ ਤਿਆਗ ਕੀਤਾ।
4. ਜਿਹੜੇ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਬਰਮਾ ਵਿੱਚ ਪਹੁੰਚੇ।
5. ਇਨ੍ਹਾਂ ਤੋਂ ਬਿਨਾਂ ਕੁਝ ਹੋਰ ਅਸਰ ਰਸੂਖ ਰੱਖਣ ਵਾਲੇ ਸੂਬੇ ਜਾਂ ਪ੍ਰਮੁੱਖ ਕੂਕੇ।

ਇਸ ਪੁਸਤਕ ਬਾਰੇ ਡਾ: ਐਮ. ਐਮ. ਆਹਲੂਵਾਲੀਆ ਇਸ ਤਰ੍ਹਾਂ ਲਿਖਦਾ ਹੈ। ਪੰਜਾਬ ਵਿੱਚ ਪ੍ਰਮੁੱਖ ਕੂਕਿਆਂ ਦੀਆਂ ਕਾਰਵਾਈਆਂ ਦੀ ਸਰਕਾਰ ਵੱਲੋਂ ਘੋਖਵੀਂ ਪੜਤਾਲ ਕਰਕੇ ਵਿਸ਼ੇਸ਼ ਸੂਚੀ ਤਿਆਰ ਕੀਤੀ ਗਈ। ਇਸ ਸੂਚੀ ਵਿੱਚੋਂ ਇਸ ਲੇਖਕ ਨੇ 59 ਦੇ ਵੇਰਵੇ ਆਪਣੀ ਪੁਸਤਕ ਵਿੱਚ ਇਨ-ਬਿਨ ਰੂਪ ਵਿੱਚ ਦੇ ਦਿੱਤੇ ਹਨ। ਇਨ੍ਹਾਂ ਕੂਕਿਆਂ ਨੇ ਆਪਣੇ ਘਰ-ਬਾਰ ਤਿਆਗ ਕੇ ਆਪਣੀਆਂ ਜ਼ਾਇਦਾਦਾਂ ਕੁਰਬਾਨ ਕਰ ਦਿੱਤੀਆਂ। ਇਨ੍ਹਾਂ ਨੂੰ ਸਰਕਾਰ ਨੇ ਗ੍ਰਿਫਤਾਰ ਕਰਕੇ ਇਨ੍ਹਾਂ ਤੋਂ ਭਾਰੀਆਂ ਜ਼ਮਾਨਤਾਂ ਮੰਗੀਆਂ। ਇਹ ਸਭ ਕੁਝ ਇਨ੍ਹਾਂ ਨੇ ਕੂਕੇ ਮੱਤ ਉੱਤੇ ਭਰੋਸੇ ਅਤੇ ਉਸਦੇ ਆਦਰਸ਼ਾਂ ਦੀ ਖਾਤਰ ਕੀਤਾ। ਕਈਆਂ ਨੂੰ ਆਪਣੀਆਂ ਨੌਕਰੀਆਂ ਛੱਡਣੀਆਂ ਪਈਆਂ, ਦੂਜਿਆਂ ਨੇ ਆਪਣੀ ਸਾਰੀ ਜ਼ਾਇਦਾਦ ਵੇਚ ਵੱਟ ਕੇ ਆਪਣੇ ਕੂਕੇ ਭਰਾਵਾਂ ਦੀ ਟਹਿਲ ਸੇਵਾ ਵਿੱਚ ਲਾ ਦਿੱਤੀ, ਤਾਂ ਜੋ ਤਨੋ-ਮਨੋ ਇਸ ਲਹਿਰ ਵਿੱਚ ਕੁਦ ਪੈਣ। ਇਨ੍ਹਾਂ ਵਿੱਚੋਂ ਕਈਆਂ ਨੂੰ ਜਲਾਵਤਨ ਕੀਤਾ ਗਿਆ। ਇਹ ਇੱਕ ਤਰ੍ਹਾਂ ਨਾਲ ਉਨ੍ਹਾਂ ਦੀ ਵੱਡਮੁੱਲੀ ਸੇਵਾ ਸੀ, ਜੋ ਕੂਕਾ ਲਹਿਰ ਨੂੰ ਅਰਪਣ ਕੀਤੀ ਗਈ। ਇਨ੍ਹਾਂ ਸੱਠਾਂ ਵਿੱਚੋਂ ਸੂਬਾ ਅੱਤਰ ਸਿੰਘ ਨੇ ਆਪਣੀ ਜ਼ਮੀਨ-ਜ਼ਾਇਦਾਦ ਵੇਚ ਕੇ ਆਪਣੀਆਂ ਸਪੁੱਤਰੀਆਂ ਨੂੰ ਨਾਲ ਲੈ ਕੇ ਕੂਕਾ ਲਹਿਰ ਦਾ ਪ੍ਰਚਾਰ ਕੀਤਾ। ਮਾਰਚ 1875 ਵਿੱਚ ਬਾਗੀਆਨਾ ਤਕਰੀਰ ਕਰਨ ਅਤੇ ਗੈਰ-ਕਾਨੂੰਨੀ ਇਕੱਤਰਤਾ ਵਿੱਚ ਸ਼ਾਮਲ ਹੋਣ ਕਾਰਨ ਉਸਨੂੰ ਜਬਰ ਮਹੀਨੇ ਦੀ ਸਜ਼ਾ ਅਤੇ 200 ਰੁਪਏ ਜ਼ੁਰਮਾਨਾ ਹੋਇਆ। ਕਾਲਾ ਸਿੰਘ ਮਸਤਾਨੇ ਨੂੰ 600 ਰੁਪਏ ਦੀ ਜ਼ਮਾਨਤ ਭਰਨ ਲਈ ਕਿਹਾ ਗਿਆ, ਜੋ ਉਹ ਨਾ ਭਰ ਸਕਿਆ, ਜਿਸ ਕਰਕੇ ਉਸਨੂੰ 6 ਮਹੀਨੇ ਦੀ ਕੈਦ ਹੋਈ।

ਬਾਬਾ ਰਾਏ ਸਿੰਘ ਤੋਂ 14 ਜਨਵਰੀ, 1875 ਨੂੰ 200 ਰੁਪਏ ਦੀ ਜ਼ਮਾਨਤ ਮੰਗੀ ਗਈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਇੱਕ ਸਾਲ ਦੀ ਕੈਦ ਦੀ ਸਜ਼ਾ ਭੁਗਤਣੀ ਪਈ। ਭਾਰਤੀ ਦੰਡ ਵਿਧਾਨ ਦੀ ਧਾਰਾ 143 ਅਧੀਨ ਉਸਨੂੰ ਜਬਰ ਮਹੀਨੇ ਦੀ ਕੈਦ ਹੋਈ। ਸੂਬਾ ਨਰਾਇਣ ਸਿੰਘ ਨੂੰ ਸਰਕਾਰ ਬੜਾ ਖ਼ਤਰਨਾਕ ਬਾਗੀ ਮੰਨਦੀ ਸੀ। ਉਹ ਕਈ ਸਾਲਾਂ ਤੱਕ ਆਪਣੇ ਘਰ ਤੋਂ ਦੂਰ ਰਿਹਾ ਅਤੇ



Sri Satguru Jagjit Singh Ji Elibrary NamdhariElibrary@gmail.com

ਸਰਕਾਰ ਉਸਨੂੰ ਭਾਲ ਸਕਣ ਦੇ ਅਸਮਰੱਥ ਰਹੀ।

ਭੋਹਲੋਂ ਥਾਣੇ ਦੇ ਕਾਲਾ ਸਿੰਘ ਅਤੇ ਖਜਾਨ ਸਿੰਘ ਥਾਣੇਦਾਰ ਆਪਣੀਆਂ ਜ਼ਮੀਨਾਂ ਵੇਚ ਅਤੇ ਗਹਿਣੇ ਪਾ ਕੇ ਭੈਣੀ ਸਾਹਿਬ ਚਲੇ ਗਏ। ਰਾਇਪੁਰ ਦੇ ਨੰਬਰਦਾਰ ਜੈਮਲ ਸਿੰਘ ਨੂੰ ਇੱਕ ਹਜ਼ਾਰ ਰੁਪਏ ਦੀ ਜ਼ਮਾਨਤ ਵਿੱਚ ਇੱਕ ਸਾਲ ਦੀ ਕੈਦ ਕਟਣੀ ਪਈ। ਉਸਨੇ ਆਪਣੀ ਸਾਰੀ ਜਾਇਦਾਦ ਵੇਚ ਦਿੱਤੀ ਅਤੇ ਖਿਆਲ ਕਰਦਾ ਸੀ ਕਿ ਜਦੋਂ ਕੂਕਿਆਂ ਦਾ ਰਾਜ ਹੋਵੇਗਾ, ਉਹ ਇਸ ਨੂੰ ਮੁੜ ਵਾਪਸ ਲੈ ਲਵੇਗਾ। ਉਹ ਭੈਣੀ ਆ ਕੇ ਲੰਗਰ ਦੀ ਸੇਵਾ ਕਰਦਾ ਰਿਹਾ।

ਸੂਬਾ ਦਰਬਾਰਾ ਸਿੰਘ ਨੂੰ 1873 ਵਿੱਚ ਕੈਦ ਭੁਗਤਣੀ ਪਈ ਅਤੇ 1875 ਵਿੱਚ ਇੱਕ ਹਜ਼ਾਰ ਦੀ ਜ਼ਮਾਨਤ ਦੇਣ ਲਈ ਕਿਹਾ ਗਿਆ।

ਇਨ੍ਹਾਂ ਤੋਂ ਬਿਨਾਂ ਬਾਕੀ ਸੂਬਿਆਂ ਅਤੇ ਹੋਰ ਪ੍ਰਮੁੱਖ ਕੂਕਿਆਂ ਨੂੰ ਵੀ ਕੈਦਾਂ ਅਤੇ ਜੁਰਮਾਨਿਆਂ ਦੀਆਂ ਸਜ਼ਾਵਾਂ ਭੁਗਤਣੀਆਂ ਪਈਆਂ।

### ਸੰਤ ਸੰਤੋਖ ਸਿੰਘ ਬਾਹੋਵਾਲ ਨੇ ਕਚਹਿਰੀ ਵਿੱਚ ਮਸ਼ਾਲ ਬਾਲੀ

ਸਤਿਗੁਰੂ ਹਰੀ ਸਿੰਘ ਸਮੇਂ-ਸਮੇਂ ਸਿਰ ਪੰਜਾਬ ਸਰਕਾਰ ਨੂੰ ਦਰਖਾਸਤਾਂ ਭੇਜਦੇ ਰਹਿੰਦੇ ਸਨ ਕਿ ਸਾਨੂੰ ਦੱਸਿਆ ਜਾਵੇ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਉਂ ਅਤੇ ਕਿੱਥੇ ਕੈਦ ਕਰਕੇ ਰੱਖਿਆ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦਰਖਾਸਤਾਂ ਦਾ ਕੋਈ ਉੱਤਰ ਨਾ ਦਿੱਤਾ ਜਾਂਦਾ।

ਸਤਿਗੁਰੂ ਹਰੀ ਸਿੰਘ ਜੀ ਨੇ ਸੰਤ ਬਾਹੋਵਾਲ ਨੂੰ ਹੁਕਮ ਕੀਤਾ ਕਿ ਤੂੰ ਲਾਹੌਰ ਜਾ ਕੇ ਦਿਨ ਵੇਲੇ ਮਸ਼ਾਲ ਬਾਲੀਂ, ਜੇਕਰ ਕੋਈ ਪੁੱਛੇ ਤਾਂ ਇਹ ਬੋਲਾ ਕਰਨਾ ਕਿ ਇਸ ਰਾਜ ਵਿੱਚ ਕੁਝ ਇਨਸਾਫ ਨਹੀਂ ਹੈ। ਦਿਨ ਵੇਲੇ ਵੀ ਅਨ੍ਹੇਰ ਮਚਿਆ ਪਿਆ ਹੈ। ਸੰਤ ਬਾਹੋਵਾਲ ਨੇ ਲਾਹੌਰ ਪਹੁੰਚ ਕੇ ਬਾਬਾ ਦੇਵਾ ਸਿੰਘ ਦੇ ਕਾਰਖਾਨੇ ਵਿੱਚ ਜਾ ਡੇਰਾ ਕੀਤਾ ਅਤੇ ਉਥੋਂ ਕੌਲੀ, ਤੇਲ ਅਤੇ ਕੱਪੜਾ ਲੈ ਕੇ ਮਸ਼ਾਲ ਬੰਨ ਕੇ ਅਗਲੇ ਦਿਨ ਕਚਹਿਰੀ ਜਾ ਕੇ ਦਿਨ ਵੇਲੇ ਮਸ਼ਾਲ ਬਾਲ ਦਿੱਤੀ।

[1*]"ਸੰਤੋਖ ਸਿੰਘ ਕਚਹਿਰੀ ਦੇ ਅੱਗੇ ਜਾ ਖੜ੍ਹਾ ਹੋਇਆ। ਮਸ਼ਾਲ ਬਲ ਰਹੀ ਹੈ। ਸਭ ਕਚਹਿਰੀ ਬਾਹਰ ਨਿਕਲ ਆਈ। ਪੁਛਣੇ ਲੱਗੇ ਤੁਮਨੇ ਕਿਉਂ ਮਸ਼ਾਲ ਬਾਲੀ ਹੈ? ਕਹਾ ਕਿ ਤੁਸੀਂ ਅਦਾਲਤ ਨਹੀਂ ਕਰਦੇ ਹੋ। ਦਿਨ ਨੂੰ ਅੰਧੇਰ ਪੈ ਗਿਆ ਹੈ। ਅੰਨਿਆ ਨੂੰ ਚਾਨਣਾ ਕੀਤਾ ਹੈ। ਹੋਰ ਤਾਂ ਰਾਤ ਕੇ ਅੰਨ੍ਹੇ ਹੈਂ, ਅਦਾਲਤੀ ਦਿਨ ਕੇ ਅੰਨ੍ਹੇ ਹੈਂ। ਉਨ੍ਹਾਂ ਨੇ ਪੁੱਛਿਆ ਕਿਉਂ ਅੰਨ੍ਹੇ ਹੈਂ? ਕਹਾ ਕਿ ਸਤਿਗੁਰੂ ਰਾਮ ਸਿੰਘ ਕੋ ਫੜ ਕੇ ਲੈ ਗਏ ਹੈਂ। ਕੀ ਗੁਨਾਹ ਕੀਤਾ ਸੀ? ਜਿਨ੍ਹਾਂ ਸਿੰਘਾਂ ਨੇ ਹਮਲਾ ਕੀਤਾ ਸੀ, ਸੋ ਉਡਾਇ ਦੀਏ ਥੇ।" ਸਤਿਗੁਰੂ ਜੀ ਪਹਿਲੇ ਇਤਲਾਹ ਦੇਂਦਿੱਤੀ ਸੀ ਕਿ ਸਿੰਘ

---

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਪੰਨਾ 455



Sri Satguru Jagjit Singh Ji Elibrary NamdhariElibrary@gmail.com

ਸਾਥੋਂ ਬੇਬਸ ਹੈਂ। ਸਰਕਾਰ ਨੇ ਨਾ ਬੰਦੋਬਸਤ ਕੀਤਾ। ਸਤਿਗੁਰੂ ਕੋ ਬੇਗੁਨਾਹਿਆਂ ਕੋ ਫੜ ਕੇ ਲੈ ਗਏ ਹੈਂ। ਫੇਰ ਹੋਰ ਏਤਨੀਆਂ ਅਰਜ਼ੀਆਂ ਦਿੱਤੀਆਂ ਹੈਂ, ਕੋਈ ਉੱਤਰ ਨਹੀਂ ਦਿੰਦੇ ਹੋ ਕਿ ਕਿੱਥੇ ਹੈਨ। ਨਾ ਦੀਦਾਰ ਕਰਨ ਦਿੰਦੇ ਹੋ। ਨਾ ਚਿੱਠੀ ਭੇਜਣ ਦਿੰਦੇ ਹੋ। ਸਤਿਗੁਰੂ ਜੀ ਕੋ ਅਤੇ ਸੂਬਿਆਂ ਕੋ ਕਿਹੜੀ ਅਦਾਲਤ ਨਾਲ ਫੜ ਕੇ ਲੈ ਗਏ ਹੈਂ? ਏਸ ਬਾਰਤਾ ਕਾ ਉੱਤਰ ਦਿਉ। ਇਸ ਵਾਸਤੇ ਅੰਨ੍ਹੇ ਅਦਾਲਤੀਆਂ ਕੋ ਚਾਨਣ ਕੀਤਾ ਹੈ। ਅਦਾਲਤ ਨਹੀਂ ਰਹੀ ਹੈ, ਅੰਧੇਰ ਪੈ ਗਿਆ ਹੈ ਦਿਨ ਕੋ। ਕਚਹਿਰੀ ਵੱਲੋਂ ਉੱਤਰ ਮਿਲਿਆ ਕਿ ਕਮਿਸ਼ਨਰ ਸ਼ਿਮਲੇ ਗਿਆ ਹੈ। ਜਦ ਉਹ ਆਵੇਗਾ, ਤਬ ਤੁਮਨੇ ਔਣਾਂ।

ਸੰਤ ਸੰਤੋਖ ਸਿੰਘ ਬਾਹੋਵਾਲ ਇਸ ਮਸ਼ਾਲ ਨੂੰ ਲੈ ਕੇ ਸਾਰੇ ਲਾਹੌਰ ਸ਼ਹਿਰ ਵਿੱਚ ਫਿਰਿਆ। ਸ਼ਾਹਆਲਮੀ ਦਰਵਾਜ਼ੇ ਵਿੱਚੋਂ ਨਿਕਲ ਕੇ ਬਾਬਾ ਦੇਵਾ ਸਿੰਘ ਦੇ ਕਾਰਖਾਨੇ ਪਰਤ ਆਇਆ। ਫਿਰ ਇਹੋ ਮਸ਼ਾਲ ਉਸਨੇ ਅੰਮ੍ਰਿਤਸਰ ਆ ਕੇ ਬਾਲੀ। ਇਸ ਪਿਛੋਂ ਜਦੋਂ ਲੁਧਿਆਣੇ ਆ ਕੇ ਜ਼ਿਲ੍ਹਾ ਕਚਿਹਰੀ ਵਿੱਚ ਉਸਨੇ ਮਸ਼ਾਲ ਆ ਜਗਾਈ ਤਾਂ ਪੁਲਿਸ ਉਸਨੂੰ ਪਕੜ ਕੇ ਕੋਤਵਾਲੀ ਲੈ ਆਈ। ਜਿੱਥੇ ਪੁਲਿਸ ਸੁਪਰਡੈਂਟ ਬਾਰਬਟਨ ਨਾਲ ਉਸਦੀ ਰੌਚਿਕ ਗੱਲਬਾਤ ਹੋਈ, ਜੋ ਸਾਖੀਆਂ ਮੇਂ ਲਿਖਿਆ ਹੈ, ਸੋ ਕਹੋ। ਕਹਾ ਕਿ ਜੇਕਰ ਧੁਆਨੂੰ ਦੱਸਿਆ ਤਾਂ ਤੁਸੀਂ ਕੈਦ ਕਰ ਦਿਉਗੇ। ਬਟਨ ਨੇ ਕਿਹਾ ਕਿ ਕੈਦ ਨਹੀਂ ਕਰਦੇ ਹੈਂ ਤੂੰ ਦੱਸ। ਸੰਤੋਖ ਸਿੰਘ ਨੇ ਕਿਹਾ ਕਿ ਰੂਸ ਆਵੇਗਾ। ਬਾਰਵਰਟਨ ਨੇ ਕਿਹਾ ਕਿ ਤੁਸੀਂ ਹਰੀ ਸਿੰਘ ਕਿਉਂ ਕਹਿੰਦੇ ਹੋ। ਸੰਤੋਖ ਸਿੰਘ ਨੇ ਕਿਹਾ ਕਿ ਬ੍ਰਿਛ ਕਾ ਬੂਟਾ ਸੁੱਕੇ ਤੇ ਪਾਣੀ ਪਾਏ ਤੇ ਹਰਾ ਹੋਇ ਜਾਂਦਾ ਹੈ। ਇਸੀ ਤਰ੍ਹਾਂ ਸਤਿਗੁਰੂ ਜੀ ਕੇ ਜਾਣੇ ਸੇ ਸੰਗਤ ਸੁੱਕ ਗਈ ਸੀ। ਇਸ ਮੂਰਤੀ ਕਾ ਦਰਸ਼ਨ ਕਰਕੇ ਦਿਲ ਹਰਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਕਾ ਹੁਕਮ ਹੈ, ਇਸ ਕਾ ਨਾਮ ਹਰੀ ਸਿੰਘ ਹੈ। ਮੇਰਾ ਰੂਪ ਕਰਕੇ ਜਾਨਣਾ। ਫਰੰਗੀ ਨੇ ਪੁੱਛਿਆ, ਡੇਰੇ ਕਾ ਕਿਆ ਚਲਣ ਹੈ। ਸੰਤੋਖ ਸਿੰਘ ਕਾ ਉੱਤਰ ਸੀ ਕਿ ਅੱਠ ਪਹਿਰ ਸਾਨੂੰ ਰਹਿਣ ਦਿੰਦੇ ਹੈ; ਫਿਰ ਕੱਢ ਦਿੰਦੇ ਹੈਂ। ਸਾਨੂੰ ਕੁਝ ਖ਼ਬਰ ਨਹੀਂ ਹੈ। ਭਾਈ ਸੰਤੋਖ ਸਿੰਘ ਅਨੁਸਾਰ ਬਰਵਰਟਨ ਨਾਲ ਹੋਈ ਵਾਰਤਾਲਾਪ ਮੁਨਸ਼ੀ ਰਿਕਾਰਡ ਕਰਦਾ ਰਿਹਾ। ਆਪਣੇ ਕਾਰਜਾਂ ਨੂੰ ਸੰਪੂਰਨ ਕਰਕੇ ਅਤੇ ਸਤਿਗੁਰੂ ਹਰੀ ਸਿੰਘ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ ਲਾਹੌਰ, ਅੰਮ੍ਰਿਤਸਰ ਅਤੇ ਲੁਧਿਆਣੇ ਵਿੱਚ ਅੰਗਰੇਜ਼ ਸਰਕਾਰ ਦੀ ਬੇਇਨਸਾਫੀ ਵਿਰੁੱਧ ਮਸ਼ਾਲ ਬਾਲ ਕੇ ਸੰਤ ਸੰਤੋਖ ਸਿੰਘ ਸ਼੍ਰੀ ਭੈਣੀ ਸਾਹਿਬ ਪਰਤ ਆਇਆ।

## ਝੂਠਿਆਂ ਕੀ ਸਜ਼ਾ ਉਠੌਣੀ ਹੈ

ਸੰਤ ਸੰਤੋਖ ਸਿੰਘ ਬਾਹੋਵਾਲ ਨੇ ਲਾਹੌਰ ਵਿੱਚ ਵਾਪਰੀ ਇੱਕ ਹੋਰ ਘਟਨਾ



Sri Satguru Jagjit Singh Ji Elibrary NamdhariElibrary@gmail.com

ਦਾ ਵੇਰਵੇ ਸਹਿਤ ਵਰਣਨ ਕੀਤਾ ਹੈ, ਜਿਸ ਵਿੱਚ ਇੱਕ ਨਾਮਧਾਰੀ ਸਿੰਘ ਜੋ ਜਾਤ ਦਾ ਸੁਨਿਆਰਾ ਸੀ, ਵੱਲੋਂ ਦਿਨ ਵੇਲੇ ਕਚਹਿਰੀ ਵਿੱਚ ਇੱਕ ਜੱਜ ਨੂੰ ਸਲੋਤਰ ਨਾਲ ਮਾਰ ਦੇਣ ਅਤੇ ਆਪ ਫਾਂਸੀ ਦੀ ਸਜ਼ਾ ਪਾਉਣ ਦੀ ਵਾਰਤਾ ਦਾ ਵਰਣਨ ਕੀਤਾ ਗਿਆ ਹੈ। ਘਟਨਾ ਦੇ ਵੇਰਵੇ ਇਸ ਪ੍ਰਕਾਰ ਅੰਕਿਤ ਕੀਤੇ ਗਏ ਹਨ।

ਲਾਹੌਰ ਦੇ ਬਿਸ਼ਨ ਸਿੰਘ ਜੋ ਨਾਮਧਾਰੀ ਸੀ, ਉੱਤੇ ਕਿਸੇ ਨੇ ਲੈਣ-ਦੇਣ ਦਾ ਝੂਠਾ ਦਾਅਵਾ ਕਰ ਦਿੱਤਾ। ਜਦ ਮੁਕੱਦਮਾ ਅਦਾਲਤ ਵਿੱਚ ਪੇਸ਼ ਹੋਇਆ ਤਾਂ ਜੱਜ ਨੇ ਉਸ ਵਿਰੁੱਧ ਡਿਗਰੀ ਕਰ ਦਿੱਤੀ। ਸਿੰਘ ਨੇ ਜੱਜ ਨੂੰ ਕਿਹਾ ਕਿ ਤੂੰ ਝੂਠੀ ਡਿਗਰੀ ਕੀਤੀ ਹੈ, ਇਨਸਾਫ਼ ਨਹੀਂ ਕੀਤਾ। ਤੇਰੇ ਨਾਲ ਵੀ ਸਿਜਾਂਗਾਂ।

[1*]'ਘਰ ਮੈਂ ਜਾਇ ਕੇ ਸਿੰਘ ਨੇ ਇਸ਼ਨਾਨ ਕੀਤਾ। ਜਪ ਜਾਪੁ ਪੜਿਆ ਚੰਡੀ ਕੀ ਵਾਰ ਪੜੀ। ਹਮਨ ਕੀਤਾ। ਚਿੱਟੀ ਪੁਸ਼ਾਕ ਪਾਇ ਕੇ ਸਲੋਤਰ ਫੜ ਕੇ ਅਰਦਾਸਾ ਕਰਕੇ ਤੁਰਿਆ। ਜਾਂ ਕਚਹਿਰੀ ਦੇ ਪਾਸ ਗਿਆ ਤਾਂ ਅੱਗੋਂ ਉਹ ਜੱਜ ਚੀਤਾ ਛਡਨ ਨਿਕਲਿਆਂ। ਨਿਕਲਦੇ ਨੂੰ ਹੀ ਮਲ ਪਿਆ। ਸਿੰਘ ਨੇ ਕਿਹਾ ਕਿ ਮੈਂ ਉਹ ਹਾਂ ਜਿਸ ਕੀ ਤੈਨੇਂ ਝੂਠੀ ਡਿਗਰੀ ਕੀਤੀ ਹੈ। ਜੱਜ ਨੇ ਕਿਹਾ ਕਿਆ ਮਾਂਗਤਾ ਹੈ ? ਜਿਉਂ ਮਾਰਿਆ ਹੈ ਸਲੋਤਰ ਸਿਰ ਫਾਟ ਗਿਆ। ਉਸੀ ਬਖਤ ਮਰ ਗਿਆ ਜੱਜ। ਪੁਲਿਸ ਆਦਿ ਗਈ। ਫਰੰਗੀ ਆਇਆ ਕਠੇ ਹੋਇ ਹੋਰ ਲੋਕ ਭੀ। ਫਰੰਗੀ ਨੇ ਕਿਹਾ ਤੁਮਨੇ ਬੜਾ ਮਾੜਾ ਕੰਮ ਕੀਤਾ ਹੈ। ਸਿੰਘ ਨੇ ਕਿਹਾ ਬੜਾ ਚੰਗਾ ਕੰਮ ਕੀਆ ਹੈ। ਝੂਠੀਆਂ ਅਦਾਲਤਾਂ ਕਰਦਾ ਸੀ। ਝੂਠ ਕੇ ਮਾਰਿਆ ਹੈ।' ਸੰਤ ਬਾਹੋਵਾਲ ਅਨੁਸਾਰ ਉਸ ਉੱਤੇ ਜੱਜ ਦੇ ਇਸ ਕਤਲ ਦਾ ਮੁਕੱਦਮਾ ਚੱਲਿਆ, ਜਿਸ ਉੱਤੇ ਉਸ ਨੂੰ ਫਾਂਸੀ ਦੀ ਸਜ਼ਾ ਹੋਈ, ਜੋ ਉਸਨੇ [2*]ਖਿੜੇ ਮੱਥੇ ਪ੍ਰਵਾਨ ਕੀਤੀ।

### ਸੰਤ ਸੰਤੋਖ ਸਿੰਘ ਬਾਹੋਵਾਲ ਨੂੰ ਛੇ ਮਹੀਨੇ ਦੀ ਕੈਦ :

ਨੂਰੇ ਹੌਲਦਾਰ ਨੂੰ ਭੈਣੀ ਸਾਹਿਬ ਦੇ ਡੇਰੇ ਦੀ ਗਾਰਦ ਦੇ ਮੁਖੀ ਵਜੋਂ ਤਬਦੀਲ ਕਰਕੇ ਭੇਜਿਆ ਗਿਆ। ਕਤਲ ਕੀਤੇ ਗਏ ਗੋਂਦੇ ਸਿਪਾਹੀ ਵਾਂਗ ਉਸ ਦੇ ਮਨ ਵਿੱਚ ਵੀ ਆਪਣੀ ਤਾਕਤ ਦਾ ਬੜਾ ਘੁਮੰਡ ਸੀ। ਉਹ ਆਪਣੀ ਦਾਹੜੀ ਉੱਤੇ ਹੱਥ ਫੇਰ ਕੇ ਘੜੀ-ਘੜੀ ਆਖਦਾ ਸੀ, "ਮੈਂ ਡੇਰੇ ਕੀਆਂ ਜੜਾਂ ਪਟ ਕੇ ਜਾਵਾਂਗਾ।" ਅਜਿਹੇ ਕੁਬਚਨ ਉਹ ਸਤਿਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਵੀ ਬੋਲ ਦਿੰਦਾ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਇੱਕ ਦਿਨ ਉਸ ਨੂੰ ਉਸ ਦੇ ਹੈਂਕੜ ਭਰੇ ਬੋਲਾਂ ਨੂੰ ਸੁਣ ਕੇ ਬਚਨ ਕੀਤਾ, "ਡੇਰਾ ਤਾਂ ਇਮੇਂ ਹੀ ਰਹੇਗਾ। ਤੇਰੀ ਦਾਹੜੀ ਨਹੀਂ ਰਹੇਗੀ।" ਇੱਕ ਦਿਨ ਜਦੋਂ ਸੰਤੋਖ ਸਿੰਘ ਬਾਹੋਵਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਿਆ ਤਾਂ ਨੂਰੇ ਹੌਲਦਾਰ ਨੇ ਉਸ ਨੂੰ ਰੋਕਿਆ ਅਤੇ ਕਹਿਣ ਲੱਗਾ ਕਿ ਤੂੰ ਛੇਤੀ ਕਿਉਂ

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਪਹਿਲਾ, ਪੰਨ 446

[2*] ਉਕਤ, ਪੰਨਾ 447



Sri Satguru Jagjit Singh Ji Elibrary NamdhariElibrary@gmail.com

ਆ ਗਿਆ ਹੈਂ। ਸੰਤ ਬਾਹੋਵਾਲ ਨੇ ਕਿਹਾ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨ ਅਤੇ ਪ੍ਰਸ਼ਾਦ ਲੈਣ ਆਇਆ ਹਾਂ। ਹੌਲਦਾਰ ਕਹਿਣ ਲੱਗਾ "ਤੁਮ ਚਲੇ ਜਾਓ, ਪ੍ਰਸ਼ਾਦ ਦੇਣ ਦਾ ਹੁਕਮ ਨਹੀਂ ਹੈ।" ਬਾਹੋਵਾਲ ਨੇ ਕਿਹਾ, [1*]"ਗੁਰੂ ਕੇ ਦਰਵਾਜ਼ੇ ਸੇ ਭੁਖੇ ਨਹੀਂ ਜਾਵੇਂਗੇ। ਸਰਬ ਜਾਤਾਂ ਕੋ ਪ੍ਰਸ਼ਾਦਾ ਮਿਲਦਾ ਹੈ।" ਤੁਰਕ ਨੇ ਗਾਲ ਕੱਢੀ ਤਾਂ ਸੰਤੋਖ ਸਿੰਘ ਨੇ ਕਿਹਾ ਕਿ ਗਾਲ ਕਢਣੇਂ ਕਾ ਕੀ ਰਾਹੁ ਹੈ। ਤੁਰਕ ਨੇ ਝਟ ਦਾਹੜੀ ਫੜੀ। ਉਸਕਾ ਤਾਂ ਹੋਰ ਹਥ ਬਿਚੇ ਹੀ ਰਿਹਾ। ਸੰਤੋਖ ਸਿੰਘ ਨੇ ਹੌਲਦਾਰ ਦੀ ਦੋ ਵਾਰੀ ਖਿਚਕੇ ਦਾਹੜੀ ਖੋਹ ਸੁਟੀ। ਇੱਕ ਹੋਰ ਸਿਪਾਹੀ ਹੌਲਦਾਰ ਦੀ ਸਹਾਇਤਾ ਲਈ ਅੱਗੇ ਵਧਿਆ ਤਾਂ ਸੰਤ ਬਾਹੋਵਾਲ ਦੋਹਾਂ ਨੂੰ ਗਰਦਨਾਂ ਤੋਂ ਪਕੜ ਕੇ ਟਕਰਾਉਣ ਹੀ ਲੱਗਾ ਸੀ ਕਿ ਬਾਬਾ ਦਰਬਾਰਾ ਸਿੰਘ ਨੇ ਸੰਤੋਖ ਸਿੰਘ ਦੀ ਬਾਂਹ ਫੜ ਕੇ ਰੋਕ ਲਿਆ।

ਗਾਰਦ ਵਾਲੇ, ਸੰਤੋਖ ਸਿੰਘ ਨੂੰ ਫੜ ਕੇ ਲੈ ਗਏ। ਲੁਧਿਆਣੇ ਮੁਕੱਦਮਾ ਚੱਲਿਆ। ਪੁਲਿਸ ਵੱਲੋਂ ਸੁਖੂ ਅਤੇ ਗੁਰਦਿੱਤਾ ਜੋ ਗੁਰੂ ਘਰ ਦੇ ਦੋਖੀ ਸਨ, ਨੇ ਆਪਣੀਆਂ ਗਵਾਹੀਆਂ ਦੇਣ ਸਮੇਂ ਇਹ ਬਿਆਨ ਦਿੱਤਾ ਕਿ ਸੰਤੋਖ ਸਿੰਘ ਨੇ ਸਾਡੇ ਸਾਹਮਣੇ ਦਾਹੜੀ ਪੱਟੀ ਹੈ। ਦੂਜੇ ਬੰਨ੍ਹੇ ਬਾਬਾ ਦਰਬਾਰਾ ਸਿੰਘ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿ ਹੌਲਦਾਰ ਨੇ ਸਿੰਘ ਦੀ ਦਾਹੜੀ ਪੁੱਟੀ ਹੈ। ਦੂਜਾ ਗਵਾਹ ਪੰਜਾਬ ਸਿੰਘ ਲੌਹਗੜ੍ਹੀਆ, ਮੁਕਰ ਗਿਆ ਅਤੇ ਕਹਿਣ ਲੱਗਾ ਮੈਂ ਕੁਝ ਨਹੀਂ ਵੇਖਿਆ।

ਸੰਤ ਬਾਹੋਵਾਲ ਨੂੰ ਇਸ ਮੁਕੱਦਮੇ ਵਿੱਚ ਛੇ ਮਹੀਨੇ ਦੀ ਸਜ਼ਾ ਹੋਈ। ਕੈਦ ਕੱਟ ਕੇ ਉਹ ਮੁੜ ਸ੍ਰੀ ਭੈਣੀ ਸਾਹਿਬ ਆ ਗਿਆ ਅਤੇ ਗੁਰੂ ਘਰ ਦੇ ਤਬੇਲੇ ਦੀ ਸੇਵਾ ਵਿੱਚ ਮੁੜ ਜੁਟ ਗਿਆ ਅਤੇ ਗੁਰੂ ਘਰ ਦੀਆਂ ਸਾਖੀਆਂ ਸੰਗਤ ਤੋਂ ਪੁੱਛ-ਪੁੱਛ ਕੇ ਲਿਖਣ ਲੱਗਾ।

**ਸਦਾ ਵਰਤ ਲੰਗਰ ਦਾ ਨਿਰੰਤਰ ਜਾਰੀ ਰਹਿਣਾ :**

ਸਤਿਗੁਰੂ ਰਾਮ ਸਿੰਘ ਜੀ ਨੇ ਬਰਮਾ ਤੋਂ ਲਿਖੇ ਗਏ ਇੱਕ ਹੁਕਮਨਾਮੇ ਵਿੱਚ ਲਿਖਿਆ ਸੀ ਕਿ ਸਦਾਵਰਤ ਲੰਗਰ ਵਿੱਚ ਮੋਟਾ ਪ੍ਰਸ਼ਾਦਾ ਅਤੇ ਲੰਗਰ ਦੀ ਦਾਲ ਕਰੜੀ ਭਾਵ ਸੰਘਣੀ ਤਿਆਰ ਕਰਵਾਇਆ ਕਰੋ। ਸਤਿਗੁਰੂ ਹਰੀ ਸਿੰਘ ਨੇ ਪਹਿਲਾਂ ਹੀ ਇਹ ਹੁਕਮ ਦੇ ਦਿੱਤਾ ਸੀ ਕਿ ਲੰਗਰ ਦੀ ਦਾਲ ਸੰਘਣੀ ਬਣਾਈ ਜਾਵੇ। ਸਤਿਗੁਰੂ ਹਰੀ ਸਿੰਘ ਕਈ ਮੁਸ਼ਕਿਲਾਂ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਪਿਤ ਕੀਤੇ ਗਏ ਲੰਗਰ ਦੀ ਸੇਵਾ ਵਿੱਚ ਕੋਈ ਢਿਲ ਨਹੀਂ ਸੀ ਪੈਣ ਦਿੰਦੇ। ਲੰਗਰ ਲਈ ਮਾਇਆ ਆਪਣੇ ਆਪ ਹੀ ਆਉਂਦੀ ਰਹੀ। ਸ਼ੁਰੂ-ਸ਼ੁਰੂ ਵਿੱਚ ਇੱਕ

---

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਜਾ, ਪੰਨਾ 167-168



Sri Satguru Jagjit Singh Ji Elibrary NamdhariElibrary@gmail.com

ਵਾਰ ਜਦੋਂ ਅਜਿਹੀ ਮੁਸ਼ਕਿਲ ਆਈ ਤਾਂ ਤਬੇਲੇ ਦੀਆਂ ਕੜੀਆਂ ਬਾਲ ਕੇ ਵੀ ਇਸ ਸੇਵਾ ਨੂੰ ਜਾਰੀ ਰੱਖਿਆ ਗਿਆ। ਸਦਾ ਵਰਤ ਲੰਗਰ ਨੂੰ ਨਿਰੰਤਰ ਜਾਰੀ ਰੱਖਣ ਲਈ ਤਬੇਲੇ ਵਿੱਚ ਦਬਾਏ 6000 ਰੁਪਏ ਵੀ ਇਸ ਲੇਖੇ ਲਾ ਦਿੱਤੇ ਗਏ। ਸੰਤ ਬਾਹੋਵਾਲ ਦੀਆਂ ਸਾਖੀਆਂ ਵਿੱਚ ਕਈ ਹਵਾਲੇ ਅਜਿਹੇ ਮਿਲਦੇ ਹਨ। ਜਦੋਂ ਗੁਰੂ ਘਰ ਨਾਲ ਜੁੜੀ ਸਾਧ ਸੰਗਤ ਵੱਡੀਆਂ ਰਕਮਾਂ ਅਤੇ ਰਸਦਾਂ ਆਪਣੇ ਆਪ ਹੀ ਲੰਗਰ ਦੀ ਸੇਵਾ ਲਈ ਭੇਜਦੀ ਰਹੀ। ਇਸ ਗੱਲ ਦੇ ਹਵਾਲੇ ਸੰਤ ਬਾਹੋਵਾਲ ਰਚਿਤ ਗੁਰੂ ਬਿਲਾਸ ਵਿੱਚ ਮਿਲਦੇ ਹਨ। ਕਾਹਨ ਸਿੰਘ ਬੁਰਜ ਨੇ ਇੱਕ ਹਜ਼ਾਰ ਰੁਪਿਆ (1000), ਸਬੇਰਾ ਸਿੰਘ ਮਰ੍ਹਾਨੇ ਨੇ ਪੰਜ ਸੌ ਰੁਪਏ (500), ਨਾਰਲੀ ਦੇ ਬਘੇਲ ਸਿੰਘ ਨੇ ਇੱਕ ਹਜ਼ਾਰ ਰੁਪਏ (1000), ਨਥਾ ਸਿੰਘ ਗਾਧੜੀ ਵਾਲੇ ਨੇ ਇੱਕ ਹਜ਼ਾਰ ਰੁਪਏ (1000) ਗੁਰੂ ਕੇ ਲੰਗਰ ਲਈ ਭੇਜੇ। ਇਨ੍ਹਾਂ ਤੋਂ ਛੁੱਟ ਸਮੇਂ-ਸਮੇਂ ਸਿਰ ਹੋਰ ਰਕਮਾਂ ਅਤੇ ਰਸਦਾਂ ਵੀ ਪੁੱਜਦੀਆਂ ਰਹੀਆਂ। ਇਹ ਸਦਾ ਵਰਤ ਲੰਗਰ ਲਗਾਤਾਰ ਜਾਰੀ ਰਿਹਾ। ਇਸੇ ਪ੍ਰਕਰਣ ਵਿੱਚ ਸੰਤ ਬਾਹੋਵਾਲ ਲਿਖਦਾ ਹੈ। [1*] "ਸ੍ਰੀ ਸਤਿਗੁਰੂ ਜੀ ਕੇ ਦਰਵਾਜੇ ਪਰ ਹਰ ਵਕਤ ਪ੍ਰਸ਼ਾਦਾ ਮਿਲਦਾ ਹੈ। ਚਾਹੇ ਕਿਸੇ ਵਕਤ ਕੋਈ ਆਇ ਜਾਏ। ਸਰਬ ਜਾਤਾਂ ਕੋ ਪ੍ਰਸ਼ਾਦ ਮਿਲਦਾ ਹੈ ਅਠੇ ਪਹਿਰ। ਸੂਰਜ ਚੜ੍ਹਦੇ ਦੇ ਨਾਲ ਅਰਦਾਸਾ ਸੋਧ ਕੇ ਲੰਗਰ ਵਰਤਣ ਲੱਗਦਾ ਹੈ। ਸਵਾ ਪਹਿਰ ਰਾਤ ਤਾਂਈ ਵਰਤਦਾ ਹੈ, ਪਰ ਫਿਰ ਵੀ ਜੇਕਰ ਕੋਈ ਕੁਵੇਲੇ ਆ ਜਾਏ ਤਾਂ ਬੂਹੇ ਵਿੱਚ ਅਲਮਾਰੀ ਹੈ। ਅੰਦਰ ਪ੍ਰਸ਼ਾਦ ਹਰ ਵਕਤ ਮਿਲਦਾ ਹੈ। ਅਖੰਡ ਪਾਠ ਖੁਲ੍ਹੇ ਪਾਠਾਂ ਕੇ ਭੋਗ ਪੈਂਦੇ ਰਹਿੰਦੇ ਹੈਂ। ਵਰਨੀਆਂ ਭੀ ਹੁੰਦੀਆਂ ਰਹਿੰਦੀਆਂ ਹੈਂ। ਨਾਮ ਕਾ ਦਰਿਆਉ ਵਾਂਗੂ ਵਹਿਣ ਪਿਆ ਰਹਿੰਦਾ ਹੈ।"

ਗੁਰੂ ਹਰੀ ਸਿੰਘ ਜੀ ਦੇ ਸਮੇਂ ਇਸ ਲੰਗਰ ਨੂੰ ਚੱਲਦਾ ਰੱਖਣ ਲਈ ਹੋਰ ਵੀ ਬਹੁਤ ਸਾਰੇ ਨਾਮਧਾਰੀ ਸਿੰਘਾਂ ਨੇ ਆਪਣੀਆਂ ਜ਼ਮੀਨ-ਜ਼ਾਇਦਾਦਾਂ ਵੇਚ ਕੇ ਲੰਗਰ ਵਿੱਚ ਪਾਈਆਂ ਅਤੇ ਕਈਆਂ ਨੇ ਲੰਗਰ ਤਿਆਰ ਕਰਨ ਲਈ ਇੱਥੇ ਰਹਿ ਕੇ ਨਿਸ਼ਕਾਮ ਸੇਵਾ ਕੀਤੀ। ਪਿੰਡ ਭੱਬਰ ਦੇ ਸੰਤ ਜਿਊਣ ਸਿੰਘ ਨੇ ਆਪਣੇ ਹਿੱਸੇ ਦੀ ਅੱਧਾ ਮੁਰੱਬਾ ਜ਼ਮੀਨ ਵੇਚ ਕੇ ਲੰਗਰ ਵਿੱਚ ਪਾ ਦਿੱਤੀ। ਘਰ ਦਾ ਮੰਜਾ, ਬਿਸਤਰਾ, ਬਰਤਨ, ਭਾਂਡੇ ਗੁਰੂ ਕੇ ਉਗਰਾਹੀਆਂ ਦੇ ਗੱਡਿਆਂ 'ਤੇ ਲੱਦ ਕੇ ਸ੍ਰੀ ਭੈਣੀ ਸਾਹਿਬ ਪਹੁੰਚਾ ਦਿੱਤੇ ਅਤੇ ਆਪ ਵੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਹੁਕਮ ਅਨੁਸਾਰ ਸੇਵਾ ਕਰਦੇ ਰਹੇ। ਇਸੇ ਤਰ੍ਹਾਂ ਸ੍ਰੀ ਭੈਣੀ ਸਾਹਿਬ ਦੇ ਨੰਦੇ ਨਾਮੀ ਰਾਇ ਗੋਤ ਦੇ ਜੱਟ ਸਿੱਖ ਦੇ ਦੋ ਪੁੱਤਰਾਂ ਭਾਈ ਉੱਤਮ ਸਿੰਘ ਅਤੇ ਕਰਮ ਸਿੰਘ ਹੋਰਾਂ ਨੇ ਗੁਰੂ ਕੇ ਲੰਗਰ ਵਿੱਚ ਲੋਹ ਦੇ ਝੋਕੇ ਦੀ ਬੜੀ ਸੇਵਾ ਨਿਭਾਈ। (ਜੀਊਣ ਸਿੰਘ ਸਪੁੱਤਰ ਸ੍ਰੀ ਸਾਵਣ ਸਿੰਘ। ਇਹ ਜਥੇਦਾਰ ਗੁਰਮੁਖ ਸਿੰਘ ਭੱਬਰ ਦੇ ਪਿਤਾ ਸਨ।)

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 169



Sri Satguru Jagjit Singh Ji Elibrary NamdhariElibrary@gmail.com

(ਇਹਨਾਂ ਦਾ ਪਰਿਵਾਰ ਉਸ ਸਮੇਂ ਬਹੁਤ ਗਰੀਬ ਕਿਸਾਨ ਪਰਿਵਾਰ ਸੀ। ਗੁਰੂ ਕਿਰਪਾ ਸਦਕਾ ਅੱਜਕਲ੍ਹ ਇਸ ਪਰਿਵਾਰ ਦੇ ਮੁਖੀ ਸ੍ਰੀ ਗੁਰਦਿਆਲ ਸਿੰਘ ਰਾਇ ਸ਼੍ਰੀ ਭੈਣੀ ਸਾਹਿਬ ਵਿੱਚ ਹੀ ਰਹਿੰਦੇ ਹਨ ਅਤੇ ਹਰ ਤਰ੍ਹਾਂ ਨਾਲ ਖੁਸ਼ਹਾਲ ਹਨ।)

## ਸਤਿਗੁਰੂ ਹਰੀ ਸਿੰਘ ਨਾਲ ਮਾਤਾ ਜੀਵਨ ਕੌਰ ਦਾ ਆਨੰਦ

ਸਰਸਾ ਦੇ ਇਲਾਕੇ ਵਿੱਚ ਪਿੰਡ ਬਰਾਜ ਦਾ ਸੂਬਾ ਖੁਸ਼ਹਾਲ ਸਿੰਘ ਨਾਮਧਾਰੀ ਪੰਥ ਵਿੱਚ ਸਤਿਕਾਰਯੋਗ ਹਸਤੀ ਸੀ। ਉਸ ਦੀਆਂ ਦੋ ਪੁੱਤਰੀਆਂ ਜੀਵਨ ਕੌਰ ਅਤੇ ਫਤਹਿ ਕੌਰ ਸਨ। ਜੀਵਨ ਕੌਰ ਦਾ ਜਨਮ 1859 ਈ: ਵਿੱਚ ਮਾਤਾ ਭਾਗ ਭਰੀ ਦੇ ਘਰ ਹੋਇਆ। ਦੂਜੀ ਪੁੱਤਰੀ ਫਤਹਿ ਕੌਰ ਦਾ ਜਨਮ ਦੋ ਸਾਲ ਪਿਛੋਂ 1861 ਵਿਚ ਪਿੰਡ ਬਰਾਜ ਵਿਚ ਹੋਇਆ। ਦੋਹਾਂ ਧੀਆਂ ਦੇ ਫੇਰੇ ਬਾਲੜੀ ਉਮਰ ਵਿੱਚ ਹੀ ਪਰਾਤ ਵਿੱਚ ਬਿਠਾ ਕੇ ਰਿਵਾਜ ਅਨੁਸਾਰ ਕਰ ਦਿੱਤੇ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਨੁਸਾਰ ਛੋਟੀ ਉਮਰ ਦੀਆਂ ਬੱਚੀਆਂ ਦੇ ਵਿਆਹ ਕਰਨ ਉੱਤੇ ਰੋਕ ਲਗਾ ਦਿੱਤੀ ਗਈ ਸੀ। ਇਨ੍ਹਾਂ ਬੀਬੀਆਂ ਦੇ ਸਹੁਰਿਆਂ ਨੂੰ ਨਾਮਧਾਰੀ ਰਹਿਤ ਮਰਿਯਾਦਾ ਦੀ ਪਾਬੰਦੀ ਪ੍ਰਵਾਨ ਨਹੀਂ ਸੀ। ਇਸ ਲਈ ਇਹ ਵਿਆਹ ਪ੍ਰਵਾਨ ਨਾ ਚੜ੍ਹ ਸਕੇ। ਬਾਬਾ ਖੁਸ਼ਹਾਲ ਸਿੰਘ ਦੇ ਘਰ ਵਿੱਚ ਰਿਜ਼ਕ ਦੀ ਕੋਈ ਥੁੜ੍ਹ ਨਹੀਂ ਸੀ। ਇਨ੍ਹਾਂ ਬੀਬੀਆਂ ਦਾ ਪਾਲਣ-ਪੋਸ਼ਣ ਨਾਮਧਾਰੀ ਰਹਿਤ ਮਰਿਯਾਦਾ ਅਨੁਸਾਰ ਕੀਤਾ ਗਿਆ। ਨਾਮ ਸਿਮਰਨ ਅਤੇ ਬਾਣੀ ਦੇ ਸ਼ਬਦ ਨੂੰ ਗਾਇਨ ਕਰਨ ਦਾ ਅਭਿਆਸ ਇਨ੍ਹਾਂ ਨੂੰ ਬਚਪਨ ਵਿੱਚ ਹੀ ਹੋ ਗਿਆ ਸੀ। ਇਸ ਦਾ ਵਰਣਨ [1*]ਬਿਸ਼ਨ ਸਿੰਘ ਇਤਿਹਾਸਕਾਰ ਨੇ ਆਪਣੀ ਪੁਸਤਕ 'ਨਾਮਧਾਰੀ ਦੇਵੀਆਂ' ਵਿੱਚ ਕੀਤਾ ਹੈ। ਜਿਸ ਸਮੇਂ ਜਿਉਣ ਕੌਰ ਜੀ ਛੇ ਸਾਲ ਦੇ ਹੋਏ ਦੋਵੇਂ ਭੈਣਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਭੈਣੀ ਸਾਹਿਬ ਆਈਆਂ। ਸੂਬੇ ਖੁਸ਼ਹਾਲ ਸਿੰਘ ਨੇ ਦੋਹਾਂ ਬੇਟੀਆਂ ਨੂੰ ਸਤਿਗੁਰੂ ਜੀ ਦੇ ਹਜ਼ੂਰ ਹਾਜ਼ਰ ਕੀਤਾ। ਜਿਉਣ ਕੌਰ ਜੀ ਨੇ ਛੇ ਸਾਲ ਦੀ ਉਮਰ ਵਿੱਚ ਸਤਿਗੁਰਾਂ ਦੀ ਹਜ਼ੂਰੀ ਵਿੱਚ ਇਹ ਸ਼ਬਦ ਪੜ੍ਹਿਆ :

ਤੁਧ ਧਿਆਇਨ ਬੇਦ..................ਹਰਿ ਜਸ ਭਾਖਣਾ।

ਬੱਚੀਆਂ ਦੇ ਮਿੱਠੇ ਬਚਨ ਸੁਣ ਕੇ ਸਤਿਗੁਰਾਂ ਨੇ ਹੁਕਮ ਕੀਤਾ ਦੋਨੋਂ ਭੈਣਾਂ ਪੜ੍ਹਿਆ ਕਰੋ। ਇਕੱਠੀਆਂ ਹੀ ਮਿਲ ਕੇ ਰਿਹਾ ਕਰੋ। ਜਿਹੜਾ ਬਾਲ ਵਿਆਹ ਕੀਤਾ ਸੀ ਉਹ ਕੱਚਾ ਕਰ ਦਿੱਤਾ ਅਤੇ ਬਚਨ ਕੀਤਾ ਅਸੀਂ ਸੂਬਾ ਖੁਸ਼ਹਾਲ ਸਿੰਘ ਦੀਆਂ ਧੀਆਂ ਨੂੰ ਆਪੇ ਹੀ ਵਿਆਹਵਾਂਗੇ।"

ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਜੀ ਸੰਨ 1882 ਈ: ਵਿੱਚ ਪਰਲੋਕ ਸਿਧਾਰ ਗਏ ਸਨ। ਸਤਿਗੁਰੂ ਹਰੀ ਸਿੰਘ ਨੇ ਲੰਗਰ ਦਾ ਪ੍ਰਬੰਧ

---

[1*] ਬਿਸ਼ਨ ਸਿੰਘ, ਇਤਿਹਾਸਕਾਰ, ਨਾਮਧਾਰੀ ਦੇਵੀਆਂ, ਪੰਨਾ 88-89



Sri Satguru Jagjit Singh Ji Elibrary NamdhariElibrary@gmail.com

ਦਾਨ ਸਿੰਘ ਅਤੇ ਰਾਘੋ ਸਿੰਘ ਅਤੇ ਬਾਅਦ ਵਿੱਚ ਮਾਈ ਅਤਰੀ ਨੂੰ ਸੌਂਪ ਦਿੱਤਾ ਸੀ। ਸਮੁੱਚੇ ਨਾਮਧਾਰੀ ਪੰਥ ਨੂੰ ਇਸ ਸਮੇਂ ਵਿਦੇਸ਼ੀ ਸਰਕਾਰ ਦੇ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਇਸ ਸੰਕਟ ਦੇ ਸਮੇਂ ਸਰਕਾਰੀ ਜਬਰ ਦਾ ਸਬਰ ਅਤੇ ਦੂਰ ਦ੍ਰਿਸ਼ਟੀ ਨਾਲ ਟਾਕਰਾ ਕੀਤਾ ਅਤੇ ਆਪਣੇ ਪਾਵਨ ਅਤੇ ਸੁਦ੍ਰਿੜ੍ਹ ਚਰਿੱਤਰ ਦੁਆਰਾ ਸਮੁੱਚੇ ਨਾਮਧਾਰੀ ਪੰਥ ਨੂੰ ਇਸ ਬਿਖਮ ਸੰਕਟ ਵਿੱਚੋਂ ਕੱਢ ਲਿਆ। ਪੰਥਕ ਸੰਗਠਨ ਨੂੰ ਮਜ਼ਬੂਤ ਕੀਤਾ। ਦੂਰਦਰਸ਼ਤਾ ਵਾਲੀ ਰਾਜਨੀਤਕ ਸੂਝ ਅਤੇ ਉੱਚ-ਕੋਟੀ ਦੀ ਆਤਮਕ ਦ੍ਰਿਸ਼ਟੀ ਰਾਹੀਂ ਪੰਥ ਦੀ ਆਦਰਸ਼ਕ ਅਗਵਾਈ ਕੀਤੀ। ਅਜੇਹੇ ਸਮੇਂ ਸੂਬਾ ਖ਼ੁਸ਼ਹਾਲ ਸਿੰਘ ਜੀ ਨੇ ਆਪਣੀ ਪੁੱਤਰੀ ਜੀਵਨ ਕੌਰ ਦਾ ਅਰਦਾਸਾ ਗੁਰੂ ਹਰੀ ਸਿੰਘ ਜੀ ਨਾਲ ਕਰ ਦਿੱਤਾ।



Sri Satguru Jagjit Singh Ji Elibrary NamdhariElibrary@gmail.com

## 29

# ਘਰ ਦੇ ਮਾਲਕ ਦਾ ਜਨਮ

ਸਤਿਗੁਰੂ ਹਰੀ ਸਿੰਘ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਿਹ ਵਿਖੇ ਜਬਰ ਮਾਰਚ, 1890 (ਚੇਤ ਵਦੀ ਤੀਜ ਬਿਕਰਮੀ 1946) ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਹੋਇਆ। ਇਹ ਐਤਵਾਰ ਦਾ ਦਿਨ ਸੀ ਅਤੇ ਸ਼ਾਮ ਦਾ ਸਮਾਂ ਜਦੋਂ ਸੂਰਜ ਹਾਲੀਂ ਅਸਤ ਨਹੀਂ ਸੀ ਹੋਇਆ ਅਤੇ ਉਸ ਵਕਤ ਨਿੰਮੀ-ਨਿੰਮੀ ਵਰਖਾ ਹੋ ਰਹੀ ਸੀ।

ਗੁਰੂ ਘਰ ਵਿੱਚ ਨਵੇਂ ਬਾਲਕ ਦੇ ਜਨਮ ਦੀ ਖ਼ਬਰ ਸੁਣ ਕੇ ਸੰਗਤਾਂ ਅਤੇ ਪਿੰਡ ਵਾਸੀਆਂ ਦੇ ਦਿਲਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਤਿਗੁਰੂ ਹਰੀ ਸਿੰਘ ਉਸ ਦਿਨ ਸ਼ਰੀਰਕ ਪੱਖੋਂ ਕੁਝ ਢਿਲੇ ਸਨ ਅਤੇ ਰਾਮਸਰ ਕੋਠੀ ਵਿੱਚ ਆਰਾਮ ਕਰ ਰਹੇ ਸਨ ਜਦੋਂ ਸਿੰਘਾਂ ਨੇ ਆ ਕੇ ਸਤਿਗੁਰੂ ਜੀ ਨੂੰ ਸਾਹਿਬਜ਼ਾਦੇ ਦੇ ਜਨਮ ਦੀ ਖ਼ਬਰ ਸੁਣਾਈ ਤਾਂ ਆਪ ਉੱਠ ਕੇ ਬੈਠ ਗਏ। ਆਪ ਜੀ ਦੇ ਤੇਜਸਵੀ ਚਿਹਰੇ ਉੱਤੇ ਖੇੜਾ ਹੀ ਖੇੜਾ ਪਸਰ ਗਿਆ। ਆਪ ਨੇ ਪ੍ਰਸੰਨ ਚਿੱਤ ਹੋ ਕੇ ਇਹ ਬਚਨ ਕੀਤਾ, ਘਰ ਦਾ ਮਾਲਿਕ ਆਇਆ ਹੈ, ਬੜੇ ਬਲੀ ਅਤੇ ਪਰਤਾਪ ਵਾਲੇ ਹੋਨ। ਸਾਰੇ ਪਿੰਡ ਵਿੱਚ ਖੁਸ਼ੀ ਵਿੱਚ ਗੁੜ ਵੰਡਿਆ ਗਿਆ। ਸਤਿਗੁਰੂ ਹਰੀ ਸਿੰਘ ਜੀ ਦੇ ਮੁੱਖ ਵਾਕ 'ਬੜੇ ਬਲੀ ਤੇ ਪ੍ਰਤਾਪ ਵਾਲੇ ਹੋਨ' ਅਨੁਸਾਰ ਬਾਲਕ ਦਾ ਨਾਮ ਪ੍ਰਤਾਪ ਸਿੰਘ ਰੱਖਿਆ ਗਿਆ। ਇਹੋ ਪ੍ਰਤਾਪ ਸਿੰਘ ਹੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੂਪ ਵਿੱਚ ਗੁਰੂਗੱਦੀ ਤੇ ਬਿਰਾਜਮਾਨ ਹੋਏ।

ਸੰਤ ਬਾਹੋਵਾਲ ਦੇ ਕਥਨ ਅਨੁਸਾਰ ਉਸੇ ਦਿਨ ਤੋਂ ਹੀ ਡੇਰੇ ਦੀਆਂ ਪਾਬੰਦੀਆਂ ਵਿੱਚ ਨਰਮਾਈ ਆਈ ਅਤੇ ਪੁਲਿਸ ਦੀ ਗਾਰਡ ਨੇ ਵੀ ਡੇਰੇ ਦੇ ਬੂਹੇ ਤੋਂ ਆਪਣਾ ਸਥਾਨ ਬਦਲ ਕੇ ਕੁਝ ਹਟਵਾਂ ਕਰ ਲਿਆ। ਨਹੀਂ ਤਾਂ ਹਾਲਤ ਇਹ ਸੀ ਕਿ ਪੁਲਿਸ ਵਾਲੇ ਸਭ ਉੱਤੇ ਵੀ ਸਖ਼ਤ ਚੌਕਸੀ ਰੱਖ ਰਹੇ ਸਨ। ਸੂਬਾ ਖੁਸ਼ਹਾਲ ਸਿੰਘ ਦੇ ਅਕਾਲ ਚਲਾਣੇ ਉੱਤੇ ਵੀ ਇਹਨਾਂ ਮਾਤਾਵਾਂ ਨੂੰ ਸਖ਼ਤ ਨਿਗਰਾਨੀ ਵਿੱਚ ਹੀ ਪੇਕੇ ਪਿੰਡ



Sri Satguru Jagjit Singh Ji Elibrary NamdhariElibrary@gmail.com

ਬਰਾਜ ਜਾਣ ਦਿੱਤਾ ਗਿਆ ਸੀ।

ਸ਼੍ਰੀ ਪ੍ਰਤਾਪ ਸਿੰਘ ਜੀ ਤੋਂ ਪਿਛੋਂ ਮਾਤਾ ਜੀਵਨ ਕੌਰ ਜੀ ਦੇ ਘਰ ਮਹਾਰਾਜ ਨਿਹਾਲ ਸਿੰਘ ਜੀ ਕਤਕ ਵਦੀ ਦਸਵੀਂ ਬਿ: 1949 (1892) ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਕਤਕ ਵਦੀ ਦਸਵੀਂ ਬਿ: 1954 (1897) ਨੂੰ ਪ੍ਰਗਟੇ। ਸਤਿਗੁਰੂ ਹਰੀ ਸਿੰਘ ਜੀ ਦੇ ਇਨ੍ਹਾਂ ਤਿੰਨਾਂ ਸਾਹਿਬਜ਼ਾਦਿਆਂ ਦਾ ਸਮੁੱਚੇ ਨਾਮਧਾਰੀ ਇਤਿਹਾਸ ਅਤੇ ਸੁਤੰਤਰਤਾ ਸੰਗਰਾਮ ਵਿੱਚ ਵੱਡਾ ਯੋਗਦਾਨ ਰਿਹਾ ਹੈ।

ਮਹਾਰਾਜ ਪ੍ਰਤਾਪ ਸਿੰਘ ਜੀ ਦੇ ਅਵਤਾਰ ਧਾਰਨ ਪਿਛੋਂ ਸਰਕਾਰੀ ਪਹਿਰੇ ਵਿੱਚ ਕੁਝ ਨਰਮਾਈ ਆ ਗਈ ਸੀ। ਇਸ ਦੇ ਕੁਝ ਹੋਰ ਕਾਰਨ ਵੀ ਹੋ ਸਕਦੇ ਸਨ। ਇੱਕ ਤਾਂ ਮਹਾਰਾਜਾ ਦਲੀਪ ਸਿੰਘ ਦਾ ਕਾਲਵਾਸ ਹੋ ਚੁੱਕਾ ਸੀ, ਦੂਜਾ ਹੁਣ ਰੂਸ ਦੇ ਹੱਲੇ ਦਾ ਖ਼ਤਰਾ ਵੀ ਟੱਲ ਗਿਆ ਸੀ। ਜਿਹਾ ਕਿ ਕਈ ਅਗਾਮੀ ਘਟਨਾਵਾਂ ਤੋਂ ਪਤਾ ਚੱਲਦਾ ਹੈ ਕਿ ਅੰਗਰੇਜ਼ ਸਰਕਾਰ ਇੱਕ ਵਾਰ ਫਿਰ ਨਾਮਧਾਰੀਆਂ ਨਾਲ ਕੁਝ ਨਰਮੀ ਦਾ ਵਰਤਾਉ ਕਰਕੇ ਸੁਲਹਾ ਕਰਨ ਦੀ ਨੀਤੀ ਨੂੰ ਅਪਣਾ ਰਹੀ ਸੀ। ਇਸ ਦੇ ਬਾਵਜੂਦ ਵੀ ਸਤਿਗੁਰੂ ਹਰੀ ਸਿੰਘ ਜੀ ਨੂੰ ਭਾਵੇਂ ਬਾਹਰ ਦੌਰਿਆਂ ਤੇ ਜਾਣ ਦੀ ਖੁੱਲ੍ਹ ਹੋ ਗਈ ਸੀ, ਫਿਰ ਵੀ ਉਹਨਾਂ ਨੂੰ ਬਾਹਰ ਜਾਣ ਸਮੇਂ ਸਰਕਾਰ ਨੂੰ ਇਤਲਾਹ ਦੇਣੀ ਅਤੇ ਇਜ਼ਾਜਤ ਲੈਣੀ ਪੈਂਦੀ ਸੀ।

**ਨਾਮਧਾਰੀ ਪੰਥ ਵਿੱਚ ਬਹੁ-ਮੁਖੀ ਵਾਧਾ :**

1890 ਤੋਂ ਪਿਛੋਂ ਅਰਥਾਤ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਜਨਮ ਸਮੇਂ ਤੋਂ ਹੀ ਸਰਕਾਰੀ ਪਾਬੰਦੀਆਂ ਦੀ ਕਰੜਾਈ ਕੁਝ ਨਰਮ ਪੈ ਗਈ ਸੀ। ਹੁਣ ਤੱਕ ਦਾ ਸਤਿਗੁਰੂ ਹਰੀ ਸਿੰਘ ਜੀ ਦਾ ਗੁਰਤਵ ਦਾ ਸਾਰਾ ਕਾਲ ਸਰਕਾਰੀ ਦਮਨ ਦੇ ਜਬਰ ਨਾਲ ਭਰਪੂਰ ਰਿਹਾ ਸੀ। ਇਸਦੇ ਬਾਵਜੂਦ ਸਤਿਗੁਰੂ ਹਰੀ ਸਿੰਘ ਜੀ ਦੀ ਸੁਦ੍ਰਿੜ੍ਹਤਾ ਅਤੇ ਦੂਰਦਰਸ਼ਤਾ ਨੇ ਨਾਮਧਾਰੀ ਪੰਥ ਨੂੰ ਬਿਖਮ ਸੰਕਟ ਵਿੱਚੋਂ ਬਾਹਰ ਕੱਢ ਲਿਆ। ਅੰਗਰੇਜ਼ ਸਰਕਾਰ ਦਾ ਇਹ ਭਰਮ ਕਿ ਨਾਮਧਾਰੀ ਲਹਿਰ ਦੀ ਕ੍ਰਾਂਤੀਕਾਰੀ ਸ਼ਕਤੀ ਦਾ ਮਲੀਆਮੇਟ ਕਰ ਦਿੱਤਾ ਜਾਵੇਗਾ, ਠੀਕ ਸਿੱਧ ਨਾ ਹੋਇਆ। ਇਸਦੇ ਉਲਟ ਨਾਮਧਾਰੀ ਪੰਥ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿੱਚ ਮੁਸੀਬਤਾਂ ਅਤੇ ਕੁਰਬਾਨੀਆਂ ਦੇ ਨਾਲ ਕੁੰਦਨ ਹੋ ਕੇ ਪ੍ਰਫੁੱਲਤ ਹੋਇਆ।

ਸਰਕਾਰ ਵੱਲੋਂ ਆਗਿਆ ਲੈ ਕੇ ਬਾਹਰ ਜਾਣ ਦੀ ਖੁੱਲ੍ਹ ਸਤਿਗੁਰੂ ਹਰੀ ਸਿੰਘ ਜੀ ਨੂੰ ਤਾਂ ਪ੍ਰਾਪਤ ਹੋ ਗਈ ਸੀ। ਫਿਰ ਵੀ ਹਾਲਤ ਇਹ ਸੀ ਕਿ ਇੱਕ ਵਾਰ ਜਦੋਂ ਸਤਿਗੁਰੂ ਹਰੀ ਸਿੰਘ ਜੀ ਸਰਕਾਰੀ ਆਗਿਆ ਨਾਲ ਅੰਮ੍ਰਿਤਸਰ ਦੇ ਦੌਰੇ 'ਤੇ ਪਹੁੰਚੇ ਸਨ ਅਤੇ ਕੁਝ ਸਿੰਘਾਂ ਦੇ ਬੇਨਤੀ ਕਰਨ ਉੱਤੇ ਸਿਆਲਕੋਟ ਦੇ



Sri Satguru Jagjit Singh Ji Elibrary NamdhariElibrary@gmail.com

ਕੁਝ ਪਿੰਡਾਂ ਵਿੱਚ ਚੱਲੇ ਗਏ ਸਨ, ਤਾਂ ਬਾਰਬਰਟਨ ਨੇ ਉਨ੍ਹਾਂ ਨੂੰ ਉਥੋਂ ਹੀ ਵਾਪਿਸ ਭੈਣੀ ਸਾਹਿਬ ਮੋੜ ਦਿੱਤਾ ਸੀ।

1892 ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ ਅੰਮ੍ਰਿਤਸਰ ਦੀ ਯਾਤਰਾ ਕੀਤੀ। ਭਾਵੇਂ ਦੀਵਾਲੀ ਦੇ ਪੁਰਬ ਤੇ ਨਹੀਂ, ਉਸ ਤੋਂ ਕੁਝ ਦਿਨ ਪਿਛੋਂ ਜਦੋਂ ਅੰਮ੍ਰਿਤਸਰ ਪੁੱਜੇ ਤਾਂ ਸੰਗਤਾਂ ਹੁੰਮ-ਹੁੰਮਾ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ। ਸਤਿਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ, ਪਰ ਅਕਾਲ ਤਖ਼ਤ ਵੱਲੋਂ ਵਿਰੋਧ ਨੂੰ ਜਾਣਦੇ ਹੋਏ ਉਨ੍ਹਾਂ ਨੇ ਕੁਝ ਵਿੱਥ ਤੋਂ ਹੀ ਖੜ੍ਹੇ ਹੋ ਕੇ ਇਸ ਪਾਵਨ ਗੁਰਧਾਮ ਨੂੰ ਨਮਸਕਾਰ ਕੀਤੀ।

ਇਥੋਂ ਆਪ ਸ੍ਰੀ ਤਰਨਤਾਰਨ ਸਾਹਿਬ ਪੁੱਜੇ। ਉੱਥੇ ਵੀ ਸਾਧ-ਸੰਗਤ ਨੇ ਵੱਡੀ ਗਿਣਤੀ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਆਪ ਜੀ ਨੇ ਤਰਨਤਾਰਨ ਦੀ ਪ੍ਰਕਰਮਾ ਵਿੱਚ ਨਾਮਧਾਰੀ ਬੁੰਗੇ ਦੇ ਨਿਰਮਾਣ ਦਾ ਵੀ ਆਰੰਭ ਕੀਤਾ।

ਸਤਿਗੁਰੂ ਹਰੀ ਸਿੰਘ ਜੀ ਦੀ ਮਹਿਮਾ ਦਾ ਪ੍ਰਕਾਸ਼ ਦਿਨੋਂ-ਦਿਨ ਫੈਲ ਰਿਹਾ ਸੀ। ਮਹਾਵੇ ਜ਼ਿਲ੍ਹਾ ਅੰਮ੍ਰਿਤਸਰ ਦੇ ਸੰਤ ਕੇਸਰ ਸਿੰਘ ਸੇਖਵਾਂ ਦੇ ਸੰਤ ਕੇਸਰ ਸਿੰਘ ਚੁੱਪ ਅਤੇ ਸੰਤ ਕੇਸਰ ਸਿੰਘ ਚਵਿੰਡਾ ਦੇ ਯਤਨਾਂ ਸਦਕਾ ਨਾਮਧਾਰੀ ਮੱਤ ਦਾ ਬਹੁਤ ਪ੍ਰਸਾਰ ਹੋਇਆ। ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਕੇਸਰ ਕਿਆਰੀਆਂ ਆਪਣੀ ਮਹਿਕ ਵੰਡ ਰਹੀਆਂ ਸਨ ਅਤੇ ਥਾਂ-ਥਾਂ ਨਾਮਧਾਰੀ ਸੰਗਤ ਜੁੜ ਕੇ ਸ਼੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਅਤੇ ਕਥਾ ਕੀਰਤਨ ਅਤੇ ਨਾਮ ਸਿਮਰਨ ਦੀ ਜੋਤ ਜਗਾ ਰਹੀਆਂ ਸਨ। ਜੋਤ ਕਾ ਜਾਮਾ ਸਤਿਗੁਰੂ ਹਰੀ ਸਿੰਘ ਜੀ ਦੀ ਮਹਿਮਾ ਦਿਨੋਂ-ਦਿਨ ਦੂਨ-ਸਵਾਈ ਹੋ ਰਹੀ ਸੀ। ਕੇਵਲ ਇਸ ਕਰਕੇ ਨਹੀਂ ਕਿ ਆਪ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਸਨ, ਸਗੋਂ ਇਸ ਕਰਕੇ ਕਿ ਨਾਮਧਾਰੀ ਸਾਧ ਸੰਗਤ ਸਤਿਗੁਰੂ ਹਰੀ ਸਿੰਘ ਜੀ ਦੀ ਵਡਿਆਈ ਅਤੇ ਕਾਰਜਾਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੀ ਸੀ। ਹੁਣ ਹੋਲੇ ਦੇ ਪੁਰਬ ਅਤੇ ਹੋਰ ਧਾਰਮਿਕ ਸਮਾਗਮ ਵੀ ਹੋਣ ਲੱਗ ਪਏ ਸਨ ਅਤੇ ਮਾਤਾ ਜੀਵਨ ਕੌਰ ਦੇ ਲੰਗਰ ਅਤੇ ਗੁਰੂ ਘਰ ਦੇ ਪ੍ਰਬੰਧ ਨੂੰ ਸੁਯੋਗਤਾ ਸਹਿਤ ਨਿਭਾਉਣ ਨਾਲ ਮਾਤਾ ਜੀਵਨ ਕੌਰ ਜੀ ਦਾ ਜਸ ਅਤੇ ਉਪਕਾਰ ਵੀ ਦਿਨੋਂ-ਦਿਨ ਫੈਲ ਰਿਹਾ ਸੀ। ਹੁਣ ਸਚਮੁੱਚ ਨਾਮਧਾਰੀ ਸਾਧ-ਸੰਗਤ ਨੂੰ ਮਾਤਾ ਜੀਵਨ ਕੌਰ ਦੇ ਜਗਤ ਮਾਤਾ ਹੋਣ ਦਾ ਅਹਿਸਾਸ ਹੋ ਰਿਹਾ ਸੀ। ਜਿਨ੍ਹਾਂ ਦੀ ਨਿਮਰਤਾ, ਉਦਾਰਤਾ ਅਤੇ ਗੁਰੂ ਘਰ ਦੇ ਖਜ਼ਾਨੇ ਵਿੱਚੋਂ ਦਾਤਾਂ ਦੇਣ ਦੀਆਂ ਬਖਸ਼ਸ਼ਾਂ ਸਭ ਦੀ ਜ਼ੁਬਾਨ 'ਤੇ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਆਪਣੇ ਬਚਨ ਸਨ ਕਿ "ਜਦੋਂ ਤੋਂ ਜੀਵਨ ਕੌਰ ਨੇ ਸਾਰਾ ਪ੍ਰਬੰਧ ਸੰਭਾਲਿਆ ਹੈ, ਉਦੋਂ ਤੋਂ ਸਾਨੂੰ ਕੋਈ ਚਿੰਤਾ ਨਹੀਂ ਹੈ।"



Sri Satguru Jagjit Singh Ji Elibrary NamdhariElibrary@gmail.com

**ਰਾਮਸਰ ਦਾ ਨਿਰਮਾਣ**

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਅਰਾਈਆਂ ਤੋਂ ਭੈਣੀ ਆ ਕੇ ਖੇਤੀ ਦਾ ਕੰਮ ਕਰਨਾ ਸ਼ੁਰੂ ਕੀਤਾ ਸੀ ਤਾਂ ਰਾਮਸਰ ਵਾਲੇ ਸਥਾਨ 'ਤੇ ਆਪ ਜੀ ਨੇ ਕੁਝ ਪਿਪਲ, ਬੋਹੜ ਅਤੇ ਹੋਰ ਬ੍ਰਿਛ ਵੀ ਲਗਾਏ ਸਨ, ਜਿਨ੍ਹਾਂ ਨੂੰ ਆਪ ਪਾਣੀ ਦੇ ਕੇ ਸਿੰਜਦੇ ਰਹੇ ਸਨ।

ਸਮਾਂ ਪਾ ਕੇ ਹੁਣ ਇਹ ਬ੍ਰਿਛ ਬੜਾ ਸੁਹਾਵਣਾ ਦ੍ਰਿਸ਼ ਪੇਸ਼ ਕਰ ਰਹੇ ਸਨ। ਸਤਿਗੁਰੂ ਹਰੀ ਸਿੰਘ ਜੀ ਨੇ ਰਾਮਸਰ ਦੀ ਕਾਰ ਕੱਢਣ ਦਾ ਹੁਕਮ ਕੀਤਾ ਤਾਂ ਜੋ ਇਸ ਨੂੰ ਇੱਕ ਰਮਣੀਕ ਸਰੋਵਰ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇ।

ਕਾਰ ਕੱਢਣ ਦਾ ਕਾਰਜ ਆਰੰਭ ਹੋਇਆ। ਸਤਿਗੁਰੂ ਜੀ ਨੇ ਆਪ ਵੀ ਗਾਰ ਦੀ ਟੋਕਰੀ ਚੁੱਕ ਕੇ ਬਾਹਰ ਸੁੱਟੀ। ਫਿਰ ਸਾਰੀ ਸੰਗਤ ਇਥੋਂ ਤੱਕ ਕਿ ਮਾਤਾਵਾਂ ਵੀ ਅਤੇ ਸਾਹਿਬਜ਼ਾਦੇ, ਬੀਬੀ ਨੰਦਾ ਦੀਆਂ ਨੂੰਹਾਂ ਵੀ ਇਸ ਕਾਰਜ ਵਿੱਚ ਜੁੱਟ ਗਈਆਂ, ਪਰ ਘੁਮੰਡਾ ਸਿੰਘ ਅਤੇ ਇੰਦਰ ਸਿੰਘ, ਜੋ ਗੁਰੂ ਘਰ ਦੇ ਦੋਖੀ ਸਨ ਨੇ ਜਾ ਰਿਪੋਰਟ ਕੀਤੀ ਕਿ ਸਾਡੀ ਜ਼ਮੀਨ 'ਤੇ ਕਬਜ਼ਾ ਕਰਨ ਲੱਗੇ ਹਨ। ਥਾਣੇਦਾਰ ਅਤੇ ਤਹਿਸੀਲਦਾਰ ਤਫਤੀਸ਼ ਲਈ ਆਏ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇੱਥੇ ਸਾਡਾ ਪੁਰਾਣਾ ਸਥਾਨ ਹੈ। ਉਸ ਫਲਾਹੀ ਵਾਲੇ ਥਾਂ ਤੇ ਜਿੱਥੇ ਸਤਿਗੁਰੂ ਰਾਮ ਸਿੰਘ ਤਪ ਸਾਧਨਾ ਕਰਦੇ ਹੁੰਦੇ ਸਨ, ਜਦੋਂ ਉਥੋਂ ਹੋਰ ਡੂੰਘਾ ਪੁੱਟ ਕੇ ਮਿੱਟੀ ਦੀ ਕਾਰ ਕੱਢੀ ਤਾਂ ਉਥੋਂ ਹੇਠੋਂ ਇੱਕ ਹਵਨ ਕੁੰਡ ਨਿਕਲਿਆ, ਜਿਸ ਵਿੱਚ ਕੋਲੇ ਖਿੰਦੇ ਸਨ। ਨਾਮਧਾਰੀ ਰਵਾਇਤ ਅਨੁਸਾਰ ਇੱਥੇ ਤ੍ਰੇਤੇ ਯੁੱਗ ਵਿੱਚ ਭਗਵਾਨ ਰਾਮ ਚੰਦਰ ਨੇ ਹਵਨ ਕੀਤਾ ਸੀ। ਸਤਿਗੁਰੂ ਹਰੀ ਸਿੰਘ ਨੇ ਬਚਨ ਕੀਤਾ ਕਿ ਇਹ ਸਾਡਾ ਪੁਰਾਤਨ ਸਥਾਨ ਹੈ ਅਤੇ ਹੁਣ ਕਈ ਸਾਲਾਂ ਤੋਂ ਇਸ ਉੱਤੇ ਸਾਡਾ ਕਬਜ਼ਾ ਹੈ। ਹਾਕਮਾਂ ਨੇ ਦੂਜੀ ਧਿਰ ਨੂੰ ਮਨਾ ਕਰ ਦਿੱਤਾ ਕਿ ਇੱਥੇ ਇਨ੍ਹਾਂ ਦਾ ਹੀ ਕਬਜ਼ਾ ਰਹੇਗਾ ਅਤੇ ਨਾਲ ਹੀ ਕਿਹਾ ਕਿ ਤੁਸੀਂ ਦੀਵਾਨੀ ਦਾਅਵਾ ਵੀ ਕਰ ਦਿਓ। ਥੋੜ੍ਹੇ ਦਿਨਾਂ ਵਿੱਚ ਹੀ ਸਤਿਗੁਰੂ ਹਰੀ ਸਿੰਘ ਜੀ ਦੀ ਦੇਖ-ਰੇਖ ਵਿੱਚ ਰਾਮਸਰ ਇੱਕ ਪਵਿੱਤਰ ਸਥਾਨ ਬਣ ਗਿਆ। ਸਤਿਗੁਰੂ ਹਰੀ ਸਿੰਘ ਜੀ ਨੇ ਆਦੇਸ਼ ਕੀਤਾ ਕਿ [1*]"ਰਾਮਸਰ ਤੋਂ ਦੂਰ ਜਾਇਕੇ ਮਦਾਨ ਜਾਵੋ। ਚੀਤਾ ਵੀ ਦੂਰ ਜਾਇ ਕੇ ਛਡੋ। ਦਾਤਨ ਭੀ ਦੂਰ ਜਾਇ ਕੇ ਕਰੋ। ਕਛਹਿਰਾ ਵਿੱਚ ਨਾ ਧੋਵੋਂ। ਕੋਈ ਵੀ ਕੱਪੜਾ ਨਾ ਧੋਵੇ। ਹਰ ਤਰ੍ਹਾਂ ਸੇ ਅਦਬ ਰੱਖੋ। ਕੋਈ ਵੀ ਰਾਮਸਰ ਦਾ ਜਲ ਨਾ ਲਜਾਵੇ ਮਦਾਨੇ। ਸਿਰ ਪਰ ਸੇ ਬਸਤਰ ਉਤਾਰ ਕੇ ਸਣ ਕੇਸੀ ਅਸ਼ਨਾਨ ਕਰੋ। ਰਾਮਸੰਰ ਕੇ ਦੁਆਲੇ ਸ਼ਹੀਦਾਂ ਕੀਆਂ ਚੌਕੀਆਂ ਲੱਗੀਆਂ ਹੋਈਆਂ ਹੈ। ਹੁਣ ਤਾਂ ਲੋਕ ਜਗਾ ਰੋਕਦੇ ਹੈਂ। ਫੇਰ ਸਮਾਂ ਆਇਆ ਤਾਂ ਸਭ ਛੁਡਾਇ

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 208



Sri Satguru Jagjit Singh Ji Elibrary NamdhariElibrary@gmail.com

ਲੈਣਗੇ। ਜੋ ਬੇਅਦਬੀ ਕਰੇਗਾ, ਉਸਕੋ ਅਸ਼ਨਾਨ ਕਰਨ ਦਾ ਫਲ ਨਹੀਂ ਹੈ। ਸਤਿਜੁਗ ਕਾ ਤੀਰਥ ਹੈ।" (ਹੁਣ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸਰੋਵਰ ਦਾ ਅਸ਼ਟ ਭੁਜਾ ਵਾਲੇ ਸਰੋਵਰ ਦੇ ਰੂਪ ਵਿੱਚ ਨਵ-ਨਿਰਮਾਣ ਕਰ ਦਿੱਤਾ ਹੈ ਅਤੇ ਇਸ ਵਿੱਚ ਧਰਤੀ ਹੇਠਲੇ ਜਲ ਦੇ ਕੁਦਰਤੀ ਸੋਮੇ ਹੀ ਇਸ ਨੂੰ ਭਰਪੂਰ ਰੱਖਦੇ ਹਨ।)

ਕੁਝ ਸਾਲਾਂ ਵਿੱਚ ਰਾਮਸਰ ਦੇ ਆਲੇ-ਦੁਆਲੇ ਦਿਨੋਂ-ਦਿਨ ਰੌਣਕਾਂ ਵਧਣ ਲੱਗੀਆਂ। ਕਈ ਘਰ ਵੀ ਵੱਸ ਗਏ। ਦੋ-ਤਿੰਨ ਖੂਹੀਆਂ ਲਗ ਗਈਆਂ ਅਤੇ ਇਹ ਥਾਂ ਰਮਣੀਕ ਬਾਗ ਵਿੱਚ ਬਦਲ ਗਿਆ। ਬਾਰਾਂਦਰੀ ਸਮਾਨ ਇੱਕ ਨਿਵਾਸ ਸਥਾਨ ਵੀ ਬਣ ਗਿਆ। ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਨਮ ਸਮੇਂ ਤੋਂ ਹੀ ਸਰਕਾਰੀ ਪਾਬੰਦੀਆਂ ਵਿੱਚ ਨਰਮਾਈ ਆ ਗਈ ਸੀ। ਸੰਤ ਬਾਹੋਵਾਲ ਅਨੁਸਾਰ :

1*"ਜਿਸ ਦਿਨ ਸੇ ਪ੍ਰਤਾਪ ਸਿੰਘ ਜੀ ਜਨਮੇ ਨਰਮਾਈ ਹੋਈ। ਫੇਰ ਨਿਹਾਲ ਸਿੰਘ ਦੇ ਜਨਮ ਤੇ ਜਿਆਦੇ ਨਿਰਮਾਈ ਹੋ ਗਈ। ਜੋ ਪ੍ਰਸ਼ਾਦੇ ਦੀ ਬੰਦਸ਼ ਸੀ ਸਭ ਹੱਟ ਗਈ। ਕੋਈ ਆਵੇ ਤਾਂ ਡੇਰੇ ਅੰਦਰ ਕਰ ਦੇਣਾ। ਬਾਹਰ ਨਾ ਰਹਿਣ ਦੇਣਾ। ਗੁਰਦਿਆਲ ਸਿੰਘ ਦੇ ਜਨਮ ਤੇ ਕੋਈ ਨਹੀਂ ਪੁੱਛਦਾ ਹੈ ਭਾਵੇਂ ਕਈ ਦਿਨ ਰਹਿ ਜਾਵੇ।"

ਰਾਮਸਰ ਦੀ ਰੌਣਕ ਦਿਨੋਂ-ਦਿਨ ਵਧਣ ਲੱਗੀ। ਸਤਿਗੁਰੂ ਹਰੀ ਸਿੰਘ ਜੀ ਭਾਵੇਂ ਸਰਕਾਰ ਕੋਲੋਂ ਆਗਿਆ ਲੈ ਕੇ ਬਾਹਰ ਜਾਂਦੇ ਸਨ, ਪਰ ਆਪ ਜਿੱਥੇ ਵੀ ਜਾਂਦੇ ਆਪ ਜੀ ਉੱਤੇ ਸੰਗਤਾਂ ਦੀ ਸ਼ਰਧਾ ਦਿਨੋਂ-ਦਿਨ ਵਧਦੀ ਜਾਂਦੀ ਸੀ। ਹਰ ਦੌਰੇ ਸਮੇਂ ਆਪ ਕਈ ਪਿੰਡਾਂ ਅਤੇ ਨਗਰਾਂ ਵਿੱਚੋਂ ਹੁੰਦੇ ਹੋਏ ਭੈਣੀ ਸਾਹਿਬ ਪਰਤਦੇ ਸਨ। ਅੰਮ੍ਰਿਤਸਰ ਅਤੇ ਮੁਕਤਸਰ ਤੋਂ ਬਿਨਾਂ ਆਪ ਮਾਝੇ, ਮਾਲਵੇ ਦੁਆਬ ਅਤੇ ਪੁਆਧ ਦੇ ਇਲਾਕੇ ਵਿੱਚ ਸਭ ਥਾਂ 'ਤੇ ਜਾ ਕੇ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਨਿਹਾਲ ਕਰਦੇ ਸਨ। ਰਾਗੀਆਂ ਦੇ ਜੱਥੇ ਆਪ ਜੀ ਦੇ ਨਾਲ ਹੁੰਦੇ ਸਨ ਅਤੇ ਮਰਿਆਦਾ ਅਨੁਸਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਅਤੇ ਸ਼ਾਮ ਦੇ ਦੀਵਾਨ ਸਜਦੇ ਸਨ। ਸ਼ਰਧਾਵਾਨ ਸਿੱਖਾਂ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਆਪ ਸਤਿਗੁਰੂ ਰਾਮ ਸਿੰਘ ਜੀ ਦੀ ਜੋਤ ਕੇ ਜਾਮੇ ਹਨ ਅਰਥਾਤ ਆਪ ਵਿੱਚ ਸਤਿਗੁਰੂ ਰਾਮ ਸਿੰਘ ਜੀ ਵਾਲੇ ਸਾਰੇ ਆਤਮਕ ਗੁਣ ਵਿਆਪਕ ਰੂਪ ਵਿੱਚ ਵਿਦਮਾਨ ਹਨ ਫਰਕ ਕੇਵਲ ਇੰਨਾ ਸੀ ਕਿ ਜਿੱਥੇ ਕਈ ਵਾਰ ਸਤਿਗੁਰੂ ਰਾਮ ਸਿੰਘ ਜੀ ਗਲਤੀ ਕਰਨ ਵਾਲਿਆਂ ਨੂੰ ਛੇਤੀ-ਛੇਤੀ ਬਖਸ਼ਦੇ ਨਹੀਂ ਸਨ, ਬਹੁਤੀ ਵਾਰ ਕਰੜੀ ਸਜ਼ਾ ਵੀ ਦਿੰਦੇ ਸਨ। ਪਰ ਸਤਿਗੁਰੂ ਹਰੀ ਸਿੰਘ ਜੀ ਦੀ ਉਦਾਰਤਾ, ਨਿਮਰਤਾ ਅਤੇ

1* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 207



Sri Satguru Jagjit Singh Ji Elibrary NamdhariElibrary@gmail.com

ਵੇਖ ਕੇ ਅਣਡਿੱਠ ਕਰਨ ਦੇ ਗੁਣ, ਆਪ ਜੀ ਦੀ ਸ਼ਾਂਤ ਮੂਰਤੀ ਦੇ ਉਪਕਾਰੀ ਗੁਣਾਂ ਵਿੱਚੋਂ ਸਨ।

ਸਤਿਗੁਰੂ ਹਰੀ ਸਿੰਘ ਦੇ ਸਮੇਂ ਦੇ ਕੁਝ ਸਮਾਚਾਰ ਤਾਂ ਇਤਿਹਾਸਕ ਮਹੱਤਤਾ ਦੇ ਧਾਰਨੀ ਬਣ ਗਏ ਸਨ।

## ਨਿਮਾਣੀ ਦਾ ਯਾਦਗਾਰੀ ਉਤਸਵ

1897 ਵਿੱਚ ਭਾਵੇਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਅਧਿਕਾਰੀਆਂ ਤੋਂ ਆਗਿਆ ਲੈ ਕੇ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਜਿਹੜੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪਰਚਾਰ ਦੌਰੇ ਕੀਤੇ ਸਨ ਅਤੇ ਸ਼ਹਿਰਾਂ ਤੇ ਪਿੰਡਾਂ ਵਿੱਚ ਜਾ ਕੇ ਨਾਮਧਾਰੀ ਸਾਧ-ਸੰਗਤ ਨੂੰ ਦਰਸ਼ਨ ਦਿੱਤੇ ਸਨ, ਉਨ੍ਹਾਂ ਦਾ ਬੜਾ ਵਿਆਪਕ ਪ੍ਰਭਾਵ ਪਿਆ ਸੀ। ਨਾਮਧਾਰੀ ਸਾਧ-ਸੰਗਤ ਵਿੱਚ ਦਿਨੋਂ-ਦਿਨ ਉਤਸ਼ਾਹ ਵੱਧ ਰਿਹਾ ਸੀ। ਥਾਂ-ਥਾਂ ਤੇ ਪਾਠਾਂ ਦੇ ਭੋਗ ਪੈਣ ਲੱਗ ਪਏ ਸਨ ਅਤੇ ਨਾਮਧਾਰੀਆਂ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਵਚਨਾਂ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਦੀ ਰਹਿਨੁਮਾਈ ਵਿੱਚ ਨਾਮਧਾਰੀ ਪੰਥ ਅਤੇ ਸਿੱਖੀ ਸਚਮੁੱਚ ਮੁੜ ਹਰੀ ਹੋ ਰਹੀ ਹੈ। ਸਤਿਗੁਰੂ ਹਰੀ ਸਿੰਘ ਜੀ ਨੇ ਵੀ ਸਰਕਾਰੀ ਜਬਰ ਦੀ ਸਖ਼ਤੀ ਨੂੰ ਸਬਰ ਅਤੇ ਦੀਰਘ ਦ੍ਰਿਸ਼ਟੀ ਨਾਲ ਝਲਿਆ ਅਤੇ ਉਸਦਾ ਟਾਕਰਾ ਕੀਤਾ ਸੀ। ਹੁਣ ਸਹਿਜੇ-ਸਹਿਜੇ ਲੋਕਾਂ ਵਿੱਚ ਵਿਸ਼ਵਾਸ ਜਾਗ ਰਿਹਾ ਸੀ ਕਿ ਨਾਮਧਾਰੀ ਪੰਥ ਨੇ ਮੁੜ ਮੌਲਣਾ ਸ਼ੁਰੂ ਕਰ ਦਿੱਤਾ ਹੈ।

ਅਜਿਹੇ ਸਮੇਂ ਹੀ ਸਤਿਗੁਰੂ ਹਰੀ ਸਿੰਘ ਜੀ ਨੇ 1897 ਦੇ ਨਿਮਾਣੀ ਇਕਾਦਸ਼ੀ ਦੇ ਉਤਸਵ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਨਾਉਣ ਦਾ ਵਿਚਾਰ ਬਣਾਇਆ। ਥਾਂ-ਥਾਂ ਤੇ ਸੰਦੇਸ਼ ਭੇਜ ਦਿੱਤੇ ਗਏ ਕਿ ਨਿਮਾਣੀ ਦੇ ਉਤਸਵ ਉੱਤੇ ਸਾਧ-ਸੰਗਤ ਹੁੰਮ-ਹੁੰਮਾ ਕੇ ਦਰਸ਼ਨ ਦੇਵੇ।

ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਗਿਆ ਨਿਮਾਣੀ ਦਾ ਉਤਸਵ ਯਾਦਗਾਰੀ ਮੇਲਾ ਅਤੇ ਨਾਮਧਾਰੀ ਸਾਧ ਸੰਗਤ ਦਾ ਵੱਡਾ ਇਕੱਠ ਹੋ ਨਿਬੜਿਆ। ਹਰ ਇੱਕ ਦੀ ਜ਼ੁਬਾਨ ਉੱਤੇ ਇਹ ਸ਼ਬਦ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਪਿਛੋਂ 25 ਸਾਲਾਂ ਬਾਅਦ ਐਡਾ ਵੱਡਾ ਇਕੱਠ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ ਹੈ।

ਸਤਿਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ ਕਿ ਰੋਜ਼ ਇੱਕ ਪਾਠ ਦਾ ਭੋਗ ਪਾਇਆ ਜਾਵੇ। 1*ਰੋਜ਼ ਭੋਗ ਪੈਣਾ। ਅਸ਼ਮੇਧ ਯਗ ਹੋਣਾ। ਏਡੇ ਮੇਲੇ ਸਤਿਗੁਰੂ ਜੀ ਕੇ ਵੇਲੇ ਪਰ ਲਗਦੇ ਸੇ। ਜਿਸ ਦਿਨ ਕੇ ਗਏ ਹੈਂ, ਉਸ ਦਿਨ ਕਾ ਅੱਜ ਬੱਡਾ ਮੇਲਾ

1* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 199



Sri Satguru Jagjit Singh Ji Elibrary NamdhariElibrary@gmail.com

ਲਗਾ ਹੈ। ਨਿਮਾਣੀ ਕਾ ਮੇਲਾ ਸੁਣ ਕੇ ਸੰਗਤ ਸਰਬ ਦੇਸਾਂ ਕੀ ਆਈ। ਪਾਂਚ ਸੌ ਭੋਗ ਪੈਣ ਕੀ ਅਵਾਈ ਸੀ। ਨੌਮੀ ਨੂੰ ਹਰਿਮੰਦਰ ਮੇਂ ਇੱਕੀ ਭੋਗ ਪਏ। ਇਕਾਦਸ਼ੀ ਕੋ ਘਿਉ ਕਾ ਪਚਵੰਜਾ ਮਣ ਕੜਾਹ ਪ੍ਰਸ਼ਾਦ ਵਰਤਿਆ। ਦਰਿਆ ਕੇ ਬੈਹਣ ਵਾਂਗੂੰ ਸਿੰਘ ਆਏ। ਥਾਨੇਦਾਰ ਤਹਿਸੀਲਦਾਰ ਆਇਆ। ਏਹੋ ਕਹਿਣ ਕਿ ਭੋਗ ਪਾਇ ਕਰ ਸਿੰਘਾਂ ਨੂੰ ਤੋਰ ਦਿਓ। ਨਿਮਾਣੀ ਵਾਲੇ ਦਿਨ ਹਮਨ ਹੋਇਆ। ਕੜਾਹ ਪ੍ਰਸ਼ਾਦ ਆਇਆ, ਭੋਗ ਪੈਣ ਲੱਗੇ। ਤੇਰਾਂ ਗ੍ਰੰਥ ਸਾਹਿਬ ਪ੍ਰਕਾਸ਼ੇ। ਪੰਦਰਾਂ-ਪੰਦਰਾਂ ਭੋਗ ਪੈਣੇ ਸੇ। ਲੱਗੇ ਭੋਗ ਪੈਣ। ਮਾਨੋਂ ਨਾਮ ਕੀ ਬਾਰਸ਼ ਹੁੰਦੀ ਹੈ। ...ਸਭੀ ਭੋਗ ਪੈ ਚੁੱਕੇ। ਅਰਦਾਸਾ ਕੀਤਾ ਜੈਕਾਰਾ ਗਜਾਇਆ। ਮਹਾਰਾਜ ਜੀ ਹੁਕਮ ਦੀਆ ਕਿ ਨਵੇਂ ਤਬੇਲੇ ਹੀ ਪੰਗਤ ਲਾਵੋ। ਦਰਵਾਜੇ ਅੱਗੇ ਅਤੇ ਨਵੇਂ ਤਬੇਲੇ ਸਾਰੇ ਈ ਸਿੰਘ ਈ ਸਿੰਘ ਸੇ। ਬੁਕ ਭਰ ਭਰ ਕੇ ਬਰਤਾਇਆ ਕੜਾਹ ਪ੍ਰਸ਼ਾਦਿ। ਫੇਰ ਦੂਈ ਪੰਗਤ ਤੇ ਅਗਲੇ ਦਿਨ ਭੀ ਬਰਤਿਆ। ਬਿਅੰਤ ਲੋਕ ਆਏ ਹੋਏ ਸੇ। ਦੇਖਣ ਵਾਲੇ ਕਹਿੰਦੇ ਹੈਂ ਕਿ ਸਤਿਗੁਰੂ ਜੀ ਕੇ ਵਕਤ ਏਹੋ ਜਿਹੇ ਮੇਲੇ ਲੱਗਦੇ ਸੇ। ਜਦ ਕੇ ਗਏ ਹੈਂ ਪ੍ਰਦੇਸ ਕੋ ਤਦ ਕੇ ਆਜ ਦਰਸ਼ਨ ਹੋਏ ਹੈਂ ਸਾਧ ਸੰਗਤ ਕੇ। ਏਤਨਾ ਮੇਲਾ ਏਸ ਇਕਾਦਸ਼ੀ ਕਾ ਹੋਇਆ।

.....ਸਤਿਗੁਰੂ ਰਾਮ ਸਿੰਘ ਜੋਤ ਕਾ ਜਾਮਾ ਧਾਰਿਆ ਹੈ। ਜੋਤ ਇਸ ਮੂਰਤੀ ਕੇ ਬੀਚ ਨਿਵਾਸ ਕਰੀ ਬੈਠੀ ਹੈ। ਸੰਗਤਾਂ ਕੋ ਸਾਂਭਦੇ ਹੈ। ਸੁੱਕਿਆਂ ਦਿਲਾਂ ਕੋ ਹਰਿਆ ਕਰਦੇ ਹੈਂ, ਸਿੱਖੀ ਦਾਨ ਦੇਂਦੇ ਹੈਂ। ਸਰਬ ਸੰਗਤਾਂ ਦੇ ਸੰਸੇ ਦੂਰ ਕੀਤੇ। ਸਿੰਘਾਂ ਮਹਾਰਾਜ ਜੀ ਕੋ ਅਰਜ਼ ਕੀਤੀ ਕਿ ਸਤਿਗੁਰੂ ਜੀ ਕਿੱਥੇ ਹੈ ? ਬਚਨ ਹੋਇਆ ਕਿ ਪਹਿਲੇ ਰੰਗੂਨ ਰਹੇ। ਫਿਰ ਮਰਗੋਈ ਕੇ ਟਾਪੂ ਲੈ ਗਏ। ਸਾਢੇ ਪੰਜ ਬਰਸਾਂ ਪਾਛੇ ਉਥੋਂ ਸ੍ਰੀ ਸਤਿਗੁਰੂ ਜੀ ਅਲੋਪ ਹੋਇ ਗਏ। ਏਨਾਂ ਫਰੰਗੀਆਂ ਨੂੰ ਭੀ ਕੋਈ ਖ਼ਬਰ ਨਹੀਂ ਕਿ ਕਿਧਰ ਗਏ ਹੈਂ। ਹੋਰ ਕਈ ਤਰ੍ਹਾਂ ਕੇ ਬਚਨ ਕੀਤੇ। ਜੇੜ੍ਹੇ ਪੁਰਾਣੇ ਸਿੰਘ ਕਦੇ ਨਹੀਂ ਸੇ ਆਏ, ਉਹ ਭੀ ਉਸ ਦਿਨ ਆਏ।

ਥਾਨੇਦਾਰ ਅਤੇ ਤਹਿਸੀਲਦਾਰ ਕਹਿਣ ਲੱਗੇ ਕਿ ਸਰਬ ਸਿੰਘ ਚਲੇ ਜਾਓ ਇਸ ਵਕਤ। ਕੋਈ ਨਾ ਰਹੇ। ਜਦ ਤੁਸੀਂ ਚਲੇ ਜਾਉਗੇ ਤਾਂ ਅਸੀਂ ਜਾਵਾਂਗੇ। ਤੁਰੋ ਤੁਸੀਂ। ਖਾਲਸਾ ਮੱਕੜੀ ਕੇ ਦਲ ਕੀ ਨਿਆਈਂ ਨਾ ਹਿਲੇ। ਪੁਲਿਸ ਵਾਲੇ ਮਹਾਰਾਜ ਜੀ ਕੋ ਕਹਨੇ ਲੱਗੇ ਕਿ ਜੀ ਤੁਸੀਂ ਕਹੋ। ਸਾਡੇ ਕਹੇ ਖਾਲਸਾ ਨਹੀਂ ਤੁਰਦਾ ਹੈ। ਮਹਾਰਾਜ ਜੀ ਭੀ ਦੋ ਤਿੰਨ ਫੇਰੇ ਪਾਇ ਕੇ ਦਰਸ਼ਨ ਦੇ ਕੇ ਬਚਨ ਏਉ ਕਰਨ, ਤੁਰ ਜਾਓ ਖਾਲਸਾ ਜੀ ਭੋਗ ਪੈ ਗਏ ਹੈਂ। ਥਾਨੇਦਾਰ ਅਤੇ ਤਹਿਸੀਲਦਾਰ ਕਹਿੰਦਾ ਹੈ। ਖਾਲਸਾ ਜੀ ਫੇਰ ਦਰਸ਼ਨ ਦੇਣੇ। ਹੁਣ ਐਸਾ ਹੀ ਵੇਲਾ ਹੈ। ਹਾਕਮ ਘਬਰਾਏ ਹੋਇ ਹੈਂ। ਸੀਸ ਨਿਵਾਇਕੇ ਨਾਮਦਾਨ ਪਾਇ ਕੇ ਸਭ ਤੁਰੇ ਜਾਂਦੇ ਹੈ। ਦਿਨ ਲਥੇ ਤੱਕ ਖਾਲਸਾ ਤੁਰਦਾ ਰਿਹਾ। ਤਹਿਸੀਲਦਾਰ ਥਾਨੇਦਾਰ ਭੀ ਗਏ।" [1]*ਸੰਤ ਸੰਤੋਖ ਸਿੰਘ

[1]* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 200



Sri Satguru Jagjit Singh Ji Elibrary NamdhariElibrary@gmail.com

ਨੇ ਨਿਮਾਣੀ ਦੇ ਇਸ ਮਹਾਨ ਉਤਸਵ ਦੀ ਤੁਲਨਾ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਖਡੂਰ ਸਾਹਿਬ ਦੇ ਵਸਾਉਣ ਨਾਲ ਕੀਤੀ ਹੈ –

'ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ'
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ।
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥
ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ॥
ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ॥
ਨਉ ਨਿਧਿ ਨਾਮੁ ਨਿਧਾਨ ਹੈ ਤੁਧੁ ਵਿਚਿ ਭਰਪੂਰੁ॥
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ॥
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥

*(ਆਦਿ ਗ੍ਰੰਥ – ਪੰਨਾ 967)*

**ਬਾਬਾ ਜਮੀਤ ਸਿੰਘ ਦੇ ਚਲਾਣੇ ਦਾ ਮੇਲਾ**

1897 ਦੀ ਦੂਜੀ ਵੱਡੀ ਘਟਨਾ ਬਾਬਾ ਜਮੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਗਿੱਲ (ਜ਼ਿਲ੍ਹਾ ਸਿਆਲਕੋਟ) ਵਿਖੇ ਨਾਮਧਾਰੀ ਸਾਧ ਸੰਗਤ ਦਾ ਇਕੱਠ ਸੀ। ਗਿਲ੍ਹਾਂ ਵਾਲੇ ਬਾਬਾ ਜਮੀਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਦੇ ਨਾਲ ਹੀ ਗੁਰੂ ਬਾਲਕ ਸਿੰਘ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਲਾਹੌਰ ਵਿੱਚ ਸੈਨਿਕ ਨੌਕਰੀ ਸਮੇਂ ਹੀ ਆਪ ਸਤਿਗੁਰੂ ਜੀ ਦੇ ਨਾਲ ਹੀ ਖਾਲਸਾ ਸੈਨਾਂ ਵਿੱਚ ਸੇਵਾ ਕਰਦੇ ਰਹੇ ਸਨ। ਗਿੱਲਾਂ ਵਿਖੇ ਹੀ ਜਦੋਂ ਗੁਰੂ ਬਾਲਕ ਸਿੰਘ ਜੀ ਦੀਆਂ ਅਸਥੀਆਂ ਲੈ ਕੇ ਹਜ਼ਰੋਂ ਦੀ ਸੰਗਤ ਗਿੱਲਾਂ ਵਿਚ ਪੁੱਜੀ ਸੀ ਤਾਂ ਉੱਥੇ ਹੀ ਬਾਬਾ ਜਮੀਤ ਸਿੰਘ ਨੇ ਜੋ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣਾ ਗੁਰੂ ਭਾਈ ਮੰਨਦੇ ਸਨ, ਗੁਰੂ ਬਾਲਕ ਸਿੰਘ ਦੇ ਉੱਤਰਾਧਿਕਾਰੀ ਵਜੋਂ ਸਤਿਗੁਰੂ ਪ੍ਰਵਾਨ ਕਰਕੇ ਉਨ੍ਹਾਂ ਨੂੰ ਦਸਤਾਰ ਭੇਟ ਕੀਤੀ ਸੀ। ਬਾਬਾ ਜਮੀਤ ਸਿੰਘ ਦੇ ਅਕਾਲ ਚਲਾਣੇ ਦਾ ਇਕੱਠ ਭਾਦੋਂ ਦੀ ਪੂਰਨਮਾਸ਼ੀ ਨੂੰ ਕਰਨਾ ਨਿਸ਼ਚਿਤ ਹੋਇਆ ਸੀ।

ਸਤਿਗੁਰੂ ਹਰੀ ਸਿੰਘ ਨੇ ਇਸ ਇਕੱਠ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਬੇਨਤੀ ਕੀਤੀ। ਦੋ ਮਹੀਨੇ ਲਈ ਜਾਣ ਦੀ ਪ੍ਰਵਾਨਗੀ ਤਾਂ ਮਿਲ ਗਈ, ਪਰ ਨਾਲ ਹੀ ਇਹ ਤਾੜਨਾ ਵੀ ਕੀਤੀ ਗਈ ਕਿ ਕੇਵਲ ਉਸੇ ਜ਼ਿਲ੍ਹੇ ਵਿੱਚ ਹੀ ਜਾਣਾ ਹੈ। ਦੂਜੇ ਜ਼ਿਲ੍ਹੇ ਵਿੱਚ ਜਾਉਗੇ ਤਾਂ ਪਹਿਲਾਂ ਵਾਂਗ ਵਾਪਸ ਬੁਲਾਇਆ ਜਾਵੇਗਾ। ਸਤਿਗੁਰੂ ਹਰੀ ਸਿੰਘ ਜੀ ਸੰਗਤ ਸਮੇਤ ਅੰਮ੍ਰਿਤਸਰ ਪਹੁੰਚੇ ਅਤੇ ਉਥੋਂ ਹੀ ਪੰਜ ਯੱਕੇ ਕਿਰਾਏ ਤੇ ਕਰਕੇ ਰਜੋਏ ਜ਼ਿਲ੍ਹਾ ਸਿਆਲਕੋਟ ਵਿੱਚ ਰਾਤ ਤੱਕ ਪਹੁੰਚ ਗਏ। ਉੱਥੇ ਸੋਢੀ ਤਹਿਸੀਲਦਾਰ ਨੇ ਸਤਿਗੁਰੂ ਜੀ ਦੀ ਬੜੀ ਸੇਵਾ ਕੀਤੀ।



Sri Satguru Jagjit Singh Ji Elibrary NamdhariElibrary@gmail.com

ਸੰਤ ਬਾਹੋਵਾਲ ਨੇ ਗਿੱਲਾਂ ਦੇ ਇਕੱਠ ਦੇ ਪੂਰੇ-ਪੂਰੇ ਅਤੇ ਬੜੇ ਰੌਚਿਕ ਵੇਰਵੇ ਦਿੱਤੇ ਹਨ। [1*]"ਅੰਮ੍ਰਿਤ ਵੇਲੇ ਚੱਲੇ ਗਿੱਲੀਂ ਪਹੁੰਚੇ। ਸੰਗਤਾਂ ਹੀ ਸੰਗਤਾਂ ਦਿਸਣ। ਅਸੀਂ ਪਾਛੇ ਇਤਨੀ ਸੰਗਤ ਹੋਈ ਕਿ ਯਕੇ ਉਤੋਂ ਉਤਰਨ ਭੀ ਨਾ ਦੇਣ। ਧਕੇ ਦੇ ਕੇ ਸੰਗਤ ਹਟਾਇ ਕੇ ਉਤਾਰੇ। ਜਿਉਂ ਮਹਾਰਾਜ ਜੀ ਬੈਠੇ ਪਲੰਘ ਤੇ ਡੇਢ ਪਹਿਰ ਤੱਕ ਸੰਗਤਾਂ ਨੇ ਮੱਥਾ ਟੇਕਿਆ। ਧਕੇ ਪਰ ਧਕਾ ਵਜੇ। ਬੇਅੰਤ ਸੰਗਤ ਸੀ ਆਈ ਹੋਈ ਦੂਰ ਦੂਰ ਕੀ। ਕਿਉਂਕਿ ਇੱਕ ਤਾਂ ਬਾਬਾ ਜਮੀਤ ਸਿੰਘ ਕਾ ਚੜ੍ਹਨਾ ਦੂਜਾ ਮਹਾਰਾਜ ਜੀ ਕਾ ਦਰਸ਼ਨ।"

"ਸਵੇਰੇ ਆਸਾ ਕੀ ਵਾਰ ਲੱਗੀ। ਅਰਦਾਸਾ ਕੀਤਾ। ਪਾਂਚ ਰੁਪਏ ਪੱਗ ਮਹਾਰਾਜ ਜੀ ਵੀ ਦਿੱਤੇ, ਬੀਬੀ ਨੰਦਾ ਨੇ ਭੀ ਦਿੱਤੇ ਪਾਂਚ ਰੁਪਏ। ਮੰਗਲ ਸਿੰਘ ਮਹੰਤ ਥਾਪਿਆ। ਏਹ ਖਤਰੀ ਸਿੰਘ ਸੀ। ਉਸਨੇ ਭੀ ਯਥਾ ਯੋਗ ਭੇਟਾ ਕੀਤੀ। ਕਾਲੂ ਰਾਗੀ ਨੇ ਭੀ ਅੰਮ੍ਰਿਤ ਛਕਿਆ। ਨਾਮ ਕੀ ਬਾਰਸ਼ ਹੋਈ।"

## ਰਾਗੀਆਂ ਲਈ ਨਵਾਂ ਹੁਕਮ

ਇਸ ਮੌਕੇ ਤੇ ਭਾਈ ਕਾਲੂ ਤੋਂ ਬਿਨਾਂ ਭਾਈ ਦਿਤੂ, ਭਾਈ ਨਾਥੂ, ਭਾਈ ਕਥੂ ਵੀ ਹਾਜ਼ਰ ਸਨ। ਸਤਿਗੁਰੂ ਜੀ ਨੇ ਹੁਕਮ ਦਿੱਤਾ ਕਿ ਅੱਗੇ ਤੋਂ ਰਾਗੀ ਸਿੰਘ ਅੰਮ੍ਰਿਤ ਛੱਕ ਕੇ, ਕਛਹਿਰੇ ਪਹਿਨ ਕੇ, ਸਿੱਧੀਆਂ ਦਸਤਾਰਾਂ ਸਜਾ ਕੇ, ਕੀਰਤਨ ਕਰਿਆ ਕਰਨ।

ਨਿਮਾਣੀ ਦੇ ਮੇਲੇ ਸਮੇਂ ਹੀ ਸਤਿਗੁਰੂ ਹਰੀ ਸਿੰਘ ਜੀ ਨੇ ਸਾਧਾਰਨ ਪਾਠਾਂ ਅਤੇ ਆਖੰਡ ਪਾਠਾਂ ਦੀ ਮਰਿਆਦਾ ਪੱਕੀ ਕਰ ਦਿੱਤੀ ਸੀ। ਭੈਣੀ ਸਾਹਿਬ ਤਾਂ ਮਰਿਆਦਾ ਪੂਰਵਕ ਢੰਗ ਨਾਲ ਪਾਠਾਂ ਦੇ ਭੋਗ ਪਹਿਲਾਂ ਹੀ ਪੈਂਦੇ ਸਨ। ਘਰਾਂ ਵਿੱਚ ਕਈ ਵਾਰ ਅਜਿਹੀ ਸਥਾਪਿਤ ਪੱਕੀ ਮਰਿਆਦਾ ਦੀ ਪੂਰਤੀ ਨਹੀਂ ਸੀ ਕੀਤੀ ਜਾ ਸਕਦੀ। ਇਸ ਲਈ ਸਤਿਗੁਰੂ ਹਰੀ ਸਿੰਘ ਨੇ ਭੈਣੀ ਸਾਹਿਬ ਵਿਖੇ ਸਾਧਾਰਨ ਅਤੇ ਆਖੰਡ ਪਾਠਾਂ ਦੇ ਭੋਗ ਦੀ ਆਗਿਆ ਦੇ ਦਿੱਤੀ ਸੀ। ਸਾਧਾਰਨ ਪਾਠ ਲਈ ਪੰਜ (5) ਰੁਪਏ ਅਤੇ ਆਖੰਡ ਪਾਠ ਲਈ 25 ਰੁਪਏ ਦੀ ਭੇਟਾ ਪ੍ਰਵਾਨ ਕੀਤੀ ਗਈ ਸੀ।

## ਭੈਣੀ ਸਾਹਿਬ ਦੀ ਮਹਿੰਮਾ

ਭੈਣੀ ਸਾਹਿਬ ਦੀ ਮਹਿੰਮਾ ਦੂਰ-ਦੂਰ ਤੱਕ ਪਸਰ ਗਈ ਸੀ। ਇੱਕ ਦਿਨ ਹਜ਼ਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਦੇ ਸਥਾਨ ਤੇ ਜਿੱਥੇ ਕਾਹਨ ਸਿੰਘ ਮਹੰਤ ਕਾਰਜ ਚਲਾ ਰਿਹਾ ਸੀ, ਇੱਕ ਅੰਗਰੇਜ਼ ਗਿਆ। ਮਹੰਤ ਕਾਹਨ ਸਿੰਘ ਨੇ ਉਸ ਅੰਗਰੇਜ਼ ਬਾਰੇ ਸਤਿਗੁਰੂ ਹਰੀ ਸਿੰਘ ਜੀ ਨੂੰ ਜਦੋਂ ਉਹ ਭੈਣੀ ਸਾਹਿਬ ਆਇਆ ਇੰਝ ਦੱਸਿਆ ਸੀ। "ਮਹਾਰਾਜ ਜੀ ਕੇ ਡੇਰੇ ਆਇਕੇ ਬਾਬੇ ਕਾਹਨ ਸਿੰਘ ਨੇ ਕਹਾ

1* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 203



Sri Satguru Jagjit Singh Ji Elibrary NamdhariElibrary@gmail.com

ਕਿ ਇੱਕ ਦਿਨ ਫਰੰਗੀ ਡੇਰੇ ਆਏ। ਗੁਰੂ ਬਾਲਕ ਸਿੰਘ ਕੀ ਭਜਨ ਕਰਨ ਵਾਲੀ ਜਗਾ ਦੇਖੀ ਅਤੇ ਕਹਿਣ ਲੱਗੇ ਕਿ ਗੁਰੂ ਰਾਮ ਸਿੰਘ ਜੀ ਕੀ ਜਗ੍ਹਾ ਤੁਮਨੇ ਜਾਇਕੇ ਦੇਖੀ ਹੈ ? ਬਹੁਤ ਸਿਲਸਿਲਾ ਹੈ। ਏਕ ਫੇਰੀ ਦੇਖੋ ਤੋ ਸਹੀ। ਉੱਥੇ ਬਹੁਤ ਕਾਰਖਾਨਾ ਹੈ। ਘੋੜੇ ਭੈਂਸਾਂ ਬਹੁਤ ਹੈਂ। ਸਭ ਕੋ ਰੋਟੀ ਮਿਲਦੀ ਹੈ। ਦੂਰ-ਦੂਰ ਤੇਂ ਸਿੰਘ ਔਂਦੇ ਹੈਂ। ਮਹੰਤ ਨੇ ਕਿਹਾ ਕਿ ਅਸੀਂ ਗਰੀਬ ਹਾਂ।"

ਇਸੇ ਘਟਨਾ ਤੋਂ ਪ੍ਰੇਰਨਾ ਲੈ ਕੇ ਮਹੰਤ ਕਾਹਨ ਸਿੰਘ ਜੀ ਸੰਗਤ ਸਮੇਤ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਲਈ ਭੈਣੀ ਸਾਹਿਬ ਆਏ। ਸਤਿਗੁਰੂ ਜੀ ਨੇ ਉਨ੍ਹਾਂ ਦਾ ਬੜਾ ਆਦਰ ਮਾਨ ਕੀਤਾ। ਆਪਨੇ ਮਹੰਤ ਜੀ ਦੇ ਚਰਨ ਛੂਹੇ। ਆਪ ਸਤਿਗੁਰੂ ਹਰੀ ਸਿੰਘ ਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਉੱਚ ਸਥਾਨ ਨੂੰ ਅਨੁਭਵ ਕਰਦੇ ਹੋਏ ਮਹੰਤ ਜੀ ਨੂੰ ਆਪਣੇ ਚਰਨ ਸਪੱਰਸ਼ ਕਰਨ ਤੋਂ ਸੰਕੋਚ ਕਰਦੇ ਰਹੇ। ਪਰ ਮਹੰਤ ਜੀ ਦੇ ਇਹ ਕਹਿਣ ਉੱਤੇ ਕਿ ਦੋ ਸੋ ਕੋਹ ਤੋਂ ਚੱਲ ਕੇ ਆਏ ਹੈਂ। ਸਾਨੂੰ ਚਰਨੀ ਹੱਥ ਭੀ ਨਹੀਂ ਲਾਵਣ ਦਿੰਦੇ ਹੋ। ਆਪ ਜੀ ਨੇ ਮਹੰਤ ਕਾਹਨ ਸਿੰਘ ਅਤੇ ਸੰਗਤ ਨੂੰ ਚਰਨ ਪਰਸਣ ਦਿੱਤੇ। ਸਤਿਗੁਰੂ ਰਾਮ ਸਿੰਘ ਸਮਾਨ ਸਤਿਗੁਰੂ ਹਰੀ ਸਿੰਘ ਜੀ ਵੀ ਸਤਿਗੁਰੂ ਬਾਲਕ ਸਿੰਘ ਜੀ ਦੇ ਸਥਾਨ ਤੇ ਹਜ਼ਰੋਂ ਦੀ ਸੰਗਤ ਦਾ ਬੜਾ ਆਦਰ ਮਾਣ ਕਰਦੇ ਸਨ। ਸਤਿਗੁਰੂ ਜੀ ਨੇ ਮਹੰਤ ਜੀ ਨੂੰ ਯੋਗ ਭੇਟਾ ਦੇ ਕੇ ਸਤਿਕਾਰ ਪੂਰਵਕ ਵਿਦਾ ਕੀਤਾ।

ਸਤਿਗੁਰੂ ਹਰੀ ਸਿੰਘ ਜੀ ਆਪਣੇ ਆਪ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸੇਵਕ ਜਾਂ ਕਾਰਿੰਦਾ ਹੀ ਮੰਨਦੇ ਸਨ। ਸਤਿਗੁਰੂ ਹਰੀ ਸਿੰਘ ਦਾ ਫੁਰਮਾਨ ਸੀ ਕਿ "ਅਸੀਂ ਤਾਂ ਬਥੇਰਾ ਕਹਿੰਦੇ ਹਾਂ ਕਿ ਸਾਡੀ ਚਰਨੀਂ ਮੱਥਾ ਨਾ ਟੇਕੋ। ਬਦੋ ਬਦੀ ਲੋਗ ਆਇ ਟੇਕਦੇ ਹੈਂ। ਮੈਂ ਕਹਿੰਦਾ ਹਾਂ ਸਤਿਗੁਰੂ ਰਾਮ ਸਿੰਘ ਜੀ ਕੋ ਮੱਥਾ ਟੇਕੋ। ਸਤਿਗੁਰੂ ਜੀ ਗੁਰੂ ਹੈਂ। ਅਸੀਂ ਤਾਂ ਰਾਖੇ ਦੀ ਨਿਆਈ ਹੈਂ। ਮਾਲਿਕ ਤਾਂ ਉਹੀ ਹੈਂ। ਮੈਂ ਤਾਂ ਵਿੱਚ ਖੜਾ ਕੀਤਾ ਹੋਇਆ ਹਾਂ। ਸਾਰੇ ਸਾਡੇ ਕੰਮ ਸਤਿਗੁਰੂ ਰਾਮ ਸਿੰਘ ਜੀ ਆਪ ਕਰਦੇ ਹੈਂ। ਸਾਡਾ ਕੋਈ ਕੰਮ ਨਹੀਂ ਅਟਕਦਾ।"

### ਦੋਖੀਆਂ ਦੀ ਇੱਕ ਹੋਰ ਸਾਜ਼ਿਸ਼

ਸਤਿਗੁਰੂ ਹਰੀ ਸਿੰਘ ਜੀ ਦੀ ਚੜ੍ਹਦੀ ਕਲਾ ਅਤੇ ਸ੍ਰੀ ਭੈਣੀ ਸਾਹਿਬ ਡੇਰੇ ਦੇ ਨਿੱਤ ਵੱਧ ਰਹੇ ਪ੍ਰਤਾਪ ਨੂੰ ਦੇਖ ਕੇ ਦੋਖੀ ਅੰਦਰੋਂ ਅੰਦਰ ਸੜ੍ਹਦੇ ਅਤੇ ਸਾਜ਼ਿਸ਼ਾਂ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਝੂਠੀ ਅਰਜ਼ੀ ਲਿਖ ਕੇ ਭੇਜੀ ਕਿ ਡੇਰੇ ਵਿੱਚ ਲੋਹੇ ਦਾ ਅਤੇ ਹੋਰ ਲੱਖਾਂ ਦਾ ਵਪਾਰ ਹੁੰਦਾ ਹੈ। ਇਸ ਲਈ ਟੈਕਸ ਲੱਗਣਾ ਚਾਹੀਦਾ ਹੈ। ਤਹਿਸੀਲਦਾਰ ਪੜਤਾਲ ਕਰਨ ਲਈ ਆਇਆ। ਇਹ ਜਾਣਕੇ ਕਿ ਇੱਥੇ ਤਾਂ ਲੰਗਰ ਵਾਲਾ ਵਪਾਰ ਨਹੀਂ ਹੁੰਦਾ, ਸਗੋਂ ਪੁੰਨ ਦਾ ਲੰਗਰ ਚੱਲਦਾ ਹੈ। ਸ਼ਿਕਾਇਤ .ਕਰਨ ਵਾਲੇ ਝੂਠੇ ਪੈ ਗਏ। ਇਸੇ ਸਿਲਸਿਲੇ ਵਿੱਚ ਸਤਿਗੁਰੂ ਜੀ ਜ਼ਿਲ੍ਹਾ ਕਚਹਿਰੀ



Sri Satguru Jagjit Singh Ji Elibrary NamdhariElibrary@gmail.com

ਵਿੱਚ ਪੇਸ਼ ਹੋਏ। ਜਦੋਂ ਜ਼ਿਲ੍ਹਾ ਅਧਿਕਾਰੀਆਂ ਨੇ ਮਿਸਲ ਮੰਗਾਈ ਤਾਂ ਉਲਟਾ ਮੁਨਸ਼ੀ ਨੂੰ ਝਾੜਾਂ ਪਾਈਆਂ। ਵਿਉਪਾਰ ਵਾਲਾ ਤਾਂ ਕੋਈ ਸਬੂਤ ਨਾ ਮਿਲ ਸਕਿਆ। ਸਗੋਂ ਅਫ਼ਸਰ ਨੇ ਕਿਹਾ "ਸਗੋਂ ਭੁਖੇ ਕੋ ਰੋਟੀ ਦਿੰਦੇ ਹੈ। ਪੁੰਨ ਕਰਦੇ ਹੈਂ। ਇਸ ਲਈ ਮੁਕੱਦਮਾ ਖਾਰਜ ਕਰ ਦਿੱਤਾ।"

### ਕੁਝ ਹੋਰ ਵਰਨਣ ਯੋਗ ਸਮਾਚਾਰ

1898 ਦੇ ਸਾਲ ਵਿੱਚ ਕੁਝ ਹੋਰ ਘਟਨਾਵਾਂ ਦਾ ਵਰਣਨ ਵੀ ਮਿਲਦਾ ਹੈ। ਡੇਰੇ ਵਿੱਚ ਇੱਕ ਹੋਰ ਬਦ-ਦਿਮਾਗ ਹੌਲਦਾਰ ਦੀ ਬਦਲੀ ਹੋ ਗਈ। ਜਿਸ ਨੇ ਮੁੜ ਰੋਅਬ ਪਾਉਣਾ ਅਤੇ ਸੰਗਤਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹ ਕਹਿੰਦਾ ਮੈਂ ਤਾਂ ਉਨ੍ਹਾਂ ਬੰਦਿਆਂ ਨੂੰ ਹੀ ਡੇਰੇ ਵਿੱਚ ਰਹਿਣ ਦੇਵਾਂਗਾ ਜਿਨ੍ਹਾਂ ਦਾ ਨਾਮ ਸੂਚੀ ਵਿੱਚ ਦਰਜ ਹੈ। ਸਤਿਗੁਰੂ ਜੀ ਨਾਲ ਵੀ ਉਸਦੇ ਸਵਾਲ-ਜਵਾਬ ਹੋਏ। ਸਿੰਘ ਡੇਰੇ ਵਿੱਚ ਰਹਿਣ ਦੀ ਥਾਂ ਰਾਮਸਰ ਰਹਿਣ ਲੱਗ ਪਏ ਅਤੇ ਉਨ੍ਹਾਂ ਨੂੰ ਉੱਥੇ ਹੀ ਪ੍ਰਸ਼ਾਦਾ ਪਾਣੀ ਪਹੁੰਚਾ ਦਿੱਤਾ ਜਾਂਦਾ। ਸਤਿਗੁਰੂ ਜੀ ਨੇ ਉਸ ਹੌਲਦਾਰ ਨੂੰ ਬੜਾ ਸਮਝਾਇਆ ਕਿ ਇੱਥੇ ਤਾਂ ਨਿਆਸਰੇ ਅਤੇ ਗਰੀਬ ਲੋਕ ਰਹਿੰਦੇ ਹਨ, ਜੋ ਪ੍ਰਸ਼ਾਦਾ ਗੁਰੂ ਦੇ ਲੰਗਰ ਵਿੱਚੋਂ ਛਕਦੇ ਹਨ। ਪਰ ਉਸਦਾ ਵਤੀਰਾ ਨਰਮ ਨਾ ਹੋਇਆ। ਛੇਤੀ ਹੀ ਉਸਦੀ ਬਦਲੀ ਹੋ ਗਈ। 1898 ਵਿੱਚ ਸਤਿਗੁਰੂ ਜੀ ਨੇ ਤਿੰਨ ਮਹੀਨਿਆਂ ਦੀ ਆਗਿਆ ਲੈ ਕੇ ਪੰਜਾਂ ਜ਼ਿਲ੍ਹਿਆਂ ਵਿੱਚ ਸੰਗਤਾਂ ਨੂੰ ਦਰਸ਼ਨ ਦਿੱਤੇ, ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਸਿਆਲਕੋਟ ਅਤੇ ਝੰਗ। ਇਸ ਦੌਰੇ ਉੱਤੇ ਗੁਜਰਾਂਵਾਲਾ ਦੇ ਅਗਰੇਜ਼ ਹਾਕਮ ਨਾਲ ਸਤਿਗੁਰੂ ਜੀ ਦੇ ਖੁਲ੍ਹੇ ਬਚਨ ਬਿਲਾਸ ਹੋਏ, ਜਿਸ ਤੋਂ ਦੋਹਾਂ ਧਿਰਾਂ (ਸਰਕਾਰੀ ਅਤੇ ਨਾਮਧਾਰੀ) ਦੇ ਦ੍ਰਿਸ਼ਟੀਕੋਣਾਂ ਦਾ ਠੀਕ-ਠੀਕ ਅਨੁਮਾਨ ਲਾਇਆ ਜਾ ਸਕਦਾ ਹੈ। ਗੁਜਰਾਂਵਾਲੇ ਦੇ ਪੁਲਿਸ ਕਪਤਾਨ ਨੇ ਸਤਿਗੁਰੂ ਹਰੀ ਸਿੰਘ ਜੀ ਤੋਂ ਪੁੱਛਿਆ ਕਿ ਤੁਹਾਡਾ ਦੂਜੇ ਸਿੰਘਾਂ ਨਾਲ ਮੇਲ ਕਿਉਂ ਨਹੀਂ ਹੈ। ਸਤਿਗੁਰੂ ਜੀ ਨੇ ਉੱਤਰ ਦਿੱਤਾ 'ਕਿ ਉਹ ਮਾਸ ਸ਼ਰਾਬ ਖਾਂਦੇ ਹੈਂ। ਨਾਲੇ ਬੇਸਵਾ ਕੇ ਜਾਂਦੇ ਹੈਂ। ਇਸ ਵਾਸਤੇ ਸਾਡਾ ਉਨ੍ਹਾਂ ਦਾ ਮੇਲ ਨਹੀਂ। ਅਸੀਂ ਉਹਨਾਂ ਨੂੰ ਹਟਾਉਂਦੇ ਹੈਂ। ਉਹ ਹਟਦੇ ਨਹੀਂ ਹੈਂ। ਫੇਰ ਪੁਲਿਸ ਕਪਤਾਨ ਨੇ ਪੁੱਛਿਆ ਕਿ ਤੁਸੀਂ ਛਕਦੇ ਕਿੰਨੀ ਵਾਰ ਹੋ ਅਤੇ ਅਸ਼ਨਾਨ ਕਿੰਨੀ ਵਾਰ ਕਰਦੇ ਹੋ। ਸਤਿਗੁਰੂ ਜੀ ਨੇ ਜਵਾਬ ਵਿੱਚ ਕਿਹਾ ਕਿ ਅਸੀਂ ਅੱਠੀ ਪਹਿਰੀ ਛਕਦੇ ਹਾਂ ਅਤੇ ਤਿੰਨ ਵਾਰ ਅਸ਼ਨਾਨ ਕਰਦੇ ਹਾਂ। ਇੱਕ ਵਾਰ ਰਾਤ ਦੇ ਦੋ ਵਜੇ। ਦੂਜਾ ਦੁਪਹਿਰੇ। ਤੀਜਾ ਸ਼ਾਮ ਨੂੰ। ਇਸੇ ਤਰ੍ਹਾਂ ਗੁਜਰਾਂਵਾਲੇ ਦੇ ਡੀ. ਸੀ. ਜੇ. ਆਰ. ਡਰੂਮੇਂਡਾ ਨੇ ਸਤਿਗੁਰੂ ਜੀ ਤੋਂ ਪੁੱਛਿਆ ਕਿ ਤੁਹਾਡਾ ਚੱਲਣ ਕੀ ਹੈ ? ਉਸਦਾ ਭਾਵ ਸੀ ਕਿ ਤੁਸੀਂ ਕੀ ਅਤੇ ਕਿਸ ਤਰ੍ਹਾਂ ਦਾ ਧਰਮ ਪ੍ਰਚਾਰ ਕਰਦੇ ਹੋ। 'ਮਹਾਰਾਜ ਜੀ ਬਚਨ ਕੀਤਾ ਸਾਡਾ ਇਹ ਚਲਣ ਹੈ। ਪਹਿਲਾਂ ਤਾਂ ਦੋ ਵਜੇ ਰਾਤ ਕੋ ਇਸ਼ਨਾਨ ਫੇਰ ਆਸਾ ਦੀ ਵਾਰ ਰਾਗੀ ਪੜ੍ਹਦੇ ਹਨ। ਢਾਡੀ ਕੀ ਵਾਰ ਦੋ



Sri Satguru Jagjit Singh Ji Elibrary NamdhariElibrary@gmail.com

ਬਜੇ ਦਿਨੇ ਲੱਗਦੀ ਹੈ। ਫੇਰ ਪ੍ਰਸ਼ਾਦਾ ਵਰਤਦਾ ਹੈ। ਫੇਰ ਰਾਗੀ ਬੈਠਦੇ ਹੈਂ। ਰਾਗ ਹੁੰਦਾ ਹੈ। ਸਰਬ ਖਾਲਸਾ ਸੁਣਦਾ ਹੈ। ਫੇਰ ਦੀਵਾਨ ਸ਼ਬਦ ਢੋਲਕੀ ਕਾ ਭੀ ਪੜ੍ਹਦੇ ਹਾਂ। ਫੇਰ ਆਰਤੀ ਸੋਹਿਲਾ ਪੜ ਕੇ ਬਰਾਜਦੇ ਹੈਂ। ਫੇਰ ਦੋ ਬਜੇ ਸਵੇਰੇ ਉਠਕੇ ਇਸ਼ਨਾਨ ਕਰਦੇ ਹੈਂ। ਕਿਸੇ ਜੀ ਨੂੰ ਦੁੱਖ ਨਹੀਂ ਦਿੰਦੇ ਹੈਂ। ਸਗੋਂ ਗਰੀਬ ਕੀ ਰਛਿਆ ਕਰਨੀ। ਗਊ ਗਰੀਬ ਪਰ ਤਰਸ ਖਾਣਾ। ਮਾੜੇ ਕਰਮ ਛੁਡੌਂਦੇ ਹੈਂ। ਨਾਮ ਸੁਣਾਉਂਦੇ ਹਾਂ। ਕਹਿੰਦੇ ਹਾਂ ਬਾਣੀ ਗ੍ਰੰਥ ਸਾਹਿਬ ਦੀ ਪੜ੍ਹੋ। ਦੰਗਾ ਨਾ ਕਰੋ। ਅਸੀਂ ਤਾਂ ਸਗੋਂ ਹਟਾਉਂਦੇ ਹਾਂ ਕਿ ਆਪਸ ਮੇਂ ਨਾ ਲੜੋ। ਮਿਲਕੇ ਰਹੋ। ਚੁੱਕੋ ਚੁਰਾਉ ਨਾ ਕਿਸੇ ਦਾ। ਦਸਾਂ ਨੌਹਾਂ ਦੀ ਕਮਾਈ ਕਰਕੇ ਆਪ ਭੀ ਛਕੋ, ਜੋ ਪ੍ਰਸ਼ਾਦ ਛਕਣ ਵਾਲਾ ਹੈ ਉਸ ਕੋ ਭੀ ਛਕਾਉ। ਧਰਮ ਰੀਤੀ ਮੇਂ ਚਲੋ। ਸਾਡਾ ਏਹ ਚਾਲ ਚਲਣ ਹੈ।'

ਡਿਪਟੀ ਕਮਿਸ਼ਨਰ ਸਤਿਗੁਰੂ ਜੀ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਕਹਿਣ ਲੱਗਾ 'ਜੇਕਰ ਤੁਹਾਡਾ ਚਲਣ ਸਾਫ਼ ਰਹਾ ਦੰਗਾ ਫਸਾਦ ਨਾ ਹੋਇਆ ਤਾਂ ਅਸੀਂ ਭੀ ਕਮਿਸ਼ਨਰ ਨੂੰ ਲਿਖਾਂਗੇ। ਤੁਮਕੋ ਸਭ ਜ਼ਿਲ੍ਹੇ ਕੀ ਰਿਹਾਈ ਹੋਇ ਜਾਇਗੀ। ਖੁਲ੍ਹੀ ਛੁਟੀ ਹੋਇ ਜਾਏਗੀ।'

**1899 ਦਾ ਕਾਲ**

1899 ਵਿੱਚ ਉੱਤਰੀ ਭਾਰਤ ਵਿੱਚ ਵੱਡਾ ਕਾਲ ਪਿਆ। ਇਸ ਦਾ ਸਭ ਤੋਂ ਵੱਡਾ ਪ੍ਰਭਾਵਿਤ ਇਲਾਕਾ ਰਾਜਸਥਾਨ ਦਾ ਬੀਕਾਨੇਰ ਸੀ ਅਤੇ ਪੰਜਾਬ ਦਾ ਹਿਸਾਰ ਜ਼ਿਲ੍ਹਾ ਸੀ। ਸੋਕੇ ਕਾਰਨ ਅੰਨ ਅਤੇ ਚਾਰੇ ਪੱਠੇ ਦੀ ਅਣਹੋਂਦ ਨੇ ਲੋਕਾਂ ਨੂੰ ਆਪਣੇ ਪਸ਼ੂ ਡੰਗਰਾਂ ਸਮੇਤ ਘਰ ਛੱਡਣ ਲਈ ਮਜ਼ਬੂਰ ਕਰ ਦਿੱਤਾ। ਹਜ਼ਾਰਾਂ ਲੋਕ ਆਪਣੇ ਘਰਾਂ ਨੂੰ ਛੱਡ ਕੇ ਪੰਜਾਬ ਵੱਲ ਆਉਣ ਲਈ ਮਜ਼ਬੂਰ ਹੋ ਗਏ। ਪਿੰਡਾਂ ਵਿੱਚ ਬਾਗੜ ਦੇ ਇਹ ਲੋਕ ਗਲੀਆਂ ਵਿੱਚ ਮੰਗਦੇ ਫਿਰਦੇ ਸਨ। ਪਿੰਡਾਂ ਵਿੱਚ ਇਹ ਬੋਲ ਸੁਣਾਈ ਦਿੰਦੇ ਸਨ। 'ਛਪੰਜਾ ਫਿਰ ਗਿਆ ਗਲੀ ਗਲੀ ਸਦਾ ਕਾਲ ਨਹੀਂ ਰਹਿਣਾ'। ਇਸ ਸਮੇਂ ਦੀ ਇੱਕ ਘਟਨਾ ਦਾ ਵਰਣਨ ਸੰਤ ਬਾਰੋਵਾਲ ਇਸ ਤਰ੍ਹਾਂ ਕਰਦਾ ਹੈ : 'ਬਾਰਸ ਨਾ ਹੋਣ ਸੇ, ਸੁਣਿਆ ਹੈ ਕਿ ਬਾਰਾਂ ਹਜ਼ਾਰ ਬਾਗੜੀਆਂ ਨੇ ਸੰਗਰੂਰ ਮੇਂ ਦਾਣੇ ਲੁਟੇ ਭੁੱਖੇ ਮਰਦਿਆਂ ਨੇ। ਖਾਣ ਵਾਲੀ ਚੀਜ਼ ਚੁਕਣੀ ਹੋਰ ਨਹੀਂ ਛੇੜਨੀ। ਉਨ੍ਹਾਂ ਨੇ ਸਮਝਿਆ ਜੋ ਸਾਨੂੰ ਕੈਦ ਕਰੇਗਾ ਆਪੇ ਦੇਵੇਗਾ। ਏਕ ਆਦਮੀ ਕਣਕ ਦੋ ਸੌ ਮਣ ਸਾਫ਼ ਕਰਦਾ ਸੀ। ਹੱਥਾ ਨਾਲ ਹੀ ਚੁੱਕ ਲਈ। ਬਾਣੀਆ ਦੇਖਦਾ ਹੀ ਰਹਿ ਗਿਆ।' ਲੁਧਿਆਣੇ ਵਾਸੀਆਂ ਨੇ ਵੀ ਇਨ੍ਹਾਂ ਕਾਲ ਪੀੜ੍ਹਿਤਾਂ ਦੀ ਦੋ-ਤਿੰਨ ਦਿਨ ਤੱਕ ਸਹਾਇਤਾ ਕਰਕੇ ਆਪਣੇ ਘਰਾਂ ਦੇ ਬੂਹੇ ਬੰਦ ਕਰ ਲਏ। ਪਰ ਇਸ ਬਿਪਤਾ ਦੇ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਗੁਰੂ ਰਾਮ ਸਿੰਘ ਦੇ ਸਦਾ ਵਰਤ ਲੰਗਰ ਦਾ ਦਰ ਸਭ ਲਈ ਖੋਲ੍ਹ



Sri Satguru Jagjit Singh Ji Elibrary NamdhariElibrary@gmail.com

ਦਿੱਤਾ। ਕਾਲ ਦੇ ਸੰਤਾਪੇ ਇਨ੍ਹਾਂ ਬਾਗੜੀਆਂ ਨੂੰ ਜੋ ਹਜ਼ਾਰਾਂ ਦੀ ਗਿਣਤੀ ਵਿੱਚ ਭੈਣੀ ਸਾਹਿਬ ਪਹੁੰਚ ਗਏ ਸਨ, ਲਗਾਤਾਰ ਅੰਨ, ਧਨ ਅਤੇ ਲੋੜੀਂਦੀਆਂ ਵਸਤਾਂ ਦਿੰਦੇ ਰਹੇ। ਪਸ਼ੂਆਂ ਨੂੰ ਵੀ ਦਾਣਾ ਆਦਿ ਦਿੱਤਾ ਜਾਂਦਾ ਰਿਹਾ। ਲੰਗਰ ਦੇ ਵੱਡੇ ਖਰਚੇ ਨੂੰ ਦੇਖ ਕੇ ਸਤਿਗੁਰੂ ਹਰੀ ਸਿੰਘ ਜੀ ਨੇ ਕੁਝ ਦਿਨਾਂ ਲਈ ਬਾਹਰ ਜਾ ਕੇ ਉਗਰਾਹੀ ਕਰਨ ਲਈ ਅਰਜ਼ੀ ਦਿੱਤੀ। ਫਰੰਗੀ ਨੇ ਕਿਹਾ, 1*"ਇਨ੍ਹਾਂ ਬਾਗੜੀਆਂ ਕੋ ਰੋਟੀ ਨਾ ਦਿਓ। ਬਚਨ ਹੋਇਆ ਸੱਦਣ ਕਿਸੇ ਨੂੰ ਜਾਂਦੇ ਨਹੀਂ। ਆਏ ਨੂੰ ਪ੍ਰਸ਼ਾਦਾ ਦਿੰਦੇ ਹਾਂ। ਭੁੱਖੇ ਨੂੰ ਜਾਣ ਨਹੀਂ ਦੇਂਦੇ। ਜਿਤਨਾ ਚਿਰ ਅੰਦਰ ਦਾਣੇ ਹੈਂ। ਉਤਨਾ ਚਿਰ ਲੰਗਰ ਬੰਦ ਨਹੀਂ ਹੁੰਦਾ ਹੈ। ਦੇਈ ਜਾਣਾ ਹੈ। ਸੱਚੇ ਪਾਤਸ਼ਾਹ ਕਾ ਲੰਗਰ ਚਲਾਇਆ ਹੋਇਆ ਹੈ।"

'ਸਰਬ ਜਾਤਾਂ ਕੋ ਪ੍ਰਸ਼ਾਦਾ ਮਿਲਦਾ ਹੈ। ਜੋ ਆਇ ਜਾਏ ਉਸੀ ਵੇਲੇ ਪੰਗਤ ਲੱਗ ਜਾਵੇ। ਕੋਈ ਇਨਕਾਰ ਨਹੀਂ। ਗਿਣਤੀ ਕੁਝ ਨਹੀਂ। ਹਮੇਸ਼ਾਂ 500-600 ਦੀ ਪੰਗਤ ਲਗਣੀ। ਬੇਅੰਤ ਖਰਚੇ ਸੀ। ਫੇਰ ਇੱਕ ਬੁਖਾਰੀ ਨਾ ਮੁੱਕੀ ਅਤੇ ਇੱਕ ਕੋਠੀ ਮੱਕੀ ਕੀ ਨਾ ਮੁਕੀ। ਕਣਕ ਦੇ ਪ੍ਰਸ਼ਾਦੇ, ਮੱਕੀ ਦਾ ਦਲੀਆ, ਖਿੱਚੜੀ ਦਾ ਪ੍ਰਸ਼ਾਦਾ ਬੜਾ ਹੀ ਅੰਮ੍ਰਿਤ ਬਣੇ। ਰੱਜ-ਰੱਜ ਕੇ ਛਕਾਉਂਦੇ ਰਹੇ। ਬਾਗੜੀਏ ਲੋਕ ਕਹਿੰਦੇ ਸਨ ਕਿ ਐਸਾ ਭੋਜਨ ਰੱਜ ਕੇ ਕਿਸੇ ਨਹੀਂ ਛਕਾਇਆ। ਇਹ ਭੰਡਾਰਾ ਅਤੁੱਟ ਹੈ। ਏਤਨੀਆਂ ਜੀਆਂ ਕੋ ਰਜਵਾਂ ਪਰਸ਼ਾਦਾ ਕੌਣ ਦਿੰਦਾ ਹੈ। ਰੋਜ਼ ਇੱਥੇ ਰਾਤ ਦਿਨ ਬਰਤਦਾ ਰਹਿੰਦਾ ਹੈ। ਅੱਠੇ ਪਹਿਰ ਭਾਵੇਂ ਕੋਈ ਅੱਧੀ ਰਾਤ ਕੋ ਆਵੇ, ਉਸ ਵਕਤ ਭੀ ਦੇ ਦੇਂਦੇ ਹੈ। ਹੱਟੀ ਦੇ ਵਿੱਚ ਹਰ ਵਕਤ ਪ੍ਰਸ਼ਾਦੇ ਜਮ੍ਹਾ ਰਹਿੰਦੇ ਹਨ। ਦਾਲਾ ਕਰੜਾ ਹਰ ਸਮੇਂ ਹਾਜ਼ਰ ਰਹਿੰਦਾ ਹੈ।'

'ਮਹੰਤ ਗੁਰਦਿੱਤ ਸਿੰਘ ਜੀ ਨੇ ਕਿਹਾ ਜੀ ਹਜ਼ਾਰਾਂ ਦੇ ਟੋਲੇ ਆਉਂਦੇ ਹੈਂ। ਮਹਾਰਾਜ ਜੀ ਬਚਨ ਕੀਤਾ। ਉਨ੍ਹਾਂ ਨੇ ਔਣੋਂ ਨਹੀਂ ਹਟਣਾ ਅਤੇ ਅਸਾਂ ਦੇਣੋਂ ਨਹੀਂ ਹਟਣਾ। ਜਦ ਦਾਣੇ ਮੁਕਣਗੇ ਤਾਂ ਅਸੀਂ ਭੀ ਉਜੜ ਚਲਾਂਗੇ, ਰੁਆਲਸਰ ਨੂੰ।'

ਸਤਿਗੁਰੂ ਹਰੀ ਸਿੰਘ ਜੀ ਦੀ ਬਾਗੜ ਪ੍ਰਦੇਸ਼ ਦੇ ਇਨ੍ਹਾਂ ਕਾਲ ਪੀੜਿਤਾਂ ਦੀ ਸਹਾਇਤਾ ਦੀ ਸੋਅ ਸੁਣ ਕੇ ਤਹਿਸੀਲਦਾਰ ਆਇਆ। ਤਹਿਸੀਲਦਾਰ ਨੇ ਆ ਕੇ ਸਤਿਗੁਰੂ ਹਰੀ ਸਿੰਘ ਕੋਲ ਇਸ ਕਾਰਜ ਦੀ ਬੜੀ ਸ਼ੋਭਾ ਕੀਤੀ। ਗਾਰਡ ਦੇ ਹੌਲਦਾਰ ਨੇ ਵੀ ਸ਼ਾਰਦੀ ਭਰੀ। ਕਹਿਣ ਲੱਗਾ ਅਜਿਹੇ ਕਾਲ ਦੇ ਸਮੇਂ ਜਦੋਂ ਬੰਦਿਆਂ ਨੂੰ ਅੰਨ ਵੀ ਬੜੀ ਮੁਸ਼ਕਿਲ ਨਾਲ ਮਿਲਦਾ ਹੈ, ਪਸ਼ੂਆਂ ਨੂੰ ਦਾਣੇ ਕੌਣ ਪਾਉਂਦਾ ਹੈ? ਹੌਲਦਾਰ ਕੋਲੋਂ ਅਜਿਹੀ ਉਪਮਾ ਸੁਣ ਕੇ ਤਹਿਸੀਲਦਾਰ ਬੜਾ ਪ੍ਰਭਾਵਿਤ ਹੋਇਆ।

1* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 225



Sri Satguru Jagjit Singh Ji Elibrary NamdhariElibrary@gmail.com

ਅਕਾਲ ਪੀੜਿਤਾਂ ਦੀ ਸਹਾਇਤਾ ਅਤੇ ਭੈਣੀ ਸਾਹਿਬ ਦੇ ਸਦਾ ਵਰਤ ਲੰਗਰ ਰਾਹੀਂ ਕੀਤੀ ਜਾ ਰਹੀ ਸੇਵਾ ਨੂੰ ਮੁੱਖ ਰੱਖ ਕੇ ਜ਼ਿਲ੍ਹਾ ਅਫ਼ਸਰ ਨੇ ਆ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ ਕਿਹਾ ਕਿ ਅੱਜਕਲ੍ਹ ਸਰਕਾਰ ਮੁਰੱਬੇ ਦੇ ਰਹੀ ਹੈ। ਆਪ ਵੀ ਲੁਧਿਆਣੇ ਆ ਕੇ ਅਰਜ਼ੀ ਦੇ ਦਵੋ ਅਤੇ 52 ਮੁਰੱਬੇ ਜ਼ਮੀਨ ਦੇ ਲੈ ਲਵੋ। ਸਤਿਗੁਰੂ ਜੀ ਨੇ ਇਹ ਜ਼ਮੀਨ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਬਚਨ ਕੀਤਾ, 'ਗੁਰੂ ਕਾ ਲੰਗਰ ਗੁਰੂ ਦੇ ਆਸਰੇ ਚੱਲਦਾ ਹੈ। ਗੁਰੂ ਹੀ ਸਭ ਬਖਸ਼ਿਸ਼ਾਂ ਅਤੇ ਭੰਡਾਰਿਆਂ ਦਾ ਦੇਵਨਹਾਰ ਹੈ। ਇਹ ਲੰਗਰ ਸਰਕਾਰੀ ਸਹਾਇਤਾ ਦਾ ਮੁਥਾਜ ਨਹੀਂ ਹੋ ਸਕਦਾ।

## ਸੰਤ ਬਾਹੋਵਾਲ ਦੀ ਝੁੱਗੀ ਨੂੰ ਅੱਗ

ਸੰਤ ਸੰਤੋਖ ਸਿੰਘ ਬਾਹੋਵਾਲ 1881 ਵਿੱਚ ਸ੍ਰੀ ਭੈਣੀ ਸਾਹਿਬ ਆਇਆ ਸੀ। ਉਹ ਬੜਾ ਵਿਦਵਾਨ ਅਤੇ ਚੰਗਾ ਲੇਖਕ ਸੀ। ਉਹ ਲੋਕਾਂ ਤੋਂ ਸੁਣ ਕੇ ਅਤੇ ਜੋ ਕੁਝ ਵੀ ਸ੍ਰੀ ਭੈਣੀ ਸਾਹਿਬ ਵਾਪਰਦਾ ਸੀ, ਉਸਨੂੰ ਆਪਣੇ ਅੱਖੀਂ ਵੇਖ ਕੇ ਸਤਿਗੁਰੂ ਬਿਲਾਸ ਨਾਮੀ ਗ੍ਰੰਥ ਵਿੱਚ ਲਿਖ ਲੈਂਦਾ ਸੀ। ਇਸ ਘਟਨਾ ਦਾ ਵਰਣਨ ਲੇਖਕ ਆਪ ਸਾਖੀ ਨੰਬਰ, 768 ਵਿੱਚ ਇਸ ਤਰ੍ਹਾਂ ਕਰਦਾ ਹੈ :

'ਸੰਤੋਖ ਸਿੰਘ ਕੀ ਛਪਰੀ ਬਧੀ ਹੋਈ ਸੀ, ਨਵੇਂ ਤਬੇਲੇ ਮੇਂ। ਉਸਕੋ ਅਗਨੀ ਲਗੀ। ਲੋਕ ਸਭ ਆਏ। ਪਾਣੀ ਲਿਆਂਵਦਿਆ ਨੂੰ ਸਭ ਕੁਝ ਸੜ ਬਲ ਗਿਆ। ਸੰਤੋਖ ਸਿੰਘ ਨੂੰ ਇਹ ਚਿੰਤਾ ਕਿ ਗ੍ਰੰਥ ਬਣਾਇਆ ਸੀ। ਜੇਕਰ ਜਲ ਗਿਆ ਤਾਂ ਬੜੀ ਮੁਸ਼ਕਲ ਹੈ। ਬੜੇ ਯਤਨ ਸੇ ਬਚਨ ਇਕੱਠੇ ਕੀਤੇ ਸੇ। ਸਤਿਗੁਰੂ ਜੀ ਕੇ ਪੁਰਾਣੇ ਸਿੰਘਾਂ ਥੀਂ ਪੁੱਛ-ਪੁੱਛ ਕੇ ਲਿਖੇ ਥੇ ਬਚਨ। ਪਾਣੀ ਪਾ ਕੇ ਅਗਨੀ ਬੁਝਾਈ। ਸੰਤੋਖ ਸਿੰਘ ਨੇ ਪਹਿਲੇ ਉਹ ਜਗਾ ਦੇਖੀ ਜਿੱਥੇ ਗ੍ਰੰਥ ਸੀ। ਹੇਠੋਂ ਗ੍ਰੰਥ ਨਿਕਲ ਆਇਆ। ਹਾਸ਼ੀਆ ਜਲ ਗਿਆ। ਅੱਖਰ ਇੱਕ ਨਹੀਂ ਜਲਿਆ। ਸੰਤੋਖ ਸਿੰਘ ਨੇ ਗ੍ਰੰਥ ਮਹਾਰਾਜ ਜੀ ਕੇ ਸਾਹਮਣੇ ਜਾਇ ਧਰਿਆ।

ਮਹਾਰਾਜ ਜੀ ਬਚਨ ਕੀਤਾ ਭਾਈ 'ਇਹ ਸਤਿਗੁਰਾਂ ਦੇ ਬਚਨ ਹੈਨ ਜੇਹੜੇ ਅਗਨੀ ਮੈਂ ਬਚ ਰਹੇ ਹੈਂ।'

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਮਾਚਾਰਾਂ ਤੋਂ ਜਾਣੂ ਹੋਣ ਲਈ ਸੰਤ ਸੰਤੋਖ ਸਿੰਘ ਦਾ ਸਤਿਗੁਰੂ ਬਿਲਾਸ ਗ੍ਰੰਥ ਵੱਡਾ ਸਰੋਤ ਗ੍ਰੰਥ ਹੈ। ਇਸ ਗ੍ਰੰਥ ਦੇ ਰਚਨ ਬਾਰੇ ਕਰਤਾ ਆਪ ਇੱਕ ਸਾਖੀ ਰਾਹੀਂ ਇਸ ਤਰ੍ਹਾਂ ਕਥਨ ਕਰਦਾ ਹੈ। ਸੰਤ ਸੰਤੋਖ ਸਿੰਘ 1882 ਈ: ਵਿੱਚ ਸ੍ਰੀ ਭੈਣੀ ਸਾਹਿਬ ਆਇਆ ਸੀ। ਉਹ ਬੜਾ ਵਿਦਵਾਨ ਕਵੀ ਅਤੇ ਚੰਗਾ ਵਾਰਤਕ ਦਾ ਸਾਖੀ-ਲੇਖਕ ਸੀ ਅਤੇ ਡੇਰੇ ਵਿੱਚ ਰਹਿ ਕੇ ਟਹਿਲ ਸੇਵਾ ਵੀ ਕਰਦਾ ਸੀ। ਸੁਭਾਅ ਦਾ ਨਿਮਰ ਅਤੇ ਸੇਵਾ ਦਾ ਪੁੰਜ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਇੱਕ ਦਿਨ ਸੰਤੋਖ ਸਿੰਘ ਨੂੰ ਸੱਦ ਕੇ ਪੁੱਛਿਆ,[1]*"ਕੀ ਕੰਮ



Sri Satguru Jagjit Singh Ji Elibrary NamdhariElibrary@gmail.com

ਕਰਦਾ ਹੁੰਦਾ ਹੈ? ਕਹਾ ਜੀ ਮੈਂ ਗ੍ਰੰਥ ਬਾਰ੍ਹਵੇਂ ਗੁਰੂ ਜੀ ਕਾ ਲਿਖਦਾ ਹਾਂ। ਬਚਨ ਹੋਇਆ ਗ੍ਰੰਥ ਵੀ ਲਿਖੋ ਅਤੇ ਟੈਹਲਾ ਵੀ ਕਰ। ਕਹਾ ਜੀ ਜਿਸਨੂੰ ਅੰਦਰੋਂ ਹੱਥ ਦੇ ਕੇ ਰਖੋਗੇ ਸੋ ਰਹੇਗਾ। ਸਮਾਂ ਕਰੜਾ ਹੈ। ਬੁੱਧ ਨੂੰ ਇਸਥਿਤ ਨਹੀਂ ਰਹਿਣ ਦਿੰਦਾ ਹੈ। ਸਮਾਂ ਕਰੇ ਨਰ ਕਿਆ ਕਰੇ ਸਮਾਂ ਸਮਾਂ ਸਮਰੱਥ। ਬਚਨ ਹੋਇਆ ਕਰ ਲਵੋ ਟਹਿਲਾ ਕੋਈ ਦਿਨ ਹੈ। ਫਿਰ ਹੱਥ ਨਹੀਂ ਆਵੇਗਾ।"

ਸਤਿਗੁਰੂ ਹਰੀ ਸਿੰਘ ਨੇ ਸੰਤੋਖ ਸਿੰਘ ਨੂੰ ਹੁਕਮ ਕੀਤਾ ਕਿ ਬਾਰਵੇਂ ਗੁਰੂ ਕੀ ਗ੍ਰੰਥ ਕੀ ਕਥਾ ਸੁਣਾਇਆ ਕਰ। ਹੋਰ ਬਚਨ ਕੀਤਾ ਜਿਲਦ ਬਣੌਣ ਮੈਂ ਕਿਤਨੀ ਕੁ ਦੇਰ ਹੈ? ਸੰਤੋਖ ਸਿੰਘ ਨੇ ਕਹਿਆ ਕਿ ਹੋਰ ਤਾਂ ਸਭ ਲਿਖਿਆ ਗਿਆ ਹੈ, ਤਤਕਰਾ ਰਹਿੰਦਾ ਹੈ। ਮਿਹਰਬਾਨ ਹੋਇ ਕਰ ਬਚਨ ਕੀਤਾ ਕਿ ਹੁਣ ਜਿਲਦ ਬੰਨ ਦਿਉ। ਆਦ ਥੀਂ ਲੈ ਕੇ ਅੰਤ ਪ੍ਰਯੰਤ ਕਥਾ ਕੀਤੀ (ਸਤਿਗੁਰੂ ਜੀ ਨੇ ਕਥਾ ਸੰਤੋਖ ਸਿੰਘ ਬਾਹੋਵਾਲ ਤੋਂ ਸ਼ਰਵਣ ਕੀਤੀ)। ਫੇਰ ਕਥਾ ਦੂਈ ਬਾਰ ਧਰੀ (ਸੁਣੀ)। ਬੜੀਆਂ ਖੁਸ਼ੀਆਂ ਦਿੱਤੀਆਂ।'[1]

ਇਸ ਪ੍ਰਕਾਰ ਸੰਤ ਸੰਤੋਖ ਸਿੰਘ ਬਾਹੋਵਾਲ ਦਾ ਇਹ ਵੱਡ ਆਕਾਰੀ ਇਤਿਹਾਸਿਕ ਗ੍ਰੰਥ ਸ੍ਰੀ ਸਤਿਗੁਰੂ ਹਰੀ ਸਿੰਘ ਦੀ ਹਜ਼ੂਰੀ ਵਿੱਚ ਹੀ ਰਚਿਆ ਗਿਆ ਅਤੇ ਸੰਪੂਰਣ ਕੀਤਾ ਗਿਆ ਸੀ। ਇਹੋ ਕਾਰਨ ਹੈ ਕਿ ਇਸ ਦੇ ਇਤਿਹਾਸਕ ਪ੍ਰਮਾਣਿਕ ਹਵਾਲੇ ਗ੍ਰੰਥ ਦੇ ਵਿੱਚ ਵਰਣਨ ਕੀਤੇ ਗਏ ਇਤਿਹਾਸਕ ਸਮਾਚਾਰ ਅਸਲੀ ਵਾਪਰੀਆਂ ਘਟਨਾਵਾਂ ਉੱਤੇ ਆਧਾਰਿਤ ਅਤੇ ਚਸ਼ਮਦੀਦ ਗਵਾਹੀਆਂ ਸਮਾਨ ਹਨ। ਇਸ ਗ੍ਰੰਥ ਦੀ ਪ੍ਰਮਾਣਿਕਤਾ ਸੰਦੇਹ-ਰਹਿਤ ਹੈ। ਸੰਤ ਬਾਹੋਵਾਲ ਸਤਿਗੁਰੂ ਹਰੀ ਸਿੰਘ ਦਾ ਸ਼ਰਧਾਵਾਨ ਲੇਖਕ ਅਤੇ ਵਿਸ਼ਿਸ਼ਟ ਸ਼ੈਲੀਕਾਰ ਗੱਦਕਾਰ ਹੈ। ਉਸ ਦੀ ਵਾਰਤਕ ਸੁੰਦਰ ਕਲਪਨਾ ਅਤੇ ਕਾਵਿਮਈ ਵਾਕਾਂ ਨਾਲ ਭਰਪੂਰ ਹੈ। ਉਸਨੇ ਇਸ ਸਾਰੀ ਰਚਨਾ ਦਾ ਮਹਿਲ ਸਮੇਂ ਦੇ ਜੀਵਨ ਯਥਾਰਥ ਉੱਤੇ ਹੀ ਉਸਾਰਿਆ ਹੈ। ਇਸ ਲਈ ਆਪਣੇ ਵਿਸ਼ੇਸ਼ ਕਾਲ ਦਾ ਇਹ ਮਹੱਤਵਪੂਰਨ ਹਵਾਲਾ ਗ੍ਰੰਥ ਹੋ ਨਿਬੜਿਆ ਹੈ। ਇਸ ਪੁਸਤਕ ਵਿੱਚ ਦਿੱਤੇ ਗਏ ਬਹੁਤੇ ਇਤਿਹਾਸਕ ਸਮਾਚਾਰ ਅਤੇ ਵੇਰਵੇ ਭਾਈ ਸੰਤੋਖ ਸਿੰਘ ਦੀ ਰਚਨਾ ਉੱਤੇ ਹੀ ਆਧਾਰਿਤ ਹਨ।

### ਕੁਝ ਹੋਰ ਪ੍ਰਮੁੱਖ ਘਟਨਾਵਾਂ

1899 (ਬਿਕਰਮੀ 1956) ਵਿੱਚ ਕਾਲ ਪਿਆ। 'ਦੋ ਕੁਪ ਤੂੜੀ ਦੇ ਮੁਲ ਲੈ ਕੇ ਚਾਰੇ ਹੈਂ। ਅੰਨ ਕਾਲ, ਮੌਤ ਕਾਲ, ਬੀਮਾਰੀ ਕਾਲ ਤਿੰਨੇ ਤ੍ਰਵੰਞੇ ਤੋਂ ਲੈ ਕੇ ਸਤਵੰਞੇ (1896 ਤੋਂ 1900) ਤੱਕ ਰਹਿਆ। ਅਠਵੰਞੇ (1901) ਕੀ ਹਾੜੀ ਚੰਗੀ

[1]* ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 392



Sri Satguru Jagjit Singh Ji Elibrary NamdhariElibrary@gmail.com

ਲਗੀ। ਕਾਲ ਸਾਲ ਕਾ ਦੁਖ ਕਟਿਆ ਗਿਆ।'

**ਸਤਿਗੁਰੂ ਜੀ ਵੱਲੋਂ ਸਰਕਾਰ ਨੂੰ ਮੁੜ ਦਰਖਾਸਤਾਂ ਭੇਜਣੀਆਂ**

ਦਾਨ ਸਿੰਘ ਸਤਿਗੁਰੂ ਜੀ ਦੇ ਡੇਰੇ ਦਾ ਕਾਰ ਮੁਖਤਾਰ ਸੀ। ਬਹੁਤੇ ਸਰਕਾਰੀ ਕਾਰਜ ਅਤੇ ਅਰਜੀ ਪੱਤਰ ਉਸ ਰਾਹੀਂ ਹੀ ਦਿੱਤੇ ਜਾਂਦੇ ਸਨ। ਸਤਿਗੁਰੂ ਹਰੀ ਸਿੰਘ ਜੀ ਨੇ ਦਾਨ ਸਿੰਘ ਨੂੰ ਕਿਹਾ ਕਿ ਸਰਕਾਰ ਨੂੰ ਅਰਜ਼ੀ ਦਿਉ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਰਿਹਾ।

'ਦਾਨ ਸਿੰਘ ਨੂੰ ਮਹਾਰਾਜ ਜੀ ਬਚਨ ਕੀਤਾ ਤੂੰ ਅਰਜੀ ਦੇ ਆ। ਜੋ ਬੀਸ ਬਰਸ ਕੋ ਤਾਂ ਉਮਰ ਕੈਦੀ ਕੋ ਭੀ ਛੱਡ ਦਿੰਦੇ ਹੈ ਅਤੇ ਸਤਿਗੁਰੂ ਜੀ ਕੋ ਤਾਂ ਤੀਸ ਸਾਲ ਹੋਏ ਹੈਂ। ਕੋਈ ਗੁਨਾਹ ਨਹੀਂ ਕੀਤਾ। ਛੱਡ ਦਿਉ। ਉਨ੍ਹਾਂ ਕਾ ਬਿਰਧ ਸ਼ਰੀਰ ਹੈ। ਅਸੀਂ ਸੇਵਾ ਕਰੀਏ। ਦਾਨ ਸਿੰਘ ਨੇ ਅਰਜੀ ਦਿੱਤੀ। ਸਰਕਾਰ ਨੇ ਕੋਈ ਉੱਤਰ ਨਾ ਦੀਆ।'

ਇਸ ਤੋਂ ਪਹਿਲਾਂ ਵੀ ਦਰਖਾਸਤਾਂ ਭੇਜੀਆਂ ਜਾਂਦੀਆਂ ਰਹੀਆਂ ਸਨ। ਇਸ ਦਾ ਹਵਾਲਾ ਸੰਤ ਬਾਹੋਵਾਲ ਨੇ ਬੜੇ ਰੌਚਿਕ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਇਸ ਤਰ੍ਹਾਂ ਦਿੱਤਾ ਹੈ। [1*]ਅੰਮ੍ਰਿਤਸਰ ਦੇ ਦੌਰੇ ਸਮੇਂ ਵੀ ਦੀਵਾਨ ਵਿੱਚ ਸੰਗਤ ਨੇ ਅਰਜ ਕੀਤੀ ਸੀ 'ਸੱਚੇ ਪਾਤਸ਼ਾਹ! ਸਰਕਾਰੋਂ ਕੋਈ ਉੱਤਰ ਲਿਖਿਆ ਪੁੱਛਿਆ ਚਾਹੀਏ ਕਿ ਸਤਿਗੁਰੂ ਰਾਮ ਸਿੰਘ ਨੂੰ 29 ਸਾਲ ਹੋ ਗਏ ਹਨ। ਬੀਸ ਬਰਸ ਪਿਛੇ ਉਮਰ ਕੈਦੀ ਭੀ ਛੱਡ ਦਿੱਤੇ ਜਾਂਦੇ ਹਨ। ਸਤਿਗੁਰੂ ਜੀ ਕੋ ਭੀ ਆਉਣਾ ਚਾਹੀਏ। ਮਹਾਰਾਜ ਜੀ ਬਚਨ ਕੀਤਾ ਇਨ੍ਹਾਂ ਨੂੰ ਝੂਠਿਆਂ ਕਰਨਾ ਹੈ ਤਾਂ ਕਰ ਲਵੋ।' ਉਰਦੂ ਵਿੱਚ ਦੋ ਦਰਖਾਸਤਾਂ ਲਿਖ ਕੇ ਲਾਹੌਰ ਅਤੇ ਕਲਕੱਤੇ ਭੇਜੀਆਂ ਗਈਆਂ, ਜਿਨ੍ਹਾਂ ਦਾ ਸਾਰ ਇਸ ਤਰ੍ਹਾਂ ਸੀ। 'ਰਾਮਦਾਸ ਪੁਰੇ ਰਹਿਣ ਵਾਲੇ ਜ਼ਿਲ੍ਹਾ ਲੁਧਿਆਣਾ ਮੁਲਕ ਪੰਜਾਬ ਕੇ ਨਾਮਧਾਰੀ ਸਿੰਘਾਂ ਕੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਵਿਛੋੜੇ ਕਾ ਬੜਾ ਦੁੱਖ ਹੋ ਰਿਹਾ ਹੈ। ਤੀਸ ਬਰਸ ਹੋਏ ਹਨ। ਬੇਗੁਨਾਹ ਨਾਮਧਾਰੀਆਂ ਕੇ ਸੱਚੇ ਸਤਿਗੁਰੂ ਜੀ ਕੋ ਬੇ ਤਕਸੀਰ ਪਰਦੇਸ ਕੋ ਕੈਦ ਕਰ ਲੇ ਗਏ ਹੈਂ। ਉਨ੍ਹਾਂ ਕੇ ਪਾਛੇ ਉਨ੍ਹਾਂ ਕੇ ਭਾਈ ਪਰ ਪੈਹਰਾ ਬਿਠਾਇਆ ਹੈ। ਬੜੇ ਜੁਲਮ ਕੀ ਬਾਤ ਹੈ। ਬਿਨਾਂ ਇਜਾਜ਼ਤ ਕਹੀਂ ਜਾਣਾ ਨਹੀਂ ਮਿਲਦਾ।'

'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋ ਰਿਹਾਈ ਦੇਕਰ ਸਾਡੇ ਦੁੱਖ ਨੂੰ ਦੂਰ ਕੀਤਾ ਜਾਵੇ। ਜਵਾਬ ਜ਼ਰੂਰੀ ਬਖਸ਼ੋ। ਮਹਾਰਾਜ ਜੀ ਕੇ ਹਜ਼ੂਰ ਅਰਜੀ ਬੋਲ ਕੇ ਸੁਣਾਈ। ਬਚਨ ਹੋਇਆ ਦੇ ਲਵੋ। ਸੰਗਤ ਨੇ ਅੰਗਰੇਜ਼ੀ ਮੇਂ ਲਿਖ ਕੇ ਸ਼ਿਮਲੇ ਭੇਜੀ। ਕੋਈ ਉੱਤਰ ਨਹੀਂ ਦੀਆ ਰਾਮਦਾਸਪੁਰੇ ਸਾਹਿਬ ਮੋੜਕੇ।'

---

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 263



Sri Satguru Jagjit Singh Ji Elibrary NamdhariElibrary@gmail.com

**ਧਰਮ ਪ੍ਰਚਾਰ ਲਈ ਕੀਤੇ ਗਏ ਦੌਰੇ :**

ਪ੍ਰੌਢ ਆਯੂ ਨੂੰ ਪੁੱਜ ਕੇ ਵੀ ਸਤਿਗੁਰੂ ਹਰੀ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੇ ਡੇਰੇ ਦੇ ਪ੍ਰਬੰਧ ਤੇ ਸਦਾ ਵਰਤ ਲੰਗਰ ਨੂੰ ਲਗਾਤਾਰ ਚਲਾਉਣ ਦੇ ਨਾਲ-ਨਾਲ ਹੋਰ ਕਾਰਜਾਂ ਵੱਲ ਵੀ ਧਿਆਨ ਦਿੱਤਾ। ਇੱਕ ਵਾਰ ਤਹਿਸੀਲਦਾਰ ਨੇ ਆ ਕੇ ਲੰਗਰ ਦੀ ਬੜੀ ਮਹਿੰਮਾ ਕੀਤੀ। ਸਤਿਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਲੰਗਰ ਗਰੀਬਾਂ ਲਈ ਚਲਾਇਆ ਸੀ। ਸਾਡੀ ਇੱਛਾ ਤਾਂ ਇਹ ਹੈ ਕਿ ਜੇ ਸਰਕਾਰ ਸਾਨੂੰ ਖੁਲ੍ਹੀ ਛੁੱਟੀ ਦੇ ਦੇਵੇ ਤਾਂ ਅਸੀਂ ਇਸ ਲੰਗਰ ਦੀ ਸ਼ਾਨ ਨੂੰ ਹੋਰ ਵੀ ਵਧਾ ਦਈਏ। ਭਾਵੇਂ ਗਾਰਡ ਦੇ ਪਹਿਰੇ ਵਾਲੇ ਹੌਲਦਾਰ ਅਤੇ ਸਿਪਾਹੀ ਬਦਲਦੇ ਹੀ ਰਹੇ ਪਰ ਸਭ ਦਾ ਵਤੀਰਾ ਡੇਰੇ ਦੇ ਸਿਰੋਂ ਖਾਣ ਅਤੇ ਨਾਮਧਾਰੀ ਸੰਗਤ ਤੇ ਡੇਰਾ ਨਿਵਾਸੀਆਂ ਨੂੰ ਤੰਗ ਕਰਨ ਦਾ ਹੀ ਰਿਹਾ। ਪਿੰਡ ਵਾਲੇ ਦੋਖੀ ਝੂਠੀਆਂ ਰਿਪੋਰਟਾਂ ਦੇਣ ਤੋਂ ਬਾਜ ਨਹੀਂ ਸੀ ਆਏ। ਪਰ ਸਤਿਗੁਰੂ ਹਰੀ ਸਿੰਘ ਨੇ ਇਹ ਸਭ ਕੁਝ ਬੜੀ ਨਿਮਰਤਾ ਨਾਲ ਜ਼ਰਿਆ ਅਤੇ ਕਦੀ ਕਿਸੇ ਨਾਲ ਵਧੀਕੀ ਨਹੀਂ ਸੀ ਕੀਤੀ। ਸਭ ਨੂੰ ਬਖਸ਼ਣ ਅਤੇ 'ਹੋਊ ਪਰੇ' ਕਰ ਛਡਣ ਤੋਂ ਉਨ੍ਹਾਂ ਕਦੀ ਸੰਕੋਚ ਨਹੀਂ ਸੀ ਕੀਤਾ। ਫਿਰ ਵੀ ਆਪ ਜੀ ਦੀ ਮਹਿਮਾ ਦਿਨੋਂ-ਦਿਨ ਦੂਨ ਸਵਾਈ ਹੋ ਕੇ ਉਜਾਗਰ ਹੁੰਦੀ ਰਹੀ ਹੈ। ਇਨ੍ਹਾਂ ਸਾਲਾਂ ਵਿੱਚ ਆਪ ਜੀ ਨੇ ਧਰਮ ਪ੍ਰਚਾਰ ਲਈ ਕਈ ਦੌਰੇ ਕੀਤੇ - ਅੰਮ੍ਰਿਤਸਰ, ਲਾਹੌਰ, ਸਿਆਲਕੋਟ, ਗੁਜਰਾਂਵਾਲਾ, ਫਿਰੋਜ਼ਪੁਰ ਅਤੇ ਜਲੰਧਰ। ਆਪ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ। ਜਿੱਥੇ ਸੰਗਤਾਂ ਨੂੰ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਬਣੀ ਰਹਿੰਦੀ ਸੀ, ਉੱਥੇ ਕਈ ਅੰਗਰੇਜ਼ ਅਧਿਕਾਰੀ ਵੀ ਆਪ ਜੀ ਨਾਲ ਮੁਲਾਕਾਤ ਕਰਕੇ ਆਪਣੀ ਜਗਿਆਸਾ ਨੂੰ ਤ੍ਰਿਪਤ ਕਰ ਲੈਂਦੇ ਸਨ। ਗੁਜਰਾਂਵਾਲਾ ਦੇ ਅੰਗਰੇਜ਼ ਹਾਕਮ ਨੇ ਸਤਿਗੁਰੂ ਜੀ ਤੋਂ ਪੁੱਛਿਆ ਤੁਸੀਂ ਕੀ ਕੰਮ ਕਰਦੇ ਹੋ? ਸਤਿਗੁਰੂ ਜੀ ਨੇ ਉੱਤਰ ਦਿੱਤਾ, 'ਡੇਢ ਪਹਿਰ ਰਾਤ ਰਹਿੰਦੀ ਤੇ ਇਸ਼ਨਾਨ ਕਰਕੇ ਆਸਾ ਕੀ ਵਾਰ ਲੱਗਦੀ ਹੈ। ਅਰਦਾਸਾ ਕਰਦੇ ਹੈਂ। ਪੁੱਛਿਆ ਕਿ ਤੁਮ ਕਿਆ ਮੰਗ ਮੰਗਦੇ ਹੋ ਖੁਦਾਇ ਕੋਲੋਂ? ਬਚਨ ਹੋਇਆ ਅਸੀਂ ਇਹ ਮੰਗ ਮੰਗਦੇ ਹਾਂ ਗਊ ਗਰੀਬ ਦਾ ਕਸ਼ਟ ਦੂਰ ਕਰੋ। ਮਲੇਛਾਂ ਦਾ ਨਾਸ ਕਰੋ ਅਤੇ ਧਰਮ ਵਰਤਾਵੋ। ਫਰੰਗੀ ਬੋਲਿਆ ਅੱਛੀ ਮੰਗ ਮੰਗਦੇ ਹੋ। ਸਾਡੀਆਂ ਹੀ ਜੜ੍ਹਾਂ ਪੁਟਦੇ ਹੋ। ਮਹਾਰਾਜ ਜੀ ਬਚਨ ਕੀਤਾ, ਜਿਸ ਦੀਆਂ ਖੁਦਾ ਪਟ ਦੇਵੇ, ਉਸ ਦੀਆਂ ਕੌਣ ਲਾਵੇ। ਫਰੰਗੀ ਨੇ ਕਿਹਾ ਬਾਬਾ ਸਾਹਿਬ ਹਮ ਫਸਾਦ ਸੇ ਡਰਦੇ ਹਾਂ। ਮਹਾਰਾਜ ਜੀ ਮੁਠੀ ਮੀਚ ਕੇ ਅੱਗੇ ਕੀਤੀ ਅਤੇ ਬਚਨ ਕੀਤਾ, ਜਿਤਨਾ ਫਸਾਦ ਹੈ ਸੋ ਸਾਰਾ ਹੀ ਇਸ ਮੁੱਠੀ ਵਿੱਚ ਫੜਿਆ ਹੋਇਆ ਹੈ। ਜਿਨ੍ਹਾਂ ਚਿਰ ਨਹੀਂ ਕਰਦੇ, ਉਤਨਾ ਚਿਰ ਨਹੀਂ ਹੁੰਦਾ। ਜਦ ਕਰਾਂਗੇ ਤਦ ਹੋਊਗਾ।'

1902 ਦੇ ਦੌਰੇ ਦਾ ਆਰੰਭ ਮੱਟਵਾਂ (ਗੁਜਰਾਂਵਾਲਾ) ਦੇ ਹੋਲੇ ਤੋਂ ਹੋਇਆ।



Sri Satguru Jagjit Singh Ji Elibrary NamdhariElibrary@gmail.com

ਬੇਅੰਤ ਸੰਗਤਾਂ ਹਾਜ਼ਰ ਸਨ। ਜਦੋਂ ਉੱਥੇ ਪਹੁੰਚੇ ਤਾਂ 'ਚੁਫੇਰਿਉਂ ਖਾਲਸੇ ਨੇ ਭੀੜ ਕੀਤੀ। ਘੋੜੀ ਉਤੋਂ ਉਤਰਨਾ ਨਾ ਮਿਲੇ।' ਦੀਵਾਨ ਵਿੱਚ ਵੀ ਮੱਥਾ ਟੇਕਣ ਵਾਲਿਆਂ ਦਾ ਵਾਰ ਨਹੀਂ ਸੀ ਬੱਝਦਾ। ਸਤਿਗੁਰੂ ਜੀ ਨੇ ਸਿੰਘਾਂ ਨੂੰ ਸੂਤਰ ਕਰਨ ਤੋਂ ਰੋਕ ਦਿੱਤਾ। ਇਸ ਪੂਰਬ ਤੋਂ ਪਿਛੋਂ ਗਰਦਨ ਦੇ ਦਰਦ ਦੇ ਕਾਰਨ ਸਤਿਗੁਰੂ ਜੀ ਨੇ ਹੋਰ ਪਿੰਡਾਂ ਦਾ ਦੌਰਾ ਮਿਰਜੇ ਆ ਕੇ ਲਾਹੌਰ ਤੋਂ ਬਘੀ ਮੰਗਵਾ ਕੇ ਕੀਤਾ। ਮਟਵਾਂ ਤੋਂ ਗਦਾਂ ਵਾਲੇ ਅਗਲੇ ਦਿਨ ਮਦਾਰ, ਮਿਰਜ਼ੇ, ਮਾਨਾਂਵਾਲੇ, ਦੂਗੋਚ, ਸਦੋਵਾਲ, ਖਾਨਪੁਰ, ਬਲੀਂ, ਫੋਟੀਆਂ ਖਿਹਾਲੇ, ਮਹਿਮਦ ਵਾਲੀ, ਗੋਬਿੰਦਗੜ, ਮਾਣੀਆ ਵਾਲਾ, ਬਹਾਲੀਕੇ, ਵਰਨ ਅਤੇ ਜ਼ਿਲ੍ਹਾ ਲਾਇਲਪੁਰ ਤੱਕ ਸੰਗਤਾਂ ਨੂੰ ਦਰਸ਼ਨ ਦਿੱਤੇ। ਇਸ ਦੌਰੇ ਦੇ ਸਮੁੱਚੇ ਪ੍ਰਭਾਵ ਦਾ ਸੰਤ ਬਾਹੋਵਾਲ ਇਸ ਤਰ੍ਹਾਂ ਉਲੇਖ ਕਰਦਾ ਹੈ। [1*]'ਲਾਇਲਪੁਰ ਦੇ ਜ਼ਿਲ੍ਹੇ ਤੱਕ ਦਰਸ਼ਨ ਦਿੱਤਾ। ਸੁਕੇ ਦਿਲ ਹਰੇ ਹੋਏ। ਬੜੇ ਪ੍ਰੇਮ ਸੇ ਸੇਵਾ ਸਿੰਘਾਂ ਨੇ ਕੀਤੀ। ਕਈਆਂ ਨੇ ਭਜਨ ਲਏ। ਸੁਤੇ ਜੀਵ ਜਾਗਨੇ ਲਗੇ। ਬਹੁਤ ਲੋਕ ਕਹਿੰਦੇ ਹੈਂ। ਸਤਿਗੁਰੂ ਰਾਮ ਸਿੰਘ ਜੀ ਕੇ ਭਾਈ ਹੈਂ। ਚਲੋ ਦਰਸ਼ਨ ਕਰੀਏ। ਦੇਖ ਕੇ ਸ਼ਾਂਤੀ ਆਉਂਦੀ ਹੈ। ਕਹਿੰਦੇ ਹੈਂ ਨਾਮਧਾਰੀਆਂ ਕਾ ਗੁਰੂ ਹੈ। ਭਜਨ ਫੁਰਦਾ ਹੈ। ਹੋਰ ਦਲੀਲਾਂ ਸਭ ਰਹਿ ਜਾਂਦੀਆਂ ਹੈਂ। ਨਾਮ ਚਿਤ ਔਂਦਾ ਹੈ। ਕਹਿੰਦੇ ਹੈਂ ਧੰਨ ਗੁਰੂ ਜੀ ਹੈਂ।'

ਇਨ੍ਹਾਂ ਸਾਲਾਂ ਵਿੱਚ ਹੀ ਆਪ ਜੀ ਨੇ ਦੜਪ ਅਤੇ ਅੰਮ੍ਰਿਤਸਰ ਦੇ ਦੌਰੇ ਕੀਤੇ। 1904 ਦੀ ਵਿਸਾਖੀ ਦਾ ਪੁਰਬ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ। ਸੰਤ ਬਾਹੋਵਾਲ ਅਨੁਸਾਰ ਇਥੋਂ ਮਹਾਵੇ ਵਾਲੇ ਬਾਬਾ ਕੇਸਰ ਕਿੱਲੀ ਦਾ ਸੇਵਕ ਸੋਹਣ ਸਿੰਘ ਆਪ ਜੀ ਨੂੰ ਭਕਣੇ ਲੈ ਗਿਆ। ਉੱਥੇ ਚਰਨ ਪਾ ਕੇ ਆਪ ਬੇਦਾਦਪੁਰ ਆਏ। 'ਚਤਰ ਸਿੰਘ ਆਖਦਾ ਫਿਰੇ ਮੇਰਾ ਸਤਿਗੁਰੂ ਆਇਆ ਹੈ। ਗੁਰੂ ਜੀ ਕਾ ਪ੍ਰਤਾਪ ਦੇਖ ਕੇ ਕਈਆਂ ਨੇ ਭਜਨ ਲਿਆ।' ਅੰਮ੍ਰਿਤਸਰ ਚਾਰ ਬਾਰ ਆਏ। ਸਾਰੀ ਛੁਟੀ ਅੰਮ੍ਰਿਤਸਰ ਦੇ ਜ਼ਿਲ੍ਹੇ ਵਿੱਚ ਕਟੀ।

### ਡਿਪਟੀ ਪ੍ਰਤਾਪ ਸਿੰਘ ਨੂੰ ਬਖਸ਼ਿਆ

ਕੱਕੜਾਂ ਦੇ ਡਿਪਟੀ ਪ੍ਰਤਾਪ ਸਿੰਘ ਨੇ ਸਤਿਗੁਰਾਂ ਦੀ ਛੁੱਟੀ ਪ੍ਰਵਾਨ ਨਹੀਂ ਸੀ ਕੀਤੀ, ਜਦੋਂ ਸਤਿਗੁਰੂ ਜੀ ਕਕੜੀਂ ਗਏ ਤਾਂ ਦੀਵਾਨ ਵਿੱਚ ਹਾਜ਼ਰ ਹੋ ਕੇ ਡਿਪਟੀ ਪ੍ਰਤਾਪ ਸਿੰਘ ਨੇ ਆਪਣੀ ਭੁੱਲ ਬਖਸ਼ਾ ਲਈ। ਸਤਿਗੁਰੂ ਜੀ ਨੇ ਉਸਦੀ ਬਖਸ਼ ਸ਼ੰਦੀ ਕਰ ਦਿੱਤੀ।

### ਨੰਗਲ ਵਾਲੇ ਕਾਲਾ ਸਿੰਘ ਨੂੰ ਤਨਖ਼ਾਹ ਲਾਈ

ਕਾਲਾ ਸਿੰਘ ਨੰਗਲ ਜ਼ਿਲ੍ਹਾ ਲੁਧਿਆਣਾ ਸਤਿਗੁਰੂ ਹਰੀ ਸਿੰਘ ਦੇ ਸਮੇਂ ਦਾ ਉੱਘਾ ਕਵੀ ਸੀ। ਉਸਦਾ ਨਾਮਧਾਰੀ ਸਤਿਗੁਰੂਆਂ ਦੀ ਉਸਤਤ ਵਿੱਚ ਲਿਖਿਆ

---

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਜਾ, ਪੰਨਾ 317



Sri Satguru Jagjit Singh Ji Elibrary NamdhariElibrary@gmail.com

ਗਿਆ 'ਬਾਰਾਂਮਾਹ' ਅਤੇ 'ਸ਼ਹੀਦ ਬਿਲਾਸ' ਬੜੀਆਂ ਮਹੱਤਵਪੂਰਨ ਪੁਸਤਕਾਂ ਹਨ। ਉਸਨੇ ਮਨਮੱਤ ਕਰਕੇ 'ਆਪਣੀ ਧੀ ਦੇ ਕੇ ਬਟੇ ਪਰ ਭਰਾਉ ਬਿਵਾਹ ਲੀਆ।' ਜਦੋਂ ਰਾਮਦਾਸਪੁਰੇ ਸਾਹਿਬ ਆਇਆ ਤਾਂ ਮਹਾਰਾਜ ਜੀ ਨੇ ਬਚਨ ਕੀਤਾ ਬੜੀ ਮਾੜੀ ਕੀਤੀ ਹੈ। 'ਨਾਲੇ ਉਹ ਕੁਸੰਗੀ ਹੈਨ। ਨਾਲੇ ਤੈਨੇ ਬਟਾ ਕੀਤਾ।' ਉਸਨੂੰ ਪੰਜ ਰੁਪਏ ਅਤੇ ਗ੍ਰੰਥ ਸਾਹਿਬ ਦਾ ਇੱਕ ਭੋਗ ਤਨਖਾਹ ਲਾਈ ਗਈ।

ਵਲਟੋਹਾ ਜ਼ਿਲ੍ਹਾ ਅੰਮ੍ਰਿਤਸਰ ਦਾ ਫਤਹਿ ਸਿੰਘ ਆਪਣੇ ਸਮੇਂ ਦਾ ਬਹੁਤ ਬਲੀ ਜਵਾਨ ਸੀ। ਉਹ ਇਕੱਲਾ ਹੀ ਖੂਹ ਦਾ ਹਲਟ ਚੁੱਕ ਲੈਂਦਾ ਸੀ। ਉਸਦੀਆਂ ਬੀਰਤਾ ਦੀਆਂ ਕਈ ਦੰਤ ਕਥਾਵਾਂ ਪ੍ਰਸਿੱਧ ਹਨ। ਸਤਿਗੁਰੂ ਹਰੀ ਸਿੰਘ ਜੀ ਦਾ ਉਹ ਸੇਵਕ ਸੀ। ਉਨ੍ਹਾਂ ਦੇ ਬਚਨ ਦੀ ਪਾਲਣਾ ਕਰਦੇ ਹੋਇਆਂ ਉਹ ਆਪਣੀ ਪਤਨੀ ਮਾਨਾਂ ਨੂੰ ਸਦਾ ਮੋਢਿਆਂ 'ਤੇ ਚੁੱਕ ਕੇ ਹੀ ਫਿਰਦਾ ਰਿਹਾ।

### ਮਾਤਾ ਜੀਵਨ ਕੌਰ ਦੀ ਬੇਮਿਸਾਲ ਕੁਰਬਾਨੀ ਅਤੇ ਦਲੇਰੀ

ਸੰਤ ਸੰਤੋਖ ਸਿੰਘ ਨੇ ਮਾਤਾ ਜੀਵਨ ਕੌਰ ਜੀ ਦੀ ਕੁਰਬਾਨੀ, ਦਲੇਰੀ ਅਤੇ ਆਦਰਸ਼ਕ ਕਿਰਦਾਰ ਬਾਰੇ ਮਾਤਾ ਜੀ ਦੇ ਹੀ ਸ਼ਬਦਾਂ ਵਿੱਚ ਇੰਝ ਬਿਆਨ ਕੀਤਾ ਹੈ। [1*]ਮਾਈ ਜੀ ਵਡਿਆਂ ਨੇ ਬਚਨ ਕੀਤਾ, ਜਦ ਮਾਈ ਅਤਰੀ ਨੂੰ ਪਟਿਆਲੇ ਫੜ ਕੇ ਲੈ ਗਏ ਤਾਂ ਮੈਂ ਸੇਵਾ ਵਾਸਤੇ ਨਾਲ ਗਈ। ਪਟਿਆਲੇ ਵਾਲੇ ਹਾਕਮ ਨੇ ਕਿਹਾ ਕਿ ਇਹ ਇਸਦੇ ਪਾਸ ਨਹੀਂ ਰਹਿ ਸਕਦੀ। ਇਹ ਥਾਨੇਵਾਲੀ ਇਕੱਲੀ ਰਹੇਗੀ। ਇਸ (ਜੀਉਣ ਕੌਰ ਜੀ) ਦਾ ਚਲਾਣ ਕਰ ਦਿਉ। ਪਹਿਲੇ ਅੰਬਾਲੇ ਫੇਰ ਠਾਵੋਂ ਠਾਵੀਂ ਲੁਧਿਆਣੇ, ਲੁਧਿਆਣੇ ਤੋਂ ਫਿਰੋਜ਼ਪੁਰ, ਫਿਰੋਜ਼ਪੁਰ ਤੋਂ ਪਿੰਡ ਪਹੁੰਚਾ ਦਿਓ। ਇੱਕ ਸਿਪਾਹੀ ਨਾਲ ਦੀਆ। ਮੈਨੂੰ ਉਦੋਂ ਬੁਖਾਰ ਚੜ੍ਹਦਾ ਸੀ। ਬੁਖਾਰ ਚੜ੍ਹੇ ਦੇ ਵਿੱਚ ਹੀ ਤੋਰ ਦਿੱਤਾ। ਸਿਪਾਹੀ ਭਲਾ ਮਾਨਸ ਸੀ। ਉਹ ਬਚਨ ਮਨ ਕੇ ਰਾਮਦਾਸਪੁਰੇ ਲੈ ਆਇਆ। ਮਹਾਰਾਜ ਜੀ ਉਸੀ ਵਕਤ ਬਾਹਰ ਆਏ, ਜਦੋਂ ਅਸੀਂ ਗਏ। ਸਾਰਾ ਹਾਲ ਸੁਣਾਇਆ। ਪ੍ਰਸ਼ਾਦ ਪਾਣੀ ਛਕਾਇਆ। ਪਾਂਚ ਰੁਪਈਏ ਅਤੇ ਇੱਕ ਲੋਈ ਦਿੱਤੀ। ਅੱਗੇ ਲੁਧਿਆਣੇ ਗਏ। ਬਾਰਾਂ ਦਿਨ ਕੀ ਤਰੀਲ ਸੀ। ਕੁਤਵਾਲੀ ਵਿੱਚ ਰਖਿਆ ਪਹਿਰੇ ਅੰਦਰ। ਅੱਠ ਦਿਨ ਤਾਂ ਮਾਈ ਭੋਲੀ ਵੱਲੋਂ ਪ੍ਰਸ਼ਾਦਾ ਔਂਦਾ ਰਿਹਾ। ਫੇਰ ਪੁਲਿਸ ਨੇ ਬੰਦ ਕਰ ਦੀਆ ਕਿ ਪੱਕੀ ਪਕਾਈ ਖਾਉ। ਤੀਨ ਦਿਨ ਗੁਜਰ ਗਏ ਪ੍ਰਸ਼ਾਦ ਨਾ ਛਕਿਆ। ਉਨ੍ਹਾਂ ਦਾ ਪਕਿਆ ਚੌਥੇ ਦਿਨ ਰਾਮਦਾਸਪੁਰੇ ਤੋਂ ਅੰਤਰਯਾਮੀ ਜੀ ਪ੍ਰਸ਼ਾਦਾ ਲੈ ਕੇ ਘੋੜੀ ਤੇ ਅਸਵਾਰ ਹੋਏ। ਛਮਾ ਛਮ ਕੁਤਵਾਲੀ ਮੈਂ ਜਾਇ ਕੇ ਪ੍ਰਸ਼ਾਦਾ ਫੜਾਇਕੇ ਕਹਾ ਛਕ ਲੈ। ਮਹਾਰਾਜ ਜੀ ਕੇ ਜਾਣੇ ਸੇ ਅੰਦਰ ਚਾਨਣ ਹੋ ਗਿਆ। ਕੁਤਵਾਲ ਨੇ ਦੇਖ ਕੇ ਕਿਹਾ ਭਾਈ ਜੀ ਤੁਸੀਂ ਕਿਉਂ ਏਥੇ ਆਏ?

---

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 365



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਜੀ ਬਚਨ ਕੀਤਾ ਭੁਖੀ ਨੂੰ ਪ੍ਰਸ਼ਾਦਾ ਦਿੱਤਾ ਹੈ। ਹੋਰ ਕੋਈ ਬੁਰਾ ਨਹੀਂ ਕੀਤਾ। ਕੁਤਵਾਲ ਨੇ ਫੇਰ ਕਿਹਾ ਤੁਸੀਂ ਆਏ ਹੀ ਕਿਉਂ ਇੱਥੇ? ਬਚਨ ਹੋਇਆ ਸਾਡੇ ਬਿਨਾਂ ਨਾ ਸੀ ਕੋਈ ਪ੍ਰਸ਼ਾਦਾ ਦੇ ਸਕਦਾ ਤਾਂ ਹੀ ਅਸੀਂ ਆਏ ਹਾਂ। ਗੁਰੂ ਹਰੀ ਸਿੰਘ ਜੀ ਮੈਨੂੰ ਬਚਨ ਕੀਤਾ, ਤੁਹਾਡਾ ਕਾਗਜ਼ ਅਜ ਆਇ ਜਾਇਗਾ। ਇਹ ਬਚਨ ਕਹਿ ਕੇ ਮੁੜ ਆਏ। ਚੌਥੇ ਦਿਨ ਪ੍ਰਸ਼ਾਦਾ ਛਕਿਆ। ਕੁਤਵਾਲ ਸਿਪਾਹੀ ਨੂੰ ਘੂਰੇ ਕਿ ਤੂੰ ਕਿਉਂ ਅੰਦਰ ਬੜਨ ਦੀਆ। ਸਿਪਾਹੀ ਨੇ ਕਿਹਾ ਮੈਂ ਚੀਤਾ ਛਡਦਾ ਸੀ ਤਾਂ ਏਹ ਅੰਦਰ ਆ ਗਏ। ਉਸੀ ਵਕਤ ਕਾਗਜ਼ ਆ ਗਿਆ ਕਿ ਫਿਰੋਜ਼ਪੁਰ ਦੇ ਰਸਤੇ ਅੱਗੇ ਥਾਣੇ-ਥਾਣੀ ਥਰਾਜ ਭੇਜੋ। ਜਿਸ ਵਕਤ ਫਿਰੋਜ਼ਪੁਰ ਨੂੰ ਗਏ ਤਾਂ ਲੁਧਿਆਣੇ ਤੋਂ ਬਾਬਾ ਲਾਲ ਸਿੰਘ ਲਤਾਲੀਆ ਨਾਲ ਗਿਆ ਸੀ। ਜੋੜੇ ਪਾਂਚ ਰੁਪਏ ਮਹਾਰਾਜ ਜੀ ਦਿੱਤੇ ਸੀ, ਉਹ ਉਸ ਵਕਤ ਕੰਮ ਆਏ। ਲੁਧਿਆਣੇ ਤੋਂ ਕਿਰਾਇਆ ਦੇ ਕੇ ਫਿਰੋਜ਼ਪੁਰ ਪਹੁੰਚੇ ਅਤੇ ਅੱਗੇ ਬਾਬੇ ਕੁਸ਼ਾਲ ਸਿੰਘ ਜੀ ਆਏ ਹੋਏ ਸੀ। ਮਾਤਾ ਜੀ ਬਚਨ ਕੀਤਾ ਉਹ ਮੈਨੂੰ ਦੇਖ ਕੇ ਰੋਣ ਲੱਗੇ ਤੇ ਮੈਂ ਕਿਹਾ ਵਾਹ ਪਿਉ ਏਹੋ ਜੇਹੇ ਕੰਮਾਂ ਵਿੱਚ ਭੀ ਰੋਈ ਦਾ ਹੈ। ਬਾਬਾ ਕੁਸ਼ਾਲ ਸਿੰਘ ਜੀ ਹਿਸਾਰੋਂ ਪ੍ਰਵਾਨਾ ਲੈ ਆਏ ਸੀ। ਫੇਰ ਆਪਣੇ ਨਾਲ ਹੀ ਲੈ ਗਏ।'

### ਫਾਲਤੂ ਵਸਤਾਂ ਦਾ ਮੋੜਨਾ

ਇੱਕ ਵਾਰ ਡੇਰੇ ਲਈ ਗੁੜ ਦਾ ਗੱਡਾ ਰੇਲਵੇ ਸਟੇਸ਼ਨ ਤੋਂ ਆਇਆ। ਜਿਸ ਵਿੱਚ ਦੋ-ਤਿੰਨ ਬੋਰੀਆਂ ਵਾਧੂ ਆ ਗਈਆਂ। ਇੱਕ ਸੋਗੀ ਦੀ ਸੀ ਦੋ ਮਰਗਜ਼ਾਂ ਦੀਆਂ ਸਨ। ਮਹਾਰਾਜ ਹਰੀ ਸਿੰਘ ਨੇ ਬਚਨ ਕੀਤਾ ਕਿ ਉਹ ਬੋਰੀਆਂ ਛੇੜਨੀਆਂ ਨਹੀਂ, ਵਾਪਸ ਕਰ ਦੇਣੀਆਂ ਹਨ। ਗੱਡੇ ਉੱਤੇ ਰੱਖ ਕੇ ਉਹ ਤਿੰਨੇ ਹੀ ਬੋਰੀਆਂ ਸਟੇਸ਼ਨ ਮਾਸਟਰ ਨੂੰ ਵਾਪਸ ਕਰ ਦਿੱਤੀਆਂ। ਸੰਤ ਬਾਹੋਵਾਲ ਦੇ ਸ਼ਬਦਾਂ ਵਿੱਚ ਸਟੇਸ਼ਨ ਮਾਸਟਰ ਨੇ ਆਪਣੇ ਮਨੋਭਾਵ ਇਸ ਤਰ੍ਹਾਂ ਪ੍ਰਗਟ ਕੀਤੇ। [1*]'ਕਿ ਧਨ ਮਹਾਰਾਜ ਜੀ ਹੈਂ। ਧਰਮ ਕੀ ਗੱਲ ਕੀਤੀ ਹੈ, ਨਹੀਂ ਤਾਂ ਮੇਰੇ ਸੇ ਰੁਪਯੇ ਭਰੇ ਜਾਣੇ ਸੇ। ਆਪ ਦੇਣ ਆਏ ਹੈਂ। ਕਿਉਂਕਿ ਮੈਂ ਰਸੀਦ ਦੇ ਚੁੱਕਾ ਸੀ। ਧਰਮ ਕਾ ਪੰਥ ਸੀ ਸੋ ਧਰਮ ਕੀ ਗੱਲ ਕੀਤੀ ਹੈ।'

### ਸਿੰਘ ਸਭਾ ਬਾਰੇ ਸੰਤੋਖ ਸਿੰਘ ਬਾਹੋਵਾਲ ਦਾ ਮੱਤ

ਸੰਤ ਸੰਤੋਖ ਸਿੰਘ ਬਾਹੋਵਾਲ ਨੇ ਆਪਣੇ ਗ੍ਰੰਥ ਵਿੱਚ ਸਿੰਘ ਸਭਾ ਲਹਿਰ ਬਾਰੇ ਆਪਣੇ ਵਿਚਾਰ ਕਈ ਥਾਵਾਂ ਤੇ ਪ੍ਰਗਟਾਏ ਹਨ। 1873 ਵਿੱਚ ਜਦੋਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ, ਉਸ ਸਮੇਂ ਭਾਵੇਂ ਸਿੰਘ ਸਭਾ ਇਸਾਈ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਵੱਲੋਂ ਇਸਾਈ ਧਰਮ ਵਿੱਚ ਪ੍ਰਵੇਸ਼ ਤੋਂ

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 235



Sri Satguru Jagjit Singh Ji Elibrary NamdhariElibrary@gmail.com

ਰੋਕਣ ਲਈ ਹੋਂਦ ਵਿੱਚ ਆਈ ਸੀ ਅਤੇ ਇਸ ਦਾ ਉਦੇਸ਼ ਸਿੱਖ ਧਰਮ ਵਿੱਚ ਆਈਆਂ ਕੁਰੀਤੀਆਂ ਅਤੇ ਕੁਰੈਤਾਂ ਨੂੰ ਦੂਰ ਕਰਕੇ ਗੁਰਮਤਿ ਦੇ ਆਸ਼ੇ ਨਾਲ ਜੋੜਨਾ ਸੀ। ਲੰਮੇ ਸਮੇਂ ਤੱਕ ਸਿੰਘ ਸਭਾ ਲਹਿਰ ਕੂਕਾ ਲਹਿਰ ਦੇ ਸਮਾਂਨੰਤਰ ਹੀ ਕਰਮਸ਼ੀਲ ਰਹੀ ਹੈ। ਪਰ ਏਨ੍ਹਾਂ ਦੋਹਾਂ ਲਹਿਰਾਂ ਵਿੱਚ ਬਹੁਤ ਵੱਡਾ ਅੰਤਰ ਸੀ। ਕੂਕਾ ਲਹਿਰ ਨੇ ਸਦਾ ਵਿਦੇਸ਼ੀ ਅੰਗਰੇਜ਼ ਸਰਕਾਰ ਦਾ ਵਿਰੋਧ ਕੀਤਾ ਅਤੇ ਕੂਕੇ ਕਦੀ ਵੀ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਨਹੀਂ ਰਹੇ। ਪਰ ਸਿੰਘ ਸਭਾ ਨੂੰ ਅੰਗਰੇਜ਼ ਹਾਕਮਾਂ ਦੀ ਸਰਪ੍ਰਸਤੀ ਪ੍ਰਾਪਤ ਸੀ ਅਤੇ ਉਨ੍ਹਾਂ ਨੇ ਗੁਪਤ ਪ੍ਰਗਟ ਰੂਪ ਵਿੱਚ ਕੂਕਾ ਲਹਿਰ ਦਾ ਵਿਰੋਧ ਹੀ ਕੀਤਾ ਹੈ। ਸੰਤ ਸੰਤੋਖ ਸਿੰਘ ਬਾਹੋਵਾਲ ਇੱਕ ਤਰ੍ਹਾਂ ਨਾਲ ਤਤਕਾਲਕ ਕੂਕਾ ਲਹਿਰ ਦਾ ਸਮਕਾਲੀ ਲੇਖਕ ਹੀ ਨਹੀਂ, ਸਗੋਂ ਉਸ ਦਾ ਪ੍ਰਤੀਨਿਧ ਪ੍ਰਵੱਕਤਾ ਵੀ ਹੈ। ਇੱਥੇ ਅਸੀਂ ਸਿੰਘ ਸਭਾ ਲਹਿਰ ਬਾਰੇ ਉਸ ਦੇ ਵਿਚਾਰਾਂ ਦਾ ਸੰਕੇਤਕ ਰੂਪ ਵਿੱਚ ਜ਼ਿਕਰ ਕਰ ਰਹੇ ਹਾਂ। 1873 ਤੋਂ ਸਿੰਘ ਸਭਾ ਦੀਆਂ ਇਕੱਤਰਤਾਵਾਂ ਹੋਣੀਆਂ ਆਰੰਭ ਹੋਈਆਂ। ਸਿੰਘ ਸਭਾ [1*]'ਅਕਠੇ ਹੁੰਦੇ ਹੈਂ ਅਤੇ ਪਹਿਲੇ ਮਲਕਾਂ ਦੀ ਉਸਤਤ ਕਰਦੇ ਹੈਂ। ਫੇਰ ਲੈਕਚਰ ਖੜੋਇ ਕੇ ਦਿੰਦੇ ਹੈਂ। ਉਪਦੇਸ਼ ਕਾ ਨਾਮ ਲੈਕਚਰ ਰਖਿਆ ਹੈ। ਗੁਰੂ ਗ੍ਰੰਥ ਸਾਹਿਬ ਕੇ ਦੁਆਲੇ ਫੇਰੇ ਦੇਂਦੇ ਹੈ। ਹਵਨ ਨਹੀਂ ਕਰਦੇ ਹੈਂ। ਕਹਿੰਦੇ ਹੈਂ ਦਸਮ ਪਾਤਸ਼ਾਹ ਨੇ ਸ਼ਕਤੀ ਪ੍ਰਗਟ ਨਹੀਂ ਕੀਤੀ ਹੈ। ਜੋ ਦਸਮ ਗੁਰੂ ਜੀ ਕਾ ਗ੍ਰੰਥ ਸਾਹਿਬ ਹੈ। ਕਹਿੰਦੇ ਹੈਂ ਗੁਰੂ ਜੀ ਦਾ ਉਚਾਰਿਆ ਹੋਇਆ ਨਹੀਂ। ਕਵੀਸ਼ਰਾਂ ਨੇ ਉਚਾਰਿਆ ਹੋਇਆ ਹੈ। ਤਾਂ ਤੇ ਨਾਂ ਮੰਨੋ। ਨਾਂ ਹਮਨ ਕਰਦੇ ਹੈ। ਕਹਿੰਦੇ ਹੈਂ ਅਗਨੀ ਮੈਂ ਕਿਉਂ ਘਿਉ ਜਲਾਵਨਾਂ ਹੈ। ਫਕ ਲਵੋ ਹਮਨ ਨਹੀਂ ਕੀਤਾ ਦਸਵੇਂ ਪਾਤਸ਼ਾਹ।'

ਨਾਮਧਾਰੀਆਂ ਨੇ ਸਿੰਘ ਸਭੀਆਂ ਅੱਗੇ ਇਹ ਮੱਤ ਰੱਖਿਆ, 'ਜੇਕਰ ਤੁਸੀਂ ਸਿੰਘ ਸਭਾ ਲਾਈ ਹੈ ਤਾਂ ਪਹਿਲਾਂ ਗਊ ਬਧ ਕੋ ਹਟਾਵੋ। ਤਾਂ ਸਿੰਘ ਸਭਾ ਲਾਵੋ। ਜਿੰਨਾ ਚਿਰ ਗਊ ਬਧ ਨਹੀਂ ਹਟਦਾ, ਉਨਾ ਚਿਰ ਕੋਈ ਸਿੰਘ, ਸਿੰਘ ਨਹੀਂ ਹੈ?'

[2*]'ਸਿੰਘ ਸਭੀਆ ਨੂੰ ਸੁਚੇਤ ਸਿੰਘ ਨੇ ਲਿਖਿਆ ਕਿ ਸਾਨੂੰ ਏਸ ਬਾਤ ਕਾ ਉੱਤਰ ਦਿਉ।'

'ਕੀ ਸਬਬ ਹੈ ਨੜੀ ਮਾਰ, ਕੁੜੀ ਮਾਰ, ਮੀਣੇ, ਮਸੰਦ, ਮੋਨੇ ਸਭਨਾਂ ਦਾ ਖਾਇ ਲੈਂਦੇ ਹੋ। ਪੰਜੇ ਆਣਾ ਗੁਰੂ ਦਸਵੇਂ ਪਾਤਸ਼ਾਹ ਜੀ ਦੀਆਂ ਪਾਈਆਂ ਹੋਈਆਂ ਹੈਨ। ਤੁਸੀਂ ਪੰਜਾਂ ਹੀ ਨਾਲ ਬਰਤੀ ਜਾਂਦੇ ਹੋ। ਮਾਸ ਸ਼ਰਾਬ ਭੀ ਨਹੀਂ ਛਡਿਆ ਹੈ। ਚੋਰੀ ਯਾਰੀ ਭੀ ਨਹੀਂ ਛਡੀ। ਸਾਧ ਸੰਗਤ ਮੈਂ ਆਇ ਕੇ ਨਾਮ ਲੈ ਕੇ ਰਸ ਚਖ ਦੇਖੋ ਧੁਆਡੇ ਸਾਰੇ ਭਰਮ ਦੂਰ ਹੋਣ। ਗੁਰੂ ਗੋਬਿੰਦ ਸਿੰਘ ਜੀ ਕੀ ਮੂਰਤੀ

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 338

[2*] ਉਪਰੋਕਤ, ਪੰਨਾ 343



Sri Satguru Jagjit Singh Ji Elibrary NamdhariElibrary@gmail.com

ਗੁਰੂ ਰਾਮ ਸਿੰਘ ਜ਼ੀ ਬਾਰਵਾਂ ਜਾਮਾਂ ਧਾਰ ਬੈਠੇ ਹੈਂ। ਗੁਰੂ ਜੀ ਆਪ ਪੰਥ ਰਚਿਆ ਹੈ। ਜਿਸ ਨੂੰ ਗੁਰੂ ਜਣੌਂਦਾ ਹੈ, ਤਿਸਨੂੰ ਸੋਝੀ ਔਂਦੀ ਹੈ। ਹੋਰ ਐਵੇਂ ਹੀ ਰਹਿੰਦੇ ਹੈਂ। ਜੇਕਰ ਧੁਆਨੂੰ ਸੰਸਾ ਹੈ ਤਾਂ ਰਾਮਦਾਸਪੁਰੇ ਆਇਕਰ ਦੂਰ ਕਰ ਲਵੋ। ਮਹਾਰਾਜ ਹਰੀ ਸਿੰਘ ਜੀ ਸੇ।'

'ਸਿੰਘ ਸਭੀਆਂ ਨੇ ਉੱਤਰ ਲਿਖਿਆ ਕਿ ਸੁਚੇਤ ਸਿੰਘ ਜੀ ਆਪਕੀ ਪ੍ਰਤਕਾ ਪਹੁੰਚੀ। ਆਪ ਕੇ ਹਿਰਦੇ ਕਾ ਭਾਵ ਮਲੂਮ ਹੋਇਆ। ਆਪ ਪ੍ਰਸ਼ਨ ਕਾ ਉੱਤਰ ਸਭ ਕਮੇਟੀ ਵਿਚਾਰ ਕਰ ਭੇਜਾਂਗੇ। ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਸੇ ਲਿਖੀ। ਸੰਮਤ 1960 (1903) ਮੇਂ ਉੱਤਰ ਭੇਜਿਆ ਸੀ।'

### ਸਤਿਗੁਰੂ ਹਰੀ ਸਿੰਘ ਜੀ ਦੀਆਂ ਯਾਦਾਂ ਅਤੇ ਕੁਝ ਪ੍ਰਭਾਵ

ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਤਾਏ ਬਾਬਾ ਨੱਥਾ ਸਿੰਘ ਬਾਰੇ ਇਸ ਤਰ੍ਹਾਂ ਬਚਨ ਕੀਤਾ ਹੈ। [1*]"ਮਹਾਰਾਜ ਜੀ ਬਚਨ ਕੀਤਾ। ਤਾਇਆ ਜੀ ਬੜੀ ਬੰਦਗੀ ਕਰਨੀ। ਬਾਰਾਂ ਬਾਣੀਆਂ ਕੰਠ ਥੀਆਂ। ਸੋ ਰੋਜ਼ ਪਾਠ ਕਰ ਲੈਣਾ। ਤੇ ਜੋ ਬਚਨ ਮੁੱਖ ਤੇ ਕਹਿ ਦੇਣਾ ਸੋ ਪੂਰਾ ਹੋਣਾ ਸਿਧਾ ਪੁਠਾ। ਲੋਕ ਭੈ ਕਰਦੇ ਸੇ। ਪਿੰਡ ਕਾ ਕੰਮ ਭੀ ਕਰਨ। ਖੇਤੀ ਭੀ ਕਰਨੀ। ਜਾਂ ਅਸੀਂ ਤਕੜੇ ਹੋਏ ਤਾਂ ਬਾਬੇ ਜੱਸਾ ਸਿੰਘ ਜੀ ਨਾਲ ਕੰਮਕਾਰ ਦੀ ਮਦਦ ਦੁਆਉਣੀ। ਅਹਿਰਨ ਹਾਰੀ ਭੀ ਤਪੌਣੀ। ਰੰਬਾ ਦਾਤਰੀ ਭੀ ਚੰਡਣੇ। ਨਿਕੇ ਸੰਦ ਬਣਾਇ ਛਡਣੇ। ਸੋ ਵਿਕ ਜਾਣੇ। ਫੇਰ ਬਾਬੇ ਕੋ ਕੰਮ ਨਹੀਂ ਕਰਨ ਦਿੱਤਾ। ਸਾਨੂੰ ਜ਼ਿਮੀਂਦਾਰ ਦਾਣਾਂ ਦੇਂਦੇ ਸੇ, ਤਾਂ ਨਿੱਕਾ ਦਾਣਾ ਅਗਲਾ ਜੋ ਹੁੰਦਾ ਸੀ ਕਮੀਣ ਜਾਣਕੇ। ਪੰਜਾਂ ਸਰੀਰਾਂ ਕਾ ਕੰਮ ਸੀ। ਜੇਹੜਾ ਮੈਂ ਇਕੱਲਾ ਕਰਦਾ ਸੀ। ਮੈਂ ਪੱਭਾ ਬਦਣ ਗਿਆ। ਬਦਕੇ ਝਾੜਕੇ ਚੋਥੇ ਕੇ ਕੁਪੀ ਬੰਨ ਦਿੱਤੀ, ਅੱਠਾਂ ਦਿਨਾਂ ਮੇਂ। ਏਨਾਂ ਸਿੰਘਾਂ ਨੂੰ ਪੰਦਰਾਂ ਦਿਨ ਹੋ ਗਿਆ ਨੂੰ, ਕਿਤਨੇ ਸਰੀਰ ਹੈਨ। ਜੂੰ ਦੀ ਤੋਰ ਤੁਰਦੇ ਹਨ। ਜਿਸ ਦਿਨ ਸਤਿਗੁਰੂ ਜ਼ੀ ਹੱਲ ਛਡਾਇਆ ਸੀ, ਉਸ ਦਿਨ ਸੇ ਸਭ ਕਾਰ ਛੱਡ ਦਿੱਤੀ। ਪਿੰਡ ਕੀ। ਉਸੀ ਦਿਨ ਸੇ ਨਾਮ ਵੰਨੇ ਲੱਗ ਗਏ ਹਾਂ। ਅਸੀਂ ਦੋਨੋਂ ਜੇਕਰ ਅਕਠੇ ਹੁੰਦੇ ਤਾਂ ਨਾਲ ਹੀ ਲੈ ਜਾਂਦੇ। ਧੰਨ ਸਤਿਗੁਰੂ ਅੰਤਰਜਾਮੀ ਹੈਂ। ਏਸ ਸਮੇਂ ਨੂੰ ਏਸ ਬਾਰਤਾ ਕੋ ਜਾਣ ਰਹੇ ਹੈ ਕਿ ਅਸਾਂ ਜਾਣਾਂ ਹੈ। ਲੁਕਾਇ ਕੇ ਰਖੇ ਹੋਏ ਸੇ ਏਸ ਵੇਲੇ ਕੇ ਵਾਸਤੇ।

ਸਤਿਗੁਰੂ ਜੀ ਦੀ ਜਾਣ ਤੇ ਅਗਲੇ ਦਿਨ ਜੇੜਾ ਫਰੰਗੀ ਆਇਆ ਉਸਨੇ ਲੰਬਰਦਾਰਾਂ ਸੇ ਮੇਰੇ ਬਾਰੇ ਪੁੱਛਿਆ। ਲੰਬਰਦਾਰਾਂ ਨੇ ਕਿਹਾ ਜੀ ਇਹ ਜੁਦਾ ਹੈ। ਪਿੰਡ ਮੇਂ ਰਹਿੰਦਾ ਹੈ। ਸਾਡੀ ਕਾਰ ਕਰਦਾ ਹੈ। ਫੇਰ ਮੈਨੂੰ ਲੰਬਰਦਾਰ ਆਖਿਆ ਕਰੇ ਜੇਕਰ ਮੈਨੂੰ ਖ਼ਬਰ ਹੁੰਦੀ ਤੂੰ ਏਉਂ ਕਰਨੀ ਸੀ ਤਾਂ ਤੈਨੂੰ ਉੱਥੇ ਨਾਲ ਹੀ ਭੇਜ ਦਿੰਦੇ। ਰੋਜ਼

[1*] ਸੰਤ ਸੰਤੋਖ ਸਿੰਘ ਬਾਹੋਵਾਲ, 'ਸਤਿਗੁਰੂ ਬਿਲਾਸ', ਭਾਗ ਦੂਸਰਾ, ਪੰਨਾ 299



Sri Satguru Jagjit Singh Ji Elibrary NamdhariElibrary@gmail.com

ਦੀ ਸਰਕਾਰ ਕੀ ਖੇਚਲ ਨਾ ਹੁੰਦੀ। ਨਿੰਦਕਾਂ ਦੁਸ਼ਟਾਂ ਨੇ ਸਾਡੇ ਨਾਲ ਬੜੀ ਕਰੀ। ਹੁਣ ਸਭ ਹਾਰ ਕੇ ਹਟ ਗਏ ਹੈਂ।"

## ਮਾਨਾਂਵਾਲੇ ਦਾ ਹੋਲਾ

1906 ਵਿੱਚ ਮਾਨਾਂਵਾਲਾ ਵਿਖੇ ਹੋਲੇ ਦਾ ਪੁਰਬ ਮਨਾਇਆ ਜਾਣਾ ਸੀ। ਸੁੰਦਰ ਸਿੰਘ ਨੇ ਆ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ ਇਸ ਸ਼ੁਭ ਅਵਸਰ ਸਮੇਂ ਦਰਸ਼ਨ ਦੇਣ ਦੀ ਬੇਨਤੀ ਕੀਤੀ, ਪਰ ਸਤਿਗੁਰੂ ਜੀ ਦੀ ਸਿਹਤ ਕੁਝ ਢਿਲੀ ਰਹਿਣ ਕਾਰਨ ਆਪ ਉੱਥੇ ਨਾ ਜਾ ਸਕੇ। ਉਹਨਾਂ ਨੇ ਮਾਤਾ ਜੀਵਨ ਕੌਰ ਅਤੇ ਤਿੰਨਾਂ ਸਾਹਿਬਜ਼ਾਦਿਆਂ ਨੂੰ ਉੱਥੇ ਜਾਣ ਦਾ ਆਦੇਸ਼ ਕੀਤਾ। 'ਮਹਾਰਾਜ ਜੀ ਸਾਹਿਬਜ਼ਾਦੇ ਪ੍ਰਤਾਪ ਸਿੰਘ ਨੂੰ ਬਚਨ ਕੀਤਾ, ਹੁਣ ਤੁਸੀਂ ਕਰੋ ਦੌਰੇ ਅਸੀਂ ਕਰ ਚੁੱਕੇ ਹਾਂ। ਤਿੰਨੇ ਸਾਹਿਬਜ਼ਾਦੇ ਨਾਲ ਮਾਈ ਜਿਊਣ ਕੌਰ ਮਾਨਾ ਵਾਲੇ ਹੋਲੇ ਤੇ ਗਏ। ਸੁਖ ਸ਼ਾਂਤ ਨਾਲ ਮੁੜ ਆਏ। ਸਿੰਘ ਆਉਣ ਨਾ ਦੇਣ ਬੜਾ ਪ੍ਰੇਮ ਕਰਨ।'

## ਸਤਿਗੁਰੂ ਹਰੀ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ (17 ਮਈ, 1906)

ਪਿਛਲੇ ਕੁਝ ਸਮੇਂ ਤੋਂ ਸਤਿਗੁਰੂ ਜੀ ਦੀ ਸਿਹਤ ਢਿਲੀ ਰਹਿਣ ਲੱਗ ਪਈ ਸੀ। ਜਿੱਥੇ ਆਪ ਜੀ ਨੇ ਨਾਮਧਾਰੀ ਬਾਗ ਦੀ ਫੁਲਵਾੜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਆਦੇਸ਼ਾਂ ਅਨੁਸਾਰ ਹਰਾ ਰਖਿਆ। ਉੱਥੇ ਆਪ ਨੂੰ ਸਭ ਤੋਂ ਵੱਡਾ ਦੁੱਖ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਸੀ। ਹਰ ਸਾਲ ਉਹ ਉਨ੍ਹਾਂ ਦੇ ਦੇਸ਼ ਪਰਤਣ ਬਾਰੇ ਸਰਕਾਰ ਨੂੰ ਬਿਨੇ-ਪੱਤਰ ਭੇਜ ਦਿੰਦੇ ਸਨ, ਜਿਨ੍ਹਾਂ ਦਾ ਸਰਕਾਰ ਵੱਲੋਂ ਕੋਈ ਉੱਤਰ ਨਹੀਂ ਸੀ ਮਿਲਦਾ। ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਅਤੇ ਯਾਦ ਵਿੱਚ ਉਹ ਸਦਾ ਵੈਰਾਗਵਾਨ ਰਹਿੰਦੇ ਸਨ। ਕਈ ਵਾਰ ਤਾਂ ਹਉਕਾ ਵੀ ਭਰ ਲੈਂਦੇ ਅਤੇ ਨੇਤਰਾਂ ਵਿੱਚੋਂ ਹੰਝੂ ਵੀ ਵਹਿ ਤੁਰਦੇ।

ਇੱਕ ਸਮਕਾਲੀ ਨਾਮਧਾਰੀ ਲੇਖਿਕਾ ਅਨੁਸਾਰ।* 'ਸਤਿਗੁਰੂ ਹਰੀ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਨਾਲ ਅਪਾਰ ਪ੍ਰੇਮ ਸੀ। ਸਤਿਗੁਰੂ ਹਰੀ ਸਿੰਘ ਜੀ ਦਿਨ-ਰਾਤ ਆਪਣੇ ਭਾਈ ਦੀ ਮਿੱਠੀ ਯਾਦ ਵਿੱਚ ਲੀਣ ਰਹਿੰਦੇ ਸਨ। ਉਹਨਾਂ ਦਾ ਵਿਛੋੜਾ ਸਤਿਗੁਰੂ ਹਰੀ ਸਿੰਘ ਜੀ ਲਈ ਅਸਹਿ ਸੀ। ਹਰ ਘੜੀ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ। ਆਪ ਦਾ ਦਿੱਲ ਧੜਕਦਾ ਰਹਿੰਦਾ ਅਤੇ ਹਉਕੇ ਭਰਦੇ ਰਹਿੰਦੇ, ਨੇਤਰ ਸੇਜਲ ਹੋ ਜਾਂਦੇ। ਜਿਵੇਂ ਭਰਤ ਜੀ ਦੇ ਹਿਰਦੇ ਵਿੱਚ ਸ੍ਰੀ ਰਾਮ ਚੰਦਰ ਦੀ ਯਾਦ ਵਿੱਚ ਪ੍ਰੇਮ ਦਾ ਸਾਗਰ ਉਛਾਲਾ ਮਾਰਦਾ ਸੀ, ਉਹੋ ਜਿਹੀ ਹਾਲਤ ਹੀ ਸਤਿਗੁਰੂ ਹਰੀ ਸਿੰਘ ਜੀ ਦੀ ਸੀ। ਭਰਤ ਜੀ ਨੂੰ ਤਾਂ ਸ੍ਰੀ ਰਾਮ ਜੀ ਦੇ ਦਰਸ਼ਨ 14 ਸਾਲ ਪਿਛੋਂ ਹੋ ਗਏ ਸਨ, ਪਰ ਇੱਥੇ ਤਾਂ 34 ਸਾਲ ਬੀਤ ਚੁੱਕੇ ਸਨ। ਉਨ੍ਹਾਂ

* ਬੇਅੰਤ ਕੌਰ, 'ਦ ਨਾਮਧਾਰੀ ਸਿੱਖ', ਪੰਨਾ 36



Sri Satguru Jagjit Singh Ji Elibrary NamdhariElibrary@gmail.com

ਨੂੰ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਆਪਣੀ ਜੀਵਨ ਖੇਡ ਸਮਾਪਤ ਕਰਨ ਤੱਕ ਵੀ ਨਸੀਬ ਨਾ ਹੋਏ।'

ਜਦੋਂ ਸਤਿਗੁਰੂ ਹਰੀ ਸਿੰਘ ਜੀ ਨੂੰ ਸੰਗਤ ਪੁਛਦੀ ਕਿ ਸਤਿਗੁਰੂ ਰਾਮ ਸਿੰਘ, ਜੀ ਦੇ ਦਰਸ਼ਨ ਕਦੋਂ ਹੋਣਗੇ।ਆਪ ਬਚਨ ਕਰਦੇ 'ਸਤਿਗੁਰੂ ਜੀ ਮੇਰੀ ਦੇਹ ਵਿੱਚ ਹਨ।'

ਸਤਿਗੁਰੂ ਹਰੀ ਸਿੰਘ ਜੀ 17 ਮਈ, 1906 ਸ਼ਾਮ ਪੰਜ ਵੱਜ ਕੇ ਪੰਜ ਮਿੰਟ ਉੱਤੇ ਜੋਤੀ ਜੋਤ ਸਮਾ ਗਏ। ਇਸ ਤੋਂ ਕੁਝ ਚਿਰ ਪਹਿਲਾਂ ਆਪ ਦਾ ਸਰੀਰ ਢਿੱਲਾ ਰਹਿਣ ਲੱਗ ਪਿਆ ਸੀ। ਉਹਨਾਂ ਦੇ ਆਪਣੇ ਸ਼ਬਦਾਂ ਵਿੱਚ 'ਮੈਨੂੰ ਕਦੀ ਤਾਪ ਨਹੀਂ ਸੀ ਚੜ੍ਹਿਆ, ਹੁਣ ਬੁਖਾਰ ਵੀ ਹੋਇਆ ਅਤੇ ਦਸਤ ਮਰੋੜ ਵੀ ਲੱਗੇ। ਅੱਖਾਂ ਦੀ ਜੋਤੀ ਵੀ ਜਵਾਬ ਦੇ ਚੁੱਕੀ ਸੀ। ਸੇਵਕਾਂ ਵੱਲੋਂ ਦਵਾ-ਦਾਰੂ ਅਤੇ ਡਾਕਟਰਾਂ ਅਤੇ ਹਕੀਮਾਂ ਵੱਲੋਂ ਇਲਾਜ ਵੀ ਕਰਵਾਏ ਗਏ। ਪਰ ਸਤਿਗੁਰੂ ਜੀ ਦੀ ਸਿਹਤ ਵਿੱਚ ਕੋਈ ਸੁਧਾਰ ਨਾ ਹੋਇਆ। ਸੰਤ ਬਾਹੋਵਾਲ ਨੇ ਸਤਿਗੁਰੂ ਜੀ ਦੇ ਪ੍ਰਲੋਕ ਗਮਨ ਕਰਨ ਤੋਂ ਪਹਿਲਾਂ ਦੇ ਦਿਨਾਂ ਦਾ ਹਾਲ ਵੇਰਵੇ ਸਹਿਤ ਵਰਣਨ ਕੀਤਾ ਹੈ। ਆਪ ਜੀ ਦੀ ਦੇਹ ਅਰੋਗਤਾ ਲਈ ਪਾਠਾਂ ਦੀਆਂ ਲੜੀਆਂ ਵੀ ਚਲਦੀਆਂ ਰਹੀਆਂ ਅਤੇ ਕਈ ਭੋਗ ਪੁਆਏ ਗਏ। ਜੇਕਰ ਕੋਈ ਸੇਵਕ ਆ ਕੇ ਛੁੱਟੀ ਮੰਗਦਾ ਆਪ ਕਹਿੰਦੇ ਕੁਝ ਦਿਨ ਹੋਰ ਉਡੀਕੋ। ਆਪ ਜੀ ਨੇ ਨਿੱਜੀ ਸੇਵਕ ਨਰਾਇਣ ਸਿੰਘ ਅਤੇ ਮਾਈ ਭਾਗਣ ਨੂੰ ਵੀ ਆਪ ਨੇ ਕਹਿ ਦਿੱਤਾ ਸੀ ਕਿ ਅਸੀਂ ਹੁਣ ਛੇਤੀ ਹੀ ਚੜ੍ਹਾਈ ਕਰ ਜਾਣੀ ਹੈ। ਇਹ ਪੁੱਛ ਕਰਨ ਉੱਤੇ ਕਿ ਆਪ ਜੀ ਦੇ ਵਾਰਿਸ ਕੌਣ ਹੋਣਗੇ? ਆਪ ਜੀ ਨੇ ਕਿਹਾ ਸੀ ਕਿ ਜੀਵਨ ਕੌਰ, ਪ੍ਰਤਾਪ ਸਿੰਘ, ਨਿਹਾਲ ਸਿੰਘ ਅਤੇ ਗੁਰਦਿਆਲ ਸਿੰਘ। ਇੱਕ ਕਾਗਜ਼ ਉੱਤੇ ਇਹ ਲਿਖ ਵੀ ਲਿਆ ਗਿਆ ਸੀ। ਕੁਝ ਦਿਨ ਪਹਿਲਾਂ ਆਪ ਨੇ ਸਾਹਿਬਜ਼ਾਦਾ ਪ੍ਰਤਾਪ ਸਿੰਘ ਨੂੰ ਬੁਲਾ ਕੇ ਕਹਿ ਦਿੱਤਾ ਸੀ ਕਿ ਹੁਣ ਤੁਸੀਂ ਇਹ ਕੰਮ ਸੰਭਾਲਿਆ ਕਰੋ।

### ਵਾਰਿਸ ਕੌਣ ਹੋਵੇਗਾ?

ਸਾਹਿਬਜ਼ਾਦਾ ਪ੍ਰਤਾਪ ਸਿੰਘ ਅਤੇ ਸੇਵਾ ਸਿੰਘ ਉਸ ਕਾਗਜ਼ ਨੂੰ ਲੈ ਕੇ ਸਮਰਾਲੇ ਗਏ। ਜਿੱਥੇ ਜ਼ਿਲ੍ਹਾ ਅਧਿਕਾਰੀ ਪਹੁੰਚਿਆ ਹੋਇਆ ਸੀ, ਉਹ ਕਾਗਜ਼ ਉਸ ਅੱਗੇ ਪੇਸ਼ ਕਰ ਦਿੱਤਾ ਗਿਆ। ਜ਼ਿਲ੍ਹਾ ਅਧਿਕਾਰੀ ਨੇ ਉਸ ਕਾਗਜ਼ ਨੂੰ ਵਾਚ ਕੇ ਕਿਹਾ ਕਲ੍ਹ ਨੂੰ ਡਿਪਟੀ ਆਵੇਗਾ। ਅਗਲੇ ਦਿਨ ਡਿਪਟੀ ਭਗਵਾਨ ਸਿੰਘ ਆਇਆ। [1*]"ਡਿਪਟੀ ਨੇ ਕਿਹਾ ਮਹਾਰਾਜ ਜੀ ਨੂੰ ਕਿ ਭਜਨ ਦਾ ਉੱਚੀ ਨਾਮ ਲਵੇ, ਕੋਲੋਂ ਸਿੱਖਾਂ ਨੇ ਕਿਹਾ ਕਿ ਭਜਨ ਦਾ ਉੱਚੀ ਨਾਮ ਨਹੀਂ ਲੈਂਦੇ। ਹੁਕਮ ਨਹੀਂ। ਮਹਾਰਾਜ ਜੀ ਬਚਨ ਕੀਤਾ ਕਿ ਮੈਂ ਅਖੀਆਂ ਥੀਂ ਮਨਾਖਾ ਹੋ ਗਿਆ ਹਾਂ। ਦੋ-ਤਿੰਨ ਦਿਨ ਕਾ ਪਰਾਹੁਣਾ ਹਾਂ। ਡਿਪਟੀ ਨੇ ਕਹਾ ਕਿ ਬੁੱਧ ਸਿੰਘ ਆਪ ਕੋ ਸੁਰਤ ਹੈ? ਮਹਾਰਾਜ ਜੀ

---

[1*] ਸੰਤ ਚਕਰਵਰੀ, 'ਅਟੱਲ ਪ੍ਰਤਾਪੀ', ਪੰਨਾ 45



Sri Satguru Jagjit Singh Ji Elibrary NamdhariElibrary@gmail.com

ਬਚਨ ਕੀਤਾ ਹੈ ਸੁਰਤ। ਡਿਪਟੀ ਨੇ ਪੁੱਛਿਆ ਕਿ ਤੁਹਾਡਾ ਵਾਰਿਸ ਕੌਣ ਹੈ? ਮਹਾਰਾਜ ਜੀ ਬਚਨ ਕੀਤਾ ਜੀਊਣ ਕੌਰ, ਪ੍ਰਤਾਪ ਸਿੰਘ, ਨਿਹਾਲ ਸਿੰਘ, ਗੁਰਦਿਆਲ ਸਿੰਘ। ਡਿਪਟੀ ਹੇਠਾਂ ਆਇ ਕੇ ਬਸੰਤ ਸਿੰਘ, ਸੁਰਤ ਸਿੰਘ, ਹਰਨਾਮ ਸਿੰਘ। ਤਿੰਨਾਂ ਕੇ ਨਾਮ ਲਿਖ ਕੇ ਵੀ ਲੈ ਗਿਆ।" ਕਰਤਾ 'ਸਤਿਗੁਰੂ ਬਿਲਾਸ' ਦੀ ਲਿਖਤ ਅਨੁਸਾਰ ਬਿਕਰਮੀ 1963 (1906) ਜੇਠ ਵਦੀ ਦਸਵੀਂ ਵੀਰਵਾਰ ਪਾਂਚ ਵਜੇ ਪਾਂਚ ਮਿੰਟ ਉਧਰ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾ ਗਏ। ਸਾਰਾ ਬੰਸ ਇਕੱਠਾ ਹੋਇਆ। ਵੈਰਾਗ ਕਰਨੇ ਲੱਗੇ। ਮਹਾਰਾਜ ਜੀ ਕੋ ਇਸ਼ਨਾਨ ਕਰਾਇਆ। (ਸੰਤੋਖ ਸਿੰਘ ਨੇ ਪਾਂਚ ਚੁਲੇ ਛਕੇ ਇਸ਼ਨਾਨ ਵਾਲੇ ਜਲ ਕੇ, ਸੰਕਲਪ ਇਹ ਕਿ ਮੇਰਾ ਦਮਾਂ ਹਟ ਜਾਏ। ਉਸੀ ਦਿਨ ਥੀਂ ਦਮਾ ਅਰ ਖੰਘ ਦੋਨੋਂ ਹਟ ਗਏ।)

ਇਸ਼ਨਾਨ ਕਰਾਇਕੇ, ਪੁਸ਼ਾਕ ਪਹਿਰਾਇ ਕੇ, ਬਿੰਬਾਨ ਮੇਂ ਧਰਕੇ, ਗੁਲਾਬ ਛਿੜਕ ਕੇ, ਦੁਸ਼ਾਲਾ ਪਾਇਕੇ, ਅਰਦਾਸਾ ਕਰਕੇ, ਬਿੰਬਾਨ ਚੁਕਿਆ, ਸਿੰਘਾਂ ਨੇ। ਪ੍ਰਤਾਪ ਸਿੰਘ ਚੌਰੀ ਕਰਦੇ ਜਾਂਦੇ ਹੈਂ। ਮਾਰੂ ਦੇ ਸ਼ਬਦ ਪੜਦੇ ਜਾਂਦੇ ਹੈਂ। ਫਿਰ ਚਿਖਾ ਚਿਣਨ ਦੇ ਵੇਲੇ ਕੰਧਾਰਾ ਸਿੰਘ ਚਿਖਾ ਕੇ ਵਿੱਚ ਜਾਇ ਪਿਆ। ਸਿੰਘਾਂ ਨੇ ਧੂਹ ਕੇ ਬਾਹਰ ਕਢਿਆ। ਫੇਰ ਮਹਾਰਾਜ ਜੀ ਕਾ ਸਰੀਰ ਚਿਖਾ ਮੈਂ ਚਿਣਕੇ ਦਾਹ ਦੀਆ। ਚੰਨਣ ਨਾਲ ਪਾਇਕੇ ਅਤੇ ਘ੍ਰਿਤ ਪਾਇ ਕੇ।' ਸਤਿਗੁਰੂ ਹਰੀ ਸਿੰਘ ਜੀ ਦੇ ਵਿਛੋੜੇ ਵਿੱਚ ਸਾਰੀ ਸੰਗਤ ਵਿਰਾਗਵਾਨ ਅਤੇ ਸ਼ੋਕਾਤਰ ਸੀ। ਸੰਤ ਬਾਹੋਵਾਲ ਅਨੁਸਾਰ 'ਅਠ ਪਹਿਰ ਕਿਸੇ ਨੇ ਕਿਸੇ ਕਾ ਪਤਾ ਨਹੀਂ ਲਿਆ। ਉਸੀ ਦਿਨ ਖਬਰ ਕੀਤੀ ਸਾਰੇ ਦੇਸ਼ਾਂ ਮੈਂ। ਮਹਾਰਾਜ ਜੀ ਜੋਤੀ ਜੋਤ ਸਮਾਏ ਹੈ। ਅਰ ਨਿਮਾਣੀ ਕੇ ਦਿਨ ਕਾ ਮੇਲਾ ਰਚਿਆ ਹੈ। ਸਰਬ ਖਾਲਸਾ ਦਰਸ਼ਨ ਦਿਉ।'

## ਜ਼ਿਲ੍ਹਾ ਅਧਿਕਾਰੀ ਦਾ ਭੈਣੀ ਸਾਹਿਬ ਆਉਣਾ

ਜ਼ਿਲ੍ਹਾ ਅਧਿਕਾਰੀ (ਟੇਕ ਚੰਦ) ਅਰੋੜਾ ਭੈਣੀ ਸਾਹਿਬ ਆਇਆ, ਉਸਨੇ ਸਤਿਗੁਰੂ ਜੀ ਦੇ ਅਕਾਲ ਚਲਾਣੇ ਉੱਤੇ ਅਫ਼ਸੋਸ ਪ੍ਰਗਟ ਕੀਤਾ। ਸੰਗਤ ਤੋਂ ਪੁੱਛਿਆ ਕਿ ਗੱਦੀ ਦਾ ਵਾਰਿਸ ਕੌਣ ਹੋਵੇਗਾ। ਮਹੰਤ ਨਰੈਣ ਸਿੰਘ ਨੇ ਕਿਹਾ ਕਿ ਸਤਿਗੁਰੂ ਹਰੀ ਸਿੰਘ ਜੀ ਵੱਡੇ ਸਾਹਿਬਜ਼ਾਦੇ ਪ੍ਰਤਾਪ ਸਿੰਘ ਜੀ ਨੂੰ ਟਿਕ ਗਏ ਹਨ। ਜ਼ਿਲ੍ਹਾ ਅਧਿਕਾਰੀ ਨੇ ਬਸੰਤ ਸਿੰਘ, ਸੂਰਤ ਸਿੰਘ, ਹਰਨਾਮ ਸਿੰਘ ਅਤੇ ਹੋਰ ਸੰਗਤ ਤੋਂ ਪੁੱਛਿਆ ਕਿ ਤੁਸੀਂ ਸਾਰੇ ਰਾਜ਼ੀ ਹੋ। ਸਭਨੇ ਉੱਤਰ ਦਿੱਤਾ ਕਿ ਅਸੀਂ ਸਾਰੇ ਰਾਜ਼ੀ ਹਾਂ। ਜ਼ਿਲ੍ਹਾ ਅਧਿਕਾਰੀ ਨੇ ਕਿਹਾ ਕਿ ਗੱਦੀ ਪ੍ਰਤਾਪ ਸਿੰਘ ਕੀ ਹੈ। ਦਸਤਖੰਤ ਕਰਾਇ ਲੀਏ। ਦਸਤਖਤ ਕਰਵਾ ਕੇ ਜ਼ਿਲ੍ਹਾ ਅਫ਼ਸਰ ਚਲਾ ਗਿਆ।



Sri Satguru Jagjit Singh Ji Elibrary NamdhariElibrary@gmail.com

## ਨਿਮਾਣੀ ਦਾ ਮੇਲਾ

ਸੰਗਤ ਨੇ ਫ਼ੈਸਲਾ ਕੀਤਾ ਕਿ ਸਤਿਗੁਰੂ ਹਰੀ ਸਿੰਘ ਦੀ ਯਾਦ ਵਿੱਚ ਨਿਮਾਣੀ ਇਕਾਦਸੀ ਸਮੇਂ ਮੇਲਾ ਕੀਤਾ ਜਾਵੇ। ਇਸ ਉਦੇਸ਼ ਲਈ ਪ੍ਰਮੁੱਖ ਸਿੱਖ ਨਰੈਣ ਸਿੰਘ, ਸੇਵਾ ਸਿੰਘ, ਗੋਧਾ ਸਿੰਘ, ਅੱਤਰ ਸਿੰਘ, ਹਜਾਰਾ ਸਿੰਘ ਲੁਧਿਆਣੇ ਜ਼ਿਲ੍ਹਾ ਅਧਿਕਾਰੀ ਪਾਸ ਪਹੁੰਚੇ ਤਾਂ ਜੋ ਇਸ ਮੇਲੇ ਦੀ ਆਗਿਆ ਲਈ ਜਾਵੇ। ਜ਼ਿਲ੍ਹਾ ਅਧਿਕਾਰੀ ਨੇ ਪੰਜਾਂ ਸਿੰਘਾਂ ਦੀ ਜ਼ਮਾਨਤ ਲੈ ਕੇ ਮੇਲੇ ਨੂੰ ਕਰਨ ਦੀ ਆਗਿਆ ਦੇ ਦਿੱਤੀ ਅਤੇ ਕਿਹਾ ਕਿ ਦੰਗਾ-ਫ਼ਸਾਦ ਜਾਂ ਗੜਬੜ ਦੇ ਜ਼ਿੰਮੇਵਾਰ ਤੁਸੀਂ ਹੋਵੋਗੇ। 2 ਜੂਨ ਤੋਂ 5 ਜੂਨ ਤੱਕ ਸਤਿਗੁਰੂ ਹਰੀ ਸਿੰਘ ਦੀ ਯਾਦ ਵਿੱਚ ਬੜਾ ਸ਼ਾਨਦਾਰ ਮੇਲਾ ਹੋਇਆ। 'ਲਗਾ ਖਾਲਸਾ ਆਵਣ। ਖੰਡ ਕੀ ਸਰਦਾਈ ਛਕਾਈ। ਸਰਬ ਖਾਲਸੇ ਕੋ, ਸਰਬ ਦੇਸਾਂ ਕੀ ਸੰਗਤ ਆਈ। ਹੁਕਮ ਸੀ ਕਿ ਪਾਠ ਭੋਗ ਗ੍ਰੰਥ ਸਾਹਿਬ ਕੇ ਸਰਬ ਖਾਲਸਾ ਕਰਕੇ ਲਿਆਵੇ ਸੋ ਕਈਆਂ ਪਾਠੀਆਂ ਨੇ ਪਾਠ ਕਰਕੇ ਲਿਆਂਦੇ। ਏਥੇ ਭੀ ਕਈ ਅਸਵਾਰੇ ਪ੍ਰਗਾਸੇ। ਇਕ ਦੋ-ਦੋ ਪਾਠ ਪੜ੍ਹੇ ਪਾਠੀਆਂ ਨੇ। ਇਹ ਭੀ ਬਚਨ ਕਰਦੇ ਸੇ ਹਰ ਵਕਤ ਭਾਈ ਸ੍ਰੀ ਸਤਿਗੁਰੂ ਜੀ ਦੇ ਆਏ ਤੇ ਗਲ ਮੈਂ ਪਲਾ ਪਾਇ ਕੇ ਸੰਗਤ ਕੇ ਆਗੇ ਹੋਇ ਕੇ ਬਖਸ਼ਾਇ ਲਵਾਂਗੇ, ਸੰਗਤ ਕੋ। ਸੰਗਤ ਮੈਨੂੰ ਬਖਸ਼ਾਇ ਲਵੇਗੀ। ਮਿਠੇ-ਮਿਠੇ ਬਚਨ ਕਰਨੇ। ਜੈਸਾ ਫੁਰਨਾ ਹੋਵੇ, ਸੋਈ ਕਰ ਦੇਣਾ। ਜੇੜੀ ਤਪਤ ਹੋਈ, ਸੋ ਨਵਿਰਤ ਹੋ ਜਾਂਦੀ ਹੈ। ਸ਼ਾਂਤ ਆਉਂਦੀ, ਸੁਕੇ ਕੌਲ ਹਰੇ ਹੋਇ ਆਉਂਦੇ ਹੈ, ਹਰ ਪ੍ਰਭੂ ਜੀ ਕਾ ਦਰਸਨ ਕਰਕੇ। ਜੋ ਸਿੰਘ ਆਉਂਦਾ ਹੈ, ਮਾਈ ਜਿਉਣ ਕੌਰ ਜੀ ਕੇ ਸਾਮਣੇ ਕਰਦਾ ਹੈ ਦੁਖ-ਸੁਖ ਕੀਆਂ ਬਾਤਾਂ। ਅਰ ਮਹਾਰਾਜ ਜੀ ਕੇ ਬਚਨ ਯਾਦ ਕਰਕੇ ਪਰਸਪਰ ਸਰਬ ਖਾਲਸਾ ਜਸ ਕਰ ਰਿਹਾ ਹੈ ਕਿ ਐਸੇ ਮਹਾਰਾਜ ਜੀ ਕੀ ਮੂਰਤੀ ਦੇਖਨੇ ਸੇ ਸਰਬ ਦੁਖ ਨਸ਼ਟ ਹੁੰਦੇ। ਚਲਦੀ ਸੁਰਤੀ ਖੜੀ ਹੁੰਦੀ, ਨਾਮ ਚਿਤ ਆਉਂਦਾ ਹੈ। ਆਤਮ ਕਾ ਸੁਖ ਪ੍ਰਾਪਤ ਹੁੰਦਾ ਹੈ। ਘਟ ਘਟ ਕੇ ਜਾਨਣ ਹਾਰੇ। ਗੁਰੂ ਨਾਨਕ ਜੀ ਕੀ ਮੂਰਤੀ ਹੈ ਮਹਾਰਾਜ ਹਰੀ ਸਿੰਘ ਜੀ। ਸੰਸੇ ਸਭ ਦੂਰ ਕਰਦੇ। ਧੀਰਜਾਂ ਦੇਣੀਆਂ। ਚਲਦੇ ਮਨ ਨੂੰ ਖੜੇ ਕਰ ਦੇਣਾ। ਸਿੰਘਾਂ ਨੇ ਸਮਝਣਾ ਕਿ ਦੋਨੋਂ ਭਾਈ ਏਕੋ ਰੂਪ ਹੈਂ। ਜੋਤ ਕਾ ਜਾਮਾਂ ਜੋਤ ਵਿੱਚ ਲੀਨ ਹੋਇ ਗਿਆ ਹੈ।'

## ਨਾਮਧਾਰੀ ਮੱਤ ਨੂੰ ਸਤਿਗੁਰੂ ਹਰੀ ਸਿੰਘ ਜੀ ਦਾ ਇਤਿਹਾਸਿਕ ਯੋਗਦਾਨ

ਨਾਮਧਾਰੀ ਮੱਤ ਦੇ ਇਤਿਹਾਸ ਵਿੱਚ ਸਤਿਗੁਰੂ ਹਰੀ ਸਿੰਘ ਜੀ ਦਾ ਗੌਰਵਮਈ ਇਤਿਹਾਸਿਕ ਯੋਗਦਾਨ ਹੈ। ਸਤਿਗੁਰੂ ਹਰੀ ਸਿੰਘ ਦੇ ਇਤਿਹਾਸਿਕ ਯੋਗਦਾਨ ਬਾਰੇ 'ਦ ਨਾਮਧਾਰੀ ਸਿੱਖਸ' ਪੁਸਤਕ ਦੀ ਲੇਖਿਕਾ ਨੇ ਇਸ ਤਰ੍ਹਾਂ ਉਲੇਖ ਕੀਤਾ ਹੈ। 'ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਪਿਛੋਂ ਸਤਿਗੁਰੂ ਹਰੀ ਸਿੰਘ ਨੂੰ ਕੂਕਾ ਲਹਿਰ ਨੂੰ ਜਿਉਂਦਾ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਸਮੇਂ ਸਰਕਾਰ ਕੂਕਾ ਲਹਿਰ



Sri Satguru Jagjit Singh Ji Elibrary NamdhariElibrary@gmail.com

ਉੱਤੇ ਕਰੜੀ ਨਜ਼ਰ ਰੱਖ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਨਿਵਾਸ ਸਥਾਨ ਦੇ ਮੁੱਖ ਦਰਵਾਜ਼ੇ ਉੱਤੇ ਪੁਲਿਸ ਦੀ ਚੌਂਕੀ ਬਿਠਾਈ ਗਈ। ਡੇਰੇ ਦੀ ਸੇਵਾ ਕਰਨ ਵਾਲੇ ਸਿੱਖਾਂ ਨੂੰ ਆਪਣੇ-ਆਪਣੇ ਪਿੰਡਾਂ ਨੂੰ ਜਾਣ ਲਈ ਮਜ਼ਬੂਰ ਕੀਤਾ ਗਿਆ। ਸ਼੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਨ ਲਈ ਕੇਵਲ ਪੰਜ ਸਿੰਘਾਂ ਨੂੰ ਹੀ ਆਗਿਆ ਦਿੱਤੀ ਜਾਂਦੀ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਹੀ ਦੂਜੇ ਪੰਜ ਸਿੰਘਾਂ ਦੇ ਜੱਥੇ ਨੂੰ ਜਾਣ ਦਿੱਤਾ ਜਾਂਦਾ ਸੀ। ਯਾਤਰੀਆਂ ਨੂੰ ਪਿੰਡ ਦੀ ਹੱਦ ਤੋਂ ਬਾਹਰ ਹੀ ਰਹਿਣਾ ਪੈਂਦਾ ਸੀ। ਕੋਈ ਵੀ ਉਨ੍ਹਾਂ ਦੀ ਦੁਖਾਂ ਦੀ ਪੁਕਾਰ ਸੁਣਨ ਵਾਲਾ ਨਹੀਂ ਸੀ। ਪੁਲਿਸ ਦਾ ਤਸ਼ੱਦਦ ਪੂਰੇ ਜ਼ੋਰ ਤੇ ਸੀ। ਸਾਰੇ ਨਾਮਧਾਰੀ ਫਿਰਕੇ ਨੂੰ ਬਾਗੀ ਕਰਾਰ ਦਿੱਤਾ ਗਿਆ ਸੀ। ਪਿੰਡ ਦੇ ਨੰਬਰਦਾਰ ਤੋਂ ਆਗਿਆ ਲੈ ਕੇ ਹੀ ਉਹ ਬਾਹਰ ਜਾ ਸਕਦੇ ਸਨ। ਪੰਜ ਤੋਂ ਵੱਧ ਨਾਮਧਾਰੀਆਂ ਦੀ ਇਕੱਤਰਤਾ ਉੱਤੇ ਪਾਬੰਦੀ ਲਾਈ ਗਈ ਸੀ। ਇਸ ਤਰ੍ਹਾਂ ਨਾ ਤਾਂ ਉਹ ਕੋਈ ਧਾਰਮਿਕ ਦੀਵਾਨ ਕਰ ਸਕਦੇ ਸਨ, ਨਾ ਹੀ ਇੱਕ ਦੂਜੇ ਨਾਲ ਤਾਲਮੇਲ ਰੱਖ ਸਕਦੇ ਸਨ। ਉਹਨਾਂ ਨੂੰ ਆਪਣੀਆਂ ਕਾਰਵਾਈਆਂ ਚੋਰੀ-ਛੁਪੀ ਹੀ ਕਰਨੀਆਂ ਪੈਂਦੀਆਂ ਸਨ। ਭੈਣੀ ਸਾਹਿਬ ਦੇ ਗੁਰਦੁਆਰੇ ਦੀ ਤਿੰਨ ਵਾਰ ਆ ਕੇ ਤਲਾਸ਼ੀ ਕੀਤੀ ਗਈ ਅਤੇ ਡੂੰਘਾ ਪੁੱਟ-ਪੁੱਟ ਕੇ ਤਸੱਲੀ ਕੀਤੀ ਗਈ ਕਿ ਹੋਰ ਗੈਰ-ਕਾਨੂੰਨੀ ਵਸਤੂ ਨਾ ਛੁਪਾਈ ਗਈ ਹੋਵੇ।

ਇਨ੍ਹਾਂ ਸਭ ਪਾਬੰਦੀਆਂ ਦੇ ਹੁੰਦਿਆਂ ਹੋਇਆਂ ਸਤਿਗੁਰੂ ਹਰੀ ਸਿੰਘ ਨੇ ਆਜ਼ਾਦੀ ਦੀ ਜੋਤ ਨੂੰ ਜਗਦੀ ਰਖਿਆ। 21 ਸਾਲ ਤੱਕ ਆਪ ਜੀ ਨੂੰ ਭੈਣੀ ਸਾਹਿਬ ਤੋਂ ਬਾਹਰ ਨਾ ਜਾਣ ਦਿੱਤਾ ਗਿਆ। ਆਪ ਜੀ ਨੂੰ ਵਿਸ਼ੇਸ ਅਵਸਰਾਂ ਉੱਤੇ ਜਾਣ ਲਈ ਸਰਕਾਰ ਤੋਂ ਇਜ਼ਾਜਤ ਲੈਣੀ ਪੈਂਦੀ ਸੀ। ਫਿਰ ਵੀ ਆਪ ਜੀ ਨੇ ਆਪਣੇ ਪੂਰਬਲੇ ਗੁਰੂਆਂ ਸਮਾਨ ਧਾਰਮਿਕ ਕਾਰਵਾਈਆਂ ਨੂੰ ਜਾਰੀ ਰੱਖਿਆ।

ਕੂਕਾ ਲਹਿਰ ਉੱਤੇ ਇੰਨੀ ਸਖ਼ਤੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜਾਣ ਤੋਂ ਤਿੰਨ ਸਾਲ ਪਿਛੋਂ ਹੀ ਨਾਮਧਾਰੀਆਂ ਨੂੰ ਉਨ੍ਹਾਂ ਦੇ ਬਾਰੇ ਪਤਾ ਲੱਗਾ। ਫੇਰ ਗੁਪਤ ਰੂਪ ਵਿੱਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨ ਜਾਂਦੇ ਰਹੇ ਅਤੇ ਉਥੋਂ ਹੁਕਮਨਾਮੇ ਲਿਆਂਦੇ ਰਹੇ। ਸਤਿਗੁਰੂ ਹਰੀ ਸਿੰਘ ਜੀ ਨੇ ਰੰਗੂਨ ਅਤੇ ਭੈਣੀ ਸਾਹਿਬ ਵਿਖੇ ਲਗਾਤਾਰ ਸੰਬੰਧ ਜੋੜ ਲਿਆ ਸੀ।

ਨਾਮਧਾਰੀਆਂ ਦੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸੰਗਠਨ ਨੂੰ ਸਥਿਰ ਰੱਖਣ ਲਈ ਸਤਿਗੁਰੂ ਹਰੀ ਸਿੰਘ ਨੂੰ ਬੜਾ ਸੰਘਰਸ਼ ਕਰਨਾ ਪਿਆ। ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆ ਦੇ ਰਾਜਨੀਤਕ ਸੰਗਰਾਮ ਨੂੰ ਵੀ ਜਾਰੀ ਰੱਖਿਆ। ਭਾਵੇਂ ਇਹ ਸ਼ਾਂਤਮਈ ਸੀ। ਪਰ ਇਸਦਾ ਅੰਗਰੇਜ਼ ਵਿਰੋਧੀ ਕਿਰਦਾਰ ਕਾਇਮ ਸੀ।

ਸਤਿਗੁਰੂ ਹਰੀ ਸਿੰਘ ਜੀ ਨੇ ਇਸ ਮਹਾਨ ਕਾਰਜ ਨੂੰ 34 ਸਾਲਾਂ ਤੱਕ ਨਿਭਾਇਆ। ਆਪ ਜੀ ਵੱਲੋਂ ਕੀਤੀਆਂ ਗਈਆਂ ਮੁੱਖ ਸਰਗਰਮੀਆਂ ਸਨ :



Sri Satguru Jagjit Singh Ji Elibrary NamdhariElibrary@gmail.com

- ★ ਭੈਣੀ ਸਾਹਿਬ ਦੇ ਗੁਰਧਾਮਾਂ ਦਾ ਵਿਸਥਾਰ ਕਰਨਾ।
- ★ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਸਦਾ ਵਰਤ ਲੰਗਰ ਨੂੰ ਨਿਰੰਤਰ ਜਾਰੀ ਰੱਖਣਾ।
- ★ ਨਾਮਧਾਰੀ ਸਿੰਘਾਂ ਨੂੰ ਇਹ ਸੰਦੇਸ਼ ਦੇ ਕੇ ਚੜ੍ਹਦੀਕਲਾ ਵਿੱਚ ਰੱਖਣਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ।
- ★ ਸਿੱਖ ਧਰਮ ਦੀ ਸ਼ਾਨਦਾਰ ਮਰਿਆਦਾ ਨੂੰ ਕਾਇਮ ਰੱਖਣਾ।
- ★ ਨਾਮ ਬਾਣੀ ਦੇ ਪ੍ਰਵਾਹ ਨੂੰ ਤੁਰਦਾ ਰੱਖਣਾ।
- ★ ਸਿੱਖ ਧਰਮ ਦੀਆਂ ਨੈਤਿਕ ਅਤੇ ਪੁਰਾਣੀਆਂ ਰਵਾਇਤਾਂ ਨੂੰ ਚਾਲੂ ਰੱਖਣਾ।
- ★ ਅੰਗਰੇਜ਼ੀ ਸਰਕਾਰ ਦੀਆਂ ਕੁਰੀਤੀਆਂ ਦਾ ਟਾਕਰਾ ਕਰਨਾ।
- ★ ਆਜ਼ਾਦੀ ਦੀ ਜੋਤ ਨੂੰ ਜਗਾਈ ਰੱਖਣਾ ਅਤੇ ਸਵਦੇਸ਼ੀ ਅਤੇ ਨਿੱਜੀ ਸਵੈ-ਨਿਰਭਰਤਾ ਉੱਤੇ ਨਿਰਭਰ ਰਹਿਣਾ।
- ★ ਗਊ ਹੱਤਿਆ ਅਤੇ ਲੋਕਾਂ ਦੇ ਨਾਗਰਿਕ ਅਧਿਕਾਰਾਂ ਲਈ ਸੰਘਰਸ਼ ਨੂੰ ਜਾਰੀ ਰੱਖਣਾ ਆਦਿ।

ਸਤਿਗੁਰੂ ਹਰੀ ਸਿੰਘ ਜੀ ਨੇ ਰਾਮਸਰ ਦੇ ਆਲੇ-ਦੁਆਲੇ ਨੂੰ ਸੰਵਾਰਿਆ। ਬਾਗ ਅਤੇ ਕੋਠੀ ਦਾ ਨਿਰਮਾਣ ਕੀਤਾ। ਲੰਗਰ ਲਈ ਹੋਰ ਜ਼ਮੀਨ ਖਰੀਦ ਕੇ ਵਾਧਾ ਕੀਤਾ। ਸਰਕਾਰ ਵੱਲੋਂ ਸਾਰੀਆਂ ਪਾਬੰਦੀਆਂ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਨ (ਅਕਾਲ ਬੁੰਗੇ) ਦਾ ਨਿਰਮਾਣ ਕੀਤਾ। ਲੰਗਰ ਵਿੱਚ ਕਦੀ ਤੋਟ ਨਹੀਂ ਸੀ ਆਉਣ ਦਿੱਤੀ। ਕਈ ਵਾਰ ਤਾਂ ਆਪ ਏਥੋਂ ਤੱਕ ਬਚਨ ਕਰ ਦਿੰਦੇ ਸਨ ਕਿ ਲੰਗਰ ਨੂੰ ਜਾਰੀ ਰੱਖਣ ਲਈ ਬਾਲਣ ਦੀ ਥਾਂ ਅਸੀਂ ਆਪਣੀਆਂ ਹੱਡੀਆਂ ਵੀ ਨਿਛਾਵਰ ਕਰ ਸਕਦੇ ਹਾਂ। ਬਾਹਰ ਦੌਰਿਆਂ ਤੇ ਜਾ ਕੇ ਉਹਨਾਂ ਨੇ ਨਾਮਧਾਰੀ ਰਹਿਤ ਮਰਿਆਦਾ ਦਾ ਪ੍ਰਚਾਰ ਕੀਤਾ। ਸਤਿਗੁਰੂ ਜੀ ਦੀ ਸਰਪ੍ਰਸਤੀ ਵਿੱਚ ਕਈ ਨਾਮਧਾਰੀ ਸੰਤ ਪੁਰਸ਼ਾਂ ਨੇ ਬੜਾ ਜਸ ਖਟਿਆ। ਇਹਨਾਂ ਵਿੱਚੋਂ ਕੁਝ ਇੱਕ ਨਾਮ ਸੰਤ ਜੀਵਨ ਸਿੰਘ ਸਰਹਾਲੀ, ਸੰਤ ਕੇਸਰ ਸਿੰਘ ਮਹਾਵਾ, ਸੰਤ ਲਾਲ ਸਿੰਘ ਭੂਰੇ ਗਿੱਲ, ਬਾਬਾ ਜਵਾਹਰ ਸਿੰਘ ਮਿਰਜ਼ਾਵਾਲਾ, ਸੰਤ ਨਰਾਇਣ ਸਿੰਘ, ਸੰਤ ਕੇਸਰ ਸਿੰਘ ਚੁੱਪ, ਸੰਤ ਕੇਸਰ ਸਿੰਘ ਚਵਿੰਡਾ, ਸਿਆਲਕੋਟ, ਸੰਤ ਹੀਰਾ ਸਿੰਘ, ਬਾਬਾ ਜਮੀਤ ਸਿੰਘ ਗਿੱਲ ਆਦਿ।

ਸਤਿਗੁਰੂ ਹਰੀ ਸਿੰਘ ਜੀ ਨੇ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਹੁੰਦੇ ਹੋਏ ਵੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਸਹਿਜ ਅਤੇ ਅਖੰਡ ਪਾਠਾਂ ਨੂੰ ਜਾਰੀ ਰੱਖਿਆ। ਸਤਿਗੁਰੂ ਹਰੀ ਸਿੰਘ ਜੀ ਨੇ 'ਆਦਿ ਗ੍ਰੰਥ' ਦੇ 101 ਅਖੰਡ ਪਾਠ 1875 ਅਤੇ ਏਨੇ ਹੀ 1876 ਵਿੱਚ ਕਰਵਾਏ। ਨਾਮਧਾਰੀਆਂ ਵਿੱਚ ਪਾਠਾਂ ਦੀਆਂ



Sri Satguru Jagjit Singh Ji Elibrary NamdhariElibrary@gmail.com

ਲੜੀਆਂ ਨਿਰੰਤਰ ਜਾਰੀ ਰਹੀਆਂ। ਪਾਠ ਕਰਨ ਅਤੇ ਹੋਰ ਕਾਰਵਾਈਆਂ ਜਾਰੀ ਰੱਖਣ ਲਈ ਨਾਮਧਾਰੀ ਸਿੰਘਾਂ ਨੂੰ ਸਜ਼ਾਵਾਂ ਵੀ ਭੁਗਤਣੀਆਂ ਪਈਆਂ। ਮੇਲ-ਮਿਲਾਪ ਦੇ ਪੱਕੇ ਸਾਧਨ ਨਾ ਹੋਣ ਕਰਕੇ ਸੰਤ ਸੰਤੋਖ ਸਿੰਘ ਬਾਹੋਵਾਲ ਅਤੇ ਸੰਤ ਧਿਆਨ ਸਿੰਘ ਕਾਦਰਾਬਾਦੀ ਵਰਗੇ ਲੇਖਕ ਤੇ ਕਵੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਏ, ਜਿਨ੍ਹਾਂ ਨੇ ਕ੍ਰਮਵਾਰ 'ਸਤਿਗੁਰੂ ਬਿਲਾਸ' ਵਾਰਤਕ ਅਤੇ 'ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ' ਕਵਿਤਾ ਵਿੱਚ ਰਚੇ। ਸਤਿਗੁਰੂ ਹਰੀ ਸਿੰਘ ਜੀ ਦੇ ਵਿਅਕਤੀਤੱਵ ਬਾਰੇ ਬੀਬੀ ਬੇਅੰਤ ਕੌਰ ਲਿਖਦੀ ਹੈ। "ਸਤਿਗੁਰੂ ਹਰੀ ਸਿੰਘ ਜੀ ਮਿੱਠੇ ਮਿਲਾਪੜੇ ਸੁਭਾਅ ਦੇ ਸੁਆਮੀ ਸਨ ਅਤੇ ਬੜੇ ਰਹਿਮ ਦਿਲ ਅਤੇ ਪ੍ਰਸੰਨ ਚਿੱਤ ਰਹਿਣ ਵਾਲੇ ਵਿਅਕਤੀ ਸਨ, ਜੋ ਹਰ ਇੱਕ ਨੂੰ ਮੋਹ ਲੈਂਦੇ ਸਨ। ਆਪ ਸਦਾ ਗਰੀਬਾਂ ਅਤੇ ਨਿਥਾਵਿਆਂ ਦੀ ਸਹਾਇਤਾ ਕਰਦੇ ਸਨ। 1899 ਈ: ਦੇ ਕਾਲ ਪੀੜਤਾਂ ਲਈ ਸਤਿਗੁਰੂ ਹਰੀ ਸਿੰਘ ਜੀ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਉਨ੍ਹਾਂ ਲੋਕਾਂ ਲਈ ਲੰਗਰ ਜਾਰੀ ਰੱਖਿਆ, ਜੋ ਕਾਲ ਪੈ ਜਾਣ ਦੇ ਕਾਰਨ ਦਰੱਖ਼ਤਾਂ ਦੇ ਪੱਤੇ ਖਾਣ ਲਈ ਮਜ਼ਬੂਰ ਹੋ ਗਏ ਸਨ। ਉਨ੍ਹਾਂ ਦੇ ਪਸ਼ੂਆਂ ਲਈ ਵੀ ਚਾਰੇ ਦਾਨੇ ਦਾ ਪ੍ਰਬੰਧ ਕੀਤਾ। ਕਮਿਸ਼ਨਰ ਨੇ ਉਨ੍ਹਾਂ ਦੀ ਇਸ ਉਦਾਰਤਾ ਦੀ ਪ੍ਰਸੰਸਾ ਕੀਤੀ ਅਤੇ 2500 ਏਕੜ ਜ਼ਮੀਨ ਲੰਗਰ ਦੇ ਨਾਮ ਲਾਉਣ ਦੀ ਪੇਸ਼ਕਸ਼ ਕੀਤੀ। ਸਤਿਗੁਰੂ ਹਰੀ ਸਿੰਘ ਜੀ ਨੇ ਇਹ ਭੂਮੀ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ, "ਤੁਸੀਂ ਮੈਨੂੰ 2500 ਏਕੜ ਜ਼ਮੀਨ ਦੇ ਕੇ ਬਾਕੀ ਸਾਡੇ ਦੇਸ਼ ਦੀ ਸਾਰੀ ਭੂਮੀ ਆਪ ਹੜੱਪ ਕਰਨਾ ਚਾਹੁੰਦੇ ਹੋ, ਚੰਗਾ ਹੈ ਕਿ ਤੁਸੀਂ ਸਾਡੇ ਦੇਸ਼ ਤੋਂ ਸਦਾ ਚਲੇ ਜਾਉ।"

ਮਾਤਾ ਜੀਵਨ ਕੌਰ ਜੀ ਵੀ ਬੜੇ ਉਦਾਰ ਚਿੱਤ ਸੁਭਾਅ ਦੇ ਦਾਨੀ ਸਨ। ਦੋਵਾਂ ਨੇ ਦੀਨ ਦੁਖੀਆਂ ਦੀ ਬੜੀ ਸਹਾਇਤਾ ਕੀਤੀ।

### ਸਤਿਗੁਰੂ ਹਰੀ ਸਿੰਘ ਜੀ ਦਾ ਪਾਵਨ ਵਿਅਕਤੀਤੱਵ

ਸਤਿਗੁਰੂ ਹਰੀ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਅਥਾਹ ਪ੍ਰੇਮ ਸੀ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਕਦੇ ਵੀ ਬਚਨ ਨਹੀਂ ਸੀ ਮੋੜਿਆ। ਸਤਿਗੁਰੂ ਰਾਮ ਸਿੰਘ ਜੀ ਬਚਨ ਕਰਦੇ ਹੁੰਦੇ ਸਨ ਕਿ 'ਮੈਂ ਦਾਨੀ ਅਤੇ ਮਸਤਾਨੀ ਅਵਸਥਾ ਵਿੱਚ ਤੇਰੇ ਨਾਲ ਇੱਕ ਸਮਾਨ ਵਿਚਰਿਆ ਹਾਂ।' 1819 ਤੋਂ ਲੈ ਕੇ 1868 ਤੱਕ ਆਪ ਸਧਾਰਨ ਘਰੇਗੀ ਕਾਰ-ਵਿਹਾਰ ਵਿੱਚ ਲੱਗੇ ਰਹੇ। ਸਰੀਰ ਵਿੱਚ ਇੰਨਾ ਬਲ ਸੀ ਕਿ ਆਪ ਪੰਜਾਂ ਸਰੀਰਾਂ ਜਿੰਨਾ ਇਕੱਲੇ ਹੀ ਕੰਮ ਕਰਦੇ ਸਨ।

1871 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਤੋਂ ਹਲ ਛੁਡਵਾ ਕੇ ਲੰਗਰ ਵਿੱਚੋਂ ਪ੍ਰਸ਼ਾਦ ਛਕਣ ਲਈ ਕਿਹਾ। ਤਦੋਂ ਤੋਂ ਆਪ ਭਜਨ-ਬਾਣੀ ਵਿੱਚ ਲੀਨ ਰਹਿੰਦੇ। ਸਤਿਗੁਰੂ ਰਾਮ ਸਿੰਘ ਜੀ ਸੰਗਤ ਨੂੰ ਬਚਨ ਕਰਦੇ 'ਅਸੀਂ ਦੋਵੇਂ ਭਾਈ ਇੱਕ ਰੂਪ ਹਾਂ।' 1872 ਵਿੱਚ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਸੂਬਿਆਂ ਸਮੇਤ



Sri Satguru Jagjit Singh Ji Elibrary NamdhariElibrary@gmail.com

ਗ੍ਰਿਫਤਾਰ ਕਰਕੇ ਪੰਜਾਬ ਤੋਂ ਬਾਹਰ ਲੈ ਗਈ, ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਸਚਮੁੱਚ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ ਦੀ ਪਾਲਨਾ ਕਰਦਿਆਂ ਹੋਇਆਂ ਕਠਿਨ ਅਤੇ ਮੁਸ਼ਕਲ ਸਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖੀ ਦੇ ਬਾਗ ਨੂੰ ਹਰਾ ਰੱਖਿਆ ਅਤੇ ਗੁਰਤਵ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਇਆਂ ਆਜ਼ਾਦੀ ਦੀ ਜੋਤ ਨੂੰ ਜਗਾਈ ਰੱਖਿਆ। ਆਪਣੇ ਗੁਰੂ ਕਾਲ 1872 ਤੋਂ 1906 ਤੱਕ ਦੇ 34 ਸਾਲਾਂ ਵਿੱਚ ਨਾਮਧਾਰੀ ਪੰਥ ਨੂੰ ਪੱਕੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ।

ਹਰ ਸਰਕਾਰੀ ਜਬਰ ਦੇ ਵਾਰ ਨੂੰ ਸਬਰ ਨਾਲ ਜਰਿਆ। ਕਿਸੇ ਦੇ ਹਿਰਦੇ ਨੂੰ ਨਹੀਂ ਦੁਖਾਇਆ। ਦੋਖੀਆਂ ਨੂੰ ਵੀ ਖਿਮਾ ਕੀਤਾ। ਕਿਸੇ ਨਾਲ ਕੋਈ ਵਧੀਕੀ ਨਹੀਂ ਕੀਤੀ। ਖਿਮਾ ਅਤੇ ਉਦਾਰਤਾ ਦੇ ਆਪ ਸਾਖਿਆਤ ਸਰੂਪ ਸਨ। ਔਖੇ ਸਮਿਆਂ ਵਿੱਚ ਵੀ ਆਪ ਦ੍ਰਿੜ੍ਹ ਅਤੇ ਅਡੋਲ ਰਹੇ। ਪੰਥ ਦੇ ਬੇੜੇ ਨੂੰ ਵੀ ਡੋਲਣ ਨਹੀਂ ਦਿੱਤਾ। ਸਭ ਕੋਲੋਂ ਆਪ ਜੀ ਨੇ ਸਤਿਕਾਰ ਲਿਆ ਅਤੇ ਸਭ ਨੂੰ ਪਿਆਰ ਵੰਡਿਆ। ਨਾਮ, ਬਾਣੀ, ਕਥਾ, ਕੀਰਤਨ ਦੇ ਪ੍ਰਵਾਹ ਵਿੱਚ ਕੋਈ ਢਿੱਲ ਨਹੀਂ ਆਉਣ ਦਿੱਤੀ। ਆਪ ਜੀ ਦੀ ਨਦਰ ਕਰਮ ਸਦਕਾ ਨਾਮਧਾਰੀ ਸਿੱਖਾਂ ਦੇ ਆਚਰਨ ਵਿੱਚ ਹੋਰ ਦ੍ਰਿੜਤਾ ਆਈ ਅਤੇ ਗੁਰੂ ਦੀ ਜੋਤ ਉੱਤੇ ਭਰੋਸੇ ਵਿੱਚ ਅਥਾਹ ਵਾਧਾ ਹੋਇਆ। ਕਈਆਂ ਦੇ ਹਿਰਦੇ ਵਿੱਚ ਆਪ ਜੀ ਨੇ ਆਜ਼ਾਦੀ ਦੀ ਜੋਤ ਨੂੰ ਜਗਾਇਆ।

ਕੂਕਾ ਲਹਿਰ ਤੋਂ ਪਿਛੋਂ ਹਿੰਦੁਸਤਾਨ ਦੀ ਸੁਤੰਤਰਤਾ ਪ੍ਰਾਪਤੀ ਦੀਆਂ ਲਹਿਰਾਂ ਵਿੱਚੋਂ ਹਿੰਦੁਸਤਾਨ ਗਦਰ ਪਾਰਟੀ ਦਾ ਮਹੱਤਵ ਬਹੁਤ ਵੱਡਾ ਹੈ। ਇਸ ਕ੍ਰਾਂਤੀਕਾਰੀ ਆਜ਼ਾਦੀ ਦੀ ਲਹਿਰ ਨੇ ਅਥਾਹ ਕੁਰਬਾਨੀਆਂ ਦੀਆਂ ਉੱਚ ਕੋਟੀ ਦੀਆਂ ਮਸਾਲਾਂ ਕਾਇਮ ਕਰਕੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਵੱਡਾ ਯੋਗਦਾਨ ਪਾਇਆ।

ਹਿੰਦੁਸਤਾਨ ਗਦਰ ਪਾਰਟੀ ਦੇ ਬਾਨੀ, ਪ੍ਰਧਾਨ, ਪ੍ਰਸਿੱਧ ਦੇਸ਼ ਭਗਤ, ਬਾਬਾ ਸੋਹਣ ਸਿੰਘ ਜੀ ਭਕਨਾ ਸਤਿਗੁਰੂ ਹਰੀ ਸਿੰਘ ਜੀ ਦੇ ਨਾਮਧਾਰੀ ਮਤ ਤੋਂ ਹੀ ਵਿਰੋਸਾਏ ਗਏ ਸਨ। ਚੜ੍ਹਦੀ ਜਵਾਨੀ ਸਮੇਂ ਆਪ ਕੂਕਾ ਲਹਿਰ ਨਾਲ ਪੂਰੀ ਤਰ੍ਹਾਂ ਜੁੜੇ ਰਹੇ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਅਤੇ ਨਾਮਧਾਰੀ ਲਹਿਰ ਦੇ ਪਏ ਵਿਅਕਤੀਗਤ ਪ੍ਰਭਾਵਾਂ ਨੂੰ ਬਾਬਾ ਸੋਹਣ ਸਿੰਘ ਜੀ ਭਕਨਾ ਨੇ ਇਨ੍ਹਾਂ ਸ਼ਬਦਾਂ ਰਾਹੀਂ ਵਰਣਨ ਕੀਤਾ ਹੈ। ਮੇਰਾ 1870 ਈਸਵੀ ਦਾ ਜਨਮ ਹੈ। 1896 ਵਿੱਚ ਮੈਂ ਬਾਬਾ ਕੇਸਰ ਸਿੰਘ ਮਹਾਵਾ ਨੂੰ ਮਿਲਿਆ ਹਾਂ। ਜਦ ਗੁਰੂ ਹਰੀ ਸਿੰਘ ਜੀ ਗੁਜਰੇ ਤੱਦ ਤੱਕ ਮੈਨੂੰ ਸੰਗਤ ਵਿੱਚ ਆਇਆਂ ਕਈ ਸਾਲ ਹੋ ਗਏ ਸਨ। 10 ਸਾਲ ਬਾਬਾ ਕੇਸਰ ਸਿੰਘ ਜੀ ਨਾਲ ਜਾ ਕਲ੍ਹਿਆਂ ਵੀ, ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਸਮਾਂ ਮਿਲਿਆ। ਮੈਂ ਕਰੀਬਨ 20 ਕੁ ਵਾਰੀ ਸਤਿਗੁਰਾਂ



Sri Satguru Jagjit Singh Ji Elibrary NamdhariElibrary@gmail.com

ਦੇ ਦਰਸ਼ਨ ਕੀਤੇ। ਬਾਬਾ ਜੀ (ਸਤਿਗੁਰੂ ਹਰੀ ਸਿੰਘ) ਜੀ ਬੜੇ ਸ਼ਾਂਤ ਅਤੇ ਗੰਭੀਰ ਸੁਭਾਅ ਵਾਲੇ, ਡਾਢਾ ਪਿਆਰ ਕਰਨ ਵਾਲੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਉਨ੍ਹਾਂ ਦੇ ਚਿਹਰੇ ਤੇ ਮਾਤਾ ਦੇ ਦਾਗ ਉਘੜੇ ਹੋਏ ਨਹੀਂ ਸਨ। ਕੱਦ ਅਤੇ ਸਰੀਰ ਦਰਮਿਆਨਾ ਸੀ। ਸਫੈਦ ਬਸਤਰ ਪਹਿਨਿਆ ਕਰਦੇ। ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਉਨ੍ਹਾਂ ਨੇ ਸੰਗਤ ਨੂੰ ਇਕੱਤਰ ਰੱਖਿਆ ਅਤੇ ਲੰਗਰ ਚਲਾਇਆ। ਇੱਕ ਬਚਨ ਉਨ੍ਹਾਂ ਦਾ ਮੇਰਾ ਪ੍ਰੇਰਨਾ ਸੂਤਰ ਹੈ। ਆਪ ਜੀ ਕਿਹਾ ਕਰਦੇ ਸਨ ਕਿ ਸਤਿਜੁਗ ਚੱਲ ਰਿਹਾ ਹੈ। ਕਲਜੁਗ ਦੀ ਸਫ ਵਲੇਟੀ ਜਾ ਰਹੀ ਹੈ। ਮੈਂ ਵੇਖ ਰਿਹਾ ਹਾਂ ਕਿ ਹੁਣ ਮਾੜਿਆਂ ਦਾ ਯੁੱਗ ਅੰਤਿਮ ਪੜਾਅ ਤੇ ਹੈ। ਰੱਬੀ ਯੁੱਗ ਨੂੰ ਮਨੁੱਖ ਮਾਤਰ ਨੂੰ ਇਕੋ ਨੂਰ ਦਾ ਅੰਸ਼ ਮੰਨਣ ਵਾਲਾ ਯੁੱਗ ਆ ਰਿਹਾ ਹੈ। ਮਹਾਰਾਜ ਜੀ ਦੇ ਅੰਤਿਮ ਤਿੰਨ ਸਾਲਾਂ ਵਿੱਚ ਨੇਤਰ ਬੰਦ ਰਹੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਵੈਰਾਗ ਬਹੁਤ ਅਨੁਭਵ ਕੀਤਾ-ਮੈਂ ਸ੍ਰੀ ਠਾਕਰ ਜੀ (ਬਾਬਾ ਕੇਸਰ ਸਿੰਘ ਮਹਾਵਾ) ਦੇ ਕਹਿਣ ਤੇ ਨੇਤਰਾਂ ਦਾ ਪਤਾ ਕਰਨ ਲਈ ਭੈਣੀ ਸਾਹਿਬ ਗਿਆ। ਮਹਾਰਾਜ ਆਪਣੇ ਚੁਬਾਰੇ ਉੱਤੇ ਦਰਸ਼ਨ ਦੇ ਰਹੇ ਸਨ। ਮੇਰੇ ਨਾਲ ਉਨ੍ਹਾਂ ਦਾ ਕਾਫ਼ੀ ਸਨੇਹ ਸੀ। ਫਿਰ ਅਸੀਂ ਇੱਕ ਵਾਰ ਭਾਈ ਹਰਨਾਮ ਸਿੰਘ ਢੁਵਿੰਡਾ ਅਤੇ ਮਹੰਤ ਕੇਸਰ ਸਿੰਘ ਮਹਾਵਾ ਨਾਲ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਗਏ। ਸ੍ਰੀ ਸਤਿਗੁਰੂ ਜੀ ਬਹੁਤ ਸਤਿਕਾਰ ਕਰਦੇ ਸਨ।"

[1*]"ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀਆਂ ਵਿੱਚੋਂ ਹੀ ਹਾਸਿਲ ਕੀਤੀ ਹੈ। ਉੱਚਾ ਸਦਾਚਾਰ, ਸਾਧ ਸੰਗਤ ਦੀ ਸੇਵਾ, ਮਹਾਂ ਜੀਵਨ ਵਿੱਚ ਵਿਸ਼ਵਾਸ ਇਨ੍ਹਾਂ ਤਿੰਨਾਂ ਗੱਲਾਂ ਨੂੰ ਘੁੱਟ ਕੇ ਫੜੀ ਰੱਖਣ ਨਾਲ ਮੈਨੂੰ ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਜਾਪਦਾ ਹੈ। ਮੈਂ ਭਾਵੇਂ ਹੁਣ ਮਾਲਾ ਨਹੀਂ ਫੇਰਦਾ ਪਹਿਲਾਂ ਵਾਂਗ। ਮਹਾਂ ਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਪਾਸੋਂ ਹੀ ਪ੍ਰਾਪਤ ਕੀਤੀ ਹੈ। ਮੈਂ ਸਤਿਗੁਰੂ ਹਰੀ ਸਿੰਘ ਦਾ ਇੰਨਾ ਰਿਣੀ ਹਾਂ ਕਿ ਉਹ ਰਿਣ ਮੈਥੋਂ ਅਦਾ ਨਹੀਂ ਹੋਣਾ। ਮੈਂ ਨਾਮਧਾਰੀਆਂ ਵਿੱਚ ਅਥਾਹ ਪ੍ਰੇਮ, ਸੇਵਾ ਭਾਵ ਅਤੇ ਕੁਰਬਾਨੀ ਦਾ ਜਜ਼ਬਾ ਵੇਖਿਆ ਹੈ।" ਉਪਰੋਕਤ ਬਾਬਾ ਸੋਹਣ ਸਿੰਘ ਭਕਨਾ ਜੀ ਦੇ ਨਾਮਧਾਰੀ ਮੱਤ ਤੇ ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਬਾਰੇ ਇਹ ਵਿਚਾਰ ਸਵਰਗ ਵਾਸੀ ਪ੍ਰੀਤਮ ਸਿੰਘ ਕਵੀ ਜੀ ਦੇ ਬਾਬਾ ਸੋਹਣ ਸਿੰਘ ਭਕਨਾ ਜੀ ਨਾਲ ਕੀਤੀ ਗਈ ਭੇਟ ਵਾਰਤਾ ਉੱਤੇ ਆਧਾਰਿਤ ਹਨ।

ਥੋੜ੍ਹੇ ਸ਼ਬਦਾਂ ਵਿੱਚ ਜੇਕਰ ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਬਾਰੇ ਕੁਝ ਕਹਿਣਾ ਹੋਵੇ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਆਪ ਬਾਬਾ ਫ਼ਰੀਦ ਜੀ ਦੇ

[1*] ਅਜੀਤ ਸਿੰਘ ਚੀਮਾ, ਜੋਤ ਦਾ ਜਾਮਾ, ਪੰਨਾ 107-109



Sri Satguru Jagjit Singh Ji Elibrary NamdhariElibrary@gmail.com

ਸ਼ਲੋਕ ਦੇ ਸ਼ਬਦਾਂ

'ਦਰਵੇਸ਼ਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ।'

*(ਸਲੋਕ ਫਰੀਦ 60, ਪੰਨਾ 1381)*

'ਸਭਨਾ ਮਨ ਮਾਣਿਕ, ਠਾਹੁਣ ਮੂਲ ਮਚਾਂਗਵਾ।
ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ।

*(ਸਲੋਕ ਫਰੀਦ 129, ਪੰਨਾ 1384)*

ਦੇ ਸਾਖਿਆਤ ਸਰੂਪ ਜਾਪਦੇ ਹਨ।



Sri Satguru Jagjit Singh Ji Elibrary NamdhariElibrary@gmail.com

# ਹਵਾਲਾ ਪੁਸਤਕਾਂ ਦੀ ਸੂਚੀ


1. ਆਦਿ ਗ੍ਰੰਥ ਸਾਹਿਬ
2. ਡਾ. ਗੰਡਾ ਸਿੰਘ - ਕੂਕਿਆਂ ਦੀ ਵਿਥਿਆ
   ਡਾ. ਗੰਡਾ ਸਿੰਘ - ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ
   ਡਾ. ਗੰਡਾ ਸਿੰਘ - ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ
3. ਪ੍ਰੋ. ਪੂਰਨ ਸਿੰਘ - ਦਸ ਗੁਰੂ ਦਰਸਨ- ਅਨੁਵਾਦਕ.- ਕ. ਸ. ਕਸੇਲ
   ਪ੍ਰੋ. ਪੂਰਨ ਸਿੰਘ - ਦ ਬੁੱਕ ਆਫ ਟੈਨ ਮਾਸਟਰਸ
4. ਭਾਈ ਵੀਰ ਸਿੰਘ - ਪੁਰਾਤਨ ਜਨਮ ਸਾਖੀ
5. ਨਿਧਾਨ ਸਿੰਘ ਆਲਮ - ਜੁਗ ਪਲਟਾਊ ਸਤਿਗੁਰੂ
   ਨਿਧਾਨ ਸਿੰਘ ਆਲਮ - ਗੁਰੂ ਪਦ ਪ੍ਰਕਾਸ਼
6. ਗਿਆਨੀ ਗਿਆਨ ਸਿੰਘ - ਤਵਾਰੀਖ ਗੁਰੂ ਖਾਲਸਾ - ਭਾਗ ਪਹਿਲਾ, ਭਾਗ ਦੂਜਾ
   ਗਿਆਨੀ ਗਿਆਨ ਸਿੰਘ - ਪੰਥ ਪ੍ਰਕਾਸ਼
7. ਭਾਈ ਗੁਰਦਾਸ - ਵਾਰਾਂ
8. ਏ. ਸੀ. ਅਰੋੜਾ - ਪੰਜਾਬ ਦਾ ਇਤਿਹਾਸ (ਤਿੰਨ ਭਾਗ)
9. ਕਾਹਨ ਸਿੰਘ ਨਾਭਾ - ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਸੰਸਕਰਨ 1974
10. ਕਰਮ ਸਿੰਘ ਪਟਵਾਰੀ - ਗੁਰ ਇਤਿਹਾਸ ਜਾਣਕਾਰੀ
11. ਅਮਰ ਭਾਰਤੀ - ਸਿੱਖ ਇਤਿਹਾਸ ਤੇ ਕੂਕੇ
12. ਇੰਦਰ ਸਿੰਘ ਚਕਰਵਰਤੀ - ਨਾਮਧਾਰੀ ਇਤਿਹਾਸ-ਭਾਗ ਪਹਿਲਾ
    ਇੰਦਰ ਸਿੰਘ ਚਕਰਵਰਤੀ - ਮਾਲਵਿੰਦਰ ਮਹਾਕਾਵਿ
    ਇੰਦਰ ਸਿੰਘ ਚਕਰਵਰਤੀ - ਅਟੱਲ ਪ੍ਰਤਾਪੀ
13. ਸੰਤੋਖ ਸਿੰਘ ਬਾਹੋਵਾਲ - ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ (ਦੋ ਭਾਗ)
14 ਤਾਰਾ ਸਿੰਘ ਅਨਜਾਣ - ਸਭਹਨ ਕੇ ਸਿਰਮੌਰ




Sri Satguru Jagjit Singh Ji Elibrary NamdhariElibrary@gmail.com

ਤਾਰਾ ਸਿੰਘ ਅਨਜਾਣ - ਸਾਹਿਬੁ ਗੁਣੀ ਗਹੇਰਾ
15. ਸੀਤਾ ਰਾਮ ਕੋਹਲੀ - ਵਾਰ ਸ਼ਾਹ ਮੁਹੰਮਦ (ਜੰਗ ਹਿੰਦ ਪੰਜਾਬ)
16. ਨਾਹਰ ਸਿੰਘ - ਨਾਮਧਾਰੀ ਇਤਿਹਾਸ ਭਾਗ - ਪਹਿਲਾ
17. ਕਿਰਪਾਲ ਸਿੰਘ, ਨਾਹਰ ਸਿੰਘ - ਰੈਬਲਜ਼ ਅਗੇਂਸਟ ਦ ਬ੍ਰਿਟਿਸ਼ ਰੂਲ
18. ਹਰਬੰਸ ਸਿੰਘ - ਸਾਡਾ ਵਿਰਸਾ-ਅਨੁਵਾਦਕ-ਮੇਜਰ ਸਿੰਘ
ਹਰਬੰਸ ਸਿੰਘ - ਦ ਐਨਸਾਈਕਲੋਪੀਡੀਆ ਆਫ ਸਿਖਇਜ਼ਮ (ਚਾਰ ਭਾਗ)
19. ਨਾਮਧਾਰੀ ਦਰਬਾਰ - ਨਾਮਧਾਰੀ ਨਿਤਨੇਮ
20. ਪ੍ਰੀਤਮ ਸਿੰਘ ਕਵੀ - ਇਸਤਰੀਆਂ ਦਾ ਪਹਿਲਾਂ ਮੁਕਤੀਦਾਤਾ
ਪ੍ਰੀਤਮ ਸਿੰਘ ਕਵੀ - ਬੀਤੇ ਦੀਆਂ ਪੈੜਾਂ
21. ਜਸਵਿੰਦਰ ਸਿੰਘ - ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ
ਜਸਵਿੰਦਰ ਸਿੰਘ - ਕੂਕਾ ਮੂਵਮੈਂਟ - ਫਰੀਡਮ ਸਟਰਗਲ ਇਨ ਪੰਜਾਬ
ਜਸਵਿੰਦਰ ਸਿੰਘ - ਕੂਕਜ਼ ਆਫ ਨੋਟਸ ਇਨ ਦੀ ਪੰਜਾਬ
22. ਡਾ. ਜਸਵੰਤ ਸਿੰਘ ਜੱਸ - ਬਾਬਾ ਰਾਮ ਸਿੰਘ ਨਾਮਧਾਰੀ
23. ਰਾਮ ਸਿੰਘ ਮਜੀਠਾ - ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ
24. ਬੇਅੰਤ ਕੌਰ - ਧਰਮ ਹੇਤ ਸਾਕਾ ਜਿਨ ਕੀਆ
ਬੇਅੰਤ ਕੌਰ - ਦ ਨਾਮਧਾਰੀ ਸਿਖਸ
25. ਦਲੀਪ ਸਿੰਘ ਨਾਮਧਾਰੀ - ਭਾਰਤੀ ਸੁਤੰਤਰਤਾ ਇਤਿਹਾਸ ਦਾ ਸੁਨਹਿਰੀ ਪੰਨਾ-ਕੂਕਾ ਲਹਿਰ (1857-1947)
26. ਸੁਰਿੰਦਰ ਕੌਰ ਖਰਲ - ਪ੍ਰਕਾਸ਼ ਪੁੰਜ
27. ਡਾ. ਕਰਮ ਸਿੰਘ ਕਪੂਰ - ਸਤਿਗੁਰੂ ਪਰਤਾਪ ਸਿੰਘ ਜੀ
28. ਮੁਹੰਮਦ ਲਤੀਫ - ਪੰਜਾਬ ਦਾਂ ਇਤਿਹਾਸ (ਦੋ ਭਾਗ)
29. ਬਿਸ਼ਨ ਸਿੰਘ ਇਤਿਹਾਸਕਾਰ - ਇਨਕਲਾਬੀ ਕੂਕਾ
ਬਿਸ਼ਨ ਸਿੰਘ ਇਤਿਹਾਸਕਾਰ - ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ
30. ਮਾਸਟਰ ਨਿਹਾਲ ਸਿੰਘ - ਸੀਤਲਤਾ ਦਾ ਸ੍ਰੋਤ
ਮਾਸਟਰ ਨਿਹਾਲ ਸਿੰਘ - ਚੋਜੀ ਪ੍ਰੀਤਮ
31. ਅਜੀਤ ਸਿੰਘ ਚੀਮਾ - ਜੋਤ ਕਾ ਜਾਮਾ
32. ਸੰਤ ਧਿਆਨ ਸਿੰਘ ਕਾਦਰਾਬਾਦੀ - ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ
33. ਤਰਨ ਸਿੰਘ ਵਹਿਮੀ - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜ



Sri Satguru Jagjit Singh Ji Elibrary NamdhariElibrary@gmail.com

| | | | |
|---|---|---|---|
| | | | ਬਾਅਦ ਦਾ ਜੀਵਨ |
| | ਤਰਨ ਸਿੰਘ ਵਹਿਮੀ | - | ਜੱਸ ਜੀਵਨ (ਛੇ ਭਾਗ) |
| 34. | ਜੇ.ਡੀ. ਕਨਿੰਘਮ | - | ਸਿੱਖ ਇਤਿਹਾਸ (ਪੰਜਾਬੀ ਅਨੁਵਾਦ) |
| | ਜੇ.ਡੀ. ਕਨਿੰਘਮ | - | ਏ ਹਿਸਟਰੀ ਆਫ ਦਾ ਸਿਖਸ (ਦੋ ਭਾਗ) |
| 35. | ਖੁਸ਼ਵੰਤ ਸਿੰਘ | - | ਸਿੱਖ ਹਿਸਟਰੀ (ਪੰਜਾਬੀ ਅਨੁਵਾਦ) |
| | ਖੁਸ਼ਵੰਤ ਸਿੰਘ | - | ਹਿਸਟਰੀ ਆਫ ਦਾ ਸਿੱਖਸ (ਦੋ ਭਾਗ) |
| 36. | ਫੌਜਾ ਸਿੰਘ | - | ਕੂਕਾ ਮੂਵਮੈਂਟ |
| 37. | ਡਾ. ਹਰੀ ਰਾਮ ਗੁਪਤਾ | - | ਹਿਸਟਰੀ ਆਫ ਦਾ ਸਿਖਸ (ਪੰਜ ਭਾਗ) |
| 38. | ਮੈਕਸ ਆਰਥਰ ਮਕੈਲਿਫ | - | ਦ ਸਿੱਖ ਰਿਲੀਜ਼ਨ (ਚਾਰ ਭਾਗ) |
| 39. | ਗੋਪਾਲ ਸਿੰਘ ਦਰਦੀ | - | ਏ ਹਿਸਟਰੀ ਆਫ ਦਾ ਸਿਖਸ ਪੀਪਲ |
| 40. | ਫਕੀਰ ਸੱਯਦ ਵਹੀਦਉਦੀਨ | - | ਦ ਰੀਅਲ ਰਣਜੀਤ ਸਿੰਘ |
| 41. | ਐਮ.ਐਮ. ਆਹਲੂਵਾਲੀ | - | ਕੂਕਾਜ਼-ਦ ਫਰੀਡਮ ਫਾਈਟਰਜ਼ ਆਫ |
| 42. | ਤੇਜਾ ਸਿੰਘ, ਗੰਡਾ ਸਿੰਘ | - | ਏ ਸ਼ੋਰਟ ਹਿਸਟਰੀ ਆਫ ਦਾ ਸਿਖਸ |
| 43. | ਭਗਤ ਸਿੰਘ | - | ਮਹਾਰਾਜਾ ਰਣਜੀਤ ਸਿੰਘ |
| 44. | ਕਿਰਪਾਲ ਸਿੰਘ ਕਸੇਲ | - | ਜੈਸਾ ਸਤਿਗੁਰੁ ਸੁਣੀਦਾ |
| | | | ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ |
| 45. | ਸਤਿਜੁਗ ਤੇ ਵਰਿਆਮ ਦੇ ਵਿਸ਼ੇਸ਼ ਬਸੰਤ ਅੰਕ | | |
| 46. | ਡਾ. ਸਤਿੰਦਰ ਸਿੰਘ ਨਾਮਧਾਰੀ | - | ਸੋਵੀਨਰ, ਗੁਰੂ ਨਾਨਕ ਦੇਵ ਯੂਨੀਵਰਸਿਟੀ |
| 47. | ਡਾ. ਕਰਮ ਸਿੰਘ ਕਪੂਰ | - | ਮਹਾਨ ਸਤਿਗੁਰੂ ਪ੍ਰਤਾਪ ਸਿੰਘ |
| 48. | ਹਰਪਾਲ ਸਿੰਘ ਸੇਵਕ | - | ਸਰਬ ਕਲਾ ਸਮਰੱਥ |
| 49. | ਪ੍ਰੀਤਮ ਸਿੰਘ ਆਰਸੀ | - | ਮਹਾਂ ਨੂਰ-ਸ੍ਰੀ ਸਤਿਗੁਰੂ ਪਰਤਾਪ ਸਿੰਘ |
| 50. | ਹਰਵਿੰਦਰ ਸਿੰਘ ਹੰਸਪਾਲ | - | ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ |



Sri Satguru Jagjit Singh Ji Elibrary NamdhariElibrary@gmail.com

Sri Satguru Jagjit SIngh Ji Elibrary NamdhariElibrary@gmail.com

Sri Satguru Jagjit SIngh Ji Elibrary NamdhariElibrary@gmail.com

ਪ੍ਰੋ. ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤ ਜਗਤ ਦੀ ਮਾਨਯੋਗ ਹਸਤੀ ਹਨ। ਉਹਨਾਂ ਨੇ ਸਾਹਿਤ ਦੇ ਹਰ ਰੂਪ ਉੱਤੇ ਭਰਪੂਰ ਕਲਮ ਚਲਾਈ ਹੈ ਅਤੇ ਪੰਜਾਬੀ ਨੂੰ ਦੁਨੀਆਂ ਦੀਆਂ ਦੂਜੀਆਂ ਭਾਸ਼ਾਵਾਂ ਬਰਾਬਰ ਖੜ੍ਹਾ ਕਰਨ ਲਈ ਨਿਗਰ ਕੰਮ ਕੀਤਾ ਹੈ ਅਤੇ ਗੌਰਵ ਪ੍ਰਦਾਨ ਕੀਤਾ ਹੈ।

ਤਵਾਰੀਖ਼ ਸੰਤ ਖ਼ਾਲਸਾ ਉਹਨਾਂ ਦੀ ਵੱਡ-ਅਕਾਰੀ ਵੱਡਮੁੱਲੀ ਰਚਨਾ ਹੈ। ਇਸ ਵਿੱਚ ਗੁਰ-ਇਤਿਹਾਸ ਨੂੰ ਤੱਤਾਂ, ਤੱਥਾਂ ਦੇ ਅਧਾਰ ਉੱਤੇ ਤਰਕਪੂਰਨ ਢੰਗ ਨਾਲ ਚਿੱਤਰ ਕੇ ਇੱਕ ਪ੍ਰਮਾਣਿਕ ਰਚਨਾ ਪੇਸ਼ ਕੀਤੀ ਹੈ। ਇਹ ਇੱਕ ਦਸਤਾਵੇਜ਼ੀ ਗ੍ਰੰਥ ਹੈ। ਇਤਿਹਾਸ ਦੇ ਖੋਜੀਆਂ ਲਈ ਇਸ ਦਾ ਨਿਵੇਕਲਾ ਮਹੱਤਵ ਹੈ।

ਆਰਸੀ ਪਬਲਿਸ਼ਰਜ਼

ISBN 818299086-6

9 788182 990869

Sri Satguru Jagjit Singh Ji Elibrary NamdhariElibrary@gmail.com